# Indian Political System

## DPOL102

LOVELY
PROFESSIONAL
UNIVERSITY

# ਭਾਰਤੀ ਰਾਜਨੀਤਿਕ ਵਿਵਸਥਾ
# INDIAN POLITICAL SYSTEM

Copyright © 2012 Laxmi Publications (P) Ltd.
All rights reserved

Produced & Printed by
**LAXMI PUBLICATIONS (P) LTD.**
113, Golden House, Daryaganj,
New Delhi-110002
for
Lovely Professional University
Phagwara

DLP-7796-080-INDIAN POL SYSTEM-PUNJABI
Typeset at : M2W Media, Delhi

C—5769/012/010
Printed at : Sanjeev Offset Press, Delhi

# ਪਾਠਕ੍ਰਮ

## (SYLLABUS)

# ਭਾਰਤੀ ਰਾਜਨੀਤਿਕ ਵਿਵਸਥਾ

## (Indian Political System)

**ਉਦੇਸ਼**

ਭਾਰਤੀ ਸੰਵਿਧਾਨਿਕ ਵਿਵਸਥਾ ਸਬੰਧੀ ਵਿਦਿਆਰਥੀਆਂ ਨਾਲ ਲਗਾਤਾਰ ਵਾਦ-ਵਿਵਾਦ ਅਤੇ ਵਿਸ਼ਲੇਸ਼ਣ ਰਾਹੀਂ ਜਾਣਕਾਰੀ ਉਪਲੱਬਧ ਕਰਵਾਉਣਾ।

ਇਸ ਵਿਸ਼ੇ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ-

- ਭਾਰਤੀ ਸੰਵਿਧਾਨ ਦੇ ਗਠਨ ਅਤੇ ਵਿਕਾਸ ਦੇ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਸਬੰਧੀ।
- ਭਾਰਤੀ ਰਾਜਨੀਤਿਕ ਵਿਵਸਥਾ ਨਾਲ ਜੁੜੇ ਮੂਲਭੂਤ ਸਿਧਾਂਤ ਅਤੇ ਪ੍ਰਕਿਰਿਆ ਨੂੰ ਸਮਝਣ ਸਬੰਧੀ।
- ਭਾਰਤੀ ਰਾਜਨੀਤਿਕ ਵਿਵਸਥਾ ਦੇ ਗਿਆਨ ਨੂੰ ਭਾਰਤ ਦੀ ਵਰਤਮਾਨ ਰਾਜਨੀਤਿਕ ਘਟਨਾਵਾਂ 'ਤੇ ਲਾਗੂ ਕਰਨ ਸਬੰਧੀ।

**Objectives**

To provide information regarding the happening in Indian Constitutional System to the students with the help of discussion and analysis on regular basis.

The main objective of this course is to make the students able to:

- Acquire information regarding the history of formation and development of Indian constitution.
- To understand the key concepts and processes related with Indian Political System.
- To apply the knowledge of Indian political system to the current political happenings of India.

| Sr. No. | Topics |
|---|---|
| **1.** | Preamble of Indian Constitution |
| **2.** | Fundamental Rights |
| **3.** | Fundamental Duties |
| **4.** | Directive Principles of State Policy |
| **5.** | Union Government, Parliament and President |
| **6.** | Prime Minister and Council of Ministers. |
| **7.** | The Judiciary: Supreme Court, High court, Judicial Review, Public Interest Litigation and Judicial Reforms. |
| **8.** | State Government: State Legislature, Governor, Chief Minister and Council of ministers. |
| **9.** | Indian Federalism: Centre-State relations; Legislative, Administrative, financial and Politcal. |
| **10.** | Political Parties in India: Indian National Congress, Bhartiya Janta Party, Communist Party of India (M), Shrimoni Akali Dal. |

| ਇਕਾਈ (Units) | # ਵਿਸ਼ਾ-ਵਸਤੂ (CONTENTS) | ਪੱਨਾਂ ਨੰਬਰ (Page No.) |
|---|---|---|


| | | |
|---|---|---|
| 1. | ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ (Preamble of Indian Constitution) | 1 |
| 2. | ਮੌਲਿਕ ਅਧਿਕਾਰ (Fundamental Rights) | 21 |
| 3. | ਮੌਲਿਕ ਕਰਤੱਵ (Fundamental Duties) | 31 |
| 4. | ਰਾਜ ਦੇ ਨੀਤੀ-ਨਿਰਦੇਸ਼ਕ ਸਿਧਾਂਤ (Directive Principles of State Policy) | 35 |
| 5. | ਸੰਘੀ ਸਰਕਾਰ : ਰਾਸ਼ਟਰਪਤੀ, ਉੱਪ-ਰਾਸ਼ਟਰਪਤੀ (Union Government: President, Vice-President) | 49 |
| 6. | ਸੰਘੀ ਸੰਸਦ : ਲੋਕ ਸਭਾ ਅਤੇ ਰਾਜ ਸਭਾ (Union Parliament : Lok Sabha and Rajya Sabha) | 82 |
| 7. | ਸੰਘੀ ਸੰਸਦ ਦੀਆਂ ਸੰਮਤੀਆਂ (Committees of Union Parliament) | 111 |
| 8. | ਮੰਤਰੀ ਪ੍ਰੀਸ਼ਦ ਅਤੇ ਪ੍ਰਧਾਨ ਮੰਤਰੀ (Council of Ministers and Prime Minister) | 129 |
| 9. | ਨਿਆ ਪਾਲਿਕਾ : ਸਰਵਉੱਚ ਅਦਾਲਤ, ਉੱਚ ਅਦਾਲਤ, ਨਿਆਇਕ ਪੁਨਰ ਨਿਰੀਖਣ (The Judiciary : Supreme Court, High Court, Judicial Review) | 146 |
| 10. | ਸਰਵਜਨਕ ਹਿੱਤ ਮੁਕੱਦਮਾ ਵਿਵਸਥਾ ਅਤੇ ਲੋਕ ਅਦਾਲਤ (Public Interest Litigation and Lok Adalats) | 169 |
| 11. | ਰਾਜ ਸਰਕਾਰ: ਰਾਜ-ਵਿਧਾਨ ਮੰਡਲ, ਰਾਜਪਾਲ, ਮੰਤਰੀ ਪ੍ਰੀਸ਼ਦ ਅਤੇ ਮੁੱਖ ਮੰਤਰੀ (State Government: State Legislature, Governor, Council of Ministers and Chief Minister) | 181 |
| 12. | ਭਾਰਤੀ ਸੰਘਵਾਦ (Indian Federalism) | 210 |
| 13. | ਸੰਘ-ਰਾਜ ਸਬੰਧ-ਵਿਧਾਨਕ, ਪ੍ਰਸ਼ਾਸਨਿਕ ਅਤੇ ਵਿੱਤੀ ਰਾਜਨੀਤੀ (Centre-States Relations-Legislative, Administrative and Financial Politics) | 225 |
| 14. | ਭਾਰਤੀ ਰਾਜਨੀਤਿਕ ਦਲ (Indian Political Parties) | 256 |

ਨੋਟ

# ਇਕਾਈ-1: ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ (Preamble of Indian Constitution)

**ਵਿਸ਼ਾ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
1.1 ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ (Preamble of Indian Constitution)
1.2 ਪ੍ਰਸਤਾਵਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ (Main Features of the Preamble)
1.3 ਪ੍ਰਸਤਾਵਨਾ ਦਾ ਮਹੱਤਵ (Importance of the Preamble)
1.4 ਭਾਰਤ ਦਾ ਸੰਵਿਧਾਨ : ਮੁੱਖ ਵਿਸ਼ੇਸ਼ਤਾਵਾਂ (Constitution of India : Salient Features)
1.5 ਭਾਰਤੀ ਸੰਵਿਧਾਨ ਦੇ ਵਿਸ਼ਾਲ ਆਕਾਰ ਦੇ ਕਾਰਨ (Causes for Indian Constitution's Extensive Appearance)
1.6 ਸਾਰ ਅੰਸ਼ (Summary)
1.7 ਸ਼ਬਦਕੋਸ਼ (Keywords)
1.8 ਅਭਿਆਸ ਪ੍ਰਸ਼ਨ (Review Questions)
1.9 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦੇ ਵਰਨਣ ਸਬੰਧੀ।
- ਪ੍ਰਸਤਾਵਨਾ ਦਾ ਮਹੱਤਵ ਜਾਨਣ ਸਬੰਧੀ।
- ਸੰਵਿਧਾਨ ਨੂੰ ਲਾਗੂ ਕਰਨ ਦੀ ਤਾਰੀਖ ਨੂੰ ਜਾਨਣ ਸਬੰਧੀ।
- ਸੰਵਿਧਾਨ ਦੀ ਪ੍ਰਗਤੀ ਦੀ ਵਿਆਖਿਆ ਕਰਨ ਸਬੰਧੀ।

## ਜਾਣਕਾਰੀ (Introduction)

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਸੰਵਿਧਾਨ ਦੀ ਆਤਮਾ ਕਿਹਾ ਜਾਂਦਾ ਹੈ।

42ਵੀਂ ਸੰਵਿਧਾਨਿਕ ਸੋਧ ਤੋਂ ਬਾਅਦ ਹੁਣ ਸੰਵਿਧਾਨ ਦੀ ਪ੍ਰਸਤਾਵਨਾ ਹੈ:

"ਇਸ ਭਾਰਤ ਦੇ ਲੋਕ ਭਾਰਤ ਨੂੰ ਇਕ ਪ੍ਰਭੂਸੱਤਾ ਸੰਪਨ, ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ ਗਣਰਾਜ ਦੇ ਰੂਪ ਵਿੱਚ ਸਥਾਪਿਤ ਕਰਨ ਦਾ ਨਿਸ਼ਚਾ ਕਰਕੇ ਅਤੇ ਇਸ ਦੇ ਸਾਰੇ ਨਾਗਰਿਕਾਂ ਲਈ ਇਹ ਪ੍ਰਾਪਤ ਕਰਨ ਦਾ ਨਿਸ਼ਚਾ ਕਰਦੇ ਹਨ:

ਨਿਆ, ਸਮਾਜਿਕ, ਆਰਥਿਕ, ਰਾਜਨੀਤਿਕ : ਸੋਚਣ, ਬੋਲਣ, ਆਪਣੇ ਵਿਚਾਰ ਨੂੰ ਪ੍ਰਗਟ ਕਰਨ ਅਤੇ ਪਾਠ-ਪੂਜਾ ਕਰਨ ਦੀ ਸੁਤੰਤਰਤਾ:

ਬਰਾਬਰ ਮੌਕੇ ਅਤੇ ਪੱਧਰ ਦੀ ਤੇ ਸਾਰਿਆਂ ਵਿੱਚ ਭ੍ਰਾਤਰੀਭਾਵ ਨੂੰ ਬੜ੍ਹਾਵਾ ਦੇਣ, ਜਿਸ ਨਾਲ ਵਿਅਕਤੀ ਦੇ ਸਨਮਾਨ ਅਤੇ ਰਾਸ਼ਟਰ ਦੀ ਏਕਤਾ-ਅਖੰਡਤਾ ਦੀ ਪ੍ਰਾਪਤੀ ਹੋਵੇ:

ਨੋਟ

## 1.1 ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ (Preamble of Indian Constitution)

ਸੰਵਿਧਾਨ ਦੀ ਪ੍ਰਸਤਾਵਨਾ ਇਸ ਦੀ ਭਾਵਨਾ ਅਤੇ ਅਰਥ ਨੂੰ ਖੋਲ੍ਹਣ ਦੀ ਇਕ ਪੂੰਜੀ ਹੁੰਦੀ ਹੈ। ਇਹ ਗੱਲ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਸਬੰਧੀ ਵੀ ਸੱਚ ਹੈ। *ਕੇ. ਐੱਮ. ਮੁਨਸ਼ੀ* ਨੇ ਇਸ ਨੂੰ ਸੰਵਿਧਾਨ ਦੀ ਰਾਜਨੀਤਿਕ ਜਨਮ ਪੱਤਰੀ ਕਰਾਰ ਦਿੱਤਾ, ਜਿਸ ਨੇ ਸੰਵਿਧਾਨ ਅਤੇ ਮੌਲਿਕ ਵਿਸ਼ੇਸ਼ਤਾਵਾਂ, ਦਰਸ਼ਨ ਅਤੇ ਭਾਰਤੀ ਰਾਜ ਦੀ ਪ੍ਰਕਿਰਤੀ ਪ੍ਰਗਟ ਕੀਤਾ ਗਿਆ ਹੈ। ਪ੍ਰਸਤਾਵਨਾ ਭਾਰਤ ਦੇ ਸੰਵਿਧਾਨ ਦੇ ਮੌਲਿਕ ਦਰਸ਼ਨ ਨੂੰ ਦਰਸਾਉਂਦੀ ਹੈ ਅਤੇ ਸੰਵਿਧਾਨ ਦੀਆਂ ਧਾਰਾਵਾਂ ਦੀ ਵਿਆਖਿਆ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। *ਪੰਡਿਤ ਠਾਕੁਰ ਭਾਰਗਵ* ਨੇ ਕਿਹਾ ਹੈ, "ਪ੍ਰਸਤਾਵਨਾ ਸੰਵਿਧਾਨ ਦਾ ਬਹੁਤ ਹੀ ਬਹੁਮੁੱਲਾ ਭਾਗ ਹੈ, ਇਹ ਸੰਵਿਧਾਨ ਦੀ ਆਤਮਾ ਹੈ, ਇਹ ਸੰਵਿਧਾਨ ਦੀ ਪੂੰਜੀ ਹੈ। ਇਹ ਸੰਵਿਧਾਨ ਨਿਰਮਾਤਾਵਾਂ ਦਾ ਮੰਨ ਖੋਲ੍ਹਣ ਵਾਲੀ ਇਕ ਪੂੰਜੀ ਹੈ। ਇਹ ਸੰਵਿਧਾਨ ਵਿੱਚ ਜੜ੍ਹਿਆ ਹੋਇਆ ਇਕ ਹੀਰਾ ਹੈ। ਇਹ ਇਕ ਸੁੰਦਰ ਗਦਿਆਂਸ਼ ਵਾਲੀ ਕਵਿਤਾ ਹੈ, ਸਗੋਂ ਇਹ ਆਪਣੇ ਆਪ ਵਿੱਚ ਸੰਪੂਰਨ ਹੈ। ਇਹ ਸਹੀ ਮਾਪਦੰਡ ਹੈ, ਜਿਸ ਨਾਲ ਸੰਵਿਧਾਨ ਦਾ ਮੁੱਲ ਪਰਖਿਆ ਜਾ ਸਕਦਾ ਹੈ।"

> *ਕੀ ਤੁਸੀਂ ਜਾਣਦੇ ਹੋ* ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਭਾਰਤੀ ਸੰਵਿਧਾਨ ਦੀ ਆਤਮਾ ਹੈ।

"ਅਸੀਂ ਆਪਣੀ ਸੰਵਿਧਾਨ ਨਿਰਮਾਣ ਸਭਾ ਵਿੱਚ 26 ਨਵੰਬਰ 1949 ਦੇ ਦਿਨ ਆਪਣੇ ਇਸ ਸੰਵਿਧਾਨ ਦਾ ਨਿਰਮਾਣ ਕਰਦੇ ਹਾਂ, ਇਸ ਨੂੰ ਪਾਸ ਕਰਦੇ ਹਾਂ ਅਤੇ ਇਸ ਨੂੰ ਆਪਣੇ ਆਪ ਨੂੰ ਸੌਂਪਦੇ ਹਾਂ।"

ਸ਼ਬਦ 'ਸਮਾਜਵਾਦ', 'ਧਰਮ-ਨਿਰਪੱਖਤਾ' 'ਅਖੰਡਤਾ' ਪਹਿਲਾਂ ਪ੍ਰਸਤਾਵਨਾ ਵਿੱਚ ਸ਼ਾਮਿਲ ਨਹੀਂ ਸਨ ਅਤੇ ਇਹ ਸੰਵਿਧਾਨ ਦੀਂ 42ਵੀਂ ਸੋਧ (1976) ਨਾਲ ਸੰਵਿਧਾਨ ਵਿੱਚ ਸ਼ਾਮਿਲ ਕੀਤੇ ਗਏ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

1. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਭਾਰਤੀ ਸੰਵਿਧਾਨ ਦੀ ................... ਕਿਹਾ ਜਾਂਦਾ ਹੈ।
2. ਸ਼ਬਦ ਸਮਾਜਵਾਦ, ਧਰਮ ਨਿਰਪੱਖਤਾ, ਅਖੰਡਤਾ ਨੂੰ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਾਲ ............. ਵਿੱਚ ਸ਼ਾਮਿਲ ਕੀਤਾ ਗਿਆ ਸੀ।
3. ਸੰਵਿਧਾਨ ਦਾ ਨਿਰਮਾਣ ................... ਨੂੰ ਹੋਇਆ ਸੀ।

## 1.2 ਪ੍ਰਸਤਾਵਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ (Main Features of the Preamble)

ਪ੍ਰਸਤਾਵਨਾ ਨਾਲ ਭਾਰਤੀ ਰਾਜ ਦੀ ਪ੍ਰਕਿਰਤੀ ਅਤੇ ਉਨ੍ਹਾਂ ਉਦੇਸ਼ਾਂ ਦਾ ਗਿਆਨ ਮਿਲਦਾ ਹੈ ਜੋ ਕਿ ਭਾਵੀ ਸਰਕਾਰਾਂ ਵੱਲੋਂ ਪ੍ਰਾਪਤ ਕੀਤੇ ਜਾਣੇ ਹਨ। ਇਹ ਜਨਤਾ ਦੀ ਪ੍ਰਭੂਸੱਤਾ ਨੂੰ ਪ੍ਰਗਟ ਕਰਦੀ ਹੈ ਅਤੇ ਉਸ ਤਾਰੀਖ ਨੂੰ ਦਰਜ ਕਰਦੀ ਹੈ, ਜਿਸ ਨੂੰ ਸੰਵਿਧਾਨ ਨੂੰ ਸੰਵਿਧਾਨ ਨਿਰਮਾਣ ਸਭਾ ਵੱਲੋਂ ਆਖਰੀ ਰੂਪ ਵਿੱਚ ਅਪਣਾਇਆ ਗਿਆ ਸੀ। ਪ੍ਰਸਤਾਵਨਾ ਦੀਆਂ ਵਿਸ਼ੇਸ਼ਤਾਵਾਂ ਦਾ ਵਿਸ਼ਲੇਸ਼ਣ ਹੇਠ ਲਿਖੇ ਚਾਰ ਸਿਰਲੇਖਾਂ ਅਧੀਨ ਕੀਤਾ ਜਾ ਸਕਦਾ ਹੈ:

### (I) ਸੱਤਾ ਦਾ ਸਰੋਤ-ਲੋਕਪ੍ਰਿਯ ਪ੍ਰਭੂਸੱਤਾ (The Source of Authority-Popular Sovereignty)

ਸਭ ਤੋਂ ਪਹਿਲਾਂ ਪ੍ਰਸਤਾਵਨਾ ਸਪੱਸ਼ਟ ਰੂਪ ਵਿੱਚ ਜਨਤਾ ਦੀ ਪ੍ਰਭੂੱਸਤਾ ਦੇ ਸਿਧਾਂਤ ਨੂੰ ਸਵੀਕਾਰ ਕਰਦੀ ਹੈ। ਇਹ ਇਨ੍ਹਾਂ ਸ਼ਬਦਾਂ ਨਾਲ ਆਰੰਭ ਹੁੰਦੀ ਹੈ, "ਅਸੀਂ ਭਾਰਤ ਦੇ ਲੋਕ...." ਇਸ ਤੋਂ ਇਸ ਤੱਥ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਸਾਰੀ ਸੱਤਾ ਦਾ ਅੰਤਿਮ ਸਰੋਤ ਜਨਤਾ ਹੀ ਹੈ। ਸਰਕਾਰ ਆਪਣੀ ਸ਼ਕਤੀ ਜਨਤਾ ਤੋਂ ਪ੍ਰਾਪਤ ਕਰਦੀ ਹੈ। ਸੰਵਿਧਾਨ ਦਾ ਅਧਾਰ ਅਤੇ ਪ੍ਰਭੂਸੱਤਾ ਲੋਕਾਂ ਵਿੱਚ ਅਤੇ ਇਹ ਆਪਣੀ ਪ੍ਰਭੂਸੱਤਾ ਲੋਕਾਂ ਤੋਂ ਪ੍ਰਾਪਤ ਕਰਦੀ ਹੈ। "ਪ੍ਰਸਤਾਵਨਾ ਇਹ ਵੀ ਸਪੱਸ਼ਟ ਕਰਦੀ ਹੈ ਕਿ ਸਦਨ ਦੇ ਸਾਰੇ ਮੈਂਬਰਾਂ ਦੀ ਇੱਛਾ ਹੈ ਕਿ ਇਸ ਸੰਵਿਧਾਨ ਦੀਆਂ ਜੜ੍ਹਾਂ, ਇਸ ਦੀ ਸੱਤਾ, ਇਸ ਦੀ ਪ੍ਰਭੂਸੱਤਾ ਲੋਕਾਂ ਤੋਂ ਪ੍ਰਾਪਤ ਕੀਤੀ ਜਾਵੇ।" ਡਾ. ਅੰਬੇਦਕਰ ਦੇ ਅਨੁਸਾਰ ਇਸ ਸਵਰੂਪ ਵਿੱਚ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਅਮਰੀਕੀ ਸੰਵਿਧਾਨ ਦੀ ਪ੍ਰਸਤਾਵਨਾ ਅਤੇ ਸੰਯੁਕਤ ਰਾਸ਼ਟਰ ਦੇ ਚਾਰਟਰ ਦੀ ਪ੍ਰਸਤਾਵਨਾ ਨਾਲ ਮਿਲਦੀ ਹੈ।"

ਸੰਵਿਧਾਨ ਨਿਰਮਾਣ ਸਭਾ ਵਿੱਚ ਦੋ ਮੈਂਬਰਾਂ ਨੇ 'ਅਸੀਂ ਭਾਰਤ ਦੇ ਲੋਕ" ਸ਼ਬਦਾਂ ਦੇ ਪ੍ਰਯੋਗ ਦਾ ਵਿਰੋਧ ਕੀਤਾ ਸੀ। *ਐੱਚ. ਵੀ. ਕਾਮਥ* ਚਾਹੁੰਦੇ ਸਨ ਕਿ ਪ੍ਰਸਤਾਵਨਾ ਇਨ੍ਹਾਂ ਸ਼ਬਦਾਂ ਨਾਲ ਅਰੰਭ ਹੋਣੀ ਚਾਹੀਦੀ ਕਿ, "ਪ੍ਰਮਾਤਮਾ ਦੇ ਨਾਮ 'ਤੇ" ਅਤੇ ਇਸ ਵਿਚਾਰ ਦਾ

ਕੁਝ ਹੋਰ ਮੈਂਬਰਾਂ ਨੇ ਵੀ ਉਨ੍ਹਾਂ ਦਾ ਸਮਰਥਨ ਕੀਤਾ ਸੀ ਪਰ ਜਦੋਂ ਵਿਚਾਰ-ਵਟਾਂਦਰੇ ਦੇ ਬਾਅਦ ਇਸ ਪ੍ਰਸਤਾਵ 'ਤੇ ਵਿਚਾਰ ਕੀਤੇ ਗਏ ਤਾਂ ਇਹ ਪ੍ਰਸਤਾਵ 41 ਵਿੱਚ ਅਤੇ 68 ਵਿਰੁੱਧ ਵਿਚਾਰ ਹੋਣ ਦੇ ਕਾਰਨ ਰੱਦ ਹੋ ਗਏ। ਇਕ ਹੋਰ ਮੈਂਬਰ ਮੌਲਾਨਾ ਹਜ਼ਰਤ ਮੋਹਾਨੀ ਨੇ ਇਨ੍ਹਾਂ ਸ਼ਬਦਾਂ ਦਾ ਇਸ ਅਧਾਰ 'ਤੇ ਵਿਰੋਧ ਕੀਤਾ ਕਿ ਸੰਵਿਧਾਨ ਨਿਰਮਾਣ ਸਭਾ ਕੇਵਲ ਥੋੜ੍ਹੇ ਜਿਹੇ ਵਿਚਾਰਕਾਂ ਵੱਲੋਂ ਸੋਧ ਕੀਤੀ ਗਈ ਸੀ ਅਤੇ ਉਹ ਵੀ ਸੰਪ੍ਰਦਾਇਕ ਅਧਾਰ 'ਤੇ ਕੀਤੇ ਗਏ ਵਿਚਾਰਾਂ ਨਾਲ, ਇਸ ਲਈ ਇਹ ਪੂਰਨ ਤੌਰ 'ਤੇ ਪ੍ਰਤੀਨਿਧੀ ਸਭਾ ਨਹੀਂ ਹੈ। ਇਸ ਲਈ ਇਹ ਸਭਾ ਇਨ੍ਹਾਂ ਸ਼ਬਦਾਂ ਦਾ ਇਸਤੇਮਾਲ ਕਰਨ ਦੇ ਯੋਗ ਨਹੀਂ ਹੈ ਪਰ ਸੰਵਿਧਾਨ ਨਿਰਮਾਣ ਸਭਾ ਨੇ ਇਸ ਵਿਚਾਰ ਨੂੰ ਵੀ ਰੱਦ ਕਰ ਦਿੱਤਾ ਅਤੇ ਇਸ ਤਰ੍ਹਾਂ ਇਸ ਵੱਲੋਂ ਮਨਜ਼ੂਰ ਕੀਤੀ ਗਈ ਪ੍ਰਸਤਾਵਨਾ ਦਾ ਅਰੰਭ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ ਕਿ "ਅਸੀਂ ਭਾਰਤ ਦੇ ਲੋਕ" ਅਤੇ ਇਨ੍ਹਾਂ ਤੋਂ ਭਾਰਤ ਦੇ ਲੋਕਾਂ ਦੀ ਪ੍ਰਭੂਸੱਤਾ ਦੇ ਗੁਣ ਦਾ ਪਤਾ ਲੱਗਦਾ ਹੈ। 15 ਅਗਸਤ, 1947 ਨੂੰ ਬ੍ਰਿਟਿਸ਼ ਪ੍ਰਭੂਸੱਤਾ ਦੀ ਸਮਾਪਤੀ ਅਤੇ ਭਾਰਤ ਦੇ ਇਕ ਪ੍ਰਭੂਸੱਤਾ ਸੰਪਨ ਲੋਕਤੰਤਰੀ ਗਣਰਾਜ ਦੇ ਰੂਪ ਵਿੱਚ ਉਭਰਨ ਤੋਂ ਬਾਅਦ ਅਜਿਹਾ ਐਲਾਨ ਜ਼ਰੂਰ ਹੋ ਗਈ ਸੀ।

### (II) ਰਾਜ ਦੀ ਪ੍ਰਕਿਰਤੀ (Nature of State)

ਜਪ੍ਰਸਤਾਵਨਾ ਇਕ ਰਾਜ (ਦੇਸ਼) ਦੇ ਰੂਪ ਵਿੱਚ ਭਾਰਤ ਦੀਆਂ ਪੰਜ ਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਕਰਦੀ ਹੈ। ਇਹ ਭਾਰਤ ਨੂੰ ਇਕ ਪ੍ਰਭੂਸੱਤਾ ਸੰਪਨ, ਸਮਾਜਵਾਦੀ, ਧਰਮ-ਨਿਰਪੱਖ, ਲੋਕਤੰਤਰੀ, ਗਣਰਾਜ ਐਲਾਨਦੀ ਹੈ। ਅਰੰਭ ਵਿੱਚ ਪ੍ਰਸਤਾਵਨਾ ਵਿੱਚ "ਸਮਾਜਵਾਦੀ" ਅਤੇ "ਧਰਮ-ਨਿਰਪੱਖ" ਸ਼ਬਦ ਸ਼ਾਮਿਲ ਨਹੀਂ ਸੀ। ਇਹ ਇਸ ਵਿੱਚ 42ਵੀਂ ਸੋਧ ਨਾਲ ਸ਼ਾਮਿਲ ਕੀਤੇ ਗਏ। ਇਨ੍ਹਾਂ ਪੰਜ ਵਿਸ਼ੇਸ਼ਤਾਵਾਂ ਵਿੱਚੋਂ ਹਰੇਕ ਨੂੰ ਸਪੱਸ਼ਟ ਕਰਨਾ ਜ਼ਰੂਰੀ ਹੈ :

**(1) ਭਾਰਤ ਇਕ ਪ੍ਰਭੂਸੱਤਾ-ਸੰਪਨ ਰਾਜ ਹੈ (India is a Sovereign State)**: ਪ੍ਰਸਤਾਵਨਾ ਐਲਾਨ ਕਰਦੀ ਹੈ ਕਿ ਭਾਰਤ ਇਕ ਪ੍ਰਭੂਸੱਤਾ ਸੰਪਨ ਦੇਸ਼ ਹੈ। ਅਜਿਹੀ ਘੋਸ਼ਣਾ ਭਾਰਤ ਤੇ ਬ੍ਰਿਟਿਸ਼ ਰਾਜ ਦੀ ਸਮਾਪਤੀ 'ਤੇ ਮੋਹਰ ਲਗਾਉਣ ਲਈ ਬਹੁਤ ਜ਼ਰੂਰੀ ਸੀ। ਇਹ ਇਸ ਤੱਥ ਦੀ ਪੁਸ਼ਟੀ ਵੀ ਕਰਦੀ ਹੈ ਕਿ ਭਾਰਤ ਹੁਣ ਬ੍ਰਿਟਿਸ਼ ਕਰਾਊਨ 'ਤੇ ਨਿਰਭਰ ਪ੍ਰਦੇਸ਼ ਜਾਂ ਉਸ ਦੀ ਬਸਤੀ ਨਹੀਂ ਰਿਹਾ ਸੀ। ਇਸ ਨਾਲ 15 ਅਗਸਤ 1947 ਨੂੰ ਬ੍ਰਿਟਿਸ਼ ਸ਼ਾਸਨ ਖਤਮ ਹੋਣ ਦੇ ਬਾਅਦ ਭਾਰਤ ਨੂੰ ਤਕਨੀਕੀ ਰੂਪ ਵਿੱਚ ਦਿੱਤੇ ਗਏ ਉੱਪਨਿਵੇਸ਼ਕ ਪੱਧਰ ਨੂੰ ਖਤਮ ਕਰਨ ਦੀ ਵੀ ਪੁਸ਼ਟੀ ਕੀਤੀ ਗਈ। ਸੰਵਿਧਾਨ ਨਿਰਮਾਣ ਸਭਾ ਵੱਲੋਂ ਇਸ ਨੂੰ ਸਵੀਕਾਰ ਕੀਤੇ ਜਾਣ ਦੇ ਬਾਅਦ ਉੱਪਨਿਵੇਸ਼ਕ ਪੱਧਰ ਖਤਮ ਹੋ ਗਏ ਅਤੇ ਭਾਰਤ ਪੂਰਨ ਤੌਰ 'ਤੇ ਦੇਸ਼ ਦੇ ਰੂਪ ਵਿੱਚ ਉਭਰਿਆ। ਇਸ ਨੇ ਸੁਤੰਤਰਤਾ ਦੇ ਸੰਘਰਸ਼ ਦੇ ਨਤੀਜੇ ਦੀ ਘੋਸ਼ਣਾ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਖੁਦ ਨਿਰਮਾਣ ਕਰਨ ਲਈ ਅਤੇ ਇਨ੍ਹਾਂ ਨੂੰ ਆਪਣੇ ਲੋਕਾਂ ਅਤੇ ਖੇਤਰਾਂ 'ਤੇ ਲਾਗੂ ਕਰਨ ਲਈ ਅੰਦਰਲੇ ਅਤੇ ਬਾਹਰਲੇ ਰੂਪ ਵਿੱਚ ਸੁਤੰਤਰ ਹੈ।

ਪਰ ਕੁਝ ਆਲੋਚਕ ਇਹ ਪ੍ਰਸ਼ਨ ਉਠਾਉਂਦੇ ਹਨ ਕਿ 'ਰਾਸ਼ਟਰ ਮੰਡਲ' ਦੀ ਮੈਂਬਰਸ਼ਿਪ ਸਵੀਕਾਰ ਕਰਨ ਨਾਲ ਭਾਰਤ ਦਾ ਪ੍ਰਭੂਸੱਤਾ ਸੰਪਨ ਦੇਸ਼ ਦੇ ਰੂਪ ਵਿੱਚ ਪੱਧਰ ਸੀਮਿਤ ਹੋਇਆ ਹੈ ਕਿਉਂਕਿ ਇਸ ਮੈਂਬਰਸ਼ਿਪ ਨਾਲ ਬ੍ਰਿਟਿਸ਼ ਮਹਾਰਾਜ/ਮਹਾਰਾਣੀ ਨੂੰ ਰਾਸ਼ਟਰ ਮੰਡਲ ਦਾ ਮੁਖੀਆ ਸਵੀਕਾਰ ਕੀਤਾ ਗਿਆ ਹੈ ਪਰ ਇਹ ਵਿਚਾਰ ਠੀਕ ਨਹੀਂ ਹੈ। ਰਾਸ਼ਟਰ ਮੰਡਲ ਹੁਣ ਬ੍ਰਿਟਿਸ਼ ਰਾਸ਼ਟਰ ਮੰਡਲ ਨਹੀਂ ਰਿਹਾ। ਇਹ 1949 ਦੇ ਬਾਅਦ ਹੁਣ ਇੱਕੋ ਜਿਹੇ ਪ੍ਰਭੂਸੱਤਾ ਸੰਪਨ ਮਿੱਤਰ ਦੇਸ਼ਾਂ ਦੀ ਸੰਸਥਾ ਬਣ ਗਿਆ ਹੈ ਕਿਉਂਕਿ ਜਿਨ੍ਹਾਂ ਵਿੱਚ ਇਤਿਹਾਸਕ ਸਬੰਧ ਹਨ, ਉਨ੍ਹਾਂ ਦੇ ਰਾਸ਼ਟਰੀ ਹਿੱਤਾਂ ਨੂੰ ਸਾਂਝੇ ਯਤਨਾਂ ਨਾਲ ਉਤਸ਼ਾਹਿਤ ਕਰਨ ਲਈ ਰਾਸ਼ਟਰ ਮੰਡਲ ਵਿੱਚ ਇਕੱਠਾ ਹੋਣ ਨੂੰ ਪਹਿਲ ਦਿੰਦੇ ਹਨ। ਭਾਰਤ ਦਾ ਰਾਸ਼ਟਰ ਮੰਡਲ ਵਿੱਚ ਸ਼ਾਮਿਲ ਹੋਣਾ ਉਸ ਦੀ ਸਵੈ-ਇੱਛਾ 'ਤੇ ਨਿਰਭਰ ਹੈ ਅਤੇ ਇਕ ਸਦਭਾਵਨਾ ਵਾਲੀ ਕਾਰਵਾਈ ਹੈ। ਬ੍ਰਿਟਿਸ਼ ਮਹਾਰਾਜਾ/ਮਹਾਰਾਣੀ ਦਾ ਰਾਸ਼ਟਰ ਮੰਡਲ ਦਾ ਮੁਖੀਆ ਹੋਣ ਦਾ ਭਾਰਤੀ ਸੰਵਿਧਾਨ ਵਿੱਚ ਕੋਈ ਸਥਾਨ ਨਹੀਂ ਹੈ। ਭਾਰਤ ਦਾ ਉਸ ਨਾਲ ਕੋਈ ਲੈਣਾ/ਦੇਣਾ ਨਹੀਂ ਹੈ। "ਰਾਸ਼ਟਰ ਮੰਡਲ ਸੁਤੰਤਰ ਦੇਸ਼ਾਂ ਦੀ ਸੰਸਥਾ ਹੈ ਅਤੇ ਬ੍ਰਿਟਿਸ਼ ਰਾਜਾ ਰਾਸ਼ਟਰ ਮੰਡਲ ਦਾ ਸੰਕੇਤਕ (ਨਾਮਾਤਰ ਦਾ) ਮੁਖੀਆ ਹੈ" (ਨਹਿਰੂ)। ਪ੍ਰੋਫੈਸਰ ਰਾਮਾਸਵਾਮੀ ਠੀਕ ਕਹਿੰਦੇ ਹਨ ਕਿ "ਭਾਰਤ ਦਾ ਰਾਸ਼ਟਰ ਮੰਡਲ ਦਾ ਮੈਂਬਰ ਹੋਣਾ ਇਕ ਸਦਭਾਵਨਾ ਵਾਲੀ ਵਿਵਸਥਾ ਹੈ ਜਿਸ ਦਾ ਕਿ ਕੋਈ ਸੰਵਿਧਾਨਿਕ ਮਹੱਤਵ ਨਹੀਂ ਹੈ।"

ਇਸ ਤਰ੍ਹਾਂ ਸੰਵਿਧਾਨ ਦੀ ਪ੍ਰਸਤਾਵਨਾ ਦੇ ਪ੍ਰਭੂਸੱਤਾ ਸੰਪਨ ਸੁਤੰਤਰ ਦੇਸ਼ ਹੋਣ ਦੀ ਘੋਸ਼ਣਾ ਕਰਦੀ ਹੈ। ਸ਼ਬਦ ਪ੍ਰਭੂਸੱਤਾ ਦਾ ਅਰਥ ਅੰਦਰਲੀ ਅਤੇ ਬਾਹਰਲੀ ਪ੍ਰਭੂਸੱਤਾ ਦੋਨਾਂ ਨੂੰ ਪ੍ਰਗਟ ਕਰਦਾ ਹੈ। ਇਸ ਦਾ ਅਰਥ ਇਹ ਵੀ ਹੈ ਕਿ ਭਾਰਤ ਦੀ ਸਰਕਾਰ ਅੰਦਰਲੇ ਅਤੇ ਵਿਦੇਸ਼ੀ ਮਾਮਲਿਆਂ ਵਿੱਚ ਸੁਤੰਤਰ ਹੈ ਅਤੇ ਇਹ ਹੁਣ ਕਿਸੇ ਵੀ ਵਿਦੇਸ਼ੀ ਸ਼ਕਤੀ ਦੇ ਕੰਟਰੋਲ ਅਧੀਨ ਨਹੀਂ ਹੈ।

**(2) ਭਾਰਤ ਇਕ ਸਮਾਜਵਾਦੀ ਰਾਜ ਹੈ (India is a Socialist State)**: ਜਦ ਕਿ ਭਾਰਤੀ ਸੰਵਿਧਾਨ ਵਿੱਚ ਅਰੰਭ ਤੋਂ ਹੀ ਸਮਾਜਵਾਦ ਦੀ ਭਾਵਨਾ ਪਾਈ ਜਾਂਦੀ ਸੀ ਪਰ ਪ੍ਰਸਤਾਵਨਾ ਵਿੱਚ 'ਸਮਾਜਵਾਦ' ਦਾ ਸ਼ਬਦ ਸ਼ਾਮਿਲ ਕਰਨ ਲਈ 1976 ਵਿੱਚ ਸੋਧ ਕੀਤੀ ਗਈ। ਸਮਾਜਵਾਦ ਹੁਣ ਭਾਰਤੀ ਰਾਜ ਦੀ ਇਕ ਮੁੱਖ ਵਿਸ਼ੇਸ਼ਤਾ ਹੈ। ਇਸ ਤੋਂ ਇਸ ਤੱਥ ਦੀ ਝਲਕ ਮਿਲਦੀ ਹੈ ਕਿ ਭਾਰਤ ਸਾਰੀ ਤਰ੍ਹਾਂ ਦਾ ਸ਼ੋਸ਼ਣ ਖਤਮ ਕਰਨ ਦੇ ਨਹੀਂ, ਸਗੋਂ ਆਮਦਨ, ਸਰੋਤਾਂ ਅਤੇ ਸੰਪਤੀ ਦੇ ਨਿਆ ਭਰਪੂਰ ਵੰਡ ਦੀ ਪ੍ਰਾਪਤੀ ਆਪਣੇ ਸਾਰੇ ਲੋਕਾਂ ਲਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆ ਪ੍ਰਾਪਤ ਕਰਨ ਲਈ ਵਚਨਬੱਧ ਹੈ ਪਰ ਸਮਾਜਵਾਦ ਮਾਰਕਸਵਾਦੀ/ਕ੍ਰਾਂਤੀਕਾਰੀ ਢੰਗਾਂ ਨਾਲ ਪ੍ਰਾਪਤ ਨਹੀਂ ਕੀਤਾ ਜਾਣਾ ਹੈ ਸਗੋਂ ਸ਼ਾਂਤੀਪੂਰਵਕ, ਸੰਵਿਧਾਨਿਕ ਅਤੇ ਲੋਕਤੰਤਰੀ

ਢੰਗਾਂ ਨਾਲ ਪ੍ਰਾਪਤ ਕੀਤਾ ਜਾਣਾ ਹੈ 'ਭਾਰਤ ਇਕ ਸਮਾਜਵਾਦੀ ਰਾਜ ਹੈ' ਦੇ ਸ਼ਬਦ ਦਾ ਅਸਲੀ ਅਰਥ ਇਹ ਹੈ ਕਿ ਭਾਰਤ ਇਕ ਲੋਕਤੰਤਰੀ ਸਮਾਜਵਾਦੀ ਰਾਜ ਹੈ। ਇਸ ਨਾਲ ਇਸ ਦੀ ਸਮਾਜਿਕ ਆਰਥਿਕ ਨਿਆ ਪ੍ਰਤੀ ਵਚਨਬੱਧਤਾ ਦਾ ਪਤਾ ਲੱਗਦਾ ਹੈ ਜਿਸ ਨੂੰ ਦੇਸ਼ ਨੇ ਲੋਕਤੰਤਰੀ ਢੰਗ ਨਾਲ ਪ੍ਰਾਪਤ ਕੀਤਾ ਜਾਣਾ ਹੈ। ਭਾਰਤ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਬਰਾਬਰਤਾ, ਸਮਾਜਿਕ ਨਿਆ, ਆਰਥਿਕ ਬਰਾਬਰਤਾ, ਸਰਵਜਨਕ ਭਲਾਈ ਅਤੇ ਵਿਕਾਸ ਦੇ ਸਮਾਜਵਾਦੀ ਲਕਸ਼ਾਂ ਨੂੰ ਪ੍ਰਾਪਤ ਕਰਨ ਲਈ ਦ੍ਰਿੜ ਸੰਕਲਪ ਹੈ। ਪ੍ਰੰਤੂ ਇਸ ਉਦੇਸ਼ ਲਈ ਉਹ ਤਾਨਾਸ਼ਾਹੀ ਢੰਗਾਂ ਨੂੰ ਅਪਨਾਉਣ ਲਈ ਤਿਆਰ ਨਹੀਂ ਹੈ। ਭਾਰਤ ਸਮਾਜਵਾਦੀ ਲਕਸ਼ਾਂ ਨੂੰ ਪ੍ਰਾਪਤ ਕਰਨ ਲਈ ਰਾਜਨੀਤਿਕ ਅਤੇ ਆਰਥਿਕ ਦੋਨਾਂ ਖੇਤਰਾਂ ਵਿੱਚ ਲੋਕਤੰਤਰੀ ਉਦਾਰੀਕਰਨ ਦੇ ਪੱਖ ਵਿੱਚ ਹੈ ਪਰ 1991 ਦੇ ਬਾਅਦ ਉਦਾਰੀਕਰਨ ਦੇ ਆਰਥਿਕ ਸਿਧਾਂਤ ਨੂੰ ਅਪਨਾਏ ਜਾਣ ਨਾਲ ਸਮਾਜਵਾਦ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ।

**(3) ਭਾਰਤ ਇਕ ਧਰਮ-ਨਿਰਪੱਖ ਰਾਜ ਹੈ (India is a Secular State):** 42ਵੀਂ ਸੋਧ ਨਾਲ 'ਧਰਮ-ਨਿਰਪੱਖਤਾ' ਨੂੰ ਭਾਰਤੀ ਰਾਜ ਦੀ ਇਕ ਮੁੱਖ ਵਿਸ਼ੇਸ਼ਤਾ ਦੇ ਰੂਪ ਵਿੱਚ ਪ੍ਰਸਤਾਵਨਾ ਵਿੱਚ ਸਥਾਨ ਦਿੱਤਾ ਗਿਆ। ਇਸ ਨੂੰ ਸ਼ਾਮਿਲ ਕਰਨ ਨਾਲ ਭਾਰਤੀ ਸੰਵਿਧਾਨ ਦੀ ਧਰਮ-ਨਿਰਪੱਖ ਪ੍ਰਕਿਰਤੀ ਨੂੰ ਹੋਰ ਸਪੱਸ਼ਟ ਕੀਤਾ ਗਿਆ। ਇਕ ਰਾਜ ਦੇ ਰੂਪ ਵਿੱਚ ਭਾਰਤ ਕਿਸੇ ਵੀ ਧਰਮ ਨੂੰ ਵਿਸ਼ੇਸ਼ ਪੱਧਰ ਨਹੀਂ ਦਿੰਦਾ। ਭਾਰਤ ਵਿੱਚ ਸਰਕਾਰੀ ਧਰਮ ਵਰਗੀ ਕੋਈ ਗੱਲ ਨਹੀਂ ਹੈ। ਇਹ ਪਾਕਿਸਤਾਨ ਦੇ ਇਸਲਾਮੀ ਗਣਰਾਜ ਅਤੇ ਹੋਰ ਮੁਸਲਿਮ ਦੇਸ਼ਾਂ ਵਰਗੀ ਧਾਰਮਿਕ ਸਿਧਾਂਤ ਦੀ ਰਾਜਨੀਤੀ ਨਾਲ ਆਪਣੇ ਆਪ ਨੂੰ ਅਲੱਗ ਕਰਦਾ ਹੈ। ਜ਼ਿਆਦਾ ਸ੍ਰੇਸ਼ਠ ਗੱਲ ਇਹ ਹੈ ਕਿ ਭਾਰਤ ਨੇ ਸਾਰੇ ਧਰਮਾਂ ਨੂੰ ਇਕ ਬਰਾਬਰ ਅਧਿਕਾਰ ਦੇ ਕੇ ਧਰਮ-ਨਿਰਪੱਖਤਾ ਨੂੰ ਅਪਣਾਇਆ ਹੈ। ਅਨੁਛੇਦ 25 ਤੋਂ 28 ਤੱਕ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਧਾਰਮਿਕ ਸੁਤੰਤਰਤਾ ਦਾ ਅਧਿਕਾਰ ਦਿੰਦਾ ਹੈ। ਇਹ ਸਾਰੇ ਨਾਗਰਿਕਾਂ ਨੂੰ ਬਿਨਾ ਪੱਖਪਾਤ ਬਰਾਬਰ ਦੇ ਅਧਿਕਾਰ ਵੀ ਦਿੰਦਾ ਹੈ ਅਤੇ ਘੱਟ ਗਿਣਤੀਆਂ ਦੇ ਹਿੱਤਾਂ ਦੀ ਸੁਰੱਖਿਆ ਦੀ ਵਿਵਸਥਾ ਕਰਦਾ ਹੈ। ਰਾਜ ਨਾਗਰਿਕਾਂ ਦੀ ਧਾਰਮਿਕ ਸੁਤੰਤਰਤਾ ਵਿੱਚ ਕੋਈ ਦਖਲਅੰਦਾਜੀ ਨਹੀਂ ਕਰਦਾ ਅਤੇ ਸੰਵਿਧਾਨ ਧਾਰਮਿਕ ਉਦੇਸ਼ਾਂ ਦੇ ਲਈ ਕਰ ਲਗਾਉਣ ਦੀ ਮਨਾਹੀ ਕਰਦਾ ਹੈ। ਅਲੈਗਜੈਂਡ੍ਰੋਵਿਕਸ (Alexandrowicks) ਲਿਖਦੇ ਹਨ, "ਭਾਰਤ ਇਕ ਧਰਮ-ਨਿਰਪੱਖ ਦੇਸ਼ ਹੈ ਜੋ ਸਾਰੇ ਵਿਅਕਤੀਆਂ ਦੇ ਲਈ ਸੰਵਿਧਾਨਿਕ ਰੂਪ ਵਿੱਚ ਧਰਮ ਦੀ ਸੁਤੰਤਰਤਾ ਦੀ ਵਿਵਸਥਾ ਕਰਦਾ ਹੈ ਅਤੇ ਕਿਸੇ ਵੀ ਧਰਮ ਨੂੰ ਕੋਈ ਵਿਸ਼ੇਸ਼ ਦਰਜਾ ਨਹੀਂ ਦਿੱਤਾ। ਧਰਮ-ਨਿਰਪੱਖਤਾ ਭਾਰਤੀ ਸੰਵਿਧਾਨ ਦੀ ਮੌਲਿਕ ਰਚਨਾ ਦਾ ਇਕ ਭਾਗ ਹੈ ਅਤੇ ਜਾਣਕਾਰੀ ਇਸ ਤੱਥ ਦਾ ਸਪੱਸ਼ਟ ਰੂਪ ਵਿੱਚ ਵਰਨਣ ਕਰਦੀ ਹੈ।

**(4) ਭਾਰਤ ਇਕ ਲੋਕਤੰਤਰਿਕ ਰਾਜ ਹੈ (India is Democratic State) :** ਜਾਣਕਾਰੀ ਭਾਰਤ ਨੂੰ ਇਕ ਲੋਕਤੰਤਰੀ ਦੇਸ਼ ਘੋਸ਼ਿਤ ਕਰਦੀ ਹੈ, ਭਾਰਤ ਦੇ ਸੰਵਿਧਾਨ ਵਿੱਚ ਇਕ ਲੋਕਤੰਤਰੀ ਪ੍ਰਨਾਲੀ ਦੀ ਵਿਵਸਥਾ ਕਰਦਾ ਹੈ। ਸਰਕਾਰ ਦੀ ਸੱਤਾ ਲੋਕਾਂ ਦੀ ਪ੍ਰਭੂਸੱਤਾ 'ਤੇ ਨਿਰਭਰ ਕਰਦੀ ਹੈ। ਲੋਕਾਂ ਨੂੰ ਬਰਾਬਰ ਰਾਜਨੀਤਿਕ ਅਧਿਕਾਰ ਪ੍ਰਾਪਤ ਹਨ। ਸਰਵਜਨਕ ਵਿਅਸਕ ਵੋਟ ਦਾ ਅਧਿਕਾਰ, ਚੋਣ ਲੜਨ ਦਾ ਅਧਿਕਾਰ, ਸਰਕਾਰੀ ਅਹੁਦਾ ਪ੍ਰਾਪਤ ਕਰਨ ਦਾ ਅਧਿਕਾਰ, ਸੰਗਠਨ ਸਥਾਪਿਤ ਕਰਨ ਦਾ ਅਧਿਕਾਰ ਅਤੇ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਅਤੇ ਵਿਰੋਧ ਕਰਨ ਦਾ ਅਧਿਕਾਰ, ਆਪਣੇ ਵਿਚਾਰ ਪ੍ਰਗਟ ਕਰਨ ਅਤੇ ਬੋਲਣ ਦੀ ਸੁਤੰਤਰਤਾ, ਪ੍ਰੈੱਸ ਦੀ ਸੁਤੰਤਰਤਾ ਅਤੇ ਸ਼ਾਂਤੀਪੂਰਵਕ ਸਭਾਵਾਂ ਕਰਨ ਦੀ ਸੁਤੰਤਰਤਾ ਹਰੇਕ ਨਾਗਰਿਕ ਨੂੰ ਦਿੱਤੀ ਗਈ ਹੈ। ਇਨ੍ਹਾਂ ਰਾਜਨੀਤਿਕ ਅਧਿਕਾਰਾਂ ਦੇ ਅਧਾਰ 'ਤੇ ਲੋਕ ਰਾਜਨੀਤੀ ਵਿੱਚ ਭਾਗ ਲੈਂਦੇ ਹਨ। ਉਹ ਆਪਣੀ ਸਰਕਾਰ ਦੀ ਚੋਣ ਕਰਦੇ ਹਨ। ਆਪਣੀ ਸਾਰੀਆਂ ਕਾਰਵਾਈਆਂ ਲਈ ਸਰਕਾਰ ਲੋਕਾਂ ਦੇ ਸਾਹਮਣੇ ਜ਼ਿੰਮੇਵਾਰ ਹੁੰਦੀ ਹੈ। ਲੋਕ ਚੋਣਾਂ ਨਾਲ ਸਰਕਾਰ ਨੂੰ ਬਦਲ ਸਕਦੇ ਹਨ। ਸਰਕਾਰ ਨੂੰ ਸੀਮਿਤ ਸ਼ਕਤੀਆਂ ਪ੍ਰਾਪਤ ਹਨ। ਇਹ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਹੀ ਕੰਮ ਕਰ ਸਕਦੀ ਹੈ, ਲੋਕਾਂ ਕੋਲ ਹੀ ਪ੍ਰਭੂਸੱਤਾ ਹੈ ਅਤੇ ਉਨ੍ਹਾਂ ਨੂੰ ਮੌਲਿਕ ਅਧਿਕਾਰ ਪ੍ਰਾਪਤ ਹਨ। ਭਾਰਤ ਦਾ ਸਰਵਉੱਚ ਅਦਾਲਤ ਸੰਵਿਧਾਨ ਵੱਲੋਂ ਦਿੱਤੇ ਗਏ ਮੌਲਿਕ ਅਧਿਕਾਰਾਂ ਦਾ ਰੱਖਿਅਕ ਹੈ। ਚੋਣ ਨਿਰਧਾਰਿਤ ਅੰਤਰਾਲ ਦੇ ਬਾਅਦ ਹੁੰਦੀ ਹਨ ਅਤੇ ਇਹ ਸੁਤੰਤਰ, ਨਿਯਮਿਤ ਅਤੇ ਨਿਰਪੱਖ ਹੁੰਦੀ ਹੈ। ਮਨੁੱਖੀ ਅਧਿਕਾਰਾਂ ਦੀ ਜ਼ਿਆਦਾਤਰ ਚੰਗੇ ਢੰਗ ਨਾਲ ਰੱਖਿਆ ਕਰਨ ਲਈ ਸੰਸਦ ਨੇ ਮਨੁੱਖੀ ਅਧਿਕਾਰ ਐਕਟ, 1993 ਪਾਸ ਕੀਤਾ ਅਤੇ ਇਸ ਉਦੇਸ਼ ਲਈ ਰਾਸ਼ਟਰੀ ਆਯੋਗ ਸਥਾਪਿਤ ਕੀਤਾ ਗਿਆ।

ਸੰਵਿਧਾਨ ਨੇ ਸੰਸਦੀ ਲੋਕਤੰਤਰ ਦੀ ਵਿਵਸਥਾ ਕੀਤੀ ਹੈ। ਇਹ ਬ੍ਰਿਟਿਸ਼ ਮਾਡਲ 'ਤੇ ਅਧਾਰਿਤ ਹੈ। ਇਸ ਵਿੱਚ ਅਧੀਨ ਵਿਧਾਨ ਪਾਲਿਕਾ (ਸੰਸਦ) ਅਤੇ ਕਾਰਜ ਪਾਲਿਕਾ (ਮੰਤਰੀ ਮੰਡਲ) ਵਿੱਚ ਗਹਿਰਾ ਸਬੰਧ ਹੁੰਦਾ ਹੈ ਅਤੇ ਕਾਰਜ ਪਾਲਿਕਾ ਆਪਣੇ ਸਾਰੇ ਕੰਮਾਂ ਲਈ ਸੰਸਦ ਪ੍ਰਤੀ ਜ਼ਿੰਮੇਵਾਰ ਹੁੰਦੀ ਹੈ। ਵਿਧਾਨ ਪਾਲਿਕਾ ਬੇਭਰੋਸਗੀ ਮਤਾ ਪਾਸ ਕਰਕੇ ਕਾਰਜ ਪਾਲਿਕਾ ਨੂੰ ਹਟਾ ਸਕਦੀ ਹੈ। ਪ੍ਰਧਾਨ ਮੰਤਰੀ ਐੱਚ. ਡੀ. ਦੇਵਗੌੜਾ ਦੀ ਸਰਕਾਰ ਨੂੰ ਅਪ੍ਰੈਲ, 1997 ਵਿੱਚ ਉਦੋਂ ਤਿਆਗ-ਪੱਤਰ ਦੇਣਾ ਪਿਆ ਸੀ ਜਦੋਂ ਉਹ ਲੋਕ ਸਭਾ ਵਿੱਚ ਵਿਸ਼ਵਾਸ ਦਾ ਮੱਤ ਪ੍ਰਾਪਤ ਕਰਨ ਵਿੱਚ ਅਸਫਲ ਰਹੀ ਸੀ। ਇਸ ਦੇ ਬਾਅਦ ਪ੍ਰਧਾਨ ਮੰਤਰੀ ਸ਼੍ਰੀ ਆਈ. ਕੇ. ਗੁਜਰਾਲ ਦੀ ਅਗਵਾਈ ਵਾਲੀ ਸਾਂਝੇ ਮੋਰਚੇ ਦੀ ਸਰਕਾਰ ਲੋਕ ਸਭਾ ਵਿੱਚ ਵਿਸ਼ਵਾਸ ਦਾ ਮੱਤ ਪ੍ਰਾਪਤ ਕਰਨ ਵਿੱਚ ਸਫਲ ਰਹੀ ਅਤੇ ਇਹ ਲੋਕ ਸਭਾ ਦੇ ਮਾਰਚ, 1998 ਵਿੱਚ ਹੋਈਆਂ ਚੋਣਾਂ ਤੱਕ ਬਣੀ ਰਹੀ। 12ਵੀਂ ਲੋਕ ਸਭਾ ਦੀਆਂ ਚੋਣਾਂ ਦੇ ਬਾਅਦ ਕੇਂਦਰ ਵਿੱਚ ਬੀ. ਜੇ. ਪੀ. ਦੀ ਅਗਵਾਈ ਵਿੱਚ ਇਕ ਸਾਂਝੀ ਸਰਕਾਰ ਬਣੀ ਜੋ ਅਪ੍ਰੈਲ, 1999 ਵਿੱਚ ਬਹੁਮਤ ਗੁਆ ਬੈਠੀ 'ਤੇ 2004 ਵਿੱਚ ਚੋਣਾਂ ਦੇ ਬਾਅਦ ਯੂ. ਪੀ. ਏ. ਦੀ ਸਰਕਾਰ ਬਣੀ। 2009 ਦੀਆਂ ਚੋਣਾਂ ਵਿੱਚ ਸਫਲ ਹੋਣ ਦੇ ਬਾਅਦ ਇਹ ਦੂਸਰੀ ਵਾਰ ਸੱਤਾ ਵਿੱਚ ਆਈ ਅਤੇ ਹਾਲੇ ਤੱਕ ਚੱਲ ਰਹੀ ਹੈ ਅਤੇ 13ਵੀਆਂ ਲੋਕ ਸਭਾ ਚੋਣਾਂ ਤੱਕ ਅਖੀਰਲੀ ਸਰਕਾਰ ਦੀ ਤਰ੍ਹਾਂ ਕੰਮ ਕਰਦੀ ਰਹੀ।

**ਨੋਟ**

**(5) ਭਾਰਤ ਇਕ ਗਣਰਾਜ (India is a Republic):** ਪ੍ਰਸਤਾਵਨਾ ਭਾਰਤ ਨੂੰ ਇਕ ਗਣਰਾਜ ਘੋਸ਼ਿਤ ਕਰਦੀ ਹੈ। ਭਾਰਤ ਦਾ ਸ਼ਾਸਨ ਕਿਸੇ ਰਾਜਾ ਜਾਂ ਮਨੋਨੀਤ ਮੁਖੀਆ ਵੱਲੋਂ ਨਹੀਂ ਚਲਾਇਆ ਜਾਂਦਾ। ਰਾਜ ਦਾ ਪ੍ਰਧਾਨ ਇਕ ਚੁਣਿਆ ਹੋਇਆ ਮੁਖੀਆ ਹੁੰਦਾ ਹੈ ਜੋ ਕਿ ਇਕ ਨਿਰਧਾਰਿਤ ਕਾਰਜਕਾਲ ਦੇ ਲਈ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਕਰਦਾ ਹੈ। ਗਣਰਾਜ ਦੀ ਪਰਿਭਾਸ਼ਾ ਦਿੰਦੇ ਸਮੇਂ ਮੈਡੀਕਲ ਕਰਦੇ ਹਨ, "ਇਹ ਇਕ ਅਜਿਹੀ ਸਰਕਾਰ ਹੁੰਦੀ ਹੈ ਜੋ ਆਪਣੇ ਅਧਿਕਾਰ ਪ੍ਰਤੱਖ ਜਾਂ ਅਪ੍ਰਤੱਖ ਢੰਗ ਨਾਲ ਲੋਕਾਂ ਦੀ ਮਹਾਨ ਸੰਸਥਾ ਤੋਂ ਪ੍ਰਾਪਤ ਕਰਦੀ ਹੈ ਅਤੇ ਅਜਿਹੇ ਲੋਕਾਂ ਵੱਲੋਂ ਚਲਾਈ ਜਾਂਦੀ ਹੈ, ਜੋ ਲੋਕਾਂ ਦੀ ਇੱਛਾ ਅਨੁਸਾਰ ਹੀ ਆਪਣੇ ਅਹੁਦਿਆਂ 'ਤੇ ਸੀਮਿਤ ਸਮੇਂ ਲਈ ਜਾਂ ਚੰਗੇ ਵਿਵਹਾਰ ਤੱਕ ਬਣੇ ਰਹਿ ਸਕਦੇ ਹਨ।" ਭਾਰਤ ਉਨ੍ਹਾਂ ਸ਼ਰਤਾਂ ਨੂੰ ਪੂਰਨ ਕਰਦਾ ਹੈ ਅਤੇ ਇਸ ਲਈ ਇਹ ਇਕ ਗਣਰਾਜ ਹੈ। ਪ੍ਰਸਤਾਵਨਾ ਵਿੱਚ ਦਿੱਤੇ ਸ਼ਬਦ ਗਣਰਾਜ ਦਾ ਅਰਥ, ਜਿਸ ਨੂੰ ਸਪੱਸ਼ਟ ਕਰਦੇ ਹੋਏ, ਡੀ. ਡੀ. ਬਾਸੂ ਕਹਿੰਦੇ ਹਨ ਕਿ "ਨਾ ਕੇਵਲ ਸਾਡੇ ਕੋਲ ਦੇਸ਼ ਦਾ ਪੈਤਕ ਰਾਜਾ ਹੋਣ ਦੇ ਜਗ੍ਹਾ ਇਕ ਚੁਣਿਆ ਗਿਆ ਰਾਸ਼ਟਰਪਤੀ ਹੋਵੇਗਾ, ਸਗੋਂ ਦੇਸ਼ ਵਿੱਚ ਅਜਿਹੀ ਕੋਈ ਵਿਸ਼ੇਸ਼ ਸ਼ਾਸਕ ਸ਼੍ਰੇਣੀ ਵੀ ਨਹੀਂ ਹੋਵੇਗੀ ਅਤੇ ਸਾਰੇ ਅਹੁਦੇ ਛੋਟੇ ਤੋਂ ਲੈ ਕੇ (ਰਾਸ਼ਟਰਪਤੀ ਦੇ ਅਹੁਦੇ ਸਮੇਤ) ਵੱਡੇ ਤੋਂ ਵੱਡੇ ਅਹੁਦੇ ਸਾਰੇ ਨਾਗਰਿਕਾਂ ਲਈ ਬਿਨਾਂ ਕਿਸੇ ਜਾਤ-ਪਾਤ, ਨਸਲ, ਧਰਮ ਜਾਂ ਲਿੰਗ ਦੇ ਪੱਖਪਾਤ ਦੇ ਖੁੱਲ੍ਹੇ ਹੋਣਗੇ।

ਭਾਰਤ ਦੇ ਗਣਰਾਜ ਦੀ ਸਥਿਤੀ ਇਸ ਦੀ ਰਾਸ਼ਟਰ ਮੰਡਲ ਦੀ ਮੈਂਬਰਸ਼ਿਪ ਨਾਲ ਟਕਰਾਅ ਨਹੀਂ ਕਰਦੀ। ਆਸਟ੍ਰੇਲੀਆ ਦੇ ਇਕ ਸਾਬਕਾ ਪ੍ਰਧਾਨ ਮੰਤਰੀ ਸਰ ਰਾਬਰਟ ਮੇਂਜਿਜ਼ ਵੱਲੋਂ ਚੁੱਕੇ ਗਏ ਸਵਾਲ ਵਿੱਚ ਜ਼ਿਆਦਾ ਦਮ ਨਹੀਂ ਹੈ ਕਿ, "ਇਕ ਅਜਿਹਾ ਗਣਰਾਜ ਕਿਹੋ ਜਿਹਾ ਹੋ ਸਕਦਾ ਹੈ ਜੋ ਕਿ ਰਾਸ਼ਟਰ ਮੰਡਲ ਦਾ ਗਣਰਾਜ ਹੈ। ਰਾਸ਼ਟਰ ਮੰਡਲ ਦੀ ਮੈਂਬਰਸ਼ਿਪ ਇਸ ਦੀ ਸਵੈ-ਇਛੁੱਕ ਕਾਰਵਾਈ ਹੈ। ਰਾਸ਼ਟਰ ਮੰਡਲ ਸੰਯੁਕਤ ਰਾਸ਼ਟਰ ਦੇ ਬਰਾਬਰ ਇਕ ਮੈਤਰੀਪੂਰਨ ਸੰਸਥਾ ਹੈ ਅਤੇ ਬ੍ਰਿਟਿਸ਼ ਰਾਜਾ/ਮਹਾਰਾਣੀ ਦੀ ਪ੍ਰਧਾਨਗੀ ਦੀ ਇਕ ਵਿਸ਼ੇਸ਼ ਮਹੱਤਤਾ ਹੀ ਹੈ।

### (III) ਰਾਜ ਦੇ ਉਦੇਸ਼ (Objectives of the State)

ਸੰਵਿਧਾਨ ਦੀ ਪ੍ਰਸਤਾਵਨਾ ਚਾਰ ਮੁੱਖ ਉਦੇਸ਼ਾਂ ਦਾ ਵਰਨਣ ਕਰਦੀ ਹੈ "ਇਹ ਸਾਰੇ ਨਾਗਰਿਕਾਂ ਲਈ ਪ੍ਰਾਪਤ ਕੀਤੇ ਜਾਂਦੇ ਹਨ।"

**(1) ਨਿਆ (Justice)** : ਭਾਰਤ ਦਾ ਸੰਵਿਧਾਨ ਸਾਰੇ ਨਾਗਰਿਕਾਂ ਲਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆ ਦੇ ਉਦੇਸ਼ ਨੂੰ ਸਵੀਕਾਰ ਕਰਦਾ ਹੈ। ਸੁਤੰਤਰਤਾ ਦੀ ਰਾਸ਼ਟਰੀ ਲਹਿਰ ਦਾ ਇਕ ਮੁੱਖ ਆਦਰਸ਼ ਸਮਾਜਿਕ-ਆਰਥਿਕ-ਰਾਜਨੀਤਿਕ ਨਿਆ 'ਤੇ ਅਧਾਰਿਤ ਸਮਾਜਿਕ ਵਿਵਸਥਾ ਪ੍ਰਾਪਤ ਕਰਨਾ ਸੀ। ਸਮਾਜਿਕ ਪਹਿਲੂ ਨਾਲ ਨਿਆ ਦਾ ਅਰਥ ਇਹ ਹੈ ਕਿ ਸਮਾਜ ਵਿੱਚ ਕੋਈ ਵੀ ਵਿਸ਼ੇਸ਼ ਅਧਿਕਾਰਾਂ ਵਾਲੀ ਸ਼੍ਰੇਣੀ ਨਾ ਹੋਵੇ ਅਤੇ ਕਿਸੇ ਵੀ ਨਾਗਰਿਕ ਨਾਲ ਜਾਤ-ਪਾਤ, ਨਸਲ, ਰੰਗ, ਧਰਮ, ਲਿੰਗ ਅਤੇ ਜਨਮ ਸਥਾਨ ਦੇ ਅਧਾਰ 'ਤੇ ਕੋਈ ਵੀ ਭੇਦਭਾਵ ਨਾ ਕੀਤਾ ਜਾਵੇ। ਭਾਰਤ ਨੇ ਸਮਾਜਿਕ ਨਿਆ ਨੂੰ ਇਕ ਲਕਸ਼ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ। ਇਸ ਉਦੇਸ਼ ਲਈ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਬਰਾਬਰ ਦਾ ਅਧਿਕਾਰ ਦਿੰਦਾ ਹੈ, ਛੂਤ-ਛਾਤ ਨੂੰ ਇਕ ਸਜ਼ਾ ਵਾਲਾ ਅਪਰਾਧ ਕਰਾਰ ਦਿੱਤਾ ਹੈ, ਸਮਾਜ ਦੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਬਾਕੀ ਨਾਗਰਿਕਾਂ ਲਈ ਵਿਸ਼ੇਸ਼ ਸੁਰੱਖਿਆ ਪ੍ਰਦਾਨ ਕਰਦਾ ਹੈ।

**ਆਰਥਿਕ ਨਿਆ** ਦਾ ਅਰਥ ਇਹ ਹੈ ਕਿ ਆਮਦਨ, ਧਨ ਅਤੇ ਆਰਥਿਕ ਪੱਧਰ ਦੇ ਅਧਾਰ 'ਤੇ ਮਨੁੱਖਾਂ ਨਾਲ ਕੋਈ ਭੇਦਭਾਵ ਨਹੀਂ ਹੋਵੇਗਾ। ਇਸ ਵਿੱਚ ਧਨ ਦੀ ਨਿਆ ਉਚਿਤ ਵੰਡ ਜਾਂ ਆਰਥਿਕ ਬਰਾਬਰਤਾ, ਉਤਪਾਦਨ ਦੇ ਸਾਧਨਾਂ 'ਤੇ ਇਕ ਅਧਿਕਾਰ ਪੂਰਨ ਕੰਟਰੋਲ ਦਾ ਖਾਤਮਾ ਕਰਕੇ, ਆਰਥਿਕ ਸਰੋਤਾਂ ਦਾ ਵਿਕੇਂਦਰੀਕਰਨ ਅਤੇ ਸਾਰਿਆਂ ਨੂੰ ਜੀਵਨ ਨਿਰਵਾਹ ਲਈ ਸਹੀ ਮੌਕਾ ਪ੍ਰਦਾਨ ਕਰਨ ਅਤੇ ਇਕ ਕਲਿਆਣਕਾਰੀ ਰਾਜ ਸਥਾਪਿਤ ਕਰਨ ਦਾ ਸੰਕਲਪ ਸ਼ਾਮਿਲ ਹਨ। ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਉਦੇਸ਼ ਭਾਰਤ ਵਿੱਚ ਸਮਾਜਿਕ-ਆਰਥਿਕ ਨਿਆ ਅਤੇ ਕਲਿਆਣਕਾਰੀ ਰਾਜ ਸਥਾਪਿਤ ਕਰਨਾ ਹੈ। ਸਮਾਜਵਾਦ ਦੇ ਪ੍ਰਤੀ ਵਚਨਬੱਧਤਾ ਦਾ ਉਦੇਸ਼ ਵੀ ਸਮਾਜਿਕ-ਆਰਥਿਕ ਨਿਆ ਪ੍ਰਾਪਤ ਕਰਨ ਹਨ।

**ਰਾਜਨੀਤਿਕ ਨਿਆ** ਦਾ ਅਰਥ ਲੋਕਾਂ ਨੂੰ ਰਾਜਨੀਤਿਕ ਪ੍ਰਕਿਰਿਆ ਵਿੱਚ ਇਕ ਬਰਾਬਰ, ਮੌਕਾ ਦੇਣਾ ਹੈ। ਜਾਤ-ਪਾਤ, ਰੰਗ, ਨਸਲ, ਧਰਮ, ਲਿੰਗ ਜਾਂ ਜਨਮ ਸਥਾਨ ਦੇ ਭੇਦਭਾਵ ਤੋਂ ਬਿਨਾਂ ਸਾਰੇ ਲੋਕਾਂ ਨੂੰ ਇੱਕੋ ਜਿਹੇ ਰਾਜਨੀਤਿਕ ਮੌਕੇ ਪ੍ਰਦਾਨ ਕਰਨ ਦੀ ਵਿਵਸਥਾ ਕਰਨਾ ਹੈ। ਭਾਰਤ ਦਾ ਸੰਵਿਧਾਨ ਸਾਰੇ ਲੋਕਾਂ ਨੂੰ ਆਪਣੇ ਪ੍ਰਤੀਨਿਧੀਆਂ ਦੀ ਚੋਣ ਕਰਨ ਅਤੇ ਸਰਕਾਰੀ ਅਹੁਦੇ ਪ੍ਰਾਪਤ ਕਰਨ ਦਾ ਅਧਿਕਾਰ ਦਿੰਦਾ ਹੈ ਪਰ ਨਾਲ ਹੀ ਸਰਕਾਰੀ ਅਹੁਦੇ ਪ੍ਰਾਪਤ ਕਰਨ ਦਾ ਅਧਿਕਾਰ ਹੈ। ਰਾਜਨੀਤਿਕ ਅਧਿਕਾਰ ਪ੍ਰਦਾਨ ਕਰਨਾ।

ਇਸ ਤਰ੍ਹਾਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆ ਸੰਵਿਧਾਨ ਦਾ ਇਕ ਮੁੱਖ ਉਦੇਸ਼ ਹੈ, ਜਦੋਂ ਕਿ ਰਾਜਨੀਤਿਕ ਨਿਆ ਉਦਾਰਵਾਦੀ ਲੋਕਤੰਤਰੀ ਪ੍ਰਣਾਲੀ ਅਪਣਾ ਕੇ ਸਥਾਪਿਤ ਕਰ ਲਿਆ ਗਿਆ ਹੈ। ਸਮਾਜਿਕ ਅਤੇ ਆਰਥਿਕ ਨਿਆ ਹਾਲੇ ਪੂਰਨ ਰੂਪ ਨਾਲ ਪ੍ਰਾਪਤ ਕੀਤਾ ਜਾਣਾ ਬਾਕੀ ਹੈ।

**(2) ਸੁਤੰਤਰਤਾ (Liberty):** ਪ੍ਰਸਤਾਵਨਾ ਸੁਤੰਤਰਤਾ ਨੂੰ ਦੂਸਰਾ ਮੁੱਖ ਉਦੇਸ਼ ਘੋਸ਼ਿਤ ਕਰਦੀ ਹੈ ਰਾਜ ਦਾ ਕਰਤਵ ਹੈ ਕਿ ਇਹ ਲੋਕਾਂ ਦੀ ਸੁਤੰਤਰਤਾ ਨੂੰ ਸੁਰੱਖਿਅਤ ਕਰੇ, ਵਿਚਾਰਾਂ ਨੂੰ ਪ੍ਰਗਟ ਕਰਨ ਦੀ ਸੁਤੰਤਰਤਾ ਪ੍ਰਦਾਨ ਕਰੇ, ਧਾਰਮਿਕ ਵਿਸ਼ਵਾਸ ਅਤੇ ਪੂਜਾ ਪਾਠ ਦੀ ਸੁਤੰਤਰਤਾ ਨੂੰ ਵਿਸ਼ਵਾਸਯੋਗ ਬਣਾਏ। ਮੌਲਿਕ ਅਧਿਕਾਰ ਪ੍ਰਦਾਨ ਕਰਨ ਦਾ ਉਦੇਸ਼ ਵੀ ਇਹੀ ਹੈ ਕਿ ਵਿਅਕਤੀ ਦੇ

ਨੋਟ

ਵਿਅਕਤੀਤਵ ਨੂੰ ਪੂਰਨ ਰੂਪ ਨਾਲ ਵਿਕਸਿਤ ਹੋਣ ਲਈ ਸੁਤੰਤਰਤਾ ਇਕ ਮਹੱਤਵਪੂਰਨ ਜ਼ਰੂਰਤ ਹੁੰਦੀ ਹੈ। ਇਹ ਚੰਗਾ ਜੀਵਨ ਜਿਊਣ ਲਈ ਵੀ ਜ਼ਰੂਰੀ ਸ਼ਰਤ ਹੁੰਦੀ ਹੈ।

**(3) ਬਰਾਬਰਤਾ (Equality):** ਬਰਾਬਰਤਾ ਨੂੰ ਪ੍ਰਸਤਾਵਨਾ ਤੀਸਰਾ ਮੁੱਖ ਉਦੇਸ਼ ਘੋਸ਼ਿਤ ਕਰਦੀ ਹੈ। ਇਸ ਨੂੰ ਦੋ ਭਾਗਾਂ ਵਿੱਚ ਪੇਸ਼ ਕੀਤਾ ਗਿਆ ਹੈ : ***(i)*** ਪੱਧਰ ਦੀ ਬਰਾਬਰਤਾ ਕਾਨੂੰਨ ਦੀ ਦ੍ਰਿਸ਼ਟੀ ਵਿੱਚ ਸਾਰੇ ਭਾਰਤੀ ਇਕ ਬਰਾਬਰ ਹਨ। ***(ii)*** ਮੌਕੇ ਦੀ ਬਰਾਬਰਤਾ ਧਰਮ, ਨਸਲ, ਲਿੰਗ, ਰੰਗ, ਜਾਤ-ਪਾਤ ਜਾਂ ਨਿਵਾਸ ਆਦਿ ਦੇ ਭੇਦਭਾਵ ਤੋਂ ਬਿਨਾਂ ਬਰਾਬਰ ਮੌਕਿਆਂ ਦੀ ਉਪਲੱਬਧੀ ਭਾਰਤੀ ਸੰਵਿਧਾਨ ਦੇ ਅਨੁਛੇਦ 14 ਅਤੇ 15 ਬਰਾਬਰਤਾ ਦਾ ਅਧਿਕਾਰ ਪ੍ਰਦਾਨ ਕਰਦੇ ਹਨ। ਅਨੁਛੇਦ 16 ਦੇ ਅਧੀਨ ਸਾਰਿਆਂ ਨੂੰ ਇਕੋ ਜਿਹੇ ਮੌਕੇ ਪ੍ਰਦਾਨ ਕਰਨ ਦੀ ਵਿਵਸਥਾ ਕੀਤੀ ਗਈ ਹੈ ਪਰ ਇਸ ਲਈ ਸੰਵਿਧਾਨ ਦੇ ਕਮਜ਼ੋਰ ਵਰਗ ਹੋਣ ਦੇ ਨਾਤੇ ਔਰਤਾਂ ਅਤੇ ਬੱਚਿਆਂ ਨੂੰ ਵਿਸ਼ੇਸ਼ ਸੁਰੱਖਿਆ ਵੀ ਪ੍ਰਦਾਨ ਕਰਦਾ ਹੈ।

**(4) ਭਰਾਤਰੀਭਾਵ (Fraternity):** ਪ੍ਰਸਤਾਵਨਾ ਸਪੱਸ਼ਟ ਰੂਪ ਵਿੱਚ ਘੋਸ਼ਿਤ ਕਰਦੀ ਹੈ ਕਿ ਲੋਕਾਂ ਦੇ ਪ੍ਰਸਪਰ ਭਾਈਚਾਰੇ ਅਤੇ ਪ੍ਰੈੱਸ ਨੂੰ ਬੜ੍ਹਾਵਾ ਦੇਣਾ ਰਾਜ ਦਾ ਲਕਸ਼ ਹੈ ਤਾਂ ਕਿ ਲੋਕਾਂ ਵਿੱਚ ਭਾਵਨਾਤਮਕ ਅਤੇ ਮਨੋਵਿਗਿਆਨਿਕ ਏਕਤਾ ਦੀ ਭਾਵਨਾ ਪੈਦਾ ਹੋਵੇ। ਇਸ ਵਿੱਚ ਮਨੁੱਖ ਦਾ ਬਰਾਬਰ ਬਣਾਏ ਰੱਖਣ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਸਥਾਪਿਤ ਕਰਨ ਅਤੇ ਬਣਾਏ ਰੱਖਣ ਦਾ ਲਕਸ਼ ਵੀ ਸ਼ਾਮਿਲ ਕੀਤਾ ਗਿਆ ਹੈ। ਮਨੁੱਖੀ ਬਰਾਬਰਤਾ ਨੂੰ ਸਾਡੀ ਸੁਤੰਤਰਤਾ ਦੀ ਲਹਿਰ ਵਿੱਚ ਬਹੁਤ ਉੱਚਾ ਸਥਾਨ ਦਿੱਤਾ ਗਿਆ ਸੀ। ਸੁਤੰਤਰਤਾ ਸੰਘਰਸ਼ ਇਸ ਗੱਲ ਤੋਂ ਪ੍ਰੇਰਿਤ ਸੀ ਕਿ ਬ੍ਰਿਟਿਸ਼ ਸ਼ਾਸਕਾਂ ਵੱਲੋਂ ਭਾਰਤੀ ਲੋਕਾਂ ਵਿੱਚ ਕੀਤੇ ਜਾ ਰਹੇ ਦੂਸਰੇ ਦਰਜੇ ਦੇ ਵਿਵਹਾਰ ਨੂੰ ਖਤਮ ਕੀਤਾ ਜਾਵੇ। ਇਸ ਲਈ ਪ੍ਰਸਤਾਵਨਾ ਵਿੱਚ ਇਹ ਵਿਸ਼ੇਸ਼ ਰੂਪ ਵਿੱਚ ਕਿਹਾ ਗਿਆ ਹੈ ਮਨੁੱਖੀ ਆਦਰ ਅਤੇ ਰਾਸ਼ਟਰ ਦੀ ਏਕਤਾ ਤੇ ਅਖੰਡਤਾ ਨੂੰ ਵਿਸ਼ਵਾਸਯੋਗ ਬਣਾਉਂਦੇ ਹੋਏ ਆਪਸੀ ਭਾਈਚਾਰੇ ਨੂੰ ਬੜ੍ਹਾਵਾ ਦਿੱਤਾ ਜਾਵੇ। ਇਹ ਲਕਸ਼ ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਨਾਲ ਵੀ ਮੇਲ ਖਾਂਦਾ ਹੈ।

ਇਸ ਤਰ੍ਹਾਂ ਭਰਾਤਰੀਭਾਵ ਭਾਰਤੀ ਸੰਵਿਧਾਨ ਦੇ ਮੁੱਖ ਉਦੇਸ਼ ਹਨ-

### (IV) ਸੰਵਿਧਾਨ ਨੂੰ ਅਪਨਾਉਣ ਅਤੇ ਪਾਸ ਕਰਨ ਦੀ ਮਿਤੀ

### (Data of Adoption and Eactment of the Constitution)

ਪ੍ਰਸਤਾਵਨਾ ਦੇ ਅਖੀਰਲੇ ਭਾਗ ਵਿੱਚ ਇਹ ਇਤਿਹਾਸਿਕ ਤੱਥ ਦਰਜ ਕੀਤਾ ਗਿਆ ਹੈ ਕਿ ਸੰਵਿਧਾਨ 26 ਨਵੰਬਰ, 1949 ਨੂੰ ਸਵੀਕਾਰ ਕੀਤਾ ਗਿਆ। ਇਸ ਦਿਨ ਹੀ ਸੰਵਿਧਾਨ 'ਤੇ ਸੰਵਿਧਾਨ ਨਿਰਮਾਣ ਸਭਾ ਦੇ ਪ੍ਰਧਾਨ ਨੇ ਹਸਤਾਖਰ ਕੀਤੇ ਅਤੇ ਇਸ ਨੂੰ ਲਾਗੂ ਕੀਤਾ ਜਾਣਾ ਘੋਸ਼ਿਤ ਕੀਤਾ।

### (V) ਸਵ-ਨਿਰਮਿਤ ਸੰਵਿਧਾਨ (Self-made Constitution)

ਭਾਰਤ ਦਾ ਸੰਵਿਧਾਨ ਸਵ-ਨਿਰਮਿਤ ਸੰਵਿਧਾਨ ਹੈ। ਇਸ ਨੂੰ ਭਾਰਤ ਦੇ ਲੋਕਾਂ ਵੱਲੋਂ ਚੁਣੀ ਪ੍ਰਤੀਨਿਧੀ ਸੰਸਥਾ ਦੇ ਰੂਪ ਵਿੱਚ ਸੰਵਿਧਾਨ ਨਿਰਮਾਣ ਸਭਾ ਨੇ ਤਿਆਰ, ਸਵੀਕਾਰ ਅਤੇ ਪਾਸ ਕੀਤਾ ਹੈ। ਕੁਝ ਆਲੋਚਕ ਇਹ ਵਿਚਾਰ ਦਿੰਦੇ ਹਨ ਕਿ ਇਹ ਇਕ ਮਨਜ਼ੂਰ ਸੰਵਿਧਾਨ ਨਹੀਂ ਹੈ ਕਿਉਂਕਿ ਇਸ 'ਤੇ ਕਦੀ ਵੀ ਜਨਮਤ-ਸੰਗ੍ਰਹਿ ਨਹੀਂ ਕਰਵਾਇਆ ਗਿਆ ਪਰ ਅਲੋਚਕਾਂ ਦਾ ਇਹ ਵਿਚਾਰ ਜ਼ਿਆਦਾਤਰ ਸੰਵਿਧਾਨਿਕ ਵਿਗਿਆਨੀ ਇਸ ਅਧਾਰ 'ਤੇ ਕਰ ਦਿੰਦੇ ਹਨ ਕਿ ਸੰਵਿਧਾਨ ਨਿਰਮਾਣ ਸਭਾ ਭਾਰਤ ਦੀ ਜਨਤਾ ਅਤੇ ਜਨਮਤ ਦਾ ਪੂਰਨ ਰੂਪ ਵਿੱਚ ਪ੍ਰਤੀਨਿਧਤਾ ਕਰਦੀ ਸੀ ਅਤੇ ਇਸ ਵੱਲੋਂ ਸੰਵਿਧਾਨ ਨੂੰ ਤਿਆਰ, ਸਵੀਕਾਰ ਅਤੇ ਪਾਸ ਕਰਨ ਦਾ ਅਰਥ ਇਸ ਨੂੰ ਸਾਰੇ ਲੋਕਾਂ ਵੱਲੋਂ ਸਵੀਕਾਰ ਅਤੇ ਪਾਸ ਕੀਤਾ ਜਾਣਾ ਸੀ। ਅਮਰੀਕਾ ਦੇ ਸੰਵਿਧਾਨ ਨੂੰ ਵੀ ਜਨਮਤ-ਸੰਗ੍ਰਹਿ ਲਈ ਲੋਕਾਂ ਦੇ ਸਾਹਮਣੇ ਪੇਸ਼ ਨਹੀਂ ਕੀਤਾ ਗਿਆ ਸੀ। ਇਸ ਤਰ੍ਹਾਂ ਭਾਰਤ ਦਾ ਸੰਵਿਧਾਨ ਭਾਰਤ ਦੇ ਲੋਕਾਂ ਵੱਲੋਂ ਸਵ-ਨਿਰਮਿਤ, ਮਨਜ਼ੂਰੀ ਅਤੇ ਪਾਸ ਕੀਤਾ ਗਿਆ ਅਤੇ ਅਪਣਾਇਆ ਗਿਆ ਸੰਵਿਧਾਨ ਹੈ।

### ਸਵ-ਮੁਲਾਂਕਨ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

4. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਬਦ ਸ਼ਾਮਿਲ ਨਹੀਂ ਹਨ-

   (ਅ) ਜਾਤੀਵਾਦ (ਬ) ਸਮਾਜਵਾਦ

   (ਸ) ਅਖੰਡਤਾ (ਦ) ਧਰਮ-ਨਿਰਪੱਖਤਾ

5. ਸ਼ਬਦ 'ਸਮਾਜਵਾਦ' ਨੂੰ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸ਼ਾਮਿਲ ਕਰਨ ਲਈ ਕਿਸ ਸਨ ਵਿੱਚ ਸੋਧ ਕੀਤਾ ਸੀ?

   (ਅ) 1975 (ਬ) 1976

   (ਸ) 1977 (ਦ) 1978

**ਨੋਟ**

6. ਸਾਰੇ ਨਾਗਰਿਕਾਂ ਨੂੰ 'ਧਾਰਮਿਕ ਸੁਤੰਤਰਤਾ ਦਾ ਅਧਿਕਾਰ' ਦਾ ਵਰਨਣ ਕਿਸ ਅਨੁਛੇਦ ਵਿੱਚ ਕੀਤਾ ਗਿਆ ਹੈ?

   (ਅ) ਅਨੁਛੇਦ 25 ਤੋਂ 28 (ਬ) ਅਨੁਛੇਦ 25 ਤੋਂ 29

   (ਸ) ਅਨੁਛੇਦ 28 ਤੋਂ 35 (ਦ) ਅਨੁਛੇਦ 25 ਤੋਂ 30

## 1.3 ਪ੍ਰਸਤਾਵਨਾ ਦਾ ਮਹੱਤਵ (Importance of the Preamble)

ਪ੍ਰਸਤਾਵਨਾ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰਨ ਤੋਂ ਬਾਅਦ ਇਸ ਦੇ ਮਹੱਤਵ ਦਾ ਅੰਦਾਜ਼ਾ ਲਗਾਉਣਾ ਆਸਾਨ ਹੋ ਜਾਂਦਾ ਹੈ। ਇਹ ਸੰਵਿਧਾਨ ਦੇ ਦਾਰਸ਼ਨਿਕ ਅਧਾਰਾਂ ਨੂੰ ਪੇਸ਼ ਕਰਦੀ ਹੈ ਅਤੇ ਇਸ ਦੇ ਉਦੇਸ਼ ਸਪੱਸ਼ਟ ਕਰਦੀ ਹੈ। ਮੁੱਖ ਜੱਜ ਸੁਬਰਾਵ ਨੇ ਬਿਲਕੁਲ ਠੀਕ ਕਿਹਾ ਸੀ, "ਸੰਵਿਧਾਨ ਦੇ ਰੂਪ ਵਿੱਚ ਜੋ ਉਦੇਸ਼ ਪ੍ਰਾਪਤ ਕਰਨ ਦਾ ਲਕਸ਼ ਮਾਪਿਆ ਗਿਆ ਹੈ ਉਹ ਇਸ ਦੀ ਪ੍ਰਸਤਾਵਨਾ ਨਾਲ ਪੂਰਨ ਤੌਰ 'ਤੇ ਸਪੱਸ਼ਟ ਹੋ ਜਾਂਦਾ ਹੈ। ਇਹ ਸ਼ੁੱਧ ਰੂਪ ਵਿੱਚ ਇਸ ਦੇ ਆਦਰਸ਼ਾਂ ਅਤੇ ਉਮੀਦਾਂ ਨੂੰ ਦਰਸਾਉਂਦਾ ਹੈ।" ਇਸੇ ਤਰ੍ਹਾਂ ਮੁੱਖ ਜੱਜ ਹਿਦਾਇਤਉੱਲਾ ਨੇ ਵੀ ਕਿਹਾ, "ਪ੍ਰਸਤਾਵਨਾ ਸੰਯੁਕਤ ਰਾਜ ਅਮਰੀਕਾ ਦੀ ਸੁਤੰਤਰਤਾ ਦੀ ਘੋਸ਼ਣਾ ਦੇ ਅਨੁਰੂਪ ਹੈ ਪਰ ਇਹ ਨਿਸ਼ਚਿਤ ਹੀ ਘੋਸ਼ਣਾ ਤੋਂ ਕੁਝ ਜ਼ਿਆਦਾ ਹੈ। ਇਹ ਸਾਡੇ ਸੰਵਿਧਾਨ ਦੀ ਆਤਮਾ ਹੈ ਅਤੇ ਸਾਡੇ ਰਾਜਨੀਤਿਕ ਸਮਾਜ ਦੇ ਢੰਗਾਂ ਨੂੰ ਨਿਰਧਾਰਿਤ ਕਰਦੀ ਹੈ ਜਿਸ ਨੂੰ ਕਿ ਇਹ ਇਕ ਪ੍ਰਭੂਸੱਤਾ ਸੰਪਨ, ਲੋਕਤੰਤਰੀ ਗਣਰਾਜ ਘੋਸ਼ਿਤ ਕਰ ਦਿੰਦੀ ਹੈ। ਇਸ ਵਿੱਚ ਇਕ ਅਜਿਹਾ ਦ੍ਰਿੜ ਵਿਨਸ਼ਿਤ ਸ਼ਾਮਿਲ ਹੈ ਜੋ ਕ੍ਰਾਂਤੀ ਤੋਂ ਬਿਨਾਂ ਕੋਈ ਵੀ ਬਦਲ ਨਹੀਂ ਸਕਦਾ।"

ਅਸਲ ਵਿੱਚ ਪ੍ਰਸਤਾਵਨਾ ਸੰਵਿਧਾਨ ਦੀ ਵਿਆਖਿਆ ਦੀ ਕੁੰਜੀ ਹੈ। ਇਹ ਸੰਵਿਧਾਨ ਦੇ ਸਿਧਾਂਤਾਂ, ਆਦਰਸ਼ਾਂ ਅਤੇ ਉਦੇਸ਼ਾਂ ਦੀ ਗੱਲ ਕਰਦੀ ਹੈ। ਇਹ ਸੰਵਿਧਾਨ ਦੇ ਮੌਲਿਕ ਰਚਨਾ ਦੇ ਢਾਂਚੇ ਦਾ ਅੰਗ ਹੈ। ਇਸੇ ਪ੍ਰਸਤਾਵਨਾ ਦੇ ਅਧਾਰ 'ਤੇ ਹੀ ਭਾਰਤ ਦਾ ਸੰਵਿਧਾਨ ਆਪਣੇ ਆਪ ਨੂੰ ਇਕ ਸਮਾਜਿਕ ਕ੍ਰਾਂਤੀ ਪ੍ਰਤੀ ਵਚਨਬੱਧ ਕਰਦਾ ਹੈ। ਪ੍ਰਸਤਾਵਨਾ ਉਨ੍ਹਾਂ ਵਿਚਾਰਾਂ ਅਤੇ ਮੁੱਲਾਂ ਨੂੰ ਦਰਸਾਉਂਦੀ ਹੈ, ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਸੰਵਿਧਾਨ ਵਚਨਬੱਧ ਹੈ।

### ਕੀ ਪ੍ਰਸਤਾਵਨਾ ਸੰਵਿਧਾਨ ਦਾ ਇਕ ਅੰਗ ਹੈ? (Is the Preamble a Part of the Constitution?)

ਬੇਰੂਬਾਰੀ ਯੂਨੀਅਨ ਅਤੇ ਕੁਝ ਖੇਤਰਾਂ **(Enclaves)** ਦੇ ਬਦਲਾਅ ਨਾਲ ਸਬੰਧਿਤ ਰਾਸ਼ਟਰਪਤੀ ਵੱਲੋਂ ਮੰਗੀ ਗਈ ਸਲਾਹ ਦੇ ਸਬੰਧ ਵਿੱਚ ਆਪਣੀ ਸਲਾਹ ਦਿੰਦੇ ਹੋਏ ਸਰਵਉੱਚ ਅਦਾਲਤ ਨੇ ਕਿਹਾ ਸੀ ਕਿ "ਪ੍ਰਸਤਾਵਨਾ ਇਸ ਦੇ ਨਿਰਮਾਤਾਵਾਂ ਦੀ ਸੋਚ ਨੂੰ ਪ੍ਰਗਟ ਕਰਨ ਵਾਲੀ ਇਕ ਕੁੰਜੀ ਹੈ... ਪਰ ਪ੍ਰਸਤਾਵਨਾ ਸੰਵਿਧਾਨ ਦਾ ਭਾਗ ਨਹੀਂ ਹੈ।" ਪਰ ਬਾਅਦ ਵਿੱਚ ਕੇਸ਼ਵਾਨੰਦ ਭਾਰਤੀ ਮੁਕੱਦਮੇ ਦੇ ਫੈਸਲੇ ਵਿੱਚ ਸਵਰਉੱਚ ਅਦਾਲਤ ਨੇ ਆਪਣਾ ਫੈਸਲਾ ਬਦਲ ਦਿੱਤਾ ਅਤੇ ਕਿਹਾ ਕਿ ਪ੍ਰਸਤਾਵਨਾ ਸੰਵਿਧਾਨ ਦਾ ਇਕ ਭਾਗ ਹੈ। ਚਾਹੇ ਕਿ ਇਹ ਲਾਗੂ ਕਰਨ ਯੋਗ ਨਹੀਂ ਹੈ ਤਾਂ ਵੀ ਇਹ ਸੰਵਿਧਾਨ ਦਾ ਇਕ ਭਾਗ ਅਸਲ ਵਿੱਚ ਪ੍ਰਸਤਾਵਨਾ ਭਾਰਤੀ ਸੰਵਿਧਾਨ ਦੇ ਮੌਲਿਕ ਰਚਨਾ ਦਾ ਇਕ ਵਿਸ਼ੇਸ਼ ਅਤੇ ਮਹੱਤਵਪੂਰਨ ਭਾਗ ਹੈ। ਭਾਰਤੀ ਸੰਸਦ ਨੇ ਇਸ ਤੱਥ ਨੂੰ ਸਵੀਕਾਰ ਕੀਤਾ ਹੈ ਅਤੇ ਇਸ ਲਈ ਸੰਵਿਧਾਨ ਰਾਹੀਂ ਕੀਤੀ ਗਈ ਸੋਧ ਪ੍ਰਕਿਰਿਆ ਅਨੁਸਾਰ ਹੀ 42ਵੀਂ ਸੋਧ ਪਾਸ ਕਰਕੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਕੁਝ ਹੋਰ ਸ਼ਬਦ ਜੋੜੇ ਗਏ ਹਨ। ਇਸ ਤਰ੍ਹਾਂ ਪ੍ਰਸਤਾਵਨਾ ਨੂੰ ਹੁਣ ਸੰਵਿਧਾਨ ਦਾ ਇਕ ਭਾਗ, ਇਕ ਪਵਿੱਤਰ ਭਾਗ ਮੰਨਿਆ ਜਾਂਦਾ ਹੈ। "ਪ੍ਰਸਤਾਵਨਾ ਭਾਰਤੀ ਸੰਵਿਧਾਨ ਦੀ ਆਤਮਾ ਹੈ ਕਿਉਂਕਿ ਇਸ ਵਿੱਚ ਮੌਲਿਕ ਸਿਧਾਂਤ ਸ਼ਾਮਿਲ ਹੈ ਅਤੇ ਇਹ ਸੰਵਿਧਾਨ ਦੀ ਮੌਲਿਕ ਰਚਨਾ 'ਤੇ ਚਾਨਣਾ ਪਾਉਂਦੇ ਹਨ।" ਇਹ ਭਾਰਤ ਦੇ ਸੰਵਿਧਾਨ ਦੀ ਮੌਲਿਕ ਰਚਨਾ ਦੀ ਪਰਿਭਾਸ਼ਾ ਦਿੰਦੀ ਹੈ ਅਤੇ ਇਸ ਲਈ ਇਹ ਆਪਣੇ ਆਪ ਵਿੱਚ ਵੀ ਮੌਲਿਕ ਰਚਨਾ ਦਾ ਇਕ ਭਾਗ ਹੈ।

*ਟਾਸਕ* ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦੇ ਮਹੱਤਵ 'ਤੇ ਆਪਣੇ ਵਿਚਾਰ ਪੇਸ਼ ਕਰੋ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

7. ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਕੁਝ ਹੋਰ ਸ਼ਬਦ ਜੋੜੇ ਗਏ ਸਨ ਸੰਵਿਧਾਨ ਦੇ .............. ਸੋਧ ਵਿੱਚ

   (ਅ) 38ਵੀਂ (ਬ) 42ਵੀਂ

   (ਸ) 36ਵੀਂ (ਦ) 44ਵੀਂ

ਨੋਟ

## 1.4 ਭਾਰਤ ਦਾ ਸੰਵਿਧਾਨ : ਮੁੱਖ ਵਿਸ਼ੇਸ਼ਤਾਵਾਂ (Constitution of India: Salient Features)

ਭਾਰਤ ਦਾ ਸੰਵਿਧਾਨ ਆਪਣੇ ਵਿਆਪਕ ਆਕਾਰ, ਇਕਾਤਮਕ-ਸੰਘਵਾਦ, ਲਚਕ ਅਤੇ ਕਠੋਰਤਾ ਦੇ ਮਿਸ਼ਰਣ ਅਤੇ ਵੱਖ-ਵੱਖ ਸੰਕਟ ਕਾਲੀਨ ਸਥਿਤੀਆਂ ਦਾ ਹੱਲ ਕਰਨ ਲਈ ਵਿਸ਼ੇਸ਼ ਹੱਲ ਸਮੇਤ ਇਕ ਅਨੁਪਮ ਸੰਵਿਧਾਨ ਹੈ ਜੋ ਕਿ 1950 ਤੋਂ ਲੈ ਕੇ ਅੱਜ ਤੱਕ ਸਫਲਤਾ ਨਾਲ ਕੰਮ ਕਰ ਰਿਹਾ ਹੈ। ਸੰਵਿਧਾਨ ਦੇ ਨਿਰਮਾਤਾਵਾਂ ਦਾ ਇਹ ਯਤਨ ਸੀ ਕਿ ਰਾਸ਼ਟਰ ਨੂੰ ਇਕ ਨਵਾਂ ਵਿਵਹਾਰ-ਕੁਸ਼ਲ ਸੰਵਿਧਾਨ ਪ੍ਰਦਾਨ ਕੀਤਾ ਜਾਵੇ ਜੋ ਕਿ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਤੇ ਵਿਕਾਸ ਪ੍ਰਾਪਤ ਕਰਨ ਵਿੱਚ ਸਮਰੱਥ ਹੋਵੇ ਅਤੇ ਰਾਸ਼ਟਰ-ਨਿਰਮਾਣ ਅਤੇ ਸਮਾਜਿਕ-ਆਰਥਿਕ ਪੁਨਰ ਨਿਰਮਾਣ ਨੂੰ ਨਿਸ਼ਚਿਤ ਕਰਨ ਲਈ ਅਧਾਰ ਦੇ ਸਕੇ। ਇਸ ਉਨ੍ਹਾਂ ਨੂੰ ਹੋਰ ਸੰਵਿਧਾਨਾਂ ਦੀਆਂ ਉਨ੍ਹਾਂ ਵਿਸ਼ੇਸ਼ਤਾਵਾਂ ਜੋ ਕਿ ਭਾਰਤੀ ਦ੍ਰਿਸ਼ਟੀਕੋਣ ਅਤੇ ਰਾਸ਼ਟਰੀ ਜ਼ਰੂਰਤਾਂ ਲਈ ਉਪਯੁਕਤ ਅਤੇ ਜ਼ਰੂਰੀ ਸਨ, ਭਾਰਤੀ ਸੰਵਿਧਾਨ ਵਿੱਚ ਸ਼ਾਮਿਲ ਕਰਨ ਦਾ ਯਤਨ ਕੀਤਾ ਅਤੇ ਉਹ ਕਾਫੀ ਹੱਦ ਤੱਕ ਆਪਣੇ ਇਸ ਉਦੇਸ਼ ਵਿੱਚ ਸਫਲ ਵੀ ਰਹੇ। ਸੰਵਿਧਾਨ ਨਿਰਮਾਣ ਸਭਾ ਵਿੱਚ ਬੋਲਦੇ ਹੋਏ ਡਾ. ਅੰਬੇਦਕਰ ਨੇ ਕਿਹਾ ਸੀ ਕਿ "ਮੈ ਸਮਝਦਾ ਹਾਂ ਕਿ (ਸੰਵਿਧਾਨ) ਵਿਹਾਰ-ਕੁਸ਼ਲ ਹੈ, ਇਹ ਲਚਕੀਲਾ ਹੈ ਅਤੇ ਇਹ ਅਮਨ ਅਤੇ ਯੁੱਧ ਦੋਨੋਂ ਸਮੇਂ 'ਤੇ ਦੇਸ਼ ਨੂੰ ਇਕਜੁੱਟ ਰੱਖਣ ਲਈ ਕਾਫੀ ਸ਼ਕਤੀਸ਼ਾਲੀ ਹੈ। ਸੱਚ ਹੀ ਮੈਂ ਇਹ ਕਹਿ ਸਕਦਾ ਹਾਂ, ਜੇਕਰ ਸੰਵਿਧਾਨ ਦੇ ਅਧੀਨ ਪ੍ਰਸਥਿਤੀਆਂ ਦੂਸ਼ਿਤ ਹੋ ਜਾਂਦੀਆਂ ਹਨ ਤਾਂ ਇਸ ਦਾ ਕਾਰਨ ਇਹ ਨਹੀਂ ਹੋਵੇਗਾ ਕਿ ਸਾਡਾ ਸੰਵਿਧਾਨ ਕਮਜ਼ੋਰ ਹੈ, ਸਗੋਂ ਸਾਨੂੰ ਇਹ ਕਹਿਣਾ ਪਵੇਗਾ ਕਿ ਇਸ ਦਾ ਕਾਰਨ ਮਨੁੱਖੀ ਤਰੁਟੀ ਹੈ।"

ਭਾਰਤ ਦੇ ਸੰਵਿਧਾਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਸੰਖੇਪ ਵਰਨਣ ਹੇਠ ਲਿਖੇ ਰੂਪ ਵਿੱਚ ਕੀਤਾ ਜਾ ਸਕਦਾ ਹੈ :

1. **ਲਿਖਤੀ ਅਤੇ ਵਿਸਥਾਰਪੂਰਵਕ ਸੰਵਿਧਾਨ (Written and Detailed Constitution)**: ਭਾਰਤ ਦਾ ਸੰਵਿਧਾਨ ਇਕ ਲਿਖਤੀ ਅਤੇ ਵਿਸਥਾਰਪੂਰਵਕ ਦਸਤਾਵੇਜ਼ ਹੈ। ਇਸ ਵਿੱਚ 444 ਅਨੁਛੇਦ ਹਨ ਜੋ 22 ਭਾਗਾਂ ਵਿੱਚ ਵੰਡੇ ਹੋਏ ਹਨ ਇਸ ਵਿੱਚ 12 ਅਨੁਸੂਚੀਆਂ ਸ਼ਾਮਿਲ ਹਨ ਅਤੇ ਇਸ ਵਿੱਚ 103 ਸੰਵਿਧਾਨਿਕ ਸੋਧਾਂ ਵੀ ਸ਼ਾਮਿਲ ਕੀਤੀਆਂ ਜਾ ਚੁਕੀਆਂ ਹਨ। ਜੈਨਿੰਗਜ਼ (Jennings) ਇਸ ਨੂੰ "ਵਿਸ਼ਵ ਦਾ ਸਭ ਤੋਂ ਵੱਡਾ ਲਿਖਿਆ ਸੰਵਿਧਾਨ" ਘੋਸ਼ਿਤ ਕਰਦੇ ਹਨ। ਇਹ ਅਮਰੀਕਾ ਸੰਵਿਧਾਨ, ਜਿਸ ਦੇ 7 ਅਨੁਛੇਦ ਅਤੇ 27 ਸੋਧਾਂ ਹਨ, ਜਾਪਾਨੀ ਸੰਵਿਧਾਨ, ਜਿਸ ਦੇ 103 ਅਨੁਛੇਦ ਹਨ ਅਤੇ ਫ੍ਰਾਂਸੀਸੀ ਸੰਵਿਧਾਨ, ਜਿਸ ਦੇ 92 ਅਨੁਛੇਦ ਹਨ, ਨਾਲ ਕਿਤੋਂ ਵੱਡੇ ਹੈ।

ਸੰਵਿਧਾਨ ਦੇ ਨਿਰਮਾਤਾ ਕਿਸੇ ਵੀ ਵਿਸ਼ੇ ਪ੍ਰਤੀ ਮੁਕਾਬਲੇ ਦਾ ਮੌਕਾ ਨਹੀਂ ਦੇਣਾ ਚਾਹੁੰਦੇ ਸਨ ਕਿਉਂਕਿ ਉਹ ਸੁਤੰਤਰਤਾ ਦੇ ਬਾਅਦ ਦੇਸ਼ ਵਿੱਚ ਸ਼ਾਮਿਲ ਸਮਾਜਿਕ-ਆਰਥਿਕ-ਰਾਜਨੀਤਿਕ ਸਮੱਸਿਆਵਾਂ ਪ੍ਰਤੀ ਪੂਰਨ ਤੌਰ 'ਤੇ ਸੁਚੇਤ ਸਨ। ਅਨੇਕਾਂ ਅਨੁਪਮ ਵਿਸ਼ੇਸ਼ਤਾਵਾਂ ਸ਼ਾਮਿਲ ਕਰਨ ਜਿਵੇਂ ਰਾਜਨੀਤਿਕ ਦੇ ਨਿਰਦੇਸ਼ਕ ਸਿਧਾਂਤ, ਸੰਕਟਕਾਲ ਸਥਿਤੀ ਦੀਆਂ ਵਿਵਸਥਾਵਾਂ, ਭਾਸ਼ਾਈ ਵਿਵਸਥਾਵਾਂ, ਅਨੁਸੂਚਿਤ ਜਾਤੀਆਂ, ਜਨਜਾਤੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਵਿਵਸਥਾਵਾਂ, ਨਿਰਵਾਚਨ ਆਯੋਗ, ਸੰਘੀ ਲੋਕ ਸੇਵਾ ਆਯੋਗ (UPSC) ਅਤੇ ਰਾਜ ਲੋਕ ਸੇਵਾ ਆਯੋਗਾਂ ਆਦਿ ਵਰਗੀ ਸੰਵਿਧਾਨਿਕ ਸੰਸਥਾਵਾਂ ਦੀਆਂ ਵਿਵਸਥਾਵਾਂ ਨੇ ਸੰਵਿਧਾਨ ਨੂੰ ਕਾਫ਼ੀ ਲੰਬਾ ਕਰ ਦਿੱਤਾ। ਕੇਂਦਰ ਅਤੇ ਰਾਜਾਂ ਦੇ ਲਈ ਸਾਂਝਾ ਸੰਵਿਧਾਨ ਬਨਾਉਣ ਦੇ ਨਿਰਮਾਣ ਨੇ ਵੀ ਇਸ ਦੀ ਲੰਬਾਈ ਵਧਾਈ। ਇਸ ਦੇ ਨਾਲ ਹੀ ਮੌਲਿਕ ਅਧਿਕਾਰਾਂ, ਸੰਘ ਰਾਜ ਸਬੰਧਾਂ, ਸੰਵਿਧਾਨ ਦੀਆਂ ਅਨੁਸੂਚੀਆਂ ਆਦਿ ਵਰਗੀਆਂ ਵਿਵਸਥਾਵਾਂ ਨੂੰ ਵਿਸਥਾਰ ਵਿੱਚ ਲਿਖਣ ਦੇ ਕਾਰਨ ਵੀ ਇਸ ਦਾ ਵਿਸਥਾਰ ਹੋਇਆ। ਇਨ੍ਹਾਂ ਕਾਰਨਾਂ ਨਾਲ ਸੰਵਿਧਾਨ ਲਗਭਗ 400 ਪੰਨਿਆਂ ਦੀ ਇਕ ਕਿਤਾਬ ਬਣ ਗਿਆ। ਫਿਰ ਸਮੇਂ-ਸਮੇਂ 'ਤੇ ਪਾਸ ਹੋਈਆਂ ਸੰਵਿਧਾਨਿਕ ਸੋਧਾਂ ਨੇ ਇਸ ਦੇ ਆਕਾਰ ਨੂੰ ਹੋਰ ਜ਼ਿਆਦਾ ਵਿਸਤ੍ਰਿਤ ਕਰ ਦਿੱਤਾ।

ਸੰਵਿਧਾਨ ਦੇ ਵਿਆਪਕ ਆਕਾਰ ਦੇ ਕਾਰਨ ਹੀ ਇਸ ਦੀ "ਵਕੀਲਾਂ ਦਾ ਸਵਰਗ" ਕਹਿ ਕੇ ਆਲੋਚਨਾ ਕੀਤੀ ਗਈ ਅਤੇ ਜ਼ਿਆਦਾ ਸ਼ਬਦਾਂ ਦੇ ਇਸਤੇਮਾਲ ਨੇ ਇਸ ਨੂੰ ਜ਼ਿਆਦਾ ਮੁਸ਼ਕਿਲ ਅਤੇ ਕਠੋਰ ਬਣਾ ਦਿੱਤਾ ਪਰ ਜਿਵੇਂ ਕਿ ਪਹਿਲਾਂ ਹੀ ਲਿਖਿਆ ਜਾ ਚੁਕਿਆ ਹੈ, ਸੰਵਿਧਾਨ ਦੇ ਵਿਸ਼ਾਲ ਆਕਾਰ ਦਾ ਕਾਰਨ ਸੀ ਜਿੱਥੋਂ ਤੱਕ ਸੰਭਵ ਹੋ ਸਕੇ ਹਰੇਕ ਵਿਸ਼ੇ ਨੂੰ ਸਪੱਸ਼ਟ ਰੂਪ ਵਿੱਚ ਲਿਖਣ ਅਤੇ ਹੱਲ ਕਰਨ ਦਾ ਫੈਸਲਾ। 1950 ਤੋਂ ਸੰਵਿਧਾਨ ਦੇ ਲਾਗੂ ਹੋਣ 'ਤੇ ਕੰਮ-ਵਿਵਹਾਰ ਤੋਂ ਪਤਾ ਲੱਗਦਾ ਹੈ ਕਿ ਇਸ ਦੇ ਬਹੁਤ ਵੱਡੇ ਆਕਾਰ ਨੇ ਰੁਕਾਵਟ ਨਹੀਂ ਪਾਈ। ਕੁਝ ਵਿਵਸਥਾਵਾਂ ਜਿਵੇਂ ਕਿ ਧਾਰਾ 31 ਦੇ ਅਧੀਨ ਸੰਪਤੀ ਦਾ ਅਧਿਕਾਰ (ਜਿਸ ਨੂੰ ਹੁਣ ਭਾਗ III ਵਿੱਚੋਂ ਕੱਢ ਦਿੱਤਾ ਗਿਆ ਹੈ) ਨੂੰ ਛੱਡ ਕੇ ਸੰਵਿਧਾਨ ਦੇ ਵੱਡੇ ਭਾਗ ਨੇ ਇਸ ਦੀ ਵਿਆਖਿਆ ਕਰਨ ਵਿੱਚ ਕੋਈ ਵਿਸ਼ੇਸ਼ ਸਮੱਸਿਆ ਖੜ੍ਹੀ ਨਹੀਂ ਕੀਤੀ, ਸਗੋਂ ਸ਼ਾਂਤੀ ਅਤੇ ਯੁੱਧ ਦੋਨਾਂ ਮੌਕਿਆਂ 'ਤੇ ਦੇਸ਼ ਨੂੰ ਉੱਤਮ ਵਿਵਸਥਾ ਅਤੇ ਜ਼ਰੂਰੀ ਹੋਂਦ ਪ੍ਰਦਾਨ ਕਰਨ ਦਾ ਕੰਮ ਕੀਤਾ ਹੈ।

2. **ਸਵ-ਨਿਰਮਿਤ ਅਤੇ ਪਾਸ ਹੋਇਆ ਸੰਵਿਧਾਨ (Self-made and Enacted Constitution)**: ਭਾਰਤ ਦਾ ਸੰਵਿਧਾਨ ਇਕ ਅਜਿਹਾ ਸੰਵਿਧਾਨ ਹੈ ਜੋ ਭਾਰਤ ਦੇ ਲੋਕਾਂ ਦੀ ਆਪਣੀ ਚੁਣੀ ਗਈ ਪ੍ਰਭੂਸੱਤਾ ਪੂਰਨ ਪ੍ਰਤੀਨਿਧੀ ਸੰਸਥਾ ਸੰਵਿਧਾਨ ਨਿਰਮਾਣ ਸਭਾ ਵੱਲੋਂ ਤਿਆਰ ਕੀਤਾ ਗਿਆ ਹੈ। ਇਹ ਸਭਾ ਦਸੰਬਰ 1946 ਵਿੱਚ ਕੈਬਨਿਟ ਮਿਸ਼ਨ ਯੋਜਨਾ ਦੇ ਅਧੀਨ ਗਠਿਤ ਕੀਤੀ ਗਈ ਸੀ। ਇਸ ਨੇ ਆਪਣਾ ਪਹਿਲਾ ਅਧਿਵੇਸ਼ਨ 9 ਦਸੰਬਰ, 1946 ਨੂੰ ਕੀਤਾ ਅਤੇ 22 ਜਨਵਰੀ 1947 ਨੂੰ ਆਪਣਾ ਉਦੇਸ਼ ਪ੍ਰਸਤਾਵ ਪਾਸ ਕੀਤਾ ਸੀ। ਇਸ ਦੇ ਬਾਅਦ ਇਸ ਨੇ ਸੰਵਿਧਾਨ ਨਿਰਮਾਣ ਦਾ ਕੰਮ ਠੀਕ ਦਿਸ਼ਾ ਵਿੱਚ ਤੇਜ਼ੀ ਨਾਲ ਆਰੰਭ ਕੀਤਾ ਅਤੇ ਇਹ ਅੰਤ 26 ਦਸੰਬਰ, 1949 ਨੂੰ ਸੰਵਿਧਾਨ ਪਾਸ ਕਰਨ ਅਤੇ ਅਪਨਾਉਣ ਦੀ ਸਥਿਤੀ ਵਿੱਚ ਪਹੁੰਚੀ। ਇਸ ਤਰ੍ਹਾਂ ਭਾਰਤੀ ਸੰਵਿਧਾਨ ਸਵ-ਨਿਰਮਿਤ ਹੈ ਅਤੇ ਇਸ ਨੂੰ ਠੀਕ ਰੂਪ ਵਿੱਚ ਪਾਸ ਕੀਤਾ ਗਿਆ ਹੈ। ਕੁਝ ਅਲੋਚਕ ਇਸ ਅਧਾਰ 'ਤੇ ਇਸ ਵਿਚਾਰ

ਨੂੰ ਸਵੀਕਾਰ ਨਹੀਂ ਕਰਦੇ ਕਿ ਸੰਵਿਧਾਨ ਨਿਰਮਾਣ ਸਭਾ ਬਹੁਤ ਥੋੜ੍ਹੇ ਜਿਹੇ ਵੋਟਰਾਂ ਨੇ ਹੀ ਚੋਣ ਕੀਤੀ ਸੀ ਜੋ ਕਿ ਜਨਸੰਖਿਆ ਦੇ 20 ਪ੍ਰਤੀਸ਼ਤ ਭਾਗ ਤੋਂ ਵੀ ਘੱਟ ਸੀ ਅਤੇ ਇਹ ਵੀ ਸੰਪ੍ਰਦਾਇਕ ਚੋਣ ਮੰਡਲਾਂ ਦੇ ਅਧਾਰ 'ਤੇ ਚੋਣ ਕੀਤੀ ਗਈ ਸੀ ਪਰ ਬਹੁਤ ਵੱਡੀ ਸੰਖਿਆ ਵਿੱਚ ਸ਼ਾਮਿਲ ਇਸ ਆਲੋਚਨਾ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਦਾ ਕਹਿਣਾ ਹੈ ਕਿ ਸੰਵਿਧਾਨ ਨਿਰਮਾਣ ਸਭਾ ਪੂਰਨ ਤੌਰ 'ਤੇ ਪ੍ਰਤੀਨਿਧੀ ਸੰਸਥਾ ਸੀ ਅਤੇ ਇਸ ਨੂੰ ਲੋਕਾਂ ਵੱਲੋਂ ਦਿੱਤੇ ਪ੍ਰਭੂਸੱਤਾ ਸੰਪਨ ਅਧਿਕਾਰਾਂ ਦਾ ਇਸਤੇਮਾਲ ਕਰਦੇ ਹੋਏ ਇਸ ਨੇ ਸੰਵਿਧਾਨ ਦਾ ਨਿਰਮਾਣ ਕੀਤਾ ਸੀ।

3. **ਸੰਵਿਧਾਨ ਦੀ ਪ੍ਰਸਤਾਵਨਾ (Preamble to the Constitution)**: ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਇਕ ਚੰਗੀ ਤਰ੍ਹਾਂ ਤਿਆਰ ਕੀਤਾ ਦਸਤਾਵੇਜ਼ ਹੈ ਜੋ ਕਿ ਸੰਵਿਧਾਨ ਦੇ ਦਰਸ਼ਨ ਅਤੇ ਉਦੇਸ਼ਾਂ ਦਾ ਵਰਨਣ ਕਰਦੀ ਹੈ। ਇਹ ਘੋਸ਼ਣਾ ਕਰਦੀ ਹੈ ਕਿ ਭਾਰਤ ਇਕ ਅਜਿਹਾ ਪ੍ਰਭੂਸੱਤਾ ਸੰਪਨ, ਸਮਾਜਵਾਦੀ, ਧਰਮ-ਨਿਰਪੱਖ, ਲੋਕਤੰਤਰੀ-ਗਣਰਾਜ ਜਿਸ ਵਿੱਚ ਲੋਕਾਂ ਦੀ ਨਿਆ, ਸੁਤੰਤਰਤਾ ਅਤੇ ਬਰਾਬਰਤਾ ਪ੍ਰਦਾਨ ਕਰਨ ਅਤੇ ਭਾਈਚਾਰਕ ਸਾਂਝ, ਵਿਅਕਤੀਗਤ ਆਦਰ, ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਉਤਸ਼ਾਹਿਤ ਕਰਨ ਅਤੇ ਸਥਾਪਿਤ ਕਰਨ ਦਾ ਵਚਨ ਦਿੱਤਾ ਗਿਆ ਹੈ। ਪ੍ਰਸਤਾਵਨਾ ਦੇ ਅਰੰਭ ਵਿੱਚ ਪ੍ਰਸਤਾਵਨਾ ਨੂੰ ਭਾਰਤੀ ਸੰਵਿਧਾਨ ਦਾ ਭਾਗ ਨਹੀਂ ਮੰਨਿਆ ਗਿਆ ਸੀ ਪਰ ਸਰਵਉੱਚ ਅਦਾਲਤ ਵੱਲੋਂ ਕੇਸ਼ਵਾਨੰਦ ਭਾਰਤੀ ਕੇਸ ਵਿੱਚ ਦਿੱਤੇ ਗਏ ਨਿਰਮਾਣ ਦੇ ਬਾਅਦ ਇਸ ਨੂੰ ਸੰਵਿਧਾਨ ਦਾ ਇਕ ਭਾਗ ਮੰਨ ਲਿਆ ਗਿਆ ਹੈ। ਇਸ ਵਿੱਚ 42ਵੀਂ ਸੋਧ (1976) ਵੱਲੋਂ ਸੋਧ ਕੀਤਾ ਗਿਆ ਅਤੇ ਸ਼ਬਦ, 'ਸਮਾਜਵਾਦ', ਧਰਮ-ਨਿਰਪੱਖ' ਅਤੇ 'ਅਖੰਡਤਾ' ਇਸ ਵਿੱਚ ਸ਼ਾਮਿਲ ਕੀਤੇ ਗਏ।

4. **ਭਾਰਤ ਇਕ ਪ੍ਰਭੂਸੱਤਾ ਸੰਪਨ, ਸਮਾਜਵਾਦੀ, ਧਰਮ-ਨਿਰਪੱਖ ਲੋਕਤੰਤਰੀ, ਗਣਰਾਜ ਹੈ (India is a Sovereign, Socialist, Secular, Democratic, Republic:** ਜਿਵੇਂ ਕਿ ਪ੍ਰਸਤਾਵਨਾ ਵਿੱਚ ਘੋਸ਼ਣਾ ਕੀਤੀ ਗਈ ਹੈ, ਭਾਰਤ ਇਕ ਪ੍ਰਭੂਸੱਤਾ ਸੰਪਨ, ਸਮਾਜਵਾਦੀ, ਧਰਮ-ਨਿਰਪੱਖ, ਲੋਕਤੰਤਰੀ ਗਣਰਾਜ ਹੈ। ਇਹ ਵਿਸ਼ੇਸ਼ਤਾਵਾਂ ਭਾਰਤੀ ਰਾਜ ਦੇ ਪੰਜ ਮੁੱਖ ਲਕਸ਼ਾਂ ਨੂੰ ਪ੍ਰਗਟ ਕਰਦੀਆਂ ਹਨ:

***(i)* ਭਾਰਤ ਇਕ ਪ੍ਰਭੂਸੱਤਾ-ਸੰਪਨ ਰਾਜ ਹੈ (India is a Sovereign State)**: ਪ੍ਰਸਤਾਵਨਾ ਘੋਸ਼ਿਤ ਕਰਦੀ ਹੈ ਕਿ ਭਾਰਤ ਇਕ ਪ੍ਰਭੂਸੱਤਾ ਸੰਪਨ ਰਾਜ ਹੈ। ਇਹ ਇਸ ਲਈ ਜ਼ਰੂਰੀ ਸੀ ਕਿ ਭਾਰਤ 'ਤੇ ਬ੍ਰਿਟਿਸ਼ ਸ਼ਾਸਨ ਖਤਮ ਹੋ ਚੁੱਕਾ ਸੀ ਅਤੇ ਭਾਰਤ ਬ੍ਰਿਟਿਸ਼ ਸਾਮਰਾਜ ਦੇ ਅਧੀਨ ਨਹੀਂ ਰਿਹਾ ਸੀ। ਇਸ ਨੇ 15 ਅਗਸਤ, 1947 ਨੂੰ ਬ੍ਰਿਟਿਸ਼ ਸ਼ਾਸਨ ਦੀ ਸਮਾਪਤੀ ਦੇ ਬਾਅਦ ਭਾਰਤ ਨੂੰ ਤਕਨੀਕੀ ਰੂਪ ਵਿੱਚ ਮਿਲੇ ਉਪਨਿਵੇਸ਼ਕ ਪੱਧਰ ਦੇ ਖਤਮ ਹੋਣ ਦੀ ਵੀ ਪੁਸ਼ਟੀ ਵੀ ਇਸ ਵਿੱਚ ਕੀਤੀ ਗਈ। ਸੰਵਿਧਾਨ ਨਿਰਮਾਣ ਸਭਾ ਵੱਲੋਂ ਸੰਵਿਧਾਨ ਨੂੰ ਅਪਨਾਉਣ ਨਾਲ ਇਹ ਉਪਨਿਵੇਸ਼ਕ ਸਥਿਤੀ ਖਤਮ ਹੋ ਗਈ ਅਤੇ ਭਾਰਤ ਪੂਰਨ ਤੌਰ 'ਤੇ ਸੁਤੰਤਰ ਦੇਸ਼ ਦੇ ਰੂਪ ਵਿੱਚ ਵਿਸ਼ਵ ਦੇ ਨਕਸ਼ੇ 'ਤੇ ਉੱਭਰ ਕੇ ਸਾਹਮਣੇ ਆਇਆ। ਇਸ ਨੇ ਸੁਤੰਤਰਤਾ ਦੇ ਸੰਘਰਸ਼ ਦੇ ਨਤੀਜੇ ਦੀ ਘੋਸ਼ਣਾ ਕੀਤੀ ਅਤੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਭਾਰਤ ਅੰਦਰ ਅਤੇ ਬਾਹਰ ਰੂਪ ਵਿੱਚ ਆਪਣੇ ਫੈਸਲੇ ਖੁਦ ਲੈਣ ਅਤੇ ਇਸ ਨੂੰ ਆਪਣੇ ਲੋਕਾਂ ਅਤੇ ਖੇਤਰਾਂ ਲਈ ਲਾਗੂ ਕਰਨ ਦੇ ਲਈ ਸੁਤੰਤਰ ਹੈ।

***(ii)* ਭਾਰਤ ਇਕ ਸਮਾਜਵਾਦੀ ਰਾਜ ਹੈ (India is a Socialist State)**: ਚਾਹੇ ਕਿ ਸ਼ੁਰੂ ਤੋਂ ਹੀ ਭਾਰਤੀ ਸੰਵਿਧਾਨ ਵਿੱਚ ਸਮਾਜਵਾਦ ਦੀ ਭਾਵਨਾ ਸ਼ਾਮਿਲ ਸੀ ਪਰ ਇਸ ਨੂੰ ਸਪੱਸ਼ਟ ਕਰਨ ਲਈ ਪ੍ਰਸਤਾਵਨਾ ਵਿੱਚ ਸਮਾਜਵਾਦ ਦਾ ਸ਼ਬਦ ਸ਼ਾਮਿਲ ਕਰਨ ਲਈ ਇਸ ਵਿੱਚ 1976 ਵਿੱਚ ਸੋਧ ਕੀਤੀ ਗਈ। ਇਸ ਤੋਂ ਇਸ ਤੱਥ ਦਾ ਪਤਾ ਲੱਗਦਾ ਹੈ ਕਿ ਭਾਰਤ ਸਾਰੀ ਤਰ੍ਹਾਂ ਦੇ ਸ਼ੋਸ਼ਣ ਦੀ ਸਮਾਪਤੀ ਕਰਕੇ ਅਤੇ ਆਮਦਨ, ਸਰੋਤਾਂ ਦੀ ਸਮਾਪਤੀ ਦੀ ਠੀਕ ਵੰਡ ਕਰਕੇ ਆਪਣੇ ਲੋਕਾਂ ਲਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆ ਪ੍ਰਾਪਤ ਕਰਨ ਲਈ ਪ੍ਰਤੀਬੰਦ ਹੈ ਪਰ ਇਹ ਮਾਰਕਸ/ਕ੍ਰਾਂਤੀਕਾਰੀ ਢੰਗਾਂ ਨਾਲ ਨਹੀਂ ਬਲਕਿ ਸ਼ਾਂਤੀਪੂਰਵਕ, ਸੰਵਿਧਾਨਿਕ ਅਤੇ ਲੋਕਤੰਤਰੀ ਢੰਗਾਂ ਨਾਲ ਪ੍ਰਾਪਤ ਕੀਤੇ ਜਾਣ ਪ੍ਰਤੀ ਵਚਨਵੱਧ ਹੈ। ਇਹ ਸ਼ਬਦ ਕਿ ਭਾਰਤ ਇਕ ਸਮਾਜਵਾਦੀ ਦੇਸ਼ ਹੈ, ਦਾ ਅਸਲ ਵਿੱਚ ਅਰਥ ਇਹ ਹੈ ਕਿ ਭਾਰਤ ਇਕ ਲੋਕਤੰਤਰੀ ਸਮਾਜਵਾਦੀ ਦੇਸ਼ ਹੈ। ਇਸ ਨਾਲ ਸਮਾਜਿਕ ਆਰਥਿਕ ਨਿਆ ਪ੍ਰਤੀ ਵਚਨਬੱਧਤਾ ਦਾ ਪਤਾ ਲੱਗਦਾ ਹੈ ਜੋ ਕਿ ਦੇਸ਼ ਵੱਲੋਂ ਲੋਕਤੰਤਰੀ ਵਿਵਹਾਰ ਅਤੇ ਸੰਗਠਿਤ ਨਿਯੋਜਨ ਨਾਲ ਪ੍ਰਾਪਤ ਕੀਤੀ ਜਾਣੀ ਹੈ। ਪਰ 1991 ਵਿੱਚ ਉਦਾਰੀਕਰਨ ਨਿੱਜੀਕਰਨ ਅਤੇ ਵਿਸ਼ਵੀਕਰਨ ਦੀ ਨਵੀਂ ਆਰਥਿਕ ਨੀਤੀ ਅਪਨਾਏ ਜਾਣ ਦੇ ਬਾਅਦ ਇਸ 'ਤੇ ਪ੍ਰਸ਼ਨ ਚਿੰਨ੍ਹ ਲਗਾਇਆ ਗਿਆ ਹੈ।

***(iii)* ਭਾਰਤ ਇਕ ਧਰਮ-ਨਿਰਪੱਖ ਰਾਜ ਹੈ (India is a Secular State)**: 42ਵੀਂ ਸੋਧ ਨਾਲ ਭਾਰਤ ਰਾਜ ਦੀਆਂ ਕਈ ਵਿਸ਼ੇਸ਼ਤਾਵਾਂ ਦੇ ਨਾਲ-ਨਾਲ ਸ਼ਬਦ "ਧਰਮ-ਨਿਰਪੱਖਤਾ" ਵੀ ਪ੍ਰਸਤਾਵਨਾ ਵਿੱਚ ਸ਼ਾਮਿਲ ਕੀਤਾ ਗਿਆ। ਇਸ ਦੇ ਸ਼ਾਮਿਲ ਕਰਨ ਦਾ ਸਧਾਰਣ ਤੌਰ 'ਤੇ ਅਰਥ ਇਹ ਹੈ ਕਿ ਇਹ ਭਾਰਤੀ ਸੰਵਿਧਾਨ ਦੇ ਧਰਮ-ਨਿਰਪੱਖ ਸਵਰੂਪ ਨੂੰ ਅਤੇ ਜ਼ਿਆਦਾ ਸਪੱਸ਼ਟ ਕਰਦਾ ਹੈ ਇਕ ਰਾਜ (ਦੇਸ਼) ਹੋਣ ਦੇ ਨਾਤੇ ਭਾਰਤ ਕਿਸੇ ਵੀ ਧਰਮ ਨੂੰ ਕੋਈ ਵਿਸ਼ੇਸ਼ ਦਰਜਾ ਨਹੀਂ ਦਿੰਦਾ। ਭਾਰਤ ਦਾ ਕੋਈ ਸਰਕਾਰੀ ਧਰਮ ਨਹੀਂ ਹੈ। ਇਸ ਨਾਲ ਇਹ ਮੌਲਿਕਵਾਦੀ ਜਾਂ ਧਰਮ ਅਧਾਰਿਤ ਰਾਜਾਂ, ਜਿਵੇਂ ਕਿ ਪਾਕਿਸਤਾਨ ਅਤੇ ਹੋਰ ਮੁਸਲਿਮ ਦੇਸ਼ਾਂ ਦੇ ਰਾਜਾਂ ਤੋਂ ਅਲੱਗ ਬਣ ਜਾਂਦਾ ਹੈ। ਹਾਂ ਸਕਾਰਾਤਮਕ ਪਹਿਲੂ ਇਹ ਹੈ ਕਿ ਭਾਰਤ ਵਿੱਚ ਸਾਰੇ ਧਰਮਾਂ ਨੂੰ ਇਕ ਬਰਾਬਰ ਅਧਿਕਾਰ ਅਤੇ ਸੁਤੰਤਰਤਾ ਦੇ ਕੇ ਧਰਮ-ਨਿਰਪੱਖਤਾ ਦੀ ਨੀਤੀ ਅਪਣਾਈ ਗਈ ਹੈ। ਅਨੁਛੇਦ 25 ਤੋਂ 28 ਤੱਕ ਸੰਵਿਧਾਨ ਆਪਣੇ ਸਾਰੇ ਨਾਗਰਿਕਾਂ ਨੂੰ ਧਾਰਮਿਕ ਸੁਤੰਤਰਤਾ ਦਾ ਅਧਿਕਾਰ ਦਿੰਦਾ ਹੈ। ਇਹ ਬਿਨਾਂ ਕਿਸੇ ਪੱਖਪਾਤ ਦੇ ਆਪਣੇ ਸਾਰੇ ਨਾਗਰਿਕਾਂ ਨੂੰ ਬਰਾਬਰ ਅਧਿਕਾਰ

**ਨੋਟ**

ਦਿੰਦਾ ਹੈ। ਘੱਟ-ਸੰਖਿਆ ਦੀ ਵਿਸ਼ੇਸ਼ ਰੂਪ ਵਿੱਚ ਸੁਰੱਖਿਆ ਦੇਣ ਦਾ ਯਤਨ ਕਰਦਾ ਹੈ। ਰਾਜ ਨਾਗਰਿਕਾਂ ਦੀ ਧਾਰਮਿਕ ਸੁਤੰਤਰਤਾ ਵਿੱਚ ਦਖਲਅੰਦਾਜ਼ੀ ਨਹੀਂ ਕਰਦਾ ਅਤੇ ਧਾਰਮਿਕ ਉਦੇਸ਼ਾਂ ਲਈ ਕਿਸੇ ਵੀ ਤਰ੍ਹਾ ਦਾ ਕੋਈ ਕਰ ਨਹੀਂ ਲਗਾ ਸਕਦਾ।

***(iv)* ਭਾਰਤ ਇਕ ਲੋਕਤੰਤਰੀ ਰਾਜ ਹੈ (India is a Democratic State)**: ਸੰਵਿਧਾਨ ਦੀ ਪ੍ਰਸਤਾਵਨਾ ਭਾਰਤ ਨੂੰ ਇਕ ਲੋਕਤੰਤਰੀ ਰਾਜ ਐਲਾਨਦੀ ਹੈ। ਭਾਰਤ ਦਾ ਸੰਵਿਧਾਨ ਇਕ ਲੋਕਤੰਤਰੀ ਪ੍ਰਣਾਲੀ ਸਥਾਪਿਤ ਕਰਦਾ ਹੈ-ਸਰਕਾਰ ਦੀ ਸੱਤਾ ਲੋਕਾਂ ਦੀ ਪ੍ਰਭੂਸੱਤਾ 'ਤੇ ਨਿਰਭਰ ਹੈ। ਲੋਕਾਂ ਨੂੰ ਬਰਾਬਰ ਰਾਜਨੀਤਿਕ ਅਧਿਕਾਰ ਪ੍ਰਾਪਤ ਹਨ, ਜਿਵੇਂ ਕਿ ਸਰਵਜਨਕ ਵਿਅਸਕ ਵੋਟ ਦਾ ਅਧਿਕਾਰ, ਚੋਣ ਲੜਨ ਦਾ ਅਧਿਕਾਰ, ਸਰਕਾਰੀ ਅਹੁਦਾ ਪ੍ਰਾਪਤ ਕਰਨ ਦਾ ਅਧਿਕਾਰ, ਸੰਗਠਨ ਸਥਾਪਿਤ ਕਰਨ ਦਾ ਅਧਿਕਾਰ ਅਤੇ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਅਤੇ ਉਨ੍ਹਾਂ ਦਾ ਵਿਰੋਧ ਕਰਨ ਦਾ ਅਧਿਕਾਰ। ਇਨ੍ਹਾਂ ਅਧਿਕਾਰਾਂ ਦੇ ਅਧਿਕਾਰ 'ਤੇ ਹੀ ਲੋਕ ਰਾਜਨੀਤੀ ਦੀ ਪ੍ਰਕਿਰਿਆ ਵਿੱਚ ਭਾਗ ਲੈਂਦੇ ਹਨ। ਉਹ ਆਪਣੀ ਸਰਕਾਰ ਦੀ ਚੋਣ ਖੁਦ ਕਰਦੇ ਹਨ। ਚੋਣ ਨਿਰਧਾਰਿਤ ਅੰਤਰਾਲ ਤੋਂ ਬਾਅਦ ਜਾਂ ਫਿਰ ਜਦ ਵੀ ਇਨ੍ਹਾਂ ਦੀ ਜ਼ਰੂਰਤ ਹੋਵੇ, ਉਦੋਂ ਕਰਵਾਏ ਜਾਂਦੇ ਹਨ। ਇਹ ਚੋਣਾਂ ਸੁਤੰਤਰ, ਸਹੀ ਅਤੇ ਨਿਰਪੱਖ ਹੁੰਦੀਆਂ ਹਨ। ਸਰਕਾਰ ਆਪਣੀਆਂ ਸਾਰੀਆਂ ਕਾਰਵਾਈਆਂ ਲਈ ਲੋਕਾਂ ਪ੍ਰਤੀ ਜ਼ਿੰਮੇਵਾਰ ਹੁੰਦੀ ਹੈ। ਲੋਕ ਚੋਣਾਂ ਨਾਲ ਸਰਕਾਰ ਬਦਲ ਸਕਦੇ ਹਨ। ਕੋਈ ਵੀ ਉਹ ਸਰਕਾਰ ਸੱਤਾ ਵਿੱਚ ਨਹੀਂ ਰਹਿ ਸਕਦੀ, ਜਿਸ ਵਿੱਚ ਲੋਕਾਂ ਦੇ ਪ੍ਰਤੀਨਿਧੀਆਂ ਦਾ ਵਿਸ਼ਵਾਸ ਨਾ ਹੋਵੇ। ਅਪ੍ਰੈਲ, 1997 ਵਿੱਚ ਪ੍ਰਧਾਨ ਮੰਤਰੀ ਐੱਚ. ਡੀ. ਦੇਵਗੌੜਾ ਦੀ ਸਰਕਾਰ ਨੂੰ ਤਿਆਗ ਪੱਤਰ ਦੇਣਾ ਪਿਆ ਸੀ, ਕਿਉਂਕਿ ਇਹ ਲੋਕ ਸਭਾ ਵਿੱਚ ਵਿਸ਼ਵਾਸ ਦਾ ਪ੍ਰਸਤਾਵ ਪ੍ਰਾਪਤ ਕਰਨ ਵਿੱਚ ਅਸਫਲ ਰਹੀ ਸੀ। ਅਪ੍ਰੈਲ, 1998 ਵਿੱਚ ਸ਼੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿੱਚ ਬੀ. ਜੇ. ਪੀ. ਗਠਬੰਧਨ ਸਰਕਾਰ ਨੇ ਸ਼ਾਸਨ-ਭਾਰ ਸੰਭਾਲਿਆ ਪਰ ਇਹ ਸਰਕਾਰ ਵੀ ਅਪ੍ਰੈਲ, 1999 ਵਿੱਚ ਇਕ ਵੋਟ ਦੀ ਕਮੀ ਕਾਰਨ ਲੋਕ ਸਭਾ ਤੋਂ ਆਪਣਾ ਵਿਸ਼ਵਾਸ ਮਤ ਪ੍ਰਾਪਤ ਨਾ ਕਰ ਸਕੀ। ਇਸ ਨੇ ਆਪਣਾ ਤਿਆਗ ਪੱਤਰ ਦੇ ਦਿੱਤਾ ਅਤੇ 12ਵੀਂ ਲੋਕ ਸਭਾ ਭੰਗ ਕਰ ਦਿੱਤੀ ਗਈ ਅਤੇ ਇਕ ਵਾਰ ਫਿਰ ਲੋਕਾਂ ਨੂੰ ਆਪਣੀ ਸਰਕਾਰ ਚੁਣਨ ਦਾ ਮੌਕਾ ਦਿੱਤਾ ਗਿਆ। ਸਤੰਬਰ-ਅਕਤੂਬਰ 1999 ਦੀਆਂ ਚੋਣਾਂ ਵਿੱਚ ਲੋਕਾਂ ਨੇ ਰਾਸ਼ਟਰੀ ਲੋਕਤੰਤਰੀ ਗਠਬੰਧਨ ਬਹੁਮਤ ਦਿੱਤਾ ਅਤੇ 13 ਅਕਤਬੂਰ 1999 ਨੂੰ ਇਸ ਗਠਬੰਧਨ ਨੇ ਭਾਰਤ ਵਿੱਚ ਇਕ ਨਵੀਂ ਲੋਕਤੰਤਰੀ ਸਰਕਾਰ ਦਾ ਗਠਨ ਕੀਤਾ ਜੋ ਕਿ ਅਪ੍ਰੈਲ 2004 ਤੱਕ ਸੱਤਾ ਵਿੱਚ ਰਹੀ। ਫਿਰ 14ਵੀਂ ਲੋਕ ਸਭਾ ਦੇ ਚੋਣ ਨਤੀਜਿਆਂ ਦੇ ਅਧਾਰ 'ਤੇ ਕਾਂਗਰਸ ਦੀ ਅਗਵਾਈ ਹੇਠ ਯੂ. ਪੀ. ਏ. ਸਰਕਾਰ ਦਾ ਗਠਨ ਮਈ 2004 ਵਿੱਚ ਹੋਇਆ। 2009 ਦੀਆਂ ਚੋਣਾਂ ਵਿੱਚ ਇਹ ਦੁਬਾਰਾ ਸੱਤਾ ਵਿੱਚ ਆਈ ਅਤੇ ਇਹ ਅੱਜ ਤੱਕ ਸੱਤਾ 'ਤੇ ਕਾਬਜ਼ ਹੈ। ਇਸ ਤਰ੍ਹਾਂ ਇਹ ਇਕ ਗਤੀਮਾਨ ਲੋਕਤੰਤਰੀ ਪ੍ਰਣਾਲੀ ਹੈ। ਇਸ ਵਿੱਚ ਸਰਕਾਰ ਬਦਲਣ ਦਾ ਕੰਮ ਸ਼ਾਂਤੀਪੂਰਨ ਅਤੇ ਵਿਵਸਥਾ ਮੁਤਾਬਿਕ ਕੀਤਾ ਜਾਂਦਾ ਹੈ। ਸਰਕਾਰ ਜਨਤਾ ਅਤੇ ਜਨਮਤ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਆਪਣੇ ਹਰੇਕ ਕੰਮ ਲਈ ਜਨਤਾ ਦੇ ਸਾਹਮਣੇ ਜ਼ਿੰਮੇਵਾਰ ਹੁੰਦੀ ਹੈ। ਭਾਰਤੀ ਲੋਕਤੰਤਰ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਸਨਮਾਨ ਪ੍ਰਾਪਤ ਹੈ, ਇਸ ਦੇ ਪਿੱਛੇ ਭਾਰਤੀ ਸੰਵਿਧਾਨ ਦਾ ਮਹੱਤਵਪੂਰਨ ਯੋਗਦਾਨ ਹੈ।

***(v)* ਭਾਰਤ ਇਕ ਗਣਰਾਜ ਹੈ (India is a Republic)** : ਸੰਵਿਧਾਨ ਦੀ ਪ੍ਰਸਤਾਵਨਾ ਭਾਰਤ ਨੂੰ ਇਕ ਗਣਰਾਜ ਐਲਾਨਦੀ ਹੈ। ਭਾਰਤ 'ਤੇ ਕਿਸੇ ਰਾਜਾ ਜਾਂ ਉਸ ਵੱਲੋਂ ਪ੍ਰਵਾਨਿਤ ਮੁਖੀਆ ਵੱਲੋਂ ਸ਼ਾਸਨ ਨਹੀਂ ਚਲਾਇਆ ਜਾਂਦਾ ਹੈ। ਭਾਰਤ ਦੇ ਰਾਸ਼ਟਰਪਤੀ ਨੂੰ ਸੰਸਦ ਦੇ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰਾਂ ਨਾਲ ਬਣੇ ਚੋਣ ਮੰਡਲ ਨਾਲ ਚੁਣਿਆ ਜਾਂਦਾ ਹੈ ਅਤੇ ਉਹ 5 ਸਾਲ ਦੇ ਕਾਰਜਕਾਲ ਲਈ ਕੰਮ ਕਰਦਾ ਹੈ। ਭਾਰਤ ਦੇ ਇਕ ਗਣਰਾਜ ਹੋਣ ਦੀ ਸਥਿਤੀ ਦਾ ਰਾਸ਼ਟਰ ਮੰਡਲ ਦੀ ਭਾਰਤੀ ਮੈਂਬਰਸ਼ਿਪ ਦਾ ਕਿਸੇ ਵੀ ਢੰਗ ਨਾਲ ਕੋਈ ਟਕਰਾਅ ਨਹੀਂ ਹੈ।

**5. ਭਾਰਤ ਰਾਜਾਂ ਦਾ ਇਕ ਸੰਘ ਹੈ (India is an Union of States)** : ਸੰਵਿਧਾਨ ਦਾ ਅਨੁਛੇਦ 1 ਐਲਾਨਦਾ ਹੈ : ਭਾਰਤ ਰਾਜਾਂ ਦਾ ਇਕ ਮੇਲ ਹੈ। ਇਹ ਭਾਰਤ ਨੂੰ ਨਾ ਤਾਂ ਇਕ ਸੰਘਾਤਮਕ ਰਾਜ ਅਤੇ ਨਾ ਹੀ ਇਕ ਏਕਾਤਮਕ ਰਾਜ ਐਲਾਨਦਾ ਹੈ। ਇਸ ਵਿਚਾਰ ਤੋਂ ਦੋ ਮਹੱਤਵਪੂਰਨ ਪੱਖ ਸਾਹਮਣੇ ਆਉਂਦੇ ਹਨ। "ਪਹਿਲਾ ਇਹ ਹੈ ਕਿ ਭਾਰਤ ਇਕ ਅਜਿਹਾ ਸੰਘ ਨਹੀਂ ਜੋ ਪ੍ਰਭੂਸੱਤਾ ਸੰਪਨ ਰਾਜਾਂ ਵੱਲੋਂ ਨਿਰੰਤਰ ਸਹਿਮਤੀ ਦੇ ਨਤੀਜੇ ਦੇ ਰੂਪ ਵਿੱਚ ਹੋਂਦ 'ਚ ਆਇਆ ਹੋਵੇ, ਜਿਵੇਂ ਕਿ ਸੰਯੁਕਤ ਰਾਜ ਅਮਰੀਕਾ ਅਤੇ ਦੂਸਰੀ ਗੱਲ ਇਹ ਹੈ ਕਿ ਭਾਰਤ ਹਿੱਸੇਦਾਰ ਇਕਾਈਆਂ (ਪ੍ਰਦੇਸ਼ਾਂ) ਨੂੰ ਇਸ ਤੋਂ ਅਲੱਗ ਹੋਣ ਦਾ ਕੋਈ ਅਧਿਕਾਰ ਨਹੀਂ ਹੈ। ਸੰਵਿਧਾਨ ਨਾਲ ਭਾਰਤ ਨੂੰ 29 ਭਾਗ-ਏ, ਭਾਗ-ਬੀ, ਭਾਗ-ਸੀ ਅਤੇ ਭਾਗ-ਡੀ ਵਿੱਚ ਵੰਡਿਆ ਗਿਆ ਸੀ। 1956 ਵਿੱਚ ਪੁਨਰ ਗਠਨ ਤੋਂ ਬਾਅਦ ਭਾਰਤ ਦਾ 16 ਰਾਜਾਂ ਅਤੇ 3 ਕੇਂਦਰ ਸ਼ਾਸਤ ਖੇਤਰਾਂ ਵਿੱਚ ਪੁਨਰ ਗਠਨ ਕੀਤਾ ਗਿਆ। ਹੌਲੀ-ਹੌਲੀ ਕਈ ਪਰਿਵਰਤਨਾਂ ਨਾਲ ਅਤੇ ਸਿੱਕਮ ਦੇ ਭਾਰਤੀ ਸੰਘ ਵਿੱਚ ਸ਼ਾਮਿਲ ਹੋ ਜਾਣ 'ਤੇ ਰਾਜਾਂ ਦੀ ਸੰਖਿਆ ਬਦਲਦੀ ਰਹੀ। ਭਾਰਤ ਵਿੱਚ ਹੁਣ 28 ਰਾਜ ਅਤੇ 7 ਕੇਂਦਰ ਸ਼ਾਸਤ ਖੇਤਰ ਹਨ।

**6. ਸੰਘੀ ਢਾਂਚਾ ਅਤੇ ਏਕਾਤਮਕ ਭਾਵਨਾ (Federal Structure and an Unitary Spirit)** : ਭਾਰਤ ਦਾ ਸੰਵਿਧਾਨ ਏਕਾਤਮਕ ਭਾਵਨਾ ਵਾਲੀ ਸੰਘੀ ਰਚਨਾ ਹੀ ਸਥਾਪਿਤ ਕਰਦਾ ਹੈ। ਵਿਦਵਾਨ ਭਾਰਤ ਨੂੰ ਇਕ "ਅਰਧ-ਫੈਡਰੇਸ਼ਨ" (Quasi-Federation) (ਕੇ. ਸੀ. ਹੀਅਰ) ਜਾਂ ਏਕਾਤਮਕ ਅਧਾਰ ਵਾਲੀ ਫੈਡਰੇਸ਼ਨ ਜਾਂ ਏਕੀਕ੍ਰਿਤ ਸੰਘਾਤਮਕ ਕਹਿ ਦਿੰਦੇ ਹਨ। ਇਕ ਸੰਘਾਤਮਕ ਰਾਜ ਦੇ ਬਰਾਬਰ ਭਾਰਤ ਦਾ ਸੰਵਿਧਾਨ ਇਹ ਵਿਵਸਥਾਵਾਂ ਸਥਾਪਿਤ ਕਰਦਾ ਹੈ: *(i)* ਕੇਂਦਰ ਅਤੇ ਰਾਜਾਂ ਵਿੱਚ ਸ਼ਕਤੀਆਂ ਦੀ ਵੰਡ *(ii)* ਇਕ ਲਿਖਤੀ ਅਤੇ ਕਠੋਰ ਸੰਵਿਧਾਨ *(iii)* ਸੰਵਿਧਾਨ ਦੀ ਸਰਵਉੱਚਤਾ *(iv)* ਸੁਤੰਤਰ ਨਿਆ ਪਾਲਿਕਾ ਜਿਸ ਨੂੰ

ਕਿ ਸ਼ਕਤੀਆਂ ਦੀ ਵੰਡ ਸਬੰਧੀ ਕੇਂਦਰ-ਰਾਜ ਝਗੜਿਆਂ ਦੇ ਫੈਸਲੇ ਦਾ ਵੀ ਅਧਿਕਾਰ ਹੈ ਅਤੇ *(v)* ਦੋ ਸਦਨੀ ਸੰਸਦ। ਪਰ ਬਹੁਤ ਹੀ ਸ਼ਕਤੀਸ਼ਾਲੀ ਕੇਂਦਰ, ਸਾਂਝਾ ਸੰਵਿਧਾਨ, ਏਕਲ ਨਾਗਰਿਕਤਾ, ਸੰਕਟ ਕਾਲ ਸਥਿਤੀ ਦੀ ਵਿਵਸਥਾ, ਸਾਂਝਾ ਚੋਣ ਕਮਿਸ਼ਨ, ਸਾਂਝੀ ਅਖਿਲ ਭਾਰਤੀ ਸੇਵਾਵਾਂ ਦੀ ਵਿਵਸਥਾ ਕਰਕੇ ਸੰਵਿਧਾਨ ਸਪੱਸ਼ਟ ਰੂਪ ਵਿੱਚ ਏਕਾਤਮਕ ਭਾਵਨਾ ਨੂੰ ਪ੍ਰਗਟ ਕਰਦਾ ਹੈ। ਸੰਘਵਾਦ ਅਤੇ ਏਕਾਤਮਕਵਾਦ ਦਾ ਮਿਸ਼ਰਨ ਭਾਰਤੀ ਸਮਾਜ ਦੇ ਬਹੁਲਵਾਦੀ ਸਵਰੂਪ ਅਤੇ ਖੇਤਰੀ ਵਿਭਿੰਨਤਾਵਾਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਰਾਸ਼ਟਰ ਦੀ ਏਕਤਾ ਤੇ ਅਖੰਡਤਾ ਦੀ ਜ਼ਰੂਰਤ ਕਾਰਨ ਕੀਤਾ ਗਿਆ ਹੈ। ਪਹਿਲੀ ਨੇ ਸੰਘਵਾਦ ਦੇ ਪੱਖ ਵਿੱਚ ਫੈਸਲਾ ਲੈਣ ਲਈ ਮਜਬੂਰ ਕੀਤਾ ਅਤੇ ਦੂਸਰੀ ਨੇ ਏਕਾਤਮਕਤਾ ਦੀ ਭਾਵਨਾ ਨੂੰ ਅਪਨਾਉਣਾ ਜ਼ਰੂਰੀ ਬਣਾ ਦਿੱਤਾ। ਇਸ ਤਰ੍ਹਾਂ ਭਾਰਤ ਦਾ ਸੰਵਿਧਾਨ ਨਾ ਤਾਂ ਪੂਰਨ ਤੌਰ 'ਤੇ ਸੰਘੀ ਅਤੇ ਨਾ ਹੀ ਏਕਾਤਮਕ ਬਲਕਿ ਇਹ ਦੋਵਾਂ ਦਾ ਮਿਸ਼ਰਨ ਹੈ। ਇਹ ਅੰਸ਼ਿਕ ਰੂਪ ਵਿੱਚ ਸੰਘੀ ਅਤੇ ਅੰਸ਼ਿਕ ਰੂਪ 'ਚ ਏਕਾਤਮਕ ਰਾਜ ਹੈ। (ਡੀ. ਐੱਨ. ਬੈਨਰਜੀ)

**7. ਕਠੋਰਤਾ ਅਤੇ ਲਚਕਸ਼ੀਲਤਾ ਦਾ ਮਿਸ਼ਰਨ (Mixture of Rigidity and Flexibility)** : ਭਾਰਤ ਦਾ ਸੰਵਿਧਾਨ ਕਈ ਵਿਸ਼ਿਆਂ 'ਤੇ ਸੋਧ ਲਈ ਇਕ ਕਠੋਰ ਸੰਵਿਧਾਨ ਹੈ। ਇਸ ਦੀਆਂ ਕੁਝ ਵਿਵਸਥਾਵਾਂ ਬਹੁਤ ਔਖੇ ਢੰਗ ਨਾਲ ਸੋਧ ਕੀਤੀਆਂ ਜਾ ਸਕਦੀਆਂ ਹਨ, ਜਦ ਕਿ ਦੂਸਰੇ ਕੁਝ ਹੱਲ ਵਿੱਚ ਬੜੀ ਅਸਾਨੀ ਨਾਲ ਸੋਧ ਕੀਤੀ ਜਾ ਸਕਦੀ ਹੈ। ਕੁਝ ਮਾਮਲਿਆਂ ਵਿੱਚ ਸੰਸਦ ਸੰਵਿਧਾਨ ਦੇ ਕੁਝ ਹਿੱਸੇ ਨੂੰ ਕੇਵਲ ਇਕ ਕਾਨੂੰਨ ਪਾਸ ਕਰਕੇ ਹੀ ਸੋਧ ਕਰ ਸਕਦੀ ਹੈ। ਉਦਾਹਰਣ ਦੇ ਤੌਰ 'ਤੇ ਨਵੇਂ ਰਾਜ ਬਣਾਉਣ, ਕਿਸੇ ਰਾਜ ਦੇ ਖੇਤਰ ਵਧਾਉਣ ਜਾਂ ਘਟਾਉਣ, ਨਾਗਰਿਕਤਾ ਨਾਲ ਸਬੰਧਿਤ ਨਿਯਮ, ਕਿਸੇ ਰਾਜ ਦੀ ਵਿਧਾਨ ਪ੍ਰੀਸ਼ਦ ਨੂੰ ਸਥਾਪਿਤ ਕਰਨ ਜਾਂ ਸੰਪਤ ਕਰਨ ਨਾਲ ਸਬੰਧਿਤ ਸੋਧਾਂ ਅਸਾਨੀ ਨਾਲ ਪਾਸ ਕੀਤੀਆਂ ਜਾ ਸਕਦੀਆਂ ਹਨ। ਇੱਥੇ ਅਨੁਛੇਦ 249 ਦੇ ਅਧੀਨ ਇਹ ਕਿਸੇ ਰਾਜ ਵਿਸ਼ੇ ਨੂੰ ਰਾਜ ਸਭਾ 2 ਤਿਹਾਈ ਬਹੁਮਤ ਨਾਲ ਇਕ ਰਾਸ਼ਟਰੀ ਮਹੱਤਵ ਦਾ ਵਿਸ਼ਾ ਐਲਾਨ ਸਕਦੀ ਹੈ ਅਤੇ ਉਸ ਨੂੰ ਇਕ ਸਾਲ ਲਈ ਕੇਂਦਰੀ ਸੰਸਦ ਦੇ ਕਾਨੂੰਨ ਨਿਰਮਾਣ ਦੇ ਅਧਿਕਾਰ ਖੇਤਰ ਵਿੱਚ ਲਿਆ ਸਕਦੀ ਹੈ। ਇਸੇ ਤਰ੍ਹਾਂ ਅਨੁਛੇਦ 312 ਦੇ ਅਧੀਨ ਇਸੇ ਢੰਗ ਨਾਲ ਉਹ ਕੋਈ ਵੀ ਅਖਿਲ ਭਾਰਤੀ ਸੇਵਾ ਸੰਗਠਿਤ ਕਰ ਸਕਦੀ ਹੈ ਜਾਂ ਖਤਮ ਕਰ ਸਕਦੀ ਹੈ। ਇਹ ਵਿਸ਼ੇਸ਼ਤਾ ਸੰਵਿਧਾਨ ਦੀ ਲਚਕਸ਼ੀਲਤਾ ਨੂੰ ਦਰਸਾਉਂਦੀ ਹੈ।

ਪਰ ਅਨੁਛੇਦ 368 ਦੇ ਅਧੀਨ ਸੰਵਿਧਾਨ ਵਿੱਚ ਸੋਧ ਲਈ ਹੇਠ ਲਿਖੀ ਵਿਵਸਥਾ ਕੀਤੀ ਗਈ ਹੈ :

(1) ਜ਼ਿਆਦਾਤਰ ਸੰਵਿਧਾਨਿਕ ਵਿਵਸਥਾਵਾਂ ਵਿੱਚ ਸੋਧ ਸੰਸਦ ਵੱਲੋਂ ਕੁਲ ਮੈਂਬਰਾਂ ਦੀ ਵਧੇਰੇ ਗਿਣਤੀ ਨਾਲ ਅਤੇ ਸ਼ਾਮਿਲ ਮੈਂਬਰਾਂ ਦੇ 2 ਤਿਹਾਈ ਬਹੁਮਤ ਨਾਲ ਦੋਵਾਂ ਸਦਨਾਂ ਵੱਲੋਂ ਇਕ ਸੋਧ ਬਿੱਲ ਪਾਸ ਕਰਕੇ ਕੀਤਾ ਜਾ ਸਕਦਾ ਹੈ।

(2) ਕੁਝ ਵਿਸ਼ੇਸ਼ ਸੰਵਿਧਾਨਿਕ ਵਿਵਸਥਾਵਾਂ ਵਿੱਚ ਸੋਧ ਲਈ ਇਕ ਬਹੁਤ ਕਠੋਰ ਵਿਵਸਥਾ ਕੀਤੀ ਕੀਤੀ ਗਈ ਹੈ। ਪਹਿਲਾਂ ਕੁਝ ਵਿਸ਼ਿਆਂ ਦੇ ਸਬੰਧ ਵਿੱਚ ਇਕ ਸੋਧ ਪ੍ਰਸਤਾਵ ਸੰਸਦ ਦੇ ਕੁਲ ਮੈਂਬਰਾਂ ਦੇ ਬਹੁਮਤ ਅਤੇ ਹਾਜ਼ਰ ਮੈਬੰਰਾਂ ਦੇ 2 ਤਿਹਾਈ ਬਹੁਮਤ ਨਾਲ ਅਤੇ ਦੋਵਾਂ ਸਦਨਾਂ ਵਿੱਚ ਅਲੱਗ-ਅਲੱਗ ਪ੍ਰਸਤਾਵਾਂ ਦਾ ਪਾਸ ਹੋਣਾ ਜ਼ਰੂਰੀ ਹੈ ਅਤੇ ਉਸ ਤੋਂ ਬਾਅਦ ਇਸ ਦੀ ਪੁਸ਼ਟੀ ਦੇ ਘੱਟੋ-ਘੱਟ ਅਰਧ ਰਾਜਾਂ ਦੀਆਂ ਰਾਜ ਵਿਧਾਨ ਸਭਾਵਾਂ ਨਾਲ ਹੋਣਾ ਜ਼ਰੂਰੀ ਹੈ। ਇਸ ਢੰਗ ਨਾਲ ਸੋਧ ਹੇਠ ਲਿਖੇ ਵਿਸ਼ਿਆਂ 'ਤੇ ਕੀਤਾ ਜਾਂਦਾ ਹੈ : *(i)* ਰਾਸ਼ਟਰਪਤੀ ਦੀ ਚੋਣ ਦਾ ਢੰਗ *(ii)* ਸੰਘ ਦੀ ਕਾਰਜਪਾਲਿਕਾ ਦੀਆਂ ਸ਼ਕਤੀਆਂ ਦੀ ਖੇਤਰ ਹੱਦ *(iii)* ਰਾਜ ਕਾਰਜਪਾਲਿਕਾਵਾਂ ਦੀ ਸ਼ਕਤੀ ਦੀ ਖੇਤਰ ਹੱਦ *(iv)* ਸੰਘੀ ਨਿਆ ਪਾਲਿਕਾ ਨਾਲ ਸਬੰਧਿਤ ਹੱਲ *(v)* ਰਾਜ ਦੀਆਂ ਉੱਚ ਅਦਾਲਤਾਂ ਨਾਲ ਸਬੰਧਿਤ ਹੱਲ *(vi)* ਵਿਧਾਨਿਕ ਸ਼ਕਤੀਆਂ ਦੀ ਵੰਡ *(vii)* ਸੰਸਦ ਵਿੱਚ ਰਾਜਾਂ ਦੀ ਪ੍ਰਤੀਨਿਧਤਾ *(viii)* ਸੰਵਿਧਾਨ ਵਿੱਚ ਸੋਧ ਦਾ ਢੰਗ ਅਤੇ *(ix)* ਸੰਵਿਧਾਨ ਦੀ 7ਵੀਂ ਅਨੁਸੂਚੀ।

ਪਰ ਅਸਲ ਵਿੱਚ ਸੰਵਿਧਾਨ ਲਚਕੀਲਾ ਸਿੱਧ ਹੋਇਆ ਹੈ। ਇਸ ਗੱਲ ਦਾ ਸਬੂਤ ਇਹ ਹੈ ਕਿ 1950 ਤੋਂ 2005 ਤੱਕ ਸੰਵਿਧਾਨ ਵਿੱਚ 92 ਸੋਧਾਂ ਕੀਤੀਆਂ ਗਈਆਂ। ਕਾਂਗਰਸ ਦੀ ਪ੍ਰਭਾਵੀ ਸਥਿਤੀ (1950-77), (1980-89) ਦੇ ਕਾਰਨ ਸੰਵਿਧਾਨ ਵਿੱਚ ਵਾਤਾਵਰਨ ਦੇ ਅਨੁਸਾਰ ਪਰਿਵਰਤਨ ਕੀਤੇ ਗਏ ਅਤੇ ਕਈ ਸੰਕਟ ਕਾਲ ਸਥਿਤੀਆਂ ਜਿਵੇਂ ਕਿ ਪੰਜਾਬ ਅਤੇ ਜੰਮੂ ਤੇ ਕਸ਼ਮੀਰ ਵਿੱਚ ਕੇਂਦਰੀ ਸ਼ਾਸਨ ਦਾ ਸਮਾਂ ਵਧਾਉਣ ਲਈ ਵੀ ਕੁਝ ਸੋਧਾਂ ਕੀਤੀਆਂ ਗਈਆਂ। ਇੱਥੋਂ ਤੱਕ ਕਿ 1989 ਵਿੱਚ ਬਣੀ ਸਾਂਝੇ ਮੋਰਚੇ ਦੀ ਸਰਕਾਰ ਨੂੰ ਵੀ ਆਪਣੇ ਸ਼ਾਸਨ ਦੇ ਇਕ ਸਾਲ ਵਿੱਚ ਚਾਰ ਸੋਧਾਂ ਕਰਨੀਆਂ ਪਈਆਂ। ਹੁਣ ਤੱਕ ਸੰਵਿਧਾਨ ਵਿੱਚ 103 ਸੋਧਾਂ ਪਾਸ ਹੋ ਚੁੱਕੀਆਂ ਹਨ ਅਤੇ 86 ਸੋਧਾਂ ਬਿੱਲ ਪਾਸ ਕੀਤੇ ਜਾਣ ਦੀ ਪ੍ਰਕਿਰਿਆ ਵਿੱਚ ਹਨ।

**8. ਮੌਲਿਕ ਅਧਿਕਾਰ (Fundamental Rights)** : ਭਾਗ III ਵਿੱਚ ਅਨੁਛੇਦ 12-35 ਦੇ ਅਧੀਨ ਭਾਰਤ ਦਾ ਸੰਵਿਧਾਨ ਆਪਣੇ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਦਾਨ ਕਰਦਾ ਹੈ। ਸ਼ੁਰੂ ਵਿੱਚ 7 ਮੌਲਿਕ ਅਧਿਕਾਰ ਦਿੱਤੇ ਗਏ ਸਨ ਪਰ ਬਾਅਦ ਵਿੱਚ ਮੌਲਿਕ ਅਧਿਕਾਰਾਂ ਦੀ ਸ਼੍ਰੇਣੀ ਵਿੱਚੋਂ (42ਵੀਂ ਸੰਵਿਧਾਨਿਕ ਸੋਧ 1976 ਨਾਲ) ਸੰਪਤੀ ਦਾ ਅਧਿਕਾਰ ਖਤਮ ਕਰ ਦਿੱਤਾ ਗਿਆ ਅਤੇ ਇਸ ਤਰ੍ਹਾਂ ਮੌਲਿਕ ਅਧਿਕਾਰਾਂ ਦੀ ਸੰਖਿਆ ਘੱਟ ਕੇ 6 ਰਹਿ ਗਈ ਹੈ ਪਰ ਹਰੇਕ ਮੌਲਿਕ ਅਧਿਕਾਰ ਵਿੱਚ ਬਹੁਤ ਸਾਰੇ ਅਧਿਕਾਰ ਅਤੇ ਸੁਤੰਤਰਤਾਵਾਂ ਸ਼ਾਮਿਲ ਹਨ। ਨਾਗਰਿਕਾਂ ਦੇ 6 ਮੌਲਿਕ ਅਧਿਕਾਰ ਹੇਠ ਲਿਖੇ ਹਨ :

***(i)* ਬਰਾਬਰਤਾ ਦਾ ਅਧਿਕਾਰ (ਅਨੁਛੇਦ 14-18) [Right to Equality (Article 14-18)]** : ਇਸ ਦੇ ਅਨੁਸਾਰ, ਕਾਨੂੰਨ ਦੇ ਸਾਹਮਣੇ ਸਾਰੇ ਨਾਗਰਿਕ ਬਰਾਬਰ ਹਨ। ਇਸ ਵਿੱਚ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਨਾ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ

ਹੈ। ਸਾਰੇ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ, ਛੂਤ-ਛਾਤ ਦੀ ਪ੍ਰਥਾ ਖਤਮ ਕਰਨ ਅਤੇ ਉਪਾਧੀਆਂ ਖਤਮ ਕਰਨ ਦੀ ਵਿਵਸਥਾ ਵੀ ਕੀਤੀ ਗਈ ਹੈ।

***(ii)* ਸੁਤੰਤਰਤਾ ਦਾ ਅਧਿਕਾਰ (ਅਨੁਛੇਦ 19-22) [Right to Freedom (Article 19-22)]** : ਅਨੁਛੇਦ 19 ਵਿੱਚ 6 ਮੌਲਿਕ ਸੁਤੰਤਰਤਾਵਾਂ ਸ਼ਾਮਿਲ ਹਨ-ਭਾਸ਼ਣ ਦੇਣ ਅਤੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਸੁਤੰਤਰਤਾ, ਸੰਗਠਨ/ਸੰਸਥਾਵਾਂ ਸਥਾਪਿਤ ਕਰਨ ਦੀ ਸੁਤੰਤਰਤਾ, ਬਿਨਾਂ ਹਥਿਆਰ ਤੋਂ ਸ਼ਾਂਤੀਪੂਰਵਕ ਸਭਾਵਾਂ ਕਰਨ ਦੀ ਸੁਤੰਤਰਤਾ, ਭਾਰਤ ਵਿੱਚ ਸਾਰੀਆਂ ਥਾਵਾਂ 'ਤੇ ਘੁੰਮਣ ਦੀ ਸੁਤੰਤਰਤਾ, ਕਿਸੇ ਵੀ ਖੇਤਰ ਵਿੱਚ ਜਾ ਵਸਣ ਦੀ ਸੁਤੰਤਰਤਾ ਅਤੇ ਕੋਈ ਵੀ ਕਾਰੋਬਾਰ, ਵਪਾਰ ਜਾਂ ਰੋਜ਼ਗਾਰ ਅਪਨਾਉਣ ਦੀ ਸੁਤੰਤਰਤਾ। ਅਨੁਛੇਦ 20 ਵਿਅਕਤੀਗਤ ਸੁਤੰਤਰਤਾ ਅਤੇ ਅਭਿਯੁਕਤਾਂ ਦੇ ਅਧਿਕਾਰਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ। ਅਨੁਛੇਦ 21 ਵਿਵਸਥਾ ਕਰਦਾ ਹੈ ਕਿ ਕਾਨੂੰਨ ਦੇ ਅਨੁਸਾਰ ਕੀਤੀ ਜਾਣ ਵਾਲੀ ਕਿਸੇ ਕਾਰਵਾਈ ਤੋਂ ਬਿਨਾਂ ਕਿਸੇ ਵੀ ਵਿਅਕਤੀ ਨੂੰ ਜਿਉਂਦਾ ਰਹਿਣ ਅਤੇ ਸੁਤੰਤਰਤਾ ਦੇ ਅਧਿਕਾਰ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ। ਹੁਣ 86ਵੀਂ ਸੰਵਿਧਾਨ ਸੋਧ ਵਿੱਚ 21-A ਧਾਰਾ ਸ਼ਾਮਿਲ ਕੀਤੀ ਗਈ, ਜਿਸ ਨਾਲ 6 ਤੋਂ 14 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਸਿੱਖਿਆ ਦਾ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ। ਅਨੁਛੇਦ 22 ਦੇ ਅਧੀਨ ਰਾਜ ਵੱਲੋਂ ਕਿਸੇ ਵਿਅਕਤੀ ਦੀ ਗ੍ਰਿਫਤਾਰੀ ਦੇ ਸਬੰਧ ਵਿੱਚ ਹੱਲ ਦਰਜ ਕੀਤੇ ਗਏ ਹਨ ਤਾਂ ਕਿ ਕਿਸੇ ਵੀ ਨਾਗਰਿਕ ਦੀ ਸੁਤੰਤਰਤਾ ਨੂੰ ਸਵੈ-ਇਛੁੱਕ ਢੰਗ ਨਾਲ ਪੁਲਿਸ ਸੀਮਿਤ ਨਾ ਕਰ ਸਕੇ।

***(iii)* ਸ਼ੋਸ਼ਣ ਵਿਰੁੱਧ ਅਧਿਕਾਰ (ਅਨੁਛੇਦ 23-24) [Right Against Exploitation]** : ਇਹ ਮੌਲਿਕ ਅਧਿਕਾਰ ਔਰਤਾਂ ਖਰੀਦ-ਵੇਚ, ਬੇਗਾਰ (ਬੰਧੂ ਆਸ਼ਰਮ) ਅਤੇ ਖਤਰੇ ਵਾਲੇ ਸਥਾਨਾਂ 'ਤੇ ਬਾਲ ਮਜ਼ਦੂਰੀ ਦੀ ਮਨਾਹੀ ਕਰਦਾ ਹੈ।

***(iv)* ਧਰਮ ਦੀ ਸੁਤੰਤਰਤਾ ਦਾ ਅਧਿਕਾਰ (ਅਨੁਛੇਦ 25-28) [Right to Freedom of Religion (Articles 25-28)]** : ਇਸ ਅਧਿਕਾਰ ਵਿੱਚ ਚੇਤਨਾ, ਧਰਮ ਅਤੇ ਪਾਠ-ਪੂਜਾ ਦੀ ਸੁਤੰਤਰਤਾ ਸ਼ਾਮਿਲ ਹੈ। ਇਹ ਸਾਰੇ ਧਰਮਾਂ ਨੂੰ ਆਪਣੇ-ਆਪਣੇ ਧਾਰਮਿਕ ਸਥਾਨਾਂ ਦਾ ਨਿਰਮਾਣ ਕਰਨ ਅਤੇ ਇਸ ਨੂੰ ਚਲਾਉਣ ਦੀ ਸੁਤੰਤਰਤਾ ਦਿੰਦਾ ਹੈ। ਅਨੁਛੇਦ 27 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵੀ ਵਿਅਕਤੀ ਨੂੰ ਕਿਸੇ ਧਰਮ ਦੇ ਪ੍ਰਚਾਰ ਲਈ ਪੈਸਾ ਇਕੱਠਾ ਕਰਨ ਲਈ ਕੋਈ ਕਰ ਦੇਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਰਾਜ ਕਿਸੇ ਵੀ ਧਰਮ ਲਈ ਕੋਈ ਕਰ ਨਹੀਂ ਲਗਾ ਸਕਦਾ ਹੈ ਅਤੇ ਅਨੁਦਾਨ ਦਿੰਦੇ ਸਮੇਂ ਰਾਜ ਧਰਮ ਦੇ ਅਧਾਰ 'ਤੇ ਕੋਈ ਪੱਖਪਾਤ ਨਹੀਂ ਕਰ ਸਕਦਾ। ਅਨੁਛੇਦ 28 ਸਰਕਾਰੀ ਅਤੇ ਸਰਕਾਰੀ ਸਹਾਇਤਾ ਲੈਣ ਵਾਲੇ ਸਕੂਲਾਂ ਅਤੇ ਕਾਲਜਾਂ ਵਿੱਚ ਧਾਰਮਿਕ ਸਿੱਖਿਆ ਦੇਣ ਦੀ ਮਨਾਹੀ ਕਰਦਾ ਹੈ।

***(v)* ਸੰਸਕ੍ਰਿਤਿਕ ਅਤੇ ਸਿੱਖਿਅਤ ਅਧਿਕਾਰ (ਅਨੁਛੇਦ 29-30) [Cultural and Educational Rights (Articles 29-30)]** : ਇਸ ਦੇ ਅਧੀਨ ਸੰਵਿਧਾਨ ਵਿੱਚ ਘੱਟ ਗਿਣਤੀ ਦੇ ਅਧਿਕਾਰਾਂ, ਉਨ੍ਹਾਂ ਦੀਆਂ ਭਾਸ਼ਾਵਾਂ ਅਤੇ ਸੰਸਕ੍ਰਿਤੀਆਂ ਨੂੰ ਸੁਰੱਖਿਅਤ ਰੱਖਣ ਅਤੇ ਵਿਕਸਿਤ ਕਰਨ ਦੀ ਵਿਵਸਥਾ ਹੈ। ਇਹ ਉਨ੍ਹਾਂ ਨੂੰ ਆਪਣੀ ਸਿੱਖਿਆ ਸੰਸਥਾਵਾਂ ਸਥਾਪਿਤ ਕਰਨ, ਬਣਾਈ ਰੱਖਣ ਅਤੇ ਚਲਾਉਣ ਦਾ ਅਧਿਕਾਰ ਵੀ ਦਿੰਦਾ ਹੈ।

***(vi)* ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ (ਅਨੁਛੇਦ 32) [Right to Constitutional Remedies (Article 32)]**: ਇਹ ਮੌਲਿਕ ਅਧਿਕਾਰ ਪੂਰਨ ਅਧਿਕਾਰ ਪੱਤਰ ਦੀ ਆਤਮਾ ਹੈ। ਇਹ ਅਦਾਲਤਾਂ ਵੱਲੋਂ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਨ ਅਤੇ ਉਨ੍ਹਾਂ ਦੀ ਸੁਰੱਖਿਆ ਕਰਨ ਦੀ ਵਿਵਸਥਾ ਕਰਦਾ ਹੈ। ਇਹ ਉੱਚ ਅਦਾਲਤਾਂ ਨੂੰ ਮੌਲਿਕ ਅਧਿਕਾਰ ਲਾਗੂ ਕਰਨ ਲਈ ਜ਼ਰੂਰੀ ਨਿਰਦੇਸ਼ ਅਤੇ ਆਦੇਸ਼ ਜਾਰੀ ਕਰਨ ਦਾ ਅਧਿਕਾਰ ਦਿੰਦਾ ਹੈ।

ਭਾਰਤੀ ਨਾਗਰਿਕਾਂ ਦੇ ਹੁਣ 6 ਮੌਲਿਕ ਅਧਿਕਾਰ ਹਨ। ਸੰਪਤੀ ਦਾ ਅਧਿਕਾਰ ਹੁਣ ਮੌਲਿਕ ਅਧਿਕਾਰਾਂ ਦੀ ਸੂਚੀ ਵਿੱਚੋਂ ਕੱਢਿਆ ਹੋਇਆ ਹੈ ਅਤੇ ਹੁਣ ਇਹ ਅਨੁਛੇਦ 300-ਏ ਦੇ ਅਧੀਨ ਇਕ ਕਾਨੂੰਨ ਅਧਿਕਾਰ ਹੈ।

ਮੌਲਿਕ ਅਧਿਕਾਰ ਪ੍ਰਦਾਨ ਕਰਦੇ ਅਤੇ ਇਨ੍ਹਾਂ ਦੀ ਗਰੰਟੀ ਦਿੰਦੇ ਹੋਏ ਸੰਵਿਧਾਨ ਨੇ ਇਨ੍ਹਾਂ 'ਤੇ ਕੋਈ ਅਪਵਾਦ ਵੀ ਲਾਗੂ ਕੀਤੇ ਹਨ। ਇਹ ਪ੍ਰਤੀਬੰਦ ਸਰਵਜਨਕ ਸ਼ਾਂਤੀ ਅਤੇ ਕਾਨੂੰਨ ਵਿਵਸਥਾ, ਨੈਤਿਕਤਾ, ਰਾਜ ਦੀ ਸੁਰੱਖਿਆ ਅਤੇ ਭਾਰਤ ਦੀ ਪ੍ਰਭੂਸੱਤਾ ਤੇ ਭੂ-ਖੇਤਰੀ ਅਖੰਡਤਾ ਸਥਾਪਿਤ ਰੱਖਣ ਦੇ ਹਿੱਤ ਵਿੱਚ ਲਾਗੂ ਕੀਤੇ ਗਏ ਹਨ। ਇਸ ਨਾਲੋਂ ਵੀ ਜ਼ਿਆਦਾ ਇਨ੍ਹਾਂ ਅਧਿਕਾਰਾਂ ਵਿੱਚ ਅਨੁਛੇਦ 368 ਦੇ ਅਧੀਨ ਦੱਸੇ ਗਏ ਢੰਗ ਅਨੁਸਾਰ ਸੋਧ ਕੀਤੀ ਜਾ ਸਕਦੀ ਹੈ ਅਤੇ ਅਨੁਛੇਦ 352 ਦੇ ਅਧੀਨ ਰਾਸ਼ਟਰੀ ਸੰਕਟ ਕਾਲ ਸਥਿਤੀ ਸਮੇਂ ਇਹ ਰੱਦ ਵੀ ਕੀਤਾ ਜਾ ਸਕਦਾ ਹੈ।

**9. ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ (The National Human Rights Commission (NHRC) and Protection of Human Rights)** : ਭਾਰਤ ਦੇ ਲੋਕਾਂ ਦੇ ਸਾਰੇ ਲੋਕਤੰਤਰੀ ਅਤੇ ਮਨੁੱਖੀ ਅਧਿਕਾਰਾਂ ਨੂੰ ਵਧੇਰੇ ਚੰਗੀ ਤਰ੍ਹਾਂ ਸੁਰੱਖਿਆ ਪ੍ਰਦਾਨ ਕਰਨ ਲਈ ਕੇਂਦਰੀ ਸੰਸਦ ਨੇ 1993 ਵਿੱਚ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਸਬੰਧੀ ਅਧੀਨਿਯਮ ਪਾਸ ਕੀਤਾ, ਇਸ ਦੇ ਅਧੀਨ ਭਾਰਤ ਦੇ ਇਕ ਸੇਵਾਮੁਕਤ ਜੱਜ ਦੀ ਅਗਵਾਈ ਵਿੱਚ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਸਥਾਪਿਤ ਕੀਤਾ ਗਿਆ। ਇਹ ਇਕ ਸੁਤੰਤਰ ਆਯੋਗ ਹੈ, ਇਸ ਨੂੰ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਨੂੰ ਰੋਕਣ ਲਈ ਅਤੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਸਿੱਧ ਹੋ ਜਾਣ 'ਤੇ

ਪੀੜ੍ਹਤ ਲੋਕਾਂ ਨੂੰ ਨੁਕਸਾਨ ਪੂਰਾ ਕਰਨ ਦਾ ਆਦੇਸ਼ ਦੇਣ ਲਈ ਇਕ ਨਾਗਰਿਕ ਅਦਾਲਤ ਦਾ ਦਰਜਾ ਪ੍ਰਾਪਤ ਹੈ। ਆਮ ਲੋਕਾਂ ਦੇ ਮਨੁੱਖੀ ਅਧਿਕਾਰਾਂ ਅਤੇ ਹਿੱਤਾਂ ਦੀ ਪ੍ਰਾਪਤੀ ਅਤੇ ਸੁਰੱਖਿਆ ਲਈ ਸਰਵਜਨਕ ਹਿੱਤ ਮੁਕੱਦਮਾ ਵਿਵਸਥਾ (Public Interest Litigation-PIL) ਵੀ ਮਹੱਤਵਪੂਰਨ ਸਾਧਨ ਬਣੀ ਹੋਈ ਹੈ।

10. **ਨਾਗਰਿਕਾਂ ਦੇ ਮੌਲਿਕ ਕਰਤਵ (Fundamental Duties of the Citizens)**: ਸੰਵਿਧਾਨ ਆਪਣੇ ਭਾਗ-IV -ਏ ਅਨੁਛੇਦ 51-ਏ (1976 ਵਿੱਚ 42ਵੀਂ ਸੰਵਿਧਾਨਿਕ ਸੋਧ ਨਾਲ ਸ਼ਾਮਿਲ ਕੀਤੇ ਗਏ) ਦੇ ਅਧੀਨ ਨਾਗਰਿਕਾਂ ਦੇ ਹੇਠ ਲਿਖੇ 10 ਮੌਲਿਕ ਕਰਤਵ ਨਿਰਧਾਰਿਤ ਕਰਦਾ ਹੈ: (1) ਸੰਵਿਧਾਨ, ਰਾਸ਼ਟਰੀ ਝੰਡੇ ਅਤੇ ਰਾਸ਼ਟਰ ਗਾਨ ਦਾ ਆਦਰ ਕਰਨਾ, (2) ਸੁਤੰਤਰਤਾ ਦੇ ਸੰਗਰਾਮ ਦੇ ਉੱਚ ਆਦਰਸ਼ਾਂ 'ਤੇ ਚੱਲਣਾ, (3) ਭਾਰਤ ਦੀ ਪ੍ਰਭੂਸੱਤਾ, ਏਕਤਾ ਤੇ ਅਖੰਡਤਾ ਨੂੰ ਬਣਾਈ ਰੱਖਣਾ, (4) ਦੇਸ਼ ਦੀ ਸੁਰੱਖਿਆ ਕਰਨਾ ਅਤੇ ਜਦ ਵੀ ਜ਼ਰੂਰਤ ਪਵੇ ਰਾਸ਼ਟਰ ਲਈ ਆਪਣੀ ਸੇਵਾ ਨਿਸ਼ਾਵਰ ਕਰਨਾ, (5) ਭਾਰਤ ਦੇ ਸਾਰੇ ਲੋਕਾਂ ਨੂੰ ਸਾਂਝੇ ਭ੍ਰਾਤਰੀਭਾਵ ਨੂੰ ਬੜ੍ਹਾਵਾ ਦੇਣ ਅਤੇ ਔਰਤਾਂ ਦੇ ਮਾਨ-ਸਨਮਾਨ ਨੂੰ ਠੇਸ ਪਹੁੰਚਾਉਣ ਵਾਲੀ ਹਰੇਕ ਕਾਰਵਾਈ ਦੀ ਨਿੰਦਾ ਕਰਨਾ, (6) ਰਾਸ਼ਟਰ ਦੀ ਸਾਂਝੀ ਸੰਸਕ੍ਰਿਤਿਕ ਵਿਰਾਸਤ ਦੀ ਸੁਰੱਖਿਆ ਕਰਨਾ, (7) ਪ੍ਰਕਿਰਤਿਕ ਵਾਤਾਵਰਨ ਦੀ ਸੁਰੱਖਿਆ ਕਰਨਾ ਅਤੇ ਜੀਵ-ਜੰਤੂਆਂ ਪ੍ਰਤੀ ਦਇਆ ਰੱਖਣਾ, (8) ਵਿਗਿਆਨਿਕ ਸੋਚ ਮਨੁੱਖਵਾਦ ਅਤੇ ਗਿਆਨ ਤੇ ਸੋਧ ਦੀ ਭਾਵਨਾ ਨੂੰ ਵਿਕਸਿਤ ਕਰਨਾ, (9) ਸਰਵਜਨਕ ਸੰਪਤੀ ਦੀ ਰੱਖਿਆ ਕਰਨਾ ਅਤੇ ਹਿੰਸਾ ਤੋਂ ਦੂਰ ਰਹਿਣਾ, (10) ਸਾਰੀਆਂ ਵਿਅਕਤੀਗਤ ਅਤੇ ਸਮੂਹਿਕ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਲਈ ਉਤਸੁਕ ਰਹਿਣ ਦਾ ਯਤਨ ਕਰਨਾ।

ਸੰਵਿਧਾਨ ਦੀ 86ਵੀਂ ਸੋਧ ਨਾਲ ਮਾਤਾ-ਪਿਤਾ ਦਾ ਇਹ ਕਰਤਵ ਬਣਾਇਆ ਗਿਆ ਹੈ ਕਿ ਉਹ ਆਪਣੇ ਬੱਚਿਆਂ ਨੂੰ ਜ਼ਰੂਰੀ ਰੂਪ ਵਿੱਚ ਸਿੱਖਿਆ ਪ੍ਰਦਾਨ ਕਰਵਾਉਣ।

ਪਰ ਇਹ ਮੌਲਿਕ ਕਰਤਵ ਅਦਾਲਤਾਂ ਵੱਲੋਂ ਲਾਗੂ ਨਹੀਂ ਕੀਤੇ ਜਾ ਸਕਦੇ। ਨਿਰਦੇਸ਼ਕ ਸਿਧਾਂਤ ਦੇ ਬਰਾਬਰ ਇਹ ਮੌਲਿਕ ਕਰਤਵ ਵੀ ਸੰਵਿਧਾਨਿਕ ਨੈਤਿਕਤਾ ਦਾ ਇਕ ਹਿੱਸਾ ਹਨ।

11. **ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤ (Directive Principles of State Policy)** : ਸੰਵਿਧਾਨ ਦਾ ਭਾਗ IV (ਅਨੁਛੇਦ 36-51) ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਵਰਨਣ ਕਰਦਾ ਹੈ। ਇਹ ਭਾਰਤੀ ਸੰਵਿਧਾਨ ਦੀਆਂ ਸਭ ਤੋਂ ਆਦਰਸ਼ਾਤਮਕ ਵਿਸ਼ੇਸ਼ਤਾਵਾਂ ਵਿੱਚੋਂ ਇਕ ਹੈ। ਸੰਵਿਧਾਨ ਵਿੱਚ ਇਹ ਭਾਗ ਸ਼ਾਮਿਲ ਕਰਦੇ ਸਮੇਂ ਸੰਵਿਧਾਨ ਨਿਰਮਾਤਾ ਆਇਰਲੈਂਡ ਦੇ ਸੰਵਿਧਾਨ ਅਤੇ ਗਾਂਧੀਵਾਦ ਤੇ ਫੇਬੀਅਨ ਸਮਾਜਵਾਦ ਦੀਆਂ ਵਿਚਾਰਧਾਰਾਵਾਂ ਤੋਂ ਪ੍ਰਭਾਵਿਤ ਹੋਏ।

ਨਿਰਦੇਸ਼ਕ ਸਿਧਾਂਤ ਰਾਜ ਪ੍ਰਸ਼ਾਸਨ ਲਈ ਇਹ ਨਿਰਦੇਸ਼ ਜਾਰੀ ਕਰਦੇ ਹਨ ਕਿ ਉਹ ਆਪਣੀਆਂ ਨੀਤੀਆਂ ਨਾਲ ਸਮਾਜਿਕ, ਆਰਥਿਕ ਵਿਕਾਸ ਦਾ ਉਦੇਸ਼ ਪ੍ਰਾਪਤ ਕਰੇ। ਨਿਰਦੇਸ਼ਕ ਸਿਧਾਂਤ ਰਾਜ ਨੂੰ ਇਹ ਆਦੇਸ਼ ਦਿੰਦੇ ਹਨ ਕਿ ਇਹ ਲੋਕਾਂ ਦੇ ਜੀਵਨ ਜਿਊਣ ਲਈ ਸਹੀ ਸਾਧਨ ਪ੍ਰਦਾਨ ਕਰੇ, ਸੰਪਤੀ ਦੀ ਨਿਆ ਭਰਪੂਰ ਵੰਡ ਨਿਸ਼ਚਿਤ ਕਰੇ, ਬਰਾਬਰ ਕੰਮ ਲਈ ਬਰਾਬਰ ਤਨਖਾਹ, ਬੱਚਿਆਂ, ਔਰਤਾਂ, ਮਜ਼ਦੂਰਾਂ ਅਤੇ ਨੌਜਵਾਨਾਂ ਦੇ ਹਿੱਤਾਂ ਦੀ ਸੁਰੱਖਿਆ ਕਰੇ, ਬੁਢਾਪਾ ਪੈਨਸ਼ਨ, ਸਮਾਜਿਕ ਬਰਾਬਰਤਾ, ਸਵਸ਼ਾਸੀ ਸੰਸਥਾਵਾਂ ਦੀ ਸਥਾਪਨਾ ਕਰੇ, ਸਮਾਜ ਦੇ ਕਮਜ਼ੋਰ ਵਰਗਾਂ ਦੇ ਹਿੱਤਾਂ ਦੀ ਸੁਰੱਖਿਆ ਕਰੇ ਅਤੇ ਘਰੇਲੂ ਉਦਯੋਗ, ਪੇਂਡੂ ਵਿਕਾਸ, ਅੰਤਰਰਾਸ਼ਟਰੀ ਸ਼ਾਂਤੀ, ਦੂਸਰੇ ਦੇਸ਼ਾਂ ਨਾਲ ਮਿੱਤਰਤਾ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰੇ। ਜੇ. ਐੱਨ. ਜੋਸ਼ੀ (J. N. Joshi) ਦੇ ਸ਼ਬਦਾਂ ਵਿੱਚ, "ਨਿਰਦੇਸ਼ਕ ਸਿਧਾਂਤਾਂ ਵਿੱਚ ਆਧੁਨਿਕ ਲੋਕਤੰਤਰੀ ਰਾਜ ਲਈ ਇਕ ਬਹੁਤ ਹੀ ਵਿਆਪਕ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਪ੍ਰੋਗਰਾਮ ਸ਼ਾਮਿਲ ਕੀਤਾ ਗਿਆ ਹੈ।"

ਜੇਕਰ ਸੰਵਿਧਾਨ ਦੇ ਭਾਗ III ਵਿੱਚ ਸ਼ਾਮਿਲ ਮੌਲਿਕ ਅਧਿਕਾਰ ਭਾਰਤ ਵਿੱਚ ਰਾਜਨੀਤਿਕ ਲੋਕਤੰਤਰ ਦੀ ਨੀਂਹ ਰੱਖਦੇ ਹਨ ਤਾਂ ਨਿਰਦੇਸ਼ਕ ਸਿਧਾਂਤ (ਭਾਗ IV) ਭਾਰਤ ਵਿੱਚ ਸਮਾਜਿਕ ਅਤੇ ਆਰਥਿਕ ਲੋਕਤੰਤਰ ਦੀ ਸਥਾਪਨਾ ਦਾ ਨਿਸ਼ਚਾ ਕਰਦੇ ਹਨ।

ਨਿਰਦੇਸ਼ਕ ਸਿਧਾਂਤ "ਕਿਸੇ ਵੀ ਅਦਾਲਤ ਵੱਲੋਂ ਕਾਨੂੰਨੀ ਰੂਪ ਵਿੱਚ ਲਾਗੂ ਨਹੀਂ ਕੀਤੇ ਜਾ ਸਕਦੇ।" ਤਾਂ ਵੀ, ਸੰਵਿਧਾਨ ਇਹ ਐਲਾਨ ਕਰਦਾ ਹੈ ਕਿ ਇਹ ਦੇਸ਼ ਦੇ ਪ੍ਰਸ਼ਾਸਨ ਲਈ ਮੌਲਿਕ ਸਿਧਾਂਤ ਹਨ ਅਤੇ ਇਹ ਰਾਜ ਦਾ ਕਰਤਵ ਹੈ ਕਿ ਉਹ ਕਾਨੂੰਨ ਨਿਰਮਾਣ ਕਰਦੇ ਸਮੇਂ ਇਨ੍ਹਾਂ ਨੂੰ ਲਾਗੂ ਕਰੇ।

12. **ਦੋ-ਸਦਨੀ ਸੰਘੀ ਸੰਸਦ (Bi-Cameral Union Parliament)** : ਸੰਵਿਧਾਨ ਸੰਘੀ ਪੱਧਰ 'ਤੇ ਦੋ-ਸਦਨੀ ਸੰਸਦ ਦੀ ਵਿਵਸਥਾ ਕਰਦਾ ਹੈ ਅਤੇ ਇਸ ਨੂੰ ਸੰਘੀ ਸੰਸਦ ਦਾ ਨਾਮ ਦਿੰਦਾ ਹੈ। ਇਸ ਦੇ ਦੋ ਸਦਨ ਹਨ : ਲੋਕ ਸਭਾ ਅਤੇ ਰਾਜ ਸਭਾ।

ਲੋਕ ਸਭਾ ਸੰਸਦ ਦਾ ਹੇਠਲਾ ਅਤੇ ਲੋਕਾਂ ਵੱਲੋਂ ਪ੍ਰਤੱਖ ਰੂਪ ਵਿੱਚ ਚੁਣਿਆ ਸਦਨ ਹੈ। ਇਹ ਭਾਰਤ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਦੇ ਮੈਂਬਰਾਂ ਦੀ ਵਧੇਰੇ ਤੋਂ ਵਧੇਰੇ ਸੰਖਿਆ 545 ਨਿਰਧਾਰਿਤ ਕੀਤੀ ਗਈ ਹੈ। ਹਰੇਕ ਰਾਜ ਦੇ ਲੋਕ ਆਪਣੀ ਜਨਸੰਖਿਆ ਦੇ ਅਨੁਪਾਤ ਵਿੱਚ ਆਪਣੇ ਪ੍ਰਤੀਨਿਧੀ ਚੁਣਦੇ ਹਨ। ਯੂ. ਪੀ. ਦੀ ਲੋਕ ਸਭਾ ਵਿੱਚ 80 ਅਤੇ ਪੰਜਾਬ ਦੀਆਂ 13 ਸੀਟਾਂ ਹਨ। ਲੋਕ ਸਭਾ ਲਈ ਚੋਣਾਂ ਇਨ੍ਹਾਂ ਸਿਧਾਂਤਾਂ ਅਨੁਸਾਰ ਕਰਵਾਈਆਂ ਜਾਂਦੀਆਂ ਹਨ: (1) ਹਰੇਕ ਚੋਣ (2) ਗੁਪਤ ਵੋਟਾਂ (3) ਇਕ ਵੋਟਰ ਇਕ ਵੋਟ (4) ਸਧਾਰਣ ਬਹੁਮਤ ਜਿੱਤ ਪ੍ਰਣਾਲੀ (5) ਸਰਵਜਨਕ ਵਿਅਸਕ ਵੋਟ ਦਾ ਅਧਿਕਾਰ (ਪੁਰਸ਼ਾਂ ਅਤੇ ਇਸਤਰੀਆਂ ਦੀ ਉਮੀਦਵਾਰ ਬਣਨ ਦੀ ਘੱਟੋ-ਘੱਟ ਉਮਰ 18 ਸਾਲ ਦੀ ਹੈ-ਪਹਿਲਾਂ ਇਹ 21 ਸਾਲ ਦੀ ਹੁੰਦੀ ਸੀ) 25 ਸਾਲ

ਜਾਂ ਇਸ ਤੋਂ ਵਧੇਰੇ ਉਮਰ ਦੇ ਸਾਰੇ ਉਮੀਦਵਾਰ, ਲੋਕ ਸਭਾ ਦੀ ਚੋਣ ਲੜਨ ਦੇ ਯੋਗ ਹਨ। ਇਸ ਦਾ ਕਾਰਜਕਾਲ 5 ਸਾਲ ਹੈ ਪਰ ਰਾਸ਼ਟਰਪਤੀ, ਪ੍ਰਧਾਨ ਮੰਤਰੀ ਦੀ ਸਿਫਾਰਸ਼ 'ਤੇ ਇਸ ਨੂੰ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਵੀ ਭੰਗ ਕਰ ਸਕਦਾ ਹੈ।

ਰਾਜ ਸਭਾ ਸੰਸਦ ਦਾ ਉਪਰਲਾ ਅਤੇ ਅਪ੍ਰੱਖ ਰੂਪ ਵਿੱਚ ਚੋਣ ਸਦਨ ਹੈ, ਇਹ ਮੈਂਬਰ ਸੰਘ ਦੇ ਰਾਜਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਦੀ ਕੁਲ ਮੈਂਬਰਸ਼ਿਪ ਸੰਖਿਆ 250 ਹੈ। ਇਸ ਵਿੱਚੋਂ 238 ਮੈਂਬਰ ਰਾਜ ਵਿਧਾਨ ਸਭਾਵਾਂ ਵੱਲੋਂ ਅਨੁਪਾਤਿਕ ਪ੍ਰਤੀਨਿਧਤਾ ਦੀ ਪ੍ਰਣਾਲੀ ਨਾਲ ਚੁਣੇ ਜਾਂਦੇ ਹਨ ਅਤੇ 12 ਮੈਂਬਰ ਰਾਸ਼ਟਰਪਤੀ ਵੱਲੋਂ ਕਲਾ-ਵਿਗਿਆਨ ਅਤੇ ਸਾਹਿਤ ਦੇ ਖੇਤਰਾਂ ਦੇ ਪ੍ਰਤੀਸ਼ਠਤ ਵਿਅਕਤੀਆਂ ਵਿੱਚੋਂ ਚੁਣੇ ਜਾਂਦੇ ਹਨ। ਵਰਤਮਾਨ ਰਾਜ ਸਭਾ ਦੇ 240 ਮੈਂਬਰ ਹਨ। ਰਾਜ ਸਭਾ ਸੰਸਦ ਦਾ ਇਕ ਸਥਾਈ ਸਦਨ ਹੈ ਪਰ ਇਸ ਦੇ ਇਕ ਤਿਹਾਈ ਮੈਂਬਰ ਹਰੇਕ ਦੋ ਸਾਲ ਬਾਅਦ ਸੇਵਾਮੁਕਤ ਹੋ ਜਾਂਦੇ ਹਨ। ਹਰੇਕ ਮੈਂਬਰ ਦੇ ਅਹੁਦੇ ਦਾ ਕਾਰਜਕਾਲ 6 ਸਾਲ ਹੈ।

ਦੋਵਾਂ ਸਦਨਾਂ ਵਿੱਚੋਂ ਲੋਕ ਸਭਾ ਵਧੇਰੇ ਸ਼ਕਤੀਸ਼ਾਲੀ ਹੈ। ਇਸ ਕੋਲ ਹੀ ਅਸਲੀ ਵਿੱਤੀ ਸ਼ਕਤੀਆਂ ਹਨ ਅਤੇ ਕੇਵਲ ਇਹੀ ਮੰਤਰੀ ਮੰਡਲ ਨੂੰ ਹਟਾ ਸਕਦਾ ਹੈ। ਮੰਤਰੀ ਮੰਡਲ ਸਮੂਹਿਕ ਰੂਪ ਵਿੱਚ ਲੋਕ ਸਭਾ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ ਪਰ ਰਾਜ ਸਭਾ ਉਂਨੀ ਸ਼ਕਤੀਹੀਣ ਵੀ ਨਹੀਂ, ਜਿੰਨਾ ਕਿ ਬ੍ਰਿਟਿਸ਼ ਲਾਰਡ ਸਦਨ ਹੈ ਅਤੇ ਨਾ ਹੀ ਲੋਕ ਸਭਾ ਉਂਨੀ ਸ਼ਕਤੀਸ਼ਾਲੀ ਹੈ, ਜਿੰਨਾ ਕਿ ਬ੍ਰਿਟਿਸ਼ ਕਾਮਨ ਸਦਨ।

ਸੰਘੀ ਸੰਸਦ ਇਕ ਪ੍ਰਭੂਸੱਤਾ ਸੰਪਨ ਸੰਸਦ ਨਹੀਂ ਹੈ। ਇਹ ਸੰਵਿਧਾਨ ਦੇ ਅਧੀਨ ਗਠਿਤ ਕੀਤੀ ਜਾਂਦੀ ਹੈ ਅਤੇ ਇਹ ਕੇਵਲ ਉਨ੍ਹਾਂ ਸ਼ਕਤੀਆਂ ਦਾ ਇਸਤੇਮਾਲ ਕਰ ਸਕਦੀ ਹੈ ਜੋ ਕਿ ਇਸ ਨੂੰ ਸੰਵਿਧਾਨ ਦਿੱਤੀਆਂ ਹਨ।

13. **ਸੰਸਦੀ ਪ੍ਰਣਾਲੀ (Parliamentary System)** : ਭਾਰਤ ਦਾ ਸੰਵਿਧਾਨ ਕੇਂਦਰ ਅਤੇ ਰਾਜਾਂ ਵਿੱਚ ਸੰਸਦੀ ਪ੍ਰਣਾਲੀ ਦੀ ਵਿਵਸਥਾ ਕਰਦਾ ਹੈ। ਇਹ ਬ੍ਰਿਟਿਸ਼ ਸੰਸਦੀ ਪ੍ਰਣਾਲੀ 'ਤੇ ਅਧਾਰਿਤ ਹੈ। ਭਾਰਤ ਦਾ ਰਾਸ਼ਟਰਪਤੀ ਦੇਸ਼ ਦਾ ਸੰਵਿਧਾਨਿਕ ਮੁਖੀਆ ਹੈ, ਜਿਸ ਕੋਲ ਨਾਮਾਤਰ ਹੀ ਸ਼ਕਤੀਆਂ ਹਨ। ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਮੰਤਰੀ ਮੰਡਲ ਅਸਲੀ ਕਾਰਜ ਪਾਲਿਕਾ ਹੈ। ਮੰਤਰੀਆਂ ਦਾ ਸੰਸਦ ਦਾ ਮੈਂਬਰ ਹੋਣਾ ਜ਼ਰੂਰੀ ਹੈ। ਮੰਤਰੀ ਮੰਡਲ ਦੇ ਮੈਂਬਰ ਆਪਣੇ ਸਾਰੇ ਕੰਮਾਂ ਲਈ ਲੋਕ ਸਭਾ ਦੇ ਸਾਹਮਣੇ ਸਮੂਹਿਕ ਰੂਪ ਵਿੱਚ ਜ਼ਿੰਮੇਵਾਰ ਹੁੰਦੇ ਹਨ। ਲੋਕ ਸਭਾ ਵੱਲੋਂ ਬੇਭਰੋਸਗੀ ਪ੍ਰਸਤਾਵ ਪਾਸ ਕੀਤੇ ਜਾਣ 'ਤੇ ਮੰਤਰੀ ਪ੍ਰੀਸ਼ਦ ਪ੍ਰਣਾਲੀ ਮੰਤਰੀ ਪ੍ਰੀਸ਼ਦ ਨੂੰ ਇਹ ਅਧਿਕਾਰ ਹੈ ਕਿ ਇਹ ਰਾਸ਼ਟਰਪਤੀ ਨੂੰ ਲੋਕ ਸਭਾ ਭੰਗ ਕਰਨ ਦੀ ਸਿਫਾਰਸ਼ ਕਰ ਸਕਦੀ ਹੈ। ਤਿਆਗ ਪੱਤਰ ਦੇਣਾ ਪੈਂਦਾ ਹੈ, ਇਸੇ ਤਰ੍ਹਾਂ ਹਰੇਕ ਰਾਜ ਵਿੱਚ ਇਨ੍ਹਾਂ ਨਿਯਮਾਂ ਦੇ ਅਨੁਸਾਰ ਸਰਕਾਰ ਕੰਮ ਕਰਦੀ ਹੈ। ਇਸ ਤਰ੍ਹਾਂ ਸੰਸਦੀ ਪ੍ਰਣਾਲੀ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਭਾਰਤੀ ਸੰਵਿਧਾਨ ਵਿੱਚ ਸ਼ਾਮਿਲ ਹਨ ਪਰ ਅੱਜ-ਕੱਲ੍ਹ ਇਸ ਵਿਸ਼ੇ 'ਤੇ ਚਰਚਾ ਵੀ ਚੱਲ ਰਹੀ ਹੈ ਕਿ ਸੰਸਦੀ ਪ੍ਰਣਾਲੀ ਦੀ ਜਗ੍ਹਾ 'ਤੇ ਭਾਰਤ ਵਿੱਚ ਪ੍ਰਧਾਨਗੀ ਸਵਰੂਪ ਦੀ ਲਿਆਂਦੀ ਜਾਣੀ ਚਾਹੀਦੀ ਹੈ ਕਿ ਨਹੀਂ। ਤ੍ਰਿਸ਼ੰਕੂ ਸੰਸਦਾਂ ਦੇ ਹੋਂਦ ਵਿੱਚ ਆਉਣ ਦੇ ਯੁੱਗ ਅਤੇ ਭਾਰਤੀ ਦਲ ਪ੍ਰਣਾਲੀ ਦੀ ਤਰਲਤਾ ਨੇ ਕੁਝ ਵਿਦਵਾਨਾਂ 'ਤੇ ਇਹ ਪ੍ਰਭਾਵ ਪਾਇਆ ਹੈ ਕਿ ਉਹ ਪ੍ਰਧਾਨਗੀ ਦੇ ਤੌਰ 'ਤੇ ਸਰਕਾਰ ਦੀ ਵਕਾਲਤ ਕਰਨ ਲੱਗੇ ਹਨ, ਜਿਸ ਨਾਲ ਕੁਝ ਨਿਸ਼ਚਿਤ ਸਮੇਂ ਲਈ ਇਕ ਸਥਿਰ ਸਰਕਾਰ ਹੋਂਦ ਵਿੱਚ ਆ ਸਕੇ। ਮਈ-ਜੂਨ, 1996 : ਅਪ੍ਰੈਲ 1997 ਮਾਰਚ, 1998 : ਅਪ੍ਰੈਲ, 1999 ਅਤੇ ਮਈ 2004 ਵਿੱਚ ਰਾਸ਼ਟਰ ਸਰਕਾਰ ਬਣਾਉਣ ਵਿੱਚ ਪੇਸ਼ ਆਈਆਂ ਕਠਿਨਾਈਆਂ ਵਿੱਚ ਇਕ ਵਾਰ ਫਿਰ ਵਰਤਮਾਨ ਸੰਸਦੀ ਪ੍ਰਣਾਲੀ ਵਿੱਚ ਪ੍ਰਧਾਨਗੀ ਪ੍ਰਣਾਲੀ ਦੇ ਘੱਟੋ-ਘੱਟ ਕੁਝ ਤੱਤ ਅਪਨਾਉਣ ਦੀ ਮੰਗ ਨੂੰ ਦ੍ਰਿੜ ਕੀਤਾ ਹੈ ਪਰ ਇਸ ਵਿਚਾਰ ਨੂੰ ਰਾਸ਼ਟਰੀ ਮਨਜ਼ੂਰੀ ਅਜੇ ਬਾਕੀ ਹੈ।

14. **ਵਿਅਸਕ ਵੋਟ ਦਾ ਅਧਿਕਾਰ (Adult-Sufferage)** : ਭਾਰਤ ਦਾ ਸੰਵਿਧਾਨ ਸਾਰੇ ਵਿਅਸਕਾਂ ਨੂੰ ਵੋਟ ਦਾ ਅਧਿਕਾਰ ਪ੍ਰਦਾਨ ਕਰਨਾ ਹੈ। ਪ੍ਰੋ. ਸ਼੍ਰੀਨਿਵਾਸਨ ਲਿਖਦੇ ਹਨ, "ਕਿਸੇ ਵੀ ਯੋਗਤਾ ਦੀ ਸ਼ਰਤ ਰੱਖੇ ਬਿਨਾਂ ਸਾਰੇ ਵਿਅਸਕਾਂ ਨੂੰ ਵੋਟ ਦਾ ਅਧਿਕਾਰ ਦੇਣਾ ਸੰਵਿਧਾਨ ਨਿਰਮਾਣ ਸਭਾ ਵੱਲੋਂ ਚੁੱਕੇ ਗਏ ਸਭ ਤੋਂ ਵਧੇਰੇ ਮਹੱਤਵਪੂਰਨ ਕਦਮਾਂ ਵਿੱਚੋਂ ਇਕ ਹੈ ਅਤੇ ਇਹ ਇਕ ਵਿਸ਼ਵਾਸ ਦੀ ਕਾਰਵਾਈ ਹੈ। ਭਾਰਤ ਸਰਕਾਰ ਦੇ ਅਧੀਨਿਯਮ 1935 ਦੇ ਅਧੀਨ ਕੁਲ ਜਨਸੰਖਿਆ ਦੇ ਕੇਵਲ 14 ਪ੍ਰਤੀਸ਼ਤ ਲੋਕਾਂ ਨੂੰ ਹੀ ਵੋਟ ਦੇਣ ਦਾ ਅਧਿਕਾਰ ਸੀ ਅਤੇ ਇਸਤਰੀਆਂ ਦਾ ਕੁਲ ਵੋਟਾਂ ਵਿੱਚ ਭਾਗ ਨਾਮਾਤਰ ਦਾ ਹੀ ਸੀ। ਹੁਣ ਭਾਰਤੀ ਸੰਵਿਧਾਨ ਦੇ ਅਧੀਨ ਇਸਤਰੀਆਂ ਅਤੇ ਪੁਰਸ਼ ਦੋਵਾਂ ਨੂੰ ਵੋਟ ਦਾ ਬਰਾਬਰ ਅਧਿਕਾਰ ਹੈ, ਹੁਣ ਵੋਟ ਦੇ ਅਧਿਕਾਰ ਲਈ ਉਮਰ ਹੱਦ 21 ਸਾਲ ਤੋਂ ਘਟਾ ਕੇ 18 ਸਾਲ ਕੀਤੀ ਜਾ ਚੁੱਕੀ ਹੈ। 18 ਸਾਲ ਤੋਂ ਉੱਪਰ ਦੀ ਉਮਰ ਦੇ ਸਾਰੇ ਭਾਰਤੀਆਂ ਨੂੰ ਚੋਣਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੈ।

15. **ਇਕ ਅਖੰਡਤਾ ਰਾਜ ਦੇ ਨਾਲ ਇਕੱਲੀ ਨਾਗਰਿਕਤਾ ਦੇ ਨਾਲ ਇਕੱਠੇ ਰਾਜ (Single Integrated Polity with Single Citizenship)** : ਭਾਰਤੀ ਸੰਵਿਧਾਨ ਸਾਰੇ ਰਾਜਾਂ ਨੂੰ ਬਰਾਬਰ ਰੂਪ ਵਿੱਚ ਭਾਰਤੀ ਸੰਘ ਦਾ ਭਾਗ ਬਣਾਉਂਦਾ ਹੈ। "ਸਾਡਾ ਗਣਤੰਤਰ ਸਲਤਨਤਾਂ ਦਾ ਗਠਬੰਧਨ ਨਹੀਂ ਹੈ, ਬਲਕਿ ਇਹ ਇਕ ਅਸਲੀ ਸੰਘ ਹੈ, ਜਿਸ ਨੂੰ ਭਾਰਤ ਦੇ ਲੋਕਾਂ ਨੇ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਰੱਖ ਕੇ ਪ੍ਰਭੂਸੱਤਾ ਦੇ ਮੌਲਿਕ ਸੰਕਲਪ ਦੇ ਅਧਾਰ 'ਤੇ ਸਥਾਪਿਤ ਕੀਤਾ ਹੈ। ਸਾਰੇ ਨਾਗਰਿਕਾਂ ਨੂੰ ਇਕ ਬਰਾਬਰ ਨਾਗਰਿਕਤਾ ਪ੍ਰਦਾਨ ਕੀਤੀ ਗਈ ਹੈ ਜੋ ਕਿ ਉਨ੍ਹਾਂ ਨੂੰ ਇਕ ਬਰਾਬਰ ਅਧਿਕਾਰ ਅਤੇ ਸੁਤੰਤਰਤਾ ਤੇ ਰਾਜ ਪ੍ਰਸ਼ਾਸਨ ਦੀ ਇਕ ਅਜਿਹੀ ਸੁਰੱਖਿਆ ਪ੍ਰਦਾਨ ਕਰਦੀ ਹੈ।" ਹੁਣ ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕਾਂ, ਜੋ ਕਿ 26 ਜਨਵਰੀ, 1950 ਤੋਂ ਬਾਅਦ ਵਿਦੇਸ਼ਾਂ ਵਿੱਚ ਜਾ ਕੇ ਵਸ ਗਏ ਹਨ, ਜਿਨ੍ਹਾਂ ਨੇ ਦੂਸਰੇ ਦੇਸ਼ਾਂ ਦੀ ਨਾਗਰਿਕਤਾ ਪ੍ਰਾਪਤ ਕਰ ਲਈ ਹੈ, ਨੂੰ ਵੀ ਭਾਰਤ ਦੀ

ਨੋਟ

ਨਾਗਰਿਕਤਾ ਦੇਣ ਦਾ ਫੈਸਲਾ ਲਿਆ ਹੈ। ਹੁਣ ਉਹ ਦੋਹਰੀ ਨਾਗਰਿਕਤਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੂੰ ਆਪਣੀ ਵਰਤਮਾਨ ਨਾਗਰਿਕਤਾ ਦੇ ਨਾਲ-ਨਾਲ ਭਾਰਤੀ ਨਾਗਰਿਕਤਾ ਵੀ ਪ੍ਰਾਪਤ ਹੋ ਜਾਵੇਗੀ। ਉਹ ਦੋਹਰੀ ਨਾਗਰਿਕਤਾ ਦੀ ਪ੍ਰਾਪਤੀ ਦੇ ਅਧਿਕਾਰੀ ਹੋ ਜਾਣਗੇ। ਉਨ੍ਹਾਂ ਨੂੰ ਭਾਰਤ ਵਿੱਚ ਨਾਗਰਿਕ ਅਤੇ ਆਰਥਿਕ ਅਧਿਕਾਰ ਪ੍ਰਾਪਤ ਹੋ ਜਾਣਗੇ ਪਰ ਉਨ੍ਹਾਂ ਨੂੰ ਰਾਜਨੀਤਿਕ ਅਧਿਕਾਰ ਪ੍ਰਾਪਤ ਨਹੀਂ ਹੋਣਗੇ।

16. **ਇਕੱਲੀ ਏਕੀਕ੍ਰਿਤ ਨਿਆ ਪਾਲਿਕਾ (Single Integrate Judiciary)**: ਇੱਥੇ ਅਮਰੀਕੀ ਸੰਵਿਧਾਨ, ਕੇਵਲ ਸੰਘੀ ਨਗਰ ਪਾਲਿਕਾ ਸਥਾਪਿਤ ਕਰਦਾ ਹੈ ਅਤੇ ਰਾਜ ਨਿਆ ਪਾਲਿਕਾ ਪ੍ਰਣਾਲੀ ਨੂੰ ਹਰੇਕ ਰਾਜ ਦੇ ਸੰਵਿਧਾਨ 'ਤੇ ਛੱਡ ਦਿੰਦਾ ਹੈ, ਉੱਥੇ ਉਲਟ ਭਾਰਤ ਦਾ ਸੰਵਿਧਾਨ ਇਕ ਇਕਹਿਰੀ ਨਿਆ ਪਾਲਿਕਾ ਦੀ ਵਿਵਸਥਾ ਕਰਦਾ ਹੈ, ਜਿਸ ਵਿੱਚ ਸਰਵਉੱਚ ਅਦਾਲਤ ਉੱਚ ਪੱਧਰ ਦੀ ਅਦਾਲਤ ਹੈ। ਉੱਚ ਅਦਾਲਤ ਰਾਜ ਪੱਧਰ 'ਤੇ ਹੈ ਅਤੇ ਬਾਕੀ ਅਦਾਲਤ ਉੱਚ ਅਦਾਲਤ ਦੇ ਅਧੀਨ ਕੰਮ ਕਰਦੀ ਹੈ। ਸਰਵਉੱਚ ਅਦਾਲਤ ਦੇਸ਼ ਵਿੱਚ ਨਿਆ ਦੀ ਆਖਰੀ ਅਦਾਲਤ ਹੈ। ਇਹ ਭਾਰਤ ਵਿੱਚ ਨਿਆਇਕ ਪ੍ਰਸ਼ਾਸਨ ਚਲਾਉਂਦਾ ਹੈ ਅਤੇ ਇਸ 'ਤੇ ਕੰਟਰੋਲ ਰੱਖਦਾ ਹੈ।

17. **ਨਿਆ ਪਾਲਿਕਾ ਦੀ ਸੁਤੰਤਰਤਾ (Independence of the Judiciary)** : ਭਾਰਤੀ ਸੰਵਿਧਾਨ ਨਿਆ ਪਾਲਿਕਾ ਨੂੰ ਪੂਰਨ ਤੌਰ 'ਤੇ ਸੁਤੰਤਰ ਬਣਾਉਂਦਾ ਹੈ। ਇਹ ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੋ ਜਾਂਦਾ ਹੈ: (ਕ) ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ। (ਖ) ਉੱਚ ਕਾਨੂੰਨੀ ਯੋਗਤਾਵਾਂ ਅਤੇ ਅਨੁਭਵ ਵਾਲੇ ਵਿਅਕਤੀਆਂ ਨੂੰ ਹੀ ਜੱਜ ਨਿਯੁਕਤ ਕੀਤਾ ਜਾਂਦਾ ਹੈ। (ਗ) ਸਰਵਉੱਚ ਅਦਾਲਤ ਦੇ ਜੱਜਾਂ ਨੂੰ ਬਹੁਤ ਹੀ ਔਖੀ ਪ੍ਰਕਿਰਿਆ ਨਾਲ ਹੀ ਉਨ੍ਹਾਂ ਦੇ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। (ਘ) ਜੱਜਾਂ ਅਤੇ ਨਿਆਇਕ ਕਰਮਚਾਰੀਆਂ ਦੀ ਤਨਖਾਹ ਭਾਰਤ ਦੀ ਸੰਚਿਤ ਨਿਧੀ ਵਿੱਚੋਂ ਦਿੱਤੇ ਜਾਂਦੇ ਹਨ ਅਤੇ ਇਨ੍ਹਾਂ ਲਈ ਵਿਧਾਨ ਪਾਲਿਕਾ ਦੀ ਵੋਟ ਜ਼ਰੂਰੀ ਨਹੀਂ ਹੁੰਦੀ। (ਙ) ਸਰਵਉੱਚ ਅਦਾਲਤ ਨੂੰ ਇਹ ਅਧਿਕਾਰ ਹੈ ਕਿ ਉਹ ਆਪਣੀ ਸੁਤੰਤਰਤਾ ਬਣਾਈ ਰੱਖਣ ਲਈ ਆਪਣਾ ਨਿਆਇਕ ਪ੍ਰਸ਼ਾਸਨ ਖੁਦ ਚਲਾਵੇ। (ਚ) ਸਰਵਉੱਚ ਅਦਾਲਤ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਨਿਯੁਕਤੀ ਮੁੱਖ ਜੱਜ ਅਧਿਕਾਰਨ ਜਾਂ ਕਿਸੇ ਹੋਰ ਜੱਜ ਜਾਂ ਅਧਿਕਾਰ ਨਾਲ, ਜਿਸ ਨੂੰ ਕਿ ਉਸ ਨੂੰ ਉਦੇਸ਼ ਬਣਾਇਆ ਗਿਆ ਹੈ, ਨਾਲ ਕੀਤੀ ਜਾਂਦੀ ਹੈ। ਭਾਰਤੀ ਨਿਆ ਪਾਲਿਕਾ ਨੇ ਹਮੇਸ਼ਾ ਹੀ ਇਕ ਸੁਤੰਤਰ ਨਿਆ ਪਾਲਿਕਾ ਵਾਂਗ ਕੰਮ ਕੀਤਾ ਹੈ।

18. **ਨਿਆਇਕ ਪੁਨਰ ਨਿਰੀਖਣ (Judical Review)** : ਸੰਵਿਧਾਨ ਦੇਸ਼ ਦਾ ਸਰਵਉੱਚ ਕਾਨੂੰਨ ਹੈ। ਸਰਵਉੱਚ ਅਦਾਲਤ, ਇਸ ਦੀ ਸੁਰੱਖਿਆ ਅਤੇ ਵਿਆਖਿਆ ਕਰਦਾ ਹੈ। ਇਹ ਲੋਕਾਂ ਦੇ ਮੌਲਿਕ ਅਧਿਕਾਰਾਂ ਪਹਿਰੀ ਦੇ ਰੂਪ ਵਿੱਚ ਵੀ ਕੰਮ ਕਰਦਾ ਹੈ। ਇਸ ਉਦੇਸ਼ ਲਈ ਉਹ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦਾ ਇਸਤੇਮਾਲ ਕਰਦਾ ਹੈ। ਇਸ ਨਾਲ ਸਰਵਉੱਚ ਅਦਾਲਤ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਦੇ ਸਾਰੇ ਕੰਮਾਂ ਦੇ ਸੰਵਿਧਾਨਿਕ ਰੂਪ ਵਿੱਚ ਸਹੀ ਹੋਣ ਸਬੰਧੀ ਫੈਸਲਾ ਕਰਦਾ ਹੈ। ਜੇਕਰ ਸੰਸਦ ਦੇ ਕਾਨੂੰਨ ਜਾਂ ਕਾਰਜ ਪਾਲਿਕਾ ਦੇ ਕੰਮਾਂ ਨੂੰ ਸਰਵਉੱਚ ਅਦਾਲਤ ਵਿੱਚ ਚੁਣੌਤੀ ਦਿੱਤੀ ਜਾਵੇ ਅਤੇ ਇਸ ਨੂੰ ਇਹ ਗੈਰ-ਸੰਵਿਧਾਨਿਕ ਮੰਨੇ ਤਾਂ ਉਹ ਉਨ੍ਹਾਂ ਨੂੰ ਰੱਦ ਕਰ ਸਕਦਾ ਹੈ। ਪਿਛਲੇ ਸਮੇਂ ਤੋਂ ਸਰਵਉੱਚ ਅਦਾਲਤ ਇਸ ਅਧਿਕਾਰ ਦਾ ਸਰਗਰਮ ਕੁਸ਼ਲਤਾ ਨਾਲ ਇਸਤੇਮਾਲ ਕਰਦਾ ਆ ਰਿਹਾ ਹੈ ਅਤੇ ਇਸ ਨੇ ਅਲੱਗ-ਅਲੱਗ ਸੰਵਿਧਾਨਿਕ ਮਾਮਲਿਆਂ, ਗੋਲਕ ਨਾਥ ਕੇਸ, ਕੇਸ਼ਵਾਨੰਦ ਭਾਰਤੀ ਕੇਸ, ਮਿਨਰਵਾ ਮਿਲਜ਼ ਕੇਸ, ਗੋਪਾਲਨ ਕੇਸ ਅਤੇ ਕਈ ਹੋਰ ਕੇਸਾਂ ਵਿੱਚ ਇਤਿਹਾਸਿਕ ਫੈਸਲੇ ਦਿੱਤੇ ਹਨ। ਰਾਜਾਂ ਦੇ ਉੱਚ ਅਦਾਲਤ ਰਾਜ ਕਾਨੂੰਨਾਂ ਨਾਲ ਸਬੰਧਿਤ ਅਜਿਹੀਆਂ ਸ਼ਕਤੀਆਂ ਦਾ ਇਸਤੇਮਾਲ ਕਰਦੇ ਹਨ।

ਸੰਵਿਧਾਨ ਆਪਣੇ ਕਿਸੇ ਵੀ ਅਨੁਛੇਦ ਦੇ ਅਧੀਨ ਨਿਆਇਕ ਪੁਨਰ ਨਿਰੀਖਣ ਦਾ ਅਧਿਕਾਰ ਪ੍ਰਤੱਖ ਰੂਪ ਵਿੱਚ ਨਹੀਂ ਦਿੰਦਾ। ਫਿਰ ਵੀ ਇਹ ਸੰਵਿਧਾਨ ਦੇ ਕਈ ਅਨੁਛੇਦਾਂ ਵਿਸ਼ੇਸ਼ ਰੂਪ ਵਿੱਚ ਅਨੁਛੇਦਾਂ 13, 32 ਅਤੇ 226 'ਤੇ ਅਧਾਰਿਤ ਹੈ। ਸੰਵਿਧਾਨ ਦੀ ਇਹ ਵਿਸ਼ੇਸ਼ਤਾ ਅਮਰੀਕੀ ਸੰਵਿਧਾਨ ਵਿੱਚ ਵਿਸ਼ੇਸ਼ਤਾ ਵਰਗੀ ਹੈ।

19. **ਨਿਆਇਕ ਸਰਗਰਮੀ (Judicial Activism)** : ਇਸ ਸਮੇਂ ਭਾਰਤੀ ਨਿਆ ਪਾਲਿਕਾ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਜ਼ਿਆਦਾ ਤੋਂ ਜ਼ਿਆਦਾ ਸਰਗਰਮ ਹੋ ਰਹੀ ਹੈ। ਸਰਵਜਨਕ ਹਿੱਤ ਮੁਕੱਦਮਾ ਪ੍ਰਣਾਲੀ (PIL) ਦੇ ਨਾਲ ਅਤੇ ਇਸ ਦੇ ਨਾਲ ਆਪਣੀਆਂ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਦੇ ਜ਼ਿਆਦਾ ਤੋਂ ਜ਼ਿਆਦਾ ਇਸਤੇਮਾਲ ਨਾਲ ਹੁਣ ਸਰਵਜਨਕ ਹਿੱਤਾਂ ਦੀ ਪ੍ਰਾਪਤੀ ਲਈ ਵਧੇਰੇ ਸਰਗਰਮ ਹੋ ਰਹੀ ਹੈ। ਸਰਵਜਨਕ ਹਿੱਤ ਮੁਕੱਦਮਾ (PIL) ਦੇ ਅਧੀਨ ਜੱਜ ਸਰਵਜਨਕ ਹਿੱਤਾਂ ਦੀ ਪ੍ਰਾਪਤੀ ਲਈ ਆਪਣੇ ਆਪ (Suo Moto) ਕਾਰਵਾਈ ਕਰ ਸਕਦੇ ਹਨ। ਮਈ 1995 ਵਿੱਚ ਅਤੇ ਫਿਰ ਜੁਲਾਈ 2003 ਵਿੱਚ ਭਾਰਤੀ ਸਰਵਉੱਚ ਅਦਾਲਤ ਦੇ ਰਾਜ ਨੂੰ ਕਿਹਾ ਕਿ ਉਹ ਸਮੁੱਚੇ ਭਾਰਤ ਲਈ ਅਤੇ ਸਾਰੇ ਭਾਰਤੀਆਂ ਲਈ ਬਰਾਬਰ ਨਾਗਰਿਕਤਾ ਸੰਹਿਤਾ ਲਾਗੂ ਕਰਨ ਦਾ ਯਤਨ ਕਰੇ, ਜਿਵੇਂ ਕਿ ਸੰਵਿਧਾਨ ਦੇ ਅਨੁਛੇਦ 44 ਵਿੱਚ ਕਰਨ ਲਈ ਕਿਹਾ ਗਿਆ ਹੈ। ਨਿਆਇਕ ਸਰਗਰਮੀ ਭਾਰਤੀ ਨਿਆ ਪ੍ਰਣਾਲੀ ਦੀ ਇਕ ਉੱਤਮ ਵਿਸ਼ੇਸ਼ਤਾ ਹੈ।

20. **ਸੰਕਟ ਕਾਲ ਸਥਿਤੀ ਵਿੱਚ ਸਬੰਧਿਤ ਵਿਵਸਥਾਵਾਂ (Emergency Provisions)** : ਵੇਮਰ ਗਣਰਾਜ (ਜਰਮਨੀ) ਦੇ ਸੰਵਿਧਾਨ ਦੇ ਬਰਾਬਰ ਹੀ ਭਾਰਤੀ ਸੰਵਿਧਾਨ ਵਿੱਚ ਵੀ ਸੰਕਟ ਕਾਲ ਸਥਿਤੀ ਨਾਲ ਨਿਪਟਣ ਲਈ ਵਿਵਸਥਾਵਾਂ ਕੀਤੀਆਂ

ਨੋਟ

ਗਈਆਂ ਹਨ, ਇਹ ਤਿੰਨ ਤਰ੍ਹਾਂ ਦੀਆਂ ਸੰਕਟ ਕਾਲ ਸਥਿਤੀਆਂ ਨੂੰ ਪਹਿਚਾਣਦਾ ਹੈ ਅਤੇ ਭਾਰਤ ਦੇ ਰਾਸ਼ਟਰਪਤੀ ਨੂੰ ਇਨ੍ਹਾਂ ਦਾ ਸਾਹਮਣਾ ਕਰਨ ਦੀ ਸ਼ਕਤੀ ਸੌਂਪਦਾ ਹੈ। ਇਸ ਲਈ ਇਨ੍ਹਾਂ ਨੂੰ ਰਾਸ਼ਟਰਪਤੀ ਦੀ ਸੰਕਟ ਕਾਲੀਨ ਸ਼ਕਤੀਆਂ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ।

ਸੰਵਿਧਾਨ ਤਿੰਨ ਤਰ੍ਹਾਂ ਦੀਆਂ ਸੰਕਟ ਕਾਲੀਨ ਸਥਿਤੀਆਂ ਦਾ ਵਰਨਣ ਕਰਦਾ ਹੈ:

(1) ਰਾਸ਼ਟਰੀ ਸੰਕਟ ਕਾਲੀਨ ਸਥਿਤੀ ਅਨੁਛੇਦ 352 ਭਾਵ ਯੁੱਧ ਜਾਂ ਵਿਦੇਸ਼ੀ ਹਮਲੇ ਜਾਂ ਭਾਰਤ ਦੇ ਵਿਰੁੱਧ ਵਿਦੇਸ਼ੀ ਹਮਲੇ ਦੇ ਖਤਰੇ ਜਾਂ ਭਾਰਤ ਵਿੱਚ ਜਾਂ ਇਸ ਦੇ ਕਿਸੇ ਹਿੱਸੇ ਵਿੱਚ ਸਸ਼ਸਤਰ ਵਿਦਰੋਹ ਦੇ ਨਤੀਜੇ ਦੇ ਰੂਪ ਵਿੱਚ ਪੈਦਾ ਹੋਈ ਸੰਕਟ ਕਾਲੀਨ ਸਥਿਤੀ।

(2) ਕਿਸੇ ਰਾਜ ਵਿੱਚ ਸੰਕਟ ਕਾਲ ਦੀ ਸਥਿਤੀ ਅਨੁਛੇਦ 356 ਭਾਵ ਕਿਸੇ ਵੀ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋ ਜਾਣ ਦੇ ਨਤੀਜੇ ਵਜੋਂ ਪੈਦਾ ਸੈਕਟ ਕਾਲ ਦੀ ਸਥਿਤੀ ਅਤੇ

(3) ਵਿੱਤੀ ਸੰਕਟ ਕਾਲ ਸਥਿਤੀ (ਅਨੁਛੇਦ 360) ਭਾਵ ਭਾਰਤ ਦੀ ਵਿੱਤੀ ਸਥਿਰਤਾ ਵਿੱਚ ਖਤਰੇ ਦੀ ਸਥਿਤੀ ਸਵਰੂਪ ਪੈਦਾ ਹੋਈ ਸੰਕਟ ਕਾਲੀਨ ਸਥਿਤੀ।

ਭਾਰਤ ਦੇ ਰਾਸ਼ਟਰਪਤੀ ਨੂੰ ਇਨ੍ਹਾਂ ਸੰਕਟ ਕਾਲ ਦੀਆਂ ਸਥਿਤੀਆਂ ਤੋਂ ਨਿਪਟਣ ਲਈ ਸਹੀ ਕਦਮ ਚੁੱਕਣ ਦੇ ਅਧਿਕਾਰ ਹਨ ਪਰ ਅਸਲ ਵਿੱਚ ਰਾਸ਼ਟਰਪਤੀ ਦੇ ਇਹ ਅਧਿਕਾਰ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੇ ਅਧਿਕਾਰ ਹੈ।

ਰਾਸ਼ਟਰੀ ਸੰਕਟ ਕਾਲ ਦੀ ਸਥਿਤੀ ਵਿੱਚ ਅਸਲੀ ਰੂਪ ਵਿੱਚ ਸਾਰੀ ਸ਼ਾਸਨ ਪ੍ਰਣਾਲੀ ਏਕਾਤਮਕ ਬਣ ਜਾਂਦੀ ਹੈ ਅਤੇ ਰਾਸ਼ਟਰਪਤੀ ਅਨੁਛੇਦ 19 ਵਿੱਚ ਸ਼ਾਮਿਲ ਮੌਲਿਕ ਅਧਿਕਾਰਾਂ ਅਤੇ ਸੰਵਿਧਾਨਾਂ ਦੇ ਅਨੁਛੇਦਾਂ 32 ਅਤੇ 226 ਦੇ ਅਧੀਨ ਉਨ੍ਹਾਂ ਨੂੰ ਲਾਗੂ ਕਰਨ ਦੀ ਵਿਵਸਥਾ ਨੂੰ ਰੱਦ ਕਰ ਸਕਦਾ ਹੈ ਪਰ ਸੰਕਟ ਕਾਲੀਨ ਸਥਿਤੀ ਵਿੱਚ ਸ਼ਕਤੀ ਇਸਤੇਮਾਲ ਕਰਨ ਦੇ ਸਬੰਧ ਵਿੱਚ ਕੁਝ ਵਿਸ਼ੇਸ਼ ਨਿਰਧਾਰਿਤ ਨਿਯਮ ਅਤੇ ਕਈ ਹੱਦਾਂ ਲਗਾਈਆਂ ਗਈਆਂ ਹਨ। ਰਾਸ਼ਟਰਪਤੀ ਕੇਵਲ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਲਿਖਤੀ ਸਿਫਾਰਸ਼ 'ਤੇ ਹੀ ਸੰਕਟ ਕਾਲੀਨ ਸਥਿਤੀ ਦਾ ਐਲਾਨ ਕਰ ਸਕਦਾ ਹੈ। ਰਾਸ਼ਟਰੀ ਸੰਕਟ ਕਾਲ ਦੀ ਸਥਿਤੀ ਵਿੱਚ, (ਇਹ ਵਿਵਸਥਾ 44ਵੀਂ ਸੋਧ ਨਾਲ ਕੀਤੀ ਗਈ ਹੈ।) ਹਰੇਕ ਸੰਕਟ ਕਾਲੀਨ ਸਥਿਤੀ ਦੇ ਲਾਗੂ ਕਰਨੇ ਦੇ ਐਲਾਨ ਨੂੰ ਇਕ ਨਿਰਧਾਰਿਤ ਸਮੇਂ ਵਿੱਚ ਸੰਸਦ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੁੰਦੀ ਹੈ। 1952 ਤੋਂ ਲੈ ਕੇ ਰਾਸ਼ਟਰਪਤੀ ਵੱਲੋਂ ਰਾਸ਼ਟਰੀ ਸੰਕਟ ਕਾਲੀਨ ਸ਼ਕਤੀਆਂ (ਰਾਸ਼ਟਰੀ ਸੰਕਟ ਕਾਲ ਸਥਿਤੀ ਅਤੇ ਸੰਵਿਧਾਨਿਕ ਸੰਕਟ ਕਾਲ ਸਥਿਤੀ) ਦਾ ਇਸਤੇਮਾਲ ਕਈ ਵਾਰ ਕੀਤਾ ਜਾ ਚੁੱਕਾ ਹੈ।

ਸੰਕਟ ਕਾਲੀਨ ਸ਼ਕਤੀਆਂ ਦਾ ਉਦੇਸ਼ ਲੋਕਾਂ ਅਤੇ ਰਾਜ ਦੇ ਹਿੱਤਾਂ ਦੀ ਰੱਖਿਆ ਕਰਨਾ ਹੈ ਅਤੇ ਇਸ ਲਈ ਇਨ੍ਹਾਂ ਦਾ ਵਿਰੋਧ ਨਹੀਂ ਕੀਤਾ ਜਾ ਸਕਦਾ ਪਰ ਇਹ ਸੰਭਾਵਨਾ ਬਣੀ ਰਹਿੰਦੀ ਹੈ ਕਿ ਕੇਂਦਰੀ ਨਿਆ ਪਾਲਿਕਾ (ਸਰਕਾਰ) ਰਾਜਨੀਤਿਕ ਉਦੇਸ਼ਾਂ ਲਈ ਉਨ੍ਹਾਂ ਦਾ ਦੁਰਉਪਯੋਗ ਕਰ ਸਕਦੀ ਹੈ, ਵਿਸ਼ੇਸ਼ ਰੂਪ ਵਿੱਚ ਅਨੁਛੇਦ 356 ਦਾ ਕੇਂਦਰ ਦੁਰਉਪਯੋਗ ਕੀਤਾ ਜਾ ਸਕਦਾ ਹੈ। 1975 ਵਿੱਚ ਅੰਦਰਲੇ ਕਾਰਨਾਂ ਨਾਲ ਸੰਕਟ ਕਾਲ ਸਥਿਤੀ ਲਾਗੂ ਕਰਨਾ ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਕੀਤੀ ਗਈ ਇਕ ਸੱਤਾਵਾਦੀ ਕਾਰਵਾਈ ਹੀ ਸੀ ਅਤੇ ਇਸ ਕਾਰਵਾਈ ਲਈ ਲੋਕਾਂ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਕਾਂਗਰਸ ਪਾਰਟੀ ਨੂੰ 1977 ਦੀਆਂ ਚੋਣਾਂ ਵਿੱਚ ਬੁਰੀ ਤਰ੍ਹਾਂ ਹਰਾ ਕੇ ਸਜ਼ਾ ਦਿੱਤੀ। ਇਸ ਕਾਰਨ ਕੇਂਦਰ ਸਰਕਾਰ ਵੱਲੋਂ ਸੰਵਿਧਾਨਿਕ ਸੰਕਟ ਕਾਲੀਨ ਸਥਿਤੀ ਦੀ ਵਿਵਸਥਾ ਦਾ ਇਸਤੇਮਾਲ ਕੁਝ ਪ੍ਰਸਥਿਤੀਆਂ ਵਿੱਚ ਨਿਸ਼ਚਿਤ ਹੀ ਸਵੈ-ਇਛੁੱਕ ਰੂਪ ਵਿੱਚ ਕੀਤਾ ਜਾਂਦਾ ਹੈ ਅਤੇ ਸੰਵਿਧਾਨਿਕ ਪ੍ਰਤੀਬੰਦਾਂ ਦੇ ਬਾਵਜੂਦ ਸੰਕਟ ਕਾਲੀਨ ਸ਼ਕਤੀਆਂ ਦੀ ਵਿਵਸਥਾ ਦਾ ਦੁਰਉਪਯੋਗ ਕੀਤਾ ਜਾ ਸਕਦਾ ਹੈ ਪਰ ਸੰਕਟ ਕਾਲ ਨਾਲ ਸਬੰਧਿਤ ਵਿਵਸਥਾ ਨੂੰ ਸੰਵਿਧਾਨ ਵਿੱਚ ਸ਼ਾਮਿਲ ਕਰਨ ਨੂੰ ਕਿਸੇ ਵੀ ਤਰ੍ਹਾਂ ਸੰਵਿਧਾਨ ਨਿਰਮਾਣ ਸਭਾ ਦੀ ਗੈਰ-ਜ਼ਰੂਰੀ ਅਤੇ ਲੋਕਤੰਤਰ ਵਿਰੋਧੀ ਕਾਰਵਾਈ ਨਹੀਂ ਕਿਹਾ ਜਾ ਸਕਦਾ। ਇਹ ਰਾਸ਼ਟਰੀ ਸੁਰੱਖਿਆ, ਸ਼ਾਂਤੀ ਦੇ ਹਿੱਤ ਵਿੱਚ ਸੰਵਿਧਾਨ 'ਚ ਸ਼ਾਮਿਲ ਕੀਤੀ ਗਈ ਹੈ। ਜ਼ਰੂਰਤ ਇਨ੍ਹਾਂ ਨੂੰ ਖਤਮ ਕਰਨ ਦੀ ਨਹੀਂ, ਸਗੋਂ ਇਸ ਦਾ ਠੀਕ-ਠੀਕ ਕਰਨ ਦੀ ਹੈ। ਉਪਰੋਕਤ ਅਮਰ ਨੰਦੀ ਠੀਕ ਹੀ ਕਹਿੰਦੇ ਹਨ "ਰਾਸ਼ਟਰੀ ਸੰਕਟ ਕਾਲੀਨ ਸਥਿਤੀ ਨਾਲ ਨਿਪਟਣ ਲਈ ਕੇਂਦਰੀ ਕਾਰਜ ਪਾਲਿਕਾ ਨੂੰ ਦਿੱਤੇ ਗਏ ਅਧਿਕਾਰ, ਇਕ ਢੰਗ ਨਾਲ ਸੌਂਪੇ ਗਏ ਕਾਰਤੂਸਾਂ ਦੀ ਭਰੀ ਹੋਈ ਉਹ ਬੰਦੂਕ ਹੈ, ਜਿਸ ਦਾ ਇਸਤੇਮਾਲ ਨਾਗਰਿਕਾਂ ਦੀ ਸੁਤੰਤਰਤਾ ਦੀ ਸੁਰੱਖਿਆ ਅਤੇ ਇਨ੍ਹਾਂ ਦਾ ਖਾਤਮਾ ਦੋਵਾਂ ਲਈ ਕੀਤਾ ਜਾ ਸਕਦਾ ਹੈ। ਇਸ ਲਈ ਇਸ ਬੰਦੂਕ ਦਾ ਇਸਤੇਮਾਲ ਬੜੀ ਹੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ।" ਇਸ ਦੇ ਨਾਲ ਅਸੀਂ ਇਹ ਜੋੜਨਾ ਚਾਹਾਂਗੇ ਕਿ ਵਿਸ਼ੇਸ਼ ਰੂਪ ਵਿੱਚ ਕੇਂਦਰ ਵੱਲੋਂ ਅਨੁਛੇਦ 356 ਦਾ ਇਸਤੇਮਾਲ ਸਹੀ ਅਤੇ ਕਦੇ-ਕਦੇ ਤੇ ਸੋਚ-ਸਮਝ ਕੇ ਹੀ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਸਥਿਤੀ ਵਿੱਚ ਇਸ ਦਾ ਰਾਜਨੀਤਿਕ ਦੁਰਉਪਯੋਗ ਨਹੀਂ ਕੀਤਾ ਜਾਣਾ ਚਾਹੀਦਾ।

**21. ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਵਿਸ਼ੇਸ਼ ਵਿਵਸਥਾਵਾਂ (Special Provisions Relating to Scheduled Castes and Scheduled Tribes)** : ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧਿਤ ਲੋਕਾਂ ਦੇ ਹਿੱਤਾਂ ਦੀ ਸੁਰੱਖਿਆ ਦੇ ਉਦੇਸ਼ ਨਾਲ, ਸੰਵਿਧਾਨ ਆਪਣੇ ਭਾਗ **XVI** ਵਿੱਚ ਕੁਝ ਵਿਸ਼ੇਸ਼ ਵਿਵਸਥਾਵਾਂ ਕਰਦਾ ਹੈ। ਅਨੁਛੇਦ 330 ਉਨ੍ਹਾਂ ਲਈ ਉਨ੍ਹਾਂ ਦੀ ਜਨਸੰਖਿਆ ਦੇ ਅਨੁਪਾਤ (ਜਿੱਥੇ ਤੱਕ ਸੰਭਵ ਹੋ ਸਕੇ) ਵਿੱਚ ਲੋਕ ਸਭਾ ਵਿੱਚ

ਨੋਟ

ਕੁਝ ਥਾਂ ਸੁਰੱਖਿਅਤ ਰੱਖਣ ਦੀ ਵਿਵਸਥਾ ਕਰਦਾ ਹੈ। ਨਾਲ ਹੀ ਜੇਕਰ ਰਾਸ਼ਟਰਪਤੀ ਇਹ ਮਹਿਸੂਸ ਕਰੇ ਕਿ ਏਂਗਲੋ-ਇੰਡੀਅਨ ਸਮੁਦਾਇ ਨੂੰ ਸਦਨ ਵਿੱਚ ਸਹੀ ਪ੍ਰਤੀਨਿਧਤਾ ਨਹੀਂ ਮਿਲੀ ਤਾਂ ਉਹ ਇਸ ਸਮੁਦਾਇ ਦੇ ਦੋ ਮੈਂਬਰ ਲੋਕ ਸਭਾ ਵਿੱਚ ਚੁਣ ਸਕਦਾ ਹੈ। (ਅਨੁਛੇਦ 331)

ਰਾਜ ਵਿਧਾਨ ਸਭਾਵਾਂ ਵਿੱਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਏਂਗਲੋ-ਇੰਡੀਅਨ ਸਮੁਦਾਇ ਲਈ ਸੀਟਾਂ ਸੁਰੱਖਿਅਤ ਰੱਖਣ ਦੀ ਵਿਵਸਥਾ ਕ੍ਰਮਵਾਰ ਧਾਰਾ 331 ਅਤੇ 332 ਦੇ ਅਧੀਨ ਕੀਤੀ ਗਈ ਹੈ। 84ਵੀਂ ਸੰਵਿਧਾਨਿਕ ਸੋਧ ਨਾਲ ਰਾਖਵੇਂਕਰਨ ਦਾ ਕਾਰਜਕਾਲ ਹੁਣ 2010 ਤੱਕ ਵਧਾ ਦਿੱਤਾ ਗਿਆ ਹੈ। ਹੁਣ ਰਾਖਵਾਂਕਰਨ ਦਾ ਲਾਭ ਹੋਰ ਪੱਛੜੀਆਂ ਸ਼੍ਰੇਣੀਆਂ (OBCs) ਨੂੰ ਵੀ ਦੇ ਦਿੱਤਾ ਗਿਆ ਹੈ ਪਰ ਸਰਵਉੱਚ ਅਦਾਲਤ ਨੇ ਫੈਸਲਾ ਦਿੱਤਾ ਹੈ ਕਿ ਨੌਕਰੀਆਂ ਵਿੱਚ ਕੁਲ ਰਾਖਵੇਂਕਰਨ 50 ਪ੍ਰਤੀਸ਼ਤ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ। ਸੰਸਦ ਅਤੇ ਵਿਧਾਨ ਪਾਲਿਕਾਵਾਂ ਵਿੱਚ ਰਾਖਵੇਂਕਰਨ ਦੀ ਵਿਵਸਥਾ ਦੇ ਨਾਲ-ਨਾਲ ਸਰਕਾਰੀ ਨੌਕਰੀਆਂ ਅਤੇ ਅਲੱਗ-ਅਲੱਗ ਵਿਸ਼ਵ ਵਿਦਿਆਲਾ ਅਤੇ ਕਾਰੋਬਾਰੀ ਸੰਸਥਾਵਾਂ ਵਿੱਚ ਵੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਰਾਖਵੀਆਂ ਰੱਖੀਆਂ ਜਾਂਦੀਆਂ ਹਨ। ਸੰਵਿਧਾਨ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਸਥਿਤੀ ਦਾ ਲਗਾਤਾਰ ਵਿਸਥਾਰ ਕਰਨ ਲਈ ਇਕ ਆਯੋਗ ਸਥਾਪਿਤ ਕਰਨ ਦੀ ਵੀ ਵਿਵਸਥਾ ਦਾ ਪ੍ਰਬੰਧ ਕਰਦਾ ਹੈ। ਮਈ 1990 ਵਿੱਚ ਇਕ ਸੰਵਿਧਾਨਿਕ ਸੋਧ ਨਾਲ ਇਸ ਉਦੇਸ਼ ਲਈ ਇਕ ਆਯੋਗ ਸਥਾਪਿਤ ਕੀਤਾ ਜਾਂਦਾ ਹੈ। ਹੁਣ ਮਨੁੱਖੀ ਅਧਿਕਾਰਾਂ ਸਬੰਧੀ ਰਾਸ਼ਟਰੀ ਆਯੋਗ ਵੀ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਨਾਲ ਸਬੰਧਿਤ ਲੋਕਾਂ ਦੇ ਅਧਿਕਾਰਾਂ ਦੇ ਉਲੰਘਣ ਨਾਲ ਸਬੰਧਿਤ ਸ਼ਿਕਾਇਤਾਂ ਦੀ ਜਾਂਚ ਕਰ ਸਕਦਾ ਹੈ।

22. **ਭਾਸ਼ਾ ਨਾਲ ਸਬੰਧਿਤ ਵਿਵਸਥਾਵਾਂ (Provisions Regarding Language)** : ਸੰਵਿਧਾਨ ਕੇਂਦਰ (ਸੰਘ), ਭਾਸ਼ਾਈ ਖੇਤਰਾਂ, ਸਰਵਉੱਚ ਅਦਾਲਤ ਅਤੇ ਉੱਚ ਅਦਾਲਤ ਦੀ ਭਾਸ਼ਾ ਪ੍ਰਭਾਸ਼ਿਤ ਕਰਦਾ ਹੈ। ਅਨੁਛੇਦ 343 ਵਿੱਚ ਲਿਖਿਆ ਗਿਆ ਹੈ ਕਿ ਦੇਸ਼ ਦੀਆਂ ਸਰਕਾਰਾਂ ਭਾਸ਼ਾ ਦੇਵਨਾਗਰੀ ਲਿਪੀ ਵਿੱਚ ਹਿੰਦੀ ਹੋਵੇਗੀ ਪਰ ਇਸ ਦੇ ਨਾਲ ਹੀ ਇਹ ਅੰਗਰੇਜ਼ੀ ਭਾਸ਼ਾ ਜਾਰੀ ਰੱਖਣ ਦੀ ਵੀ ਵਿਵਸਥਾ ਕਰਦਾ ਹੈ। ਹਰ ਇਕ ਰਾਜ ਦੀ ਵਿਧਾਨ ਸਭਾ ਆਪਣੇ ਰਾਜ ਦੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦੇ ਰੂਪ ਵਿੱਚ ਸਵੀਕਾਰ ਕਰ ਸਕਦੀ ਹੈ। ਸਰਵਉੱਚ ਅਦਾਲਤ ਅਤੇ ਉੱਚ ਅਦਾਲਤ ਦੀ ਭਾਸ਼ਾ ਹੁਣ ਵੀ ਅੰਗਰੇਜ਼ੀ ਬਣੀ ਹੋਈ ਹੈ। ਅਨੁਛੇਦ 351 ਦੇ ਅਧੀਨ ਸੰਵਿਧਾਨ ਕੇਂਦਰ (ਸੰਘ) ਨੂੰ ਇਹ ਆਦੇਸ਼ ਦਿੰਦਾ ਹੈ ਕਿ ਉਹ ਹਿੰਦੀ ਨੂੰ ਵਿਕਸਿਤ ਕਰੇ ਅਤੇ ਇਸ ਦਾ ਇਸਤੇਮਾਲ ਲੋਕਪ੍ਰਿਯ ਬਣਾਏ। ਸੰਵਿਧਾਨ ਦੀ 7ਵੀਂ ਅਨੁਸੂਚੀ ਵਿੱਚ ਸੰਵਿਧਾਨ ਹੁਣ 22 ਪ੍ਰਮੁੱਖ ਭਾਰਤੀ ਭਾਸ਼ਾਵਾਂ ਨੂੰ ਮਾਨਤਾ ਦਿੰਦਾ ਹੈ-ਆਸਾਮੀ, ਬੰਗਾਲੀ, ਗੁਜਰਾਤੀ, ਹਿੰਦੀ, ਕੰਨ੍ਹੜ, ਕਸ਼ਮੀਰੀ, ਮਲਿਆਲਮ, ਮਰਾਠੀ, ਉੜੀਆ, ਪੰਜਾਬੀ, ਨੇਪਾਲੀ, ਮਣੀਪੁਰੀ, ਕੌਂਕਨੀ, ਸੰਸਕ੍ਰਿਤ, ਸਿੰਧੀ, ਤਾਮਿਲ, ਤੇਲਗੂ ਅਤੇ ਉਰਦੂ, ਡੋਗਰੀ, ਸੰਥਾਲੀ, ਮੈਥਾਲੀ ਆਦਿ।

23. **ਅਨੇਕਾਂ ਸਰੋਤਾਂ ਤੋਂ ਤਿਆਰ ਕੀਤਾ ਗਿਆ ਸੰਵਿਧਾਨ (Constitution Drawn from Several Sources)** : ਭਾਰਤ ਦਾ ਸੰਵਿਧਾਨ ਤਿਆਰ ਕਰਦੇ ਸਮੇਂ ਇਸ ਦੇ ਨਿਰਮਾਤਾਵਾਂ ਨੇ ਅਨੇਕਾਂ ਸਰੋਤਾਂ ਦਾ ਇਸਤੇਮਾਲ ਕੀਤਾ। ਸੁਤੰਤਰਤਾ ਅੰਦੋਲਨ ਨੇ ਉਨ੍ਹਾਂ 'ਤੇ ਧਰਮ ਨਿਰਪੱਖਤਾ, ਸੁਤੰਤਰਤਾ ਅਤੇ ਬਰਾਬਰਤਾ ਨੂੰ ਅਪਨਾਉਣ ਲਈ ਪ੍ਰਭਾਵ ਪਾਇਆ। ਉਨ੍ਹਾਂ ਨੇ ਭਾਰਤ ਸਰਕਾਰ ਅਧੀਨਿਯਮ 1935 ਦੀਆਂ ਕੁਝ ਵਿਵਸਥਾਵਾਂ ਦਾ ਇਸਤੇਮਾਲ ਕੀਤਾ ਅਤੇ ਵਿਦੇਸ਼ੀ ਸੰਵਿਧਾਨ ਦੀਆਂ ਕਈ ਵਿਸ਼ੇਸ਼ਤਾਵਾਂ ਨੂੰ ਵੀ ਉਨ੍ਹਾਂ ਨੇ ਅਪਣਾਇਆ। ਸੰਸਦੀ ਪ੍ਰਣਾਲੀ ਅਤੇ ਦੋ-ਸਦਨੀ ਪ੍ਰਣਾਲੀ ਅਪਨਾਉਣ ਲਈ ਉਨ੍ਹਾਂ ਨੂੰ ਬ੍ਰਿਟਿਸ਼ ਸੰਵਿਧਾਨ ਨੇ ਪ੍ਰਭਾਵਿਤ ਕੀਤਾ। ਅਮਰੀਕੀ ਸੰਵਿਧਾਨ ਨੇ ਉਨ੍ਹਾਂ ਨੂੰ ਗਣਰਾਜਵਾਦ, ਨਿਆ ਪਾਲਿਕਾ ਦੀ ਸੁਤੰਤਰਤਾ, ਨਿਆਇਕ ਪੁਨਰ ਨਿਰੀਖਣ ਅਤੇ ਅਧਿਕਾਰ ਪੱਤਰ ਅਪਨਾਉਣ ਦੇ ਪੱਖ ਵਿੱਚ ਪ੍ਰਭਾਵਿਤ ਕੀਤਾ। 1917 ਦੀ ਸਮਾਜਵਾਦੀ ਕ੍ਰਾਂਤੀ ਤੋਂ ਬਾਅਦ (ਭੂਤਪੂਰਵ) ਸੋਵੀਅਤ ਸੰਘ (Erstwhile USSR) ਦੀ ਪ੍ਰਗਤੀ ਨੇ ਉਨ੍ਹਾਂ ਨੂੰ ਆਪਣਾ ਲਕਸ਼ ਸਮਾਜਵਾਦ ਨਿਸ਼ਚਿਤ ਕਰਨ ਲਈ ਪ੍ਰਭਾਵਿਤ ਕੀਤਾ। ਇਸੇ ਤਰ੍ਹਾਂ ਉਨ੍ਹਾਂ ਨੂੰ ਕੈਨੇਡਾ, ਆਸਟ੍ਰੇਲੀਆ, ਵੇਮਰ ਗਣਰਾਜ (ਜਰਮਨੀ) ਅਤੇ ਆਇਰਲੈਂਡ ਦੇ ਸੰਵਿਧਾਨਾਂ ਨੇ ਵੀ ਪ੍ਰਭਾਵਿਤ ਕੀਤਾ।

26 ਜਨਵਰੀ 1950 ਵਿੱਚ ਲਾਗੂ ਹੋਣ ਦੇ ਬਾਅਦ ਭਾਰਤ ਦਾ ਸੰਵਿਧਾਨ ਕਈ ਸਰੋਤਾਂ ਨਾਲ ਵਿਕਸਿਤ ਹੁੰਦਾ ਰਿਹਾ ਹੈ-ਸੰਸਦੀ ਕਾਨੂੰਨ, ਨਿਆਇਕ ਫੈਸਲਾ, ਪ੍ਰੰਪਰਾਵਾਂ, ਵਿਗਿਆਨਿਕ ਵਿਆਖਿਆਵਾਂ ਅਤੇ ਸੰਵਿਧਾਨ ਨਿਰਮਾਣ ਸਭਾ ਦੇ ਰਿਕਾਰਡ ਵੀ ਇਸ ਦੇ ਸਰੋਤ ਬਣੇ ਹਨ। ਭਾਰਤੀ ਸੰਵਿਧਾਨ ਨਾ ਤਾਂ ਕਲਿਆਣ ਦਾ ਥੈਲਾ ਹੈ ਨਾ ਕੋਈ ਆਯਾਤ ਕੀਤਾ ਗਿਆ ਸੰਵਿਧਾਨ ਅਤੇ ਨਾ ਹੀ ਇਹ ਭਾਰਤ ਸਰਕਾਰ ਅਧੀਨਿਯਮ 1935 ਦਾ ਸ਼ਰੰਗਾਰਿਤ ਅਤੇ ਵਿਸਤ੍ਰਿਤ ਸਵਰੂਪ ਹੈ। ਸੰਵਿਧਾਨ ਨਿਰਮਾਤਾਵਾਂ ਨੇ ਵਿਦੇਸ਼ੀ ਸੰਵਿਧਾਨਾਂ ਜਾਂ ਭਾਰਤ ਸਰਕਾਰ ਅਧੀਨਿਯਮ 1935 ਦੇ ਪ੍ਰਭਾਵ ਅਧੀਨ ਸੰਵਿਧਾਨਿਕ ਵਿਸ਼ੇਸ਼ਤਾਵਾਂ ਅਤੇ ਵਿਵਸਥਾਵਾਂ ਬਣਾਉਂਦੇ ਸਮੇਂ ਹਮੇਸ਼ਾ ਹੀ ਇਨ੍ਹਾਂ ਨੂੰ ਭਾਰਤੀ ਜ਼ਰੂਰਤਾਂ ਅਤੇ ਇੱਛਾਵਾਂ ਦੇ ਅਨੁਕੂਲ ਢਾਲਿਆ।

ਇਨ੍ਹਾਂ ਵਿਸ਼ੇਸ਼ਤਾਵਾਂ ਦੇ ਕਾਰਨ ਹੀ ਭਾਰਤ ਦਾ ਸੰਵਿਧਾਨ ਭਾਰਤੀ ਵਾਤਾਵਰਨ ਲਈ ਸਭ ਤੋਂ ਉਪਯੁਕਤ ਅਤੇ ਵਿਵਹਾਰ ਕੁਸ਼ਲ ਸੰਵਿਧਾਨ ਬਣਾਇਆ ਗਿਆ ਹੈ। ਇੱਥੋਂ ਤੱਕ ਕਿ ਇਸ ਦੇ ਵਿਸ਼ਾਲ ਆਕਾਰ ਨੇ ਭਾਰਤ ਦਾ ਆਪਣੀ ਸਰਕਾਰ ਅਤੇ ਪ੍ਰਸ਼ਾਸਨ ਨੂੰ ਗਠਿਤ ਕਰਨ ਅਤੇ ਚਲਾਉਣ ਵਿੱਚ ਸ਼ਾਂਤੀ ਅਤੇ ਯੁੱਧ ਜਾਂ ਸੰਕਟ ਕਾਲੀਨ ਸਥਿਤੀ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਅਗਵਾਈ ਕੀਤਾ ਹੈ। ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਇਸ ਤਰ੍ਹਾਂ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ : ਪ੍ਰਸਤਾਵਨਾ, ਮੌਲਿਕ ਅਧਿਕਾਰ,

ਨੋਟ ਨਿਰਦੇਸ਼ਕ ਸਿਧਾਂਤ, ਧਰਮ ਨਿਰਪੱਖਤਾ, ਸੰਘਵਾਦ, ਗਣਰਾਜ ਵਾਦ, ਨਿਆ ਪਾਲਿਕਾ ਦੀ ਸੁਤੰਤਰਤਾ ਅਤੇ ਪੁਨਰ ਬਿਨਾਂ ਸ਼ੱਕ ਉਦਾਰ ਸੰਸਦੀ ਲੋਕਤੰਤਰ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

8. ਹੇਠ ਲਿਖੇ ਵਿੱਚੋਂ ਕੀ ਭਾਰਤੀ ਸੰਵਿਧਾਨ ਦੀ ਵਿਸ਼ੇਸ਼ਤਾ ਨਹੀਂ ਹੈ?
   (ਅ) ਸੰਵਿਧਾਨ ਦੀ ਪ੍ਰਸਤਾਵਨਾ (ਬ) ਲਿਖਤੀ ਅਤੇ ਵਿਸਤ੍ਰਿਤ
   (ਸ) ਭਾਰਤ ਇਕ ਧਰਮ ਨਿਰਪੱਖ ਰਾਜ ਹੈ (ਦ) ਭਾਰਤ ਇਕ ਰਾਸ਼ਟਰਵਾਦੀ ਰਾਜ ਹੈ
9. ਹੇਠ ਲਿਖਿਆਂ ਵਿੱਚੋਂ ਕਦੋਂ ਸੰਯੁਕਤ ਪ੍ਰਗਤੀਸ਼ੀਲ ਗਠਬੰਧਨ (ਯੂ. ਪੀ. ਏ.) ਪਹਿਲੀ ਵਾਰ ਸੱਤਾ ਵਿੱਚ ਆਈ?
   (ਅ) ਸਾਲ 2004 (ਬ) ਸਾਲ 2006
   (ਸ) ਸਾਲ 1999 (ਦ) ਸਾਲ 2009
10. ਸ਼ੋਸ਼ਣ ਦੇ ਵਿਰੁੱਧ ਅਧਿਕਾਰ ਦਾ ਵਰਨਣ ਸੰਵਿਧਾਨ ਦੇ ਕਿਸ ਅਨੁਛੇਦ ਵਿੱਚ ਕੀਤਾ ਗਿਆ ਹੈ?
   (ਅ) ਅਨੁਛੇਦ 25-26 (ਬ) ਅਨੁਛੇਦ 23-24
   (ਸ) ਅਨੁਛੇਦ 25-28 (ਦ) ਅਨੁਛੇਦ 19-22

## 1.5 ਭਾਰਤੀ ਸੰਵਿਧਾਨ ਦੇ ਵਿਸ਼ਾਲ ਆਕਾਰ ਦੇ ਕਾਰਨ (Causes for Indian Constitution's Extensive Appearance)

444ਵੇਂ ਅਨੁਛੇਦਾਂ, 12 ਅਨੁਸੂਚੀਆਂ ਅਤੇ 103 ਸੋਧਾਂ ਦੇ ਨਾਲ ਭਾਰਤ ਦਾ ਸੰਵਿਧਾਨ ਵਿਸ਼ਵ ਦਾ ਸਭ ਤੋਂ ਵਿਸ਼ਾਲ ਅਤੇ ਵਿਆਪਕ ਸੰਵਿਧਾਨ ਹੈ। ਇਸ ਦੇ ਵਿਸ਼ਾਲ ਆਕਾਰ ਦਾ ਪਤਾ ਇਸ ਤੱਥ ਤੋਂ ਹੀ ਲੱਗ ਸਕਦਾ ਹੈ ਕਿ ਅਮਰੀਕੀ ਸੰਵਿਧਾਨ ਵਿੱਚ ਕੇਵਲ 7 ਅਨੁਛੇਦ, ਜਾਪਾਨ ਸੰਵਿਧਾਨ ਵਿੱਚ 103 ਅਨੁਛੇਦ ਅਤੇ ਫ੍ਰਾਂਸ ਦੇ ਸੰਵਿਧਾਨ ਵਿੱਚ 92 ਅਨੁਛੇਦ ਹੀ ਹਨ। ਐੱਚ. ਵੀ. ਕਾਮਥ ਨੇ ਸੰਵਿਧਾਨ ਨਿਰਮਾਣ ਸਭਾ ਵਿੱਚ ਇਸ ਦੇ ਵਿਸ਼ਾਲ ਆਕਾਰ ਦਾ ਵਰਨਣ ਕਰਦੇ ਹੋਏ ਕਿਹਾ ਸੀ ਕਿ, "ਇਹ ਅਸਲ ਵਿੱਚ ਹਾਥੀ ਦੇ ਆਕਾਰ ਵਾਲਾ ਸੰਵਿਧਾਨ (Elephantine Constitution) ਹੈ।"

ਹੁਣ ਸਵਾਲ ਇਹ ਉੱਠਦਾ ਹੈ ਕਿ ਸੰਵਿਧਾਨ ਦੇ ਨਿਰਮਾਤਾਵਾਂ ਨੇ ਇਸ ਨੂੰ ਇੰਨਾ ਵੱਡਾ/ਵਿਸ਼ਾਲ ਕਿਉਂ ਬਣਾਇਆ? ਕੀ ਉਹ ਵਿਸ਼ਵ ਵਿੱਚ ਸਭ ਤੋਂ ਵੱਡੇ ਆਕਾਰ ਦਾ ਸੰਵਿਧਾਨ ਨਿਰਮਾਣ ਕਰਕੇ ਇਕ ਇਤਿਹਾਸ ਰਚਨਾ ਚਾਹੁੰਦੇ ਸਨ?

ਇਨ੍ਹਾਂ ਦਾ ਠੀਕ ਉੱਤਰ ਇਹ ਹੈ ਕਿ ਉਨ੍ਹਾਂ ਨੇ ਭਾਰਤ ਦੇ ਬਹੁ-ਸੰਸਕ੍ਰਿਤੀ, ਬਹੁ-ਭਾਸ਼ਾਈ, ਬਹੁ-ਜਾਤੀ ਸਮਾਜ ਲਈ ਸਥਾਈ ਸੰਵਿਧਾਨ ਦਾ ਨਿਰਮਾਣ ਕਰਨ ਦੇ ਉਦੇਸ਼ ਨਾਲ ਇਸ ਵਿੱਚ ਜ਼ਿਆਦਾ ਤੋਂ ਜ਼ਿਆਦਾ ਗੱਲਾਂ ਸ਼ਾਮਿਲ ਕਰਨੀਆਂ ਜ਼ਰੂਰੀਆਂ ਸਮਝੀਆਂ ਅਤੇ ਇਸੇ ਵਿੱਚ ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਨਾਲ ਸਬੰਧਿਤ ਵਿਸ਼ਿਆਂ ਸਬੰਧੀ ਜ਼ਿਆਦਾ ਤੋਂ ਜ਼ਿਆਦਾ ਅਨੁਛੇਦ ਲਿਖਣ ਦੀ ਜ਼ਰੂਰਤ ਵੀ ਸਵੀਕਾਰ ਕੀਤਾ। ਹੇਠ ਲਿਖੀਆਂ ਵਿਸ਼ੇਸ਼ਤਾਵਾਂ ਭਾਰਤੀ ਸੰਵਿਧਾਨ ਨੂੰ ਦੇਖਣ ਵਿੱਚ ਬਹੁਤ ਵਿਸ਼ਾਲ ਆਕਾਰ ਦੀਆਂ ਪਰ ਵਿਵਹਾਰਿਕ ਦ੍ਰਿਸ਼ਟੀਕੋਣ ਵਾਲਾ ਅਸਲ ਵਿਵਹਾਰ ਵਿੱਚ ਇਕ ਕਾਰਜ ਕੁਸ਼ਲ ਸੰਵਿਧਾਨ ਦਰਸਾਉਂਦੀਆਂ ਹਨ :

(1) ਭਾਰਤੀ ਸੰਵਿਧਾਨ ਸੰਘ ਅਤੇ ਰਾਜਾਂ ਦੋਵਾਂ ਦਾ ਸਾਂਝਾ ਸੰਵਿਧਾਨ ਹੈ। ਇਹ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੋਵਾਂ ਦੇ ਸੰਗਠਨ ਅਤੇ ਸ਼ਕਤੀਆਂ ਦੀ ਵਿਸਤ੍ਰਿਤ ਵਿਵਸਥਾ ਕਰਦਾ ਹੈ। ਇਹ ਕੇਂਦਰ ਅਤੇ ਰਾਜਾਂ ਦਰਮਿਆਨ ਸਬੰਧਾਂ ਦਾ ਵਿਸਥਾਰ ਵਿੱਚ ਵਰਨਣ ਕਰਦਾ ਹੈ।

(2) ਇਕ ਸੰਘੀ ਸੰਵਿਧਾਨ ਹਮੇਸ਼ਾ ਏਕਾਤਮਕ ਸੰਵਿਧਾਨ ਤੋਂ ਵਧੇਰੇ ਲੰਬਾ ਹੁੰਦਾ ਹੈ। ਸੰਘੀ ਢਾਂਚੇ ਵਿੱਚ ਏਕਾਤਮਕ ਭਾਵਨਾ ਨਾਲ ਜੋੜਨ ਦੇ ਯਤਨ ਵਿੱਚ ਵੀ ਇਸ ਨੂੰ ਲੰਬਾ ਬਣਾ ਦਿੱਤਾ।

(3) ਸੰਵਿਧਾਨ ਵਿੱਚ ਇਕ ਵਿਸਤ੍ਰਿਤ ਅਧਿਕਾਰ ਪੱਤਰ ਅਤੇ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੇ ਅਧਿਆਇ ਸ਼ਾਮਿਲ ਹਨ। ਅਨੁਛੇਦ 51-ਏ ਜਿਸ ਵਿੱਚ ਕਿ 10 ਮੌਲਿਕ ਕਰਤਵ ਸ਼ਾਮਿਲ ਹਨ, ਇਨ੍ਹਾਂ ਨੂੰ ਸ਼ਾਮਿਲ ਕਰਨ ਨਾਲ ਵੀ ਇਸ ਦੀ ਵਿਸ਼ਾਲਤਾ ਵਧੀ ਹੈ।

(4) ਭਾਰਤੀ ਸੰਵਿਧਾਨ ਵਿੱਚ ਕਈ ਵਿਸ਼ੇਸ਼ ਮਾਮਲਿਆਂ ਦੇ ਸਬੰਧ ਵਿੱਚ ਅਲੱਗ-ਅਲੱਗ ਹੱਲ ਕੀਤੇ ਗਏ ਹਨ। ਉਦਾਹਰਣ ਦੇ ਤੌਰ 'ਤੇ ਭਾਗ X ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਤੇ ਖੇਤਰਾਂ ਨਾਲ ਸਬੰਧਿਤ ਹੱਲ ਸ਼ਾਮਿਲ

**ਨੋਟ**

ਹਨ, ਭਾਗ XIV ਕੇਂਦਰ ਅਤੇ ਰਾਜਾਂ ਦੇ ਅਧੀਨ ਸੇਵਾਵਾਂ ਨਾਲ, ਭਾਗ XV ਟ੍ਰਿਬਿਊਨਲਾਂ ਨਾਲ, ਭਾਗ XVI ਕੁਝ ਵਿਸ਼ੇਸ਼ ਸ਼੍ਰੇਣੀਆਂ ਜਿਵੇਂ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਏਂਗਲੋ-ਇੰਡੀਆ ਸਮੁਦਾਇ ਆਦਿ ਨਾਲ, ਭਾਗ XVII ਸਰਕਾਰੀ ਭਾਸ਼ਾ ਨਾਲ, ਭਾਗ XVIII ਸੰਕਟ ਕਾਲੀਨ ਸਥਿਤੀਆਂ ਨਾਲ ਅਤੇ ਭਾਗ XIX ਅਸਥਾਈ/ਕਾਰਜਕਾਰੀ-ਬਦਲਣ ਯੋਗ ਅਤੇ ਵਿਸ਼ੇਸ਼ ਵਿਵਸਥਾਵਾਂ ਦੇ ਮਾਮਲਿਆਂ ਨਾਲ ਨਿਪਟਦਾ ਹੈ। ਇਨ੍ਹਾਂ ਭਾਗਾਂ ਨੂੰ ਸ਼ਾਮਿਲ ਕਰਨ ਨਾਲ ਸੰਵਿਧਾਨ ਦਾ ਆਕਾਰ ਲੰਬਾ ਹੋਇਆ।

(5) ਕਿਉਂਕਿ ਭਾਰਤ ਸਰਕਾਰ ਅਧੀਨਿਯਮ 1935 ਉਸ ਸਮੇਂ ਪਹਿਲਾਂ ਹੀ ਲਾਗੂ ਸੀ, ਜਦ ਦੇਸ਼ ਦਾ ਨਵਾਂ ਸੰਵਿਧਾਨ ਲਾਗੂ ਕੀਤਾ ਜਾ ਰਿਹਾ ਸੀ, ਇਸ ਲਈ ਸੁਤੰਤਰਤਾ ਤੋਂ ਬਾਅਦ ਭਾਰਤ ਦੇ ਸੰਵਿਧਾਨ ਵਿੱਚ ਇਸ ਦੇ ਕਈ ਹੱਲ ਵੀ ਸ਼ਾਮਿਲ ਕਰਨੇ ਪਏ।

(6) ਭਾਰਤ ਦਾ ਸੰਵਿਧਾਨ, ਭਾਰਤ ਸਰਕਾਰ ਅਧੀਨਿਯਮ 1935 ਦੇ ਅਧੀਨਿਯਮ ਵਾਂਗ ਇਕੱਲਾ ਸੰਵਿਧਾਨ ਹੀ ਨਹੀਂ, ਸਗੋਂ ਇਹ ਇਕ ਵਿਸਤ੍ਰਿਤ ਕਾਨੂੰਨ ਸੰਹਿਤਾ ਹੈ ਜੋ ਕਿ ਭਾਰਤ ਦੀ ਸੰਵਿਧਾਨਿਕ ਅਤੇ ਪ੍ਰਸ਼ਾਸਕੀ ਪ੍ਰਣਾਲੀ ਦੇ ਸਾਰੇ ਮਹੱਤਵਪੂਰਨ ਪਹਿਲੂਆਂ ਨੂੰ ਸੰਵਿਧਾਨਿਕ ਰੂਪ ਵਿੱਚ ਨਿਰਧਾਰਿਤ ਕਰਦਾ ਹੈ।

(7) ਸੰਵਿਧਾਨ ਲਾਗੂ ਹੋਣ ਤੋਂ ਬਾਅਦ ਅੱਜ ਤੱਕ ਸੰਵਿਧਾਨ ਵਿੱਚ 103 ਸੋਧਾਂ ਕੀਤੀਆਂ ਜਾ ਚੁੱਕੀਆਂ ਹਨ ਅਤੇ ਉਨ੍ਹਾਂ ਨੇ ਵੀ ਸੰਵਿਧਾਨ ਦੇ ਆਕਾਰ ਨੂੰ ਇਕ ਵਿਸ਼ਾਲ ਰੂਪ ਦਿੱਤਾ ਹੈ। ਇਨ੍ਹਾਂ ਵਿੱਚ 42ਵੀਆਂ ਅਤੇ 44ਵੀਆਂ ਸੋਧਾਂ ਵਧੇਰੇ ਵਿਆਪਕ ਸੋਧਾਂ ਸਨ।

(8) ਸੰਵਿਧਾਨ ਅਨੇਕਾਂ ਸੰਵਿਧਾਨਿਕ ਆਯੋਗਾਂ ਦੇ ਗਠਨ ਅਤੇ ਕਾਰਜ-ਵਿਵਹਾਰ ਦੀ ਵਿਸਥਾਰ ਵਿੱਚ ਚਰਚਾ ਕਰਦਾ ਹੈ, ਜਿਵੇਂ ਕਿ ਚੋਣ ਆਯੋਗ, ਵਿੱਤ ਆਯੋਗ, ਸੰਘ ਲੋਕ ਸੇਵਾ ਆਯੋਗ, ਰਾਜ ਲੋਕ ਸੇਵਾ ਆਯੋਗ, ਭਾਰਤ ਦੇ ਲੇਖਾ ਨਿਯੰਤਾ ਅਤੇ ਮਹਾਂ ਲੇਖਾ ਪ੍ਰੀਖਕ, ਘੱਟ ਗਿਣਤੀ ਆਯੋਗ ਆਦਿ।

ਇਨ੍ਹਾਂ ਸਾਰੇ ਕਾਰਨਾਂ ਨੇ ਭਾਰਤੀ ਸੰਵਿਧਾਨ ਨੂੰ ਇਕ ਲੰਬਾ ਅਤੇ ਵਿਸਤ੍ਰਿਤ ਸੰਵਿਧਾਨ ਬਣਾ ਦਿੱਤਾ ਹੈ। 1947 ਵਿੱਚ ਸ਼ਾਮਿਲ ਸਮੱਸਿਆਵਾਂ, ਵਾਦ-ਵਿਵਾਦ ਅਤੇ ਭਾਰਤ ਦੇ ਲੋਕਾਂ ਵਿੱਚ ਰਾਜਨੀਤਿਕ ਸੂਝ-ਬੂਝ ਦੇ ਘੱਟ ਵਿਸਤ੍ਰਿਤ ਪੱਧਰ ਦਾ ਸ਼ਾਮਿਲ ਹੋਣਾ, ਨਿਸ਼ਚਿਤ ਲੋਕਤੰਤਰੀ ਪ੍ਰੰਪਰਾ ਸ਼ਾਮਿਲ ਨਾ ਹੋਣਾ ਅਤੇ ਨਵੀਂ-ਨਵੀਂ ਪ੍ਰਾਪਤ ਸੁਤੰਤਰਤਾ ਬਣਾਈ ਰੱਖਣ ਦੀ ਜ਼ਰੂਰਤ ਕਾਰਨ ਸੰਵਿਧਾਨ ਦੇ ਨਿਰਮਾਤਾ ਕਿਸੇ ਵੀ ਅਣਹੋਣੀ ਦਾ ਮੌਕਾ ਨਾ ਦੇਣ ਲਈ ਅਜਿਹਾ ਕਰਨ ਲਈ ਮਜਬੂਰ ਹੋਏ। ਉਨ੍ਹਾਂ ਨੇ ਸੰਵਿਧਾਨ ਨੂੰ ਦੇਸ਼ ਦੀ ਸੰਵਿਧਾਨਿਕ ਅਤੇ ਪ੍ਰਸ਼ਾਸਕੀ ਪ੍ਰਣਾਲੀ ਕਿਸੇ ਵੀ ਪੱਖ ਦੀ ਪਰਿਭਾਸ਼ਾ ਤੋਂ ਵਾਂਝਾ ਨਾ ਰੱਖਣ ਦਾ ਹਰੇਕ ਯਤਨ ਕੀਤਾ। ਉਨ੍ਹਾਂ ਨੇ ਸੰਵਿਧਾਨ ਨੂੰ ਕਿਸੇ ਵੀ ਪੱਖ ਤੋਂ ਕਮਜ਼ੋਰ ਰੱਖਣ ਦੇ ਮੁਕਾਬਲੇ ਉਸ ਨੂੰ ਵੱਡੇ ਆਕਾਰ ਦਾ ਬਣਾਉਣ ਨੂੰ ਪਹਿਲ ਦਿੱਤੀ।

ਇਸ ਤਰ੍ਹਾਂ ਅਨੇਕਾਂ ਕਾਰਨਾਂ ਨਾਲ ਭਾਰਤੀ ਸੰਵਿਧਾਨ ਨੂੰ ਬਹੁਤ ਵੱਡੇ ਆਕਾਰ ਵਾਲਾ ਅਤੇ ਵਿਸਤਾਰਿਤ ਸੰਵਿਧਾਨ ਬਣਾਇਆ ਗਿਆ।

**ਸਵ-ਮੁਲਾਂਕਣ (Self Assessment)**

ਵਸਤੂਨਿਸ਼ਠ ਪ੍ਰਸ਼ਨ (Multiple Choice Questions):

11. ਜਾਪਾਨੀ ਸੰਵਿਧਾਨ ਵਿੱਚ ਕੁਲ ਕਿੰਨੇ ਅਨੁਛੇਦ ਹਨ?

(ਅ) 102 ਅਨੁਛੇਦ (ਬ) 103 ਅਨੁਛੇਦ

(ਸ) 101 ਅਨੁਛੇਦ (ਦ) 105 ਅਨੁਛੇਦ

ਹੇਠ ਲਿਖੇ ਕਥਨਾਂ ਵਿੱਚੋਂ ਸੱਚ ਅਤੇ ਝੂਠ ਦੱਸੋ (Write True/False in the following statements):

12. ਫ੍ਰਾਂਸ ਦੇ ਸੰਵਿਧਾਨ ਵਿੱਚ ਕੁਲ 92 ਅਨੁਛੇਦ ਹਨ।

13. ਭਾਰਤ ਦਾ ਸੰਵਿਧਾਨ, ਭਾਰਤ ਸਰਕਾਰ ਅਧੀਨਿਯਮ 1935 ਦੇ ਅਧੀਨਿਯਮ ਵਾਂਗ ਇਕੱਲਾ ਸੰਵਿਧਾਨ ਹੀ ਨਹੀਂ, ਸਗੋਂ ਇਹ ਇਕ ਵਿਸਤ੍ਰਿਤ ਕਾਨੂੰਨੀ ਸੰਹਿਤਾ ਹੈ।

14. ਭਾਰਤੀ ਸੰਵਿਧਾਨ ਦਾ 42ਵੀਂ ਅਤੇ 44ਵੀਂ ਸੋਧ ਘੱਟ ਵਿਆਪਕ ਸੋਧਾਂ ਹਨ।

## 1.6 ਸਾਰ ਅੰਸ਼ (Summary)

- ਪ੍ਰਸਤਾਵਨਾ ਸੰਵਿਧਾਨ ਦਾ ਬਹੁਤ ਹੀ ਬਹੁਮੁੱਲਾ ਭਾਗ ਹੈ, ਇਹ ਸੰਵਿਧਾਨ ਦੀ ਆਤਮਾ ਹੈ, ਇਹ ਸੰਵਿਧਾਨ ਦੀ ਕੁੰਜੀ ਹੈ।

ਨੋਟ

- ਪ੍ਰਸਤਾਵਨਾ ਐਲਾਨ ਕਰਦੀ ਹੈ ਕਿ ਭਾਰਤ ਇਕ ਪ੍ਰਭੂਸੱਤਾ ਸੰਪਨ ਦੇਸ਼ ਹੈ। ਅਜਿਹਾ ਐਲਾਨ ਭਾਰਤ 'ਤੇ ਬ੍ਰਿਟਿਸ਼ ਰਾਜ ਦੇ ਖਾਤਮੇ 'ਤੇ ਮੋਹਰ ਲਗਾਉਣ ਲਈ ਬਹੁਤ ਜ਼ਰੂਰੀ ਸੀ।
- 42ਵੀਂ ਸੋਧ ਨਾਲ, 'ਧਰਮ ਨਿਰਪੱਖਤਾ' ਨੂੰ ਭਾਰਤੀ ਰਾਜ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਦੇ ਰੂਪ ਵਿੱਚ ਪ੍ਰਸਤਾਵਨਾ 'ਚ ਜਗ੍ਹਾ ਦਿੱਤੀ ਗਈ, ਇਸ ਨੂੰ ਸ਼ਾਮਿਲ ਕਰਨ ਨਾਲ ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਪ੍ਰਕਿਰਤੀ ਨੂੰ ਹੋਰ ਸਪੱਸ਼ਟ ਕੀਤਾ ਗਿਆ।
- ਪ੍ਰਸਤਾਵਨਾ ਭਾਰਤ ਨੂੰ ਇਕ ਲੋਕਤੰਤਰੀ ਦੇਸ਼ ਐਲਾਨ ਕਰਦੀ ਹੈ। ਭਾਰਤ ਦੇ ਸੰਵਿਧਾਨ ਵਿੱਚ ਇਕ ਲੋਕਤੰਤਰੀ ਪ੍ਰਣਾਲੀ ਦੀ ਵਿਵਸਥਾ ਕਰਦਾ ਹੈ। ਸਰਕਾਰ ਦੀ ਸੱਤਾ ਲੋਕਾਂ ਦੀ ਪ੍ਰਸਤਾਵਨਾ 'ਤੇ ਨਿਰਭਰ ਹੈ।
- ਭਾਰਤ ਦਾ ਸੰਵਿਧਾਨ ਆਪਣੇ ਵਿਆਪਕ ਆਕਾਰ, ਏਕਾਤਮਕ-ਸੰਘਵਾਦ, ਲਚਕ ਅਤੇ ਕਠੋਰਤਾ ਦੇ ਮਿਸ਼ਰਨ ਅਤੇ ਵੱਖ-ਵੱਖ ਸੰਕਟ ਕਾਲੀਨ ਸਥਿਤੀ ਦਾ ਹੱਲ ਕਰਨ ਲਈ ਵਿਸ਼ੇਸ਼ ਹੱਲ ਸਹਿਤ ਇਕ ਅਨੁਪੰਮ ਸੰਵਿਧਾਨ ਹੈ ਜੋ ਕਿ 1950 ਤੋਂ ਲੈ ਕੇ ਅੱਜ ਤੱਕ ਸਫਲਤਾ ਨਾਲ ਕੰਮ ਕਰ ਰਿਹਾ ਹੈ।
- 444 ਅਨੁਛੇਦਾਂ, 12 ਅਨੁਸੂਚੀਆਂ ਅਤੇ 92 ਸੋਧਾਂ ਦੇ ਨਾਲ ਭਾਰਤ ਦਾ ਸੰਵਿਧਾਨ ਵਿਸ਼ਵ ਦਾ ਸਭ ਤੋਂ ਵਿਆਪਕ ਸੰਵਿਧਾਨ ਹੈ।

## 1.7 ਸ਼ਬਦਕੋਸ਼ (Keywords)

- **ਸੰਘਵਾਦ (Federalism)** : ਇਹ ਵਿਚਾਰ ਕੀ ਸੰਘ ਉੱਤਮ ਹੁੰਦਾ ਹੈ।
- **ਅਧੀਨਿਯਮ (Act)** : ਵਿਧਾਨ ਦੇ ਅਧੀਨ ਬਣਾਇਆ ਗਿਆ ਨਿਯਮ, ਐਕਟ।

## 1.8 ਅਭਿਆਸ ਪ੍ਰਸ਼ਨ (Review Questions)

1. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ?
2. ਭਾਰਤੀ ਸੰਵਿਧਾਨ ਦੇ ਪ੍ਰਸਤਾਵਨਾ ਦਾ ਮਹੱਤਵ ਸਮਝਾਓ?
3. ਭਾਰਤੀ ਸੰਵਿਧਾਨ ਨੂੰ ਅਪਨਾਉਣ ਅਤੇ ਪਾਸ ਕਰਨ ਦੀ ਮਿਤੀ ਨੂੰ ਦੱਸੋ?
4. ਭਾਰਤੀ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ?
5. ਭਾਰਤੀ ਸੰਵਿਧਾਨ ਦੇ ਵਿਸ਼ਾਲ ਆਕਾਰ ਦੇ ਕੀ ਕਾਰਨ ਹਨ?

**ਉੱਤਰ: ਸਵ-ਮੁਲਾਂਕਣ (Answer: Self Assessment)**

| | |
|---|---|
| 1. ਆਤਮਾ | 2. 1976 |
| 3. 26 ਨਵੰਬਰ 1949 | 4. (ਅ) |
| 5. (ਬ) | 6. (ਅ) |
| 7. (ਬ) | 8. (ਦ) |
| 9. (ਅ) | 10. (ਬ) |
| 11. (ਬ) | 12. ਸੱਚ |
| 13. ਸੱਚ | 14. ਝੂਠ |

## 1.9 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਭਾਰਤੀ ਰਾਜਨੀਤਿਕ ਪ੍ਰਣਾਲੀ-ਯੂ. ਆਰ. ਘਈ ।
2. ਭਾਰਤੀ ਰਾਜਨੀਤਿਕ ਵਿਵਸਥਾ-ਐੱਨ. ਛਾਬੜਾ, ਅਭਿਨਵ ਪ੍ਰਕਾਸ਼ਨ, ਰੋਹਤਕ (ਹਰਿਆਣਾ)।

# ਇਕਾਈ-2: ਮੌਲਿਕ ਅਧਿਕਾਰ
# (Fundamental Rights)

ਨੋਟ

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

2.1 ਮੌਲਿਕ ਅਧਿਕਾਰਾਂ ਦੀਆਂ ਵਿਸ਼ੇਸ਼ਤਾਵਾਂ (Features of Fundamental Rights)

2.2 ਮੌਲਿਕ ਅਧਿਕਾਰ (Fundamental Rights)

2.3 ਸਾਰ ਅੰਸ਼ (Summary)

2.4 ਸ਼ਬਦਕੋਸ਼ (Keywords)

2.5 ਅਭਿਆਸ ਪ੍ਰਸ਼ਨ (Review Questions)

2.6 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਭਾਰਤੀ ਮੌਲਿਕ ਅਧਿਕਾਰਾਂ ਦੇ ਅਰਥ ਨੂੰ ਸਮਝਣ ਸਬੰਧੀ।
- ਮੌਲਿਕ ਅਧਿਕਾਰਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਵਰਨਣ ਕਰਨ ਸਬੰਧੀ।
- ਭਾਰਤੀ ਸੰਵਿਧਾਨ ਵੱਲੋਂ ਨਾਗਰਿਕਾਂ ਦੇ ਦਿੱਤੇ ਗਏ ਵੱਖ-ਵੱਖ ਅਧਿਕਾਰਾਂ ਦੀ ਵਿਆਖਿਆ ਕਰਨ ਸਬੰਧੀ।

## ਜਾਣਕਾਰੀ (Introduction)

ਵਿਅਕਤੀ ਅਤੇ ਰਾਜ ਦੇ ਆਪਸੀ ਸਬੰਧਾਂ ਦੀ ਸਮੱਸਿਆ ਹਮੇਸ਼ਾ ਹੀ ਮੁਸ਼ਕਿਲ ਰਹੀ ਹੈ ਅਤੇ ਵਰਤਮਾਨ ਸਮੇਂ ਦੀ ਪ੍ਰਜਾਤੰਤਰੀ ਵਿਵਸਥਾ ਵਿੰਚ ਇਸ ਸਮੱਸਿਆ ਨੇ ਵਿਸ਼ੇਸ਼ ਮਹੱਤਵ ਪ੍ਰਾਪਤ ਕਰ ਲਿਆ ਹੈ। ਜੇਕਰ ਇਕ ਪਾਸੇ ਸ਼ਾਂਤੀ ਅਤੇ ਵਿਵਸਥਾ ਬਣਾਏ ਰੱਖਣ ਲਈ ਨਾਗਰਿਕਾਂ ਦੇ ਜੀਵਨ 'ਤੇ ਰਾਜ ਦਾ ਕੰਟਰੋਲ ਜ਼ਰੂਰ ਹੈ ਤਾਂ ਦੂਸਰੇ ਪਾਸੇ ਰਾਜ ਦੀ ਸ਼ਕਤੀ 'ਤੇ ਵੀ ਕੁਝ ਅਜਿਹੀਆਂ ਹੱਦਾਂ ਲਗਾ ਦੇਣਾ ਜ਼ਰੂਰੀ ਹੈ ਜਿਸ ਵਿੱਚ ਰਾਜ ਮਨਮਰਜ਼ੀ ਤਰੀਕੇ ਨਾਲ ਆਚਰਣ ਕਰਦੇ ਹੋਏ ਵਿਅਕਤੀਆਂ ਦੀ ਸੁਤੰਤਰਤਾ ਅਤੇ ਅਧਿਕਾਰਾਂ ਦੇ ਵਿਰੁੱਧ ਕੰਮ ਨਾ ਕਰ ਸਕੇ। ਮੌਲਿਕ ਅਧਿਕਾਰ ਵਿਅਕਤੀਗਤ ਸੁਤੰਤਰਤਾ ਅਤੇ ਅਧਿਕਾਰਾਂ ਦੇ ਹਿੱਤ ਵਿੱਚ ਰਾਜ ਦੀ ਸ਼ਕਤੀ 'ਤੇ ਰੋਕ ਲਗਾਉਣ ਦਾ ਸ੍ਰੇਸ਼ਠ ਤਰੀਕੇ ਹਨ।

ਫ੍ਰਾਂਸ ਦੀ ਰਾਜ ਕ੍ਰਾਤੀ ਨੇ ਵਿਸ਼ਵ ਨੂੰ 'ਸੁਤੰਤਰਤਾ, ਬਰਾਬਰਤਾ ਅਤੇ ਭਰਾਤਰੀ ਭਾਵ' ਦਾ ਸੰਦੇਸ਼ ਦਿੱਤਾ ਸੀ। ਕ੍ਰਾਂਤੀ ਦੇ ਬਾਅਦ ਫ੍ਰਾਂਸ ਦੀ ਰਾਸ਼ਟਰੀ ਸਪਾ ਨੇ 1789 ਦੇ ਨਵੇਂ ਸੰਵਿਧਾਨ ਵਿੱਚ 'ਮਨੁੱਖੀ ਅਧਿਕਾਰਾਂ ਦੀ ਘੋਸ਼ਣਾ' (Declaration of the Rights of Men) ਨੂੰ ਸ਼ਾਮਿਲ ਕਰਕੇ ਨਾਗਰਿਕਾਂ ਦੇ ਕੁਝ ਅਧਿਕਾਰਾਂ ਨੂੰ ਸੰਵਿਧਾਨਿਕ ਰੂਪ ਦੇਣ ਦੀ ਪ੍ਰਥਾ ਸ਼ੁਰੂ ਕੀਤੀ। ਇਸ ਦੇ ਬਾਅਦ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਵਿੱਚ 1791 ਵਿੱਚ ਪਹਿਲੀਆਂ 10 ਸੋਧਾਂ ਨਾਲ ਵਿਅਕਤੀਆਂ ਦੇ ਅਧਿਕਾਰਾਂ ਨੂੰ ਸੰਵਿਧਾਨ ਦਾ ਅੰਗ ਬਣਾਇਆ ਗਿਆ। ਇਹ ਸੋਧਾਂ ਹੀ ਸਮੂਹਿਕ ਰੂਪ ਨਾਲ 'ਅਧਿਕਾਰ ਪੱਤਰ' (Bill of Rights) ਅਖਵਾਉਂਦੇ ਹਨ। ਇਸ ਦਾ ਪ੍ਰਭਾਵ ਹੋਰ ਯੂਰਪੀਅਨ ਰਾਜਾਂ ਦੇ ਸੰਵਿਧਾਨਾਂ 'ਤੇ ਪਿਆ। ਪਹਿਲੇ ਮਹਾ ਯੁੱਧ ਦੇ ਬਾਅਦ ਕਈ ਪੁਰਾਣੇ ਰਾਜਾਂ ਅਤੇ ਯੁੱਧ ਦੇ ਬਾਅਦ ਸਥਾਪਿਤ ਕਈ ਨਵੇਂ ਰਾਜਾਂ ਦੇ ਸੰਵਿਧਾਨਾਂ ਵਿੱਚ ਮੌਲਿਕ ਅਧਿਕਾਰਾਂ ਦਾ ਸਮਾਵੇਸ਼ ਕੀਤਾ ਗਿਆ। ਇਸ ਸਬੰਧ ਵਿੱਚ ਜਰਮਨੀ ਦਾ ਵੀਮਾਰ ਸੰਵਿਧਾਨ ਅਤੇ ਆਇਰਲੈਂਡ ਦਾ ਸੰਵਿਧਾਨ ਵਿਸ਼ੇਸ਼ ਰੂਪ ਨਾਲ ਵਰਨਣਯੋਗ ਹੈ। ਦੂਸਰੇ ਮਹਾ ਯੁੱਧ ਦੇ ਬਾਅਦ ਮੌਲਿਕ ਅਧਿਕਾਰ ਦਾ ਵਿਚਾਰ ਹੋਰ ਵੀ ਲੋਕਪ੍ਰਿਯ ਹੋਇਆ ਅਤੇ ਯੁੱਧ ਦੇ ਬਾਅਦ ਭਾਰਤ, ਬਰਮਾ, ਜਪਾਨ ਆਦਿ ਜਿਨ੍ਹਾਂ

**ਨੋਟ**

ਦੇਸ਼ਾਂ ਦੇ ਸੰਵਿਧਾਨਾਂ ਦਾ ਨਿਰਮਾਣ ਹੋਇਆ ਉਨ੍ਹਾਂ ਸਾਰਿਆਂ ਵਿੱਚੋਂ ਮੌਲਿਕ ਅਧਿਕਾਰਾਂ ਦਾ ਸਮਾਵੇਸ਼ ਕੀਤਾ ਗਿਆ। 1945 ਵਿੱਚ ਸਥਾਪਿਤ ਅੰਤਰਰਾਸ਼ਟਰੀ ਸੰਗਠਨ, 'ਸੰਯੁਕਤ ਰਾਸ਼ਟਰ ਸੰਘ' ਵੱਲੋਂ ਵੀ 10 ਦਸੰਬਰ, 1948 ਈ. ਨੂੰ 'ਮਨੁੱਖੀ ਅਧਿਕਾਰਾਂ ਦੀ ਸਰਵਲੌਕਿਕ ਘੋਸ਼ਣਾ (Universal Declaration of Human Rights) ਦੇ ਨਾਮ ਨਾਲ ਅੰਤਰਰਾਸ਼ਟਰੀ ਅਧਿਕਾਰ ਪੱਤਰ ਸਵੀਕਾਰ ਕੀਤਾ ਗਿਆ। ਭਾਰਤ ਵਿੱਚ ਵੀ ਸਾਲ 1993 ਵਿੱਚ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੀ ਸਥਾਪਨਾ ਕਰ ਲਈ ਗਈ ਹੈ। ਇਸ ਤਰ੍ਹਾਂ ਮੌਲਿਕ ਅਧਿਕਾਰਾਂ ਦੇ ਵਿਚਾਰ ਨੇ ਵਰਤਮਾਨ ਸਮੇਂ ਵਿੱਚ ਇਕ ਸਾਰਿਆਂ ਦੇ ਮੰਨਣਯੋਗ ਧਾਰਨਾ ਦਾ ਰੂਪ ਗ੍ਰਹਿਣ ਕਰ ਲਿਆ ਹੈ।

*ਟਾਸਕ* ਮੌਲਿਕ ਅਧਿਕਾਰ ਤੋਂ ਤੁਸੀਂ ਕੀ ਸਮਝਦੇ ਹੋ?

## 2.1 ਮੌਲਿਕ ਅਧਿਕਾਰਾਂ ਦੀਆਂ ਵਿਸ਼ੇਸ਼ਤਾਵਾਂ (Features of Fundamental Rights)

ਭਾਰਤੀ ਸੰਵਿਧਾਨ ਵਿੱਚ ਦਿੱਤੇ ਗਏ ਮੌਲਿਕ ਅਧਿਕਾਰਾਂ ਦੀਆਂ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ–

*ਕੀ ਤੁਸੀਂ ਜਾਣਦੇ ਹੋ* ਭਾਰਤੀ ਸੰਵਿਧਾਨ ਮੌਲਿਕ ਅਧਿਕਾਰ ਲਈ ਅਮਰੀਕਾ ਦੇ ਸੰਵਿਧਾਨ ਦਾ ਕਰਜ਼ਾਈ ਹੈ।

1. **ਵਿਸਤ੍ਰਿਤ ਅਧਿਕਾਰ-ਪੱਤਰ** (A detailed Bill of Rights) - ਭਾਰਤੀ ਅਧਿਕਾਰ–ਪੱਤਰ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਇਕ ਵਿਸਤ੍ਰਿਤ–ਪੱਤਰ ਹੈ। 23 ਅਨੁਛੇਦਾਂ ਵਿੱਚ, ਜਿਨ੍ਹਾਂ ਦੀਆਂ ਅੱਗੇ ਜਾ ਕੇ ਕਈ ਧਾਰਾਵਾਂ ਹਨ, ਨਾਗਰਿਕਾਂ ਦੇ ਅਧਿਕਾਰਾਂ ਦਾ ਵਿਸਤ੍ਰਿਤ ਵਰਨਣ ਕੀਤਾ ਗਿਆ ਹੈ। ਉਦਾਹਰਣ ਦੇ ਤੌਰ 'ਤੇ ਅਨੁਛੇਦ 19 ਨਾਲ ਨਾਗਰਿਕਾਂ ਨੂੰ ਸੁਤੰਤਰਤਾ ਦਾ ਅਧਿਕਾਰ ਦਿੱਤਾ ਗਿਆ ਹੈ ਅਤੇ ਇਸ ਦੇ 6 ਭਾਗ ਅਜਿਹੇ ਹਨ ਜਿਨ੍ਹਾਂ ਵਿੱਚ ਨਾਗਰਿਕਾਂ ਦੀਆਂ 6 ਵੱਖ–ਵੱਖ ਸੁਤੰਤਰਤਾ ਅਤੇ ਉਨ੍ਹਾਂ ਦੇ ਅਪਵਾਦਾਂ ਆਦਿ ਦਾ ਵਿਸਤ੍ਰਿਤ ਵਰਨਣ ਹੈ। ਅਜਿਹਾ ਹੀ ਵਿਸਤ੍ਰਿਤ ਵਰਨਣ ਹੋਰ ਅਨੁਛੇਦਾਂ ਵਿੱਚ ਕੀਤਾ ਗਿਆ ਹੈ।

2. **ਸੰਵਿਧਾਨ ਵੱਲੋਂ ਦਿੱਤੇ ਗਏ ਅਧਿਕਾਰਾਂ ਤੋਂ ਇਲਾਵਾ ਨਾਗਰਿਕਾਂ ਦਾ ਕੋਈ ਅਧਿਕਾਰ ਨਹੀਂ** (No Right outside the Rights given by the constitution) — ਅਮਰੀਕੀ ਸੰਵਿਧਾਨ ਵਿੱਚ ਇਹ ਵਿਵਸਥਾ ਹੈ ਕਿ ਨਾਗਰਿਕਾਂ ਨੂੰ ਨਾ ਕੇਵਲ ਇਹ ਅਧਿਕਾਰ ਪ੍ਰਾਪਤ ਹਨ ਜੋ ਕਿ ਸੰਵਿਧਾਨ ਵਿੱਚ ਲਿਖੇ ਹਨ ਸਗੋਂ ਉਨ੍ਹਾਂ ਤੋਂ ਇਲਾਵਾ ਉਹ ਸਾਰੇ ਅਧਿਕਾਰ ਵੀ ਨਾਗਰਿਕਾਂ ਨੂੰ ਪ੍ਰਾਪਤ ਹਨ ਜੋ ਕਿ ਨਾਗਰਿਕਾਂ ਕੋਲ ਪੁਰਾਣੇ ਸਮੇਂ ਤੋਂ ਹਨ। ਦੂਸਰੇ ਸ਼ਬਦਾਂ ਵਿੱਚ, ਅਮਰੀਕਾ ਦੇ ਸੰਵਿਧਾਨ ਵੱਲੋਂ ਪ੍ਰਕਿਰਤਿਕ ਅਧਿਕਾਰਾਂ ਦੇ ਸਿਧਾਂਤ ਨੂੰ ਅਪ੍ਰਤੱਖ ਰੂਪ ਵਿੱਚ ਮਾਨਤਾ ਪ੍ਰਦਾਨ ਕੀਤੀ ਗਈ ਹੈ। ਭਾਰਤੀ ਸੰਵਿਧਾਨ ਵਿੱਚ ਅਜਿਹੇ ਸਿਧਾਂਤ ਦਾ ਸਪੱਸ਼ਟ ਰੂਪ ਵਿੱਚ ਖੰਡਨ ਕੀਤਾ ਗਿਆ ਹੈ। ਇਹ ਸਪੱਸ਼ਟ ਕਿਹਾ ਗਿਆ ਹੈ ਕਿ ਨਾਗਰਿਕਾਂ ਨੂੰ ਕੇਵਲ ਉਹੀ ਹੀ ਅਧਿਕਾਰ ਪ੍ਰਾਪਤ ਹਨ ਜੋ ਕਿ ਸੰਵਿਧਾਨ ਵਿੱਚ ਲਿਖੇ ਹਨ। ਇਨ੍ਹਾਂ ਤੋਂ ਇਲਾਵਾ ਕਿਸੇ ਵੀ ਅਧਿਕਾਰ ਨੂੰ ਮਾਨਤਾ ਨਹੀਂ ਦਿੱਤੀ ਗਈ ਹੈ।

3. **ਸਾਰੇ ਨਾਗਰਿਕਾਂ ਨੂੰ ਬਰਾਬਰ ਅਧਿਕਾਰ** (Equal Rights to all)- ਮੌਲਿਕ ਅਧਿਕਾਰ ਜਾਤੀ, ਧਰਮ, ਨਸਲ, ਰੰਗ, ਲਿੰਗ ਆਦਿ ਦੇ ਭੇਦਭਾਵ ਦੇ ਬਿਨਾਂ ਸਾਰੇ ਨਾਗਰਿਕਾਂ ਨੂੰ ਪ੍ਰਾਪਤ ਹਨ। ਬਹੁ ਸੰਖਿਆ ਅਤੇ ਘੱਟ ਸੰਖਿਆ ਵਿੱਚ ਕੋਈ ਫਰਕ ਨਹੀਂ। ਇਹ ਸਾਰਿਆਂ 'ਤੇ ਬਰਾਬਰ ਰੂਪ ਨਾਲ ਲਾਗੂ ਹੁੰਦੇ ਹਨ ਅਤੇ ਕਾਨੂੰਨੀ ਦ੍ਰਿਸ਼ਟੀ ਤੋਂ ਸਾਰੇ ਨਾਗਰਿਕਾਂ ਦੇ ਲਈ ਹਨ। ਸਰਕਾਰ ਇਨ੍ਹਾਂ 'ਤੇ ਠੀਕ ਰੋਕ ਲਗਾਉਂਦੇ ਸਮੇਂ ਨਾਗਰਿਕਾਂ ਵਿੱਚ ਭੇਦ ਨਹੀਂ ਕਰ ਸਕਦੀ।

4. **ਅਧਿਕਾਰ ਪੂਰਨ ਅਤੇ ਅਸੀਮਿਤ ਨਹੀਂ ਹਨ** (Rights are not Absolute and Unlimited)- ਕੋਈ ਵੀ ਅਧਿਕਾਰ ਅਸੀਮਿਤ ਨਹੀਂ ਹੋ ਸਕਦਾ। ਉਸ ਦਾ ਇਸਤੇਮਾਲ ਦੂਸਰਿਆਂ ਦੇ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਅਧਿਕਾਰ ਸਾਪੇਕਸ਼ ਹੁੰਦੇ ਹਨ ਅਤੇ ਉਨ੍ਹਾਂ ਦਾ ਇਸਤੇਮਾਲ ਸਮਾਜਿਕ ਪ੍ਰਸੰਗ ਵਿੱਚ ਹੀ ਕੀਤਾ ਜਾ ਸਕਦਾ ਹੈ। ਇਸ ਲਈ ਸਾਡੇ ਸੰਵਿਧਾਨ ਵਿੱਚ ਸਰਕਾਰ ਨੂੰ ਰਾਜ ਦੀ ਸੁਰੱਖਿਆ, ਸਰਵਜਨਕ ਵਿਵਸਥਾ, ਸਰਵਜਨਕ ਨੈਤਿਕਤਾ ਅਤੇ ਲੋਕ–ਕਲਿਆਣ ਦੀ ਦ੍ਰਿਸ਼ਟੀ ਤੋਂ ਮੌਲਿਕ ਅਧਿਕਾਰਾਂ 'ਤੇ ਸਮੇਂ ਦੀ ਜ਼ਰੂਰਤ ਅਨੁਸਾਰ ਠੀਕ ਰੋਕ ਲਗਾਉਣ ਦਾ ਅਧਿਕਾਰ ਦਿੱਤਾ ਗਿਆ ਹੈ।

5. **ਅਧਿਕਾਰ ਨਕਾਰਾਤਮਕ ਅਧਿਕਾਰ** (Mostly Negative Rights)– ਭਾਰਤੀ ਅਧਿਕਾਰ–ਪੱਤਰ ਵਿੱਚ ਲਿਖਤੀ ਅਧਿਕਾਰ ਜ਼ਿਆਦਾਤਰ ਨਕਾਰਾਤਮਕ ਅਧਿਕਾਰ ਹਨ। ਦੂਸਰੇ ਸ਼ਬਦਾਂ ਵਿੱਚ ਇਨ੍ਹਾਂ ਅਧਿਕਾਰਾਂ ਨਾਲ ਰਾਜ 'ਤੇ ਰੋਕਾਂ ਅਤੇ ਹੱਦਾਂ ਲਗਾਈਆਂ

**ਨੋਟ**

ਗਈਆਂ ਹਨ। ਉਦਾਹਰਣ ਦੇ ਤੌਰ 'ਤੇ ਰਾਜ 'ਤੇ ਇਹ ਹੱਦ ਲਗਾਈ ਗਈ ਹੈ ਕਿ ਰਾਜ ਜਾਤੀ, ਧਰਮ, ਰੰਗ, ਲਿੰਗ ਆਦਿ ਦੇ ਅਧਾਰ 'ਤੇ ਕੋਈ ਭੇਦਭਾਵ ਨਹੀਂ ਕਰੇਗਾ ਅਤੇ ਨਾ ਹੀ ਸਰਕਾਰੀ ਅਹੁਦੇ 'ਤੇ ਨਿਯੁਕਤੀ ਕਰਦੇ ਸਮੇਂ ਅਜਿਹਾ ਕੋਈ ਭੇਦਭਾਵ ਕਰੇਗਾ ਪਰ ਇਸ ਦੇ ਨਾਲ ਹੀ ਕੁਝ ਅਧਿਕਾਰ ਸਕਾਰਾਤਮਕ ਰੂਪ ਵਿੱਚ ਵੀ ਲਿਖੇ ਗਏ ਹਨ। ਉਦਾਹਰਣ ਦੇ ਤੌਰ 'ਤੇ ਸੁਤੰਤਰਤਾ ਦੇ ਅਧਿਕਾਰ ਜਿਸ ਨਾਲ ਨਾਗਰਿਕਾਂ ਦੀ ਭਾਸ਼ਣ ਅਤੇ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ, ਸਮੁਦਾਇ ਨਿਰਮਾਣ ਕਰਨ ਦੀ ਸੁਤੰਤਰਤਾ, ਕਿਸੇ ਜਗ੍ਹਾ ਰਹਿਣ ਅਤੇ ਕੋਈ ਵੀ ਪੇਸ਼ਾ ਅਪਨਾਉਣ ਦੀ ਸੁਤੰਤਰਤਾ ਆਦਿ ਪ੍ਰਦਾਨ ਕੀਤੀ ਗਈ ਹੈ।

6. **ਅਧਿਕਾਰ ਸੰਘ, ਰਾਜਾਂ ਅਤੇ ਹੋਰ ਸਰਕਾਰੀ ਸੰਸਥਾਵਾਂ 'ਤੇ ਬਰਾਬਰ ਰੂਪ ਨਾਲ ਲਾਗੂ ਹਨ** (Rights are Binding Equally upon, Union, States and other State Authorities)- ਮੌਲਿਕ ਅਧਿਕਾਰਾਂ ਦੇ ਭਾਗ ਵਿੱਚ ਹੀ ਸੰਵਿਧਾਨ ਵੱਲੋਂ ਰਾਜ ਸ਼ਬਦ ਦੀ ਵਿਆਖਿਆ ਕੀਤੀ ਗਈ ਹੈ ਅਤੇ ਇਹ ਕਿਹਾ ਗਿਆ ਹੈ ਕਿ ਰਾਜ ਸ਼ਬਦ ਦੇ ਅਰਥ ਹਨ-ਸੰਘ, ਪ੍ਰਾਂਤ ਅਤੇ ਸਥਾਨਕ ਸੰਸਥਾਵਾਂ। ਇਸ ਤਰ੍ਹਾਂ ਅਧਿਕਾਰ-ਪੱਤਰ ਵੱਲੋਂ ਲਗਾਈਆਂ ਗਈਆਂ ਹੱਦਾਂ ਸੰਘ, ਰਾਜਾਂ ਅਤੇ ਸਥਾਨਕ ਸੰਸਥਾਵਾਂ-ਨਾਗਰਿਕਾਂ ਅਤੇ ਪੰਚਾਇਤਾਂ-'ਤੇ ਵੀ ਲਾਗੂ ਹਨ। ਇਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਮੌਲਿਕ ਅਧਿਕਾਰਾਂ ਨਾਲ ਨਿਰਧਾਰਿਤ ਹੱਦਾਂ ਅੰਦਰ ਕੰਮ ਕਰਨਾ ਹੁੰਦਾ ਹੈ। ਸਾਡੇ ਸੰਵਿਧਾਨ ਵਿੱਚ ਅਜਿਹਾ ਸਪੱਸ਼ਟ ਕਰਕੇ ਭਾਰਤੀ ਸੰਵਿਧਾਨ-ਨਿਰਮਾਤਾਵਾਂ ਨੇ ਅਮਰੀਕੀ ਸੰਵਿਧਾਨ ਦੀ ਕਮੀ ਨੂੰ ਪੂਰਾ ਕੀਤਾ ਹੈ। ਉੱਥੇ ਹੁਣ ਵੀ ਕਦੀ-ਕਦੀ ਇਹ ਵਾਦ-ਵਿਵਾਦ ਖੜ੍ਹਾ ਹੋ ਜਾਂਦਾ ਹੈ ਕਿ ਕੀ ਸੰਵਿਧਾਨ ਵੱਲੋਂ ਦਿੱਤੇ ਗਏ ਮੌਲਿਕ ਅਧਿਕਾਰ ਸੰਘ ਦੇ ਨਾਲ-ਨਾਲ ਸੰਘੀ ਇਕਾਈਆਂ 'ਤੇ ਵੀ ਲਾਗੂ ਹਨ ਕਿ ਨਹੀਂ?

7. **ਭਾਰਤੀ ਨਾਗਰਿਕਾਂ ਅਤੇ ਵਿਦੇਸ਼ੀਆਂ ਵਿੱਚ ਅੰਤਰ** (Difference between Citizens and Aliens) ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ ਦੇ ਸਬੰਧ ਵਿੱਚ ਭਾਰਤੀ ਨਾਗਰਿਕਾਂ ਅਤੇ ਵਿਦੇਸ਼ੀਆਂ ਵਿੱਚ ਫਰਕ ਕੀਤਾ ਗਿਆ ਹੈ। ਕੁਝ ਮੌਲਿਕ ਅਧਿਕਾਰ ਅਜਿਹੇ ਹਨ, ਜੋ ਭਾਰਤੀ ਨਾਗਰਿਕਾਂ ਨੂੰ ਤਾਂ ਪ੍ਰਾਪਤ ਹਨ ਪਰ ਵਿਦੇਸ਼ੀਆਂ ਨੂੰ ਨਹੀਂ, ਜਿਵੇਂ-ਭਾਸ਼ਣ ਦੇਣ ਅਤੇ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ, ਘੁੰਮਣ-ਫਿਰਨ ਅਤੇ ਦੇਸ਼ ਦੇ ਕਿਸੇ ਵੀ ਭਾਗ ਵਿੱਚ ਰਹਿਣ ਦੀ ਸੁਤੰਤਰਤਾ।

8. **ਅਧਿਕਾਰ ਰੱਦ ਕੀਤੇ ਜਾ ਸਕਦੇ ਹਨ** (Rights can be Suspended) ਸੰਵਿਧਾਨ ਵਿੱਚ ਅਧਿਕਾਰਾਂ ਨੂੰ ਸੰਕਟ ਕਾਲ ਵਿੱਚ ਰੱਦ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ ਹੈ।

*ਨੋਟਸ* ਬਾਹਰੀ ਹਮਲਿਆਂ ਜਾਂ ਬਾਹਰੀ ਹਮਲੇ ਦੀ ਸੰਭਾਵਨਾ ਤੋਂ ਪੈਦਾ ਹੋਣ ਵਾਲੇ ਸੰਕਟ ਦਾ ਸਾਹਮਣਾ ਕਰਨ ਲਈ ਰਾਸ਼ਟਰਪਤੀ ਸੰਪੂਰਨ ਭਾਗ ਜਾਂ ਭਾਰਤ ਦੇ ਕਿਸੇ ਭਾਗ ਵਿੱਚ ਸੰਕਟ ਕਾਲੀਨ ਘੋਸ਼ਣਾ ਕਰ ਸਕਦਾ ਹੈ ਅਤੇ ਅਜਿਹੀ ਵਿਵਸਥਾ ਵਿੱਚ ਨਾਗਰਿਕ ਦੇ ਅਧਿਕਾਰਾਂ ਵਿਸ਼ੇਸ਼ ਤੌਰ 'ਤੇ ਸੁਤੰਤਰਤਾ ਦੇ ਅਧਿਕਾਰ (Art. 19) ਅਤੇ ਸੰਵਿਧਾਨਕ ਉਪਚਾਰਾਂ ਦੇ ਅਧਿਕਾਰ ਨੂੰ ਰੱਦ ਕਰ ਸਕਦਾ ਹੈ।

ਸੰਵਿਧਾਨ ਦੀ ਇਸ ਵਿਵਸਥਾ ਦੀਆਂ ਕਈ ਅਲੋਚਕਾਂ ਵੱਲੋਂ ਸਖਤ ਨਿੰਦਾ ਕੀਤੀ ਗਈ ਹੈ ਪਰ ਸਾਡੇ ਵਿਚਾਰ ਵਿੱਚ ਆਲੋਚਨਾ ਬੁਧੀਸੰਗਤ ਨਹੀਂ ਹੈ। ਦੇਸ਼ ਦਾ ਹਿੱਤ ਸਭ ਤੋਂ ਉੱਪਰ ਹੈ ਅਤੇ ਦੇਸ਼ ਦੇ ਹਿੱਤ ਵਿੱਚ ਅਧਿਕਾਰਾਂ ਨੂੰ ਰੱਦ ਕੀਤਾ ਜਾਣਾ ਠੀਕ ਹੀ ਹੈ।

9. **ਮੌਲਿਕ ਅਧਿਕਾਰ ਨਿਆਸੰਗਤ ਹਨ** (Fundamental Rights are Justiciable)-ਮੌਲਿਕ ਅਧਿਕਾਰ ਅਦਾਲਤਾਂ ਵੱਲੋਂ ਲਾਗੂ ਕੀਤੇ ਜਾਂਦੇ ਹਨ। ਮੌਲਿਕ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਸੰਵਿਧਾਨ ਵਿੱਚ ਵਿਸ਼ੇਸ਼ ਵਿਵਸਥਾਵਾਂ ਕੀਤੀਆਂ ਗਈਆਂ ਹਨ। ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਮੌਲਿਕ ਅਧਿਕਾਰਾਂ ਵਿੱਚ ਵਿਸ਼ੇਸ਼ ਰੂਪ ਵਿੱਚ ਸ਼ਾਮਿਲ ਹੈ। ਇਸ ਦਾ ਅਰਥ ਇਹ ਹੈ ਕਿ ਕੋਈ ਵੀ ਨਾਗਰਿਕ ਜਿਸ ਦੇ ਮੌਲਿਕ ਅਧਿਕਾਰਾਂ ਦਾ ਉਲੰਘਣ ਹੋਵੇ, ਹਾਈਕੋਰਟ ਜਾਂ ਸੁਪਰੀਮ ਕੋਰਟ ਤੋਂ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਅਪੀਲ ਕਰ ਸਕਦਾ ਹੈ। ਹਾਈਕੋਰਟ ਅਤੇ ਸੁਪਰੀਮ ਕੋਰਟ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਕਈ ਤਰ੍ਹਾਂ ਦੇ ਲੇਖ (Writs) ਜਾਰੀ ਕਰਦੇ ਹਨ। ਜੇਕਰ ਮੌਲਿਕ ਅਧਿਕਾਰਾਂ ਦਾ ਉਲੰਘਣ ਸਿੱਧ ਹੋ ਜਾਵੇ ਤਾਂ ਉਹ ਵਿਅਕਤੀ, ਸੰਸਥਾ ਜਾਂ ਸਰਕਾਰ ਵੱਲੋਂ ਕੀਤੀ ਗਈ ਗਲਤ ਕਾਰਵਾਈ ਨੂੰ ਨਾਜਾਇਜ਼ ਘੋਸ਼ਿਤ ਕਰ ਸਕਦੇ ਹਨ।

10. **ਸੰਸਦ ਅਧਿਕਾਰਾਂ ਨੂੰ ਘੱਟ ਕਰ ਸਕਦੀ ਹੈ** (Parliament can Curtail the Fundamental Rights)-ਸੰਵਿਧਾਨ ਵੱਲੋਂ ਸੰਸਦ ਮੌਲਿਕ ਅਧਿਕਾਰ ਵਾਲੇ ਅਧਿਐਨ ਸਹਿਤ ਸਮੁੱਚੇ ਸੰਵਿਧਾਨ ਵਿੱਚ ਸੋਧ ਕਰ ਸਕਦੀ ਹੈ। ਇੱਥੇ ਇਹ ਵਰਨਣਯੋਗ ਹੈ ਕਿ ਸੰਸਦ ਸਧਾਰਣ ਕਾਨੂੰਨਾਂ ਨਾਲ ਮੌਲਿਕ ਅਧਿਕਾਰਾਂ ਵਿੱਚ ਕਿਸੇ ਤਰ੍ਹਾਂ ਦੀ ਸੋਧ ਨਹੀਂ ਕਰ ਸਕਦੀ। ਜੇਕਰ ਸੰਸਦ ਕੋਈ ਅਜਿਹਾ ਕਾਨੂੰਨ ਬਣਾਉਂਦੀ ਹੈ ਤਾਂ ਉਹ ਸਰਵਉੱਚ ਅਦਾਲਤ ਵੱਲੋਂ ਰੱਦ ਕਰ ਦਿੱਤਾ ਜਾਵੇਗਾ। ਭਾਵ ਇਹ ਹੈ ਕਿ ਉਹ ਸੰਵਿਧਾਨਿਕ ਸੋਧ ਨਾਲ ਹੀ ਮੌਲਿਕ ਅਧਿਕਾਰਾਂ ਵਿੱਚ ਸੋਧ ਕਰ ਸਕਦੀ ਹੈ। ਰਾਜ ਵਿਧਾਨ ਮੰਡਲਾਂ ਨੂੰ ਮੌਲਿਕ ਅਧਿਕਾਰਾਂ ਵਿੱਚ ਕਮੀ ਕਰਨ ਦੀ ਸ਼ਕਤੀ ਪ੍ਰਦਾਨ ਨਹੀਂ ਕੀਤੀ ਗਈ ਹੈ। ਧਾਰਾ 368 ਵਿੱਚ ਦਿੱਤੀ ਗਈ ਕੰਮ ਵਿਧੀ ਨਾਲ ਮੌਲਿਕ ਅਧਿਕਾਰਾਂ ਦਾ ਸੋਧ ਕੀਤੀ ਜਾ ਸਕਦੀ ਹੈ। ਇਸ

ਨੋਟ

ਦੇ ਲਈ ਕੁਲ ਮੈਂਬਰ-ਸੰਖਿਆ ਦੇ ਬਹੁਮਤ ਅਤੇ ਦੋਨਾਂ ਸਦਨਾਂ ਵਿੱਚੋਂ ਹਰੇਕ ਵਿੱਚ ਮੌਜੂਦ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੇ 2/3 ਬਹੁਮਤ ਦਾ ਹੋਣਾ ਜ਼ਰੂਰੀ ਹੈ। 1952 ਵਿੱਚ ਸਰਵਉੱਚ ਅਦਾਲਤ ਦੇ ਮੁੱਖ ਜੱਜ **ਸ਼ਾਸਤਰੀ** ਨੇ ਕਿਹਾ ਸੀ ਕਿ "ਅਨੁਛੇਦ 368 ਸੰਸਦ ਨੂੰ ਸੰਵਿਧਾਨ ਵਿੱਚ ਬਿਨਾਂ ਕਿਸੇ ਛੂਟ ਦੇ ਸੋਧ ਕਰਨ ਦਾ ਅਧਿਕਾਰ ਪ੍ਰਦਾਨ ਕਰਦਾ ਹੈ।" ਪਰ 1967 ਵਿੱਚ ਗੋਲਕਨਾਥ ਮੁਕੱਦਮੇ ਵਿੱਚ ਸਰਵਉੱਚ ਅਦਾਲਤ ਨੇ ਇਹ ਫੈਸਲਾ ਦਿੱਤਾ ਸੀ ਕਿ ਸੰਸਦ ਦੇ ਮੌਲਿਕ ਅਧਿਕਾਰਾਂ ਨੂੰ ਘੱਟ ਜਾਂ ਖਤਮ ਕਰਨ ਦੀ ਸ਼ਕਤੀ ਨਹੀਂ ਹੈ। 24ਵੀਂ ਸੋਧ ਨਾਲ ਸੰਸਦ ਨੇ ਇਸ ਸ਼ਕਤੀ ਨੂੰ ਮਾਨਤਾ ਦੇ ਦਿੱਤੀ ਅਤੇ 24 ਅਪ੍ਰੈਲ, 1973 ਨੂੰ ਕੇਸ਼ਵਾਨੰਦ ਭਾਰਤੀ ਕੇਸ ਵਿੱਚ ਸਰਵਉੱਚ ਅਦਾਲਤ ਨੇ ਇਹ ਨਿਰਦੇਸ਼ ਦਿੱਤਾ ਕਿ ਸੰਸਦ ਮੌਲਿਕ ਅਧਿਕਾਰਾਂ ਵਿੱਚ ਸੋਧ ਕਰ ਸਕਦੀ ਹੈ।

11. **ਘੱਟ ਗਿਣਤੀ ਲਈ ਵਿਸ਼ੇਸ਼ ਅਧਿਕਾਰ** (Special Rights for Minorities)- ਭਾਰਤੀ ਅਧਿਕਾਰ-ਪੱਤਰ ਵਿੱਚ ਘੱਟ ਸੰਖਿਆ ਦੇ ਹਿੱਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਵਿਸ਼ੇਸ਼ ਕਰਕੇ ਦੋ ਅਧਿਕਾਰ-ਧਾਰਮਿਕ ਸੁਤੰਤਰਤਾ ਦਾ ਅਧਿਕਾਰ (Right to Freedom of Religion) ਅਤੇ ਸੰਸਕ੍ਰਿਤਿਕ ਅਤੇ ਸਿੱਖਿਅਕ ਅਧਿਕਾਰ (Cultural and Educational Rights) ਤਾਂ ਘੱਟ ਸੰਖਿਆ ਦੇ ਹਿੱਤਾ ਦੀ ਰੱਖਿਆ ਲਈ ਹੀ ਲਿਖੇ ਗਏ ਹਨ। ਇਕ ਆਦਰਸ਼ ਲੋਕਤੰਤਰ ਵਿੱਚ ਬਹੁਮਤ ਘੱਟ ਗਿਣਤੀ 'ਤੇ ਸ਼ਾਸਨ ਕਰਕੇ ਉਨ੍ਹਾਂ ਨੂੰ ਕੁਚਲਦਾ ਨਹੀਂ ਸਗੋਂ ਘੱਟ ਮੱਤ ਨੂੰ ਵਧਣ ਦਾ ਮੌਕਾ ਦਿੱਤਾ ਜਾਂਦਾ ਹੈ। ਭਾਰਤੀ ਅਧਿਕਾਰ-ਪੱਤਰ ਨਾਲ ਅਜਿਹੀ ਵਿਵਸਥਾ ਨੂੰ ਘੱਟ ਗਿਣਤੀ ਦੇ ਅਧਿਕਾਰਾਂ ਦੇ ਰੂਪ ਵਿੱਚ ਲਿਖਿਆ ਗਿਆ ਹੈ।

12. **ਸਮਾਜਿਕ ਅਤੇ ਆਰਥਿਕ ਅਧਿਕਾਰਾਂ ਦਾ ਅਹਿਸਾਸ** (Absence of Social and Economic Rights)- ਅਧਿਕਾਰ-ਪੱਤਰ ਵਿੱਚ ਸਮਾਜਿਕ ਅਤੇ ਆਰਥਿਕ ਅਧਿਕਾਰਾਂ, ਉਦਾਹਰਣ ਤੌਰ 'ਤੇ ਕੰਮ ਕਰਨ ਦਾ ਅਧਿਕਾਰ (Right to Work), ਆਰਾਮ ਦਾ ਅਧਿਕਾਰ (Right of Rest and Leisure), ਸਮਾਜਿਕ ਸੁਰੱਖਿਆ ਦਾ ਅਧਿਕਾਰ (Right to Social Security), ਆਦਿ ਸ਼ਾਮਿਲ ਨਹੀਂ ਕੀਤੇ ਗਏ ਹਨ, ਇਨ੍ਹਾਂ ਅਧਿਕਾਰਾਂ ਨੂੰ ਨਿਰਦੇਸ਼ਕ ਸਿਧਾਂਤਾਂ ਦੇ ਅਧੀਨ ਲਿਖਿਆ ਗਿਆ ਹੈ।

13. **ਸ਼ਾਸਤਰੀ ਸੈਨਾਵਾਂ ਦੇ ਅਧਿਕਾਰ ਸੀਮਿਤ ਕੀਤੇ ਜਾ ਸਕਦੇ ਹਨ** (Rights of Armed Forces can be Restricted)- ਸੰਵਿਧਾਨ ਦੀ ਧਾਰਾ 33 ਦੇ ਅਨੁਸਾਰ ਸੰਸਦ ਸੈਨਾਵਾਂ ਵਿੱਚ ਅਨੁਸ਼ਾਸਨ ਨੂੰ ਬਣਾਏ ਰੱਖਣ ਦੇ ਲਈ ਮੌਲਿਕ ਅਧਿਕਾਰਾਂ ਵਿੱਚ ਸੋਧ ਕਰ ਸਕਦੀ ਹੈ। ਸੰਸਦ ਪੁਲਿਸ, ਹੱਦ ਸੁਰੱਖਿਆ ਆਦਿ ਦੇ ਵਿਸ਼ੇ ਵਿੱਚ ਉਚਿਤ ਵਿਵਸਥਾ ਕਰ ਸਕਦੀ ਹੈ।

14. **ਮੌਲਿਕ ਅਧਿਕਾਰਾਂ ਨੂੰ ਲਾਗੂ ਕਰਨ ਲਈ ਵਿਸ਼ੇਸ਼ ਸੰਵਿਧਾਨ ਵਿਵਸਥਾ** (Special Constitutional Provision for the Enforcement of Fundamental Rights)- ਭਾਰਤੀ ਸੰਵਿਧਾਨ ਦੀ ਧਾਰਾ 226 ਦੇ ਅਧੀਨ ਸਾਡੇ ਖੋਹੇ ਗਏ ਅਧਿਕਾਰ ਨੂੰ ਲਾਗੂ ਕਰਵਾਉਣ ਲਈ ਉਚਿਤ ਵਿਧੀ ਨਾਲ ਪ੍ਰਾਂਤ ਵਿੱਚ ਉੱਚ ਅਦਾਲਤ ਦੀ ਸ਼ਰਨ ਲੈ ਸਕਦੇ ਹਾਂ ਅਤੇ ਧਾਰਾ 32 ਦੇ ਅਧੀਨ ਉਚਿਤ ਵਿਧੀ ਨਾਲ ਸਰਵਉੱਚ ਅਦਾਲਤ ਦੀ ਸ਼ਰਨ ਲੈ ਸਕਦੇ ਹਾਂ। ਇਸ ਸੰਬੰਧ ਵਿੱਚ ਅਸੀਂ ਉਚਿਤ ਰਿੱਟ (Writ) ਕਰ ਸਕਦੇ ਹਾਂ। ਜਿਵੇ-ਹੈਬੀਅਸ ਕਾਰਪਸ (Habeas Carpus), ਮੰਡਾਮਸ (Mandamus), ਵਰਜਨ (Prohibition), ਕਿਉਂ-ਵਾਰੰਟੋ (Quo-Warranto) ਅਤੇ (Certiotari)।

**ਸਿੱਟਾ (Conclusion)**- ਉਪਰੋਕਤ ਅਧਿਐਨ ਤੋਂ ਸਾਫ ਸਪੱਸ਼ਟ ਹੁੰਦਾ ਹੈ ਕਿ ਅਧਿਕਾਰਾਂ ਤੋਂ ਬਿਨਾਂ ਮਨੁੱਖੀ ਜੀਵਨ ਦਾ ਪੂਰਨ ਵਿਕਾਸ ਨਹੀਂ ਹੋ ਸਕਦਾ ਪਰ ਜਦੋਂ ਸੰਵਿਧਾਨ ਨੂੰ ਸੋਧ ਕਰਕੇ ਇਨ੍ਹਾਂ ਨੂੰ ਸੀਮਿਤ ਕੀਤਾ ਜਾ ਸਕਦਾ ਹੈ ਅਤੇ ਸੰਕਟ ਕਾਲੀਨ ਸਥਿਤੀ ਵਿੱਚ ਉਨ੍ਹਾਂ ਨੂੰ ਸੰਵਿਧਾਨ ਵਿੱਚ ਬਿਨਾਂ ਸੋਧ ਦੇ ਰੱਦ ਕੀਤਾ ਜਾ ਸਕਦਾ ਹੈ ਤਾਂ ਫਿਰ ਉਨ੍ਹਾਂ ਨੂੰ ਮੌਲਿਕ ਅਧਿਕਾਰ ਕਿਉਂ ਕਿਹਾ ਜਾਵੇ। ਇਸ ਦਾ ਜਵਾਬ ਸਰਵਉੱਚ ਅਦਾਲਤ ਨੇ ਆਪਣੇ ਇਕ ਫੈਸਲੇ ਵਿੱਚ ਸਪੱਸ਼ਟ ਕੀਤਾ, "ਅਧਿਕਾਰ ਹੀ ਮੌਲਿਕ ਹਨ, ਅਧਿਕਾਰਾਂ ਦੇ ਪ੍ਰਤੀਬੰਧ ਮੌਲਿਕ ਨਹੀਂ ਹੋ ਸਕਦੇ।"

### ਸਵ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks):

1. ਭਾਰਤੀ ਸੰਵਿਧਾਨ ਮੌਲਿਕ ਅਧਿਕਾਰ ਦੇ ਲਈ...........ਦੇ ਸੰਵਿਧਾਨ ਦਾ ਕਰਜ਼ਾਈ ਹੈ।
2. ਭਾਰਤੀ ਅਧਿਕਾਰ-ਪੱਤਰ ਵਿੱਚ ਲਿਖਤੀ ਅਧਿਕਾਰ ਜ਼ਿਆਦਾਤਰ ................... ਅਧਿਕਾਰ ਹਨ।
3. ਧਾਰਾ ..................ਵਿੱਚ ਦਿੱਤੀ ਗਈ ਕੰਮ ਵਿਧੀ ਨਾਲ ਮੌਲਿਕ ਅਧਿਕਾਰਾਂ ਦੀ ਸੋਧ ਕੀਤੀ ਜਾ ਸਕਦੀ ਹੈ?

## 2.2 ਮੌਲਿਕ ਅਧਿਕਾਰ (Fundamental Rights)

ਭਾਰਤੀ ਸੰਵਿਧਾਨ ਨਾਲ ਭਾਰਤ ਦੇ ਨਾਗਰਿਕਾਂ ਨੂੰ 6 ਤਰ੍ਹਾਂ ਦੇ ਮੌਲਿਕ ਅਧਿਕਾਰ ਦਿੱਤੇ ਗਏ ਹਨ:

1. **ਬਰਾਬਰਤਾ ਦਾ ਅਧਿਕਾਰ** (Right to Equality-Article 14 to 18)- ਬਰਾਬਰਤਾ ਦਾ ਅਧਿਕਾਰ ਪ੍ਰਜਾਤੰਤਰ ਦਾ ਅਧਾਰ ਸ਼ੁਰੂ ਹੈ ਅਤੇ ਭਾਰਤੀ ਸੰਵਿਧਾਨ ਵੱਲੋਂ ਸਾਰੇ ਵਿਅਕਤੀਆਂ ਨੂੰ ਕਾਨੂੰਨ ਦੇ ਸਾਹਮਣੇ ਬਰਾਬਰਤਾ, ਰਾਜ ਦੇ ਅਧੀਨ ਨੌਕਰੀਆਂ ਦਾ

**ਨੋਟ**

ਬਰਾਬਰ ਮੌਕਾ ਅਤੇ ਸਮਾਜਿਕ ਬਰਾਬਰਤਾ ਪ੍ਰਦਾਨ ਕੀਤੀ ਗਈ ਹੈ ਅਤੇ ਬਰਾਬਰਤਾ ਦੀ ਸਥਾਪਨਾ ਲਈ ਉਪਾਧੀਆਂ ਦਾ ਨਿਸ਼ੇਧ ਕੀਤਾ ਗਿਆ ਹੈ।

***(i)* ਕਾਨੂੰਨ ਦੇ ਸਾਹਮਣੇ ਬਰਾਬਰਤਾ (ਅਨੁਛੇਦ**) (Equality before the Law)-ਅਨੁਛੇਦ 14 ਦੇ ਅਨੁਸਾਰ ਭਾਰਤ ਦੇ ਰਾਜ ਖੇਤਰ ਵਿੱਚ ਰਾਜ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਦੇ ਸਾਹਮਣੇ ਬਰਾਬਰ ਜਾਂ ਕਾਨੂੰਨ ਦੇ ਬਰਾਬਰ ਸੁਰੱਖਿਆ ਤੋਂ ਵਾਂਝਾ ਨਹੀਂ ਰਹੇਗਾ। ਅਨੁਛੇਦ ਦੇ ਪਹਿਲੇ ਭਾਗ ਦੇ ਸ਼ਬਦ 'ਕਾਨੂੰਨ ਦੇ ਸਾਹਮਣੇ ਬਰਾਬਰਤਾ' ਬ੍ਰਿਟਿਸ਼ ਸਧਾਰਣ ਵਿਧੀ ਦੀ ਦੇਣ ਹੈ ਅਤੇ ਇਸ ਵੱਲੋਂ ਰਾਜ 'ਤੇ ਇਹ ਬੰਧਨ ਲਗਾਇਆ ਗਿਆ ਹੈ ਕਿ ਉਹ ਸਾਰੇ ਵਿਅਕਤੀਆਂ ਦੇ ਲਈ ਇੱਕੋ ਜਿਹਾ ਕਾਨੂੰਨ ਬਣਾਏਗਾ ਅਤੇ ਉਨ੍ਹਾਂ ਨੂੰ ਇਕ ਬਰਾਬਰ ਲਾਗੂ ਕਰੇਗਾ। **ਸਰ ਆਈਵਰ ਜੈਨਿੰਮਜ** ਦੇ ਅਨੁਸਾਰ ਇਸ ਦਾ ਅਰਥ ਇਹ ਹੈ ਕਿ "ਬਰਾਬਰ ਪ੍ਰਸਥਿਤੀਆਂ ਵਿੱਚ ਸਾਰੇ ਵਿਅਕਤੀਆਂ ਦੇ ਨਾਲ ਕਾਨੂੰਨ ਦਾ ਵਿਵਹਾਰ ਇੱਕੋ ਜਿਹਾ ਹੋਣਾ ਚਾਹੀਦਾ ਹੈ।" ਕਾਨੂੰਨ ਦੀ ਬਰਾਬਰ ਸੁਰੱਖਿਆ'। ਇਹ ਸ਼ਬਦ ਅਮਰੀਕੀ ਸੰਵਿਧਾਨ ਤੋਂ ਲਿਆ ਗਿਆ ਹੈ ਅਤੇ ਇਸ ਦਾ ਭਾਵ ਇਹ ਹੈ ਕਿ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਹਰੇਕ ਵਿਅਕਤੀ ਬਰਾਬਰ ਰੂਪ ਨਾਲ ਅਦਾਲਤ ਦੀ ਸ਼ਰਨ ਲੈ ਸਕਦੇ ਹਨ।

ਕਾਨੂੰਨ ਦੇ ਸਾਹਮਣੇ ਬਰਾਬਰਤਾ ਦਾ ਭਾਵ ਇਹ ਨਹੀਂ ਹੈ ਕਿ ਔਚਿੱਤਯਪੂਰਨ ਅਧਾਰ 'ਤੇ ਅਤੇ ਕਾਨੂੰਨ ਵੱਲੋਂ ਮਾਨਤਾ ਕਿਸੇ ਭੇਦਭਾਵ ਦੀ ਵੀ ਵਿਵਸਥਾ ਨਹੀਂ ਕੀਤੀ ਜਾ ਸਕਦੀ ਹੈ। ਜੇਕਰ ਕਾਨੂੰਨ ਕਰ ਲਗਾਉਣ ਦੇ ਸਬੰਧ ਵਿੱਚ ਅਮੀਰ ਅਤੇ ਗਰੀਬ ਵਿੱਚ ਅਤੇ ਸੁਵਿਧਾਵਾਂ ਪ੍ਰਦਾਨ ਕਰਨ ਵਿੱਚ ਇਸਤਰੀਆ ਅਤੇ ਪੁਰਸ਼ਾਂ ਵਿੱਚ ਫਰਕ ਕਰਦਾ ਹੈ ਤਾਂ ਇਸ ਨੂੰ ਕਾਨੂੰਨ ਦੇ ਸਾਹਮਣੇ ਬਰਾਬਰਤਾ ਦਾ ਉਲੰਘਣ ਨਹੀਂ ਕਿਹਾ ਜਾ ਸਕਦਾ।

***(ii)* ਧਰਮ, ਨਸਲ, ਜਾਤੀ, ਲਿੰਗ, ਜਾਂ ਜਨਮ ਸਥਾਨ ਦੇ ਅਧਾਰ 'ਤੇ ਭੇਦਭਾਵ ਦਾ ਨਿਸ਼ੇਧ (ਅਨੁਛੇਦ** 15) (Prohibition of Discrimination on Grounds of Religion, Race, Caste, Sex or Place of Birth)- ਕਾਨੂੰਨ ਦੇ ਸਾਹਮਣੇ ਬਰਾਬਰਤਾ ਦੇ ਨਾਲ-ਨਾਲ ਅਨੁਛੇਦ 15 ਵਿੱਚ ਕਿਹਾ ਗਿਆ ਹੈ ਕਿ "ਰਾਜ ਵੱਲੋਂ ਧਰਮ, ਮੂਲਵੰਸ਼, ਜਾਤੀ, ਲਿੰਗ, ਜਨਮ ਸਥਾਨ ਆਦਿ ਦੇ ਅਧਾਰ 'ਤੇ ਨਾਗਰਿਕਾਂ ਦੇ ਪ੍ਰਤੀ ਜੀਵਨ ਦੇ ਕਿਸੇ ਖੇਤਰ ਵਿੱਚ ਭੇਦਭਾਵ ਨਹੀਂ ਕੀਤਾ ਜਾਵੇਗਾ।" ਕਾਨੂੰਨ ਵੱਲੋਂ ਨਿਸ਼ਚਿਤ ਕੀਤਾ ਗਿਆ ਹੈ ਕਿ ਸਭ ਨਾਗਰਿਕਾਂ ਨਾਲ ਦੁਕਾਨਾਂ, ਹੋਟਲਾਂ ਅਤੇ ਸਰਵਜਨਕ ਸਥਾਨਾਂ-ਜਿਵੇਂ ਖੂਹਾਂ, ਤਲਾਬਾਂ, ਗੁਸਲਖਾਨੇ, ਸੜਕਾਂ ਆਦਿ 'ਤੇ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਨਹੀਂ ਕੀਤਾ ਜਾਵੇਗਾ।

***(iii)* ਰਾਜ ਦੇ ਅਧੀਨ ਨੌਕਰੀਆਂ ਦੇ ਬਰਾਬਰ ਮੌਕੇ (ਅਨੁਛੇਦ 16**) (Equality of Opportunity in Matters of Public Employment)- ਅਨੁਛੇਦ 16 ਦੇ ਅਨੁਸਾਰ, "ਸਭ ਨਾਗਰਿਕਾਂ ਨੂੰ ਸਰਕਾਰੀ ਅਹੁਦਿਆਂ 'ਤੇ ਨਿਯੁਕਤੀ ਦੇ ਬਰਾਬਰ ਮੌਕੇ ਪ੍ਰਾਪਤ ਹੋਣਗੇ ਅਤੇ ਇਸ ਸਬੰਧ ਵਿੱਚ ਕੇਵਲ ਧਰਮ, ਮੂਲਵੰਸ਼, ਜਾਤੀ, ਲਿੰਗ ਜਾਂ ਜਨਮ ਸਥਾਨ ਜਾਂ ਇਨ੍ਹਾਂ ਵਿੱਚੋਂ ਕਿਸੇ ਦੇ ਅਧਾਰ 'ਤੇ ਨੌਕਰੀ ਜਾਂ ਅਹੁਦਾ ਪ੍ਰਦਾਨ ਕਰਨ ਵਿੱਚ ਭੇਦਭਾਵ ਨਹੀਂ ਕੀਤਾ ਜਾਵੇਗਾ।" ਇਸ ਅਧੀਨ ਰਾਜ ਨੂੰ ਇਹ ਅਧਿਕਾਰ ਹੈ ਕਿ ਉਹ ਰਾਜਕੀ ਸੇਵਾਵਾਂ ਲਈ ਜ਼ਰੂਰੀ ਯੋਗਤਾਵਾਂ ਨਿਰਧਾਰਿਤ ਕਰ ਦੇਣ। ਸੰਸਦ ਕਾਨੂੰਨ ਵੱਲੋਂ ਸੰਘ ਵਿੱਚ ਸ਼ਾਮਿਲ ਰਾਜਾਂ ਨੂੰ ਅਧਿਕਾਰ ਦੇ ਸਕਦੀ ਹੈ ਕਿ ਉਹ ਉਸ ਅਹੁਦੇ ਦੇ ਉਮੀਦਵਾਰ ਲਈ ਉਸ ਰਾਜ ਦਾ ਨਿਵਾਸੀ ਹੋਣਾ ਜ਼ਰੂਰੀ ਠਹਿਰਾ ਦੇਣ। ਇਸ ਤਰ੍ਹਾਂ ਸੇਵਾਵਾਂ ਵਿੱਚ ਪੱਛੜੇ ਹੋਏ ਵਰਗ ਲਈ ਵੀ ਸਥਾਨ ਰੱਖੇ ਜਾ ਸਕਦੇ ਹਨ।

***(iv)* ਅਸਪਸ਼ਟਤਾ ਦਾ ਨਿਸ਼ੇਧ (ਅਨੁਛੇਦ** 17) (Abolition of Untouchability)- ਸਮਾਜਿਕ ਬਰਾਬਰਤਾ ਨੂੰ ਅਤੇ ਜ਼ਿਆਦਾ ਪੂਰਨ ਤੌਰ 'ਤੇ ਦੇਣ ਲਈ ਅਸਪਸ਼ਟਤਾ ਦਾ ਨਿਸ਼ੇਧ ਕੀਤਾ ਗਿਆ ਹੈ। ਅਨੁਛੇਦ 17 ਵਿੱਚ ਕਿਹਾ ਗਿਆ ਹੈ ਕਿ "ਅਸਪਸ਼ਟਤਾ ਨਾਲ ਪੈਦਾ ਹੋਏ ਕਿਸੇ ਅਯੋਗਤਾ ਨੂੰ ਲਾਗੂ ਕਰਨਾ ਇਕ ਸਜ਼ਾ ਯੋਗ ਅਪਰਾਧ ਹੋਵੇਗਾ।" ਹਿੰਦੂ ਸਮਾਜ ਨਾਲ ਅਸਪਸ਼ਟਤਾ ਦੇ ਵਿਸ਼ੇ ਨੂੰ ਖਤਮ ਕਰਨ ਲਈ ਸੰਸਦ ਵੱਲੋਂ 1955 ਈ. ਵਿੱਚ 'ਅਸਪਸ਼ਟਤਾ ਅਪਰਾਧ ਅਧੀਨਿਯਮ' (Untouchability offences Act) ਪਾਸ ਕੀਤਾ ਗਿਆ ਹੈ ਜੋ ਪੂਰੇ ਭਾਰਤ 'ਤੇ ਲਾਗੂ ਹੁੰਦਾ ਹੈ। ਇਸ ਕਾਨੂੰਨ ਦੇ ਅਨੁਸਾਰ ਅਸਪਸ਼ਟਤਾ ਇਕ ਸਜ਼ਾ ਯੋਗ ਅਪਰਾਧ ਘੋਸ਼ਿਤ ਕੀਤਾ ਗਿਆ ਹੈ।

***(v)* ਉਪਾਧੀਆਂ ਦਾ ਨਿਸ਼ੇਧ (ਅਨੁਛੇਦ 18)** (Abolition of Titles)- ਬ੍ਰਿਟਿਸ਼ ਸ਼ਾਸਨ ਕਾਲ ਵਿੱਚ ਸੰਪਤੀ ਆਦਿ ਦੇ ਅਧਾਰ 'ਤੇ ਉਪਾਧੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਸਨ, ਜੋ ਸਮਾਜਿਕ ਜੀਵਨ ਵਿੱਚ ਫਰਕ ਪੈਦਾ ਕਰਦੀਆਂ ਸਨ ਅਤੇ ਨਵੇਂ ਸੰਵਿਧਾਨ ਵਿੱਚ ਇਨ੍ਹਾ ਦਾ ਨਿਸ਼ੇਧ ਕਰ ਦਿੱਤਾ ਗਿਆ ਹੈ। ਅਨੁਛੇਦ 18 ਵਿੱਚ ਵਿਵਸਥਾ ਕੀਤੀ ਗਈ ਹੈ ਕਿ "ਸੈਨਾ ਜਾਂ ਵਿਧੀਆਂ ਸਬੰਧੀ ਉਪਾਧੀਆਂ ਦੇ ਇਲਾਵਾ ਰਾਜ ਹੋਰ ਕੋਈ ਉਪਾਧੀਆਂ ਪ੍ਰਦਾਨ ਨਹੀਂ ਕਰ ਸਕਦਾ।" ਇਸ ਦੇ ਨਾਲ ਹੀ ਸਾਰੇ ਭਾਰਤ ਦਾ ਕੋਈ ਨਾਗਰਿਕ ਬਿਨਾਂ ਰਾਸ਼ਟਰਪਤੀ ਦੀ ਆਗਿਆ ਦੇ ਵਿਦੇਸ਼ੀ ਰਾਜ ਨਾਲ ਵੀ ਕੋਈ ਉਪਾਧੀ ਸਵੀਕਾਰ ਨਹੀਂ ਕਰ ਸਕਦਾ।

2. **ਸੁਤੰਤਰਤਾ ਦਾ ਅਧਿਕਾਰ** (Right to Freedom-Article 19 to 20)- ਭਾਰਤੀ ਸੰਵਿਧਾਨ ਦਾ ਉਦੇਸ਼ ਵਿਚਾਰ, ਵਿਚਾਰ ਪ੍ਰਗਟ, ਵਿਸ਼ਵਾਸ, ਧਰਮ ਅਤੇ ਉਪਾਸਨਾ ਦੀ ਸੁਤੰਤਰਤਾ ਨਿਸ਼ਚਿਤ ਕਰਨਾ ਹੈ ਅਤੇ ਸੰਵਿਧਾਨ ਵੱਲੋਂ ਨਾਗਰਿਕਾਂ ਨੂੰ ਵਿਵਿਧ ਸੁਤੰਤਰਤਾ ਪ੍ਰਦਾਨ ਕੀਤੀਆਂ ਗਈਆਂ ਹਨ। ਇਸ ਸਬੰਧ ਵਿੱਚ ਅਨੁਛੇਦ 19 ਸਭ ਤੋਂ ਜ਼ਿਆਦਾ ਨਾਗਰਿਕਾਂ ਨੂੰ ਹੇਠ ਲਿਖੇ 6 ਸੁਤੰਤਰਤਾ ਪ੍ਰਦਾਨ ਕਰਦੇ ਹਨ :

**ਨੋਟ** (i) ਧਾਰਾ 19 ਨਾਲ ਭਾਰਤੀ ਨਾਗਰਿਕਾਂ ਨੂੰ 7 ਸੁਤੰਤਰਤਾਵਾਂ ਪ੍ਰਦਾਨ ਕੀਤੀਆਂ ਗਈਆਂ ਸਨ, ਜਿਸ ਵਿੱਚ ਤੇ ਛੇਵੀਂ ਸੁਤੰਤਰਤਾ, ਸੰਪਤੀ ਪ੍ਰਾਪਤ ਕਰਨ ਅਤੇ ਉਸ ਨੂੰ ਵੇਚਣ ਦੀ ਸੁਤੰਤਰਤਾ ਸੀ ਪਰ 44ਵੀਂ ਸੋਧ ਨਾਲ ਸੰਪਤੀ ਦੇ ਅਧਿਕਾਰ ਦੇ ਨਾਲ-ਨਾਲ 'ਸੰਪਤੀ ਦੀ ਸੁਤੰਤਰਤਾ' ਦਾ ਵੀ ਖਾਤਮਾ ਪ੍ਰਾਪਤ ਕਰਨ ਲਈ ਅਤੇ ਉਸ ਨੂੰ ਵੇਚਣ ਦੀ ਸੁਤੰਤਰਤਾ ਸੀ ਪਰ 44ਵੀਂ ਸੋਧ ਨਾਲ ਸੰਪਤੀ ਦੇ ਅਧਿਕਾਰ ਦੇ ਨਾਲ-ਨਾਲ 'ਸੰਪਤੀ ਦੀ ਸੁਤੰਤਰਤਾ' ਵੀ ਖਤਮ ਕਰ ਦਿੱਤੀ ਗਈ ਹੈ ਅਤੇ ਇਸ ਤਰ੍ਹਾਂ ਹੁਣ ਧਾਰਾ 19 ਦੇ ਅਧੀਨ ਨਾਗਰਿਕਾਂ ਨੂੰ ਛੇ ਸੁਤੰਤਰਤਾਵਾਂ ਹੀ ਪ੍ਰਾਪਤ ਹਨ, ਜੋ ਇਸ ਤਰ੍ਹਾਂ ਹਨ-

(ਅ) ਭਾਸ਼ਣ ਦੇਣ ਅਤੇ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ (Right to Freedom of Speech and Expression)।

(ਬ) ਸ਼ਾਂਤੀਪੂਰਵਕ ਅਤੇ ਬਿਨਾਂ ਇਸਤਰੀਆਂ ਦੇ ਇਕੱਠੇ ਹੋਣ ਦੀ ਸੁਤੰਤਰਤਾ (Freedom to assemble peacefully and without arms)।

(ਸ) ਸੰਘ ਬਣਾਉਣ ਦਾ ਅਧਿਕਾਰ (Freedom to Form Associations)।

(ਦ) ਭਾਰਤ ਰਾਜ ਦੇ ਖੇਤਰ ਵਿੱਚ ਘੁੰਮਣ ਦਾ ਅਧਿਕਾਰ (Freedom to move freely throughout the territory of India)।

(ਯ) ਭਾਰਤ ਦੇ ਕਿਸੇ ਭਾਗ ਵਿੱਚ ਰਹਿਣ ਜਾਂ ਨਿਵਾਸ ਕਰਨ ਦੀ ਸੁਤੰਤਰਤਾ (Freedom to reside and settle in any part of the territory of India)।

(ਰ) ਕੋਈ ਵੀ ਕਾਰੋਬਾਰ ਕਰਨ, ਪੇਸ਼ਾ ਅਪਨਾਉਣ ਜਾਂ ਵਪਾਰ ਕਰਨ ਦਾ ਅਧਿਕਾਰ (Freedom to practise any profession or to carry on any occupation, trade or business)।

ਧਾਰਾ 20 ਤੋਂ 22 ਤੱਕ ਨੇ ਨਾਗਰਿਕਾਂ ਨੂੰ ਵਿਅਕਤੀਗਤ ਸੁਤੰਤਰਤਾ ਪ੍ਰਦਾਨ ਕੀਤੀ ਗਈ ਹੈ। ਬ੍ਰਿਟੇਨ ਵਿੱਚ ਵਿਅਕਤੀਗਤ ਸੁਤੰਤਰਤਾ ਦਾ ਅਧਾਰ ਕਾਨੂੰਨ ਦਾ ਸ਼ਾਸਨ ਹੈ। ਇਹੀ ਸਿਧਾਂਤ ਭਾਰਤ ਵਿੱਚ ਵੀ ਅਪਨਾਇਆ ਗਿਆ ਹੈ।

*ਨੋਟਸ* ਭਾਰਤੀ ਸੰਵਿਧਾਨ ਦੇ ਅਨੁਸਾਰ ਨਾਗਰਿਕਾਂ ਨੂੰ ਸੱਤ ਮੌਲਿਕ ਅਧਿਕਾਰ ਪ੍ਰਾਪਤ ਸਨ ਪਰ 44ਵੀਂ ਸੰਵਿਧਾਨਿਕ ਸੋਧ ਨਾਲ ਸੰਪਤੀ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਦੀ ਸੂਚੀ 'ਚੋਂ ਕੱਢ ਦਿੱਤਾ ਗਿਆ ਹੈ।

(ii) (ਅ) ਧਾਰਾ 20 ਦੇ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਸਜ਼ਾ ਉਸ ਸਮੇਂ ਵਿੱਚ ਪ੍ਰਚਲਿਤ ਕਾਨੂੰਨ ਦੇ ਅਨੁਸਾਰ ਹੀ ਦਿੱਤੀ ਜਾ ਸਕਦੀ ਹੈ।

(ਬ) ਧਾਰਾ 20 ਦੇ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਇਕ ਅਪਰਾਧ ਦੇ ਲਈ ਦੋ ਬਾਜ ਸਜ਼ਾ ਨਹੀਂ ਦੇ ਸਕਦੀ ਹੈ।

(ਸ) ਧਾਰਾ 20 ਦੇ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਆਪਣੇ ਵਿਰੁੱਧ ਗਵਾਹੀ ਦੇਣ ਦੇ ਲਈ ਮਜ਼ਬੂਰ ਨਹੀਂ ਕੀਤਾ ਜਾ ਸਮਕਦਾ।

(iii) ਧਾਰਾ 21 ਦੇ ਅਨੁਸਾਰ ਕਾਨੂੰਨ ਵੱਲੋਂ ਸਥਾਪਿਤ ਪਦਤੀ (Procedure Established by Law) ਤੋਂ ਬਿਨਾਂ ਕਿਸੇ ਵਿਅਕਤੀ ਨੂੰ ਉਸ ਦੇ ਜੀਵਨ ਅਤੇ ਉਸ ਦੀ ਵਿਅਕਤੀਗਤ ਸੁਤੰਤਰਤਾ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ।

(ਅ) ਕਿਸੇ ਵੀ ਵਿਅਕਤੀ ਨੂੰ ਉਸ ਦੇ ਅਪਰਾਧ ਕੀਤੇ ਬਿਨਾਂ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ।

(ਬ) ਗ੍ਰਿਫਤਾਰ ਕੀਤੇ ਗਏ ਵਿਅਕਤੀ ਨੂੰ 24 ਘੰਟੇ ਦੇ ਅੰਦਰ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕਰਨਾ ਜ਼ਰੂਰੀ ਹੈ।

(ਸ) ਬਿਨਾਂ ਮੈਜਿਸਟ੍ਰੇਟ ਦੀ ਆਗਿਆ ਦੇ ਕੈਦੀ ਨੂੰ ਜੇਲ੍ਹ ਵਿੱਚ ਨਹੀਂ ਰੱਖਿਆ ਜਾ ਸਕਦਾ।

(ਦ) ਕੈਦੀ ਨੂੰ ਕਾਨੂੰਨੀ ਸਲਾਹ ਪ੍ਰਾਪਤ ਕਰਨ ਦਾ ਪੂਰਾ ਅਧਿਕਾਰ ਹੈ।

3. **ਸ਼ੋਸ਼ਣ ਦੇ ਵਿਰੁੱਧ ਅਧਿਕਾਰ** (Right Against Exploitation — Article 23 to 24)- ਸੰਵਿਧਾਨ ਦੇ 23 ਅਤੇ 24ਵੇਂ ਅਨੁਛੇਦਾਂ ਵਿੱਚ ਨਾਗਰਿਕਾਂ ਦੇ ਲਈ ਸ਼ੋਸ਼ਣ ਦੇ ਵਿਰੁੱਧ ਅਧਿਕਾਰਾਂ ਦਾ ਵਰਨਣ ਕੀਤਾ ਗਿਆ ਹੈ। ਇਸ ਅਧਿਕਾਰ ਦਾ ਇਹ ਲਕਸ਼ ਹੈ ਕਿ ਸਮਾਜ ਦਾ ਕੋਈ ਵੀ ਸ਼ਕਤੀਸ਼ਾਲੀ ਵਿਅਕਤੀ ਕਿਸੇ ਕਮਜ਼ੋਰ ਵਿਅਕਤੀ ਨਾਲ ਅੰਨਿਆ ਨਾ ਕਰ ਸਕੇ।

*(i)* ਧਾਰਾ 23 ਦੇ ਅਨੁਸਾਰ ਮਨੁੱਖਾਂ ਦਾ ਵਪਾਰ, ਉਨ੍ਹਾਂ ਤੋਂ ਬਗੈਰ ਅਤੇ ਇੱਛਾ ਦੇ ਵਿਰੁੱਧ ਕੰਮ ਕਰਵਾਉਣ ਦੀ ਮਨਾਹੀ ਕਰ ਦਿੱਤੀ ਗਈ ਹੈ ਅਤੇ ਜੋ ਇਸ ਵਿਵਸਥਾ ਦਾ ਕਿਸੇ ਤਰ੍ਹਾਂ ਨਾਲ ਉਲੰਘਣ ਕਰੇਗਾ, ਉਸ ਨੂੰ ਕਾਨੂੰਨ ਦੇ ਅਨੁਸਾਰ ਸਜ਼ਾ ਯੋਗ ਅਪਰਾਧ ਸਮਝਿਆ ਜਾਵੇਗਾ।

*(ii)* ਧਾਰਾ 24 ਦੇ ਅਨੁਸਾਰ 14 ਸਾਲਾਂ ਤੋਂ ਘੱਟ ਉਮਰ ਵਾਲੇ ਬੱਚਿਆ ਨੂੰ ਕਿਸੇ ਵੀ ਕਾਰਖਾਨੇ ਜਾਂ ਖਾਨ ਵਿੱਚ ਨੌਕਰੀ ’ਤੇ ਨਹੀਂ ਰੱਖਿਆ ਜਾਵੇਗਾ ਨਾ ਹੀ ਕਿਸੇ ਹੋਰ ਖਤਰੇ ਵਾਲੀ ਨੌਕਰੀ ਵਿੱਚ ਲਗਾਇਆ ਜਾਵੇਗਾ। ਇਸ ਦਾ ਭਾਵ ਇਹ ਹੈ ਕਿ ਬੱਚਿਆਂ ਨੂੰ ਕੰਮ ਵਿੱਚ ਲਗਾਉਣ ਦੀ ਬਜਾਏ ਉਨ੍ਹਾ ਨੂੰ ਸਿੱਖਿਆ ਦਿੱਤੀ ਜਾਵੇ। ਇਸ ਲਈ ਭਾਰਤੀ ਸੰਵਿਧਾਨ ਦੇ ਅਧਿਆਇ 4 ਵਿੱਚ ਨਿਰਦੇਸ਼ਕ ਸਿਧਾਂਤਾਂ ਨਾਲ ਰਾਜਾਂ ਨੂੰ ਇਹ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ 14 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਜ਼ਰੂਰੀ ਅਤੇ ਫਰੀ ਸਿੱਖਿਆ ਦਾ ਪ੍ਰਬੰਧ ਕਰੇ ਸਿੱਖਿਆ ਦੇ ਜ਼ਿਆਦਾ (Right to Education) ਅਧੀਨਿਯਮ ਨੂੰ ਵੀ ਇਸੇ ਲਈ ਬਣਾਇਆ ਗਿਆ ਹੈ।

4. **ਧਾਰਮਿਕ ਸੁਤੰਤਰਤਾ ਦਾ ਅਧਿਕਾਰ (Right to Freedom of Religion — Article 25 to 28)**- ਸੰਵਿਧਾਨ ਦੇ ਅਗਲੇ 4 ਅਨੁਛੇਦਾਂ (25 ਤੋਂ 28) ਵਿੱਚ ਭਾਰਤ ਨੂੰ ਇਕ ਧਰਮ-ਨਿਰਪੱਖ ਰਾਜ ਬਣਾਉਣ ਦੀ ਵਿਵਸਥਾ ਕੀਤੀ ਗਈ ਹੈ। ਸੰਵਿਧਾਨ-ਨਿਰਮਾਤਾਵਾਂ ਨੇ ਅਨੁਛੇਦ 15 ਅਤੇ 16 ਵਿੱਚ ਦਿੱਤੇ ਇਸ ਅਧਿਕਾਰ ਦੇ ਨਾਲ 42ਵੀਂ ਸੋਧ ਨਾਲ ਧਰਮ-ਨਿਰਪੱਖ ਸ਼ਬਦ ਨੂੰ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਜੋੜ ਦਿੱਤਾ ਗਿਆ ਹੈ।

***(i)*** **ਕਿਸੇ ਵੀ ਧਰਮ ਨੂੰ ਮੰਨਣ ਦੀ ਸੁਤੰਤਰਤਾ (Freedom to practise any Religion)**-ਅਨੁਛੇਦ 25 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਭਾਰਤ ਵਿੱਚ ਸਾਰੇ ਨਾਗਰਿਕਾਂ ਨੂੰ ਕਿਸੇ ਵੀ ਧਰਮ ਦੀ ਮੰਨਣ, ਉਸ ਦਾ ਅਨੁਯਾਈ ਬਣਨ ਅਤੇ ਉਸ ਦਾ ਪ੍ਰਚਾਰ ਕਰਨ ਦਾ ਅਧਿਕਾਰ ਹੈ।

***(ii)*** **ਧਾਰਮਿਕ ਕੰਮ ਦਾ ਪ੍ਰਬੰਧ ਕਰਨ ਦੀ ਸੁਤੰਤਰਤਾ (Freedom to manage Religious Affairs)**- ਅਨੁਛੇਦ 26 ਨਾਲ ਸਾਰੇ ਧਾਰਮਿਕ ਸੰਪ੍ਰਦਾਇਆਂ ਨੂੰ ਧਾਰਮਿਕ ਅਤੇ ਪਰਉਪਕਾਰੀ ਉਦੇਸ਼ਾਂ ਲਈ ਸੰਸਥਾਵਾਂ ਸਥਾਪਿਤ ਕਰਨ ਉਸ ਨਾਲ ਸਬੰਧਿਤ ਵਿਸ਼ਿਆਂ ਦਾ ਸੰਚਾਲਨ ਕਰਨ, ਚੱਲ ਅਤੇ ਅਚੱਲ ਸੰਪਤੀ ਖਰੀਦਣ ਅਤੇ ਕਾਨੂੰਨ ਦੇ ਅਨੁਸਾਰ ਉਨ੍ਹਾਂ ਦਾ ਪ੍ਰਬੰਧ ਚਲਾਉਣ ਦਾ ਅਧਿਕਾਰ ਦਿੱਤਾ ਗਿਆ ਹੈ।

***(iii)*** **ਧਰਮ ਦੇ ਪ੍ਰਚਾਰ ਦੇ ਲਈ ਕਰ ਨਾ ਦੇਣ ਦੀ ਸੁਤੰਤਰਤਾ (Freedom as to Payment of Taxes for Promotion of any Particular Religion)**- ਅਨੁਛੇਦ 27 ਵਿੱਚ ਇਹ ਨਿਰਧਾਰਿਤ ਕੀਤਾ ਗਿਆ ਹੈ ਕਿ ਕਿਸੇ ਵੀ ਧਰਮ ਦੇ ਪ੍ਰਚਾਰ ਲਈ ਕਿਸੇ ਵਿਅਕਤੀ ਨੂੰ ਕੋਈ ਕਰ ਦੇਣ ’ਤੇ ਮਜਬੂਰ ਨਹੀਂ ਕੀਤਾ ਜਾਵੇਗਾ।

***(iv)*** **ਸਿੱਖਿਆ ਸੰਸਥਾਵਾਂ ਵਿੱਚ ਧਾਰਮਿਕ ਸਿੱਖਿਆ ਨਾ ਦਿੱਤੇ ਜਾਣ ਦੀ ਰੋਕ (Prohibition of Giving Religious Instructions in Educational Institutions)** - ਅਨੁਛੇਦ 28 ਨਾਲ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਕਿਸੇ ਵੀ ਸੰਸਥਾ ਵਿੱਚ ਧਾਰਮਿਕ ਸਿੱਖਿਆ ਨਹੀਂ ਦਿੱਤੀ ਜਾ ਸਕਦੀ ਪਰ ਇਸ ਦੇ ਅਧੀਨ ਉਹ ਸੰਸਥਾਵਾਂ ਨਹੀਂ ਆਉਂਦੀਆਂ, ਜਿਨ੍ਹਾਂ ਦੀ ਸਥਾਪਨਾ ਕਿਸੇ ਟਰੱਸਟ ਵੱਲੋਂ ਧਰਮ ਦੇ ਪ੍ਰਚਾਰ ਲਈ ਕੀਤੀ ਗਈ ਹੋਵੇ, ਚਾਹੇ ਉਸ ਦਾ ਪ੍ਰਸ਼ਾਸਨ ਰਾਜ ਹੀ ਚਲਾਉਂਦਾ ਹੋਵੇ। ਕਿਸੇ ਅਨੁਛੇਦ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਰਾਜ ਵੱਲੋਂ ਜਿਨ੍ਹਾਂ ਸੰਸਥਾਵਾਂ ਨੂੰ ਗ੍ਰਾਂਟ (Grants) ਦਿੱਤੀ ਜਾਂਦੀ ਹੈ, ਉਨ੍ਹਾਂ ਵਿੱਚ ਕਿਸੇ ਵਿਅਕਤੀ ਨੂੰ ਧਾਰਮਿਕ ਸਮਾਰੋਹ ’ਚ ਸ਼ਾਮਿਲ ਹੋਣ ਅਤੇ ਧਾਰਮਿਕ ਸਿੱਖਿਆ ਪ੍ਰਾਪਤ ਕਰਨ ’ਤੇ ਮਜਬੂਰ ਨਹੀਂ ਕੀਤਾ ਜਾ ਸਕਦਾ।

5. **ਸੰਸਕ੍ਰਿਤੀ ਅਤੇ ਸਿੱਖਿਆ ਸਬੰਧੀ ਅਧਿਕਾਰ (Cultural and Educational Rights — Article 29 to 30)** - ਸੰਸਕ੍ਰਿਤਿਕ ਅਤੇ ਸਿੱਖਿਆ ਸਬੰਧੀ ਅਧਿਕਾਰਾਂ ਦਾ ਵਰਨਣ ਸੰਵਿਧਾਨ ਦੀ 29 ਅਤੇ 30 ਅਨੁਛੇਦਾਂ ਵਿੱਚ ਕੀਤਾ ਗਿਆ ਹੈ, ਇਨ੍ਹਾਂ ਦੇ ਅਨੁਸਾਰ ਭਾਰਤ ਵਿੱਚ ਰਹਿਣ ਵਾਲੇ ਘੱਟ ਗਿਣਤੀ ਦੇ ਹਿੱਤਾਂ ਦੀ ਸੁਰੱਖਿਆ ਦੀ ਸਹੀ ਵਿਵਸਥਾ ਕੀਤੀ ਗਈ ਹੈ ਤਾਂ ਕਿ ਉਹ ਆਪਣੀ ਸੰਸਕ੍ਰਿਤੀ ਅਤੇ ਭਾਸ਼ਾ ਦੇ ਅਧਾਰ ’ਤੇ ਆਪਣਾ ਵਿਕਾਸ ਕਰ ਸਕਣ।

*(i)* ਅਨੁਛੇਦ 29 ਦੇ ਅਨੁਸਾਰ, ਭਾਰਤ ਦੇ ਕਿਸੇ ਵੀ ਖੇਤਰ ਵਿੱਚ ਰਹਿਣ ਵਾਲੇ ਨਾਗਰਿਕਾਂ ਦੇ ਹਰ ਵਰਗ ਜਾਂ ਉਸ ਦੇ ਭਾਗ ਨੂੰ, ਉਸ ਦੀ ਆਪਣੀ ਭਾਸ਼ਾ, ਲਿਪੀ ਤੇ ਸੰਸਕ੍ਰਿਤੀ ਹੋਵੇ, ਉਸ ਨੂੰ ਇਹ ਅਧਿਕਾਰ ਹੈ ਕਿ ਉਹ ਉਨ੍ਹਾਂ ਦੀ ਰੱਖਿਆ ਕਰੇ।

*(ii)* ਅਨੁਛੇਦ 29 ਦੇ ਅਨੁਸਾਰ, ਕਿਸੇ ਵੀ ਨਾਗਰਿਕ ਨੂੰ ਰਾਜ ਵੱਲੋਂ ਜਾਂ ਉਸ ਦੀ ਸਹਾਇਤਾ ਨਾਲ ਚਲਾਈ ਜਾਣ ਵਾਲੀ ਸਿੱਖਿਆ ਸੰਸਥਾ ਵਿੱਚ ਪ੍ਰਵੇਸ਼ ਦੇਣ ਤੋਂ ਧਰਮ, ਜਾਤੀ, ਵੰਸ਼, ਭਾਸ਼ਾ ਜਾਂ ਇਨ੍ਹਾਂ ਵਿੱਚੋਂ ਕਿਸੇ ਦੇ ਵੀ ਅਧਾਰ ’ਤੇ ਇਨਕਾਰ ਨਹੀਂ ਕੀਤਾ ਜਾ ਸਕਦਾ।

*(iii)* ਅਨੁਛੇਦ 30 ਦੇ ਅਨੁਸਾਰ ਸਾਰੇ ਘੱਟ ਗਿਣਤੀਆਂ ਨੂੰ ਚਾਹੇ ਉਹ ਧਰਮ ’ਤੇ ਅਧਾਰਿਤ ਹੋਵੇ ਜਾਂ ਭਾਸ਼ਾ ’ਤੇ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਆਪਣੀ ਇੱਛਾ ਅਨੁਸਾਰ ਸਿੱਖਿਆ ਸੰਸਥਾਵਾਂ ਦੀ ਸਥਾਪਨਾ ਕਰਨ ਅਤੇ ਉਨ੍ਹਾਂ ਦਾ ਪ੍ਰਬੰਧ ਕਰਨ।

ਨੋਟ

*(iv)* ਅਨੁਛੇਦ 30 ਦੇ ਅਨੁਸਾਰ ਰਾਜ ਵੱਲੋਂ ਸਹਾਇਤਾ ਦਿੰਦੇ ਸਮੇਂ ਸਿੱਖਿਆ ਸੰਸਥਾਵਾਂ ਪ੍ਰਤੀ ਇਸ ਅਧਾਰ 'ਤੇ ਕੋਈ ਭੇਦਭਾਵ ਨਹੀਂ ਹੋਵੇਗਾ ਕਿ ਉਹ ਘੱਟ ਗਿਣਤੀਆਂ ਦੇ ਪ੍ਰਬੰਧ ਅਧੀਨ ਹਨ, ਚਾਹੇ ਉਹ ਘੱਟ ਗਿਣਤੀ ਭਾਸ਼ਾ ਦੇ ਅਧਾਰ 'ਤੇ ਜਾਂ ਧਰਮ ਦੇ ਅਧਾਰ 'ਤੇ ਕਿਉਂ ਨਾ ਹੋਣ। 44ਵੀਂ ਸੋਧ ਰਾਹੀਂ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਘੱਟ ਗਿਣਤੀਆਂ ਵੱਲੋਂ ਸਥਾਪਿਤ ਉਹ ਚਲਾਈ ਜਾ ਰਹੀ ਸਿੱਖਿਆ ਸੰਸਥਾਵਾਂ ਸੰਪਤੀ ਨੂੰ ਜ਼ਰੂਰੀ ਰੂਪ ਵਿੱਚ ਲੈਣ ਲਈ ਕਾਨੂੰਨ ਦਾ ਨਿਰਮਾਣ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖੇਗਾ ਕਿ ਕਾਨੂੰਨ ਵੱਲੋਂ ਨਿਰਧਾਰਿਤ ਕੀਤੀਆਂ ਗਈਆਂ ਰਕਮਾਂ ਨਾਲ ਘੱਟ ਗਿਣਤੀਆਂ ਦੇ ਅਧਿਕਾਰ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਇਹ ਪਰਿਵਰਤਨ ਇਸ ਲਈ ਕਰਨਾ ਪਿਆ, ਕਿਉਂਕਿ 44ਵੀਂ ਸੋਧ ਰਾਹੀਂ ਅਨੁਛੇਦ 31 ਨੂੰ ਹਟਾ ਕੇ ਸੰਪਤੀ ਦਾ ਅਧਿਕਾਰ ਖਤਮ ਕਰ ਦਿੱਤਾ ਗਿਆ ਹੈ। ਹੁਣ ਸੰਪਤੀ ਦਾ ਅਧਿਕਾਰ ਕੇਵਲ ਕਾਨੂੰਨੀ ਅਧਿਕਾਰ ਹੈ।

6. **ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ (Right to Constitutional Remedies Article 32)**- ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ ਦੇ ਵਰਨਣ ਨਾਲ ਵਧੇਰੇ ਮਹੱਤਵਪੂਰਨ ਗੱਲ ਉਨ੍ਹਾਂ ਨੂੰ ਕਿਰਿਆਸ਼ੀਲ ਕਰਨ ਦੀ ਵਿਵਸਥਾ ਹੈ। ਉਸ ਤੋਂ ਬਿਨਾਂ ਮੌਲਿਕ ਅਧਿਕਾਰ ਅਰਥਹੀਣ ਹੋ ਜਾਂਦੇ ਹਨ। ਸੰਵਿਧਾਨ ਨਿਰਮਾਤਾਵਾਂ ਨੇ ਇਸ ਉਦੇਸ਼ ਨਾਲ ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰ ਨੂੰ ਹੀ ਸਵੀਕਾਰ ਵਿੱਚ ਜਗ੍ਹਾ ਦਿੱਤੀ ਹੈ, ਜਿਸ ਦਾ ਭਾਵ ਇਹ ਹੈ ਕਿ ਨਾਗਰਿਕ ਅਧਿਕਾਰਾਂ ਨੂੰ ਲਾਗੂ ਕਰਨ ਲਈ ਸਰਵਉੱਚ ਅਦਾਲਤ ਅਤੇ ਅਦਾਲਤਾਂ ਦਾ ਸ਼ਰਣ ਲੈ ਸਕਦੇ ਹਨ। ਇਨ੍ਹਾਂ ਅਦਾਲਤਾਂ ਵੱਲੋਂ ਵਿਵਸਥਾਪਿਕਾ ਰਾਹੀਂ ਨਿਰਮਿਤ ਉਨ੍ਹਾਂ ਸਾਰੇ ਕਾਨੂੰਨਾਂ ਅਤੇ ਕਾਰਜ ਪਾਲਿਕਾ ਦੇ ਉਨ੍ਹਾਂ ਕੰਮਾਂ ਨੂੰ ਗੈਰ-ਵਿਧਾਨਿਕ ਐਲਾਨ ਦਿੱਤਾ ਜਾਵੇਗਾ ਜੋ ਅਧਿਕਾਰਾਂ ਦੇ ਵਿਰੁੱਧ ਹੋਣ। ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰਾਂ ਦੀ ਵਿਵਸਥਾ ਦੇ ਮਹੱਤਵ ਨੂੰ ਨਜ਼ਰ ਵਿੱਚ ਰੱਖਦੇ ਹੋਏ ਡਾ. ਅੰਬੇਦਕਰ ਨੇ ਕਿਹਾ ਸੀ ਕਿ, "ਕੋਈ ਮੇਰੇ ਕੋਲੋਂ ਇਹ ਪੁੱਛੇ ਕਿ ਸੰਵਿਧਾਨ ਦਾ ਉਹ ਕਿਹੜਾ ਅਨੁਛੇਦ ਹੈ, ਜਿਸ ਤੋਂ ਬਿਨਾਂ ਸੰਵਿਧਾਨ ਸਿਰਫ ਜ਼ੀਰੋ ਦੇ ਸਮਾਨ ਹੋ ਜਾਵੇਗਾ ਤਾਂ ਇਸ ਅਨੁਛੇਦ (ਅਨੁਛੇਦ 32) ਨੂੰ ਛੱਡ ਕੇ ਮੈਂ ਹੋਰ ਕਿਸੇ ਅਨੁਛੇਦ ਵੱਲ ਸੰਕੇਤ ਨਹੀਂ ਕਰ ਸਕਦਾ। ਇਹ ਤਾਂ ਸੰਵਿਧਾਨ ਦਾ ਦਿਲ ਅਤੇ ਆਤਮਾ ਹੈ।" ਸਾਬਕਾ ਮੁੱਖ ਜੱਜ **ਰਜਿੰਦਰ ਗਡਕਰ** ਨੇ ਇਸ ਨੂੰ 'ਭਾਰਤੀ ਸੰਵਿਧਾਨ ਦਾ ਸਭ ਤੋਂ ਪ੍ਰਮੁੱਖ ਲੱਛਣ' ਅਤੇ ਸੰਵਿਧਾਨ ਵੱਲੋਂ ਸਥਾਪਿਤ 'ਪ੍ਰਜਾਤੰਤ੍ਰਿਕ ਭਵਨ ਦੀ ਅਧਾਰਸ਼ੀਲਾ' ਕਿਹਾ ਹੈ।

ਸਰਵਉੱਚ ਅਦਾਲਤ ਅਤੇ ਉੱਚ ਅਦਾਲਤਾਂ ਵੱਲੋਂ ਨਾਗਰਿਕਾਂ ਨੂੰ ਮੌਲਿਕ ਅਧਿਕਾਰਾਂ ਦੀ ਰੱਖਿਆ ਲਈ ਹੇਠ ਲਿਖੇ ਪੰਜ ਤਰ੍ਹਾਂ ਦੇ ਲੇਖ ਜਾਰੀ ਕੀਤੇ ਜਾ ਸਕਦੇ ਹਨ-

*(i)* **ਬੰਦੀ ਪ੍ਰਤੱਖਕਰਨ (Habeas Corpus)**- ਵਿਅਕਤੀਗਤ ਸੁਤੰਤਰਤਾ ਲਈ ਇਹ ਲੇਖ ਬਹੁਤ ਜ਼ਿਆਦਾ ਮਹੱਤਵਪੂਰਨ ਹੈ। ਇਹ ਉਸ ਵਿਅਕਤੀ ਦੀ ਪ੍ਰਾਥਨਾ 'ਤੇ ਜਾਰੀ ਕੀਤਾ ਜਾਂਦਾ ਹੈ ਜੋ ਇਹ ਸਮਝਦਾ ਹੈ ਕਿ ਉਸ ਨੂੰ ਨਜਾਇਜ਼ ਰੂਪ ਵਿੱਚ ਬੰਦੀ ਬਣਾਇਆ ਗਿਆ ਹੈ। ਇਸ ਵੱਲੋਂ ਅਦਾਲਤਾਂ, ਬੰਦੀਕਰਨ ਕਰਨ ਵਾਲੇ ਅਧਿਕਾਰੀ ਨੂੰ ਆਦੇਸ਼ ਦਿੰਦਾ ਹੈ ਕਿ ਉਹ ਬੰਦੀ ਬਣਾਏ ਗਏ ਵਿਅਕਤੀ ਨੂੰ ਨਿਸ਼ਚਿਤ ਸਮੇਂ ਅਤੇ ਸਥਾਨ 'ਤੇ ਹਾਜ਼ਰ ਕਰੇ, ਜਿਸ ਨਾਲ ਅਦਾਲਤ ਬੰਦੀ ਬਣਾਏ ਜਾਣ ਦੇ ਕਾਰਨਾਂ 'ਤੇ ਵਿਚਾਰ ਕਰ ਸਕੇ। ਦੋਵਾਂ ਪੱਖਾਂ ਦੀ ਗੱਲ ਸੁਣ ਕੇ ਅਦਾਲਤ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਨਜ਼ਰਬੰਦੀ ਜਾਇਜ਼ ਹੈ ਜਾਂ ਨਜਾਇਜ਼ ਅਤੇ ਜੇਕਰ ਨਜਾਇਜ਼ ਹੁੰਦੀ ਹੈ ਤਾਂ ਅਦਾਲਤ ਬੰਦੀ ਨੂੰ ਤੁਰੰਤ ਮੁਕਤ ਕਰਨ ਦੀ ਆਗਿਆ ਦਿੰਦਾ ਹੈ। ਇਸ ਤਰ੍ਹਾਂ ਅਣਉਚਿਤ ਅਤੇ ਗੈਰ-ਕਾਨੂੰਨੀ ਰੂਪ ਵਿੱਚ ਬੰਦੀ ਬਣਾਏ ਗਏ ਵਿਅਕਤੀ ਬੰਦੀ ਪ੍ਰਤੱਖਕਰਨ ਦੇ ਲੇਖ ਦੇ ਅਧਾਰ 'ਤੇ ਸੁਤੰਤਰਤਾ ਪ੍ਰਾਪਤ ਕਰ ਸਕਦੇ ਹਨ।

*(ii)* **ਪ੍ਰਮਾਦੇਸ਼ (Mandamus)** - ਪ੍ਰਮਾਦੇਸ਼ ਦਾ ਲੇਖ ਉਸ ਸਮੇਂ ਜਾਰੀ ਕੀਤਾ ਜਾਂਦਾ ਹੈ, ਜਦ ਕੋਈ ਅਹੁਦੇ ਦਾ ਅਧਿਕਾਰੀ ਆਪਣੇ ਸਰਵਜਨਕ ਕਰਤਵ ਦਾ ਪਾਲਣ ਨਹੀਂ ਕਰਦਾ। ਇਸ ਤਰ੍ਹਾਂ ਦੇ ਆਗਿਆ ਪੱਤਰ ਦੇ ਅਧਾਰ 'ਤੇ ਅਹੁਦੇ ਦੇ ਅਧਿਕਾਰੀ ਨੂੰ ਉਸ ਦੇ ਕਰਤਵ ਪਾਲਣ ਦਾ ਆਦੇਸ਼ ਜਾਰੀ ਕੀਤਾ ਜਾਂਦਾ ਹੈ।

*(iii)* **ਉਤਪ੍ਰੇਸ਼ਣ (Certiorari)** - ਇਹ ਆਗਿਆ ਪੱਤਰ ਜ਼ਿਆਦਾਤਰ ਕਿਸੇ ਵਿਵਾਦ ਨੂੰ ਹੇਠ ਅਦਾਲਤ ਤੋਂ ਉੱਚੀ ਅਦਾਲਤ ਵਿੱਚ ਭੇਜਣ ਦੇ ਲਈ ਜਾਰੀ ਕੀਤਾ ਜਾਂਦਾ ਹੈ, ਜਿਸ ਨਾਲ ਉਹ ਆਪਣੀ ਸ਼ਕਤੀ ਤੋਂ ਜ਼ਿਆਦਾ ਅਧਿਕਾਰ ਦਾ ਇਸਤਮਾਲ ਨਾ ਕਰੇ ਜਾਂ ਆਪਣੀ ਸ਼ਕਤੀ ਦਾ ਦੁਰਉਪਯੋਗ ਕਰਦੇ ਹੋਏ ਨਿਆ ਦੇ ਪ੍ਰਕ੍ਰਿਤਕ ਸਿਧਾਂਤਾਂ ਨੂੰ ਭੰਗ ਨਾ ਕਰੇ। ਇਸ ਆਗਿਆ ਪੱਤਰ ਦੇ ਆਧਾਰ 'ਤੇ ਉਚ ਅਦਾਲਤ ਹੇਠਲੀ ਅਦਾਲਤਾਂ ਤੋਂ ਕਿਤੇ ਵਿਵਾਦਾਂ ਦੇ ਸਬੰਧ ਵਿੱਚ ਸੂਚਨਾ ਵੀ ਪ੍ਰਾਪਤ ਕਰ ਸਕਦੇ ਹਨ।

*(iv)* **ਪ੍ਰਤੀਸ਼ੇਦ (Prohibition)**- ਇਸ ਆਗਿਆ ਪੱਤਰ ਨਾਲ ਸਰਵਉੱਚ ਅਦਾਲਤ ਅਤੇ ਉੱਚ ਅਦਾਲਤ ਵੱਲੋਂ ਹੇਠਲੀਆਂ ਅਦਾਲਤਾਂ ਅਤੇ ਅਰਧ-ਨਿਆਇਕ ਜੱਜਾਂ ਨੂੰ ਜਾਰੀ ਕਰਦੇ ਹੋਏ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਹ ਮਾਮਲੇ ਵਿੱਚ ਆਪਣੇ ਇੱਥੇ ਕਾਰਵਾਈ ਰੱਦ ਕਰ ਦੇਣ, ਕਿਉਂਕਿ ਇਹ ਮਾਮਲਾ ਉਸ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ।

*(v)* **ਅਧਿਕਾਰ ਪਚਛਾ (Quo-Warranto)**- ਜਦੋਂ ਕੋਈ ਵਿਅਕਤੀ ਅਜਿਹੇ ਅਹੁਦੇ ਅਧਿਕਾਰੀ ਦੇ ਰੂਪ ਵਿੱਚ ਕੰਮ ਕਰਨ ਲੱਗਦਾ ਹੈ, ਜਿਸ ਦੇ ਰੂਪ ਵਿੱਚ ਕੰਮ ਕਰਨ ਦਾ ਉਸ ਨੂੰ ਵਿਧਾਨਕ ਰੂਪ ਨਾਲ ਅਧਿਕਾਰ ਨਹੀਂ ਹੈ ਅਤੇ ਅਦਾਲਤ

ਨੋਟ

ਅਧਿਕਾਰ ਪਚਛਾ ਦੇ ਹੁਕਮ ਵੱਲੋਂ ਉਸ ਵਿਅਕਤੀ ਤੋਂ ਪੁੱਛਦਾ ਹੈ ਕਿ ਉਹ ਕਿਸ ਆਧਾਰ ਤੇ ਇਸ ਅਹੁਦੇ 'ਤੇ ਕੰਮ ਕਰ ਰਿਹਾ ਹੈ ਅਤੇ ਜਦੋਂ ਤੱਕ ਉਹ ਇਸ ਪ੍ਰਸ਼ਨ ਦਾ ਤਸੱਲੀਬਖਸ਼ ਉੱਤਰ ਨਹੀਂ ਦਿੰਦਾ, ਉਹ ਕੰਮ ਨਹੀਂ ਕਰ ਸਕਦਾ।

ਵਿਅਕਤੀਆਂ ਵੱਲੋਂ ਸਧਾਰਣ ਪ੍ਰਸਥਿਤੀਆਂ ਵਿੱਚ ਹੀ ਅਦਾਲਤਾਂ ਦੀ ਸ਼ਰਣ ਲੈ ਕੇ ਆਪਣੇ ਮੌਲਿਕ ਅਧਿਕਾਰਾਂ ਦੀ ਰੱਖਿਆ ਕੀਤੀ ਜਾ ਸਕਦੀ ਹੈ, ਯੁੱਧ ਬਾਹਰੀ ਹਮਲਿਆਂ ਜਾਂ ਅੰਦਰਲੀ ਅਸ਼ਾਂਤੀ ਵਰਗੀਆਂ ਸਥਿਤੀਆਂ ਵਿੱਚ ਜਦੋਂ ਕਿ ਰਾਸ਼ਟਰਪਤੀ ਵੱਲੋਂ ਸੰਕਟਕਾਲ ਦੀ ਘੋਸ਼ਣਾ ਕਰ ਦਿੱਤੀ ਗਈ ਹੋਵੇ, ਮੌਲਿਕ ਅਧਿਕਾਰਾਂ ਦੀ ਰੱਖਿਆ ਲਈ ਕੋਈ ਵਿਅਕਤੀ ਕਿਸੇ ਅਦਾਲਤ 'ਚ ਪ੍ਰਾਥਨਾ ਨਹੀਂ ਕਰ ਸਕੇਗਾ। ਇਸ ਤਰ੍ਹਾਂ ਸੰਵਿਧਾਨ ਵੱਲੋਂ ਸੰਕਟਕਾਲ ਵਿੱਚ ਨਾਗਰਿਕ ਦੇ ਮੌਲਿਕ ਅਧਿਕਾਰਾਂ ਨੂੰ ਰੱਦ ਕਰਨ ਦੀ ਵਿਵਸਥਾ ਕੀਤੀ ਗਈ ਹੈ।

**ਸਿੱਟਾ (Conclusion)**- ਉਪਰੋਕਤ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਮਾਜ ਵਿੱਚ ਮੌਲਿਕ ਅਧਿਕਾਰਾਂ ਦਾ ਇਕ ਵਿਸ਼ੇਸ਼ ਮਹੱਤਵ ਹੁੰਦਾ ਹੈ ਪਰ ਕੁਝ ਆਲੋਚਕਾਂ ਨੇ ਭਾਰਤੀ ਮੌਲਿਕ ਅਧਿਕਾਰਾਂ ਦੀ ਕੱਟੜ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਮੌਲਿਕ ਅਧਿਕਾਰਾਂ ਦੇ ਤੀਸਰੇ ਅਧਿਐਨ ਵਿੱਚ ਸਮਾਜਿਕ ਅਤੇ ਆਰਥਿਕ ਅਧਿਕਾਰ ਸ਼ਾਮਿਲ ਨਾ ਕਰਨਾ ਇਕ ਬਹੁਤ ਵੱਡੀ ਭੁੱਲ ਹੈ ਅਤੇ ਇਸੇ ਕਾਰਨ ਮੌਲਿਕ ਅਧਿਕਾਰ ਖੋਖਲੇ ਬਣ ਕੇ ਰਹਿ ਗਏ ਹਨ। ਇਨ੍ਹਾਂ ਅਧਿਕਾਰਾਂ ਦੀ ਆਲੋਚਨਾ ਇਸ ਆਧਾਰ 'ਤੇ ਵੀ ਕੀਤੀ ਜਾਂਦੀ ਹੈ ਕਿ ਸਰਕਾਰ ਨੂੰ ਮੌਲਿਕ ਅਧਿਕਾਰਾਂ 'ਤੇ ਰੋਕ ਲਗਾਉਣ ਦੀਆਂ ਕਈ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਵੀ ਇਸ ਵਿੱਚ ਜ਼ਰਾ ਵੀ ਸ਼ੱਕ ਨਹੀਂ ਹੈ ਕਿ ਮੌਲਿਕ ਅਧਿਕਾਰ ਲੋਕਤੰਤਰ ਦੀ ਆਧਾਰਸ਼ਿਲਾ ਹਨ। ਵਿਸ਼ਵ ਵਿੱਚ ਕੋਈ ਵੀ ਦੇਸ਼ ਅਜਿਹਾ ਨਹੀਂ ਹੈ ਜਿੱਥੇ ਮੂਲ ਅਧਿਕਾਰਾਂ 'ਤੇ ਰੋਕ ਨਾ ਲਗਾਈ ਗਈ ਹੋਵੇ। ਮੌਲਿਕ ਅਧਿਕਾਰਾਂ ਨਾਲ ਨਾਗਰਿਕਾਂ ਦੀ ਵਿਅਕਤੀਗਤ ਸੁਰੱਖਿਆ ਕੀਤੀ ਗਈ ਹੈ ਅਤੇ ਵਿਧਾਨ ਪਾਲਿਕਾ, ਕਾਰਜ ਪਾਲਿਕਾ ਦੀ ਨਿਰੰਕੁਸ਼ਤਾ 'ਤੇ ਰੋਕ ਨਾ ਲਗਾਈ ਗਈ ਹੋਵੇ। ਭਾਰਤ ਵਿੱਚ ਮੌਲਿਕ ਅਧਿਕਾਰਾਂ ਵੱਲੋਂ ਨਾਗਰਿਕਾਂ ਦੀ ਵਿਅਕਤੀਗਤ ਸੁਰੱਖਿਆ ਕੀਤੀ ਗਈ ਹੈ ਅਤੇ ਵਿਧਾਨ ਪਾਲਿਕਾ, ਕਾਰਜ ਪਾਲਿਕਾ ਦੀ ਨਿਰੰਕੁਸ਼ਤਾ 'ਤੇ ਰੋਕ ਲਗਾ ਦਿੱਤਾ ਗਈ ਹੈ। ਅੰਤ ਵਿੱਚ ਸਾਨੂੰ **ਐੱਮ ਵੀ. ਪਾਯਲੀ (M.V. Paylee)** ਦੇ ਕਥਨ ਨਾਲ ਸਹਿਮਤ ਹੋਣਾ ਪਵੇਗਾ, "ਸੰਪੂਰਨ ਦ੍ਰਿਸ਼ਟੀ ਤੋਂ ਸੰਵਿਧਾਨ ਵਿੱਚ ਅੰਕਿਤ ਮੌਲਿਕ ਅਧਿਕਾਰ ਭਾਰਤੀ ਪ੍ਰਜਾਤੰਤਰ ਨੂੰ ਦ੍ਰਿੜ ਅਤੇ ਜਿਉਂਦਾ ਰੱਖਣ ਦੇ ਆਧਾਰ ਹਨ।" ("These fundamental rights, taken as a whole remain a formidable sustaining basis of Indian Democracy.")

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

4. 'ਬਰਾਬਰਤਾ ਦੇ ਅਧਿਕਾਰ' ਦਾ ਵਰਨਣ ਸੰਵਿਧਾਨ ਦੇ ਕਿਹੜੇ ਅਨੁਛੇਦਾਂ ਵਿੱਚ ਕੀਤਾ ਗਿਆ ਹੈ?
   (ਅ) 14 ਤੋਂ 18 (ਬ) 16 ਤੋਂ 24
   (ਸ) 18 ਤੋਂ 20 (ਦ) 21 ਤੋਂ 25
5. ਸੰਵਿਧਾਨ ਦੇ ਅਨੁਛੇਦ 14 ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜੀਆਂ ਗੱਲਾਂ ਦੀ ਗੱਲ ਕੀਤੀ ਗਈ ਹੈ?
   (ਅ) ਧਾਰਮਿਕ ਸੁਤੰਤਰਤਾ (ਬ) ਕਾਨੂੰਨ ਦੇ ਸਾਹਮਣੇ ਬਰਾਬਰਤਾ
   (ਸ) ਮੌਕੇ ਦੀ ਬਰਾਬਰਤਾ (ਦ) ਅਸਪਸ਼ਟਤਾ ਦਾ ਨਿਸ਼ੇਦ
6. ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰ ਦਾ ਵਰਨਣ ਸੰਵਿਧਾਨ ਦੇ ਕਿਹੜੇ ਅਨੁਛੇਦ ਵਿੱਚ ਹੈ?
   (ਅ) ਅਨੁਛੇਦ 23 (ਬ) ਅਨੁਛੇਦ 24
   (ਸ) ਅਨੁਛੇਦ 32 (ਦ) ਅਨੁਛੇਦ 33

## 2.3 ਸਾਰ ਅੰਸ਼ (Summary)

- ਮੌਲਿਕ ਅਧਿਕਾਰ ਵਿਅਕਤੀਗਤ ਸੁਤੰਤਰਤਾ ਅਤੇ ਅਧਿਕਾਰਾਂ ਦੇ ਹਿੱਤ ਵਿੱਚ ਰਾਜ ਦੀ ਸ਼ਕਤੀ 'ਤੇ ਰੋਕ ਲਗਾਉਣ ਦੇ ਸ਼੍ਰੇਸ਼ਠ ਤਰੀਕੇ ਹਨ।
- 1945 ਵਿੱਚ ਸਥਾਪਿਤ ਅੰਤਰਰਾਸ਼ਟਰੀ ਸੰਗਠਨ, 'ਸੰਯੁਕਤ ਰਾਸ਼ਟਰ ਸੰਘ' ਵੱਲੋਂ ਵੀ 10 ਦਸੰਬਰ, 1948 ਈ. ਨੂੰ 'ਮਨੁੱਖੀ ਅਧਿਕਾਰਾਂ ਦੀ ਸਰਵਲੌਕਿਕ ਘੋਸ਼ਣਾ' (Universal Declaration of Human Rights) ਦੇ ਨਾਮ ਨਾਲ ਅੰਤਰਰਾਸ਼ਟਰੀ ਅਧਿਕਾਰ ਪੱਤਰ ਸਵੀਕਾਰ ਕੀਤਾ ਗਿਆ।

**ਨੋਟ**

- ਸਾਡੇ ਸੰਵਿਧਾਨ ਵਿੱਚ ਸਰਕਾਰ ਨੂੰ ਰਾਜ ਦੀ ਸੁਰੱਖਿਆ, ਸਰਵਜਨਕ ਵਿਵਸਥਾ, ਸਰਵਜਨਕ ਨੈਤਿਕਤਾ ਅਤੇ ਲੋਕ-ਕਲਿਆਣ ਦੀ ਦ੍ਰਿਸ਼ਟੀ ਨਾਲ ਮੌਲਿਕ ਅਧਿਕਾਰਾਂ 'ਤੇ ਸਮੇਂ ਦੀ ਜ਼ਰੂਰਤ ਅਨੁਸਾਰ ਠੀਕ ਉਚਿਤ ਲਗਾਉਣ ਦਾ ਅਧਿਕਾਰ ਦਿੱਤਾ ਗਿਆ ਹੈ।
- ਸੁਤੰਤਰਤਾ ਦਾ ਅਧਿਕਾਰ ਜਿਸ ਵੱਲੋਂ ਨਾਗਰਿਕਾਂ ਦੀ ਭਾਸ਼ਣ ਅਤੇ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ, ਸਮੁਦਾਇ ਨਿਰਮਾਣ ਕਰਨ ਦੀ ਸੁਤੰਤਰਤਾ, ਕਿਸੇ ਜਗ੍ਹਾ ਰਹਿਣ ਅਤੇ ਕੋਈ ਵੀ ਪੇਸ਼ਾ ਅਪਨਾਉਣ ਦੀ ਸੁਤੰਤਰਤਾ ਆਦਿ ਪ੍ਰਦਾਨ ਕੀਤੀ ਗਈ ਹੈ।
- ਭਾਰਤੀ ਸੰਵਿਧਾਨ ਦੀ ਧਾਰਾ 226 ਦੇ ਅਧੀਨ ਸਾਡੇ ਖੋਹੇ ਗਏ ਅਧਿਕਾਰ ਨੂੰ ਲਾਗੂ ਕਰਵਾਉਣ ਲਈ ਠੀਕ ਵਿਧੀ ਨਾਲ ਪ੍ਰਾਂਤ ਵਿੱਚ ਉੱਚ ਅਦਾਲਤ ਦੀ ਸ਼ਰਣ ਲੈ ਸਕਦੇ ਹਨ ਅਤੇ ਧਾਰਾ 32 ਦੇ ਅਧੀਨ ਸਹੀ ਢੰਗ ਨਾਲ ਸਰਵਉੱਚ ਅਦਾਲਤ ਦੀ ਸ਼ਰਣ ਲੈ ਸਕਦੇ ਹਨ।
- ਕਾਨੂੰਨ ਦੇ ਸਾਹਮਣੇ ਬਰਾਬਰਤਾ ਦਾ ਭਾਵ ਇਹ ਨਹੀਂ ਕਿ ਔਚਿਤਯਪੂਰਣ ਆਧਾਰ 'ਤੇ ਅਤੇ ਕਾਨੂੰਨ ਵੱਲੋਂ ਮਾਨਤਾ ਕਿਸੇ ਭੇਦਭਾਵ ਦੀ ਵੀ ਵਿਵਸਥਾ ਨਹੀਂ ਕੀਤੀ ਜਾ ਸਕਦੀ ਹੈ। ਜੇਕਰ ਕਾਨੂੰਨ ਕਰ ਲਗਾਉਣ ਦੇ ਸਬੰਧ ਵਿੱਚ ਅਮੀਰ ਅਤੇ ਗਰੀਬ ਵਿੱਚ ਅਤੇ ਸੁਵਿਧਾਵਾਂ ਪ੍ਰਦਾਨ ਕਰਨ ਵਿੱਚ ਇਸਤਰੀਆਂ ਅਤੇ ਪੁਰਸ਼ਾਂ ਵਿੱਚ ਫਰਕ ਕਰਦਾ ਹੈ ਤਾਂ ਇਸ ਕਾਨੂੰਨ ਦੇ ਸਾਹਮਣੇ ਬਰਾਬਰਤਾ ਦਾ ਉਲੰਘਣ ਨਹੀਂ ਕਿਹਾ ਜਾ ਸਕਦਾ।
- ਧਾਰਾ 24 ਦੇ ਅਨੁਸਾਰ 14 ਸਾਲ ਤੋਂ ਘੱਟ ਉਮਰ ਵਾਲੇ ਕਿਸੇ ਵੀ ਬੱਚੇ ਨੂੰ ਕਿਸੇ ਵੀ ਕਾਰਖਾਨੇ ਜਾਂ ਖਾਨ ਵਿੱਚ ਨੌਕਰੀ 'ਤੇ ਨਹੀਂ ਰੱਖਿਆ ਜਾਵੇਗਾ ਨਾ ਹੀ ਕਿਸੇ ਹੋਰ ਖਤਰੇ ਵਾਲੀ ਨੌਕਰੀ ਵਿੱਚ ਲਗਾਇਆ ਜਾਵੇਗਾ।
- ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ ਦੇ ਵਰਨਣ ਤੋਂ ਜ਼ਿਆਦਾ ਮਹੱਤਵਪੂਰਨ ਗੱਲ ਉਨ੍ਹਾਂ ਨੂੰ ਕਿਰਿਆਸ਼ੀਲ ਕਰਨ ਦੀ ਵਿਵਸਥਾ ਹੈ, ਜਿਸ ਤੋਂ ਬਿਨਾਂ ਮੌਲਿਕ ਅਧਿਕਾਰ ਅਰਥਹੀਣ ਸਿੱਧ ਹੋਣਗੇ। ਸੰਵਿਧਾਨ ਨਿਰਮਾਤਾਵਾਂ ਨੇ ਇਸ ਉਦੇਸ਼ ਨਾਲ ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰ ਨੂੰ ਵੀ ਸੰਵਿਧਾਨ ਵਿੱਚ ਸਥਾਨ ਦਿੱਤਾ ਹੈ, ਜਿਸ ਦਾ ਭਾਵ ਇਹ ਹੈ ਕਿ ਨਾਗਰਿਕ ਨੂੰ ਲਾਗੂ ਕਰਨ ਦੇ ਲਈ ਸਰਵਉੱਚ ਅਦਾਲਤ ਅਤੇ ਉਹ ਅਦਾਲਤ ਦੀ ਸ਼ਰਣ ਲੈ ਸਕਦੇ ਹਨ।

## 2.4 ਸ਼ਬਦਕੋਸ਼ (Keywords)

- **ਮੌਲਿਕ (Fundamental)** : ਮੂਲ ਸਬੰਧੀ, ਅਸਲੀ, ਅਸਲੀਅਤ, ਮੂਲਭੂਤ (ਵਰਗੇ ਮਨੁੱਖ ਦੇ ਮੌਲਿਕ ਸਿਧਾਂਤ)।
- **ਘੱਟ ਗਿਣਤੀ (Minority)** : ਘੱਟ ਜਨਸੰਖਿਆ ਵਾਲਾ।

## 2.5 ਅਭਿਆਸ ਪ੍ਰਸ਼ਨ (Review Questions)

1. ਭਾਰਤ ਵਿੱਚ ਦਿੱਤੇ ਗਏ ਮੌਲਿਕ ਅਧਿਕਾਰਾਂ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ।
2. ਭਾਰਤ ਵਿੱਚ ਕਿਹੜੇ-ਕਿਹੜੇ ਮੌਲਿਕ ਅਧਿਕਾਰ ਨਾਗਰਿਕਾਂ ਨੂੰ ਪ੍ਰਾਪਤ ਹਨ? ਵਰਨਣ ਕਰੋ।

**ਉੱਤਰ : ਸਵੈ-ਲਾਂਕਣ (Answer : Self Assessment)**

| | |
|---|---|
| 1. ਅਮਰੀਕਾ | 2. ਨਾਕਾਰਤਮਕ |
| 3. 368 | 4. (ਅ) |
| 5. (ਬ) | 6. (ਸ) |

## 2.6 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਭਾਰਤੀ ਰਾਜਨੀਤਿਕ ਵਿਵਸਥਾ- ਐੱਨ. ਛਾਬੜਾ, ਅਭਿਨਵ ਪ੍ਰਕਾਸ਼ਨ, ਰੋਹਤਕ, ਹਰਿਆਣਾ।
2. ਭਾਰਤੀ ਰਾਜਨੀਤਿਕ ਪ੍ਰਣਾਲੀ-ਯੂ. ਆਰ. ਘਈ।

ਨੋਟ

# ਇਕਾਈ-3: ਮੌਲਿਕ ਕਰਤੱਵ
# (Fundamental Duties)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

3.1 ਭਾਰਤੀ ਸੰਵਿਧਾਨ ਵਿੱਚ ਦਿੱਤੇ ਗਏ ਮੌਲਿਕ ਕਰਤਵ (Fundamental Duties Given in Indian Constitution)

3.2 ਸਾਰ ਅੰਸ਼ (Summary)

3.3 ਸ਼ਬਦਕੋਸ਼ (Keywords)

3.4 ਅਭਿਆਸ ਪ੍ਰਸ਼ਨ (Review Questions)

3.5 ਸਬੰਧਿਤ ਪੁਸਤਕਾਂ (Further Readings)


## ਉਦੇਸ਼ ( Objectives )

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਭਾਰਤੀ ਸੰਵਿਧਾਨ ਵੱਲੋਂ ਪ੍ਰਦਤ ਨਾਗਰਿਕਾਂ ਦੇ ਮੌਲਿਕ ਕਰਤਵਾਂ ਦਾ ਅਰਥ ਸਮਝਣ ਸਬੰਧੀ।
- ਭਾਰਤੀ ਸੰਵਿਧਾਨ ਵੱਲੋਂ ਨਾਗਰਿਕਾਂ ਨੂੰ ਕਿੰਨੇ ਮੌਲਿਕ ਕਰਤਵ ਪ੍ਰਦਤ ਹਨ, ਸਮਝਣ ਸਬੰਧੀ।

## ਜਾਣਕਾਰੀ (Introduction)

ਭਾਰਤ ਵਿੱਚ ਸੁਤੰਤਰਤਾ ਸੰਘਰਸ਼ ਦੌਰਾਨ ਮਹਾਤਮਾ ਗਾਂਧੀ ਨੇ ਹਮੇਸ਼ਾ ਕਰਤਵਾਂ ਦੀ ਧਾਰਨਾ 'ਤੇ ਜ਼ੋਰ ਦਿੱਤਾ। "ਸੁਤੰਤਰਤਾ ਭਾਰਤ ਦੇ ਲਈ ਗਾਂਧੀਵਾਦੀ ਸੰਵਿਧਾਨ" (A Gandhism Constitution for free India) ਨਾਮ ਦੀ ਲਘੂ ਪੁਸਤਕ ਵਿੱਚ ਮੌਲਿਕ ਅਧਿਕਾਰਾਂ ਅਤੇ ਮੌਲਿਕ ਕਰਤਵਾਂ 'ਤੇ ਇਕ ਪੂਰਣ ਅਧਿਆਇ ਸ਼ਾਮਿਲ ਕੀਤਾ ਗਿਆ। ਇਸ ਪੁਸਤਕ ਦੀ ਭੂਮਿਕਾ ਗਾਂਧੀ ਜੀ ਨੇ ਖੁਦ ਲਿਖੀ ਸੀ। ਗਾਂਧੀ ਜੀ ਦੇ ਅਨੁਸਾਰ ਅਧਿਕਾਰ ਦਾ ਅਰਥ ਕਰਤਵ ਦਾ ਚੰਗੀ ਤਰ੍ਹਾਂ ਨਾਲ ਪਾਲਣ ਕਰਨਾ ਹੈ, ਅਧਿਕਾਰ ਦੇ ਨਾਲ ਅਨੁਕੂਲ ਜ਼ਿੰਮੇਵਾਰੀ ਹੁੰਦੀ ਹੈ। ਗਾਂਧੀ ਜੀ ਅਧਿਕਾਰਾਂ ਅਤੇ ਕਰਤਵਾਂ ਵਿੱਚ ਆਂਗਿਕ ਸਬੰਧ ਮੰਨਦੇ ਸਨ। ਜੇਕਰ ਅਧਿਕਾਰ ਸਰੀਰ ਹੈ ਤਾਂ ਕਰਤਵ ਉਸ ਦੀ ਆਤਮਾ ਹੈ। ਉਨ੍ਹਾਂ ਦਾ ਆਪਸ ਵਿੱਚ ਉਹੀ ਸਬੰਧ ਹੈ ਜੋ ਚੋਲੀ ਅਤੇ ਦਾਮਨ ਦਾ ਹੁੰਦਾ ਹੈ। ਉਹ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ।

ਭਾਰਤ ਦੇ ਸੰਵਿਧਾਨ ਵਿੱਚ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਤਾਂ ਸਥਾਨ ਦਿੱਤਾ ਗਿਆ ਪਰ ਮੌਲਿਕ ਕਰਤਵਾਂ ਦਾ ਕਿਤੇ ਵੀ ਵਰਨਣ ਨਹੀਂ ਕੀਤਾ ਗਿਆ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਉਸ ਸਮੇਂ ਦੇਸ਼ ਲੰਬੇ ਸਮੇਂ ਦੇ ਵਿਦੇਸ਼ੀ ਸ਼ਾਸਨ, ਰਾਜਨੀਤਿਕ ਖਾਤਮੇ ਅਤੇ ਮਨੁੱਖੀ ਅਧਿਕਾਰਾਂ ਦੇ ਅਹਿਸਾਸ ਤੋਂ ਮੁਕਤ ਹੋਇਆ ਸੀ ਅਤੇ ਸੰਵਿਧਾਨ-ਨਿਰਮਾਤਾ ਪੱਛਮੀ ਵਿਅਕਤੀਵਾਦ ਦੀ ਵਿਚਾਰਧਾਰਾ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸੀ। ਉਸ ਸਮੇਂ ਰਾਸ਼ਟਰ ਦਾ ਮੁੱਖ ਉਦੇਸ਼ ਵਿਅਕਤੀਗਤ ਪ੍ਰਦਾਨ ਕਰਨਾ ਸੀ ਪਰ ਸੰਵਿਧਾਨ ਲਾਗੂ ਹੋਣ ਦੇ 26 ਸਾਲ ਦੇ ਬਾਅਦ ਅਖਿਲ ਭਾਰਤੀ ਕਾਂਗਰਸ ਨੇ ਇਹ ਮਹਿਸੂਸ ਕੀਤਾ ਕਿ ਸੰਵਿਧਾਨ ਵਿੱਚ ਨਾਗਰਿਕਾਂ ਦੇ ਮੌਲਿਕ ਕਰਤਵਾਂ ਦੀ ਸੂਚੀ ਵੀ ਹੋਣੀ ਚਾਹੀਦੀ ਹੈ। ਕੰਮ ਸੰਵਿਧਾਨਿਕ ਸੁਧਾਰਾਂ ਲਈ ਨਿਯੁਕਤ ਕੀਤੀ ਗਈ ਸਵਰਣ ਸਿੰਘ ਕਮੇਟੀ ਨੂੰ ਸੌਂਪ ਦਿੱਤਾ ਗਿਆ। ਇਸ ਕਮੇਟੀ ਦੀਆਂ ਸਿਫਾਰਿਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ। 42ਵੀਂ ਸੰਵਿਧਾਨਕ ਸੋਧ 1976 ਦੇ ਅਧੀਨ ਭਾਰਤੀ ਸੰਵਿਧਾਨ ਵਿੱਚ ਇਕ ਨਵਾਂ ਭਾਗ IV ਜੋੜਿਆ ਗਿਆ ਹੈ।

ਨੋਟ

*ਟਾਸਕ* ਮੌਲਿਕ ਕਰਤਵ ਤੋਂ ਤੁਸੀਂ ਕੀ ਸਮਝਦੇ ਹੋ?

## 3.1 ਭਾਰਤੀ ਸੰਵਿਧਾਨ ਵਿੱਚ ਦਿੱਤੇ ਗਏ ਮੌਲਿਕ ਕਰਤਵ (Fundamental Duties Given in Indian Constitution)

ਭਾਰਤੀ ਸੰਵਿਧਾਨ ਦੇ ਭਾਗ IV ਦੇ ਅਨੁਛੇਦ 51A ਵਿੱਚ ਹੇਠ ਲਿਖੇ 10 ਮੌਲਿਕ ਕਰਤਵਾਂ ਦਾ ਵਰਨਣ ਕੀਤਾ ਗਿਆ ਹੈ–

1. **ਸੰਵਿਧਾਨਿਕ ਦਾ ਪਾਲਣ ਕਰੋ ਅਤੇ ਉਸ ਦੇ ਆਦਰਸ਼ਾਂ, ਸੰਸਥਾਵਾਂ, ਰਾਸ਼ਟਰੀ ਝੰਡਾ, ਰਾਸ਼ਟਰੀ ਗੀਤ ਦਾ ਆਦਰ ਕਰੋ:** ਹਰੇਕ ਨਾਗਰਿਕ ਦਾ ਪਹਿਲਾ ਫਰਜ਼ ਹੈ ਕਿ ਉਹ ਪੂਰਨ ਨਿਸ਼ਠਾ ਨਾਲ ਸੰਵਿਧਾਨ ਦਾ ਪਾਲਣ ਕਰੇ, ਕਿਉਂਕਿ ਇਹੀ ਦੇਸ਼ ਦਾ ਸਰਵਉੱਚ ਕਾਨੂੰਨ ਹੈ। ਇਸ ਦੇ ਆਦਰਸ਼ਾਂ (ਲੋਕਤੰਤਰ, ਧਰਮ ਨਿਰਪੱਖਤਾ ਆਦਿ), ਸੰਸਥਾਵਾਂ (ਸੰਸਦ ਕਾਰਜ ਪਾਲਿਕਾ ਆਦਿ) ਦਾ ਸਨਮਾਨ ਕਰਨਾ ਵੀ ਨਾਗਰਿਕ ਦਾ ਪਹਿਲਾ ਫਰਜ਼ ਹੈ। ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦਾ ਆਦਰ ਕਰਨਾ ਵੀ ਹਰੇਕ ਨਾਗਰਿਕ ਦਾ ਮੌਲਿਕ ਕਰਤਵ ਨਿਰਧਾਰਿਤ ਕੀਤਾ ਗਿਆ ਹੈ ਅਤੇ ਹਰੇਕ ਨਾਗਰਿਕ ਨੂੰ ਰਾਸ਼ਟਰੀ ਗੌਰਵ ਦੇ ਪ੍ਰਤੀਕ ਤਿਰੰਗੇ ਝੰਡੇ ਦਾ ਆਦਰ ਕਰਕੇ ਰਾਸ਼ਟਰ ਪ੍ਰਤੀ ਆਪਣਾ ਸਨਮਾਨ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ। ਨਾਲ ਹੀ ਰਾਸ਼ਟਰੀ ਗੀਤ ਸਮੇਂ ਸਾਵਧਾਨ ਦੀ ਸਥਿਤੀ ਵਿੱਚ ਖੜ੍ਹੇ ਹੋ ਕੇ ਰਾਸ਼ਟਰ ਪ੍ਰਤੀ ਸਨਮਾਨ ਦੀ ਭਾਵਨਾ ਪ੍ਰਗਟ ਕਰਨੀ ਚਾਹੀਦੀ ਹੈ।

2. **ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣਾ ਅਤੇ ਰੱਖਿਆ ਕਰਨਾ :** ਦੇਸ਼ ਦੀ ਪ੍ਰਭੂਤਾ ਦਾ ਸਮਰਥਨ ਕਰਨਾ ਹਰੇਕ ਨਾਗਰਿਕ ਦਾ ਪਹਿਲਾ ਫਰਜ਼ ਦੱਸਿਆ ਗਿਆ ਹੈ। ਇਸ ਦਾ ਭਾਵ ਇਹ ਹੈ ਕਿ ਰਾਜ ਵੱਲੋਂ ਨਿਰਮਿਤ ਕਾਨੂੰਨਾਂ ਦਾ ਸਹੀ ਢੰਗ ਨਾਲ ਪਾਲਣ ਕਰਨਾ ਸਾਰੇ ਨਾਗਰਿਕਾਂ ਦਾ ਪਵਿੱਤਰ ਕਰਤਵ ਹੈ।

*ਨੋਟਸ* ਜੇਕਰ ਕੋਈ ਦੇਸ਼ ਭਾਰਤ 'ਤੇ ਹਮਲਾ ਕਰੇ ਤਾਂ ਸਾਰੇ ਨਾਗਰਿਕ ਉਸ ਦੀ ਰੱਖਿਆ ਲਈ ਤਨ, ਮਨ, ਧਨ ਨਾਲ ਯੋਗਦਾਨ ਦੇਣ। ਇਸ ਦੇ ਨਾਲ ਹੀ ਨਾਗਰਿਕਾਂ ਨੂੰ ਅਜਿਹਾ ਵਿਵਹਾਰ ਕਰਨਾ ਚਾਹੀਦਾ ਹੈ, ਜਿਸ ਨਾਲ ਦੇਸ਼ ਦੀ ਏਕਤਾ-ਅਖੰਡਤਾ ਸਥਾਈ ਰਹਿ ਸਕੇ।

3. **ਦੇਸ਼ ਦੀ ਰੱਖਿਆ ਕਰੋ ਅਤੇ ਨਿਸ਼ਚਾ ਕੀਤੇ ਜਾਣ 'ਤੇ ਰਾਸ਼ਟਰ ਦੀ ਸੇਵਾ ਕਰੋ :** ਦੇਸ਼ ਦੀ ਰੱਖਿਆ ਕਰਨਾ ਹਰੇਕ ਨਾਗਰਿਕ ਦਾ ਪਹਿਲਾ ਫਰਜ਼ ਹੈ, ਕਿਉਂਕਿ ਦੇਸ਼ ਦੀ ਰੱਖਿਆ ਵਿੱਚ ਹੀ ਨਾਗਰਿਕਾਂ ਦੀ ਰੱਖਿਆ ਸ਼ਾਮਿਲ ਹੈ। ਰਾਸ਼ਟਰ 'ਤੇ ਖਤਰਾ ਹੋਣ ਉੱਤੇ ਨਾਗਰਿਕਾਂ ਨੂੰ ਆਪਣੇ ਨਿੱਜੀ ਸਵਾਰਥਾਂ ਨੂੰ ਭੁਲਾ ਕੇ ਰਾਸ਼ਟਰ ਦੀ ਰੱਖਿਆ ਕਰਨੀ ਚਾਹੀਦੀ ਹੈ, ਜੇਕਰ ਦੇਸ਼ ਨੂੰ ਸੈਨਿਕਾਂ ਦੀ ਜ਼ਰੂਰਤ ਹੋਵੇ ਤਾਂ ਨਾਗਰਿਕ ਨੂੰ ਸਵੈ-ਇੱਛਾ ਨਾਲ ਸੈਨਾ ਵਿੱਚ ਭਰਤੀ ਹੋ ਜਾਣਾ ਚਾਹੀਦਾ ਹੈ।

4. **ਸੁਤੰਤਰਤਾ ਲਈ ਸਾਡੇ ਰਾਸ਼ਟਰੀ ਅੰਦੋਲਨ ਨੂੰ ਪ੍ਰੇਰਿਤ ਕਰਨ ਵਾਲੇ ਉੱਚ ਆਦਰਸ਼ਾਂ ਨੂੰ ਦਿਲ ਵਿੱਚ ਸੰਜੋਈ ਰੱਖੋ ਅਤੇ ਉਨ੍ਹਾਂ ਦਾ ਪਾਲਣ ਕਰੋ :** ਹਰੇਕ ਨਾਗਰਿਕ ਦਾ ਇਹ ਕਰਤਵ ਹੈ ਕਿ ਰਾਸ਼ਟਰੀ ਅੰਦੋਲਨ ਨੂੰ ਪ੍ਰੇਰਿਤ ਕਰਨ ਵਾਲੇ ਉੱਚ ਆਦਰਸ਼ਾਂ (ਸੁਤੰਤਰਤਾ, ਬਰਾਬਰਤਾ, ਭਰਾਤਰੀ ਭਾਵ) ਨੂੰ ਆਪਣੇ ਦਿਲ ਵਿੱਚ ਹਮੇਸ਼ਾ ਸੰਜੋਈ ਰੱਖਣ ਅਤੇ ਆਪਣੇ ਰੋਜ਼ਾਨਾ ਜੀਵਨ ਵਿੱਚ ਉਸ ਨੂੰ ਗ੍ਰਹਿਣ ਕਰਨ।

5. **ਭਾਰਤ ਦੇ ਸਾਰੇ ਲੋਕਾਂ ਵਿੱਚ ਸਮਰੂਸਤਾ ਅਤੇ ਬਰਾਬਰ ਭਰਾਤਰੀ ਭਾਵ ਦੀ ਭਾਵਨਾ ਨਿਰਮਾਣ ਕਰੋ :** ਸਾਰੇ ਨਾਗਰਿਕਾਂ ਦਾ ਪਹਿਲਾ ਕਰਤਵ ਹੈ ਕਿ ਉਹ ਨਿਰੰਤਰ ਭਰਾਤਰੀ ਭਾਵ ਦੀ ਭਾਵਨਾ ਦਾ ਵਿਕਾਸ ਕਰੇ। ਨਿਆ, ਸੁਤੰਤਰਤਾ ਅਤੇ ਬੰਧੂਤਵ ਦੇ ਅਧਾਰ 'ਤੇ ਨਿਰਮਿਤ ਇਸ ਨਵੇਂ ਰਾਸ਼ਟਰ (ਭਾਰਤ) ਦੇ ਸਾਰੇ ਨਾਗਰਿਕ ਇਹ ਮਹਿਸੂਸ ਕਰਨ ਕਿ ਉਹ ਇਕ ਹੀ ਧਾਰਾ ਦੇ ਬੱਚੇ ਹਨ, ਇਕ ਹੀ ਉਨ੍ਹਾਂ ਦੀ ਜਨਮ ਭੂਮੀ ਹੈ ਅਤੇ ਉਨ੍ਹਾਂ ਦਾ ਇਕ ਹੀ ਭਰਾਤਰੀ ਭਾਵ ਹੈ।

6. **ਸਮਾਜਿਕ ਸੰਸਕ੍ਰਿਤੀ ਦੀ ਗੌਰਵਸ਼ਾਲੀ ਪ੍ਰੰਪਰਾ ਦਾ ਮਹੱਤਵ ਸਮਝੋ ਅਤੇ ਉਸ ਨੂੰ ਬਣਾਈ ਰੱਖੋ :** ਹਰੇਕ ਦੇਸ਼ ਦੀ ਆਪਣੀ ਇਕ ਪੁਰਾਣੀ ਸਮਾਜਿਕ ਸੰਸਕ੍ਰਿਤੀ ਹੁੰਦੀ ਹੈ। ਸਾਡੇ ਦੇਸ਼ ਦੀ ਇਕ ਪੁਰਾਣੀ ਗੌਰਵਸ਼ਾਲੀ ਸੰਸਕ੍ਰਿਤੀ ਹੈ ਜੋ ਏਕਤਾ, ਵਿਸ਼ਵ ਬੰਧੂਤਵ, ਸਰਵ ਧਰਮ ਸੰਭਾਵ ਆਦਿ ਆਦਰਸ਼ਾਂ ਨੂੰ ਆਪਣੇ ਵਿੱਚ ਸਮੋਏ ਹੋਏ ਹੈ। ਭਾਰਤ ਦੀ ਇਸ ਗੌਰਵਸ਼ਾਲੀ ਸੰਸਕ੍ਰਿਤਿਕ ਪ੍ਰੰਪਰਾ ਨੂੰ ਸਮਝਣਾ ਅਤੇ ਇਸ ਨੂੰ ਬਣਾਈ ਰੱਖਣਾ ਨਾਗਰਿਕਾਂ ਦਾ ਮੌਲਿਕ ਕਰਤਵ ਨਿਰਧਾਰਿਤ ਕੀਤਾ ਗਿਆ ਹੈ।

ਨੋਟ

**7. ਜੰਗਲਾਂ, ਝੀਲਾਂ, ਨਦੀਆਂ ਅਤੇ ਜੰਗਲੀ ਜੀਵਨ ਸਹਿਤ ਪਰਿਵਾਰ ਪ੍ਰਕਿਰਤਿਕ ਵਾਤਾਵਰਨ ਦੀ ਸੰਭਾਲ ਅਤੇ ਸੁਧਾਰ ਤੇ ਜੀਵਨ ਪ੍ਰਾਣੀ ਪ੍ਰਤੀ ਦਇਆ ਭਾਵਨਾ ਰੱਖਣਾ** : ਸਾਡੇ ਪ੍ਰਕਿਰਤਿਕ ਵਾਤਾਵਰਨ ਨੂੰ ਪ੍ਰਦੂਸ਼ਣ ਅਤੇ ਅਣ-ਇਛੁੱਕ ਸ਼ੋਸ਼ਣ ਤੋਂ ਬਚਾਉਣ ਦੀ ਜ਼ਰੂਰਤ ਮਹਿਸੂਸ ਕਰਦੇ ਹੋਏ ਸੰਵਿਧਾਨ ਦੇ ਨਿਰਮਾਤਾਵਾਂ ਨੇ ਨਾਗਰਿਕਾਂ ਦਾ ਇਹ ਮੌਲਿਕ ਕਰਤਵ ਨਿਰਧਾਰਿਤ ਕੀਤਾ ਕਿ ਉਹ ਪ੍ਰਕਿਰਤਿਕ ਵਾਤਾਵਰਨ ਦੀ ਰੱਖਿਆ ਕਰਨ ਅਤੇ ਉਸ ਵਿੱਚ ਸੁਧਾਰ ਕਰਨ।

**8. ਸਰਵਜਨਕ ਸੰਪਤੀ ਨੂੰ ਸੁਰੱਖਿਆ ਰੱਖੋ ਅਤੇ ਹਿੰਸਾ ਤੋਂ ਦੂਰ ਰਹੋ** : ਸਾਰੇ ਨਾਗਰਿਕਾਂ ਦਾ ਇਹ ਕਰਤਵ ਨਿਰਧਾਰਿਤ ਕੀਤਾ ਗਿਆ ਹੈ ਕਿ ਉਹ ਸਰਵਜਨਕ ਸੰਪਤੀ ਦੀ ਰੱਖਿਆ ਕਰਨ ਅਤੇ ਉਨ੍ਹਾਂ ਨੂੰ ਕੋਈ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ, ਜਿਸ ਨਾਲ ਸਰਵਜਨਕ ਸੰਪਤੀ ਨੂੰ ਨੁਕਸਾਨ ਪਹੁੰਚੇ ਜਾਂ ਉਸ ਦੇ ਖਤਮ ਹੋਣ ਦਾ ਸ਼ੱਕ ਹੋਵੇ। ਦੂਸਰਾ ਉਨ੍ਹਾਂ ਨੂੰ ਹਿੰਸਾਤਮਕ ਅੰਦੋਲਨਾਂ ਅਤੇ ਕੰਮਾਂ ਤੋਂ ਹਮੇਸ਼ਾ ਦੂਰ ਰਹਿਣਾ ਚਾਹੀਦਾ ਹੈ।

| | |
|---|---|
| *ਕੀ ਤੁਸੀਂ ਜਾਣਦੇ ਹੋ* | ਸਵਰਨ ਸਿੰਘ ਸੰਪਤੀ ਦੀਆਂ ਸਿਫਾਰਸ਼ਾਂ ਨੂੰ ਸਵੀਕਾਰ ਹੋਏ ਕੇਂਦਰੀ ਸਰਕਾਰ ਨੇ 42 ਸੰਵਿਧਾਨਿਕ ਸੋਧ ਵਿਧਾਇਕ ਦੇ ਅਧੀਨ ਨਾਗਰਿਕਾਂ ਦੇ ਮੂਲ ਕਰਤਵਾਂ ਨੂੰ ਸ਼ਾਮਿਲ ਕੀਤਾ। |

**9. ਵਿਗਿਆਨਿਕ ਦ੍ਰਿਸ਼ਟੀਕੋਣ ਦਾ ਵਿਕਾਸ ਕਰੋ** : ਵਿਧਮਾਨ ਬੁਰਾਈਆਂ ਅਤੇ ਜੜ੍ਹ ਬਣ ਚੁੱਕੇ ਰੀਤੀ-ਰਿਵਾਜ਼ਾਂ ਨੂੰ ਖਤਮ ਕਰਨ ਲਈ ਇਹ ਜ਼ਰੂਰੀ ਹੈ ਕਿ ਲੋਕ ਇਕ ਵਿਗਿਆਨਿਕ ਮਾਨਸਿਕਤਾ ਵਿਕਸਿਤ ਕਰਨ। ਉਨ੍ਹਾਂ ਨੂੰ ਹਰੇਕ ਸਥਿਤੀ ਵਿੱਚ ਇਕ ਵਿਚਾਰ ਭਰਪੂਰ ਪ੍ਰਵਿਰਤੀ ਅਤੇ ਸਿੱਖਣ ਦੀ ਇੱਛਾ ਵਿਕਸਿਤ ਕਰਨੀ ਚਾਹੀਦੀ ਹੈ ਅਤੇ ਆਪਣੇ ਗੁਣਾਂ ਅਤੇ ਸਾਧਨਾਂ ਨੂੰ ਸਮਾਜ ਦੇ ਸੁਧਾਰ ਅਤੇ ਵਿਕਾਸ ਲਈ ਇਸਤੇਮਾਲ ਕਰਨਾ ਚਾਹੀਦਾ ਹੈ। ਮਨੁੱਖੀ ਵਿਚਾਰਾਂ ਅਤੇ ਮੁੱਲਾਂ ਨੂੰ ਸਮਝਣਾ, ਉਨ੍ਹਾਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਨੂੰ ਅਪਨਾਉਣਾ ਮਨੁੱਖ ਦਾ ਇਕ ਸਰਵਉੱਚ ਕਰਤਵ ਹੈ।

**10. ਵਿਅਕਤੀਗਤ ਅਤੇ ਸਮੂਹਿਕ ਖੇਤਰ ਵਿੱਚ ਵੱਖ-ਵੱਖ ਵਿਸ਼ਿਆਂ 'ਚ ਉੱਨਤੀ ਵੱਲ ਆਕਰਸ਼ਿਤ ਹੋਣ** : ਸਾਰੇ ਨਾਗਰਿਕਾਂ ਦਾ ਇਹ ਪਹਿਲਾ ਕਰਤਵ ਹੈ ਕਿ ਉਹ ਲਗਾਤਾਰ ਗਿਆਨਾਜਰਨ ਅਤੇ ਖੇਤਰਾਂ ਵਿੱਚ ਉੱਨਤੀ ਵੱਲ ਵਧਣ ਦਾ ਹਮੇਸ਼ਾ ਯਤਨ ਕਰਨ, ਜਿਸ ਨਾਲ ਰਾਸ਼ਟਰ ਦੇ ਉੱਥਾਨ ਲਈ ਕੀਤੇ ਜਾਣ ਵਾਲੇ ਲਗਾਤਾਰ ਯਤਨ ਅਤੇ ਉਨ੍ਹਾਂ ਦੇ ਫਲਸਰੂਪ ਪ੍ਰਾਪਤ ਉਪਲੱਬਧੀਆਂ ਸਰਵਉੱਚ ਸਿਖਰ 'ਤੇ ਪਹੁੰਚ ਸਕਣ।

**ਸਿੱਟਾ** : ਜਾਪਾਨ, ਇਟਲੀ, ਚੀਨ ਅਤੇ ਹੋਰ ਅਨੇਕਾਂ ਯੂਰਪੀ ਦੇਸ਼ਾਂ ਦੇ ਸੰਵਿਧਾਨਾਂ ਵਿੱਚ ਅਧਿਕਾਰਾਂ ਦੇ ਨਾਲ-ਨਾਲ ਕਰਤਵਾਂ ਦਾ ਵੀ ਵਰਨਣ ਹੈ ਅਤੇ ਭਾਰਤ ਵਿੱਚ ਵੀ ਨਾਗਰਿਕ ਕਰਤਵਾਂ ਦਾ ਵਰਨਣ ਕਰ ਦਿੱਤਾ ਗਿਆ ਹੈ। ਇਸ ਨਾਲ ਭਾਰਤੀ ਨਾਗਰਿਕਾਂ ਨੂੰ ਆਪਣੇ ਕਰਤਵਾਂ ਦਾ ਵਧੇਰੇ ਸਪੱਸ਼ਟ ਰੂਪ ਵਿੱਚ ਗਿਆਨ ਹੋਵੇਗਾ ਅਤੇ ਉਹ ਵਧੇਰੇ ਚੰਗੇ ਰੂਪ ਵਿੱਚ ਉਨ੍ਹਾਂ ਦਾ ਪਾਲਣ ਕਰ ਸਕਣਗੇ।

ਇਨ੍ਹਾਂ ਕਰਤਵਾਂ ਦੀ ਉਲੰਘਣਾ ਕੀਤੇ ਜਾਣ 'ਤੇ ਉਦੋਂ ਤੱਕ ਕਿਸੇ ਤਰ੍ਹਾਂ ਦੀ ਸਜ਼ਾ ਵਿਵਸਥਾ ਨਹੀਂ ਕੀਤੀ ਗਈ ਪਰ ਸੰਸਦ ਵੱਲੋਂ ਇਸ ਸਬੰਧ ਵਿੱਚ ਸਜ਼ਾ ਦੀ ਵਿਵਸਥਾ ਕੀਤੀ ਜਾ ਸਕਦੀ ਹੈ। ਕਰਤਵਾਂ ਦੀ ਉਪਰੋਕਤ ਵਿਵਸਥਾ ਦੇ ਸਬੰਧ ਵਿੱਚ ਇਹੀ ਸ਼ੱਕ ਹੈ ਕਿ ਕੁਝ ਕਰਤਵਾਂ ਦੀ ਭਾਸ਼ਾ ਦੇ ਸਬੰਧ ਵਿੱਚ ਜ਼ਰੂਰੀ ਸਪੱਸ਼ਟਤਾ ਦਾ ਅਹਿਸਾਸ ਹੁੰਦਾ ਹੈ। ਵਿਗਿਆਨਿਕ ਦ੍ਰਿਸ਼ਟੀਕੋਣ ਮਨੁੱਖੀਵਾਦ ਅਤੇ ਗਿਆਨਾਜਰਨ ਤੇ ਸੁਧਾਰ ਦੀ ਭਾਵਨਾ ਦਾ ਵਿਕਾਸ ਅਤੇ ਸੰਮਨਿਵਤ ਸੰਸਕ੍ਰਿਤੀ ਦੀ ਗੌਰਵਸ਼ਾਲੀ ਪ੍ਰੰਪਰਾ ਦਾ ਮਹੱਤਵ ਆਦਿ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਦੀ ਵਿਆਖਿਆ ਮਨਮਰਜ਼ੀ ਰੂਪ ਵਿੱਚ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਵਿਗਿਆਨਿਕ ਦ੍ਰਿਸ਼ਟੀਕੋਣ ਅਤੇ ਮਨੁੱਖਵਾਦ ਦੀ ਗੱਲ ਤਾਂ ਕਰਨਾ ਆਸਾਨ ਹੈ ਪਰ ਸਵਾਲ ਇਹ ਹੈ ਕਿ ਕੀ ਇਨ੍ਹਾਂ ਨੂੰ ਅਸਾਨੀ ਨਾਲ ਸਧਾਰਣ ਨਾਗਰਿਕ ਦੇ ਜੀਵਨ ਵਿੱਚ ਉਤਾਰਿਆ ਜਾ ਸਕਦਾ ਹੈ। ਇਸ ਸਬੰਧ ਵਿੱਚ ਡਰ ਅਤੇ ਮੁਸ਼ਕਿਲ ਇਹ ਹੈ ਕਿ ਕਰਤਵ ਪਾਲਣ ਕਰਵਾਉਣ ਦੇ ਨਾਮ 'ਤੇ ਸ਼ਾਸਕ ਵਰਗ ਵੱਲੋਂ ਆਪਣੀ ਸੱਤਾ ਦਾ ਦੁਰਉਪਯੋਗ ਕੀਤਾ ਜਾ ਸਕਦਾ ਹੈ। ਆਸ਼ਾ ਇਹੀ ਕੀਤੀ ਜਾਣੀ ਚਾਹੀਦੀ ਹੈ ਕਿ ਅਜਿਹੀ ਸਥਿਤੀ ਪੈਦਾ ਨਾ ਹੋਵੇ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

1. 'ਸੁਤੰਤਰਤਾ ਭਾਰਤ ਲਈ ਗਾਂਧੀਵਾਦੀ ਸੰਵਿਧਾਨ ਪੁਸਤਕ' ................ ਨੇ ਲਿਖੀ ਹੈ।
2. 42ਵੀਂ ਸੰਵਿਧਾਨਿਕ ਸੋਧ ਦੇ ਅਧੀਨ ਸੰਵਿਧਾਨ ਵਿੱਚ ਇਕ ਨਵਾਂ ਭਾਗ ..................... ਜੋੜਿਆ ਗਿਆ ਹੈ।

ਨੋਟ

3. ਮੂਲ ਅਧਿਕਾਰੀਆਂ ਨੂੰ .................... ਦੀਆਂ ਸਿਫਾਰਸ਼ਾਂ ਨੂੰ ਸਵੀਕਾਰ ਕਰਕੇ ਸੰਵਿਧਾਨ ਵਿੱਚ ਸ਼ਾਮਿਲ ਕੀਤਾ ਗਿਆ ਸੀ।

## 3.2 ਸਾਰ ਅੰਸ਼ (Summary)

- ਗਾਂਧੀ ਜੀ ਦੇ ਅਨੁਸਾਰ ਅਧਿਕਾਰ ਦਾ ਅਰਥ ਕਰਤਵ ਦਾ ਚੰਗੀ ਤਰ੍ਹਾਂ ਨਾਲ ਪਾਲਣ ਕਰਨਾ ਹੈ, ਅਧਿਕਾਰ ਦੇ ਨਾਲ ਅਨੁਕੂਲ ਜ਼ਿੰਮੇਵਾਰੀ ਹੁੰਦੀ ਹੈ। ਗਾਂਧੀ ਜੀ ਅਧਿਕਾਰਾਂ ਅਤੇ ਕਰਤਵਾਂ ਨੂੰ ਆਂਗਿਕ ਸਬੰਧ ਮੰਨਦੇ ਸਨ।
- ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦਾ ਆਦਰ ਕਰਨਾ ਹੀ ਹਰੇਕ ਨਾਗਰਿਕ ਦਾ ਮੌਲਿਕ ਕਰਤਵ ਨਿਰਧਾਰਿਤ ਕੀਤਾ ਗਿਆ ਹੈ ਅਤੇ ਹਰੇਕ ਨਾਗਰਿਕ ਨੂੰ ਰਾਸ਼ਟਰੀ ਗੌਰਵ ਦੇ ਪ੍ਰਤੀਕ ਤਿਰੰਗੇ ਝੰਡੇ ਦਾ ਆਦਰ ਕਰਕੇ ਰਾਸ਼ਟਰ ਪ੍ਰਤੀ ਆਪਣਾ ਸਨਮਾਨ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ।
- ਰਾਸ਼ਟਰ 'ਤੇ ਸੰਕਟ ਹੋਣ ਉੱਤੇ ਨਾਗਰਿਕਾਂ ਨੂੰ ਆਪਣੇ ਨਿੱਜੀ ਸਵਾਰਥਾਂ ਨੂੰ ਭੁਲਾ ਕੇ ਰਾਸ਼ਟਰ ਦੀ ਸੁਰੱਖਿਆ ਕਰਨੀ ਚਾਹੀਦੀ ਹੈ, ਜੇਕਰ ਦੇਸ਼ ਨੂੰ ਸੈਨਿਕਾਂ ਦੀ ਜ਼ਰੂਰਤ ਹੋਵੇ ਤਾਂ ਨਾਗਰਿਕ ਨੂੰ ਸਵੈ-ਇੱਛਾ ਨਾਲ ਸੈਨਾ ਵਿੱਚ ਭਰੀਤ ਹੋ ਜਾਣਾ ਚਾਹੀਦਾ ਹੈ।
- ਮਨੁੱਖੀ ਵਿਚਾਰਾਂ ਅਤੇ ਮੂਲਾਂ ਨੂੰ ਸਮਝਣਾ, ਉਨ੍ਹਾਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਨੂੰ ਅਪਨਾਉਣਾ ਮਨੁੱਖ ਦਾ ਇਕ ਸਰਵਉੱਚ ਫਰਜ਼ ਹੈ।

## 3.3 ਸ਼ਬਦਕੋਸ਼ (Keywords)

- **ਸੋਧ (Amendment)** : ਸ਼ੁੱਧ ਕਰਨਾ, ਸਾਫ ਕਰਨਾ, ਠੀਕ ਕਰਨਾ, ਦਰੁੱਸਤ ਕਰਨਾ, ਰੂਪ ਬਦਲਣਾ ।
- **ਉਦਾਰਵਾਦ (Liberalism)** : ਉਹ ਸਿਧਾਂਤ ਦੇ ਸਾਰੇ ਲੋਕਾਂ ਨੂੰ ਬਰਾਬਰ ਰੂਪ ਵਿੱਚ ਸੁਤੰਤਰਤਾ ਦਾ ਅਧਿਕਾਰ ਮਿਲਣਾ ਚਾਹੀਦਾ ਹੈ। (ਬਰਾਬਰਤਾ ਅਤੇ ਸੁਤੰਤਰਤਾ)।

## 3.4 ਅਭਿਆਸ ਪ੍ਰਸ਼ਨ (Review Questions)

1. ਸੰਵਿਧਾਨ ਵੱਲੋਂ ਦਿੱਤੇ ਗਏ ਭਾਰਤੀ ਨਾਗਰਿਕਾਂ ਦੇ ਮੌਲਿਕ ਕਰਤਵਾਂ ਦੀ ਵਿਆਖਿਆ ਕਰੋ?
2. ਇਕ ਨਾਗਰਿਕ ਲਈ ਮੌਲਿਕ ਕਰਤਵ ਕਿੰਨੇ ਮਹੱਤਵਪੂਰਨ ਹਨ? ਸਪੱਸ਼ਟ ਕਰੋ।

**ਉੱਤਰ : ਸਵ ਮੁਲਾਂਕਣ (Answer : Self Assessment)**

1. ਮਹਾਤਮਾ ਗਾਂਧੀ

2. IV

3. ਸਵਰਨ ਸਿੰਘ ਸੰਪਤੀ

## 3.5 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਭਾਰਤੀ ਰਾਜਨੀਤਿਕ ਵਿਵਸਥਾ-ਐੱਨ. ਛਾਬੜਾ, ਅਭਿਨਵ ਪ੍ਰਕਾਸ਼ਨ, ਰੋਹਤਕ (ਹਰਿਆਣਾ)।
2. ਭਾਰਤ ਦਾ ਸੰਵਿਧਾਨ-ਸੁਭਾਸ਼ ਕਸ਼ਯਪ।

ਨੋਟ

# ਇਕਾਈ-4: ਰਾਜ ਦੇ ਨੀਤੀ-ਨਿਰਦੇਸ਼ਕ ਸਿਧਾਂਤ (Directive Principles of State Policy

**ਵਿਸ਼ਾ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
4.1 ਨਿਰਦੇਸ਼ਕ ਸਿਧਾਂਤਾਂ ਦੀ ਪ੍ਰਕਿਰਤੀ (Nature of Directive Principles)
4.2 ਨਿਰਦੇਸ਼ਕ ਸਿਧਾਂਤਾਂ ਦਾ ਮਹੱਤਵ (Importance of Directive Principles)
4.3 ਨਿਰਦੇਸ਼ਕ ਸਿਧਾਂਤਾਂ ਦਾ ਵਰਗੀਕਰਨ (Classification or Directive Principles)
4.4 ਨੀਤੀ-ਨਿਰਦੇਸ਼ਕ ਤੱਤਾਂ ਦੀ ਆਲੋਚਨਾ (Criticism of Directive Principles)
4.5 ਰਾਜ ਦੇ ਨੀਤੀ-ਨਿਰਦੇਸ਼ਕ ਤੱਤ ਦੀ ਉਪਯੋਗਤਾ (Usefulness of Directive Principles of State Policy)
4.6 ਨਿਰਦੇਸ਼ਕ ਤੱਤਾਂ ਦੀ ਕਿਰਿਆਸ਼ੀਲਤਾ ਅਤੇ ਉਪਲੱਬਧੀਆਂ (Implementation and Achievements with Regard to Directive Principles)
4.7 ਨਿਰਦੇਸ਼ਕ ਸਿਧਾਂਤ ਅਤੇ ਮੌਲਿਕ ਅਧਿਕਾਰਾਂ ਵਿੱਚ ਅੰਤਰ (Difference between Directive Principles and Fundamental Rights)
4.8 ਸਾਰ ਅੰਸ਼ (Summary)
4.9 ਸ਼ਬਦਕੋਸ਼ (Keywords)
4.10 ਅਭਿਆਸ ਪ੍ਰਸ਼ਨ (Review Questions)
4.11 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਨਿਰਦੇਸ਼ਕ ਸਿਧਾਂਤ ਦੇ ਅਰਥ, ਵਿਸ਼ਾ-ਵਸਤੂਆਂ ਨੂੰ ਸਮਝਣ ਸਬੰਧੀ।
- ਨਿਰਦੇਸ਼ਕ ਸਿਧਾਂਤਾਂ ਦਾ ਵਰਗੀਕਰਨ ਕਰਕੇ ਸੰਵਿਧਾਨਕ ਸੋਧ ਨੂੰ ਸਮਝਣ ਸਬੰਧੀ।
- ਰਾਜ-ਨੀਤੀ ਦੇ ਨਿਰਦੇਸ਼ਕ ਤੱਤਾਂ ਦੀ ਉਪਯੋਗਤਾ ਦਾ ਵਰਨਣ ਕਰਨ ਸਬੰਧੀ।
- ਨਿਰਦੇਸ਼ਕ ਸਿਧਾਂਤ ਅਤੇ ਮੌਲਿਕ ਅਧਿਕਾਰ ਵਿੱਚ ਫਰਕ ਨੂੰ ਸਮਝਣ ਸਬੰਧੀ।

## ਜਾਣਕਾਰੀ (Introduction)

ਭਾਰਤੀ ਸੰਵਿਧਾਨ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਅਧੀਨ 'ਰਾਜ-ਨੀਤੀ ਦੇ ਨਿਰਦੇਸ਼ਕ ਤੱਤ' ਨਾਮ ਨਾਲ ਰਾਜ ਤੋਂ ਪਥ-ਪ੍ਰਦਰਸ਼ਨ ਸਬੰਧੀ ਕੁਝ ਸਿਧਾਂਤਾਂ ਦੀ ਵਿਵਸਥਾ ਕੀਤੀ ਗਈ ਹੈ। ਇਸ ਨੀਤੀ-ਨਿਰਦੇਸ਼ਕ ਤੱਤਾਂ ਦਾ ਵਰਨਣ ਸੰਵਿਧਾਨ ਦੇ ਚੌਥੇ ਭਾਗ ਵਿੱਚ ਕੀਤਾ ਗਿਆ ਹੈ। ਇਸ ਅਧਿਆਇ ਅਧੀਨ ਸੰਵਿਧਾਨ ਨਿਰਮਾਤਾਵਾਂ ਨੇ ਇਕ ਦਿਸ਼ਾ ਵੱਲ ਸੰਕੇਤ ਕੀਤਾ ਹੈ, ਜਿਸ ਦਾ ਅਨੁਸਰਨ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਕਾਨੂੰਨ ਨਿਰਮਾਣ ਅਤੇ ਪ੍ਰਸ਼ਾਸਨ ਦੇ ਸਬੰਧ ਵਿੱਚ ਕੀਤਾ ਜਾਣਾ ਚਾਹੀਦਾ ਹੈ।

1937 ਵਿੱਚ ਆਇਰਲੈਂਡ 'ਚ ਆਪਣੇ ਸੰਵਿਧਾਨ ਵਿੱਚ ਨਾ ਕੇਵਲ ਮੌਲਿਕ ਅਧਿਕਾਰਾਂ ਦੀ ਵਿਵਸਥਾ ਕੀਤੀ, ਸਗੋਂ ਸਮਾਜਿਕ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਨੂੰ ਵੀ ਸੰਵਿਧਾਨ ਵਿੱਚ ਜਗ੍ਹਾ ਦਿੱਤੀ। ਇਸ ਦੇ ਨਾਲ ਹੀ ਮੌਲਿਕ ਅਧਿਕਾਰਾਂ ਅਤੇ ਨੀਤੀ-ਨਿਰਦੇਸ਼ਕ

**ਨੋਟ** ਸਿਧਾਂਤਾਂ ਵਿੱਚ ਇਹ ਫਰਕ ਰੱਖਿਆ ਹੈ ਕਿ ਇੱਥੇ ਮੌਲਿਕ ਅਧਿਕਾਰਾਂ ਨੂੰ 'ਨਿਆ ਯੋਗ' ਠਹਿਰਾਇਆ ਗਿਆ, ਨੀਤੀ-ਨਿਰਦੇਸ਼ਕ ਸਿਧਾਂਤਾਂ ਨੂੰ ਨਿਆ ਯੋਗ ਨਹੀਂ ਮੰਨਿਆ ਗਿਆ।

## 4.1 ਨਿਰਦੇਸ਼ਕ ਸਿਧਾਂਤਾਂ ਦੀ ਪ੍ਰਕਿਰਤੀ (Nature of Directive Principles)

ਇਨ੍ਹਾਂ ਨਿਰਦੇਸ਼ਕ ਤੱਤਾਂ ਦੀ ਪ੍ਰਕਿਰਤੀ ਅਤੇ ਸਵਰੂਪ ਦੇ ਸਬੰਧ ਵਿੱਚ ਅਨੁਛੇਦ 37 ਵਿੱਚ ਸਪੱਸ਼ਟ ਰੂਪ 'ਚ ਕਿਹਾ ਗਿਆ ਕਿ- "ਇਸ ਭਾਗ (4) ਵਿੱਚ ਦਿੱਤੇ ਗਏ ਉਪਬੰਦਾਂ ਨੂੰ ਕਿਸੇ ਵੀ ਅਦਾਲਤ ਵੱਲੋਂ ਮਨਜ਼ੂਰੀ ਨਹੀਂ ਦਿੱਤੀ ਜਾ ਸਕੇਗੀ ਤਾਂ ਵੀ ਇਸ ਵਿੱਚ ਦਿੱਤੇ ਹੋਏ ਤੱਤ ਦੇਸ਼ ਦੇ ਸ਼ਾਸਨ ਵਿੱਚ ਮੁੱਖ ਹਨ ਅਤੇ ਵਿਧੀ ਨਿਰਮਾਣ ਵਿੱਚ ਇਨ੍ਹਾਂ ਤੱਤਾਂ ਦਾ ਇਸਤੇਮਾਲ ਕਰਨਾ ਰਾਜ ਦਾ ਕਰਤਵ ਹੋਵੇਗਾ।"

| | |
|---|---|
| *ਕੀ ਤੁਸੀਂ ਜਾਣਦੇ ਹੋ* | **ਡਾ. ਅੰਬੇਦਕਰ** ਨੇ ਇਨ੍ਹਾਂ ਨਿਰਦੇਸ਼ਕ ਤੱਤਾਂ ਦੇ ਸਬੰਧ ਵਿੱਚ ਸੰਵਿਧਾਨ ਸਭਾ ਵਿੱਚ ਕਿਹਾ ਸੀ, "ਰਾਜ ਦੀ ਨੀਤੀ ਦੇ ਨਿਰਦੇਸ਼ਕ ਤੱਤ ਮੰਨੋ 1935 ਦੇ ਭਾਰਤ ਸਰਕਾਰ ਅਧੀਨਿਯਮ ਦੇ ਅਧੀਨ ਗਵਰਨਰ ਜਨਰਲ ਅਤੇ ਗਵਰਨਰਾਂ ਦੇ ਨਾਮ ਆਦੇਸ਼ ਹਨ। ਫਰਕ ਕੇਵਲ ਇੰਨਾ ਹੈ ਕਿ 1935 ਦੇ ਅਧੀਨਿਯਮ ਅਧੀਨ ਆਦੇਸ਼ ਕਾਰਜ ਪਾਲਿਕਾ ਨੂੰ ਆਦੇਸ਼ ਹੁੰਦੇ ਸਨ, ਜਦ ਕਿ ਨਿਰਦੇਸ਼ਕ ਤੱਤ ਰਾਜ ਦੇ ਨਾਮ ਆਦੇਸ਼ ਹਨ। |

ਇਸ ਲਈ ਸਾਡੇ ਰਾਜ ਦੀ ਨੀਤੀ ਨਿਰਦੇਸ਼ਕ ਤੱਤ ਕਾਰਜ ਪਾਲਿਕਾ ਦੇ ਨਾਲ-ਨਾਲ ਵਿਧਾਨ ਮੰਡਲਾਂ ਨੂੰ ਪ੍ਰਭਾਵਿਤ ਕਰੇਗਾ।" ਇਨ੍ਹਾਂ ਤੱਤਾਂ ਦੀ ਪ੍ਰਕਿਰਤੀ ਨੂੰ ਸਪੱਸ਼ਟ ਕਰਦੇ ਹੋਏ **ਸ਼੍ਰੀ ਜੀ. ਐੱਨ. ਜੋਸ਼ੀ** ਆਪਣੀ ਪੁਸਤਕ 'ਭਾਰਤ ਦਾ ਸੰਵਿਧਾਨ' ਵਿੱਚ ਲਿਖਦੇ ਹਨ ਕਿ, "ਨਿਰਦੇਸ਼ਕ ਤੱਤਾਂ ਦਾ ਵਿਧਾਨ ਮੰਡਲਾਂ ਨੂੰ ਕਾਨੂੰਨ ਦੱਸਦੇ ਸਮੇਂ ਅਤੇ ਕਾਰਜ ਪਾਲਿਕਾ ਨੂੰ ਇਨ੍ਹਾਂ ਤੱਤਾਂ ਨੂੰ ਲਾਗੂ ਕਰਦੇ ਸਮੇਂ ਵਿਧਾਨ ਰੱਖਣਾ ਚਾਹੀਦਾ ਹੈ। ਇਹ ਉਸ ਨੀਤੀ ਵੱਲ ਸੰਕੇਤ ਕਰਦਾ ਹੈ, ਜਿਨ੍ਹਾਂ ਦਾ ਅਨੁਸਰਨ ਸੰਘ ਅਤੇ ਰਾਜਾਂ ਨੂੰ ਕਰਨਾ ਚਾਹੀਦਾ ਹੈ।"

ਰਾਜ-ਨੀਤੀ ਦੇ ਨਿਰਦੇਸ਼ਕ ਤੱਤ ਭਾਰਤੀ ਸੰਵਿਧਾਨ ਦੀ ਇਕਾਈ ਨਵੀਂ ਵਿਸ਼ੇਸ਼ਤਾ ਹੈ। ਇਨ੍ਹਾਂ ਸਿਧਾਂਤਾਂ ਵਿੱਚ ਉਨ੍ਹਾਂ ਆਦੇਸ਼ਾਂ ਦੀ ਸੂਚੀ ਸ਼ਾਮਿਲ ਹੈ, ਜਿਸ ਦੇ ਅਨੁਸਾਰ ਵਰਤਮਾਨ ਅਤੇ ਭਵਿੱਖ ਦੀਆਂ ਸਰਕਾਰਾਂ ਕੰਮ ਕਰਨਗੀਆਂ, ਭਾਵੇਂ ਉਹ ਕਿਸੇ ਰਾਜਨੀਤਿਕ ਦਲ ਨਾਲ ਸਬੰਧਿਤ ਨਾਲ ਹੋਣ। ਇਹ ਸਿਧਾਂਤ ਸੰਵਿਧਾਨ ਦੇ ਭਾਗ IV (ਅਨੁਛੇਦ 36 ਤੋਂ 51) ਵਿੱਚ ਦਿੱਤੇ ਗਏ ਹਨ। ਇਹ ਸਿਧਾਂਤ, ਸੰਵਿਧਾਨ ਨਿਰਮਾਤਾਵਾਂ ਦੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਜਾਗ੍ਰਿਤ ਕਰਦੇ ਹਨ। ਇਨ੍ਹਾਂ ਸਿਧਾਂਤਾਂ ਨਾਲ ਉਹ ਭਾਰਤ ਵਿੱਚ ਕਲਿਆਣਕਾਰੀ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ, ਜਿਸ ਵਿੱਚ ਲੋਕਾਂ ਨੂੰ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਨਿਆ ਪ੍ਰਾਪਤ ਹੋ ਸਕੇ। ਇਹ ਉਪਬੰਦ ਭਾਰਤੀ ਸੰਵਿਧਾਨ ਵਿੱਚ ਜੀਵਨ ਦਾ ਸੰਚਾਰ ਕਰਦੇ ਹਨ। ਇਸ ਦੇ ਨਿਰਮਾਤਾ ਇਸ ਸੱਚ ਨੂੰ ਠੀਕ ਤਰ੍ਹਾਂ ਸਮਝਦੇ ਸਨ ਕਿ ਵਿਅਕਤੀ ਦੇ ਅਧਿਕਾਰੀਆਂ ਨੂੰ ਸਮੁੱਚੇ ਸਮਾਜ ਦੇ ਸਮੂਹਿਕ ਹਿੱਤਾਂ ਦੇ ਨਾਲ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਉਹ ਅਮਰੀਕਾ ਦੇ ਅਨੁਭਵ ਤੋਂ ਜਾਣੂ ਸਨ ਇਸ ਲਈ ਉਨ੍ਹਾਂ ਨੇ ਸਮਾਜਿਕ ਪਰਿਵਰਤਨ ਦੀ ਸੰਭਾਵਨਾ ਨੂੰ ਸਾਹਮਣੇ ਰੱਖਿਆ। ਇਸ ਸਬੰਧ ਵਿੱਚ ਉਨ੍ਹਾਂ ਨੇ ਆਇਰਲੈਂਡ ਦੇ ਸੰਵਿਧਾਨ ਵਿੱਚ ਮਾਰਗ ਦਰਸ਼ਨ ਪ੍ਰਾਪਤ ਕੀਤਾ।

### ਸਵ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks):

1. ਆਇਰਲੈਂਡ ਨੇ ਆਪਣੇ ਸੰਵਿਧਾਨ ਵਿੱਚ ਸਮਾਜਿਕ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਨੂੰ .............. ਵਿੱਚ ਸ਼ਾਮਿਲ ਕੀਤਾ ਹੈ।
2. ਰਾਜ ਦੇ ਨੀਤੀ-ਨਿਰਦੇਸ਼ਕ ਸਿਧਾਂਤ ਸੰਵਿਧਾਨ ਦੇ ਭਾਗ IV .................. ਵਿੱਚ ਦਿੱਤੇ ਗਏ ਹਨ।

## 4.2 ਨਿਰਦੇਸ਼ਕ ਸਿਧਾਂਤਾਂ ਦਾ ਮਹੱਤਵ (Importance of Directive Principles)

ਨਿਰਦੇਸ਼ਕ ਸਿਧਾਂਤ ਇਕ ਵਿਸ਼ੇਸ਼ ਤਰ੍ਹਾਂ ਦੀ ਸਮਾਜਿਕ ਵਿਵਸਥਾ ਸਥਾਪਿਤ ਕਰਨਾ ਚਾਹੁੰਦੇ ਹਨ। ਅਨੁਛੇਦ 38 ਦੇ ਅਨੁਸਾਰ, "ਰਾਜ ਅਜਿਹੀ ਸਮਾਜਿਕ ਵਿਵਸਥਾ ਸਥਾਪਿਤ ਕਰਕੇ ਜਿਸ ਵਿੱਚ ਰਾਸ਼ਟਰੀ ਜੀਵਨ ਦੀਆਂ ਸਾਰੀਆਂ ਸੰਸਥਾਵਾਂ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆ ਉਪਲੱਬਧ ਹੋਵੇ, ਲੋਕਾਂ ਦੇ ਕਲਿਆਣ ਨੂੰ ਬੜ੍ਹਾਵਾ ਦੇਣ ਦਾ ਯਤਨ ਕਰੇਗਾ।" ("The State

ਨੋਟ

shall strive to promote the welfare of the people by securing and protecting as effectively as it may a social order in which justice, social, economic and political shall inform all the institutions of national life.") ਉਨ੍ਹਾਂ ਨੂੰ ਅਦਾਲਤ ਵੱਲੋਂ ਲਾਗੂ ਨਹੀਂ ਕੀਤਾ ਜਾਂਦਾ। 42ਵੀਂ ਸੋਧ ਨਾਲ ਪੂਰਵ ਮੌਲਿਕ ਅਧਿਕਾਰ ਨਿਰਦੇਸ਼ਕ ਸਿਧਾਂਤਾਂ ਤੋਂ ਉੱਚੇ ਮੰਨੇ ਜਾਂਦੇ ਸਨ, ਭਲੇ ਹੀ ਇਹ ਸਿਧਾਂਤ ਦੇਸ਼ ਦੇ ਸ਼ਾਸਨ ਲਈ ਆਧਾਰਭੂਤ ਸਨ। ਅਨੁਛੇਦ 37 ਦੇ ਅਨੁਸਾਰ ਭਾਗ IV ਦੇ ਉਪਬੰਧ ਕਿਸੇ ਅਦਾਲਤ ਵੱਲੋਂ ਲਾਗੂ ਨਹੀਂ ਹੋਣਗੇ ਪਰ ਦੇਸ਼ ਦੇ ਪ੍ਰਬੰਧਨ ਵਿੱਚ ਅਤੇ ਕਾਨੂੰਨ ਬਣਾਉਂਦੇ ਸਮੇਂ ਧਿਆਨ ਵਿੱਚ ਰੱਖੇ ਜਾਣਗੇ। ("Provisions in Part IV shall not be enforceable by any court, but the principle there in laid down are nevertheless fundamental in the governance of the country and it shall be the duty of the State to apply their principles in making the laws.") 42ਵੀਂ ਸੋਧ ਦੇ ਬਾਅਦ ਇਨ੍ਹਾਂ ਨੂੰ ਮੌਲਿਕ ਅਧਿਕਾਰਾਂ ਤੋਂ ਉੱਚਾ ਸਥਾਨ ਦਿੱਤਾ ਗਿਆ ਹੈ। ਇਸ ਸੋਧ ਦੇ ਬਾਅਦ ਸੰਸਦ ਜਾਂ ਰਾਜ ਵਿਧਾਨ ਮੰਡਲਾਂ ਵੱਲੋਂ ਬਣਾਏ ਗਏ ਕਿਸੇ ਕਾਨੂੰਨ ਨੂੰ ਕਿਸੇ ਅਦਾਲਤ ਵਿੱਚ ਇਸ ਆਧਾਰ 'ਤੇ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਕਿ ਉਹ ਸੰਵਿਧਾਨ ਦੇ ਅਨੁਛੇਦ 14, 19 ਦਾ ਉਲੰਘਣ ਕਰਦਾ ਹੈ।

## 4.3 ਨਿਰਦੇਸ਼ਕ ਸਿਧਾਂਤਾਂ ਦਾ ਵਰਗੀਕਰਨ (Classification of the Directive Principles)

ਸੰਵਿਧਾਨ ਦੇ ਅਧਿਆਇ 4, ਅਨੁਛੇਦ 36 ਤੋਂ 51 ਤੱਕ ਨਿਰਦੇਸ਼ਕ ਸਿਧਾਂਤਾਂ ਦਾ ਵਰਨਣ ਕੀਤਾ ਗਿਆ ਹੈ। ਸੰਵਿਧਾਨ ਵਿੱਚ ਤਾਂ ਇਨ੍ਹਾਂ ਦਾ ਵਰਗੀਕਰਨ ਨਹੀਂ ਕੀਤਾ ਗਿਆ ਪਰ **ਪ੍ਰੋ. ਐੱਮ. ਪੀ. ਸ਼ਰਮਾ** ਨੇ ਇਨ੍ਹਾਂ ਨੂੰ ਮੁੱਖ ਰੂਪ 'ਚ ਤਿੰਨ ਭਾਗਾਂ ਵਿੱਚ ਵੰਡਿਆ ਹੈ। ਇਨ੍ਹਾਂ ਤਿੰਨ ਵਰਗਾਂ ਵਿੱਚ ਦੋ ਹੋਰ ਵਰਗਾਂ ਨੂੰ ਵੀ ਜੋੜਿਆ ਜਾ ਸਕਦਾ ਹੈ।

1. **ਸਮਾਜਵਾਦੀ ਸਿਧਾਂਤ (Socialistic Principles)**: ਇਸ ਵਰਗ ਦੇ ਅਧੀਨ ਅਜਿਹੇ ਸਿਧਾਂਤ ਰੱਖੇ ਜਾ ਸਕਦੇ ਹਨ ਜਿਨ੍ਹਾਂ ਦਾ ਉਦੇਸ਼ ਭਾਰਤ ਵਿੱਚ ਸਮਾਜਵਾਦੀ ਕਲਿਆਣਕਾਰੀ ਰਾਜ ਦੀ ਸਥਾਪਨਾ ਕਰਨਾ ਹੈ।

*(i)* ਧਾਰਾ 38 ਦੇ ਅਨੁਸਾਰ ਰਾਜ ਕਲਿਆਣਕਾਰੀ ਰਾਜ ਦੀ ਉੱਨਤੀ ਲਈ ਸਮਾਜਿਕ ਵਿਵਸਥਾ ਬਣਾਏਗਾ।

*(ii)* ਧਾਰਾ 39 ਦੇ ਅਨੁਸਾਰ–

(ਅ) ਹਰੇਕ ਨਾਗਰਿਕ ਨੂੰ ਆਪਣਾ ਗੁਜ਼ਾਰਾ ਕਰਨ ਲਈ ਰੋਜ਼ੀ-ਰੋਟੀ ਕਮਾਉਣ ਦਾ ਅਧਿਕਾਰ ਪ੍ਰਾਪਤ ਹੋਵੇ।

(ਬ) ਦੇਸ਼ ਵਿੱਚ ਭੌਤਿਕ ਸਾਧਨਾਂ ਦੀ ਵੰਡ ਇਸ ਤਰ੍ਹਾਂ ਹੋਵੇ ਜਿਸ ਨਾਲ ਜ਼ਿਆਦਾ ਤੋਂ ਜ਼ਿਆਦਾ ਜਨ-ਕਲਿਆਣ ਹੋ ਸਕੇ।

(ਸ) ਦੇਸ਼ ਦਾ ਆਰਥਿਕ ਢਾਂਚਾ ਇਸ ਤਰ੍ਹਾਂ ਦਾ ਹੋਵੇ ਕਿ ਧਨ ਅਤੇ ਉਤਪਾਦਨ ਦੇ ਸਾਧਨ ਕੁਝ ਵਿਅਕਤੀਆਂ ਦੇ ਹੱਥ ਵਿੱਚ ਇਕੱਠਾ ਨਾ ਹੋਵੇ।

(ਦ) ਇਸਤਰੀਆਂ ਅਤੇ ਪੁਰਸ਼ਾਂ ਲਈ ਬਰਾਬਰ ਕੰਮ ਦੇ ਲਈ ਬਰਾਬਰ ਤਨਖਾਹ ਦੀ ਵਿਵਸਥਾ ਹੋਵੇ।

(ਯ) ਇਸਤਰੀਆਂ, ਬੱਚਿਆਂ ਅਤੇ ਨੌਜਵਾਨਾ ਨੂੰ ਨੈਤਿਕ ਅਤੇ ਭੌਤਿਕ ਖਾਤਮੇ ਅਤੇ ਸ਼ੋਸ਼ਣ ਤੋਂ ਬਚਾਇਆ ਜਾਵੇ।

(ਰ) ਇਸਤਰੀਆਂ, ਪੁਰਸ਼ ਅਤੇ ਬੱਚਿਆਂ ਨੂੰ ਆਰਥਿਕ ਸੰਕਟ ਤੋਂ ਮਜ਼ਬੂਰ ਹੋ ਕੇ ਅਜਿਹੇ ਕੰਮ ਨਾ ਕਰਨ ਦਿੱਤੇ ਜਾਣ ਜੋ ਉਨ੍ਹਾਂ ਦੀ ਉਮਰ ਅਤੇ ਸਿਹਤ ਦੇ ਅਨੁਕੂਲ ਹੋਵੇ।

*(iii)* ਧਾਰਾ 41 ਦੇ ਅਨੁਸਾਰ ਬੇਕਾਰੀ, ਬਿਮਾਰੀ, ਬੁਢਾਪਾ ਅਤੇ ਅੰਗਹੀਣ ਹੋਣ ਦੀ ਸਥਿਤੀ ਵਿੱਚ ਰਾਜ ਆਪਣੀ ਸ਼ਕਤੀ ਦੇ ਅਨੁਸਾਰ ਸਹਾਇਤਾ ਦੇਣ ਦੀ ਵਿਵਸਥਾ ਕਰੇ। ਇਸ ਤੋਂ ਇਲਾਵਾ ਰਾਜ ਸਭ ਲੋਕਾਂ ਨੂੰ ਰੋਜਗਾਰ ਅਤੇ ਸਿੱਖਿਆ ਦੇਣ ਦਾ ਯਤਨ ਕਰੇ।

*(iv)* ਧਾਰਾ 42 ਦੇ ਅਨੁਸਾਰ ਰਾਜ ਕੰਮ ਦੇ ਲਈ ਨਿਆਪੂਰਣ ਸਥਿਤੀ ਪੈਦਾ ਕਰੇ ਅਤੇ ਜ਼ਿਆਦਾ ਤੋਂ ਜ਼ਿਆਦਾ ਪ੍ਰਸੂਤੀ ਸਹਾਇਤਾ (Maternity Relief) ਦਾ ਪ੍ਰਬੰਧ ਕਰੇ।

*ਨੋਟਸ* ਧਾਰਾ 43 ਦੇ ਅਨੁਸਾਰ ਰਾਜ ਹਰੇਕ ਸ਼੍ਰੇਣੀ ਦੇ ਮਜ਼ਦੂਰਾਂ ਲਈ ਚੰਗੀ ਤਨਖਾਹ, ਚੰਗਾ ਜੀਵਨ ਪੱਧਰ ਅਤੇ ਜ਼ਰੂਰੀ ਛੁੱਟੀਆਂ ਦਾ ਪ੍ਰਬੰਧ ਕਰੇ। ਰਾਜ ਇਸ ਤਰ੍ਹਾਂ ਦਾ ਪ੍ਰਬੰਧ ਕਰੇ ਕਿ ਮਜ਼ਦੂਰ ਸਮਾਜਿਕ ਅਤੇ ਸੰਸਕ੍ਰਿਤਿਕ ਸੁਵਿਧਾਵਾਂ ਦਾ ਜ਼ਿਆਦਾ ਤੋਂ ਜ਼ਿਆਦਾ ਲਾਭ ਪ੍ਰਾਪਤ ਕਰ ਸਕੇ।

ਨੋਟ

2. **ਗਾਂਧੀਵਾਦੀ ਸਿਧਾਤ (Gandhian Principles):** ਇਸ ਸ਼੍ਰੇਣੀ ਵਿੱਚ ਉਹ ਸਿਧਾਂਤ ਸ਼ਾਮਿਲ ਕੀਤੇ ਜਾ ਸਕਦੇ ਹਨ, ਜਿਨ੍ਹਾਂ ਤੋਂ ਸਮਾਜ ਦੀ ਸਥਾਪਨਾ ਹੋ ਸਕਦੀ ਹੈ, ਜਿਨ੍ਹਾਂ ਦਾ ਸੁਪਨਾ ਗਾਂਧੀ ਜੀ ਦੇ ਮਨ ਵਿੱਚ ਸੀ।

*(i)* ਧਾਰਾ 40 ਦੇ ਅਨੁਸਾਰ ਪਿੰਡਾਂ ਵਿੱਚ ਗ੍ਰਾਮ ਪੰਚਾਇਤਾਂ ਦਾ ਨਿਰਮਾਣ ਕੀਤਾ ਜਾਵੇਗਾ।

*(ii)* ਧਾਰਾ 43 ਦੇ ਅਨੁਸਾਰ ਪਿੰਡਾਂ ਵਿੱਚ ਘਰੇਲੂ ਦਸਤਕਾਰੀਆਂ ਦੀ ਉੱਨਤੀ ਲਈ ਯਤਨ ਕੀਤਾ ਜਾਵੇਗਾ।

*(iii)* ਧਾਰਾ 46 ਦੇ ਅਨੁਸਾਰ ਰਾਜ ਕਮਜ਼ੋਰ ਵਰਗ ਨੂੰ ਅਤੇ ਵਿਸ਼ੇਸ਼ ਤੌਰ 'ਤੇ ਅਨੁਸੂਚਿਤ ਜਾਤੀਆ ਅਤੇ ਪੱਛੜੇ ਕਬੀਲਿਆਂ ਨੂੰ ਸਿੱਖਿਆ ਸਬੰਧੀ ਸੁਵਿਧਾਵਾਂ ਪ੍ਰਦਾਨ ਕਰੇਗਾ, ਉਨ੍ਹਾ ਨੂੰ ਸਮਾਜਿਕ ਅੰਨਿਆ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਵੇਗਾ।

*(iv)* ਧਾਰਾ 47 ਦੇ ਅਨੁਸਾਰ ਰਾਜ ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤੂਆਂ 'ਤੇ ਜੋ ਸਿਹਤ ਦੇ ਲਈ ਹਾਨੀਕਾਰਕ ਹਨ, ਰੋਕ ਲਗਾਉਣ ਦਾ ਯਤਨ ਕਰੇਗਾ।

*(v)* ਧਾਰਾ 48 ਵੱਲੋਂ ਦੁੱਧ ਵਾਲੇ ਪਸ਼ੂਆਂ ਨੂੰ ਮਾਰਨ 'ਤੇ ਰੋਕ ਲਗਾਏਗਾ ਅਤੇ ਪਸ਼ੂਆਂ ਦੀ ਨਸਲ ਸੁਧਾਰਣ ਦਾ ਯਤਨ ਕਰੇਗਾ।

3. **ਉਦਾਰਵਾਦੀ ਸੋਧਾਂ (Liberal Principles):** ਇਸ ਸ਼੍ਰੇਣੀ ਵਿੱਚ ਸਧਾਰਣ ਅਤੇ ਵਿਸ਼ਾਲ ਵਿਚਾਰਾਂ ਵਾਲੇ ਮਨੋਰਥਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

*(i)* ਧਾਰਾ 44 ਦੇ ਅਨੁਸਾਰ ਰਾਜ ਸਾਰੇ ਭਾਰਤ ਵਿੱਚ ਬਰਾਬਰ ਵਿਵਹਾਰ ਨਿਯਮ (Uniform Civil Code) ਲਾਗੂ ਕਰਨ ਦਾ ਯਤਨ ਕਰੇਗਾ।

*(ii)* ਧਾਰਾ 45 ਦੇ ਅਨੁਸਾਰ ਸੰਵਿਧਾਨ ਲਾਗੂ ਹੋਣ ਦੇ ਦਸ ਸਾਲ ਦੇ ਅੰਦਰ-ਅੰਦਰ ਰਾਜ 14 ਸਾਲਾਂ ਤੱਕ ਦੇ ਬੱਚਿਆਂ ਲਈ ਫਰੀ ਅਤੇ ਜ਼ਰੂਰੀ ਸਿੱਖਿਆ ਪ੍ਰਦਾਨ ਕਰੇਗਾ।

*(iii)* ਧਾਰਾ 47 ਦੇ ਅਨੁਸਾਰ ਰਾਜ ਲੋਕਾਂ ਦੇ ਜੀਵਨ ਪੱਧਰ ਅਤੇ ਖੁਰਾਕ ਪੱਧਰ ਨੂੰ ਉੱਚਾ ਚੁੱਕਣ ਅਤੇ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਕਰਨ ਦਾ ਯਤਨ ਕਰੇਗਾ।

*(iv)* ਧਾਰਾ 48 ਦੇ ਅਨੁਸਾਰ ਰਾਜ ਵਿਧਾਨਕ ਆਧਾਰ 'ਤੇ ਖੇਤੀ ਅਤੇ ਪਸ਼ੂ ਪਾਲਣ ਦਾ ਸੰਚਾਲਨ ਕਰੇਗਾ।

*(v)* ਧਾਰਾ 50 ਦੇ ਅਨੁਸਾਰ ਰਾਜ ਨਿਆ ਪਾਲਿਕਾ ਨੂੰ ਕਾਰਜ ਪਾਲਿਕਾ ਤੋਂ ਪਹਿਲਾਂ ਰੱਖਣ ਦਾ ਯਤਨ ਕਰੇਗਾ।

4. **ਅੰਤਰਰਾਸ਼ਟਰੀ ਸਬੰਧਾਂ ਸਬੰਧੀ ਸਿਧਾਂਤ (Principles Relating to International Relations):** ਇਸ ਸ਼੍ਰੇਣੀ ਵਿੱਚ ਅਜਿਹੇ ਸਿਧਾਂਤ ਸ਼ਾਮਿਲ ਕੀਤੇ ਗਏ ਹਨ ਜਿਨ੍ਹਾ ਦਾ ਲਕਸ਼ ਵਿਸ਼ਵ-ਸ਼ਾਂਤੀ ਸਥਾਪਿਤ ਕਰਨਾ ਹੈ। ਇਹ ਸਿਧਾਂਤ ਇਸ ਤਰ੍ਹਾਂ ਹਨ-

ਧਾਰਾ 51 ਦੇ ਅਨੁਸਾਰ-

*(i)* ਰਾਜ ਅੰਤਰਰਾਸ਼ਟਰੀ ਸ਼ਾਂਤੀ ਅਤੇ ਵਿਵਸਥਾ ਨੂੰ ਬੜ੍ਹਾਵਾ ਦੇਵੇਗਾ।

*(ii)* ਰਾਜ ਵੱਖ-ਵੱਖ ਰਾਸ਼ਟਰਾਂ ਦੇ ਵਿੱਚ ਸਨਮਾਨਪੂਰਵਕ ਅਤੇ ਨਿਆ ਉਚਿਤ ਸਬੰਧਾਂ ਨੂੰ ਬਣਾਏ ਰੱਖਣ ਦਾ ਯਤਨ ਕਰੇਗਾ।

*(iii)* ਰਾਜ ਅੰਤਰਰਾਸ਼ਟਰੀ ਕਾਨੂੰਨਾਂ, ਸਬੰਧੀਆਂ ਅਤੇ ਸਮਝੌਤਿਆਂ ਦਾ ਮਾਣ ਕਰੇਗਾ।

*(iv)* ਅੰਤਰਾਰਾਸ਼ਟਰੀ ਝਗੜਿਆਂ ਨੂੰ ਪੰਚ ਫੈਸਲੇ (Arbitration) ਨਾਲ ਨਿਪਟਾਉਣ ਦੇ ਢੰਗ ਦਾ ਰਾਜ ਸਮਰਥਨ ਕਰੇਗਾ।

5. **ਹੋਰ ਸਿਧਾਂਤ (Other Principles)** : ਧਾਰਾ 49 ਦੇ ਅਨੁਸਾਰ ਰਾਜ ਇਤਿਹਾਸਿਕ ਸਮਾਰਕਾਂ ਦੀ ਰੱਖਿਆ ਕਰਨ ਦਾ ਪੂਰਾ ਯਤਨ ਕਰੇਗਾ।

*(i)* 42ਵੀਂ ਸੋਧ ਨਾਲ ਸੰਵਿਧਾਨ ਵਿੱਚ ਨਵਾਂ ਅਨੁਛੇਦ 43.1 ਜੋੜਿਆ ਗਿਆ ਹੈ ਜਿਸ ਨਾਲ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਉਚਿਤ ਕਾਨੂੰਨ ਜਾਂ ਕਿਸੇ ਹੋਰ ਵਿਧੀ ਨਾਲ ਇਸ ਉਦੇਸ਼ ਲਈ ਯਤਨ ਕਰੇਗਾ ਕਿ ਕਿਸੇ ਵੀ ਉਦਯੋਗ ਨਾਲ ਸਬੰਧਿਤ ਕਾਰੋਬਾਰ ਦੇ ਪ੍ਰਬੰਧ ਵਿੱਚ ਜਾਂ ਹੋਰ ਸੰਸਥਾਵਾਂ ਵਿੱਚ ਮਜ਼ਦੂਰਾਂ ਨੂੰ ਭਾਗ ਲੈਣ ਦਾ ਮੌਕਾ ਪ੍ਰਦਾਨ ਹੋਵੇ।

*(ii)* 42ਵੀਂ ਸੋਧ ਨਾਲ ਸੰਵਿਧਾਨ ਵਿੱਚ ਇਕ ਨਵਾਂ ਅਨੁਛੇਦ 48-A ਜੋੜਿਆ ਗਿਆ ਹੈ, ਜਿਸ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਵਾਤਾਵਰਨ ਦੀ ਸੁਰੱਖਿਆ ਅਤੇ ਸੁਧਾਰ ਦੇ ਲਈ ਹੋਰ ਦੇਸ਼ ਦੇ ਜੰਗਲਾਂ ਅਤੇ ਜੀਵਨ ਦੀ ਰੱਖਿਆ ਲਈ ਯਤਨ ਕਰੇਗਾ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

3. ਧਾਰਾ .........ਦੇ ਅਨੁਸਾਰ ਸਮਾਜਵਾਦੀ ਸਿਧਾਂਤ ਕਹਿੰਦਾ ਹੈ ਕਿ ਰਾਜ ਕੰਮ ਦੇ ਲਈ ਨਿਆ ਪੂਰਨ ਸਥਿਤੀ ਪੈਦਾ ਕਰੇ ਅਤੇ ਜ਼ਿਆਦਾ ਤੋਂ ਜ਼ਿਆਦਾ ਪੇਸ਼ ਸਹਾਇਤਾ ਦਾ ਪ੍ਰਬੰਧ ਕਰੇ।
4. ਅਨੁਛੇਦ ........ ਦੇ ਅਨੁਸਾਰ ਗਾਂਧੀਵਾਦੀ ਸਿਧਾਂਤ ਕਹਿੰਦਾ ਹੈ ਕਿ ਪਿੰਡਾਂ ਵਿੱਚ ਗ੍ਰਾਮ ਪੰਚਾਇਤ ਦਾ ਨਿਰਮਾਣ ਕੀਤਾ ਜਾਣਾ ਚਾਹੀਦਾ ਹੈ।

## 4.4 ਨੀਤੀ-ਨਿਰਦੇਸ਼ਕ ਤੱਤਾਂ ਦੀ ਆਲੋਚਨਾ (Criticism of Directive Principles)

ਜਿਸ ਸਮੇਂ ਸੰਵਿਧਾਨ ਦਾ ਨਿਰਮਾਣ ਹੋ ਰਿਹਾ ਸੀ, ਉਸ ਸਮੇਂ ਸੰਵਿਧਾਨ ਸਭਾ ਵਿੱਚ ਹੋਰ ਬਾਹਰ ਵੀ ਰਾਜ ਦੀ ਨੀਤੀ ਦੇ ਨਿਰਦੇਸ਼ਕ ਤੱਤਾ ਸਬੰਧੀ ਉਪਬੰਧਾਂ ਦੀ ਬਹੁਤ ਅਲੋਚਨਾ ਹੋਈ ਸੀ। ਸੰਵਿਧਾਨ ਦੇ ਮਨਜ਼ੂਰ ਹੋ ਜਾਣ ਦੇ ਬਾਅਦ ਵੀ ਕਈ ਵਿਦਵਾਨਾਂ ਨੇ ਕਈ ਆਧਾਰਾਂ 'ਤੇ ਇਨ੍ਹਾਂ ਉਪਬੰਧਾਂ ਦੀ ਆਲੋਚਨਾ ਕੀਤੀ ਹੈ। ਨਿਰਦੇਸ਼ਕ ਤੱਤਾਂ ਦੇ ਵਿਰੁੱਧ ਕੀਤੀ ਜਾਣ ਵਾਲੀ ਆਲੋਚਨਾ ਦੇ ਮੁੱਖ ਆਧਾਰ ਹੇਠ ਲਿਖੇ ਹਨ–

1. **ਵਿਧਾਨਕ ਸ਼ਕਤੀ ਦਾ ਅਹਿਸਾਸ (Lack of Legal Sanction)**: ਸੰਵਿਧਾਨ ਨੇ ਰਾਜ ਦੇ ਨੀਤੀ ਦੇ ਨਿਰਦੇਸ਼ਕ ਤੱਤਾਂ ਨੂੰ ਇਕ ਪਾਸੇ ਦੇਸ਼ ਦੇ ਸ਼ਾਸਨ ਵਿੱਚ ਮੂਲਭੂਤ ਮੰਨਿਆ ਹੈ, ਨਾਲ ਹੀ ਉਹ ਵਿਧਾਨਕ ਸ਼ਕਤੀ ਜਾਂ ਪ੍ਰਾਪਤ ਯੋਗ ਨਹੀਂ ਹੈ ਅਤੇ ਅਦਾਲਤ ਉਪਯੁਕਤ ਸਿਧਾਂਤ ਨੂੰ ਕਿਰਿਆਸ਼ੀਲ ਨਹੀਂ ਕਰ ਸਕਦੇ ਹਨ ਅਤੇ ਆਲੋਚਕਾਂ ਦੀ ਰਾਏ ਵਿੱਚ ਇਹ ਨਿਰਦੇਸ਼ ਤੱਤ 'ਸ਼ੁਭ ਇੱਛਾਵਾਂ' (Pious wishes), 'ਨੈਤਿਕ ਉਪਦੇਸ਼' (Morel precepts) ਜਾਂ 'ਅਜਿਹੀ ਰਾਜਨੀਤਿਕ ਘੋਸ਼ਣਾਵਾਂ ਦੇ ਬਰਾਬਰ ਹਨ, ਜਿਨ੍ਹਾਂ ਦਾ ਕੋਈ ਸੰਵਿਧਾਨਿਕ ਮਹੱਤਵ ਨਾਂ ਹੋਵੇ।' ਸੰਵਿਧਾਨ ਸਭਾ ਦੇ ਇਕ ਮੈਂਬਰ **ਸ਼੍ਰੀ ਨਾਸੀਰੂਦੀਨ** ਨੇ ਇਨ੍ਹਾਂ ਨੂੰ 'ਨਵੇਂ ਸਾਲ ਦੇ ਪਹਿਲੇ ਦਿਨ ਪਾਸ ਕੀਤੇ ਗਏ ਸ਼ੁਭਕਾਮਨਾਵਾਂ ਦਾ ਪ੍ਰਸਤਾਵ' ਵਰਗੀ ਵਸਤੂ ਕਿਹਾ ਸੀ ਅਤੇ **ਪ੍ਰੋ. ਕੇ. ਟੀ. ਸ਼ਾਹ** ਦੇ ਸ਼ਬਦਾਂ ਵਿੱਚ, 'ਇਹ ਇਕ ਅਜਿਹਾ ਚੈੱਕ ਹੈ ਜਿਸ ਦਾ ਭੁਗਤਾਨ ਬੈਂਕ ਦੀ ਇੱਛਾ 'ਤੇ ਜੋੜ ਦਿੱਤਾ ਗਿਆ ਹੈ' **ਪ੍ਰੋ. ਹੀਯਰ** ਨੇ ਇਨ੍ਹਾਂ ਨਿਰਦੇਸ਼ਕ ਤੱਤਾਂ ਨੂੰ 'ਉਦੇਸ਼ਾਂ ਅਤੇ ਉਮੀਦਾਂ ਦਾ ਘੋਸ਼ਣਾ ਪੱਤਰ' ਕਿਹਾ ਹੈ ਅਤੇ **ਸ਼੍ਰੀ ਐੱਨ. ਆਰ. ਰਾਘਵਾਚਾਰੀ** ਇਨ੍ਹਾਂ ਨੂੰ 'ਲਲਿਤ ਪਦਾਵਲੀ ਵਿੱਚ ਪ੍ਰਗਟ ਧਵਨਿਤ ਭਾਵਨਾਵਾਂ ਦੀ ਅਜਿਹੀਆਂ ਪੰਕਤੀਆ ਕਹਿੰਦੇ ਹਨ ਜਿਨ੍ਹਾਂ ਦਾ ਵਿਧਾਨਕ ਦ੍ਰਿਸ਼ਟੀ ਨਾਲ ਕੋਈ ਮਹੱਤਵ ਨਹੀਂ ਹੈ।' **ਸਰ ਬੀ. ਐੱਸ. ਰਾਵ** ਦੇ ਸ਼ਬਦਾਂ ਵਿੱਚ, "ਰਾਜਾਂ ਦੀ ਨੀਤੀ–ਨਿਰਦੇਸ਼ਕ ਤੱਤ ਰਾਜ ਦੇ ਅਧਿਕਾਰੀਆਂ ਦੇ ਲਈ ਨੈਤਿਕ ਉਪਦੇਸ਼ ਦੇ ਬਰਾਬਰ ਹਨ ਅਤੇ ਉਹ ਇਸ ਆਲੋਚਨਾ ਦੇ ਪੱਤਰ ਹਨ ਕਿ ਸੰਵਿਧਾਨ ਵਿੱਚ ਨੈਤਿਕ ਉਪਦੇਸ਼ਾਂ ਦੇ ਲਈ ਠੀਕ ਸਥਾਨ ਨਹੀਂ ਹੈ।" ਆਲੋਚਕਾਂ ਨੂੰ ਕਿਹਾ ਹੈ ਜੇਕਰ ਸੰਵਿਧਾਨ ਵਿੱਚ ਨੈਤਿਕ ਉਪਦੇਸ਼ ਕਰਨਾ ਹੀ ਅਭੀਸ਼ਟ ਸੀ, ਤਾਂ ਬਾਈਬਲ ਦੀਆਂ ਦਸ ਪਵਿੱਤਰ ਆਗਿਆਵਾਂ ਨੂੰ ਸੰਵਿਧਾਨ ਵਿੱਚ ਕਿਉਂ ਨਹੀਂ ਲਿਆ ਗਿਆ?

2. **ਅਸਪੱਸ਼ਟ ਅਤੇ ਅਤਾਕ੍ਰਿਕ ਰੂਪ ਨਾਲ ਸੰਗ੍ਰਹਿਤ (Vague and Illogically)**: ਨੀਤੀ–ਨਿਰਦੇਸ਼ ਤੱਤਾਂ ਦੇ ਵਿਰੁੱਧ ਇਹ ਵੀ ਆਲੋਚਨਾ ਕੀਤੀ ਜਾਦੀ ਹੈ ਕਿ ਇਹ ਕਿਸੇ ਨਿਸ਼ਚਿਤ ਜਾਂ ਸੰਗਤਪੂਰਨ ਦਰਸ਼ਨ 'ਤੇ ਅਧਾਰਿਤ ਨਹੀਂ ਹੈ। ਉਹ ਅਸਪੱਸ਼ਟ ਹਨ, ਉਨ੍ਹਾਂ ਵਿੱਚ ਕ੍ਰਮਬੱਧਤਾ ਵਰਗੇ ਮਹੱਤਵਹੀਣ ਪ੍ਰਸ਼ਨ ਉਮੀਦ ਤੋਂ ਜ਼ਿਆਦਾ ਮਹੱਤਵਪੂਰਨ, ਆਰਥਿਕ ਅਤੇ ਸਮਾਜਿਕ ਪ੍ਰਸ਼ਨਾਂ ਦੇ ਨਾਲ ਮਿਲਾ ਦਿੱਤੇ ਗਏ ਹਨ। **ਪ੍ਰੋ. ਸ਼੍ਰੀ ਨਿਵਾਸਨ** ਦੇ ਸ਼ਬਦਾਂ ਵਿੱਚ, "ਇਸ ਅਧਿਆਇ ਵਿੱਚ ਕੁਝ ਬੇਢੰਗੇ ਤਰੀਕੇ ਨਾਲ ਆਧੁਨਿਕ ਨੂੰ ਪੁਰਾਤਨ ਦੇ ਨਾਲ ਅਤੇ ਵਿਚਾਰ ਅਤੇ ਵਿਗਿਆਨ ਨਾਲ ਸੁਝਾਏ ਗਏ ਉਪਬੰਧਾਂ ਨੂੰ ਸ਼ੁੱਧ ਰੂਪ ਨਾਲ ਭਾਵੁਕਤਾ ਅਤੇ ਪੂਰਵਗ੍ਰਹਿ 'ਤੇ ਅਧਾਰਿਤ ਉਪਬੰਧਾਂ ਦੇ ਨਾਲ ਮਿਲਾ ਦਿੱਤਾ ਗਿਆ ਹੈ।"

3. **ਇਕ ਪ੍ਰਭੂਸੱਤਾ ਸੰਪਨ ਰਾਜ ਵਿੱਚ ਗੈਰ-ਸੁਭਾਵਿਕ (Unnatural in Sovereign State)**: ਇਕ ਪ੍ਰਭੂਸੱਤਾ ਸੰਪਨ ਰਾਜ ਵਿੱਚ ਇਸ ਤਰ੍ਹਾਂ ਦੇ ਸਿਧਾਂਤਾਂ ਨੂੰ ਗ੍ਰਹਿਣ ਕਰਨਾ ਗੈਰ–ਸੁਭਾਵਿਕ ਵੀ ਲੱਗਦਾ ਹੈ। ਇਕ ਉੱਚ ਸੱਤਾ ਅਧੀਨਸਥ ਸੱਤਾ ਨੂੰ ਹੁਕਮ ਦੇ ਸਕਦੀ ਹੈ ਜਿਵੇਂ ਕਿ 1935 ਦੇ ਭਾਰਤੀ ਸ਼ਾਸਨ ਅਧੀਨਿਯਮ ਵਿੱਚ ਬ੍ਰਿਟਿਸ਼ ਸੰਸਦ ਵੱਲੋਂ ਗਵਰਨਰ ਜਨਰਲ ਅਤੇ ਗਵਰਨਰਾਂ ਨੂੰ ਆਦੇਸ਼ ਦਿੱਤੇ ਗਏ ਸਨ ਪਰ ਇਕ ਪ੍ਰਭੂਸੱਤਾ ਸੰਪਨ ਰਾਜ ਨੂੰ ਇਸ ਤਰ੍ਹਾਂ ਦੇ ਹੁਕਮ ਦੇਣ ਦੀ ਜ਼ਰੂਰਤ ਪਵੇ, ਇਹ ਗੈਰ–ਸੁਭਾਵਿਕ ਜਾਣਿਆ ਲਗਦਾ ਹੈ ਵਿਧੀਵੇਤਾਵਾਂ ਦੀ ਦ੍ਰਿਸ਼ਟੀ ਵਿੱਚ ਇਕ ਪ੍ਰਭੂਸੱਤਾ ਸੰਪਨ ਰਾਜ ਦੇ ਲਈ ਇਸ ਤਰ੍ਹਾਂ ਦੇ ਹੁਕਮਾ ਦਾ ਕੋਈ ਔਚਿਤਯ ਨਹੀਂ ਹੈ।

4. **ਗੈਰ-ਵਿਵਹਾਰਿਕ ਅਤੇ ਅਣਉਚਿਤ (Impractical and Unsound)**: ਵਿਵਹਾਰਿਕਤਾ ਅਤੇ ਔਚਿਤਯ ਨੂੰ ਵੀ ਕੁਝ ਆਲੋਚਕਾਂ ਵੱਲੋਂ ਚੁਣੌਤੀ ਦਿੱਤੀ ਗਈ ਹੈ। ਉਦਾਹਰਣ ਦੇ ਤੌਰ 'ਤੇ ਮਧ ਨਿਸ਼ੇਧ ਨਾਲ ਸਬੰਧਿਤ ਨਿਰਦੇਸ਼ਕ ਤੱਤਾਂ ਦੀ ਸੁਤੰਤਰਤਾ ਅਰਥਵਿਵਸਥਾ ਦੇ ਪ੍ਰਤੀਪਾਦਕਾਂ ਵੱਲੋਂ ਉਗ੍ਰ ਆਲੋਚਨਾ ਕੀਤੀ ਗਈ ਹੈ। ਉਨ੍ਹਾ ਦਾ ਕਹਿਣਾ ਹੈ ਕਿ ਇਹ ਤਥਾਕਥਿਤ ਸੁਧਾਰ ਰਾਸ਼ਟਰੀ ਕੋਸ਼ 'ਤੇ ਭਾਰਸਵਰੂਪ ਹੋਣਗੇ। ਇਸ ਤੋਂ ਇਲਾਵਾ ਇਹ ਵੀ ਕਿਹਾ ਜਾਂਦਾ ਹੈ ਕਿ ਨੈਤਿਕਤਾ ਥੋਪੀ ਨਹੀਂ ਜਾ ਸਕਦੀ। ਮਧ ਨਿਸ਼ੇਧ ਸ਼ਰਾਬੀਆਂ ਨੂੰ ਨੈਤਿਕ ਪ੍ਰਣਾਲੀ ਬਨਾਉਣ ਦੀ ਬਜਾਏ ਸ਼ਰਾਬ ਦੇ ਨਜਾਇਜ਼ ਵਪਾਰ ਨੂੰ ਜਨਮ ਦੇਵੇਗਾ। ਇਹ ਵਿਵਸਥਾ

ਨੋਟ

ਇਸ ਦ੍ਰਿਸ਼ਟੀ ਤੋਂ ਵੀ ਗੈਰ-ਵਿਵਹਾਰਿਕ ਪ੍ਰਤੀਤ ਹੁੰਦੀ ਹੈ ਕਿ ਕਈ ਰਾਜ ਸਰਕਾਰਾਂ ਵੱਲੋਂ ਮਧ ਨਿਸ਼ੇਧ ਦੀ ਵਿਵਸਥਾ ਦਾ ਅੰਤ ਤੱਕ ਸਰਵਜਨਕ ਖੇਤਰ ਵਿੱਚ 'ਮਧ ਵਿਕ੍ਰਯ ਗ੍ਰਹਿਾਂ (Wine Shops) ਦੀ ਸਥਾਪਨਾ ਕੀਤੀ ਗਈ ਹੈ। ਅਜਿਹੀ ਸਥਿਤੀ ਵਿੱਚ **ਡਾ. ਜੈਨਿੰਗਜ** ਨੇ ਇਹ ਸ਼ਬਦ ਬਹੁਤ ਕੁਝ ਹੱਦ ਤੱਕ ਠੀਕ ਪ੍ਰਤੀਤ ਹੁੰਦੀ ਹੈ ਕਿ-'ਆਉਣ ਵਾਲੀ ਸਦੀ ਵਿੱਚ ਇਹ ਤੱਤ ਬਿਨਾਂ ਸ਼ੱਕ ਬੇਅਰਥ ਹੋ ਜਾਣਗੇ'।

5. **ਸੰਵਿਧਾਨਿਕ ਦੰਦ ਦੇ ਕਾਰਨ (Basis of Constitutional Crisis)**: ਸੰਵਿਧਾਨਿਕ ਵਿਧੀ ਵੇਤਾਵਾਂ ਨੇ ਇਹ ਸ਼ੱਕ ਪ੍ਰਗਟ ਕੀਤਾ ਕਿ ਇਹ ਤੱਤ ਭਾਰਤੀ ਸ਼ਾਸਨ ਵਿੱਚ ਸੰਵਿਧਾਨਿਕ ਦੰਦ ਅਤੇ ਗਤੀਰੋਧ ਦੇ ਕਾਰਨ ਵੀ ਬਣ ਸਕਦੇ ਹਨ। ਸੰਵਿਧਾਨ ਸਭਾ ਵਿੱਚ **ਸ਼੍ਰੀ ਸੰਥਾਨਮ** ਨੇ ਸ਼ੱਕ ਪ੍ਰਗਟ ਕੀਤਾ ਸੀ ਕਿ ਇਨ੍ਹਾਂ ਨਿਰਦੇਸ਼ਕ ਤੱਤਾਂ ਦੇ ਕਾਰਨ ਅੰਤਰਰਾਸ਼ਟਰੀ ਅਤੇ ਪ੍ਰਧਾਨ ਮੰਤਰੀ ਜਾਂ ਰਾਜਪਾਲ ਅਤੇ ਮੁੱਖ ਮੰਤਰੀ ਦੇ ਵਿੱਚ ਮਤਭੇਦ ਪੈਦਾ ਹੋ ਸਕਦੇ ਹਨ? ਪ੍ਰਸ਼ਨ ਇਹ ਹੈ ਕਿ ਜੇਕਰ ਪ੍ਰਧਾਨ ਮੰਤਰੀ ਇਨ੍ਹਾਂ ਸਿਧਾਂਤਾਂ ਦਾ ਉਲੰਘਣ ਕਰਦਾ ਹੈ ਤਾਂ ਸਥਿਤੀ ਕੀ ਹੋਵੇਗੀ? ਇਕ ਪੱਖ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਇਸ ਆਧਾਰ 'ਤੇ ਕਿਸੇ ਵੀ ਵਿਧਾਇਕ 'ਤੇ ਵਿਸ਼ੇਸ਼ ਅਧਿਕਾਰ ਦਾ ਇਸਤੇਮਾਲ ਕਰ ਸਕਦਾ ਹੈ ਕਿ ਉਹ ਸ਼ਾਸਨ ਦੇ ਮੂਲਭੂਤ ਸਿਧਾਂਤ ਨਿਰਦੇਸ਼ਕ ਤੱਤਾਂ ਦੇ ਵਿਰੁੱਧ ਹੈ। ਭਾਰਤੀ ਸੰਵਿਧਾਨ ਦੇ ਪ੍ਰਸਿੱਧ ਲੇਖਕ ਸ਼੍ਰੀ ਦੁਰਗਾ ਦਾਸ ਬਸੂ ਵੱਲੋਂ ਵੀ ਉਪਯੁਕਤ ਵਿਚਾਰ ਪ੍ਰਗਟ ਕੀਤਾ ਗਿਆ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਵਿੱਚ ਤੇਜ਼ ਮਤਭੇਦ ਨੂੰ ਜਨਮ ਦੇਵੇਗੀ ਅਤੇ ਇਸ ਨਾਲ ਸੰਸਦਾਤਮਕ ਪ੍ਰਜਾਤੰਤਰ ਨੂੰ ਗੰਭੀਰ ਨੁਕਸਾਨ ਪਹੁੰਚ ਸਕਦਾ ਹੈ।

**ਸਿੱਟਾ (Conclusion) :** ਯੁਕਤ ਅਧਿਐਨ ਤੋਂ ਸਾਫ ਸਪੱਸ਼ਟ ਹੁੰਦਾ ਹੈ ਕਿ ਆਧੁਨਿਕ ਯੁੱਗ ਵਿੱਚ ਭਾਰਤ ਵਿੱਚ ਨਿਰਦੇਸ਼ਕ ਸਿਧਾਂਤਾਂ ਦਾ ਵਿਸ਼ੇਸ਼ ਮਹੱਤਵ ਹੈ। ਅਦਾਲਤ ਦੇ ਸਾਬਕਾ ਮੁੱਖ ਜੱਜ **ਕੇ. ਸੁੱਬਾ ਰਾਵ** (K. Subba Rao) ਦਾ ਕਹਿਣਾ ਹੈ, "ਸੰਵਿਧਾਨ ਦੇ ਚੌਥੇ ਭਾਗ ਨਾਲ ਰਾਜਨੀਤਿਕ ਨਿਰਦੇਸ਼ਕ ਤੱਤਾਂ ਦਾ ਵਰਨਣ ਕੀਤਾ ਗਿਆ ਹੈ। ਇਹ ਅਜਿਹੀ ਸਮਾਜਿਕ ਵਿਵਸਥਾ ਦੀ ਸਥਾਪਨਾ ਕਰਨਾ ਚਾਹੁੰਦਾ ਹੈ, ਜਿਸ ਵਿੱਚ ਨਿਆ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਰਾਸ਼ਟਰੀ ਜੀਵਨ ਦੀ ਸਾਰੀਆਂ ਸੰਸਥਾਵਾਂ ਦਾ ਆਧਾਰ ਹੋਵੇਗਾ। ਇਹ ਇਕ ਅਜਿਹੇ ਪਹਿਲੇ ਸਮਾਜ ਦੀ ਸਥਾਪਨਾ ਦਾ ਨਿਰਦੇਸ਼ ਦਿੰਦਾ ਹੈ, ਜਿਸ ਨਾਲ ਧਨ ਦਾ ਕੇਂਦਰੀਕਰਨ ਨਾ ਰਹੇਗਾ, ਇੱਥੇ ਪ੍ਰਚੂਰਤਾ ਰਹੇਗੀ, ਇੱਥੇ ਸਿੱਖਿਆ ਪ੍ਰਾਪਤ ਕਰਨ, ਕੰਮ ਕਰਨ ਅਤੇ ਜੀਵਨ-ਨਿਰਵਾਹ ਕਰਨ ਦਾ ਸਾਰਿਆਂ ਨੂੰ ਬਰਾਬਰ ਮੌਕਾ ਪ੍ਰਾਪਤ ਹੋਵੇਗਾ ਅਤੇ ਇੱਥੇ ਸਮਾਜਿਕ ਨਿਆ ਪ੍ਰਾਪਤ ਹੋਵੇਗਾ।"

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

5. ਹੇਠ ਲਿਖਿਆਂ ਵਿੱਚੋਂ ਕਿਸੇ ਨੇ ਨੀਤੀ-ਨਿਰਦੇਸ਼ਕ ਸਿਧਾਂਤਾ ਨੂੰ 'ਨਵੇਂ ਸਾਲ ਦੇ ਪਹਿਲੇ ਦਿਨ ਪਾਸ ਕੀਤੇ ਗਏ ਸ਼ੁਭਕਾਮਨਾ ਦਾ ਪ੍ਰਸਤਾਵ' ਕਿਹਾ ਹੈ?

   (ਅ) ਪ੍ਰੋ. ਕੇ. ਟੀ. ਸ਼ਾਹ　　(ਬ) ਪ੍ਰੋ. ਵਹੀਲਰ

   (ਸ) ਸਰ. ਬੀ. ਐੱਨ. ਰਾਵ　　(ਦ) ਸ਼੍ਰੀ ਨਾਸਿਰੁਦੀਨ

6. ਇਹ ਕਥਨ ਕਿਸ ਦਾ ਹੈ-'ਨੀਤੀ ਨਿਰਦੇਸ਼ਕ ਸਿਧਾਂਤ ਇਕ ਅਜਿਹਾ ਚੈੱਕ ਹੈ ਜਿਸ ਦਾ ਭੁਗਤਾਨ ਬੈਂਕ ਦੀ ਇੱਛਾ 'ਤੇ ਛੱਡ ਦਿੱਤਾ ਗਿਆ ਹੈ'-

   (ਅ) ਪ੍ਰੋ. ਕੇ. ਟੀ. ਸ਼ਾਹ　　(ਬ) ਸ਼੍ਰੀ ਐੱਨ. ਆਰ. ਰਾਘਾਵਾਚਾਰੀ

   (ਸ) ਪ੍ਰੋ. ਵਹੀਲਰ　　(ਦ) ਸ਼੍ਰੀ ਨਾਸਿਰੁਦੀਨ

7. ਹੇਠ ਲਿਖਿਆਂ 'ਚੋਂ ਇਹ ਸ਼ੱਕ ਪ੍ਰਗਟ ਕੀਤਾ ਸੀ ਕਿ ਨਿਰਦੇਸ਼ਕ ਤੱਤਾਂ ਦੇ ਕਾਰਨ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਜਾਂ ਰਾਜਪਾਲ ਅਤੇ ਮੁੱਖ ਮੰਤਰੀ ਵਿੱਚ ਮਤਭੇਦ ਪੈਦਾ ਹੋ ਸਕਦੇ ਹਨ?

   (ਅ) ਕੇ. ਸੁੱਬਾ ਰਾਵ　　(ਬ) ਸ਼੍ਰੀ ਸੰਪਾਨਮ

   (ਸ) ਪ੍ਰੋ. ਨਿਵਾਸਨ　　(ਦ) ਪ੍ਰੋ. ਵਹੀਲਰ

## 4.5 ਰਾਜ ਦੇ ਨੀਤੀ-ਨਿਰਦੇਸ਼ਕ ਤੱਤ ਦੀ ਉਪਯੋਗਤਾ (Usefulness of Directive Principles of State Policy)

ਨੀਤੀ-ਨਿਰਦੇਸ਼ ਤੱਤਾਂ ਦੀ ਆਲੋਚਨਾ ਕੀਤੀ ਗਈ ਹੈ ਇਸ ਦਾ ਭਾਵ ਨਹੀਂ ਲਿਆ ਜਾਣਾ ਚਾਹੀਦਾ ਕਿ ਉਹ ਬਿਲਕੁਲ ਬੇਅਰਥ ਅਤੇ ਮਹੱਤਵਹੀਣ ਹਨ। ਅਸਲ ਵਿੱਚ, ਸੰਵਿਧਾਨਿਕ ਅਤੇ ਵਿਵਹਾਰਿਕ ਦ੍ਰਿਸ਼ਟੀਕੋਣ ਤੋਂ ਨੀਤੀ-ਨਿਰਦੇਸ਼ਕ ਤੱਤਾਂ ਦਾ ਬਹੁਤ

ਜ਼ਿਆਦਾ ਮਹੱਤਵ ਹੈ। ਨਿਆ ਮੂਰਤੀ ਹੇਗੜੇ ਦੇ ਅਨੁਸਾਰ, "ਜੇਕਰ ਸਾਡੇ ਸੰਵਿਧਾਨ ਦੇ ਕੋਈ ਭਾਗ ਅਜਿਹੇ ਹਨ ਜਿਨ੍ਹਾਂ 'ਤੇ ਸਾਵਧਾਨੀ ਅਤੇ ਗਹਿਰਾਈ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ ਤਾਂ ਉਹ ਹਨ ਭਾਗ ਤਿੰਨ ਅਤੇ ਚਾਰ।" ਉਨ੍ਹਾਂ ਵਿੱਚ ਸੰਵਿਧਾਨ ਦਾ ਦਰਸ਼ਨ ਸ਼ਾਮਿਲ ਹੈ ਅਤੇ ਇਕ ਲੇਖਕ ਦੇ ਸ਼ਬਦਾਂ ਵਿੱਚ, "ਉਹ ਸਾਡੇ ਸੰਵਿਧਾਨ ਦੀ ਅੰਤਰ ਆਤਮਾ ਹੈ।" ਡਾ. ਪਾਯਲੀ ਦੇ ਅਨੁਸਾਰ, " ਇਨ੍ਹਾਂ ਨਿਰਦੇਸ਼ਕ ਤੱਤਾਂ ਦਾ ਮਹੱਤਵ ਇਸ ਗੱਲ ਵਿੱਚ ਹੈ ਇਹ ਨਾਗਰਿਕਾਂ ਦੇ ਪ੍ਰਤੀ ਰਾਜ ਦੇ ਸਕਾਰਾਤਮਕ ਜ਼ਿੰਮੇਵਾਰ ਹੈ।" ਇਨ੍ਹਾਂ ਤੱਤਾਂ ਦੇ ਮਹੱਤਵ ਦਾ ਅਧਿਐਨ ਹੇਠ ਲਿਖੇ ਰੂਪਾਂ ਤੋਂ ਕੀਤਾ ਜਾ ਸਕਦਾ ਹੈ–

1. **ਅਸੰਗਤ ਅਤੇ ਅਸਮਾਇਕ ਹੋਣ ਦੇ ਵਿਚਾਰ ਗਲਤ** (Directive Principles are neither Inconsistent not out of date): ਨੀਤੀ–ਨਿਰਦੇਸ਼ਕ ਤੱਤਾਂ ਦੇ ਸਬੰਧ ਵਿੱਚ ਪ੍ਰੋ. ਜੈਨਿਗਜ ਅਤੇ ਸ਼੍ਰੀਨਿਵਾਸ ਵਰਗੇ ਵਿਅਕਤੀਆਂ ਦੀ ਇਹ ਆਲੋਚਨਾ ਬਹੁਤ ਅਣਉਚਿਤ ਹੇ ਕਿ ਇਹ ਤੱਤ ਅਸੰਗਤ ਅਤੇ ਅਸਮਾਇਕ ਹੈ। ਅਸਲ ਵਿੱਚ, ਇਹ ਕੇਵਲ ਵਿਚਾਰ ਨਹੀਂ ਹੈ ਸਗੋਂ ਇਸ ਅਧਿਆਇ ਦੇ ਕਈ ਉਪਬੰਧ ਪੂਰਨ ਰੂਪ ਵਿੱਚ ਭਾਰਤੀ ਹਨ। ਜਦੋਂ ਕਿ 21ਵੀਂ ਸਦੀ ਵਿੱਚ ਇਹ ਸਿਧਾਂਤ ਪੁਰਾਣੇ ਪੈ ਜਾਣਗੇ ਅਤੇ ਵਿਵਹਾਰਿਕ ਹੋ ਜਾਣਗੇ ਪਰ ਘੱਟ ਤੋਂ ਘੱਟ 20ਵੀਂ ਸਦੀ ਦੇ ਭਾਰਤ ਵਿੱਚ ਇਹ ਸਿਧਾਂਤ ਉਪਯੋਗੀ ਅਤੇ ਵਿਵਹਾਰਿਕ ਪ੍ਰਤੀਤ ਹੁੰਦੇ ਹਨ। ਪੁਨਰ **ਪ੍ਰੋ. ਐੱਮ. ਵੀ ਪਾਇਲੀ** ਦੇ ਸ਼ਬਦਾਂ ਵਿੱਚ, "ਜੇਕਰ ਕਦੀ ਇਹ ਸਿਧਾਂਤ ਪੁਰਾਣੇ ਪੈ ਜਾਣਗੇ ਤਾਂ ਇਨ੍ਹਾਂ ਦੀ ਜ਼ਰੂਰਤ ਅਨੁਸਾਰ ਸੋਧ ਕੀਤੀ ਜਾ ਸਕਦੀ ਹੈ, ਪਰ ਸੋਧ ਪ੍ਰਕਿਰਿਆ ਬਹੁਤ ਸਰਲ ਹੈ। ਜਦੋਂ ਤੱਕ ਉਨ੍ਹਾਂ ਦੀ ਸੋਧ ਕਰਨ ਦਾ ਸਮਾਂ ਆਵੇਗਾ, ਉਦੋਂ ਤੱਕ ਭਾਰਤ ਇਨ੍ਹਾਂ ਦਾ ਪੂਰਾ ਲਾਭ ਉਠਾ ਚੁੱਕਾ ਹੋਵੇਗਾ ਅਤੇ ਭਾਰਤ ਭੂਮੀ ਵਿੱਚ ਆਰਥਿਕ ਲੋਕਤੰਤਰ ਦੀਆਂ ਜੜ੍ਹਾਂ ਗਹਿਰੀਆਂ ਹੋ ਚੁੱਕੀਆਂ ਹੋਣਗੀਆਂ। ਸੰਵਿਧਾਨ ਦਾ ਨਿਰਮਾਣ ਵਰਤਮਾਨ ਸਮੱਸਿਆਵਾਂ ਨੂੰ ਸੁਲਝਾਉਣ ਲਈ ਹੁੰਦਾ ਹੈ। ਜੇਕਰ ਅਸੀਂ ਵਰਤਮਾਨ ਦਾ ਨਿਰਮਾਣ ਦ੍ਰਿੜ ਨੀਂਹ 'ਤੇ ਕਰੀਏ ਤਾਂ ਭਵਿੱਖ ਦੀ ਚਿੰਤਾ ਦੀ ਜ਼ਰੂਰਤ ਨਹੀਂ ਰਹੇਗੀ।"

2. **ਨਿਰਦੇਸ਼ਕ ਤੱਤਾਂ ਦੇ ਪਿੱਛੇ ਜਨਮਤ ਦੀ ਸ਼ਕਤੀ** (Power of Public Opinion behind the Principles): ਜਦੋਂ ਕਿ ਇਨ੍ਹਾਂ ਨਿਰਦੇਸ਼ਕ ਤੱਤਾਂ ਨੂੰ ਅਦਾਲਤ ਵੱਲੋਂ ਕਿਰਿਆਸ਼ੀਲ ਨਹੀਂ ਕੀਤਾ ਜਾ ਸਕਦਾ ਪਰ ਇਸ ਦੇ ਪਿੱਛੇ ਜਨਮਤ ਦੀ ਸੱਤਾ ਹੁੰਦੀ ਹੈ ਜੋ ਪ੍ਰਜਾਤੰਤਰ ਦੀ ਸਭ ਤੋਂ ਵੱਡੀ ਅਦਾਲਤ ਹੈ ਅਤੇ ਜਨਤਾ ਪ੍ਰਤੀ ਜ਼ਿੰਮੇਵਾਰੀ ਕੋਈ ਵੀ ਸਰਕਾਰ ਇਨ੍ਹਾਂ ਦੀ ਉਲੰਘਣਾ ਦੀ ਹਿੰਮਤ ਨਹੀਂ ਕਰ ਸਕਦੀ। ਸ਼ਾਸਨ ਵੱਲੋਂ ਕੀਤਾ ਗਿਆ ਇਨ੍ਹਾਂ ਦਾ ਵਾਰ–ਵਾਰ ਉਲੰਘਣ ਦੇਸ਼ ਵਿੱਚ ਸ਼ਕਤੀਸ਼ਾਲੀ ਵਿਰੋਧ ਨੂੰ ਜਨਮ ਦੇਵੇਗਾ। ਵਿਵਸਥਾਪਿਕਾ ਅੰਦਰ ਸ਼ਾਸਨ ਨੂੰ ਵਿਰੋਧੀ ਦਲ ਦੇ ਹਮਲਿਆਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਵਿਵਸਥਾਪਿਕਾ ਦੇ ਬਾਹਰ ਇਸ ਨੂੰ ਚੋਣ ਸਮੇਂ ਚੋਣਕਾਰ ਨੂੰ ਜਵਾਬ ਦੇਣਾ ਹੋਵੇਗਾ। ਨਿਰਦੇਸ਼ਕ ਤੱਤਾਂ ਦੇ ਪਿੱਛੇ ਨਮਤ ਦੇਣਾ ਹੋਵੇਗਾ। **ਪ੍ਰੋ. ਪਾਇਲੀ ਦੇ** ਅਨੁਸਾਰ। "ਇਹ ਨਿਰਦੇਸ਼ਕ ਤੱਤ ਰਾਸ਼ਟਰੀ ਚੇਤਨਾ ਦੇ ਆਧਾਰਭੂਤ ਪੱਧਰ ਦਾ ਨਿਰਮਾਣ ਕਰਦੇ ਹਨ ਅਤੇ ਜਿਨ੍ਹਾਂ ਵੱਲੋਂ ਇਨ੍ਹਾਂ ਤੱਤਾਂ ਦਾ ਉਲੰਘਣ ਕੀਤਾ ਜਾਂਦਾ ਹੈ, ਉਹ ਅਜਿਹਾ ਕੰਮ ਜ਼ਿੰਮੇਵਾਰੀ ਦੀ ਸਥਿਤੀ ਤੋਂ ਅਲੱਗ ਹੋਣ ਦੇ ਖ਼ਤਰੇ 'ਤੇ ਹੀ ਕਰਦੇ ਹਨ।" ਆਲੋਚਕ ਰਾਘਵਾਚਾਰੀ ਵੀ ਸਵੀਕਾਰ ਕਰਦੇ ਹਨ ਕਿ , "ਜੋ ਸ਼ਾਸਨ ਸੱਤਾ 'ਤੇ ਆਧਿਪਤਯ ਬਣਾ ਲੈਣ, ਉਸ ਨੂੰ ਇਸ ਅਨੁਸ਼ੇਦ–ਪੱਤਰ ਦਾ ਆਦਰ ਕਰਨਾ ਹੀ ਹੋਵੇਗਾ। ਆਗਾਮੀ ਆਮ ਚੋਣ ਵਿੱਚ ਉਸ ਨੂੰ ਇਸ ਸਬੰਧ ਵਿੱਚ ਨਿਰਵਾਚਕਾਂ ਨੂੰ ਜਵਾਬ ਦੇਣਾ ਹੀ ਪੈਂਦਾ ਹੈ।" ਅਜਿਹੀ ਸਥਿਤੀ ਵਿੱਚ **ਸ਼੍ਰੀ ਅੱਲਾਦੀ ਕ੍ਰਿਸ਼ਨਾ ਸਵਾਮੀ ਅਈਯਰ** ਨੇ ਸੰਵਿਧਾਨ ਸਭਾ ਵਿੱਚ ਠੀਕ ਹੀ ਕਿਹਾ ਸੀ ਕਿ "ਕੋਈ ਵੀ ਲੋਕਪ੍ਰਿਯ ਮੰਤਰੀ ਮੰਡਲ ਸੰਵਿਧਾਨ ਦੇ ਚੌਥੇ ਭਾਗ ਦੇ ਉਪਬੰਧਾਂ ਦੇ ਉਲੰਘਣ ਦੀ ਹਿੰਮਤ ਨਹੀਂ ਕਰ ਸਕਦਾ।"

3. **ਚਰਮ ਸੀਮਾਵਾਂ ਤੋਂ ਰੱਖਿਆ** (An Insurance Against Extremes) : ਸਾਡੇ ਸੰਵਿਧਾਨ ਨਿਰਮਾਤਾ ਇਸ ਤੱਥ ਤੋਂ ਪੂਰੇ ਤੌਰ 'ਤੇ ਜਾਣੂ ਸਨ ਕਿ ਪ੍ਰਜਾਤੰਤ੍ਰਿਕ ਰਾਜ ਵਿੱਚ ਪਰਿਵਰਤਨਸ਼ੀਲ ਜਨਮਤ ਦੇ ਨਤੀਜੇ ਵਜੋਂ ਵੱਖ–ਵੱਖ ਸਮਿਆਂ ਵਿੱਚ ਵੱਖ–ਵੱਖ ਰਾਜਨੀਤਿਕ ਦਲ ਸੱਤਾ ਵਿੱਚ ਆ ਸਕਦੇ ਹਨ। ਕਦੇ ਦੱਖਣ ਪੰਥੀ ਦਲ ਸ਼ਾਸਨ ਸੱਤਾ 'ਤੇ ਅਧਿਕਾਰ ਕਰ ਸਕਦਾ ਹੈ ਅਤੇ ਕਦੇ ਕੋਈ ਵਾਮਪੰਥੀ ਦਲ। ਨਿਰਦੇਸ਼ਕ ਤੱਤ ਦੋਵਾਂ ਤਰ੍ਹਾਂ ਦੀਆਂ ਸਰਕਾਰਾਂ ਨੂੰ ਮਰਿਯਾਦਾ ਵਿੱਚ ਰੱਖਣਗੇ ਅਤੇ ਉਨ੍ਹਾਂ ਕਿਸੇ ਤਰ੍ਹਾਂ ਦਾ ਇਕ ਪਾਸੇ ਝੁਕਾਅ ਰੱਖਣ ਤੋਂ ਰੋਕਣਗੇ। ਸ਼੍ਰੀ ਅਮਰਨੰਦੀ ਦੇ ਅਨੁਸਾਰ, "ਸੰਵਿਧਾਨ ਦੇ ਨਿਰਦੇਸ਼ਕ ਤੱਤ ਇਸ ਗੱਲ ਦਾ ਵਿਸ਼ਵਾਸ ਦਿਵਾਉਂਦੇ ਹਨ ਕਿ ਅਨੁਦਾਰ ਦਲ ਆਪਣੀ ਨੀਤੀ ਦੇ ਨਿਰਧਾਰਣ ਵਿੱਚ ਇਨ੍ਹਾਂ ਤੱਤਾਂ ਦੀ ਪੂਰਨ ਉਲੰਘਣਾ ਨਹੀਂ ਕਰ ਸਕੇਗਾ ਅਤੇ ਇਕ ਉਗਰਗਾਮੀ ਦਲ ਆਪਣੇ ਦਲ ਦੇ ਆਰਥਿਕ ਜਾਂ ਹੋਰ ਪ੍ਰੋਗਰਾਮਾਂ ਨੂੰ ਪੂਰਾ ਕਰਨ ਲਈ ਸੰਵਿਧਾਨ ਦਾ ਖਾਤਮਾ ਕਰਨਾ ਜ਼ਰੂਰੀ ਨਹੀਂ ਸਮਝੇਗਾ। ਇਸ ਤਰ੍ਹਾਂ ਨਿਰਦੇਸ਼ਕ ਤੱਤ ਵਾਮ ਅਤੇ ਦੱਖਣ ਪੰਥ ਦੀਆਂ ਚਰਮ ਸੀਮਾਵਾਂ ਤੋਂ ਰੱਖਿਆ ਪ੍ਰਦਾਨ ਕਰਦੇ ਹਨ।"

4. **ਨੈਤਿਕ ਆਦਰਸ਼ਾਂ ਦੇ ਰੂਪ ਵਿੱਚ ਮਹੱਤਵ** (Importance as Moral Ideals) : ਜੇਕਰ ਨਿਰਦੇਸ਼ਕ ਤੱਤ ਨੂੰ ਕੇਵਲ ਨੈਤਿਕ ਧਾਰਨਾਵਾਂ ਹੀ ਮੰਨ ਲਿਆ ਜਾਵੇ ਤਾਂ ਇਸ ਰੂਪ ਵਿੱਚ ਵੀ ਉਨ੍ਹਾਂ ਦਾ ਬਹੁਤ ਮਹੱਤਵ ਹੈ। ਬ੍ਰਿਟੇਨ ਵਿੱਚ ਮੈਗਨਾਕਾਰਟਾ, ਫ੍ਰਾਂਸ ਵਿੱਚ ਮਨੁੱਖੀ ਅਤੇ ਨਾਗਰਿਕ ਅਧਿਕਾਰਾਂ ਦੀ ਘੋਸ਼ਣਾ ਅਤੇ ਅਮਰੀਕੀ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਕੋਈ ਕਾਨੂੰਨੀ ਅਨੁ–ਸ਼ਕਤੀ ਪ੍ਰਾਪਤ ਨਹੀਂ, ਫਿਰ ਵੀ ਇਨ੍ਹਾਂ ਦੇਸ਼ਾਂ ਦੇ ਇਤਿਹਾਸ 'ਤੇ ਪ੍ਰਭਾਵ ਪੈਂਦਾ ਹੈ। ਇਸੇ ਤਰ੍ਹਾਂ ਸਹੀ ਰੂਪ ਵਿੱਚ ਇਹ ਆਸ਼ਾ ਕੀਤੀ ਜਾ ਸਕਦੀ ਹੈ ਕਿ ਇਹ ਨਿਰਦੇਸ਼ਕ ਤੱਤ ਭਾਰਤੀ ਸ਼ਾਸਨ ਦੀ ਨੀਤੀ ਨੂੰ ਨਿਰਦੇਸ਼ਿਤ ਅਤੇ ਪ੍ਰਭਾਵਿਤ ਕਰਨਗੇ। ਏਲੇਨ ਗਲੇਡਹਿੱਲ ਦੇ ਸ਼ਬਦਾਂ ਵਿੱਚ, "ਅਣਗਿਣਤ ਵਿਅਕਤੀਆਂ ਦੇ ਜੀਵਨ ਨੈਤਿਕ ਆਦਰਸ਼ਾਂ ਦੇ ਫਲਸਰੂਪ ਸੁਧਰੇ ਹਨ ਅਤੇ ਅਜਿਹੇ ਉਦਾਹਰਣ ਵੀ ਮਿਲਣੇ ਔਖੇ ਨਹੀਂ ਹਨ, ਜਦ ਕਿ ਸਹੀ ਨੈਤਿਕ ਆਦਰਸ਼ਾਂ ਦਾ ਰਾਸ਼ਟਰਾਂ ਦੇ ਇਤਿਹਾਸ 'ਤੇ ਪ੍ਰਭਾਵ ਪੈਂਦਾ ਹੈ।"

5. **ਸੰਵਿਧਾਨ ਦੀ ਵਿਆਖਿਆ ਵਿੱਚ ਸਹਾਇਕ** (Helpful in the Interpretation of the Constitution) : ਸੰਵਿਧਾਨ ਦੇ ਅਨੁਸਾਰ ਨਿਰਦੇਸ਼ਕ ਤੱਤ ਦੇਸ਼ ਦੇ ਸ਼ਾਸਨ ਵਿੱਚ ਮੂਲਭੂਤ ਹਨ, ਜਿਨ੍ਹਾਂ ਦਾ ਭਾਵ ਇਹ ਹੈ ਕਿ ਦੇਸ਼ ਦੇ ਪ੍ਰਸ਼ਾਸਨ ਲਈ ਜ਼ਿੰਮੇਵਾਰ

**ਨੋਟ**

ਸਾਰੀਆਂ ਸਰਕਾਰਾਂ ਉਨ੍ਹਾਂ ਵੱਲੋਂ ਨਿਰਦੇਸ਼ਤ ਹੋਣਗੀਆਂ। ਨਿਆ ਪਾਲਿਕਾ ਵੀ ਸ਼ਾਸਨ ਦਾ ਇਕ ਮਹੱਤਵਪੂਰਨ ਅੰਗ ਹੋਣ ਕਾਰਨ ਇਹ ਆਸ਼ਾ ਕੀਤੀ ਜਾ ਸਕਦੀ ਹੈ ਕਿ ਭਾਰਤ ਵਿੱਚ ਅਦਾਲਤ ਸੰਵਿਧਾਨ ਦੀ ਵਿਆਖਿਆ ਦੇ ਕੰਮ ਵਿੱਚ ਨਿਰਦੇਸ਼ਕ ਤੱਤਾਂ ਨੂੰ ਸਹੀ ਮਹੱਤਵ ਦੇਣਗੇ। **ਪ੍ਰੋ. ਏਲੇਕਜੇਂਡਰੋਵਿਚ ਦਾ** ਵਿਚਾਰ ਹੈ ਕਿ "ਕਿਉਂਕਿ ਨਿਰਦੇਸ਼ਕ ਸਿਧਾਂਤਾਂ ਵਿੱਚ ਸੰਵਿਧਾਨ ਸੱਤਾ ਦੀ ਆਰਥਿਕ ਅਤੇ ਸਮਾਜਿਕ ਨੀਤੀ ਬੋਲ ਰਹੀ ਹੈ ਅਤੇ ਕਿਉਂਕਿ ਉਸ ਵਿੱਚ ਸਾਡੇ ਸੰਵਿਧਾਨ ਨਿਰਮਾਤਾਵਾਂ ਦੀ ਇੱਛਾ ਦਾ ਪ੍ਰਗਟਾਵਾ ਹੈ, ਇਸ ਲਈ ਸਾਡੀਆਂ ਅਦਾਲਤਾਂ ਦਾ ਇਹ ਕਰਤਵ ਹੋ ਜਾਂਦਾ ਹੈ ਕਿ ਇਹ ਮੌਲਿਕ ਅਧਿਕਾਰਾਂ ਸਬੰਧੀ ਉਪਬੰਦਾਂ ਦੀ ਵਿਆਖਿਆ ਕਰਦੇ ਸਮੇਂ ਰਾਜ ਦੀ ਨੀਤੀ ਦੇ ਨਿਰਦੇਸ਼ਕ ਤੱਤਾਂ 'ਤੇ ਪੂਰਾ-ਪੂਰਾ ਧਿਆਨ ਦੇਣ।" ਭਾਰਤੀ ਅਦਾਲਤਾਂ ਵਿੱਚ ਕਈ ਵਾਰ ਮੌਲਿਕ ਅਧਿਕਾਰ ਸਬੰਧੀ ਵਿਵਾਦਾਂ ਵਿੱਚ ਫੈਸਲਾ ਦਿੰਦੇ ਸਮੇਂ ਨਿਰਦੇਸ਼ਕ ਸਿਧਾਂਤਾਂ ਤੋਂ ਮਾਰਗ-ਦਰਸ਼ਨ ਲਿਆ ਹੈ। 'ਬੰਬਈ ਰਾਜ ਬਨਾਮ ਐੱਫ. ਐੱਮ. ਵਾਲਸਰਾਏ' ਵਾਲੇ ਵਿਵਾਦ ਵਿੱਚ ਸਰਵਉੱਚ ਅਦਾਲਤ ਨੇ ਅਨੁਛੇਦ 47 ਦੇ ਅਧਾਰ 'ਤੇ ਫੈਸਲਾ ਲਿਆ ਕਿ ਸ਼ਾਸਨ ਨੇ ਮਾਦਕ ਦ੍ਰਵ ਨਿਸ਼ੇਧ ਅਧੀਨਿਯਮ ਪਾਸ ਕਰਕੇ ਸਹੀ ਪ੍ਰਤੀਬੰਦ ਹੀ ਲਗਾਇਆ ਸੀ। ਪੂਰਨ ਤੌਰ 'ਤੇ ਉੱਚ ਅਦਾਲਤ ਨੇ 'ਬਿਹਾਰ ਰਾਜ ਬਨਾਮ ਕਾਮੇਸ਼ਵਰ ਸਿੰਘ' ਵਾਲੇ ਵਿਵਾਦ ਵਿੱਚ ਅਨੁਛੇਦ 39 ਦੇ ਪ੍ਰਕਾਸ਼ ਵਿੱਚ ਇਹ ਫੈਸਲਾ ਦਿੱਤਾ ਸੀ ਕਿ ਜ਼ਿਮੀਂਦਾਰਾਂ ਵਿੱਚ ਉੱਚ ਅਦਾਲਤ ਨੇ ਅਨੁਛੇਦ 43 ਦੇ ਪ੍ਰਕਾਸ਼ਨ ਵਿੱਚ 'ਨਿਊਨਤਮ ਪ੍ਰੀਖਣ ਅਧੀਨਿਯਮ' ਨੂੰ ਸਹੀ ਠਹਿਰਾਇਆ। **ਸ਼੍ਰੀ ਐੱਮ. ਸੀ. ਸੀਤਲਵਾੜ** ਦੇ ਸ਼ਬਦਾਂ ਵਿੱਚ 'ਰਾਜ ਨੀਤੀ ਦੇ ਇਨ੍ਹਾਂ ਮੂਲਭੂਤ ਸਿਧਾਂਤਾਂ ਨੂੰ ਵਿਧਾਨਕ ਪ੍ਰਭਾਵ ਪ੍ਰਾਪਤ ਨਾ ਹੁੰਦੇ ਹੋਏ ਵੀ ਇਨ੍ਹਾਂ ਵੱਲੋਂ ਅਦਾਲਤਾਂ ਲਈ ਉਪਯੋਗੀ ਪ੍ਰਕਾਸ਼ ਸਤੰਭ ਦਾ ਕੰਮ ਕੀਤਾ ਜਾਂਦਾ ਹੈ'।

6. **ਸ਼ਾਸਨ ਦੇ ਮੁਲਾਂਕਣ ਦਾ ਅਧਾਰ** (Basis of the Evaluation of Government): ਨੀਤੀ-ਨਿਰਦੇਸ਼ਕ ਤੱਤਾਂ ਵੱਲੋਂ ਜਨਤਾ ਨੂੰ ਸ਼ਾਸਨ ਦੀ ਸਫਲਤਾ ਅਤੇ ਅਸਫ਼ਲਤਾ ਦੀ ਜਾਂਚ ਕਰਨ ਦਾ ਮਾਨਦੰਡ ਵੀ ਪ੍ਰਦਾਨ ਕੀਤਾ ਜਾਂਦਾ ਹੈ। ਸ਼ਾਸਕ ਦਲ ਵੱਲੋਂ ਆਪਣੇ ਵੋਟਰਾਂ ਨੂੰ ਨਿਰਦੇਸ਼ਕ ਸਿਧਾਂਤਾਂ ਦੇ ਸਬੰਧ ਵਿੱਚ ਆਪਣੀਆਂ ਸਫਲਤਾਵਾਂ ਬਣਾਉਂਦੀ ਹੋਵੇਗੀ ਅਤੇ ਸ਼ਾਸਕ ਸ਼ਕਤੀ 'ਤੇ ਅਧਿਕਾਰ ਕਰਨ ਦੇ ਇੱਛੁਕ ਰਾਜਨੀਤਿਕ ਦਲ ਨੂੰ ਇਨ੍ਹਾਂ ਤੱਤਾਂ ਦੀ ਕਿਰਿਆਸ਼ੀਲਤਾ ਪ੍ਰਤੀ ਆਪਣੀ ਨਿਰਭਰਤਾ ਅਤੇ ਉਤਸ਼ਾਹ ਦਿਖਾਉਣਾ ਹੋਵੇਗਾ। ਇਸ ਤਰ੍ਹਾਂ ਨਿਰਦੇਸ਼ਕ ਤੱਤ ਜਨਤਾ ਨੂੰ ਵੱਖ-ਵੱਖ ਦਲਾਂ ਦੀ ਤੁਲਨਾਤਮਕ ਜਾਂਚ ਕਰਨ ਯੋਗ ਬਣਾ ਦੇਣਗੇ।

7. **ਕਾਰਜ ਪਾਲਿਕਾ ਪ੍ਰਧਾਨ ਇਨ੍ਹਾਂ ਦਾ ਦੁਰਉਪਯੋਗ ਨਹੀਂ ਕਰ ਸਕਦੇ** (Executive Head cannot Exploit Provisions): ਨਿਰਦੇਸ਼ਕ ਤੱਤ ਦੇ ਪੱਖ ਵਿੱਚ ਆਖਰੀ ਗੱਲ ਇਹੀ ਕਹੀ ਜਾ ਸਕਦੀ ਹੈ ਕਿ ਜਦ ਵਿਧਾਨ ਦੇ ਮੈਂਬਰਾਂ ਅਤੇ ਕੁਝ ਸੰਵਿਧਾਨ-ਵੇਤਾਵਾਂ ਨੇ ਇਹ ਡਰ ਪ੍ਰਗਟ ਕੀਤਾ ਹੈ ਕਿ ਰਾਸ਼ਟਰਪਤੀ ਜਾਂ ਰਾਜਪਾਲ ਇਸ ਅਧਾਰ 'ਤੇ ਕਿਸੇ ਵਿਧਾਇਕ 'ਤੇ ਆਪਣੀ ਸੰਮਤੀ ਦੇਣ ਤੋਂ ਇਨਕਾਰ ਕਰ ਸਕਦੇ ਹਨ ਕਿ ਉਹ ਨਿਰਦੇਸ਼ਕ ਤੱਤਾਂ ਦੇ ਪ੍ਰਤੀਕੂਲ ਹਨ ਪਰ ਵਿਵਹਾਰ ਵਿੱਚ ਅਜਿਹਾ ਵਾਪਰਨ ਦੀ ਸੰਭਾਵਨਾ ਹੈ, ਕਿਉਂਕਿ ਸੰਸਦਾਤਮਕ ਸ਼ਾਸਨ ਪ੍ਰਣਾਲੀ ਵਿੱਚ ਨਾਮਾਤਰ ਦਾ ਕਾਰਜ ਪਾਲਿਕਾ ਪ੍ਰਧਾਨ ਲੋਕਪ੍ਰਿਯ ਪ੍ਰਧਾਨ, ਲੋਕਪ੍ਰਿਯ ਮੰਤਰੀ-ਪ੍ਰੀਸ਼ਦ ਵੱਲੋਂ ਪਾਸ ਵਿਧੀ ਨੂੰ ਮਨਜ਼ੂਰੀ ਦੇਣ ਦੀ ਹਿੰਮਤ ਨਹੀਂ ਕਰ ਸਕਦਾ। **ਡਾ. ਅੰਬੇਦਕਰ** ਦੇ ਸ਼ਬਦਾਂ ਵਿੱਚ, "ਵਿਧਾਇਕ ਵੱਲੋਂ ਪਾਸ ਵਿਧੀ ਨੂੰ ਮਨਜ਼ੂਰ ਕਰਨ ਲਈ ਰਾਸ਼ਟਰਪਤੀ ਜਾਂ ਰਾਜਪਾਲ ਨਿਰਦੇਸ਼ਕ ਤੱਤਾਂ ਦਾ ਇਸਤੇਮਾਲ ਨਹੀਂ ਕਰ ਸਕਦੇ।"

ਅਸਲ ਵਿੱਚ, ਨਿਰਦੇਸ਼ਕ ਤੱਤ ਭਾਰਤੀ ਰਾਜਨੀਤੀ ਦੇ ਸਰਵਉੱਚ ਸਿਧਾਂਤ ਹਨ। ਸਰਵਉੱਚ ਅਦਾਲਤ ਦੇ ਜੱਜ ਸ਼੍ਰੀ ਕੇਨੀਆ ਨੇ ਗੋਪਾਲਨ ਬਨਾਮ ਮਦਰਾਸ ਰਾਜ' ਦੇ ਵਿਵਾਦ 'ਤੇ ਫੈਸਲਾ ਦਿੰਦੇ ਹੋਏ ਕਿਹਾ ਸੀ, "ਕਿਉਂਕਿ ਰਾਜ ਦੀ ਨੀਤੀ ਦੇ ਨਿਰਦੇਸ਼ਕ ਤੱਤ ਸੰਵਿਧਾਨ ਵਿੱਚ ਸ਼ਾਮਿਲ ਹਨ, ਇਸ ਲਈ ਉਹ ਬਹੁਮਤ ਦਲ ਦੇ ਅਸਥਾਈ ਸਿਰਫ਼ ਆਦੇਸ਼ ਨਹੀਂ ਹਨ, ਸਗੋਂ ਉਨ੍ਹਾਂ ਵਿੱਚ ਰਾਸ਼ਟਰ ਦੀ ਬੁੱਧੀਮਤਾ ਭਰਪੂਰ ਮਨਜ਼ੂਰੀ ਬੋਲ ਰਹੀ ਹੈ ਜੋ ਸੰਵਿਧਾਨ ਸਭਾ ਦੇ ਮਾਧਿਅਮ ਨਾਲ ਪ੍ਰਗਟ ਹੋਈ ਸੀ।"

### ਸਵ-ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚ ਸੱਚ-ਝੂਠ ਦੱਸੋ-
(Write True/False in the following statements):

8. 'ਰਾਜ ਦੇ ਨੀਤੀ ਦੇ ਮੂਲਭੂਤ ਸਿਧਾਂਤਾਂ ਨੂੰ ਵਿਧਾਨਕ ਪ੍ਰਭਾਵ ਪ੍ਰਾਪਤ ਨਾ ਹੁੰਦੇ ਹੋਏ ਵੀ ਇਨ੍ਹਾਂ ਵੱਲੋਂ ਅਦਾਲਤਾਂ ਲਈ ਉਪਯੋਗੀ ਪ੍ਰਕਾਸ਼ ਸਤੰਭ ਦਾ ਕੰਮ ਕੀਤਾ ਜਾਂਦਾ ਹੈ।' ਇਹ ਕਥਨ ਸ਼੍ਰੀ ਐੱਮ. ਸੀ. ਸੀਤਲਵਾੜ ਦਾ ਹੈ।
9. ਨਿਰਦੇਸ਼ਕ ਤੱਤਾਂ ਨੂੰ ਅਦਾਲਤ ਵੱਲੋਂ ਕਿਰਿਆਸ਼ੀਲ ਕੀਤਾ ਜਾ ਸਕਦਾ ਹੈ।

*ਟਾਸਕ* ਰਾਜ ਦੇ ਨੀਤੀ-ਨਿਰਦੇਸ਼ਕ ਤੱਤਾਂ ਦੀ ਉਪਯੋਗਤਾ ਦੱਸੋ।

ਨੋਟ

## 4.6 ਨਿਰਦੇਸ਼ਕ ਤੱਤਾਂ ਦੀ ਕਿਰਿਆਸ਼ੀਲਤਾ ਅਤੇ ਉਪਲੱਬਧੀਆਂ (Implementation and Achievements with Regard to Directive Principles)

ਨੀਤੀ-ਨਿਰਦੇਸ਼ਕ ਤੱਤਾਂ ਦੇ ਕਿਰਿਆਸ਼ੀਲ ਦੀ ਸਮੱਸਿਆ ਪੁਲਿਸ ਰਾਜ ਨੂੰ ਕਲਿਆਣਕਾਰੀ ਰਾਜ ਅਤੇ ਸੰਵਿਧਾਨ ਵੱਲੋਂ ਸਥਾਪਿਤ ਰਾਜਨੀਤਿਕ ਲੋਕਤੰਤਰ ਨੂੰ ਆਰਥਿਕ ਲੋਕਤੰਤਰ ਵਿੱਚ ਬਦਲਣ ਦੀ ਸਮੱਸਿਆ ਹੈ। ਇਹ ਕੰਮ ਇੰਨਾ ਵੱਡਾ ਹੈ ਕਿ ਇਸ ਨੂੰ ਤੁਰੰਤ ਸੰਪਨ ਨਹੀਂ ਕੀਤਾ ਜਾ ਸਕਦਾ। ਇਸ ਨੂੰ ਪੂਰਾ ਕਰਨ ਲਈ ਦੀਰਘ ਕਾਲੀਨ ਯਤਨ ਪ੍ਰਚੂਰ ਧਨ ਅਤੇ ਤੇਜ਼ ਗਤੀ ਨਾਲ ਆਰਥਿਕ, ਸਮਾਜਿਕ ਅਤੇ ਸਿੱਖਿਅਕ ਵਿਕਾਸ ਜ਼ਰੂਰੀ ਹੈ।

ਪਰ ਰਾਜ ਨੇ ਇਹ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਇਸੇ ਦਿਸ਼ਾ ਵਿੱਚ ਕਈ ਮਹੱਤਵਪੂਰਨ ਗੱਲਾਂ ਕੀਤੀਆਂ ਗਈਆਂ ਹਨ-

1. ਪੰਜ ਸਾਲਾ ਯੋਜਨਾ ਦੇ ਅਧਾਰ 'ਤੇ ਖੇਤੀ ਅਤੇ ਉਦਯੋਗਾਂ ਦੀ ਉੱਨਤੀ, ਸਿੱਖਿਆ ਅਤੇ ਸਿਹਤ ਦੀਆਂ ਸੁਵਿਧਾਵਾਂ ਦਾ ਪ੍ਰਸਾਰ, ਨੌਕਰੀ ਅਤੇ ਕੰਮ ਦੇ ਸਾਧਨਾਂ ਵਿੱਚ ਵਾਧਾ, ਰਾਸ਼ਟਰੀ ਆਮਦਨ ਅਤੇ ਲੋਕਾਂ ਦੇ ਰਹਿਣ-ਸਹਿਣ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਯਤਨ ਕੀਤੇ ਗਏ ਹਨ।
2. ਨੌਜਵਾਨ ਵਰਗ ਅਤੇ ਬੱਚਿਆਂ ਨੂੰ ਸ਼ੋਸ਼ਣ ਤੋਂ ਰੱਖਿਆ ਕਰਨ ਲਈ ਅਨੇਕਾਂ ਕਾਨੂੰਨ ਪਾਸ ਕੀਤੇ ਗਏ ਹਨ, ਬਿਮਾਰੀ ਅਤੇ ਦੁਰਘਟਨਾ ਦੇ ਵਿਰੁੱਧ ਸੁਰੱਖਿਆ ਲਈ ਕੁਝ ਹੱਦ ਤੱਕ ਮਜ਼ਦੂਰ ਵਰਗ ਵਿੱਚ ਬੀਮਾ ਯੋਜਨਾ ਲਾਗੂ ਕੀਤੀ ਗਈ ਹੈ ਅਤੇ ਬੇਰੁਜ਼ਗਾਰੀ ਬੀਮਾ ਯੋਜਨਾ ਨੂੰ ਲਾਗੂ ਕਰਨ ਅਤੇ ਰੋਜ਼ਗਾਰ ਦੀਆਂ ਸੁਵਿਧਾਵਾਂ ਵਧਾਉਣ ਦੇ ਯਤਨ ਕੀਤੇ ਜਾ ਰਹੇ ਹਨ। ਰਾਜ ਸਮਾਜਿਕ ਕਲਿਆਣ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।
3. ਹਿੰਦੂ ਬਿੱਲ ਦੇ ਕਈ ਅੰਸ਼ਾਂ ਜਿਵੇਂ ਹਿੰਦੂ ਵਿਆਹ ਅਧੀਨਿਯਮ, 1955, ਹਿੰਦੂ ਉਤਰਾਧਿਕਾਰ ਨਿਯਮ 1956, ਆਦਿ ਪਾਸ ਕਰਕੇ ਦੇਸ਼ ਦੇ ਸਾਰੇ ਵਰਗਾਂ ਲਈ ਬਰਾਬਰ ਵਿਧੀ ਸੰਹਿਤਾ ਪ੍ਰਾਪਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ।
4. ਅਸਪੱਸ਼ਟਤਾ ਨਿਵਾਰਨ ਲਈ ਅਤੇ ਅਨੁਸੂਚਿਤ ਅਤੇ ਪੱਛੜੀਆਂ ਜਾਤੀਆਂ ਦੇ ਬੱਚਿਆਂ ਨੂੰ ਉਦਾਰਪੂਰਵਕ ਵਿਧੀ ਅਤੇ ਹੋਰ ਸੁਵਿਧਾਵਾਂ ਨਾਲ ਸਿੱਖਿਅਤ ਕਰਨ ਦਾ ਕੰਮ ਵੀ ਹੋਇਆ ਹੈ।
5. ਜਦ ਕਿ ਹੁਣ ਵੀ ਫਰੀ ਅਤੇ ਜ਼ਰੂਰੀ ਪ੍ਰਾਇਮਰੀ ਸਿੱਖਿਆ ਤੇ ਸਾਰਿਆਂ ਲਈ ਸਿਹਤ ਸੇਵਾਵਾਂ ਦਾ ਪ੍ਰਬੰਧ ਅਧੂਰਾ ਹੀ ਹੈ, ਜਦ ਕਿ ਇਨ੍ਹਾਂ ਦਿਸ਼ਾਵਾਂ ਵਿੱਚ ਵੀ ਮਹੱਤਵਪੂਰਨ ਪ੍ਰਗਤੀ ਹੋਈ ਹੈ। ਆਖਰੀ ਸਥਾਨ 'ਤੇ ਲੋਕਤੰਤ੍ਰਿਕ ਵਿਕੇਂਦਰੀਕਰਨ ਅਤੇ ਸਮੁਦਾਇਕ ਵਿਕਾਸ ਯੋਜਨਾਵਾਂ ਵੱਲੋਂ ਗ੍ਰਾਮ ਪੰਚਾਇਤਾਂ ਨੂੰ ਵਧੇਰੇ ਮਜ਼ਬੂਤ ਬਣਾਉਣ ਦਾ ਯਤਨ ਕੀਤਾ ਜਾ ਚੁੱਕਾ ਹੈ। ਗਰੀਬਾਂ ਨੂੰ 'ਮੁਫਤ ਕਾਨੂੰਨੀ ਸਹਾਇਤਾ' ਪ੍ਰਦਾਨ ਕਰਨ ਲਈ ਜੱਜ **ਪੀ. ਐੱਨ. ਭਗਵਤੀ** ਦੀ ਪ੍ਰਧਾਨਗੀ ਵਿੱਚ ਇਕ ਸੰਮਤੀ ਗਠਿਤ ਕੀਤੀ ਗਈ। ਕਈ ਪ੍ਰਾਂਤਾਂ ਵਿੱਚ ਬਜ਼ੁਰਗ ਅਤੇ ਕਮਜ਼ੋਰ ਲੋਕਾਂ ਲਈ ਬਜ਼ੁਰਗ ਅਵਸਥਾ ਪੈਨਸ਼ਨ (Old Age Pension) ਦੀ ਵਿਵਸਥਾ ਕੀਤੀ ਗਈ ਹੈ। ਇਹ ਗੌਰਵ ਹਰਿਆਣਾ ਨੂੰ ਵੀ ਪ੍ਰਾਪਤ ਹੈ।

ਹਾਲ ਹੀ ਦੇ ਸਾਲਾਂ ਵਿੱਚ ਨਿਰਦੇਸ਼ਕ ਤੱਤਾਂ ਦੇ ਕਿਰਿਆਸ਼ੀਲਤਾ ਦੀ ਦਿਸ਼ਾ ਵਿੱਚ ਕੁਝ ਹੋਰ ਕਦਮ ਵੀ ਚੁੱਕੇ ਗਏ ਹਨ। ਬੰਧੂਆ ਮਜ਼ਦੂਰੀ ਦੇ ਖਾਤਮੇ ਅਤੇ ਇਸਤਰੀ-ਪੁਰਸ਼ ਨੂੰ ਬਰਾਬਰ ਤਨਖਾਹ ਦਿਵਾਉਣ ਦਾ ਆਦੇਸ਼ ਜਾਰੀ ਕੀਤਾ ਗਿਆ, ਜਿਸ ਨੂੰ ਬਾਅਦ 'ਚ ਸੰਸਦ ਵੱਲੋਂ ਪੁਸ਼ਟੀ ਪ੍ਰਦਾਨ ਕਰ ਦਿੱਤੀ ਗਈ। ਰਾਜ ਸਰਕਾਰਾਂ ਵੱਲੋਂ ਪੇਂਡੂ ਜਨਤਾ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦਾ ਕਰਜ਼ਾ ਮੁਆਫ ਕਰਨ ਲਈ ਜ਼ਰੂਰੀ ਕਾਨੂੰਨਾਂ ਦਾ ਨਿਰਮਾਣ ਕੀਤਾ ਗਿਆ ਹੈ। ਹੁਣੇ 1976 ਵਿੱਚ ਸੰਸਦ ਵੱਲੋਂ 'ਸ਼ਹਿਰੀ ਭੂਮੀ ਸੀਮਾਕਰਨ ਕਾਨੂੰਨ' ਪਾਸ ਕੀਤਾ ਗਿਆ ਹੈ, ਜਿਸ ਦੇ ਅਨੁਸਾਰ ਚਾਰ ਸ਼੍ਰੇਣੀਆਂ ਦੇ ਸ਼ਹਿਰਾਂ ਵਿੱਚ ਸ਼ਹਿਰੀ ਭੂਮੀ ਦੀ ਸੀਮਾ 500 ਵਰਗ ਤੋਂ 2000 ਵਰਗ ਮੀਟਰ ਨਿਸ਼ਚਿਤ ਕੀਤੀ ਗਈ ਹੈ। ਆਸ਼ਾ ਕੀਤੀ ਜਾਣੀ ਚਾਹੀਦੀ ਹੈ ਕਿ ਅੱਗੇ ਚੱਲ ਕੇ ਇਸ ਕਾਨੂੰਨ ਨੂੰ ਹੋਰ ਸ਼ਹਿਰੀ ਖੇਤਰਾਂ ਵਿੱਚ ਵੀ ਲਾਗੂ ਕੀਤਾ ਜਾਵੇਗਾ। ਅਸਲ ਵਿੱਚ ਗਰੀਬਾਂ ਦੀ ਖੁਸ਼ਹਾਲੀ ਦੇ ਪ੍ਰੋਗਰਾਮ ਵਿੱਚ ਇਕ ਨਵੀਂ ਜਾਨ ਪਾਈ ਗਈ ਹੈ। ਜਿਨ੍ਹਾਂ ਲੋਕਾਂ ਕੋਲ ਜ਼ਮੀਨ ਨਹੀਂ, ਉਨ੍ਹਾਂ ਨੂੰ ਘਰ ਬਣਾਉਣ ਲਈ ਜ਼ਮੀਨ ਦਿਵਾਉਣ, ਭੂਮੀ ਸੁਧਾਰ ਲਾਗੂ ਕਰਨ ਅਤੇ ਖੇਤੀਬਾੜੀ 'ਤੇ ਕੰਮ ਕਰਨ ਵਾਲਿਆਂ ਦੀ ਮਜ਼ਦੂਰੀ ਵਧਾਉਣ ਦੇ ਕੰਮ ਤੇਜ਼ੀ ਨਾਲ ਅੱਗੇ ਵਧਾਏ ਜਾ ਰਹੇ ਹਨ।

ਨੀਤੀ ਨਿਰਦੇਸ਼ਕ ਤੱਤਾਂ ਵਿੱਚ ਸ਼ਾਮਿਲ ਲੱਛਣਾਂ ਨੂੰ ਪੂਰਾ ਕਰਨ ਲਈ ਅਜੇ ਬਹੁਤ ਕੁਝ ਕਰਨਾ ਬਾਕੀ ਹੈ ਪਰ ਰਾਜ ਇਸ ਸਬੰਧ ਵਿੱਚ ਆਪਣੀ ਜ਼ਿੰਮੇਵਾਰੀ ਨੂੰ ਭੁੱਲਿਆ ਨਹੀਂ ਹੈ ਕਿ ਉਮੀਦ ਕੀਤੀ ਜਾ ਸਕਦੀ ਹੈ ਕਿ ਅਤੇ ਅੱਗੇ ਆਉਣ ਵਾਲੇ ਸਾਲਾਂ ਵਿੱਚ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਹੋਰ ਵਧੇਰੇ ਤੇਜ਼ੀ ਨਾਲ ਯਤਨ ਕੀਤੇ ਜਾਣਗੇ।

**ਸਿੱਟਾ (Conclusion)** : ਉਪਰੋਕਤ ਵਿਵੇਚਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸੰਵਿਧਾਨ ਵਿੱਚ ਲਿਖਤੀ ਨਿਰਦੇਸ਼ਕ ਸਿਧਾਂਤ ਅਰਥਹੀਣ ਅਤੇ ਮਹੱਤਵਹੀਣ ਨਹੀਂ। ਉਨ੍ਹਾਂ ਦੀ ਸੰਵਿਧਾਨਿਕ ਵਿਵਸਥਾ ਵਿੱਚ ਕਾਫ਼ੀ ਵਧੇਰੇ ਮਹੱਤਤਾ ਹੈ। ਇਨ੍ਹਾਂ ਸਿਧਾਂਤਾਂ ਨੂੰ ਵਿਵਹਾਰ ਵਿੱਚ ਲਿਆਉਣ 'ਤੇ ਹੀ ਸਾਡੇ ਲੋਕਤੰਤਰ ਦਾ ਭਵਿੱਖ ਨਿਰਭਰ ਹੈ। ਡਾ. **ਏ. ਸੀ. ਕਪੂਰ** ਦੇ ਅਨੁਸਾਰ, "ਨਿਰਦੇਸ਼ਕ ਸਿਧਾਂਤ ਲੋਕਤੰਤਰ ਨੂੰ ਜ਼ਿੰਮੇਵਾਰੀ ਦੇਣ ਵਾਲੇ ਸਿਧਾਂਤ ਹਨ।"

ਨੋਟ

ਨਿਸ਼ਚਿਤ ਹੀ ਨਿਰਦੇਸ਼ਕ ਸਿਧਾਂਤਾਂ ਦਾ ਸੰਵਿਧਾਨ ਵਿੱਚ ਬਹੁਤ ਮਹੱਤਵ ਹੈ। 25ਵੀਂ ਸੋਧ ਤੋਂ ਬਾਅਦ ਤਾਂ ਉਨ੍ਹਾਂ ਦਾ ਮਹੱਤਵ ਬਹੁਤ ਵਧੇਰੇ ਵਧ ਗਿਆ ਹੈ। ਅੱਜ ਇਨ੍ਹਾਂ ਸਿਧਾਂਤਾਂ ਨੂੰ ਭਾਰਤੀ ਰਾਜ ਦੀ ਸਮਾਜਵਾਦੀ ਨੀਤੀ ਦਾ ਅਧਾਰ ਕਿਹਾ ਜਾ ਸਕਦਾ ਹੈ। ਇਨ੍ਹਾਂ ਸਿਧਾਂਤਾਂ ਨੂੰ ਵਿਵਹਾਰ ਵਿੱਚ ਅਪਨਾਉਣ 'ਤੇ ਹੀ ਭਾਰਤ ਵਿੱਚ ਆਦਰਸ਼ ਲੋਕਤੰਤਰ ਦੀ ਸਥਾਪਨਾ ਅਤੇ ਸਫਲਤਾ ਨਿਰਭਰ ਹੈ। **ਸ਼੍ਰੀ ਛਾਗਲਾ** (Chagla) ਦੇ ਇਸ ਕਥਨ ਵਿੱਚ ਪ੍ਰਯਾਪਤ ਸਹਾਇਤਾ ਹੈ, "ਜੇਕਰ ਇਨ੍ਹਾਂ ਨਿਰਦੇਸ਼ਕ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਵਿਵਹਾਰਿਕ ਰੂਪ ਦਿੱਤਾ ਜਾਵੇ ਤਾਂ ਸਾਡਾ ਦੇਸ਼ ਧਰਤੀ 'ਤੇ ਸਵਰਗ ਬਣ ਜਾਵੇਗਾ।" ਸਰਵਉੱਚ ਅਦਾਲਤ ਨੇ ਆਪਣੇ ਇਕ ਫੈਸਲੇ ਵਿੱਚ ਇਹ ਵਿਚਾਰ ਪ੍ਰਗਟ ਕੀਤੇ ਸਨ- "Being a Part of the constitutional scheme, the Directive Principles do no represent a temporary will of a majority but the deliberate wisdom of the nation expressed through the constituent assembly entrusted with the duty of setting the paramount and permanent law of the country."

**ਸਵ-ਮੁਲਾਂਕਣ (Self Assessment)**

ਹੇਠ ਲਿਖੇ ਕਥਨਾਂ ਵਿੱਚ ਸੱਚ-ਝੂਠ ਦੱਸੋ (Write True/False in the following statements):

10. 25ਵੀਂ ਸੰਵਿਧਾਨਿਕ ਸੋਧ ਤੋਂ ਬਾਅਦ ਨੀਤੀ ਨਿਰਦੇਸ਼ਕ ਤੱਤਾਂ ਦਾ ਮਹੱਤਵ ਘੱਟ ਹੋਇਆ ਹੈ।
11. 'ਨਿਰਦੇਸ਼ਕ ਸਿਧਾਂਤ ਲੋਕਤੰਤਰ ਨੂੰ ਸਥਾਈਤਵ ਦੇਣ ਵਾਲੇ ਸਿਧਾਂਤ ਹਨ।' ਕਥਨ ਡਾ. ਐੱਨ. ਸੀ. ਕਪੂਰ ਝਾਅ ਹੈ।

## 4.7 ਨਿਰਦੇਸ਼ਕ ਸਿਧਾਂਤ ਅਤੇ ਮੌਲਿਕ ਅਧਿਕਾਰਾਂ ਵਿੱਚ ਅੰਤਰ (Difference between Directive Principles and Fundamental Rights)

ਭਾਰਤੀ ਸੰਵਿਧਾਨ ਦੇ ਤੀਸਰੇ ਅਧਿਆਇ ਵਿੱਚ ਧਾਰਾ 12 ਤੋਂ 35 ਅਤੇ ਛੇ ਤਰ੍ਹਾਂ ਦੇ ਮੌਲਿਕ ਅਧਿਕਾਰਾਂ ਦੀ ਘੋਸ਼ਣਾ ਕੀਤੀ ਗਈ ਹੈ, ਜਿਨ੍ਹਾਂ ਦਾ ਇਸਤੇਮਾਲ ਕਰਕੇ ਨਾਗਰਿਕ ਆਪਣੇ ਜੀਵਨ ਦਾ ਪੂਰਾ ਵਿਕਾਸ ਕਰ ਸਕਦੇ ਹਨ, ਜਦ ਕਿ ਸੰਵਿਧਾਨ ਦੇ ਚੌਥੇ ਭਾਗ ਵਿੱਚ ਧਾਰਾ 35 ਤੋਂ 51 ਵਿੱਚ ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੀ ਘੋਸ਼ਣਾ ਕੀਤੀ ਗਈ ਹੈ, ਜਿਨ੍ਹਾਂ ਦਾ ਉਦੇਸ਼ ਭਾਰਤੀ ਨਾਗਰਿਕ ਦਾ ਆਰਥਿਕ, ਸਮਾਜਿਕ ਅਤੇ ਨੈਤਿਕ ਵਿਕਾਸ ਅਤੇ ਭਾਰਤ ਵਿੱਚ ਕਲਿਆਣਕਾਰੀ ਰਾਜ ਦੀ ਸਥਾਪਨਾ ਕਰਨਾ ਹੈ। ਦੋਵਾਂ ਦੇ ਹੀ ਉਦੇਸ਼ ਬਰਾਬਰ ਪ੍ਰਤੀਤ ਹੁੰਦੇ ਹਨ ਪਰ ਦੋਵਾਂ ਵਿੱਚ ਫਰਕ ਹੈ। ਅਸੀਂ ਦੋਵਾਂ ਨੂੰ ਬਰਾਬਰ ਪ੍ਰਕਿਰਤੀ ਵਾਲੇ ਨਹੀਂ ਕਹਿ ਸਕਦੇ।

ਨਿਰਦੇਸ਼ਕ ਸਿਧਾਂਤਾਂ ਨਾਲ ਮੌਲਿਕ ਅਧਿਕਾਰਾਂ ਵਿੱਚ ਹੇਠ ਲਿਖੇ ਅਧਾਰ 'ਤੇ ਫਰਕ ਕੀਤਾ ਜਾ ਸਕਦਾ ਹੈ-

**1. ਨਿਰਦੇਸ਼ਕ ਸਿਧਾਂਤ ਸਕਾਰਾਤਮਕ ਨਿਰਦੇਸ਼ ਹਨ, ਜਦ ਕਿ ਮੌਲਿਕ ਅਧਿਕਾਰ ਨਕਾਰਾਤਮਕ ਨਿਸ਼ੇਦ ਆਗਿਆਵਾਂ ਹਨ** : ਦੋਵਾਂ ਵਿੱਚ ਪਹਿਲਾ ਫਰਕ ਇਹ ਹੈ ਕਿ ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤ ਰਾਜ ਨੂੰ ਦਿੱਤੇ ਗਏ ਨਿਸ਼ਚਿਤ ਆਦੇਸ਼ ਹਨ ਜੋ ਕਿ ਸਾਨੂੰ ਇਹ ਦੱਸਦੇ ਹਨ ਕਿ ਰਾਜ ਵਿੱਚ ਪੰਚਾਇਤ ਪ੍ਰਣਾਲੀ ਦਾ ਗਠਨ ਕੀਤਾ ਜਾਵੇ, ਬੇਕਾਰੀ ਨੂੰ ਦੂਰ ਕਰਨ ਦੀਆਂ ਯੋਜਨਾਵਾਂ ਬਣਾਈਆਂ ਜਾਣ, ਗਊ ਹੱਤਿਆ ਨੂੰ ਰੋਕਿਆ ਜਾਵੇ, ਨਿਆ ਪਾਲਿਕਾ ਨੂੰ ਕਾਰਜ ਪਾਲਿਕਾ ਤੋਂ ਵੱਖ ਕੀਤਾ ਜਾਵੇ। ਇਸ ਤੋਂ ਉਲਟ ਮੌਲਿਕ ਅਧਿਕਾਰਾਂ ਨਾਲ ਰਾਜ ਨੂੰ ਜ਼ਿਆਦਾਤਰ ਨਕਾਰਾਤਮਕ ਆਦੇਸ਼ ਦਿੱਤੇ ਗਏ ਹਨ। ਦੂਸਰੇ ਸ਼ਬਦਾਂ ਵਿੱਚ ਰਾਜ ਸ਼ਕਤੀ 'ਤੇ ਪ੍ਰਤੀਬੰਦ ਲਗਾਏ ਗਏ ਹਨ। ਉਦਾਹਰਣ ਦੇ ਤੌਰ 'ਤੇ ਰਾਜ ਕਿਸੇ ਵਿਅਕਤੀ ਦੀ ਸੰਪਤੀ 'ਤੇ ਰਾਸ਼ੀ ਦਿੱਤੇ ਬਿਨਾਂ ਅਧਿਕਾਰ ਨਹੀਂ ਕਰੇਗਾ, ਰਾਜ ਧਰਮ, ਰੰਗ, ਲਿੰਗ ਆਦਿ ਦੇ ਅਧਾਰ 'ਤੇ ਭੇਦਭਾਵ ਨਹੀਂ ਕਰੇਗਾ।

ਸ਼੍ਰੀ ਗਲੈਡਹਿੱਲ (Gledhill) ਦੇ ਸ਼ਬਦਾਂ ਵਿੱਚ-"ਮੌਲਿਕ ਅਧਿਕਾਰ ਰਾਜ ਲਈ ਨਿਸ਼ੇਦ ਆਗਿਆਵਾਂ ਹਨ। ਇਨ੍ਹਾਂ ਵੱਲੋਂ ਰਾਜ ਨੂੰ ਕੁਝ ਨਿਸ਼ਚਿਤ ਕੰਮ ਨਾ ਕਰਨ ਲਈ ਕਿਹਾ ਗਿਆ ਹੈ, ਨਿਰਦੇਸ਼ਕ ਸਿਧਾਂਤ ਸਰਕਾਰ ਨੂੰ ਦਿੱਤੇ ਗਏ ਸਕਾਰਾਤਮਕ ਨਿਰਦੇਸ਼ ਹਨ ਜੋ ਦੱਸਦੇ ਹਨ ਕਿ ਸਰਕਾਰ ਨੇ ਕੀ ਕੀਤਾ ਹੈ।" ("Fundamental Rights are Injunctions to Prohibit the Government from doing Certain things, the Directive Principles are affirmmative Instructions to the Government to do Certain things.")

**2. ਮੌਲਿਕ ਅਧਿਕਾਰ ਨਿਆ ਸੰਗਤ ਹਨ, ਨਿਰਦੇਸ਼ਕ ਸਿਧਾਂਤ ਨਹੀਂ** : ਸੰਵਿਧਾਨ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਮੌਲਿਕ ਅਧਿਕਾਰ ਨਿਆ ਸੰਗਤ ਨਹੀਂ ਹਨ। ਇਨ੍ਹਾਂ ਨੂੰ ਨਿਆ ਪਾਲਿਕਾ ਵੱਲੋਂ ਸੁਰੱਖਿਅਤ ਕਰਵਾਇਆ ਜਾ ਸਕਦਾ ਹੈ। ਨਿਆ ਪਾਲਿਕਾ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਕਾਰਜ ਪਾਲਿਕਾ ਨੂੰ ਕੋਈ ਆਦੇਸ਼ ਜਾਰੀ ਕਰ ਸਕਦਾ ਹੈ। ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ (Rights the Constitutional Remedies) ਨਾਗਰਿਕਾਂ ਦਾ ਮੌਲਿਕ ਅਧਿਕਾਰ ਹੈ। ਇਸ ਤੋਂ ਉਲਟ ਨਿਰਦੇਸ਼ਕ ਸਿਧਾਂਤ ਨਿਆ ਸੰਗਤ ਨਹੀਂ। ਸੰਵਿਧਾਨ ਦੀ ਧਾਰਾ 37 ਵਿੱਚ ਇਹ ਸਪੱਸ਼ਟ ਕਿਹਾ ਗਿਆ ਹੈ ਕਿ ਨਿਰਦੇਸ਼ਕ ਸਿਧਾਂਤ ਨਿਆ ਪਾਲਿਕਾ ਵੱਲੋਂ ਲਾਗੂ ਨਹੀਂ ਕਰਵਾਏ ਜਾ ਸਕਦੇ ਹਨ। ਦੂਸਰੇ ਸ਼ਬਦਾਂ ਵਿੱਚ ਨਿਰਦੇਸ਼ਕ ਸਿਧਾਂਤ ਸਿਰਫ਼

**ਨੋਟ**

ਨਿਰਦੇਸ਼ ਹਨ, ਕਾਨੂੰਨੀ ਆਦੇਸ਼ ਨਹੀਂ। ਨਿਰਦੇਸ਼ਕ ਸਿਧਾਂਤਾਂ ਦਾ ਨਿਆ ਸੰਗਤ ਨਾ ਹੋਣਾ ਅਤੇ ਮੌਲਿਕ ਅਧਿਕਾਰਾਂ ਦਾ ਨਿਆ ਪਾਲਿਕਾ ਵੱਲੋਂ ਸੁਰੱਖਿਅਤ ਹੋਣਾ ਹੀ ਦੋਵਾਂ ਵਿੱਚ ਇਕ ਵੱਡਾ ਫਰਕ ਹੈ। (Fundamental Rights are Commendatory while the Directive Principles are Declaratory)

3. **ਮੌਲਿਕ ਅਧਿਕਾਰਾਂ ਦਾ ਉਦੇਸ਼ ਰਾਜਨੀਤਿਕ ਸੁਤੰਤਰਤਾ ਹੈ ਤਾਂ ਨਿਰਦੇਸ਼ਕ ਸਿਧਾਂਤਾਂ ਦਾ ਉਦੇਸ਼ ਆਰਥਿਕ ਸੁਤੰਤਰਤਾ** : ਜਿੱਥੇ ਮੌਲਿਕ ਅਧਿਕਾਰਾਂ ਨਾਲ ਰਾਜਨੀਤਿਕ ਲੋਕਤੰਤਰ ਵਿਵਸਥਾ ਕੀਤੀ ਗਈ ਹੈ, ਉੱਥੇ ਨਿਰਦੇਸ਼ਕ ਸਿਧਾਂਤਾਂ ਵੱਲੋਂ ਆਰਥਿਕ ਅਤੇ ਸਮਾਜਿਕ ਲੋਕਤੰਤਰ ਦੀ ਸਥਾਪਨਾ ਕੀਤੀ ਗਈ ਹੈ। (Whereas Political Democracy has been established by the incorporation of Fundamental Rights, Economic and Social Democracy has been hoped to be established by the incorporation of directive principles) ਸਫਲ ਲੋਕਤੰਤਰੀ ਵਿਵਸਥਾ ਲਈ ਇਹ ਇਕ ਬਹੁਤ ਮਹੱਤਵਪੂਰਨ ਜ਼ਰੂਰਤ ਹੁੰਦੀ ਹੈ ਕਿ ਰਾਜਨੀਤਿਕ ਲੋਕਤੰਤਰ ਆਰਥਿਕ ਅਤੇ ਸਮਾਜਿਕ ਲੋਕਤੰਤਰ 'ਤੇ ਅਧਾਰਿਤ ਹੋਵੇ। ਭਾਰਤ ਵਿੱਚ ਇਸ ਨੂੰ ਅਪਨਾਉਣ ਲਈ ਸੰਵਿਧਾਨ ਦੇ ਦੋ ਭਾਗਾਂ (III and IV) ਵਿੱਚ ਕ੍ਰਮਵਾਰ ਰਾਜਨੀਤਿਕ ਅਤੇ ਆਰਥਿਕ ਲੋਕਤੰਤਰ ਦੀ ਵਿਵਸਥਾ ਕੀਤੀ ਗਈ ਹੈ।

4. **ਦੋਨੋਂ ਇਕ ਦੂਸਰੇ ਦੇ ਪੂਰਕ ਹਨ:** ਭਾਗ III ਵਿੱਚ ਉਹ ਅਧਿਕਾਰ ਲਿਖੇ ਗਏ ਹਨ ਜਿਨ੍ਹਾਂ ਨੂੰ ਰਾਜਨੀਤਿਕ ਅਧਿਕਾਰ ਕਿਹਾ ਜਾ ਸਕਦਾ ਹੈ ਅਤੇ ਭਾਗ IV ਵਿੱਚ ਲਿਖੇ ਸਿਧਾਂਤ ਆਰਥਿਕ ਅਤੇ ਸਮਾਜਿਕ ਅਧਿਕਾਰ ਕਹੇ ਜਾ ਸਕਦੇ ਹਨ। ਰਾਜਨੀਤਿਕ ਅਧਿਕਾਰ ਮਨੁੱਖ ਦੇ ਵਿਅਕਤੀਗਤ ਦੇ ਵਿਕਾਸ ਵਿੱਚ ਤਾਂ ਹੀ ਯੋਗਦਾਨ ਦੇ ਸਕਦੇ ਹਨ ਜਦੋਂ ਕਿ ਉਹ ਸਹੀ ਸਮਾਜਿਕ ਅਤੇ ਆਰਥਿਕ ਪ੍ਰਸਥਿਤੀਆਂ ਵਿੱਚ ਇਸਤੇਮਾਲ ਕੀਤੇ ਜਾਣ। ਰਾਜਨੀਤਿਕ ਲੋਕਤੰਤਰ ਦਾ ਆਧਾਰ ਸਮਾਜਿਕ ਅਤੇ ਆਰਥਿਕ ਲੋਕਤੰਤਰ ਹੋਵੇ ਤਾਂ ਹੀ ਸਮਾਜਿਕ ਵਿਕਾਸ ਅਤੇ ਕਲਿਆਣ ਦੇ ਕੰਮ ਨੂੰ ਸਹੀ ਰੂਪ ਵਿੱਚ ਪੂਰਨ ਕੀਤਾ ਜਾ ਸਕਦਾ ਹੈ। ਠੀਕ ਸਮਾਜਿਕ ਅਤੇ ਆਰਥਿਕ ਸਥਿਤੀਆਂ ਦੇ ਲਈ ਸਮਾਜ ਵਿੱਚ ਸਮਾਜਿਕ ਅਤੇ ਆਰਥਿਕ ਅਧਿਕਾਰਾਂ ਦੀ ਹੋਂਦ ਜ਼ਰੂਰੀ ਹੈ ਅਤੇ ਮੌਲਿਕ ਅਧਿਕਾਰ (ਰਾਜਨੀਤਿਕ ਅਧਿਕਾਰ) ਅਤੇ ਨਿਰਦੇਸ਼ਕ ਸਿਧਾਂਤ (ਆਰਥਿਕ ਅਤੇ ਸਮਾਜਿਕ ਅਧਿਕਾਰ) ਦੋਨੋਂ ਇਕੱਠੇ ਸਮਾਜ ਦਾ ਵਿਕਾਸ ਸੰਭਵ ਬਣਾ ਸਕਦੇ ਹਨ ਅਤੇ ਦੋਨੋਂ ਇਕ-ਦੂਸਰੇ ਦੇ ਪੂਰਕ ਹਨ।

5. **ਮੌਲਿਕ ਅਧਿਕਾਰ ਪ੍ਰਾਪਤ ਕੀਤੇ ਜਾ ਚੁੱਕੇ ਹਨ ਪਰ ਨਿਰਦੇਸ਼ਕ ਸਿਧਾਂਤਾਂ ਨੂੰ ਪ੍ਰਾਪਤ ਕਰਨਾ ਹਾਲੇ ਬਾਕੀ ਹੈ:** ਮੌਲਿਕ ਅਧਿਕਾਰ ਲੋਕਾਂ ਨੂੰ ਪ੍ਰਾਪਤ ਹੋ ਚੁੱਕੇ ਹਨ ਜਦੋਂ ਕਿ ਨਿਰਦੇਸ਼ਕ ਸਿਧਾਂਤ ਹਾਲੇ ਤੱਕ ਲੋਕਾਂ ਨੂੰ ਪ੍ਰਾਪਤ ਨਹੀਂ ਹੋਏ। ਸਰਕਾਰ ਇਨ੍ਹਾਂ ਸਿਧਾਂਤਾਂ ਨੂੰ ਵਿਵਹਾਰਿਕ ਰੂਪ ਦੇਣ ਦਾ ਯਤਨ ਕਰ ਰਹੀ ਹੈ।

6. **ਮੌਲਿਕ ਅਧਿਕਾਰਾਂ ਦਾ ਸੰਬੰਧ ਵਿਅਕਤੀਆਂ ਨਾਲ ਹਨ, ਨਿਰਦੇਸ਼ਕ ਸਿਧਾਂਤਾਂ ਦਾ ਰਾਜ ਨਾਲ ਹੈ:** ਮੌਲਿਕ ਅਧਿਕਾਰਾਂ ਦਾ ਮੁੱਖ ਵਿਅਕਤੀ ਦੇ ਵਿਅਕਤੀਗਤ ਦਾ ਵਿਕਾਸ ਕਰਨਾ ਅਤੇ ਉਸ ਦੇ ਜੀਵਨ ਨੂੰ ਸੁਖੀ ਅਤੇ ਸੱਭਿਆ ਬਣਾਇਆ ਹੈ। ਉਹ ਅਜਿਹੀ ਸਥਿਤੀ ਦੀ ਸਥਾਪਨਾ ਕਰਦੇ ਹਨ ਜਿਸ ਵਿੱਚ ਵਿਅਕਤੀ ਆਪਣੇ ਵਿੱਚ ਸ਼ਾਮਿਲ ਗੁਣਾਂ ਦਾ ਠੀਕ ਰੂਪ ਨਾਲ ਵਿਕਾਸ ਕਰ ਸਕੇ। ਇਸ ਦੇ ਉਲਟ, ਰਾਜ-ਨੀਤੀ ਦੇ ਨਿਰਦੇਸ਼ਕ ਸਿਧਾਂਤ ਸਮਾਜ ਦੇ ਵਿਕਾਸ 'ਤੇ ਜ਼ੋਰ ਦਿੰਦੇ ਹਨ। ਨਿਰਦੇਸ਼ਕ ਸਿਧਾਂਤਾਂ ਦੇ ਅਭਿਆਸ ਵਿੱਚ ਧਾਰਾ 38 ਵਿੱਚ ਇਹ ਸਪੱਸ਼ਟ ਰੂਪ ਨਾਲ ਕਿਹਾ ਹੈ ਕਿ ਰਾਜ ਅਜਿਹੀ ਸਮਾਜਿਕ ਵਿਵਸਥਾ ਦੀ ਸਥਾਪਨਾ ਕਰੇਗਾ ਜਿਸ ਵਿੱਚ ਸਾਰਿਆਂ ਨੂੰ ਸਮਾਜਿਕ ਅਤੇ ਆਰਥਿਕ ਨਿਆ ਮਿਲ ਸਕੇ।

7. **ਨਿਰਦੇਸ਼ਕ ਸਿਧਾਂਤਾਂ ਦਾ ਮਹੱਤਵ ਮੌਲਿਕ ਅਧਿਕਾਰਾਂ ਨਾਲ ਜ਼ਿਆਦਾ ਹੈ:** ਮੌਲਿਕ ਅਧਿਕਾਰ ਸਮਾਜਿਕ ਜੀਵਨ ਦੀਆਂ ਕੁਝ ਵਿਵਸਥਾਵਾਂ ਹਨ ਜੋ ਮਨੁੱਖ ਦੀ ਖੁਸ਼ੀ ਲਈ ਜ਼ਰੂਰੀ ਹਨ ਪਰ ਇਨ੍ਹਾਂ ਦਾ ਸੰਬੰਧ ਕੇਵਲ ਇਕ ਮਨੁੱਖ ਨਾਲ ਹੀ ਹੈ ਜਦੋਂ ਕਿ ਇਸ ਦੇ ਉਲਟ ਨਿਰਦੇਸ਼ਕ ਸਿਧਾਂਤਾਂ ਵਿੱਚ ਉਨ੍ਹਾਂ ਲਕਸ਼ਾਂ ਦਾ ਉਲੇਖ ਹੈ ਜਿਨ੍ਹਾਂ ਦੇ ਮੱਦੇਨਜ਼ਰ ਰੱਖਦੇ ਹੋਏ ਆਰਥਿਕ, ਸਮਾਜਿਕ ਅਤੇ ਰਾਜਕੀ ਨਿਆ ਦੇ ਆਧਾਰ 'ਤੇ ਇਕ ਸ਼ੁੱਦ ਕਲਿਆਣਕਾਰੀ ਰਾਜ ਸਥਾਪਿਤ ਕਰਨ ਦਾ ਲਕਸ਼ ਰੱਖਿਆ ਗਿਆ ਹੈ। ਭਲੇ ਹੀ ਇਹ ਸਿਧਾਂਤ ਅਦਾਲਤਾਂ ਵੱਲੋਂ ਲਾਗੂ ਨਹੀਂ ਕੀਤੇ ਗਏ ਜਾ ਸਕਦੇ ਤਾਂ ਵੀ ਇਨ੍ਹਾਂ ਦਾ ਮਹੱਤਵ ਸਾਡੇ ਵਿਚਾਰ ਵਿੱਚ ਮੌਲਿਕ ਅਧਿਕਾਰਾਂ ਤੋਂ ਜ਼ਿਆਦਾ ਹੈ। ਇਹ ਸਿਧਾਂਤ ਸੰਸਦੀ ਲੋਕਤੰਤਰ ਦੇ ਨਾਲ-ਨਾਲ ਆਰਥਿਕ ਲੋਕਤੰਤਰ ਦਾ ਆਦਰਸ਼ ਦਰਸਾਉਂਦੇ ਹਨ। ਇਸ ਲਈ ਨਿਰਦੇਸ਼ਕ ਸਿਧਾਂਤ ਡਾ. ਏ. ਸੀ. ਕਪੂਰ (Dr. A.C. Kapoor) ਦੇ ਸ਼ਬਦਾਂ ਵਿੱਚ- "ਇਹ ਲੋਕ ਰਾਜ ਨੂੰ ਸਥਿਰਤਾ ਦੇਣ ਵਾਲੇ ਸਿਧਾਂਤ ਹਨ।" ("They provide an element of permanency in democracy") ਇੱਥੇ ਮੌਲਿਕ ਅਧਿਕਾਰਾਂ ਨੂੰ ਕਾਨੂੰਨੀ ਜ਼ੋਰ ਪ੍ਰਾਪਤ ਹੈ ਉੱਥੇ ਨਿਰਦੇਸ਼ਕ ਸਿਧਾਂਤਾਂ ਨੂੰ ਨੈਤਿਕ ਸ਼ਕਤੀ ਪ੍ਰਾਪਤ ਹੈ। ਪਾਇਲੀ ਨੇ ਠੀਕ ਹੀ ਕਿਹਾ ਹੈ ਕਿ "ਰਾਜ-ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਮਾਰਗ ਵਿੱਚ ਕੋਈ ਵੀ ਅਵਰੋਧ ਸਹਿਣ ਨਹੀਂ ਕੀਤਾ ਜਾਣਾ ਚਾਹੀਦਾ, ਚਾਹੇ ਉਹ ਇਕ ਵਿਅਕਤੀ ਦੇ ਮੂਲ ਅਧਿਕਾਰ ਹੀ ਕਿਉਂ ਨਾ ਹੋਣ, ਸਮੁੱਚੇ ਸਮਾਜ ਦੇ ਕਲਿਆਣ ਅਤੇ ਪ੍ਰਗਤੀ ਦੇ ਮਾਰਗ ਵਿੱਚ ਇਕ ਵਿਅਕਤੀ ਦੇ ਅਧਿਕਾਰ ਅਵਰੋਧ ਨਹੀਂ ਬਣਨਾ ਚਾਹੀਦਾ।"

8. **ਦੋਨਾਂ ਵਿੱਚ ਜੇਕਰ ਅਵਰੋਧ ਹੋਵੇ ਤਾਂ ਕਿਸ ਨੂੰ ਮਹੱਤਵ ਮਿਲੇਗਾ** : 25ਵੀਂ ਅਤੇ 42ਵੀਂ ਸੋਧ ਤੋਂ ਪਹਿਲਾਂ ਮੌਲਿਕ ਅਧਿਕਾਰਾਂ ਨੂੰ ਨਿਰਦੇਸ਼ਕ ਸਿਧਾਂਤਾਂ ਤੋਂ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਸੀ। ਜੇਕਰ ਦੋਨਾਂ ਵਿੱਚ ਅਵਰੋਧ ਹੁੰਦਾ ਤਾਂ ਮੌਲਿਕ ਅਧਿਕਾਰਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਸੀ। ਇਕ ਮੁਕੱਦਮੇ ਵਿੱਚ ਫੈਸਲਾ ਦਿੰਦੇ ਸਮੇਂ ਸਰਵਉੱਚ ਅਦਾਲਤ ਨੇ ਕਿਹਾ ਸੀ, "ਰਾਜ ਨੂੰ

ਨੋਟ

ਚਾਹੀਦਾ ਹੈ ਕਿ ਉਹ ਨਿਰਦੇਸ਼ਕ ਸਿਧਾਂਤਾਂ ਦੇ ਠੀਕ ਪਾਲਣ ਲਈ ਕਾਨੂੰਨ ਬਣਾਏ, ਪਰ ਉਸ ਵੱਲੋਂ ਬਣਾਏ ਗਏ ਕਾਨੂੰਨਾਂ ਨਾਲ ਮੌਲਿਕ ਅਧਿਕਾਰਾਂ ਨੂੰ ਹਾਨੀ ਨਹੀਂ ਪਹੁੰਚਾਉਣੀ ਚਾਹੀਦੀ।" 27 ਫਰਵਰੀ, 1967 ਨੂੰ ਗੋਲਕਨਾਥ ਬਨਾਮ ਪੰਜਾਬ ਰਾਜ ਦੇ ਮੁਕੱਦਮੇ ਨਾਲ ਸਰਵਉੱਚ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਸੰਸਦ ਨੇ ਸੰਵਿਧਾਨ ਵਿੱਚ 42ਵੀਂ ਸੋਧ ਪਾਸ ਕੀਤੀ ਜਿਸ ਵਿੱਚ ਇਹ ਵਿਵਸਥਾ ਕੀਤੀ ਗਈ ਕਿ ਸੰਸਦ ਸੰਵਿਧਾਨ ਦੇ ਕਿਸੇ ਵੀ ਭਾਗ ਵਿੱਚ ਸੋਧ ਕਰ ਸਕਦੀ ਹੈ, ਜਿਸ ਵਿੱਚ ਨਾਗਰਿਕਾ ਦੇ ਮੌਲਿਕ ਅਧਿਕਾਰ ਵੀ ਸ਼ਾਮਿਲ ਹੋਣਗੇ। 25ਵੀਂ ਸੋਧ ਵੱਲੋਂ ਇਕ ਨਵੀਂ ਧਾਰਾ 29-B ਅਤੇ 39-C ਵਿੱਚ ਦਿੱਤੇ ਗਏ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਲਈ ਬਣਾਏਗੀ, ਉਹ ਕਾਨੂੰਨ ਸਰਵਉੱਚ ਅਦਾਲਤ ਵੱਲੋਂ ਇਸ ਆਧਾਰ 'ਤੇ ਰੱਦ ਨਹੀਂ ਕੀਤਾ ਜਾਵੇਗਾ ਕਿ ਉਹ ਕਾਨੂੰਨ ਧਾਰਾ 14, 19 ਤੇ 31 ਵਿੱਚ ਦਿੱਤੇ ਗਏ ਮੌਲਿਕ ਅਧਿਕਾਰਾਂ ਦਾ ਉਲੰਘਣ ਕਰਦਾ ਹੈ। 24 ਅਪ੍ਰੈਲ, 1973 ਨੂੰ ਕੇਸ਼ਵਾਲੰਦ ਭਾਰਤੀ ਕੇਸ ਵਿੱਚ ਸਰਵਉੱਚ ਅਦਾਲਤ ਨੇ ਅਜਿਹਾ ਫੈਸਲਾ ਦਿੱਤਾ ਜਿਸ ਵਿੱਚ ਗੋਲਕਨਾਥ ਫੈਸਲੇ ਨੂੰ ਰੱਦ ਕਰ ਦਿੱਤਾ ਗਿਆ ਅਤੇ ਸੰਵਿਧਾਨ ਦੇ 24ਵੀਂ ਸੋਧ ਦੇ ਸਮੇਂ ਨੂੰ ਸਵੀਕਾਰ ਕਰ ਲਿਆ ਕਿ ਸੰਸਦ ਸੰਵਿਧਾਨ ਦੇ ਕਿਸੇ ਵੀ ਭਾਗ ਵਿੱਚ ਵੀ ਸੋਧ ਕਰ ਸਕਦੀ ਹੈ ਜਿਸ ਵਿੱਚ ਮੌਲਿਕ ਅਧਿਕਾਰ ਵੀ ਸ਼ਾਮਿਲ ਹੋਣਗੇ ਪਰ ਸੰਸਦ ਸੰਵਿਧਾਨ ਦੇ ਮੂਲ ਢਾਂਚੇ ਵਿੱਚ ਪਰਿਵਰਤਨ ਨਹੀਂ ਕਰ ਸਕਦੀ ਹੈ। ਸਰਵਉੱਚ ਅਦਾਲਤ ਨੇ ਸੰਵਿਧਾਨ ਦੇ 25ਵੀਂ ਸੋਧ ਦੇ ਸਮੇਂ ਨੂੰ ਵੀ ਸਵੀਕਾਰ ਕਰ ਲਿਆ, ਪਰ 25ਵੀਂ ਸੋਧ ਦੇ 31-C ਦੇ ਇਸ ਦੇ ਇਸ ਭਾਗ ਨੂੰ ਨਜਾਇਜ਼ ਐਲਾਨ ਕਰ ਦਿੱਤਾ ਗਿਆ ਜਿਸ ਅਨੁਸਾਰ ਸੰਵਿਧਾਨ ਦੇ 39-B ਅਤੇ 39-C ਵਿੱਚ ਦਿੱਤੇ ਗਏ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਦੇ ਉਦੇਸ਼ ਪਾਸ ਕੀਤੇ ਕਾਨੂੰਨਾਂ ਨੂੰ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਹੈ ਉਹ ਧਾਰਾ 14, 19 ਅਤੇ 31 ਵਿੱਚ ਦਿੱਤਾ ਮੌਲਿਕ ਅਧਿਕਾਰਾਂ ਦਾ ਉਲੰਘਣ ਕਰਦੇ ਹਨ।

ਨਵੰਬਰ 1976 ਵਿੱਚ ਸਾਡੀ ਸੰਸਦ ਨੇ 42ਵੀਂ ਸੋਧ ਨਾਲ ਇਹ ਵਿਵਸਥਾ ਕੀਤੀ ਸੀ ਕਿ ਸੰਵਿਧਾਨ ਦੇ ਚੌਥੇ ਭਾਗ ਵਿੱਚ ਦਿੱਤੇ ਗਏ ਸਾਰੇ ਜਾਂ ਕਿਸੇ ਵੀ ਨਿਰਦੇਸ਼ਕ ਸਿਧਾਂਤ ਨੂੰ ਲਾਗੂ ਕਰਨ ਦੇ ਲਈ ਬਣਾਇਆ ਗਿਆ ਕੋਈ ਵੀ ਕਾਨੂੰਨ ਇਸ ਆਧਾਰ 'ਤੇ ਰੱਦ ਨਹੀਂ ਕੀਤਾ ਜਾ ਸਕਦਾ ਹੈ ਪਰ 19 ਮਈ 1980 ਨੂੰ ਆਪਣੇ ਮਹੱਤਵਪੂਰਨ ਫੈਸਲੇ ਮਿਨਰਵਾ ਮਿਲਸ ਅਤੇ ਹੋਰ ਬਨਾਮ ਭਾਰਤ ਸਰਕਾਰ ਵਿੱਚ 42ਵੀਂ ਸੋਧ ਦੀ ਧਾਰਾ (4) ਨੂੰ ਰੱਦ ਕਰ ਦਿੱਤਾ ਗਿਆ।

**ਸਿੱਟਾ (Conclusion)** : ਰਾਜ- ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਆਲੋਚਨਾਤਮਕ ਅਧਿਐਨ ਕਰਨ ਨਾਲ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਦੇ ਮਹੱਤਵ ਨੂੰ ਦੇਖਦੇ ਹੋਏ ਸੰਵਿਧਾਨ ਵਿੱਚ ਉਨ੍ਹਾਂ ਨੂੰ ਸ਼ਾਮਿਲ ਕਰਨਾ ਗਲਤ ਨਹੀਂ ਹੈ। ਐੱਸ. ਸੀ. ਸੀਤਲਵਾੜ ਦੇ ਸ਼ਬਦਾਂ ਵਿੱਚ, "ਇਹ ਸਿਧਾਂਤ ਪ੍ਰਜਵਲਿਤ ਜੋਤੀ ਦੇ ਰੂਪ ਵਿੱਚ ਰਾਜ ਦੇ ਸਾਰੇ ਅਧਿਕਾਰਾਂ ਦੇ ਰਾਸ਼ਟਰ-ਨਿਰਮਾਣ ਦੇ ਯਤਨਾਂ ਦਾ ਮਾਰਗ ਦਰਸ਼ਨ ਕਰਨਗੇ, ਜਿਸ ਨਾਲ ਰਾਸ਼ਟਰ ਹੌਲੀ-ਹੌਲੀ ਸਮਰਧਸ਼ਾਲੀ ਅਤੇ ਸ਼ਕਤੀਸ਼ਾਲੀ ਬਣ ਸਕੇ ਅਤੇ ਵਿਸ਼ਵ ਦੇ ਹੋਰ ਰਾਸ਼ਟਰਾਂ ਵਿੱਚ ਆਪਣਾ ਯੋਗਦਾਨ ਸਥਾਨ ਪ੍ਰਾਪਤ ਕਰ ਸਕੇ।"

ਇਸੇ ਤਰ੍ਹਾਂ ਅਸੀਂ ਮੁੱਖ ਅਦਾਲਤ ਚੰਦਰਚੂੜ ਦੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ, "ਸਾਡੇ ਸੰਵਿਧਾਨ ਦਾ ਉਦੇਸ਼ ਮੌਲਿਕ ਅਧਿਕਾਰਾਂ ਅਤੇ ਨਿਰਦੇਸ਼ਕ ਸਿਧਾਂਤਾਂ ਵਿੱਚ ਸਮਨਵਯ ਸਥਾਪਿਤ ਕਰਨਾ ਹੈ, ਇਨ੍ਹਾਂ ਵਿੱਚ ਕੋਈ ਇਕ ਨਹੀਂ ਸਗੋਂ ਦੋਨੋਂ ਸੰਯੁਕਤ ਰੂਪ ਵਿੱਚ ਸੰਵਿਧਾਨ ਦਾ ਦਿਲ ਅਤੇ ਆਤਮਾ ਹਨ।" ("Our constitution aims at bringing about a synthesis between Fundamental Rights and the Directive Principles of State Policy. Together not individually, they four the core of the Constitution together not individually. They constitute, its true conscience.")

ਅੰਤ ਵਿੱਚ K.C. Makandan ਨੇ ਠੀਕ ਹੀ ਕਿਹਾ ਹੈ, "If a chapter of Fundamental Rights is a must for a state of the modern democratic type with a written constitution, chapter on the Directive Principles of State Policy is a must for a welfare state with written constitution."

### ਸਵ-ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

12. ਨੀਤੀ-ਨਿਰਦੇਸ਼ਕ ਸਿਧਾਂਤਾਂ ਦੀ ਘੋਸ਼ਣਾ ਸੰਵਿਧਾਨ ਦੇ ਚੌਥੇ ਭਾਗ ਦੀ ਕਿਸ ਧਾਰਾ ਵਿੱਚ ਕੀਤਾ ਗਿਆ ਹੈ?

    (ਅ) ਧਾਰਾ 35-51 (ਬ) ਧਾਰਾ 35-77

    (ਸ) ਧਾਰਾ 35-36 (ਦ) ਧਾਰਾ 51-57

13. ਮੌਲਿਕ ਅਧਿਕਾਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਜਦੋਂ ਕਿ ਨਿਰਦੇਸ਼ਕ ਸਿਧਾਂਤ............

    (ਅ) ਪ੍ਰਾਪਤ ਕੀਤੇ ਜਾ ਚੁੱਕੇ ਹਨ (ਬ) ਪ੍ਰਾਪਤ ਕਰਨਾ ਹਾਲੇ ਬਾਕੀ ਹੈ

    (ਸ) ਨਾ (ਅ) ਨਾ (ਬ) (ਦ) ਉਪਰੋਕਤ ਵਿੱਚੋਂ ਕੋਈ ਨਹੀਂ।

## 4.8 ਸਾਰ ਅੰਸ਼ (Summary)


- ਇਸ ਨੀਤੀ ਨਿਰਦੇਸ਼ਕ ਤੱਤਾਂ ਦਾ ਵਰਨਣ ਸੰਵਿਧਾਨ ਦੇ ਚੌਥੇ ਭਾਗ ਵਿੱਚ ਕੀਤਾ ਗਿਆ ਹੈ। ਇਸ ਅਧਿਆਇ ਦੇ ਅਧੀਨ ਸੰਵਿਧਾਨ ਨਿਰਮਾਤਾਵਾਂ ਨੇ ਇਕ ਦਿਸ਼ਾ ਵੱਲ ਸੰਕੇਤ ਕੀਤਾ ਹੈ ਜਿਸ ਦਾ ਅਨੁਸਰਣ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਕਾਨੂੰਨ ਨਿਰਮਾਣ ਅਤੇ ਪ੍ਰਸ਼ਾਸਨ ਦੇ ਸਬੰਧ ਵਿੱਚ ਕੀਤਾ ਜਾਣਾ ਚਾਹੀਦਾ ਹੈ।
- ਰਾਜ-ਨੀਤੀ ਦੇ ਨਿਰਦੇਸ਼ਕ ਤੱਤ ਭਾਰਤੀ ਸੰਵਿਧਾਨ ਦੀ ਇਕ ਨਵੀਂ ਵਿਸ਼ੇਸ਼ਤਾ ਹੈ। ਇਨ੍ਹਾਂ ਸਿਧਾਂਤਾਂ ਵਿੱਚ ਉਨ੍ਹਾਂ ਹੁਕਮਾਂ ਦੀ ਸੂਚੀ ਸ਼ਾਮਿਲ ਹੈ ਜਿਨ੍ਹਾਂ ਦੇ ਅਨੁਸਾਰ ਵਰਤਮਾਨ ਅਤੇ ਭਵਿੱਖ ਦੀਆਂ ਸਰਕਾਰਾਂ ਕੰਮ ਕਰਨਗੀਆਂ ਭਾਵੇਂ ਉਹ ਕਿਸੇ ਰਾਜਨੀਤਿਕ ਦਲ ਨਾਲ ਸਬੰਧਿਤ ਹੋਣ।
- ਨਿਰਦੇਸ਼ਕ ਸਿਧਾਂਤ ਇਕ ਵਿਸ਼ੇਸ਼ ਤਰ੍ਹਾਂ ਦੀ ਸਮਾਜਿਕ ਵਿਵਸਥਾ ਸਥਾਪਿਤ ਕਰਨਾ ਚਾਹੁੰਦੇ ਹਨ। ਅਨੁਛੇਦ 38 ਦੇ ਅਨੁਸਾਰ, "ਰਾਜ ਅਜਿਹੀ ਸਮਾਜਿਕ ਵਿਵਸਥਾ ਸਥਾਪਿਤ ਕਰਕੇ ਜਿਸ ਵਿੱਚ ਰਾਸ਼ਟਰੀ ਜੀਵਨ ਦੀਆਂ ਸਾਰੀਆਂ ਸੰਸਥਾਵਾਂ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆ ਉਪਲੱਬਧ ਹੋਣ, ਲੋਕਾਂ ਦੇ ਕਲਿਆਣ ਨੂੰ ਬੜ੍ਹਾਵਾ ਦੇਣ ਦਾ ਯਤਨ ਕਰੇਗਾ।"
- 42ਵੀਂ ਸੋਧ ਵੱਲੋਂ ਸੰਵਿਧਾਨ ਵਿੱਚ ਨਵਾਂ ਅਨੁਛੇਦ 43.1 ਜੋੜਿਆ ਗਿਆ ਹੈ ਜਿਸ ਵੱਲੋਂ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਸਹੀ ਕਾਨੂੰਨ ਜਾਂ ਕਿਸੇ ਹੋਰ ਵਿਧੀ ਨਾਲ ਉਸ ਉਦੇਸ਼ ਦੇ ਲਈ ਯਤਨ ਕਰੇਗਾ ਕਿ ਕਿਸੇ ਵੀ ਇਸਤੇਮਾਲ ਨਾਲ ਸਬੰਧਿਤ ਕਾਰੋਬਾਰ ਦੇ ਪ੍ਰਬੰਧ ਵਿੱਚ ਜਾਂ ਹੋਰ ਸੰਸਥਾਵਾਂ ਵਿੱਚ ਮਜ਼ਦੂਰਾਂ ਨੂੰ ਭਾਗ ਲੈਣ ਦਾ ਮੌਕਾ ਪ੍ਰਦਾਨ ਹੋਵੇ।
- ਸੰਵਿਧਾਨ ਨੇ ਰਾਜ ਦੇ ਨੀਤੀ ਨਿਰਦੇਸ਼ਕ ਤੱਤਾਂ ਨੂੰ ਇਕ ਪਾਸੇ ਦੇਸ਼ ਦੇ ਸ਼ਾਸਨ ਵਿੱਚ ਮੂਲਭੂਤ ਮੰਨਿਆ ਹੈ ਪਰ ਨਾਲ ਹੀ ਉਹ ਵਿਧਾਨਿਕ ਸ਼ਕਤੀ ਜਾਂ ਪ੍ਰਾਪਤ ਨਿਆ ਯੋਗ ਨਹੀਂ ਹੈ ਅਤੇ ਅਦਾਲਤ ਉਪਯੁਕਤ ਸਿਧਾਂਤ ਨੂੰ ਕਿਰਿਆਸ਼ੀਲ ਨਹੀਂ ਕਰ ਸਕਦੇ ਹਨ।
- ਨੀਤੀ-ਨਿਰਦੇਸ਼ਕ ਤੱਤਾਂ ਵਿੱਚ ਸ਼ਾਮਿਲ ਲਕਸ਼ ਨੂੰ ਪੂਰਾ ਕਰਨ ਦੇ ਲਈ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ ਪਰ ਰਾਜ ਇਸ ਸਬੰਧ ਵਿੱਚ ਆਪਣੀ ਜ਼ਿੰਮੇਵਾਰੀ ਨੂੰ ਭੁੱਲਿਆ ਨਹੀਂ ਹੈ ਅਤੇ ਉਮੀਦ ਕੀਤੀ ਜਾ ਸਕਦੀ ਹੈ ਅਤੇ ਅੱਗੇ ਆਉਣ ਵਾਲੇ ਸਾਲਾਂ ਵਿੱਚ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਦੇ ਲਈ ਹੋਰ ਜ਼ਿਆਦਾ ਤੇਜ਼ੀ ਨਾਲ ਯਤਨ ਕੀਤੇ ਜਾਣਗੇ।
- ਮੌਲਿਕ ਅਧਿਕਾਰ ਲੋਕਾਂ ਨੂੰ ਪ੍ਰਾਪਤ ਹੋ ਚੁੱਕੇ ਹਨ ਜਦੋਂ ਕਿ ਨਿਰਦੇਸ਼ਕ ਸਿਧਾਂਤ ਹਾਲੇ ਤੱਕ ਲੋਕਾਂ ਨੂੰ ਪ੍ਰਾਪਤ ਨਹੀਂ ਹੋਏ। ਸਰਕਾਰ ਇਨ੍ਹਾਂ ਸਿਧਾਂਤਾਂ ਨੂੰ ਵਿਵਹਾਰਿਕ ਰੂਪ ਦੇਣ ਦਾ ਯਤਨ ਕਰ ਰਹੀ ਹੈ।


## 4.9 ਸ਼ਬਦਕੋਸ਼ (Keywords)

- **ਅਸਪਸ਼ਾਇਤਾ (Untouchability):** ਛੂਆਛੂਤ, ਅਛੂਤਾਪਨ।
- **ਵਿਕੇਂਦਰੀਕਰਨ (Decentralisation):** ਕੇਂਦਰ ਤੋਂ ਹਟਾਉਣਾ।

## 4.10 ਅਭਿਆਸ ਪ੍ਰਸ਼ਨ (Review Questions)

1. ਭਾਰਤੀ ਸੰਵਿਧਾਨ ਵਿੱਚ ਦਿੱਤੇ ਗਏ ਰਾਜ-ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਵਰਨਣ ਕਰੋ।
2. ਨਿਰਦੇਸ਼ਕ ਸਿਧਾਂਤਾਂ ਦਾ ਮਹੱਤਵ ਦੱਸਦੇ ਹੋਏ ਨਿਰਦੇਸ਼ਕ ਸਿਧਾਂਤਾਂ ਦਾ ਵਰਗੀਕਰਨ ਕਰੋ।
3. ਰਾਜ-ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੀ ਆਲੋਚਨਾਤਮਕ ਮੁਲਾਂਕਣ ਕਰੋ।
4. ਮੌਲਿਕ ਅਧਿਕਾਰਾਂ ਅਤੇ ਨਿਰਦੇਸ਼ਕ ਸਿਧਾਂਤਾਂ ਵਿੱਚ ਅੰਤਰ ਸਪੱਸ਼ਟ ਕਰੋ।
5. ਰਾਜ-ਨੀਤੀ ਨਿਰਦੇਸ਼ਕ ਸਿਧਾਂਤਾਂ ਦੀ ਉਪਯੋਗਤਾ ਦਾ ਵਰਨਣ ਕਰੋ।

### ਉੱਤਰ : ਸਵ-ਮੁਲਾਂਕਣ (Answer: Self Assessment)

| | |
|---|---|
| 1. 1937 | 2. ਅਨੁਛੇਦ 36 ਤੋਂ 51 |
| 3. 42 | 4. 40 |
| 5. (ਦ) | 6. (ਅ) |

ਨੋਟ

| | |
|---|---|
| 7. (ਬ) | 8. ਸੱਚ |
| 9. ਝੂਠ | 10. ਝੂਠ |
| 11. ਸੱਚ | 12. (ਅ) |
| 13. (ਬ) | |

## 4.11 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਇੰਡੀਅਨ ਐਂਡ ਪੋਲੀਟਿਕਸ–ਸੁਭਾਸ਼ ਕਸ਼ਯਪ।
2. ਭਾਰਤੀ ਰਾਜਨੀਤਿਕ ਵਿਵਸਥਾ–ਐੱਨ. ਛਾਬੜਾ, ਅਭਿਨਵ ਪ੍ਰਕਾਸ਼ਨ, (ਰੋਹਤਕ ਹਰਿਆਣਾ)।

# ਇਕਾਈ-5: ਸੰਘੀ ਸਰਕਾਰ : ਰਾਸ਼ਟਰਪਤੀ, ਉੱਪ-ਰਾਸ਼ਟਰਪਤੀ (Union Government: President, Vice-President)

**ਵਿਸ਼ਾ ਵਸਤੂ (Contents)**

ਉਦੇਸ਼ (Objectives)

ਜਾਣਕਾਰੀ (Introduction)

5.1 ਰਾਸ਼ਟਰਪਤੀ ਦੀ ਚੋਣ ਦਾ ਢੰਗ (Method of President's Election)

5.2 ਰਾਸ਼ਟਰਪਤੀ ਦੀ ਚੋਣ ਦੇ ਢੰਗ ਦੀ ਆਲੋਚਨਾ (Criticism of the Method for Election of the President)

5.3 ਰਾਸ਼ਟਰਪਤੀ ਦੀਆਂ ਸ਼ਕਤੀਆਂ ਅਤੇ ਸਥਿਤੀ (President's Power and Position)

5.4 ਰਾਸ਼ਟਰਪਤੀ ਦੀਆਂ ਸੰਕਟ ਕਾਲੀਨ ਸ਼ਕਤੀਆਂ (Emergency Powers of the President)

5.5 ਸੰਕਟਕਾਲੀਨ ਵਿਵਸਥਾਵਾਂ ਦਾ ਔਚਿਤਯ (Justification of Emergency Provisions)

5.6 ਭਾਰਤ ਦਾ ਉੱਪ-ਰਾਸ਼ਟਰਪਤੀ (Vice-President of India)

5.7 ਸਾਰ ਅੰਸ਼ (Summary)

5.8 ਸ਼ਬਦਕੋਸ਼ (Keywords)

5.9 ਅਭਿਆਸ ਪ੍ਰਸ਼ਨ (Review Questions)

5.10 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਰਾਸ਼ਟਰਪਤੀ ਦੀ ਚੋਣ ਨੂੰ ਸਮਝਣ ਸਬੰਧੀ।
- ਰਾਸ਼ਟਰਪਤੀ ਦੇ ਕੰਮਾਂ ਅਤੇ ਸ਼ਕਤੀਆਂ ਨੂੰ ਸਮਝਣ ਸਬੰਧੀ।
- ਭਾਰਤ ਦੇ ਉੱਪ ਰਾਸ਼ਟਰਪਤੀ ਦੀ ਚੋਣ ਸਬੰਧੀ।

## ਜਾਣਕਾਰੀ (Introduction)

ਭਾਰਤ ਦੇ ਸੰਵਿਧਾਨ ਵਿੱਚ ਕਿਹਾ ਗਿਆ ਹੈ ਕਿ ਭਾਰਤ ਦਾ ਇਕ ਰਾਸ਼ਟਰਪਤੀ ਹੋਵੇਗਾ। ਸੰਘ ਦੀ ਕਾਰਜ ਪਾਲਿਕਾ ਸ਼ਕਤੀ ਰਾਸ਼ਟਰਪਤੀ ਵਿੱਚ ਸ਼ਾਮਿਲ ਹੋਵੇਗੀ ਅਤੇ ਇਸ ਦਾ ਇਸਤੇਮਾਲ ਸੰਵਿਧਾਨ ਦੇ ਅਨੁਸਾਰ ਖੁਦ ਜਾਂ ਅਧੀਨ ਅਹੁਦੇ ਦੇ ਅਧਿਕਾਰੀਆਂ ਵੱਲੋਂ ਕਰੇਗਾ। ਇਸ ਤਰ੍ਹਾਂ ਸੰਘੀ ਕਾਰਜ ਪਾਲਿਕਾ ਰਾਸ਼ਟਰਪਤੀ ਅਤੇ ਮੰਤਰੀ ਪ੍ਰੀਸ਼ਦ ਹੋਣਗੇ। ਰਾਸ਼ਟਰਪਤੀ ਕਾਰਜ ਪਾਲਿਕਾ ਦਾ ਉਪਚਾਰਿਕ ਪ੍ਰਧਾਨ ਹੋਵੇਗਾ ਅਤੇ ਮੰਤਰੀ ਪ੍ਰੀਸ਼ਦ ਕਾਰਜ ਪਾਲਿਕਾ ਦੀ ਅਸਲੀਅਤ ਪ੍ਰਧਾਨ। ਭਾਰਤੀ ਸੰਘ ਵਿੱਚ ਰਾਸ਼ਟਰਪਤੀ ਦੀ ਸਥਿਤੀ ਦਾ ਰੂਪ ਪੇਸ਼ ਕਰਦੇ ਹੋਏ ਡਾ. ਅੰਬੇਦਕਰ ਨੇ ਕਿਹਾ ਸੀ, "ਭਾਰਤੀ ਸੰਵਿਧਾਨ ਵਿੱਚ ਰਾਸ਼ਟਰਪਤੀ ਨੂੰ ਉਹੀ ਸਥਿਤੀ ਪ੍ਰਾਪਤ ਹੈ ਜੋ ਬ੍ਰਿਟਿਸ਼ ਸੰਵਿਧਾਨ ਵਿੱਚ ਸਮਰਾਟ ਨੂੰ। ਉਹ ਰਾਜ ਦਾ ਪ੍ਰਧਾਨ ਹੈ ਕਾਰਜ ਪਾਲਿਕਾ ਦਾ ਨਹੀਂ। ਉਹ ਰਾਸ਼ਟਰ ਦੀ ਪ੍ਰਤੀਨਿਧਤਾ ਕਰਦਾ ਹੈ, ਰਾਸ਼ਟਰ 'ਤੇ ਸ਼ਾਸਨ ਨਹੀਂ ਕਰਦਾ। ਉਹ ਰਾਸ਼ਟਰ ਦਾ ਪ੍ਰਤੀਕ ਹੈ। ਪ੍ਰਸ਼ਾਸਨ ਵਿੱਚ ਉਸ ਦਾ ਸਥਾਨ ਉਪਚਾਰਕ ਪ੍ਰਧਾਨ ਦਾ ਹੈ।"

ਨੋਟ

## 5.1 ਰਾਸ਼ਟਰਪਤੀ ਦੀ ਚੋਣ ਦਾ ਢੰਗ (Method of President's Election)

ਸੰਵਿਧਾਨ ਦੇ ਅਨੁਸਾਰ ਭਾਰਤ ਇਕ ਪ੍ਰਭੂਸੱਤਾ ਸੰਪਨ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਤੰਤਰ ਹੈ। ਭਾਰਤ ਨੂੰ ਗਣਤੰਤਰ ਬਨਾਉਣ ਦੇ ਉਦੇਸ਼ ਦੀ ਪ੍ਰਾਪਤੀ ਦੇ ਲਈ ਸੰਵਿਧਾਨ ਵੱਲੋਂ ਦੇਸ਼ ਦੇ ਰਾਸ਼ਟਰਪਤੀ ਦੀ ਚੋਣ ਦੀ ਵਿਵਸਥਾ ਕੀਤੀ ਗਈ ਹੈ ਪਰ ਸਰਕਾਰ ਦਾ ਸੰਸਦੀ ਰੂਪ ਅਪਣਾਏ ਜਾਣ ਦੇ ਕਾਰਨ ਸੰਵਿਧਾਨ ਦੇ ਨਿਰਮਾਤਾਵਾਂ ਲਈ ਇਹ ਜ਼ਰੂਰੀ ਹੋ ਗਿਆ ਕਿ ਰਾਸ਼ਟਰਪਤੀ ਨੂੰ ਇਕ ਨਾਮਾਤਰ ਅਤੇ ਸੰਵਿਧਾਨਕ ਮੁਖੀਆ ਬਣਾਇਆ ਜਾਵੇ। ਇਸ ਲਈ ਰਾਸ਼ਟਰਪਤੀ ਦੀ ਚੋਣ ਲਈ ਅਪ੍ਰੱਤਖ ਚੋਣ ਪ੍ਰਣਾਲੀ ਅਪਨਾਈ ਗਈ। ਇਹ ਫੈਸਲਾ ਕੀਤਾ ਗਿਆ ਕਿ ਅਸਲ ਸ਼ਕਤੀਆਂ ਦਾ ਇਸਤੇਮਾਲ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਵੱਲੋਂ ਕੀਤਾ ਜਾਣਾ ਹੈ ਅਤੇ ਰਾਸ਼ਟਰਪਤੀ ਕੇਵਲ ਸੰਵਿਧਾਨਿਕ ਮੁਖੀਆ ਦੇ ਰੂਪ ਵਿੱਚ ਰਾਜ ਦੇ ਪ੍ਰਧਾਨ ਦੇ ਅਹੁਦੇ 'ਤੇ ਅਸੀਮ ਹੋਵੇਗਾ। ਅਜਿਹਾ ਸੋਚ ਦੇ ਆਧਾਰ 'ਤੇ ਇਹ ਸੁਭਾਵਿਕ ਰੂਪ ਵਿੱਚ ਲਿਆ ਗਿਆ ਕਿ ਰਾਸ਼ਟਰਪਤੀ ਨੂੰ ਜਨਤਾ ਵੱਲੋਂ ਪ੍ਰੱਤਖ ਰੂਪ ਵਿੱਚ ਨਹੀਂ ਚੁਣਿਆ ਜਾਣਾ ਚਾਹੀਦਾ। ਪੰਡਿਤ ਜਵਾਹਰ ਲਾਲ ਨਹਿਰੂ ਦੇ ਸ਼ਬਦਾਂ ਵਿੱਚ, ਇਹ ਮਹਿਸੂਸ ਕੀਤਾ ਗਿਆ ਕਿ ਜਦੋਂ ਕਿ ਰਾਸ਼ਟਰਪਤੀ ਕੇਵਲ ਸੰਵਿਧਾਨਿਕ ਮੁਖੀਆ ਹੋਵੇਗਾ ਇਸ ਦੇ ਲਈ ਸਧਾਰਣ ਲੋਕਾਂ ਵੱਲੋਂ ਵੋਟਾਂ ਨਾਲ ਵੋਟਾਂ ਵੱਲੋਂ ਰਾਸ਼ਟਰਪਤੀ ਦੀ ਚੋਣ ਇਕ ਬੇਅਰਥ ਯਤਨ ਹੋਵੇਗਾ। ਇਹ ਵੀ ਮਹਿਸੂਸ ਕੀਤਾ ਗਿਆ ਕਿ ਲੋਕਾਂ ਵੱਲੋਂ ਪ੍ਰੱਤਖ ਰੂਪ ਵਿੱਚ ਚੋਣ ਰਾਸ਼ਟਰਪਤੀ ਪ੍ਰਧਾਨ ਮੰਤਰੀ ਵੱਲੋਂ ਸਰਕਾਰ ਦੀ ਅਗਵਾਈ ਨੂੰ ਚੁਣੌਤੀ ਦੇ ਸਕਦਾ ਸੀ ਅਤੇ ਇਸ ਤਰ੍ਹਾਂ ਉਹ ਸੰਸਦੀ ਪ੍ਰਣਾਲੀ ਦੇ ਲਈ ਖਤਰਾ ਖੜ੍ਹਾ ਕਰ ਸਕਦਾ ਸੀ। ਇਸ ਲਈ ਸੰਵਿਧਾਨ ਨਿਰਮਾਤਾਵਾਂ ਨੇ ਇਹ ਫੈਸਲਾ ਕੀਤਾ ਕਿ ਰਾਸ਼ਟਰਪਤੀ ਦੀ ਚੋਣ ਅਪ੍ਰੱਤਖ ਢੰਗ ਨਾਲ ਹੋਵੇਗੀ।

*ਟਾਸਕ* ਭਾਰਤੀ ਸੰਘ ਦੀ ਕਾਰਜਪਾਲਿਕਾ ਦੇ ਪ੍ਰਧਾਨ ਨੂੰ ਰਾਸ਼ਟਰਪਤੀ ਕਿਹਾ ਜਾਵੇਗਾ। ਜਦੋਂ ਕਿ ਕਾਰਜਪਾਲਿਕਾ ਦੇ ਪ੍ਰਸ਼ਨ ਦਾ ਉਹ ਨਾਮਕਰਣ ਅਮਰੀਕੀ ਸੰਵਿਧਾਨ ਦੇ ਬਰਾਬਰ ਹੈ ਪਰ ਭਾਰਤੀ ਰਾਸ਼ਟਰਪਤੀ ਦੇ ਕੰਮ ਅਤੇ ਸ਼ਕਤੀਆਂ ਅਮਰੀਕੀ ਰਾਸ਼ਟਰਪਤੀ ਦੇ ਬਰਾਬਰ ਨਹੀਂ ਹਨ।

ਸੰਵਿਧਾਨ ਦੇ ਅਨੁਛੇਦ 54 ਦੇ ਅਨੁਸਾਰ ਸੰਘੀ ਸੰਸਦ ਦੇ ਦੋਨਾਂ ਸਦਨਾਂ ਦੀ ਚੋਣ ਮੈਂਬਰਾਂ ਅਤੇ ਰਾਜ ਵਿਧਾਨ ਸਭਾਵਾਂ ਦੇ ਚੋਣ ਮੈਂਬਰਾਂ ਵੱਲੋਂ ਰਾਸ਼ਟਰਪਤੀ ਦੇ ਅਪ੍ਰੱਤਖ ਚੋਣ ਦੇ ਢੰਗ ਦੀ ਵਿਵਸਥਾ ਕੀਤੀ ਗਈ ਹੈ–

**(ੳ) ਰਾਸ਼ਟਰਪਤੀ ਦੇ ਅਹੁਦੇ ਲਈ ਯੋਗਤਾਵਾਂ** (Qualifications for the office of the President): ਸੰਵਿਧਾਨ ਵੱਲੋਂ ਰਾਸ਼ਟਰਪਤੀ ਦੇ ਪਦ ਦੇ ਉਮੀਦਵਾਰ ਲਈ ਹੇਠ ਲਿਖੀਆਂ ਯੋਗਤਾਵਾਂ ਨਿਰਧਾਰਿਤ ਕੀਤੀਆਂ ਗਈਆਂ ਹਨ–

1. ਉਹ ਭਾਰਤ ਦਾ ਨਾਗਰਿਕ ਹੋਣਾ ਚਾਹੀਦਾ ਹੈ ਪਰ ਇਹ ਨਹੀਂ ਲਿਖਿਆ ਗਿਆ ਕਿ ਉਹ ਭਾਰਤ ਦਾ ਜਨਮਜਾਤ ਨਾਗਰਿਕ ਹੀ ਹੋਣਾ ਚਾਹੀਦਾ ਹੈ।
2. ਉਸ ਦੀ ਉਮਰ 35 ਸਾਲ ਤੋਂ ਉੱਪਰ ਹੋਵੇ।
3. ਉਹ ਲੋਕਾਂ ਦੇ ਸਦਨ (ਲੋਕ ਸਭਾ) ਦੇ ਇਕ ਮੈਂਬਰ ਦੇ ਰੂਪ ਵਿੱਚ ਚੁਣੇ ਜਾਣ ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ।
4. ਉਹ ਕਿਸੇ ਸਰਕਾਰੀ ਲਾਭ ਪ੍ਰਾਪਤ ਅਹੁਦੇ 'ਤੇ ਨਿਯੁਕਤ ਨਾ ਹੋਵੇ, ਅਤੇ
5. ਉਹ ਸੰਸਦ ਦੇ ਕਿਸੇ ਵੀ ਸਦਨ ਜਾਂ ਕਿਸੇ ਰਾਜ ਵਿਧਾਨ ਪਾਲਿਕਾ ਦਾ ਮੈਂਬਰ ਨਹੀਂ ਹੋਣਾ ਚਾਹੀਦਾ "ਜੇਕਰ ਕੋਈ ਸੰਸਦ ਦਾ ਮੈਂਬਰ ਜਾਂ ਵਿਧਾਨ ਪਾਲਿਕਾ ਦਾ ਮੈਂਬਰ ਰਾਸ਼ਟਰਪਤੀ ਦੇ ਰੂਪ ਵਿੱਚ ਨਿਰਵਾਚਿਤ ਹੁੰਦਾ ਹੈ ਤਾਂ ਉਸ ਨੂੰ ਉਹ ਮਿਤੀ ਵਿੱਚ ਸੰਸਦ ਜਾਂ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਤਿਆਗ-ਪੱਤਰ ਦੇਣਾ ਹੁੰਦਾ ਹੈ ਜਿਸ ਦਿਨ ਤੋਂ ਉਹ ਰਾਸ਼ਟਰਪਤੀ ਦੇ ਰੂਪ ਵਿੱਚ ਅਹੁਦਾ ਸੰਭਾਲ ਲੈਂਦਾ ਹੈ।"
6. ਇਨ੍ਹਾਂ ਯੋਗਤਾਵਾਂ ਤੋਂ ਇਲਾਵਾ ਰਾਸ਼ਟਰਪਤੀ ਦੀ ਚੋਣ ਸਬੰਧੀ ਐਕਟ 1974 ਦੇ ਅਧੀਨ ਵਿਵਸਥਾ ਕੀਤੀ ਗਈ ਹੈ ਕਿ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜਨ ਵਾਲਾ ਹਰੇਕ ਉਮੀਦਵਾਰ ਆਪਣਾ ਨਾਮਾਂਕਣ ਪੱਤਰ ਦੇ ਨਾਲ 2500 ਰੁਪਏ ਜ਼ਮਾਨਤ ਰਕਮ ਜਮ੍ਹਾਂ ਕਰਵਾਉਣ ਅਤੇ ਉਸ ਦੇ ਨਾਮਜ਼ਦਗੀ ਪੱਤਰ 'ਤੇ ਘੱਟ ਤੋਂ ਘੱਟ 10 ਵੋਟਰ ਉਸ ਦੇ ਨਾਮ ਦਿੱਤਾ ਪ੍ਰਸਤਾਵ ਕਰਨਗੇ ਅਤੇ 10 ਹੋਰ ਵੋਟਰ ਉਸ ਦੇ ਨਾਮ ਦਾ ਸਮਰਥਨ ਕਰਨਗੇ। 1997 ਵਿੱਚ ਇਕ ਹੁਕਮ ਦੇ ਨਾਲ ਜ਼ਮਾਨਤ ਦੀ ਰਾਸ਼ੀ 2500 ਤੋਂ ਵਧਾ ਕੇ 15,000 ਰੁਪਏ ਕਰ ਦਿੱਤੀ ਗਈ ਅਤੇ ਉਮੀਦਵਾਰ ਦੇ ਨਾਮ ਨੂੰ ਪ੍ਰਸਤਾਵਿਤ ਕਰਨ ਦੇ ਲਈ ਹੁਣ 50 ਵੋਟਰਾਂ ਦਾ ਹੋਣਾ ਜ਼ਰੂਰੀ ਕਰ ਦਿੱਤਾ ਗਿਆ ਹੈ ਅਤੇ ਇਸ ਦੇ ਨਾਲ ਹੀ 50

ਹੋਰ ਵੋਟਰਾਂ ਨੇ ਕਿਸੇ ਅਜਿਹੇ ਉਮੀਦਵਾਰ ਦੇ ਨਾਮ ਦਾ ਸਮਰਥਨ ਕਰਨਾ ਸੀ। ਅਜਿਹਾ ਇਸ ਕਾਰਨ ਕੀਤਾ ਗਿਆ ਤਾਂ ਕਿ ਰਾਸ਼ਟਰਪਤੀ ਦੀ ਚੋਣ ਵਿੱਚ ਉਮੀਦਵਾਰਾਂ ਦੀ ਸੰਖਿਆ ਘੱਟ ਤੋਂ ਘੱਟ ਰੱਖੀ ਜਾ ਸਕੇ ਅਤੇ ਗੈਰ-ਜ਼ਿੰਮੇਵਾਰ ਉਮੀਦਵਾਰਾਂ ਨੂੰ ਚੋਣ ਲੜਨ ਦਾ ਮੌਕਾ ਨਾ ਮਿਲ ਸਕੇ। ਇਹ ਵੀ ਨਿਯਮ ਲਾਗੂ ਹੈ ਕਿ ਕੋਈ ਉਮੀਦਵਾਰ ਰਾਸ਼ਟਰਪਤੀ ਦੀ ਚੋਣ ਵਿੱਚ ਪਾਏ ਵੋਟਾਂ ਵਿੱਚੋਂ ਘੱਟ ਤੋਂ ਘੱਟ 1/6 ਭਾਗ ਪ੍ਰਾਪਤ ਨਹੀਂ ਕਰਦਾ ਤਾਂ ਉਸ ਦੀ ਜ਼ਮਾਨਤ ਰਾਸ਼ੀ ਜਬਤ ਹੋ ਜਾਵੇਗੀ। ਅਜਿਹੇ ਪਰਿਵਰਤਨ ਤੋਂ ਬਾਅਦ 1997 ਦੀ ਰਾਸ਼ਟਰਪਤੀ ਚੋਣ ਵਿੱਚ ਕੇਵਲ 2 ਉਮੀਦਵਾਰ ਹੀ ਮੈਦਾਨ ਵਿੱਚ ਉਤਰੇ-ਸ਼੍ਰੀ ਕੇ. ਆਰ. ਨਾਰਾਇਨਣ ਅਤੇ ਸ਼੍ਰੀ ਟੀ. ਆਰ. ਸ਼ੇਸ਼ਨ ਅਤੇ ਇਸ ਤੋਂ ਬਾਅਦ ਵੀ ਰਾਸ਼ਟਰਪਤੀ ਦੀ ਚੋਣ ਵਿੱਚ ਉਮੀਦਵਾਰਾਂ ਦੀ ਸੰਖਿਆ ਬਹੁਤ ਘੱਟ ਰਹੀ ਹੈ। ਸਧਾਰਣ ਤੌਰ 'ਤੇ ਦੋ ਮੁੱਖ ਉਮੀਦਵਾਰ ਹੀ ਰਾਸ਼ਟਰਪਤੀ ਦੀ ਚੋਣ ਲੜਦੇ ਰਹੇ ਹਨ।

**(ਖ) ਰਾਸ਼ਟਰਪਤੀ ਦੀ ਚੋਣ ਲਈ ਚੋਣ-ਮੰਡਲ ਦੀ ਰਚਨਾ** (Composition of the Electoral College for the Election of the President): ਸੰਵਿਧਾਨ ਦੇ ਅਨੁਸਾਰ ਰਾਸ਼ਟਰਪਤੀ ਦੀ ਅਪ੍ਰਤੱਖ ਚੋਣ ਦੀ ਵਿਵਸਥਾ ਕੀਤੀ ਗਈ ਹੈ। ਉਹ ਇਕ ਚੋਣ ਮੰਡਲ ਵੱਲੋਂ ਚੁਣਿਆ ਜਾਂਦਾ ਹੈ ਜੋ ਸੰਸਦ ਦੇ ਦੋਨਾਂ ਸਦਨਾਂ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਮੈਂਬਰਾਂ 'ਤੇ ਅਧਾਰਿਤ ਹੁੰਦਾ ਹੈ। ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੇ ਨਿਯੁਕਤ ਮੈਂਬਰ ਰਾਸ਼ਟਰਪਤੀ ਦੀ ਚੋਣ ਵਿੱਚ ਨਹੀਂ ਲੈ ਸਕਦੇ ਤਾਂ ਕਿ ਸ਼ਾਮਿਲ ਵਿਦਮਾਨ ਰਾਸ਼ਟਰਪਤੀ ਵੱਲੋਂ ਅਜਿਹੇ ਮੈਂਬਰਾਂ 'ਤੇ ਪਾਏ ਜਾਣ ਵਾਲੇ ਸੰਭਾਵਿਤ ਪ੍ਰਭਾਵ ਨਾਲ ਬਚਿਆ ਜਾ ਸਕੇ, ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਚੋਣ ਮੰਡਲ ਵਿੱਚ ਖਾਲੀ ਸੀਟਾਂ ਦੇ ਆਧਾਰ 'ਤੇ ਰਾਸ਼ਟਰਪਤੀ ਦੀ ਚੋਣ ਨੂੰ ਰੋਕਿਆ ਨਹੀਂ ਜਾ ਸਕਦਾ ਜੋ ਕਿ ਹਰੇਕ ਪੰਜ ਸਾਲ ਬਾਅਦ ਹੋਣਾ ਜ਼ਰੂਰੀ ਹੁੰਦਾ ਹੈ। 1957 ਵਿੱਚ ਰਾਸ਼ਟਰਪਤੀ ਦੀ ਚੋਣ ਕਰਵਾਏ ਜਾਣ ਨੂੰ 10 ਅਧਾਰਾਂ 'ਤੇ ਚੁਣੌਤੀ ਦਿੱਤੀ ਗਈ ਸੀ ਕਿ ਚੋਣ ਮੰਡਲ ਵਿੱਚ ਬਹੁਤ ਸਾਰੀਆਂ ਸੀਟਾਂ ਖਾਲੀ ਪਈਆਂ ਸਨ। ਇਸ ਤਰੁਟੀ ਨੂੰ ਦੂਰ ਕਰਨ ਲਈ 1961 ਵਿੱਚ ਸੰਵਿਧਾਨ ਵਿੱਚ 11ਵੀਂ ਸੋਧ ਕੀਤੀ ਗਈ। ਇਸ ਸੋਧ ਨੇ ਅਨੁਛੇਦ 71 ਵਿੱਚ ਦਰਜ ਕੀਤਾ ਕਿ ਚੋਣ ਮੰਡਲ ਵਿੱਚ ਖਾਲੀ ਸੀਟਾਂ ਦੇ ਆਧਾਰ 'ਤੇ ਰਾਸਟਰਪਤੀ ਦੀ ਚੋਣ 'ਤੇ ਮੁਸ਼ਕਿਲ ਨਹੀਂ ਜਤਾਈ ਜਾ ਸਕਦੀ ਪਰ ਕੇਂਦਰ ਸਰਕਾਰ ਵੱਲੋਂ ਵਿਰੋਧੀ ਦਲ ਦੇ ਬਹੁਮਤ ਵਾਲੀ ਰਾਜ ਵਿਧਾਨ ਸਭਾ ਦੇ ਮੈਂਬਰਾਂ ਨੂੰ ਰਾਸ਼ਟਰਪਤੀ ਦੀ ਚੋਣ ਵਿੱਚ ਵੋਟ ਪਾਉਣ ਤੋਂ ਰੋਕਣ ਦੇ ਲਈ ਇਸ ਵਿਵਸਥਾ ਦਾ ਗਲਤ ਇਸਤੇਮਾਲ ਕੀਤਾ ਜਾ ਸਕਦਾ ਹੈ, ਅਜਿਹੀ ਗਲਤੀ ਨੂੰ ਸਿਹਤ ਲੋਕਤੰਤਰੀ ਨੀਤੀ ਦੇ ਨਾਲ ਹੀ ਰੋਕਿਆ ਜਾ ਸਕਦਾ ਹੈ ਪਰ ਰਾਸ਼ਟਰਪਤੀ ਦੀ ਚੋਣ ਨੂੰ ਨਿਸ਼ਚਿਤ ਸਮੇਂ ਦੇ ਬਾਅਦ ਸੰਗਠਿਤ ਕਰਨ ਦੀ ਜ਼ਰੂਰਤ ਹੈ ਕਿ ਨਜ਼ਰਬੰਦੀ ਦੇ ਅਧੀਨ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਅਤੇ ਕੱਢੇ ਗਏ ਰਾਜ ਵਿਧਾਨ ਸਭਾਵਾਂ ਦੇ ਵਿਧਾਇਕਾ ਨੂੰ ਵੀ ਰਾਸ਼ਟਰਪਤੀ ਦੀ ਚੋਣ ਵਿੱਚ ਭਾਗ ਲੈਣ ਦਾ ਅਧਿਕਾਰ ਹੁੰਦਾ ਹੈ।

1987 ਵਿੱਚ 9ਵੇਂ ਰਾਸ਼ਟਰਪਤੀ ਦੇ ਸਮੇਂ ਚੋਣ ਮੰਡਲ ਦੀ ਸੰਖਿਆ 4350 ਸੀ ਇਸ ਵਿੱਚ 702 ਸੰਸਦ ਮੈਂਬਰ ਅਤੇ 3648 ਵਿਧਾਇਕ ਸਨ। ਜੁਲਾਈ 1992 ਵਿੱਚ ਰਾਸ਼ਟਰਪਤੀ ਦੀ ਚੋਣ-ਮੰਡਲ ਵਿੱਚ ਕੁਲ ਮੈਂਬਰਾਂ ਦੀ ਸੰਖਿਆ 4748 ਸੀ, ਜਿਸ ਵਿੱਚ 776 ਸੰਸਦ ਮੈਂਬਰ ਅਤੇ 3910 ਵਿਧਾਇਕਾਂ ਨੇ ਭਾਗ ਲਿਆ ਅਤੇ ਕੁਲ 4642 ਵੋਟਾਂ ਪਾਈਆਂ ਗਈਆਂ। 2002 ਦੇ ਰਾਸ਼ਟਰਪਤੀ ਚੋਣ ਵਿੱਚ 776 ਸੰਸਦ ਮੈਂਬਰਾਂ ਅਤੇ 4120 ਵਿਧਾਇਕਾਂ ਨੇ ਭਾਗ ਲਿਆ ਅਤੇ ਚੋਣ-ਮੰਡਲ ਦੀ ਕੁੱਲ ਸੰਖਿਆ 4896 ਸੀ।

**(ਗ) ਚੋਣ ਦਾ ਢੰਗ** (Method of Election): ਅਨੁਛੇਦ 54 ਅਤੇ 55 ਵਿੱਚ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਦੇ ਢੰਗ ਦਾ ਵਰਨਣ ਕੀਤਾ ਗਿਆ ਹੈ। ਅਨੁਛੇਦ 54 ਦੇ ਅਨੁਸਾਰ ਰਾਸ਼ਟਰਪਤੀ ਦਾ ਅਪ੍ਰਤੱਖ ਚੋਣ ਕੇਂਦਰੀ ਸੰਸਦ ਦੇ ਦੋਨਾਂ ਸਦਨਾਂ ਦੇ ਚੁਣੇ ਮੈਂਬਰਾਂ ਅਤੇ ਰਾਜ ਵਿਧਾਨ ਸਭਾਵਾਂ ਦੇ ਚੁਣੇ ਵਿਧਾਇਕਾਂ 'ਤੇ ਆਧਾਰਿਤ ਚੋਣ-ਮੰਡਲ ਵੱਲੋਂ ਕੀਤਾ ਜਾਂਦਾ ਹੈ। ਇਹ ਚੋਣ ਏਕਲ ਪਰਿਵਰਤਨ ਵੋਟ-ਪ੍ਰਣਾਲੀ ਅਤੇ ਗੁਪਤ ਮਤਦਾਨ ਵੱਲੋਂ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਦੇ ਅਨੁਸਾਰ ਗੁਪਤ ਮਤਦਾਨ ਦੇ ਨਾਲ ਕੀਤਾ ਜਾਂਦਾ ਹੈ। ਅਨੁਛੇਦ 55 ਵਿੱਚ ਚੋਣ ਪ੍ਰਕਿਰਿਆ ਨਿਰਧਾਰਿਤ ਕੀਤੀ ਗਈ ਹੈ। ਇਹ ਅਨੁਛੇਦ ਸੰਸਦ ਮੈਂਬਰਾਂ ਅਤੇ ਰਾਜ ਦੇ ਵਿਧਾਇਕਾਂ ਦੀਆਂ ਵੋਟਾਂ ਵਿੱਚ ਇਕ ਸਵਰੂਪਤਾ ਅਤੇ ਰਾਸ਼ਟਰਪਤੀ ਦੀ ਚੋਣ ਨਾਲ ਸਬੰਧਿਤ ਹੋਰ ਮੁੱਦਿਆਂ ਨੂੰ ਨਿਸ਼ਚਿਤ ਕਰਨ ਲਈ ਹੇਠ ਲਿਖੇ ਸਿਧਾਂਤ ਨਿਰਧਾਰਿਤ ਕਰਦਾ ਹੈ।

**1. ਅਲੱਗ-ਅਲੱਗ ਰਾਜਾਂ ਦੇ ਪ੍ਰਤੀਨਿਧਤਾ ਦੇ ਪੈਮਾਨੇ ਵਿੱਚ ਇਕ-ਸਵਰੂਪਤਾ ਹੋਵੇਗੀ** (There shall be uniformity in the scale of representation of different States): ਇਸ ਉਦੇਸ਼ ਦੀ ਪੂਰਤੀ ਲਈ ਸੰਵਿਧਾਨ ਦੇ ਅਨੁਸਾਰ ਇਕ ਰਾਜ ਦੇ ਵਿਧਾਇਕ ਦੀ ਵੋਟ ਦੀ ਕੀਮਤ ਸਬੰਧਿਤ ਰਾਜ ਦੀ ਜਨਸੰਖਿਆ ਦੀ ਅਨੁਪਾਤ ਦੇ ਅਨੁਸਾਰ ਹੋਵੇਗੀ। ਵਿਧਾਇਕ ਦੀ ਵੋਟ ਦੀ ਕੀਮਤ ਨਿਰਧਾਰਿਤ ਕਰਨ ਲਈ ਹੇਠ ਲਿਖੇ ਫਾਰਮੂਲੇ ਇਸਤੇਮਾਲ ਕੀਤੇ ਜਾਣਗੇ।

ਰਾਜ ਦੇ ਇਕ ਵਿਧਾਇਕ ਦੀ ਵੋਟ ਦੀ ਕੀਮਤ

$$= \frac{\text{ਰਾਜ ਦੀ ਕੁੱਲ ਜਨਸੰਖਿਆ}}{\text{ਰਾਜ ਵਿਧਾਨ ਸਭਾ ਦੇ ਚੁਣੇ ਵਿਧਾਇਕਾਂ ਦੀ ਸੰਖਿਆ}} \times \frac{1}{1000}$$

(ਜੇਕਰ ਇਕ ਹਜਾਰ ਦਾ ਉਪਰੋਕਤ ਗੁਣਾਂ ਕਰਨ ਦੇ ਬਾਅਦ ਬਾਕੀ 500 ਤੋਂ ਘੱਟ ਨਹੀਂ ਬਚਦਾ ਤਾਂ ਹਰੇਕ ਮੈਂਬਰ ਦੀ ਵੋਟ ਇਕ ਤੱਕ ਹੋਰ ਵਧਾਈ ਜਾ ਸਕਦੀ ਹੈ)।

ਨੋਟ

ਉਦਾਹਰਣ–

2002 ਦੇ ਰਾਸ਼ਟਰਪਤੀ ਦੀ ਚੋਣ ਸਮੇਂ ਪੰਜਾਬ ਦੀ ਜਨਸੰਖਿਆ 1,35,516,60 ਸੀ ਅਤੇ ਪੰਜਾਬ ਦੇ ਚੁਣੇ ਵਿਧਾਇਕਾਂ ਦੀ ਸੰਖਿਆ 177 ਸੀ।

ਪੰਜਾਬ ਦੇ ਹਰੇਕ ਵਿਧਾਇਕ ਦੀ ਵੋਟ ਦੀ ਕੀਮਤ ਸੀ:

$$\frac{1,35,51,660}{117} \times \frac{1}{1000} = 115\frac{826}{1000} = 116$$

ਇਸ ਢੰਗ ਨਾਲ ਹਰੇਕ ਰਾਜ ਦੇ ਵਿਧਾਇਕ ਦੀ ਵੋਟ ਦੀ ਕੀਮਤ ਕੱਢੀ ਜਾਂਦੀ ਹੈ ਅਤੇ ਫਿਰ ਸਾਰੇ ਰਾਜਾਂ ਦੇ ਸਾਰੇ ਵਿਧਾਇਕਾਂ ਦੀ ਵੋਟਾਂ ਦੀ ਕੀਮਤ ਕੱਢ ਲਈ ਜਾਂਦੀ ਹੈ।

2. **ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਵੋਟ ਦੀ ਕੀਮਤ ਵਿੱਚ ਬਰਾਬਰਤਾ ਹੋਵੇਗੀ** (There shall be parity in the values of votes of all MPs and the MLAs) : ਰਾਜਾਂ ਅਤੇ ਸੰਘ ਵਿੱਚ ਬਰਾਬਰਤਾ ਲਿਆਉਣ ਲਈ ਇਹ ਨਿਸ਼ਚਿਤ ਕੀਤਾ ਗਿਆ ਕਿ ਸਾਰੇ ਚੁਣੇ ਸੰਸਦ ਮੈਂਬਰਾਂ ਦੀ ਵੋਟ ਦੀ ਕੀਮਤ ਸਾਰੇ ਵਿਧਾਇਕਾਂ ਦੀ ਵੋਟਾਂ ਦੀ ਕੁੱਲ ਕੀਮਤ ਦੇ ਬਰਾਬਰ ਹੋਵੇਗੀ। ਅਜਿਹਾ ਹੇਠ ਲਿਖੇ ਫਾਰਮੂਲੇ ਦੇ ਅਨੁਸਾਰ ਕੀਤਾ ਜਾਂਦਾ ਹੈ–

ਹਰੇਕ ਚੁਣੇ ਸੰਸਦ ਮੈਂਬਰ ਦੀ ਵੋਟ ਦੀ ਕੀਮਤ

$$= \frac{\text{ਸਾਰੇ ਰਾਜ ਵਿਧਾਨ ਸਭਾਵਾਂ ਦੇ ਸਾਰੇ ਚੁਣੇ ਵਿਧਾਇਕਾਂ ਦੀ ਵੋਟਾਂ ਦੀ ਕੁੱਲ ਸੰਖਿਆ}}{\text{ਕੁੱਲ ਚੁਣੇ ਸੰਸਦ ਰਾਜਾਂ ਦੀ ਸੰਖਿਆ}}$$

ਉਦਾਹਰਣ–

1992 ਦੇ ਰਾਸ਼ਟਰਪਤੀ ਦੀ ਚੋਣ ਵਿੱਚ ਸਾਰੇ ਰਾਜ ਵਿਧਾਨ ਸਭਾਵਾਂ ਦੇ ਚੁਣੇ ਵਿਧਾਇਕਾਂ ਦੀ ਵੋਟ ਦੀ ਕੁੱਲ ਸੰਸਦ ਮੈਂਬਰਾਂ ਦੀ ਸੰਖਿਆ 776 (543 ਲੋਕ ਸਭਾ ਅਤੇ 233 ਰਾਜ ਸਭਾ) ਸੀ।

ਹਰੇਕ ਚੁਣੇ ਸੰਸਦ ਮੈਂਬਰ ਦੀ ਵੋਟ ਦੀ ਕੀਮਤ $= \frac{544971}{776} = 702\frac{318}{776} = 702$

2002 ਦੇ ਰਾਸ਼ਟਰਪਤੀ ਚੋਣਾਂ ਵਿੱਚ ਇਕ ਸੰਸਦ ਦੀ ਵੋਟ ਦੀ ਕੀਮਤ 708 ਸੀ ਅਤੇ ਰਾਜ ਵਿਧਾਨ ਸਭਾਵਾਂ ਦੇ ਮੈਂਬਰਾਂ ਦੀ ਵੋਟ ਦੀ ਕੀਮਤ ਵੱਖ–ਵੱਖ ਸੀ। ਆਂਧਰ ਦੇ ਵਿਧਾਇਕ ਦੀ ਵੋਟ ਦੀ ਕੀਮਤ 148 ਸੀ, ਅਸਮ ਵਿੱਚ 116, ਬਿਹਾਰ ਵਿੱਚ 173, ਮਹਾਰਾਸ਼ਟਰ ਦੀ 125, ਉੱਤਰ ਪ੍ਰਦੇਸ਼ 208, ਪੰਜਾਬ 116, ਹਰਿਆਣਾ, 112, ਮਣੀਪੁਰ 18, ਮੇਘਾਲਿਆ 17, ਮਿਜ਼ੋਰਮ 8, ਨਾਗਾਲੈਂਡ 9, ਅਰੁਣਾਚਲ 8, ਹਿਮਾਚਲ ਪ੍ਰਦੇਸ਼ 51, ਪੱਛਮੀ ਬੰਗਾਲ 151, ਤਾਮਿਲਨਾਡੂ 176, ਜੰਮੂ ਅਤੇ ਕਸ਼ਮੀਰ 72 ਅਤੇ ਹੋਰ।

3. **ਪ੍ਰਾਥਮਿਕਤਾ ਸੰਕੇਤ ਸਹਿਤ ਇਕੱਲੀ ਵੋਟ ਪ੍ਰਣਾਲੀ** (Single Vote System along with the system of indication of Preferences): ਰਾਸ਼ਟਰਪਤੀ ਦੀ ਚੋਣ ਵਿੱਚ ਹਰੇਕ ਵੋਟਰ (ਹਰੇਕ ਚੁਣਿਆ ਸੰਸਦ ਅਤੇ ਹਰੇਕ ਚੁਣਿਆ ਐੱਮ. ਐੱਲ. ਏ.) ਕੇਵਲ ਇਕ ਵੋਟ ਪਾਉਂਦਾ ਹੈ। ਹਰੇਕ ਸੰਸਦ ਮੈਂਬਰ ਦੀ ਵੋਟ ਦੀ ਕੀਮਤ ਬਰਾਬਰ ਹੁੰਦੀ ਹੈ ਜਦ ਕਿ ਇਕ ਐੱਮ. ਐੱਲ. ਏ. ਅਤੇ ਵਿਧਾਇਕ ਦੀ ਵੋਟ ਦੀ ਕੀਮਤ ਵੱਖ–ਵੱਖ ਰਾਜਾਂ ਵਿੱਚ ਵੱਖ–ਵੱਖ ਹੁੰਦੀ ਹੈ।

ਰਾਸ਼ਟਰਪਤੀ ਦੇ ਚੋਣ ਮੰਡਲ ਦਾ ਹਰੇਕ ਮੈਂਬਰ ਅਤੇ ਹਰੇਕ ਵੋਟਰ ਵੋਟ ਪਾਉਂਦੇ ਸਮੇਂ ਆਪਣੀ ਪ੍ਰਾਥਮਿਕਤਾ, 1, 2, 3, 4, 5 ਵੱਖ–ਵੱਖ ਉਮੀਦਵਾਰਾਂ ਦੇ ਪੱਖ ਵਿੱਚ ਦਰਜ ਕਰਦਾ ਹੈ। ਉਸ ਦੀ ਵੋਟ ਉਸ ਉਮੀਦਵਾਰ ਦੇ ਪੱਖ ਵਿੱਚ ਜਾਂਦੀ ਹੈ, ਜਿਸ ਨੂੰ ਉਹ ਆਪਣੀ ਪਹਿਲੀ ਪ੍ਰਾਥਮਿਕਤਾ ਵੋਟ ਦਿੰਦਾ ਹੈ ਪਰ ਜੇਕਰ ਉਹ ਉਮੀਦਵਾਰ ਜ਼ਰੂਰੀ ਵੋਟਾਂ ਦਾ ਕੋਟਾ ਪ੍ਰਾਪਤ ਕਰਨ ਵਿੱਚ ਅਸਫਲ ਰਹਿੰਦਾ ਹੈ ਅਤੇ ਹੋਰ ਕੋਈ ਉਮੀਦਵਾਰ ਵੀ ਜ਼ਰੂਰੀ ਵੋਟਾਂ ਦਾ ਕੋਟਾ ਪ੍ਰਾਪਤ ਨਹੀਂ ਕਰਦਾ ਤਾਂ ਉਸ ਵੋਟਰ ਦੀ ਵੋਟ ਦੂਸਰੀ ਪ੍ਰਾਥਮਿਕਤਾ ਵਾਲੇ ਉਮੀਦਵਾਰ ਦੇ ਪੱਖ ਵਿੱਚ ਬਦਲ ਦਿੱਤੀ ਜਾਂਦੀ ਹੈ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਜੇਕਰ ਸੰਵਿਧਾਨ ਦੇ ਅਨੁਸਾਰ ਰਾਸ਼ਟਰਪਤੀ ਦੀ ਚੋਣ ਅਨੁਪਾਤਿਕ ਪ੍ਰਤੀਨਿਧਤਾ ਇਕੱਲੀ ਪਰਿਵਰਤਨ ਯੋਗ ਵੋਟ ਪ੍ਰਣਾਲੀ ਨਾਲ ਹੁੰਦੀ ਹੈ ਪਰ ਅਸਲ ਵਿੱਚ ਇਹ ਨਾ ਤਾਂ ਅਨੁਪਾਤਿਕ ਪ੍ਰਤੀਨਿਧਤਾ ਦੀ ਪ੍ਰਣਾਲੀ ਹੈ ਅਤੇ ਨਾ ਹੀ ਇਕੱਲੀ ਪਰਿਵਰਤਨ ਯੋਗ ਵੋਟ ਪ੍ਰਣਾਲੀ ਹੈ। ਅਸਲ ਵਿੱਚ ਇਹ ਕੋਟਾ ਵਿਵਸਥਾ ਵਾਲੀਆਂ ਪ੍ਰਾਥਮਿਕਤਾਵਾਂ ਵੋਟ ਪ੍ਰਣਾਲੀ ਹਨ।

ਨੋਟ

**4. ਜਿੱਤ ਲਈ ਵੋਟਾਂ ਦੀ ਇਕ ਨਿਰਧਾਰਿਤ ਸੰਖਿਆ** (A Fixed Quota of Votes to Win) : ਰਾਸ਼ਟਰਪਤੀ ਦੀ ਚੋਣ ਜਿੱਤਣ ਲਈ ਇਕ ਉਮੀਦਵਾਰ ਲਈ ਇਹ ਜ਼ਰੂਰੀ ਹੈ ਕਿ ਉਹ ਵੋਟਾਂ ਦੀ ਇਕ ਨਿਰਧਾਰਿਤ ਸੰਖਿਆ ਪ੍ਰਾਪਤ ਕਰੇ ਜੋ ਹੇਠ ਲਿਖੇ ਵੱਲੋਂ ਕੱਢੀ ਜਾਂਦੀ ਹੈ–

$$\frac{\text{ਪਾਈਆਂ ਸ਼ੁੱਧ ਵੋਟਾਂ ਦੀ ਕੁੱਲ ਸੰਖਿਆ}}{\text{ਕੁੱਲ ਭਰੀਆਂ ਜਾਣ ਵਾਲੀਆਂ ਸੀਟਾਂ}}+1$$

ਜੇਕਰ ਬਾਕੀ ਅੱਧਾ ਜਾਂ ਵਧੇਰੇ ਹੋਵੇ ਤਾਂ ਕੋਟੇ ਵਿੱਚ ਇਕ ਵਧਾ ਦਿੱਤਾ ਜਾਂਦਾ ਹੈ।

**5. ਜੇਕਰ ਕੋਈ ਉਮੀਦਵਾਰ ਜ਼ਰੂਰੀ ਵੋਟਾਂ ਪ੍ਰਾਪਤ ਨਹੀਂ ਕਰਦਾ ਤਾਂ ਵੋਟਾਂ ਦੇ ਬਦਲਣ ਦੀ ਵਿਵਸਥਾ** (Provision for Transfer of Votes in case no candidate gets the required Quota of Votes) : ਜੇਕਰ ਰਾਸ਼ਟਰਪਤੀ ਦੀ ਚੋਣ ਵਿੱਚ ਕੋਈ ਵੀ ਉਮੀਦਵਾਰ ਵੋਟਾਂ ਦੀ ਪ੍ਰਾਥਮਿਕਤਾ ਵਾਲੀਆਂ ਵੋਟਾਂ ਦੇ ਅਧਾਰ 'ਤੇ ਜ਼ਰੂਰੀ ਕੋਟਾ ਲੈਣ ਵਿੱਚ ਅਸਫਲ ਰਹਿੰਦਾ ਹੈ ਤਾਂ ਸਾਰਿਆਂ ਤੋਂ ਘੱਟ ਵੋਟ ਲੈਣ ਵਾਲੇ ਉਮੀਦਵਾਰ ਨੂੰ ਮੁਕਾਬਲੇ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ ਅਤੇ ਉਸ ਦੀਆਂ ਵੋਟਾਂ ਨੂੰ ਵੋਟਰਾਂ ਵੱਲੋਂ ਦਰਜ ਕੀਤੀ ਗਈ ਦੂਸਰੀ ਪ੍ਰਾਥਮਿਕਤਾ ਦੇ ਅਧਾਰ 'ਤੇ ਬਾਕੀ ਉਮੀਦਵਾਰਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਇਹ ਪ੍ਰਕਿਰਿਆ ਉਦੋਂ ਤੱਕ ਦੁਹਰਾਈ ਜਾਂਦੀ ਹੈ, ਜਦੋਂ ਤੱਕ ਕਿਸੇ ਇਕ ਉਮੀਦਵਾਰ ਨੂੰ ਜ਼ਰੂਰੀ ਨਿਰਧਾਰਿਤ ਸੰਖਿਆ (Quota) ਪ੍ਰਾਪਤ ਨਹੀਂ ਹੋ ਜਾਂਦਾ।

ਇਹ ਵੋਟਾਂ ਦੀ ਬਦਲਾਅ ਪ੍ਰਣਾਲੀ 1969 ਵਿੱਚ ਪੰਜਵੇਂ ਰਾਸ਼ਟਰਪਤੀ ਦੀ ਚੋਣ ਸਮੇਂ ਇਸਤੇਮਾਲ ਕੀਤੀ ਗਈ ਸੀ। ਇਸ ਚੋਣ ਵਿੱਚ 8,36,336 ਸ਼ੁੱਧ ਵੋਟ ਪਏ ਸਨ, ਪਹਿਲੀ ਪ੍ਰਾਥਮਿਕਤਾ ਦੀ ਵੋਟਾਂ ਦੀ ਸੰਖਿਆ ਦੇ ਅਧਾਰ 'ਤੇ ਸ਼੍ਰੀ ਵੀ. ਵੀ. ਗਿਰੀ ਨੂੰ 4,01,515 ਅਤੇ ਸ਼੍ਰੀ ਸੰਜੀਵਾ ਰੇਡੀ ਨੂੰ 3,13,548 ਵੋਟਾਂ ਮਿਲੀਆਂ। ਇਸ ਤਰ੍ਹਾਂ ਇਨ੍ਹਾਂ ਵਿੱਚੋਂ ਕੋਈ ਵੀ ਜ਼ਰੂਰੀ ਕੋਟਾ ਜੋ 4,18,169 ਸੀ, ਪ੍ਰਾਪਤ ਨਾ ਕਰ ਸਕਿਆ। ਇਸ ਸਥਿਤੀ ਵਿੱਚ ਤੀਸਰੇ ਉਮੀਦਵਾਰ ਡਾ. ਦੇਸ਼ਮੁੱਖ ਨੂੰ ਮੁਕਾਬਲੇ ਤੋਂ ਬਾਹਰ ਕੱਢ ਦਿੱਤਾ ਗਿਆ ਅਤੇ ਉਸ ਦੀਆਂ ਵੋਟਾਂ ਨੂੰ ਵੋਟਰਾਂ ਵੱਲੋਂ ਦਰਜ ਕੀਤੀ ਗਈ ਦੂਸਰੀ ਪ੍ਰਾਥਮਿਕਤਾਵਾਂ ਦੇ ਅਧਾਰ 'ਤੇ ਦੋ ਉਮੀਦਵਾਰਾਂ ਵਿੱਚ ਵੰਡ ਦਿੱਤਾ ਗਿਆ, ਜਿਸ ਦੇ ਫਲਸਰੂਪ ਸ਼੍ਰੀ ਵੀ. ਵੀ. ਗਿਰੀ ਨੂੰ 4,20,077 ਵੋਟ ਅਤੇ ਸ਼੍ਰੀ ਸੰਜੀਵਾ ਰੇਡੀ ਨੂੰ 4.05,427 ਵੋਟ ਮਿਲੇ। ਇਸ ਤਰ੍ਹਾਂ ਸ਼੍ਰੀ ਵੀ. ਵੀ. ਗਿਰੀ ਨੇ ਵੋਟਾਂ ਦੀ ਨਿਰਧਾਰਿਤ ਨਿਸ਼ਚਿਤ ਸੰਖਿਆ ਪ੍ਰਾਪਤ ਕਰ ਲਈ ਅਤੇ ਉਹ 14650 ਵੋਟਾਂ ਦੇ ਫਰਕ ਨਾਲ ਚੋਣ ਜਿੱਤ ਗਏ। ਹੋਰ ਰਾਸ਼ਟਰਪਤੀ ਚੋਣਾਂ ਸਮੇਂ ਵੋਟਾਂ ਦੇ ਬਦਲਾਅ ਪ੍ਰਣਾਲੀ ਦੇ ਇਸਤੇਮਾਲ ਦੀ ਜ਼ਰੂਰਤ ਹੀ ਨਹੀਂ ਪਈ।

### ਰਾਸ਼ਟਰਪਤੀ ਚੋਣ : 1952-2002
### (Presidential Election : 1952-2002)

| **ਜਿੱਤ** | **ਦੂਸਰੇ ਨੰਬਰ 'ਤੇ** | | | | | |
|---|---|---|---|---|---|---|
| ਮਿਤੀ | ਨਾਮ | ਯੋਗ ਵੋਟ ਪ੍ਰਤੀਸ਼ਤ | ਨਾਮ | ਯੋਗ ਵੋਟ | ਪ੍ਰਤੀਸ਼ਤ | |
| 1952 ਮਈ 2 | ਆਰ. ਪ੍ਰਸ਼ਾਦ | 5074400 | 83.8 | ਕੇ. ਟੀ. ਸ਼ਾਹ | 92827 | 15.3 |
| 1957 ਮਈ 6 | ਆਰ. ਪ੍ਰਸ਼ਾਦ | 456990 | 99.3 | ਐੱਨ. ਐੱਨ. ਦਾਸ | 2000 | 0.4 |
| 1962 ਮਈ 7 | ਐੱਸ. ਰਾਧਾਕ੍ਰਿਸ਼ਨਨ | 553067 | 98.3 | ਸੀ. ਐੱਚ. ਰਾਮ | 6341 | 1.1 |
| 1967 ਮਈ 6 | ਡਾ. ਜਾਕਿਰ ਹੁਸੈਨ | 471244 | 56.2 | ਕੇ. ਸੁਬਾ ਰਾਵ | 363971 | 43.4 |
| 1969 ਅਗਸਤ 16 | ਵੀ.ਵੀ. ਗਿਰੀ | 420077 | 50.2 | ਐੱਨ. ਐੱਸ. ਰੈਡੀ | 405427 | 48.5 |
| 1974 ਅਗਸਤ 17 | ਐੱਫ.ਏ. ਅਹਿਮਦ | 765587 | 80.2 | ਟੀ. ਚੌਧਰੀ | 189186 | 10.8 |
| 1977 ਅਗਸਤ 6 | ਐੱਨ. ਐੱਸ. ਰੈਡੀ | ਬਿਨਾਂ ਵਿਰੋਧ | ਚੁਣੇ ਗਏ | | | |
| 1982 ਜੁਲਾਈ 12 | ਗਿਆਨੀ ਜੈਲ ਸਿੰਘ | 754113 | 72.7 | ਐੱਚ. ਆਰ. ਖੰਨਾ | 281550 | 27.6 |
| 1987 ਸਤੰਬਰ 7 | ਆਰ. ਵੈਂਕਟ ਰਮਨ | 740148 | 72.3 | ਵੀ. ਆਰ. ਕੇ ਅਈਯਰ | 281550 | 27.5 |
| 1992 ਜੁਲਾਈ 25 | ਐੱਸ. ਡੀ. ਸ਼ਰਮਾ | 675864 | 64.4 | ਜੀ. ਜੀ. ਸਵੈਲ | 346485 | 33.8 |
| 1997 ਜੁਲਾਈ 25 | ਕੇ. ਆਰ. ਨਾਰਾਇਨਣ | 956290 | 91.4 | ਟੀ. ਆਰ. ਸ਼ੇਸ਼ਨ | 50631 | 8.6 |
| 2002 ਜੁਲਾਈ 25 | ਏ. ਪੀ. ਜੇ ਅਬਦੁਲ ਕਲਾਮ | 922884 | 89.58 | ਕੇ. ਲਕਸ਼ਮੀ ਸਹਿਗਲ | 107366 | 10.4% |

ਨੋਟ

**ਜੁਲਾਈ 2002 ਵਿੱਚ ਹੋਏ 12ਵੀਂ ਰਾਸ਼ਟਰਪਤੀ ਦੀ ਚੋਣ ਨਾਲ ਸਬੰਧਿਤ ਅੰਕੜੇ**

| | | |
|---|---|---|
| ਚੋਣ ਮੰਡਲ ਦੇ ਕੁੱਲ ਮੈਂਬਰ | = | 4896 |
| ਸਾਰੇ ਰਾਜਾਂ ਦੇ ਚੋਣੇ ਵਿਧਾਇਕਾਂ ਦੀ ਸੰਖਿਆ | = | 4120 |
| ਸੰਸਦ ਦੇ ਦੋਵਾਂ ਸਦਨਾਂ ਦੇ ਚੁਣੇ ਕੁੱਲ ਸੰਸਦ ਮੈਂਬਰ | = | 776 |
| ਇਕ ਚੁਣਿਆ ਸੰਸਦ ਮੈਂਬਰ ਦੀ ਵੋਟ ਦੀ ਕੀਮਤ | = | 708 |

ਹਰੇਕ ਰਾਜ ਦੇ ਇਕ ਵਿਧਾਇਕ ਦੀ ਵੋਟ ਦੀ ਕੀਮਤ : ਆਂਧਰਾ ਪ੍ਰਦੇਸ਼ – 148, ਅਰੁਣਾਚਲ ਪ੍ਰਦੇਸ਼ –8, ਅਸਮ – 116, ਬਿਹਾਰ – 173, ਛੱਤੀਸਗੜ੍ਹ – 129, ਗੋਆ – 20, ਗੁਜਰਾਤ – 147, ਹਰਿਆਣਾ – 112, ਹਿਮਾਚਲ ਪ੍ਰਦੇਸ਼ – 51, ਜੰਮੂ–ਕਸ਼ਮੀਰ – 72, ਝਾਰਖੰਡ – 176, ਕਰਨਾਟਕ – 131, ਕੇਰਲ – 152, ਮੱਧ ਪ੍ਰਦੇਸ਼ – 131, ਮਹਾਰਾਸ਼ਟਰ – 175, ਮਣੀਪੁਰ – 18, ਮੇਘਾਲਿਆ – 17, ਮਿਜ਼ੋਰਮ – 8, ਨਾਗਾਲੈਂਡ – 9, ਉੜੀਸਾ – 149, ਪੰਜਾਬ – 116, ਰਾਜਸਥਾਨ – 129, ਸਿੱਕਮ – 7, ਤਾਮਿਲਨਾਡੂ – 176, ਤ੍ਰਿਪੁਰਾ – 26, ਉਤਰਾਂਚਲ – 64, ਉੱਤਰ ਪ੍ਰਦੇਸ਼ – 208, ਪੱਛਮੀ ਬੰਗਾਲ – 151, ਦਿੱਲੀ – 58, ਪਾਂਡੀਚਰੀ – 16

ਕੁੱਲ ਪਾਈਆਂ ਗਈਆਂ ਵੋਟਾਂ = 4785 ਕੁੱਲ ਕੀਮਤ = 1075819

ਅਸ਼ੁੱਧ ਵੋਟਾਂ = 174 (42 ਐੱਮ. ਪੀਜ਼.+ 132 ਐੱਮ. ਐੱਲ. ਏਜ਼.)

ਅਸ਼ੁੱਧ ਪਾਈਆਂ ਗਈਆਂ ਵੋਟਾਂ ਦੀ ਕੀਮਤ = 45569

ਸ਼ੁੱਧ ਵੋਟਾਂ = 4611 (718 ਐੱਮ. ਪੀਜ਼ + 3893 ਐੱਮ. ਐੱਲ. ਏਜ਼.)

ਸ਼ੁੱਧ ਵੋਟਾਂ ਦੀ ਕੁੱਲ ਕੀਮਤ = 1030250

ਡਾ. ਏ. ਪੀ. ਜੇ. ਅਬਦੁੱਲ ਕਲਾਮ ਨੂੰ ਪ੍ਰਾਪਤ ਕੁੱਲ ਵੋਟ 4152 (638 ਐੱਮ. ਪੀਜ਼. + 3514 ਐੱਮ. ਐੱਲ. ਏਜ਼.)

ਪ੍ਰਾਪਤ ਵੋਟਾਂ ਦੀ ਕੁੱਲ ਕੀਮਤ = 922884 (89.58%)

ਕੈਪਟਨ ਲਕਸ਼ਮੀ ਸਹਿਗਲ ਨੂੰ ਪਾਏ ਕੁੱਲ ਵੋਟ 459 (80 ਐੱਮ. ਪੀਜ਼.+379 ਐੱਮ. ਐੱਲ. ਏਜ਼.)

ਪ੍ਰਾਪਤ ਵੋਟਾਂ ਦੀ ਕੁੱਲ ਕੀਮਤ = 107366 (10.4%)

ਡਾ. ਏ. ਪੀ. ਜੇ. ਅਬਦੁਲ ਕਲਾਮ ਜਿਨ੍ਹਾ ਨੂੰ ਕਿ ਭਾਰਤ ਦੇ 'ਮਿਸਾਇਲ ਮੈਨ' ਦੇ ਰੂਪ ਵਿੱਚ ਵੀ ਜਾਣਿਆ ਜਾਂਦਾ ਹੈ, ਭਾਰੀ ਬਹੁਮਤ ਨਾਲ ਭਾਰਤੀ ਗਣਤੰਤਰ ਦੇ 12ਵੇਂ ਰਾਸ਼ਟਰਪਤੀ ਚੁਣੇ ਗਏ। ਉਨ੍ਹਾਂ ਨੂੰ 25 ਜੁਲਾਈ 2002, ਜਿਸ ਦਿਨ ਰਾਸ਼ਟਰਪਤੀ ਆਰ. ਕੇ. ਨਾਰਾਇਨਣ ਦੇ ਅਹੁਦੇ ਦਾ ਸਮਾਂ ਖਤਮ ਹੋਇਆ, ਨੇ ਰਾਸ਼ਟਰਪਤੀ ਅਹੁਦਾ ਗ੍ਰਹਿਣ ਕੀਤਾ।

**6. ਰਾਸ਼ਟਰਪਤੀ ਦੀ ਚੋਣ ਦੇ ਚਰਣ** (Stages in a Presidential Election): ਭਾਰਤ ਵਿੱਚ ਰਾਸ਼ਟਰਪਤੀ ਦੀ ਚੋਣ ਹੇਠ ਲਿਖੇ ਚਰਣਾਂ ਵਿੱਚ ਸੰਪਨ ਹੁੰਦੀ ਹੈ:

**1. ਚੋਣ ਸਬੰਧੀ ਅਧਿਸੂਚਨਾ ਅਤੇ ਰਿਟਰਨਿੰਗ ਅਫਸਰ ਦੀ ਨਿਯੁਕਤੀ** (Notification of Election and Appointment of the Returning Officer): ਚੋਣ ਸਬੰਧੀ ਅਧਿਸੂਚਨਾ ਰਾਸ਼ਟਰਪਤੀ ਵੱਲੋਂ ਜਾਰੀ ਕੀਤੀ ਜਾਂਦੀ ਹੈ ਅਤੇ ਚੋਣ ਕਰਵਾਉਣ ਦੀ ਜ਼ਿੰਮੇਵਾਰੀ ਚੋਣ ਆਯੋਗ ਦੀ ਹੁੰਦੀ ਹੈ। ਚੋਣ ਆਯੋਗ ਦਾ ਰਿਟਰਨਿੰਗ ਅਫਸਰ ਨਿਯੁਕਤ ਕਰਦਾ ਹੈ ਅਤੇ ਨਾਮਾਂਕਣ–ਪੱਤਰ ਭਰਨ ਦੀ ਮਿਤੀ, ਕਾਗਜ਼ ਵਾਪਸ ਲੈਣ ਦੀ ਅੰਤਿਮ ਮਿਤੀ ਅਤੇ ਚੋਣ ਪ੍ਰੋਗਰਾਮ ਨਿਸ਼ਚਿਤ ਕਰਦਾ ਹੈ।

**2. ਨਾਮਾਂਕਣ ਪੱਤਰ ਭਰਨਾ, ਉਨ੍ਹਾਂ ਦੀ ਜਾਂਚ-ਪੜਤਾਲ ਅਤੇ ਵਾਪਸੀ** (Filling of Nomination Papers, Scrutiny and Withdrawals): ਚੋਣ ਮਿਤੀ ਤੱਕ ਹਰੇਕ ਉਮੀਦਵਾਰ ਨੂੰ ਚੋਣ ਅਧਿਕਾਰੀ ਦੇ ਕੋਲ ਨਾਮਾਂਕਣ ਪੱਤਰ ਜਮ੍ਹਾਂ ਕਰਵਾਉਣੇ ਪੈਂਦੇ ਹਨ। ਹਰੇਕ ਉਮੀਦਵਾਰ ਦੇ ਨਾਮ ਨੂੰ 50 ਵੋਟਰਾਂ ਵੱਲੋਂ ਪ੍ਰਸਤਾਵਿਤ ਅਤੇ 50 ਹੋਰ ਵੱਲੋਂ ਸਮਰਥਨ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ 15000 ਰੁਪਏ ਜ਼ਮਾਨਤ ਰਾਸ਼ੀ ਦੇ ਰੂਪ ਵਿੱਚ ਜਮ੍ਹਾਂ ਕਰਵਾਉਣੇ ਪੈਂਦੇ ਹਨ। ਇਸ ਦੇ ਬਾਅਦ ਸੰਵਿਧਾਨ ਵਿੱਚ ਚੋਣ ਯੋਗਤਾਵਾਂ ਦੇ ਆਧਾਰ 'ਤੇ ਉਮੀਦਵਾਰਾਂ ਦੀ ਪਾਤਰਤਾ ਦਾ ਫੈਸਲਾ ਲੈਣ ਦੇ ਲਈ ਨਾਮਾਂਕਣ ਪੱਤਰਾਂ ਦੀ ਜਾਂਚ–ਪੜਤਾਲ ਕੀਤੀ ਜਾਂਦੀ ਹੈ। ਸਾਰੇ ਅਧੂਰੇ ਅਤੇ ਗਲਤ ਨਾਮਾਂਕਣ–ਪੱਤਰ ਰੱਦ ਕਰ ਦਿੱਤੇ ਜਾਂਦੇ ਹਨ। ਫਿਰ ਉਮੀਦਵਾਰਾਂ ਨੂੰ ਛੂਟ ਦਿੱਤੀ ਜਾਂਦੀ ਹੈ ਕਿ ਉਹ ਨਿਰਧਾਰਿਤ ਮਿਤੀ ਤੱਕ ਆਪਣੀ ਇੱਛਾ ਨਾਲ ਚੋਣ ਮੁਕਾਬਲੇ ਤੋਂ ਜੇਕਰ ਹਟਣਾ ਚਾਹੁੰਦੇ ਹਨ ਤਾਂ ਉਹ ਅਜਿਹਾ ਇਕ ਨਿਰਧਾਰਿਤ ਮਿਤੀ ਤੱਕ ਕਰ ਸਕਦੇ ਹਨ।

**3. ਚੋਣ ਅਭਿਆਨ** (Election Campaign): ਇਸ ਦੇ ਬਾਅਦ ਸਾਰੇ ਉਮੀਦਵਾਰ ਆਪਣੀ ਚੋਣ ਅਭਿਆਨ ਚਲਾਉਂਦੇ ਹਨ। ਜ਼ਿਆਦਾਤਰ ਉਮੀਦਵਾਰ ਆਪਣੇ ਸਬੰਧਿਤ ਦਲਾਂ ਵੱਲੋਂ ਹੀ ਚੋਣ ਅਭਿਆਨ ਚਲਾਉਂਦੇ ਹਨ ਕਿਉਂਕਿ ਉਹ ਅਭਿਆਨ ਚੋਣ–ਮੰਡਲ ਦੇ ਮੈਂਬਰਾਂ ਤੱਕ ਹੀ ਸੀਮਿਤ ਹੁੰਦਾ ਹੈ। ਇਸ ਲਈ ਆਮ ਜਨਤਾ ਦੀ ਇਸ ਵਿੱਚ ਭੂਮਿਕਾ ਬਹੁਤ ਘੱਟ ਹੁੰਦੀ ਹੈ।

4. **ਮਤਦਾਨ** (Polling): ਨਿਰਧਾਰਿਤ ਮਿਤੀ 'ਤੇ ਮਤਦਾਨ ਹੁੰਦਾ ਹੈ। ਹਰੇਕ ਵੋਟਰ ਇਕ ਵੋਟ ਪਾਉਂਦਾ ਹੈ ਪਰ ਉਹ ਵੋਟ-ਪੱਤਰ 'ਤੇ ਆਪਣੀਆਂ ਹੋਰ ਪ੍ਰਾਥਮਿਕਤਾਵਾਂ ਅੰਕਿਤ ਕਰ ਸਕਦਾ ਹੈ। ਇਕ ਸੰਸਦ ਮੈਂਬਰ ਦੇਸ਼ ਦੀ ਰਾਜਧਾਨੀ ਜਾਂ ਉਹ ਉਹ ਰਾਜ ਦੀ ਰਾਜਧਾਨੀ ਵਿੱਚ ਆਪਣਾ ਵੋਟ ਪਾ ਸਕਦਾ ਹੈ, ਜਿਸ ਰਾਜ ਦਾ ਉਹ ਪ੍ਰਤੀਨਿਧਤਾ ਕਰਦਾ ਹੈ। ਇਸ ਸਬੰਧ ਵਿੱਚ ਉਸ ਨੂੰ 10 ਦਿਨ ਪਹਿਲਾਂ ਦੱਸਣਾ ਹੁੰਦਾ ਹੈ ਕਿ ਉਸ ਨੇ ਕਿੱਥੋਂ ਵੋਟ ਪਾਉਣੀ ਹੈ। ਵਿਧਾਇਕ ਆਪਣੇ-ਆਪਣੇ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਹੀ ਵੋਟ ਪਾਉਂਦੇ ਹਨ। ਚੋਣਾਂ ਪੂਰਨ ਰੂਪ ਨਾਲ ਗੁਪਤ ਹੁੰਦੀਆਂ ਹਨ।

5. **ਵੋਟਾਂ ਦੀ ਗਿਣਤੀ** (Counting of Votes): ਵੋਟ ਪਾਉਣ ਦੇ ਬਾਅਦ ਗਿਣਤੀ ਸ਼ੁਰੂ ਹੁੰਦੀ ਹੈ। ਸ਼ੁੱਧ (Valid) ਵੋਟਾਂ ਦੀ ਗਿਣਤੀ ਕੀਤੀ ਜਾਂਦੀ ਹੈ। ਕੋਟਾ ਨਿਸ਼ਚਿਤ ਕੀਤਾ ਜਾਂਦਾ ਹੈ। ਹਰੇਕ ਉਮੀਦਵਾਰ ਨੂੰ ਪਾਏ ਵੋਟ (ਪਹਿਲੀ ਪ੍ਰਾਥਮਿਕਤਾ) ਦੀ ਗਿਣਤੀ ਕੀਤੀ ਜਾਂਦੀ ਹੈ ਅਤੇ ਅਨੁਛੇਦ 55 ਵਿੱਚ ਦੱਸੇ ਗਏ ਸਿਧਾਂਤ ਦੇ ਆਧਾਰ 'ਤੇ ਨਿਰਧਾਰਿਤ ਕੀਤੇ ਹਰੇਕ ਵੋਟ ਦੀ ਕੀਮਤ ਦੇ ਆਧਾਰ 'ਤੇ ਹਿਸਾਬ ਲਗਾਇਆ ਜਾਂਦਾ ਹੈ ਜੋ ਉਮੀਦਵਾਰ ਨਿਰਧਾਰਿਤ ਵੋਟਾਂ ਦਾ ਕੋਟਾ ਪ੍ਰਾਪਤ ਕਰ ਲੈਂਦਾ ਹੈ ਜਾਂ ਉਸ ਤੋਂ ਜ਼ਿਆਦਾ ਵੋਟ ਲੈ ਜਾਂਦਾ ਹੈ, ਉਹ ਸਫਲ ਮੰਨਿਆ ਜਾਂਦਾ ਹੈ। ਜੇਕਰ ਕੋਈ ਵੀ ਉਮੀਦਵਾਰ ਵੋਟਾਂ ਦਾ ਘੱਟ ਤੋਂ ਘੱਟ ਨਿਰਧਾਰਿਤ ਕੋਟਾ ਪ੍ਰਾਪਤ ਨਹੀਂ ਕਰਦਾ ਤਾਂ ਨਿਰਧਾਰਿਤ ਵਿਧੀ ਦੇ ਅਨੁਸਾਰ ਮਤਾਂ ਦਾ ਬਦਲਾਅ ਕੀਤਾ ਜਾਂਦਾ ਹੈ।

6. **ਨਤੀਜੇ ਸਬੰਧੀ ਅਧਿਸੂਚਨਾ** (Notification of the Result): ਬਾਅਦ ਵਿੱਚ ਭਾਰਤ ਦੇ ਗਜ਼ਟ ਵਿੱਚ ਚੋਣ ਨਤੀਜੇ ਸਬੰਧੀ ਸੂਚਨਾ ਜਾਰੀ ਕੀਤੀ ਜਾਂਦੀ ਹੈ।

7. **ਸਹੁੰ ਚੁੱਕਣਾ ਅਤੇ ਅਹੁਦਾ ਸੰਭਾਲਣਾ** (Oath-taking and Installation): ਪਹਿਲੇ ਰਾਸ਼ਟਰਪਤੀ ਦਾ ਕਾਰਜਕਾਲ ਖਤਮ ਹੋਣ ਵਾਲੇ ਦਿਨ ਜਾਂ ਨਿਰਧਾਰਿਤ ਮਿਤੀ 'ਤੇ ਨਵੇਂ ਰਾਸ਼ਟਰਪਤੀ ਸਹੁੰ ਚੁੱਕਦਾ ਹੈ ਅਤੇ ਅਹੁਦਾ ਸੰਭਾਲਦਾ ਹੈ। ਰਾਸ਼ਟਰਪਤੀ ਭਾਰਤ ਦੇ ਮੁੱਖ ਜੱਜ ਦੀ ਮੌਜੂਦਗੀ ਵਿੱਚ ਆਪਣੇ ਅਹੁਦੇ ਦੀ ਸਹੁੰ ਚੁੱਕਦਾ ਹੈ। ਜੇਕਰ ਮੁੱਖ ਜੱਜ ਮੌਜੂਦ ਨਾ ਹੋਵੇ ਤਾਂ ਸਰਵਉੱਚ ਅਦਾਲਤ ਦੇ ਸਭ ਤੋਂ ਜ਼ਿਆਦਾ ਵਿਸ਼ੇਸ਼ ਜੱਜ ਦੀ ਮੌਜੂਦਗੀ ਵਿੱਚ ਅਜਿਹੀ ਸਹੁੰ ਲਈ ਜਾਂਦੀ ਹੈ।

ਸਹੁੰ ਇਸ ਤਰ੍ਹਾਂ ਚੁੱਕੀ ਜਾਂਦੀ ਹੈ-

"ਮੈਂ.......... ਪ੍ਰਮਾਤਮਾ ਦੇ ਨਾਮ 'ਤੇ ਮਰਿਯਾਦਾ ਪੂਰਵਕ

ਸਹੁੰ ਚੁੱਕਦਾ ਹਾਂ ਕਿ ਮੈਂ ਆਪਣੀ ਪੂਰੀ ਵਫਾਦਾਰੀ ਨਾਲ ਆਪਣੇ ਕਰਤਵ ਨਿਸ਼ਠਾ ਪੂਰਵਕ ਨਿਭਾਵਾਂਗਾ ਅਤੇ ਦੇਸ਼ ਦੇ ਸੰਵਿਧਾਨ ਅਤੇ ਕਾਨੂੰਨ ਦੀ ਰੱਖਿਆ ਕਰਾਂਗਾ ਅਤੇ ਉਨ੍ਹਾਂ ਨੂੰ ਕਾਇਮ ਰੱਖਾਂਗਾ। ਮੈਂ ਆਪਣੇ-ਆਪ ਨੂੰ ਭਾਰਤ ਦੇ ਲੋਕਾਂ ਦੀ ਸੇਵਾ ਅਤੇ ਪ੍ਰਗਤੀ ਦੇ ਲਈ ਸਮਰਪਿਤ ਕਰਾਂਗਾ।" ਸਹੁੰ ਚੁੱਕਣ ਦੇ ਬਾਅਦ ਨਵਾਂ ਰਾਸ਼ਟਰਪਤੀ ਅਹੁਦਾ ਸੰਭਾਲ ਲੈਂਦਾ ਹੈ।

**(ਘ) ਚੋਣਾਂ ਨਾਲ ਸਬੰਧਿਤ ਝਗੜਿਆਂ ਦਾ ਨਿਪਟਾਰਾ** (Settlement of Disputes connected with Presidential Election): ਚੋਣਾਂ ਦੇ ਬਾਅਦ ਰਾਸ਼ਟਰਪਤੀ ਦੀ ਚੋਣ ਨਾਲ ਸਬੰਧਿਤ ਪੈਦਾ ਹੋਏ ਕਿਸੇ ਵੀ ਝਗੜੇ ਦੀ ਸੁਣਵਾਈ ਅਤੇ ਅੰਤਿਮ ਰੂਪ ਵਿੱਚ ਫੈਸਲਾ ਕੇਵਲ ਦੇਸ਼ ਦੀ ਸਰਵਉੱਚ ਅਦਾਲਤ ਵੱਲੋਂ ਹੀ ਕੀਤਾ ਜਾਂਦਾ ਹੈ। ਰਾਸਟਰਪਤੀ ਦੀ ਚੋਣ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਕਿਸੇ ਵੀ ਅਸਫਲ ਉਮੀਦਵਾਰ ਜਾਂ 10 ਜਾਂ ਇਸ ਤੋਂ ਜ਼ਿਆਦਾ ਵੋਟਰਾਂ ਵੱਲੋਂ ਦਾਇਰ ਕੀਤੀ ਜਾ ਸਕਦੀ ਹੈ। ਚੋਣ ਨੂੰ ਚੁਣੌਤੀ ਵਿੱਚ ਹੇਰਾਫੇਰੀ ਜਾਂ ਚੋਣ ਵਿੱਚ ਕੁਝ ਗੈਰ-ਸੰਵਿਧਾਨਿਕ ਕਿਰਿਆਵਾਂ ਦੇ ਦੋਸ਼ ਦੇ ਆਧਾਰ 'ਤੇ ਦਿੱਤੀ ਜਾ ਸਕਦੀ ਹੈ। ਅਜਿਹੀ ਪਟੀਸ਼ਨ ਚੋਣ-ਨਤੀਜੇ ਦੀ ਘੋਸ਼ਣਾ ਦੇ 30 ਦਿਨਾਂ ਵਿੱਚ ਦਾਇਰ ਕੀਤੀ ਜਾ ਸਕਦੀ ਹੈ। 1969 ਵਿੱਚ ਰਾਸ਼ਟਰਪਤੀ ਸ਼੍ਰੀ ਵੀ. ਵੀ. ਗਿਰੀ ਦੇ ਰਾਸ਼ਟਰਪਤੀ ਦੇ ਰੂਪ ਵਿੱਚ ਚੋਣ ਨੂੰ ਸਰਵਉੱਚ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਸੀ ਅਤੇ ਸ਼੍ਰੀ ਗਿਰੀ ਖੁਦ ਅਦਾਲਤ ਵਿੱਚ ਪੇਸ਼ ਹੋਏ ਸਨ। ਸਰਵਉੱਚ ਅਦਾਲਤ ਵੱਲੋਂ ਸ਼੍ਰੀ ਗਿਰੀ ਦੀ ਚੋਣ ਨੂੰ ਪੂਰਨ ਰੂਪ ਨਾਲ ਠੀਕ ਅਤੇ ਸੰਵਿਧਾਨਿਕ ਘੋਸ਼ਿਤ ਕੀਤਾ ਗਿਆ ਸੀ।

**(ਙ) ਰਾਸ਼ਟਰਪਤੀ ਦਾ ਕਾਰਜਕਾਲ** (Tenure of the President): ਰਾਸ਼ਟਰਪਤੀ ਦੀ ਚੋਣ 5 ਸਾਲ ਲਈ ਹੁੰਦੀ ਹੈ। ਉਨ੍ਹਾਂ ਦਾ ਕਾਰਜਕਾਲ ਉਸ ਮਿਤੀ ਤੋਂ ਸ਼ੁਰੂ ਹੁੰਦਾ ਹੈ, ਜਿਸ ਮਿਤੀ ਤੋਂ ਉਹ ਅਹੁਦੇ ਸੰਭਾਲਦੇ ਹਨ। ਫਿਰ ਵੀ ਜੇਕਰ ਕਿਸੇ ਕਾਰਨ ਨਵੇਂ ਰਾਸ਼ਟਰਪਤੀ ਦੀ ਚੋਣ ਪਹਿਲੇ ਰਾਸ਼ਟਰਪਤੀ ਦਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਪੂਰਨ ਨਹੀਂ ਹੋ ਸਕਦੀ ਤਾਂ ਨਵੇਂ ਰਾਸ਼ਟਰਪਤੀ ਦੀ ਚੋਣ ਤੱਕ ਕੰਮ ਕਰ ਰਿਹਾ-ਰਾਸ਼ਟਰਪਤੀ ਆਪਣੇ ਅਹੁਦੇ 'ਤੇ ਬਣਿਆ ਰਹਿੰਦਾ ਹੈ।

ਆਪਣਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਵੀ ਰਾਸ਼ਟਰਪਤੀ ਆਪਣੇ ਅਹੁਦੇ ਤੋਂ ਲਿਖੀਤ ਰੂਪ ਵਿੱਚ ਤਿਆਗ ਪੱਤਰ ਉੱਪ-ਰਾਸ਼ਟਰਪਤੀ ਨੂੰ ਭੇਜ ਸਕਦਾ ਹੈ।

**(ਚ) ਰਾਸ਼ਟਰਪਤੀ ਨੂੰ ਅਹੁਦੇ ਤੋਂ ਹਟਾਉਣ ਦਾ ਢੰਗ** (Method of Removal of the President): ਰਾਸ਼ਟਰਪਤੀ ਨੂੰ ਸੰਵਿਧਾਨ ਦਾ ਉਲੰਘਣ ਕਰਨ ਦੇ ਆਧਾਰ 'ਤੇ ਜਾਂ ਆਪਣੇ ਅਹੁਦੇ ਦੀ ਮਰਿਯਾਦਾ ਭੰਗ ਕਰਨ ਦੇ ਦੋਸ਼ 'ਤੇ ਮਹਾਭਿਯੋਗ ਦੀ ਪ੍ਰਕਿਰਿਆ ਨਾਲ ਅਹੁਦੇ ਤੋਂ ਹਟਾਇਆ ਵੀ ਜਾ ਸਕਦਾ ਹੈ। ਮਹਾਭਿਯੋਗ ਨਾਲ ਸਬੰਧਿਤ ਕਾਰਵਾਈ ਸੰਸਦ ਦੇ ਕਿਸੇ ਵੀ ਸਦਨ ਵਿੱਚ ਸ਼ੁਰੂ ਹੋ ਸਕਦੀ ਹੈ। ਅਮਰੀਕਾ ਵਿੱਚ ਕੇਵਲ ਪ੍ਰਤੀਨਿਧੀ ਸਦਨ ਨੂੰ ਹੀ ਰਾਸ਼ਟਰਪਤੀ ਦੇ ਵਿਰੁੱਧ ਮਹਾਭਿਯੋਗ ਅਰੰਭ ਕਰਨ ਦਾ ਅਧਿਕਾਰ

ਨੋਟ

ਹੈ ਅਤੇ ਸੀਨੇਟ ਦੋਸ਼ਾਂ ਦੀ ਜਾਂਚ ਕਰਨ ਦੇ ਬਾਅਦ ਆਪਣਾ ਅੰਤਿਮ ਫੈਸਲਾ ਦਿੰਦੀ ਹੈ ਪਰ ਭਾਰਤ ਵਿੱਚ ਅਜਿਹੀ ਕਾਰਵਾਈ ਵੀ ਸਦਨ ਵਿੱਚ ਸ਼ੁਰੂ ਹੋ ਸਕਦੀ ਹੈ ਅਤੇ ਫਿਰ ਦੂਸਰਾ ਸਦਨ ਦੋਸ਼ਾਂ ਦੀ ਜਾਂਚ ਕਰਦਾ ਹੈ।

ਮਹਾਭਿਯੋਗ ਦੀ ਕਾਰਵਾਈ ਸ਼ੁਰੂ ਕਰਨ ਦੇ ਲਈ ਘੱਟ ਤੋਂ ਘੱਟ 14 ਦਿਨ ਪਹਿਲੇ ਸਦਨ ਦੇ ਕੁਲ ਮੈਂਬਰਾਂ ਦੇ ਇਕ ਚੌਥਾਈ ਨੂੰ ਲਿਖਤੀ ਰੂਪ ਵਿੱਚ ਨੋਟਿਸ ਦੇਣਾ ਹੁੰਦਾ ਹੈ, ਜਿਸ 'ਤੇ ਉਨ੍ਹਾਂ ਦੇ ਹਸਤਾਖਰ ਹੋਣੇ ਜ਼ਰੂਰੀ ਹੁੰਦੇ ਹਨ। ਜੇਕਰ ਸਦਨ ਬਹਿਸ ਦੇ ਬਾਅਦ ਕੁੱਲ ਮੈਂਬਰਾਂ ਦੇ ਦੋ ਤਿਹਾਈ ਬਹੁਮਤ ਨਾਲ ਇਸ ਮਹਾਭਿਯੋਗ ਨਾਲ ਸਬੰਧਿਤ ਪ੍ਰਸਤਾਵ ਨੂੰ ਪਾਸ ਕਰ ਦਿੰਤਾ ਹੈ ਤਾਂ ਇਹ ਪ੍ਰਸਤਾਵ ਦੂਸਰੇ ਸਦਨ ਨੂੰ ਭੇਜਿਆ ਜਾ ਸਕਦਾ ਹੈ। ਦੂਸਰਾ ਸਦਨ ਦੋਸ਼ਾਂ ਦੀ ਜਾਂਚ-ਪੜਤਾਲ ਕਰਦਾ ਹੈ। ਰਾਸ਼ਟਰਪਤੀ ਨੂੰ ਇਹ ਅਧਿਕਾਰ ਹੈ ਕਿ ਉਹ ਇਸ ਕਾਰਵਾਈ ਦੇ ਦੌਰਾਨ ਆਪਣਾ ਪੱਖ ਪੇਸ਼ ਕਰਨ ਲਈ ਖੁਦ ਪੇਸ਼ ਹੋ ਸਕਦਾ ਹੈ ਜਾਂ ਆਪਣੇ ਵਕੀਲ ਵੱਲੋਂ ਪੇਸ਼ ਹੋ ਸਕਦਾ ਹੈ। ਜੇਕਰ ਜਾਂਚ ਦੇ ਬਾਅਦ ਦੂਸਰਾ ਸਦਨ ਵੀ ਕੁੱਲ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਨਾਲ ਮਹਾਭਿਯੋਗ ਦਾ ਪ੍ਰਸਤਾਵ ਪਾਸ ਕਰ ਸਕਦਾ ਹੈ ਤਾਂ ਰਾਸ਼ਟਰਪਤੀ ਮਹਾਭਿਯੋਗ ਪਾਸ ਹੋਣ ਦੀ ਮਿਤੀ ਨਾਲ ਦੋਸ਼ੀ ਕਰਾਰ ਹੋ ਜਾਂਦਾ ਹੈ ਅਤੇ ਆਪਣੇ ਅਹੁਦੇ ਤੋਂ ਅਲੱਗ ਹੋ ਜਾਂਦਾ ਹੈ। ਅੱਜ ਤੱਕ ਕਿਸੇ ਵੀ ਰਾਸ਼ਟਰਪਤੀ ਨੂੰ ਮਹਾਭਿਯੋਗ ਕਾਰਵਾਈ ਦਾ ਸਾਹਮਣਾ ਨਹੀਂ ਕਰਨਾ ਪਿਆ।

**(ਛ) ਪੁਨਰ ਚੋਣ ਦੀ ਵਿਵਸਥਾ** (Re-election): ਸੰਵਿਧਾਨਕ ਰੂਪ ਵਿੱਚ ਕਿਸੇ ਵਿਅਕਤੀ ਦੇ ਰਾਸ਼ਟਰਪਤੀ ਚੁਣੇ ਜਾਣ 'ਤੇ ਕੋਈ ਰੋਕ ਲਾਗੂ ਨਹੀਂ ਹੈ। ਇਕ ਵਿਅਕਤੀ ਵਾਰ-ਵਾਰ ਰਾਸ਼ਟਰਪਤੀ ਚੁਣਿਆ ਜਾ ਸਕਦਾ ਹੈ ਪਰ ਅੱਜ ਤੱਕ ਕੋਈ ਵੀ ਰਾਸ਼ਟਰਪਤੀ ਦੋ ਵਾਰ ਤੋਂ ਜ਼ਿਆਦਾ ਆਪਣੇ ਅਹੁਦੇ 'ਤੇ ਨਹੀਂ ਰਿਹਾ। ਕੇਵਲ ਡਾ. ਰਾਜਿੰਦਰ ਪ੍ਰਸ਼ਾਦ ਦੇਸ਼ ਦੇ ਦੋ ਵਾਰ ਰਾਸ਼ਟਰਪਤੀ ਚੁਣੇ ਗਏ ਸਨ। ਡਾ. ਰਾਧਾ ਕ੍ਰਿਸ਼ਨਨ, ਸ਼੍ਰੀ ਵੀ. ਵੀ. ਗਿਰੀ, ਸ਼੍ਰੀ ਸੰਜੀਵਾ ਰੈਡੀ, ਗਿਆਨੀ ਜੈਲ ਸਿੰਘ, ਸ਼੍ਰੀ ਵੈਂਕਟਾਰਮਨ ਅਤੇ ਡਾ. ਐੱਸ. ਡੀ. ਸ਼ਰਮਾ ਅਤੇ ਸ਼੍ਰੀ ਕੇ. ਆਰ. ਨਾਰਾਇਨਣ ਕੇਵਲ ਇਕ ਵਾਰ ਦੇ ਲਈ ਦੇਸ਼ ਦੇ ਰਾਸ਼ਟਰਪਤੀ ਰਹੇ। ਡਾ. ਜਾਕਿਰ ਹੁਸੈਨ ਅਤੇ ਸ਼੍ਰੀ ਐੱਫ. ਏ ਅਹਿਮਦ ਦਾ ਆਪਣੇ ਕਾਰਜਕਾਲ ਦੇ ਦੌਰਾਨ ਹੀ ਦਿਹਾਂਤ ਹੋ ਗਿਆ ਸੀ ਅਤੇ ਉਹ ਆਪਣਾ 5 ਸਾਲਾਂ ਦਾ ਕਾਰਜਕਾਲ ਵੀ ਪੂਰਨ ਨਾ ਕਰ ਸਕੇ।

**(ਜ) ਰਾਸ਼ਟਰਪਤੀ ਦਾ ਉਤਰਾਅਧਿਕਾਰੀ** (Presidential Succession): ਜੇਕਰ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਰਾਸ਼ਟਰਪਤੀ ਦੀ ਮੌਤ ਹੋ ਜਾਵੇ ਜਾਂ ਕਿਸੇ ਹੋਰ ਕਾਰਨ ਨਾਲ ਰਾਸ਼ਟਰਪਤੀ ਦਾ ਅਹੁਦਾ ਖਾਲੀ ਹੋ ਜਾਵੇ ਤਾਂ ਉੱਪ-ਰਾਸ਼ਟਰਪਤੀ ਦੇਸ਼ ਦਾ ਕਾਰਜਵਾਹਕ ਰਾਸ਼ਟਰਪਤੀ ਬਣ ਜਾਂਦਾ ਹੈ। ਅਮਰੀਕਾ ਦੇ ਬਰਾਬਰ ਉੱਪ-ਰਾਸ਼ਟਰਪਤੀ ਰਾਸ਼ਟਰਪਤੀ ਨਹੀਂ ਬਣਦਾ। ਨਵੇਂ ਰਾਸ਼ਟਰਪਤੀ ਨੂੰ ਅਹੁਦਾ ਖਾਲੀ ਹੋਣ ਦੇ 6 ਮਹੀਨੇ ਦੇ ਅੰਦਰ-ਅੰਦਰ ਚੁਣਿਆ ਜਾ ਸਕਦਾ ਹੈ। ਨਵਾਂ ਰਾਸ਼ਟਰਪਤੀ ਆਪਣਾ ਅਹੁਦਾ ਸੰਭਾਲਣ ਦੀ ਮਿਤੀ ਤੋਂ ਲੈ ਕੇ ਪੂਰੇ ਪੰਜ ਸਾਲ ਦੇ ਕਾਰਜਕਾਲ ਲਈ ਚੁਣਿਆ ਜਾਂਦਾ ਹੈ। ਜੇਕਰ ਕਿਸੇ ਸਥਿਤੀ ਵਿੱਚ ਰਾਸ਼ਟਰਪਤੀ ਦਾ ਅਹੁਦਾ ਖਾਲੀ ਹੋਣ ਦੇ ਸਮੇਂ ਉੱਪ-ਰਾਸ਼ਟਰਪਤੀ ਦਾ ਅਹੁਦਾ ਵੀ ਖਾਲੀ ਹੋਵੇ ਤਾਂ ਭਾਰਤ ਦਾ ਮੁੱਖ ਜੱਜ ਅਤੇ ਉਸ ਦੀ ਗੈਰ-ਮੌਜੂਦਗੀ ਵਿੱਚ ਸਰਵਉੱਚ ਅਦਾਲਤ ਦਾ ਸਭ ਤੋਂ ਵੱਡਾ ਜੱਜ ਨਵੇਂ ਰਾਸ਼ਟਰਪਤੀ ਦੀ ਚੋਣ ਤੱਕ ਕਾਰਵਾਈ ਰਾਸ਼ਟਰਪਤੀ ਦੇ ਰੂਪ ਵਿੱਚ ਸਹੁੰ ਲੈਂਦਾ ਹੈ। 1969 ਵਿੱਚ ਡਾ. ਜਾਕਿਰ ਹੁਸੈਨ ਦੀ ਮੌਤ ਹੋ ਜਾਣ 'ਤੇ ਉਪ-ਰਾਸ਼ਟਰਪਤੀ ਸ਼੍ਰੀ ਵੀ. ਵੀ. ਗਿਰੀ ਦੇਸ਼ ਦੇ ਕਾਰਜਵਾਹਕ ਰਾਸ਼ਟਰਪਤੀ ਬਣੇ। ਇਸ ਸਾਲ ਉਨ੍ਹਾਂ ਵੱਲੋਂ ਤਿਆਗ ਪੱਤਰ ਦੇਣ ਦੇ ਬਾਅਦ ਭਾਰਤ ਦੇ ਮੁੱਖ ਜੱਜ ਸ਼੍ਰੀ ਹਿਦਾਇਤਉੱਲਾ ਨੇ ਕਾਰਜਵਾਹਕ ਰਾਸ਼ਟਰਪਤੀ ਦੇ ਰੂਪ ਵਿੱਚ ਸਹੁੰ ਲਈ। ਉਹ ਪੰਜਵੇਂ ਰਾਸ਼ਟਰਪਤੀ ਦੀ ਚੋਣ (1969) ਵਿੱਚ ਚੁਣੇ ਹੋਏ ਗਿਰੀ ਵੱਲੋਂ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੱਕ ਕਾਰਜਵਾਹਕ ਰਾਸ਼ਟਰਪਤੀ ਦੇ ਰੂਪ ਵਿੱਚ ਕੰਮ ਕਰਦੇ ਰਹੇ।

**(ਝ) ਤਨਖਾਹ ਅਤੇ ਹੋਰ ਭੱਤੇ** (Emoluments): ਇਸ ਸਮੇਂ ਰਾਸ਼ਟਰਪਤੀ ਦੀ ਤਨਖਾਹ 1,10,000 ਰੁਪਏ ਮਹੀਨਾ ਹੈ ਅਤੇ ਸੇਵਾਮੁਕਤ ਹੋਣ 'ਤੇ ਉਨ੍ਹਾਂ ਨੂੰ 25,000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ। ਤਨਖਾਹ ਦੇ ਇਲਾਵਾ ਰਾਸ਼ਟਰਪਤੀ ਨੂੰ ਕਈ ਭੱਤੇ ਅਤੇ ਮੁਫਤ ਸ਼ਾਨਦਾਰ ਘਰ ਮਿਲਦਾ ਹੈ। ਸੇਵਾਮੁਕਤੀ ਦੇ ਬਾਅਦ ਇਕ ਵਿਅਕਤੀਗਤ ਸਕੱਤਰ ਰੱਖਣ ਲਈ 30,000 ਰੁਪਏ ਸਾਲਾਨਾ ਭੱਤੇ ਦੇ ਰੂਪ ਵਿੱਚ ਮਿਲਦੇ ਹਨ ਅਤੇ ਮੁਫਤ ਘਰ ਸਥਾਨ ਅਤੇ ਡਾਕਟਰੀ ਸਹਾਇਤਾ ਵੀ ਮਿਲਦੀ ਹੈ। ਰਾਸ਼ਟਰਪਤੀ ਦੀ ਤਨਖਾਹ ਅਤੇ ਹੋਰ ਭੱਤੇ ਭਾਰਤ ਦੀ ਸੰਚਿਤ ਨਿਧੀ (Consolidated Fund) ਨਾਲ ਦਿੱਤਾ ਜਾਂਦੇ ਹਨ ਅਤੇ ਰਾਸ਼ਟਰਪਤੀ ਦੇ ਕਾਰਜਕਾਲ ਦੇ ਦੌਰਾਨ ਇਨ੍ਹਾਂ ਨੂੰ ਘਟਾਇਆ ਨਹੀਂ ਜਾ ਸਕਦਾ ਪਰ ਇਨ੍ਹਾਂ 'ਤੇ ਕਰ ਲਗਦਾ ਹੈ।

**(ਞ) ਛੂਟ** (Immunities): ਰਾਸ਼ਟਰਪਤੀ ਆਪਣੇ ਸੰਵਿਧਾਨਿਕ ਅਧਿਕਾਰਾਂ ਅਤੇ ਸ਼ਕਤੀਆਂ ਦਾ ਇਸਤੇਮਾਲ ਕਰਦੇ ਸਮੇਂ ਕਿਸੇ ਵੀ ਅਦਾਲਤ ਦੇ ਸਾਹਮਣੇ ਜ਼ਿੰਮੇਵਾਰ ਨਹੀਂ ਹੁੰਦਾ। ਆਪਣੇ ਕਾਰਜਕਾਲ ਦੇ ਦੌਰਾਨ ਰਾਸ਼ਟਰਪਤੀ ਨੂੰ ਗ੍ਰਿਫਤਾਰ ਜਾਂ ਨਜ਼ਰਬੰਦ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਉਨ੍ਹਾਂ ਦੇ ਵਿਰੁੱਧ ਫੌਜਦਾਰੀ ਕਾਰਵਾਈ ਕੀਤੀ ਜਾ ਸਕਦੀ ਹੈ। ਕਿਸੇ ਸਿਵਲ ਕੇਸ ਵਿੱਚ ਉਨ੍ਹਾ ਦੇ ਵਿਰੁੱਧ ਦਾਅਵਾ ਦਾਇਰ ਕਰਨ ਲਈ 2 ਮਹੀਨੇ ਪਹਿਲਾਂ ਨੋਟਿਸ ਦੇਣਾ ਹੁੰਦਾ ਹੈ।

### ਸਵ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks):

1. ਭਾਰਤ ਵਿੱਚ ਰਾਸ਼ਟਰਪਤੀ ਦੇ ਅਹੁਦੇ ਲਈ ਨਿਊਨਤਮ ਉਮਰ ...........ਹੈ।

**ਨੋਟ**

2. ਸਾਲ 1997 ਵਿੱਚ ਭਾਰਤ ਦੇ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਜੋ ਦੋ ਉਮੀਦਵਾਰ ਖੜ੍ਹੇ ਹੋਏ, ਉਨ੍ਹਾਂ ਵਿੱਚ ਇਕ ਕੇ. ਆਰ. ਨਾਰਾਇਨਣ ਸਨ ਅਤੇ ਦੂਸਰੇ................................ ਸਨ।
3. ਸਾਲ 1987 ਵਿੱਚ ਨੌਵੇਂ ਰਾਸ਼ਟਰਪਤੀ ਦੀ ਚੋਣ ਸਮੇਂ ਚੋਣ ਮੰਡਲ ਦੀ ਸੰਖਿਆ ............ ਸੀ।

## 5.2 ਰਾਸ਼ਟਰਪਤੀ ਦੀ ਚੋਣ ਦੇ ਢੰਗ ਦੀ ਆਲੋਚਨਾ (Criticism of the Method for Election of the President)

ਆਲੋਚਕ ਰਾਸ਼ਟਰਪਤੀ ਦੇ ਚੋਣ ਦੇ ਢੰਗ ਵਿੱਚ ਹੇਠ ਲਿਖੀਆਂ ਤਰੁਟੀਆਂ ਦੱਸਦੇ ਹਨ–

**1. ਇਹ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਨਹੀਂ ਹੈ** (It is not a System of Proportional Representation) : ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਦਾ ਮੂਲ ਤੱਤ ਇਹ ਹੁੰਦਾ ਹੈ ਕਿ ਚੁਣੇ ਅਹੁਦਿਆਂ 'ਤੇ ਘੱਟੋ-ਘੱਟ ਤਿੰਨ ਵਿਅਕਤੀਆਂ ਨੂੰ ਚੁਣਿਆ ਜਾਣਾ ਹੁੰਦਾ ਹੈ। ਚੋਣ ਸੰਸਥਾ ਵਿੱਚ ਚੋਣੇ ਮੈਂਬਰਾਂ ਦੀ ਪ੍ਰਤੀਨਿਧਤਾ ਵੋਟਰਾਂ ਵੱਲੋਂ ਪਾਈਆਂ ਗਈਆਂ ਵੋਟਾਂ ਦੇ ਅਨੁਪਾਤ ਵਿੱਚ ਹੁੰਦਾ ਹੈ। ਇਸ ਤਰ੍ਹਾਂ ਇਸ ਲਈ ਬਹੁ-ਮੈਂਬਰੀ ਚੋਣ ਖੇਤਰ ਦੀ ਜ਼ਰੂਰਤ ਹੁੰਦੀ ਹੈ, ਜਿਸ ਨਾਲ ਕਿ ਸੀਟਾਂ ਦੀ ਅਨੁਪਾਤਿਕ ਵੰਡ ਹੋ ਸਕੇ। ਇਸ ਤੋਂ ਉਲਟ ਰਾਸ਼ਟਰਪਤੀ ਦੀ ਚੋਣ ਵਿੱਚ ਇਹ ਢੰਗ ਨਹੀਂ ਅਪਣਾਇਆ ਗਿਆ। ਰਾਸ਼ਟਰਪਤੀ ਦੀ ਚੋਣ ਵਿੱਚ ਕੇਵਲ ਇਕ ਹੀ ਵਿਅਕਤੀ ਨੂੰ ਰਾਸ਼ਟਰਪਤੀ ਚੁਣਿਆ ਜਾਂਦਾ ਹੈ। ਇਸ ਲਈ ਇਹ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਨਹੀਂ ਹੈ।

**2. ਗੁੰਝਲਦਾਰ ਪ੍ਰਣਾਲੀ** (It is a very Complex Method) : ਰਾਸ਼ਟਰਪਤੀ ਦੀ ਚੋਣ ਪ੍ਰਣਾਲੀ ਬਹੁਤ ਗੁੰਝਲਦਾਰ ਹੈ, ਜਿਸ ਵਿੱਚ ਰਾਜਾਂ ਦੇ ਹਰੇਕ ਐੱਮ. ਐੱਲ. ਏ. ਅਤੇ ਹਰੇਕ ਸੰਸਦ ਮੈਂਬਰ ਦੀਆਂ ਵੋਟਾਂ ਦਾ ਹਿਸਾਬ-ਕਿਤਾਬ ਲਗਾਇਆ ਜਾਂਦਾ ਹੈ। ਵੋਟਾਂ ਦਾ ਜ਼ਰੂਰੀ ਅਨੁਪਾਤ ਲੈਣਾ ਪ੍ਰਾਥਮਿਕਤਾ ਦੱਸਣਾ ਅਤੇ ਕਿਸੇ ਉਮੀਦਵਾਰ ਵੱਲੋਂ ਜ਼ਰੂਰੀ ਅਨੁਪਾਤ ਨਾ ਲੈਣ ਦੀ ਸਥਿਤੀ ਵਿੱਚ ਵੋਟਾਂ ਦਾ ਬਦਲਾਅ ਵੀ ਇਸ ਪ੍ਰਣਾਲੀ ਨੂੰ ਗੁੰਝਲਦਾਰ ਬਣਾਉਂਦਾ ਹੈ।

**3. ਰਾਜਾਂ ਦੀ ਪ੍ਰਤੀਨਿਧਤਾ ਵਿੱਚ ਬਰਾਬਰਤਾ ਦੀ ਕਮੀ** (Lack of Uniformity in the Representation of States) : ਸੰਵਿਧਾਨ ਵਿੱਚ ਲਿਖਿਆ ਗਿਆ ਹੈ ਕਿ ਜਿੱਥੋਂ ਤੱਕ ਸੰਭਵ ਹੋ ਸਕੇ, ਪ੍ਰਤੀਨਿਧਤਾ ਵਿੱਚ ਇਕਰੂਪਤਾ ਭਰੋਸੇਯੋਗ ਬਣਾਈ ਜਾਵੇ ਪਰ ਇਕ ਐੱਮ. ਐੱਲ. ਦੀ ਵੋਟ ਦਾ ਹਿਸਾਬ-ਕਿਤਾਬ ਲਗਾਉਣ ਲਈ ਜੋ ਫਾਰਮੂਲਾ ਅਪਣਾਇਆ ਗਿਆ ਹੈ, ਉਹ ਅਲੱਗ-ਅਲੱਗ ਰਾਜਾਂ ਦੇ ਐੱਮ. ਐੱਲ. ਏਜ਼. ਦੀਆਂ ਵੋਟਾਂ ਦੀ ਕੀਮਤ ਵਿੱਚ ਭਿੰਨਤਾ ਲਿਆਉਣ ਦਾ ਕਾਰਨ ਬਣਦਾ ਹੈ। 1997 ਵਿੱਚ ਰਾਸ਼ਟਰਪਤੀ ਦੀ ਚੋਣ ਵਿੱਚ ਮਿਜ਼ੋਰਮ ਦੇ ਇਕ ਐੱਮ. ਐੱਲ. ਏ. ਦੀ ਵੋਟ ਦੀ ਕੀਮਤ ਕੇਵਲ 8 ਸੀ, ਜਦ ਕਿ ਯੂ. ਪੀ. ਦੇ ਇਕ ਐੱਮ. ਐੱਲ. ਏ. ਦੀ ਵੋਟ ਦੀ ਕੀਮਤ 208 ਸੀ। ਇਸ ਤਰ੍ਹਾਂ ਯੂ. ਪੀ. ਦੇ ਭਾਰੀ ਸੰਖਿਆ ਵਿੱਚ ਸੰਸਦ ਮੈਂਬਰ ਅਤੇ ਐੱਮ. ਐੱਲ. ਏ. ਹਮੇਸ਼ਾਂ ਹੀ ਰਾਸ਼ਟਰਪਤੀ ਦੀ ਚੋਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਚੋਣ ਨੂੰ ਪ੍ਰਭਾਵਿਤ ਕਰਦੇ ਹਨ।

**4. ਇਹ ਇਕੱਲਾ ਬਦਲਾਅ ਲੋਕਮਤ ਪ੍ਰਣਾਲੀ ਨਹੀਂ ਹੈ** (It is not a Single Transferable Vote System) : ਸੰਵਿਧਾਨ ਇਸ ਨੂੰ ਗਲਤ ਰੂਪ ਵਿੱਚ ਇਕੱਲਾ ਬਦਲਾਅ ਵੋਟ ਪ੍ਰਣਾਲੀ ਦੱਸਦਾ ਹੈ। ਅਸਲ ਵਿੱਚ ਇਹ ਅਜਿਹੀ ਪ੍ਰਣਾਲੀ ਨਹੀਂ ਹੈ। ਇਕੱਲਾ ਬਦਲਾਅ ਵੋਟ ਪ੍ਰਣਾਲੀ ਕੇਵਲ ਇਕ ਬਹੁ ਸੰਸਦੀ ਚੋਣ ਖੇਤਰ ਵਿੱਚ ਲਾਗੂ ਕੀਤੀ ਜਾ ਸਕਦੀ ਹੈ। ਇੱਥੇ ਹੋਰ ਵੋਟਾਂ ਦੇ ਬਦਲਾਅ ਦਾ ਸਵਾਲ ਪੈਦਾ ਹੁੰਦਾ ਹੈ। ਰਾਸ਼ਟਰਪਤੀ ਦੀ ਚੋਣ ਪ੍ਰਣਾਲੀ ਵਿੱਚ ਕੇਵਲ ਇਕ ਵਿਅਕਤੀ ਦਾ ਰਾਸ਼ਟਰਪਤੀ ਦੇ ਰੂਪ ਵਿੱਚ ਚੋਣ ਕਰਨੀ ਹੁੰਦੀ ਹੈ, ਇਸ ਲਈ ਇਸ ਚੋਣ ਵਿੱਚ ਇਕੱਲਾ ਬਦਲਾਅ ਯੋਗ ਵੋਟ ਪ੍ਰਣਾਲੀ ਵਿਵਹਾਰਿਕ ਨਹੀਂ ਹੋ ਸਕਦੀ। ਇਸ ਨੂੰ ਵਿਕਲਪਿਕ ਵੋਟ ਜਾਂ ਪ੍ਰਾਥਮਿਕਤਾ ਵੋਟ ਪ੍ਰਣਾਲੀ ਕਹਿਣਾ ਸਹੀ ਹੋਵੇਗਾ।

**5. ਪ੍ਰਾਥਮਿਕਤਾਵਾਂ ਨਾ ਦਰਜ ਕੀਤੀਆਂ ਜਾਣੀਆਂ ਸੰਕਟ ਦਾ ਕਾਰਨ ਬਣ ਸਕਦਾ ਹੈ** (Non-recording of Preferences can be a source of crisis) : ਰਾਸ਼ਟਰਪਤੀ ਚੋਣ ਪ੍ਰਣਾਲੀ ਦਾ ਇਕ ਮੂਲ ਆਧਾਰ ਇਹ ਹੈ ਕਿ ਜੇਕਰ ਪਹਿਲੀ ਗਿਣਤੀ (ਜੋ ਕਿ ਵੋਟਰਾਂ ਦੀ ਪਹਿਲੀ ਪਸੰਦ ਦੀ ਗਿਣਤੀ ਹੁੰਦੀ ਹੈ) ਵਿੱਚ ਕੋਈ ਇਕ ਵੀ ਉਮੀਦਵਾਰ ਵੋਟਾਂ ਦਾ ਨਿਰਧਾਰਿਤ ਕੋਟਾ ਪ੍ਰਾਪਤ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਸਭ ਤੋਂ ਘੱਟ ਵੋਟਾਂ ਲੈਣ ਵਾਲੇ ਉਮੀਦਵਾਰ ਨੂੰ ਮੁਕਾਬਲੇ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ ਅਤੇ ਉਸ ਦੀਆਂ ਵੋਟਾਂ ਨੂੰ ਵੋਟਰਾਂ ਵੱਲੋਂ ਦਰਜ ਕੀਤੀ ਗਈ ਦੂਸਰੀ ਪ੍ਰਾਥਮਿਕਤਾ ਦੇ ਅਧਾਰ 'ਤੇ ਬਾਕੀ ਉਮੀਦਵਾਰਾਂ ਵਿੱਚ ਵੰਡ ਦਿੱਤਾ ਜਾਂਦਾ ਹੈ ਪਰ ਜੇਕਰ ਵੋਟਰਾਂ ਵੱਲੋਂ ਦੂਸਰੀ ਪ੍ਰਾਥਮਿਕਤਾ ਦਿੱਤੀ ਹੀ ਨਾ ਗਈ ਹੋਵੇ ਤਾਂ ਵੋਟਾਂ ਦੇ ਬਦਲਣ ਦੀ ਮੂਲ ਸ਼ਰਤ ਨੂੰ ਪੂਰਾ ਕਰਨਾ ਅਸੰਭਵ ਹੋ ਸਕਦਾ ਹੈ। ਅਜਿਹੀ ਸੰਭਾਵਨਾ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਰਾਸ਼ਟਰਪਤੀ ਚੋਣ ਵਿੱਚ ਹੋ ਸਕਦੀ ਹੈ।

**6. ਚੋਣ ਮੰਡਲ ਵਿੱਚ ਖਾਲੀ ਸੀਟਾਂ ਦੇ ਬਾਵਜੂਦ ਚੋਣ ਕਰਵਾਉਣਾ** (Holding of the election despite vacancies in the electroal college) : ਸਰਵਉੱਚ ਅਦਾਲਤ ਦੇ ਫੈਸਲੇ ਅਨੁਸਾਰ ਰਾਜ ਵਿਧਾਨ ਸਭਾ/ਸਭਾਵਾਂ ਭੰਗ ਹੋਣ ਦੇ ਨਤੀਜੇ ਵਜੋਂ ਚੋਣ ਮੰਡਲ ਵਿੱਚ ਕਈ ਸੀਟਾਂ ਖਾਲੀ ਹੋਣ ਦੇ ਬਾਵਜੂਦ ਵੀ ਰਾਸ਼ਟਰਪਤੀ ਦੀ ਚੋਣ ਪਹਿਲੇ ਰਾਸ਼ਟਰਪਤੀ ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਕੀਤਾ ਜਾਣਾ ਹੁੰਦਾ ਹੈ। ਇਸ ਵਿਵਸਥਾ ਦਾ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਵੱਲੋਂ ਗਲਤ ਇਸਤੇਮਾਲ ਕੀਤਾ ਜਾ

ਨੋਟ

ਸਕਦਾ ਹੈ। ਕੇਂਦਰੀ ਸੱਤਾਧਾਰੀ ਪਾਰਟੀ ਜਿਸ ਰਾਜ ਵਿਧਾਨ ਸਭਾ ਵਿੱਚ ਉਸ ਦੇ "ਵਿਰੋਧੀਆਂ" ਦਾ ਬਹੁਮਤ ਹੋਵੇ, ਨੂੰ ਭੰਗ ਕਰਕੇ ਇਕ ਵਿਸ਼ੇਸ਼ ਉਮੀਦਵਾਰ ਦੇ ਪੱਖ ਵਿੱਚ ਵੋਟਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

7. **ਭਾਰਤ ਦੇ ਮੁੱਖ ਜੱਜ ਨੂੰ ਕਾਰਜਵਾਹਕ ਰਾਸ਼ਟਰਪਤੀ ਬਣਾਉਣ ਦੀ ਵਿਵਸਥਾ** (Provision for making the Chief Justice of India as Acting-President) : ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਦਾ ਅਹੁਦਾ ਇਕ ਹੀ ਸਮੇਂ ਖਾਲੀ ਹੋਣ ਦੀ ਸਥਿਤੀ ਵਿੱਚ ਸੰਵਿਧਾਨ ਦੇ ਅਨੁਸਾਰ ਭਾਰਤ ਦਾ ਮੁੱਖ ਜੱਜ ਅਤੇ ਉਸ ਦੀ ਗੈਰ-ਮੌਜੂਦਗੀ ਵਿੱਚ ਸਰਵਉੱਚ ਅਦਾਲਤ ਦਾ ਸਭ ਤੋਂ ਵੱਡਾ ਜੱਜ ਕਾਰਜਵਾਹਕ ਰਾਸ਼ਟਰਪਤੀ ਦੇ ਰੂਪ ਵਿੱਚ ਸਹੁੰ ਚੁੱਕਦਾ ਹੈ। ਇਹ ਵਿਵਸਥਾ ਸੰਵਿਧਾਨ ਗਣਤੰਤਰਵਾਦ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਨਹੀਂ ਹੈ। ਉੱਪ ਰਾਸ਼ਟਰਪਤੀ ਤੋਂ ਬਾਅਦ ਲੋਕ ਸਭਾ ਦੇ ਸਪੀਕਰ ਨੂੰ ਉਸ ਦਾ ਉਤਰਾਧਿਕਾਰੀ ਬਣਾਇਆ ਜਾਣਾ ਚਾਹੀਦਾ ਸੀ।

8. **ਮਹਾਭਿਯੋਗ ਕਾਰਵਾਈ ਵਿੱਚ ਨਿਯੁਕਤ ਮੈਂਬਰਾਂ ਦਾ ਸ਼ਾਮਿਲ ਹੋਣਾ** (Participation of nominated members in the impeachment proceedings) : ਰਾਸ਼ਟਰਪਤੀ ਦੀ ਚੋਣ ਪ੍ਰਣਾਲੀ ਵਿੱਚ ਸੰਵਿਧਾਨ ਦੇ ਅਨੁਸਾਰ ਨਿਯੁਕਤ ਸੰਸਦ ਮੈਂਬਰਾਂ ਅਤੇ ਨਿਯੁਕਤ ਐੱਮ. ਐੱਲ. ਏਜ਼. ਦਾ ਵੋਟਰਾਂ ਦੇ ਰੂਪ ਵਿੱਚ ਭਾਗ ਲੈਣ 'ਤੇ ਤਾਂ ਪਾਬੰਦੀ ਹੈ ਪਰ ਇਸ ਨਿਯੁਕਤ ਮੈਂਬਰਾਂ ਵੱਲੋਂ ਰਾਸ਼ਟਰਪਤੀ ਵਿਰੁੱਧ ਮਹਾਭਿਯੋਗ ਕਾਰਵਾਈ ਵਿੱਚ ਭਾਗ ਲੈਣ 'ਤੇ ਪ੍ਰਤੀਬੰਧ ਲਾਗੂ ਨਹੀਂ ਕੀਤਾ ਗਿਆ।

9. **ਤਿਆਗ ਪੱਤਰ ਦੇ ਢੰਗ ਨਾਲ ਸਬੰਧਿਤ ਮੁਸ਼ਕਿਲਾਂ** (Difficulties regarding the provisions providing for the system of resignation) : ਜੇਕਰ ਰਾਸ਼ਟਰਪਤੀ ਤਿਆਗ ਪੱਤਰ ਦੇਣਾ ਚਾਹੁੰਦਾ ਹੈ ਤਾਂ ਉਹ ਅਜਿਹਾ ਉੱਪ ਰਾਸ਼ਟਰਪਤੀ ਨੂੰ ਤਿਆਗ ਪੱਤਰ ਭੇਜ ਕੇ ਕਰ ਸਕਦਾ ਹੈ ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਜੇਕਰ ਉੱਪ ਰਾਸ਼ਟਰਪਤੀ ਦਾ ਅਹੁਦਾ ਵੀ ਖਾਲੀ ਹੈ ਤਾਂ ਰਾਸ਼ਟਰਪਤੀ ਨੂੰ ਕਿਸ ਨੂੰ ਆਪਣਾ ਤਿਆਗ ਪੱਤਰ ਭੇਜਣਾ ਚਾਹੀਦਾ ਹੈ। ਇਸ ਤਰ੍ਹਾਂ ਕਾਰਜਵਾਹਕ ਰਾਸ਼ਟਰਪਤੀ ਨੂੰ ਕਿਸ ਨੂੰ ਤਿਆਗ ਪੱਤਰ ਭੇਜਣਾ ਚਾਹੀਦਾ ਹੈ? ਅਜਿਹੀ ਸਥਿਤੀ ਡਾ. ਜਾਕਿਰ ਹੁਸੈਨ ਦੀ ਮੌਤ ਤੋਂ ਬਾਅਦ 1969 ਵਿੱਚ ਸ਼੍ਰੀ ਵੀ. ਵੀ. ਗਿਰੀ ਦੇ ਕਾਰਜਵਾਹਕ ਰਾਸ਼ਟਰਪਤੀ ਬਣਨ ਤੋਂ ਬਾਅਦ ਪੈਦਾ ਹੋਈ ਸੀ। ਬਾਅਦ ਵਿੱਚ ਜਦ ਸ਼੍ਰੀ ਗਿਰੀ ਨੇ ਤਿਆਗ ਪੱਤਰ ਦੇਣਾ ਸੀ ਤਾਂ ਇਹ ਮੁੱਦਾ ਪੈਦਾ ਹੋਇਆ ਕਿ ਉਹ ਕਿਸ ਨੂੰ ਤਿਆਗ ਪੱਤਰ ਭੇਜਣ। ਭਾਰਤ ਦੇ ਅਟਾਰਨੀ ਜਨਰਲ ਨੇ ਇਹ ਵਿਚਾਰ ਪ੍ਰਗਟ ਕੀਤਾ ਕਿ ਕਾਰਜਵਾਹਕ ਉੱਪ ਰਾਸ਼ਟਰਪਤੀ ਨੂੰ ਆਪਣੇ ਤਿਆਗ ਪੱਤਰ 'ਤੇ ਹਸਤਾਖਰ ਕਰਕੇ ਰਾਸ਼ਟਰਪਤੀ ਦੇ ਦਫਤਰ ਵਿੱਚ ਦੇ ਦੇਣਾ ਚਾਹੀਦਾ ਹੈ ਅਤੇ ਤਿਆਗ ਪੱਤਰ ਦੀਆਂ ਕਾਪੀਆਂ ਪ੍ਰਧਾਨ ਮੰਤਰੀ ਅਤੇ ਭਾਰਤ ਦੇ ਮੁੱਖ ਜੱਜ ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ। ਭਾਰਤ ਦੇ ਗਜ਼ਟ ਵਿੱਚ ਇਸ ਨਾਲ ਸਬੰਧਿਤ ਅਧਿਸੂਚਨਾ ਤੁਰੰਤ ਜਾਰੀ ਕੀਤੀ ਜਾਣੀ ਚਾਹੀਦੀ ਹੈ। ਇਹ ਕਾਰਵਾਈ 1969 ਵਿੱਚ ਹੋਂਦ 'ਚ ਲਿਆਂਦੀ ਗਈ ਪਰ ਅਜੇ ਇਹ ਮੁੱਦਾ ਕਾਨੂੰਨ ਸੋਧ ਨਾਲ ਅਧਾਰਿਤ ਕੀਤਾ ਜਾਣਾ ਬਾਕੀ ਹੈ।

10. **ਵਾਰ-ਵਾਰ ਚੋਣ ਜਿੱਤ ਕੇ ਰਾਸ਼ਟਰਪਤੀ ਅਹੁਦਾ ਪ੍ਰਾਪਤ ਕਰਨ 'ਤੇ ਪ੍ਰਤੀਬੰਧ ਦੀ ਗੈਰ-ਮੌਜੂਦਗੀ** (No bar on Re-election): ਸੰਵਿਧਾਨ ਇਸ ਸਰਵਉੱਚ ਪ੍ਰਭੂਸੱਤਾ ਸੰਪਨ ਅਹੁਦੇ 'ਤੇ ਕਿਸੇ ਵਿਅਕਤੀ ਦੇ ਵਾਰ-ਵਾਰ ਚੁਣੇ ਜਾਣ 'ਤੇ ਪ੍ਰਤੀਬੰਧ ਨਹੀਂ ਲਗਾਉਂਦਾ। ਆਲੋਚਕ ਚਾਹੁੰਦੇ ਹਨ ਕਿ ਕਿਸੇ ਇਕ ਵਿਅਕਤੀ ਦੇ ਰਾਸ਼ਟਰਪਤੀ ਦੇ ਅਹੁਦੇ 'ਤੇ ਬਹੁਤ ਵਧੇਰੇ ਲੰਮੇ ਸਮੇਂ ਤੱਕ ਬਣੇ ਰਹਿਣ ਨੂੰ ਰੋਕਣ ਲਈ ਅਮਰੀਕਾ ਦੇ ਬਰਾਬਰ ਸੰਵਿਧਾਨਿਕ ਰੂਪ ਵਿੱਚ ਕਿਸੇ ਇਕ ਵਿਅਕਤੀ ਵੱਲੋਂ ਜ਼ਿਆਦਾ ਤੋਂ ਜ਼ਿਆਦਾ ਦੋ ਵਾਰ ਕਾਰਜਕਾਲ ਲਈ ਰਾਸ਼ਟਰਪਤੀ ਚੋਣੇ ਜਾਣ ਦੀ ਵਿਵਸਥਾ ਕਰ ਦਿੱਤੀ ਜਾਣੀ ਚਾਹੀਦੀ ਹੈ।

11. **ਕੇਵਲ ਜਨਮ-ਜਾਤ ਨਾਗਰਿਕ ਹੀ ਰਾਸ਼ਟਰਪਤੀ ਦਾ ਅਹੁਦਾ ਪ੍ਰਾਪਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ** (Only Natural born Citizen should be eligible to become the President) : ਸੰਵਿਧਾਨ ਵਿੱਚ ਰਾਸ਼ਟਰਪਤੀ ਦੇ ਅਹੁਦੇ ਦੀ ਯੋਗਤਾ ਦੇ ਸਬੰਧ ਵਿੱਚ ਲਿਖਿਆ ਗਿਆ ਹੈ ਕਿ ਉਹ ਭਾਰਤ ਦਾ ਨਾਗਰਿਕ ਹੋਣਾ ਚਾਹੀਦਾ ਹੈ ਪਰ ਇਹ ਨਹੀਂ ਲਿਖਿਆ ਗਿਆ ਕਿ ਉਹ ਜਨਮ-ਜਾਤ ਨਾਗਰਿਕ ਹੀ ਹੋਣਾ ਚਾਹੀਦਾ ਹੈ। ਅੱਜ ਇਹ ਸਮੇਂ ਦੀ ਮੰਗ ਹੈ ਕਿ ਭਾਰਤ ਦੇ ਇਕ ਜਨਮ-ਜਾਤ ਨਾਗਰਿਕ ਨੂੰ ਹੀ ਰਾਸ਼ਟਰਪਤੀ ਦਾ ਅਹੁਦਾ ਪ੍ਰਾਪਤ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਇਸ ਸਬੰਧ ਵਿੱਚ ਉਪਯੁਕਤ ਸੋਧ ਕੀਤੀ ਜਾਣੀ ਚਾਹੀਦੀ ਹੈ।

ਉਪਯੁਕਤ ਆਲੋਚਨਾ ਦੇ ਬਾਵਜੂਦ ਰਾਸ਼ਟਰਪਤੀ ਚੋਣ ਪ੍ਰਣਾਲੀ ਅਤੇ ਰਾਸ਼ਟਰਪਤੀ ਦੇ ਅਹੁਦੇ ਨਾਲ ਸਬੰਧਿਤ ਹੋਰ ਵਿਵਸਥਾਵਾਂ ਸੰਵਿਧਾਨ ਲਾਗੂ ਹੋਣ ਤੋਂ ਲੈ ਕੇ ਹੁਣ ਤੱਕ ਸਫ਼ਲਤਾਪੂਰਵਕ ਕੰਮ ਕਰ ਰਹੀਆਂ ਹਨ। ਅੱਜ ਤੱਕ ਰਾਸ਼ਟਰਪਤੀ ਦੀ ਚੋਣ ਸੁੱਖਮਈ ਵਾਤਾਵਰਨ ਅਤੇ ਵਿਵਸਥਿਤ ਢੰਗ ਨਾਲ ਹੁੰਦਾ ਰਿਹਾ ਹੈ: ਡਾ. ਰਜਿੰਦਰ ਪ੍ਰਸ਼ਾਦ (26 ਜਨਵਰੀ 1950 ਤੋਂ 13 ਮਈ 1962 ਪਹਿਲੇ ਅਤੇ ਦੂਸਰੇ ਰਾਸ਼ਟਰਪਤੀ ਦੀ ਚੋਣ ਕ੍ਰਮਵਾਰ 1952 ਅਤੇ 1957 ਵਿੱਚ ਹੋਈ ਸੀ), ਡਾ. ਸਰਵਪਲੀ ਰਾਧਾਕ੍ਰਿਸ਼ਨਨ (13 ਮਈ 1962 ਤੋਂ 13 ਮਈ 1967, ਰਾਸ਼ਟਰਪਤੀ ਦੀ ਤੀਸਰੀ ਚੋਣ 1962 ਵਿੱਚ ਹੋਈ ਸੀ), ਡਾ. ਜਾਕਿਰ ਹੁਸੈਨ (13 ਮਈ 1967 ਤੋਂ 13 ਮਈ 1969, ਚੌਥੇ ਰਾਸ਼ਟਰਪਤੀ ਚੋਣ 1967 ਵਿੱਚ ਹੋਈ ਸੀ), ਸ਼੍ਰੀ ਵੀ. ਵੀ. ਗਿਰੀ (24 ਅਗਸਤ 1969 ਤੋਂ 24 ਅਗਸਤ 1974, ਰਾਸ਼ਟਰਪਤੀ ਦੀ ਪੰਜਵੀਂ ਚੋਣ 1969 ਵਿੱਚ ਹੋਈ ਸੀ), ਸ਼੍ਰੀ ਐੱਫ. ਏ. ਅਹਿਮਦ (24 ਅਗਸਤ 1974 ਤੋਂ 11 ਫਰਵਰੀ 1977, ਛੇਵੇਂ ਰਾਸ਼ਟਰਪਤੀ ਦੀ ਚੋਣ 1974 ਵਿੱਚ ਹੋਈ ਸੀ), ਸ਼੍ਰੀ ਨੀਲਮ ਸੰਜੀਵਾ ਰੈਡੀ (25 ਜੁਲਾਈ 1977 ਤੋਂ 25 ਜੁਲਾਈ 1982, ਰਾਸ਼ਟਰਪਤੀ ਦੀ ਸਤਵੀਂ ਚੋਣ 1977 ਵਿੱਚ ਹੋਈ ਸੀ), ਗਿਆਨੀ ਜ਼ੈਲ ਸਿੰਘ (25 ਜੁਲਾਈ 1982

ਨੋਟ

ਤੋਂ 25 ਜੁਲਾਈ 1987, ਅੱਠਵੀਂ ਰਾਸ਼ਟਰਪਤੀ ਚੋਣ 1982 ਵਿੱਚ ਹੋਈ ਸੀ)। ਸ਼੍ਰੀ ਆਰ. ਵੈਂਕਟਾ ਰਮਨ (25 ਜੁਲਾਈ 1987 ਤੋਂ 25 ਜੁਲਾਈ 1992, ਨੌਂਵੀਂ ਰਾਸ਼ਟਰਪਤੀ ਚੋਣ ਜੁਲਾਈ 1987 ਵਿੱਚ ਹੋਈ ਸੀ)। ਡਾ. ਸ਼ੰਕਰ ਦਿਆਲ ਸ਼ਰਮਾ (ਜੁਲਾਈ 1992 ਤੋਂ 25 ਜੁਲਾਈ 1997, ਦਸਵੇਂ ਰਾਸ਼ਟਰਪਤੀ ਦੀ ਚੋਣ 1992 ਵਿੱਚ ਹੋਈ ਸੀ) ਅਤੇ ਸ਼੍ਰੀ ਵੀ. ਕੇ. ਆਰ. ਨਰਾਇਨਣ (25 ਜੁਲਾਈ 1997 ਤੋਂ 25 ਜੁਲਾਈ 2002, 11ਵੇਂ ਰਾਸ਼ਟਰਪਤੀ ਦੀ ਚੋਣ 1997 ਵਿੱਚ ਹੋਈ ਸੀ)। ਇਨ੍ਹਾਂ ਤੋਂ ਬਾਅਦ 25 ਜੁਲਾਈ 2002 ਨੂੰ ਸ਼੍ਰੀ ਏ. ਪੀ. ਜੇ. ਅਬਦੁਲ ਕਲਾਮ ਭਾਰਤ ਦੇ ਰਾਸ਼ਟਰਪਤੀ ਚੁਣੇ ਗਏ। (12ਵੀਂ ਰਾਸ਼ਟਰਪਤੀ ਚੋਣ ਜੁਲਾਈ 2002 ਵਿੱਚ ਹੋਈ ਸੀ) 13ਵੀਂ ਰਾਸ਼ਟਰਪਤੀ ਚੋਣ ਜੁਲਾਈ 2007 ਵਿੱਚ ਹੋਈ ਸੀ। ਸ਼੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਚੁਣੀ ਗਈ। ਦੇਸ਼ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ, ਜਦ ਕੋਈ ਮਹਿਲਾ ਰਾਸ਼ਟਰਪਤੀ ਚੁਣੀ ਗਈ ਹੈ।

### ਸਵ ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚ ਸੱਚ ਜਾਂ ਝੂਠ ਦੱਸੋ (Write True/False in the following statements):

4. ਰਾਸ਼ਟਰਪਤੀ ਦੀ ਚੋਣ ਪ੍ਰਣਾਲੀ ਬਹੁਤ ਆਸਾਨ ਹੈ।
5. ਰਾਸ਼ਟਰਪਤੀ ਦੀ ਚੋਣ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਨਾਲ ਹੁੰਦਾ ਹੈ।
6. ਡਾ. ਜਾਕਿਰ ਹੁਸੈਨ ਦੀ ਮੌਤ ਤੋਂ ਬਾਅਦ ਵੀ. ਵੀ. ਗਿਰੀ ਕਾਰਜਵਾਹਕ ਰਾਸ਼ਟਰਪਤੀ ਬਣੇ।

## 5.3 ਰਾਸ਼ਟਰਪਤੀ ਦੀਆਂ ਸ਼ਕਤੀਆਂ ਅਤੇ ਸਥਿਤੀ (President's Power and Position)

ਭਾਰਤ ਦਾ ਰਾਸ਼ਟਰਪਤੀ ਰਾਜ ਪ੍ਰਧਾਨ ਅਤੇ ਮੁੱਖ ਨਿਆ ਪਾਲਿਕਾ ਹੁੰਦਾ ਹੈ। ਅਨੁਛੇਦ 53 ਦੇ ਅਨੁਸਾਰ "ਸੰਘ ਦੀਆਂ ਕਾਰਜ ਪਾਲਿਕਾ ਸ਼ਕਤੀਆਂ ਰਾਸ਼ਟਰਪਤੀ ਕੋਲ ਹਨ ਅਤੇ ਉਸ ਵੱਲੋਂ ਇਨ੍ਹਾਂ ਸ਼ਕਤੀਆਂ ਦਾ ਇਸਤੇਮਾਲ ਸੰਵਿਧਾਨ ਅਨੁਸਾਰ ਪ੍ਰਤੱਖ ਰੂਪ ਵਿੱਚ ਆਪਣੇ ਵੱਲੋਂ ਜਾਂ ਆਪਣੇ ਅਧੀਨ ਅਧਿਕਾਰੀਆਂ ਵੱਲੋਂ ਕੀਤਾ ਜਾਵੇਗਾ।" ਪਰ ਇਕ ਸੰਸਦੀ ਪ੍ਰਣਾਲੀ ਦੇ ਰਾਜ-ਪ੍ਰਧਾਨ ਦੇ ਰੂਪ ਵਿੱਚ ਨਾਮਾਤਰ ਸ਼ਕਤੀਆਂ ਰੱਖਦਾ ਹੋਇਆ ਕੇਵਲ ਇਕ ਸੰਵਿਧਾਨਿਕ ਮੁਖੀਆ ਵਾਂਗ ਹੀ ਕੰਮ ਕਰਦਾ ਹੈ। 42ਵੀਂ ਸੋਧ ਤੋਂ ਬਾਅਦ ਸੰਵਿਧਾਨ ਦੇ ਅਨੁਛੇਦ 74 ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਰਾਸ਼ਟਰਪਤੀ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀਆਂ ਸਾਰੀਆਂ ਸ਼ਕਤੀਆਂ ਦਾ ਇਸਤੇਮਾਲ ਮੰਤਰੀ ਮੰਡਲ, ਜਿਸ ਦਾ ਮੁਖੀਆ ਪ੍ਰਧਾਨ ਮੰਤਰੀ ਹੈ, ਦੀ ਸਲਾਹ ਨਾਲ ਕਰੇਗਾ ਪਰ ਇਸ ਪਾਬੰਦੀ ਦੇ ਬਾਵਜੂਦ ਰਾਸ਼ਟਰਪਤੀ ਭਾਰਤ ਦਾ ਸਰਵਉੱਚ ਅਹੁਦਾ ਸੰਭਾਲਦਾ ਹੈ, ਉਹ ਭਾਰਤੀ ਪ੍ਰਭੂਸੱਤਾ ਦਾ ਵਿਅਕਤੀਗਤ ਰੂਪ ਵਿੱਚ ਪ੍ਰਤੀਨਿਧਤਾ ਕਰਦਾ ਹੈ, ਸਰਵਉੱਚ ਸਥਿਤੀ ਦਾ ਇਸਤੇਮਾਲ ਕਰਦਾ ਹੈ ਅਤੇ ਭਾਰਤ ਦੀ ਰਾਜਨੀਤਿਕ ਵਿਵਸਥਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਰਾਸ਼ਟਰਪਤੀ ਦੀ ਭੂਮਿਕਾ ਸਬੰਧੀ ਚਰਚਾ ਉਸ ਦੀਆਂ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਸਬੰਧੀ ਸੰਖੇਪ ਜਾਣਕਾਰੀ ਲੈਣ ਤੋਂ ਬਾਅਦ ਹੀ ਕੀਤੀ ਜਾ ਸਕਦੀ ਹੈ। ਉਸ ਦੀਆਂ ਸ਼ਕਤੀਆਂ ਦੀ ਕੁਝ ਸਿਰਲੇਖਾਂ ਅਧੀਨ ਚਰਚਾ ਹੋ ਸਕਦੀ ਹੈ।

### ਰਾਸ਼ਟਰਪਤੀ ਦੀਆਂ ਕਾਰਜ ਪਾਲਿਕਾ ਸ਼ਕਤੀਆਂ (Executive Powers of the President)

ਅਨੁਛੇਦ 53 ਦੇ ਅਨੁਸਾਰ ਸੰਘ ਦੀਆਂ ਸਾਰੀਆਂ ਕਾਰਜ ਪਾਲਿਕਾ ਸ਼ਕਤੀਆਂ ਰਾਸ਼ਟਰਪਤੀ ਕੋਲ ਹਨ। ਰਾਸ਼ਟਰਪਤੀ ਸੰਘ ਦੀ ਸੁਰੱਖਿਆ ਸੈਨਾਵਾਂ ਦਾ ਸਰਵਉੱਚ ਸੈਨਾਪਤੀ ਹੁੰਦਾ ਹੈ। ਉਸ ਦੀਆਂ ਕਾਰਜ ਪਾਲਿਕਾ ਸ਼ਕਤੀਆਂ ਸਬੰਧੀ ਚਰਚਾ ਹੇਠ ਲਿਖੇ ਰੂਪ ਵਿੱਚ ਕੀਤੀ ਜਾ ਸਕਦੀ ਹੈ :

***(i) ਪ੍ਰਸ਼ਾਸਕੀ ਸ਼ਕਤੀਆਂ*** (Administrative Powers) : ਰਾਸ਼ਟਰਪਤੀ ਕਾਰਜ ਪਾਲਿਕਾ ਅਤੇ ਸ਼ਾਸਨ ਦਾ ਮੁਖੀਆ ਹੁੰਦਾ ਹੈ। ਰਾਸ਼ਟਰਪਤੀ ਨੂੰ ਇਹ ਵੀ ਕਾਰਜ ਪਾਲਿਕਾ ਸ਼ਕਤੀਆਂ ਅਨੁਛੇਦ 53 ਦੇ ਅਧੀਨ ਮਿਲੀਆਂ ਹੋਈਆਂ ਹਨ। ਅਨੁਛੇਦ 77 ਦੇ ਅਨੁਸਾਰ ਭਾਰਤ ਸਰਕਾਰ ਦੀਆਂ ਸਾਰੀਆਂ ਕਾਰਜ ਪਾਲਿਕਾ ਸ਼ਕਤੀਆਂ ਦਾ ਇਸਤੇਮਾਲ ਰਾਸ਼ਟਰਪਤੀ ਦੇ ਨਾਮ 'ਤੇ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਨੂੰ ਨਿਯੁਕਤ ਕਰਦਾ ਹੈ ਅਤੇ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਹੋਰ ਮੰਤਰੀਆਂ ਨੂੰ ਨਿਯੁਕਤ ਕਰਦਾ ਹੈ। ਉਹ ਸਰਕਾਰ ਦੇ ਕੰਮ ਨੂੰ ਅਸਾਨੀ ਨਾਲ ਚਲਾਉਣ ਲਈ ਨਿਯਮ ਬਣਾਉਂਦਾ ਹੈ। ਉਹ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਦਾ ਹੈ ਅਤੇ ਇਸ ਵੰਡ ਨੂੰ ਉਹ ਵਾਰ-ਵਾਰ ਬਦਲ ਸਕਦਾ ਹੈ। ਉਹ ਮੰਤਰੀ ਮੰਡਲ ਵੱਲੋਂ ਪ੍ਰਸ਼ਾਸਨ ਚਲਾਏ ਜਾਣ ਨੂੰ ਵਿਸ਼ਵਾਸ ਯੋਗ ਬਣਾਉਂਦਾ ਹੈ। ਮੰਤਰੀ "ਰਾਸ਼ਟਰਪਤੀ ਦੀ ਇੱਛਾ ਤੱਕ ਅਹੁਦੇ 'ਤੇ ਰਹਿੰਦੇ ਹਨ" ਅਨੁਛੇਦ 75 (2)। ਪਰ ਰਾਸ਼ਟਰਪਤੀ ਆਪਣੇ ਸਾਰੇ ਕੰਮ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਹੀ ਕਰਦਾ ਹੈ। ਉਹ ਸੰਸਦ ਵਿੱਚ ਬਹੁਮਤ ਪ੍ਰਾਪਤ ਪਾਰਟੀ ਦੇ ਨੇਤਾ ਨੂੰ ਪ੍ਰਧਾਨ ਮੰਤਰੀ ਨੂੰ ਨਿਯੁਕਤ ਕਰਦਾ ਹੈ। ਜੇਕਰ ਕਿਸੇ ਵੀ ਪਾਰਟੀ ਨੂੰ ਬਹੁਮਤ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਕਿਸੇ ਸੰਸਦ ਮੈਂਬਰ ਜੋ ਉਸ ਦੀ ਨਜ਼ਰ ਵਿੱਚ ਬਹੁਸੰਖਿਆ ਦਾ ਸਮਰਥਨ ਕਰ ਸਕਦਾ ਹੈ, ਦੀ ਅਗਵਾਈ ਵਿੱਚ ਮੰਤਰੀ ਮੰਡਲ ਸੰਗਠਿਤ ਕੀਤੇ ਜਾਣ ਨੂੰ ਵਿਸ਼ਵਾਸਯੋਗ ਬਣਾਉਂਦਾ ਹੈ। ਉਹ ਪ੍ਰਧਾਨ ਮੰਤਰੀ ਨੂੰ ਇਕ ਨਿਰਧਾਰਿਤ ਸਮੇਂ ਵਿੱਚ ਸਦਨ 'ਚ ਆਪਣਾ ਬਹੁਮਤ ਸਿੱਧ ਕਰਨ ਲਈ ਕਹਿ ਸਕਦਾ ਹੈ। ਜੂਨ 1991 ਵਿੱਚ ਰਾਸ਼ਟਰਪਤੀ ਵੈਂਕਟਾ ਰਮਨ ਨੇ 10ਵੀਂ ਲੋਕ ਸਭਾ ਵਿੱਚ ਇਕ ਵੱਡੇ ਸਮੂਹ ਦੇ ਨੇਤਾ ਕਾਂਗਰਸ (ਆਈ) ਨੇਤਾ ਸ਼੍ਰੀ ਨਰਸਿਮ੍ਹਾ

ਨੋਟ

ਰਾਓ ਨੂੰ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਨਿਯੁਕਤ ਕੀਤਾ ਅਤੇ ਉਨ੍ਹਾਂ ਨੂੰ ਇਕ ਮਹੀਨੇ ਅੰਦਰ ਬਹੁਮਤ ਸਿੱਧ ਕਰਨ ਲਈ ਕਿਹਾ। ਸ਼੍ਰੀ ਰਾਓ ਆਪਣੀ ਨਿਯੁਕਤੀ ਸਮੇਂ ਸੰਸਦ ਦੇ ਕਿਸੇ ਵੀ ਸਦਨ ਦੇ ਮੈਂਬਰ ਨਹੀਂ ਸਨ। ਫਿਰ ਵੀ ਸ਼੍ਰੀ ਨਰਸਿਮ੍ਹਾ ਰਾਓ ਨੇ 14 ਜੁਲਾਈ 1991 ਨੂੰ ਲੋਕ ਸਭਾ ਵਿੱਚ ਆਪਣਾ ਬਹੁਮਤ ਸਿੱਧ ਕਰ ਦਿੱਤਾ। ਮਈ 1997 ਵਿੱਚ ਰਾਸ਼ਟਰਪਤੀ ਐੱਸ. ਡੀ. ਸ਼ਰਮਾ ਨੇ ਇਕ ਸਭ ਤੋਂ ਵੱਡੀ ਪਾਰਟੀ ਦੇ ਨੇਤਾ ਸ਼੍ਰੀ ਅਟਲ ਬਿਹਾਰੀ ਵਾਜਪਾਈ (ਭਾਜਪਾ) ਨੂੰ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਨਿਯੁਕਤ ਕੀਤਾ ਪਰ 12 ਦਿਨਾਂ ਬਾਅਦ ਉਨ੍ਹਾਂ ਨੇ ਤਿਆਗ ਪੱਤਰ ਦੇ ਦਿੱਤਾ, ਕਿਉਂਕਿ ਉਨ੍ਹਾਂ ਨੇ ਦੇਖਿਆ ਕਿ ਲੋਕ ਸਭਾ ਵਿੱਚ ਬਹੁਮਤ ਇਕੱਠਾ ਕਰ ਸਕਣਾ ਉਨ੍ਹਾਂ ਲਈ ਸੰਭਵ ਨਹੀਂ ਸੀ। ਇਸ ਤੋਂ ਬਾਅਦ ਰਾਸ਼ਟਰਪਤੀ ਨੇ 13 ਦਲਾਂ ਦੇ ਸਾਂਝੇ ਗਠਬੰਧਨ ਦੇ ਨੇਤਾ ਸ਼੍ਰੀ ਦੇਵਗੌੜਾ ਨੂੰ ਸਰਕਾਰ ਬਨਾਉਣ ਦਾ ਸੱਦਾ ਦਿੱਤਾ, ਜਿਨ੍ਹਾਂ ਨੂੰ ਕਾਂਗਰਸ (ਆਈ) ਅਤੇ ਸੀ. ਪੀ. ਐੱਮ. ਨੇ ਬਾਹਰੋਂ ਸਮਰਥਨ ਦਿੱਤਾ ਸੀ। ਸ਼੍ਰੀ ਐੱਚ. ਡੀ. ਦੇਵਗੌੜਾ ਨੇ ਸੰਸਦ ਵਿੱਚ ਆਪਣਾ ਬਹੁਮਤ ਸਿੱਧ ਕਰ ਦਿੱਤਾ ਪਰ ਉਹ ਕੇਵਲ 10 ਮਹੀਨੇ ਹੀ ਬਹੁ-ਸੰਖਿਆ ਦਾ ਸਮਰਥਨ ਆਪਣੇ ਨਾਲ ਰੱਖ ਸਕੇ। 31 ਮਾਰਚ 1997 ਕਾਂਗਰਸ ਨੇ ਪ੍ਰਧਾਨ ਮੰਤਰੀ ਸ਼੍ਰੀ ਦੇਵਗੌੜਾ ਦੀ ਅਗਵਾਈ ਵਾਲੀ ਸਾਂਝਾ ਗਠਬੰਧਨ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ। ਨਤੀਜੇ ਵਜੋਂ 12 ਅਪ੍ਰੈਲ 1997 ਨੂੰ ਸ਼੍ਰੀ ਗੁਜਰਾਤ ਨੇ ਪ੍ਰਧਾਨ ਮੰਤਰੀ ਅਹੁਦਾ ਸੰਭਾਲਿਆ ਅਤੇ ਉਨ੍ਹਾਂ ਦੀ ਸਰਕਾਰ 24 ਘੰਟੇ ਦੇ ਅੰਦਰ ਲੋਕ ਸਭਾ ਵਿੱਚ ਵਿਸ਼ਵਾਸ ਦਾ ਵੋਟ ਪ੍ਰਾਪਤ ਕਰਨ ਵਿੱਚ ਸਫਲ ਰਹੀ ਪਰ ਸ਼੍ਰੀ ਆਈ. ਕੇ. ਗੁਜਰਾਲ ਦੀ ਸਰਕਾਰ ਵੀ ਕੇਵਲ ਕੁਝ ਮਹੀਨੇ ਤੱਕ ਅਹੁਦੇ 'ਤੇ ਰਹਿ ਸਕੀ ਪਰ ਨਵੰਬਰ 1997 ਤੱਕ ਕਾਂਗਰਸ ਵੱਲੋਂ ਸਮਰਥਨ ਵਾਪਸ ਲੈਣ 'ਤੇ ਸ਼੍ਰੀ ਆਈ. ਕੇ. ਗੁਜਰਾਤ ਨੂੰ ਤਿਆਗ ਪੱਤਰ ਦੇਣਾ ਪਿਆ।

ਮਾਰਚ 1998 ਵਿੱਚ 12ਵੀਂ ਲੋਕ ਸਭਾ ਚੋਣਾਂ ਹੋਈਆਂ ਪਰ ਇਨ੍ਹਾਂ ਚੋਣਾਂ ਵਿੱਚ ਵੀ ਕਿਸੇ ਇਕ ਦਲ ਨੂੰ ਸਪੱਸ਼ਟ ਬਹੁਮਤ ਨਾ ਮਿਲਿਆ। ਭਾਜਪਾ ਦੀ ਅਗਵਾਈ ਵਿੱਚ ਬਣੇ ਗਠਬੰਧਨ ਨੇ ਸਾਰਿਆਂ ਤੋਂ ਵੱਧ ਸੀਟਾਂ (252) ਪ੍ਰਾਪਤ ਕੀਤੀਆਂ ਅਤੇ ਰਾਸ਼ਟਰਪਤੀ ਨੇ ਭਾਜਪਾ ਨੇਤਾ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਅਤੇ 28 ਮਾਰਚ 1998 ਨੂੰ ਭਾਜਪਾ ਦੀ ਸਰਕਾਰ ਨੇ ਲੋਕ ਸਭਾ ਵਿੱਚ ਬਹੁਮਤ ਪ੍ਰਾਪਤ ਕਰ ਲਿਆ ਪਰ ਇਹ ਸਰਕਾਰ ਵੀ ਅਪ੍ਰੈਲ 1999 ਤੱਕ ਹੀ ਸੱਤਾ ਵਿੱਚ ਰਹਿ ਸਕੀ। 14 ਅਪ੍ਰੈਲ 1999 ਨੂੰ ਏ. ਆਈ. ਏ. ਡੀ. ਐੱਮ. ਕੇ. (AIADMK) ਨੇ ਇਸ ਸਰਕਾਰ ਤੋਂ ਆਪਣਾ ਸਮਰਥਨ ਵਾਪਸ ਲੈ ਲਿਆ ਅਤੇ 17 ਅਪ੍ਰੈਲ 1999 ਨੂੰ ਇਹ ਸਰਕਾਰ ਲੋਕ ਸਭਾ ਵਿੱਚ ਇਕ ਵੋਟ ਦੇ ਫਰਕ ਨਾਲ ਵਿਸ਼ਵਾਸ ਦਾ ਵੋਟ ਪ੍ਰਾਪਤ ਕਰਨ ਵਿੱਚ ਅਸਫਲ ਰਹੀ। ਇਸ ਤੋਂ ਬਾਅਦ ਰਾਸ਼ਟਰਪਤੀ ਨੇ ਇਹ ਮਹਿਸੂਸ ਕੀਤਾ ਕਿ ਕੋਈ ਵੀ ਪਾਰਟੀ ਜਾਂ ਗਠਬੰਧਨ ਨਵੀਂ ਸਰਕਾਰ ਬਣਾਉਣ ਦੀ ਸਮਰੱਥਾ ਨਹੀਂ ਰੱਖਦਾ ਸੀ। ਇਸ ਲਈ ਉਨ੍ਹਾਂ ਨੇ 12ਵੀਂ ਲੋਕ ਸਭਾ ਭੰਗ ਕਰ ਦਿੱਤੀ ਅਤੇ ਵਾਜਪਾਈ ਸਰਕਾਰ ਦਾ ਨਵੀਂ ਸਰਕਾਰ ਦੇ ਗਠਨ ਤੱਕ ਕਾਰਜਵਾਹਕ ਸਰਕਾਰ (Caretaker Government) ਦੇ ਰੂਪ ਵਿੱਚ ਬਣੇ ਰਹਿਣ ਦਾ ਨਿਰਦੇਸ਼ ਦਿੱਤਾ। ਅਕਤੂਬਰ 1999 ਵਿੱਚ 13ਵੀਂ ਲੋਕ ਸਭਾ 'ਚ ਰਾਸ਼ਟਰੀ ਲੋਕਤੰਤ੍ਰਿਕ ਗਠਬੰਧਨ (NDA) ਨੇ ਬਹੁਮਤ ਪ੍ਰਾਪਤ ਕਰ ਲਿਆ ਅਤੇ ਰਾਸ਼ਟਰਪਤੀ ਸ਼੍ਰੀ ਕੇ. ਆਰ. ਨਾਰਾਇਨਣ ਨੇ ਇਸ ਦੇ ਨੇਤਾ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ। ਇਹ ਸਰਕਾਰ 2004 ਤੱਕ ਸੱਤਾ ਵਿੱਚ ਰਹੀ। 14ਵੀਂ ਲੋਕ ਸਭਾ ਚੋਣਾਂ (ਮਾਰਚ-ਅਪ੍ਰੈਲ 2004) ਵਿੱਚ ਕਿਸੇ ਇਕ ਦਲ ਅਤੇ ਗਠਬੰਧਨ ਨੂੰ ਬਹੁਮਤ ਤਾਂ ਪ੍ਰਾਪਤ ਨਹੀਂ ਹੋਇਆ ਪਰ ਕਾਂਗਰਸ ਨੂੰ ਅਤੇ ਇਸ ਦੇ ਗਠਬੰਧਨ ਨੂੰ ਸਭ ਤੋਂ ਵਧੇਰੇ ਸੀਟਾਂ ਪ੍ਰਾਪਤ ਹੋਈਆਂ। ਫਿਰ CPM, CPI ਅਤੇ ਕੁਝ ਹੋਰ ਦਲਾਂ ਨੇ ਕਾਂਗਰਸ ਦੀ ਅਗਵਾਈ ਵਾਲੇ ਗਠਬੰਧਨ ਨੂੰ ਬਾਹਰੋਂ ਸਮਰਥਨ ਦੇਣ ਦਾ ਫੈਸਲਾ ਲਿਆ। ਰਾਸ਼ਟਰਪਤੀ ਸ਼੍ਰੀ ਏ. ਪੀ. ਜੇ. ਅਬਦੁਲ ਕਲਾਮ ਨੇ ਇਸ ਗਠਬੰਧਨ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ। 22 ਮਈ 2004 ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿੱਚ ਯੂ. ਪੀ. ਏ. ਸਰਕਾਰ ਨੇ ਸੱਤਾ ਸੰਭਾਲ ਲਈ ਅਤੇ ਬਾਅਦ ਵਿੱਚ ਲੋਕ ਸਭਾ 'ਚ ਆਪਣਾ ਬਹੁਮਤ ਸਿੱਧ ਕਰ ਲਿਆ।

ਇਸ ਤਰ੍ਹਾਂ ਰਾਸ਼ਟਰਪਤੀ ਉਸ ਨੇਤਾ ਨੂੰ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਨਿਯੁਕਤ ਕਰਦਾ ਹੈ, ਜਿਸ ਨੂੰ ਲੋਕ ਸਭਾ ਵਿੱਚ ਬਹੁਮਤ ਦਾ ਸਮਰਥਨ ਪ੍ਰਾਪਤ ਹੋਵੇ। ਅਜਿਹਾ ਨੇਤਾ ਚਾਹੇ ਸੰਸਦ ਦਾ ਮੈਂਬਰ ਨਾ ਹੀ ਹੋਵੇ ਜਾਂ ਸੰਸਦ ਦੇ ਕਿਸੇ ਵੀ ਸਦਨ ਦਾ ਮੈਂਬਰ ਹੋਵੇ ਤਾਂ ਵੀ ਰਾਸ਼ਟਰਪਤੀ ਇਸ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰ ਸਕਦਾ ਹੈ ਪਰ ਸੰਸਦ ਦਾ ਮੈਂਬਰ ਨਾ ਹੋਣ ਦੀ ਸਥਿਤੀ ਵਿੱਚ ਉਸ ਨੂੰ 6 ਮਹੀਨੇ ਦੇ ਅੰਦਰ ਲੋਕ ਸਭਾ ਜਾਂ ਰਾਜ ਸਭਾ ਵਿੱਚੋਂ ਕਿਸੇ ਇਕ ਸਦਨ ਦਾ ਮੈਂਬਰ ਬਣਨਾ ਹੁੰਦਾ ਹੈ। ਅਸਫਲ ਰਹਿਣ 'ਤੇ ਉਹ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਨਹੀਂ ਰਹਿ ਸਕਦਾ। ਅਨੁਛੇਦ 78 ਦੇ ਅਧੀਨ ਪ੍ਰਧਾਨ ਮੰਤਰੀ ਦਾ ਇਹ ਕਰਤਵ ਹੈ ਕਿ ਉਹ ਪ੍ਰਸ਼ਾਸਨ ਨਾਲ ਸਬੰਧਿਤ ਸਾਰੇ ਮਾਮਲਿਆਂ ਦੀ ਜਾਣਕਾਰੀ ਰਾਸ਼ਟਰਪਤੀ ਨੂੰ ਦੇਵੇ। ਰਾਸ਼ਟਰਪਤੀ ਕੋਈ ਵੀ ਜਾਣਕਾਰੀ ਲੈਣ ਲਈ ਪ੍ਰਧਾਨ ਮੰਤਰੀ ਨੂੰ ਕਹਿ ਸਕਦਾ ਹੈ। ਰਾਸ਼ਟਰਪਤੀ ਵੱਲੋਂ ਇਸ ਅਧਿਕਾਰ ਦੇ ਇਸਤੇਮਾਲ ਕਾਰਨ ਪ੍ਰਧਾਨ ਮੰਤਰੀ ਨਾਲ ਟਕਰਾਅ ਵਾਲੀ ਸਥਿਤੀ ਪੈਦਾ ਹੋ ਸਕਦੀ ਹੈ। ਜਿਵੇਂ ਕਿ 1987 ਦੇ ਸ਼ੁਰੂ ਵਿੱਚ ਵਾਪਰਿਆ ਸੀ, ਜਦ ਤੱਤਕਾਲੀਨ ਪ੍ਰਧਾਨ ਰਾਜੀਵ ਗਾਂਧੀ ਨੇ ਰਾਸ਼ਟਰਪਤੀ ਦੇ ਜਾਣਕਾਰੀ ਮੰਗਣ 'ਤੇ ਜ਼ਿਆਦਾਤਰ ਵਿਰੋਧ ਜਤਾਇਆ ਸੀ ਅਤੇ ਉਸ ਦੀ ਸਰਕਾਰ ਨੇ ਤੱਤਕਾਲੀਨ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਬੋਫੋਰਜ਼ ਤੋਪਾਂ ਨਾਲ ਸਬੰਧਿਤ ਕੁਝ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਰਾਸ਼ਟਰਪਤੀ ਨੇ ਸਟੈਂਡ ਲਿਆ ਸੀ ਕਿ ਉਸ ਦਾ ਜ਼ਿੰਮੇਵਾਰੀ ਸੀ ਕਿ ਉਹ ਲਈ ਗਈ ਸਹੁੰ ਦੇ ਅਨੁਸਾਰ ਸੰਵਿਧਾਨ ਦੇ ਅਨੁਛੇਦ 78 ਦੀਆਂ ਵਿਵਸਥਾਵਾਂ ਸਥਾਪਿਤ ਰੱਖੇ ਅਤੇ ਉਨ੍ਹਾਂ ਦੀ ਰੱਖਿਆ ਕਰੇ। ਇਸ ਲਈ ਉਨ੍ਹਾਂ ਲਈ ਇਹ ਜ਼ਰੂਰੀ ਹੋ ਜਾਂਦਾ ਸੀ ਕਿ ਉਹ ਕੇਂਦਰੀ ਪ੍ਰਸ਼ਾਸਨ ਨਾਲ ਸਬੰਧਿਤ ਸਾਰੇ ਮਾਮਲਿਆਂ ਨਾਲ ਜੁੜੇ ਰਹਿਣ ਪਰ ਸਾਰੇ ਬਿਊਰੋ ਨਹੀਂ ਪਰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਦਰਮਿਆਨ ਟਕਰਾਅ ਵਿੱਚ ਦੋਵਾਂ ਦਾ ਹੰਕਾਰ ਵਧੇਰੇ ਸੀ ਅਤੇ ਇਸ ਟਕਰਾਅ ਵਿੱਚ ਸੰਵਿਧਾਨਿਕ ਵਿਵਹਾਰਾਂ ਨੂੰ ਲੈ ਕੇ

ਨੋਟ

ਵਿਚਾਰਾਂ ਵਿੱਚ ਗੰਭੀਰ ਮਤਭੇਦਾਂ ਦਾ ਯੋਗਦਾਨ ਘੱਟ ਸੀ। ਹੋਰ ਰਾਸ਼ਟਰਪਤੀਆਂ ਅਤੇ ਪ੍ਰਧਾਨ ਮੰਤਰੀਆਂ ਨੇ ਸੰਸਦੀ ਪ੍ਰਣਾਲੀ ਦੀ ਮੰਗ ਅਤੇ ਰਾਸ਼ਟਰਪਤੀ ਦੇ ਉੱਚੇ ਅਹੁਦੇ ਦੇ ਮਾਨ-ਸਨਮਾਨ ਨੂੰ ਸਫਲਤਾਪੂਰਵਕ ਬਣਾਈ ਰੱਖਿਆ। ਇਸ ਸਮੇਂ ਵੀ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦਰਮਿਆਨ ਸਰਗਰਮ ਅਤੇ ਚੰਗੇ ਸਬੰਧ ਸਥਾਪਿਤ ਹੋਏ ਹਨ।

***(ii)* ਨਿਯੁਕਤੀਆਂ ਕਰਨ ਦੀਆਂ ਸ਼ਕਤੀਆਂ** (Appointment-making Powers) : ਸਾਰੀਆਂ ਪ੍ਰਮੁੱਖ ਨਿਯੁਕਤੀਆਂ ਰਾਸ਼ਟਰਪਤੀ ਵੱਲੋਂ ਕੀਤੀਆਂ ਜਾਂਦੀਆਂ ਹਨ, ਉਹ ਪ੍ਰਧਾਨ ਮੰਤਰੀ ਨੂੰ ਨਿਯੁਕਤ ਕਰਦਾ ਹੈ ਅਤੇ ਉਸ ਦੀ ਸਲਾਹ ’ਤੇ ਕੇਂਦਰ ਸਰਕਾਰ ਦੇ ਹੋਰ ਮੰਤਰੀਆਂ, ਭਾਰਤ ਦੇ ਮੁੱਖ ਜੱਜਾਂ, ਸਰਵਉੱਚ ਅਦਾਲਤ ਅਤੇ ਉੱਚ ਅਦਾਲਤਾਂ ਦੇ ਜੱਜਾਂ, ਰਾਜਾਂ ਦੇ ਰਾਜਪਾਲਾਂ, ਲੈਫਟੀਨੈਂਟ ਗਵਰਨਰਾਂ, ਕੇਂਦਰ ਸ਼ਾਸਤ ਖੇਤਰਾਂ ਦੇ ਮੁੱਖ ਕਮਿਸ਼ਨਰਾਂ, ਭਾਰਤ ਦੇ ਅਟਾਰਨੀ ਜਨਰਲ, ਕਮ-ਪੈਟਰੋਲਰ ਅਤੇ ਆਡੀਟਰ ਜਨਰਲ, ਯੂ. ਪੀ. ਐੱਸ. ਸੀ. ਦੇ ਚੇਅਰਮੈਨ ਅਤੇ ਮੈਂਬਰਾਂ, ਚੋਣ ਆਯੋਗ, ਹੋਰ ਸੰਵਿਧਾਨਿਕ ਕਮਿਸ਼ਨਰਾਂ ਅਤੇ ਹੋਰ ਦੇਸ਼ਾਂ ਵਿੱਚ ਭਾਰਤੀ ਰਾਜਦੂਤਾਂ, ਹਾਈ ਕਮਿਸ਼ਨਰਾਂ, ਵਣਿਜਕ ਦੂਤਾਂ ਅਤੇ ਹੋਰ ਦੂਤਾਂ ਦੀ ਨਿਯੁਕਤੀ ਕਰਦਾ ਹੈ। ਸਾਰੀਆਂ ਉੱਚ ਪੱਧਰੀ ਨਿਯੁਕਤੀਆਂ ਰਾਸ਼ਟਰਪਤੀ ਵੱਲੋਂ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ’ਤੇ ਕੀਤੀਆਂ ਜਾਂਦੀਆਂ ਹਨ। ਭਾਰਤ ਦੇ ਮੁੱਖ ਜੱਜ ਦੀ ਨਿਯੁਕਤੀ ਸਮੇਂ ਉਹ ਸਰਵਉੱਚ ਅਦਾਲਤ ਦੇ ਹੋਰ ਜੱਜਾਂ ਨਾਲ ਵੀ ਸਲਾਹ ਕਰਦਾ ਹੈ, ਜਦ ਕਿ ਸਰਵਉੱਚ ਅਦਾਲਤਾਂ ਦੇ ਜੱਜਾਂ ਦੀ ਨਿਯੁਕਤੀ ਸਮੇਂ ਉਹ ਭਾਰਤ ਦੇ ਮੁੱਖ ਜੱਜ ਅਤੇ ਉੱਚ ਅਦਾਲਤਾਂ ਦੇ ਜੱਜਾਂ ਦੀ ਨਿਯੁਕਤੀ ਸਮੇਂ ਰਾਜਪਾਲ ਅਤੇ ਸਬੰਧਿਤ ਰਾਜ ਦੇ ਮੁੱਖ ਜੱਜ ਨਾਲ ਸਲਾਹ ਕਰਦਾ ਹੈ।

***(iii)* ਵਿਦੇਸ਼ੀ ਸਬੰਧਾਂ ਵਿੱਚ ਭੂਮਿਕਾ** (Role in Foreign Relations) : ਦੇਸ਼ ਦਾ ਮੁਖੀਆ ਹੋਣ ਦੇ ਨੇਤਾ ਰਾਸ਼ਟਰਪਤੀ ਭਾਰਤ ਦੇ ਵਿਦੇਸ਼ਾਂ ਵਿੱਚ ਸਥਿਤ ਰਾਜਦੂਤਾਂ ਅਤੇ ਦੂਤਾਂ ਨੂੰ ਜਾਣਕਾਰੀ ਪੱਤਰ (Credentials) ਦਿੰਦਾ ਹੈ ਅਤੇ ਉਹ ਭਾਰਤ ਵਿੱਚ ਵਿਦੇਸ਼ੀ ਰਾਜਦੂਤਾਂ ਦਾ ਸਵਾਗਤ ਕਰਦਾ ਹੈ। ਸਾਰੀਆਂ ਕੂਟਨੀਤਿਕ ਗਤੀਵਿਧੀਆਂ ਉਸ ਦੇ ਨਾਮ ’ਤੇ ਹੁੰਦੀਆਂ ਹਨ। ਭਾਰਤ ਸਰਕਾਰ ਵੱਲੋਂ ਬਹੁਪੱਖੀ ਅਤੇ ਦੋ-ਪੱਖੀ ਸਾਰੀਆਂ ਸੰਧੀਆਂ ਅਤੇ ਸਮਝੌਤੇ ਰਾਸ਼ਟਰਪਤੀ ਦੇ ਨਾਮ ’ਤੇ ਕੀਤੇ ਜਾਂਦੇ ਹਨ। ਨਵੇਂ ਦੇਸ਼ਾਂ ਨਾਲ ਕੂਟਨੀਤਿਕ ਸਬੰਧ ਰਾਸ਼ਟਰਪਤੀ ਦੇ ਨਾਮ ’ਤੇ ਸਥਾਪਿਤ ਕੀਤੇ ਜਾਂਦੇ ਹਨ।

***(iv)* ਸਸ਼ਸਤਰ ਸੈਨਾਵਾਂ ਦੇ ਸੈਨਾਪਤੀ ਦੇ ਰੂਪ ਵਿੱਚ ਕੰਮ** (Functions as Supreme Commander of the Armed Forces) : ਅਨੁਛੇਦ 53 ਵਿੱਚ ਦਰਜ ਹੈ ਕਿ ਰਾਸ਼ਟਰਪਤੀ ਦੇਸ਼ ਦੀਆਂ ਸਸ਼ਸਤਰ ਸੈਨਾਵਾਂ ਦਾ ਸਰਵਉੱਚ ਕਮਾਂਡਰ ਹੈ। ਉਹ ਸੁਰੱਖਿਆ ਸੈਨਾਵਾਂ ਨਾਲ ਸਬੰਧਿਤ ਸਾਰੀਆਂ ਉੱਚ ਪੱਧਰੀ ਨਿਯੁਕਤੀਆਂ ਅਤੇ ਪਦ ਉੱਨਤੀਆਂ ਕਰਦਾ ਹੈ ਪਰ ਉਹ ਇਨ੍ਹਾਂ ਸਾਰੀਆਂ ਸ਼ਕਤੀਆਂ ਦਾ ਇਸਤੇਮਾਲ ਕਾਨੂੰਨ ਅਤੇ ਸੰਵਿਧਾਨ ਦੇ ਅਨੁਸਾਰ ਕਰਦਾ ਹੈ। ਉਹ ਸ਼ਾਂਤੀ ਅਤੇ ਯੁੱਧ ਦੌਰਾਨ ਵੀਰਤਾ ਅਤੇ ਸ਼ਾਨਦਾਰ ਸੇਵਾ ਲਈ ਸਾਰੇ ਸੈਨਿਕ ਸਨਮਾਨ ਅਤੇ ਉਪਾਧੀਆਂ ਪ੍ਰਦਾਨ ਕਰਦਾ ਹੈ।

***(v)* ਕੇਂਦਰ ਸ਼ਾਸਤ ਖੇਤਰਾਂ ਅਤੇ ਅਨੁਸੂਚਿਤ ਅਤੇ ਕਬੀਲਾਈ ਖੇਤਰਾਂ ਦੇ ਪ੍ਰਸ਼ਾਸਨ ਨਾਲ ਸਬੰਧਿਤ ਸ਼ਕਤੀਆਂ** (Powers regarding the Administration of Union Territories and Scheduled Areas) : ਸੰਘੀ ਖੇਤਰ ਦਾ ਪ੍ਰਸ਼ਾਸਨ ਰਾਸ਼ਟਰਪਤੀ ਦੇ ਅਧੀਨ ਹੁੰਦਾ ਹੈ। ਅਨੁਛੇਦ 243 ਰਾਸ਼ਟਰਪਤੀ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਕੇਂਦਰ ਸ਼ਾਸਤ ਖੇਤਰਾਂ ਦਾ ਪ੍ਰਸ਼ਾਸਨ ਰਾਜਪਾਲਾਂ ਜਾਂ ਮੁੱਖ ਕਮਿਸ਼ਨਰਾਂ ਜਾਂ ਆਪਣੇ ਵੱਲੋਂ ਨਿਯੁਕਤ ਕਿਸੇ ਹੋਰ ਸੱਤਾਧਾਰੀ ਵੱਲੋਂ ਚਲਾਏ। ਉਹ ਕਿਸੇ ਸੰਘੀ ਖੇਤਰ ਦਾ ਪ੍ਰਬੰਧ ਚਲਾਉਣ ਲਈ ਗੁਆਂਢੀ ਰਾਜ ਦੇ ਰਾਜਪਾਲ ਨੂੰ ਵੀ ਕਹਿ ਸਕਦਾ ਹੈ। ਅਜਿਹਾ ਰਾਜਪਾਲ ਹਮੇਸ਼ਾ ਹੀ ਰਾਸ਼ਟਰਪਤੀ ਦੇ ਨਿਰਦੇਸ਼ਾਂ ਦੇ ਅਨੁਸਾਰ ਕੰਮ ਕਰਦਾ ਹੈ। ਰਾਸ਼ਟਰਪਤੀ ਕੋਲ ਇਹ ਵੀ ਅਧਿਕਾਰ ਹੈ ਕਿ ਉਹ ਅਨੁਸੂਚਿਤ ਕਬੀਲਾਈ ਖੇਤਰਾਂ ਦਾ ਪ੍ਰਸ਼ਾਸਨ ਚਲਾਏ। ਉਹ ਰਾਜਾਂ ਦਰਮਿਆਨ ਝਗੜਿਆਂ ਦੇ ਨਿਪਟਾਰੇ ਲਈ ਪੂਰਨ ਰੂਪ ਵਿੱਚ ਜਾਂਚ ਕਰਨ ’ਤੇ ਸਲਾਹ ਦੇਣ ਲਈ ਅੰਤਰਜਾਤੀ ਪ੍ਰੀਸ਼ਦ ਦੀ ਸਥਾਪਨਾ ਕਰ ਸਕਦਾ ਹੈ। ਰਾਸ਼ਟਰਪਤੀ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਦੇ ਸੰਘੀ ਖੇਤਰਾਂ ਦੇ ਸ਼ਾਂਤੀ, ਉੱਨਤੀ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਲਈ ਨਿਯਮ ਬਣਾ ਸਕਦਾ ਹੈ।

### ਰਾਸ਼ਟਰਪਤੀ ਅਤੇ ਕਾਨੂੰਨ ਨਿਰਮਾਣ (President and Law-Making)

ਸੰਵਿਧਾਨ ਦੇ ਅਨੁਸਾਰ ਸੰਘ ਦੀਆਂ ਕਾਨੂੰਨੀ ਸ਼ਕਤੀਆਂ ਸੰਸਦ ਕੋਲ ਹਨ ਅਤੇ ਰਾਸ਼ਟਰਪਤੀ ਸੰਸਦ ਦੇ ਦੋਵਾਂ ਮੈਂਬਰਾਂ ਵਿੱਚੋਂ ਕਿਸੇ ਦਾ ਮੈਂਬਰ ਨਹੀਂ ਹੁੰਦਾ ਪਰ ਸੰਵਿਧਾਨ ਦੇ ਅਨੁਛੇਦ 79 ਵਿੱਚ ਦਰਜ ਹੈ ਕਿ "ਸੰਘ ਦੀ ਸੰਸਦ ਰਾਸ਼ਟਰਪਤੀ ਅਤੇ ਦੋਵਾਂ ਸਦਨਾਂ ’ਤੇ ਅਧਾਰਿਤ ਹੋਵੇਗੀ।" ਇਸ ਦਾ ਅਰਥ ਹੈ ਕਿ ਰਾਸ਼ਟਰਪਤੀ ਸੰਸਦ ਦਾ ਮੈਂਬਰ ਬਣੇ ਬਿਨਾਂ ਹੀ ਸੰਸਦ ਦਾ ਇਕ ਅਟੁੱਟ ਭਾਗ ਹੁੰਦਾ ਹੈ ਅਤੇ ਉਨ੍ਹਾਂ ਕੋਲ ਵਿਸ਼ਾਲ ਵਿਧਾਇਕ ਸ਼ਕਤੀਆਂ ਹੁੰਦੀਆਂ ਹਨ। ਰਾਸ਼ਟਰਪਤੀ ਦੇ ਹਸਤਾਖਰਾਂ ਤੋਂ ਬਿਨਾਂ ਸੰਸਦ ਵੱਲੋਂ ਪਾਸ ਕੀਤਾ ਗਿਆ ਕੋਈ ਵੀ ਬਿੱਲ ਕਾਨੂੰਨ ਨਹੀਂ ਬਣ ਸਕਦਾ।

ਰਾਸ਼ਟਰਪਤੀ ਕੋਲ ਹੇਠ ਲਿਖੀਆਂ ਵਿਧਾਨਿਕ ਸ਼ਕਤੀਆਂ ਹਨ-

1. ਰਾਸ਼ਟਰਪਤੀ ਕੋਲ ਇਹ ਸ਼ਕਤੀ ਹੈ ਕਿ ਉਹ ਸੰਸਦ ਜਾਂ ਇਸ ਦੇ ਕਿਸੇ ਇਕ ਸਦਨ ਦਾ ਅਧਿਵੇਸ਼ਨ ਬੁਲਾ ਸਕਦਾ ਹੈ ਅਤੇ ਸੰਸਦ ਦੇ ਅਧਿਵੇਸ਼ਨ ਨੂੰ ਲੰਮੇ ਸਮੇਂ ਲਈ ਉਠਾ ਸਕਦਾ ਹੈ ਪਰ ਸੰਸਦ ਦੇ ਕਿਸੇ ਵੀ ਅਧਿਵੇਸ਼ਨਾਂ ਦਰਮਿਆਨ 6 ਮਹੀਨੇ ਤੋਂ ਜ਼ਿਆਦਾ ਦਾ ਫਰਕ ਨਹੀਂ ਹੋ ਸਕਦਾ।

ਨੋਟ

2. ਰਾਸ਼ਟਰਪਤੀ ਪੰਜ ਸਾਲਾਂ ਦਾ ਕਾਰਜਕਾਲ ਪੂਰਨ ਹੋਣ ਤੋਂ ਪਹਿਲਾਂ ਲੋਕ ਸਭਾ ਭੰਗ ਕਰ ਸਕਦਾ ਹੈ।
3. ਜੇਕਰ ਕਿਸੇ ਬਿੱਲ/ਮੁੱਦੇ ’ਤੇ ਸੰਸਦ ਦੇ ਦੋਵਾਂ ਸਦਨਾਂ ਦਰਮਿਆਨ ਬਿੱਲ ਜਾਂ ਵਿਸ਼ੇ ’ਤੇ ਮਤਭੇਦ ਪੈਦਾ ਹੋ ਜਾਣ ਤਾਂ ਰਾਸ਼ਟਰਪਤੀ ਦੋਵਾਂ ਸਦਨਾਂ ਦਾ ਸਾਂਝਾ ਅਧਿਵੇਸ਼ਨ ਬੁਲਾ ਸਕਦਾ ਹੈ।
4. ਰਾਸ਼ਟਰਪਤੀ ਕਿਸੇ ਵੀ ਸਮੇਂ ਸੰਸਦ ਦੇ ਕਿਸੇ ਜਾਂ ਦੋਵਾਂ ਸਦਨਾਂ ਨੂੰ ਸੰਬੋਧਨ ਕਰ ਸਕਦਾ ਹੈ।
5. ਰਾਸ਼ਟਰਪਤੀ ਹਰੇਕ ਆਮ ਚੋਣ ਤੋਂ ਬਾਅਦ ਸੰਸਦ ਤੋਂ ਪਹਿਲੇ ਅਧਿਵੇਸ਼ਨ ਦੇ ਮੌਕੇ ’ਤੇ ਸੰਸਦ ਦੇ ਦੋਵਾਂ ਸਦਨਾਂ ਨੂੰ ਸੰਬੋਧਨ ਕਰਦਾ ਹੈ ਅਤੇ ਹਰੇਕ ਸਾਲ ਸੰਸਦ ਦੇ ਪਹਿਲੇ ਅਧਿਵੇਸ਼ਨ ਨੂੰ ਆਪਣੇ ਭਾਸ਼ਣ ਨਾਲ ਸ਼ੁਰੂ ਕਰ ਕਰਦਾ ਹੈ। ਉਹ ਹਰ ਸਾਲ ਪਹਿਲੇ ਦਿਨ ਨਵੇਂ ਅਧਿਵੇਸ਼ਨ ਨੂੰ ਸੰਬੋਧਨ ਕਰਦਾ ਹੈ ਅਤੇ ਉਨ੍ਹਾਂ ਦਾ ਭਾਸ਼ਣ ਸਰਕਾਰ ਦੀਆਂ ਨੀਤੀਆਂ ਦਾ ਬਿਊਰਾ ਹੁੰਦਾ ਹੈ। ਇਹ ਭਾਸ਼ਣ ਪ੍ਰਧਾਨ ਮੰਤਰੀ ਅਤੇ ਉਸ ਦੇ ਮੰਤਰੀ ਮੰਡਲ ਵੱਲੋਂ ਤਿਆਰ ਕੀਤਾ ਗਿਆ ਹੁੰਦਾ ਹੈ।
6. ਜੇਕਰ ਰਾਸ਼ਟਰਪਤੀ ਇਹ ਮਹਿਸੂਸ ਕਰੇ ਕਿ ਐਂਗਲੋ ਇੰਡੀਅਨ ਸਮੁਦਾਇਆਂ ਨੂੰ ਸਦਨ ਵਿੱਚ ਸਹੀ ਪ੍ਰਤੀਨਿਧਤਾ ਨਹੀਂ ਮਿਲੀ ਤਾਂ ਉਹ ਇਸ ਸਮੁਦਾਇ ਦੇ ਦੋ ਮੈਂਬਰ ਲੋਕ ਸਭਾ ਵਿੱਚ ਨਿਯੁਕਤ ਕਰ ਸਕਦਾ ਹੈ।
7. ਰਾਸ਼ਟਰਪਤੀ ਕਲਾ, ਵਿਗਿਆਨ, ਸਾਹਿਤ ਅਤੇ ਸਮਾਜ ਸੇਵਾ ਦੇ ਖੇਤਰ ਨਾਲ ਸਬੰਧਿਤ 12 ਵਿਅਕਤੀਆਂ ਨੂੰ ਰਾਜ ਸਭਾ ਵਿੱਚ ਨਿਯੁਕਤ ਕਰ ਸਕਦਾ ਹੈ।
8. ਰਾਸ਼ਟਰਪਤੀ ਕੋਲ ਇਹ ਸ਼ਕਤੀ ਹੈ ਕਿ ਉਹ ਸੰਸਦ ਦੇ ਕਿਸੇ ਵੀ ਸਦਨ ਨੂੰ ਸੰਦੇਸ਼ ਭੇਜ ਸਕਦਾ ਹੈ। ਇਹ ਸੰਦੇਸ਼ : (1) ਸਦਨ ਵਿੱਚ ਚਰਚਾ ਅਧੀਨ ਕਿਸੇ ਬਿੱਲ ਜਾਂ (2) ਹੋਰ ਕੋਈ ਵਿਸ਼ਾ ਜਿਸ ’ਤੇ ਸਦਨ ਦਾ ਵਿਚਾਰ-ਵਟਾਂਦਰਾ ਜ਼ਰੂਰੀ ਹੋਵੇ, ਸਬੰਧਿਤ ਹੋ ਸਕਦਾ ਹੈ। ਰਾਸ਼ਟਰਪਤੀ ਵੱਲੋਂ ਭੇਜੇ ਅਜਿਹੇ ਸੰਦੇਸ਼ ’ਤੇ ਸਬੰਧਿਤ ਸਦਨ ਲਈ ਵਿਚਾਰ ਕਰਨਾ ਜ਼ਰੂਰੀ ਹੁੰਦਾ ਹੈ।
9. ਧਨ ਬਿੱਲ ਰਾਸ਼ਟਰਪਤੀ ਦੀ ਪੂਰਨ ਮਨਜ਼ੂਰੀ ਲੈ ਕੇ ਹੀ ਲੋਕ ਸਭਾ ਵਿੱਚ ਪੇਸ਼ ਕੀਤੇ ਜਾ ਸਕਦੇ ਹਨ।
10. ਕਿਸੇ ਰਾਜ ਦੇ ਪੁਨਰਗਠਨ ਜਾਂ ਸੀਮਾਵਾਂ ਜਾਂ ਨਾਵਾਂ ਦੇ ਪਰਿਵਰਤਨ ਨਾਲ ਸਬੰਧਿਤ ਬਿੱਲ ਕੇਵਲ ਰਾਸ਼ਟਰਪਤੀ ਦੀ ਪੂਰਨ ਮਨਜ਼ੂਰੀ ਨਾਲ ਹੀ ਸੰਸਦ ਵਿੱਚ ਪੇਸ਼ ਕੀਤੇ ਜਾ ਸਕਦੇ ਹਨ।
11. ਰਾਸ਼ਟਰਪਤੀ ਰਾਜ ਦੇ ਉਨ੍ਹਾਂ ਸਾਰੇ ਅਜਿਹੇ ਬਿੱਲਾਂ ਦੀ ਮਨਜ਼ੂਰੀ ਜਾਂ ਮਨਜ਼ੂਰੀਆਂ ਦਿੰਦਾ ਹੈ, ਜਿਨ੍ਹਾਂ ਨੂੰ ਰਾਜਪਾਲ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਸੁਰੱਖਿਅਤ ਰੱਖਦਾ ਹੈ।
12. ਸੰਸਦ ਵੱਲੋਂ ਪਾਸ ਕੀਤਾ ਗਿਆ ਕੋਈ ਵੀ ਬਿੱਲ ਰਾਸ਼ਟਰਪਤੀ ਦੇ ਹਸਤਾਖਰਾਂ ਤੋਂ ਬਾਅਦ ਹੀ ਕਾਨੂੰਨ ਬਣਦਾ ਹੈ। ਰਾਸ਼ਟਰਪਤੀ ਅਜਿਹੇ ਕਿਸੇ ਬਿੱਲ ’ਤੇ ਆਪਣੀ ਸਹਿਮਤੀ ਰੋਕ ਸਕਦਾ ਹੈ। ਮੰਤਰੀ ਮੰਡਲ ਰਾਸ਼ਟਰਪਤੀ ਦੀ ਮਨਜ਼ੂਰੀ ਲੈਣ ਜਾਂ ਰਾਸ਼ਟਰਪਤੀ ਦੇ ਸੰਦੇਸ਼ ਨਾਲ ਬਿੱਲ ਸੰਸਦ ਨੂੰ ਵਾਪਸ ਭੇਜ ਦਿੰਦਾ ਹੈ। (ਅਨੁਛੇਦ 111)। 1988 ਵਿੱਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਇੰਡੀਅਨ ਪੋਸਟਲ ਐਕਟ (ਸੋਧ) ਬਿੱਲ ਨੂੰ ਇਸ ਦੇ ਵਿਵਾਦਗ੍ਰਸਤ ਤੱਥਾਂ ਕਾਰਨ ਰੋਕ ਲਿਆ ਸੀ। ਸਰਕਾਰ ਨੇ ਅਨੁਛੇਦ 111 ਅਧੀਨ ਕਾਰਵਾਈ ’ਤੇ ਜ਼ੋਰ ਨਹੀਂ ਦਿੱਤਾ ਸੀ। ਇਸ ਵਿੱਚ ਪਤਾ ਲੱਗਦਾ ਹੈ ਕਿ ਜੇਕਰ ਰਾਸ਼ਟਰਪਤੀ ਹਮੇਸ਼ਾ ਹੀ ਸੰਸਦ ਵੱਲੋਂ ਪਾਸ ਕੀਤੇ ਬਿੱਲ ਦੇ ਸਬੰਧ ਵਿੱਚ ਮੰਤਰੀ ਮੰਡਲ ਦੀ ਸਲਾਹ ਨੂੰ ਮੰਨਦਾ ਹੈ ਪਰ ਸਾਰੇ ਮਾਮਲਿਆਂ ਵਿੱਚ ਉਨ੍ਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੁੰਦਾ। ਰਾਸ਼ਟਰਪਤੀ ਕਿਸੇ ਵੀ ਸਧਾਰਣ ਬਿੱਲ ਹੋਵੇ, ਪੁਨਰ ਵਿਚਾਰ-ਵਟਾਂਦਰੇ ਲਈ ਸੰਸਦ ਨੂੰ ਵਾਪਸ ਭੇਜ ਸਕਦਾ ਹੈ ਪਰ ਜੇਕਰ ਸੰਸਦ ਉਸ ਬਿੱਲ ਨੂੰ ਪੁਨਰ ਪਾਸ ਕਰ ਦਿੰਦਾ ਹੈ ਤਾਂ ਰਾਸ਼ਟਰਪਤੀ ਉਸ ਨੂੰ ਦੂਸਰੀ ਵਾਰ ਰੋਕ ਨਹੀਂ ਸਕਦਾ। ਉਸ ਨੂੰ ਅਜਿਹੇ ਬਿੱਲ ’ਤੇ ਹਸਤਾਖਰ ਕਰਨੇ ਹੀ ਪੈਂਦੇ ਹਨ।
13. ਅਸਧਾਰਣ ਸਥਿਤੀ ਵਿੱਚ ਜਿਵੇਂ ਪ੍ਰਧਾਨ ਮੰਤਰੀ ਐੱਚ. ਡੀ. ਦੇਵਗੌੜਾ ਦੀ ਸਰਕਾਰ, ਜਿਸ ਨੇ 1997-1998 ਦਾ ਬਜਟ ਪੇਸ਼ ਕੀਤਾ ਸੀ ਅਤੇ ਕੇਂਦਰੀ ਸੰਸਦ ਵੱਲੋਂ ਇਹ ਬਜਟ ਪਾਸ ਕਰਨ ਤੋਂ ਪਹਿਲਾਂ ਹੀ ਇਹ ਸਰਕਾਰ ਡਿੱਗ ਗਈ ਸੀ ਤਾਂ ਰਾਸ਼ਟਰਪਤੀ ਨੇ ਲੋਕ ਸਭਾ ਦੇ ਸਪੀਕਰ ਪੀ. ਏ. ਸੰਗਮਾ ਅਤੇ ਹੋਰ ਦਲਾਂ ਦੇ ਨੇਤਾਵਾਂ ਨਾਲ ਵਿਚਾਰ-ਵਟਾਂਦਰਾ ਤੋਂ ਬਾਅਦ ਅਜਿਹਾ ਵਾਤਾਵਰਨ ਤਿਆਰ ਕੀਤਾ, ਜਿਸ ਨਾਲ ਬਜਟ ਪੇਸ਼ ਕਰਨ ਤੋਂ ਬਾਅਦ ਪਰ ਬਜਟ ਪਾਸ ਕਰਨ ਤੋਂ ਪਹਿਲਾਂ ਬੀ. ਜੇ. ਪੀ. ਦੀ ਸਰਕਾਰ ਡਿੱਗ ਗਈ ਸੀ ਅਤੇ ਰਾਸ਼ਟਰਪਤੀ ਨੇ ਸੰਸਦ ਨੂੰ ਨਿਰਦੇਸ਼ ਦਿੱਤਾ ਸੀ ਕਿ ਬਜਟ ਨੂੰ ਤੁਰੰਤ ਪਾਸ ਕੀਤਾ ਜਾਵੇ ਅਤੇ ਸੰਸਦ ਵੱਲੋਂ ਬਜਟ ਹੋਣ ਤੋਂ ਬਾਅਦ ਹੀ ਰਾਸ਼ਟਰਪਤੀ ਨੇ 25 ਅਪ੍ਰੈਲ 1999 ਨੂੰ ਸੰਸਦ ਅਤੇ ਲੋਕ ਸਭਾ ਨੂੰ ਭੰਗ ਕੀਤਾ ਸੀ।
14. ਸੰਸਦ ਦੇ ਅਧਿਵੇਸ਼ਨਾਂ ਦੇ ਅੰਤਰਾਲ ਦੌਰਾਨ ਰਾਸ਼ਟਰਪਤੀ ਅਧਿਆਦੇਸ਼ (ਆਰਡੀਨੈਂਸ) ਜਾਰੀ ਕਰ ਸਕਦਾ ਹੈ, ਜਿਸ ਦੀ ਸ਼ਕਤੀ ਅਤੇ ਪ੍ਰਭਾਵ ਸੰਸਦ ਵੱਲੋਂ ਪਾਸ ਕੀਤੇ ਕਾਨੂੰਨ ਵਰਗਾ ਹੁੰਦਾ ਹੈ। ਰਾਸ਼ਟਰਪਤੀ ਵੱਲੋਂ ਅਜਿਹਾ ਅਧਿਆਦੇਸ਼ ਮੰਤਰੀ ਮੰਡਲ ਦੀ ਸਲਾਹ ’ਤੇ ਜਦ ਸੰਸਦ ਦਾ ਅਧਿਵੇਸ਼ਨ ਨਾ ਚੱਲ ਰਿਹਾ ਹੋਵੇ, ਤੁਰੰਤ ਵਿਧਾਨਿਕ ਜ਼ਰੂਰਤ ਪੂਰੀ ਕਰਨ

ਲਈ ਜਾਰੀ ਕੀਤਾ ਜਾਂਦਾ ਹੈ। ਅਜਿਹਾ ਹਰੇਕ ਅਧਿਆਦੇਸ਼ ਸੰਸਦ ਦੇ ਨਵੇਂ ਅਧਿਵੇਸ਼ਨ ਨਾਲ ਸੰਸਦ ਦੇ ਦੋਵਾਂ ਸਦਨਾਂ ਦੇ ਸਾਹਮਣੇ ਰੱਖਣਾ ਪੈਂਦਾ ਹੈ। ਸੰਸਦ ਦੇ ਅਧਿਵੇਸ਼ਨ ਦੇ 6 ਹਫ਼ਤੇ ਬੀਤਣ ਜਾਂ ਇਸ ਤੋਂ ਪਹਿਲਾਂ ਜੇਕਰ ਦੋਵਾਂ ਸਦਨਾਂ ਦੀ ਮਨਜ਼ੂਰੀ ਕਿਸੇ ਅਧਿਆਦੇਸ਼ ਨੂੰ ਨਹੀਂ ਮਿਲਦੀ ਤਾਂ ਉਹ ਖਤਮ ਹੋ ਜਾਂਦਾ ਹੈ, ਕਿਉਂਕਿ ਸੰਸਦ ਦੇ ਦੋ ਅਧਿਵੇਸ਼ਨਾਂ ਵਿੱਚ ਜ਼ਿਆਦਾ ਤੋਂ ਜ਼ਿਆਦਾ 6 ਮਹੀਨੇ ਦਾ ਅੰਤਰਾਲ ਹੋ ਸਕਦਾ ਹੈ। ਇਸ ਲਈ ਰਾਸ਼ਟਰਪਤੀ ਵੱਲੋਂ ਜਾਰੀ ਅਧਿਆਦੇਸ਼ 6 ਮਹੀਨੇ ਜਮਾਂ 6 ਹਫ਼ਤੇ ਅਤੇ ਸਾਢੇ ਸੱਤ ਮਹੀਨੇ ਲਾਗੂ ਰਹਿ ਸਕਦਾ ਹੈ। ਰਾਸ਼ਟਰਪਤੀ ਅਧਿਆਦੇਸ਼ ਨੂੰ ਕਿਸੇ ਵੀ ਸਮੇਂ ਵਾਪਸ ਲੈ ਸਕਦਾ ਹੈ। ਰਾਸ਼ਟਰਪਤੀ ਵੱਲੋਂ ਇਨ੍ਹਾਂ ਸਾਰੀਆਂ ਸ਼ਕਤੀਆਂ ਦਾ ਇਸਤੇਮਾਲ ਹਮੇਸ਼ਾ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਕੀਤਾ ਜਾਂਦਾ ਹੈ।

**ਰਾਸ਼ਟਰਪਤੀ ਦੀਆਂ ਇਛੁੱਕ ਸ਼ਕਤੀਆਂ (Discretionary Powers of the President)**

1. ਲੋਕ ਸਭਾ ਵਿੱਚ ਕਿਸੇ ਦਲ ਨੂੰ ਬਹੁਮਤ ਨਹੀਂ ਮਿਲਦਾ, ਕੋਈ ਗਠਬੰਧਨ ਜਾਂ ਹੋਰ ਕੋਈ ਬਹੁਮਤ ਪ੍ਰਾਪਤ ਗਠਬੰਧਨ ਵੀ ਨਾ ਹੋਵੇ ਜਾਂ ਨਾ ਬਣ ਸਕੇ ਜਾਂ ਬਹੁਮਤ ਦੇ ਸਮਰਥਨ ਵਾਲਾ ਕੋਈ ਵੀ ਉਮੀਦਵਾਰ ਨਾ ਹੋਵੇ, ਜਿਸ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੋਵੇ ਤਾਂ ਰਾਸ਼ਟਰਪਤੀ ਆਪਣੀ ਇੱਛਾ ਅਨੁਸਾਰ ਕਾਰਵਾਈ ਕਰ ਸਕਦਾ ਹੈ ਅਤੇ ਪ੍ਰਧਾਨ ਮੰਤਰੀ ਦੀ ਨਿਯੁਕਤੀ ਲਈ ਲੋਕ ਸਭਾ ਵਿੱਚ ਇਕੱਲੀ ਸਾਰਿਆਂ ਤੋਂ ਵਧੇਰੇ ਸੀਟਾਂ ਵਾਲੀ ਪਾਰਟੀ ਦੇ ਨੇਤਾ ਨੂੰ ਸਰਕਾਰ ਨਿਰਮਾਣ ਦਾ ਸੱਦਾ ਦੇ ਸਕਦਾ ਹੈ। ਜੂਨ 1991 ਵਿੱਚ ਰਾਸ਼ਟਰਪਤੀ ਨੇ ਕਾਂਗਰਸ ਸੰਸਦੀ ਪਾਰਟੀ ਵੱਲੋਂ ਚੁਣੇ ਨੇਤਾ ਸ਼੍ਰੀ ਪੀ. ਵੀ. ਨਰਸਿਮ੍ਹਾ ਰਾਓ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਸੀ, ਉਸ ਸਮੇਂ ਜੂਨ 1991 ਦੀਆਂ ਆਮ ਚੋਣਾਂ ਵਿੱਚ ਕਾਂਗਰਸ 225 ਸੀਟਾਂ ਜਿੱਤ ਕੇ ਇਕ ਵੱਡੇ ਦਲ ਦੇ ਰੂਪ ਵਿੱਚ ਸਾਹਮਣੇ ਆਈ ਸੀ। ਅਜਿਹੀ ਸਥਿਤੀ ਵਿੱਚ ਰਾਸ਼ਟਰਪਤੀ ਨੇ ਸ਼੍ਰੀ ਨਰਸਿਮ੍ਹਾ ਰਾਓ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਕੇ ਉਨ੍ਹਾਂ ਨੂੰ ਆਪਣਾ ਲੋਕ ਸਭਾ ਵਿੱਚ ਬਹੁਮਤ ਸਿੱਧ ਕਰਨ ਦਾ ਆਦੇਸ਼ ਦਿੱਤਾ। ਮਾਰਚ 1998 ਵਿੱਚ ਵੀ ਰਾਸ਼ਟਰਪਤੀ ਨੇ ਲੋਕ ਸਭਾ ਵਿੱਚ ਸਭ ਤੋਂ ਵੱਡੇ ਗਠਬੰਧਨ ਦੇ ਨੇਤਾ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੂੰ ਨਿਯੁਕਤ ਕੀਤਾ ਅਤੇ ਉਸ ਨੂੰ ਲੋਕ ਸਭਾ ਵਿੱਚ ਆਪਣਾ ਬਹੁਮਤ ਸਿੱਧ ਕਰਨ ਲਈ ਕਿਹਾ। ਇਸੇ ਤਰ੍ਹਾਂ ਜਦ 14 ਅਪ੍ਰੈਲ 1999 ਨੂੰ ਏ. ਆਈ. ਏ. ਡੀ. ਐਮ. ਕੇ. (AIADMK) ਨੇ ਭਾਜਪਾ ਗਠਬੰਧਨ ਸਰਕਾਰ ਕੋਲੋਂ ਆਪਣਾ ਸਮਰਥਨ ਵਾਪਸ ਲੈ ਲਿਆ ਤਾਂ ਰਾਸ਼ਟਰਪਤੀ ਜੀ ਨੇ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੂੰ ਲੋਕ ਸਭਾ ਵਿੱਚ ਵਿਸ਼ਵਾਸ ਮਤ ਪ੍ਰਾਪਤ ਕਰਨ ਲਈ ਕਿਹਾ। ਜਦ 14 ਅਪ੍ਰੈਲ 1999 ਨੂੰ ਇਹ ਸਰਕਾਰ ਵਿਸ਼ਵਾਸ ਮਤ ਪ੍ਰਾਪਤ ਕਰਨ ਵਿੱਚ ਅਸਫਲ ਰਹੀ ਤਾਂ ਰਾਸ਼ਟਰਪਤੀ ਜੀ ਨੇ ਇਕ ਨਵੀਂ ਸਰਕਾਰ ਬਣਾਏ ਜਾਣ ਦਾ ਯਤਨ ਕੀਤਾ ਪਰ ਜਦ ਇਹ ਅਸਫਲ ਹੋ ਗਈ ਤਾਂ ਰਾਸ਼ਟਰਪਤੀ ਨੇ 12ਵੀਂ ਲੋਕ ਸਭਾ ਭੰਗ ਕਰ ਦਿੱਤੀ ਅਤੇ ਭਾਜਪਾ ਗਠਬੰਧਨ ਸਰਕਾਰ ਨੂੰ ਆਖਰੀ ਸਰਕਾਰ ਦੇ ਰੂਪ ਵਿੱਚ ਬਣੇ ਰਹਿਣ ਦਾ ਆਦੇਸ਼ ਦਿੱਤਾ। ਇਸ ਤਰ੍ਹਾਂ ਜਦ ਲੋਕ ਸਭਾ ਵਿੱਚ ਕਿਸੇ ਦਲ ਨੂੰ ਬਹੁਮਤ ਨਾ ਮਿਲੇ ਤਾਂ ਰਾਸ਼ਟਰਪਤੀ ਸਰਕਾਰ ਬਣਾਉਣ ਦੇ ਸਬੰਧ ਵਿੱਚ ਹੌਂਸਲੇ ਨਾਲ ਕੰਮ ਲੈ ਸਕਦਾ ਹੈ। ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਤ੍ਰਿਸ਼ੰਕੂ ਲੋਕ ਸਭਾਵਾਂ (Hung Parliaments) ਦੇ ਯੁੱਗ ਦੇ ਆਰੰਭ 'ਚ ਸਰਕਾਰ ਬਣਾਉਣ ਦੀ ਪ੍ਰਕਿਰਿਆ ਵਿੱਚ ਰਾਸ਼ਟਰਪਤੀ ਦੀ ਸ਼ਕਤੀ ਅਤੇ ਭੂਮਿਕਾ ਵਿੱਚ ਵਾਧਾ ਕੀਤਾ ਹੈ।

2. ਦੂਸਰਾ ਖੇਤਰ ਉਹ ਹੈ ਜਦ ਰਾਸ਼ਟਰਪਤੀ ਲੋਕ ਸਭਾ ਭੰਗ ਕਰਨ ਲਈ ਕੁਝ ਪ੍ਰਸਥਿਤੀਆਂ ਵਿੱਚ ਆਪਣੀ ਇੱਛਾ ਅਨੁਸਾਰ ਕੰਮ ਕਰ ਸਕਦਾ ਹੈ (ਅਨੁਛੇਦ 85)। ਸਧਾਰਣ ਸਮੇਂ ਵਿੱਚ ਜਦ ਬਹੁਮਤ ਦੇ ਸਮਰਥਨ ਵਾਲਾ ਪ੍ਰਧਾਨ ਮੰਤਰੀ ਰਾਸ਼ਟਰਪਤੀ ਨੂੰ ਲੋਕ ਸਭਾ ਭੰਗ ਕਰਨ ਦੀ ਸਲਾਹ ਦਿੰਦਾ ਹੈ ਤਾਂ ਰਾਸ਼ਟਰਪਤੀ ਕੋਲ ਹੋਰ ਕੋਈ ਵੀ ਰਸਤਾ ਨਹੀਂ ਹੁੰਦਾ ਪਰ ਜਦ ਵਿਸ਼ੇਸ਼ ਸਥਿਤੀ ਦੇ (ਜਿਵੇਂ ਨਵੰਬਰ 1990 ਵਿੱਚ ਵੀ. ਪੀ. ਸਿੰਘ ਦਾ ਮਾਮਲਾ) ਸਮੇਂ ਵਿੱਚ ਜਦ ਪ੍ਰਧਾਨ ਮੰਤਰੀ ਨੂੰ ਬਹੁਮਤ ਨਾ ਮਿਲਿਆ ਹੁੰਦਾ ਹੈ ਤਾਂ ਇਹ ਰਾਸ਼ਟਰਪਤੀ ਦੀ ਇੱਛਾ 'ਤੇ ਨਿਰਭਰ ਕਰਦਾ ਹੈ ਕਿ ਅਜਿਹੇ ਪ੍ਰਧਾਨ ਮੰਤਰੀ ਦੀ ਸਲਾਹ ਸਵੀਕਾਰ ਅਤੇ ਰੱਦ ਕਰੇ। ਇਸ ਮਾਮਲੇ ਵਿੱਚ ਰਾਸ਼ਟਰਪਤੀ ਆਰ. ਕੇ. ਵੈਂਕਟ ਰਮਨ ਨੇ ਆਪਣੀ ਇੱਛਾ ਅਨੁਸਾਰ ਕਾਰਵਾਈ ਕੀਤੀ ਅਤੇ ਜਨਤਾ ਦਲ (ਐਸ) ਦੇ ਨੇਤਾ ਸ਼੍ਰੀ ਚੰਦਰ ਸ਼ੇਖਰ ਨੂੰ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਨਿਯੁਕਤ ਕੀਤਾ ਸੀ, ਕਿਉਂਕਿ ਕਾਂਗਰਸ ਵੱਲੋਂ ਬਾਹਰ ਰਹਿ ਕੇ ਚੰਦਰ ਸ਼ੇਖਰ ਸਰਕਾਰ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਗਿਆ ਸੀ, ਜਦ ਫਰਵਰੀ 1991 ਵਿੱਚ ਸ਼੍ਰੀ ਚੰਦਰ ਸ਼ੇਖਰ ਨੇ ਰਾਸ਼ਟਰਪਤੀ ਨੂੰ ਲੋਕ ਸਭਾ ਭੰਗ ਕਰਨ ਦੀ ਸਿਫਾਰਿਸ਼ ਕੀਤੀ ਤਾਂ ਰਾਸ਼ਟਰਪਤੀ ਨੇ ਸਭ ਤੋਂ ਵੱਡੇ ਸਮੂਹ ਕਾਂਗਰਸ ਦੇ ਨੇਤਾ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਕੇ ਨਵੀਂ ਸਰਕਾਰ ਬਣਾਏ ਜਾਣ ਦੀ ਸੰਭਾਵਨਾ ਦੀ ਜਾਂਚ ਕਰਨ ਦਾ ਫੈਸਲਾ ਲਿਆ ਪਰ ਨੇਤਾ ਸ਼੍ਰੀ ਰਾਜੀਵ ਗਾਂਧੀ ਵੱਲੋਂ ਸਰਕਾਰ ਬਣਾਉਣ ਤੋਂ ਇਨਕਾਰ ਕੀਤੇ ਜਾਣ ਕਾਰਨ ਰਾਸ਼ਟਰਪਤੀ ਲੋਕ ਸਭਾ ਭੰਗ ਕਰਨ ਲਈ ਮਜਬੂਰ ਹੋ ਗਿਆ ਅਤੇ ਉਨ੍ਹਾਂ ਨੇ ਸ਼੍ਰੀ ਚੰਦਰ ਸ਼ੇਖਰ ਨੂੰ ਕਾਰਜਵਾਹਕ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਕੰਮ ਕਰਦੇ ਰਹਿਣ ਲਈ ਕਿਹਾ ਅਤੇ ਨਵੀਆਂ ਚੋਣਾਂ ਕਰਵਾਉਣ ਦਾ ਆਦੇਸ਼ ਦਿੱਤਾ। ਮਈ-ਜੂਨ 1991 ਵਿੱਚ 10ਵੀਂ ਲੋਕ ਸਭਾ ਲਈ ਚੋਣਾਂ ਹੋਈਆਂ। ਅਜਿਹੀ ਹੀ ਸਥਿਤੀ ਨਵੰਬਰ 1997 ਵਿੱਚ ਉਸ ਸਮੇਂ ਪੈਦਾ ਹੋ ਗਈ, ਜਦ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ ਨੇ ਤਿਆਗ ਪੱਤਰ ਦੇ ਦਿੱਤਾ। ਇਸ ਮੌਕੇ 'ਤੇ ਰਾਸ਼ਟਰਪਤੀ ਨੇ ਲੋਕ ਸਭਾ ਭੰਗ ਕਰ ਦਿੱਤੀ ਅਤੇ 12ਵੀਂ ਲੋਕ ਸਭਾ

ਨੋਟ

ਚੁਣੇ ਜਾਣ ਦਾ ਆਦੇਸ਼ ਦਿੱਤਾ। ਇਸ ਤਰ੍ਹਾਂ ਫਿਰ ਅਪ੍ਰੈਲ 1999 ਵਿੱਚ ਰਾਸ਼ਟਰਪਤੀ ਨੇ 12ਵੀਂ ਲੋਕ ਸਭਾ ਭੰਗ ਕਰਨ ਦਾ ਫੈਸਲਾ ਲਿਆ, ਚਾਹੇ ਬੀ. ਜੇ. ਪੀ. ਗਠਬੰਧਨ ਇਹ ਚਾਹੁੰਦਾ ਸੀ ਕਿ ਸਾਰਿਆਂ ਨੂੰ ਦੁਬਾਰਾ ਇਕ ਨਵੀਂ ਸਰਕਾਰ ਬਣਾਉਣ ਦਾ ਮੌਕਾ ਮਿਲੇ, ਫਰਵਰੀ 2004 ਵਿੱਚ ਰਾਸ਼ਟਰਪਤੀ ਨੇ ਐੱਨ. ਡੀ. ਏ. ਸਰਕਾਰ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਵਾਜਪਾਈ ਦੀ ਸਲਾਹ ਅਨੁਸਾਰ 13ਵੀਂ ਲੋਕ ਸਭਾ ਕਾਰਜਕਾਲ ਪੂਰਾ ਹੋਣ ਤੋਂ ਲੱਗਭਗ ਇਕ ਸਾਲ ਪਹਿਲਾਂ ਹੀ ਭੰਗ ਕਰ ਦਿੱਤੀ। ਇਸ ਤਰ੍ਹਾਂ ਲੋਕ ਸਭਾ ਨੂੰ ਭੰਗ ਕਰਨ ਦੇ ਫੈਸਲੇ ਦੇ ਸਬੰਧ ਵਿੱਚ ਰਾਸ਼ਟਰਪਤੀ ਆਪਣੀ ਇੱਛਾ ਅਨੁਸਾਰ ਕੰਮ ਲੈ ਸਕਦਾ ਹੈ ਪਰ ਕੇਵਲ ਉਸ ਸਥਿਤੀ ਵਿੱਚ ਜਦ ਕਿ ਸਰਕਾਰ ਨੂੰ ਲੋਕ ਸਭਾ ਵਿੱਚ ਬਹੁਮਤ ਪ੍ਰਾਪਤ ਨਾ ਹੋਵੇ।

ਇਨ੍ਹਾਂ ਦੋ ਅਪਵਾਦਾਂ ਤੋਂ ਇਲਾਵਾ ਰਾਸ਼ਟਰਪਤੀ ਆਪਣੀਆਂ ਸਾਰੀਆਂ ਸ਼ਕਤੀਆਂ ਦਾ ਇਸਤੇਮਾਲ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਹੀ ਕਰਦਾ ਹੈ।

### ਰਾਸ਼ਟਰਪਤੀ ਦੀਆਂ ਵਿੱਤੀ ਸ਼ਕਤੀਆਂ (Financial Powers of the President)

ਰਾਸ਼ਟਰਪਤੀ ਕੋਲ ਕੁਝ ਵਿੱਤੀ ਸ਼ਕਤੀਆਂ ਵੀ ਹਨ–

1. ਕੋਈ ਵੀ ਧਨ ਬਿੱਲ ਰਾਸ਼ਟਰਪਤੀ ਦੀ ਪੂਰੀ ਸਹਿਮਤੀ ਬਿਨਾਂ ਸੰਸਦ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।
2. ਹਰੇਕ ਵਿੱਤੀ ਸਾਲ ਦੇ ਸ਼ੁਰੂ ਵਿੱਚ ਰਾਸ਼ਟਰਪਤੀ ਵੱਲੋਂ ਸੰਸਦ ਸਾਹਮਣੇ ਸਾਲਾਨਾ ਵਿੱਤੀ ਲੇਖਾ (ਬਜਟ) ਰੱਖਿਆ ਜਾਂਦਾ ਹੈ, ਜਿਸ ਵਿੱਚ ਆਉਣ ਵਾਲੇ ਵਿੱਤੀ ਸਾਲ ਲਈ ਕੇਂਦਰ ਸਰਕਾਰ ਦੀ ਆਮਦਨ ਅਤੇ ਖਰਚ ਦੇ ਅਨੁਮਾਨਾਂ ਦਾ ਵੇਰਵਾ ਹੁੰਦਾ ਹੈ।
3. ਰਾਸ਼ਟਰਪਤੀ ਵੱਲੋਂ ਆਕਸਮਿਕ ਵਯਯ ਦੀ ਨਿਧੀ (Contingency fund of India) 'ਤੇ ਕਾਬੂ ਰੱਖਿਆ ਜਾਂਦਾ ਹੈ। ਰਾਸ਼ਟਰਪਤੀ ਕੋਲ ਇਹ ਅਧਿਕਾਰ ਹੈ ਕਿ ਉਹ ਆਕਸਮਿਕ ਵਯਯ ਨੂੰ ਪੂਰਾ ਕਰਨ ਲਈ ਇਸ ਫੰਡ ਵਿੱਚੋਂ ਖਰਚ ਕਰਨ ਦੀ ਆਗਿਆ ਦੇਵੇ।
4. ਸਮੇਂ-ਸਮੇਂ 'ਤੇ ਰਾਸ਼ਟਰਪਤੀ ਵਿੱਤ ਆਯੋਗ ਨਿਯੁਕਤ ਕਰਦਾ ਹੈ, ਜੋ ਕੇਂਦਰ ਅਤੇ ਰਾਜਾਂ ਵਿੱਚ ਰਾਜਸਵ/ਆਮਦਨ ਦੇ ਬਟਵਾਰੇ ਸਿਫਾਰਿਸ਼ਾਂ ਸਿਫਾਰਿਸ਼ਾਂ ਕਰਦਾ ਹੈ।

### ਰਾਸ਼ਟਰਪਤੀ ਦੀਆਂ ਨਿਆਇਕ ਸ਼ਕਤੀਆ (Judicial Powers of the President)

ਰਾਜ ਦੇ ਮੁਖੀ ਦੇ ਰੂਪ ਵਿੱਚ ਰਾਸ਼ਟਰਪਤੀ ਹੇਠ ਲਿਖੇ ਮਾਮਲਿਆਂ ਵਿੱਚ ਮਾਫੀ ਦੇ ਸਕਦਾ ਹੈ, ਸਜ਼ਾ ਮਾਫ ਕਰ ਸਕਦਾ ਹੈ ਜਾਂ ਬਦਲ ਸਕਦਾ ਹੈ ਜਾਂ ਘਟਾ ਸਕਦਾ ਹੈ ਜਾਂ ਸਧਾਰਣ ਮਾਫੀ ਦੇ ਸਕਦਾ ਹੈ–

1. ਉਹ ਅਪਰਾਧੀ ਜਿਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੋਵੇ।
2. ਸੰਘੀ ਅਤੇ ਸਾਂਝੀ ਸੂਚੀ ਦੇ ਅਧੀਨ ਬਣਾਏ ਗਏ ਕਾਨੂੰਨਾਂ ਦੇ ਵਿਰੁੱਧ ਕੀਤੇ ਅਪਰਾਧਾਂ ਦੇ ਸਬੰਧ ਵਿੱਚ ਅਤੇ
3. ਸੈਨਿਕ ਅਦਾਲਤ ਵੱਲੋਂ ਦਿੱਤੀ ਗਈ ਸਜ਼ਾ ਦੇ ਸਾਰੇ ਮਾਮਲੇ।

ਦਇਆ ਦੀਆਂ ਸਾਰੀਆਂ ਅਪੀਲਾਂ ਨਾਲ ਨਿਪਟਦੇ ਸਮੇਂ ਰਾਸ਼ਟਰਪਤੀ ਸਵੈ-ਇੱਛਾ ਨਾਲ ਕੰਮ ਕਰ ਸਕਦਾ ਹੈ। ਇਸ ਤੋਂ ਇਲਾਵਾ ਰਾਸ਼ਟਰਪਤੀ ਕਿਸੇ ਵੀ ਕਾਨੂੰਨੀ ਮਾਮਲੇ ਜਾਂ ਸਰਵਜਨਕ ਮਹੱਤਵ ਦੇ ਕਿਸੇ ਬਿੱਲ ਦੇ ਸਬੰਧ ਵਿੱਚ ਭਾਰਤ ਦੇ ਸਰਵਉੱਚ ਅਦਾਲਤ ਤੋਂ ਸਲਾਹ ਲੈ ਸਕਦਾ ਹੈ। ਸਰਵਉੱਚ ਅਦਾਲਤ ਰਾਸ਼ਟਰਪਤੀ ਵੱਲੋਂ ਮੰਗੀ ਗਈ ਸਲਾਹ ਦੇਣ ਦੇ ਲਈ ਪਾਬੰਦ ਹੁੰਦਾ ਹੈ (ਅਨੁਛੇਦ 43)। ਪਰ ਰਾਸ਼ਟਰਪਤੀ ਸਰਵਉੱਚ ਅਦਾਲਤ ਵੱਲੋਂ ਦਿੱਤੀ ਗਈ ਸਲਾਹ ਨੂੰ ਸਵੀਕਾਰ ਕਰਨ ਲਈ ਪਾਬੰਦ ਨਹੀਂ ਹੁੰਦਾ।

### ਰਾਸ਼ਟਰਪਤੀ ਦੀਆਂ ਸੰਕਟ ਕਾਲੀਨ ਸ਼ਕਤੀਆਂ (Emergency Powers of the President)

ਸੰਵਿਧਾਨ ਦੇ 18ਵੇਂ ਭਾਗ ਵਿੱਚ ਸੰਕਟ ਕਾਲੀਨ ਵਿਵਸਥਾਵਾਂ ਹਨ ਅਤੇ ਇਹ ਰਾਸ਼ਟਰਪਤੀ ਨੂੰ ਵਿਸ਼ੇਸ਼ ਸੰਕਟਕਾਲ ਸਥਿਤੀ ਨਾਲ ਨਿਪਟਣ ਦੀਆਂ ਸ਼ਕਤੀਆਂ ਦਿੰਦੀਆਂ ਹਨ। ਇਨ੍ਹਾਂ ਨੂੰ ਰਾਸ਼ਟਰਪਤੀ ਦੀਆਂ ਸੰਕਟ ਕਾਲੀਨ ਸ਼ਕਤੀਆਂ ਕਿਹਾ ਜਾਂਦਾ ਹੈ। ਤਿੰਨ ਤਰ੍ਹਾਂ ਦੇ ਸੰਕਟਕਾਲ ਦੀਆਂ ਸਥਿਤੀਆਂ ਸੂਚੀਬੱਧ ਕੀਤੀਆਂ ਗਈਆਂ ਹਨ– *(i)* ਅਨੁਛੇਦ 352 ਦੇ ਅਧੀਨ ਰਾਸ਼ਟਰੀ ਸੰਕਟਕਾਲ ਅਤੇ ਯੁੱਧ ਜਾਂ ਬਾਹਰੀ ਹਮਲਿਆਂ ਜਾਂ ਦੇਸ਼ ਵਿੱਚ ਅੰਦਰਲੇ ਸ਼ਸਤਰ ਵਿਦਰੋਹ ਕਾਰਨ ਪੈਦਾ ਹੋਏ ਸੰਕਟਕਾਲ, *(ii)* ਅਨੁਛੇਦ 356 ਦੇ ਅਧੀਨ ਕਿਸੇ ਰਾਜ ਜਾਂ ਕੁਝ ਰਾਜਾਂ ਵਿੱਚ ਸੰਵਿਧਾਨਿਕ ਸੰਕਟਕਾਲ ਅਤੇ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋ ਜਾਣ ਕਾਰਨ ਪੈਦਾ ਹੋਏ ਸੰਕਟਕਾਲ ਦੀ ਸਥਿਤੀ ਅਤੇ *(iii)* ਅਨੁਛੇਦ 360 ਦੇ ਅਧੀਨ ਵਿੱਤੀ ਸੰਕਟਕਾਲ ਅਤੇ ਦੇਸ਼ ਦੇ ਵਿੱਤੀ ਸੰਕਟ ਦੇ ਰੂਪ ਵਿੱਚ ਪੈਦਾ ਹੋਏ ਸੰਕਟਕਾਲ ਦੀ ਸਥਿਤੀ।

ਇਨ੍ਹਾਂ ਤਿੰਨ ਤਰ੍ਹਾਂ ਦੇ ਸੰਕਟਕਾਲਾਂ ਵਿੱਚ ਰਾਸ਼ਟਰਪਤੀ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਸੰਕਟਕਾਲ ਦੀ ਸਥਿਤੀ ਦੀ ਘੋਸ਼ਣਾ ਕਰੇ ਅਤੇ ਸੰਕਟਕਾਲ ਦੀ ਸਥਿਤੀ ਨਾਲ ਨਿਪਟਣ ਲਈ ਉਚਿਤ ਕਦਮ ਚੁੱਕੇ। ਉਦਾਹਰਣ ਦੇ ਰੂਪ ਵਿੱਚ ਜੇਕਰ ਅਨੁਛੇਦ

352 ਦੇ ਅਧੀਨ ਸੰਕਟਕਾਲ ਸਥਿਤੀ ਦੀ ਘੋਸ਼ਣਾ ਕੀਤੀ ਜਾਂਦੀ ਹੈ ਤਾਂ ਸੰਵਿਧਾਨ ਦੀਆਂ ਸੰਘੀ ਵਿਵਸਥਾਵਾਂ ਰੱਦ ਹੋ ਜਾਂਦੀਆਂ ਹਨ, ਕੇਂਦਰ ਸਰਕਾਰ ਆਪਣੀ ਕਾਰਜਪਾਲਿਕਾ ਸ਼ਕਤੀ ਦੇ ਇਸਤੇਮਾਲ ਨਾਲ ਕਿਸੇ ਵੀ ਰਾਜ ਸਰਕਾਰ ਨੂੰ ਕੋਈ ਵੀ ਨਿਰਦੇਸ਼ ਦੇ ਸਕਦੀ ਹੈ। ਕੇਂਦਰ ਸਰਕਾਰ ਨੂੰ ਇਹ ਅਧਿਕਾਰ ਮਿਲ ਜਾਂਦਾ ਹੈ ਕਿ ਉਹ ਰਾਜ-ਸੂਚੀ ਵਾਲੇ ਵਿਸ਼ਿਆਂ ਦੇ ਸਬੰਧ ਵਿੱਚ ਕਾਨੂੰਨ ਬਣਾਏ ਅਤੇ ਕੇਂਦਰ ਤੇ ਰਾਜਾਂ ਵਿੱਚ ਵਿੱਤੀ ਸਬੰਧਾਂ ਨੂੰ ਸੋਧ ਕੀਤਾ ਜਾ ਸਕਦਾ ਹੈ। ਜਦੋਂ ਕਿਸੇ ਰਾਜ ਵਿੱਚ ਅਨੁਛੇਦ 356 ਦੇ ਅਧੀਨ ਸੰਕਟਕਾਲ ਦੀ ਸਥਿਤੀ ਦੀ ਘੋਸ਼ਣਾ ਕੀਤੀ ਜਾਂਦੀ ਹੈ ਤਾਂ ਸਬੰਧਿਤ ਰਾਜ ਰਾਸ਼ਟਰਪਤੀ ਸ਼ਾਸਨ ਦੇ ਅਧੀਨ ਆ ਜਾਂਦਾ ਹੈ। ਰਾਜ ਦਾ ਰਾਜਪਾਲ ਅਸਲ ਕਾਰਜਪਾਲਿਕਾ ਬਣ ਜਾਂਦਾ ਹੈ ਅਤੇ ਰਾਜ ਮੰਤਰੀ ਮੰਡਲ/ਸਰਕਾਰ ਭੰਗ ਹੋ ਜਾਂਦੀ ਹੈ। ਰਾਜਪਾਲ ਰਾਸ਼ਟਰਪਤੀ ਵੱਲੋਂ ਰਾਜ ਦਾ ਪ੍ਰਸ਼ਾਸਨ ਚਲਾਉਂਦਾ ਹੈ ਅਤੇ ਕੇਂਦਰ ਸਰਕਾਰ ਦੇ ਸਾਰੇ ਦਿਸ਼ਾ-ਨਿਰਦੇਸ਼ ਲਾਗੂ ਕਰਦਾ ਹੈ। ਅਨੁਛੇਦ 360 ਦੇ ਅਧੀਨ ਵਿੱਤੀ ਸੰਕਟਕਾਲ ਦੀ ਸਥਿਤੀ ਦੇ ਮਾਮਲੇ ਵਿੱਚ ਰਾਸ਼ਟਰਪਦੀ ਦੇਸ਼ ਦੀ ਵਿੱਤੀ ਸਥਿਰਤਾ ਦੇ ਲਈ ਰਾਜਾਂ ਨੂੰ ਕੋਈ ਵੀ ਨਿਰਦੇਸ਼ ਦੇ ਸਕਦਾ ਹੈ। ਉਹ ਸਰਵਉੱਚ ਅਦਾਲਤ ਅਤੇ ਉਹ ਅਦਾਲਤ ਦੇ ਜੱਜਾਂ ਸਹਿਤ ਕਰਮਚਾਰੀਆਂ ਦੀ ਤਨਖਾਹ ਅਤੇ ਭੱਤਿਆਂ ਵਿੱਚ ਕਟੌਤੀ ਕਰਨ ਦਾ ਆਦੇਸ਼ ਦੇ ਸਕਦਾ ਹੈ। ਉਹ ਆਦੇਸ਼ ਕਰ ਸਕਦਾ ਹੈ ਕਿ ਰਾਜ ਵਿਧਾਨ ਪਾਲਿਕਾਵਾਂ ਵੱਲੋਂ ਪਾਸ ਕਰਨ ਦੇ ਬਾਅਦ ਸਾਰੇ ਵਿੱਤੀ ਬਿੱਲ ਉਸ ਦੀ ਮਨਜ਼ੂਰੀ ਲਈ ਰਾਖਵੇਂ ਰੱਖੇ ਗਏ ਹਨ।

ਸੰਵਿਧਾਨਿਕ ਰੂਪ ਵਿੱਚ ਤਿੰਨ ਤਰ੍ਹਾਂ ਦੇ ਸੰਕਟਕਾਲਾਂ ਨਾਲ ਨਿਪਟਣ ਲਈ ਰਾਸ਼ਟਰਪਤੀ ਕੋਲ ਵਿਆਪਕ ਸ਼ਕਤੀਆਂ ਹਨ ਪਰ ਅਜਿਹੀਆਂ ਸ਼ਕਤੀਆ ਦੇ ਦੁਰਉਪਯੋਗ ਨੂੰ ਰੋਕਣ ਲਈ ਕਈ ਸੰਵਿਧਾਨਿਕ ਪ੍ਰਤੀਬੰਧ ਲਗਾਏ ਗਏ ਹਨ। ਰਾਸ਼ਟਰਪਤੀ ਸੰਕਟਕਾਲੀਨ ਸ਼ਕਤੀਆਂ ਦਾ ਇਸਤੇਮਾਲ ਵੀ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਨਾਲ ਹੀ ਕਰਦਾ ਹੈ। ਇਸ ਤਰ੍ਹਾਂ ਭਾਰਤ ਦੇ ਰਾਸ਼ਟਰਪਤੀ ਕੋਲ ਕਾਰਜਪਾਲਿਕਾ, ਵਿਧਾਨਕ, ਵਿੱਤੀ, ਨਿਆਇਕ ਅਤੇ ਸੰਕਟਕਾਲੀਨ ਸ਼ਕਤੀਆਂ ਹਨ। (ਇਸ ਵਿਸ਼ੇ ਦਾ ਵਿਸਤ੍ਰਿਤ ਵਰਨਣ ਅੱਗੇ ਦਿੱਤਾ ਗਿਆ ਹੈ।)

*ਟਾਸਕ* ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਤੋਂ ਕੀ ਭਾਵ ਹੈ?

### ਰਾਸ਼ਟਰਪਤੀ ਦੀ ਸਥਿਤੀ ਅਤੇ ਭੂਮਿਕਾ (Position and Role of the President)

ਰਾਸ਼ਟਰਪਤੀ ਦੀਆਂ ਸ਼ਕਤੀਆਂ 'ਤੇ ਵਿਚਾਰ ਕਰਨ ਦੇ ਬਾਅਦ ਰਾਸ਼ਟਰਪਤੀ ਦੀ ਸਥਿਤੀ ਦਾ ਮੁਲਾਂਕਣ ਕਰਨਾ ਬਹੁਤ ਅਸਾਨ ਹੋ ਜਾਂਦਾ ਹੈ। ਪ੍ਰਤੱਖ ਰੂਪ ਵਿੱਚ ਰਾਸ਼ਟਰਪਤੀ ਦੀਆਂ ਸ਼ਕਤੀਆਂ ਬਹੁਤ ਜ਼ਿਆਦਾ ਅਤੇ ਇੱਥੋਂ ਤੱਕ ਕਿ ਤਾਨਾਸ਼ਾਹੀ (ਸੰਕਟਕਾਲੀਨ ਸ਼ਕਤੀਆ) ਪ੍ਰਤੀਤ ਹੁੰਦੀਆਂ ਹਨ ਪਰ ਗਹਿਰਾਈ ਨਾਲ ਜਾਂਚ ਕਰਨ ਤੋਂ ਪਤਾ ਲੱਗਦਾ ਹੈ ਕਿ ਭਾਰਤ ਦਾ ਰਾਸ਼ਟਰਪਤੀ ਸਿਰਫ ਨਾਮ ਦਾ ਸੰਵਿਧਾਨ ਮੁਖੀਆ ਹੈ, ਜੋ ਲਗਭਗ ਸਾਰੀਆਂ ਸ਼ਕਤੀਆਂ ਦਾ ਇਸਤੇਮਾਲ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਦੇ ਅਨੁਸਾਰ ਹੀ ਕਰਦਾ ਹੈ। ਸੰਵਿਧਾਨ ਦੀ 42ਵੀਂ ਸੋਧ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਰਾਸ਼ਟਰਪਤੀ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਨੂੰ ਸਵੀਕਾਰ ਕਰਨ ਲਈ ਪਾਬੰਦ ਹੁੰਦਾ ਹੈ ਪਰ ਇਸ ਵਿਵਸਥਾ ਦੇ ਬਾਵਜੂਦ ਰਾਸ਼ਟਰਪਤੀ ਇਕ ਸ਼ਕਤੀਹੀਣ ਮੁਖੀਆ ਜਾਂ ਮੰਤਰੀ ਮੰਡਲ ਦੇ ਹੱਥਾਂ ਵਿੱਚ ਰਬੜ ਦੀ ਮੋਹਰ ਨਹੀਂ ਹੈ। 44ਵੀਂ ਸੋਧ ਦੇ ਬਾਅਦ ਰਾਸ਼ਟਰਪਤੀ ਕੋਲ ਇਹ ਅਧਿਕਾਰ ਹੈ ਕਿ ਉਹ ਮੰਤਰੀ ਮੰਡਲ ਵੱਲੋਂ ਦਿੱਤੀ ਗਈ ਸਲਾਹ ਅਤੇ ਸਧਾਰਣ ਤੌਰ 'ਤੇ ਜਾਂ ਹੋਰ ਦ੍ਰਿਸ਼ਟੀਕੋਣ ਨਾਲ ਪੁਨਰ ਵਿਚਾਰ ਕਰਨ ਲਈ ਕਹਿ ਸਕਦਾ ਹੈ। ਰਾਸ਼ਟਰਪਤੀ ਦਾ ਇਹ ਅਧਿਕਾਰ ਵਿਸ਼ੇਸ਼ ਮਹੱਤਵ ਰੱਖਦਾ ਹੈ ਅਤੇ ਇਸ ਦਾ ਮੰਤਰੀ ਮੰਡਲ 'ਤੇ ਅਨੁਕੂਲ ਪ੍ਰਭਾਵ ਪੈਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮੰਤਰੀ ਮੰਡਲ ਵੱਲੋਂ ਪੁਨਰ ਵਿਚਾਰ ਤੋਂ ਬਾਅਦ ਦਿੱਤੀ ਗਈ ਸਲਾਹ ਰਾਸ਼ਟਰਪਤੀ ਨੂੰ ਮੰਨਣਾ ਪੈਂਦਾ ਹੈ ਪਰ ਰਾਸ਼ਟਰਪਤੀ ਇਸ ਅਧਿਕਾਰ ਦੇ ਇਸਤੇਮਾਲ ਨਾਲ ਮੰਤਰੀ ਮੰਡਲ ਦੀ ਕਾਰਵਾਈ ਨੂੰ ਪ੍ਰਭਾਵਿਤ ਕਰ ਸਕਦਾ ਹੈ। ਰਾਸ਼ਟਰਪਤੀ ਦੇ ਪੁਨਰ ਵਿਚਾਰ ਦੇ ਨਿਰਦੇਸ਼ ਨੂੰ ਇਕ ਹਲਕੀ ਜਿਹੀ ਸਲਾਹ ਜਾਂ ਇਕ ਚੇਤਾਵਨੀ ਦੇ ਰੂਪ ਵਿੱਚ ਲਿਆ ਜਾ ਸਕਦਾ ਹੈ। ਰਾਜ ਦੇ ਮੁਖੀ ਦੇ ਰੂਪ ਵਿੱਚ ਰਾਸ਼ਟਰਪਤੀ ਨੂੰ ਪ੍ਰਭੂਸੱਤਾ ਸੰਪਨ ਪੱਧਰ ਪ੍ਰਾਪਤ ਹੈ ਅਤੇ ਇਸ ਵਿਸ਼ੇਸ਼ਤਾ ਦੇ ਕਾਰਨ ਉਹ ਭਾਰਤ ਦੀ ਰਾਜਨੀਤਿਕ ਪ੍ਰਣਾਲੀ ਵਿੱਚ ਉੱਚ ਪੱਧਰੀ, ਅਰਥਪੂਰਣ ਭੂਮਿਕਾ ਨਿਭਾਉਂਦਾ ਹੈ।

ਸੰਵਿਧਾਨ ਨਿਰਮਾਣ ਸਭਾ ਸਪੱਸ਼ਟ ਰੂਪ ਵਿੱਚ ਰਾਸ਼ਟਰਪਤੀ ਨੂੰ ਰਾਜ ਦਾ ਸੰਵਿਧਾਨਿਕ ਮੁਖੀ ਬਣਾਉਣਾ ਚਾਹੁੰਦੀ ਸੀ ਕਿਉਂਕਿ ਭਾਰਤ ਵਿੱਚ ਸੰਸਦੀ ਪ੍ਰਣਾਲੀ ਦੇ ਚੱਲਣ ਦੇ ਲਈ ਅਜਿਹਾ ਕਰਨਾ ਜ਼ਰੂਰੀ ਸੀ। ਸੰਵਿਧਾਨ ਨਿਰਮਾਣ ਸਾਰਿਆਂ ਦੇ ਪ੍ਰਧਾਨ ਡਾ. ਰਾਜਿੰਦਰ ਪ੍ਰਸਾਦ ਨੇ ਵੀ ਸਵੀਕਾਰ ਕੀਤਾ ਕਿ ਰਾਸ਼ਟਰਪਤੀ ਦੇਸ਼ ਦਾ ਸੰਵਿਧਾਨਿਕ ਮੁਖੀ ਹੋਵੇਗਾ। ਸੰਵਿਧਾਨ ਨਿਰਮਾਣ ਸਭਾ ਵਿੱਚ ਬੋਲਦੇ ਹੋਏ ਡਾ. ਅੰਬੇਡਕਰ ਨੇ ਕਿਹਾ ਸੀ ਕਿ, "ਰਾਸ਼ਟਰਪਤੀ ਦੀ ਸਥਿਤੀ ਬ੍ਰਿਟਿਸ਼ ਸੰਵਿਧਾਨ ਅਧੀਨ ਬਾਦਸ਼ਾਹ ਵਰਗੀ ਸਥਿਤੀ ਦੇ ਬਰਾਬਰ ਹੈ। ਉਹ ਰਾਜ ਦਾ ਮੁਖੀ ਹੈ ਪਰ ਕਾਰਜ ਪਾਲਿਕਾ ਦਾ ਨਹੀਂ। ਉਹ ਰਾਸ਼ਟਰ ਦਾ ਪ੍ਰਤੀਨਿਧਤਾ ਕਰਦਾ ਹੈ ਪਰ ਰਾਸ਼ਟਰ 'ਤੇ ਸ਼ਾਸਨ ਨਹੀਂ ਕਰਦਾ।" ਭਾਰਤ ਦਾ ਰਾਸ਼ਟਰਪਤੀ ਸਧਾਰਣ ਰੂਪ ਵਿੱਚ ਮੰਤਰੀਆਂ ਦੀ ਸਲਾਹ ਮੰਨਣ ਲਈ ਪਾਬੰਦ

ਹੋਵੇਗਾ। ਉਹ ਉਨ੍ਹਾਂ ਦੀ ਸਲਾਹ ਦੇ ਵਿਰੁੱਧ ਕੁਝ ਨਹੀਂ ਕਰ ਸਕੇਗਾ ਅਤੇ ਨਾ ਹੀ ਉਨ੍ਹਾਂ ਦੀ ਸਲਾਹ ਤੋਂ ਬਿਨਾਂ ਕੁਝ ਕਰ ਸਕੇਗਾ ਤਾਂ ਵੀ ਸੰਵਿਧਾਨ ਨਿਰਮਾਣ ਸਭਾ ਨੇ ਇਹ ਫੈਸਲਾ ਲਿਆ ਕਿ ਸਪੱਸ਼ਟ ਰੂਪ ਵਿੱਚ ਇਹ ਕਿਹਾ ਨਾ ਜਾਵੇ ਕਿ ਰਾਸ਼ਟਰਪਤੀ ਮੰਤਰੀ ਮੰਡਲ ਦੀ ਸਲਾਹ ਮੰਨਣ ਲਈ ਪਾਬੰਦ ਹੋਵੇਗਾ ਪਰ ਸੰਵਿਧਾਨ ਦੀ ਇਸ ਚੁੱਪੀ ਨੂੰ 42ਵੀਂ ਸੋਧ ਨਾਲ ਖਤਮ ਕਰ ਦਿੱਤਾ ਗਿਆ ਅਤੇ ਇਹ ਕਿਹਾ ਗਿਆ ਕਿ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਕੰਮ ਕਰ ਰਹੀ ਸਰਕਾਰ ਦੀ ਸਲਾਹ ਮੰਨਣ ਲਈ ਪਾਬੰਦ ਹੋਵੇਗਾ।

ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਭਾਰਤ ਦੇ ਰਾਸ਼ਟਰਪਤੀ ਨੇ ਸਧਾਰਣ ਰੂਪ ਵਿੱਚ ਰਾਜ ਦੇ ਇਕ ਸੰਵਿਧਾਨਿਕ ਪ੍ਰਧਾਨ ਅਤੇ ਨਾਮਾਤਰ ਕਾਰਜ ਪਾਲਿਕਾ ਮੁਖੀ ਦੇ ਰੂਪ ਵਿੱਚ ਆਪਣੀ ਸਥਿਤੀ ਨੂੰ ਸਵੀਕਾਰ ਕੀਤਾ ਹੈ ਪਰ 1960 ਵਿੱਚ ਦੇਸ਼ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਨੇ ਨਵੀਂ ਦਿੱਲੀ ਵਿੱਚ ਭਾਰਤੀ ਕਾਨੂੰਨ ਸੰਸਥਾਨ 'ਤੇ ਨੀਂਹ ਪੱਥਰ ਰੱਖਦੇ ਸਮੇਂ ਆਪਣੇ ਭਾਸ਼ਣ ਵਿੱਚ ਰਾਸ਼ਟਰਪਤੀ ਦੇ ਭਾਰਤੀ ਸੰਵਿਧਾਨਿਕ ਪ੍ਰਣਾਲੀ ਵਿੱਚ ਅਸਲ ਕੰਮਾਂ ਅਤੇ ਸ਼ਕਤੀਆਂ ਦਾ ਮੁੱਦਾ ਉਠਾਇਆ। ਉਨ੍ਹਾਂ ਦੇ ਅਜਿਹੇ ਵਿਚਾਰ ਪ੍ਰਧਾਨ ਮੰਤਰੀ ਨਹਿਰੂ ਦੇ ਵਿਚਾਰਾਂ ਨਾਲ ਕੁਝ ਵਿਰੋਧ ਰੱਖਦੇ ਸਨ। ਉਨ੍ਹਾਂ ਨੇ ਸਪੱਸ਼ਟ ਰੂਪ ਵਿੱਚ ਕਿਹਾ ਕਿ "ਅਸੀਂ ਆਪਣੇ ਰਾਸ਼ਟਰਪਤੀ ਨੂੰ ਅਸਲ ਵਿੱਚ ਕੋਈ ਸ਼ਕਤੀ ਨਹੀਂ ਦਿੱਤੀ ਪਰ ਉਸ ਦੀ ਸਥਿਤੀ ਇਕ ਸੱਤਾ ਅਤੇ ਆਤਮ-ਵਿਸ਼ਵਾਸ ਵਾਲੀ ਬਣਾ ਦਿੱਤੀ ਹੈ।" ਸਰਵਉੱਚ ਅਦਾਲਤ ਨੇ ਰਾਮ ਜੀਵਾਇਆ ਬਨਾਮ ਪੰਜਾਬ ਰਾਜ (1955) ਦੇ ਮਾਮਲੇ ਵਿੱਚ ਆਪਣੇ ਫੈਸਲੇ ਵਿੱਚ ਕਿਹਾ ਕਿ "ਰਾਸ਼ਟਰਪਤੀ ਕਾਰਜ ਪਾਲਿਕਾ ਦਾ ਉਪਚਾਰਿਕ ਜਾਂ ਸੰਵਿਧਾਨਿਕ ਮੁਖੀ ਹੈ ਅਤੇ ਅਸਲ ਕਾਰਜ ਪਾਲਿਕਾ ਸ਼ਕਤੀਆਂ ਮੰਤਰੀ ਮੰਡਲ ਕੋਲ ਹਨ।"

ਸੰਵਿਧਾਨ ਦੇ ਲਾਗੂ ਹੋਣ ਦੇ ਬਾਅਦ ਰਾਸ਼ਟਰਪਤੀ ਦੀਆਂ ਸਿਰਫ ਨਾਮ ਦੀਆਂ ਸ਼ਕਤੀਆਂ ਦੀ ਸਥਿਤੀ ਸਬੰਧੀ ਸਪੱਸ਼ਟ ਰੂਪ ਵਿੱਚ ਵਿਵਸਥਾ ਸੰਵਿਧਾਨ ਵਿੱਚ ਨਾ ਸ਼ਾਮਿਲ ਕੀਤੇ ਜਾਣ ਦੇ ਕਾਰਨ ਇਸ ਵਿਚਾਰ ਨੂੰ ਜ਼ੋਰ ਮਿਲਿਆ ਕਿ ਰਾਸ਼ਟਰਪਤੀ ਕਾਰਜ ਪਾਲਿਕਾ ਸ਼ਕਤੀਆਂ ਦੇ ਇਸਤੇਮਾਲ ਨਾਲ ਸਬੰਧਿਤ ਇਕ ਸਰਗਰਮ ਭੂਮਿਕਾ ਨਿਭਾ ਸਕਦਾ ਸੀ। ਸੰਵਿਧਾਨ ਨਿਰਮਾਣ ਸਭਾ ਦੀ ਮਸੌਦਾ ਸਮਿਤੀ ਦੇ ਇਕ ਸਾਬਕਾ ਮੈਂਬਰ ਸ਼੍ਰੀ ਕੇ. ਐਮ. ਮੁਨਸ਼ੀ ਨੇ 1963 ਵਿੱਚ ਘੋਸ਼ਣਾ ਕੀਤੀ ਕਿ ਅਸੀਂ ਰਾਸ਼ਟਰਪਤੀ ਨੂੰ ਫ੍ਰਾਂਸਿਸੀ ਰਾਸ਼ਟਰਪਤੀ ਦੇ ਬਰਾਬਰ ਇਕ ਸਿਰਫ ਨਾਮ ਦਾ ਮੁਖੀ ਨਹੀਂ ਬਣਾਇਆ, ਉਸ ਨੂੰ ਕਿਸੇ ਵੀ ਪਾਸੇ ਤੋਂ ਖੜ੍ਹੀਆਂ ਕੀਤੀਆਂ ਗਈਆਂ ਰੁਕਾਵਟਾਂ ਦੇ ਵਿਰੁੱਧ ਇਕ ਸੁਤੰਤਰ ਵਿਅਕਤੀ ਦੇ ਰੂਪ ਵਿੱਚ ਕਾਰਵਾਈ ਕਰਕੇ ਸੰਵਿਧਾਨ ਦੀ ਰੱਖਿਆ ਕਰਨੀ ਹੁੰਦੀ ਹੈ। ਇਸ ਵਿਚਾਰਧਾਰਾ ਦੇ ਹੋਰ ਸਮਰਥਕਾਂ ਦੇ ਅਨੁਸਾਰ ਭਾਰਤ ਦੇ ਰਾਸ਼ਟਰਪਤੀ ਦੇ ਕੋਲ ਆਦੇਸ਼ ਜਾਰੀ ਕਰਨ, ਸੰਕਟਕਾਲ ਦੀ ਸਥਿਤੀ ਦੀ ਘੋਸ਼ਣਾ ਕਰਨ ਅਤੇ ਮੌਲਿਕ ਅਧਿਕਾਰਾਂ ਨੂੰ ਰੱਦ ਕਰਨ ਵਰਗੀਆਂ ਕੁਝ ਸਕਤੀਆਂ ਹਨ। ਉਹ ਸੰਸਦ ਵੱਲੋਂ ਪਾਸ ਕੀਤੇ ਕੁਝ ਵਿਸ਼ੇਸ਼ ਵਿਵਾਦਗ੍ਰਸਤ ਬਿੱਲਾਂ ਨੂੰ ਆਪਣੀ ਮਨਜ਼ੂਰੀ ਦੇਣ ਤੋਂ ਰੋਕ ਸਕਦਾ ਹੈ। ਉਹ ਆਮ ਜਨਤਾ ਤੋਂ ਪ੍ਰਾਥਨਾ-ਪੱਤਰ ਪ੍ਰਾਪਤ ਕਰ ਸਕਦਾ ਹੈ ਅਤੇ ਸੰਸਦ ਨੂੰ ਸੰਦੇਸ਼ ਭੇਜ ਸਕਦਾ ਹੈ ਆਦਿ। ਰਾਜ ਦੇ ਇਕ ਚੋਣ ਮੁਖੀਆ ਦੇ ਰੂਪ ਵਿੱਚ ਰਾਸ਼ਟਰਪਤੀ ਦੀ ਸਥਿਤੀ ਅਤੇ ਦਰਜਾ ਬ੍ਰਿਟੇਨ ਦੇ ਪੈਤ੍ਰਕ ਬਾਦਸ਼ਾਹ ਤੋਂ ਵੱਖ ਹੈ ਅਤੇ ਭਾਰਤੀ ਰਾਸ਼ਟਰਪਤੀ ਨੂੰ ਕੇਵਲ ਨਾਮ ਦੇ ਮੁਖੀ ਦੇ ਰੂਪ ਵਿੱਚ ਲੈਣਾ ਪੂਰਨ ਰੂਪ ਨਾਲ ਠੀਕ ਨਹੀਂ।

ਪਰ ਇਸ ਵਿਚਾਰ ਦਾ ਬਹੁਤ ਸਾਰੇ ਹੋਰ ਵਿਦਵਾਨਾਂ, ਰਾਜਨੀਤਿਕ ਨੇਤਾਵਾਂ ਅਤੇ ਸੰਵਿਧਾਨਿਕ ਵਿਗਿਆਨੀਆਂ ਵੱਲੋਂ ਸਮਰਥਨ ਨਹੀਂ ਕੀਤਾ ਗਿਆ। ਸ਼੍ਰੀ ਮੋਰਾਰਜੀ ਦੇਸਾਈ ਨੇ ਇਕ ਵਾਰ ਕਿਹਾ ਸੀ, "ਇਹ ਸੋਚਣਾ ਗਲਤ ਹੈ ਕਿ ਸਾਡੇ ਰਾਸ਼ਟਰਪਤੀ ਨੂੰ ਇਕ ਪ੍ਰਸ਼ਾਸਕ ਦੀ ਕੋਈ ਅਸਲ ਸ਼ਕਤੀ ਪ੍ਰਾਪਤ ਹੈ। ਸਧਾਰਣ ਸਮੇਂ ਵਿੱਚ ਉਸ ਦੇ ਕੋਲ ਕੁਝ ਵੀ ਸ਼ਕਤੀ ਨਹੀਂ ਹੈ। ਸੰਵਿਧਾਨ ਦੇ ਅਧੀਨ ਉਹ ਬ੍ਰਿਟਿਸ਼ ਬਾਦਸ਼ਾਹ ਦੇ ਬਰਾਬਰ ਸੰਵਿਧਾਨਿਕ ਮੁਖੀ ਹੀ ਹੈ।" ਸੰਸਦੀ ਪ੍ਰਣਾਲੀ ਅਪਨਾਏ ਜਾਣ ਤੋਂ ਸਪੱਸ਼ਟ ਪਤਾ ਲੱਗਦਾ ਹੈ ਕਿ ਰਾਸ਼ਟਰਪਤੀ ਨੂੰ ਹਮੇਸ਼ਾ ਮੰਤਰੀ ਮੰਡਲ ਦੀ ਸਲਾਹ ਦੇ ਅਨੁਸਾਰ ਕੰਮ ਕਰਨਾ ਪਵੇਗਾ। ਇੱਥੋਂ ਤੱਕ ਕਿ ਸੰਕਟਕਾਲੀਨ ਸਥਿਤੀ ਵਿੱਚ ਵੀ ਉਹ ਮੰਤਰੀ ਮੰਡਲ ਦੀ ਸਲਾਹ ਨੂੰ ਉਪੇਕਸ਼ਿਤ ਨਹੀਂ ਕਰ ਸਕਦਾ, ਇਸ ਸਬੰਧ ਵਿੱਚ 42ਵੀਂ ਸੋਧ 'ਚ ਸਪੱਸ਼ਟ ਕੀਤਾ ਗਿਆ ਹੈ ਜੋ ਪਹਿਲਾਂ ਸਪੱਸ਼ਟ ਨਹੀਂ ਸੀ। ਭਾਰਤ ਦਾ ਰਾਸ਼ਟਰਪਤੀ ਰਾਜ ਦੇ ਸੰਵਿਧਾਨਿਕ ਅਤੇ ਸਿਰਫ ਮੁਖੀ ਦੇ ਰੂਪ ਵਿੱਚ ਕੰਮ ਕਰਨ ਲਈ ਪਾਬੰਦ ਹੈ। ਉਸ ਨੂੰ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਵੱਲੋਂ ਦਿੱਤੀ ਗਈ ਸਲਾਹ ਦੇ ਅਨੁਸਾਰ ਕੰਮ ਕਰਨਾ ਪੈਂਦਾ ਹੈ। ਰਾਸ਼ਟਰਪਤੀ ਨੂੰ ਹਮੇਸ਼ਾ ਪ੍ਰਧਾਨ ਮੰਤਰੀ ਅਤੇ ਮੰਤਰੀ ਪ੍ਰੀਸ਼ਦ ਦੀ ਮੌਜੂਦਗੀ ਵਿੱਚ ਹੀ ਕੰਮ ਕਰਨਾ ਹੁੰਦਾ ਹੈ। ਭਾਰਤੀ ਰਾਜਨੀਤਿਕ ਪ੍ਰਣਾਲੀ ਇਕ ਮੰਤਰੀ ਮੰਡਲ ਪ੍ਰਧਾਨ ਮੰਤਰੀ ਅਧੀਨ ਲਗਾਤਾਰ ਹੋਂਦ ਵਿੱਚ ਰਹਿੰਦਾ ਹੈ। ਸੰਸਦ ਵਿੱਚ ਬਹੁਮਤ ਦੀ ਕਮੀ ਕਾਰਨ ਜਦੋਂ ਕੋਈ ਸਰਕਾਰ ਡਿੱਗਦੀ ਹੈ ਅਤੇ ਰਾਸ਼ਟਰਪਤੀ ਇਸ ਸਥਿਤੀ ਵਿੱਚ ਨਹੀਂ ਹੁੰਦਾ ਕਿ ਉਹ ਵਿਕਲਪਿਕ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਨੂੰ ਲੈ ਸਕੇ। ਅਜਿਹੀ ਸਥਿਤੀ ਵਿੱਚ ਉਸ ਨੂੰ ਪਹਿਲੇ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਨੂੰ ਉਦੋਂ ਤੱਕ ਕਾਰਜਵਾਹਕ ਸਰਕਾਰ ਦੇ ਰੂਪ ਵਿੱਚ ਕੰਮ ਕਰਨ ਲਈ ਕਹਿਣਾ ਪੈਂਦਾ ਹੈ ਜਦੋਂ ਤੱਕ ਲੋਕ ਸਭਾ ਦੀਆਂ ਚੋਣਾਂ ਤੋਂ ਬਾਅਦ ਨਵੀਂ ਸਰਕਾਰ ਹੋਂਦ ਵਿੱਚ ਨਹੀਂ ਆ ਜਾਂਦੀ। ਅਪ੍ਰੈਲ 1999 ਵਿੱਚ ਜਦੋਂ 17 ਅਪ੍ਰੈਲ ਨੂੰ ਭਾਜਪਾ ਗਠਬੰਧਨ ਸਰਕਾਰ ਲੋਕ ਸਭਾ ਵਿੱਚ ਵਿਸ਼ਵਾਸ ਮਤ ਪ੍ਰਾਪਤ ਕਰਨ ਵਿੱਚ ਅਸਫਲ ਰਹੀ ਅਤੇ ਉਸ ਤੋਂ ਬਾਅਦ ਕੋਈ ਹੋਰ ਪਾਰਟੀ ਸਰਕਾਰ ਬਣਾਉਣ ਵਿੱਚ ਸਫਲ ਨਾ ਹੋ ਸਕੀ ਤਾਂ ਰਾਸ਼ਟਰਪਤੀ ਨੇ ਭਾਜਪਾ ਸਰਕਾਰ ਨੂੰ ਕਾਰਜਵਾਹਕ ਸਰਕਾਰ ਦੇ ਰੂਪ ਵਿੱਚ ਕੰਮ ਕਰਨ ਦਾ ਹੁਕਮ ਦਿੱਤਾ। ਫਰਵਰੀ 2004 ਵਿੱਚ ਲੋਕ ਸਭਾ ਭੰਗ ਕਰ ਦਿੱਤੇ ਜਾਣ ਦੇ ਬਾਅਦ ਐੱਨ. ਡੀ. ਏ. ਸਰਕਾਰ ਇਕ ਕਾਰਜਵਾਹਕ ਸਰਕਾਰ ਦੇ ਰੂਪ ਵਿੱਚ 22 ਮਈ 2004 ਤੱਕ ਕੰਮ ਕਰਦੀ ਰਹੀ ਅਤੇ ਇਸ ਦਿਨ ਯੂ. ਪੀ. ਏ. ਦੀ ਸਰਕਾਰ ਹੋ ਗਈ। ਅੱਜ ਇਹ ਗੱਲ ਸਪੱਸ਼ਟ ਹੈ ਕਿ ਰਾਸ਼ਟਰਪਤੀ ਮੰਤਰੀ

ਨੋਟ

ਮੰਡਲ ਦੀ ਹੋਂਦ ਨੂੰ ਲਗਾਤਾਰ ਬਣਾਏ ਰੱਖਦਾ ਹੈ ਚਾਹੇ ਇਹ ਮੰਤਰੀ ਮੰਡਲ ਨਿਯਮਿਤ ਹੋਵੇ ਜਾਂ ਕਾਰਜਵਾਹਕ। 1989, 1997, 1999 ਅਤੇ 2004 ਵਿੱਚ ਰਾਸ਼ਟਰਪਤੀ ਨੂੰ ਅਜਿਹਾ ਹੀ ਕਰਨਾ ਪਿਆ ਸੀ।

ਸੰਵਿਧਾਨ ਦੇ ਲਾਗੂ ਹੋਣ ਤੋਂ ਲੈ ਕੇ ਅੱਜ ਤੱਕ ਰਾਸ਼ਟਰਪਤੀ ਦੇ ਅਹੁਦੇ ਦੀ ਸਥਿਤੀ ਦੀ ਸਮੀਖਿਆ ਕਰਨ 'ਤੇ ਪਤਾ ਲੱਗਦਾ ਹੈ ਕਿ ਰਾਸ਼ਟਰਪਤੀ ਨੇ ਹਮੇਸ਼ਾ ਰਾਜ ਦੇ ਸੰਵਿਧਾਨਿਕ ਮੁਖੀ ਦੇ ਰੂਪ ਵਿੱਚ ਆਪਣੀ ਸਕਿਤੀ ਨੂੰ ਸਵੀਕਾਰ ਕਰ ਲਿਆ ਹੈ ਅਤੇ ਉਹ ਹਮੇਸ਼ਾ ਹੀ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਕੰਮ ਕਰਦਾ ਹੈ। ਜਦੋਂ ਕਿ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਨੇ ਰਾਸ਼ਟਰਪਤੀ ਦੀ ਅਸਲੀ ਕੰਮਾਂ ਅਤੇ ਸ਼ਕਤੀਆਂ ਨੂੰ ਨਿਸ਼ਚਿਤ ਕਰਨ ਦਾ ਮੁੱਦਾ ਚੁੱਕਿਆ ਸੀ ਤਾਂ ਵੀ ਉਨ੍ਹਾਂ ਨੇ ਹਮੇਸ਼ਾ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਦੇ ਅਨੁਸਾਰ ਹੀ ਕੰਮ ਕੀਤਾ ਸੀ। ਉਨ੍ਹਾਂ ਦੇ ਅਨੁਰੂਪ ਹੀ ਡਾ. ਐੱਸ. ਰਾਧਾ ਕ੍ਰਿਸ਼ਨਨ, ਡਾ. ਜਾਕਿਰ ਹੁਸੈਨ, ਸ਼੍ਰੀ ਵੀ. ਵੀ. ਗਿਰੀ, ਸ਼੍ਰੀ ਐੱਫ. ਏ. ਅਹਿਮਦ, ਸ਼੍ਰੀ ਨੀਲਮ ਸੰਜੀਵਾ ਰੈਡੀ, ਗਿਆਨੀ ਜ਼ੈਲ ਸਿੰਘ, ਸ਼੍ਰੀ ਆਰ. ਵੈਂਕਟਰਮਨ ਅਤੇ ਡਾ. ਐੱਸ. ਡੀ. ਸ਼ਰਮਾ ਅਤੇ ਸ਼੍ਰੀ ਕੇ. ਆਰ. ਨਾਰਾਇਨਣ ਨੇ ਕੰਮ ਕੀਤਾ। ਵਰਤਮਾਨ ਰਾਸ਼ਟਰਪਤੀ ਸ਼੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਤੋਂ ਸਾਬਕਾ ਰਾਸ਼ਟਰਪਤੀ ਏ. ਪੀ. ਜੇ ਅਬਦੁਲ ਕਲਾਮ ਵੀ ਉਸੇ ਪ੍ਰੰਪਰਾ 'ਤੇ ਚਲਦੇ ਹੋਏ ਦੇਸ਼ ਦੇ ਸੰਵਿਧਾਨਿਕ ਮੁਖੀ ਦੇ ਰੂਪ ਵਿੱਚ ਕੰਮ ਕਰਦੇ ਰਹੇ ਬਿਨਾਂ ਸ਼ੱਕ ਪ੍ਰਤਿਭਾ ਪਾਟਿਲ ਵੀ ਇਸੇ ਪ੍ਰੰਪਰਾ ਨੂੰ ਨਿਭਾਉਂਦੀ ਹੋਵੇਗੀ।

ਪਰ ਇਸ ਦਾ ਇਹ ਅਰਥ ਨਹੀਂ ਹੈ ਕਿ ਰਾਸ਼ਟਰਪਤੀ ਮੰਤਰੀ ਮੰਡਲ ਦੇ ਹੱਥਾਂ ਵਿੱਚ ਕੇਵਲ ਇਕ ਰਬੜ ਦੀ ਮੋਹਰ ਜਾਂ ਕੱਠਪੁਤਲੀ ਹੁੰਦਾ ਹੈ ਜਾਂ ਕੇਵਲ ਸੁਨਹਿਰੀ ਜ਼ੀਰੋ ਹੈ। ਭਾਰਤ ਦਾ ਰਾਸ਼ਟਰਪਤੀ ਦੇਸ਼ ਦਾ ਚੋਣ ਮੁਖੀਆ ਹੋਣ ਦੇ ਨਾਤੇ ਵਿਸ਼ਾਲ ਪ੍ਰਭਾਵ ਅਤੇ ਪ੍ਰਤਿਸ਼ਠਾ ਨਾਲ ਇਕ ਸਰਵਉੱਚ ਸੱਤਾ ਦੇ ਰੂਪ ਵਿੱਚ ਚੇਤਾਵਨੀ, ਸੰਵਿਧਾਨ ਦੀ ਰੱਖਿਆ ਕਰਦਾ ਹੈ, ਆਪਣੀ ਸਲਾਹ ਦੇਣ ਦੇ ਅਧਿਕਾਰ, ਉਤਸ਼ਾਹਿਤ ਕਰਨ, ਜਾਣਕਾਰੀ ਦੇਣ, ਸੰਸਦ ਨੂੰ ਸੰਦੇਸ਼ ਭੇਜਣ, ਵਿਵਾਦਗ੍ਰਸਤ ਬਿੱਲਾਂ ਨੂੰ ਸੰਸਦ ਵੱਲੋਂ ਪੁਨਰ ਚੋਣ ਕਰਨ ਦੇ ਲਈ ਵਾਪਿਸ ਭੇਜਣ ਅਤੇ ਲੋਕਾਂ ਤੋਂ ਪ੍ਰਾਥਨਾ-ਪੱਤਰ ਪ੍ਰਾਪਤ ਕਰਨ ਦੇ ਲਈ ਅਧਿਕਾਰ ਦਾ ਇਸਤੇਮਾਲ ਕਰਦੇ ਹੋਏ ਭਾਰਤ ਦਾ ਰਾਸ਼ਟਰਪਤੀ ਭਾਰਤ ਦੀ ਰਾਜਨੀਤਿਕ ਪ੍ਰਣਾਲੀ ਵਿੱਚ ਇਕ ਮਹੱਤਵਪੂਰਨ ਅਤੇ ਸਰਗਰਮ ਭੂਮਿਕਾ ਨਿਭਾਉਂਦਾ ਹੈ। ਉਹ ਸਰਕਾਰ ਦੀਆਂ ਨੀਤੀਆ ਅਤੇ ਪ੍ਰੋਗਰਾਮਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਹ ਕਈ ਪਹਿਲੂਆਂ ਨਾਲ ਸਰਕਾਰ ਨੂੰ ਚੇਤਾਵਨੀ ਜਾਂ ਘੱਟ ਤੋਂ ਘੱਟ ਸਰਕਾਰ ਨੂੰ ਦਿਸ਼ਾ-ਨਿਰਦੇਸ਼ ਦੇ ਸਕਦਾ ਹੈ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੱਲੋਂ ਵਿਵਾਦਗ੍ਰਸਤ ਵਿਸ਼ੇਸ਼ਤਾਵਾਂ ਕਾਰਨ ਇੰਡੀਅਨ ਪੋਸਟਲ ਬਿੱਲ (ਸੋਧ ਐਕਟ) ਨੂੰ ਆਪਣੀ ਮਨਜ਼ੂਰੀ ਦੇਣ ਤੋਂ ਰੋਕ ਲਿਆ ਗਿਆ ਹੈ ਅਤੇ ਉਹ ਬਾਅਦ ਵਿੱਚ ਕਾਨੂੰਨ ਦਾ ਰੂਪ ਨਹੀਂ ਲੈ ਸਕਿਆ ਸੀ। 25 ਸਤੰਬਰ 1998 ਨੂੰ ਰਾਸ਼ਟਰਪਤੀ ਸ਼੍ਰੀ ਕੇ. ਆਰ. ਨਾਰਾਇਨਣ ਨੇ ਬਿਹਾਰ ਦੀ ਰਾਬੜੀ ਦੇਵੀ ਸਰਕਾਰ ਨੂੰ ਭੰਗ ਕਰਨ ਵਾਲੇ ਸੰਘੀ ਕੈਬਨਿਟ ਦੇ ਫੈਸਲੇ ਨੂੰ ਪੁਨਰ ਵਿਚਾਰ ਲਈ ਕੈਬਨਿਟ ਕੋਲ ਭੇਜ ਦਿੱਤਾ ਸੀ। ਇਸ ਵਾਰ ਸੰਘੀ ਕੈਬਨਿਟ ਨੇ ਇਸ ਵਿਸ਼ੇ 'ਤੇ ਰਾਸ਼ਟਰਪਤੀ ਨੂੰ ਪੁਨਰ ਸਿਫਾਰਿਸ਼ ਨਾ ਕਰਨ ਦਾ ਫੈਸਲਾ ਲਿਆ, ਜਿਸ ਕਾਰਨ ਰਾਬੜੀ ਦੇਵੀ ਸਰਕਾਰ ਬਚ ਗਈ ਪਰ 10 ਫਰਵਰੀ 1999 ਨੂੰ ਜਦੋਂ ਸੰਘੀ ਕੈਬਨਿਟ ਨੇ ਰਾਬੜੀ ਦੇਵੀ ਸਰਕਾਰ ਨੂੰ ਭੰਗ ਕਰਕੇ ਰਾਸ਼ਟਰਪਤੀ ਸ਼ਾਸਨ ਪੁਨਰ ਲਾਗੂ ਕਰਨ ਦੀ ਸਿਫਾਰਸ਼ ਕੀਤੀ ਤਾਂ ਰਾਸ਼ਟਰਪਤੀ ਨੂੰ ਕੈਬਨਿਟ ਨੂੰ ਸਲਾਹ ਸਵੀਕਾਰ ਕਰਨੀ ਪਈ। ਰਾਸ਼ਟਰਪਤੀ ਵੱਲੋਂ ਦਿੱਤੀ ਗਈ ਸਲਾਹ ਜਾਂ ਸੰਦੇਸ਼ ਵੱਲ ਮੰਤਰੀ ਮੰਡਲ ਅਤੇ ਸੰਸਦ ਨੂੰ ਧਿਆਨ ਦੇਣਾ ਪੈਂਦਾ ਹੈ। ਆਪਣੇ ਵਿਅਕਤੀਗਤ ਗੁਣਾਂ ਅਤੇ ਦੇਸ਼ ਦੇ ਸਰਵਉੱਚ ਅਹੁਦੇ 'ਤੇ ਬਿਰਾਜਮਾਨ ਹੋਣ ਦੇ ਕਾਰਨ ਰਾਸ਼ਟਰਪਤੀ ਦੇਸ਼ ਅਤੇ ਵਿਦੇਸ਼ ਵਿੱਚ ਮਹੱਤਵਪੂਰਨ ਅਤੇ ਸਰਗਰਮ ਭੂਮਿਕਾ ਨਿਭਾ ਸਕਦੀ ਹੈ। 1989 ਦੇ ਬਾਅਦ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਤ੍ਰਿਸ਼ੰਕੂ ਲੋਕ ਸਭਾਵਾਂ ਦੇ ਗਠਨ ਹੋਣ ਦੇ ਯੁੱਗ ਦੇ ਸ਼ੁਰੂ ਹੋਣ ਦੇ ਬਾਅਦ ਸਰਕਾਰ ਨਿਰਮਾਣ ਦੇ ਸਬੰਧ ਵਿੱਚ ਰਾਸ਼ਟਰਪਤੀ ਵਿੱਚ ਰਾਸ਼ਟਰਪਤੀ ਦੀ ਭੂਮਿਕਾ 'ਚ ਇਕ ਨਵੀਂ ਸਰਗਰਮੀ ਆਈ ਹੈ। 1989-90-91-96-97, 1998 ਅਤੇ 2004 ਵਿੱਚ ਰਾਸ਼ਟਰਪਤੀ ਨੇ ਸੰਘ ਸਰਕਾਰ ਦੇ ਨਿਰਮਾਣ ਸਮੇਂ ਇਕ ਸਰਗਰਮ ਅਤੇ ਮਹੱਤਵਪੂਰਨ ਭੂਮਿਕਾ ਆਪਣੇ ਸੰਵਿਧਾਨਿਕ ਕਰਤਵਾਂ ਅਤੇ ਸ਼ਕਤੀਆਂ ਦੇ ਇਸਤੇਮਾਲ ਨਾਲ ਨਿਭਾਈ ਸੀ।

ਇਸ ਤਰ੍ਹਾਂ ਭਾਰਤ ਦਾ ਰਾਸ਼ਟਰਪਤੀ ਰਾਜ ਦਾ ਇਕ ਸੰਵਿਧਾਨਿਕ ਮੁਖੀ ਹੈ ਨਾ ਕਿ ਇਕ ਰਬੜ ਦੀ ਮੋਹਰ ਜਾਂ ਸੁਨਹਿਰੀ ਜ਼ੀਰੋ। ਉਹ ਭਾਰਤੀ ਸੰਸਦੀ ਲੋਕਤੰਤਰ ਦੇ ਕੰਮ-ਵਿਵਹਾਰ ਵਿੱਚ ਮਹੱਤਵਪੂਰਨ ਅਤੇ ਸਰਗਰਮ ਭੂਮਿਕਾ ਨਿਭਾਉਂਦਾ ਹੈ। ਰਾਸ਼ਟਰਪਤੀ ਇਹ ਭੂਮਿਕਾ ਆਪਣੀ ਕਾਰਜ ਪਾਲਿਕਾ ਸ਼ਕਤੀਆ 'ਤੇ ਜ਼ੋਰ ਦਿੱਤੇ ਬਿਨਾਂ ਨਿਭਾਉਂਦਾ ਹੈ। ਇਕ ਸਾਫ-ਸੁਥਰੇ ਅਤੇ ਵਸਤੂਨਿਸ਼ਠ ਰੂਪ ਵਿੱਚ ਕੰਮ ਕਰਨ ਵਾਲੇ ਰਾਜ-ਪ੍ਰਧਾਨ ਅਤੇ ਕਾਰਜ ਪਾਲਿਕਾ ਮੁਖੀ ਹੋਣ ਦੇ ਨਾਤੇ ਉਨ੍ਹਾਂ ਨੇ ਆਪਣੇ ਵਿਅਕਤੀਗਤ ਗੁਣਾਂ, ਵਿਸ਼ੇਸ਼ਤਾਵਾਂ ਅਤੇ ਪ੍ਰਭੂਸੱਤਾ ਅਤੇ ਸੰਪਨ ਸਥਿਤੀ ਦੇ ਆਧਾਰ 'ਤੇ ਰਾਜਨੀਤਿਕ ਵਿਵਸਥਾ ਵਿੱਚ ਬਹੁ-ਕੀਮਤੀ ਭੂਮਿਕਾ ਨਿਭਾਈ ਹੈ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

7. ਸੰਘ ਦੀਆਂ ਕਾਰਜ ਪਾਲਿਕਾ ਸ਼ਕਤੀਆ ਸ਼ਾਮਿਲ ਹਨ?

   (ਅ) ਰਾਜਪਾਲ (ਬ) ਰਾਸ਼ਟਰਪਤੀ

   (ਸ) ਪ੍ਰਧਾਨ ਮੰਤਰੀ (ਦ) ਮੁੱਖ ਮੰਤਰੀ

ਨੋਟ

8. 12ਵੀਂ ਲੋਕ ਸਭਾ ਦੀਆਂ ਚੋਣਾਂ ਕਿਸ ਸਾਲ ਹੋਈਆਂ ਸਨ?

(ਅ) 1995 (ਬ) 1996

(ਸ) 1997 (ਦ) 1998

9. ਉਸ ਰਾਸ਼ਟਰਪਤੀ ਦਾ ਕੀ ਨਾਮ ਹੈ ਜਿਸ ਨੇ ਆਪਣੇ ਇਕ ਭਾਸ਼ਣ ਵਿੱਚ ਰਾਸ਼ਟਰਪਤੀ ਦੇ ਭਾਰਤੀ ਸੰਵਿਧਾਨਿਕ ਪ੍ਰਣਾਲੀ ਵਿੱਚ ਅਸਲੀ ਕੰਮਾਂ ਅਤੇ ਸ਼ਕਤੀਆਂ ਦਾ ਮੁੱਦਾ ਚੁੱਕਿਆ ਸੀ?

(ਅ) ਡਾ. ਰਾਜਿੰਦਰ ਪ੍ਰਸ਼ਾਦ (ਬ) ਕੇ. ਕੇ. ਆਰ. ਨਾਰਾਇਨਣ

(ਸ) ਪ੍ਰਤਿਭਾ ਦੇਵੀ ਸਿੰਘ ਪਾਟਿਲ (ਦ) ਅਬਦੁਲ ਕਲਾਮ ਆਜਾਦ

## 5.4 ਰਾਸ਼ਟਰਪਤੀ ਦੀਆਂ ਸੰਕਟ ਕਾਲੀਨ ਸ਼ਕਤੀਆਂ (Emergency Powers of the President)

ਭਾਰਤ ਦੇ ਰਾਸ਼ਟਰਪਤੀ ਨੂੰ ਸੰਵਿਧਾਨ ਦੇ ਅਨੁਸਾਰ ਮਿਲੀਆਂ ਸੰਕਟਕਾਲੀਨ ਸ਼ਕਤੀਆਂ ਮਹੱਤਵਪੂਰਨ ਹੋਣ ਦੇ ਨਾਲ-ਨਾਲ ਸੰਵਿਧਾਨ ਦੀ ਵਿਵਾਦਪੂਰਨ ਵਿਵਸਥਾਵਾਂ ਵੀ ਰਹੀਆਂ ਹਨ। ਇਹ ਸ਼ਕਤੀਆਂ ਕੇਵਲ ਬਹੁਤ ਵਿਆਪਕ ਹੀ ਨਹੀਂ ਹਨ, ਬਲਕਿ ਇਕ ਲੋਕਤੰਤ੍ਰਿਕ ਦੇਸ਼ ਲਈ ਬਿਲਕੁਲ ਵਿਲੱਖਣ ਵੀ ਹਨ। ਰਾਸ਼ਟਰਪਤੀ ਨੂੰ ਇਹ ਸ਼ਕਤੀਆਂ ਦਿੰਦੇ ਸਮੇਂ ਸੰਵਿਧਾਨ ਦੇ ਨਿਰਮਾਤਾਵਾਂ ਦੇ ਮਨ ਵਿੱਚ ਭਵਿੱਖ ਦੇ ਸੰਭਾਵੀ ਸੰਕਟਾਂ ਅਤੇ ਸੱਤਾ ਪਰਿਵਰਤਨਾਂ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਸੁਰੱਖਿਅਤ ਰੱਖਣ ਦਾ ਵਿਸ਼ਾ ਬਹੁਤ ਮਹੱਤਵ ਦਾ ਵਿਸ਼ਾ ਸੀ। ਉਹ ਇਕ ਸੰਘੀ ਢਾਂਚੇ ਦੇ ਸੰਭਾਵਿਤ ਖਤਰੇ ਪ੍ਰਤੀ ਸਾਵਧਾਨ ਰਹਿੰਦੇ ਹੋਏ ਦੇਸ਼ ਦੀ ਏਕਤਾ, ਅਖੰਡਤਾ ਅਤੇ ਭਲਾਈ ਲਈ ਕਠੋਰ ਅਤੇ ਛੇਤੀ ਹੀ ਕਦਮ ਉਠਾਏ ਜਾਣ ਦੀ ਜ਼ਰੂਰਤ ਪ੍ਰਤੀ ਸੁਚੇਤ ਸਨ। ਇਸ ਲਈ ਉਹ ਉਸ ਨਾਲ ਸਬੰਧਿਤ ਕੁਝ ਤਰੀਕੇ ਕਰਨ ਲਈ ਕੁਝ ਕਦਮ ਚੁੱਕਣ ਦੇ ਇਛੁੱਕ ਸਨ। ਸੰਘੀ ਢਾਂਚੇ ਵਿੱਚ ਇਕਾਤਮਕ ਭਾਵਨਾ ਦਾ ਮਿਸ਼ਰਨ ਇਕ ਅਜਿਹਾ ਹੀ ਕਦਮ ਸੀ। ਦੂਸਰਾ ਕਦਮ ਸੀ-ਭਵਿੱਖ ਦੇ ਖਤਰਿਆਂ ਅਤੇ ਸੰਕਟ ਕਾਲੀਨ ਸਥਿਤੀ ਨਾਲ ਨਿਪਟਣ ਲਈ ਰਾਸ਼ਟਰਪਤੀ ਨੂੰ ਵਿਸ਼ੇਸ਼ ਸ਼ਕਤੀਆਂ ਅਤੇ ਜ਼ਿੰਮੇਵਾਰੀ ਦੇਣਾ। ਦੂਸਰਾ ਕਦਮ ਅਪਨਾਉਣ ਸਮੇਂ ਸੰਵਿਧਾਨ ਨਿਰਮਾਤਾ ਜਰਮਨੀ ਦੇ ਵੈਮਰ ਸੰਵਿਧਾਨ ਦੀ ਇਸ ਤਰ੍ਹਾਂ ਦੀ ਵਿਵਸਥਾ ਤੋਂ ਪ੍ਰਭਾਵਿਤ ਹੋਏ ਸਨ। ਡੀ. ਡੀ. ਬਸੂ ਦੀ ਦ੍ਰਿਸ਼ਟੀ ਵਿੱਚ ਸੰਕਟਕਾਲੀਨ ਸ਼ਕਤੀਆਂ ਸੰਘੀ ਸਰਕਾਰ ਨੂੰ ਇਸ ਯੋਗ ਬਣਾਉਂਦੀਆਂ ਹਨ ਕਿ ਜਦੋਂ ਕਦੀ ਵੀ ਸਥਿਤੀ ਮੰਗ ਕਰੇ ਤਾਂ ਉਹ ਇਕਾਤਮਕ ਪ੍ਰਣਾਲੀ ਦੀ ਸ਼ਕਤੀ ਪ੍ਰਾਪਤ ਕਰ ਸਕੇ।

ਸੰਵਿਧਾਨ ਦੇ ਭਾਗ XVIII ਵਿੱਚ ਸੰਕਟਕਾਲੀਨ ਵਿਵਸਥਾਵਾਂ ਦਾ ਵਰਨਣ ਹੈ ਅਤੇ ਇਨ੍ਹਾਂ ਦੇ ਅਨੁਸਾਰ ਰਾਸ਼ਟਰਪਤੀ ਨੂੰ ਤਿੰਨ ਤਰ੍ਹਾਂ ਦੇ ਵਿਸ਼ੇਸ਼ ਸੰਕਟਕਾਲਾਂ ਤੋਂ ਨਿਪਟਣ ਦੀਆਂ ਸ਼ਕਤੀਆਂ ਮਿਲੀਆਂ ਹੋਈਆਂ ਹਨ- *(i)* ਰਾਸ਼ਟਰੀ ਸੰਕਟਕਾਲ (ਅਨੁਛੇਦ 352) ਅਤੇ ਯੁੱਧ, ਬਾਹਰੀ ਹਮਲਿਆਂ ਜਾਂ ਸ਼ਸਤਰ ਵਿਦਰੋਹ ਕਾਰਨ ਪੈਦਾ ਹੋਈ ਸੰਕਟ ਕਾਲੀਨ ਸਥਿਤੀ *(ii)* ਕਿਸੇ ਰਾਜ ਵਿੱਚ ਸੰਵਿਧਾਨਿਕ ਸੰਕਟਕਾਲ (ਅਨੁਛੇਦ 356) ਅਤੇ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਅਸਫਲ ਹੋ ਜਾਣ ਕਾਰਨ ਪੈਦਾ ਹੋਏ ਸੰਕਟਕਾਲ ਦੀ ਸਥਿਤੀ *(iii)* ਵਿੱਤੀ ਸੰਕਟਕਾਲ (ਅਨੁਛੇਦ 360) ਅਤੇ ਸਥਿਰਤਾ ਜਾਂ ਭਾਰਤ ਦੀ ਸਾਖ ਨੂੰ ਪੈਦਾ ਹੋਏ ਖਤਰੇ ਕਾਰਨ ਪੈਦਾ ਹੋਈ ਸੰਕਟਕਾਲੀਨ ਸਥਿਤੀ।

### ਰਾਸ਼ਟਰੀ ਸੰਕਟਕਾਲ (ਅਨੁਛੇਦ 352) (National Emergency Art. 352)

ਸੰਵਿਧਾਨ ਦੇ ਅਨੁਛੇਦ 352 ਯੁੱਧ, ਵਿਦੇਸ਼ੀ ਹਮਲਿਆਂ ਜਾਂ ਅੰਦਰਲੀ ਸ਼ਸਤਰ ਵਿਦਰੋਹ ਤੋਂ ਪੈਦਾ ਹੋਈ ਸੰਕਟਕਾਲ ਦੀ ਸਥਿਤੀ ਤੋਂ ਨਿਪਟਣ ਦੀ ਵਿਵਸਥਾ ਕਰਦਾ ਹੈ। ਇਸ ਨੂੰ ਸਧਾਰਣ ਰੂਪ ਵਿੱਚ ਰਾਸ਼ਟਰੀ ਸੰਕਟਕਾਲ ਕਿਹਾ ਜਾਂਦਾ ਹੈ। ਜੇਕਰ ਰਾਸ਼ਟਰਪਤੀ ਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਯੁੱਧ, ਬਾਹਰੀ ਹਮਲਿਆਂ ਜਾਂ ਅੰਦਰਲੇ ਸ਼ਸਤਰ ਵਿਦਰੋਹ ਕਾਰਨ ਜਾਂ ਅਜਿਹੀ ਕਿਸੇ ਖਤਰੇ ਦੀ ਸੰਭਾਵਨਾ ਕਾਰਨ ਸਾਰੇ ਭਾਰਤ 'ਤੇ ਦੇਸ਼ ਦੇ ਕਿਸੇ ਭਾਗ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੋ ਗਿਆ ਹੈ ਅਤੇ ਗੰਭੀਰ ਸੰਕਟਕਾਲ ਦੀ ਸਥਿਤੀ ਹੈ ਤਾਂ ਉਹ ਉਸ ਨਾਲ ਸਬੰਧਿਤ ਘੋਸ਼ਣਾ ਜਾਰੀ ਕਰ ਸਕਦਾ ਹੈ। "ਸ਼ਸਤਰ ਵਿਦਰੋਹ" ਸ਼ਬਦ 44ਵੇਂ ਐਕਟ (ਸੋਧ) ਵੱਲੋਂ ਸ਼ਾਮਿਲ ਕੀਤੇ ਗਏ ਅਤੇ ਇਨ੍ਹਾਂ ਨੇ ਮੌਲਿਕ ਸ਼ਬਦਾਂ "ਅੰਦਰਲੀ ਗੜਬੜ" ਦਾ ਸਥਾਨ ਲੈ ਲਿਆ। ਅਜਿਹੇ ਸੰਕਟਕਾਲ ਦੀ ਘੋਸ਼ਣਾ ਕੇਵਲ ਉਸ ਸਮੇਂ ਹੀ ਨਹੀਂ ਕੀਤੀ ਜਾਦੀ, ਜਦੋਂ ਅਸਲ ਵਿੱਚ ਭਾਰਤ ਦੀ ਸੁਰੱਖਿਆ ਦਾ ਉਲੰਘਣ ਹੋਇਆ ਹੋਵੇ ਬਲਕਿ ਉਸ ਸਮੇਂ ਵੀ ਕੀਤੀ ਜਾਂਦੀ ਹੈ ਜਦੋਂ ਰਾਸ਼ਟਰਪਤੀ ਇਹ ਮਹਿਸੂਸ ਕਰੇ ਕਿ ਦੇਸ਼ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੋ ਗਿਆ। [ਅਨੁਛੇਦ 352 (3)]।

ਸ਼ਬਦ "ਜੇਕਰ ਰਾਸ਼ਟਰਪਤੀ ਨੂੰ ਵਿਸ਼ਵਾਸ ਹੋ ਜਾਂਦਾ ਹੈ" ਦਾ ਅਸਲ ਵਿੱਚ ਅਰਥ ਇਹ ਹੈ ਕਿ ਰਾਸ਼ਟਰਪਤੀ ਨੂੰ ਮੰਤਰੀ ਮੰਡਲ ਤੋਂ ਅਜਿਹੀ ਜਾਣਕਾਰੀ ਜਾਂ ਸਲਾਹ ਦਿੱਤੀ ਜਾਣੀ ਚਾਹੀਦੀ ਹੈ। ਹੁਣ ਮੰਤਰੀ ਮੰਡਲ ਨੂੰ ਆਪਣਾ ਅਜਿਹੀ ਸਲਾਹ ਲਿਖਤੀ ਰੂਪ ਵਿੱਚ ਦਿੰਦਾ ਹੇ। ਅਜਿਹੀ ਸੂਚਨਾ ਮਿਲਣ ਤੋਂ ਬਾਅਦ ਰਾਸ਼ਟਰਪਤੀ ਅਨੁਛੇਦ 352 ਦੇ ਅਧੀਨ ਸੰਕਟਕਾਲ ਲਾਗੂ ਕਰ ਸਕਦਾ ਹੈ। ਅਜਿਹਾ ਸੰਕਟਕਾਲ ਸਾਰੇ ਭਾਰਤ ਦੇ ਕਿਸੇ ਭਾਗ/ਭਾਗਾਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ।

**(ਕ) ਸੰਕਟਕਾਲ ਘੋਸ਼ਣਾ ਦੀ ਮਨਜ਼ੂਰੀ** (Approval of the Emergency Proclamation): ਅਨੁਛੇਦ 352 ਦੇ ਅਧੀਨ ਘੋਸ਼ਿਤ ਸੰਕਟਕਾਲ ਦੀ ਸਥਿਤੀ ਦੀ ਘੋਸ਼ਣਾ ਲਾਗੂ ਕੀਤੇ ਜਾਣ ਦੇ 30 ਦਿਨਾਂ ਦੇ ਅੰਦਰ-ਅੰਦਰ ਦੋਵਾਂ ਸਦਨਾਂ ਤੋਂ ਮਨਜ਼ੂਰੀ ਲੈਣੀ ਹੁੰਦੀ ਹੈ। ਜੇਕਰ ਸੰਕਟਕਾਲ ਲਾਗੂ ਕੀਤੇ ਜਾਣ ਦੀ ਘੋਸ਼ਣਾ ਨੂੰ ਸੰਸਦ ਦੀ ਮਨਜ਼ੂਰੀ ਨਹੀਂ ਮਿਲਦੀ ਤਾਂ ਇਹ 30 ਦਿਨਾਂ ਬਾਅਦ ਖਤਮ ਹੋ ਜਾਂਦੀ ਹੈ। ਜੇਕਰ ਸੰਕਟਕਾਲ ਲਾਗੂ ਕਰਦੇ ਸਮੇਂ ਲੋਕ ਸਭਾ ਭੰਗ ਹੋਵੇ ਤਾਂ ਇਸ ਦੀ 30 ਦਿਨਾਂ ਦੇ ਅੰਦਰ ਰਾਜ ਸਭਾ ਵੱਲੋਂ ਪੁਸ਼ਟੀ ਕੀਤੀ ਜਾਣੀ ਜ਼ਰੂਰੀ ਹੁੰਦੀ ਹੈ ਅਤੇ ਬਾਅਦ ਵਿੱਚ ਨਵੀਂ ਲੋਕ ਸਭਾ ਤੋਂ ਆਪਣੀ ਪਹਿਲੀ ਬੈਠਕ ਤੋਂ ਲੈ ਕੇ 30 ਦਿਨਾਂ ਦੇ ਅੰਦਰ-ਅੰਦਰ ਮਨਜ਼ੂਰੀ ਲੈਣੀ ਜ਼ਰੂਰੀ ਹੁੰਦੀ ਹੈ। ਜੇਕਰ ਲੋਕ ਸਭਾ ਮਨਜ਼ੂਰੀ ਨਹੀਂ ਦਿੰਦੀ ਤਾਂ 30 ਦਿਨਾਂ ਦੇ ਬਾਅਦ ਸੰਕਟਕਾਲ ਦੀ ਸਥਿਤੀ ਖਤਮ ਹੋ ਜਾਦੀ ਹੈ। ਜੇਕਰ ਸੰਸਦ ਦੇ ਦੋ ਸਦਨਾਂ ਵੱਲੋਂ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਸੰਕਟਕਾਲ ਨਾਲ ਸਬੰਧਿਤ ਘੋਸ਼ਣਾ ਛੇ ਮਹੀਨੇ ਲਈ ਲਾਗੂ ਰਹਿ ਸਕਦੀ ਹੈ। ਜੇਕਰ ਸੰਕਟਕਾਲ ਅਤੇ ਸਮੇਂ ਲਈ ਜਾਰੀ ਰੱਖਣੀ ਹੋਵੇ ਤਾਂ ਹਰੇਕ ਛੇ ਮਹੀਨੇ ਬਾਅਦ ਇਸ ਲਈ ਸੰਸਦ ਦੇ ਦੋਵਾਂ ਸਦਨਾਂ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੁੰਦੀ ਹੈ। ਜੇਕਰ ਲੋਕ ਸਭਾ ਭੰਗ ਹੋਵੇ ਅਤੇ ਸੰਕਟਕਾਲ ਵਧਾਉਣਾ ਹੋਵੇ ਤਾਂ ਇਹ ਕੰਮ ਰਾਜ ਸਭਾ ਪ੍ਰਸਤਾਵ ਪਾਸ ਕਰ ਸਕਦੀ ਹੈ ਪਰ ਨਵੀਂ ਲੋਕ ਸਭਾ ਦੀ ਮਨਜ਼ੂਰੀ ਕਰਵਾਉਣੀ ਜ਼ਰੂਰੀ ਹੁੰਦੀ ਹੈ।

**(ਖ) ਸੰਕਟਕਾਲ ਦਾ ਸਮਾਂ** (Tenure of the Emergency Proclamation) : ਇਕ ਵਾਰ ਘੋਸ਼ਿਤ ਅਤੇ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਸਵੀਕਾਰ ਕੀਤੀ ਗਈ ਸੰਕਟਕਾਲ ਦੀ ਘੋਸ਼ਣਾ ਛੇ ਮਹੀਨੇ ਲਈ ਲਾਗੂ ਰਹਿ ਸਕਦੀ ਹੈ। ਜੇਕਰ ਹਰੇਕ ਛੇ ਮਹੀਨੇ ਤੋਂ ਬਾਅਦ ਮਨਜ਼ੂਰੀ ਨਾਲ ਇਸ ਦੇ ਸਮੇਂ ਨੂੰ ਵਾਰ-ਵਾਰ ਵਧਾਇਆ ਜਾ ਸਕਦਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ 44ਵੀਂ ਸੋਧ ਤੋਂ ਬਾਅਦ ਅਜਿਹੀ ਸੰਕਟਕਾਲ ਦੀ ਘੋਸ਼ਣਾ ਨੂੰ ਸੰਸਦ ਵੱਲੋਂ ਮਨਜ਼ੂਰ ਕੀਤੇ ਜਾਣ ਲਈ ਕੁੱਲ ਮੈਂਬਰਾਂ ਦੇ ਬਹੁਮਤ ਅਤੇ ਹਾਜ਼ਰੀ ਅਤੇ ਵੋਟ ਪਾ ਰਹੇ ਮੈਂਬਰਾਂ ਦਾ ਦੋ ਤਿਹਾਈ ਬਹੁਮਤ ਜ਼ਰੂਰੀ ਹੁੰਦਾ ਹੈ।

**(ਗ) ਸੰਸਦ ਵੱਲੋਂ ਸੰਕਟਕਾਲ ਦੀ ਸਥਿਤੀ ਵਿੱਚ ਖਤਮ ਕਰਨ ਦੀ ਵਿਵਸਥਾ** (Provision for the Revocation of Emergency by the Parliament) : ਲੋਕ ਸਭਾ ਦੇ 10% ਮੈਂਬਰ ਸੰਸਦ ਵੱਲੋਂ ਪਹਿਲਾਂ ਸਵੀਕਾਰ ਕੀਤੀ ਗਈ ਸੰਕਟਕਾਲੀਨ ਦੀ ਸਥਿਤੀ ਨੂੰ ਖਤਮ ਕਰਨ ਲਈ ਕਾਰਵਾਈ ਆਰੰਭ ਕਰ ਸਕਦੇ ਹਨ। ਇਸ ਪ੍ਰਯੋਜਨ ਲਈ ਲੋਕ ਸਭਾ ਦਾ ਅਧਿਵੇਸ਼ਨ ਨਾ ਚੱਲ ਰਿਹਾ ਹੋਵੇ ਤਾਂ ਉਨ੍ਹਾਂ ਨੂੰ ਰਾਸ਼ਟਰਪਤੀ ਨੂੰ ਲਿਖਤੀ ਰੂਪ ਵਿੱਚ ਨੋਟਿਸ ਦੇਣਾ ਪਵੇਗਾ ਜਾਂ ਜੇਕਰ ਲੋਕ ਸਭਾ ਦਾ ਅਧਿਵੇਸ਼ਨ ਚੱਲ ਰਿਹਾ ਹੋਵੇ ਪਰ ਰੱਦ ਹੋ ਗਿਆ ਹੋਵੇ ਤਾਂ ਇਹ ਨੋਟਿਸ ਸਪੀਕਰ ਨੂੰ ਦੇਣਾ ਪਵੇਗਾ। ਲੋਕ ਸਭਾ ਦਾ ਅਜਿਹਾ ਜ਼ਰੂਰੀ ਅਧਿਵੇਸ਼ਨ 10% ਮੈਂਬਰਾਂ ਵੱਲੋਂ ਨੋਟਿਸ ਦਿੱਤੇ ਜਾਣ ਦੇ 14 ਦਿਨਾਂ ਵਿੱਚ ਹੋਣਾ ਜ਼ਰੂਰੀ ਹੁੰਦਾ ਹੈ। ਜੇਕਰ ਲੋਕ ਸਭਾ ਸਧਾਰਣ ਬਹੁਮਤ ਨਾਲ ਸੰਕਟਕਾਲ ਖਤਮ ਕਰਨ ਸਬੰਧੀ ਪ੍ਰਸਤਾਵ ਪਾਸ ਕਰ ਦਿੰਦੀ ਹੈ ਤਾਂ ਸੰਕਟਕਾਲ ਘੋਸ਼ਣਾ ਖਤਮ ਹੋ ਜਾਂਦੀ ਹੈ ਅਤੇ ਰਾਸ਼ਟਰਪਤੀ ਨੂੰ ਸੰਕਟਕਾਲ ਲਾਗੂ ਕੀਤੇ ਜਾਣ ਦੀ ਘੋਸ਼ਣਾ ਨੂੰ ਵਾਪਸ ਲੈਣਾ ਪੈਂਦਾ ਹੈ।

**(ਘ) ਅਨੁਛੇਦ 352 ਦੇ ਅਧੀਨ ਸੰਕਟਕਾਲ ਲਾਗੂ ਕਰਨਾ ਨਿਆ ਯੋਗ ਹੈ। ਇਸ ਦੇ** ਸੰਵਿਧਾਨਿਕ ਔਚਿਤਯ ਦੀ ਪਰਖ ਸਰਵਉੱਚ ਅਦਾਲਤ ਵੱਲੋਂ ਹੁਣ ਨਿਸ਼ਚਿਤ ਕੀਤੀ ਜਾ ਸਕਦੀ ਹੈ।

**(ਙ) ਅਨੁਛੇਦ 352 ਦੇ ਅਧੀਨ ਸੰਕਟਕਾਲ ਲਾਗੂ ਕੀਤੇ ਜਾਣ ਦੇ ਨਤੀਜੇ** (Consequences of Emergency Proclamation under Art. 352) : ਅਨੁਛੇਦ 352 ਦੇ ਅਧੀਨ ਸੰਕਟਕਾਲ ਲਾਗੂ ਕੀਤੇ ਜਾਣ ਤੋਂ ਬਾਅਦ ਹੇਠ ਲਿਖੇ ਪਰਿਵਰਤਨ ਹੋ ਜਾਂਦੇ ਹਨ–

*(i)* ਸੰਘੀ ਸੰਸਦ ਨੂੰ ਰਾਜ ਸੂਚੀ ਵਾਲੇ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦਾ ਅਧਿਕਾਰ ਦਿੱਤਾ ਜਾਂਦਾ ਹੈ। ਅਜਿਹੇ ਕਾਨੂੰਨ ਸੰਕਟਕਾਲ ਦੌਰਾਨ ਲਾਗੂ ਰਹਿੰਦੇ ਹਨ ਅਤੇ ਸੰਕਟਕਾਲ ਖਤਮ ਹੋਣ ਤੋਂ ਛੇ ਮਹੀਨੇ ਬਾਅਦ ਖਤਮ ਹੋ ਜਾਂਦੇ ਹਨ।

*(ii)* ਸੰਘੀ ਸਰਕਾਰ ਨੂੰ ਰਾਜ ਸਰਕਾਰਾਂ ਦੀ ਕਾਰਜ ਪਾਲਿਕਾ ਸ਼ਕਤੀਆਂ ਦਾ ਇਸਤੇਮਾਲ ਨਿਰਦੇਸ਼ਿਤ ਕਰਨ ਦਾ ਅਧਿਕਾਰ ਮਿਲ ਜਾਂਦਾ ਹੈ।

*(iii)* ਰਾਸ਼ਟਰਪਤੀ ਕੇਂਦਰ ਅਤੇ ਰਾਜਾਂ ਦਰਮਿਆਨ ਵਿੱਤੀ ਵੰਡ ਨੂੰ ਬਦਲ ਸਕਦਾ ਹੈ ਪਰ ਇਹ ਸਾਰੇ ਫੈਸਲੇ ਸੰਸਦ ਦੇ ਹਰੇਕ ਸਦਨ ਸਾਹਮਣੇ ਰੱਖਣੇ ਜ਼ਰੂਰੀ ਹੁੰਦੇ ਹਨ।

*(iv)* ਸੰਕਟਕਾਲ ਦੇ ਦੌਰਾਨ ਸੰਵਿਧਾਨ ਦੇ ਅਨੁਛੇਦ 17 ਅਧੀਨ ਮਿਲੀਆਂ ਮੌਲਿਕ ਸੁਤੰਤਰਤਾਵਾਂ 'ਤੇ ਪ੍ਰਤੀਬੰਧ ਲਗਾਏ ਜਾ ਸਕਦੇ ਹਨ। ਇੱਥੋਂ ਤੱਕ ਕਿ ਜੇਕਰ ਅਜਿਹੀ ਸੰਕਟਕਾਲ ਦੀ ਦੇਸ਼ ਦੇ ਕਿਸੇ ਵੀ ਭਾਗ/ਭਾਗਾਂ ਵਿੱਚ ਘੋਸ਼ਣਾ ਕੀਤੀ ਜਾਂਦੀ ਹੈ ਤਾਂ ਸੰਸਦ ਦੇਸ਼ ਦੇ ਉਨ੍ਹਾਂ ਭਾਗਾਂ ਵਿੱਚ ਵੀ ਨਾਗਰਿਕ ਸੁਤੰਤਰਤਾਵਾਂ 'ਤੇ ਪਾਬੰਦੀ ਲਗਾ ਸਕਦੀ ਹੈ, ਜਿੱਥੇ ਸੰਕਟਕਾਲ ਲਾਗੂ ਨਹੀਂ ਹੁੰਦਾ। 44ਵੀਂ ਸੋਧ ਅਨੁਸਾਰ ਅਨੁਛੇਦ 19 ਵੱਲੋਂ ਦਿੱਤੀਆਂ ਗਈਆਂ ਸੁਤੰਤਰਤਾਵਾਂ ਨੂੰ ਕੇਵਲ ਉਸ ਸਮੇਂ ਰੱਦ ਕੀਤਾ ਜਾ ਸਕਦਾ ਹੈ, ਜਦ ਯੁੱਧ ਜਾਂ ਬਾਹਰੀ ਹਮਲੇ ਕਾਰਨ ਅਜਿਹੀ ਸੰਕਟਕਾਲ ਸਥਿਤੀ ਲਾਗੂ ਕੀਤੀ ਗਈ ਹੋਵੇ।

ਨੋਟ

*(v)* ਅਨੁਛੇਦ 20 ਅਤੇ 21 ਨਾਲ ਮਿਲੇ ਅਧਿਕਾਰਾਂ ਤੋਂ ਇਲਾਵਾ ਰਾਸ਼ਟਰਪਤੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਰੱਦ ਕਰ ਸਕਦਾ ਹੈ। ਦੂਸਰੇ ਸ਼ਬਦਾਂ ਵਿੱਚ ਸੰਵਿਧਾਨਿਕ ਉਪਚਾਰਾਂ ਦੇ ਮੌਲਿਕ ਅਧਿਕਾਰ (ਅਨੁਛੇਦ 32) ਨੂੰ ਉਪਯੁਕਤ ਦੋ ਅਨੁਛੇਦਾਂ ਵਿੱਚ ਦਿੱਤੇ ਅਧਿਕਾਰਾਂ ਨੂੰ ਛੱਡ ਕੇ ਹੋਰ ਅਧਿਕਾਰਾਂ ਦੇ ਸਬੰਧ ਵਿੱਚ ਰੱਦ ਕੀਤਾ ਜਾ ਸਕਦਾ ਹੈ।

*(vi)* ਅਜਿਹੇ ਸੰਕਟਕਾਲ ਦੌਰਾਨ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਦਾ ਕਾਰਜਕਾਲ ਵਧਾਇਆ ਜਾ ਸਕਦਾ ਹੈ। ਸੰਸਦ ਇਸ ਸਬੰਧ ਵਿੱਚ ਕਾਨੂੰਨ ਬਣਾ ਸਕਦੀ ਹੈ। ਇਹ ਵਾਧਾ ਇਕ ਵਾਰ ਵਿੱਚ ਇਕ ਸਾਲ ਜਾਂ ਇਸ ਤੋਂ ਘੱਟ ਸਮੇਂ ਲਈ ਹੋ ਸਕਦੀ ਹੈ।

*(vii)* ਜੇਕਰ ਕੋਈ ਰਾਜ ਅਨੁਛੇਦ 356 ਦੇ ਅਧੀਨ ਸੰਵਿਧਾਨਿਕ ਸੰਕਟਕਾਲ ਦੇ ਅਧੀਨ ਹੈ ਅਤੇ ਰਾਸ਼ਟਰਪਤੀ ਵੱਲੋਂ ਅਨੁਛੇਦ 352 ਦੇ ਅਧੀਨ ਸੰਕਟਕਾਲ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਸਬੰਧਿਤ ਰਾਜ ਵਿੱਚ ਰਾਸ਼ਟਰਪਤੀ ਸ਼ਾਸਨ ਇਕ ਸਾਲ ਦੇ ਸਧਾਰਣ ਸਮੇਂ ਦੇ ਮੁਕਾਬਲੇ ਤਿੰਨ ਸਾਲ ਤੱਕ ਵਧਾਇਆ ਜਾ ਸਕਦਾ ਹੈ। ਅਜਿਹੇ ਸੰਕਟਕਾਲ ਦੌਰਾਨ ਰਾਸ਼ਟਰਪਤੀ ਵੱਲੋਂ ਜਾਰੀ ਕੀਤੇ ਗਏ ਸਾਰੇ ਆਦੇਸ਼ਾਂ ਨੂੰ ਮਨਜ਼ੂਰੀ ਲਈ ਸੰਸਦ ਵਿੱਚ ਰੱਖਣਾ ਹੁੰਦਾ ਹੈ।

**(ਚ) ਅਨੁਛੇਦ 352 ਦੇ ਲਾਗੂ ਕੀਤੇ ਜਾਣ ਦਾ ਵੇਰਵਾ** (Operation of Emergency Proclamation under Article 352) : ਅਨੁਛੇਦ 352 ਦੇ ਅਧੀਨ ਭਾਰਤ 'ਤੇ ਚੀਨੀ ਹਮਲੇ ਨੂੰ ਦੇਖਦੇ ਹੋਏ 26 ਅਕਤੂਬਰ 1962 ਨੂੰ ਪਹਿਲੀ ਵਾਰ ਸੰਕਟਕਾਲ ਸਥਿਤੀ ਦੀ ਘੋਸ਼ਣਾ ਕੀਤੀ ਗਈ ਸੀ। 1965 ਵਿੱਚ ਪਾਕਿਸਤਾਨ ਨਾਲ ਯੁੱਧ ਸਮੇਂ ਇਹੀ ਸੰਕਟਕਾਲ ਲਾਗੂ ਸੀ। ਇਹ ਸੰਕਟਕਾਲ 1968 ਵਿੱਚ ਵਾਪਸ ਲੈ ਲਿਆ ਗਿਆ ਪਰ 3 ਦਸੰਬਰ 1971 ਨੂੰ ਇਸ ਨੂੰ ਪੁਨਰ ਲਾਗੂ ਕੀਤਾ ਗਿਆ, ਕਿਉਂਕਿ ਪਾਕਿਸਤਾਨ ਨਾਲ ਯੁੱਧ ਛਿੜ ਗਿਆ ਸੀ। ਇਹ ਸੰਕਟਕਾਲ ਮਾਰਚ 1977 ਤੱਕ ਲਾਗੂ ਰਿਹਾ। 26 ਜੂਨ 1975 ਨੂੰ ਅੰਦਰਲੀ ਗੜਬੜ ਕਾਰਨ ਦੇਸ਼ ਦੀ ਸੁਰੱਖਿਆ ਨੂੰ ਪੈਦਾ ਹੋਏ ਖਤਰੇ ਕਾਰਨ ਰਾਸ਼ਟਰਪਤੀ ਵੱਲੋਂ ਅਨੁਛੇਦ 352 ਦੇ ਅਧੀਨ ਸੰਕਟਕਾਲੀਨ ਸਥਿਤੀ ਦੀ ਘੋਸ਼ਣਾ ਵੀ ਕਰ ਦਿੱਤੀ ਗਈ। ਇਹ ਸੰਕਟਕਾਲ ਮਾਰਚ 1977 ਦੀਆਂ ਚੋਣਾਂ ਵਿੱਚ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਉਸ ਦੇ ਦਲ ਕਾਂਗਰਸ (ਆਈ) ਦੀ ਹਾਰ ਤੋਂ ਬਾਅਦ 22 ਮਾਰਚ 1977 ਨੂੰ ਵਾਪਸ ਲਿਆ ਗਿਆ।

*ਨੋਟਸ* 1977 ਤੋਂ ਬਾਅਦ ਅੱਜ ਤੱਕ ਅਨੁਛੇਦ 352 ਦੇ ਅਧੀਨ ਸੰਕਟਕਾਲ ਸਥਿਤੀ ਦੀ ਘੋਸ਼ਣਾ ਨਹੀਂ ਕੀਤੀ ਗਈ, ਚਾਹੇ 1999 ਵਿੱਚ ਕਾਰਗਿਲ ਯੁੱਧ ਹੋਇਆ ਸੀ, ਫਿਰ ਦਸੰਬਰ 2001 ਤੋਂ ਲੈ ਕੇ ਸਤੰਬਰ, ਅਕਤੂਬਰ 2002 ਤੱਕ ਪਾਕਿਸਤਾਨ ਨਾਲ ਯੁੱਧ ਦਾ ਖਤਰਾ ਬਣਿਆ ਰਿਹਾ ਸੀ।

### ਅਨੁਛੇਦ 356 ਅਧੀਨ ਸੰਵਿਧਾਨਿਕ ਸੰਕਟਕਾਲ
### (Constitutional Emergency under Article 356)

ਸੰਵਿਧਾਨ ਦੇ ਅਨੁਛੇਦ 356 ਅਧੀਨ ਰਾਸ਼ਟਰਪਤੀ ਕੋਲ ਇਹ ਅਧਿਕਾਰ ਹੈ ਕਿ ਉਹ ਕਿਸੇ ਰਾਜ/ਰਾਜਾਂ ਵਿੱਚ ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋ ਜਾਣ ਨਾਲ ਨਿਪਟਣ ਲਈ ਸੰਕਟਕਾਲ ਲਾਗੂ ਕਰਨ ਦੀ ਘੋਸ਼ਣਾ ਕਰ ਸਕਦਾ ਹੈ। ਇਸ ਅਨੁਛੇਦ ਦੇ ਅਨੁਸਾਰ ਜੇਕਰ ਕਿਸੇ ਰਾਜ ਦੇ ਰਾਜਪਾਲ ਦੀ ਰਿਪੋਰਟ ਦੇ ਅਧਾਰ 'ਤੇ ਜਾਂ ਹੋਰ ਸਾਧਨਾਂ ਨਾਲ ਰਾਸ਼ਟਰਪਤੀ ਨੂੰ ਇਹ ਵਿਸ਼ਵਾਸ ਹੋ ਜਾਵੇ ਕਿ ਰਾਜ ਸਰਕਾਰ ਸੰਵਿਧਾਨਿਕ ਵਿਵਸਥਾਵਾਂ ਅਨੁਸਾਰ ਕੰਮ ਨਹੀਂ ਕਰ ਰਹੀ ਅਤੇ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਅਸਫਲ ਹੋ ਗਈ ਹੈ ਅਤੇ ਰਾਜ ਦਾ ਗਠਨ ਕਰਨਾ ਅਤੇ ਚਲਾਉਣਾ ਸੰਵਿਧਾਨ ਅਨੁਸਾਰ ਸੰਭਵ ਨਹੀਂ ਰਿਹਾ। ਹੋਰ ਸ਼ਬਦਾਂ ਵਿੱਚ ਰਾਸ਼ਟਰਪਤੀ ਨੂੰ ਇਹ ਵਿਸ਼ਵਾਸ ਹੋ ਜਾਵੇ ਕਿ ਕਿਸੇ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਪੂਰਨ ਰੂਪ ਵਿੱਚ ਅਸਫਲ ਹੋ ਗਈ ਹੈ ਜਾਂ ਅਜਿਹਾ ਹੋਣਾ ਅਟਲ ਹੈ ਤਾਂ ਉਹ ਰਾਜ ਵਿੱਚ ਸੰਵਿਧਾਨਿਕ ਸੰਕਟਕਾਲ ਲਗਾਉਣ ਦੀ ਘੋਸ਼ਣਾ ਕਰ ਸਕਦਾ ਹੈ। ਰਾਸ਼ਟਰਪਤੀ ਕਿਸੇ ਰਾਜ ਵਿੱਚ ਵੀ ਸੰਵਿਧਾਨਿਕ ਸੰਕਟਕਾਲ ਦੀ ਘੋਸ਼ਣਾ ਕਰ ਸਕਦਾ ਹੈ, ਜੇਕਰ ਉਸ ਨੂੰ ਵਿਸ਼ਵਾਸ ਹੋ ਜਾਵੇ ਕਿ ਰਾਜ ਸਰਕਾਰ ਰਾਜ ਵਿੱਚ ਉਸ ਸਮੇਂ ਸੰਘ ਸਰਕਾਰ ਦੇ ਪ੍ਰਸ਼ਾਸਨ ਨਾਲ ਸਬੰਧਿਤ ਕੇਂਦਰੀ ਕਾਨੂੰਨਾਂ ਅਤੇ ਨੀਤੀਆਂ ਨਾਲ ਸਬੰਧਿਤ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਨਹੀਂ ਕਰ ਰਹੀ ਜਾਂ ਅਜਿਹਾ ਕਰਨ ਤੋਂ ਇਨਕਾਰ ਕਰ ਰਹੀ ਹੈ।

**(I) ਸੰਵਿਧਾਨਿਕ ਸੰਕਟਕਾਲ ਦੀ ਮਨਜ਼ੂਰੀ** (Approval of the Constitutional Emergency) : ਅਨੁਛੇਦ 356 ਅਧੀਨ ਲਾਗੂ ਕੀਤੇ ਗਏ ਸੰਕਟਕਾਲ ਦੀ ਮਨਜ਼ੂਰੀ ਲਈ ਇਸ ਨੂੰ ਦੋ ਮਹੀਨਿਆਂ ਅੰਦਰ ਸੰਸਦ ਦੇ ਦੋਵਾਂ ਸਦਨਾਂ ਸਾਹਮਣੇ ਰੱਖਣਾ ਪੈਂਦਾ ਹੈ, ਜੇਕਰ ਇਸ ਸਬੰਧ ਵਿੱਚ ਸੰਸਦ (ਦੋਵਾਂ ਸਦਨਾਂ) ਦੀ ਮਨਜ਼ੂਰੀ ਨਹੀਂ ਮਿਲਦੀ ਤਾਂ ਸੰਕਟਕਾਲ ਦੋ ਮਹੀਨੇ ਤੋਂ ਵਧੇਰੇ ਲਾਗੂ ਨਹੀਂ ਰਹਿ ਸਕਦਾ ਪਰ ਜੇਕਰ ਅਜਿਹਾ ਸੰਕਟਕਾਲ ਉਸ ਸਮੇਂ ਲਾਗੂ ਕੀਤਾ ਜਾਂਦਾ ਹੈ, ਜਦ ਲੋਕ ਸਭਾ ਭੰਗ ਹੋਵੇ ਜਾਂ ਦੋ ਮਹੀਨਿਆਂ ਅੰਦਰ ਭੰਗ ਹੋ ਜਾਵੇ ਤਾਂ ਸੰਕਟਕਾਲ ਨਾਲ ਸਬੰਧਿਤ ਘੋਸ਼ਣਾ ਨੂੰ ਮਨਜ਼ੂਰੀ ਦੇਣ ਲਈ ਰਾਜ ਸਭਾ ਵਿੱਚ ਰੱਖਿਆ ਜਾਂਦਾ ਹੈ। ਜੇਕਰ

ਨੋਟ

ਰਾਜ ਸਭਾ ਉਸ ਦੀ ਮਨਜ਼ੂਰੀ ਦੇ ਦੇਵੇ ਤਾਂ ਹੀ ਇਹ ਲਾਗੂ ਰਹਿ ਸਕਦੀ ਹੈ ਪਰ ਰਾਜ ਸਭਾ ਦੀ ਮਨਜ਼ੂਰੀ ਤੋਂ ਬਾਅਦ ਵੀ ਉਸ ਨੂੰ ਨਵੀਂ ਲੋਕ ਸਭਾ ਵਿੱਚ ਰੱਖਣਾ ਹੁੰਦਾ ਹੈ। ਇਸ ਨੂੰ ਨਵੀਂ ਲੋਕ ਸਭਾ ਦੇ ਸਾਹਮਣੇ ਪਹਿਲੀ ਬੈਠਕ ਤੋਂ ਬਾਅਦ 30 ਦਿਨਾਂ ਵਿੱਚ ਰੱਖਣਾ ਹੁੰਦਾ ਹੈ। ਜੇਕਰ ਲੋਕ ਸਭਾ ਇਸ ਨੂੰ ਮਨਜ਼ੂਰੀ ਨਹੀਂ ਦਿੰਦੀ ਤਾਂ 30 ਦਿਨਾਂ ਦੇ ਅੰਦਰ ਮਨਜ਼ੂਰੀ ਨਹੀਂ ਦਿੱਤੀ ਜਾਂਦੀ ਤਾਂ ਸੰਕਟਕਾਲ ਪ੍ਰਭਾਵਹੀਣ ਹੋ ਜਾਂਦਾ ਹੈ।

**(II) ਰਾਜ ਵਿੱਚ ਸੰਵਿਧਾਨਿਕ ਸੰਕਟਕਾਲ ਲਾਗੂ ਰਹਿਣ ਦਾ ਸਮਾਂ** (Duration of Constitutional Emergency in a State): ਅਨੁਛੇਦ 356 ਅਧੀਨ ਲਾਗੂ ਕੀਤੀ ਗਈ ਸੰਕਟਕਾਲੀਨ ਸਥਿਤੀ ਸੰਸਦ ਵੱਲੋਂ ਇਕ ਵਾਰ ਮਨਜ਼ੂਰੀ ਦੇਣ ’ਤੇ ਛੇ ਮਹੀਨੇ ਲਈ ਲਾਗੂ ਰਹਿੰਦੀ ਹੈ ਪਰ ਸੰਸਦ ਦੀ ਮਨਜ਼ੂਰੀ ਨਾਲ ਇਸ ਨੂੰ ਛੇ ਮਹੀਨੇ ਲਈ ਹੋਰ ਵਧਾਇਆ ਜਾ ਸਕਦਾ ਹੈ। ਅਜਿਹਾ ਸੰਕਟਕਾਲ ਸੰਸਦ ਦੀ ਮਨਜ਼ੂਰੀ ਤੋਂ ਇਕ ਸਾਲ ਬਾਅਦ ਵੀ ਜਾਰੀ ਰਹਿ ਸਕਦਾ ਹੈ: *(i)* ਜੇਕਰ ਇਸ ਸਮੇਂ ਦੌਰਾਨ ਅਨੁਛੇਦ 352 ਅਧੀਨ ਰਾਸ਼ਟਰੀ ਸੰਕਟਕਾਲ ਲਾਗੂ ਹੋ ਜਾਂਦਾ ਅਤੇ *(ii)* ਜੇਕਰ ਚੋਣ ਆਯੋਗ ਇਹ ਪ੍ਰਮਾਣਿਤ ਕਰੇ ਕਿ ਰਾਜ ਸਭਾ ਦੀਆਂ ਚੋਣਾਂ ਵਿੱਚ ਆ ਰਹੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਇਸ ਦਾ ਜਾਰੀ ਰਹਿਣਾ ਜ਼ਰੂਰੀ ਹੈ। ਇਕ ਰਾਜ ਵਿੱਚ ਇਸ ਤਰ੍ਹਾਂ ਦਾ ਸੰਕਟਕਾਲ ਜ਼ਿਆਦਾ ਤੋਂ ਜ਼ਿਆਦਾ ਤਿੰਨ ਸਾਲ ਲਈ ਜਾਰੀ ਰੱਖਿਆ ਜਾ ਸਕਦਾ ਹੈ ਪਰ ਵਿਸ਼ੇਸ਼ ਛੂਟ ਹੋ ਸਕਦੀ ਹੈ। (ਪੰਜਾਬ 1980–92 ਅਤੇ ਜੰਮੂ-ਕਸ਼ਮੀਰ 1990–96 ਦੇ ਮਾਮਲੇ)। ਸੰਸਦ ਸੰਵਿਧਾਨ ਵਿੱਚ ਵਿਸ਼ੇਸ਼ ਸੋਧ ਕਰਕੇ ਸੰਵਿਧਾਨਿਕ ਸੰਕਟਕਾਲ ਦਾ ਸਮਾਂ ਵਧਾ ਸਕਦੀ ਹੈ। ਮਾਰਚ 1994 ਵਿੱਚ ਸਰਵਉੱਚ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਅਨੁਛੇਦ 356 ਅਧੀਨ ਜਾਰੀ ਸੰਕਟਕਾਲ ਸਥਿਤੀ ਦੀ ਘੋਸ਼ਣਾ ’ਤੇ ਨਿਆਇਕ ਪੁਨਰ ਨਿਰੀਖਣ ਕੀਤਾ ਜਾ ਸਕਦਾ ਹੈ।

**(III) ਇਕ ਰਾਜ ਵਿੱਚ ਸੰਵਿਧਾਨਿਕ ਸੰਕਟਕਾਲ (ਅਨੁਛੇਦ 356 ਅਧੀਨ) ਲਾਗੂ ਕਰਨ ਦੇ ਪ੍ਰਭਾਵ** (Effects of the Proclamation of Constitutional Emergency (Under Art. 356)) : ਅਨੁਛੇਦ 356 ਅਧੀਨ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਦੇ ਹੇਠ ਲਿਖੇ ਪ੍ਰਭਾਵ ਪੈਂਦਾ ਹੈ :

(1) ਰਾਸ਼ਟਰਪਤੀ ਰਾਜ ਸਰਕਾਰ ਦਾ ਕੋਈ ਵੀ ਜਾਂ ਸਾਰਾ ਕੰਮ ਖੁਦ ਸੰਭਾਲ ਸਕਦਾ ਹੈ ਅਤੇ ਰਾਜਪਾਲ ਜਾਂ ਰਾਜ ਦੀ ਸੱਤਾ ਵੱਲੋਂ ਕੀਤੀ ਜਾਂਦੀ ਸਾਰੀ ਜਾਂ ਕੋਈ ਵੀ ਸ਼ਕਤੀ ਖੁਦ ਇਸਤੇਮਾਲ ਕਰ ਸਕਦਾ ਹੈ ਪਰ ਰਾਸ਼ਟਰਪਤੀ ਰਾਜ ਵਿਧਾਨ ਸਭਾ ਅਤੇ ਰਾਜ ਦੀ ਉੱਚ ਅਦਾਲਤ ਦੀ ਸ਼ਕਤੀ ਦਾ ਇਸਤੇਮਾਲ ਨਹੀਂ ਕਰ ਸਕਦਾ।

(2) ਰਾਸ਼ਟਰਪਤੀ ਸੰਘੀ ਸੰਸਦ ਨੂੰ ਇਹ ਅਧਿਕਾਰ ਦੇ ਸਕਦਾ ਹੈ ਕਿ ਉਹ ਰਾਜ ਵਿਧਾਨ ਸਭਾ ਦੀਆਂ ਸ਼ਕਤੀਆਂ ਦਾ ਇਸਤੇਮਾਲ ਕਰੇ। ਸੰਸਦ ਵੱਲੋਂ ਬਣਾਏ ਗਏ ਕਾਨੂੰਨ ਸੰਕਟਕਾਲ ਖਤਮ ਹੋਣ ਤੋਂ ਬਾਅਦ ਵੀ ਉਦੋਂ ਤੱਕ ਲਾਗੂ ਰਹਿੰਦੇ ਹਨ, ਜਦ ਤੱਕ ਯੋਗ ਵਿਧਾਨ ਸਭਾ ਜਾਂ ਹੋਰ ਸੱਤਾ ਵੱਲੋਂ ਉਸ ਨੂੰ ਬਦਲ, ਖਤਮ ਜਾਂ ਸੋਧਿਆ ਨਹੀਂ ਜਾਂਦਾ।

(3) ਸੰਘੀ ਸੰਸਦ ਰਾਸ਼ਟਰਪਤੀ ਨੂੰ ਰਾਜ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਦੇ ਸਕਦੀ ਹੈ। ਉਹ ਰਾਸ਼ਟਰਪਤੀ ਨੂੰ ਇਹ ਅਧਿਕਾਰ ਦੇ ਸਕਦੀ ਹੈ ਕਿ ਉਹ ਇਹ ਸ਼ਕਤੀਆਂ ਕਿਸੇ ਵੀ ਹੋਰ ਸੱਤਾ ਨੂੰ ਸੌਂਪ ਦੇਵੇ। ਇਸ ਨਾਲ ਸਬੰਧਿਤ ਰਾਸ਼ਟਰਪਤੀ ਸਥਿਤੀ ਦੇ ਅਨੁਸਾਰ ਜਿਵੇਂ ਠੀਕ ਸਮਝੇ ਆਪਣੇ ਫੈਸਲੇ ਲੈ ਸਕਦਾ ਹੈ।

(4) ਰਾਜ ਵਿਧਾਨ ਸਭਾ ਭੰਗ ਕੀਤੀ ਜਾ ਸਕਦੀ ਹੈ ਜਾਂ ਰੱਦ ਹੋਣ ਦੀ ਸਥਿਤੀ ਵਿੱਚ ਰੱਖੀ ਜਾ ਸਕਦੀ ਹੈ।

(5) ਜੇਕਰ ਰਾਜ ਦਾ ਬਜਟ ਪਾਸ ਕਰਨਾ ਹੋਵੇ ਤਾਂ ਕੇਂਦਰੀ ਸੰਸਦ ਉਸ ਨੂੰ ਪਾਸ ਕਰਨ ਦਾ ਅਧਿਕਾਰ ਲੈ ਲੈਂਦੀ ਹੈ।

(6) ਰਾਸ਼ਟਰਪਤੀ ਨੂੰ ਰਾਜ ਦੀ ਸੰਚਿਤ ਨਿਧੀ (Consolidated of State) ਵਿੱਚੋਂ ਖਰਚ ਕਰਨ ਦਾ ਅਧਿਕਾਰ ਮਿਲ ਜਾਂਦਾ ਹੈ।

(7) ਰਾਸ਼ਟਰਪਤੀ ਸੰਕਟਕਾਲ ਸਥਿਤੀ ਲਾਗੂ ਕਰਨ ਦੇ ਉਦੇਸ਼ ਦੀ ਪੂਰਤੀ ਲਈ ਕੋਈ ਵੀ ਕਦਮ ਜੋ ਉਹ ਜ਼ਰੂਰੀ ਸਮਝੇ, ਚੁੱਕ ਸਕਦਾ ਹੈ। ਇਸ ਤਰ੍ਹਾਂ ਅਨੁਛੇਦ 352 ਅਧੀਨ ਲਗਾਏ ਗਏ ਸੰਕਟਕਾਲ ਦੇ ਬਰਾਬਰ ਕਿਸੇ ਰਾਜ ਵਿੱਚ ਅਨੁਛੇਦ 356 ਅਧੀਨ ਲਗਾਏ ਗਏ ਸੰਵਿਧਾਨਿਕ ਸੰਕਟਕਾਲ ਅਧੀਨ ਵੀ ਰਾਜ ਦੀ ਵਿਅਕਤੀਗਤ ਸੁਤੰਤਰਤਾ ਜਾਂ ਸਥਿਰਤਾ ਰੱਦ ਹੋ ਸਕਦੀ ਹੈ। ਸਬੰਧਿਤ ਰਾਜ ਅਤੇ ਕੇਂਦਰ ਦਰਮਿਆਨ ਸਬੰਧ ਏਕਾਤਮਕ ਸਵਰੂਪ ਲੈ ਲੈਂਦਾ ਹੈ, ਕਿਉਂਕਿ ਕੇਂਦਰ ਸਰਕਾਰ ਸਬੰਧਿਤ ਰਾਜ ਦੇ ਸਾਰੇ ਕਾਰਜ ਪਾਲਿਕਾ ਅਤੇ ਵਿਧਾਨਿਕ ਵਿਸ਼ਿਆਂ ’ਤੇ ਕੰਟਰੋਲ ਕਰ ਲੈਂਦੀ ਹੈ।

**(IV) ਅਨੁਛੇਦ 356 ਦਾ ਵਿਵਹਾਰ ਵਿੱਚ ਇਸਤੇਮਾਲ** (Operation of Article 356) : ਅਨੁਛੇਦ 356 ਦੀਆਂ ਵਿਵਸਥਾਵਾਂ ਨੂੰ ਬੀਤੇ ਸਮੇਂ ਵਿੱਚ ਲੱਗਭਗ ਸੌ ਤੋਂ ਜ਼ਿਆਦਾ ਵਾਰ ਇਸਤੇਮਾਲ ਕੀਤਾ ਜਾ ਚੁੱਕਾ ਹੈ। 1951 ਵਿੱਚ ਇਸ ਦਾ ਇਸਤੇਮਾਲ ਪੰਜਾਬ ਵਿੱਚ ਕੀਤਾ ਗਿਆ। ਇਸ ਤੋਂ ਬਾਅਦ ਇਸ ਦਾ ਇਸਤੇਮਾਲ ਅਨਿਯਮਿਤ ਰੂਪ ਵਿੱਚ ਕੀਤਾ ਜਾਂਦਾ ਰਿਹਾ ਹੈ। 1977 ਵਿੱਚ ਇਸ ਦਾ ਇਕ ਹੀ ਸਮੇਂ 9 ਰਾਜਾਂ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼, ਰਾਜਸਥਾਨ, ਪੱਛਮੀ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਇਸਤੇਮਾਲ ਕੀਤਾ ਗਿਆ। ਫਰਵਰੀ 1980 ਵਿੱਚ ਇਹ ਕਾਰਵਾਈ 9 ਰਾਜਾਂ ਉੱਤਰ ਪ੍ਰਦੇਸ਼, ਬਿਹਾਰੀ, ਰਾਜਸਥਾਨ, ਮੱਧ ਪ੍ਰਦੇਸ਼, ਪੰਜਾਬ, ਗੁਜਰਾਤ, ਉੜੀਸਾ, ਮਹਾਰਾਸ਼ਟਰ, ਤਾਮਿਲਨਾਡੂ ਵਿੱਚ ਪੁਨਰ ਦੁਹਰਾਈ ਗਈ। ਪੰਜਾਬ ਅਤੇ

**ਨੋਟ** ਕੇਰਲਾ ਵਰਗੇ ਬਹੁਤ ਸਾਰੇ ਰਾਜਾਂ ਵਿੱਚ ਵਾਰ-ਵਾਰ ਰਾਸ਼ਟਰਪਤੀ ਸ਼ਾਸਨ ਲਾਗੂ ਕੀਤਾ ਜਾ ਰਿਹਾ ਹੈ। 1988 ਵਿੱਚ ਇਸ ਦਾ ਇਸਤੇਮਾਲ ਨਾਗਾਲੈਂਡ ਵਿੱਚ ਕੀਤਾ ਗਿਆ। ਲੱਗਭਗ ਸਾਰੇ ਰਾਜ ਕਦੇ ਨਾ ਕਦੇ ਅਨੁਛੇਦ 356 ਅਧੀਨ ਸੰਵਿਧਾਨਿਕ ਸੰਕਟਕਾਲ ਦੇ ਸ਼ਿਕਾਰ ਰਹੇ ਹਨ। 1998 ਵਿੱਚ ਗੋਆ 'ਚ ਅਜਿਹਾ ਸੰਕਟਕਾਲ ਲਾਗੂ ਕੀਤਾ ਗਿਆ। 1999 ਵਿੱਚ ਬਿਹਾਰ 'ਚ ਸੰਵਿਧਾਨਿਕ ਸੰਕਟਕਾਲ ਦੀ ਘੋਸ਼ਣਾ ਕਰਕੇ ਰਾਬੜੀ ਦੇਵੀ ਦੀ ਸਰਕਾਰ ਨੂੰ ਭੰਗ ਕੀਤਾ ਗਿਆ ਅਤੇ ਲੋਕ ਸਭਾ ਨੇ ਇਸ ਦੀ ਮਨਜ਼ੂਰੀ ਵੀ ਦੇ ਦਿੱਤੀ ਪਰ ਇਸ ਸਮੇਂ ਵਿਧਮਾਨ ਬੀ. ਜੇ. ਪੀ. ਗਠਬੰਧਨ ਸਰਕਾਰ ਕੋਲ ਰਾਜ ਸਭਾ ਵਿੱਚ ਬਹੁਮਤ ਪ੍ਰਾਪਤ ਨਹੀਂ ਸੀ, ਇਸ ਲਈ ਸਰਕਾਰ ਨੇ ਇਸ ਨੂੰ ਰਾਜ ਸਭਾ ਵਿੱਚ ਪੇਸ਼ ਨਾ ਕੀਤਾ। ਬਿਹਾਰ ਵਿੱਚ ਸੰਵਿਧਾਨਿਕ ਸੰਕਟਕਾਲ ਦੀ ਘੋਸ਼ਣਾ ਖਤਮ ਕਰ ਦਿੱਤੀ ਗਈ ਅਤੇ ਰਾਬੜੀ ਦੇਵੀ ਦੀ ਸਰਕਾਰ ਨੂੰ ਪੁਨਰ ਸਥਾਪਿਤ ਕਰ ਦਿੱਤਾ ਗਿਆ। ਮਈ 2004 ਵਿੱਚ ਬਿਹਾਰ 'ਚ ਸੰਕਟਕਾਲ ਦੀ ਸਥਿਤੀ ਘੋਸ਼ਿਤ ਕੀਤੀ ਗਈ, ਕਿਉਂਕਿ ਚੋਣਾਂ ਤੋਂ ਬਾਅਦ ਕੋਈ ਵੀ ਦਲ ਸਰਕਾਰ ਗਠਿਤ ਕਰਨ ਦੀ ਸਥਿਤੀ ਵਿੱਚ ਨਹੀਂ ਸੀ। ਪਹਿਲਾਂ ਬਿਹਾਰ ਵਿਧਾਨ ਸਭਾ ਨੂੰ ਰੱਦ ਦੀ ਸਥਿਤੀ ਵਿੱਚ ਰੱਖਿਆ ਗਿਆ ਪਰ ਬਾਅਦ ਵਿੱਚ ਮਈ 2005 'ਚ ਇਸ ਨੂੰ ਭੰਗ ਕਰ ਦਿੱਤਾ ਗਿਆ ਅਤੇ ਚੋਣ ਆਯੋਗ ਨੂੰ ਬਿਹਾਰ ਰਾਜ ਵਿਧਾਨ ਸਭਾ ਲਈ ਨਵੀਆਂ ਚੋਣਾਂ ਸੰਗਠਿਤ ਕਰਨ ਲਈ ਕਿਹਾ ਗਿਆ। ਹੁਣ ਇਹ ਚੋਣਾਂ ਅਕਤੂਬਰ, ਨਵੰਬਰ 2005 ਵਿੱਚ ਕਰਵਾਏ ਜਾਣਗੇ।

*ਨੋਟਸ* ਅਨੁਛੇਦ 356 ਵਿੱਚ ਸ਼ਾਮਿਲ ਸੰਕਟਕਾਲ ਦੀ ਵਿਵਸਥਾ ਦਾ ਵਿਰੋਧ ਲੱਗਭਗ ਸਾਰੇ ਰਾਜਨੀਤਿਕ ਦਲ ਕਰਦੇ ਰਹੇ ਹਨ ਪਰ ਕਦੇ ਹਰੇਕ ਦਲ ਨੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਇਸ ਦਾ ਇਸਤੇਮਾਲ ਵੀ ਕੀਤਾ ਹੈ।

### ਅਨੁਛੇਦ 360 ਅਧੀਨ ਵਿੱਤੀ ਸੰਕਟਕਾਲ (Financial Emergency Under Art. 360)

ਰਾਸ਼ਟਰਪਤੀ ਨੂੰ ਜੇਕਰ ਵਿਸ਼ਵਾਸ ਹੋ ਜਾਵੇ ਕਿ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੋ ਗਈ ਹੈ, ਜਿਸ ਨਾਲ ਭਾਰਤ ਜਾਂ ਭਾਰਤ ਦੇ ਕਿਸੇ ਭਾਗ ਵਿੱਚ ਵਿੱਤੀ ਸਥਿਰਤਾ ਜਾਂ ਸਾਖ ਨੂੰ ਖ਼ਤਰਾ ਹੈ ਤਾਂ ਉਹ ਅਨੁਛੇਦ 360 ਅਧੀਨ ਵਿੱਤੀ ਸੰਕਟਕਾਲ ਦੀ ਸਥਿਤੀ ਲਾਗੂ ਕਰ ਸਕਦਾ ਹੈ:

**(I) ਵਿੱਤੀ ਸੰਕਟਕਾਲ ਦੀ ਘੋਸ਼ਣਾ ਦੀ ਮਨਜ਼ੂਰੀ** (Approval of the Financial Emergency Proclamation) : ਅਨੁਛੇਦ 360 ਅਧੀਨ ਲਾਗੂ ਕੀਤੇ ਗਏ ਵਿੱਤੀ ਸੰਕਟਕਾਲ ਲਾਗੂ ਕੀਤੇ ਜਾਣ ਨਾਲ ਇਕ ਮਹੀਨੇ ਦੇ ਅੰਦਰ-ਅੰਦਰ ਸੰਸਦ ਦੇ ਦੋਵਾਂ ਸਦਨਾਂ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੁੰਦੀ ਹੈ। ਜੇਕਰ ਇਹ ਮਨਜ਼ੂਰੀ ਨਹੀਂ ਲਈ ਜਾਂਦੀ ਤਾਂ ਇਸ ਸਮੇਂ ਦਾ ਵਿੱਤੀ ਸੰਕਟਕਾਲ ਖਤਮ ਹੋ ਜਾਂਦਾ ਹੈ। ਸੰਸਦ ਦੇ ਦੋਵਾਂ ਸਦਨਾਂ ਤੋਂ ਇਕ ਵਾਰ ਮਨਜ਼ੂਰੀ ਮਿਲਣ 'ਤੇ ਛੇ ਮਹੀਨੇ ਲਈ ਜਾਰੀ ਰੱਖਿਆ ਜਾ ਸਕਦਾ ਹੈ। ਇਸ ਤੋਂ ਬਾਅਦ ਹਰੇਕ ਛੇ ਮਹੀਨੇ ਬਾਅਦ ਸੰਸਦ ਦੀ ਵਾਰ-ਵਾਰ ਮਨਜ਼ੂਰੀ ਨਾਲ ਇਸ ਦੇ ਸਮੇਂ ਨੂੰ ਵਧਾਇਆ ਜਾ ਸਕਦਾ ਹੈ।

**(II) ਵਿੱਤੀ ਸੰਕਟਕਾਲ ਲਾਗੂ ਕੀਤੇ ਜਾਣ ਦੇ ਪ੍ਰਭਾਵ** (Effects of the Financial Emergency Proclamation) : ਅਨੁਛੇਦ 360 ਅਧੀਨ ਲਾਗੂ ਕੀਤੇ ਗਏ ਵਿੱਤੀ ਸੰਕਟਕਾਲ ਦੇ ਪ੍ਰਭਾਵ ਹੇਠ ਲਿਖੇ ਅਨੁਸਾਰ ਹੁੰਦੇ ਹਨ :

(1) ਸੰਘ ਸਰਕਾਰ ਨੂੰ ਕਿਸੇ ਵੀ ਰਾਜ ਨੂੰ ਵਿੱਤੀ ਉਚਿਤਯ ਨਾਲ ਸਬੰਧਿਤ ਦਿਸ਼ਾ-ਨਿਰਦੇਸ਼ ਦੇਣ ਦਾ ਅਧਿਕਾਰ ਮਿਲ ਜਾਂਦਾ ਹੈ। ਸੰਘ ਸਰਕਾਰ ਰਾਜ ਨੂੰ ਅਜਿਹੇ ਆਦੇਸ਼ ਮੰਨਣ ਲਈ ਕਹਿ ਸਕਦੀ ਹੈ ਜੋ ਦੇਸ਼ ਦੀ ਅਰਥ ਵਿਵਸਥਾ ਨੂੰ ਪੁਨਰ ਸਿਹਤਮੰਦ ਬਣਾਉਣ ਲਈ ਜ਼ਰੂਰੀ ਹੋਵੇ। ਸੰਘ ਅਜਿਹੇ ਨਿਯਮ ਬਣਾ ਸਕਦਾ ਹੈ ਅਤੇ ਉਨ੍ਹਾਂ ਨੂੰ ਰਾਜਾਂ ਨੂੰ ਅਪਨਾਉਣ ਲਈ ਕਹਿ ਸਕਦਾ ਹੈ।

(2) ਰਾਸ਼ਟਰਪਤੀ ਅਜਿਹੇ ਸਾਰੇ ਵਿੱਤੀ ਕਦਮ ਚੁੱਕ ਸਕਦਾ ਹੈ ਕਿ ਅਜਿਹੇ ਵੇਤਨ ਅਤੇ ਕੀਮਤਾਂ ਸਥਿਰ ਕਰਨਾ ਅਤੇ ਵਿੱਤੀ ਸਥਿਰਤਾ ਤੇ ਭਾਰਤ ਦੀ ਵਿੱਤੀ ਭਰੋਸੋਯੋਗਤਾ ਦੀ ਪੁਨਰ ਸਥਾਪਨਾ ਦੇ ਉਦੇਸ਼ ਨਾਲ ਸਾਰੇ ਕਰਮਚਾਰੀ ਜਾਂ ਕਰਮਚਾਰੀਆਂ ਦੇ ਕਿਸੇ ਵੀ ਵਰਗ ਦੇ ਵੇਤਨ ਭੱਤਿਆਂ ਵਿੱਚ ਕਟੌਤੀ ਕਰਨਾ। ਸਰਵਉੱਚ ਅਦਾਲਤ ਅਤੇ ਉੱਚ ਅਦਾਲਤ ਦੇ ਜੱਜਾਂ ਦੇ ਵੇਤਨ ਅਤੇ ਭੱਤਿਆਂ ਵਿੱਚ ਵੀ ਕਟੌਤੀ ਕੀਤੀ ਜਾ ਸਕਦੀ ਹੈ।

(3) ਰਾਸ਼ਟਰਪਤੀ ਆਦੇਸ਼ ਦੇ ਸਕਦਾ ਹੈ ਕਿ ਰਾਜ ਵਿਧਾਨ ਸਭਾ ਵੱਲੋਂ ਪਾਸ ਸਾਰੇ ਵਿੱਤੀ ਬਿੱਲ ਉਸ ਦੀ ਮਨਜ਼ੂਰੀ ਲਈ ਸੁਰੱਖਿਅਤ ਰੱਖੇ ਜਾਣ।

(4) ਰਾਸ਼ਟਰਪਤੀ ਸੰਘ ਅਤੇ ਰਾਜਾਂ ਦਰਮਿਆਨ ਆਮਦਨ-ਰਾਜਸਵ ਦੀ ਵੰਡ ਵਿੱਚ ਠੀਕ ਪਰਿਵਰਤਨ ਕਰ ਸਕਦਾ ਹੈ।

ਇਸ ਤਰ੍ਹਾਂ ਤਿੰਨ ਤਰ੍ਹਾਂ ਦੀ ਸੰਕਟਕਾਲ ਦੀਆਂ ਸਥਿਤੀਆਂ ਤੋਂ ਨਿਪਟਣ ਲਈ ਸੰਵਿਧਾਨ ਅਨੁਸਾਰ ਰਾਸ਼ਟਰਪਤੀ ਨੂੰ ਵਿਆਪਕ

ਸ਼ਕਤੀਆਂ ਮਿਲੀਆਂ ਹੋਈਆਂ ਹਨ। ਇਸ ਕਾਰਨ ਉਨ੍ਹਾਂ ਨੂੰ ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਕਿਹਾ ਜਾਂਦਾ ਹੈ ਪਰ ਰਾਸ਼ਟਰਪਤੀ ਇਨ੍ਹਾਂ ਸ਼ਕਤੀਆਂ ਦਾ ਇਸੇਤਮਾਲ ਵੀ ਪ੍ਰਧਾਨ ਮੰਤਰੀ ਅਤੇ ਸੰਘੀ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਕਰਦਾ ਹੈ।

### ਸੰਕਟਕਾਲ ਦੀਆਂ ਵਿਵਸਥਾਵਾਂ : ਆਲੋਚਨਾਤਮਕ ਮੁਲਾਂਕਣ
### (Emergency Provisions : Critical Evaluation)

ਸੰਵਿਧਾਨ ਦੀਆਂ ਸੰਕਟਕਾਲੀਨ ਵਿਵਸਥਾਵਾਂ 'ਤੇ ਭਾਰਤ ਦੇ ਰਾਸ਼ਟਰਪਤੀ ਦੀ ਵਿਸ਼ੇਸ਼ ਅਤੇ ਵਿਆਪਕ ਸ਼ਕਤੀਆਂ ਜੋ ਅਸਲ ਵਿੱਚ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਕੋਲ ਹਨ, ਦੀ ਕੜੀ ਆਲੋਚਨਾ ਹੋਈ ਹੈ। ਸੰਵਿਧਾਨਿਕ ਨਿਰਮਾਣ ਸਭਾ ਵਿੱਚ ਵੀ ਜਦ ਇਨ੍ਹਾਂ ਵਿਵਸਥਾਵਾਂ 'ਤੇ ਚਰਚਾ ਹੋਈ ਸੀ ਤਾਂ ਅਨੇਕਾਂ ਮੈਂਬਰਾਂ ਨੇ ਇਹ ਭਾਗ ਸੰਵਿਧਾਨ ਵਿੱਚ ਸ਼ਾਮਿਲ ਕੀਤੇ ਜਾਣ ਦੀ ਸਖਤ ਆਲੋਚਨਾ ਕੀਤੀ ਸੀ। ਸ਼੍ਰੀ ਐੱਚ. ਵੀ. ਕਾਮਥ ਨੇ ਕਿਹਾ ਸੀ, "ਵਿਸ਼ਵ ਦੇ ਕਿਸੇ ਵੀ ਲੋਕਤੰਤ੍ਰਿਕ ਸੰਵਿਧਾਨ ਵਿੱਚ ਸੰਕਟਕਾਲ ਸਬੰਧੀ ਸਾਡੇ ਵਰਗਾ ਅਧਿਆਇ ਨਹੀਂ ਹੈ। ਇਹ ਸ਼ਰਮ ਦਾ ਦਿਨ ਹੈ, ਪ੍ਰਮਾਤਮਾ ਭਾਰਤੀਆਂ ਦੀ ਸਹਾਇਤਾ ਕਰੇ।" ਜਦ ਅਨੁਛੇਦ 359 ਜਿਸ ਵਿੱਚ ਸੰਕਟਕਾਲ ਸਥਿਤੀ ਦੌਰਾਨ ਮੌਲਿਕ ਅਧਿਕਾਰਾਂ ਦੇ ਸਥਗਨ ਨਾਲ ਸਬੰਧਿਤ ਵਿਵਸਥਾ ਹੈ, ਨੂੰ ਸੰਵਿਧਾਨ ਵਿੱਚ ਸ਼ਾਮਿਲ ਕੀਤਾ ਗਿਆ ਤਾਂ ਪ੍ਰੋ. ਕੇ. ਟੀ. ਸ਼ਾਹ ਨੇ ਇਸ ਕਾਰਵਾਈ ਨੂੰ ਪ੍ਰਤੀਕਰਮਾਂ ਦੇ ਅਧਿਆਇ ਦਾ ਆਖਰੀ ਸਿਖਰ ਕਿਹਾ ਅਤੇ ਇਸ ਦੀ ਆਲੋਚਨਾ ਕੀਤੀ ਸੀ।

ਸੰਕਟਕਾਲੀਨ ਵਿਵਸਥਾਵਾਂ ਅਤੇ ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਦੀ ਆਲੋਚਨਾ ਦੇ ਮੁੱਖ ਬਿੰਦੂ ਅੱਗੇ ਲਿਖੇ ਹਨ:

1. **ਲੋਕਤੰਤਰ ਵਿਰੋਧੀ** (Ante-Democratic) : ਸੰਕਟਕਾਲੀਨ ਵਿਵਸਥਾਵਾਂ ਗੈਰ-ਲੋਕਤੰਤ੍ਰਿਕ ਹਨ, ਕਿਉਂਕਿ ਇਹ ਰਾਸ਼ਟਰਪਤੀ ਦੇ ਹੱਥਾਂ ਵਿੱਚ ਵਿਆਪਕ ਸ਼ਕਤੀਆਂ ਕੇਂਦਰਿਤ ਕਰਦੀਆਂ ਹਨ ਜੋ ਸਾਰੇ ਮਾਮਲਿਆਂ ਵਿੱਚ ਪ੍ਰਧਾਨ ਮੰਤਰੀ ਅਤੇ ਕੇਂਦਰੀ ਮੰਡਲ ਦੀ ਸਲਾਹ ਮੰਨਣ ਲਈ ਪਾਬੰਦ ਹੁੰਦਾ ਹੈ। ਅਸਲ ਵਿੱਚ ਇਹ ਸ਼ਕਤੀਆਂ ਸੰਘੀ ਮੰਤਰੀ ਮੰਡਲ ਦੀਆਂ ਸ਼ਕਤੀਆਂ ਹੀ ਹਨ। ਰਾਸ਼ਟਰਪਤੀ (ਪ੍ਰਧਾਨ ਮੰਤਰੀ) ਇਹ ਫੈਸਲਾ ਕਰਦਾ ਹੈ ਕਿ ਕਦੋਂ ਕਿਸ ਤਰ੍ਹਾਂ ਦਾ ਸੰਕਟਕਾਲ ਲਗਾਇਆ ਜਾਣਾ ਹੈ ਅਤੇ ਅਜਿਹੀ ਸਥਿਤੀ ਤੋਂ ਨਿਪਟਣ ਲਈ ਕਿਹੜੇ ਕਦਮ ਚੁੱਕੇ ਜਾਣੇ ਜ਼ਰੂਰੀ ਹਨ। *ਐੱਚ. ਵੀ. ਕਾਮਥ* ਦੇ ਸ਼ਬਦਾਂ ਵਿੱਚ, "ਮੈਨੂੰ ਡਰ ਹੈ ਕਿ ਅਸੀਂ ਇਕ ਅਧਿਆਇ ਨਾਲ ਇਕ ਤਾਨਾਸ਼ਾਹੀ ਰਾਜ ਇਕ ਪੁਲਿਸ ਰਾਜ ਦਾ ਨੀਂਹ ਪੱਥਰ ਰੱਖਣ ਦਾ ਯਤਨ ਕਰ ਰਹੇ ਹਾਂ।"

2. **ਸੰਘਾਤਮਕਤਾ ਵਿਰੋਧੀ** (Ante-Federal): ਸੰਕਟਕਾਲੀਨ ਵਿਵਸਥਾਵਾਂ ਦੇ ਵਿਰੁੱਧ ਆਲੋਚਨਾ ਦਾ ਇਕ ਦ੍ਰਿੜ ਬਿੰਦੂ ਇਹ ਰਿਹਾ ਹੈ ਕਿ ਇਹ ਆਪਣੇ ਸੁਭਾਅ ਅਤੇ ਖੇਤਰ ਵਿੱਚ ਸੰਘਾਤਮਕਤਾ ਦੇ ਵਿਰੋਧੀ ਹਨ। ਕੇਂਦਰ ਸਰਕਾਰ ਵਿਸ਼ੇਸ਼ ਰੂਪ ਵਿੱਚ ਅਨੁਛੇਦ 352 ਅਤੇ 356 ਦੇ ਅਧੀਨ ਸੰਕਟਕਾਲ ਸਥਿਤੀ ਦੀ ਘੋਸ਼ਣਾ ਕਰਕੇ ਰਾਜ-ਸੂਚੀ ਦੇ ਵਿਸ਼ਿਆਂ 'ਤੇ ਪ੍ਰਸ਼ਾਸਨ ਨੂੰ ਆਪਣੇ ਹੱਥਾਂ ਵਿੱਚ ਲੈ ਸਕਦੀ ਹੈ। ਇਸ ਕਦਮ ਦਾ ਸ਼ੁੱਧ ਪ੍ਰਭਾਵ ਸੰਘਵਾਦ ਦੇ ਏਕਾਤਮਕ ਵਿੱਚ ਬਦਲ ਜਾਣ ਦੇ ਰੂਪ ਵਿੱਚ ਨਿਕਲਦਾ ਹੈ। ਸੰਕਟਕਾਲ ਦੌਰਾਨ ਭਾਰਤੀ ਸੰਵਿਧਾਨ ਏਕਾਤਮਕ ਸੰਵਿਧਾਨ ਬਣ ਜਾਂਦਾ ਹੈ।

3. **ਨਿਆਪਾਲਿਕਾ ਦੇ ਕੰਟਰੋਲ ਤੋਂ ਬਾਹਰ** (Emergency Proclamations are beyond Judicial Control): ਨਿਆਪਾਲਿਕਾ ਨੂੰ ਰਾਸ਼ਟਰਪਤੀ ਵੱਲੋਂ ਲਾਗੂ ਕੀਤੀ ਗਈ ਸੰਕਟਕਾਲ ਦੀ ਘੋਸ਼ਣਾ ਦੇ ਔਚਿਤਯ ਅਤੇ ਪ੍ਰਮਾਣਿਕਤਾ ਬਾਰੇ ਪੁਨਰ ਨਿਰੀਖਣ ਸਬੰਧੀ ਫੈਸਲਾ ਕਰ ਸਕਦੇ ਹਨ ਨਾ ਹੀ ਉਹ ਸੰਕਟਕਾਲ ਨਾਲ ਨਿਪਟਣ ਲਈ ਚੁੱਕੇ ਗਏ ਕਦਮਾਂ ਸਬੰਧੀ ਫੈਸਲਾ ਕਰ ਸਕਦੀ ਸੀ ਪਰ 11 ਮਾਰਚ 1994 ਨੂੰ ਸਰਵਉੱਚ ਅਦਾਲਤ ਨੇ ਅਨੁਛੇਦ 356 ਅਧੀਨ ਲਗਾਏ ਗਏ ਸੰਕਟਕਾਲ ਦੀ ਸੰਵਿਧਾਨਿਕ ਉਚਿਤਤਾ ਸਬੰਧੀ ਜਾਂਚ ਕਰਨ ਦੇ ਆਪਣੇ ਅਧਿਕਾਰ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਪਰ ਸਰਵਉੱਚ ਅਦਾਲਤ ਪੁਨਰ ਨਿਰੀਖਣ ਦੀ ਸ਼ਕਤੀ ਦੀ ਪ੍ਰਕਿਰਤਿਕ ਘੋਸ਼ਣਾ ਲਾਗੂ ਕੀਤੇ ਜਾਣ ਅਤੇ ਇਸ ਦੇ ਕੁਝ ਸਮੇਂ ਤੱਕ ਚੱਲਣ ਦੇ ਬਾਅਦ (Post-Mortem) ਕਰਨ ਵਰਗੀ ਹੈ।

4. **ਮੌਲਿਕ ਅਧਿਕਾਰਾਂ ਦੇ ਸਥਗਨ ਨਾਲ ਸਬੰਧਿਤ ਵਿਵਸਥਾ** (Provisions for the Suspension of Fundamental Rights): ਸੰਕਟਕਾਲ ਸਥਿਤੀ ਵਿੱਚ ਅਨੁਛੇਦ 32 ਦੇ ਅਧੀਨ ਮਿਲੇ ਮੌਲਿਕ ਅਧਿਕਾਰਾਂ ਦੇ ਲਾਗੂ ਕਰਨ ਦੇ ਅਧਿਕਾਰ ਨੂੰ ਰੱਦ ਕੀਤਾ ਜਾ ਸਕਦਾ ਹੈ। ਇਹ ਵਿਵਸਥਾ ਲੋਕਤੰਤਰ ਵਿਰੋਧੀ ਅਤੇ ਸੱਤਾਵਾਦੀ ਹੈ। 44ਵੀਂ ਸੋਧ ਨਾਲ ਭਰੋਸੇਯੋਗ ਬਣਾਇਆ ਗਿਆ ਹੈ ਕਿ ਅਨੁਛੇਦ 20 ਅਤੇ 21 ਦੇ ਅਧੀਨ ਮਿਲੀ ਵਿਅਕਤੀਗਤ ਸੁਤੰਤਰਤਾ ਦੇ ਅਧਿਕਾਰ ਨੂੰ ਸੰਕਟਕਾਲ ਸਥਿਤੀ ਦੇ ਦੌਰਾਨ ਵੀ ਰੱਦ ਨਹੀਂ ਕੀਤਾ ਜਾ ਸਕਦਾ। ਇਹ ਇਕ ਸਵਾਗਤ ਯੋਗ ਸੋਧ ਹੈ, ਪਰ ਇਸ ਨੇ ਕੇਵਲ ਅੰਸ਼ਿਕ ਰੂਪ ਵਿੱਚ ਲੋਕਾਂ ਦੇ ਮੌਲਿਕ ਅਧਿਕਾਰਾਂ ਨੂੰ ਰੱਦ ਕੀਤੇ ਜਾਣ ਦੀ ਵਿਵਸਥਾ ਨੂੰ ਨਕਾਰਿਆ ਹੈ। ਸੰਵਿਧਾਨ ਦੇ ਇਸ "ਨਕਾਰਾਤਮਕ ਲਕਸ਼" ਲੋਕਾਂ ਦੇ ਮੌਲਿਕ ਅਧਿਕਾਰਾਂ ਨੂੰ ਰੱਦ ਕੀਤੇ ਜਾਣ ਨਾਲ ਸਬੰਧਿਤ ਅਨੁਛੇਦ 359 ਨੂੰ ਸੰਵਿਧਾਨ ਵਿੱਚ ਸ਼ਾਮਿਲ ਕੀਤੇ ਜਾਣ ਦੀ ਸੰਵਿਧਾਨ ਨਿਰਮਾਣ ਸਭਾ ਦੇ ਕਈ ਮੈਂਬਰਾਂ ਵੱਲੋਂ ਆਲੋਚਨਾ ਕੀਤੀ ਗਈ ਅਤੇ ਅੱਜ ਵੀ ਕਈ ਵਿਦਵਾਨਾਂ ਵੱਲੋਂ ਕੜੀ ਆਲੋਚਨਾ ਕੀਤੀ ਜਾਂਦੀ ਹੈ।

5. **ਸੰਕਟਕਾਲੀਨ ਵਿਵਸਥਾਵਾਂ ਦਾ ਸੰਭਾਵਿਤ ਗਲਤ ਇਸਤੇਮਾਲ** (Possible Misuse of Emergency Provisions): ਆਪਣੇ ਮਤਲਬੀ ਉਦੇਸ਼ਾਂ ਦੀ ਪੂਰਤੀ ਲਈ ਸੱਤਾਧਾਰੀ ਦਲ ਵੱਲੋਂ ਸੰਕਟਕਾਲੀਨ ਵਿਵਸਥਾਵਾਂ ਦਾ ਗਲਤ ਇਸਤੇਮਾਲ ਕੀਤਾ

**ਨੋਟ**

ਜਾ ਸਕਦਾ ਹੈ। ਸਿਧਾਂਤਕ ਰੂਪ ਵਿੱਚ ਤਿੰਨ ਤਰ੍ਹਾਂ ਦੇ ਸੰਕਟਕਾਲ ਦੀ ਸਥਿਤੀਆਂ ਨਾਂਲ ਨਿਪਟਣ ਲਈ ਰਾਸ਼ਟਰਪਤੀ ਨੂੰ ਵਿਆਪਕ ਸ਼ਕਤੀਆਂ ਦਿੱਤੀਆਂ ਗਈਆਂ ਹਨ ਪਰ ਅਸਲ ਵਿੱਚ ਇਨ੍ਹਾਂ ਸ਼ਕਤੀਆਂ ਦਾ ਇਸਤੇਮਾਲ ਕੇਂਦਰੀ ਮੰਤਰੀ ਮੰਡਲ ਵੱਲੋਂ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਸ਼ਕਤੀਆਂ ਦੇ ਇਸਤੇਮਾਲ ਵਿੱਚ ਰਾਸ਼ਟਰਪਤੀ ਮੰਤਰੀ ਮੰਡਲ ਦੀ ਸਲਾਹ ਮੰਨਣ ਲਈ ਵੀ ਪਾਬੰਦ ਹੁੰਦਾ ਹੈ। ਅਜਿਹੇ ਸਾਰੇ ਪ੍ਰਸ਼ਨਾਂ ਜਿਵੇਂ ਕਿ ਵਿਸ਼ੇਸ਼ ਤਰ੍ਹਾਂ ਦੀ ਸਥਿਤੀ ਵਿੱਚ ਸੰਕਟਕਾਲ ਲਗਾਉਣ ਦੀ ਜ਼ਰੂਰਤ ਹੈ ਜਾਂ ਨਹੀਂ? ਵਿਧਮਾਨ ਸਥਿਤੀ ਵਿੱਚ ਕਿਸੇ ਤਰ੍ਹਾਂ ਦਾ ਸੰਕਟਕਾਲ ਲਗਾਉਣ ਦੀ ਜ਼ਰੂਰਤ ਹੈ?ਸੰਕਟਕਾਲ ਸਥਿਤੀ ਵਿੱਚ ਕਿਸੇ ਤਰ੍ਹਾਂ ਦੇ ਕਦਮ ਚੁੱਕਣ ਦੀ ਜ਼ਰੂਰਤ ਹੈ, ਆਦਿ ਸਬੰਧੀ ਫੈਸਲਾ ਮੰਤਰੀ ਮੰਡਲ ਵੱਲੋਂ ਲਿਆ ਜਾਂਦਾ ਹੈ ਜੋ ਅਸਲ ਵਿੱਚ ਰਾਜਨੀਤਿਕ ਕਾਰਜ ਪਾਲਿਕਾ ਹੈ ਅਤੇ ਉਹ ਕਈ ਵਾਰ ਪੱਖਪਾਤੀ ਫੈਸਲਾ ਲੈ ਸਕਦੀ ਹੈ।

ਬੀਤੇ ਸਮੇਂ ਵਿੱਚ ਅਨੁਛੇਦ 352 ਅਤੇ 356 ਦੇ ਇਸਤੇਮਾਲ ਨਾਲ ਅਜਿਹੀ ਵਿਚਾਰਧਾਰਾ ਦੀ ਪੁਸ਼ਟੀ ਹੋਈ ਹੈ। ਜੂਨ 1975 ਵਿੱਚ ਅਨੁਛੇਦ 352 ਦਾ ਦੁਰਉਪਯੋਗ ਕੀਤਾ ਗਿਆ ਸੀ ਜਦੋਂ ਸ਼੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਵੱਲੋਂ ਅੰਦਰਲੀ ਗੜਬੜ ਦੇ ਕਾਰਨ ਦੇਸ਼ ਵਿੱਚ ਸੰਕਟਕਾਲ ਸਥਿਤੀ ਦੀ ਘੋਸ਼ਣਾ ਕਰ ਦਿੱਤੀ ਗਈ ਸੀ। ਰਾਸ਼ਟਰਪਤੀ ਫਖ਼ਰੂਦੀਨ ਅਲੀ ਅਹਿਮਦ ਤੋਂ ਜਿਸ ਢੰਗ ਨਾਲ ਸੰਕਟਕਾਲ ਲਾਗੂ ਕਰਵਾਇਆ ਗਿਆ ਅਤੇ ਜਿਸ ਤਰ੍ਹਾਂ ਮੀਸਾ ਅਤੇ ਕੋਫਪੋਸਾ (MISA, COFEPOSA) ਆਦਿ ਦਾ ਇਸਤੇਮਾਲ ਕੀਤਾ ਗਿਆ, ਨਾਲ ਸੰਕਟਕਾਲੀਨ ਵਿਵਸਥਾਵਾਂ ਦੀ ਖਤਰਨਾਕ ਅਤੇ ਸੱਤਾਵਾਦੀ ਇਸਤੇਮਾਲ ਦੀ ਸੰਭਾਵਨਾ ਸਬੰਧੀ ਪਤਾ ਲਗਾਇਆ ਸੀ। ਕਈ ਮੌਕਿਆਂ 'ਤੇ ਅਨੁਛੇਦ 356 ਦਾ ਕੀਤਾ ਗਿਆ ਦੁਰਉਪਯੋਗ ਸਾਡੀ ਰਾਜਨੀਤਿਕ ਪ੍ਰਣਾਲੀ ਦਾ ਇਕ ਤੱਥ ਬਣ ਚੁੱਕਿਆ ਹੈ। ਬੀਤੇ ਵਿੱਚ ਕਈ ਮੌਕਿਆਂ ਅਤੇ ਇਸ ਅਨੁਛੇਦ ਦਾ ਇਸਤੇਮਾਲ ਬਲਕਿ ਦੁਰਉਪਯੋਗ ਕੇਂਦਰ ਵਿੱਚ ਸੱਤਾਧਾਰੀ ਦਲ ਵੱਲੋਂ "ਇਕ ਅਸਹਿਯੋਗੀ" ਵਿਰੋਧੀ ਦਲ ਦੀ ਰਾਜ ਸਰਕਾਰ ਨੂੰ ਹਟਾਉਣ ਦੇ ਲਈ ਕੀਤਾ ਗਿਆ। 1977 ਵਿੱਚ ਕੀਤਾ ਗਿਆ ਇਸਤੇਮਾਲ ਇਸ ਅਨੁਛੇਦ ਦੇ ਦੁਰਉਪਯੋਗ ਦਾ ਮੁੱਖ ਉਦਾਹਰਣ ਸੀ ਜਦੋਂ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਅਨੁਛੇਦ 356 ਦੇ ਅਧੀਨ ਰਾਸ਼ਟਰਪਤੀ ਵੱਲੋਂ ਸੰਕਟਕਾਲ ਲਾਗੂ ਕਰਵਾ ਕੇ 8 ਰਾਜ ਸਰਕਾਰਾਂ ਢੰਗ ਕਰ ਦਿੱਤੀਆਂ ਗਈਆਂ। ਇਸ ਦੁਰਉਪਯੋਗ ਦੇ ਵਿਵਹਾਰ ਨੂੰ ਫਰਵਰੀ 1980 ਵਿੱਚ ਦੁਹਰਾਇਆ ਗਿਆ, ਜਦੋਂ ਕਾਂਗਰਸ ਦੀ ਸਰਕਾਰ ਨੇ ਵੀ ਅਨੁਛੇਦ 356 ਦੇ ਅਧੀਨ ਸੰਕਟਕਾਲ ਵੱਲੋਂ 9 ਰਾਜ ਸਰਕਾਰਾਂ ਨੂੰ ਹਟਾ ਦਿੱਤਾ। 1991 ਵਿੱਚ ਡੀ. ਐੱਮ. ਕੇ. ਦੀ ਅਗਵਾਈ ਵਾਲੀ ਤਾਮਿਲਨਾਡੂ ਸਰਕਾਰ ਨੂੰ ਸੱਤਾ ਤੋਂ ਹਟਾਉਣ ਲਈ ਕੇਂਦਰ ਸਰਕਾਰ ਵੱਲੋਂ ਅਨੁਛੇਦ 356 ਦਾ ਅਨਿਯਮਿਤ ਅਤੇ ਜਲਦੀ ਵਿੱਚ ਇਸਤੇਮਾਲ ਸੀ। ਅੱਜ ਤੱਕ ਅਨੁਛੇਦ 356 ਦੇ ਅਧੀਨ ਲੱਗਭਗ 100 ਵਾਰ ਸੰਕਟਕਾਲ ਲਾਗੂ ਕੀਤਾ ਜਾ ਚੁੱਕਿਆ ਹੈ।

ਅਨੁਛੇਦ 356 ਦਾ ਦੁਰਉਪਯੋਗ ਕੇਂਦਰ-ਰਾਜ ਸਬੰਧਾਂ ਵਿੱਚ ਤਣਾਅ ਪੈਦਾ ਕਰਨ ਅਤੇ ਰਾਜਪਾਲ ਦੇ ਅਹੁਦੇ ਨੂੰ ਵਿਵਾਦਗ੍ਰਸਤ ਦਾ ਇਕ ਮੁੱਖ ਕਾਰਨ ਰਿਹਾ ਹੈ। 44ਵੀਂ ਸੋਧ ਨੇ ਸੰਕਟਕਾਲੀਨ ਵਿਵਸਥਾਵਾਂ ਦੇ ਅਜਿਹੇ ਦੁਰਉਪਯੋਗ ਦੇ ਮੌਕਿਆਂ ਨੂੰ ਘੱਟ ਕਰਨ ਲਈ ਇਕ ਚੰਗਾ ਯਤਨ ਕੀਤਾ ਅਤੇ ਇਸ ਵੱਲੋਂ ਕੁਝ ਹੋਰ ਬਚਾਅ ਦੇ ਸਾਧਨ ਪ੍ਰਦਾਨ ਕੀਤੇ ਗਏ ਪਰ ਸੰਕਟਕਾਲੀਨ ਵਿਵਸਥਾਵਾਂ ਦਾ ਸੰਭਾਵਿਤ ਖਤਰਨਾਕ ਰੂਪ ਹਾਲੇ ਵੀ ਕਾਇਮ ਹੈ।

**6. ਅਨੁਛੇਦ 360 ਦੀ ਵਿਵਸਥਾ ਠੀਕ ਨਹੀਂ** (Provision of Article 360 Ill-conceived): ਅਨੁਛੇਦ 360 ਦੇ ਅਧੀਨ ਰਾਸ਼ਟਰਪਤੀ ਭਾਰਤ ਦੀ ਵਿੱਤੀ ਸਥਿਰਤਾ ਅਤੇ ਵਿੱਤੀ ਭਰੋਸੇਯੋਗ ਦੀ ਰੱਖਿਆ ਦੇ ਲਈ ਦੇਸ਼ ਵਿੱਚ ਵਿੱਤੀ ਸੰਕਟਕਾਲ ਦੀ ਘੋਸ਼ਣਾ ਕਰ ਸਕਦਾ ਹੈ। ਇਸ ਵਿਵਸਥਾ ਦੇ ਇਸਤੇਮਾਲ ਦੇ ਨਕਾਰਾਤਮਕ ਪ੍ਰਭਾਵ ਪੈ ਸਕਦੇ ਹਨ। ਵਿੱਤੀ ਸੰਕਟਕਾਲ ਦੀ ਸਥਿਤੀ ਦੇਸ਼ ਦੀ ਵਿੱਤੀ ਸਥਿਤੀ ਦੇ ਸੁਧਾਰ ਵਿੱਚ ਸਹਾਇਕ ਹੋਣ ਦੀ ਉਮੀਦ ਹਾਨੀਕਾਰਕ ਹੋ ਸਕਦੀ ਹੈ। ਡਾ. ਕੇ. ਵੀ. ਰਾਵ ਦੇ ਸ਼ਬਦਾਂ ਵਿੱਚ, "ਵਿਸ਼ਵਾਸ ਸਥਾਪਨਾ ਤੋਂ ਦੂਰ ਵਿੱਤੀ ਸੰਕਟਕਾਲ ਦੀ ਘੋਸ਼ਣਾ ਆਪਣੇ ਰੂਪ ਵਿੱਚ ਦੇਸ਼ ਦਾ ਭਰੋਸੇ ਨੂੰ ਸੱਟ ਪਹੁੰਚਾਏਗੀ, ਘਬਰਾਹਟ ਦਾ ਵਾਤਾਵਰਨ ਪੈਦਾ ਕਰੇਗੀ ਅਤੇ ਇਸ ਤਰ੍ਹਾਂ ਇਹ ਅਸਲ ਵਿੱਚ ਜ਼ਿਆਦਾ ਵਿੱਤੀ ਅਸਥਿਰਤਾ ਪੈਦਾ ਕਰ ਸਕਦੀ ਹੈ।"

**7. ਅਪ੍ਰਯਾਪਤ ਸੁਰੱਖਿਆ ਤਰੀਕਾ** (Inadequate Safeguards): 44ਵੀਂ ਸੋਧ ਨਾਲ ਕੀਤੀਆਂ ਗਈਆਂ ਵਿਵਸਥਾਵਾਂ ਦੇ ਬਾਅਦ ਵੀ ਸੰਵਿਧਾਨ ਵਿੱਚ ਕੀਤੇ ਗਏ ਸੰਕਟਕਾਲੀਨ ਸ਼ਕਤੀਆਂ ਦੇ ਸੰਭਾਵਿਤ ਦੁਰਉਪਯੋਗ ਦੇ ਵਿਰੁੱਧ ਤਰੀਕੇ ਅਪ੍ਰਯਾਪਤ ਹਨ ਅਤੇ ਉਹ ਕੇਂਦਰ ਸਰਕਾਰ ਵੱਲੋਂ ਇਨ੍ਹਾਂ ਸ਼ਕਤੀਆਂ ਦੇ ਗਲਤ ਇਸਤੇਮਾਲ ਨੂੰ ਪੂਰਨ ਰੂਪ ਨਾਲ ਨਹੀਂ ਰੋਕ ਸਕਦੇ। ਇਹ ਵਿਵਸਥਾ ਕਿ ਰਾਸ਼ਟਰਪਤੀ ਹਮੇਸ਼ਾ ਮੰਤਰੀ ਮੰਡਲ ਦੀ ਸਲਾਹ ਦੇ ਅਨੁਸਾਰ ਚੱਲਣ ਲਈ ਪਾਬੰਦ ਹੈ, ਦੇ ਕਾਰਨ ਸੰਕਟਕਾਲੀਨ ਵਿਵਸਥਾਵਾਂ ਦੇ ਰਾਜਨੀਤਿਕ ਇਸਤੇਮਾਲ (ਦੁਰਉਪਯੋਗ) ਦਾ ਖਤਰਾ ਬਣਿਆ ਰਹਿੰਦਾ ਹੈ। ਰਾਸ਼ਟਰਪਤੀ 'ਤੇ ਮਹਾਭਿਯੋਗ ਚਲਾਉਣ ਦੀ ਵਿਵਸਥਾ ਦੇ ਮਾਰਗ ਵਿੱਚ ਕਈ ਅੜਚਣਾਂ ਹਨ ਅਤੇ ਰਾਸ਼ਟਰਪਤੀ ਦੇ ਵਿਰੁੱਧ ਇਸ ਦਾ ਇਸਤੇਮਾਲ ਅਸਾਨੀ ਨਾਲ ਨਹੀਂ ਕੀਤਾ ਜਾ ਸਕਦਾ। ਸੰਕਟਕਾਲ ਲਾਗੂ ਕੀਤੇ ਜਾਣ ਦੀ ਸੰਸਦ ਵੱਲੋਂ ਮਨਜ਼ੂਰੀ ਦੀ ਵਿਵਸਥਾ ਇਸ ਤੱਥ ਦੀ ਤੁਲਨਾ ਵਿੱਚ ਬਹੁਤ ਸੀਮਿਤ ਪਾਬੰਦੀ ਹੈ ਕਿ ਮੰਤਰੀ ਮੰਡਲ ਜੋ ਕਿ ਅਸਲ ਵਿੱਚ ਸੰਕਟਕਾਲ ਸਥਿਤੀ ਸਬੰਧੀ ਫੈਸਲਾ ਲੈਣ ਵਾਲੀ ਸੰਸਥਾ ਹੈ, ਨੂੰ ਸੰਸਦ ਵਿੱਚ ਬਹੁਸੰਖਿਆ ਦਾ ਸਮਰਥਨ ਪ੍ਰਾਪਤ ਹੁੰਦਾ ਹੈ ਅਤੇ ਇਸ ਦੇ ਕਾਰਨ ਮੰਤਰੀ ਮੰਡਲ ਬਿਨਾਂ ਕਿਸੇ ਮੁਸ਼ਕਿਲ ਦੇ ਸੰਸਦ ਤੋਂ ਮਨਜ਼ੂਰੀ ਲੈਣ ਵਿੱਚ ਹਮੇਸ਼ਾ ਸਫਲ ਹੀ ਰਹਿੰਦਾ ਹੈ। ਦਲਬਦਲੀ ਵਿਰੋਧੀ ਕਾਨੂੰਨ ਦੇ ਕਾਰਨ ਮੰਤਰੀ ਮੰਡਲ ਨੂੰ ਸੱਤਾਧਾਰੀ ਪਾਰਟੀ ਨਾਲ ਸਬੰਧਿਤ ਸੰਸਦ ਦੇ ਮੈਂਬਰਾਂ 'ਤੇ ਆਪਣਾ ਕੰਟਰੋਲ ਕਾਇਮ ਰੱਖਣ ਵਿੱਚ ਸਹਾਇਤਾ ਮਿਲੀ ਹੈ। ਸਮੇਂ ਸੀਮਾ ਨਿਰਧਾਰਿਤ ਕਰਨ ਸਬੰਧੀ ਵਿਵਸਥਾ ਵੀ ਅਸਲ ਵਿੱਚ ਸੰਕਟਕਾਲ ਨੂੰ ਲੰਮੇ ਸਮੇਂ ਤੱਕ ਜਾਰੀ ਰੱਖੇ ਜਾਣ ਨੂੰ ਰੋਕ ਨਹੀਂ ਸਕੀ ਹੈ। ਪੰਜਾਬ ਕੁਝ ਅੰਤਰਾਲ ਨੂੰ ਛੱਡ

**ਨੋਟ**

ਕੇ ਲਗਭਗ ਇਕ ਦਹਾਕੇ (1982–92) ਤੱਕ ਸੰਵਿਧਾਨਿਕ ਸੰਕਟਕਾਲ (ਰਾਸ਼ਟਰਪਤੀ ਸ਼ਾਸਨ) ਦੇ ਅਧੀਨ ਰਿਹਾ। ਇਸ ਤਰ੍ਹਾਂ ਅਨੁਛੇਦ 352–60 ਦੇ ਦੁਰਉਪਯੋਗ ਦੇ ਵਿਰੁੱਧ ਤਰੀਕੇ ਅਪ੍ਰਯਾਪਤ ਹਨ।

ਇਸ ਤੋਂ ਇਲਾਵਾ ਆਲੋਚਕਾਂ ਨੇ ਸੰਕਟਕਾਲੀਨ ਵਿਵਸਥਾਵਾਂ ਦੀ ਇਸ ਆਧਾਰ 'ਤੇ ਗਹਿਰੀ ਆਲੋਚਨਾ ਕੀਤੀ ਹੈ ਕਿ ਇਹ ਸੁਭਾਵਿਕ ਰੂਪ ਵਿੱਚ ਸੰਘੀ ਢਾਂਚੇ ਦੀਆਂ ਵਿਰੋਧੀ ਵਿਵਸਥਾਵਾਂ ਹਨ (ਅਨੁਛੇਦ 356), ਖੇਤਰ ਦੇ ਪੱਖ ਨਾਲ ਸੱਤਾਧਾਰੀ ਹਨ। (ਅਨੁਛੇਦ 352) ਅਤੇ ਵਿਸ਼ੇ ਦੇ ਰੂਪ ਵਿੱਚ ਲੋਕਤੰਤਰ ਅਤੇ ਸੁਤੰਤਰਤਾ ਵਿਰੋਧੀ ਹਨ। (ਮੌਲਿਕ ਅਧਿਕਾਰਾਂ ਨੂੰ ਸਥਾਪਿਤ ਕਰਨ ਦੀ ਵਿਵਸਥਾ) ਅਤੇ ਅਨੁਛੇਦ 360 ਲਾਭ ਦੇ ਮੁਕਾਬਲੇ ਹਾਨੀ ਜ਼ਿਆਦਾ ਕਰ ਸਕਦਾ ਹੈ।

ਇਨ੍ਹਾਂ ਸਾਰੇ ਅਧਾਰਾਂ 'ਤੇ ਸੰਵਿਧਾਨ ਵਿੱਚ ਸ਼ਾਮਿਲ ਸੰਕਟਕਾਲੀਨ ਵਿਵਸਥਾਵਾਂ ਦੀ ਆਲੋਚਨਾ ਕੀਤੀ ਗਈ ਹੈ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

10. ਵਿੱਤੀ ਸੰਕਟ ਦਾ ਵਰਨਣ ਅਨੁਛੇਦ ..........ਵਿੱਚ ਕੀਤਾ ਗਿਆ ਹੈ।
11. ਸੰਕਟਕਾਲ ਦੀ ਘੋਸ਼ਣਾ .........ਤੱਕ ਲਾਗੂ ਰਹਿ ਸਕਦੀ ਹੈ।
12. ਅਨੁਛੇਦ 352 ...........ਸੰਕਟਕਾਲ ਦਾ ਵਰਨਣ ਕਰਦਾ ਹੈ।

## 5.5 ਸੰਕਟਕਾਲੀਨ ਵਿਵਸਥਾਵਾਂ ਦਾ ਔਚਿਤਯ (Justification of Emergency Provisions)

ਆਲੋਚਨਾ ਦੇ ਬਾਵਜੂਦ ਕਈ ਆਧਾਰ ਸ਼ਾਮਿਲ ਹਨ ਜਿਨ੍ਹਾਂ ਦੇ ਆਧਾਰ 'ਤੇ ਸੰਵਿਧਾਨ ਵਿੱਚ ਸ਼ਾਮਿਲ ਸੰਕਟਕਾਲੀਨ ਵਿਵਸਥਾਵਾਂ ਦੀ ਵਿਧਮਾਨਤਾ ਅਤੇ ਇਨ੍ਹਾਂ ਦੇ ਜਾਰੀ ਰਹਿਣ ਨੂੰ ਠੀਕ ਠਹਿਰਾਇਆ ਜਾ ਸਕਦਾ ਹੈ। ਕਈ ਵਿਦਵਾਨਾਂ ਵੱਲੋਂ ਭਾਰਤ ਦੇ ਰਾਸ਼ਟਰੀ ਹਿੱਤ ਸੁਰੱਖਿਆ, ਸਥਿਰਤਾ ਅਤੇ ਸੁਰੱਖਿਆ ਲਈ ਇਨ੍ਹਾਂ ਵਿਵਸਥਾਵਾਂ ਨੂੰ ਜ਼ਰੂਰੀ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਵੱਲੋਂ ਇਨ੍ਹਾਂ ਨੂੰ ਠੀਕ ਠਹਿਰਾਇਆ ਗਿਆ ਹੈ।

ਸੰਵਿਧਾਨ ਦੇ ਇਸ ਭਾਗ ਦੇ ਸਮਰਥਕਾਂ ਵੱਲੋਂ ਹੇਠ ਲਿਖੇ ਵਿਚਾਰ ਦਿੱਤੇ ਗਏ ਹਨ–

1. **ਇਤਿਹਾਸਿਕ ਜ਼ਰੂਰਤਾਂ** (Historical Necessity): ਭਾਰਤ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਇਕ ਕਮਜ਼ੋਰ ਕੇਂਦਰ ਸੱਤਾ ਹਮੇਸ਼ਾ ਅਸਥਿਰਤਾ ਅਤੇ ਵਿਖੰ ਡਨ ਦਾ ਕਾਰਨ ਬਣਦੀ ਰਹੀ ਸੀ। ਰਾਸ਼ਟਰੀ ਸੰਕਟ 'ਤੇ ਆਪਾਤਕਾਲੀਨ ਸਥਿਤੀਆਂ ਵਿੱਚ ਰਾਸ਼ਟਰ ਦੀ ਸਥਿਰਤਾ ਅਤੇ ਸੁਰੱਖਿਆ ਦੇ ਲਈ ਸੰਕਟਕਾਲ ਵਿਵਸਥਾਵਾਂ ਦਾ ਸੰਵਿਧਾਨ ਵਿੱਚ ਸ਼ਾਮਿਲ ਕੀਤਾ ਜਾਣਾ ਇਕ ਇਤਿਹਾਸਿਕ ਜ਼ਰੂਰਤ ਹੈ। ਸੰਕਟਕਾਲ ਦੌਰਾਨ ਸ਼ਕਤੀਆਂ ਦੇ ਇਕ ਹੱਥ ਵਿੱਚ ਕੇਂਦਰਿਤ ਕੀਤੇ ਜਾਣ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਆਧਾਰ 'ਤੇ ਪਰਖਣਾਂ ਜ਼ਰੂਰੀ ਹੈ। ਇਨ੍ਹਾਂ ਵਿਵਸਥਾਵਾਂ ਸਬੰਧੀ ਸ਼੍ਰੀ ਵੀ. ਐੱਨ. ਸ਼ੁਕਲਾ ਦਾ ਸੁਝਾਅ ਠੀਕ ਹੈ, "ਇਨ੍ਹਾਂ ਵਿਵਸਥਾਵਾਂ ਦਾ ਅਧਿਐਨ ਭਾਰਤੀ ਇਤਿਹਾਸ ਦੇ ਸਬੰਧ ਵਿੱਚ ਕਰਨਾ ਚਾਹੀਦਾ ਹੈ। ਜਦੋਂ ਕਦੇ ਵੀ ਕੇਂਦਰੀ ਸ਼ਕਤੀ ਕਮਜ਼ੋਰ ਹੋਈ ਸੀ ਤਾਂ ਭਾਰਤ ਨੂੰ ਮਾੜੇ ਦਿਨ ਦੇਖਣੇ ਪਏ ਸੀ।"

2. **ਵਿਅਕਤੀਵਤ ਅਧਿਕਾਰਾਂ ਦੀ ਤੁਲਨਾ ਵਿੱਚ ਰਾਸ਼ਟਰੀ ਸੁਰੱਖਿਆ ਜ਼ਿਆਦਾ ਮਹੱਤਵਪੂਰਨ** (National Security is more important than Individual Rights): ਕਿਸੇ ਵੀ ਦੇਸ਼ ਦੇ ਰਾਸ਼ਟਰ ਹਿੱਤ ਸਰਵਉੱਚ ਹੁੰਦੇ ਹਨ ਅਤੇ ਇਨ੍ਹਾਂ ਦੀ ਰੱਖਿਆ ਲਈ ਵਿਅਕਤੀ ਦੇ ਅਧਿਕਾਰਾਂ ਅਤੇ ਸੁਤੰਤਰਤਾ 'ਤੇ ਰੋਕ ਲਗਾਈ ਜਾ ਸਕਦੀ ਹੈ। ਰਾਸ਼ਟਰੀ ਸੰਕਟ ਦੌਰਾਨ ਅਜਿਹੀਆਂ ਰੋਕਾਂ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੋ ਜਾਂਦੀਆਂ ਹਨ। ਸੰਘਵਾਦ ਬਨਾਮ ਏਕਾਤਮਕਵਾਦ ਦਾ ਮੁੱਦਾ ਵੀ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਅੱਗੇ ਮਹੱਤਵਪੂਰਨ ਨਹੀਂ ਰਹਿੰਦਾ। ਸੰਘਵਾਦ ਜਾਂ ਏਕਾਤਮਕਤਾ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਬਾਅਦ ਦੀਆਂ ਗੱਲਾਂ ਹਨ। "ਜੇਕਰ ਭਾਰਤ ਹੀ ਨਹੀਂ ਰਹੇਗਾ ਤਾਂ ਜਿਊਂਦਾ ਕੌਣ ਰਹੇਗਾ ਅਤੇ ਜੇਕਰ ਭਾਰਤ ਜਿਊਂਦਾ ਹੈ ਤਾਂ ਮਰੇਗਾ ਕੌਣ?" ਕਿਉਂਕਿ ਬਾਹਰਲੇ ਅਤੇ ਅੰਦਰਲੇ ਖਤਰਿਆਂ ਤੋਂ ਦੇਸ਼ ਦੀ ਰੱਖਿਆ ਦੀ ਸ਼ੁਰੂਆਤੀ ਜ਼ਿੰਮੇਵਾਰੀ ਕੇਂਦਰ ਦੀ ਹੈ। ਇਸ ਲਈ ਸੰਕਟਕਾਲ ਸਥਿਤੀ ਤੋਂ ਨਿਪਟਣ ਲਈ ਇਸ ਨੂੰ ਵਿਸ਼ੇਸ਼ ਸ਼ਕਤੀਆਂ ਦੇਣਾ ਪੂਰਨ ਰੂਪ ਵਿੱਚ ਠੀਕ ਹੈ। ਜਿਵੇਂ ਕਿ ਡਾ. ਅੰਬੇਦਕਰ ਨੇ ਕਿਹਾ ਸੀ ਕਿ "ਇਹ ਕੇਵਲ ਕੇਂਦਰ ਹੀ ਹੈ ਜੋ ਸਾਂਝੇ ਉਦੇਸ਼ 'ਤੇ ਸਮੁੱਚਿਤ ਰੂਪ ਵਿੱਚ ਦੇਸ਼ ਦੇ ਆਮ ਹਿੱਤਾਂ ਲਈ ਕੰਮ ਕਰ ਸਕਦਾ ਹੈ। ਸੰਕਟਕਾਲ ਵਿੱਚ ਕੇਂਦਰ ਨੂੰ ਜ਼ਿਆਦਾ ਸ਼ਕਤੀਆਂ ਦੇਣ ਦਾ ਔਚਿਤਯ ਇਸ ਵਿਚਾਰ ਵਿੱਚ ਛੁਪਿਆ ਹੈ।"

3. **ਤਾਨਾਸ਼ਾਹੀ ਦੀ ਸਥਾਪਨਾ ਦੀਆਂ ਬਹੁਤ ਘੱਟ ਸੰਭਾਵਨਾਵਾਂ** (Little Chance for Authoritarianism): ਸੰਵਿਧਾਨ ਅਨੁਸਾਰ ਕੋਈ ਵੀ ਇਕ ਵਿਅਕਤੀ ਸੰਕਟਕਾਲੀਨ ਵਿਵਸਥਾਵਾਂ ਦਾ ਇਸਤੇਮਾਲ ਨਹੀਂ ਕਰ ਸਕਦਾ। ਇਹ ਸ਼ਕਤੀਆ ਰਾਸ਼ਟਰ ਨੂੰ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦਾ ਇਸਤੇਮਾਲ ਉਹ ਕੇਵਲ ਮੰਤਰੀ ਮੰਡਲ ਦੀ ਸਲਾਹ ਨਾਲ ਹੀ ਕਰ ਸਕਦਾ ਹੈ ਜੋ ਕਿ ਲੋਕਤੰਤ੍ਰਿਕ ਢੰਗ ਨਾਲ ਸਥਾਪਿਤ ਜ਼ਿੰਮੇਵਾਰ ਸੰਸਥਾ ਹੁੰਦੀ ਹੈ। ਇਸ ਤੋਂ ਇਲਾਵਾ ਸੰਕਟਕਾਲੀਨ ਸਥਿਤੀ ਸੰਸਦ ਦੀ ਮਨਜ਼ੂਰੀ ਨਾਲ ਹੀ ਲਾਗੂ ਰਹਿ ਸਕਦੀ ਹੈ। ਇਹ ਵਿਵਸਥਾ ਰਾਸ਼ਟਰਪਤੀ ਜਾਂ ਮੰਤਰੀ ਮੰਡਲ ਨੂੰ ਤਾਨਾਸ਼ਾਹ ਬਣਨ ਤੋਂ ਰੋਕਦੀ ਹੈ।

ਨੋਟ

*ਕੀ ਤੁਸੀਂ ਜਾਣਦੇ ਹੋ* ਇਸ ਵਿੱਚ ਕੋਈ ਸ਼ੱਕ ਨਹੀਂ ਕਿ 1975 ਵਿੱਚ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਵੱਲੋਂ ਅਨੁਛੇਦ 352 ਦਾ ਦੁਰਉਪਯੋਗ ਕੀਤਾ ਗਿਆ ਸੀ ਪਰ ਇਨ੍ਹਾਂ ਦੀ ਉਸ ਨੂੰ ਬਹੁਤ ਵੱਡੀ ਕੀਮਤ ਚੁਕਾਉਣੀ ਪਈ ਸੀ ਅਤੇ ਮਾਰਚ 1977 ਵਿੱਚ ਚੋਣਾਂ 'ਚ ਸੱਤਾ ਉਸ ਤੋਂ ਜਾਂਦੀ ਰਹੀ ਸੀ।

41ਵੀਂ ਸੋਧ ਐਕਟ ਪਾਸ ਹੋਣ ਨਾਲ ਅਨੁਛੇਦ 352 ਅਤੇ 356 ਦੇ ਗਲਤ ਇਸਤੇਮਾਲ ਦੇ ਮੌਕਿਆਂ ਨੂੰ ਹੋਰ ਘੱਟ ਕੀਤਾ ਜਾ ਸਕਦਾ ਹੈ ਅਤੇ ਮੌਲਿਕ ਅਧਿਕਾਰਾਂ ਦੇ ਸਥਗਨ ਅਤੇ ਸੰਕਟਕਾਲ ਦੇ ਸ਼ਾਸਨ ਨੂੰ ਲੰਮਾ ਖਿੱਚਣ ਨਾਲ ਸਬੰਧਿਤ ਸ਼ਕਤੀਆਂ ਦੇ ਇਸਤੇਮਾਲ ਦੇ ਘੇਰੇ ਨੂੰ ਸੀਮਿਤ ਕੀਤਾ ਗਿਆ ਹੈ।

4. **ਉਪਯੁਕਤ ਸੁਰੱਖਿਆ ਤਰੀਕੇ** (Adequate Safeguards): ਰਾਸ਼ਟਰਪਤੀ ਨੂੰ ਸੰਕਟਕਾਲੀਨ ਸ਼ਕਤੀਆਂ ਸੌਂਪਦੇ ਸਮੇਂ ਅਨੁਛੇਦ 352, 356 ਅਤੇ 360 ਦੇ ਗਲਤ ਇਸਤੇਮਾਲ ਨੂੰ ਰੋਕਣ ਲਈ ਸੰਵਿਧਾਨ ਵਿੱਚ ਕਈ ਤਰੀਕੇ ਦਰਜ ਕੀਤੇ ਗਏ ਹਨ–

(ਕ) ਰਾਸ਼ਟਰਪਤੀ ਮੰਤਰੀ ਮੰਡਲ ਦੀ ਸਲਾਹ ਮੰਨਣ ਲਈ ਪਾਬੰਦ ਹੁੰਦਾ ਹੈ।

(ਖ) ਮੰਤਰੀ ਮੰਡਲ ਆਪਣੇ ਸਾਰੇ ਫੈਸਲੇ, ਤਰੁਟੀਆਂ ਅਤੇ ਹੁਕਮਾਂ ਲਈ ਅੰਤਿਮ ਰੂਪ ਵਿੱਚ ਲੋਕਾਂ ਅਤੇ ਪ੍ਰਤੱਖ ਰੂਪ ਵਿੱਚ ਸੰਸਦ ਦੇ ਸਾਹਮਣੇ ਜ਼ਿੰਮੇਵਾਰ ਹੁੰਦਾ ਹੈ।

(ਗ) ਰਾਸ਼ਟਰਪਤੀ ਮੰਤਰੀ ਮੰਡਲ ਨੂੰ ਲਿਖਤੀ ਸਿਫਾਰਸ਼ਾਂ ਮਿਲਣ 'ਤੇ ਹੀ ਅਨੁਛੇਦ 352 ਦੇ ਅਧੀਨ ਸੰਕਟਕਾਲ ਦੀ ਘੋਸ਼ਣਾ ਕਰ ਸਕਦਾ ਹੈ।

(ਘ) ਕਿਸੇ ਵੀ ਤਰ੍ਹਾ ਦੇ ਸੰਕਟਕਾਲ ਦੀ ਘੋਸ਼ਣਾ ਨੂੰ ਇਕ ਨਿਰਧਾਰਿਤ ਸਮੇਂ ਵਿੱਚ ਸੰਸਦ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ।

(ਙ) ਸੰਕਟਕਾਲ ਲਾਗੂ ਰਹਿਣ ਦਾ ਜ਼ਿਆਦਾ ਤੋਂ ਜ਼ਿਆਦਾ ਸਮੇਂ ਨਿਰਧਾਰਿਤ ਕੀਤਾ ਗਿਆ ਹੈ। 44ਵੀਂ ਸੋਧ ਨੇ ਰਾਸ਼ਟਰਪਤੀ ਦੇ ਸੰਕਟਕਾਲ ਦਾ ਸਮਾਂ ਵਧਾਏ ਜਾਣ ਦੀਆਂ ਸ਼ਕਤੀਆਂ 'ਤੇ ਕਈ ਰੋਕਾਂ ਲਗਾਈਆਂ ਹਨ।

(ਚ) ਲੋਕ ਸਭਾ ਦੇ 10% ਪ੍ਰਤੀਸ਼ਤ ਮੈਂਬਰ ਲੋਕ ਸਭਾ ਦਾ ਅਧਿਵੇਸ਼ਨ ਬੁਲਾਉਣ ਦੀ ਮੰਗ ਨਾਲ ਅਨੁਛੇਦ 352 ਦੇ ਅਧੀਨ ਲਗਾਏ ਗਏ ਸੰਕਟਕਾਲ ਨੂੰ ਖਤਮ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੇ ਹਨ। ਲੋਕ ਸਭਾ ਦਾ ਅਜਿਹਾ ਅਧਿਵੇਸ਼ਨ ਅਜਿਹੇ ਸੰਕਟਕਾਲ ਨੂੰ ਖਤਮ ਕਰਨ ਦੇ ਲਈ ਸਧਾਰਣ ਬਹੁਮਤ ਨਾਲ ਪ੍ਰਸਤਾਵ ਪਾਸ ਕਰ ਸਕਦਾ ਹੈ ਅਤੇ ਉਸ ਤੋਂ ਬਾਅਦ ਸੰਕਟਕਾਲ ਲਾਗੂ ਨਹੀਂ ਰਹਿੰਦਾ।

(ਛ) ਹੁਣ ਅਨੁਛੇਦ 20 ਅਤੇ 21 ਦੇ ਅਧੀਨ ਵਿਅਕਤੀਗਤ ਸੁਤੰਤਰਤਾ ਦੇ ਅਧਿਕਾਰ ਨੂੰ ਸੰਕਟਕਾਲ ਦੌਰਾਨ ਵੀ ਰੱਦ ਨਹੀਂ ਕੀਤਾ ਜਾ ਸਕਦਾ।

(ਜ) ਅਨੁਛੇਦ 356 ਦੇ ਅਧੀਨ ਲਗਾਏ ਗਏ ਸੰਕਟਕਾਲ ਦੇ ਦੌਰਾਨ ਇਕ ਚੌਕਸ ਅਤੇ ਸਾਵਧਾਨ ਰਾਸ਼ਟਰਪਤੀ ਅਨੁਛੇਦ 356 ਦੇ ਨਾਲ-ਨਾਲ ਰਾਜਪਾਲ ਦੇ ਅਹੁਦੇ ਦੇ ਰਾਜਨੀਤਿਕ ਇਸਤੇਮਾਲ/ਗਲਤ ਇਸਤੇਮਾਲ ਨੂੰ ਰੋਕਣ ਲਈ ਆਪਣੇ ਉੱਚੇ ਅਹੁਦੇ ਦਾ ਸਫਲਤਾਪੂਰਵਕ ਇਸਤੇਮਾਲ ਕਰ ਸਕਦਾ ਹੈ।

(ਝ) ਮਾਰਚ 1994 ਵਿੱਚ ਸਰਵਉੱਚ ਅਦਾਲਤ ਵੱਲੋਂ ਇਕ ਇਤਿਹਾਸਿਕ ਫੈਸਲਾ ਦਿੱਤੇ ਜਾਣ ਦੇ ਬਾਅਦ ਹੁਣ ਸੰਕਟਕਾਲੀਨ ਘੋਸ਼ਣਾਵਾਂ ਨੂੰ ਸਰਵਉੱਚ ਅਦਾਲਤ ਦੇ ਸਾਹਮਣੇ ਚੁਣੌਤੀ ਦਿੱਤੀ ਜਾ ਸਕਦੀ ਹੈ ਅਤੇ ਸਰਵਉੱਚ ਅਦਾਲਤ ਇਨ੍ਹਾਂ ਦੀ ਸੰਵਿਧਾਨਕਤਾ ਦੀ ਪਰਖ ਕਰ ਸਕਦਾ ਹੈ।

5. **ਰਾਸ਼ਟਰਪਤੀ ਦੇ ਵਿਰੁੱਧ ਮਹਾਂਭਿਯੋਗ ਦੀ ਵਿਵਸਥਾ** (Provision for the Impeachment of the President): ਸੰਵਿਧਾਨਿਕ ਵਿਵਸਥਾਵਾਂ ਦਾ ਗਲਤ ਇਸਤੇਮਾਲ ਜਾਂ ਉਲੰਘਣ ਕਰਨ ਦੀ ਸਥਿਤੀ ਵਿੱਚ ਰਾਸ਼ਟਰਪਤੀ ਨੂੰ ਸੰਸਦ ਵੱਲੋਂ ਮਹਾਂਭਿਯੋਗ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੰਕਟਕਾਲੀਨ ਵਿਵਸਥਾਵਾਂ ਦਾ ਗਲਤ ਇਸਤੇਮਾਲ ਸੰਸਦ ਨੂੰ ਮਜਬੂਰ ਕਰ ਸਕਦਾ ਹੈ ਕਿ ਉਹ ਰਾਸ਼ਟਰਪਤੀ ਦੇ ਵਿਰੁੱਧ ਸੰਵਿਧਾਨ ਦੇ ਉਲੰਘਣ ਦਾ ਦੋਸ਼ ਲਗਾਏ ਜਾਣ ਅਤੇ ਮਹਾਂਭਿਯੋਗ ਪ੍ਰਸਤਾਵ ਪਾਸ ਕਰਨ ਨੂੰ ਪਹਿਲ ਦੇਵੇ।

6. **ਵਿੱਤੀ ਸੰਕਟਕਾਲ ਨਾਲ ਸਬੰਧਿਤ ਵਿਵਸਥਾਵਾਂ ਵੀ ਠੀਕ ਹਨ** (Provisions regarding Financial Emergency are also justified): ਰਾਸ਼ਟਰੀ ਵਿੱਤੀ ਸੰਕਟ ਨੂੰ ਦੇਖਦੇ ਹੋਏ ਕੋਈ ਵੀ ਕਠੋਰ ਆਰਥਿਕ ਕਦਮ ਚੁੱਕੇ ਜਾਣ ਦੀ ਜ਼ਰੂਰਤ ਤੋਂ ਇਨਕਾਰ ਨਹੀਂ ਕਰ ਸਕਦਾ। ਵਿੱਤੀ ਸਥਿਰਤਾ ਅਤੇ ਭਾਰਤ ਦੀ ਭਰੋਸੇਯੋਗਤਾ ਨੂੰ ਪੇਸ਼ ਆਏ ਸੰਕਟ ਨਾਲ ਨਿਪਟਣ ਲਈ ਪ੍ਰਭਾਵਸ਼ਾਲੀ

ਕਦਮ ਚੁੱਕਣ ਦੇ ਲਈ ਵਿੱਤੀ ਸੰਕਟਕਾਲ ਲਗਾਉਣ ਦਾ ਅਧਿਕਾਰ ਦੇਣਾ ਇਕ ਠੀਕ ਵਿਵਸਥਾ ਹੈ। ਭੌਤਿਕ ਜਾਂ ਰਾਜਨੀਤਿਕ ਜਾਂ ਵਿੱਤੀ ਰੂਪ ਵਿੱਚ ਦੇਸ਼ ਵਿੱਚ ਪੈਦਾ ਹੋਏ ਸੰਕਟ ਤੋਂ ਦੇਸ਼ ਨੂੰ ਸਮੂਹਿਕ ਰੂਪ ਵਿੱਚ ਨਿਪਟਣਾ ਹੁੰਦਾ ਹੈ ਅਤੇ ਇਸ ਦਿਸ਼ਾ ਵਿੱਚ ਕੇਂਦਰ ਸਰਕਾਰ 'ਤੇ ਜ਼ਿੰਮੇਵਾਰੀ ਪਾਉਣਾ ਇਕ ਪ੍ਰਕਿਰਤਿਕ ਜ਼ਰੂਰਤ ਹੈ।

ਇਨ੍ਹਾਂ ਸਾਰੇ ਤੱਤਾਂ ਦੇ ਆਧਾਰ 'ਤੇ ਬਹੁਤ ਸਾਰੇ ਵਿਦਵਾਨ ਸੰਕਟਕਾਲ ਵਿਵਸਥਾਵਾਂ ਦੀ ਹੋਂਦ ਅਤੇ ਉਨ੍ਹਾਂ ਦੇ ਜਾਰੀ ਰਹਿਣ ਨੂੰ ਠੀਕ ਠਹਿਰਾਉਂਦੇ ਹਨ ਜਿਨ੍ਹਾਂ ਵੱਲੋਂ ਭਾਰਤ ਦੇ ਰਾਸ਼ਟਰਪਤੀ ਨੂੰ ਇਹ ਅਧਿਕਾਰ ਮਿਲਦੇ ਹਨ ਕਿ ਉਹ ਤਿੰਨ ਤਰ੍ਹਾ ਦੀਆਂ ਸੰਕਟਕਾਲੀਨ ਸਥਿਤੀਆਂ ਵੱਲੋਂ ਪੈਦਾ ਕੀਤੇ ਖਤਰੇ ਨਾਲ ਨਿਪਟਣ ਲਈ ਵਿਆਪਕ ਅਤੇ ਦ੍ਰਿੜ ਸ਼ਕਤੀਆਂ ਦਾ ਇਸਤੇਮਾਲ ਕਰੇ।

**ਸਿੱਟਾ** (Conclusion): ਸਿੱਟੇ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸੰਵਿਧਾਨ ਵਿੱਚ XVIII ਭਾਗ ਦੇ ਸ਼ਾਮਿਲ ਕੀਤੇ ਜਾਣੇ ਰਾਸ਼ਟਰਪਤੀ ਨੂੰ ਸੰਕਟਕਾਲੀਨ ਸ਼ਕਤੀਆਂ ਦੇਣ ਦੇ ਪਿੱਛੇ ਉਦੇਸ਼ "ਇਕ ਲੋਕਤੰਤ੍ਰਿਕ ਦੇਸ਼ ਦੇ ਰੂਪ ਵਿੱਚ ਭਾਰਤ ਦੀ ਸੁਰੱਖਿਆ, ਏਕਤਾ ਅਤੇ ਸਥਿਰਤਾ ਨੂੰ ਸੁਰੱਖਿਅਤ ਰੱਖਣਾ ਹੈ।" ਸੰਕਟਕਾਲੀਨ ਸ਼ਕਤੀਆਂ ਉਨ੍ਹਾਂ ਕੌੜੀਆਂ ਗੋਲੀਆਂ ਜਾਂ ਸਰਜੀਕਲ ਆਪ੍ਰੇਸ਼ਨ ਦੇ ਬਰਾਬਰ ਹਨ ਜੋ ਕਿਸੇ ਨੂੰ ਆਪਣੀ ਸੁਰੱਖਿਆ ਅਤੇ ਵਿਕਾਸ ਦੇ ਮਹਾਨ ਉਦੇਸ਼ ਦੇ ਹਿੱਤ ਵਿੱਚ ਹਮੇਸ਼ਾ ਸਵੀਕਾਰ ਕਰਨ ਜਾਂ ਸਹਿਣ ਕਰਨੇ ਪੈਂਦੇ ਹਨ। ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਯੁੱਧ, ਹਮਲਿਆਂ, ਯੁੱਧ ਜਾਂ ਹਮਲਿਆਂ ਦੇ ਖਤਰੇ, ਅੰਦਰਲੇ ਸ਼ਸਤਰ ਵਿਦਰੋਹ ਅਤੇ ਵਿੱਤੀ ਸੰਕਟ ਵਰਗੇ ਸੰਕਟਕਾਲ ਅਤੇ ਹਾਨੀਕਾਰਕ ਸਥਿਤੀ ਦੇ ਕਾਰਨ ਪੈਦਾ ਹੋਏ ਤਣਾਅ ਅਤੇ ਦਬਾਅ ਨਾਲ ਨਿਪਟਣ ਲਈ ਹਨ। ਇਨ੍ਹਾਂ ਸ਼ਕਤੀਆਂ ਦਾ ਇਸਤੇਮਾਲ ਸਧਾਰਣ ਸਥਿਤੀ ਸਥਾਪਿਤ ਕਰਨ ਦੇ ਲਈ ਦੁੱਖਦਾਈ ਸਥਿਤੀ ਨਾਲ ਨਿਪਟਣ ਲਈ ਕੀਤੇ ਜਾਣ ਦੀ ਵਿਵਸਥਾ ਹੈ। ਇਸ ਉਦੇਸ਼ ਲਈ ਸੰਕਟਕਾਲੀਨ ਸ਼ਕਤੀਆਂ ਦੇ ਇਸਤੇਮਾਲ ਦੀ ਕਿਸੇ ਵੱਲੋਂ ਵਿਰੋਧਤਾ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਕੀਤੀ ਜਾਣੀ ਚਾਹੀਦੀ ਹੈ।

ਪਰ ਇਨ੍ਹਾਂ ਸ਼ਕਤੀਆਂ ਨੂੰ ਠੀਕ ਠਹਿਰਾਉਂਦੇ ਹੋਏ ਕੋਈ ਵੀ ਇਨ੍ਹਾਂ ਸ਼ਕਤੀਆਂ ਦੇ ਸੰਭਾਵਿਤ ਖਤਰਨਾਕ ਪ੍ਰਭਾਵਾਂ ਨੂੰ ਅੱਖਾਂ ਤੋਂ ਓਹਲੇ ਨਹੀਂ ਕਰ ਸਕਦਾ। ਕੋਈ ਵੀ ਵਿਅਕਤੀ ਉਨ੍ਹਾਂ ਸੰਭਾਵਿਤ ਮਾੜੇ ਪ੍ਰਭਾਵਾਂ ਨੂੰ ਉਪੇਕਸ਼ਿਤ ਨਹੀਂ ਕਰ ਸਕਦਾ ਜੋ ਆਪਣੇ ਸੰਕੀਰਣ ਪ੍ਰਭਾਵ ਜਾਂ ਵਿਸ਼ੇਸ਼ ਵਰਗ ਨਾਲ ਸਬੰਧਿਤ ਲਕਸ਼ਾਂ ਦੀ ਪ੍ਰਾਪਤੀ ਲਈ ਇਨ੍ਹਾਂ ਸ਼ਕਤੀਆਂ ਦੀ ਵਾਰ-ਵਾਰ ਅਨਿਯਮਿਤ ਅਤੇ ਤਾਨਾਸ਼ਾਹੀ ਢੰਗ ਨਾਲ ਇਸਤੇਮਾਲ ਵੱਲੋਂ ਨਿਕਲ ਸਕਦੇ ਹਨ। ਬਿਨਾਂ ਸ਼ੱਕ 44ਵੀਂ ਸੋਧ ਨਾਲ ਗਲਤ ਜਾਂ ਸ਼ਕਤੀਆਂ ਦੇ ਇਸਤੇਮਾਲ ਨਾਲ ਪੈਦਾ ਹੋਣ ਵਾਲੀਆਂ ਸੰਭਾਵਿਤ ਹਾਨੀਆਂ ਨੂੰ ਸੀਮਿਤ ਕਰਨ ਲਈ ਕਈ ਚੰਗੇ ਕਦਮ ਚੁੱਕੇ ਗਏ ਹਨ ਪਰ ਅੱਜ ਵੀ ਇਸ ਗੱਲ ਦੀ ਦ੍ਰਿੜ ਜ਼ਰੂਰਤ ਹੈ ਕਿ ਸੱਤਾਧਾਰੀ ਰਾਜਨੀਤਿਕ ਦਲ ਜਾਂ ਗਠਬੰਧਨ ਨੂੰ ਇਨ੍ਹਾਂ ਸ਼ਕਤੀਆਂ ਦੇ ਦੁਰਉਪਯੋਗ ਦੇ ਵਿਰੁੱਧ ਰੋਕਿਆ ਜਾਵੇ। ਇਸ ਲਈ ਦ੍ਰਿੜ ਜਨਮਤ ਅਤੇ ਨਾਗਰਿਕ ਸਮਾਜ ਅਤੇ ਹੋਂਦ ਜ਼ਰੂਰੀ ਹੈ। ਅਮਰ ਨੰਦੀ ਨੇ ਠੀਕ ਹੀ ਚੌਕੰਨਾ ਕੀਤਾ ਹੈ ਕਿ, "ਇਹ ਸ਼ਕਤੀਆ ਭਰੀ ਹੋਈ ਬੰਦੂਕ ਹਨ ਜਿਨ੍ਹਾਂ ਦਾ ਇਸਤੇਮਾਲ ਦੋਨਾਂ ਤਰ੍ਹਾਂ ਨਾਲ ਨਾਗਰਿਕਾਂ ਦੀ ਰੱਖਿਆ ਜਾਂ ਫਿਰ ਸੁਤੰਤਰਤਾ ਖਤਮ ਕਰਨ ਲਈ ਹੋ ਸਕਦਾ ਹੈ। ਇਸ ਲਈ ਬੰਦੂਕ ਦਾ ਇਸਤੇਮਾਲ ਬਹੁਤ ਹੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ।" ਸੰਕਟਕਾਲੀਨ ਵਿਵਸਥਾਵਾਂ ਰਾਸ਼ਟਰੀ ਹਿੱਤਾਂ ਦੀ ਸੁਰੱਖਿਆ ਲਈ ਵਿਸ਼ੇਸ਼ ਤਰ੍ਹਾਂ ਦੀਆਂ ਸਥਿਤੀਆਂ ਵਿੱਚ ਇਸਤੇਮਾਲ ਦੇ ਲਈ ਹਨ। ਇਨ੍ਹਾਂ ਵਿਵਸਥਾਵਾਂ ਨੂੰ ਰੋਕਣ ਦੀ ਜ਼ਰੂਰਤ ਹੈ ਨਾ ਕਿ ਇਨ੍ਹਾਂ ਨੂੰ ਸੰਵਿਧਾਨ ਵਿੱਚੋਂ ਖਤਮ ਕਰਨ ਦੀ।

**ਸਵ-ਮੁਲਾਂਕਣ (Self Assessment)**

ਹੇਠ ਲਿਖੇ ਕਥਨਾਂ ਵਿੱਚੋਂ ਸੱਚ/ਝੂਠ ਦੱਸੋ (Write True/False in the following statements):

13. ਰਾਸ਼ਟਰੀ ਸੰਕਟ 'ਤੇ ਆਪਾਤਕਾਲੀਨ ਸਥਿਤੀਆਂ ਵਿੱਚ ਰਾਸ਼ਟਰ ਦੀ ਸਥਿਰਤਾ ਅਤੇ ਸੁਰੱਖਿਆ ਲਈ ਸੰਕਟਕਾਲ ਵਿਵਸਥਾਵਾਂ ਦਾ ਸੰਵਿਧਾਨ ਵਿੱਚ ਸ਼ਾਮਿਲ ਕੀਤਾ ਜਾਣਾ ਇਕ ਇਤਿਹਾਸਿਕ ਜ਼ਰੂਰਤ ਹੈ।
14. ਰਾਸ਼ਟਰਪਤੀ ਨੂੰ ਸੰਸਦ ਵੱਲੋਂ ਮਹਾਭਿਯੋਗ ਦਾ ਸਾਹਮਣਾ ਨਹੀਂ ਕਰਨਾ ਪੈਂਦਾ।
15. ਰਾਸ਼ਟਰਪਤੀ ਨੂੰ ਆਪਾਤਕਾਲੀਨ ਸ਼ਕਤੀਆਂ ਪ੍ਰਾਪਤ ਹਨ।

## 5.6 ਭਾਰਤ ਦਾ ਉੱਪ-ਰਾਸ਼ਟਰਪਤੀ (Vice-President of India)

ਸੰਵਿਧਾਨ ਦੇ ਅਨੁਛੇਦ 63 ਨਾਲ ਉੱਪ-ਰਾਸ਼ਟਰਪਤੀ ਦੇ ਅਹੁਦੇ ਦੀ ਵਿਵਸਕਾ ਕੀਤੀ ਗਈ ਹੈ। ਇਸ ਅਹੁਦੇ ਦੀ ਵਿਵਸਥਾ ਅੰਰਭਿਕ ਰੂਪ ਵਿੱਚ ਰਾਸ਼ਟਰਪਤੀ ਦੇ ਅਹੁਦੇ ਦੇ ਅਸਥਾਈ ਜਾਂ ਸਥਾਈ ਰੂਪ ਵਿੱਚ ਅਚਾਨਕ ਅਹੁਦਾ ਖਾਲੀ ਹੋਣ ਦੀ ਪੂਰਤੀ ਲਈ ਕੀਤੀ ਗਈ ਹੈ।

ਉੱਪ-ਰਾਸ਼ਟਰਪਤੀ ਦੇ ਅਹੁਦੇ ਦੀ ਵਿਵਸਥਾ ਕਰਦੇ ਸਮੇਂ ਸੰਵਿਧਾਨ ਨਿਰਮਾਤਾ ਅਮਰੀਕੀ ਸੰਵਿਧਾਨ ਨਾਲ ਪ੍ਰਭਾਵਿਤ ਹੋਏ ਸਨ, ਜਿਸ ਵਿੱਚ ਉੱਪ-ਰਾਸ਼ਟਰਪਤੀ ਦੇ ਅਹੁਦੇ ਦੀ ਵਿਵਸਥਾ ਹੈ ਜੋ ਮੌਤ, ਤਿਆਗ-ਪੱਤਰ ਜਾਂ ਮਹਾਭਿਯੋਗ ਦੇ ਕਾਰਨ ਰਾਸ਼ਟਰਪਤੀ ਦੇ ਅਹੁਦੇ ਖਾਲੀ ਹੋ ਜਾਣ ਦੀ ਸਥਿਤੀ ਵਿੱਚ ਰਾਸ਼ਟਰਪਤੀ ਬਣ ਜਾਂਦਾ ਹੈ। ਮੌਲਿਕ ਰੂਪ ਵਿੱਚ ਇਸੇ ਉਦੇਸ਼ ਲਈ ਭਾਰਤੀ ਸੰਵਿਧਾਨ

ਨੋਟ

ਵਿੱਚ ਵੀ ਉੱਪ-ਰਾਸ਼ਟਰਪਤੀ ਦੇ ਅਹੁਦੇ ਦੀ ਵਿਵਸਥਾ ਕੀਤੀ ਗਈ ਹੈ ਪਰ ਅਮਰੀਕਾ ਵਿੱਚ ਜਦੋਂ ਰਾਸ਼ਟਰਪਤੀ ਦਾ ਅਹੁਦਾ ਖਾਲੀ ਹੋ ਜਾਂਦਾ ਹੈ ਤਾਂ ਉੱਪ-ਰਾਸ਼ਟਰਪਤੀ ਰਾਸ਼ਟਰਪਤੀ ਬਣ ਜਾਂਦਾ ਹੈ, ਜਦੋਂ ਕਿ ਭਾਰਤ ਵਿੱਚ ਉੱਪ-ਰਾਸ਼ਟਰਪਤੀ ਕੇਵਲ ਕਾਰਵਾਈ ਰਾਸ਼ਟਰਪਤੀ (Acting President) ਹੀ ਬਣਦਾ ਹੈ। ਅਜਿਹੀ ਸਥਿਤੀ ਵਿੱਚ ਨਵੇਂ ਰਾਸ਼ਟਰਪਤੀ ਦੀ ਚੋਣ 6 ਮਹੀਨੇ ਦੇ ਅੰਦਰ-ਅੰਦਰ ਕੀਤੀ ਜਾਣੀ ਜ਼ਰੂਰੀ ਹੁੰਦੀ ਹੈ। ਅਮਰੀਕਾ ਵਿੱਚ ਰਾਸ਼ਟਰਪਤੀ ਦੇ ਬਾਕੀ ਕਾਰਜਕਾਲ ਲਈ ਉੱਪ-ਰਾਸ਼ਟਰਪਤੀ ਹੀ ਰਾਸ਼ਟਰਪਤੀ ਬਣ ਸਕਦਾ ਹੈ। ਬਿਮਾਰੀ ਜਾਂ ਹੋਰ ਕਿਸੇ ਕਾਰਨ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਅਸਥਾਈ ਰੂਪ ਵਿੱਚ ਖਾਲੀ ਹੋਣ ਦੀ ਸਥਿਤੀ 'ਚ ਭਾਰਤੀ ਉੱਪ-ਰਾਸ਼ਟਰਪਤੀ ਦੇ ਬਰਾਬਰ ਅਮਰੀਕੀ ਉੱਪ-ਰਾਸ਼ਟਰਪਤੀ ਵੀ ਕੇਵਲ ਕਾਰਜਵਾਹਕ ਰਾਸ਼ਟਰਪਤੀ ਬਣਦਾ ਹੈ।

ਭਾਰਤ ਵਿੱਚ ਉੱਪ-ਰਾਸ਼ਟਰਪਤੀ ਦੇ ਅਹੁਦੇ ਨਾਲ ਸਬੰਧਿਤ ਮੁੱਖ ਵਿਵਸਥਾਵਾਂ 'ਤੇ ਹੇਠ ਲਿਖੇ ਅਨੁਸਾਰ ਚਰਚਾ ਕੀਤੀ ਜਾ ਸਕਦੀ ਹੈ-

(ਕ) **ਉੱਪ-ਰਾਸ਼ਟਰਪਤੀ ਦੇ ਅਹੁਦੇ ਲਈ ਯੋਗਤਾਵਾਂ (Qualification for the Office of the Vice-President)**

1. ਉਹ ਭਾਰਤ ਦਾ ਨਾਗਰਿਕ ਹੋਵੇ।
2. ਉਸ ਦੀ ਉਮਰ 35 ਸਾਲ ਤੋਂ ਘੱਟ ਨਾ ਹੋਵੇ।
3. ਉਸ ਕੋਲ ਇਹ ਸਾਰੀਆਂ ਯੋਗਤਾਵਾਂ ਹੋਣ ਜੋ ਉਸ ਨੂੰ ਰਾਜ ਸਭਾ ਦਾ ਮੈਂਬਰ ਬਨਾਉਣ ਦੇ ਯੋਗ ਬਣਾਉਂਦੀ ਹੋਣ।
4. ਉਸ ਕੋਲ ਕੇਂਦਰ ਜਾਂ ਰਾਜ ਸਰਕਾਰ ਵਿੱਚ ਕੋਈ ਲਾਭਕਾਰੀ ਅਹੁਦਾ ਨਾ ਹੋਵੇ ਪਰ ਰਾਸ਼ਟਰਪਤੀ, ਉੱਪ-ਰਾਸ਼ਟਰਪਤੀ ਜਾਂ ਕੇਂਦਰ ਜਾਂ ਰਾਜ ਦੇ ਮੰਤਰੀ ਦੇ ਪਦ 'ਤੇ ਕੰਮ ਕਰਨ ਵਾਲਿਆਂ ਨੂੰ ਇਸ ਤੋਂ ਛੂਟ ਪ੍ਰਾਪਤ ਰਹਿੰਦੀ ਹੈ।
5. ਉਹ ਸੰਸਦ ਦੇ ਕਿਸੇ ਵੀ ਸਦਨ ਜਾਂ ਕਿਸੇ ਵੀ ਰਾਜ ਵਿਧਾਨ ਸਭਾ ਦਾ ਮੈਂਬਰ ਨਾ ਹੋਵੇ ਜੇਕਰ ਸੰਘੀ ਸੰਸਦ, ਰਾਜ ਵਿਧਾਨ ਪਾਲਿਕਾ ਜਾਂ ਸੰਸਦ ਦਾ ਕੋਈ ਮੈਂਬਰ ਉੱਪ-ਰਾਸ਼ਟਰਪਤੀ ਚੁਣਿਆ ਜਾਂਦਾ ਹੈ ਤਾਂ ਉਸ ਨੂੰ ਅਹੁਦਾ ਸੰਭਾਲਣ ਤੋਂ ਪਹਿਲਾਂ ਆਪਣੀ ਸਦਨ ਦੀ ਮੈਂਬਰਸ਼ਿਪ ਤੋਂ ਤਿਆਗ-ਪੱਤਰ ਦੇਣਾ ਪੈਂਦਾ ਹੈ।

(ਖ) **ਚੋਣ** (Election): ਉੱਪ ਰਾਸ਼ਟਰਪਤੀ ਦੀ ਚੋਣ ਇਕਹਰੀ ਪਰਿਵਰਤਨਸ਼ੀਲ ਵੋਟ ਪ੍ਰਣਾਲੀ ਵੱਲੋਂ ਅਨੁਪਾਤਿਕ ਪ੍ਰਤੀਨਿਧਤਾ ਅਨੁਸਾਰ ਸੰਸਦ ਦੇ ਦੋਵਾਂ ਸਦਨਾਂ ਦੇ ਮੈਂਬਰਾਂ ਵੱਲੋਂ ਕੀਤੀ ਜਾਂਦੀ ਹੈ। ਮਤਦਾਨ ਹਮੇਸ਼ਾ ਹੁੰਦਾ ਹੈ। ਇਹ ਜ਼ਰੂਰੀ ਨਹੀਂ ਹੁੰਦਾ ਕਿ ਦੋਵਾਂ ਸਦਨਾਂ ਦੀ ਬੈਠਕ ਸਾਂਝੀ ਹੋਵੇ। ਉੱਪ-ਰਾਸ਼ਟਰਪਤੀ ਦੀ ਚੋਣ ਨੂੰ ਵੀ ਇਸ ਆਧਾਰ 'ਤੇ ਰੱਦ ਨਹੀਂ ਕੀਤਾ ਜਾ ਸਕਦਾ ਕਿ ਸੰਸਦ ਦੀ ਕੁਝ ਸੀਟਾਂ ਹਾਲੇ ਖਾਲੀ ਹਨ।

ਅਗਸਤ 1997 ਵਿੱਚ ਉੱਪ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਹੋਈ। ਦੋ ਉਮੀਦਵਾਰ ਸਨ, ਸ਼੍ਰੀ ਕ੍ਰਿਸ਼ਨਕਾਂਤ ਅਤੇ ਸ਼੍ਰੀ ਸੁਰਜੀਤ ਸਿੰਘ ਬਰਨਾਲਾ। ਸ਼੍ਰੀ ਕ੍ਰਿਸ਼ਨ ਕਾਂਤ ਨੇ 441 ਵੋਟ ਪ੍ਰਾਪਤ ਕਰਕੇ ਜਿੱਤ ਪ੍ਰਾਪਤ ਕੀਤੀ ਅਤੇ ਸ਼੍ਰੀ ਸੁਰਜੀਤ ਸਿੰਘ ਬਰਨਾਲਾ ਨੂੰ 273 ਵੋਟ ਹੀ ਮਿਲੇ। 21 ਅਗਸਤ 1997 ਨੂੰ ਸ਼੍ਰੀ ਕ੍ਰਿਸ਼ਨਕਾਂਤ ਨੇ ਦੇਸ਼ ਦੇ 10ਵੇਂ ਉੱਪ ਰਾਸ਼ਟਰਪਤੀ ਦੇ ਰੂਪ ਵਿੱਚ ਅਹੁਦਾ ਸੰਭਾਲਿਆ ਅਤੇ ਜੁਲਾਈ 2002 ਵਿੱਚ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਦਾ ਦਿਹਾਂਤ ਹੋ ਗਿਆ। ਇਸ ਲਈ ਅਗਸਤ 2002 ਵਿੱਚ ਉੱਪ ਰਾਸ਼ਟਰਪਤੀ ਦੇ ਅਹੁਦੇ ਲਈ ਦੁਬਾਰਾ ਚੋਣਾਂ ਹੋਈਆਂ ਅਤੇ ਸ਼੍ਰੀ ਭੈਰੋ ਸਿੰਘ ਸ਼ੇਖਾਵਤ ਉੱਪ ਰਾਸ਼ਟਰਪਤੀ ਚੁਣੇ ਗਏ। ਵਰਤਮਾਨ ਸਮੇਂ ਵਿੰਚ ਹਾਮਿਦ ਅੰਸਾਰੀ ਭਾਰਤ ਦੇ ਉੱਪ ਰਾਸ਼ਟਰਪਤੀ ਹਨ।

(ਗ) **ਕਾਰਜਕਾਲ** (Term): ਉੱਪ ਰਾਸ਼ਟਰਪਤੀ ਦੀ ਚੋਣ 5 ਸਾਲ ਲਈ ਕੀਤੀ ਜਾਂਦੀ ਹੈ, ਉਹ ਦੁਬਾਰਾ ਵੀ ਚੁਣਿਆ ਜਾ ਸਕਦਾ ਹੈ। ਉਹ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਆਪਣੇ ਅਹੁਦੇ ਤੋਂ ਤਿਆਗ-ਪੱਤਰ ਵੀ ਦੇ ਸਕਦਾ ਹੈ ਜਿਵੇਂ ਕਿ 1969 ਵਿੱਚ ਸ਼੍ਰੀ ਵੀ. ਵੀ. ਗਿਰੀ ਨੇ ਕੀਤਾ ਸੀ। ਉਸ ਵੱਲੋਂ ਆਪਣਾ ਤਿਆਗ ਪੱਤਰ ਰਾਸ਼ਟਰਪਤੀ ਨੂੰ ਭੇਜਿਆ ਜਾਂਦਾ ਹੈ।

(ਘ) **ਖਾਲੀ ਪਦ ਦੀ ਪੂਰਤੀ** (Filling of a Vacancy): ਸੰਵਿਧਾਨ ਦੇ ਅਨੁਸਾਰ ਮੌਤ, ਤਿਆਗ-ਪੱਤਰ ਨਾਲੋਂ ਅਲੱਗ ਕਰ ਦਿੱਤੇ ਜਾਣ ਜਾਂ ਹੋਰ ਕਿਸੇ ਕਾਰਨ ਨਾਲ ਖਾਲੀ ਹੋਇਆ ਉੱਪ-ਰਾਸ਼ਟਰਪਤੀ ਦਾ ਅਹੁਦਾ ਜਿੰਨੀ ਜਲਦੀ ਸੰਭਵ ਹੋਵੇ, ਭਰਨਾ ਹੁੰਦਾ ਹੈ ਪਰ 6 ਮਹੀਨੇ ਦੇ ਅੰਦਰ-ਅੰਦਰ ਹੀ ਅਜਿਹਾ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ। ਇਸ ਤਰ੍ਹਾਂ ਉੱਪ-ਰਾਸ਼ਟਰਪਤੀ ਦੇ ਅਹੁਦੇ ਲਈ ਚੁਣੇ ਵਿਅਕਤੀ ਪੂਰੇ 5 ਸਾਲ ਦੇ ਕਾਰਜਕਾਲ ਲਈ ਚੁਣਿਆ ਜਾਂਦਾ ਹੈ। ਉਸ ਦਾ ਕਾਰਜਕਾਲ ਅਹੁਦਾ ਸੰਭਾਲਣ ਦੀ ਮਿਤੀ ਨਾਲ ਆਰੰਭ ਹੁੰਦਾ ਹੈ।

ਉੱਪ-ਰਾਸ਼ਟਰਪਤੀ ਦੀ ਚੋਣ ਨਾਲ ਸਬੰਧਿਤ ਪੈਦਾ ਹੋਏ ਸਾਰੇ ਝਗੜਿਆਂ ਦੀ ਸੁਣਵਾਈ ਕੇਵਲ ਭਾਰਤ ਦੀ ਸਰਵਉੱਚ ਅਦਾਲਤ ਵਿੱਚ ਕੀਤੀ ਜਾ ਸਕਦੀ ਹੈ ਅਤੇ ਇਸ ਨਾਲ ਸਬੰਧਿਤ ਉਸ ਦਾ ਫੈਸਲਾ ਅਖੀਰਲਾ ਹੁੰਦਾ ਹੈ।

(ਙ) **ਅਹੁਦੇ ਤੋਂ ਹਟਾਉਣ ਦਾ ਢੰਗ** (Method of Removal): ਉੱਪ-ਰਾਸ਼ਟਰਪਤੀ ਵੱਲੋਂ ਪ੍ਰਸਤਾਵ ਪਾਸ ਕਰਕੇ ਅਹੁਦੇ ਤੋਂ ਅਲੱਗ ਕੀਤਾ ਜਾ ਸਕਦਾ ਹੈ ਪਰ ਇਸ ਨਾਲ ਸਬੰਧਿਤ ਲੋਕ ਸਭਾ ਦੀ ਸਹਿਮਤੀ ਜ਼ਰੂਰੀ ਹੁੰਦੀ ਹੈ। ਉੱਪ-ਰਾਸ਼ਟਰਪਤੀ ਨੂੰ ਅਹੁਦੇ ਤੋਂ ਅਲੱਗ ਕਰਨ ਤੋਂ ਪਹਿਲਾਂ 14 ਦਿਨ ਦਾ ਨੋਟਿਸ ਦੇਣਾ ਪੈਂਦਾ ਹੈ।

ਨੋਟ

**(ਚ) ਵੇਤਨ** (Salary): ਉੱਪ-ਰਾਸ਼ਟਰਪਤੀ 90 ਹਜਾਰ ਰੁਪਏ ਪ੍ਰਤੀ ਮਹੀਨਾ ਵੇਤਨ ਲੈਂਦਾ ਹੈ ਪਰ ਇਹ ਵੇਤਨ ਉਸ ਨੂੰ ਉੱਪ-ਰਾਸ਼ਟਰਪਤੀ ਦੇ ਰੂਪ ਵਿੱਚ ਨਹੀਂ ਦਿੱਤਾ ਜਾਂਦਾ। ਉਹ ਇਹ ਵੇਤਨ ਉਸ ਨੂੰ ਰਾਜ ਸਭਾ ਦਾ ਪ੍ਰਧਾਨ ਹੋਣ ਦੇ ਨਾਤੇ ਦਿੱਤਾ ਜਾਂਦਾ ਹੈ। ਆਪਣੇ ਅਹੁਦੇ ਦੇ ਨਾਲ ਹੀ ਉੱਪ-ਰਾਸ਼ਟਰਪਤੀ ਨੂੰ ਫਰੀ ਘਰ, ਫਰੀ ਡਾਕਟਰੀ ਇਲਾਜ ਆਦਿ ਸੁਵਿਧਾਵਾਂ ਵੀ ਮਿਲਦੀਆਂ ਹਨ।

**(ਛ) ਕੰਮ** (Functions) : ਉੱਪ-ਰਾਸ਼ਟਰਪਤੀ ਦੋਹਰੀ ਭੂਮਿਕਾ ਨਿਭਾਉਂਦਾ ਹੈ : 1. ਉੱਪ ਰਾਸ਼ਟਰਪਤੀ ਦੇ ਰੂਪ ਵਿੱਚ ਭੂਮਿਕਾ ਅਤੇ 2. ਰਾਜ ਸਭਾ ਦੇ ਪ੍ਰਧਾਨ ਦੇ ਰੂਪ ਵਿੱਚ ਕੰਮ।

**1. ਉੱਪ ਰਾਸ਼ਟਰਪਤੀ ਦੇ ਰੂਪ ਵਿੱਚ ਕੰਮ** (Functions as the Vice-President) : ਅਸਲ ਵਿੱਚ ਉੱਪ ਰਾਸ਼ਟਰਪਤੀ ਨੂੰ ਸੰਵਿਧਾਨ ਨਾਲ ਕੋਈ ਵਿਸ਼ੇਸ਼ ਸੰਵਿਧਾਨਿਕ ਕੰਮ ਨਹੀਂ ਸੌਂਪਿਆ ਗਿਆ, ਉਸ 'ਤੇ ਤਾਂ ਹੀ ਜ਼ਿੰਮੇਵਾਰੀ ਪੈਂਦੀ ਹੈ, ਜਦ ਰਾਸ਼ਟਰਪਤੀ ਦਾ ਅਹੁਦਾ ਮੌਤ ਜਾਂ ਤਿਆਗ ਪੱਤਰ ਜਾਂ ਹਟਾ ਦੇਣ ਕਾਰਨ ਖਾਲੀ ਹੋ ਜਾਵੇ। ਡਾ. ਵੀ. ਵੀ. ਗਿਰੀ ਨੇ ਡਾ. ਜਾਕਿਰ ਹੁਸੈਨ ਦੀ ਮੌਤ ਤੋਂ ਬਾਅਦ ਰਾਸ਼ਟਰਪਤੀ ਦੇ ਰੂਪ ਵਿੱਚ ਅਹੁਦਾ ਸੰਭਾਲਿਆ। ਫਿਰ ਸ਼੍ਰੀ ਗਿਰੀ ਨੇ ਸ਼੍ਰੀ ਫਕਰੂਦੀਨ ਅਲੀ ਅਹਿਮਦ ਦੀ ਮੌਤ ਹੋ ਜਾਣ 'ਤੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ। ਉੱਪ ਰਾਸ਼ਟਰਪਤੀ, ਰਾਸ਼ਟਰਪਤੀ ਦੇ ਅਹੁਦੇ 'ਤੇ ਸਥਾਈ ਰੂਪ ਵਿੱਚ ਹੀ ਕੰਮ ਕਰ ਸਕਦਾ ਹੈ। ਜੇਕਰ ਰਾਸ਼ਟਰਪਤੀ ਦੀ ਬਿਮਾਰੀ ਕਾਰਨ ਉੱਪ ਰਾਸ਼ਟਰਪਤੀ ਕਾਰਜਵਾਹਕ ਰਾਸ਼ਟਰਪਤੀ ਬਣਦਾ ਹੈ ਤਾਂ ਉਹ ਉਦੋਂ ਤੱਕ ਇਸ ਅਹੁਦੇ 'ਤੇ ਬਣਿਆ ਰਹਿੰਦਾ ਹੈ, ਜਦ ਤੱਕ ਰਾਸ਼ਟਰਪਤੀ ਸਿਹਤਮੰਦ ਹੋ ਕੇ ਆਪਣਾ ਅਹੁਦਾ ਦੁਬਾਰਾ ਸੰਭਾਲ ਨਹੀਂ ਲੈਂਦਾ ਪਰ ਜੇਕਰ ਰਾਸ਼ਟਰਪਤੀ ਦੇ ਅਹੁਦੇ ਵਿੱਚ ਮੌਤ, ਤਿਆਗ ਪੱਤਰ ਅਤੇ ਮਹਾਭਿਯੋਗ ਕਾਰਨ ਸਥਾਈ ਖਾਲੀਪਣ ਪੈਦਾ ਹੋ ਗਿਆ ਹੋਵੇ ਤਾਂ ਰਾਸ਼ਟਰਪਤੀ ਬਣ ਜਾਂਦਾ ਹੈ ਅਤੇ ਇਸ 'ਤੇ ਜ਼ਿਆਦਾ ਤੋਂ ਜ਼ਿਆਦਾ ਛੇ ਮਹੀਨੇ ਤੱਕ ਕੰਮ ਕਰ ਸਕਦਾ ਹੈ। ਇਸ ਸਮੇਂ ਵਿੱਚ ਨਵੇਂ ਰਾਸ਼ਟਰਪਤੀ ਦੀ ਚੋਣ ਕੀਤੀ ਜਾਣੀ ਜ਼ਰੂਰੀ ਹੁੰਦੀ ਹੈ। ਰਾਸ਼ਟਰਪਤੀ ਵੱਲੋਂ ਉੱਪ ਰਾਸ਼ਟਰਪਤੀ ਨੂੰ ਵਿਸ਼ੇਸ਼ ਕੰਮ ਸੌਂਪਿਆ ਜਾ ਸਕਦਾ ਹੈ।

**2. ਰਾਜ ਸਭਾ ਦੇ ਚੇਅਰਮੈਨ ਦੇ ਰੂਪ ਵਿੱਚ ਕੰਮ** (Functions as the Chairman of Rajya Sabha) : ਸੰਵਿਧਾਨ ਅਨੁਸਾਰ ਉੱਪ ਰਾਸ਼ਟਰਪਤੀ ਦਾ ਇਹ ਕਰਤਵ ਹੈ ਕਿ ਉਹ ਰਾਜ ਸਭਾ ਦੇ ਪ੍ਰਧਾਨ ਦੇ ਰੂਪ ਵਿੱਚ ਅਹੁਦਾ ਸੰਭਾਲੇ। ਉਹ ਰਾਜ ਸਭਾ ਦਾ ਮੈਂਬਰ ਤਾਂ ਨਹੀਂ ਹੁੰਦਾ ਪਰ ਉਹ ਇਸ ਦੇ ਚੇਅਰਮੈਨ ਦੇ ਰੂਪ ਵਿੱਚ ਕੰਮ ਕਰਦਾ ਹੈ। ਇਸ ਹੈਸੀਅਤ 'ਚ ਉਹ ਸਦਨ ਦੀ ਕਾਰਵਾਈ ਚਲਾਉਂਦਾ ਹੈ, ਉਹ ਸਦਨ ਵਿੱਚ ਅਨੁਸ਼ਾਸਨ ਅਤੇ ਮਰਿਯਾਦਾ ਕਾਇਮ ਰੱਖਦਾ ਹੈ ਅਤੇ ਇਸ ਕੋਲ ਇਹ ਅਧਿਕਾਰ ਹੈ ਕਿ ਉਹ ਉਨ੍ਹਾਂ ਮੈਂਬਰਾਂ ਵਿਰੁੱਧ ਕਾਰਵਾਈ ਕਰ ਸਕਦਾ ਹੈ ਜੋ ਸਦਨ ਦੀ ਕਾਰਵਾਈ ਦੇ ਨਿਯਮਾਂ ਦਾ ਉਲੰਘਣ ਕਰਦੇ ਹਨ। ਉਹ ਚਰਚਾ ਅਤੇ ਵਿਵਾਦ ਸੰਚਾਲਿਤ ਕਰਦਾ ਹੈ ਅਤੇ ਮੈਂਬਰ ਉਸ ਦੀ ਆਗਿਆ ਨਾਲ ਹੀ ਸਦਨ ਵਿੱਚ ਬੋਲਦੇ ਹਨ। ਸਧਾਰਣ ਸਥਿਤੀ ਵਿੱਚ ਉਸ ਨੂੰ ਰਾਜ ਸਭਾ ਵਿੱਚ ਕਿਸੇ ਵਿਸ਼ੇ/ਬਿੱਲ 'ਤੇ ਵੋਟ ਪਾਉਣ ਦਾ ਅਧਿਕਾਰ ਨਹੀਂ ਹੈ, ਕਿਉਂਕਿ ਉਹ ਰਾਜ ਸਭਾ ਦਾ ਮੈਂਬਰ ਨਹੀਂ ਹੁੰਦਾ ਪਰ ਬਰਾਬਰ ਵੋਟ ਹੋ ਜਾਣ ਦੀ ਸਥਿਤੀ ਵਿੱਚ ਉਹ ਇਕ ਨਿਰਣਾਇਕ ਵੋਟ ਪਾ ਸਕਦਾ ਹੈ।

**ਸਥਿਤੀ** (Position) : ਇਸ ਤੱਥ ਦੇ ਬਾਵਜੂਦ ਉੱਪ ਰਾਸ਼ਟਰਪਤੀ ਨੂੰ ਕੋਈ ਨਿਸ਼ਚਿਤ ਜਾਂ ਵਿਸ਼ੇਸ਼ ਕਰਤਵ ਨਹੀਂ ਦਿੱਤੇ ਗਏ, ਉਹ ਮਹੱਤਵਪੂਰਨ ਸਥਿਤੀ ਰੱਖਦਾ ਹੈ। ਉਹ ਵਿਸ਼ੇਸ਼ ਦਰਜੇ ਦਾ ਮਾਲਕ ਹੁੰਦਾ ਹੈ, ਉਸ ਦਾ ਅਹੁਦਾ ਰਾਸ਼ਟਰਪਤੀ ਤੋਂ ਬਾਅਦ ਦੂਸਰਾ ਹੁੰਦਾ ਹੈ ਪਰ ਇਸ ਤੱਥ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਉਸ ਦੀ ਸਰਕਾਰ ਵਿੱਚ ਅਸਲੀ ਭੂਮਿਕਾ "ਨਿਸ਼ਚਿਤ ਹੀ ਗੈਰ ਮਹੱਤਵਪੂਰਨ" ਹੈ। ਟੀ. ਕੇ. ਟੋਪੇ ਅਤੇ ਐੱਚ. ਐੱਮ. ਜੈਨ ਵਰਗੇ ਆਲੋਚਕਾਂ ਨੇ ਉੱਪ ਰਾਸ਼ਟਰਪਤੀ ਦੇ ਅਹੁਦੇ ਨੂੰ 'ਵਿਅਰਥ ਦਾ ਉੱਚਾ ਅਹੁਦਾ' ਕਰਾਰ ਦਿੱਤਾ ਹੈ, ਅਜਿਹਾ ਕਥਨ ਅਮਰੀਕਾ ਦੇ ਉੱਪ ਰਾਸ਼ਟਰਪਤੀ ਲਈ ਇਸਤੇਮਾਲ ਕੀਤਾ ਜਾਂਦਾ ਹੈ ਪਰ ਭਾਰਤ ਦੇ ਉੱਪ ਰਾਸ਼ਟਰਪਤੀ ਦਾ ਅਹੁਦਾ ਵਿਅਰਥ ਅਹੁਦਾ ਨਹੀਂ ਹੈ। ਰਾਜ ਸਭਾ ਦੇ ਪ੍ਰਧਾਨ ਦੇ ਰੂਪ ਵਿੱਚ ਉੱਪ ਰਾਸ਼ਟਰਪਤੀ ਦੇ ਕੰਮਾਂ ਨੂੰ ਪੂਰੀ ਮਾਨਤਾ ਅਤੇ ਪ੍ਰਸ਼ੰਸਾ ਪ੍ਰਾਪਤ ਹੈ। ਅਚਾਨਕ ਘਟਨਾ ਵਾਪਰ ਜਾਣ ਦੀ ਸਥਿਤੀ ਵਿੱਚ ਉੱਪ ਰਾਸ਼ਟਰਪਤੀ ਦੀ ਜ਼ਰੂਰਤ ਪੈਂਦੀ ਹੈ, ਉਹ ਅਲੱਗ-ਅਲੱਗ ਰਾਸ਼ਟਰੀ ਕਾਨਫਰੰਸਾਂ ਵਿੱਚ ਭਾਰਤ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਕੰਮ ਕਰਦਾ ਹੈ। ਭਵਿੱਖ ਦੇ ਰਾਸ਼ਟਰਪਤੀਆਂ ਲਈ ਉਸ ਦਾ ਅਹੁਦਾ ਇਕ ਪ੍ਰੀਖਣ ਕੇਂਦਰ ਦੇ ਰੂਪ ਵਿੱਚ ਕੰਮ ਕਰਦਾ ਹੈ। ਸ਼੍ਰੀ ਐੱਸ. ਰਾਧਾਕ੍ਰਿਸ਼ਨਨ, ਡਾ. ਜਾਕਿਰ ਹੁਸੈਨ, ਸ਼੍ਰੀ ਵੀ. ਵੀ. ਗਿਰੀ, ਡਾ. ਸ਼ੰਕਰ ਦਿਆਲ ਸ਼ਰਮਾ ਅਤੇ ਸ਼੍ਰੀ ਕੇ. ਆਰ. ਨਾਰਾਇਨਣ ਰਾਸ਼ਟਰਪਤੀ ਚੁਣੇ ਜਾਣ ਤੋਂ ਪਹਿਲਾਂ ਉੱਪ ਰਾਸ਼ਟਰਪਤੀ ਦੇ ਅਹੁਦੇ 'ਤੇ ਰਹੇ। ਵਰਤਮਾਨ ਵਿੱਚ ਹਾਮਿਦ ਅੰਸਾਰੀ ਉੱਪ ਰਾਸ਼ਟਰਪਤੀ ਦੇ ਰੂਪ ਵਿੱਚ ਇਸ ਉੱਚੇ ਅਹੁਦੇ ਦੀਆਂ ਜ਼ਿੰਮੇਵਾਰੀਆਂ ਨੂੰ ਬਰਾਬਰ ਅਤੇ ਸਮਰਪਿਤ ਭਾਵਨਾ ਨਾਲ ਨਿਭਾ ਰਹੇ ਹਨ।

### ਸਵ ਮੁਲਾਂਕਣ (Self Assessment)

ਬਹੁ ਵਿਕਲਪੀ ਪ੍ਰਸ਼ਨ (Multiple Choice Questions):

16. ਸੰਵਿਧਾਨ ਦੇ ਕਿਸ ਅਨੁਛੇਦ ਨਾਲ ਉੱਪ ਰਾਸ਼ਟਰਪਤੀ ਦੇ ਅਹੁਦੇ ਦੀ ਵਿਵਸਥਾ ਕੀਤੀ ਗਈ ਹੈ।

    (ੳ) ਅਨੁਛੇਦ-65 (ਬ) ਅਨੁਛੇਦ-63

    (ਸ) ਅਨੁਛੇਦ-69 (ਦ) ਅਨੁਛੇਦ-68

ਨੋਟ

17. ਉੱਪ ਰਾਸ਼ਟਰਪਤੀ ਹੇਠ ਲਿਖਿਆਂ ਵਿੱਚ ਕਿਸ ਦਾ ਪ੍ਰਧਾਨ ਵੀ ਹੁੰਦਾ ਹੈ।
    (ਅ) ਲੋਕ ਸਭਾ (ਬ) ਯੋਜਨਾ ਆਯੋਗ
    (ਸ) ਰਾਜ ਸਭਾ (ਦ) ਉਪਰੋਕਤ ਵਿੱਚ ਨਹੀਂ
18. ਅਮਰੀਕਾ ਵਿੱਚ ਜਦ ਰਾਸ਼ਟਰਪਤੀ ਦਾ ਅਹੁਦਾ ਖਾਲੀ (ਮੌਤ, ਤਿਆਗ ਪੱਤਰ ਜਾਂ ਮਹਾਭਿਯੋਗ ਦੇ ਕਾਰਨ) ਹੁੰਦਾ ਹੈ ਤਾਂ ਉੱਪ ਰਾਸ਼ਟਰਪਤੀ–
    (ਅ) ਰਾਸ਼ਟਰਪਤੀ ਬਣਦਾ ਹੈ (ਬ) ਕਾਰਜਵਾਹਕ ਰਾਸ਼ਟਰਪਤੀ ਬਣਦਾ ਹੈ
    (ਸ) (ਅ) ਅਤੇ (ਬ) ਵਿੱਚ ਕੋਈ ਨਹੀਂ (ਦ) ਉਪਰੋਕਤ ਵਿੱਚ ਕੋਈ ਨਹੀਂ

## 5.7 ਸਾਰ ਅੰਸ਼ (Summary)

- ਸੰਵਿਧਾਨ ਦੇ ਅਨੁਸਾਰ ਰਾਸ਼ਟਰਪਤੀ ਦੇ ਪ੍ਰਧਾਨ ਚੋਣ ਦੀ ਵਿਵਸਥਾ ਕੀਤੀ ਗਈ ਹੈ। ਉਹ ਇਕ ਚੋਣ ਮੰਡਲ ਵੱਲੋਂ ਚੁਣਿਆ ਜਾਂਦਾ ਹੈ ਜੋ ਸੰਸਦ ਦੇ ਦੋਵਾਂ ਸਦਨਾਂ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਮੈਂਬਰਾਂ ’ਤੇ ਨਿਰਧਾਰਿਤ ਹੁੰਦਾ ਹੈ।
- ਰਾਸ਼ਟਰਪਤੀ ਨੂੰ ਸੰਵਿਧਾਨ ਦਾ ਉਲੰਘਣ ਕਰਨ ਦੇ ਅਧਾਰ ’ਤੇ ਅਤੇ ਆਪਣੇ ਅਹੁਦੇ ਦੀ ਮਰਿਯਾਦਾ ਭੰਗ ਕਰਨ ਦੇ ਦੋਸ਼ ਤਹਿਤ ਮਹਾਭਿਯੋਗ ਦੀ ਪ੍ਰਕਿਰਿਆ ਨਾਲ ਅਹੁਦੇ ਤੋਂ ਹਟਾਇਆ ਵੀ ਜਾ ਸਕਦਾ ਹੈ।
- ਅਨੁਛੇਦ 78 ਅਧੀਨ ਪ੍ਰਧਾਨ ਮੰਤਰੀ ਦਾ ਇਹ ਕਰਤਵ ਹੈ ਕਿ ਉਹ ਪ੍ਰਸ਼ਾਸਨ ਨਾਲ ਸਬੰਧਿਤ ਸਾਰੇ ਮਾਮਲਿਆਂ ਦੀ ਜਾਣਕਾਰੀ ਰਾਸ਼ਟਰਪਤੀ ਨੂੰ ਦੇਵੇ। ਰਾਸ਼ਟਰਪਤੀ ਕੋਈ ਵੀ ਜਾਣਕਾਰੀ ਲੈਣ ਲਈ ਪ੍ਰਧਾਨ ਮੰਤਰੀ ਨੂੰ ਕਹਿ ਸਕਦਾ ਹੈ।
- ਰਾਸ਼ਟਰਪਤੀ ਹਰੇਕ ਆਮ ਚੋਣਾਂ ਤੋਂ ਬਾਅਦ ਸੰਸਦ ਦੇ ਪਹਿਲੇ ਅਧਿਵੇਸ਼ਨ ਦੇ ਮੌਕੇ ’ਤੇ ਸੰਸਦ ਦੇ ਦੋਵਾਂ ਸਦਨਾਂ ਨੂੰ ਸੰਬੋਧਿਤ ਕਰਦਾ ਹੈ ਅਤੇ ਹਰੇਕ ਸਾਲ ਸੰਸਦ ਦੇ ਪਹਿਲੇ ਅਧਿਵੇਸ਼ਨ ਨੂੰ ਆਪਣੇ ਭਾਸ਼ਣ ਨਾਲ ਸ਼ੁਰੂ ਕਰਦਾ ਹੈ।
- ਅਨੁਛੇਦ 352 ਅਧੀਨ ਭਾਰਤ ’ਤੇ ਚੀਨੀ ਹਮਲੇ ਨੂੰ ਦੇਖਦੇ ਹੋਏ 26 ਅਕਤੂਬਰ 1962 ਨੂੰ ਪਹਿਲੀ ਵਾਰ ਸੰਕਟਕਾਲ ਸਥਿਤੀ ਦੀ ਘੋਸ਼ਣਾ ਕੀਤੀ ਗਈ ਸੀ।
- ਸੰਵਿਧਾਨਿਕ ਵਿਵਸਥਾਵਾਂ ਦਾ ਗਲਤ ਇਸਤੇਮਾਲ ਜਾਂ ਉਲੰਘਣ ਕਰਨ ਦੀ ਪ੍ਰਸਥਿਤੀ ਵਿੱਚ ਰਾਸ਼ਟਰਪਤੀ ਨੂੰ ਸੰਸਦ ਵੱਲੋਂ ਮਹਾਭਿਯੋਗ ਦੀ ਕਾਰਵਾਈ ਦਾ ਸਾਹਮਣਾ ਪੈ ਸਕਦਾ ਹੈ।
- ਉੱਪ ਰਾਸ਼ਟਰਪਤੀ ਦੀ ਚੋਣ ਇਕਹਰੀ ਪਰਿਵਰਤਨਸ਼ੀਲ ਵੋਟ ਪ੍ਰਣਾਲੀ ਰਾਹੀਂ ਅਨੁਪਾਤਕ ਪ੍ਰਤੀਨਿਧਤਾ ਦੇ ਅਨੁਸਾਰ ਸੰਸਦ ਦੇ ਦੋਵਾਂ ਸਦਨਾਂ ਦੇ ਮੈਂਬਰਾਂ ਵੱਲੋਂ ਕੀਤਾ ਜਾਂਦਾ ਹੈ।
- ਸੰਵਿਧਾਨ ਦੇ ਅਨੁਸਾਰ ਉੱਪ ਰਾਸ਼ਟਰਪਤੀ ਦਾ ਇਹ ਕਰਤਵ ਹੈ ਕਿ ਉਹ ਰਾਜ ਸਭਾ ਦੇ ਪ੍ਰਧਾਨ ਦੇ ਰੂਪ ਵਿੱਚ ਅਹੁਦਾ ਸੰਭਾਲੇ। ਉਹ ਰਾਜ ਸਭਾ ਦਾ ਮੈਂਬਰ ਤਾਂ ਨਹੀਂ ਹੁੰਦਾ ਪਰ ਉਹ ਇਸ ਦੇ ਚੇਅਰਮੈਨ ਦੇ ਰੂਪ ਵਿੱਚ ਕੰਮ ਕਰਦਾ ਹੈ।

## 5.8 ਸ਼ਬਦਕੋਸ਼ (Keywords)

- **ਨਾਮਾਂਕਣ (Nomination)** : ਨਾਮ ਅੰਕਿਤ ਕਰਨਾ, ਨਾਮ ਪ੍ਰਸਤਾਵਿਤ ਕਰਨਾ।
- **ਉੱਤਰਾਧਿਕਾਰੀ (Successor)** : ਕਿਸੇ ਦੀ ਮੌਤ ਤੋਂ ਬਾਅਦ ਉਸ ਦੀ ਸੰਪਤੀ ਪਾਉਣ ਦਾ ਅਧਿਕਾਰ, ਕਿਸੇ ਤੋਂ ਬਾਅਦ ਅਹੁਦਾ ਜਾਂ ਅਧਿਕਾਰ ਪਾਉਣ ਵਾਲਾ।

## 5.9 ਅਭਿਆਸ ਪ੍ਰਸ਼ਨ (Review Questions)

1. ਭਾਰਤ ਵਿੱਚ ਰਾਸ਼ਟਰਪਤੀ ਦੀ ਚੋਣ ਕਿਵੇਂ ਹੁੰਦੀ ਹੈ।
2. ਭਾਰਤ ਦੇ ਰਾਸ਼ਟਰਪਤੀ ਦੀਆਂ ਅਪਾਤਕਾਲੀਨ ਸ਼ਕਤੀਆਂ ਦਾ ਵਰਨਣ ਕਰੋ।
3. ਭਾਰਤ ਦੇ ਉੱਪ ਰਾਸ਼ਟਰਪਤੀ ਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਵਰਨਣ ਕਰੋ?
4. ਭਾਰਤ ਦਾ ਰਾਸ਼ਟਰਪਤੀ ‘ਰਬੜ ਦੀ ਮੋਹਰ’ ਬਰਾਬਰ ਹੈ, ਕੀ ਤੁਸੀਂ ਇਸ ਕਥਨ ਤੋਂ ਸਹਿਮਤ ਹੋ? ਸਪੱਸ਼ਟ ਕਰੋ।

**ਉੱਤਰ : ਸਵ ਮੁਲਾਂਕਣ (Answer : Self Assessment)**

ਨੋਟ

| | |
|---|---|
| 1. 35 | 2. ਟੀ. ਐੱਨ. ਸ਼ੇਸ਼ਨ |
| 3. 4350 | 4. ਝੂਠ |
| 5. ਸੱਚ | 6. ਸੱਚ |
| 7. (ਬ) | 8. (ਦ) |
| 9. (ਅ) | 10. 360 |
| 11. 6 ਮਹੀਨੇ | 12. ਰਾਸ਼ਟਰੀ |
| 13. ਸੱਚ | 14. ਝੂਠ |
| 15. ਸੱਚ | 16. (ਬ) |
| 17. (ਸ) | 18. (ਅ) |

## 5.10 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਭਾਰਤੀ ਰਾਜਨੀਤਿਕ ਪ੍ਰਣਾਲੀ–ਯੂ. ਆਰ. ਘਈ।
2. ਭਾਰਤੀ ਰਾਜਨੀਤਿਕ ਵਿਵਸਥਾ–ਡਾ. ਐੱਮ. ਪੀ. ਰਾਏ।

ਨੋਟ

# ਇਕਾਈ-6: ਸੰਘੀ ਸੰਸਦ : ਲੋਕ ਸਭਾ ਅਤੇ ਰਾਜ ਸਭਾ (Union Parliament : Lok Sabha and Rajya Sabha)

**ਵਿਸ਼ਾ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
6.1 ਸੰਘੀ ਸੰਸਦ ਦੀਆਂ ਵਿਸ਼ੇਸ਼ਤਾਵਾਂ (Characteristics of Union Parliament)
6.2 ਰਾਜ ਸਭਾ-ਰਾਜਾਂ ਦੀ ਪ੍ਰੀਸ਼ਦ (Rajya Sabha–The Council of States)
6.3 ਰਾਜ ਸਭਾ ਦੀਆਂ ਸ਼ਕਤੀਆਂ ਅਤੇ ਕੰਮ (Powers and Functions of the Rajya Sabha)
6.4 ਰਾਜ ਸਭਾ ਦੀ ਉਪਯੋਗਤਾ (Utility of Rajya Sabha)
6.5 ਲੋਕ ਸਭਾ-ਲੋਕਾਂ ਦਾ ਸਦਨ (Lok Sabha — The House of the People)
6.6 ਲੋਕ ਸਭਾ ਦੀਆਂ ਸ਼ਕਤੀਆਂ ਅਤੇ ਕੰਮ (Powers and Functions of Lok Sabha)
6.7 ਲੋਕ ਸਭਾ ਦਾ ਸਪੀਕਰ (Speaker of the Lok Sabha)
6.8 ਲੋਕ ਸਭਾ ਅਤੇ ਰਾਜ ਸਭਾ ਵਿੱਚ ਸਬੰਧ (Relation between Lok Sabha and Rajya Sabha)
6.9 ਸਾਰ ਅੰਸ਼ (Summary)
6.10 ਸ਼ਬਦਕੋਸ਼ (Keywords)
6.11 ਅਭਿਆਸ ਪ੍ਰਸ਼ਨ (Review Questions)
6.12 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਸੰਘੀ ਸੰਸਦ ਦੀਆਂ ਵਿਸ਼ੇਸ਼ਤਾਵਾਂ ਦੱਸਣ ਸਬੰਧੀ।
- ਰਾਜ ਸਭਾ ਦੀਆਂ ਸ਼ਕਤੀਆਂ ਸਬੰਧੀ ਜਾਨਣ ਸਬੰਧੀ।
- ਲੋਕ ਸਭਾ ਦੇ ਕੰਮਾਂ ਨੂੰ ਦੱਸਣ ਸਬੰਧੀ।
- ਲੋਕ ਸਭਾ ਅਤੇ ਰਾਜ ਸਭਾ ਵਿੱਚ ਸਬੰਧਾਂ ਨੂੰ ਦੱਸਣ ਸਬੰਧੀ।

## ਜਾਣਕਾਰੀ (Introduction)

ਸੰਘ ਦੀਆਂ ਕਾਨੂੰਨ ਨਿਰਮਾਣ ਸ਼ਕਤੀਆਂ ਭਾਰਤੀ ਸੰਵਿਧਾਨ ਵੱਲੋਂ ਸੰਘੀ ਸੰਸਦ ਨੂੰ ਸੌਂਪੀਆਂ ਗਈਆਂ ਹਨ। ਸੁਤੰਤਰਤਾ ਤੋਂ ਪਹਿਲਾਂ ਇਸ ਨੂੰ ਕੇਂਦਰੀ ਵਿਧਾਨ ਪਾਲਿਕਾ (Central Legislature) ਕਿਹਾ ਜਾਂਦਾ ਸੀ ਪਰ ਸੁਤੰਤਰਤਾ ਤੋਂ ਬਾਅਦ ਸੰਵਿਧਾਨ ਨਿਰਮਾਣ ਸਾਰਿਆਂ ਨੇ ਇਸ ਨੂੰ ਸੰਘੀ ਸੰਸਦ ਦਾ ਨਾਮ ਦਿੱਤਾ। ਸੰਵਿਧਾਨ ਦੇ ਅਨੁਛੇਦ 79 ਵਿੱਚ ਲਿਖਿਆ ਗਿਆ ਹੈ ਕਿ ਸੰਘ ਦੀ ਇਕ ਸੰਸਦ ਹੋਵੇਗੀ, ਜਿਸ ਵਿੱਚ ਰਾਸ਼ਟਰਪਤੀ ਅਤੇ ਦੋ ਸਦਨ ਹੋਣਗੇ, ਜਿਨ੍ਹਾਂ ਦਾ ਕ੍ਰਮਵਾਰ ਨਾਮ ਰਾਜਾਂ ਦੀ ਪ੍ਰੀਸ਼ਦ (ਰਾਜ ਸਭਾ) ਅਤੇ ਲੋਕਾਂ ਦਾ ਸਦਨ (ਲੋਕ ਸਭਾ) ਹੋਵੇਗਾ। ਰਾਜ ਸਭਾ ਨੂੰ ਉਪਰਲੇ ਸਦਨ ਦਾ ਦਰਜਾ ਦਿੱਤਾ ਗਿਆ ਹੈ ਅਤੇ ਹੇਠਲੇ ਸਦਨ ਨੂੰ ਲੋਕ ਸਭਾ ਕਿਹਾ ਗਿਆ ਹੈ। ਰਾਸ਼ਟਰਪਤੀ ਕਿਸੇ ਸਦਨ ਦਾ ਮੈਂਬਰ ਤਾਂ ਨਹੀਂ ਹੁੰਦਾ ਪਰ ਉਸ ਨੂੰ ਸੰਸਦ ਦਾ ਇਕ ਅਨਿੱਖੜਵਾਂ

ਅੰਗ ਮੰਨਿਆ ਜਾਂਦਾ ਹੈ। ਸੰਸਦ ਦੀ ਸਾਰੀ ਕਾਰਵਾਈ ਰਾਸ਼ਟਰਪਤੀ ਦੇ ਨਾਮ 'ਤੇ ਚੱਲਦੀ ਹੈ ਅਤੇ ਕੋਈ ਵੀ ਬਿੱਲ ਜੋ ਕਿ ਸੰਸਦ ਨੇ ਪਾਸ ਕੀਤਾ ਹੋਵੇ, ਉਦੋਂ ਤੱਕ ਕਾਨੂੰਨ ਨਹੀਂ ਬਣਦਾ, ਜਦੋਂ ਤੱਕ ਰਾਸ਼ਟਰਪਤੀ ਉਸ 'ਤੇ ਹਸਤਾਖਰ ਨਹੀਂ ਕਰ ਦਿੰਦਾ। **ਨੋਟ**

ਭਾਰਤੀ ਸੰਵਿਧਾਨ ਵਿਵਸਥਾ ਵਿੱਚ ਸੰਘ ਦੀ ਅਤੇ ਸੰਘੀ ਸਰਕਾਰ ਵਿੱਚ ਸੰਸਦ ਦੀ ਸਥਿਤੀ ਬਹੁਤ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਹੈ। ਬ੍ਰਿਟਿਸ਼ ਵਾਂਗ ਪ੍ਰਭੂਸੱਤਾ ਸੰਪਨ ਸੰਸਦ ਤਾਂ ਨਹੀਂ ਪਰ ਇਸ ਕੋਲ ਵਿਸ਼ਾਲ ਸ਼ਕਤੀਆਂ ਹਨ ਅਤੇ ਇਸ ਦੀ ਸਥਿਤੀ ਬਹੁਤ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਹੈ। ਕਈ ਤਰ੍ਹਾਂ ਨਾਲ ਇਸ ਦੀਆਂ ਸ਼ਕਤੀਆਂ ਅਮਰੀਕੀ ਕਾਂਗਰਸ ਨਾਲੋਂ ਵੀ ਵਧੇਰੇ ਹਨ, ਕਿਉਂਕਿ ਇੱਥੇ ਅਮਰੀਕਾ ਵਿੱਚ ਰਾਸ਼ਟਰਪਤੀ ਕੋਲ ਬਹੁਤ ਵਿਸ਼ਾਲ ਸ਼ਕਤੀਆਂ ਹੁੰਦੀਆਂ ਹਨ ਅਤੇ ਉਹ ਕਾਂਗਰਸ ਪ੍ਰਤੀ ਜ਼ਿੰਮੇਵਾਰ ਨਹੀਂ ਹੁੰਦਾ, ਉਹ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਅਸਲੀ ਕਾਰਜ ਪਾਲਿਕਾ ਅਤੇ ਪ੍ਰਧਾਨ ਮੰਤਰੀ ਅਤੇ ਮੰਤਰੀ ਪ੍ਰੀਸ਼ਦ ਆਪਣੇ ਸਾਰੇ ਕੰਮਾਂ ਲਈ ਸੰਘੀ ਸੰਸਦ ਪ੍ਰਤੀ ਜ਼ਿੰਮੇਵਾਰ ਅਤੇ ਜਵਾਬਦੇਹ ਹੁੰਦਾ ਹੈ।

## 6.1 ਸੰਘੀ ਸੰਸਦ ਦੀਆਂ ਵਿਸ਼ੇਸ਼ਤਾਵਾਂ (Characteristics of Union Parliament)

ਭਾਰਤੀ ਸੰਸਦ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਹੇਠ ਲਿਖੇ ਰੂਪ ਵਿੱਚ ਕੀਤਾ ਜਾ ਸਕਦਾ ਹੈ–

1. **ਰਾਸ਼ਟਰਪਤੀ ਸੰਸਦ ਦਾ ਮੈਂਬਰ ਨਹੀਂ ਹੁੰਦਾ ਪਰ ਇਸ ਦਾ ਅਨਿੱਖੜ੍ਵਾਂ ਅੰਗ ਮੰਨਿਆ ਜਾਂਦਾ ਹੈ** (President is not a member of the Parliament but is an integral part of Parliament) : ਰਾਸ਼ਟਰਪਤੀ ਸੰਸਦ ਦੇ ਕਿਸੇ ਸਦਨ ਦਾ ਨਾ ਕੋਈ ਮੈਂਬਰ ਹੁੰਦਾ ਹੈ ਅਤੇ ਨਾ ਹੀ ਬਣ ਸਕਦਾ ਹੈ ਪਰ ਸੰਵਿਧਾਨ ਦੇ ਅਨੁਛੇਦ 79 ਅਧੀਨ ਉਸ ਨੂੰ ਸੰਘੀ ਸੰਸਦ ਦਾ ਇਕ ਅਨਿੱਖੜ੍ਵਾਂ ਅਤੇ ਮਹੱਤਵਪੂਰਨ ਹਿੱਸਾ ਮੰਨਿਆ ਗਿਆ ਹੈ। ਰਾਸ਼ਟਰਪਤੀ ਹੀ ਸੰਸਦ ਦੇ ਅਧਿਵੇਸ਼ਨ ਬੁਲਾਉਂਦਾ ਹੈ, ਉਨ੍ਹਾਂ ਨੂੰ ਰੱਦ ਕਰਦਾ ਹੈ ਜਾਂ ਫਿਰ ਸੰਸਦ ਨੂੰ ਭੰਗ ਕਰਦਾ ਹੈ।

| | |
|---|---|
| *ਨੋਟਸ* | ਸੰਘੀ ਸੰਸਦ ਵੱਲੋਂ ਪਾਸ ਕੋਈ ਵੀ ਬਿੱਲ ਰਾਸ਼ਟਰਪਤੀ ਦੇ ਹਸਤਾਖਰ ਤੋਂ ਬਿਨਾਂ ਕਾਨੂੰਨ ਨਹੀਂ ਬਣ ਸਕਦਾ। |

ਕੁਝ ਬਿੱਲਾਂ ਦੇ ਸਬੰਧ ਵਿੱਚ ਨਿਯਮ ਇਹ ਹੈ ਕਿ ਉਨ੍ਹਾਂ ਨੂੰ ਸੰਸਦ ਵਿੱਚ ਪੇਸ਼ ਕਰਨ ਤੋਂ ਪਹਿਲਾਂ ਹੀ ਰਾਸ਼ਟਰਪਤੀ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੁੰਦਾ ਹੈ। ਰਾਸ਼ਟਰਪਤੀ ਸੰਸਦ ਨੂੰ ਕੋਈ ਸੰਦੇਸ਼ ਵੀ ਭੇਜ ਸਕਦਾ ਹੈ। ਕਾਨੂੰਨ ਨਿਰਮਾਣ ਰਾਸ਼ਟਰਪਤੀ-ਸਮੇਤ ਸੰਸਦ ਵੱਲੋਂ ਕੀਤਾ ਜਾਂਦਾ ਹੈ।

2. **ਸੰਸਦ ਦਾ ਗੈਰ-ਪ੍ਰਭੂਸੱਤਾ ਸੰਪਨ ਪੱਧਰ** (Non-Sovereign Status of Union Parliament) : ਬ੍ਰਿਟਿਸ਼ ਸੰਸਦ ਤੋਂ ਉਲਟ ਭਾਰਤੀ ਸੰਸਦ ਇਕ ਗੈਰ-ਪ੍ਰਭੂਸੱਤਾ ਸੰਪਨ ਸੰਸਦ ਹੈ, ਕਿਉਂਕਿ ਭਾਰਤ ਵਿੱਚ ਸਰਵਉੱਚਤਾ ਸੰਵਿਧਾਨ ਨੂੰ ਪ੍ਰਾਪਤ ਹੈ ਅਤੇ ਸੰਸਦ ਸੰਵਿਧਾਨ ਵੱਲੋਂ ਦਿੱਤੀਆਂ ਗਈਆਂ ਸ਼ਕਤੀਆਂ ਦਾ ਹੀ ਇਸਤੇਮਾਲ ਕਰਦੀ ਹੈ। ਜੇਕਰ ਸੰਸਦ ਵੱਲੋਂ ਪਾਸ ਕੀਤਾ ਗਿਆ ਕੋਈ ਵੀ ਕਾਨੂੰਨ ਸੰਵਿਧਾਨ ਦਾ ਵਿਰੋਧੀ ਹੋਵੇ ਜਾਂ ਸੰਵਿਧਾਨ ਦਾ ਉਲੰਘਣ ਕਰਦਾ ਹੈ ਤਾਂ ਸਰਵਉੱਚ ਅਦਾਲਤ ਉਸ ਨੂੰ ਰੱਦ ਕਰ ਸਕਦੀ ਹੈ। ਦੂਸਰੇ ਸ਼ਬਦਾਂ ਵਿੱਚ ਸੰਘੀ ਸੰਸਦ ਵੱਲੋਂ ਨਿਰਮਿਤ ਕਾਨੂੰਨਾਂ 'ਤੇ ਸਰਵਉੱਚ ਅਦਾਲਤ ਦੀ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਲਾਗੂ ਹੁੰਦੀ ਹੈ। ਫਿਰ ਭਾਰਤੀ ਸੰਸਦ ਕੇਵਲ ਸੰਘ ਸਰਕਾਰ ਦੇ ਖੇਤਰ ਵਿੱਚ ਆਉਣ ਵਾਲੇ ਵਿਸ਼ਿਆਂ 'ਤੇ ਹੀ ਕਾਨੂੰਨ ਨਿਰਮਾਣ ਕਰ ਸਕਦੀ ਹੈ।

3. **ਸੰਸਦ ਦੀ ਸੰਵਿਧਾਨਿਕ ਸੋਧ ਕਰਨ ਦੀ ਸ਼ਕਤੀ** (Parliament's Power to amend the Constitution): ਸੰਵਿਧਾਨ ਦੇ ਅਨੁਛੇਦ 368 ਅਧੀਨ ਸੰਸਦ ਨੂੰ ਸੰਵਿਧਾਨ ਵਿੱਚ ਸੋਧ ਕਰਨ ਦੀ ਸ਼ਕਤੀ ਦਿੱਤੀ ਗਈ ਹੈ ਅਤੇ ਇਸ ਵਿੱਚ ਸੋਧ ਕਰਨ ਦਾ ਢੰਗ ਵੀ ਸਪੱਸ਼ਟ ਰੂਪ ਵਿੱਚ ਲਿਖਿਆ ਗਿਆ ਹੈ। ਸੰਸਦ ਸੰਵਿਧਾਨ ਦੇ ਕਿਸੇ ਭਾਗ ਵਿੱਚ ਵੀ ਸੋਧ ਕਰ ਸਕਦੀ ਹੈ ਪਰ ਸਰਵਉੱਚ ਅਦਾਲਤ ਨਿਆਇਕ ਪੁਨਰ ਨਿਰੀਖਣ ਦੀ ਪ੍ਰਣਾਲੀ ਅਧੀਨ ਇਹ ਫੈਸਲਾ ਕਰ ਸਕਦਾ ਹੈ ਕਿ ਕਿਸੇ ਵੀ ਸੋਧ ਨਾਲ ਸੰਵਿਧਾਨ ਦੀ ਮੌਲਿਕ ਰਚਨਾ ਵਿੱਚ ਪਰਿਵਰਤਨ ਤਾਂ ਨਹੀਂ ਕੀਤਾ ਗਿਆ। ਸੰਸਦ ਵੱਲੋਂ ਪਾਸ ਕੀਤੀਆਂ ਗਈਆਂ ਸੰਵਿਧਾਨਿਕ ਸੋਧਾਂ ਦੇ ਸਬੰਧ ਵਿੱਚ ਸਰਵਉੱਚ ਅਦਾਲਤ ਦੀ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਲਾਗੂ ਹੁੰਦੀ ਹੈ।

4. **ਦੋ-ਸਦਨੀ ਸੰਗਠਨ** (Bi-cameral Organisation):ਅਮਰੀਕਾ, ਇੰਗਲੈਂਡ, ਸਵਿਟਜ਼ਰਲੈਂਡ ਆਦਿ ਕਈ ਹੋਰ ਦੇਸ਼ਾਂ ਦੇ ਬਰਾਬਰ ਭਾਰਤ ਵਿੱਚ ਵੀ ਸੰਘੀ ਸੰਸਦ ਦੋ-ਸਦਨੀ ਸੰਸਦ ਹੈ। ਇਸ ਦੇ ਦੋ ਸਦਨ ਹਨ: *(i)* ਰਾਜਾਂ ਦੀ ਪ੍ਰੀਸ਼ਦ ਅਤੇ ਰਾਜ ਸਭਾ ਜੋ ਕਿ ਉਪਰੀ ਸਦਨ ਹੈ ਅਤੇ ਜਿਸ ਵਿੱਚ ਭਾਰਤੀ ਸੰਘ ਦੀਆਂ ਇਕਾਈਆਂ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ। ਰਾਜ ਸਭਾ ਦੇ ਮੈਂਬਰ ਅਪ੍ਰਤੱਖ ਰੂਪ

ਵਿੱਚ ਹਰੇਕ ਰਾਜ ਦੀ ਵਿਧਾਨ ਸਭਾ ਵੱਲੋਂ ਚੁਣੇ ਜਾਂਦੇ ਹਨ। ਇਹ ਇਕ ਅਰਧ-ਸਥਾਈ ਸਦਨ ਹੈ ਜਿਸ ਦੇ ਇਕ-ਤਿਹਾਈ ਮੈਂਬਰ ਹਰੇਕ ਦੋ ਸਾਲ ਬਾਅਦ ਸੇਵਾਮੁਕਤ ਹੁੰਦੇ ਹਨ। ਇਸ ਵਿੱਚ ਭਾਰਤੀ ਸੰਘ ਦੇ ਰਾਜਾਂ ਨੂੰ ਬਰਾਬਰ ਪ੍ਰਤੀਨਿਧਤਾ ਨਹੀਂ ਦਿੱਤੀ ਗਈ ਅਤੇ ਇਹ ਵਿਸ਼ੇਸ਼ਤਾ ਅਮਰੀਕੀ ਸੀਨੇਟ ਤੋਂ ਇਸ ਨੂੰ ਵੱਖ ਬਣਾਉਂਦੀ ਹੈ। *(ii)* ਲੋਕਾਂ ਦਾ ਸਦਨ ਅਤੇ ਲੋਕ ਸਭਾ ਜੋ ਕਿ ਸੰਸਦ ਦਾ ਹੇਠਲਾ ਸਦਨ ਹੈ ਭਾਰਤੀ ਜਨਤਾ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਦੇ ਮੈਂਬਰ ਜਨਤਾ ਵੱਲੋਂ ਪ੍ਰਤੱਖ ਰੂਪ ਵਿੱਚ ਚੁਣੇ ਜਾਂਦੇ ਹਲ। ਇਸ ਦੀ ਮੈਂਬਰ ਸੰਖਿਆ 545 ਹੈ ਅਤੇ ਇਸ ਦਾ ਕਾਰਜਕਾਲ 5 ਸਾਲ ਦਾ ਹੁੰਦਾ ਹੈ। ਹਰੇਕ ਪੰਜ ਸਾਲ ਬਾਅਦ ਇਸ ਲਈ ਨਵੀਂ ਚੋਣ ਕਰਵਾਈ ਜਾਂਦੀ ਹੈ ਪਰ ਰਾਸ਼ਟਰਪਤੀ ਕਾਰਜਕਾਲ ਪੂਰਾ ਹੋਣ ਤੋਂ ਪਹਿਲਾ ਵੀ ਇਸ ਨੂੰ ਭੰਗ ਕਰ ਸਕਦਾ ਹੈ।

5. **ਲੋਕ ਸਭਾ ਰਾਜ ਸਭਾ ਤੋਂ ਜ਼ਿਆਦਾ ਸ਼ਕਤੀਸ਼ਾਲੀ ਸਦਨ ਹੈ** (Lok Sabha is more powerful than Rajya Sabha): ਭਾਰਤੀ ਸੰਵਿਧਾਨ ਵੱਲੋਂ ਸੰਘੀ ਸੰਸਦ ਦੇ ਦੋਨਾਂ ਸਦਨਾਂ ਨੂੰ ਇਕ ਬਰਾਬਰ ਅਧਿਕਾਰ ਨਹੀਂ ਦਿੱਤੇ ਗਏ। ਲੋਕ ਸਭਾ ਨੂੰ ਰਾਜ ਸਭਾ ਤੋਂ ਜ਼ਿਆਦਾ ਸ਼ਕਤੀਆਂ ਦਿੱਤੀਆਂ ਗਈਆਂ ਹਨ। ਮੰਤਰੀ-ਪ੍ਰੀਸ਼ਦ ਲੋਕ ਸਭਾ ਪ੍ਰਤੀ ਹੀ ਜ਼ਿੰਮੇਵਾਰ ਹੁੰਦੀ ਹੈ, ਰਾਜ ਸਭਾ ਪ੍ਰਤੀ ਨਹੀਂ। ਧਨ ਬਿੱਲ ਕੇਵਲ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾ ਸਕਦੇ ਹਨ ਅਤੇ ਇਸ ਸਬੰਧ ਵਿੱਚ ਰਾਜ ਸਭਾ ਪ੍ਰਤੀ ਨਹੀਂ। ਧਨ ਬਿੱਲ ਕੇਵਲ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾ ਸਕਦੇ ਹਨ ਅਤੇ ਇਸ ਸਬੰਧ ਵਿੱਚ ਰਾਜ ਸਭਾ ਕਿਸੇ ਵੀ ਧਨ ਬਿੱਲ ਨੂੰ ਪਾਸ ਹੋਣ ਵਿੱਚ ਕੇਵਲ 14 ਦਿਨ ਦੀ ਦੇਰ ਹੀ ਕਰ ਸਕਦੀ ਹੈ। ਦੇਸ਼ ਦੇ ਧਨ 'ਤੇ ਲੋਕ ਸਭਾ ਦਾ ਕੰਟਰੋਲ ਹੁੰਦਾ ਹੈ। ਸਧਾਰਣ ਕਾਨੂੰਨ ਨਿਰਮਾਣ ਖੇਤਰ ਵਿੱਚ ਸੰਵਿਧਾਨਿਕ ਰੂਪ ਵਿੱਚ ਦੋਨਾਂ ਸਦਨਾਂ ਨੂੰ ਇੱਕੋ ਜਿਹੀ ਸ਼ਕਤੀ ਦਿੱਤੀ ਗਈ ਹੈ ਪਰ ਵਿਵਹਾਰ ਵਿੱਚ ਲੋਕ ਸਭਾ ਹੀ ਜ਼ਿਆਦਾ ਕਾਨੂੰਨ-ਨਿਰਮਾਣ ਸ਼ਕਤੀਆਂ ਦਾ ਇਸਤੇਮਾਲ ਕਰਦੀ ਹੈ। ਰਾਜ ਸਭਾ ਦੀ ਸਥਿਤੀ ਕਮਜ਼ੋਰ ਹੈ ਪਰ ਇਹ ਇੰਨੀ ਕਮਜ਼ੋਰ ਜਿੰਨੀ ਕਿ ਇੰਗਲੈਂਡ ਦੇ ਲਾਰਡ ਸਦਨ ਦੀ ਅਤੇ ਲੋਕ ਸਭਾ ਦੀ ਸਥਿਤੀ ਵੀ ਇੰਨੀ ਸ਼ਕਤੀਸ਼ਾਲੀ ਨਹੀਂ ਜਿੰਨੀ ਕਿ ਇੰਗਲੈਂਡ ਦੇ ਕਾਮਨ ਸਦਨ ਦੀ।

6. **ਨਾਮਜ਼ਦਗੀ ਦੀ ਵਿਵਸਥਾ** (Provision for Nomination): ਲੋਕ ਸਭਾ ਲੋਕਾਂ ਦਾ ਇਕ ਪ੍ਰਤੱਖ ਰੂਪ ਵਿੱਚ ਚੋਣ ਸਦਨ ਹੈ ਪਰ ਰਾਸ਼ਟਰਪਤੀ ਇਸ ਵਿੱਚ ਏਂਗਲੋ-ਇੰਡੀਅਨ ਸਮੁਦਾਇ ਦੇ ਦੋ ਪ੍ਰਤੀਨਿਧੀਆਂ ਨੂੰ ਨਿਯੁਕਤ ਕਰ ਸਕਦਾ ਹੈ ਜੇਕਰ ਉਹ ਸਮਝੇ ਕਿ ਇਸ ਸਮੁਦਾਇ ਨੂੰ ਲੋਕ ਸਭਾ ਵਿੱਚ ਠੀਕ ਪ੍ਰਤੀਨਿਧਤਾ ਪ੍ਰਾਪਤ ਨਹੀਂ ਹੈ। ਇਸ ਤਰ੍ਹਾਂ ਰਾਜ ਸਭਾ ਵਿੱਚ ਵੀ ਰਾਸ਼ਟਰਪਤੀ 12 ਮੈਂਬਰਾਂ ਨੂੰ ਨਿਯੁਕਤ ਕਰ ਸਕਦਾ ਹੈ ਜਿਨ੍ਹਾਂ ਨੇ ਕਲਾ, ਵਿਗਿਆਨ, ਸਾਹਿਤ, ਸੰਸਕ੍ਰਿਤੀ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਪ੍ਰਸ਼ੰਸਾਯੋਗ ਪ੍ਰਾਪਤੀਆਂ ਪ੍ਰਾਪਤ ਕੀਤੀਆਂ ਹੋਈਆਂ ਹਨ।

7. **ਸੰਘੀ ਸੰਸਦ ਕੋਲ ਵਿਧਾਨਿਕ ਅਤੇ ਵਿੱਤੀ ਸ਼ਕਤੀਆਂ ਦੇ ਨਾਲ-ਨਾਲ ਕਾਰਜ ਪਾਲਿਕਾ ਅਤੇ ਨਿਆਇਕ ਸ਼ਕਤੀਆ ਵੀ ਹਨ** (The Union Parliament Exercises some Executive and Judicial Powers alongwith its Legislative and Financial Powers): ਭਾਰਤੀ ਸੰਵਿਧਾਨ ਸ਼ਕਤੀਆਂ ਦੇ ਪਹਿਲਕਰਨ ਦੇ ਸਿਧਾਂਤ 'ਤੇ ਆਧਾਰਿਤ ਨਹੀਂ ਹੈ। ਭਾਰਤੀ ਸੰਸਦ ਨੂੰ ਕਾਨੂੰਨ ਨਿਰਮਾਣ ਅਤੇ ਵਿੱਤੀ ਸ਼ਕਤੀਆਂ ਦੇ ਨਾਲ-ਨਾਲ ਕਾਰਜ ਪਾਲਿਕਾ ਅਤੇ ਨਿਆਇਕ ਸ਼ਕਤੀਆਂ ਦਿੱਤੀਆਂ ਗਈਆਂ ਹਨ। ਸੰਸਦ ਕਾਰਜਪਾਲਿਕਾ ਅਤੇ ਪ੍ਰਧਾਨ ਮੰਤਰੀ ਅਤੇ ਮੰਤਰੀ-ਪ੍ਰੀਸ਼ਦ 'ਤੇ ਕੰਟਰੋਲ ਕਰਦੀ ਹੈ। ਸੰਵਿਧਾਨ ਦੇ ਅਨੁਛੇਦ 75 (3) ਵਿੱਚ ਲਿਖਿਆ ਗਿਆ ਹੈ ਕਿ ਮੰਤਰੀ-ਪ੍ਰੀਸ਼ਦ ਸਮੂਹਿਕ ਰੂਪ ਵਿੱਚ ਲੋਕ ਸਭਾ ਦੇ ਪ੍ਰਤੀ ਜ਼ਿੰਮੇਵਾਰ ਹੋਵੇਗੀ। ਮੰਤਰੀ-ਪ੍ਰੀਸ਼ਦ ਦੇ ਲਗਾਤਾਰ ਨਿਰੀਖਣ ਅਤੇ ਕੰਟਰੋਲ ਅਧੀਨ ਕੰਮ ਕਰਦੀ ਹੈ। ਲੋਕ ਸਭਾ ਬੇਭਰੋਸਗੀ ਦਾ ਪ੍ਰਸਤਾਵ ਪਾਸ ਕਰਕੇ ਜਾਂ ਬਜਟ ਰੱਦ ਕਰਕੇ ਜਾਂ ਫਿਰ ਕਿਸੇ ਕਾਰਜ ਪਾਲਿਕਾ ਨੀਤੀ ਜਾਂ ਫੈਸਲੇ ਨੂੰ ਰੱਦ ਕਰਕੇ ਮੰਤਰੀ ਪ੍ਰੀਸ਼ਦ ਨੂੰ ਅਹੁਦੇ ਤੋਂ ਹਟਾ ਸਕਦੀ ਹੈ। ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਰਾਸ਼ਟਰਪਤੀ ਅਤੇ ਉੱਪ-ਰਾਸ਼ਟਰਪਤੀ ਦੀ ਚੋਣ ਕਰਦੇ ਹਨ। ਸੰਸਦ ਦੇ ਦੋਵਾਂ ਸਦਨਾਂ ਮਹਾਭਿਯੋਗ ਦਾ ਮੁਕੱਦਮਾ ਚਲਾ ਕੇ ਰਾਸ਼ਟਰਪਤੀ ਨੂੰ ਅਹੁਦੇ ਤੋਂ ਹਟਾਉਣ ਦਾ ਅਧਿਕਾਰ ਵੀ ਰੱਖਦੇ ਹਨ। ਇਸ ਤਰ੍ਹਾਂ ਭਾਰਤੀ ਸੰਸਦ ਕੋਲ ਕਾਰਜ ਪਾਲਿਕਾ ਨਿਆਇਕ ਚੋਣ ਨਾਲ ਸਬੰਧਿਤ ਅਤੇ ਕਈ ਹੋਰ ਤਰ੍ਹਾਂ ਦੀਆਂ ਸ਼ਕਤੀਆਂ ਹਨ। ਦੂਸਰੇ ਸ਼ਬਦਾਂ ਵਿੱਚ, ਭਾਰਤੀ ਸੰਵਿਧਾਨ ਦੇ ਅਧੀਨ ਸੰਸਦ ਨੂੰ ਸੰਵਿਧਾਨਿਕ ਸ਼ਕਤੀਆਂ ਹੀ ਨਹੀਂ ਬਲਕਿ ਕਾਰਜ ਪਾਲਿਕਾ ਅਤੇ ਨਿਆਇਕ ਸ਼ਕਤੀਆ ਵੀ ਸੌਂਪੀਆਂ ਗਈਆਂ ਹਨ।

8. **ਉੱਪ-ਰਾਸ਼ਟਰਪਤੀ ਰਾਜ ਸਭਾ ਦਾ ਪਦੇਨ ਪ੍ਰਧਾਨ ਹੁੰਦਾ ਹੈ ਜਦੋਂ ਕਿ ਸਪੀਕਰ ਲੋਕ ਸਭਾ ਦਾ ਪ੍ਰਧਾਨ ਹੁੰਦਾ ਹੈ।** (The Vice-President is the Ex-officio Chairman of Rajya Sabha and Speaker is the Chairman of Lok Sabha): ਅਮਰੀਕੀ ਸੀਨੇਟ ਦੀ ਤਰ੍ਹਾਂ ਭਾਰਤੀ ਰਾਜ ਸਭਾ ਨੂੰ ਬੈਠਕਾਂ ਦੀ ਪ੍ਰਧਾਨਗੀ ਵੀ ਉੱਪ-ਰਾਸ਼ਟਰਪਤੀ ਕਰਦਾ ਹੈ। ਭਾਰਤੀ ਉੱਪ-ਰਾਸ਼ਟਰਪਤੀ ਰਾਜ ਸਭਾ ਦਾ ਮੈਂਬਰ ਤਾਂ ਨਹੀਂ ਹੁੰਦਾ ਪਰ ਉਹ ਰਾਜ ਸਭਾ ਦੇ ਪ੍ਰਧਾਨ ਦੇ ਰੂਪ ਵਿੱਚ ਕੰਮ ਕਰਦਾ ਹੈ ਅਤੇ ਇਸ ਦੀਆਂ ਬੈਠਕਾਂ ਦੀ ਕਾਰਵਾਈ ਸੰਚਾਲਿਤ ਕਰਦਾ ਹੈ। ਉਸ ਨੂੰ ਕੇਵਲ ਨਿਰਣਾਇਕ ਵੋਟ (Casting Vote) ਦੇਣ ਦਾ ਅਧਿਕਾਰ ਹੁੰਦਾ ਹੈ। ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਸਪੀਕਰ ਕਰਦਾ ਹੈ ਅਤੇ ਜੇਕਰ ਸਪੀਕਰ ਗੈਰ ਹਾਜ਼ਰ ਹੋਵੇ ਤਾਂ ਉੱਪ-ਸਪੀਕਰ ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ। ਸਪੀਕਰ ਅਤੇ ਉੱਪ-ਸਪੀਕਰ ਦੋਵੇਂ ਹੀ ਲੋਕ ਸਭਾ ਦੇ ਮੈਂਬਬ ਹੋਣੇ ਜ਼ਰੂਰੀ ਹੁੰਦੇ ਹਨ। ਇਨ੍ਹਾਂ ਦੀ ਚੋਣ ਲੋਕ ਸਭਾ ਦੇ ਮੈਂਬਰ ਕਰਦੇ ਹਨ ਪਰ ਇੱਥੇ ਬ੍ਰਿਟਿਸ਼ ਸਪੀਕਰ ਆਪਣਾ ਅਹੁਦਾ ਸੰਭਾਲਣ ਸਮੇਂ ਰਾਜਨੀਤੀ ਤੋਂ ਸੰਨਿਆਸ ਲੈ ਲੈਂਦਾ ਹੈ ਉਹ ਭਾਰਤੀ ਸਪੀਕਰ 'ਤੇ ਸੰਭਾਲਣ ਦੇ ਬਾਅਦ ਸਦਨ ਵਿੱਚ ਇਕ ਨਿਰਪੱਖ ਪ੍ਰਧਾਨ ਦੀ ਤਰ੍ਹਾ ਤਾਂ ਕੰਮ ਕਰਦਾ ਹੈ ਪਰ ਰਾਜਨੀਤਿਕ ਤੋਂ ਸੰਨਿਆਸ ਨਹੀਂ ਲੈਂਦਾ। ਇਸ ਤਰ੍ਹਾਂ ਭਾਰਤੀ ਲੋਕ ਸਭਾ ਦੇ ਸਪੀਕਰ ਦੀ ਸਥਿਤੀ ਨਾ ਤਾਂ ਬ੍ਰਿਟਿਸ਼ ਸਪੀਕਰ ਦੀ ਤਰ੍ਹਾਂ ਪੂਰਨ ਨਿਰਪੱਖਤਾ ਦੀ ਹੈ ਅਤੇ ਨਾ ਹੀ ਅਮਰੀਕੀ ਸਪੀਕਰ ਦੀ ਤਰ੍ਹਾਂ ਪੂਰਨ ਰਾਜਨੀਤਿਕ ਪ੍ਰਤੀਬੱਧਤਾ ਦੀ ਹੈ।

**9. ਸਮਿਤੀ ਵਿਵਸਥਾ** (Committee System): ਸੰਸਾਰ ਦੀਆਂ ਵੱਖ-ਵੱਖ ਸੰਸਦਾਂ ਦੀ ਤਰ੍ਹਾਂ ਭਾਰਤੀ ਸੰਸਦ ਵੀ ਕਈ ਇਕ ਸਮਿਤੀਆਂ ਨਾਲ ਆਪਣੀ ਕਾਨੂੰਨੀ-ਨਿਰਮਾਣ ਕਾਰਵਾਈ ਅਤੇ ਹੋਰ ਜ਼ਿਆਦਾ ਸ਼ਕਤੀਆਂ ਦਾ ਇਸਤੇਮਾਲ ਕਰਦੀ ਹੈ। ਭਾਰਤੀ ਸੰਸਦ ਦੇ ਦੋਵਾਂ ਸਦਨਾਂ ਦੀਆਂ ਆਪਣੀਆਂ-ਆਪਣੀਆਂ ਅਲੱਗ-ਅਲੱਗ ਸਮਿਤੀ ਵਿਵਸਥਾਵਾਂ ਹਨ ਪਰ ਇਸ ਦੇ ਨਾਲ ਹੀ ਕੁਝ ਇਕ ਸਾਂਝੀ ਸਮਿਤੀਆਂ ਵੀ ਹਨ। ਆਪਣੀਆਂ ਕਈ ਸਮਿਤੀਆਂ ਵੱਲੋਂ ਜਿਵੇਂ ਕਿ ਸਰਵਜਨਕ ਲੇਖਾ ਅਨੁਦਾਨ ਸਮਿਤੀ (Public Accounts Committee) ਅਨੁਸਾਰ ਸਮਿਤੀਆਂ (Estimate Committee) ਆਦਿ ਵੱਲੋਂ ਸੰਸਦ ਕਾਰਜ ਪਾਲਿਕਾ ’ਤੇ ਕੰਟਰੋਲ ਕਰਨ ਦਾ ਕੰਮ ਵੀ ਕਰਦੀ ਹੈ। ਸੰਸਦ ਵਿੱਚ ਕਾਨੂੰਨ ਨਿਰਮਾਣ ਦੇ ਕੰਮ ਵਿੱਚ ਸੰਸਦ ਦੀਆਂ ਸਮਿਤੀਆਂ ਬਹੁਤ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦੀਆਂ ਹਨ।

ਇਸ ਤਰ੍ਹਾਂ ਸੰਘੀ ਸੰਸਦ ਇਕ ਗੈਰ-ਪ੍ਰਭੂਸੱਤਾ ਸੰਪਨ ਸੰਸਦ ਹੈ ਪਰ ਇਹ ਇਕ ਬਹੁਤ ਸ਼ਕਤੀਸ਼ਾਲੀ ਸੰਸਥਾ ਹੈ। ਸੰਘੀ ਸੂਚੀ ਵਿੱਚ ਦਿੱਤੇ ਗਏ 97 ਵਿਸ਼ਿਆਂ ਅਤੇ ਅਵਸ਼ੇਸ਼ ਵਿਸ਼ਿਆਂ (Residuary Subjects) ’ਤੇ ਕਾਨੂੰਨ ਨਿਰਮਾਣ ਦਾ ਅਧਿਕਾਰ ਸੰਘੀ ਸੰਸਦ ਦੇ ਕੋਲ ਹੈ। ਸਾਂਝੀ ਸੂਚੀ ਦੇ 47 ਵਿਸ਼ਿਆਂ ’ਤੇ ਸੰਘੀ ਸੰਸਦ ਅਤੇ ਰਾਜ ਵਿਧਾਨ ਪਾਲਿਕਾਵਾਂ ਦੋਵੇਂ ਹੀ ਕਾਨੂੰਨ ਬਣਾ ਸਕਦੀਆਂ ਹਨ ਪਰ ਜੇਕਰ ਦੋਵਾਂ ਦੇ ਕਾਨੂੰਨ ਵਿੱਚ ਕੋਈ ਵਿਰੋਧ ਹੋਵੇ ਤਾਂ ਸੰਸਦ ਵੱਲੋਂ ਪਾਸ ਕੀਤੇ ਗਏ ਕਾਨੂੰਨ ਨੂੰ ਪਹਿਲ ਦਿੱਤੀ ਜਾਂਦੀ ਹੈ। ਕੁਝ ਵਿਸ਼ੇਸ਼ ਤਰ੍ਹਾਂ ਦੀਆਂ ਸੰਕਟਕਾਲ ਸਥਿਤੀਆਂ ਵਿੱਚ ਸੰਘੀ ਸੰਸਦ ਰਾਜ ਸੂਚੀ ਦੇ ਵਿਸ਼ਿਆਂ ’ਤੇ ਵੀ ਕਾਨੂੰਨ ਬਣਾ ਸਕਦੀ ਹੈ। ਇਸ ਤਰ੍ਹਾ ਸੰਘੀ ਸੰਸਦ ਕੋਲ ਕਾਨੂੰਨ ਨਿਰਮਾਣ ਦੀਆਂ ਵਿਸ਼ਾਲ ਸ਼ਕਤੀਆਂ ਹਨ।

*ਕੀ ਤੁਸੀਂ ਜਾਣਦੇ ਹੋ*

ਦੇਸ਼ ਦੇ ਧਨ ’ਤੇ ਅਖੀਰਲਾ ਕੰਟਰੋਲ ਸੰਘੀ ਸੰਸਦ ਦਾ ਹੀ ਹੁੰਦਾ ਹੈ। ਇਸ ਦੀ ਮਨਜ਼ੂਰੀ ਤੋਂ ਬਿਨਾਂ ਸੰਘ ਸਰਕਾਰ ਨਾ ਤਾਂ ਕੋਈ ਕਰ ਲਗਾ ਸਕਦੀ ਹੈ, ਨਾ ਹੀ ਕੋਈ ਕਰ ਇਕੱਠਾ ਕਰ ਸਕਦੀ ਹੈ ਅਤੇ ਨਾ ਹੀ ਕਰ ਵਿਵਸਥਾ ਵਿੱਚ ਕੋਈ ਪਰਿਵਰਤਨ ਕਰ ਸਕਦੀ ਹੈ।

ਭਾਰਤੀ ਸੰਵਿਧਾਨ ਵੱਲੋਂ ਸੰਸਦੀ ਸ਼ਾਸਨ ਪ੍ਰਣਾਲੀ ਲਾਗੂ ਕੀਤੀ ਗਈ ਹੈ ਅਤੇ ਇਸ ਅਧੀਨ ਸੰਘੀ ਮੰਤਰੀ-ਪ੍ਰੀਸ਼ਦ ਆਪਣੇ ਕੰਮਾਂ ਲਈ ਸੰਸਦ ਦੇ ਸਾਹਮਣੇ ਜ਼ਿੰਮੇਵਾਰ ਅਤੇ ਜ਼ਿੰਮੇਵਾਰੀ ਹੁੰਦੀ ਹੈ। ਸੰਘੀ ਸੰਸਦ ਸਰਕਾਰ ਦੇ ਕੰਮ ਦਾ ਨਿਰੀਖਣ ਕਰਦੀ ਹੈ।

ਅਤੇ ਸਰਕਾਰ ਨੂੰ ਨਿਰੰਕੁਸ਼ ਸ਼ਕਤੀਆ ਦੇ ਇਸਤੇਮਾਲ ਤੋਂ ਰੋਕਦੀ ਹੈ। ਇਸ ਤਰ੍ਹਾ ਭਾਰਤੀ ਸੰਸਦੀ ਇਕ ਸ਼ਕਤੀਸ਼ਾਲੀ ਸੰਸਦ ਹੈ ਪਰ ਇਹ ਪ੍ਰਭੂਸੱਤਾ ਸੰਪਨ ਸੰਸਦ ਨਹੀਂ। ਭਾਰਤ ਵਿੱਚ ਸੰਵਿਧਾਨ ਦੇਸ਼ ਦਾ ਸਰਵਉੱਚ ਕਾਨੂੰਨ ਹੈ ਅਤੇ ਸੰਸਦ ਸੰਵਿਧਾਨ ਦੇ ਅਨੁਸਾਰ ਹੀ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਕਰਦੀ ਹੈ। ਭਾਰਤੀ ਸੰਵਿਧਾਨ ਵਿੱਚ ਸੋਧ ਕਰਨ ਦੀ ਸ਼ਕਤੀ ਸੰਸਦ ਕੋਲ ਹੈ ਪਰ ਇਹ ਸੰਵਿਧਾਨ ਦੇ ਮੌਲਿਕ ਢਾਂਚੇ ਵਿੱਚ ਪਰਿਵਰਤਨ ਨਹੀਂ ਕਰ ਸਕਦੀ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਭਾਰਤੀ ਸੰਸਦ ਇਕ ਸੰਗਠਿਤ ਸ਼ਕਤੀਸ਼ਾਲੀ ਸੰਸਦ ਹੈ ਪਰ ਇਹ ਪ੍ਰਭੂਸੱਤਾ ਸੰਪਨ ਸੰਸਦ ਨਹੀਂ ਹੈ।

### ਸਵ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks):

1. ਸੰਘੀ ਸੰਸਦ ਵੱਲੋਂ ਪਾਸ ਕੋਈ ਵੀ ਬਿੱਲ..........ਦੇ ਹਸਤਾਖਰ ਤੋਂ ਬਿਨਾਂ ਕਾਨੂੰਨ ਨਹੀਂ ਬਣ ਸਕਦਾ।
2. ਸੰਘੀ ਸੰਸਦ ਵੱਲੋਂ ਨਿਰਮਿਤ ਕਾਨੂੰਨਾਂ ’ਤੇ ...............ਦੀ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਲਾਗੂ ਹੁੰਦੀ ਹੈ।
3. ਰਾਜ ਸਭਾ ਕਿਸੇ ਵੀ ................ਨੂੰ ਪਾਸ ਹੋਣ ਵਿੱਚ ਕੇਵਲ ...........ਦਿਨ ਦੀ ਦੇਰ ਹੀ ਕਰ ਸਕਦੀ ਹੈ।

## 6.2 ਰਾਜ ਸਭਾ-ਰਾਜਾਂ ਦੀ ਪ੍ਰੀਸ਼ਦ (Rajya Sabha — The Council of States)

ਰਾਜ ਸਭਾ ਅਤੇ ਰਾਜਾਂ ਦੀ ਪ੍ਰੀਸ਼ਦ ਸੰਘੀ ਸੰਸਦ ਦਾ ਉਪਰਲਾ ਸਦਨ ਹੈ। ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੁੰਦਾ ਹੈ, ਰਾਜ ਸਭਾ ਦੀ ਸਥਾਪਨਾ ਭਾਰਤੀ ਸੰਘ ਦੇ ਰਾਜਾਂ ਨੂੰ ਪ੍ਰਤੀਨਿਧਤਾ ਦੇਣ ਲਈ ਕੀਤੀ ਗਈ ਹੈ ਪਰ ਸੰਯੁਕਤ ਰਾਜ ਅਮਰੀਕਾ ਅਤੇ ਸਵਿਟਜ਼ਰਲੈਂਡ ਦੇ ਉਪਰਲੇ ਸਦਨਾਂ ਦੇ ਉਲਟ, ਭਾਰਤੀ ਰਾਜਾਂ ਨੂੰ ਰਾਜ ਸਭਾ ਵਿੱਚ ਇਕ ਬਰਾਬਰ ਪ੍ਰਤੀਨਿਧਤਾ ਪ੍ਰਾਪਤ ਨਹੀਂ ਹੈ। ਇਨ੍ਹਾਂ ਰਾਜਾਂ ਨੂੰ ਰਾਜ ਸਭਾ ਵਿੱਚ ਵੀ ਉਨ੍ਹਾਂ ਦੀ ਜਨਸੰਖਿਆ ਦੇ ਆਧਾਰ ’ਤੇ ਪ੍ਰਤੀਨਿਧਤਾ ਦਿੱਤੀ ਗਈ ਹੈ।

**I. ਰਾਜ ਸਭਾ ਦੀ ਰਚਨਾ (Composition of the Rajya Sabha)**: ਰਾਜ ਸਭਾ ਅਤੇ ਸੰਸਦ ਦੇ ਉਪਰਲੇ ਸਦਨ ਵਿੱਚ ਜ਼ਿਆਦਾ ਤੋਂ ਜ਼ਿਆਦਾ 250 ਮੈਂਬਰ ਹੁੰਦੇ ਹਨ ਜਿਨ੍ਹਾਂ ਵਿੱਚੋਂ 238 ਰਾਜਾਂ ਨੂੰ ਪ੍ਰਤੀਨਿਧੀ ਹੁੰਦੇ ਹਨ ਅਤੇ ਬਾਕੀ 12 ਮੈਂਬਰਾਂ ਦੀ

**ਨੋਟ** ਨਾਮਜ਼ਦਗੀ ਰਾਸ਼ਟਰਪਤੀ ਵੱਲੋਂ ਉਨ੍ਹਾਂ ਵਿਅਕਤੀਆਂ ਵਿੱਚੋਂ ਕੀਤੀ ਜਾਂਦੀ ਹੈ ਜਿਨ੍ਹਾਂ ਕਲਾ, ਸਾਹਿਤ, ਵਿਗਿਆਨ ਜਾਂ ਸਮਾਜ ਸੇਵਾਵਾਂ ਦੇ ਖੇਤਰਾਂ ਵਿੱਚ ਵਿਸ਼ੇਸ਼ ਉਪਲੱਬਧੀਆਂ ਪ੍ਰਾਪਤ ਕੀਤੀਆਂ ਹੋਣ। ਰਾਜਾਂ ਦਾ ਪ੍ਰਤੀਨਿਧਤਾ ਕਰਦੇ 238 ਮੈਂਬਰ, ਭਾਰਤ ਦੇ 28 ਰਾਜਾਂ ਵਿੱਚ ਸਰਗਰਮ ਰਾਜ ਵਿਧਾਨ ਸਭਾਵਾਂ ਵੱਲੋਂ ਚੁਣੇ ਜਾਂਦੇ ਹਨ। ਹਰੇਕ ਰਾਜ ਵਿਧਾਨ ਸਭਾ ਵੱਲੋਂ ਚੁਣੇ ਗਏ ਮੈਂਬਰਾਂ ਦੀ ਸੰਖਿਆ ਅਲੱਗ-ਅਲੱਗ ਹੁੰਦੀ ਹੈ। ਸੰਵਿਧਾਨ ਦੀ ਚੌਥੀ ਸੂਚੀ ਵਿੱਚ ਰਾਜਾਂ ਨੂੰ ਰਾਜ ਸਭਾ ਦੀਆਂ ਸੀਟਾਂ ਵੰਡੀਆਂ ਗਈਆਂ ਹਨ। ਜ਼ਿਆਦਾ ਜਨਸੰਖਿਆ ਵਾਲੇ ਰਾਜਾਂ ਨੂੰ ਜ਼ਿਆਦਾਤਰ ਸੀਟਾਂ ਦਿੱਤੀਆਂ ਗਈਆਂ ਹਨ ।

**Table 6.1**

ਰਾਜ ਸਭਾ: ਸੀਟਾਂ ਦੀ ਵੰਡ
(14ਵੀਂ ਅਨੁਸੂਚੀ)

| | Name of States | Seats | | Name of States/UT | Seats |
|---|---|---|---|---|---|
| 1. | Andhra Pradesh | 18 | 16. | West Bengal | 16 |
| 2. | Assam | 7 | 17. | Jammu and Kashmir | 4 |
| 3. | Bihar | 16 | 18. | Nagaland | 1 |
| 4. | Goa | 1 | 19. | Himachal Pradesh | 3 |
| 5. | Gujrat | 11 | 20. | Manipur | 1 |
| 6. | Haryana | 5 | 21. | Tripura | 1 |
| 7. | Kerala | 9 | 22. | Maghalaya | 1 |
| 8. | Madhya Pradesh | 13 | 23. | Sikkim | 1 |
| 9. | Tamilnadu | 18 | 24. | Mizoram | 1 |
| 10. | Maharashtra | 19 | 25. | Arunachal Pradesh | 1 |
| 11. | Karnataka | 12 | 26. | Delhi | 3 |
| 12. | Orissa | 10 | 27. | Pandicherry | 1 |
| 13. | Punjab | 7 | 28. | Chhattisgarh | 3 |
| 14 | Rajasthan | 10 | 29. | Jharkhand | 6 |
| 15. | Uttar Pradesh | 31 | 30. | Uttarakhand | 3 |

ਦੂਸਰੇ ਸ਼ਬਦਾਂ ਵਿੱਚ, ਅਲੱਗ-ਅਲੱਗ ਰਾਜਾਂ ਦੀਆਂ ਸੀਟਾਂ ਉਨ੍ਹਾਂ ਦੀ ਜਨਸੰਖਿਆ ਦੇ ਅਨੁਪਾਤ ਵਿੱਚ ਵੰਡੀਆਂ ਗਈਆਂ ਹਨ। ਉਦਾਹਰ ਦੇ ਤੌਰ 'ਤੇ ਪੰਜਾਬ ਦੀ ਰਾਜ ਸਭਾ ਵਿੱਚ 7, ਹਰਿਆਣਾ ਦੀ 5, ਆਂਧਰਾ ਪ੍ਰਦੇਸ਼ ਦੀ 18 ਅਤੇ ਮਿਜ਼ੋਰਮ ਦੀ ਇਕ ਸੀਟ ਹੈ। ਵਰਤਮਾਨ ਸਮੇਂ ਵਿੱਚ ਰਾਜ ਸਭਾ ਦੇ ਮੈਂਬਰਾਂ ਦੀ ਕੁਲ ਸੰਖਿਆ 245 ਹੈ ਜਿਨ੍ਹਾਂ ਵਿੱਚੋਂ 233 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਪ੍ਰਤੀਨਿਧੀ ਹਨ ਅਤੇ 12 ਨਿਯੁਕਤ ਕੀਤੇ ਮੈਂਬਰ ਹਨ। ਰਾਜ ਸਭਾ ਵਿੱਚ ਸੀਟਾਂ ਦੀ ਵੰਡ ਕਰਦੇ ਸਮੇਂ ਸੰਵਿਧਾਨ, ਰਾਜ ਦੀ ਜਨਸੰਖਿਆ ਦੇ ਨਾਲ ਭੂਗੋਲਿਕ ਅਤੇ ਸਮਾਜਿਕ ਕਾਰਕਾਂ ਨੂੰ ਵੀ ਧਿਆਨ ਵਿੱਚ ਰੱਖਿਆ ਹੈ।

ਸੰਘ ਦੇ ਰਾਜਾਂ ਵਿੱਚ ਰਾਜ ਸਭਾ ਦੀਆਂ ਸੀਟਾਂ ਦੀ ਵੰਡ ਸੰਵਿਧਾਨ ਵੱਲੋਂ ਦਰਜ ਕੀਤਾ ਗਿਆ ਹੈ ਅਤੇ ਇਸ ਵਿਵਸਥਾ ਨੂੰ ਸੰਵਿਧਾਨਿਕ ਵੱਲੋਂ ਬਦਲਿਆ ਜਾ ਸਕਦਾ ਹੈ। ਰਾਜ ਸਭਾ ਵਿੱਚ ਵੀ ਭਾਰਤੀ ਸੰਘ ਦੇ ਵੱਡੇ ਰਾਜਾਂ ਜਿਵੇਂ ਯੂ. ਪੀ. ਅਤੇ ਬਿਹਾਰ ਨੂੰ ਜ਼ਿਆਦਾ ਸੀਟਾਂ ਮਿਲੀਆਂ ਹੋਈਆਂ ਹਨ ਅਤੇ ਛੋਟੇ ਰਾਜਾਂ ਨੂੰ ਘੱਟ ਸੀਟਾ ਪਰ ਇਹ ਇਕ ਨਿਯਮ ਹੈ ਕਿ ਰਾਜ ਸਭਾ ਵਿੱਚ ਛੋਟੇ ਤੋਂ ਛੋਟੇ ਰਾਜ ਨੂੰ ਵੀ ਇਕ ਸੀਟ ਜ਼ਰੂਰ ਮਿਲਦੀ ਹੈ।

ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਵਿੱਚ ਸੰਘ ਦੇ ਹਰੇਕ ਰਾਜ ਨੂੰ ਸੀਨੇਟ (ਸੰਯੁਕਤ ਰਾਜ ਦਾ ਉਪਰਲਾ ਸਦਨ) ਵਿੱਚ ਬਰਾਬਰ ਪ੍ਰਤੀਨਿਧਤਾ (ਦੋ ਸੀਟਾਂ) ਦਿੱਤੀਆਂ ਗਈਆਂ ਹਨ, ਚਾਹੇ ਇਸ ਦਾ ਖੇਤਰਫਲ ਅਤੇ ਜਨਸੰਖਿਆ ਕਿੰਨੀ ਵੀ ਕਿਉਂ ਨਾ ਹੋਵੇ। ਇਸ ਦੇ ਉਲਟ ਭਾਰਤ ਸੰਘ ਦੇ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਅਲੱਗ-ਅਲੱਗ ਸੀਟਾਂ ਦਿੱਤੀਆਂ ਗਈਆਂ ਹਨ। ਇਸ ਨੂੰ

ਨੋਟ

ਭਾਰਤੀ ਸੰਘੀ ਪ੍ਰਣਾਲੀ ਦੀ ਗੈਰ-ਸੰਘੀ ਵਿਸ਼ੇਸ਼ਤਾ ਸਮਝਿਆ ਜਾਂਦਾ ਹੈ। ਅਸਲ ਵਿੱਚ, ਭਾਰਤੀ ਸੰਵਿਧਾਨ ਦੇ ਨਿਰਮਾਤਾ ਨੇ ਰਾਸ਼ਟਰੀ ਵਿਧਾਨ ਸਭਾ ਦੇ ਉਪਰਲੇ ਸਦਨ ਵਿੱਚ ਸੰਘ ਦੇ ਰਾਜਾਂ ਨੂੰ ਪ੍ਰਤੀਨਿਧਤਾ ਦਿੰਦੇ ਸਮੇਂ ਅਮਰੀਕਾ ਅਤੇ ਸਵਿਟਜ਼ਰਲੈਂਡ ਦੀ ਪ੍ਰਣਾਲੀ ਨੂੰ ਤਾਂ ਅਪਣਾਇਆ ਪਰ ਸੰਘ ਦੇ ਸਾਰੇ ਰਾਜਾਂ ਨੂੰ ਇਕ ਬਰਾਬਰ ਪ੍ਰਤੀਨਿਧਤਾ ਦੇਣ ਦੇ ਸਿਧਾਂਤ ਨੂੰ ਉਪੇਕਿਸ਼ਤ ਕਰ ਦਿੱਤਾ।

**II. ਚੋਣ ਦੀ ਵਿਧੀ (Method of Election)**: ਰਾਜ ਸਭਾ ਦੇ ਮੈਂਬਰਾਂ ਦੀ ਚੋਣ ਰਾਜ ਵਿਧਾਨ ਸਭਾਵਾਂ ਦੇ ਮੈਂਬਰਾਂ ਵੱਲੋਂ ਅਨੁਪਾਤਿਕ ਪ੍ਰਤੀਨਿਧਤਾ ਇਕਹਿਰੀ ਬਦਲਾਅ ਵੋਟ ਪ੍ਰਣਾਲੀ ਵੱਲੋਂ ਅਪ੍ਰੱਤਖ ਰੂਪ ਵਿੱਚ ਕੀਤੀ ਜਾਂਦੀ ਹੈ। ਹਰੇਕ ਰਾਜ ਵਿਧਾਨ ਸਭਾ ਵੱਲੋਂ ਉਂਨੇ ਹੀ ਪ੍ਰਤੀਨਿਧੀਆਂ ਦੀ ਚੋਣ ਕੀਤੀ ਜਾਂਦੀ ਹੈ ਜਿੰਨੇ ਦੀ ਆਗਿਆ ਸੰਵਿਧਾਨ ਵੱਲੋਂ ਦਿੱਤੀ ਗਈ ਹੁੰਦੀ ਹੈ। ਰਾਸ਼ਟਰਪਤੀ ਰਾਜ ਸਭਾ ਵਿੱਚ 12 ਮੈਂਬਰਾਂ ਨੂੰ ਉਨ੍ਹਾਂ ਵਿਅਕਤੀਆਂ ਵਿੱਚੋਂ ਨਿਯੁਕਤ ਕਰਦਾ ਹੈ ਜਿਨ੍ਹਾਂ ਨੂੰ ਕਲਾ, ਵਿਗਿਆਨ, ਸਾਹਿਤ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਵਿਸ਼ੇਸ਼ ਉਪਲੱਬਧੀ ਪ੍ਰਾਪਤ ਕੀਤੀ ਹੋਵੇ।

ਅਕਤੂਬਰ 2003 ਵਿੱਚ ਇਕ ਸਰਵਦਲੀ ਸੰਮੇਲਨ ਵਿੱਚ ਇਹ ਪ੍ਰਸਤਾਵ ਪਾਸ ਕੀਤਾ ਗਿਆ ਹੈ ਕਿ ਰਾਜ ਸਭਾ ਦੀ ਮੈਂਬਰਸ਼ਿਪ ਲਈ ਰਾਜ ਵਿੱਚ ਨਿਵਾਸ ਦੇ ਨਿਯਮ ਦੇ ਖਤਮ ਕੀਤਾ ਜਾਣਾ ਚਾਹੀਦਾ ਹੈ ਅਤੇ ਨਾਲ ਹੀ ਮੁਕਤ ਮਤਦਾਨ (Open Voting) ਦੇ ਨਾਲ ਰਾਜ ਸਭਾ ਦੇ ਮੈਂਬਰਾਂ ਦੀ ਚੋਣ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ ਪਰ ਜੂਨ 2004 ਵਿੱਚ ਰਾਜ ਸਭਾ ਦੀ ਮੈਂਬਰਸ਼ਿਪ ਦੇ ਸਬੰਧ ਵਿੱਚ ਪ੍ਰਸਤਾਵਿਤ ਸੋਧਾਂ ਕੀਤੇ ਜਾਣ 'ਤੇ ਸਰਵਉਚ ਅਦਾਲਤ ਨੇ ਰੋਕ ਲਗਾ ਦਿੱਤੀ।

**III. ਮੈਂਬਰਾਂ ਦੀਆਂ ਯੋਗਤਾਵਾਂ (Qualifications of Members)**: ਰਾਜ ਸਭਾ ਦੀ ਮੈਂਬਰਸ਼ਿਪ ਲਈ ਸੰਵਿਧਾਨ ਵਿੱਚ ਦੱਸੇ ਅਨੁਸਾਰ ਵਿਅਕਤੀ ਵਿੱਚ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ :

(ੳ) ਉਹ ਭਾਰਤ ਦਾ ਨਾਗਰਿਕ ਹੋਣਾ ਚਾਹੀਦਾ ਹੈ।

(ਖ) ਜਿਸ ਰਾਜ ਵੱਲੋਂ ਉਹ ਚੋਣ ਲੜਨਾ ਚਾਹੁੰਦਾ ਹੈ, ਉਸ ਰਾਜ ਦਾ ਉਹ ਘੱਟ ਤੋਂ ਘੱਟ 6 ਮਹੀਨੇ ਤੋਂ ਨਿਵਾਸੀ ਹੋਣਾ ਚਾਹੀਦਾ ਹੈ।

(ਗ) ਉਸ ਦੀ ਉਮਰ 30 ਸਾਲਾਂ ਤੋਂ ਜ਼ਿਆਦਾ ਹੋਣੀ ਚਾਹੀਦੀ ਹੈ। ਇਸ ਲਈ ਰਾਜ ਸਭਾ ਨੂੰ ਬਜ਼ੁਰਗਾਂ ਦਾ ਸਦਨ (House of Elders) ਕਿਹਾ ਜਾਂਦਾ ਹੈ।

(ਘ) ਉਹ ਸੰਸਦ ਵੱਲੋਂ ਨਿਸ਼ਚਿਤ ਕੀਤੀਆਂ ਗਈਆਂ ਹੋਰ ਸਾਰੀਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

(ਙ) ਉਹ ਭਾਰਤ ਸਰਕਾਰ ਜਾਂ ਰਾਜ ਸਰਕਾਰ ਦੇ ਅਧੀਨ ਕਿਸੇ ਲਾਭਪ੍ਰਦ ਅਹੁਦੇ 'ਤੇ ਨਿਯੁਕਤ ਨਾ ਹੋਵੇ।

(ਚ) ਉਸ ਨੂੰ ਪਾਗਲ ਜਾਂ ਦੀਵਾਲੀਆ ਨਹੀਂ ਹੋਣਾ ਚਾਹੀਦਾ।

(ਛ) ਉਸ ਨੂੰ ਸੰਸਦ ਦੇ ਕਿਸੇ ਕਾਨੂੰਨ ਦੇ ਅਧੀਨ ਅਯੋਗ ਕਰਾਰ ਨਾ ਦਿੱਤਾ ਗਿਆ ਹੋਵੇ।

**IV. ਕਾਰਜਕਾਲ (Tenure)**: ਰਾਜ ਸਭਾ ਇਕ ਅਰਧ-ਸਥਾਈ ਸਦਨ ਹੈ। ਇਹ ਲੋਕ ਸਭਾ ਦੀ ਤਰ੍ਹਾਂ ਭੰਗ ਹੋ ਸਕਦਾ ਹੈ। ਹਰੇਕ ਦੋ ਸਾਲਾਂ ਬਾਅਦ ਉਸ ਦੇ ਇਕ-ਤਿਹਾਈ ਮੈਂਬਰ ਸੇਵਾਮੁਕਤ ਹੋ ਜਾਂਦੇ ਹਨ ਅਤੇ ਖਾਲੀ ਸੀਟਾਂ ਲਈ ਚੋਣ ਕਰਵਾਈ ਜਾਂਦੀ ਹੈ। ਰਾਜ ਸਭਾ ਦੇ ਹਰੇਕ ਮੈਂਬਰ ਦਾ ਕਾਰਜਕਾਲ ਛੇ ਸਾਲ ਦਾ ਹੁੰਦਾ ਹੈ। ਕਿਸੇ ਮੈਂਬਰ ਦੀ ਮੈਂਬਰਸ਼ਿਪ ਉਦੋਂ ਰੱਦ ਹੋ ਜਾਂਦੀ ਹੈ ਜਦੋਂ ਉਹ ਤਿਆਗ-ਪੱਤਰ ਦੇ ਦਿੰਦਾ ਜਾਂ ਉਸ ਨੂੰ ਅਯੋਗ ਕਰਾਰ ਦਿੱਤਾ ਜਾਵੇ। ਪ੍ਰਧਾਨਗੀ ਕਰਨ ਵਾਲੇ ਅਧਿਕਾਰੀ ਵੱਲੋਂ ਕਰਵਾਈਆਂ ਗਈਆਂ ਸਦਨ ਦੀਆਂ ਬੈਠਕਾਂ ਅਤੇ ਇਸ ਦੇ ਅਧਿਵੇਸ਼ਨਾਂ ਵਿੱਚ ਬਿਨਾਂ ਕਿਸੇ ਕਾਰਨ 60 ਦਿਨਾਂ ਤੱਕ ਗੈਰ ਹਾਜ਼ਰ ਰਹਿਣ ਵਾਲੇ ਰਾਜ ਸਭਾ ਦੇ ਮੈਂਬਰ ਨੂੰ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।

**V. ਅਧਿਵੇਸ਼ਨ (Sessions)**: ਰਾਜ ਸਭਾ ਦੇ ਅਧਿਵੇਸ਼ਨ ਸਧਾਰਣ ਰੂਪ ਵਿੱਚ ਰਾਸ਼ਟਰਪਤੀ ਵੱਲੋਂ ਲੋਕ ਸਭਾ ਦੇ ਅਧਿਵੇਸ਼ਨਾਂ ਦੇ ਨਾਲ ਹੀ ਜਾਂ ਫਿਰ ਜਦੋਂ ਉਸ ਨੂੰ ਜ਼ਰੂਰੀ ਮਹਿਸੂਸ ਹੋਵੇ, ਬੁਲਾਏ ਜਾਂਦੇ ਹਨ ਪਰ ਰਾਜ ਸਭਾ ਦੇ ਦੋ ਅਧਿਵੇਸ਼ਨਾਂ ਵਿੱਚ ਛੇ ਮਹੀਨੇ ਤੋਂ ਜ਼ਿਆਦਾ ਅੰਤਰ ਨਹੀਂ ਹੋ ਸਕਦਾ। ਹਿਸ ਤਰ੍ਹਾਂ ਸਾਲ ਵਿੱਚ ਘੱਟ ਤੋਂ ਘੱਟ ਦੋ ਅਧਿਵੇਸ਼ਨ ਬੁਲਾਉਣੇ ਸੰਵਿਧਾਨਿਕ ਜ਼ਰੂਰਤ ਹੈ। ਰਾਸ਼ਟਰਪਤੀ ਉਸ ਸਥਿਤੀ ਵਿੱਚ ਰਾਜ ਸਭਾ ਦਾ ਵਿਸ਼ੇਸ਼ ਅਧਿਵੇਸ਼ਨ ਬੁਲਾ ਸਕਦਾ ਹੈ ਜਦੋਂ ਲੋਕ ਸਪਾ ਭੰਗ ਹੋ ਚੁੱਕੀ ਹੋਵੇ ਅਤੇ ਸੰਕਟਕਾਲ ਸਥਿਤੀ ਦੀ ਘੋਸ਼ਣਾ ਦੀ ਮਨਜ਼ੂਰੀ ਲੈਣੀ ਹੋਵੇ। ਕਿਸੇ ਰਾਜ ਵਿੱਚ ਰਾਸ਼ਟਰਪਤੀ ਰਾਜ ਦਾ ਸਮਾਂ ਵਧਾਉਣ ਦੇ ਲਈ ਅਧਿਆਦੇਸ਼ (ਆਰਡੀਨੈਂਸ) ਦੀ ਮਨਜ਼ੂਰੀ ਲਈ ਵੀ ਰਾਜ ਸਭਾ ਵਿਸ਼ੇਸ਼ ਅਧਿਵੇਸ਼ਨ ਬੁਲਾਇਆ ਜਾ ਸਕਦਾ ਹੈ। ਮਈ-ਜੂਨ, 1999 ਵਿੱਚ ਕਾਰਗਿਲ ਯੁੱਧ ਦੇ ਮੁੱਦੇ 'ਤੇ ਚਰਚਾ ਕਰਵਾਉਣ ਲਈ ਰਾਜ ਸਭਾ ਦੇ ਇਕ ਵਿਸ਼ੇਸ਼ ਅਧਿਵੇਸ਼ਨ ਦੀ ਮੰਗ ਕੀਤੀ ਗਈ ਕਿਉਂਕਿ ਇਸ ਸਮੇਂ 12ਵੀਂ ਲੋਕ ਸਭਾ ਭੰਗ ਕੀਤੀ ਜਾ ਚੁੱਕੀ ਸੀ, ਪਰ ਅਜਿਹਾ ਵਿਸ਼ੇਸ਼ ਅਧਿਵੇਸ਼ਨ ਬੁਲਾਇਆ ਨਹੀਂ ਗਿਆ ਸੀ।

**VI. ਰਾਜ ਸਭਾ ਦੀਆਂ ਬੈਠਕਾਂ ਦੀ ਗਣ ਪੂਰਤੀ (Quorum for the Meetings of Rajya Sabha)**: ਰਾਜ ਸਭਾ ਦੀ ਹਰੇਕ ਬੈਠਕ ਵਿੱਚ ਇਸ ਦੇ ਘੱਟ ਤੋਂ ਘੱਟ 1/10 ਮੈਂਬਰਾਂ ਦਾ ਮੌਜੂਦ ਹੋਣਾ ਜ਼ਰੂਰੀ ਹੈ ਅਤੇ ਸਦਨ ਦੀ ਕਾਰਵਾਈ ਲਈ ਰਾਜ ਸਭਾ ਦੇ ਘੱਟ ਤੋਂ ਘੱਟ 1/10 ਮੈਂਬਰਾਂ ਦੀ ਮੌਜੂਦਗੀ ਜ਼ਰੂਰੀ ਹੈ। 42ਵੀਂ ਸੋਧ ਨਾਲ, ਰਾਜ ਸਭਾ ਨੂੰ ਆਪਣੀਆਂ ਬੈਠਕਾਂ ਵਿੱਚ ਮੈਂਬਰਾਂ ਦਾ ਜ਼ਰੂਰੀ ਕੋਰਸ ਨਿਸ਼ਚਿਤ ਕਰਨ ਦੀ ਸ਼ਕਤੀ ਦਿੱਤੀ ਗਈ ਪਰ 44ਵੀਂ ਸੋਧ ਨਾਲ ਯਥਾ ਪੂਰਵਕ ਸਥਿਤੀ ਮੈਂਬਰਾਂ ਦੇ 1/10 ਮੈਂਬਰਾਂ ਦੀ ਮੌਜੂਦਗੀ ਵਾਲੀ ਵਿਵਸਥਾ ਨੂੰ ਪੁਨਰ ਸਥਾਪਿਤ ਕੀਤਾ ਗਿਆ।

ਨੋਟ

**VII. ਮੈਂਬਰਾਂ ਦੇ ਵਿਸ਼ੇਸ਼ ਅਧਿਕਾਰ (Privileges of Members)**: ਰਾਜ ਸਭਾ ਦੇ ਮੈਂਬਰਾਂ ਨੂੰ ਕਈ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦੇ ਹਨ। ਉਨ੍ਹਾਂ ਵੱਲੋਂ ਸਦਨ ਵਿੱਚ ਆਪਣੇ ਵਿਚਾਰ ਪ੍ਰਗਟ ਕਰਨ 'ਤੇ ਕੋਈ ਰੋਕ ਨਹੀਂ ਹੁੰਦੀ ਅਤੇ ਸਦਨ ਵਿੱਚ ਉਨ੍ਹਾਂ ਵੱਲੋਂ ਕਹੇ ਗਏ ਕਿਸੇ ਸ਼ਬਦ 'ਤੇ ਉਨ੍ਹਾਂ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਰਾਜ ਸਭਾ ਦੇ ਅਧਿਵੇਸ਼ਨ ਦੇ 40 ਦਿਨ ਪਹਿਲਾਂ ਅਤੇ 40 ਦਿਨ ਬਾਅਦ ਤੱਕ ਅਤੇ ਇਸ ਦੌਰਾਨ ਕਿਸੇ ਮੈਂਬਰ ਨੂੰ ਕਿਸੇ ਦੀਵਾਨੀ ਅਪਰਾਧ ਲਈ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ। ਸਦਨ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਸੁਰੱਖਿਆ ਲਈ ਰਾਜ ਸਭਾ ਦੀ ਸਥਾਪਨਾ ਦੇ ਸਮੇਂ ਤੋਂ ਹੀ ਇਕ ਵਿਸ਼ੇਸ਼ ਸਮਿਤੀ (ਵਿਸ਼ੇਸ਼ ਅਧਿਕਾਰੀ ਦੀ ਸਮਿਤੀ) ਦਾ ਗਠਨ ਕੀਤਾ ਗਿਆ ਹੈ।

**VIII. ਰਾਜ ਸਭਾ ਦਾ ਪ੍ਰਧਾਨ (Chairman of the Rajya Sabha)**: ਭਾਰਤ ਦਾ ਉੱਪ-ਰਾਸ਼ਟਰਪਤੀ ਰਾਜ ਸਭਾ ਦਾ ਪਦੇਨ (Ex-officio) ਪ੍ਰਧਾਨ ਹੁੰਦਾ ਹੈ। ਉਹ ਨਾ ਤਾਂ ਸਦਨ ਦਾ ਮੈਂਬਰ ਹੁੰਦਾ ਹੈ ਅਤੇ ਨਾ ਹੀ ਸਦਨ ਵਿੱਚ ਆਪਣੀ ਵੋਟ ਦਾ ਇਸਤੇਮਾਲ ਕਰਦਾ ਹੈ ਪਰ ਬੈਠਕਾਂ ਦੀ ਪ੍ਰਧਾਨਗੀ ਅਤੇ ਇਸ ਦੀ ਕਾਰਵਾਈ ਦਾ ਸੰਚਾਲਨ ਉਹ ਹੀ ਕਰਦਾ ਹੈ। ਉਹ ਸਲਾਹ-ਮਸ਼ਵਰੇ ਵਿੱਚ ਭਾਗ ਨਹੀਂ ਲੈਂਦਾ ਪਰ ਸਦਨ ਵਿੱਚ ਅਨੁਸ਼ਾਸਨ ਅਤੇ ਵਿਵਹਾਰ ਕੁਸ਼ਲਤਾ ਸਥਾਪਿਤ ਰੱਖਦਾ ਹੈ। ਕਿਸੇ ਵਿਧਾਨਿਕ ਬਿੱਲ ਦੇ ਸਬੰਧ ਵਿੱਚ ਬਰਾਬਰ ਦੇ ਵੋਟ ਪੈਣ ਸਮੇਂ ਉੱਪ-ਰਾਸ਼ਟਰਪਤੀ, ਰਾਜ ਸਭਾ ਦਾ ਪ੍ਰਧਾਨ ਹੋਣ ਦੇ ਨਾਤੇ ਆਪਣੀ ਨਿਰਣਾਇਕ ਵੋਟ ਦਾ ਇਸਤੇਮਾਲ ਕਰ ਸਕਦਾ ਹੈ। ਜਦੋਂ ਭਾਰਤ ਦੇ ਉੱਪ-ਰਾਸ਼ਟਰਪਤੀ ਨੂੰ ਹਟਾਉਣ ਦਾ ਪ੍ਰਸਤਾਵ ਵਿਚਾਰ ਅਧੀਨ ਹੋਵੇ ਉਸ ਸਮੇਂ ਉਹ ਨਾ ਤਾਂ ਬੈਠਕਾਂ ਦੀ ਮੈਂਬਰਸ਼ਿਪ ਕਰ ਸਕਦਾ ਹੈ ਅਤੇ ਨਾ ਹੀ ਨਿਰਣਾਇਕ ਵੋਟ ਦੇਣ ਦੇ ਅਧਿਕਾਰ ਦਾ ਇਸਤੇਮਾਲ ਕਰ ਸਕਦਾ ਹੈ। ਉੱਪ-ਰਾਸ਼ਟਰਪਤੀ ਦੀ ਗੈਰ ਹਾਜਰੀ ਵਿੱਚ, ਰਾਜ ਸਭਾ ਦਾ ਡਿਪਟੀ ਪ੍ਰਧਾਨ, ਜਿਸ ਦੀ ਚੋਣ ਰਾਜ ਸਭਾ ਦੇ ਮੈਂਬਰਾਂ ਵੱਲੋਂ ਆਪਣੇ ਵਿੱਚੋਂ ਹੀ ਕੀਤੀ ਜਾਂਦੀ ਹੈ, ਬੈਠਕਾਂ ਦੀ ਮੈਂਬਰਾਂਸ਼ਿਪ ਕਰਦਾ ਹੈ। ਅੱਜ ਕੱਲ੍ਹ ਭਾਰਤ ਦੇ ਉੱਪ-ਰਾਸ਼ਟਰਪਤੀ ਸ਼੍ਰੀ ਹਾਮਿਦ ਅੰਸਾਰੀ ਰਾਜ ਸਭਾ ਦੇ ਪ੍ਰਧਾਨ ਹਨ।

**IX. ਵੇਤਨ, ਭੱਤੇ ਅਤੇ ਪੈਨਸ਼ਨ (Salary, Allowances and Pensions)**: ਰਾਜ ਸਭਾ ਦੇ ਮੈਂਬਰਾਂ ਨੂੰ ਸੰਸਦ ਦੇ ਕਾਨੂੰਨ ਵੱਲੋਂ ਨਿਸ਼ਚਿਤ ਕੀਤੇ ਵੇਤਨ ਤੇ ਭੱਤੇ ਮਿਲਦੇ ਹਨ ਅਤੇ ਜੇਕਰ ਕੋਈ ਮੈਂਬਰ ਆਪਣਾ ਛੇ ਸਾਲ ਦਾ ਕਾਰਜਕਾਲ ਪੂਰਾ ਕਰ ਲੈਂਦਾ ਹੈ ਤਾਂ ਉਸ ਨੂੰ ਪੈਨਸ਼ਨ ਵੀ ਮਿਲਦੀ ਹੈ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

4. ਰਾਜ ਸਭਾ ਵਿੱਚ ਜ਼ਿਆਦਾਤਰ ਸੀਟਾਂ ਦੀ ਸੰਖਿਆ ਕਿੰਨੀ ਹੈ–

   (ਅ) 250 (ਬ) 238

   (ਸ) 245 (ਦ) 240

5. ਰਾਸ਼ਟਰਪਤੀ ਰਾਜ ਸਭਾ ਵਿੱਚ ਕਿੰਨੇ ਮੈਂਬਰ ਨਿਯੁਕਤ ਕਰ ਸਕਦਾ ਹੈ?

   (ਅ) 18 (ਬ) 16

   (ਸ) 12 (ਦ) 14

6. ਦਿੱਲੀ ਵਿੱਚ ਰਾਜ ਸਭਾ ਦੀਆਂ ਕਿੰਨੀਆਂ ਸੀਟਾਂ ਹਨ?

   (ਅ) 3 (ਬ) 5

   (ਸ) 4 (ਦ) 2

## 6.3 ਰਾਜ ਸਭਾ ਦੀਆਂ ਸ਼ਕਤੀਆਂ ਅਤੇ ਕੰਮ (Powers and Functions of the Rajya Sabha)

**1. ਵਿਧਾਨਿਕ ਸ਼ਕਤੀਆਂ (Legislative Powers):** ਸਧਾਰਣ ਕਾਨੂੰਨ ਬਨਾਉਣ ਦੇ ਖੇਤਰ ਵਿੱਚ ਰਾਜ ਸਭਾ ਕੋਲ ਲੋਕ ਸਭਾ ਦੇ ਬਰਾਬਰ ਸ਼ਕਤੀਆਂ ਹਨ। ਇਕ ਸਧਾਰਣ ਬਿੱਲ ਰਾਜ ਸਭਾ ਵਿੱਚ ਵੀ ਪੇਸ਼ ਕੀਤਾ ਜਾ ਸਕਦਾ ਹੈ ਅਤੇ ਉਦੋਂ ਤੱਕ ਕਾਨੂੰਨ ਨਹੀਂ ਬਣ ਸਕਦਾ ਜਦੋਂ ਤੱਕ ਇਸ ਨੂੰ ਰਾਜ ਸਭਾ ਦੀ ਮਨਜ਼ੂਰੀ ਪ੍ਰਾਪਤ ਨਾ ਹੋਵੇ। ਸੰਘੀ ਸੂਚੀ, ਸਮਵਰਤੀ ਸੂਚੀ ਜਾਂ ਵਿਸ਼ੇਸ਼ ਸ਼ਕਤੀਆਂ ਦੇ ਵਿਸ਼ਿਆਂ ਨਾਲ ਸਬੰਧਿਤ ਕੋਈ ਵੀ ਬਿੱਲ, ਬਸ਼ਰਤੇ ਕਿ ਇਹ ਧਨ ਬਿੱਲ ਨਾ ਹੋਵੇ, ਰਾਜ ਸਭਾ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਕਿਸੇ ਸਧਾਰਣ ਬਿੱਲ 'ਤੇ ਸੰਸਦ ਦੇ ਦੋਵਾਂ ਸਦਨਾਂ ਵਿੱਚ ਗਤੀਰੋਧ ਪੈਦਾ ਹੋਣ ਦੀ ਸਥਿਤੀ ਵਿੱਚ ਅਤੇ ਜੇਕਰ ਇਹ ਗੀਤਰੋਧ ਛੇ ਮਹੀਨੇ ਤੱਕ ਨਿਪਟਾਇਆ ਨਾ ਜਾ ਸਕੇ ਤਾਂ ਰਾਸ਼ਟਰਪਤੀ ਇਸ ਦੇ ਹੱਲ ਦੇ ਲਈ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਬੁਲਾਉਂਦਾ ਹੈ।

ਇਸ ਸਾਂਝੀ ਬੈਠਕ ਦੀ ਪ੍ਰਧਾਨਗੀ ਲੋਕ ਸਭਾ ਦੇ ਸਪੀਕਰ ਵੱਲੋਂ ਕੀਤੀ ਜਾਂਦੀ ਹੈ। ਜੇਕਰ ਸਾਂਝੇ ਅਧਿਵੇਸ਼ਨ ਵਿੱਚ ਬਿੱਲ ਪਾਸ ਹੋ ਜਾਵੇ ਤਾਂ ਬਿੱਲ ਨੂੰ ਰਾਸ਼ਟਰਪਤੀ ਕੋਲ ਹਸਤਾਖਰ ਲਈ ਭੇਜ ਦਿੱਤਾ ਜਾਂਦਾ ਹੈ ਅਤੇ ਰਾਸ਼ਟਰਪਤੀ ਦੇ ਹਸਤਾਖਰ ਤੋਂ ਬਾਅਦ ਬਿੱਲ ਕਾਨੂੰਨ ਬਣ ਜਾਂਦਾ ਹੈ। ਜੇਕਰ ਕਿਸੇ ਬਿੱਲ 'ਤੇ ਗਤੀਰੋਧ ਖਤਮ ਨਾ ਹੋਵੇ ਤਾਂ ਬਿੱਲ ਨੂੰ ਰੱਦ ਕਰ ਦਿੱਤਾ ਜਾਂਦਾ ਹੈ। **ਨੋਟ**

2. **ਵਿੱਤੀ ਸ਼ਕਤੀਆਂ (Financial Powers)**: ਵਿੱਤੀ ਖੇਤਰ ਵਿੱਚ ਰਾਜ ਸਭਾ ਦੀ ਸਥਿਤੀ ਲੋਕ ਸਭਾ ਦੀ ਤੁਲਨਾ ਵਿੱਚ ਕਾਫ਼ੀ ਕਮਜ਼ੋਰ ਹੈ। ਇਕ ਧਨ ਬਿੱਲ ਕੇਵਲ ਲੋਕ ਸਭਾ ਵਿੱਚ ਹੀ ਪੇਸ਼ ਕੀਤਾ ਜਾ ਸਕਦਾ ਹੈ। ਲੋਕ ਸਭਾ ਵੱਲੋਂ ਪਾਸ ਕੀਤਾ ਗਿਆ ਧਨ ਬਿੱਲ ਵਿਚਾਰ ਲਈ ਰਾਜ ਸਭਾ ਵਿੱਚ ਭੇਜਿਆ ਜਾਂਦਾ ਹੈ। ਜੇਕਰ 14 ਦਿਨਾਂ ਦੇ ਅੰਦਰ-ਅੰਦਰ ਰਾਜ ਸਭਾ ਬਿੱਲ ਪਾਸ ਕਰਨ ਵਿੱਚ ਅਸਫਲ ਰਹਿੰਦੀ ਹੈ ਤਾਂ ਬਿੱਲ ਨੂੰ ਸੰਸਦ ਵੱਲੋਂ ਪਾਸ ਸਮਝਿਆ ਜਾਂਦਾ ਹੈ ਚਾਹੇ ਰਾਜ ਸਭਾ ਨੇ ਉਸ ਨੂੰ ਪਾਸ ਨਾ ਹੀ ਕੀਤਾ ਹੋਵੇ। ਜੇਕਰ ਰਾਜ ਸਭਾ ਕੁਝ ਸੁਧਾਰਾਂ ਦਾ ਪ੍ਰਸਤਾਵ ਰੱਖਦੀ ਹੈ ਤਾਂ ਧਨ ਬਿੱਲ ਲੋਕ ਸਭਾ ਵਿੱਚ ਵਾਪਿਸ ਭੇਜ ਦਿੱਤਾ ਜਾਂਦਾ ਹੈ। ਪ੍ਰਸਤਾਵਿਤ ਸੁਧਾਰਾਂ ਨੂੰ ਸਵੀਕਾਰ ਜਾਂ ਰੱਦ ਕਰਨਾ ਲੋਕ ਸਭਾ 'ਤੇ ਨਿਰਭਰ ਕਰਦਾ ਹੈ। ਬਜਟ ਵੀ ਧਨ ਬਿੱਲ ਹੀ ਹੁੰਦਾ ਹੈ ਅਤੇ ਰਾਜ ਸਭਾ ਇਸ ਕੋਲ ਹੋਣ ਦੇ ਮਾਰਗ ਵਿੱਚ ਵੀ ਰੁਕਾਵਟ ਪੈਦਾ ਨਹੀਂ ਕਰ ਸਕਦੀ। ਇਹ ਜ਼ਿਆਦਾ ਤੋਂ ਜ਼ਿਆਦਾ ਧਨ ਬਿੱਲ ਪਾਸ ਕਰਨ ਵਿੱਚ 14 ਦਿਨਾਂ ਦੀ ਦੇਰੀ ਹੀ ਕਰ ਸਕਦੀ ਹੈ। ਇਸ ਮਾਮਲੇ ਵਿੱਚ ਰਾਜ ਸਭਾ ਦੀ ਸ਼ਕਤੀ ਬ੍ਰਿਟਿਸ਼ ਹਾਊਸ ਆਫ ਲਾਰਡ ਨਾਲੋਂ ਵੀ ਘੱਟ ਹੈ, ਜੋ ਧਨ ਬਿੱਲ ਨੂੰ 30 ਦਿਨ ਤੱਕ ਰੋਕ ਸਕਦਾ ਹੈ। ਸੰਯੁਕਤ ਰਾਜ ਅਮਰੀਕਾ ਦੀ ਸੀਨੇਟ ਵਿੱਤੀ ਖੇਤਰ ਵਿੱਚ ਭਾਰਤੀ ਰਾਜ ਸਭਾ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੈ। ਸੰਯੁਕਤ ਰਾਜ ਦੀ ਸੀਨੇਟ ਹੀ ਧਨ ਬਿੱਲ ਦੇ ਅਖੀਰਲੇ ਰੂਪ ਦਾ ਫੈਸਲਾ ਕਰਦੀ ਹੈ।

3. **ਕਾਰਜ ਪਾਲਿਕਾ ਸ਼ਕਤੀਆਂ (Executive Powers)**: ਭਾਰਤੀ ਸੰਵਿਧਾਨ 75 (3) ਦੇ ਅਨੁਸਾਰ, "ਮੰਤਰੀ-ਪ੍ਰੀਸ਼ਦ ਸਮੂਹਿਕ ਰੂਪ ਵਿੱਚ ਲੋਕ ਸਭਾ ਦੇ ਪ੍ਰਤੀ ਜ਼ਿੰਮੇਵਾਰੀ ਹੁੰਦੀ ਹੈ।" ਕੇਵਲ ਲੋਕ ਸਭਾ ਹੀ ਬੇਭਰੋਸਗੀ ਦਾ ਪ੍ਰਸਤਾਵ ਪਾਸ ਕਰਕੇ ਮੰਤਰੀ-ਪ੍ਰੀਸ਼ਦ ਨੂੰ ਹਟਾਏ ਜਾਣ ਦਾ ਕਾਰਨ ਬਣ ਸਕਦੀ ਹੈ।

*ਕੀ ਤੁਸੀਂ ਜਾਣਦੇ ਹੋ*

ਰਾਜ ਸਭਾ ਨੂੰ ਮੰਤਰੀ-ਪ੍ਰੀਸ਼ਦ 'ਤੇ ਘੱਟ ਹੀ ਕੰਟਰੋਲ ਸ਼ਕਤੀ ਪ੍ਰਾਪਤ ਹੈ। ਰਾਜ ਸਭਾ ਮੰਤਰੀ-ਪ੍ਰੀਸ਼ਦ ਨੂੰ ਉਸ ਦੇ ਅਹੁਦੇ ਤੋਂ ਹਟਾ ਨਹੀਂ ਸਕਦੀ ਪਰ ਰਾਜ ਸਭਾ ਦੇ ਮੈਂਬਰ ਪ੍ਰਸ਼ਾਸਨ ਸਬੰਧੀ ਜਾਣਕਾਰੀ ਪ੍ਰਾਪਤ ਕਰਕੇ, ਅਪਣਾਈਆਂ ਗਈਆਂ ਨੀਤੀਆਂ ਦੀ ਆਲੋਚਨਾ ਕਰਕੇ, ਪ੍ਰਸ਼ਨ ਅਤੇ ਪੂਰਕ ਪ੍ਰਸ਼ਨ ਪੁੱਛ ਕੇ ਅਤੇ ਸਥਗਨ ਪ੍ਰਸਤਾਵ ਪਾਸ ਕਰਕੇ ਮੰਤਰੀਆਂ 'ਤੇ ਕੁਝ ਰੋਕ ਲਗਾ ਸਕਦੇ ਹਨ।

ਰਾਜ ਸਭਾ ਵਿੱਚੋਂ ਕੁਝ ਮੰਤਰੀ ਲਏ ਜਾਂਦੇ ਹਨ। ਇਹ ਪ੍ਰੰਪਰਾ ਕਿ ਪ੍ਰਧਾਨ ਮੰਤਰੀ ਹਮੇਸ਼ਾ ਲੋਕ ਸਭਾ ਵਿੱਚੋਂ ਹੀ ਹੁੰਦਾ ਹੈ, ਹੁਣ ਟੁੱਟ ਚੁੱਕੀ ਹੈ। 1996 ਵਿੱਚ ਪ੍ਰਧਾਨ ਮੰਤਰੀ ਐੱਚ. ਡੀ. ਦੇਵਗੌੜਾ ਲੋਕ ਸਭਾ ਦੇ ਨਹੀਂ ਬਲਕਿ ਰਾਜ ਸਭਾ ਦੇ ਮੈਂਬਰ ਬਣੇ। ਅਪ੍ਰੈਲ 1997 ਵਿੱਚ ਸ਼੍ਰੀ ਇੰਦਰ ਕੁਮਾਰ ਗੁਜਰਾਲ ਪ੍ਰਧਾਨ ਮੰਤਰੀ ਬਣੇ ਅਤੇ ਉਹ ਵੀ ਰਾਜ ਸਭਾ ਦੇ ਹੀ ਮੈਂਬਰ ਸਨ। ਵਰਤਮਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੀ ਰਾਜ ਸਭਾ ਦੇ ਹੀ ਮੈਂਬਰ ਹਨ। ਇਸ ਤਰ੍ਹਾਂ ਹੁਣ ਰਾਜ ਸਭਾ ਦਾ ਮੈਂਬਰ ਵੀ ਪ੍ਰਧਾਨ ਮੰਤਰੀ ਬਣ ਸਕਦਾ ਹੈ। ਬਸ਼ਰਤੇ ਕਿ ਲੋਕ ਸਭਾ ਵਿੱਚ ਬਹੁਮਤ ਵਾਲੇ/ਸਮੂਹ ਉਸ ਨੂੰ ਆਪਣਾ ਨੇਤਾ ਚੁਣ ਲੈਣ, ਰਾਜ ਸਭਾ ਨੂੰ ਸੰਸਦ ਨੂੰ ਪ੍ਰਾਪਤ ਕਾਰਜ ਪਾਲਿਕਾ ਸ਼ਕਤੀਆਂ ਦੇ ਖੇਤਰ ਵਿੱਚ ਸੀਮਿਤ ਭੂਮਿਕਾ ਹੀ ਪ੍ਰਾਪਤ ਹੈ।

4. **ਸੋਧ ਸ਼ਕਤੀਆਂ (Amendment Powers)**: ਜਿੱਥੋਂ ਤੱਕ ਸੋਧ ਕਰਨ ਦੀਆਂ ਸ਼ਕਤੀਆਂ ਦਾ ਸਬੰਧ ਹੈ, ਸੰਸਦ ਦੇ ਦੋਵਾਂ ਸਦਨਾਂ ਵਿੱਚੋਂ ਕਿਸੇ ਇਕ ਵਿੱਚ ਕੋਈ ਵੀ ਸੰਵਿਧਾਨਿਕ ਸੋਧ ਬਿੱਲ ਪੇਸ਼ ਕੀਤਾ ਜਾ ਸਕਦਾ ਹੈ। ਜੇਕਰ ਰਾਜ ਸਭਾ ਇਸ ਨੂੰ ਅਪਣਾ ਲੈਂਦੀ ਹੈ ਤਾਂ ਇਸ ਨੂੰ ਮਨਜ਼ੂਰੀ ਲਈ ਲੋਕ ਸਭਾ ਵਿੱਚ ਭੇਜਿਆ ਜਾਂਦਾ ਹੈ ਅਤੇ ਜੇਕਰ ਲੋਕ ਸਭਾ ਇਸ ਨੂੰ ਪਾਸ ਕਰ ਦੇਵੇ ਤਾਂ ਇਸ ਨੂੰ ਬਾਅਦ ਵਿੱਚ ਮਨਜ਼ੂਰੀ ਲਈ ਰਾਜ ਸਭਾ ਕੋਲ ਭੇਜਿਆ ਜਾਂਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਰਾਜ ਸਭਾ ਅਤੇ ਲੋਕ ਸਭਾ ਦੋਵਾਂ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਸੰਵਿਧਾਨ ਸੋਧ ਬਿੱਲ ਪਾਸ ਨਹੀਂ ਕੀਤਾ ਜਾ ਸਕਦਾ। ਦੋਵਾਂ ਨੂੰ ਬਰਾਬਰ ਰੂਪ ਵਿੱਚ ਅਤੇ ਸੰਵਿਧਾਨ ਦੇ ਅਨੁਛੇਦ 368 ਵੱਲੋਂ ਨਿਸ਼ਚਿਤ ਬਹੁਮਤ ਦੇ ਅਨੁਸਾਰ ਇਕ ਸੋਧ ਬਿੱਲ ਪਾਸ ਕਰਨਾ ਹੁੰਦਾ ਹੈ ਅਤੇ ਸੋਧ ਕਰਨ ਦੇ ਖੇਤਰ ਵਿੱਚ ਸੰਸਦ ਦੇ ਦੋਵਾਂ ਸਦਨਾਂ ਨੂੰ ਇਕ ਬਰਾਬਰ ਸ਼ਕਤੀਆਂ ਪ੍ਰਾਪਤ ਹਨ।

5. **ਚੋਣ ਨਾਲ ਸਬੰਧਿਤ ਸ਼ਕਤੀਆਂ (Electoral Powers)**: ਰਾਜ ਸਭਾ ਕੋਲ ਕੁਝ ਚੋਣ ਸ਼ਕਤੀਆਂ ਵੀ ਹੁੰਦੀਆਂ ਹਨ। ਰਾਜ ਸਭਾ ਦੇ ਚੁਣੇ ਮੈਂਬਰ, ਲੋਕ ਸਭਾ ਅਤੇ ਸਾਰੇ ਰਾਜ ਵਿਧਾਨ ਸਭਾਵਾਂ ਦੇ ਚੁਣੇ ਮੈਂਬਰਾਂ ਨਾਲ ਮਿਲ ਕੇ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਵਿੱਚ ਭਾਗ ਲੈਂਦੇ ਹਨ। ਰਾਜ ਸਭਾ ਦੇ ਮੈਂਬਰ ਆਪਣੇ ਵਿੱਚੋਂ ਹੀ ਇਕ ਮੈਂਬਰ ਨੂੰ ਆਪਣਾ ਉੱਪ ਪ੍ਰਧਾਨ ਚੁਣਦੇ ਹਨ। ਰਾਜ ਸਭਾ ਦੇ ਮੈਂਬਰ ਲੋਕ ਸਭਾ ਨਾਲ ਮਿਲ ਕੇ ਭਾਰਤ ਦੇ ਉੱਪ-ਰਾਸ਼ਟਰਪਤੀ ਦੀ ਚੋਣ ਕਰਦੇ ਹਨ।

6. **ਨਿਆਇਕ ਸ਼ਕਤੀਆਂ (Judicial Powers)**: ਇਹ ਠੀਕ ਹੈ ਕਿ ਰਾਜ ਸਭਾ ਕੋਲ ਕੋਈ ਸਿਵਲ ਜਾਂ ਫੌਜਦਾਰੀ ਅਧਿਕਾਰ ਖੇਤਰ ਨਹੀਂ ਪਰ ਇਹ ਹੇਠ ਲਿਖੇ ਨਿਆਇਕ ਕੰਮ ਕਰਦੀ ਹੈ:

ਨੋਟ

(ਕ) ਰਾਜ ਸਭਾ ਅਤੇ ਲੋਕ ਸਭਾ ਦੋਵੇਂ ਮਿਲ ਕੇ ਰਾਸ਼ਟਰਪਤੀ ’ਤੇ ਸੰਵਿਧਾਨ ਦਾ ਉਲੰਘਣ ਕਰਨ ਦਾ ਦੋਸ਼ ਲਗਾ ਕੇ ਉਸ ’ਤੇ ਮਹਾਭਿਯੋਗ ਦਾ ਮੁਕੱਦਮਾ ਚਲਾ ਸਕਦੀ ਹੈ।

(ਖ) ਰਾਜ ਸਭਾ ਸਰਵਉੱਚ ਅਦਾਲਤ ਜਾਂ ਉੱਚ ਅਦਾਲਤ ਦੇ ਜੱਜ ਨੂੰ ਹਟਾਉਣ ਲਈ ਵਿਸ਼ੇਸ਼ ਪ੍ਰਸਤਾਵ ਪਾਸ ਕਰ ਸਕਦੀ ਹੈ।

(ਗ) ਉੱਪ-ਰਾਸ਼ਟਰਪਤੀ ’ਤੇ ਦੋਸ਼ ਕੇਵਲ ਰਾਜ ਸਭਾ ਵਿੱਚ ਹੀ ਲਗਾਏ ਜਾ ਸਕਦੇ ਹਨ।

(ਘ) ਇਹ ਕੁਝ ਉੱਚ ਅਧਿਕਾਰੀਆ ਜਿਵੇਂ ਕਿ ਅਟਾਰਨੀ ਜਨਰਲ ਆਫ ਇੰਡੀਆ, ਕੰਟਰੋਲਰ ਅਤੇ ਆਡੀਟਰ ਜਨਰਲ, ਮੁੱਖ ਚੋਣ ਆਯੋਗ ਆਦਿ ਨੂੰ ਹਟਾਉਣ ਦੇ ਲਈ ਵੀ ਪ੍ਰਸਤਾਵ ਪਾਸ ਕਰ ਸਕਦੀ ਹੈ।

7. **ਫੁਟਕਲ ਸ਼ਕਤੀਆਂ (Miscellaneous Powers):** ਉਪਯੁਕਤ ਸ਼ਕਤੀਆਂ ਤੋਂ ਇਲਾਵਾ, ਰਾਜ ਸਭਾ, ਲੋਕ ਸਭਾ ਨਾਲ ਮਿਲ ਕੇ ਹੇਠ ਲਿਖੇ ਕੰਮ ਸੰਯੁਕਤ ਰੂਪ ਵਿੱਚ ਪੂਰੇ ਕਰਦੀ ਹੈ:

(ਕ) ਰਾਸ਼ਟਰਪਤੀ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਦੀ ਮਨਜ਼ੂਰੀ ਕਰਨਾ

(ਖ) ਸੰਕਟਕਾਲ ਸਥਿਤੀ ਦੀ ਘੋਸ਼ਣਾ ਦੀ ਮਨਜ਼ੂਰੀ ਕਰਨਾ।

(ਗ) ਸਰਵਉੱਚ ਅਦਾਲਤ ਅਤੇ ਉੱਚ ਅਦਾਲਤਾਂ ਦੇ ਅਧਿਕਾਰ ਖੇਤਰ ਵਿੱਚ ਪਰਿਵਰਤਨਾਂ ਨਾਲ ਸਬੰਧਿਤ ਬਿੱਲ ਪਾਸ ਕਰਨ ਦੀ ਸ਼ਕਤੀ।

(ਘ) ਲੋਕ ਸਭਾ ਅਤੇ ਰਾਜ ਸਭਾ ਦੀ ਮੈਂਬਰਸ਼ਿਪ ਲਈ ਯੋਗਤਾਵਾਂ ਵਿੱਚ ਪਰਿਵਰਤਨ ਕਰਨ ਦੀ ਸ਼ਕਤੀ।

8. **ਰਾਜ ਸਭਾ ਦੀਆਂ ਵਿਸ਼ੇਸ਼ ਸ਼ਕਤੀਆਂ (Special Powers of Rajya Sabha):** ਰਾਜ ਸਭਾ ਨੂੰ ਸੌਂਪੀਆਂ ਗਈਆਂ ਕੁਝ ਵਿਸ਼ੇਸ਼ ਸ਼ਕਤੀਆਂ ਦਾ ਬਿਊਰਾ ਇਸ ਤਰ੍ਹਾਂ ਹੈ :

***(i)* ਰਾਜ ਸੂਚੀ ਦੇ ਕਿਸੇ ਵਿਸ਼ੇ ਨੂੰ ਰਾਸ਼ਟਰੀ ਮਹੱਤਵ ਦਾ ਵਿਸ਼ੇ ਘੋਸ਼ਿਤ ਕਰਨ ਦੀ ਸ਼ਕਤੀ (The Power to declare a Subject of State List as a Subject of National Importance):** ਅਨੁਛੇਦ 249 ਅਧੀਨ ਰਾਜ ਸਭਾ ’ਚ ਸ਼ਾਮਿਲ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਨਾਲ ਪ੍ਰਸਤਾਵ ਪਾਸ ਕਰਕੇ ਰਾਜ ਸੂਚੀ ਦੇ ਕਿਸੇ ਵੀ ਵਿਸ਼ੇ ਨੂੰ ਰਾਸ਼ਟਰੀ ਮਹੱਤਵ ਦਾ ਵਿਸ਼ਾ ਘੋਸ਼ਿਤ ਕਰ ਸਕਦੀ ਹੈ। ਅਜਿਹੇ ਪ੍ਰਸਤਾਵ ਦੇ ਫਲਸਰੂਪ ਸੰਘੀ ਸੰਸਦ ਉਸ ਵਿਸ਼ੇ ਦੇ ਸਬੰਧ ਵਿੱਚ ਇਕ ਸਾਲ ਦੇ ਸਮੇਂ ਲਈ ਕਾਨੂੰਨ ਬਣਾ ਸਕਦੀ ਹੈ। ਅਜਿਹਾ ਪ੍ਰਸਤਾਵ ਰਾਜ ਸਭਾ ਵੱਲੋਂ ਹਰੇਕ ਸਾਲ ਵਾਰ-ਵਾਰ ਪਾਸ ਕੀਤਾ ਜਾ ਸਕਦਾ ਹੈ। ਦੂਸਰੇ ਸ਼ਬਦਾਂ ਵਿੱਚ, ਰਾਜ ਸਭਾ ਧਾਰਾ 249 ਅਧੀਨ ਕੋਈ ਪ੍ਰਸਤਾਵ ਪਾਸ ਕਰਦੀ ਹੈ ਤਾ ਸਬੰਧਿਤ ਰਾਜ ਵਿਸ਼ੇ ਇਕ ਸਾਲ ਦੇ ਲਈ ਸਾਂਝਾ ਵਿਸ਼ੇ ਬਣ ਜਾਂਦਾ ਹੈ। ਇਸ ’ਤੇ ਸੰਘੀ ਸੰਸਦ ਕਾਨੂੰਨ-ਨਿਰਮਾਣ ਕਰ ਸਕਦੀ ਹੈ। ਇਸ ਤਰ੍ਹਾਂ ਰਾਜ ਸਭਾ ਦੇ ਕੋਲ ਸਧਾਰਣ ਸਮੇਂ ਦੇ ਦੌਰਾਨ ਕਿਸੇ ਵੀ ਰਾਜ ਦੇ ਵਿਸ਼ੇ ਨੂੰ ਸੰਘੀ ਸੰਸਦ ਦੇ ਵਿਧਾਨਕ ਅਧਿਕਾਰ ਖੇਤਰ ਵਿੱਚ ਸ਼ਾਮਿਲ ਕਰਨ ਦੀ ਵਿਸ਼ੇਸ਼ ਸ਼ਕਤੀ ਪ੍ਰਾਪਤ ਹੈ।

***(ii)* ਕਿਸੇ ਅਖਿਲ ਭਾਰਤੀ ਸੇਵਾ ਦੀ ਸਥਾਪਨਾ ਜਾਂ ਸਮਾਪਤੀ ਨਾਲ ਸਬੰਧਿਤ ਸ਼ਕਤੀ (Power in respect of Creation of Abolition of an All India Service):** ਸੰਵਿਧਾਨ ਦੇ ਅਨੁਛੇਦ 312 ਦੇ ਅਨੁਸਾਰ ਰਾਜ ਸਭਾ 2/3 ਬਹੁਮਤ ਨਾਲ ਇਕ ਪ੍ਰਸਤਾਵ ਪਾਸ ਕਰਕੇ ਇਕ ਜਾਂ ਇਕ ਤੋਂ ਜ਼ਿਆਦਾ ਨਵੀਂ ਅਖਿਲ ਭਾਰਤੀ ਸੇਵਾਵਾਂ ਦੀ ਸਥਾਪਨਾ ਕਰ ਸਕਦੀ ਹੈ। ਇਸੇ ਤਰ੍ਹਾਂ ਰਾਜ ਸਭਾ ਕਿਸੇ ਵਿਧਮਾਨ ਅਖਿਲ ਭਾਰਤੀ ਸੇਵਾ ਨੂੰ ਭੰਗ ਵੀ ਕਰ ਸਕਦੀ ਹੈ।

***(iii)*** ਲੋਕ ਸਭਾ ਦੇ ਭੰਗ ਹੋਣ ਦੀ ਸਥਿਤੀ ਵਿੱਚ, ਰਾਜ ਸਭਾ ਰਾਸ਼ਟਰਪਤੀ ਵੱਲੋਂ ਸੰਕਟਕਾਲੀਨ ਸ਼ਕਤੀਆਂ ਦੇ ਇਸਤੇਮਾਲ ’ਤੇ ਲੋਕਤੰਤਰੀ ਢੰਗ ਨਾਲ ਰੋਕ ਲਗਾਉਣ ਦੇ ਯੋਗ ਹੁੰਦੀ ਹੈ। ਲੋਕ ਸਭਾ ਦੀ ਅਜਿਹੀ ਸਥਿਤੀ ਵਿੱਚ ਸੰਕਟਕਾਲ ਦੀ ਘੋਸ਼ਣਾ ਨੂੰ ਰਾਜ ਸਭਾ ਵੱਲੋਂ ਸਵੀਕਾਰ ਕਰਵਾਏ ਜਾਣ ਦੀ ਵਿਵਸਥਾ ਹੈ।

***(iv)*** ਕੇਵਲ ਰਾਜ ਸਭਾ ਹੀ ਭਾਰਤ ਦੇ ਉੱਪ-ਰਾਸ਼ਟਰਪਤੀ ਨੂੰ ਹਟਾਉਣ ਦਾ ਪ੍ਰਸਤਾਵ ਪੇਸ਼ ਕਰ ਸਕਦੀ ਹੈ।

### ਰਾਜ ਸਭਾ ਦੀ ਸਥਿਤੀ (Position of the Rajya Sabha)

ਰਾਜ ਸਭਾ ਦੀ ਸ਼ਕਤੀਆਂ ਦੇ ਅਧਿਐਨ ਨਾਲ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਨਾ ਤਾਂ ਬ੍ਰਿਟਿਸ਼ ਹਾਊਸ ਆਫ ਲਾਰਡ ਦੇ ਬਰਾਬਰ ਇਕ ਸਜਾਵਟੀ ਸਦਨ ਹੈ ਅਤੇ ਨਾ ਹੀ ਅਮਰੀਕੀ ਸੀਨੇਟ ਦੇ ਬਰਾਬਰ ਇਕ ਬਹੁਤ ਸ਼ਕਤੀਸ਼ਾਲੀ ਸਦਨ ਹੈ। ਇਸ ਦੀ ਸਥਿਤੀ ਇਨ੍ਹਾਂ ਦੋਵਾਂ ਵਿਚਕਾਰ ਵਾਲੀ ਹੈ। ਇਹ ਲੋਕ ਸਭਾ ਦਾ ਪ੍ਰਛਾਵਾਂ ਨਹੀਂ ਹੈ ਪਰ ਲੋਕ ਸਭਾ ਦੇ ਬਰਾਬਰ ਸ਼ਕਤੀਸ਼ਾਲੀ ਵੀ ਨਹੀਂ ਹੈ। ਹੁਣ ਸੰਘੀ ਸੰਸਦ ਦੇ ਉਪਰਲੇ ਸਦਨ ਹੋਣ ਦੇ ਨਾਤੇ ਰਾਜ ਸਭਾ ਨੂੰ ਲੋਕ ਸਭਾ ਨਾਲੋਂ ਘੱਟ ਸ਼ਕਤੀਆਂ ਦਿੱਤੀਆਂ ਗਈਆਂ ਹਨ ਪਰ ਇਸ ਦੇ ਨਾਲ ਹੀ ਇਹ ਵੀ ਜਾਣ ਲੈਣਾ ਜ਼ਰੂਰੀ ਹੈ ਕਿ ਸੰਵਿਧਾਨ ਵੱਲੋਂ ਰਾਜ ਸਭਾ ਨੂੰ ਜੋ ਭੂਮਿਕਾ ਦਿੱਤੀ ਗਈ ਹੈ, ਉਹ ਕਾਫੀ ਮਹੱਤਵਪੂਰਨ ਹੈ। ਇਸ ਤੋਂ ਕੋਈ ਇਨਕਾਰ ਨਹੀਂ ਕਿ ਲੋਕ ਸਭਾ ਦੀ ਤੁਲਨਾ ਵਿੱਚ ਰਾਜ ਸਭਾ ਕਮਜ਼ੋਰ ਸਦਨ ਹੈ, ਕਈ

ਅਲੋਚਕਾਂ ਵੱਲੋਂ ਤਾਂ ਇਸ ਨੂੰ ਗੌਣ ਜਾਂ ਨਿਰਥ੍ਰਕ ਸਦਨ ਵੀ ਕਿਹਾ ਗਿਆ ਹੇ। ਡਾ. ਅੰਬੇਦਕਰ ਵੀ ਇਸ ਦੀ ਉਪਯੋਗਤਾ ਪ੍ਰਤੀ ਨਿਸ਼ਚਿਤ ਨਹੀਂ ਸਨ। ਉਨ੍ਹਾਂ ਦੇ ਵਿਚਾਰ ਅਨੁਸਾਰ, "ਮੈਂ ਨਹੀਂ ਕਹਿ ਸਕਦਾ ਕਿ ਮੈਂ ਦੂਸਰੇ ਸਦਨ ਦੇ ਬਹੁਤ ਪੱਖ ਵਿੱਚ ਹਾਂ। ਪਰ ਸੰਵਿਧਾਨ ਨਿਰਮਾਣ ਸਭਾ ਵੱਲੋਂ ਰਾਜ ਸਭਾ ਨੂੰ ਦੂਸਰਾ ਸਦਨ ਬਨਾਉਣ ਦਾ ਫੈਸਲਾ ਕਰ ਲਿਆ ਗਿਆ ਜੋ ਭਾਰਤ ਸੰਘ ਦੀ ਇਕਾਈਆਂ ਦੀ ਪ੍ਰਤੀਨਿਧਤਾ ਕਰੇਗੀ ਅਤੇ ਜੋ ਸਹਾਇਕ ਅਤੇ ਨਿਰਣਾਇਕ ਸਦਨ ਦੇ ਰੂਪ ਵਿੱਚ ਕੰਮ ਕਰੇਗਾ।" (I cannot say that I am very strongly prepossessed in favour of a second chamber. However, the Constituent Assembly decided to provide for the Rajya Sabha as a second chamber, a chamber designed to give representation to the units of Indian Federation and a chamber designed to act as a helping as well as a checking chamber.) ਰਾਜ ਸਭਾ ਨੂੰ ਨਾ ਤਾਂ ਬ੍ਰਿਟਿਸ਼ ਆਫ ਲਾਰਡ ਦੇ ਬਰਾਬਰ ਸ਼ਕਤੀਹੀਣ ਬਣਾਇਆ ਗਿਆ ਅਤੇ ਨਾ ਹੀ ਸੰਯੁਕਤ ਰਾਜ ਦੀ ਸੀਨੇਟ ਜਿੰਨਾ ਸ਼ਕਤੀਸ਼ਾਲੀ। ਸਧਾਰਣ ਕਾਨੂੰਨ ਨਿਰਮਾਣ, ਰਾਸ਼ਟਰਪਤੀ ਅਤੇ ਉੱਪ-ਰਾਸ਼ਟਰਪਤੀ ਦੀ ਚੋਣ, ਮਹਾਭਿਯੋਗ ਚਲਾਉਣ ਦੀ ਸ਼ਕਤੀ ਅਤੇ ਸਰਕਾਰ ਦੀ ਰਿਪੋਰਟ ਨੂੰ ਵਿਚਾਰਨ ਦੀ ਸ਼ਕਤੀ ਦੇ ਸਬੰਧ ਵਿੱਚ ਰਾਜ ਸਭਾ ਨੂੰ ਲੋਕ ਸਭਾ ਦੇ ਬਰਾਬਰ ਸ਼ਕਤੀਆਂ ਦਿੱਤੀਆਂ ਗਈਆਂ ਹਨ ਪਰ ਕੁਲ ਮਿਲਾ ਕੇ ਇਸ ਦੀ ਭੂਮਿਕਾ ਨੂੰ ਹੇਠਲੇ ਸਦਨ ਦੀ ਭੂਮਿਕਾ ਤੋਂ ਘੱਟ ਮਹੱਤਵਪੂਰਨ ਰੱਖਿਆ ਗਿਆ। ਲੋਕ ਸਭਾ ਨੂੰ ਸੰਘ ਦੀ ਕਾਰਜਪਾਲਿਕਾ ਅਤੇ ਦੇਸ਼ ਦੇ ਵਿੱਤੀ ਕੰਟਰੋਲ ਦਾ ਜ਼ਿੰਮੇਵਾਰੀ ਸੌਂਪਿਆ ਗਿਆ ਹੈ ਅਤੇ ਇਸ ਖੇਤਰ ਵਿੱਚ ਰਾਜ ਸਭਾ ਦੀਆਂ ਸ਼ਕਤੀਆਂ ਬਹੁਤ ਸੀਮਿਤ ਹਨ।

### ਰਾਜ ਸਭਾ ਦੀ ਕਮਜ਼ੋਰ ਭੂਮਿਕਾ ਲਈ ਜ਼ਿੰਮੇਵਾਰ ਕਾਰਕ
### (Factor Responsible for giving a Weaker Role to Rajya Sabha)

1. **ਰਾਜਾਂ ਨੂੰ ਬਰਾਬਰ ਪ੍ਰਤੀਨਿਧਤਾ ਨਾ ਦਿੱਤਾ ਜਾਣਾ (Lack of Equal Representation to the States)**: ਰਾਜ ਸਭਾ ਦੀ ਰਚਨਾ ਇਕ ਸੱਚੇ ਸੰਘ ਦੀ ਪ੍ਰਕਿਰਤੀ ਦੇ ਅਨੁਸਾਰ ਨਹੀਂ ਹੈ ਕਿਉਂਕਿ ਇਸ ਵਿੱਚ ਰਾਜਾਂ ਨੂੰ ਇਕ ਬਰਾਬਰ ਪ੍ਰਤੀਨਿਧਤਾ ਨਹੀਂ ਦਿੱਤੀ ਗਈ। ਰਾਜਾਂ ਦੀ ਪ੍ਰਤੀਨਿਧਤਾ ਜਨਸੰਖਿਆ ਅਤੇ ਖੇਤਰ ਦੇ ਆਧਾਰ 'ਤੇ ਕੀਤੀ ਗਈ ਹੈ। ਸੰਯੁਕਤ ਰਾਜ ਅਮਰੀਕਾ ਅਤੇ ਸਵਿਟਜ਼ਰਲੈਂਡ ਵਰਗੇ ਸੰਘੀ ਰਾਜਾਂ ਵਿੱਚ ਸੰਘੀ ਇਕਾਈਆਂ ਨੂੰ ਰਾਸ਼ਟਰੀ ਸੰਸਦਾਂ ਦੇ ਉਪਰਲੇ ਸਦਨਾਂ ਵਿੱਚ ਬਰਾਬਰ ਪ੍ਰਤੀਨਿਧਤਾ ਪ੍ਰਾਪਤ ਹੈ। ਇਸੇ ਕਾਰਨ ਰਾਜ ਸਭਾ ਇਕ ਅਸਲੀ ਸੰਘੀ ਸਦਨ ਨਹੀਂ ਬਣ ਸਕੀ।

2. **ਬਿੱਲ ਦੇ ਹਿੱਤਾਂ ਦੀ ਪ੍ਰਤੀਨਿਧਤਾ (Representation of the Party Interests)**: ਰਾਜ ਸਭਾ ਦੇ ਮੈਂਬਰ ਲੋਕ ਸਭਾ ਦੇ ਮੈਂਬਰਾਂ ਦੇ ਬਰਾਬਰ ਰਾਜ ਦੇ ਹਿੱਤਾਂ ਨੂੰ ਨਹੀਂ ਬਲਕਿ ਦਲ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਦੇ ਹਨ। ਉਨ੍ਹਾਂ ਦੀ ਚੋਣ ਦਲੀ ਰੇਖਾਵਾਂ ਦੇ ਅਨੁਸਾਰ ਕੀਤਾ ਜਾਂਦੀ ਹੈ। ਸ਼੍ਰੀ ਗਿਰਧਾਰੀ ਲਾਲ ਦੇ ਸ਼ਬਦਾਂ, "ਇਹ ਸਪੱਸ਼ਟ ਕਿਹਾ ਜਾਂਦਾ ਹੈ ਕਿ ਇਹ ਰਾਜਾਂ ਦੀ ਪ੍ਰੀਸ਼ਦ ਨਹੀਂ ਬਲਕਿ ਰਾਜ ਸਭਾਵਾਂ ਦੇ ਰਾਜਨੀਤਿਕ ਦਲਾਂ ਦੀ ਪ੍ਰੀਸ਼ਦ ਹੈ।" (It is, plainly speaking, not a council of states but a council of political parties in the state assemblies.) ਇਸ ਦੀ ਅਨੁਪਾਤਿਕ ਸੰਖਿਆ ਨੂੰ ਪ੍ਰਗਟ ਕਰਦੀ ਹੈ।

3. **ਮਨੋਨੀਤ ਮੈਂਬਰਾਂ ਦੀ ਵਿਵਸਥਾ (Provision for Nominated Members)**: ਰਾਸ਼ਟਰਪਤੀ ਰਾਜ ਸਭਾ ਵਿੱਚ 12 ਮੈਂਬਰ ਮਨੋਨੀਤ ਕਰਦਾ ਹੈ। ਇਹ ਅਸਲ ਵਿੱਚ ਲੋਕਤੰਤਰੀ ਅਤੇ ਸੰਘੀ ਭਾਵਨਾ ਦੇ ਵਿਰੁੱਧ ਹੈ। ਇਹ ਸੰਭਾਵਨਾ ਹਮੇਸ਼ਾ ਸਥਾਪਿਤ ਰਹਿੰਦੀ ਹੈ ਕਿ ਮਨੋਨੀਤ ਕੀਤੇ ਇਹ 12 ਮੈਂਬਰ ਆਪਣਾ ਪੂਰਾ ਸਮਰਥਨ ਰਾਜਾਂ ਨੂੰ ਦੇਦ ਦੀ ਮੁਕਾਬਲੇ ਕੇਂਦਰ ਨੂੰ ਦੇਣਗੇ।

4. **ਅਪ੍ਰਤੱਖ ਚੋਣ ਪ੍ਰਣਾਲੀ (Indirect Election System)**: ਰਾਜ ਸਭਾ ਦੇ ਮੈਂਬਰਾਂ ਦੀ ਚੋਣ ਅਪ੍ਰਤੱਖ ਢੰਗ ਨਾਲ ਹੁੰਦੀ ਹੈ ਅਤੇ ਇਸ ਦੇ ਲਈ ਉਹ ਜਨਤਾ ਦੇ ਪ੍ਰਤੀ ਪ੍ਰਤੱਖ ਰੂਪ ਵਿੱਚ ਜ਼ਿੰਮੇਵਾਰ ਨਹੀਂ ਹੁੰਦੇ। ਇਸ ਦੇ ਇਲਾਵਾ ਅਪ੍ਰਤੱਖ ਚੋਣ ਪ੍ਰਣਾਲੀ ਵਿੱਚ ਪ੍ਰਤੱਖ ਚੋਣ ਪ੍ਰਣਾਲੀ ਦੀ ਤੁਲਨਾ ਵਿੱਚ ਭ੍ਰਿਸ਼ਟ ਢੰਗਾਂ ਦੇ ਇਸਤੇਮਾਲ ਦੀ ਜ਼ਿਆਦਾ ਸੰਭਾਵਨਾ ਹੈ।

5. **ਘੱਟ ਸ਼ਕਤੀਸ਼ਾਲੀ ਸਦਲ (Less Powerful House)**: ਰਾਜ ਸਭਾ ਦੀਆਂ ਸ਼ਕਤੀਆਂ ਨਿਸ਼ਚਿਤ ਹੀ ਲੋਕ ਸਭਾ ਦੀਆਂ ਸ਼ਕਤੀਆਂ ਨਾਲੋਂ ਘੱਟ ਹਨ। ਰਾਜ ਸਭਾ ਧਨ ਬਿੱਲ ਨੂੰ ਪਾਸ ਕਰਨ ਵਿੱਚ 14 ਦਿਨ ਦੀ ਦੇਰੀ ਹੀ ਕਰ ਸਕਦੀ ਹੈ ਅਤੇ ਇਸ ਦਾ ਕਾਰਜਪਾਲਿਕਾ 'ਤੇ ਅਸਲ ਅਤੇ ਪ੍ਰਭਾਵਸ਼ਾਲੀ ਕੰਟਰੋਲ ਨਹੀਂ ਹੁੰਦਾ। ਮੰਤਰੀ ਲੋਕ ਸਭਾ ਦੇ ਜ਼ਿੰਮੇਵਾਰ ਹੁੰਦੇ ਹਨ, ਰਾਜ ਸਭਾ ਪ੍ਰਤੀ ਨਹੀਂ। ਸਧਾਰਣ ਬਿੱਲਾਂ ਦੇ ਸਬੰਧ ਵਿੱਚ ਵੀ ਰਾਜ ਸਭਾ ਦੀਆਂ ਸ਼ਕਤੀਆਂ ਲੋਕ ਸਭਾ ਤੋਂ ਘੱਟ ਹੁੰਦੇ ਹਨ ਕਿਉਂਕਿ ਦੋਨਾਂ ਸਦਨਾਂ ਵਿੱਚ ਗਤੀਰੋਧ ਦੇ ਨਿਪਟਾਰੇ ਲਈ ਬੁਲਾਇਆ ਸਾਂਝਾ ਅਧਿਵੇਸ਼ਨ ਵੀ ਜ਼ਿਆਦਾ ਮੈਂਬਰਸ਼ਿਪ ਦੇ ਕਾਰਨ ਲੋਕ ਸਭਾ ਦਾ ਹੀ ਪੱਖ ਪੂਰਾ ਕਰਦਾ ਹੈ। ਸਾਂਝੇ ਅਧਿਵੇਸ਼ਨ ਵਿੱਚ ਫੈਸਲਾ ਲੈਣ ਵਿੱਚ ਵੀ ਲੋਕ ਸਭਾ ਦੇ ਮੈਂਬਰ ਹਾਵੀ ਰਹਿੰਦੇ ਹਨ।

6. **ਬਿੱਲਾਂ ਨੂੰ ਸੋਧ ਦੀ ਸ਼ਕਤੀ ਅਸਲ ਵਿੱਚ ਲਾਭਦਾਇਕ ਨਹੀਂ ਹੈ (Revision of Bills not really Useful)**: ਲੋਕ ਸਭਾ ਵੱਲੋਂ ਪਾਸ ਕੀਤੇ ਗਏ ਬਿੱਲਾਂ ਨੂੰ ਦੁਹਰਾਉਣਾ ਰਾਜ ਸਭਾ ਦਾ ਇਕ ਮਹੱਤਵਪੂਰਨ ਕੰਮ ਹੈ ਪਰ ਇੱਥੇ ਵੀ, ਉਗਰ ਪਾਰਟੀ ਰਾਜਨੀਤੀ ਦੇ ਕਾਰਨ ਰਾਜ ਸਭਾ ਵਿੱਚ ਸਲਾਹ-ਮਸ਼ਵਰਾ ਪਾਰਟੀ ਰੇਖਾਵਾਂ 'ਤੇ ਹੀ ਹੁੰਦਾ ਹੈ। ਰਾਜ ਸਭਾ ਨੂੰ ਭੂਮਿਕਾ ਸੀਮਿਤ ਹੁੰਦੀ ਹੈ। ਜੇਕਰ

**ਨੋਟ** ਲੋਕ ਸਭਾ ਵਿੱਚ ਬਹੁਮਤ ਰੱਖਦੀ ਪਾਰਟੀ ਨੂੰ ਹੀ ਰਾਜ ਸਭਾ ਵਿੱਚ ਬਹੁਮਤ ਹੋਵੇ ਤਾਂ ਲੋਕ ਸਭਾ ਵੱਲੋਂ ਪਾਸ ਕੀਤਾ ਗਿਆ ਬਿੱਲ ਰਾਜ ਸਭਾ ਵਿੱਚ ਪਾਸ ਹੋਣਾ ਜ਼ਰੂਰੀ ਹੀ ਹੁੰਦਾ ਹੈ। ਇਸ ਤੋਂ ਇਲਾਵਾ ਸੀਮਿਤ ਪ੍ਰਣਾਲੀ ਦੀ ਕੰਮ ਸ਼ੈਲੀ ਨੇ ਵੀ ਦੂਸਰੇ ਸਦਨ ਦੇ ਦੁਹਰਾਉਣ ਦੀ ਭੂਮਿਕਾ ਨੂੰ ਅਸਲ ਵਿੱਚ ਨਿਰਥ੍ਰਕ ਬਣਾ ਦਿੱਤਾ ਹੈ।

ਰਾਜ ਸਭਾ ਉਹ ਭੂਮਿਕਾ ਨਿਭਾਉਣ ਵਿੱਚ ਪੂਰਨ ਰੂਪ ਵਿੱਚ ਸਫਲ ਨਹੀਂ ਹੋ ਸਕਦੀ ਜੋ ਸੰਵਿਧਾਨ ਨਿਰਮਾਤਾਵਾਂ ਨੇ ਸਾਨੂੰ ਸੌਂਪੀ ਸੀ। ਸਧਾਰਣ ਰੂਪ ਵਿੱਚ ਇਸ ਨੇ ਭਾਰਤ ਸੰਘ ਦੇ ਰਾਜਾਂ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਸਦਨ ਅਤੇ ਬਜ਼ੁਰਗਾਂ ਦੇ ਸਦਨ ਦੀ ਭੂਮਿਕਾ ਦ੍ਰਿੜਤਾ ਨਾਲ ਨਹੀਂ ਨਿਭਾਈ ਹੈ। ਬਲਕਿ ਇਸ ਦੇ ਉਲਟ ਇਸ ਨੇ ਦਲੀ ਰੇਖਾਵਾਂ 'ਤੇ ਚੱਲਦੇ ਹੋਏ ਵੰਡੇ ਹੋਏ ਸਦਨ ਦੀ ਭੂਮਿਕਾ ਨਿਭਾਈ ਹੈ ਜਿਸ ਵਿੱਚ ਹਰੇਕ ਰਾਜਨੀਤਿਕ ਦਲ ਆਪਣਾ ਹੀ ਪੱਖ ਪੇਸ਼ ਕਰਦਾ ਹੈ। ਇਸ ਦੇ ਨਾਲ ਹੀ ਇਹ ਲੋਕ ਸਭਾ 'ਤੇ 'ਰੋਕ' (Check/Brake) ਦੀ ਭੂਮਿਕਾ ਨਿਭਾਉਣ ਵਿੱਚ ਵੀ ਅਸਫਲ ਰਿਹਾ ਹੈ। ਨਾਲ ਹੀ, ਕਈ ਵਾਰ ਰਾਜ ਨੇ 'ਬੁੱਢੇ' ਜਾਂ 'ਹਾਰੀ ਦਲ' ਦੇ ਉਮੀਦਵਾਰਾਂ ਨੂੰ ਸੰਸਦ ਵਿੱਚ ਸ਼ਾਮਿਲ ਕਰਨ ਲਈ ਇਕ ਮਾਰਗ ਦੇ ਰੂਪ ਵਿੱਚ ਕੰਮ ਕੀਤਾ ਹੈ। ਛੋਟੇ ਚੋਣ ਖੇਤਰ ਅਤੇ ਰਾਜ ਵਿਧਾਨ ਸਭਾ ਦੇ ਮੈਂਬਰਾਂ ਦੇ ਮਤਾਂ ਨੂੰ ਰਾਜ-ਸਭਾ ਵਿੱਚ ਕਿਸੇ ਇਕ ਉਮੀਦਵਾਰ ਦੀ ਚੋਣ ਦੇ ਲਈ ਸੰਕੀਰਣ ਹਿੱਤਾਂ ਲਈ ਆਸਾਨੀ ਨਾਲ ਖਰੀਦਿਆ ਜਾ ਸਕਦਾ ਹੈ।

## 6.4 ਰਾਜ ਸਭਾ ਦੀ ਉਪਯੋਗਤਾ (Utility of Rajya Sabha)

ਇਸ ਸੱਚਾਈ ਦੇ ਬਾਵਜੂਦ ਕਿ ਰਾਜ ਸਭਾ ਇਕ ਕਮਜ਼ੋਰ ਸਦਨ ਹੈ, ਭਾਰਤੀ ਸੰਵਿਧਾਨ ਪ੍ਰਣਾਲੀ ਵਿੱਚ ਸੰਘੀ ਸੰਸਦ ਦਾ ਸਹਾਇਕ ਅਤੇ ਦੁਹਰਾਉਣ ਵਾਲਾ ਸਦਨ ਹੋਣ ਦੇ ਕਾਰਨ ਅਤੇ ਸੰਘ ਅਤੇ ਰਾਜਾਂ ਦੇ ਮੱਧ ਵਿੱਚ ਇਕ ਸੰਪਰਕ-ਸੂਤਰ ਦਾ ਕੰਮ ਕਰਨ ਵਾਲੀ ਸੰਸਥਾ ਦੇ ਰੂਪ ਵਿੱਚ ਇਸ ਦਾ ਸਥਾਨ ਮਹੱਤਵਪੂਰਨ ਰਿਹਾ ਹੈ। ਰਾਜ ਸਭਾ ਦੀ ਉਪਯੋਗਤਾ ਦਾ ਵਰਨਣ ਕਰਦੇ ਹੋਏ ਮੋਰਿਸ ਜੋਨਜ਼ (Morris Jones) ਲਿਖਦੇ ਹਨ, "ਇਸ ਦੀਆਂ ਤਿੰਨ ਪ੍ਰਭਾਵਸ਼ਾਲੀ ਵਿਸ਼ੇਸ਼ਤਾਵਾਂ ਹਨ : ਇਹ ਇਲਾਵਾ ਰਾਜਨੀਤਿਕ ਮੌਕੇ ਦਿੰਦੀ ਹੈ ਜਿਨ੍ਹਾਂ ਦੀ ਮੰਗ ਵਿਧਮਾਨ ਹੈ, ਇਹ ਸਲਾਹ-ਮਸ਼ਵਰੇ ਲਈ ਜ਼ਿਆਦਾ ਮੌਕੇ ਉਪਲੱਬਧ ਕਰਵਾਉਂਦੀ ਹੈ ਜਿਨ੍ਹਾਂ ਦੀ ਕਦੇ-ਕਦੇ ਜ਼ਰੂਰਤ ਪੈਂਦੀ ਹੈ ਅਤੇ ਇਹ ਸੀਮਿਤ ਵਿਧਾਨਕ ਸਮੱਸਿਆਵਾਂ ਦੇ ਹੱਲ ਲੱਭਣ ਵਿੱਚ ਸਹਾਇਤਾ ਕਰਦੀ ਹੈ।" ਸੰਘੀ ਸੰਸਦ ਦੇ ਉਪਰਲੇ ਸਦਨ ਦੇ ਰੂਪ ਵਿੱਚ ਰਾਜ ਸਭਾ ਦੇ ਮਹੱਤਵ ਦਾ ਅੱਗੇ ਲਿਖੇ ਤੱਥਾਂ ਦੇ ਆਧਾਰ 'ਤੇ ਵਰਨਣ ਕੀਤਾ ਜਾ ਸਕਦਾ ਹੈ:

**(1) ਯੋਗ ਵਿਅਕਤੀਆਂ ਦੀ ਪ੍ਰਤੀਨਿਧੀ (Representative of Able Persons):** ਭਾਰਤ ਦਾ ਰਾਸ਼ਟਰਪਤੀ ਅਜਿਹੇ ਵਿਅਕਤੀਆਂ ਵਿੱਚੋਂ ਰਾਜ ਸਭਾ ਵਿੱਚ 12 ਨਿਯੁਕਤ ਕਰਦਾ ਹੈ ਜਿਨ੍ਹਾਂ ਨੇ ਕਲਾ, ਵਿਗਿਆਨ, ਸਾਹਿਤ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਵਿਸ਼ੇਸ਼ ਉਪਲੱਬਧੀਆਂ ਪ੍ਰਾਪਤ ਕੀਤੀਆਂ ਹੁੰਦੀਆਂ ਹਨ। ਇਸ ਤਰ੍ਹਾਂ ਯੋਗ ਅਤੇ ਤਜ਼ਰਬੇਕਾਰ ਵਿਅਕਤੀਆਂ ਨੂੰ ਸੰਘੀ ਸੰਸਦ ਵਿੱਚ ਸ਼ਾਮਿਲ ਕਰਕੇ ਰਾਸ਼ਟਰ ਵੱਲੋਂ ਉਨ੍ਹਾਂ ਦੀਆਂ ਸੇਵਾਵਾਂ ਦਾ ਲਾਭ ਉਠਾਇਆ ਜਾਂਦਾ ਹੈ।

(2) **ਵਿਸ਼ੇਸ਼ ਸ਼ਕਤੀਆ ਸਮੇਤ ਅਰਧ-ਸਥਾਈ ਸਦਨ ਦੇ ਰੂਪ ਵਿੱਚ ਰਾਜ-ਸਭਾ ਦੀ ਉਪਯੋਗਤਾ (Rajya Sabha's Utility as a Quasi-permanent House with Special Powers):** ਰਾਜ ਸਭਾ ਇਕ ਅਰਧ-ਸਥਾਈ ਸਦਨ ਹੈ ਅਤੇ ਆਪਣੀ ਵਿਸ਼ੇਸ਼ ਸ਼ਕਤੀਆਂ ਦੇ ਕਾਰਨ ਭਾਰਤੀ ਸੰਵਿਧਾਨਿਕ ਪ੍ਰਣਾਲੀ ਵਿੱਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦਾ ਹੈ। ਅਰਧ-ਸਥਾਈ ਸਦਨ ਦੇ ਰੂਪ ਵਿੱਚ ਇਹ ਸਥਿਰਤਾ ਦਾ ਸਰੋਤ ਹੈ। ਜਦੋਂ ਲੋਕ ਸਭਾ ਭੰਗ ਹੋ ਚੁੱਕੀ ਹੋਵੇ ਅਤੇ ਵਿਸ਼ੇਸ਼ ਕੰਮ ਆ ਜਾਵੇ ਜਿਵੇਂ ਕਿ ਕਿਸੇ ਰਾਜ ਵਿੱਚ ਰਾਸ਼ਟਰਪਤੀ ਸ਼ਾਸਨ ਦਾ ਸਮਾਂ ਵਧਾਉਣਾ ਹੋਵੇ ਜਾਂ ਸੰਕਟਕਾਲੀਨ ਸਮੇਂ ਦੀ ਘੋਸ਼ਣਾ ਦੀ ਮਨਜ਼ੂਰੀ ਦੀ ਜ਼ਰੂਰਤ ਹੋਵੇ, ਉਸ ਸਮੇਂ ਰਾਜ ਸਭਾ ਤੋਂ ਮਨਜ਼ੂਰੀ ਲਈ ਜਾ ਸਕਦੀ ਹੈ। ਮਈ 1991 ਵਿੱਚ ਹਰਿਆਣਾ ਵਿੱਚ ਰਾਸ਼ਟਰਪਤੀ ਸ਼ਾਸਨ ਦਾ ਸਮਾਂ ਵਧਾਉਣ ਦੀ ਮਨਜ਼ੂਰੀ ਪ੍ਰਾਪਤ ਕਰਨ ਦੇ ਲਈ ਦੋ ਦਿਨ ਦਾ ਰਾਜ ਸਭਾ ਦਾ ਵਿਸ਼ੇਸ਼ ਅਧਿਵੇਸ਼ਨ ਬੁਲਾਇਆ ਗਿਆ ਸੀ। 21 ਮਈ 1991 ਨੂੰ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਦੇ ਦੁਰਭਾਗ ਪੂਰਨ ਅਤੇ ਦੁਖਦਾਈ ਕਤਲ ਦੇ ਕਾਰਨ ਚੋਣ ਪ੍ਰਕਿਰਿਆ ਪੂਰੀ ਹੋਣ ਵਿੱਚ ਹੋਈ ਦੇਰੀ ਕਾਰਨ ਇਹ ਬਹੁਤ ਜ਼ਰੂਰੀ ਹੋ ਗਿਆ ਸੀ। ਇਸ ਦੇ ਨਾਲ ਹੀ ਰਾਜ ਸਭਾ ਸਹਾਇਕ ਸਦਨ ਦੇ ਰੂਪ ਵਿੱਚ ਵੀ ਕੰਮ ਕਰਦੀ ਹੈ। ਇਹ ਲੋਕ ਸਭਾ ਦਾ ਕੰਮਕਾਰ ਹਲਕਾ ਕਰਦੀ ਹੈ ਕਿਉਂਕਿ ਵਿਵਾਦ-ਰਹਿਤ ਅਤੇ ਕੁਝ ਹੋਰ ਬਿੱਲ ਪਹਿਲਾਂ ਰਾਜ ਸਭਾ ਵਿੱਚ ਪੇਸ਼ ਕੀਤੇ ਜਾ ਸਕਦੇ ਹਨ। ਇਨ੍ਹਾਂ ਬਿੱਲਾਂ ਨੂੰ ਦੁਹਰਾਉਣ ਵਾਲੇ ਸਦਨ ਦੇ ਰੂਪ ਵਿੱਚ ਵੀ ਕੰਮ ਕਰਦੀ ਹੈ। ਸੰਵਿਧਾਨ ਦੀ ਸੋਧ ਪ੍ਰਕਿਰਿਆ ਵਿੱਚ ਅਤੇ ਰਾਸ਼ਟਰਪਤੀ ਤੇ ਉੱਪ-ਰਾਸ਼ਟਰਪਤੀ ਦੀ ਚੋਣ ਵਿੱਚ ਇਹ ਲੋਕ ਸਭਾ ਦੇ ਬਰਾਬਰ ਭੂਮਿਕਾ ਨਿਭਾਉਂਦੀ ਹੈ। ਫਿਰ ਇਸ ਦੇ ਕੋਲ ਅਨੁਛੇਦ 249 ਅਤੇ 312 ਦੇ ਅਧੀਨ ਵਿਸ਼ੇਸ਼ ਸ਼ਕਤੀਆਂ ਹਨ। ਇਸ ਕਾਰਨ ਰਾਜ ਸਭਾ ਬ੍ਰਿਟਿਸ਼ ਹਾਊਸ ਆਫ ਲਾਰਡਜ਼ ਦੇ ਬਰਾਬਰ ਗੌਣ ਜਾਂ ਨਿਰਥ੍ਰਕ ਸਦਨ ਨਹੀਂ ਹੈ।

**(3) ਰਾਜ ਸਭਾ ਦੀ ਭੂਮਿਕਾ (Rajya Sabha's Role):** ਸੰਵਿਧਾਨ ਲਾਗੂ ਕਰਨ ਸਮੇਂ ਤੋਂ ਲੈ ਕੇ ਹੁਣ ਤੱਕ ਰਾਜ ਸਭਾ ਸੰਘੀ ਸੰਸਦ ਦੇ ਦੂਸਰੇ ਸਦਨ ਦੇ ਰੂਪ ਵਿੱਚ ਠੀਕ ਭੂਮਿਕਾ ਨਿਭਾਉਂਦੀ ਹੈ। 1977-79 ਦੇ ਦੌਰਾਨ ਇਸ ਨੇ ਲੋਕ ਸਭਾ ਵੱਲੋਂ ਪਾਸ ਕੀਤੇ ਗਏ ਕੁਝ ਬਿੱਲਾਂ/ਪ੍ਰਸਤਾਵਾਂ 'ਤੇ ਰੋਕ ਲਗਾਉਣ 'ਤੇ ਜਾਂਚ ਕਰਨ ਦੀ ਭੂਮਿਕਾ ਨਿਭਾਈ। ਇਸ ਸਮੇਂ ਦੌਰਾਨ ਰਾਜ ਸਭਾ ਇਕ

ਸਰਗਰਮ ਮੈਂਬਰ ਬਣਿਆ ਰਿਹਾ ਕਿਉਂਕਿ ਉਸ ਸਮੇਂ ਰਾਜ ਸਭਾ ਵਿੱਚ ਤਾਂ ਕਾਂਗਰਸ ਦਾ ਬਹੁਮਤ ਸੀ ਪਰ ਲੋਕ ਸਭਾ ਵਿੱਚ ਜਨਤਾ ਪਾਰਟੀ ਦਾ ਬਹੁਮਤ ਸੀ। ਇਸ ਨੇ 43ਵੀਂ ਅਤੇ 44ਵੀਂ ਸੋਧ ਬਿੱਲਾਂ ਦੀਆਂ ਕੁਝ ਵਿਵਸਥਾਵਾਂ ਵਿੱਚ ਸੋਧ ਕੀਤੀ ਜਾਂ ਕੱਟ ਦਿੱਤੀ ਜਿਨ੍ਹਾਂ ਨੂੰ ਲੋਕ ਸਭਾ ਵੱਲੋਂ ਪਾਸ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ 1989-90 ਅਤੇ 1996-2003 ਦੇ ਦੌਰਾਨ ਅਜਿਹੇ ਹੀ ਵਾਤਾਵਰਨ ਦੇ ਕਾਰਨ ਹੀ ਰਾਜ ਸਭਾ ਫਿਰ ਸਰਗਰਮ ਬਣੀ ਰਹੀ ਪਰ 1950-77 ਅਤੇ 1980-89 ਦੌਰਾਨ ਰਾਜ ਸਭਾ ਵੱਲੋਂ ਨਿਰਧਾਰਿਤ ਅਤੇ ਸੰਵਿਧਾਨਿਕ ਰੂਪ ਵਿੱਚ ਨਿਸ਼ਚਿਤ ਕੀਤੀ ਗਈ ਭੂਮਿਕਾ ਨਿਭਾਉਣ ਵਿੱਚ ਇਸ ਦੀ ਅਸਫਲਤਾ ਦਾ ਮੁੱਖ ਕਾਰਨ ਇਕ ਦਲ ਦੇ ਹਾਵੀ ਹੋਣ ਦੀ ਪ੍ਰਣਾਲੀ ਵਾਲੀ ਭਾਰਤੀ ਦਲ ਪ੍ਰਣਾਲੀ ਦੀ ਪ੍ਰਕਿਰਤੀ ਰਹੀ ਸੀ ਅਤੇ ਇਸ ਵਿੱਚ ਕੋਈ ਰਚਨਾਤਮਕ ਜਾਂ ਸੰਵਿਧਾਨਿਕ ਤਰੁਟੀਆਂ ਨਹੀਂ ਹਨ। ਜਿਉਂ-ਜਿਉਂ ਕਾਂਗਰਸ ਦੀ ਬਹੁਤ ਸ਼ਕਤੀਸ਼ਾਲੀ ਸਥਿਤੀ ਘੱਟ ਹੁੰਦੀ ਗਈ ਅਤੇ ਦੂਸਰੇ ਰਾਜਨੀਤਿਕ ਦਲਾਂ ਦੀ ਸਥਿਤੀ ਸਰਗਰਮ ਅਤੇ ਸ਼ਕਤੀਸ਼ਾਲੀ ਹੁੰਦੀ ਗਈ, ਰਾਜ ਸਭਾ ਦੀ ਭੂਮਿਕਾ ਵੀ ਪਰਿਵਰਤਨ ਹੁੰਦੀ ਗਈ। ਅੱਜ ਕੱਲ੍ਹ ਕਈ ਅਲੱਗ-ਅਲੱਗ ਰਾਜਨੀਤਿਕ ਦਲਾਂ ਨੂੰ ਸੰਘ ਦੇ ਅਲੱਗ-ਅਲੱਗ ਰਾਜਾਂ ਵਿੱਚ ਬਹੁਮਤ ਪ੍ਰਾਪਤ ਹੈ, ਰਾਜ ਸਭਾ ਸਾਰੀਆਂ ਦਲਾਂ ਦਾ ਅਨੁਪਾਤਿਕ ਕ੍ਰਮ ਵਿੱਚ ਪ੍ਰਤੀਨਿਧਤਾ ਕਰਦੀ ਹੈ। ਇਨ੍ਹਾਂ ਵਿੱਚੋਂ ਕੋਈ ਵੀ ਦਲ ਦੋ-ਤਿਹਾਈ ਸੀਟਾਂ ਦਾ ਬਹੁਮਤ ਪ੍ਰਾਪਤ ਕਰਨ ਦੇ ਲਈ ਹੌਂਸਲਾ ਨਹੀਂ ਹੋ ਸਕਦਾ ਅਤੇ ਇਸ ਦੇ ਲਈ ਰਾਜ ਸਭਾ ਆਪਣੀ ਇੱਛਾ ਦੇ ਅਨੁਸਾਰ ਆਪਣੀ ਸੋਧ ਸ਼ਕਤੀ ਅਤੇ ਦੋ ਵਿਸ਼ੇਸ਼ ਸ਼ਕਤੀਆਂ ਦਾ ਇਸਤੇਮਾਲ ਹੁਣ ਕਰ ਸਕਦੀ ਹੈ। ਇਸ ਨਾਲ ਇਸ ਦੀ ਸਥਿਤੀ ਕੁਝ ਹੋਰ ਦ੍ਰਿੜ ਹੋਈ ਹੈ। ਇਹ ਜ਼ਰੂਰੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਸੰਘੀ ਸੰਸਦ ਇਕ ਦੋ-ਸਦਨੀ ਸੰਸਥਾ ਹੈ ਅਤੇ ਰਾਜ ਸਭਾ ਨੂੰ ਇਸ ਦਾ ਅਟੁੱਟ ਅੰਗ ਉਪਰਲੀ ਸਦਨ ਬਣਿਆ ਹੀ ਰਹਿਣਾ ਹੈ। ਹੁਣ ਪ੍ਰਧਾਨ ਮੰਤਰੀ ਦੀ ਨਿਯੁਕਤੀ ਲਈ ਉਮੀਦਵਾਰ ਦੇਣ ਲਈ ਰਾਜ ਸਭਾ 'ਤੇ ਵੀ ਨਿਰਭਰ ਕੀਤਾ ਜਾ ਸਕਦਾ ਹੈ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

7. ਸਾਲ 1997 ਵਿੱਚ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ .......... ਦੇ ਮੈਂਬਰ ਸਨ।
   (ਅ) ਲੋਕ ਸਭਾ (ਬ) ਰਾਜ ਸਭਾ
   (ਸ) ਨ (ਅ) ਨ (ਬ) (ਦ) ਉਪਰੋਕਤ ਵਿੱਚੋਂ ਕੋਈ ਨਹੀਂ
8. ਸੰਵਿਧਾਨ ਦੇ ਕਿਸ ਅਨੁਛੇਦ ਵਿੱਚ ਰਾਜ ਸਭਾ 2/3 ਬਹੁਮਤ ਨਾਲ ਇਕ ਪ੍ਰਸਤਾਵ ਪਾਸ ਕਰਕੇ ਇਕ ਜਾਂ ਜ਼ਿਆਦਾ ਨਵੀਆਂ ਅਖਿਲ ਭਾਰਤੀ ਸੇਵਾਵਾਂ ਦੀ ਸਥਾਪਨਾ ਕਰ ਸਕਦਾ ਹੈ?
   (ਅ) ਅਨੁਛੇਦ 356 (ਬ) ਅਨੁਛੇਦ 256
   (ਸ) ਅਨੁਛੇਦ 312 (ਦ) ਅਨੁਛੇਦ 96
9. ਰਾਜੀਵ ਗਾਂਧੀ ਦੀ ਹੱਤਿਆ ਕਦੋਂ ਹੋਈ ਸੀ?
   (ਅ) 21 ਮਈ 1992 (ਬ) 21 ਮਈ 1991
   (ਸ) 21 ਮਈ 1993 (ਦ) 21 ਮਈ 1994

## 6.5 ਲੋਕ ਸਭਾ-ਲੋਕਾਂ ਦਾ ਸਦਨ (Lok Sabha—The House of the People)

ਲੋਕਾਂ ਦਾ ਸਦਨ (The House of the People), ਜਿਸ ਨੂੰ ਲੋਕਪ੍ਰਿਯ ਰੂਪ ਵਿੱਚ ਲੋਕ ਸਭਾ (Lok Sabha) ਦੇ ਰੂਪ ਵਿੱਚ ਜਾਣਿਆ ਜਾਂਦਾ ਹੈ, ਸੰਘੀ ਸੰਸਦ ਦਾ ਪਹਿਲਾ ਅਤੇ ਹੇਠਲਾ ਸਦਨ ਹੈ। ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪੱਸ਼ਟ ਹੋ ਹੁੰਦਾ ਹੈ, ਇਹ ਭਾਰਤ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਦੀ ਚੋਣ ਪ੍ਰਤੱਖ ਰੂਪ ਵਿੱਚ ਲੋਕਾਂ ਵੱਲੋਂ ਕੀਤੀ ਜਾਂਦੀ ਹੈ। ਇਹ ਸੰਘੀ ਸੰਸਦ ਦਾ ਸ਼ਕਤੀਸ਼ਾਲੀ, ਲੋਕਤੰਤਰੀ ਅਤੇ ਸੰਪੂਰਨ ਪ੍ਰਤੀਨਿਧੀ ਸਦਨ ਹੈ ਅਤੇ ਇਸ ਸਬੰਧ ਵਿੱਚ ਇਨ੍ਹਾਂ ਦੀ ਸਥਿਤੀ ਬ੍ਰਿਟਿਸ਼ ਹਾਊਸ ਆਫ ਕਾਮਨਜ਼ ਵਰਗੀ ਹੈ। ਭਾਰਤੀ ਲੋਕ ਸਭਾ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਬ੍ਰਿਟਿਸ਼ ਹਾਊਸ ਆਫ ਕਾਮਨਜ਼ ਦੀਆਂ ਸ਼ਕਤੀਆਂ ਵਰਗੀ ਹੀ ਹੈ। ਲੋਕ ਸਭਾ ਦੀ ਸਥਿਤੀ ਇੰਨੀ ਸ਼ਕਤੀਸ਼ਾਲੀ ਹੈ ਕਿ ਕਈ ਵਿਦਵਾਨ ਤਾਂ ਇਸ ਨੂੰ ਹੀ ਅਸਲ ਸੰਸਦ ਕਹਿਣਾ ਪਸੰਦ ਕਰਦੇ ਹਨ ਪਰ ਇਹ ਠੀਕ ਟਿੱਪਣੀ ਨਹੀਂ। ਫਿਰ ਵੀ ਇਸ ਨਾਲ ਲੋਕ ਸਭਾ ਨੂੰ ਭਾਰਤੀ ਸੰਵਿਧਾਨਿਕ ਵਿਵਸਥਾ ਵਿੱਚ ਪ੍ਰਾਪਤ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਸਥਿਤੀ ਪ੍ਰਗਟ ਹੁੰਦੀ ਹੈ।

**I. ਰਚਨਾ (Composition)**: 1950 ਵਿੱਚ ਜਦੋਂ ਸੰਵਿਧਾਨ ਲਾਗੂ ਹੋਇਆ, ਉਦੋਂ ਲੋਕ ਸਭਾ ਦੇ ਮੈਂਬਰਾਂ ਦੀ ਸੰਖਿਆ 500 ਨਿਸ਼ਚਿਤ ਕੀਤੀ ਗਈ ਸੀ। 1956 ਵਿੱਚ ਸੱਤਵੀਂ ਸੋਧ ਨਾਲ ਇਹ ਸੰਖਿਆ 520 ਤੱਕ ਵਧਾ ਦਿੱਤੀ ਗਈ। ਪੁਨਰ 1963 ਵਿੱਚ 14ਵੀਂ ਸੋਧ ਨਾਲ ਮੈਂਬਰਾਂ ਦੀ ਸੰਖਿਆ 525 ਤੱਕ ਵਧਾ ਦਿੱਤੀ ਗਈ। ਇਨ੍ਹਾਂ ਵਿੱਚੋਂ 500 ਸੀਟਾਂ ਰਾਜਾਂ ਵਿੱਚ ਰਹਿੰਦੇ ਲੋਕਾਂ ਅਤੇ 25 ਸੀਟਾਂ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਵੰਡੀਆਂ ਗਈਆਂ ਸਨ। 31ਵੀਂ ਸੋਧ ਨਿਯਮ ਨਾਲ ਲੋਕ ਸਭਾ ਦੇ ਮੈਂਬਰਾਂ ਦੀ ਜ਼ਿਆਦਾ ਤੋਂ

ਨੋਟ ਜ਼ਿਆਦਾ ਸੰਖਿਆ 550 ਨਿਸ਼ਚਿਤ ਕੀਤੀ ਗਈ ਪਰ ਅੱਜ-ਕੱਲ੍ਹ ਇਨ੍ਹਾਂ ਦੀ ਸੰਖਿਆ 545 ਹੈ, ਜਿਸ ਵਿੱਚੋਂ 545 ਰਾਜਾਂ ਵਿੱਚੋਂ ਅਤੇ 20 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਚੁਣੇ ਜਾਂਦੇ ਹਨ। ਭਾਰਤੀ ਸੰਵਿਧਾਨ ਦੇ ਅਨੁਛੇਦ 331 ਦੇ ਅਨੁਸਾਰ ਜੇਕਰ ਰਾਸ਼ਟਰਪਤੀ ਨੂੰ ਭਰੋਸਾ ਹੋ ਜਾਵੇ ਕਿ ਐਂਗਲੋ-ਇੰਡੀਅਨ ਸਮੁਦਾਇ ਨੂੰ ਠੀਕ ਪ੍ਰਤੀਨਿਧੀ ਨਹੀਂ ਮਿਲਿਆ ਤਾਂ ਉਹ ਸਮੁਦਾਇ ਦੇ ਦੋ ਪ੍ਰਤੀਨਿਧੀ ਲੋਕ ਸਭਾ ਵਿੱਚ ਨਿਯੁਕਤ ਕਰ ਸਕਦਾ ਹੈ। ਲੋਕ ਸਭਾ ਦੇ ਮੈਂਬਰਾਂ ਦੀ ਸੰਖਿਆ 2010 ਸਨ ਤੱਕ 545 ਨਿਸ਼ਚਿਤ ਕੀਤੀ ਗਈ ਹੈ। (42ਵੀਂ ਸੋਧ ਕਾਨੂੰਨ 1976 ਵੱਲੋਂ)। ਲੋਕ ਸਭਾ ਵਿੱਚ ਵੀ ਸੰਵਿਧਾਨ ਵੱਲੋਂ ਨਿਸ਼ਚਿਤ ਅਨੁਪਾਤ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ।

**(Table 6.2)**

**ਲੋਕ ਸਭਾ : ਸੀਟਾਂ ਦੀ ਵੰਡ**
**(Lok Sabha: Allocation of Seats)**

| *States/U.T.* | *Total seats* | *Reserved for the S.C.* | *Reserved for the S.T.* |
|---|---|---|---|
| ***STATES:*** | | | |
| Andhra Pradesh | 5 | 34 | 3 |
| Arunachal Pradesh | 2 | - | - |
| Assam | 1 | 10 | 3 |
| Bihar | 13 | 22 | 2 |
| Goa | 1 | 1 | - |
| Gujarat | 14 | 12 | - |
| Haryana | - | 8 | 2 |
| Himachal Pradesh | - | 4 | - |
| Jammu and Kashmir | - | 4 | 2 |
| Karnataka | 18 | 8 | 2 |
| Kerala | - | 1 | 19 |
| Madhya Pradesh | 24 | 4 | 1 |
| Maharashtra | 25 | 23 | - |
| Manipur | - | 1 | - |
| Mizoram | 1 | - | - |
| Meghalaya | 1 | - | - |
| Nagaland | - | - | 1 |
| Orrisa | 18 | 3 | - |
| Punjab | 11 | 2 | - |
| Rajasthan | 21 | 4 | - |
| Sikkim | - | - | 1 |
| Tamil Nadu | 0 | 35 | 4 |
| Tripura | - | 2 | - |
| Uttar Pradesh | 12 | 9 | 59 |
| West Bengal | 1 | 5 | 36 |
| Chhattisgarh | 10 | 1 | - |
| Jharkhand | 1 | 10 | 3 |
| Uttaranchal | 4 | 1 | - |

ਨੋਟ

| UNION TERRITORES: | | | |
|---|---|---|---|
| Andaman and Nicobar | - | 1 | - |
| Chandigarh | - | 1 | - |
| Dadra & Nagar Haveli | - | 1 | - |
| Delhi | 1 | 6 | - |
| Daman and Diu | - | 1 | - |
| Lakshadweep | 1 | - | - |
| Pondicherry | - | 1 | - |

**II. ਲੋਕ ਸਭਾ ਦੇ ਮੈਂਬਰਾਂ ਦੀ ਚੋਣ ਦਾ ਢੰਗ (Method of Election of the Members of Lok Sabha)**: ਲੋਕ ਸਭਾ ਦੇ ਮੈਂਬਰਾਂ ਦੀ ਚੋਣ ਹੇਠ ਲਿਖੇ ਸਿਧਾਂਤਾ ਦੇ ਆਧਾਰ 'ਤੇ ਕੀਤੀ ਜਾਂਦੀ ਹੈ।

(ਕ) **ਸਰਵਭੌਮਿਕ ਵਿਅਸਕ ਵੋਟ ਅਧਿਕਾਰ (Universal Adult Franchise)**:18 ਸਾਲ ਜਾਂ ਉਸ ਤੋਂ ਜ਼ਿਆਦਾ ਉਮਰ ਵਾਲੇ ਵਿਅਕਤੀ ਨੂੰ ਲੋਕ ਸਭਾ ਚੋਣ ਵਿੱਚ ਵੋਟ ਪਾਉਣ ਦਾ ਅਧਿਕਾਰ ਹੈ। ਪਹਿਲਾਂ ਉਮਰ ਦੀ ਹੱਦ 21 ਸਾਲ ਦੀ ਸੀ ਪਰ ਵੋਟ ਕੇਵਲ ਉਹੀ ਵੋਟਰ ਪਾ ਸਕਦਾ ਹੈ ਜਿਸ ਦਾ ਨਾਮ ਵੋਟਰ ਸੂਚੀ ਵਿੱਚ ਦਰਜ ਹੋਇਆ ਹੋਵੇ।

**(ਖ) ਸੰਯੁਕਤ ਚੋਣ-ਮੰਡਲ (Joint Electorate System)**: ਵੋਟਰ ਸੰਯੁਕਤ ਚੋਣ-ਮੰਡਲ ਦੇ ਆਧਾਰ 'ਤੇ ਵੋਟ ਪਾਉਂਦੇ ਹਨ ਜਿਸ ਦਾ ਅਰਥ ਹੈ ਕਿ ਸਾਰੇ ਵੋਟਰ ਸਾਂਝੇ ਉਮੀਦਵਾਰਾਂ ਨੂੰ ਹੀ ਵੋਟ ਪਾਉਂਦੇ ਹਨ ਅਤੇ ਅਲੱਗ-ਅਲੱਗ ਸੰਪ੍ਰਦਾਇਆਂ ਨਾਲ ਆਪਣੇ ਗਠਬੰਧਨ ਦੇ ਆਧਾਰ 'ਤੇ ਨਹੀ। ਸਾਰੇ ਦੇਸ਼ ਨੂੰ ਖੇਤਰੀ ਚੋਣ ਖੇਤਰਾਂ ਵਿੱਚ ਵੰਡਿਆ ਜਾਂਦਾ ਹੈ ਅਤੇ ਹਰੇਕ ਚੋਣ ਖੇਤਰ ਦੇ ਸਾਰੇ ਮਤਦਾਤਾ ਇਕ ਪ੍ਰਤੀਨਿਧੀ ਚੁਣਦੇ ਹਨ ਪਰ ਕੁਝ ਚੋਣ ਖੇਤਰ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਲਈ ਰਾਖਵੇਂ ਰੱਖੇ ਜਾਂਦੇ ਹਨ। ਉਨ੍ਹਾਂ ਨੂੰ ਰਾਖਵਾਂ ਚੋਣ ਖੇਤਰ ਕਿਹਾ ਜਾਂਦਾ ਹੈ ਅਤੇ ਅਜਿਹੇ ਚੋਣ ਖੇਤਰਾਂ ਵਿੱਚ ਕੇਵਲ ਅਨੁਸੂਚਿਤ ਜਾਤੀ ਜਾਂ ਕਬੀਲੇ ਨਾਲ ਸਬੰਧ ਰੱਖਣ ਵਾਲੇ ਉਮੀਦਵਾਰ ਹੀ ਚੋਣ ਲੜ ਸਕਦੇ ਹਨ ਪਰ ਰਾਖਵੇਂ ਚੋਣ ਖੇਤਰ ਵਿੱਚ ਵੀ ਸਾਰੇ ਵੋਟ ਵੋਟ ਪਾਉਂਦੇ ਹਨ।

**(ਗ) ਇਕ-ਮੈਂਬਰ ਚੋਣ ਖੇਤਰ (Single Member Constituencies)**: ਸਾਰੇ ਦੇਸ਼ ਨੂੰ ਉਂਨੇ ਚੋਣ ਖੇਤਰਾਂ ਵਿੱਚ ਵੰਡਿਆ ਜਾਂਦਾ ਹੈ ਜਿੰਨੇ ਕਿ ਲੋਕ ਸਭਾ ਦੇ ਮੈਂਬਰ ਚੁਣੇ ਜਾਣੇ ਹੁੰਦੇ ਹਨ ਅਤੇ ਹਰੇਕ ਚੋਣ ਖੇਤਰ ਵਿੱਚੋਂ ਇਕ ਪ੍ਰਤੀਨਿਧੀ ਚੁਣਿਆ ਜਾਂਦਾ ਹੈ। ਚੋਣ ਖੇਤਰਾਂ ਦੀ ਨਿਸ਼ਾਨਦੇਹੀ ਇਕ ਸੀਮਾਬੰਦੀ ਆਯੋਗ (Delimaitation Commission) ਕਰਦਾ ਹੈ ਜਿਸ ਦੀ ਸਥਾਪਨਾ ਹਰੇਕ ਜਨਗਣਨਾ (Census) ਤੋਂ ਬਾਅਦ ਕੀਤੀ ਜਾਂਦੀ ਹੈ।

**(ਘ) ਚੋਣ-ਖੇਤਰੀ ਚੋਣ ਖੇਤਰ ਹੁੰਦੇ ਹਨ। (The Constituencies are Territorial Constituencies)**: ਚੋਣ ਖੇਤਰਾਂ ਦੀ ਹੱਦਬੰਦੀ ਸੀਮਾ-ਨਿਰਧਾਰਣ ਆਯੋਗ ਵੱਲੋਂ ਕੀਤੀ ਜਾਂਦੀ ਹੈ। ਸਧਾਰਣ ਰੂਪ ਵਿੱਚ ਹਰੇਕ ਚੋਣ ਖੇਤਰ ਦੀ ਜਨਸੰਖਿਆ 5 ਲੱਖ ਤੋਂ 7.5 ਲੱਖ ਵਿਚਕਾਰ ਹੁੰਦੀ ਹੈ।

**(ਙ) ਗੁਪਤ ਵੋਟ (Secret Ballot)**: ਲੋਕ ਸਭਾ ਦੇ ਮੈਂਬਰਾਂ ਦੀ ਚੋਣ ਗੁਪਤ ਵੋਟ ਨਾਲ ਹੁੰਦੀ ਹੈ ਅਤੇ ਕੋਈ ਨਹੀਂ ਜਾਣਦਾ ਕਿ ਕਿਸ ਵੋਟਰ ਨੇ ਕਿਸ ਉਮੀਦਵਾਰ ਦੇ ਪੱਖ ਵਿੱਚ ਵੋਟ ਪਾਈ ਹੈ।

**(ਚ) ਪ੍ਰਤੱਖ ਚੋਣ (Direct Election)**: ਲੋਕ ਸਭਾ ਦੇ ਸਾਰੇ ਮੈਂਬਰਾਂ ਦੀ ਚੋਣ ਪ੍ਰਤੱਖ ਢੰਗ ਨਾਲ ਹੁੰਦੀ ਹੈ। ਹਰੇਕ ਵੋਟਰ ਆਪਣੇ ਚੋਣ ਖੇਤਰ ਵਿੱਚ ਵੱਡੇ ਕਿਸੇ ਵੀ ਉਮੀਦਵਾਰ ਨੂੰ ਵੋਟ ਪਾ ਸਕਦਾ ਹੈ। ਉਹ ਉਮੀਦਵਾਰ ਜੋ ਉਸ ਖੇਤਰ ਵਿੱਚ ਖੜੇ ਪ੍ਰਤੀਯੋਗੀਆਂ ਵਿੱਚੋਂ ਸਭ ਤੋਂ ਜ਼ਿਆਦਾ ਵੋਟਾਂ ਪ੍ਰਾਪਤ ਕਰਦਾ ਹੈ, ਉਸ ਨੂੰ ਉਸ ਖੇਤਰ ਦੇ ਲੋਕਾਂ ਦਾ ਪ੍ਰਤੀਨਿਧੀ ਚੁਣ ਲਿਆ ਜਾਂਦਾ ਹੈ।

**III. ਮੈਂਬਰਸ਼ਿਪ ਲਈ ਯੋਗਤਾਵਾਂ (Qualifications for Membership)**: ਲੋਕ ਸਭਾ ਦੀ ਚੋਣ ਲੜਨ ਲਈ ਵਿਅਕਤੀ ਵਿੱਚ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ:

(1) ਉਹ ਭਾਰਤ ਦਾ ਨਾਗਰਿਕ ਹੋਵੇ।

(2) ਉਸ ਦੀ ਉਮਰ 25 ਸਾਲਾਂ ਤੋਂ ਘੱਟ ਨਾ ਹੋਵੇ।

(3) ਉਹ ਸੰਘ ਜਾਂ ਰਾਜ ਸਰਕਾਰ ਅਧੀਨ ਕਿਸੇ ਲਾਭਪ੍ਰਦ ਅਹੁਦੇ 'ਤੇ ਕੰਮ ਨਾ ਕਰ ਰਿਹਾ ਹੋਵੇ।

(4) ਉਹ ਪਾਗਲ ਜਾਂ ਦੀਵਾਲੀਆ ਨਾ ਹੋਵੇ।

(5) ਉਸ ਨੂੰ ਕਾਨੂੰਨ ਵੱਲੋਂ ਕਿਸੇ ਅਦਾਲਤ ਵੱਲੋਂ ਤੇ ਕਿਸੇ ਅਪਰਾਧ ਲਈ ਦੋਸ਼ੀ ਨਾ ਠਹਿਰਾਇਆ ਹੋਵੇ।

(6) ਉਹ ਸੰਸਦ ਦੇ ਕਾਨੂੰਨ ਵੱਲੋਂ ਨਿਰਧਾਰਿਤ ਕੀਤੀਆਂ ਗਈਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

ਨੋਟ

**IV. ਕਾਰਜਕਾਲ (Term):** ਲੋਕ ਸਭਾ ਦਾ ਸਧਾਰਣ ਕਾਰਜਕਾਲ ਪੰਜ ਸਾਲ ਦਾ ਹੁੰਦਾ ਹੈ। ਸੰਕਟਕਾਲੀਨ ਸਮੇਂ ਦੌਰਾਨ ਇਹ ਕਾਰਜਕਾਲ ਇਕ ਸਾਲ ਲਈ ਵਧਾਇਆ ਵੀ ਜਾ ਸਕਦਾ ਹੈ ਪਰ ਫਿਰ ਸੰਕਟਕਾਲੀਨ ਸਮੇਂ ਦੇ ਖਤਮ ਹੋਣ ਤੋਂ ਛੇ ਮਹੀਨੇ ਦੇ ਅੰਦਰ-ਅੰਦਰ ਲੋਕ ਸਭਾ ਦੀ ਤਾਜ਼ਾ ਚੋਣ ਕਰਵਾਈ ਜਾਣੀ ਜ਼ਰੂਰੀ ਹੁੰਦੀ ਹੈ। 42ਵੀਂ ਸੋਧ ਨਾਲ ਲੋਕ ਸਭਾ ਦਾ ਕਾਰਜਕਾਲ 6 ਸਾਲ ਤੱਕ ਵਧਾ ਦਿੱਤਾ ਗਿਆ ਸੀ ਪਰ 44ਵੀਂ ਸੋਧ ਨਾਲ ਇਹ ਕਾਰਜਕਾਲ ਪੁਨਰ 5 ਸਾਲ ਦਾ ਕਰ ਦਿੱਤਾ ਗਿਆ। ਰਾਸ਼ਟਰਪਤੀ ਲੋਕ ਸਭਾ ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਵੀ ਇਸ ਨੂੰ ਭੰਗ ਕਰ ਸਕਦਾ ਹੈ ਜਿਵੇਂ ਕਿ 1977, 1979, 1991, 1997, 1998, 1999 ਅਤੇ 2004 ਵਿੱਚ ਕੀਤਾ ਗਿਆ ਸੀ। ਜੇਕਰ ਲੋਕ ਸਭਾ ਦੀਆਂ ਚੋਣਾਂ ਪਹਿਲੀ ਲੋਕ ਸਭਾ ਦਾ ਪ੍ਰੋਗਰਾਮ ਪੂਰਾ ਹੋਣ ਤੋਂ ਪਹਿਲਾਂ ਕਰਵਾਈਆਂ ਜਾਣ ਤਾਂ ਉਨ੍ਹਾਂ ਨੂੰ ਮੱਧਵਰਗੀ ਚੋਣਾਂ ਕਿਹਾ ਜਾਂਦਾ ਹੈ ਪਰ ਹਰੇਕ ਨਵੀਂ ਲੋਕ ਸਭਾ 5 ਸਾਲ ਦੇ ਸਮੇਂ ਲਈ ਚੁਣੀ ਜਾਂਦੀ ਹੈ। ਲੋਕ ਸਭਾ ਨੂੰ ਭੰਗ ਕਰਦੇ ਸਮੇਂ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਕੰਮ ਕਰਦਾ ਹੈ। ਪ੍ਰਧਾਨ ਮੰਤਰੀ ਨੂੰ ਜਦੋਂ ਤੱਕ ਲੋਕ ਸਭਾ ਵਿੱਚ ਬਹੁਮਤ ਪ੍ਰਾਪਤ ਹੋਵੇ ਉਹ ਰਾਸ਼ਟਰਪਤੀ ਨੂੰ ਨਵਾਂ ਜਨਾਦੇਸ਼ ਪ੍ਰਾਪਤ ਕਰਨ ਲਈ ਲੋਕ ਸਭਾ ਭੰਗ ਕਰਨ ਲਈ ਕਦੀ ਵੀ ਸਿਫ਼ਾਰਿਸ਼ ਕਰ ਸਕਦਾ ਹੈ। ਅਜਿਹੀ ਹਰੇਕ ਪ੍ਰਾਥਨਾ ਰਾਸ਼ਟਰਪਤੀ ਵੱਲੋਂ ਸਵੀਕਾਰ ਕਰ ਲਈ ਜਾਂਦੀ ਹੈ।

**V. ਬੈਠਕਾਂ (Sessions):** ਭਾਰਤੀ ਸੰਵਿਧਾਨ ਦੇ ਅਨੁਛੇਦ 85 ਦੇ ਅਨੁਸਾਰ ਰਾਸ਼ਟਰਪਤੀ ਕਿਸੇ ਵੀ ਸਮੇਂ ਸੰਸਦ ਦੀ ਬੈਠਕ ਬੁਲਾ ਸਕਦਾ ਹੈ ਪਰ ਸੰਸਦ ਦੀਆਂ ਦੋ ਬੈਠਕਾਂ ਵਿੱਚ ਛੇ ਮਹੀਨੇ ਤੋਂ ਜ਼ਿਆਦਾ ਅੰਤਰ ਨਹੀਂ ਹੋ ਸਕਦਾ। ਇਸ ਦਾ ਅਰਥ ਇਹ ਹੋਇਆ ਕਿ ਇਕ ਸਾਲ ਵਿੱਚ ਲੋਕ ਸਭਾਂ ਦੀਆਂ ਘੱਟ ਤੋਂ ਘੱਟ ਦੋ ਬੈਠਕਾਂ ਹੋਣੀਆਂ ਜ਼ਰੂਰੀ ਹੁੰਦੀਆਂ ਹਨ। ਰਾਸ਼ਟਰਪਤੀ ਕੋਲ ਲੋਕ ਸਭਾ ਦੇ ਅਧਿਵੇਸ਼ਨ ਬੁਲਾਉਣੇ, ਦੀਰਘਕਾਲੀਨ ਸਮੇਂ ਲਈ ਰੱਦ ਕਰਨ ਜਾਂ ਭੰਗ ਕਰਨ ਦੀ ਸ਼ਕਤੀ ਹੁੰਦੀ ਹੈ।

**VI. ਗਣਪੂਰਤੀ (ਕੋਰਮ)(Quorum):** ਲੋਕ ਸਭਾ ਦੀ ਇਕ ਬੈਠਕ ਲਈ ਘੱਟ ਤੋਂ ਘੱਟ 1/10 ਮੈਂਬਰਾਂ ਦੀ ਮੌਜੂਦਗੀ ਜ਼ਰੂਰੀ ਹੁੰਦੀ ਹੈ। ਜੇਕਰ ਲੋਕ ਸਭਾ ਦੇ 1/10 ਮੈਂਬਰ ਬੈਠਕ ਵਿੱਚ ਮੌਜੂਦ ਨਾ ਹੋਣ ਤਾਂ ਸਦਨ ਦਾ ਸਪੀਕਰ ਗਣਪੂਰਤੀ ਸੰਖਿਆ ਦੇ ਘੱਟ ਹੋਣ ਕਾਰਨ ਬੈਠਕ ਨੂੰ ਚੁੱਕ ਸਕਦਾ ਹੈ।

**VII. ਲੋਕ ਸਭਾ ਦੇ ਅਧਿਕਾਰੀ, ਸਪੀਕਰ ਅਤੇ ਡਿਪਟੀ ਸਪੀਕਰ (Presiding Officers of Lok Sabha, Speaker and Deputy Speaker):** ਸਪੀਕਰ ਹੀ ਲੋਕ ਸਭਾ ਦਾ ਮੈਂਬਰ ਅਤੇ ਪ੍ਰਧਾਨਗੀ ਕਰਨ ਵਾਲਾ ਅਧਿਕਾਰੀ ਹੁੰਦਾ ਹੈ। ਸਪੀਕਰ ਦੀ ਚੋਣ ਲੋਕ ਸਭਾ ਦੇ ਮੈਂਬਰਾਂ ਵੱਲੋਂ ਆਪਣੇ ਵਿੱਚੋਂ ਹੀ ਕੀਤੀ ਜਾਂਦੀ ਹੈ। ਹਰੇਕ ਨਵੀਂ ਲੋਕ ਸਭਾ ਆਪਣੀ ਪਹਿਲੀ ਬੈਠਕ ਵਿੱਚ ਆਪਣੇ ਵਿੱਚੋਂ ਹੀ ਇਕ ਮੈਂਬਰ ਨੂੰ ਸਪੀਕਰ ਅਤੇ ਦੂਸਰੇ ਨੂੰ ਡਿਪਟੀ ਸਪੀਕਰ ਦੇ ਰੂਪ ਵਿੱਚ ਚੁਣਦਾ ਹੈ। ਸਪੀਕਰ ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ, ਸਦਨ ਦੀ ਕਾਰਵਾਈ ਚਲਾਉਂਦਾ ਹੈ ਅਤੇ ਸਦਨ ਵਿੱਚ ਅਨੁਸ਼ਾਸਨ ਤੇ ਮਰਿਯਾਦਾ ਸਥਾਪਿਤ ਰੱਖਦਾ ਹੈ। ਸਦਨ ਵਿੱਚ ਉਸ ਦੀ ਸੱਤਾ ਸਰਵਉੱਚ ਹੁੰਦੀ ਹੈ। ਉਹ ਸਦਨ ਵਿੱਚ ਰਾਜਨੀਤਿਕ ਰੂਪ 'ਚ ਨਿਰਪੱਖ ਵਿਅਕਤੀ ਦੇ ਰੂਪ ਵਿੱਚ ਵਿਵਹਾਰ ਕਰਦਾ ਹੈ। ਸਪੀਕਰ ਦੀ ਮੌਜੂਦਗੀ ਵਿੱਚ ਉਸ ਦੇ ਕਰਤਵ ਡਿਪਟੀ ਸਪੀਕਰ ਵੱਲੋਂ ਨਿਭਾਏ ਜਾਂਦੇ ਹਨ। ਸਪੀਕਰ ਅਤੇ ਡਿਪਟੀ ਸਪੀਕਰ ਦੋਵਾਂ ਦੇ ਸੰਸਦ ਵਿੱਚ ਨਾ ਮੌਜੂਦ ਹੋਣ ਦੀ ਸਥਿਤੀ ਵਿੱਚ ਪ੍ਰਧਾਨ ਵਿਅਕਤੀਆਂ ਦੀ ਸੂਚੀ ਵਿੱਚੋਂ ਕੋਈ ਵਿਅਕਤੀ ਬੈਠਕ ਦੀ ਪ੍ਰਧਾਨਗੀ ਕਰਦਾ ਹੈ। 14ਵੀਂ ਲੋਕ ਸਭਾ ਵਿੱਚ ਸ਼੍ਰੀ ਸੋਮਨਾਥ ਚੈਟਰਜੀ ਨੂੰ ਆਪਣਾ ਸਪੀਕਰ ਅਤੇ ਸ਼੍ਰੀ ਸੀ. ਐੱਸ. ਅਟਵਾਲ ਨੂੰ ਉੱਪ-ਸਪੀਕਰ ਚੁਣਿਆ ਜਾਂਦਾ ਹੈ।

**VIII. ਲੋਕ ਸਭਾ ਦੇ ਮੈਂਬਰਾਂ ਦਾ ਵੇਤਨ, ਭੱਤੇ ਅਤੇ ਪੈਨਸ਼ਨ (Salary, Allowances and Pension of Members):** ਲੋਕ ਸਭਾ ਦੇ ਮੈਂਬਰਾਂ ਨੂੰ ਸੰਸਦ ਵੱਲੋਂ ਚੋਣ ਮਹੀਨਾ ਤਨਖਾਹ ਅਤੇ ਭੱਤੇ ਮਿਲਦੇ ਹਨ ਅਤੇ ਜੇਕਰ ਕੋਈ ਮੈਂਬਰ ਘੱਟ ਤੋਂ ਘੱਟ 5 ਸਾਲ ਤੱਕ ਲੋਕ ਸਭਾ ਦਾ ਮੈਂਬਰ ਰਹਿੰਦਾ ਹੈ ਤਾਂ ਉਸ ਨੂੰ ਪੈਨਸ਼ਨ ਵੀ ਮਿਲਦੀ ਹੈ।

**IX. ਵਿਸ਼ੇਸ਼ ਅਧਿਕਾਰ (Special Privileges):** ਲੋਕ ਸਭਾ ਦੇ ਮੈਂਬਰਾਂ ਨੂੰ ਕੁਝ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ। ਉਨ੍ਹਾਂ ਨੂੰ ਸਦਨ ਵਿੱਚ ਆਪਣੇ ਵਿਚਾਰ ਪੇਸ਼ ਕਰਨ ਦੀ ਪੂਰੀ ਸੁਤੰਤਰਤਾ ਹੁੰਦੀ ਹੈ। ਉਨ੍ਹਾਂ ਵੱਲੋਂ ਸਦਨ ਵਿੱਚ ਕਹੀ ਗਈ ਕਿਸੇ ਵੀ ਗੱਲ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਬੈਠਕ ਦੌਰਾਨ ਇਸ ਵਿੱਚ 40 ਦਿਨ ਪਹਿਲਾਂ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਕਿਸੇ ਦੀਵਾਨੀ ਦੋਸ਼ ਅਧੀਨ ਕੈਦੀ ਨਹੀਂ ਬਣਾਇਆ ਜਾ ਸਕਦਾ। ਫੌਜਦਾਰੀ ਮਾਮਲਿਆਂ ਵਿੱਚ ਉਨ੍ਹਾਂ ਨੂੰ ਕੇਵਲ ਤਾਂ ਹੀ ਗ੍ਰਿਫਤਾਰ ਕੀਤਾ ਜਾ ਸਕਦਾ ਹੈ ਜੇਕਰ ਸਪੀਕਰ ਨੂੰ ਇਸ ਸਬੰਧ ਵਿੱਚ ਸੂਚਨਾ ਦਿੱਤੀ ਗਈ ਹੋਵੇ। ਪਾਰਟੀ ਅਨੁਸ਼ਾਸਨ ਕਾਰਨ ਲੋਕ ਸਭਾ ਦੇ ਮੈਂਬਰ ਨੂੰ ਆਪਣੇ ਦਲ ਦੀ ਨੀਤੀ ਦੇ ਅਨੁਸਾਰ ਹੀ ਕੰਮ ਕਰਨਾ ਪੈਂਦਾ ਹੈ। ਆਪਣੇ ਦਲ ਵੱਲੋਂ ਜਾਰੀ ਕੀਤੇ ਗਏ ਵਹਿਪ (Whip) ਦੇ ਅਨੁਸਾਰ ਵੋਟਾਂ ਵਿੱਚ ਭਾਗ ਲੈਣਾ ਪੈਂਦਾ ਹੈ ਨਹੀਂ ਤਾਂ ਉਨ੍ਹਾਂ ਦੇ ਵਿਰੁੱਧ ਅਨੁਸ਼ਾਸਨਿਕ ਕਾਰਵਾਈ ਕੀਤੀ ਜਾ ਸਕਦੀ ਹੈ।

**X. ਵਿਰੋਧੀ ਪੱਖ ਦੇ ਨੇਤਾ ਨੂੰ ਸਰਕਾਰੀ ਮਾਨਤਾ (Official Recognition to the Leader of Opposition):** ਇੰਗਲੈਂਡ ਵਿੱਚ ਵਿਰੋਧੀ ਪੱਖ ਦੇ ਨੇਤਾ ਨੂੰ ਵਿਸ਼ੇਸ਼ ਸਰਕਾਰੀ ਮਾਨਤਾ ਪ੍ਰਾਪਤ ਹੁੰਦੀ ਹੈ। ਭਾਰਤ ਵਿੱਚ ਵੀ ਬ੍ਰਿਟੇਨ ਦੇ ਬਰਾਬਰ 18 ਅਗਸਤ 1977 ਨੂੰ ਸੰਸਦ ਨਾਲ ਸਬੰਧਿਤ ਕਾਨੂੰਨ ਪਾਸ ਕੀਤਾ ਗਿਆ ਅਤੇ ਇਸ ਦੇ ਅਨੁਸਾਰ ਸਦਨ ਵਿੱਚ ਵਿਰੋਧੀ ਦਲ ਦੇ ਨੇਤਾ ਨੂੰ ਸਰਕਾਰੀ ਮਾਨਤਾ ਦਿੱਤੀ ਜਾਣ ਦੀ ਵਿਵਸਥਾ ਕੀਤੀ ਗਈ। ਵਿਰੋਧੀ ਦਲ ਦੇ ਨੇਤਾ ਨੂੰ ਉਹ ਸਾਰੀਆਂ ਸੁਵਿਧਾਵਾਂ ਉਪਲੱਬਧ ਹੁੰਦੀਆਂ ਹਨ ਜੋ ਕੈਬਨਿਟ ਦੇ ਮੰਤਰੀਆਂ ਨੂੰ ਪ੍ਰਾਪਤ ਹੁੰਦੀਆਂ ਹਨ। ਬੀ. ਜੇ. ਪੀ. ਨੇਤਾ ਸ਼੍ਰੀ ਅਟਲ ਬਿਹਾਰੀ ਵਾਜਪਾਈ 11ਵੀਂ ਲੋਕ ਸਭਾ ਵਿੱਚ ਵਿਰੋਧੀ ਪੱਖ ਦੇ ਸਰਕਾਰੀ ਮਾਨਤਾ ਪ੍ਰਾਪਤ ਨੇਤਾ ਸਨ ਅਤੇ 12ਵੀਂ ਲੋਕ ਸਭਾ ਵਿੱਚ ਕਾਂਗਰਸ (ਆਈ) ਦੇ ਸ਼੍ਰੀ

ਸ਼ਰਦ ਪਵਾਰ ਨੂੰ ਵਿਰੋਧੀ ਪੱਖ ਦੇ ਨੇਤਾ ਦੇ ਰੂਪ ਵਿੱਚ ਮਾਨਤਾ ਮਿਲੀ। 14ਵੀਂ ਲੋਕ ਸਭਾ ਵਿੱਚ ਭਾਜਪਾ ਦੇ ਸੰਸਦ ਅਤੇ ਨੇਤਾ ਸ਼੍ਰੀ ਐੱਲ. ਕੇ. ਅਡਵਾਨੀ ਵਿਰੋਧੀ ਦਲ ਦੇ ਨੇਤਾ ਦੇ ਅਹੁਦੇ 'ਤੇ ਬਿਰਾਜਮਾਨ ਹੋ ਕੇ ਉਭਰੇ। 15ਵੀਂ ਲੋਕ ਸਭਾ ਵਿੱਚ ਵੀ ਯੂ. ਪੀ. ਏ ਦਾ ਵਰਚਸਵ ਰਿਹਾ।

**(Table 6.3)**

**15ਵੀਂ ਲੋਕ ਸਭਾ ਆਮ ਚੋਣਾਂ 2009 ਖੇਤਰਵਾਰ ਨਤੀਜਾ**

| ਰਾਜ ਅਤੇ ਸੀਟਾਂ | ਰਾਜਨੀਤਿਕ ਦਲ | ਜਿੱਤੀਆਂ ਗਈਆਂ ਸੀਟਾਂ ਦੀ ਸੰਖਿਆ |
|---|---|---|
| **Andhra Pradesh (42)** | **Indian National Congress** | **33** |
| | Telugu Desam Party | 6 |
| | Telangana Rashtra Samithi | 2 |
| | All India Majlis-e-Ittehadul | 1 |
| | Muslimeen | |
| **Arunachal Pradesh (2)** | **Indian National Congress** | **2** |
| | Indian National Congress | 7 |
| | Bharatiya Janta Party | 4 |
| **Assam (14)** | Assam United Democratic Front | 1 |
| | Asom Gana Parishad | 1 |
| | Bodaland Peoples Front | 1 |
| | **Janta Dal (United)** | **20** |
| | Bharatiya Janta Party | 12 |
| **Bihar (40)** | Rashtriya Janta Dal | 4 |
| | Indian National Congress | 2 |
| | Independent | 2 |
| **Chhattisgarh (11)** | **Bharatiya Janta Party** | **10** |
| | Indian National Congress | 1 |
| **Goa (2)** | **Bharatiya Janta Party** | **1** |
| | Indian National Congress | 1 |
| **Gujarat (26)** | **Bharatiya Janta Party** | **15** |
| | Indian National Congress | 11 |
| **Haryana (10)** | **Indian National Congress** | **9** |
| | Haryana Janhit Congress | 1 |
| **Himachal Pradesh (4)** | **Bharatiya Janta Party** | **3** |
| | Indian National Congress | 1 |
| **Jammu and Kashmir (6)** | **Jammu and Kashmir National Conference** | **3** |
| | Indian National Congress | 2 |
| | Independent | 1 |

ਨੋਟ

| | | |
|---|---|---|
| **Jharkhand (14)** | **Bharatiya Janta Party** | **8** |
| | Jharkhand Mukti Morcha | 2 |
| | Indian National Congress | 1 |
| | Jharkhand Vikas Morcha (Prajatantrik) | 1 |
| | Independent | 2 |
| **Karnataka (28)** | **Bharatiya Janta Party** | **19** |
| | Indian National Congress | 6 |
| | Janata Dal (Secular) | 3 |
| **Kerala (20)** | **Indian National Congress** | **13** |
| | Left Democratic Front | 4 |
| | Indian Union Muslim League | 2 |
| | Kerala Congress (Mani) | 1 |
| **Madhya Pradesh (29)** | **Bharatiya Janta Party** | **16** |
| | Indian National Congress | 12 |
| | Bhaujan Samaj Party | 1 |
| **Maharashta (48)** | **Indian National Congress** | **17** |
| | Shiv Sena | 11 |
| | Bharatiya Janta Party | 9 |
| | Nationalist Congress Party | 8 |
| | Bahujan Vikas Aaghadi | 1 |
| | Swabhimani Praksha | 1 |
| | Independent | 1 |
| **Manipur (2)** | **Indian National Congress** | **2** |
| **Meghalaya (2)** | **Indian National Congress** | **1** |
| | Nationalist Congress Party | 1 |
| **Mizoram (1)** | **Indian National Congress** | **1** |
| **Nagaland (1)** | **Nagaland Peoples Fornt** | **1** |
| **Orissa (21)** | **Biju Janta Dal** | **14** |
| | Indian National Congress | 6 |
| | Communist Party of India | 1 |
| **Punjab (13)** | **Indian National Congress** | **8** |
| | Shiromani Akali Dal | 4 |
| | Bharatiya Janata Party | 1 |
| **Rajasthan (25)** | **Indian National Congress** | **20** |
| | Bharatiya Janta Party | 4 |
| | Independent | 1 |
| **Sikkim (1)** | **Sikkim Democratic Front** | **1** |
| | **Dravida Munnetra Kazhagam** | **18** |
| | All India Anna Dravida | 9 |
| | Munnetra Kazhagam | |
| | Indian National Congress | 8 |

ਨੋਟ

| | | |
|---|---|---|
| **Tamil Nadu (39)** | Communist Party of India | 1 |
| | Communist Party of India (Marxist) | 1 |
| | Marumalarchi Dravida | 1 |
| | Munnetra Kazhagam | |
| | Viduthalai Chiruthaigal Katchi | 1 |
| **Tripura (2)** | **Communist Party of India (Marxist)** | **2** |
| **Uttra Pradesh (80)** | **Samajwadi Party** | **23** |
| | Indian National Congress | 21 |
| | Bahujan Samaj Party | 20 |
| | Bharatiya Janta Party | 10 |
| | Rashtriya Lok Dal | 5 |
| | Independent | 1 |
| **Uttarakhand (5)** | **Indian National Congress** | 5 |
| **West Bengal (42)** | **All India Trinamool Congress** | **19** |
| | Left Front | 15 |
| | Indian National Congress | 6 |
| | Bharatiya Janta Party | 1 |
| | Socialist Unity Centre of India | 1 |
| **Territory (# of seats)** | **Party** | **Seats Won** |
| **Andaman and Nicobar Island (1)** | **Bharatiya Janta Party** | **1** |
| **Chandigarh (1)** | **Indian National Congress** | **1** |
| **Daman and Diu (1)** | **Bharatiya Janta Party** | **1** |
| **Delhi (7)** | **Indian National Congress** | **7** |
| **Lakshadweep (1)** | **Indian National Congress** | **1** |
| **Puducherry (1)** | **Indian National Congress** | **1** |

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

10. ਲੋਕ ਸਭਾ ਸੰਸਦ ਦਾ .............ਸਦਨ ਹੈ।
11. ਵਰਤਮਾਨ ਸਮੇਂ ਵਿੱਚ ਲੋਕ ਸਭਾ ਦੇ ਮੈਂਬਰਾਂ ਦੀ ਸੰਖਿਆ ..........ਹੈ।
12. ਲੋਕ ਸਭਾ ਦੇ ਮੈਂਬਰਾਂ ਦੀ ਚੋਣ ..........ਪ੍ਰਣਾਲੀ ਵੱਲੋਂ ਹੁੰਦੀ ਹੈ।
13. ਲੋਕ ਸਭਾ ਦਾ ਮੈਂਬਰ ਬਣਨ ਲਈ ਨਿਊਨਤਮ ਉਮਰ ਹੱਦ ............ਹੈ।

## 6.6 ਲੋਕ ਸਭਾ ਦੀਆਂ ਸ਼ਕਤੀਆਂ ਅਤੇ ਕੰਮ (Powers and Functions of Lok Sabha)

ਲੋਕ ਸਭਾ ਦੀਆਂ ਸ਼ਕਤੀਆਂ ਅਤੇ ਕੰਮਾਂ ਨੂੰ ਹੇਠ ਲਿਖੇ ਸਿਰਲੇਖਾਂ ਅਧੀਨ ਵਰਨਣ ਕੀਤਾ ਜਾ ਸਕਦਾ ਹੈ:

1. **ਵਿਧਾਨਿਕ ਸ਼ਕਤੀਆਂ** (Legislative Powers) : ਇਕ ਸਧਾਰਣ ਬਿੱਲ ਕੇਵਲ ਤਾਂ ਹੀ ਕਾਨੂੰਨ ਬਣ ਸਕਦਾ ਹੈ, ਜੇਕਰ ਉਸ ਨੂੰ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਪਾਸ ਕੀਤਾ ਗਿਆ ਹੋਵੇ। ਇਸ ਨੂੰ ਲੋਕ ਸਭਾ ਜਾਂ ਰਾਜ ਸਭਾ ਕਿਸੇ ਵਿੱਚ ਵੀ ਪੇਸ਼ ਕੀਤਾ ਜਾ ਸਕਦਾ ਹੈ। ਜਦ ਇਹ ਇਕ ਸਦਨ ਵੱਲੋਂ ਪਾਸ ਹੋ ਜਾਂਦਾ ਹੈ ਤਾਂ ਇਸ ਨੂੰ ਦੂਸਰੇ ਸਦਨ ਵਿੱਚ ਭੇਜ ਦਿੱਤਾ ਜਾਂਦਾ ਹੈ। ਦੋਵਾਂ ਸਦਨਾਂ

**ਨੋਟ**

ਵੱਲੋਂ ਪਾਸ ਕੀਤੇ ਜਾਣ ਤੋਂ ਬਾਅਦ ਰਾਸ਼ਟਰਪਤੀ ਦੇ ਹਸਤਾਖਰ ਨਾਲ ਇਹ ਕਾਨੂੰਨ ਬਣ ਜਾਂਦਾ ਹੈ। ਚਾਹੇ ਸਧਾਰਣ ਬਿੱਲ ਸੰਸਦ ਦੇ ਦੋਵਾਂ ਵਿੱਚੋਂ ਕਿਸੇ ਸਦਨ ਵਿੱਚ ਵੀ ਪੇਸ਼ ਕੀਤੇ ਜਾ ਸਕਦੇ ਹਨ ਪਰ ਲੱਗਭਗ 90% ਬਿੱਲ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾਂਦੇ ਹਨ। ਪਹਿਲਾਂ ਲੋਕ ਸਭਾ ਇਨ੍ਹਾਂ ਨੂੰ ਪਾਸ ਕਰਦੀ ਹੈ ਅਤੇ ਬਾਅਦ ਵਿੱਚ ਰਾਜ ਸਭਾ। ਜੇਕਰ ਰਾਜ ਸਭਾ ਅਜਿਹੇ ਕਿਸੇ ਬਿੱਲ ਨੂੰ ਰੱਦ ਕਰ ਦਿੰਦੀ ਹੈ ਤਾਂ ਸੋਧ ਸਹਿਤ ਲੋਕ ਸਭਾ ਕੋਲ ਵਾਪਸ ਭੇਜ ਦਿੰਦੀ ਹੈ ਤਾਂ ਲੋਕ ਸਭਾ ਦੁਬਾਰਾ ਬਿੱਲ 'ਤੇ ਵਿਚਾਰ ਕਰਦੀ ਹੈ। ਜੇਕਰ ਕੋਈ ਬਿੱਲ ਲੋਕ ਸਭਾ ਵੱਲੋਂ ਦੁਬਾਰਾ ਪਾਸ ਕਰ ਦਿੱਤਾ ਜਾਵੇ ਪਰ ਰਾਜ ਸਭਾ ਅਜੇ ਵੀ ਇਸ ਨੂੰ ਪਾਸ ਕਰਨ ਲਈ ਤਿਆਰ ਨਾ ਹੋਵੇ ਤਾਂ ਗਤੀਰੋਧ (deadlock) ਪੈਦਾ ਹੋ ਜਾਂਦਾ ਹੈ। ਜੇਕਰ ਅਜਿਹੇ ਗਤੀਰੋਧ ਦਾ ਛੇ ਮਹੀਨੇ ਤੱਕ ਹੱਲ ਨਾ ਹੋ ਸਕੇ ਤਾਂ ਰਾਸ਼ਟਰਪਤੀ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਬੁਲਾਉਂਦਾ ਹੈ ਅਤੇ ਅਜਿਹੀ ਬੈਠਕ ਵਿੱਚ ਜੋ ਫੈਸਲਾ ਹੋ ਜਾਂਦਾ ਹੈ, ਉਸ ਅਨੁਸਾਰ ਬਿੱਲ ਦੇ ਭਾਗ ਦਾ ਫੈਸਲਾ ਹੋ ਜਾਂਦਾ ਹੈ। ਦੋਵਾਂ ਦੇ ਸਾਂਝੇ ਅਧਿਵੇਸ਼ਨ ਦੇ ਢੰਗ ਨਾਲ ਵਿਰੋਧ ਦੂਰ ਕਰਨ ਦਾ ਢੰਗ ਲੋਕ ਸਭਾ ਦੇ ਪੱਖ ਵਿੱਚ ਰਹਿੰਦਾ ਹੈ, ਕਿਉਂਕਿ ਲੋਕ ਸਭਾ ਦੇ ਮੈਂਬਰਾਂ ਦੀ ਸੰਖਿਆ ਰਾਜ ਸਭਾ ਦੇ ਮੈਂਬਰਾਂ ਦੀ ਸੰਖਿਆ ਤੋਂ ਵਧੇਰੇ ਲੱਗਭਗ ਦੁੱਗਣੀ ਹੁੰਦੀ ਹੈ ਅਤੇ ਸਾਂਝੇ ਅਧਿਵੇਸ਼ਨ ਵਿੱਚ, ਲੋਕ ਸਭਾ, ਵਧੇਰੇ ਮੈਂਬਰਾਂ ਕਾਰਨ ਹਾਵੀ ਹੀ ਰਹਿੰਦੀ ਹੈ। ਦੋਵਾਂ ਸਦਨਾਂ ਦੀ ਸਾਂਝੀ ਬੈਠਕ ਦੀ ਪ੍ਰਧਾਨਗੀ ਲੋਕ ਸਭਾ ਦਾ ਸਪੀਕਰ ਕਰਦਾ ਹੈ। ਇਸ ਲਈ ਸਧਾਰਣ ਕਾਨੂੰਨ ਬਣਾਉਣ ਦੇ ਸਬੰਧ ਵਿੱਚ ਵੀ ਲੋਕ ਸਭਾ ਦੀ ਸਥਿਤੀ ਚੰਗੀ ਅਤੇ ਸ਼ਕਤੀਸ਼ਾਲੀ ਹੁੰਦੀ ਹੈ।

2. **ਕਾਰਜਕਾਰੀ ਸ਼ਕਤੀਆਂ** (Executive Powers) : ਭਾਰਤੀ ਸੰਵਿਧਾਨ ਦੇ ਅਨੁਛੇਦ 75 (3) ਦੇ ਅਨੁਸਾਰ, "ਮੰਤਰੀ ਪ੍ਰੀਸ਼ਦ ਸਮੂਹਿਕ ਰੂਪ ਵਿੱਚ ਲੋਕ ਸਭਾ ਪ੍ਰਤੀ ਜ਼ਿੰਮੇਵਾਰ ਹੈ।" (Council of Ministers shall be collectively responsible to the house of the people) : ਮੰਤਰੀ ਪ੍ਰੀਸ਼ਦ ਆਪਣੀ ਹਰੇਕ ਤਰੁਟੀ, ਉਮੀਦ ਅਤੇ ਉਲੰਘਣਾ ਦੇ ਸਾਰੇ ਕੰਮਾਂ ਲਈ ਲੋਕ ਸਭਾ ਪ੍ਰਤੀ ਜ਼ਿੰਮੇਵਾਰ ਹੁੰਦੀ ਹੈ। ਮੰਤਰੀ ਉਦੋਂ ਤੱਕ ਆਪਣੇ ਅਹੁਦੇ 'ਤੇ ਰਹਿ ਸਕਦੇ ਹਨ, ਜਦ ਤੱਕ ਕਿ ਉਨ੍ਹਾਂ ਨੂੰ ਲੋਕ ਸਭਾ ਵਿੱਚ ਬਹੁਮਤ ਦਾ ਭਰੋਸਾ ਰਹਿੰਦਾ ਹੈ। ਪ੍ਰਧਾਨ ਮੰਤਰੀ ਸਧਾਰਣ ਰੂਪ ਵਿੱਚ ਲੋਕ ਸਭਾ ਦਾ ਹੀ ਮੈਂਬਰ ਹੁੰਦਾ ਹੈ ਪਰ ਹੁਣ ਇਹ ਜ਼ਰੂਰੀ ਨਹੀਂ। ਲੋਕ ਸਭਾ ਕਦੇ ਵੀ ਮੰਤਰੀਆਂ ਦੇ ਵਿਰੁੱਧ ਬੇਭਰੋਸਗੀ ਪ੍ਰਸਤਾਵ ਪਾਸ ਕਰਕੇ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਸਕਦੀ ਹੈ। ਇਸ ਤਰ੍ਹਾਂ ਮੰਤਰੀ ਪ੍ਰੀਸ਼ਦ ਦੇ ਜੀਣ ਅਤੇ ਮੌਤ ਦਾ ਫੈਸਲਾ ਲੋਕ ਸਭਾ ਦੇ ਹੱਥ ਵਿੱਚ ਹੁੰਦਾ ਹੈ। ਲੋਕ ਸਭਾ ਕਈ ਢੰਗਾਂ ਨਾਲ ਮੰਤਰੀ ਪ੍ਰੀਸ਼ਦ ਨੂੰ ਆਪਣੇ ਪ੍ਰਤੀ ਜ਼ਿੰਮੇਵਾਰ ਬਣਾਉਂਦੀ ਹੈ, ਜਿਵੇਂ ਕਿ ਪ੍ਰਸ਼ਾਸਨ ਦੇ ਸਾਰੇ ਮਾਮਲਿਆਂ ਨਾਲ ਸਬੰਧਿਤ ਸਵਾਲ ਪੁੱਛ ਕੇ, ਉਨ੍ਹਾਂ ਵੱਲੋਂ ਅਪਣਾਈਆਂ ਗਈਆਂ ਨੀਤੀਆਂ ਦੀ ਆਲੋਚਨਾ ਕਰਕੇ, ਕਟੌਤੀ ਪ੍ਰਸਤਾਵ, ਨਿੰਦਾ ਪ੍ਰਸਤਾਵ ਅਤੇ ਬੇਭਰੋਸਗੀ ਮਤਾ ਪਾਸ ਕਰਕੇ ਅਤੇ ਸਰਕਾਰ ਦੇ ਸਧਾਰਣ ਬਿੱਲ ਤੇ ਧਰਮ ਨਾਲ ਸਬੰਧਿਤ ਬਿੱਲ ਰੱਦ ਕਰਕੇ। ਜੇਕਰ ਲੋਕ ਸਭਾ *(i)* ਕੈਬਨਿਟ ਦੀ ਕਿਸੇ ਨੀਤੀ ਜਾਂ ਫੈਸਲੇ ਨੂੰ ਰੱਦ ਕਰ ਦੇਵੇ ਜਾਂ ਸਰਕਾਰ ਦਾ ਕੋਈ ਬਜਟ ਜਾਂ ਬਿੱਲ ਸਵੀਕਾਰ ਨਾ ਕਰੇ ਜਾਂ *(ii)* ਪ੍ਰਧਾਨ ਮੰਤਰੀ ਉਹ ਬੇਭਰੋਸਗੀ ਦਾ ਵੋਟ ਕਰ ਦੇਵੇ ਤਾਂ ਉਸ ਨੂੰ ਸਾਰੇ ਮੰਤਰੀ ਪ੍ਰੀਸ਼ਦ ਵਿਰੁੱਧ ਬੇਭਰੋਸਗੀ ਦਾ ਪ੍ਰਸਤਾਵ ਮੰਨ ਲਿਆ ਜਾਂਦਾ ਹੈ ਅਤੇ ਸਾਰੇ ਮੰਤਰੀ ਪ੍ਰੀਸ਼ਦ ਨੂੰ ਹੀ ਤਿਆਗ ਪੱਤਰ ਦੇਣਾ ਪੈਂਦਾ ਹੈ। 12 ਅਪ੍ਰੈਲ 1997 ਨੂੰ ਪ੍ਰਧਾਨ ਮੰਤਰੀ ਐੱਚ. ਡੀ. ਦੇਵਗੌੜਾ ਵੱਲੋਂ ਪੇਸ਼ ਕੀਤੇ ਗਏ ਵਿਸ਼ਵਾਸ ਦੇ ਪ੍ਰਸਤਾਵ ਨੂੰ ਲੋਕ ਸਭਾ ਦਾ ਸਮਰਥਨ ਨਾ ਮਿਲਣ 'ਤੇ ਜੂਨ 1996 ਵਿੱਚ ਬਣੀ ਸਾਂਝੇ ਮੋਰਚੇ ਦੀ ਪਹਿਲੀ ਸਰਕਾਰ ਡਿੱਗ ਗਈ ਸੀ। ਅਪ੍ਰੈਲ 1999 ਵਿੱਚ ਬੀ. ਜੇ. ਪੀ. ਗਠਬੰਧਨ ਸਰਕਾਰ ਵੀ ਲੋਕ ਸਭਾ ਵਿੱਚੋਂ ਇਕ ਵਿਸ਼ਵਾਸ ਦਾ ਪ੍ਰਸਤਾਵ ਪ੍ਰਾਪਤ ਕਰਨ ਵਿੱਚ ਅਸਫਲ ਰਹੀ ਅਤੇ 17 ਅਪ੍ਰੈਲ 1999 ਨੂੰ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੇ ਆਪਣੀ ਸਰਕਾਰ ਦਾ ਤਿਆਗ ਪੱਤਰ ਰਾਸ਼ਟਰਪਤੀ ਨੂੰ ਪੇਸ਼ ਕਰ ਦਿੱਤਾ। ਇਸ ਤਰ੍ਹਾਂ ਲੋਕ ਸਭਾ ਕੋਲ ਸਰਕਾਰ ਨੂੰ ਅਹੁਦੇ ਤੋਂ ਹਟਾਉਣ ਦੀ ਸ਼ਕਤੀ ਹੁੰਦੀ ਹੈ।

3. **ਵਿੱਤੀ ਸ਼ਕਤੀਆਂ** (Financial Powers) : ਵਿੱਤੀ ਮਾਮਲਿਆਂ ਦੇ ਸਬੰਧ ਵਿੱਚ ਲੋਕ ਸਭਾ ਨੂੰ ਉੱਤਮ ਸਥਿਤੀ ਪ੍ਰਾਪਤ ਹੈ, ਕਿਉਂਕਿ ਵਿੱਤ ਨਾਲ ਸਬੰਧਿਤ ਸਾਰੇ ਬਿੱਲ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾਂਦੇ ਹਨ। ਲੋਕ ਸਭਾ ਵੱਲੋਂ ਪਾਸ ਕੀਤੇ ਜਾਣ 'ਤੇ ਅਜਿਹੇ ਬਿੱਲ ਰਾਜ ਸਭਾ ਵਿੱਚ ਭੇਜੇ ਜਾਂਦੇ ਹਨ। ਲੋਕ ਸਭਾ ਵੱਲੋਂ ਪਾਸ ਕੀਤਾ ਗਿਆ ਕੋਈ ਵਿੱਤੀ ਬਿੱਲ ਰਾਜ ਸਭਾ ਵੱਲੋਂ ਜ਼ਿਆਦਾ ਤੋਂ ਜ਼ਿਆਦਾ 14 ਦਿਨ ਦੇ ਸਮੇਂ ਲਈ ਹੀ ਰੋਕਿਆ ਜਾ ਸਕਦਾ ਹੈ। ਜੇਕਰ ਰਾਜ ਸਭਾ ਕਿਸੇ ਵਿੱਤੀ ਬਿੱਲ ਨੂੰ ਪਾਸ ਕਰਨ ਵਿੱਚ ਅਸਮਰੱਥ ਰਹਿੰਦਾ ਹੈ ਜਾਂ ਰਾਜ ਸਭਾ ਵਿੱਚ ਵਿੱਤੀ ਬਿੱਲ ਭੇਜੇ ਜਾਣ ਦੀ ਮਿਤੀ 17 ਦਿਨ ਬੀਤ ਜਾਵੇ ਤਾਂ ਮੰਨ ਲਿਆ ਜਾਂਦਾ ਹੈ ਕਿ ਇਸ ਨੂੰ ਸੰਸਦ ਦੇ ਦੋਵਾਂ ਸਦਨਾਂ ਨੇ ਪਾਸ ਕਰ ਦਿੱਤਾ ਹੈ ਅਤੇ ਇਸ ਨੂੰ ਮਨਜ਼ੂਰੀ ਲਈ ਰਾਸ਼ਟਰਪਤੀ ਕੋਲ ਭੇਜ ਦਿੱਤਾ ਜਾਂਦਾ ਹੈ। ਕੋਈ ਵਿਸ਼ੇਸ਼ ਬਿੱਲ ਵਿੱਤੀ ਬਿੱਲ ਹੈ ਜਾਂ ਨਹੀਂ, ਇਸ ਦਾ ਫੈਸਲਾ ਲੋਕ ਸਭਾ ਦਾ ਸਪੀਕਰ ਕਰਦਾ ਹੈ। ਉਸ ਦਾ ਫੈਸਲਾ ਆਖਰੀ ਹੁੰਦੀ ਹੈ ਅਤੇ ਇਸ ਨੂੰ ਲੋਕ ਸਭਾ ਕੋਲ ਕਰ ਲਗਾਉਣ ਜਾਂ ਕੋਈ ਕਰ ਪ੍ਰਾਪਤ ਕਰਨ ਜਾਂ ਰਾਸ਼ਟਰ ਦੀਆਂ ਵਿੱਤੀ ਨੀਤੀਆਂ 'ਤੇ ਕੰਟਰੋਲ ਕਰਨ ਨਾਲ ਸਬੰਧਿਤ ਮਾਮਲਿਆਂ 'ਤੇ ਆਖਰੀ ਅਧਿਕਾਰ ਹੁੰਦਾ ਹੈ। ਲੋਕ ਸਭਾ ਰਾਸ਼ਟਰ ਦੇ ਵਿੱਤ ਦੀ ਅਸਲੀ ਮਾਲਕ ਅਤੇ ਰੱਖਿਅਕ ਹੁੰਦੀ ਹੈ।

4. **ਨਿਆਇਕ ਸ਼ਕਤੀਆਂ** (Judicial Powers) – ਲੋਕ ਸਭਾ ਕਈ ਨਿਆਇਕ ਸ਼ਕਤੀਆਂ ਵੀ ਬਣਾਉਂਦੀ ਹੈ। ਰਾਸ਼ਟਰਪਤੀ ਵਿਰੁੱਧ ਦੋਸ਼ ਲਗਾਉਣ ਦੀ ਕਾਰਵਾਈ ਸੰਸਦ ਦੇ ਬਹੁਮਤ ਨਾਲ ਪ੍ਰਸਤਾਵ ਪਾਸ ਕਰਕੇ ਰਾਸ਼ਟਰਪਤੀ ਨੂੰ ਉਸ ਦੇ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਇਸ ਨਾਲ ਭਾਰਤ ਦੇ ਉੱਪ ਰਾਸ਼ਟਰਪਤੀ ਵਿਰੁੱਧ ਰਾਜ ਸਭਾ ਵੱਲੋਂ ਲਗਾਏ ਗਏ ਦੋਸ਼ਾਂ ਦੀ ਵੀ ਜਾਂਚ ਕੀਤੀ ਜਾਂਦੀ ਹੈ। ਇਹ ਰਾਜ ਸਭਾ ਦੇ ਮੈਂਬਰਾਂ ਨਾਲ ਮਿਲ ਕੇ ਸਰਵਉੱਚ ਅਦਾਲਤ ਜਾਂ ਕਿਸੇ ਰਾਜ ਦੇ ਉੱਚ ਅਦਾਲਤ ਦੇ ਕਿਸੇ ਜੱਜ ਨੂੰ ਹਟਾਉਣ

ਦਾ ਪ੍ਰਸਤਾਵ ਵੀ ਪਾਸ ਕਰ ਸਕਦੀ ਹੈ। ਇਹ ਸੰਯੁਕਤ ਰੂਪ ਵਿੱਚ ਰਾਸ਼ਟਰਪਤੀ ਨੂੰ ਵਿਸ਼ੇਸ਼ ਪ੍ਰਸਤਾਵ ਨਾਲ ਰਾਜ ਦੇ ਕੁਝ ਵਿਸ਼ੇਸ਼ ਉੱਚ ਅਧਿਕਾਰੀਆਂ ਵਰਗਾ ਹੀ ਅਟਾਰਨੀ ਜਨਰਲ, ਮੁੱਖ ਚੋਣ ਆਯੋਗ, ਭਾਰਤੀ-ਕਮ-ਪੈਟਰੋਲਰ ਅਤੇ ਆਡੀਟਰ ਜਨਰਲ ਨੂੰ ਹਟਾਉਣ ਲਈ ਵੀ ਪ੍ਰਸਤਾਵ ਪਾਸ ਕਰ ਸਕਦੀ ਹੈ। ਇਹ ਕਿਸੇ ਮੈਂਬਰ ਜਾਂ ਕਿਸੇ ਵਿਅਕਤੀ ਵਿਰੁੱਧ ਅਨੁਸ਼ਾਸਨਿਕ ਕਾਰਵਾਈ ਕਰ ਸਕਦੀ ਹੈ ਜੋ ਸਦਨ ਦੀ ਮਾਨ-ਹਾਨੀ ਕਰਨ ਦਾ ਦੋਸ਼ੀ ਹੋਵੇ।

5. **ਚੋਣ ਕੰਮ** (Electoral Functions) - ਲੋਕ ਸਭਾ ਕੁਝ ਚੋਣ ਕੰਮ ਵੀ ਨਿਪਟਾਉਂਦੀ ਹੈ। ਲੋਕ ਸਭਾ ਰਾਸ਼ਟਰਪਤੀ ਦੀ ਚੋਣ ਵਿੱਚ ਭਾਗ ਲੈਂਦੇ ਹਨ। ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਭਾਰਤ ਦੇ ਉੱਪ ਰਾਸ਼ਟਰਪਤੀ ਦੀ ਚੋਣ ਕਰਦੇ ਹਨ। ਲੋਕ ਸਭਾ ਦੇ ਮੈਂਬਰ ਆਪਣੇ ਵਿੱਚੋਂ ਹੀ ਦੋ ਮੈਂਬਰਾਂ ਨੂੰ ਸਪੀਕਰ ਅਤੇ ਉੱਪ ਸਪੀਕਰ ਦੀ ਚੋਣ ਵੀ ਕਰਦੇ ਹਨ।

6. **ਸੋਧ ਸ਼ਕਤੀਆਂ** (Amendment Powers) - ਸੰਵਿਧਾਨ ਵਿੱਚ ਸੋਧ ਬਿੱਲ ਕਿਸੇ ਵੀ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ ਪਰ ਇਸ ਨੂੰ ਉਦੋਂ ਹੀ ਪਾਸ ਸਮਝਿਆ ਜਾਂਦਾ ਹੈ, ਜਦ ਦੋਵੇਂ ਸਦਨ ਇਸ ਨੂੰ ਬਰਾਬਰ ਰੂਪ ਵਿੱਚ ਅਤੇ ਸੰਵਿਧਾਨ ਦੇ ਅਨੁਛੇਦ 368 ਦੀਆਂ ਵਿਵਸਥਾਵਾਂ ਅਨੁਸਾਰ ਪਾਸ ਕਰ ਦਿੰਦੇ ਹਨ। ਲੋਕ ਸਭਾ ਅਤੇ ਰਾਜ ਸਭਾ ਦੋਵੇਂ ਹੀ ਇਕ ਬਰਾਬਰ ਸੰਵਿਧਾਨ ਸੋਧਾਂ ਦੀਆਂ ਸ਼ਕਤੀਆਂ ਦਾ ਇਸਤੇਮਾਲ ਕਰਦੇ ਹਨ।

7. **ਸੰਕਟਕਾਲ ਦੀ ਸਥਿਤੀ ਦੀ ਘੋਸ਼ਣਾ ਦੀ ਮਨਜ਼ੂਰੀ** (Approval of the declaration of Emergency)-ਭਾਰਤੀ ਸੰਵਿਧਾਨ ਅਨੁਸਾਰ ਰਾਸ਼ਟਰਪਤੀ ਤਿੰਨ ਤਰ੍ਹਾਂ ਦੀ ਸੰਕਟਕਾਲ ਸਥਿਤੀ ਦੀ ਘੋਸ਼ਣਾ ਕਰ ਸਕਦਾ ਹੈ-ਰਾਸ਼ਟਰੀ ਸੰਕਟਕਾਲ ਸਥਿਤੀ (ਅਨੁਛੇਦ 352), ਰਾਜ-ਰਾਜਾਂ ਵਿੱਚ ਸੰਵਿਧਾਨਿਕ ਸੰਕਟਕਾਲ ਸਥਿਤੀ (ਅਨੁਛੇਦ 356) ਅਤੇ ਵਿੱਤੀ ਸੰਕਟਕਾਲ ਸਥਿਤੀ (ਅਨੁਛੇਦ 360)। ਪਰ ਸੰਕਟਕਾਲ ਸਥਿਤੀ ਦੀ ਅਜਿਹੀ ਹਰੇਕ ਘੋਸ਼ਣਾ ਨੂੰ ਕਰਦੇ ਸਮੇਂ ਲੋਕ ਸਭਾ ਅਤੇ ਰਾਜ ਸਭਾ ਦੋਵਾਂ ਦੀ ਮਨਜ਼ੂਰੀ ਪ੍ਰਾਪਤ ਕਰਨੀ ਜ਼ਰੂਰੀ ਹੁੰਦੀ ਹੈ। ਜੇਕਰ ਸੰਕਟਕਾਲ ਸਥਿਤੀ ਦੀ ਘੋਸ਼ਣਾ ਸਮੇਂ ਲੋਕ ਸਭਾ ਭੰਗ ਹੋ ਹੋਵੇ ਤਾਂ ਇਸ ਦੀ ਮਨਜ਼ੂਰੀ ਰਾਜ ਸਭਾ ਕੋਲੋਂ ਕਰਵਾ ਲਈ ਜਾਂਦੀ ਹੈ ਪਰ ਨਵੀਂ ਲੋਕ ਸਭਾ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਸੰਕਟਕਾਲ ਸਥਿਤੀ ਦੀ ਘੋਸ਼ਣਾ ਨੂੰ 30 ਦਿਨਾਂ ਦੇ ਅੰਦਰ-ਅੰਦਰ ਇਸ ਕੋਲੋਂ ਵੀ ਸਵੀਕਾਰ ਕਰਵਾਉਣਾ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਘੋਸ਼ਣਾ ਨੂੰ ਰੱਦ ਸਮਝਿਆ ਜਾਂਦਾ ਹੈ।

8. **ਲੋਕ ਸਭਾ ਦੀਆਂ ਕੁਝ ਹੋਰ ਸ਼ਕਤੀਆਂ** (Some other powers of Lok Sabha) - ਉਪਯੁਕਤ ਸ਼ਕਤੀਆਂ ਰੱਖਣ ਦੇ ਨਾਲ-ਨਾਲ ਲੋਕ ਸਭਾ ਕੁਝ ਹੋਰ ਕੰਮ ਵੀ ਕਰਦੀ ਹੈ : (ਕ) ਰਾਸ਼ਟਰਪਤੀ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਨੂੰ ਸਵੀਕਾਰ ਜਾਂ ਰੱਦ ਕਰਨਾ (ਖ) ਰਾਜਾਂ ਦੀਆਂ ਸੀਮਾਵਾਂ ਵਿੱਚ ਪਰਿਵਰਤਨ ਕਰਨਾ, ਨਵੇਂ ਰਾਜਾਂ ਨੂੰ ਬਣਾਉਣਾ ਅਤੇ ਕਿਸੇ ਰਾਜ ਦਾ ਨਾਮ ਬਦਲ ਦੇਣਾ, (ਗ) ਸਰਵਉੱਚ ਅਦਾਲਤ ਅਤੇ ਉੱਚ ਅਦਾਲਤ ਦੇ ਅਧਿਕਾਰ ਖੇਤਰ ਤਬਦੀਲ ਕਰਨਾ, (ਘ) ਸੰਸਦ ਅਤੇ ਰਾਜ ਵਿਧਾਨ ਪਾਲਿਕਾਵਾਂ ਦੇ ਮੈਂਬਰ ਦੀਆਂ ਯੋਗਤਾਵਾਂ ਵਿੱਚ ਪਰਿਵਰਤਨ ਕਰਨਾ (ਙ) ਸੰਸਦ ਦੇ ਮੈਂਬਰਾਂ ਦੇ ਵੇਤਨ ਅਤੇ ਭੱਤਿਆਂ ਵਿੱਚ ਸੋਧ ਕਰਨਾ ਅਤੇ (ਚ) ਦੋ ਜਾਂ ਦੋ ਤੋਂ ਵਧੇਰੇ ਰਾਜਾਂ ਲਈ ਸੰਯੁਕਤ ਲੋਕ ਸੇਵਾ ਆਯੋਗ ਸਥਾਪਿਤ ਕਰਨਾ। ਇਹ ਰਾਜ ਵਿਧਾਨ ਸਭਾ ਦੇ ਉਪਰਲੇ ਸਦਨ ਨੂੰ ਭੰਗ ਕਰਨ ਜਾਂ ਦੁਬਾਰਾ ਸਥਾਪਿਤ ਕਰਨ ਲਈ ਵੀ ਪ੍ਰਸਤਾਵ ਪਾਸ ਕਰ ਸਕਦੀ ਹੈ।

**ਲੋਕ ਸਭਾ ਦੀ ਸਥਿਤੀ** (Position of the Lok Sabha)- ਲੋਕ ਸਭਾ ਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਅਧਿਐਨ ਕਰਨ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਲੋਕ ਸਭਾ ਜਾਂ ਸੰਸਦ, ਬਹੁਤ ਹੀ ਸ਼ਕਤੀਸ਼ਾਲੀ ਸਦਨ ਹੈ। ਮੰਤਰੀ ਪ੍ਰੀਸ਼ਦ ਲੋਕ ਸਭਾ ਪ੍ਰਤੀ ਜਿੰਮੇਵਾਰ ਹੁੰਦੀ ਹੈ, ਰਾਜ ਸਭਾ ਦੇ ਪ੍ਰਤੀ ਨਹੀਂ। ਮੰਤਰੀ ਪ੍ਰੀਸ਼ਦ ਦੇ ਮੈਂਬਰ ਲੋਕ ਸਭਾ ਦਾ ਰਾਸ਼ਟਰੀ ਦੇ ਵਿੱਤ 'ਤੇ ਪੂਰਾ ਕੰਟਰੋਲ ਹੁੰਦਾ ਹੈ। ਸਧਾਰਣ ਕਾਨੂੰਨ ਬਣਾਉਣ ਦੇ ਮਾਮਲੇ ਵਿੱਚ ਵੀ ਲੋਕ ਸਭਾ ਦੀ ਹੀ ਸਥਿਤੀ ਪ੍ਰਭਾਵਿਤ ਹੈ, ਕਿਉਂਕਿ ਲੱਗਭਗ 90% ਬਿੱਲ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾਂਦੇ ਹਨ ਅਤੇ ਦੋਵਾਂ ਸਦਨਾਂ ਵਿੱਚ ਕਿਸੇ ਝਗੜੇ ਦੇ ਹੱਲ ਸਮੇਂ ਸੰਯੁਕਤ ਬੈਠਕ ਦੀ ਵਿਧੀ ਲੋਕ ਸਭਾ ਦੇ ਹੀ ਪੱਖ ਵਿੱਚ ਹੈ। ਲੋਕ ਸਭਾ ਕਾਰਜ ਪਾਲਿਕਾ 'ਤੇ ਕੰਟਰੋਲ ਰੱਖਦੀ ਹੈ। ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਸਧਾਰਣ ਰੂਪ ਵਿੱਚ ਲੋਕ ਸਭਾ ਵਿੱਚੋਂ ਹੀ ਹੁੰਦਾ ਸੀ। ਲੋਕ ਸਭਾ ਬੇਭਰੋਸਗੀ ਦਾ ਪ੍ਰਸਤਾਵ ਪਾਸ ਕਰਕੇ ਜਾਂ ਸਰਕਾਰ ਦੀ ਨੀਤੀ ਜਾਂ ਕਾਨੂੰਨ ਨੂੰ ਰੱਦ ਕਰਕੇ ਮੰਤਰੀ ਪ੍ਰੀਸ਼ਦ ਨੂੰ ਭੰਗ ਕਰ ਸਕਦੀ ਹੈ।

ਕਿਉਂਕਿ ਲੋਕ ਸਭਾ ਦੀ ਚੋਣ ਪ੍ਰਤੱਖ ਰੂਪ ਵਿੱਚ ਕੀਤੀ ਜਾਂਦੀ ਹੈ। ਇਸ ਲਈ ਇਹ ਰਾਸ਼ਟਰ ਦੀ ਪ੍ਰਤੀਨਿਧਤਾ ਕਰਨ ਵਾਲਾ ਸਦਨ ਹੁੰਦਾ ਹੈ ਅਤੇ ਅਸਲ ਵਿੱਚ ਹੀ ਲੋਕ ਸਭਾ ਭਾਰਤੀ ਜਨਤਾ ਦੀ ਪ੍ਰਭੂਸੱਤਾ ਨੂੰ ਪ੍ਰਗਟ ਕਰਦੀ ਹੈ।

### ਸਵ-ਮੁਲਾਂਕਣ (Self Assesssment)

ਹੇਠ ਲਿਖਿਆਂ ਵਿੱਚੋਂ ਸੱਚ ਅਤੇ ਝੂਠ ਦੱਸੋ (Write True/False in the following statements):

14. ਭਾਰਤੀ ਸੰਵਿਧਾਨ ਅਨੁਸਾਰ 75 (1) ਦੇ ਅਨੁਸਾਰ ਮੰਤਰੀ ਪ੍ਰੀਸ਼ਦ ਸਮੂਹਿਕ ਰੂਪ ਵਿੱਚ ਲੋਕ ਸਭਾ ਪ੍ਰਤੀ ਜ਼ਿੰਮੇਵਾਰ ਹੈ।
15. ਲੱਗਭਗ 90% ਬਿੱਲ ਰਾਜ ਸਭਾ ਵਿੱਚ ਹੀ ਪੇਸ਼ ਕੀਤੇ ਜਾਂਦੇ ਹਨ।

ਨੋਟ

## 6.7 ਲੋਕ ਸਭਾ ਦਾ ਸਪੀਕਰ (Speaker of the Lok Sabha)

ਲੋਕ ਸਭਾ ਵਿੱਚ ਸਪੀਕਰ ਬਹੁਤ ਸ਼ਕਤੀਸ਼ਾਲੀ ਵਿਅਕਤੀ ਹੁੰਦਾ ਹੈ, ਉਹ ਸਦਨ ਅੰਦਰ ਸਰਵਉੱਚ ਸੱਤਾਧਾਰੀ ਹੁੰਦਾ ਹੈ। ਦੇਸ਼ ਦੇ ਸਰਵਉੱਚ ਵਿਅਕਤੀਆਂ ਵਿੱਚ ਉਸ ਦਾ ਸਤਵਾਂ ਸਥਾਨ ਹੈ ਅਤੇ ਉਸ ਨੂੰ ਭਾਰਤ ਦੇ ਮੁੱਖ ਜੱਜ ਬਰਾਬਰ ਪੱਧਰ ਪ੍ਰਾਪਤ ਹੁੰਦਾ ਹੈ। ਸਪੀਕਰ ਸਭਾ ਦੀ ਸਰਵਉੱਚਤਾ ਦੀ ਪ੍ਰਤੀਨਿਧਤਾ ਕਰਦਾ ਹੈ। ਉਸ ਦਾ ਅਹੁਦਾ ਬਹੁਤ ਗੌਰਵ ਵਾਲਾ ਹੁੰਦਾ ਹੈ, ਜਿਸ ਨੂੰ ਸਾਰੇ ਮੈਂਬਰਾਂ ਵੱਲੋਂ ਕਿਸ ਹੱਦ ਤੱਕ ਸਵੀਕਾਰ ਕੀਤਾ ਜਾਂਦਾ ਹੈ ਕਿ ਜਦ ਸਪੀਕਰ ਸਦਨ ਵਿੱਚ ਖੜ੍ਹਾ ਹੁੰਦਾ ਹੈ ਤਾਂ ਹੋਰ ਕੋਈ ਵੀ ਮੈਂਬਰ ਸਦਨ ਵਿੱਚ ਖੜ੍ਹਾ ਨਹੀਂ ਹੁੰਦਾ ਹੈ, ਜਦ ਉਹ ਬੋਲਦਾ ਹੈ ਤਾਂ ਹੋਰ ਕੋਈ ਨਹੀਂ ਬੋਲਦਾ, ਸਾਰੇ ਉਸ ਨੂੰ ਸੁਣਦੇ ਹਨ। ਪੰਡਿਤ ਜਵਾਹਰ ਲਾਲ ਨਹਿਰੂ ਦੇ ਸ਼ਬਦਾਂ ਵਿੱਚ, "ਸਪੀਕਰ ਸਦਨ ਦੀ ਪ੍ਰਤੀਨਿਧਤਾ ਕਰਦਾ ਹੈ, ਉਹ ਸਦਨ ਦੇ ਗੌਰਵ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਕਿਉਂਕਿ ਸਦਨ ਇਕ ਵਿਸ਼ੇਸ਼ ਢੰਗ ਨਾਲ ਰਾਸ਼ਟਰ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਤਰ੍ਹਾਂ ਸਪੀਕਰ ਦੇਸ਼ ਦੀ ਸੁਤੰਤਰਤਾ ਦਾ ਪ੍ਰਤੀਕ ਬਣ ਜਾਂਦਾ ਹੈ।" (The Speaker represents the house. He represents the dignity of the house and because the house represents the nation in a particular way the speaker becomes the symbol of nation's freedom and libarty.) ਲੋਕ ਸਭਾ ਦੇ ਸਾਬਕਾ ਸਪੀਕਰ ਹੁਕਮ ਸਿੰਘ ਨੇ ਇਕ ਵਾਰ ਕਿਹਾ ਸੀ, "ਸਪੀਕਰ ਦੇਸ਼ ਦੇ ਸਭ ਤੋਂ ਉੱਚ ਅਹੁਦਿਆਂ ਵਿੱਚੋਂ ਇਕ ਅਹੁਦਾ ਸੰਭਾਲਦਾ ਹੈ।" (The Speaker holds one of the highest offices of the land.)

***(i) ਸਪੀਕਰ ਦੀ ਚੋਣ*** (Election of the Speaker)– ਲੋਕ ਸਭਾ ਦੀ ਬੈਠਕ ਦੀ ਪ੍ਰਧਾਨਗੀ ਕਰਨ ਲਈ ਇਸ ਦੇ ਸਾਰੇ ਮੈਂਬਰਾਂ ਵੱਲੋਂ ਇਕ ਵਿਅਕਤੀ ਨੂੰ ਪ੍ਰਧਾਨ ਦੇ ਰੂਪ ਵਿੱਚ ਚੁਣਿਆ ਜਾਂਦਾ ਹੈ, ਉਸ ਨੂੰ ਲੋਕ ਸਭਾ ਦਾ ਸਪੀਕਰ ਕਿਹਾ ਜਾਂਦਾ ਹੈ। ਸੰਵਿਧਾਨ ਦੇ ਅਨੁਛੇਦ 93 ਅਨੁਸਾਰ, "ਸਦਨ (ਲੋਕ ਸਭਾ) ਵੱਲੋਂ ਜਿੰਨੀ ਜਲਦੀ ਹੋ ਸਕੇ, ਸਦਨ ਦੇ ਦੋ ਮੈਂਬਰਾਂ ਦੀ ਚੋਣ ਸਪੀਕਰ ਅਤੇ ਉੱਪ ਸਪੀਕਰ ਦੇ ਰੂਪ ਵਿੱਚ ਕੀਤਾ ਜਾਵੇਗੀ।"

ਆਮ ਚੋਣਾਂ ਤੋਂ ਬਾਅਦ ਨਵੀਂ ਸਰਕਾਰ ਬਣਨ 'ਤੇ ਸਪੀਕਰ ਦੀ ਚੋਣ ਸਦਨ ਵੱਲੋਂ ਆਪਣੀ ਪਹਿਲੀ ਬੈਠਕ ਵਿੱਚ ਕੀਤਾ ਜਾਂਦਾ ਹੈ। ਸਧਾਰਣ ਰੂਪ ਵਿੱਚ ਸਪੀਕਰ ਦੀ ਚੋਣ ਸਰਬ ਸੰਮਤੀ ਨਾਲ ਕੀਤਾ ਜਾਂਦਾ ਹੈ। ਵਿਰੋਧੀ ਦਲਾਂ ਦੇ ਨੇਤਾਵਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਬਹੁਸੰਖਿਆ ਵਾਲੇ ਦਲ ਦੇ ਨੇਤਾ ਵੱਲੋਂ ਸਪੀਕਰ ਦੀ ਚੋਣ ਪ੍ਰਸਤਾਵਿਤ ਕੀਤੀ ਜਾਂਦੀ ਹੈ। ਇਸ ਪ੍ਰਸਤਾਵ ਦਾ ਵਿਰੋਧ ਵਿਰੋਧੀ ਦਲ ਦੇ ਨੇਤਾ ਵੱਲੋਂ ਕੀਤਾ ਜਾਂਦਾ ਹੈ। ਸਪੀਕਰ ਦੀ ਚੋਣ ਤਾਂ ਹੀ ਹੁੰਦੀ ਹੈ ਜੇਕਰ ਸਦਨ ਵਿੱਚ ਬਹੁਮਤ ਵਾਲੇ ਦਲ ਅਤੇ ਹੋਰ ਦਲ ਇਸ ਮੁੱਦੇ 'ਤੇ ਸਹਿਮਤ ਨਾ ਹੋਣ। 1976 ਵਿੱਚ ਸਪੀਕਰ ਦੇ ਦਲ ਲਈ ਕਾਂਗਰਸ (ਆਈ) ਦੇ ਉਮੀਦਵਾਰ ਸ਼੍ਰੀ ਬਾਲੀ ਰਾਮ ਭਗਤ ਦੀ ਜਿੱਤ ਹੋਈ ਸੀ। 9ਵੀਂ ਲੋਕ ਸਭਾ ਦੇ ਸਪੀਕਰ ਸ਼੍ਰੀ ਸ਼ਿਵ ਰਾਜ ਪਾਟਿਲ 10ਵੀਂ ਲੋਕ ਸਭਾ ਅਤੇ ਸ਼੍ਰੀ ਪੀ. ਏ. ਸੰਗਮਾ 11ਵੀਂ ਲੋਕ ਸਭਾ ਦੇ ਸਪੀਕਰ ਸ਼੍ਰੀ ਰਵੀ ਸਨ। ਇਸ ਤਰ੍ਹਾਂ 12ਵੀਂ ਲੋਕ ਸਭਾ ਵਿੱਚ ਸ਼੍ਰੀ ਬਾਲਯੋਗੀ ਸਪੀਕਰ ਅਤੇ ਸ਼੍ਰੀ ਪੀ. ਐੱਸ. ਸਈਦ ਚੁਣੇ ਗਏ ਸਨ। ਪਰ ਬਾਅਦ ਵਿੱਚ ਜਦੋਂ ਇਕ ਹਵਾਈ ਹਾਦਸੇ ਵਿੱਚ ਸ਼੍ਰੀ ਬਾਲਯੋਗੀ ਦੀ ਮੌਤ ਹੋ ਗਈ ਤਾਂ ਲੋਕ ਸਭਾ ਨੇ ਆਪਣੇ ਲਈ ਨਵਾਂ ਸਪੀਕਰ ਚੁਣ ਲਿਆ। ਸ਼੍ਰੀ ਮਨੋਹਰ ਜੋਸ਼ੀ ਲੋਕ ਸਭਾ ਦੇ ਸਪੀਕਰ ਚੁਣੇ ਗਏ। ਸ਼੍ਰੀ ਪੀ. ਐੱਮ. ਸਈਦ ਪਹਿਲਾਂ ਦੀ ਤਰ੍ਹਾਂ ਹੀ ਉੱਪ-ਸਪੀਕਰ ਬਣੇ ਰਹੇ। (ਸ਼੍ਰੀ ਜੀ. ਵੀ. ਮਾਵਲੰਕਰ ਪਹਿਲੀ ਲੋਕ ਸਭਾ ਦੇ ਪਹਿਲੇ ਸਪੀਕਰ ਸਨ)।

14ਵੀਂ ਲੋਕ ਸਭਾ ਨੇ ਸ਼੍ਰੀ ਸੋਮਨਾਥ ਚੈਟਰਜੀ ਨੂੰ ਸਪੀਕਰ ਅਤੇ ਸ਼੍ਰੀ ਚਰਨਜੀਤ ਸਿੰਘ ਅਟਵਾਲ ਨੂੰ ਉੱਪ-ਸਪੀਕਰ ਸਰਵ ਸੰਮਤੀ ਨਾਲ ਚੁਣ ਲਿਆ ਅਤੇ ਵਰਤਮਾਨ ਵਿੱਚ ਚੱਲ ਰਹੀ 15ਵੀਂ ਲੋਕ ਸਭਾ ਦੀ ਪ੍ਰਧਾਨ ਸ਼੍ਰੀਮਤੀ ਮੀਰਾ ਕੁਮਾਰ ਹਨ।

***(ii) ਯੋਗਤਾਵਾਂ*** (Qualifications)–ਸਪੀਕਰ ਦੇ ਅਹੁਦੇ ਲਈ ਉਪਚਾਰਿਕ ਯੋਗਤਾਵਾਂ ਨਿਸ਼ਚਿਤ ਨਹੀਂ ਕੀਤੀਆਂ ਗਈਆਂ। ਸਦਨ ਵੱਲੋਂ ਲੋਕ ਸਭਾ ਦੇ ਕਿਸੇ ਵੀ ਵਿਧਮਾਨ ਮੈਂਬਰ ਨੂੰ ਸਪੀਕਰ ਚੁਣਿਆ ਜਾ ਸਕਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਲੋਕ ਸਭਾ ਦੇ ਮੈਂਬਰ ਬਣਨ ਲਈ ਜੋ ਯੋਗਤਾਵਾਂ ਜ਼ਰੂਰੀ ਹਨ, ਉਹੀ ਯੋਗਤਾਵਾਂ ਸਪੀਕਰ ਦੇ ਅਹੁਦੇ ਲਈ ਵੀ ਜ਼ਰੂਰੀ ਹਨ ਪਰ ਅਸਲ ਵਿੱਚ ਕੇਵਲ ਤਜ਼ਰਬੇਕਾਰ ਅਤੇ ਲੋਕਪ੍ਰਿਯ ਲੋਕ ਸਭਾ ਦਾ ਮੈਂਬਰ ਹੀ ਇਸ ਮਹਾਨ ਅਹੁਦੇ ਲਈ ਚੁਣਿਆ ਜਾਂਦਾ ਹੈ।

***(iii) ਕਾਰਜਕਾਲ*** (Tenure)–ਸਪੀਕਰ ਦਾ ਕਾਰਜਕਾਲ ਲੋਕ ਸਭਾ ਜਿੰਨਾ ਅਤੇ 5 ਸਾਲ ਦਾ ਹੁੰਦਾ ਹੈ, ਪਰ ਲੋਕ ਸਭਾ ਭੰਗ ਹੋ ਜਾਣ ਦੇ ਬਾਅਦ ਵੀ ਉਹ ਆਪਣੇ ਅਹੁਦੇ 'ਤੇ ਬਣਿਆ ਰਹਿੰਦਾ ਹੈ। ਉਹ ਉਦੋਂ ਤੱਕ ਅਹੁਦੇ 'ਤੇ ਬਣਿਆ ਰਹਿੰਦਾ ਹੈ ਜਦੋਂ ਤੱਕ ਨਵੀਂ ਲੋਕ ਸਭਾ ਆਪਣਾ ਸਪੀਕਰ ਨਹੀਂ ਚੁਣ ਲੈਂਦੀ। ਸਪੀਕਰ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਕਿਸੇ ਵੀ ਸਮੇਂ ਆਪਣੇ ਅਹੁਦੇ ਤੋਂ ਤਿਆਗ ਪੱਤਰ ਦੇ ਸਕਦਾ ਹੈ।

***(iv) ਅਹੁਦੇ ਤੋਂ ਹਟਾਉਣ ਦਾ ਢੰਗ*** (Method of Removal)–ਭਾਰਤੀ ਸੰਵਿਧਾਨ ਦੇ ਅਨੁਛੇਦ 94 ਵਿੱਚ ਕਿਹਾ ਗਿਆ ਹੈ ਕਿ ਜੇਕਰ ਸਪੀਕਰ ਸਦਨ ਦਾ ਮੈਂਬਰ ਨਹੀਂ ਰਹਿੰਦਾ ਤਾਂ ਉਸ ਦੀ ਸਪੀਕਰ ਦੇ ਰੂਪ ਵਿੱਚ ਸੇਵਾਵਾਂ ਖਤਮ ਹੋ ਜਾਂਦੀਆਂ ਹਨ। ਸਪੀਕਰ ਖੁਦ ਵੀ ਆਪਣੇ ਅਹੁਦੇ ਤੋਂ ਕਦੇ ਵੀ ਤਿਆਗ-ਪੱਤਰ ਦੇ ਸਕਦਾ ਹੈ। ਲੋਕ ਸਭਾ ਸਪੀਕਰ ਨੂੰ ਅਹੁਦੇ ਤੋਂ ਹਟਾ ਵੀ ਸਕਦੀ ਹੈ। ਇਸ ਸਬੰਧ ਵਿੱਚ ਜੇਕਰ ਸਦਨ ਦੀ ਬਹੁ ਸੰਖਿਆ ਉਸ ਨੂੰ ਅਹੁਦੇ ਤੋਂ ਹਟਾਉਣ ਸਬੰਧੀ ਪ੍ਰਸਤਾਵ ਪਾਸ ਕਰ ਦਿੰਦੀ ਹੈ ਤਾ ਸਪੀਕਰ

ਨੂੰ ਅਹੁਦੇ ਛੱਡਣਾ ਪੈਂਦਾ ਹੈ। ਪਰ ਸਪੀਕਰ ਦੇ ਵਿਰੁੱਧ ਬੇਭਰੋਸੇਗੀ ਦਾ ਪ੍ਰਸਤਾਵ ਲੈਣ ਤੋਂ ਪਹਿਲਾਂ ਅਜਿਹਾ ਪ੍ਰਸਤਾਵ ਲਿਆਉਣ ਵਾਲੇ ਨੂੰ ਸਦਨ ਨੂੰ ਇਕ ਨੋਟਿਸ ਦੇਣਾ ਪੈਂਦਾ ਹੈ।

**ਨੋਟ**

***(v)* ਵੇਤਨ ਅਤੇ ਭੱਤੇ** (Salary and Allowances)– ਸਪੀਕਰ ਦੇ ਵੇਤਨ ਅਤੇ ਭੱਤੇ ਸੰਸਦ ਵੱਲੋਂ ਨਿਸ਼ਚਿਤ ਕੀਤੇ ਜਾਂਦੇ ਹਨ। ਵੇਤਨ ਅਤੇ ਭੱਤੇ ਤੋਂ ਇਲਾਵਾ ਉਸ ਨੂੰ ਮੁਫਤ ਨਿਵਾਸ, ਮੁਫਤ ਡਾਕਟਰੀ ਸਹਾਇਤਾ, ਯਾਤਰਾ ਭੱਤਾ ਅਤੇ ਹੋਰ ਬਹੁਤ ਸਾਰੀਆਂ ਸੁਵਿਧਾਵਾਂ ਮਿਲਦੀਆਂ ਹਨ। ਉਸ ਦਾ ਵੇਤਨ ਸੰਚਿਤ ਨਿਧੀ (Consolidated Fund) ਵਿੱਚੋਂ ਦਿੱਤਾ ਜਾਂਦਾ ਹੈ।

### ਸਪੀਕਰ ਦੀਆਂ ਸ਼ਕਤੀਆਂ ਅਤੇ ਕੰਮ (Powers and Functions of the Speaker)

ਲੋਕ ਸਭਾ ਦਾ ਸਪੀਕਰ ਹੇਠ ਲਿਖੇ ਮਹੱਤਵਪੂਰਨ ਕੰਮ ਕਰਦਾ ਹੈ:

1. **ਸਦਨ ਦੀਆਂ ਬੈਠਕਾਂ ਦੀ ਪ੍ਰਧਾਨਗੀ** (To Preside Over the meetings of the House)– ਸਪੀਕਰ ਸਦਨ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ ਅਤੇ ਇਸ ਦੀ ਕਾਰਵਾਈ ਚਲਾਉਂਦਾ ਹੈ। ਉਹ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਦੀ ਵੀ ਪ੍ਰਧਾਨਗੀ ਕਰਦਾ ਹੈ।

2. **ਸਦਨ ਵਿੱਚ ਅਨੁਸ਼ਾਸਨ ਸਥਾਪਿਤ ਰੱਖਣਾ** (To Maintain Discipline in the House)– ਸਪੀਕਰ ਸਦਨ ਵਿੱਚ ਅਨੁਸ਼ਾਸਨ ਸਥਾਪਿਤ ਰੱਖਦਾ ਹੈ। ਜੇਕਰ ਕੋਈ ਮੈਂਬਰ ਸਦਨ ਦੀ ਕਾਰਵਾਈ ਵਿੱਚ ਰੁਕਾਵਟ ਪਾਉਂਦਾ ਹੈ ਜਾਂ ਰੁਕਾਵਟ ਪਾਉਣ ਦਾ ਯਤਨ ਕਰਦਾ ਹੈ ਤਾਂ ਸਪੀਕਰ ਉਸ ਨੂੰ ਚੇਤਾਵਨੀ ਦੇ ਸਕਦਾ ਹੈ ਜਾਂ ਉਸ ਨੂੰ ਸਦਨ ਤੋਂ ਬਾਹਰ ਜਾਣ ਲਈ ਕਹਿ ਸਕਦਾ ਹੈ। ਜੇਕਰ ਸਪੀਕਰ ਕਿਸੇ ਮੈਂਬਰ ਨੂੰ ਅਨੁਸ਼ਾਸਨ ਅਤੇ ਮਰਿਯਾਦਾ ਦਾ ਉਲੰਘਣ ਕਰਨ ਦਾ ਦੋਸ਼ੀ ਪਾਉਂਦਾ ਹੈ ਤਾਂ ਉਹ ਸਬੰਧਿਤ ਮੈਂਬਰ ਦੀ ਮੈਂਬਰਸ਼ਿਪ ਨੂੰ ਇਕ ਨਿਸ਼ਚਿਤ ਸਮੇਂ ਲਈ ਰੱਦ ਕਰ ਸਕਦਾ ਹੈ।

3. **ਸਦਨ ਦੀ ਕੰਮ-ਸੂਚੀ ਨਿਸ਼ਚਿਤ ਕਰਨਾ** (To Fix Agenda of the House)– ਸਪੀਕਰ ਸਦਨ ਦੇ ਹੋਰ ਮੈਂਬਰਾਂ, ਸੰਮਤੀਆਂ ਅਤੇ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਸਦਨ ਦੇ ਅਧਿਵੇਸ਼ਨ ਦੀ ਕੰਮ-ਸੂਚੀ ਨਿਸ਼ਚਿਤ ਕਰਦਾ ਹੈ। ਉਹ ਸਦਨ ਦੇ ਅਲੱਗ-ਅਲੱਗ ਤਰ੍ਹਾਂ ਦੇ ਕੰਮਾਂ ਦੇ ਲਈ ਸਮੇਂ ਨਿਰਧਾਰਿਤ ਕਰਦਾ ਹੈ।

4. **ਪ੍ਰਸ਼ਨ ਪੁੱਛੇ ਜਾਣ ਦੇ ਬਾਰੇ ਆਗਿਆ ਦੇਣਾ** (To give Permission to ask Questions)– ਸਦਨ ਦਾ ਹਰੇਕ ਮੈਂਬਰ ਅਲੱਗ-ਅਲੱਗ ਮਾਮਲਿਆਂ ਸਬੰਧੀ ਜਾਣਕਾਰੀ ਲੈਣ ਲਈ ਮੰਤਰੀਆਂ ਤੋਂ ਅਲੱਗ-ਅਲੱਗ ਤਰ੍ਹਾਂ ਦੇ ਪ੍ਰਸ਼ਨ ਪੁੱਛ ਸਕਦਾ ਹੈ, ਪਰ ਇਸ ਅਧਿਕਾਰ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਉਸ ਨੂੰ ਸਪੀਕਰ ਤੋਂ ਆਗਿਆ ਲੈਣੀ ਪੈਂਦੀ ਹੈ। ਇਸ ਨਾਲ ਸਬੰਧਿਤ ਸਪੀਕਰ ਅਖੀਰ ਰੂਪ ਵਿੱਚ ਫੈਸਲਾ ਲੈਂਦਾ ਹੈ ਅਤੇ ਮੈਂਬਰਾਂ ਨੂੰ ਸਦਨ ਵਿੱਚ ਪ੍ਰਸ਼ਨ ਪੁੱਛਣ ਦੀ ਆਗਿਆ ਦਿੰਦਾ ਹੈ।

5. **ਸਦਨ ਦੀ ਕਾਰਵਾਈ ਚਲਾਉਣਾ** (To Conduct the Business of the House)– ਸਪੀਕਰ ਸਦਨ ਦੀ ਕਾਰਵਾਈ ਚਲਾਉਂਦਾ ਹੈ। ਮੈਂਬਰਾਂ ਨੂੰ ਬਿੱਲ ਪੇਸ਼ ਕਰਨ, ਧਿਆਨ ਦਿਵਾਉਣ ਪ੍ਰਸਤਾਵ ਅਤੇ ਕੰਮ ਰੋਕੋ ਪ੍ਰਸਤਾਵ ਰੱਖਣ ਦੀ ਆਗਿਆ ਦਿੰਦਾ ਹੈ। ਉਹ ਸਦਨ ਵਿੱਚ ਮੈਂਬਰਾਂ ਨੂੰ ਮਾਨਤਾ ਦਿੰਦਾ ਹੈ, ਸਦਨ ਵਿੱਚ ਬੋਲਣ ਦੀ ਆਗਿਆ ਦਿੰਦਾ ਹੈ, ਸਦਨ ਵਿੱਚ ਬਹਿਸ ਦੇ ਲਈ ਸਮੇਂ ਨਿਸ਼ਚਿਤ ਕਰਦਾ ਹੈ। ਮਾਮਲਿਆਂ ’ਤੇ ਵੋਟ ਪਾਉਂਦਾ ਹੈ ਅਤੇ ਮਤਦਾਨ ਦੇ ਨਤੀਜਿਆਂ ਦੀ ਘੋਸ਼ਣਾ ਕਰਦਾ ਹੈ। ਗੈਰ ਸੰਸਦੀ ਭਾਸ਼ਾ ਇਸਤੇਮਾਲ ਕਰਨ ਲਈ ਉਹ ਮੈਂਬਰਾਂ ਨੂੰ ਚੇਤਾਵਨੀ ਦੇ ਸਕਦਾ ਹੈ ਅਤੇ ਅਜਿਹੀ ਟਿੱਪਣੀ ਨੂੰ ਰਿਕਾਰਡ ਵਿੱਚੋਂ ਕੱਢਣ ਦਾ ਹੁਕਮ ਦੇ ਸਕਦਾ ਹੈ।

6. **ਨਿਯਮਾਂ ਦੀ ਵਿਆਖਿਆ** (Interpretation of Rules)– ਸਦਨ ਦਾ ਕੰਮ ਕਾਰਵਾਈ ਦੇ ਨਿਸ਼ਚਿਤ ਨਿਯਮਾਂ ਦੇ ਅਨੁਸਾਰ ਚਲਾਇਆ ਜਾਂਦਾ ਹੈ। ਜੇਕਰ ਸਦਨ ਦੇ ਨਿਯਮਾਂ ਸਬੰਧੀ ਕੋਈ ਵਿਵਾਦ ਹੋ ਜਾਵੇ ਤਾਂ ਸਪੀਕਰ ਵਿਆਖਿਆ ਕਰਦਾ ਹੈ ਅਤੇ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਦਾ ਹੈ। ਸਪੀਕਰ ਵੱਲੋਂ ਨਿਯਮਾਂ ਦੀ ਕੀਤੀ ਗਈ ਵਿਆਖਿਆ ਅਖੀਰਲੀ ਹੁੰਦੀ ਹੈ ਅਤੇ ਉਸ ਨੂੰ ਕਿਸੇ ਵੀ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ।

7. **ਸਦਨ ਦੀ ਕਾਰਵਾਈ ਰੱਦ ਕਰਨਾ** (To Adjourn the House)– ਜੇਕਰ ਸਦਨ ਦਾ ਕੋਰਮ ਪੂਰਾ ਨਾ ਹੋਵੇ ਜਾਂ ਜੇਕਰ ਮੈਂਬਰਾਂ ਦੇ ਅਣਉਚਿਤ ਵਿਵਹਾਰ ਕਾਰਨ ਸਦਨ ਦਾ ਕੰਮ ਚਲਾ ਸਕਣਾ ਸੰਭਵ ਨਾ ਹੋਵੇ ਜਾਂ ਹੋਰ ਕਿਸੇ ਉਦੇਸ਼ ਜਾਂ ਕੁਝ ਗੰਭੀਰ ਮਾਮਲਿਆਂ ’ਤੇ ਸਪੀਕਰ ਸਦਨ ਦੀ ਬੈਠਕ ਰੱਦ ਕਰ ਸਕਦਾ ਹੈ।

8. **ਵਿੱਤ ਬਿੱਲ ਸਬੰਧੀ ਫੈਸਲਾ** (Decision about a Money Bill)– ਜੇਕਰ ਕਿਸੇ ਬਿੱਲ ਦੇ ਵਿੱਤ ਬਿੱਲ ਹੋਣ ਜਾਂ ਨਾ ਹੋਣ ਸਬੰਧੀ ਵਿਵਾਦ ਪੈਦਾ ਹੋ ਜਾਵੇ ਤਾਂ ਇਸ ਸਬੰਧ ਵਿੱਚ ਸਪੀਕਰ ਵੱਲੋਂ ਫੈਸਲਾ ਲਿਆ ਜਾਂਦਾ ਹੈ। ਉਸ ਦਾ ਫੈਸਲਾ ਅਖੀਰਲਾ ਹੁੰਦਾ ਹੈ ਅਤੇ ਇਸ ਨੂੰ ਸਦਨ ਵਿੱਚ ਜਾਂ ਉਸ ਤੋਂ ਬਾਹਰ ਚੁਣੌਤੀ ਨਹੀਂ ਦਿੱਤੀ ਜਾ ਸਕਦੀ।

9. **ਬਿੱਲ ਪੇਸ਼ ਕਰਨ ਦੀ ਆਗਿਆ ਦੇਣਾ** (To give Permission for the introduction of Bills)– ਜੇਕਰ ਸਦਨ ਵਿੱਚ ਬਿੱਲ ਪੇਸ਼ ਕਰਨਾ ਹੋਵੇ ਤਾਂ ਸਪੀਕਰ ਦੀ ਆਗਿਆ ਲੈਣਾ ਜ਼ਰੂਰੀ ਹੁੰਦੀ ਹੈ। ਸਪੀਕਰ ਦੀ ਆਗਿਆ ਨਾਲ ਹੀ ਕੋਈ ਮੈਂਬਰ ਜਾਂ ਇਕ ਮੰਤਰੀ ਸਦਨ ਵਿੱਚ ਬਿੱਲ ਪੇਸ਼ ਕਰ ਸਕਦਾ ਹੈ।

ਨੋਟ

10. **ਨਿਰਣਾਇਕ ਵੋਟ ਪਾਉਣਾ** (To Exercise a Casting Vote)– ਸਪੀਕਰ ਦੀ ਬਹਿਸ ਅਤੇ ਸਲਾਹ-ਮਸ਼ਵਰੇ ਵਿੱਚ ਹਿੱਸਾ ਨਹੀਂ ਲੈਂਦਾ। ਉਹ ਬਿੱਲਾਂ ’ਤੇ ਵੋਟ ਪਾਉਣ ਸਮੇਂ ਵੀ ਵੋਟ ਨਹੀਂ ਪਾਉਂਦਾ ਪਰ ਜੇਕਰ ਕਿਸੇ ਬਿੱਲ ’ਤੇ ਵੋਟ ਬਰਾਬਰ ਹੋ ਜਾਣ ਤਾਂ ਉਹ ਆਪਣੀ ਨਿਰਣਾਇਕ ਵੋਟ ਪਾ ਸਕਦਾ ਹੈ।

11. **ਸਦਨ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਰੱਖਿਆ** (Protection of the Privileges of the Members of the House)–ਸਦਨ ਦੇ ਮੈਂਬਰਾਂ ਦੇ ਕੁਝ ਵਿਸ਼ੇਸ਼ ਅਧਿਕਾਰ ਹਨ ਜਿਨ੍ਹਾਂ ਦੀ ਰੱਖਿਆ ਸਪੀਕਰ ਵੱਲੋਂ ਕੀਤੀ ਜਾਂਦੀ ਹੈ। ਸਪੀਕਰ ਵੱਲੋਂ ਮੈਂਬਰਾਂ ਦੇ ਅਧਿਕਾਰਾਂ ਨਾਲ ਸਬੰਧਿਤ ਸਾਰੇ ਝਗੜਿਆਂ ਦੇ ਮਾਮਲੇ ਵਿਸ਼ੇਸ਼ ਅਧਿਕਾਰਾਂ ਸਬੰਧੀ ਸੰਮਤੀ ਨੂੰ ਭੇਜੇ ਜਾਂਦੇ ਹਨ। ਇਸ ਸੰਮਤੀ ਦੇ ਸੁਝਾਅ ਜਾਂ ਇੱਛਾ ਦੇ ਅਨੁਸਾਰ ਸਪੀਕਰ ਇਨ੍ਹਾਂ ਨਾਲ ਸਬੰਧਿਤ ਫੈਸਲਾ ਲੈਂਦਾ ਹੈ। ਇਸ ਤਰ੍ਹਾਂ ਸਪੀਕਰ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰਾਂ ਦਾ ਰਖਵਾਲਾ ਹੁੰਦਾ ਹੈ। ਉਹ ਭਰੋਸੇਯੋਗ ਬਣਾਉਂਦਾ ਹੈ ਕਿ ਮੈਂਬਰਾਂ ਵੱਲੋਂ ਤੇ ਮੰਤਰੀਆਂ ਵੱਲੋਂ ਮੰਤਰੀਆਂ ਨੂੰ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਠੀਕ ਅਤੇ ਸਮੇਂ ’ਤੇ ਮਿਲੇ।

12. **ਰਾਸ਼ਟਰਪਤੀ ਅਤੇ ਸੰਸਦ ਦਰਮਿਆਨ ਸੰਪਰਕ ਸੂਤਰ** (Link between the President and the Parliament)– ਲੋਕ ਸਭਾ ਦੇ ਮੈਂਬਰ ਸਪੀਕਰ ਦੇ ਮਾਧਿਅਮ ਨਾਲ ਹੀ ਰਾਸ਼ਟਰਪਤੀ ਤੱਕ ਪਹੁੰਚ ਕਰ ਸਕਦੇ ਹਨ। ਇਸ ਤਰ੍ਹਾਂ ਸਪੀਕਰ ਰਾਸ਼ਟਰਪਤੀ ਅਤੇ ਸੰਸਦ ਦੇ ਵਿੱਚ ਸੰਪਰਕ ਸੂਤਰ ਦੇ ਰੂਪ ਵਿੱਚ ਕੰਮ ਕਰਦਾ ਹੈ।

13. **ਦਰਸ਼ਕ ਗੈਲਰੀ ’ਤੇ ਕੰਟਰੋਲ** (Control Over Visitors’ Gallary)–ਸਪੀਕਰ ਦਰਸ਼ਕਾਂ ਦੀ ਗੈਲਰੀ ’ਤੇ ਕੰਟਰੋਲ ਰੱਖਦਾ ਹੈ। ਉਹ ਦਰਸ਼ਕਾਂ ਨੂੰ ਸਦਨ ਦੀ ਗੈਲਰੀ ਵਿੱਚ ਬੈਠਣ ਦੀ ਆਗਿਆ ਦੇ ਸਕਦਾ ਹੈ ਅਤੇ ਗਲਤ ਵਿਵਹਾਰ ਜਾਂ ਸ਼ੋਰ-ਸ਼ਰਾਬੇ ਕਾਰਨ ਉਨ੍ਹਾਂ ਨੂੰ ਗੈਲਰੀ ਤੋਂ ਬਾਹਰ ਜਾਣ ਦਾ ਹੁਕਮ ਦੇ ਸਕਦਾ ਹੈ

14. **ਸਦਨ ਦੀਆਂ ਸੰਮਤੀਆਂ ਨਾਲ ਸਬੰਧਿਤ ਭੂਮਿਕਾ** (Role regarding the Committees of the House)–ਸਦਨ ਦੇ ਕੰਮ ਦਾ ਵਿਆਪਕ ਭਾਗ ਸਦਨ ਦੀਆਂ ਸੰਮਤੀਆਂ ਵੱਲੋਂ ਕੀਤਾ ਜਾਂਦਾ ਹੈ। ਸਪੀਕਰ ਇਨ੍ਹਾਂ ਸੰਮਤੀਆਂ ਦੇ ਗਠਨ ਨਾਲ ਸਬੰਧਿਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਹ ਕੁਝ ਮਹੱਤਵਪੂਰਨ ਸੰਮਤੀਆਂ ਜਿਵੇਂ ਕਾਰੋਬਾਰ ਸਲਾਹਕਾਰ ਸੰਮਤੀ (Business Advisory Committee), ਨਿਯਮ ਸੰਮਤੀ ਆਦਿ ਦਾ ਪ੍ਰਧਾਨ ਵੀ ਹੁੰਦਾ ਹੈ।

15. **ਪ੍ਰਸ਼ਾਸਕੀ ਕੰਮ** (Administrative Functions)– ਸਪੀਕਰ ਦੇ ਬਹੁਤ ਸਾਰੇ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਹੁੰਦੀਆਂ ਹਨ। ਲੋਕ ਸਭਾ ਦੇ ਦਫਤਰ ’ਤੇ ਉਸ ਦਾ ਅਖੀਰਲੇ ਰੂਪ ਵਿੱਚ ਕੰਟਰੋਲ ਹੁੰਦਾ ਹੈ। ਉਹ ਦਫਤਰ ਦੇ ਕਰਮਚਾਰੀ ਨਿਯੁਕਤ ਕਰਦਾ ਹੈ, ਉਨ੍ਹਾਂ ਦੀ ਸੇਵਾ ਦੇ ਨਿਯਮ ਨਿਸ਼ਚਿਤ ਕਰਦਾ ਹੈ ਅਤੇ ਉਨ੍ਹਾਂ ਦੇ ਕੰਮ ਦੀ ਨਿਗਰਾਨੀ ਕਰਦਾ ਹੈ। ਸਦਨ ਦੀ ਕਾਰਵਾਈ ਦੇ ਰਿਕਾਰਡ ਨਾਲ ਸਬੰਧਿਤ ਸੰਭਾਲ ਦੀ ਜ਼ਿੰਮੇਵਾਰੀ ਸਪੀਕਰ ਦੀ ਹੁੰਦੀ ਹੈ।

*ਟਾਸਕ* ਲੋਕ ਸਭਾ ਦੇ ਪ੍ਰਧਾਨ ਨੂੰ ਪ੍ਰਾਪਤ ਸ਼ਕਤੀਆ ’ਤੇ ਆਪਣੇ ਵਿਚਾਰ ਪੇਸ਼ ਕਰੋ।

### ਸਪੀਕਰ ਦੀ ਸਥਿਤੀ (Position of the Speaker)

ਸਪੀਕਰ ਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਵਿਸਥਾਰ ਨਾਲ ਅਧਿਐਨ ਕਰਨ ਦੇ ਬਾਅਦ ਅਸੀਂ ਇਸ ਸਿੱਟੇ ’ਤੇ ਪਹੁੰਚਦੇ ਹਾਂ ਕਿ ਸਪੀਕਰ ਦੀ ਸਮਰਚਨਾਜਨਕ ਸਥਿਤੀ ਹੈ। ਸਪੀਕਰ ਦੀ ਇਹ ਮੁੱਖ ਜ਼ਿੰਮੇਵਾਰੀ ਹੈ ਕਿ ਉਹ ਸਦਨ ਦੀ ਕਾਰਵਾਈ ਇਸ ਢੰਗ ਨਾਲ ਚਲਾਏ ਤਾਂ ਕਿ ਲੋਕ ਸਭਾ ਵਿੱਚ ਕੰਮ ਨਿਯਮਿਤ ਢੰਗ ਨਾਲ ਹੋ ਸਕੇ। ਉਹ ਸਦਨ ਦੇ ਇਕ ਪ੍ਰਤੀਨਿਧੀ ਅਤੇ ਨੇਤਾ ਦੇ ਰੂਪ ਵਿੱਚ ਕੰਮ ਕਰਦਾ ਹੈ। ਉਹ ਇਸ ਦੇ ਨਿਰਪੱਖ ਪ੍ਰਧਾਨ ਦੇ ਰੂਪ ਵਿੱਚ ਕੰਮ ਕਰਦਾ ਹੈ। ਸਪੀਕਰ ਇਸ ਉੱਚੇ ਅਹੁਦੇ ’ਤੇ ਚੁਣੇ ਜਾਣ ਤੋਂ ਬਾਅਦ ਆਪਣੇ ਦਲ ਦੀ ਮੈਂਬਰਸ਼ਿਪ ਤੋਂ ਤਿਆਗ ਪੱਤਰ ਤਾਂ ਨਹੀਂ ਦਿੰਦਾ ਪਰ ਉਹ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਨਿਰਪੱਖਤਾ ਨਾਲ ਕਰਦਾ ਹੈ। ਸਦਨ ਵਿੱਚ ਉਹ ਨਾ ਹੀ ਬਹੁ ਸੰਖਿਆ ਅਤੇ ਨਾ ਹੀ ਵਿਰੋਧੀ ਪੱਖ ਦੇ ਵਿਅਕਤੀ ਦੇ ਰੂਪ ਵਿੱਚ ਵਿਵਹਾਰ ਕਰਦਾ ਹੈ। ਉਹ ਸਦਨ ਦੇ ਵਿਅਕਤੀ ਦੇ ਰੂਪ ਵਿੱਚ ਵਿਵਹਾਰ ਕਰਦਾ ਹੈ ਜੋ ਸਦਨ ਦੀ ਮਾਣ-ਮਰਿਯਾਦਾ ਸਥਾਪਿਤ ਰੱਖਣ ਲਈ ਵਚਨਬੱਧ ਹੁੰਦਾ ਹੈ।

ਲੋਕ ਸਭਾ ਦੇ ਪਹਿਲੇ ਸਪੀਕਰ ਜੀ. ਪੀ. ਮਾਵਲੰਕਰ ਨੇ ਇਕ ਵਾਰ ਕਿਹਾ ਸੀ, “ਚਾਹੇ ਮੈਂ ਕਾਂਗਰਸ ਦਾ ਮੈਂਬਰ ਹਾਂ ਪਰ ਇਹ ਮੇਰਾ ਕਰਤਵ ਅਤੇ ਕੋਸ਼ਿਸ਼ ਹੋਵੇਗੀ ਕਿ ਮੈਂ ਸਦਨ ਦੇ ਸਾਰੇ ਮੈਂਬਰਾਂ ਅਤੇ ਵਰਗਾਂ ਨਾਲ ਨਿਆ ਅਤੇ ਬਰਾਬਰਤਾ ਵਾਲਾ ਵਿਵਹਾਰ ਕਰਾਂ।” (Though a Congressman, it would be my duty and effort to deal with all the members and sections of the House with justice and equality.) ਸਪੀਕਰ ਸਦਨ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਰੱਖਿਆ

ਨੋਟ

ਕਰਦਾ ਹੈ ਜਿਵੇਂ ਕਿ ਇਕ ਪਰਿਵਾਰ ਦਾ ਮੁਖੀ ਪਰਿਵਾਰ ਦੇ ਹੋਰ ਮੈਂਬਰਾਂ ਦੇ ਹਿੱਤਾਂ ਦੀ ਦੇਖਭਾਲ ਕਰਦਾ ਹੈ। ਐੱਮ. ਵੀ. ਪਾਇਲੀ ਦੇ ਸ਼ਬਦਾਂ ਵਿੱਚ "ਸਪੀਕਰ ਮੈਂਬਰਾਂ ਦੇ ਵਿਅਕਤੀਗਤ ਮਤਲਬ ਵਿੱਚ ਜਾਂ ਸਮੂਹ ਜਾਂ ਦਲ ਦੇ ਆਧਾਰ 'ਤੇ ਅਧਿਕਾਰਾਂ ਅਤੇ ਵਿਸ਼ੇਸ਼ ਅਧਿਕਾਰਾਂ ਦਾ ਰੱਖਿਅਕ ਅਤੇ ਸੁਰੱਖਿਆ ਹੁੰਦਾ ਹੈ। ਥੋੜ੍ਹੇ ਸ਼ਬਦਾਂ ਵਿੱਚ ਸਪੀਕਰ ਆਪਣੀਆਂ ਸ਼ਕਤੀਆਂ, ਕਾਰਵਾਈ ਚਲਾਉਣ ਤੇ ਆਪਣੇ ਅਹੁਦੇ ਦੇ ਬਰਾਬਰ ਦੇ ਰੂਪ ਵਿੱਚ ਸਦਨ ਦੀ ਪ੍ਰਤੀਨਿਧਤਾ ਕਰਦਾ ਹੈ।" (The Speaker is thus the guardian and custodian of the rights and privileges of the members in their individual capacity or on the group or party basis. The Speaker, in short, is the representative of House itself in its powers, proceedings and dignity.)

ਸਾਰੇ ਸਪੀਕਰਾਂ ਜੀ. ਵੀ. ਮਾਵਲੰਕਰ, ਅਨਾਥਾਸਯਨਾਮ ਆਯੰਗਰ, ਸੰਜੀਵਾ ਰੈਡੀ, ਗੁਰਦਿਆਲ ਸਿੰਘ ਢਿੱਲੋ, ਹੁਕਮ ਸਿੰਘ, ਕੇ. ਐੱਮ. ਹੇਗੜੇ, ਬੀ. ਆਰ. ਭਗਤ, ਬਲਰਾਮ ਅਤੇ ਸੋਮਨਾਥ ਚੈਟਰਜੀ ਜਾਖੜ, ਰਵੀ ਰੇ, ਸ਼੍ਰੀ ਸ਼ਿਵਰਾਜ ਪਾਟਿਲ, ਸ਼੍ਰੀ ਪੀ. ਏ. ਸੰਗਮਾ, ਸ਼੍ਰੀ ਬਾਲਯੋਗੀ, ਸ਼੍ਰੀ ਮਨੋਹਰ ਜੋਸ਼ੀ ਨੇ ਬਿਨਾਂ ਪੱਖਪਾਤ ਕੀਤੇ ਨਿਰਪੱਖਤਾ ਨਾਲ ਕੰਮ ਕੀਤਾ ਹੈ। ਵਰਤਮਾਨ ਸਪੀਕਰ ਸ਼੍ਰੀਮਤੀ ਮੀਰਾ ਕੁਮਾਰ ਵੀ ਆਪਣੇ ਅਹੁਦੇ ਦੇ ਕਰਤਵ ਅਤੇ ਕੰਮ ਨਿਪੁੰਨਤਾ ਅਤੇ ਬਿਨਾਂ ਸਵਾਰਥ ਨਿਭਾ ਰਹੇ ਹਨ ਪਰ ਭਾਰਤੀ ਲੋਕ ਸਭਾ ਦੇ ਸਪੀਕਰ ਦੀ ਰਾਜਨੀਤਿਕ ਰਿਰਪੱਖਤਾ ਕੇਵਲ ਸਦਨ ਦੇ ਅੰਦਰ ਹੀ ਹੁੰਦੀ ਹੈ। ਉਹ ਸਪੀਕਰ ਬਣਨ ਤੋਂ ਬਾਅਦ ਵੀ ਆਪਣੀ ਰਾਜਨੀਤਿਕ ਪਾਰਟੀ ਦਾ ਮੈਂਬਰ ਬਣਿਆ ਰਹਿੰਦਾ ਹੈ ਅਤੇ ਆਪਣੇ ਕਾਰਜਕਾਲ ਪੂਰਾ ਕਰਨ ਦੇ ਬਾਅਦ ਜਾਂ ਲੋਕ ਸਭਾ ਭੰਗ ਹੋਣ ਤੋਂ ਬਾਅਦ ਉਹ ਵੀ ਚੋਣ ਲੜਦਾ ਹੈ ਭਾਰਤੀ ਲੋਕ ਸਭਾ ਦਾ ਸਪੀਕਰ ਬ੍ਰਿਟਿਸ਼ ਕਾਮਨ ਸਦਨ ਦੇ ਸਪੀਕਰ ਦੀ ਤਰ੍ਹਾਂ ਰਾਜਨੀਤੀ ਤੋਂ ਸੰਨਿਆਸ ਨਹੀਂ ਲੈਂਦਾ ਪਰ ਉਹ ਸਦਨ ਦੀ ਕਾਰਵਾਈ ਚਲਾਉਂਦੇ ਸਮੇਂ ਇਕ ਨਿਰਪੱਖ ਦ੍ਰਿਸ਼ਟੀਕੋਣ ਦੇ ਅਨੁਸਾਰ ਹੀ ਕੰਮ ਕਰਦਾ ਹੈ। ਜੀ. ਵੀ. ਮਾਵਲੰਕਰ ਵੱਲੋਂ ਸਥਾਪਿਤ ਰੇਖਾਵਾਂ ਅਤੇ ਪ੍ਰੰਪਰਾਵਾਂ ਦੇ ਅਨੁਸਾਰ ਹੀ ਅੱਜ ਤੱਕ ਲੋਕ ਸਭਾ ਦੇ ਸਾਰੇ ਸਪੀਕਰਾਂ ਨੇ ਲੋਕ ਸਭਾ ਦੀ ਕਾਰਵਾਈ ਚਲਾਉਣ ਵਿੱਚ ਹਮੇਸ਼ਾ ਨਿਰਪੱਖਤਾ ਅਪਣਾਈ ਰੱਖੀ ਹੈ ਅਤੇ ਇਸ ਤਰ੍ਹਾਂ ਸਪੀਕਰ ਦੇ ਪਦ ਦਾ ਪੂਰਾ ਸਨਮਾਨ ਅੱਜ ਵੀ ਸ਼ਾਮਿਲ ਹੈ।

ਲੋਕ ਸਭਾ ਦਾ ਸਪੀਕਰ ਅਮਰੀਕੀ ਪ੍ਰਤੀਨਿਧੀ ਸਦਨ ਦੇ ਸਪੀਕਰ ਦੇ ਬਰਾਬਰ ਨਾ ਹੀ ਰਾਜਨੀਤੀਵਾਨ ਹੁੰਦਾ ਹੈ ਅਤੇ ਨਾ ਹੀ ਬਰਤਾਨੀਆ ਦੇ ਹਾਊਸ ਆਫ ਕਾਮਨ ਦੇ ਸਪੀਕਰ ਦੇ ਬਰਾਬਰ ਰਾਜਨੀਤਿਕ ਸਨਿਆਸੀ ਹੁੰਦਾ ਹੈ। ਸਦਨ ਤੋਂ ਬਾਹਰ ਆਪਣੇ ਰਾਜਨੀਤਿਕ ਸਬੰਧਾਂ ਨੂੰ ਕਾਇਮ ਰੱਖਦੇ ਹੋਏ, ਇੱਥੇ ਤੱਕ ਕਿ ਦ੍ਰਿੜ ਬਨਾਉਂਦੇ ਹੋਏ ਵੀ, ਭਾਰਤੀ ਸਪੀਕਰ ਸਦਨ ਵਿੱਚ ਨਿਰੱਪਖ ਚੇਰਮੈਨ ਦੇ ਰੂਪ ਵਿੱਚ ਕੰਮ ਕਰਦਾ ਹੈ। ਉਹ ਆਪਣੀ ਦਲ ਦਾ ਮੈਂਬਰ ਬਣੇ ਰਹਿਣ ਦੇ ਬਾਵਜੂਦ ਦਲ ਰਾਜਨੀਤੀ ਵਿੱਚ ਪੈਣ ਤੋਂ ਦੂਰ ਰਹਿੰਦਾ ਹੈ। 1967 ਵਿੱਚ ਸ਼੍ਰੀ ਸੰਜੀਵਾ ਰੈਡੀ ਨੇ ਆਪਣੇ ਦਲ ਨਾਲੋਂ ਆਪਣੇ ਆਪ ਨੂੰ ਅਲੱਗ ਕਰ ਲਿਆ ਅਤੇ 1969 ਵਿੱਚ ਗੁਰਦਿਆਲ ਸਿੰਘ ਢਿੱਲੋ ਨੇ ਵੀ ਅਜਿਹਾ ਹੀ ਕੀਤਾ।

"ਸਥਾਈ ਨਿਰਪੱਖ ਸਪੀਕਰ" ਦੇ ਬ੍ਰਿਟਿਸ਼ ਮਾਡਲ ਦੀਆਂ ਆਪਣੀਆਂ ਹੱਦਾਂ ਹਨ ਅਤੇ ਪੂਰੇ ਰੂਪ ਨਾਲ ਰਾਜਨੀਤੀ ਵਿੱਚ ਰੰਗੇ ਹੋਏ ਸਪੀਕਰ ਦੇ ਅਮਰੀਕੀ ਮਾਡਲ ਦੇ ਅਹੁਦੇ ਦੀਆਂ ਵੀ ਆਪਣੀਆਂ ਹੱਦਾਂ ਹਨ। ਭਾਰਤੀ ਮਾਡਲ ਮੱਧ ਮਾਰਗ ਹੈ ਅਤੇ ਅੱਜ ਤੱਕ ਇਸ ਪ੍ਰਬੰਧ ਨੇ ਪੂਰੇ ਰੂਪ ਨਾਲ ਚੰਗੀ ਤਰ੍ਹਾਂ ਨਾਲ ਕੰਮ ਕੀਤਾ ਹੈ। ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਸਪੀਕਰ ਦੇ ਅਹੁਦੇ ਨੂੰ ਇਕ ਉੱਚਾ ਅਤੇ ਸਨਮਾਨਜਨਕ ਅਹੁਦੇ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਪੰਡਿਤ ਨਹਿਰੂ ਹੇਠ ਲਿਖੇ ਸ਼ਬਦ ਹਮੇਸ਼ਾ ਇਸ ਅਹੁਦੇ ਅਤੇ ਭਾਰਤੀ ਲੋਕ ਸੇਵਾ ਵਿੱਚ ਸਪੀਕਰ ਦੀ ਮਹੱਤਵਪੂਰਨ ਭੂਮਿਕਾ ਸਬੰਧੀ ਲੋਕਪ੍ਰਿਯ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੇ ਹਨ-"ਸਪੀਕਰ ਸਦਨ (ਲੋਕ ਸਭਾ) ਦੀ ਪ੍ਰਤੀਨਿਧਤਾ ਕਰਦਾ ਹੈ। ਉਹ ਸਦਨ ਦੀ ਸ਼ਾਨ ਸਦਨ ਦੀ ਸੁਤੰਤਰਤਾ ਦੀ ਪ੍ਰਤੀਨਿਧਤਾ ਕਰਦਾ ਹੈ, ਕਿਉਂਕਿ ਸਦਨ ਇਕ ਵਿਸ਼ੇਸ਼ ਢੰਗ ਨਾਲ ਰਾਸ਼ਟਰ ਦੀ ਪ੍ਰਤੀਨਿਧਤਾ ਕਰਦਾ ਹੈ, ਇਸ ਲਈ ਸਪੀਕਰ ਰਾਸ਼ਟਰੀ ਸੁਤੰਤਰਤਾ ਅਤੇ ਸੁਤੰਤਰਤਾ ਦਾ ਪ੍ਰਤੀਕ ਬਣ ਜਾਂਦਾ ਹੈ। ਇਹ ਕਹਿਣਾ ਠੀਕ ਹੈ ਕਿ ਉਸ ਦੇ ਅਹੁਦੇ ਦੀ ਸਨਮਾਨਿਤ ਸਥਿਤੀ ਹੈ। ਇਕ ਸੁਤੰਤਰ ਹੋਂਦ ਅਤੇ ਇਸ ਅਹੁਦੇ 'ਤੇ ਵਿਲੱਖਣ ਸਮਰਥਨ ਅਤੇ ਨਿਰਪੱਖ ਵਿਅਕਤੀਗਤ ਵਾਲਾ ਵਿਅਕਤੀ ਹੀ ਬਿਰਾਜਮਾਨ ਹੋਣਾ ਚਾਹੀਦਾ ਹੈ।" ਸ਼੍ਰੀ ਨਹਿਰੂ ਦੀ ਸਲਾਹ 'ਤੇ ਚੱਲਦੇ ਹੋਏ ਲੋਕ ਸਭਾ ਦੇ ਮੈਂਬਰਾਂ ਨੂੰ ਚਾਹੀਦਾ ਹੈ ਕਿ ਉਹ ਹਮੇਸ਼ਾ ਸਪੀਕਰ ਦੀ ਚੋਣ ਕਰਦੇ ਸਮੇਂ ਦਲ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਇਕ ਯੋਗ ਅਤੇ ਤਜ਼ਰਬੇਕਾਰ ਮੈਂਬਰ ਨੂੰ ਹੀ ਸਪੀਕਰ ਦੇ ਰੂਪ ਵਿੱਚ ਚੁਣਨ।

## 6.8 ਲੋਕ ਸਭਾ ਅਤੇ ਰਾਜ ਸਭਾ ਵਿੱਚ ਸਬੰਧ (Relation between Lok Sabha and Rajya Sabha)

ਭਾਰਤੀ ਸੰਵਿਧਾਨ ਦੇ ਅਨੁਛੇਦ 79 ਵਿੱਚ ਕਿਹਾ ਗਿਆ ਹੈ ਕਿ "ਸੰਘ ਦੀ ਇਕ ਸੰਸਦ ਹੋਵੇਗੀ ਜੋ ਰਾਸ਼ਟਰਪਤੀ ਅਤੇ ਦੋ ਸਦਨਾਂ, ਜਿਨ੍ਹਾਂ ਨੂੰ ਲਗਾਤਾਰ ਰਾਜਾਂ ਦੀ ਕੌਂਸਲ (ਰਾਜ ਸਭਾ) ਅਤੇ ਲੋਕਾਂ ਦਾ ਸਦਨ (ਲੋਕ ਸਭਾ) ਕਿਹਾ ਜਾਵੇਗਾ ਪਰ ਅਧਾਰਿਤ ਹੋਵੇਗੀ।" ਇਸ ਅਨੁਸਾਰ ਲੋਕ ਸਭਾ ਅਤੇ ਰਾਜ ਸਭਾ ਸੰਘੀ ਸੰਸਦ ਦੇ ਦੋ ਸਦਨ ਹਨ। ਲੋਕ ਸਭਾ ਹੇਠਲਾ ਸਦਨ ਅਤੇ ਰਾਜ ਸਭਾ ਉਪਰਲਾ ਸਦਨ ਹੈ। ਲੋਕ ਸਭਾ ਦੇ ਮੈਂਬਰ ਪ੍ਰਤੱਖ ਰੂਪ ਵਿੱਚ ਲੋਕਾਂ ਵੱਲੋਂ ਚੁਣੇ ਜਾਂਦੇ ਹਨ। ਇਸ ਦੀਆਂ ਸੀਟਾਂ ਦੀ ਵੰਡ ਜਨਸੰਖਿਆ ਦੇ

ਨੋਟ

ਅਧਾਰ ’ਤੇ ਹੁੰਦੀ ਹੈ। ਇਹ ਰਾਸ਼ਟਰ ਦੀ ਸਮੁੱਚੇ ਰੂਪ ਵਿੱਚ ਪ੍ਰਤੀਨਿਧਤਾ ਕਰਦੀ ਹੈ ਅਤੇ ਇਸ ਦੇ ਮੈਂਬਰਾਂ ਦੀ ਸੰਖਿਆ 545 ਹੈ। ਰਾਜ ਸਭਾ ਭਾਰਤੀ ਸੰਘ ਦੇ ਰਾਜਾਂ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਦੇ ਮੈਂਬਰਾਂ ਦੀ ਸੰਖਿਆ 250 ਹੈ ਜਿਸ ਵਿੱਚੋਂ 238 ਰਾਜਾਂ ਨੂੰ ਵਿਧਾਨ ਸਭਾਵਾਂ ਵੱਲੋਂ ਚੁਣੇ ਜਾਂਦੇ ਹਨ ਅਤੇ 12 ਰਾਸ਼ਟਰਪਤੀ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ। ਰਾਜਾਂ ਵਿੱਚ ਰਾਜ ਸਭਾ ਦੀਆਂ ਸੀਟਾਂ ਦੀ ਵੰਡ ਸੰਵਿਧਾਨ ਦੇ ਅਨੁਸਾਰ ਕੀਤੀ ਜਾਂਦੀ ਹੈ ਅਤੇ ਅਜਿਹਾ ਕਰਦੇ ਸਮੇਂ ਜਨਸੰਖਿਆ ਦੇ ਤੱਥ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ।

ਇਕ ਦੋ-ਸਦਨੀ ਸੰਸਦ ਹਮੇਸ਼ਾ ਦੋਨਾਂ ਸਦਨਾਂ ਦੇ ਵਿੱਚ ਗਹਿਰੇ ਸਬੰਧਾਂ ਦੀ ਸਥਾਪਨਾ ਕਰਨ ਦੀਆਂ ਹੱਦਾਂ ਪੈਦਾ ਕਰਦਾ ਹੈ ਪਰ ਭਾਰਤ ਦੇ ਸੰਵਿਧਾਨ ਨਿਰਮਾਤਾਵਾਂ ਨੇ ਇਸ ਸਮੱਸਿਆ ਨੂੰ ਸਮਝਦਾਰੀ ਨਾਲ ਨਿਪਟਾਇਆ ਹੈ। ਉਨ੍ਹਾਂ ਨੇ ਰਾਜ ਸਭਾ ਨੂੰ ਅਮਰੀਕਾ ਸੀਨੇਟ ਦੇ ਬਰਾਬਰ ਨਾ ਤਾਂ ਜ਼ਿਆਦਾ ਸ਼ਕਤੀਸ਼ਾਲੀ ਬਣਾਇਆ ਅਤੇ ਨਾ ਹੀ ਬਰਤਾਨੀਆ ਦੇ ਹਾਊਸ ਆਫ ਲਾਰਡ ਦੀ ਤਰ੍ਹਾਂ ਸ਼ਕਤੀਹੀਣ ਬਣਾਇਆ, ਉਨ੍ਹਾਂ ਨੇ ਮੱਧ ਮਾਰਗ ਅਪਣਾਇਆ। ਉਨ੍ਹਾਂ ਨੇ ਰਾਜ ਸਭਾ ਨੂੰ ਦੂਸਰਾ ਸਦਨ ਬਣਾਇਆ ਪਰ ਦੂਸਰੇ ਦਰਜੇ ਦਾ ਸਦਨ ਨਹੀਂ। ਉਨ੍ਹਾਂ ਨੇ ਲੋਕ ਸਭਾ ਨੂੰ ਸ਼ਕਤੀਸ਼ਾਲੀ ਸਦਨ ਬਣਾਇਆ ਪਰ ਸਰਵ ਸ਼ਕਤੀਮਾਨ ਸਦਨ ਨਹੀਂ। ਲੋਕ ਸਭਾ ਅਤੇ ਰਾਜ ਸਭਾ ਵਿੱਚ ਸਬੰਧ ਨਿਸ਼ਚਿਤ ਕਰਦੇ ਸਮੇਂ ਸੰਵਿਧਾਨ ਨਿਰਮਾਤਾ ਦੋ ਸਦਨਾਂ ਨੂੰ ਸਰਗਰਮ ਹਿੱਸੇਦਾਰ ਬਣਾਉਣ ਦੇ ਉਦੇਸ਼ ਨਾਲ ਪ੍ਰੇਰਿਤ ਹੋਏ। ਉਨ੍ਹਾਂ ਨੇ ਬਹੁਤ ਸੂਝ-ਬੂਝ ਨਾਲ ਲੋਕ ਸਭਾ ਅਤੇ ਰਾਜ ਸਭਾ ਵਿੱਚ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਦੀ ਵੰਡ ਕੀਤੀ ਅਤੇ ਲੋਕ ਸਭਾ ਨੂੰ ਰਾਜ ਸਭਾ ਦੀ ਤੁਲਨਾ ਵਿੱਚ ਜ਼ਿਆਦਾ ਸ਼ਕਤੀਸ਼ਾਲੀ ਸਦਨ ਬਣਾਇਆ।

ਜਦੋਂ ਅਸੀਂ ਸੰਵਿਧਾਨਿਕ ਵਿਵਸਥਾਵਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਬਹੁਤ ਸਾਰੇ ਖੇਤਰਾਂ ਵਿੱਚ ਲੋਕ ਸਭਾ ਜ਼ਿਆਦਾ ਸ਼ਕਤੀਸ਼ਾਲੀ ਹੈ ਜਦੋਂ ਕਿ ਕੁਝ ਖੇਤਰਾਂ ਵਿੱਚ ਰਾਜ ਸਭਾ ਨੂੰ ਨਿਸ਼ਚਿਤ ਰੂਪ ਵਿੱਚ ਵਿਸ਼ੇਸ਼ ਸ਼ਕਤੀਆਂ ਪ੍ਰਾਪਤ ਹਨ। ਸੰਸਦ ਦੇ ਦੋਨਾਂ ਸਦਨਾਂ ਦੇ ਸਬੰਧਾਂ ਦਾ 3 ਵੱਡੇ ਸਿਰਲੇਖਾਂ ਦੇ ਅਧੀਨ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ:

(ੳ) ਲੋਕ ਸਭਾ ਅਤੇ ਰਾਜ ਸਭਾ ਦੀਆਂ ਇੱਕੋ ਜਿਹੀਆਂ ਸ਼ਕਤੀਆਂ।

(ਅ) ਰਾਜ ਸਭਾ ’ਤੇ ਲੋਕ ਸਭਾ ਦੀ ਸ੍ਰੇਸ਼ਠਤਾ।

(ੲ) ਰਾਜ ਸਭਾ ਦੀ ਲੋਕ ਸਭਾ ’ਤੇ ਕੁਝ ਵਿਸ਼ੇਸ਼ ਸ਼ਕਤੀ।

### (ੳ) ਲੋਕ ਸਭਾ ਅਤੇ ਰਾਜ ਸਭਾ ਦੀਆਂ ਬਰਾਬਰ ਸ਼ਕਤੀਆਂ (Equal Powers of the Lok Sabha and the Rajya Sabha)

1. **ਸਧਾਰਣ ਬਿੱਲਾਂ ਦੇ ਸਬੰਧ ਵਿੱਚ** (Regarding Ordinary Bills)–ਜਿੱਥੇ ਕਿ ਸਧਾਰਣ ਬਿੱਲਾਂ ਦਾ ਸਬੰਧ ਹੈ ਦੋਨਾਂ ਸਦਨਾਂ ਦੀਆਂ ਸ਼ਕਤੀਆਂ ਬਰਾਬਰ ਹਨ। ਇਕ ਸਧਾਰਣ ਬਿੱਲ ਦੋਵਾਂ ਸਦਨਾਂ ਵਿੱਚੋਂ ਕਿਸੇ ਵੀ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਦੋਵਾਂ ਸਦਨਾਂ ਵੱਲੋਂ ਪਾਸ ਕੀਤੇ ਬਿਨਾਂ ਪਾਸ ਨਹੀਂ ਸਮਝਿਆ ਜਾ ਸਕਦਾ। ਜੇਕਰ ਦੋਵਾਂ ਸਦਨਾਂ ਵਿੱਚ ਕਿਸੇ ਬਿੱਲ ਦੇ ਸਬੰਧ ਵਿੱਚ ਗਤੀਰੋਧ ਪੈਦਾ ਹੋ ਜਾਂਦਾ ਹੈ ਅਤੇ ਇਹ ਗਤੀਰੋਧ 6 ਮਹੀਨੇ ਤੋਂ ਜ਼ਿਆਦਾ ਸਮੇਂ ਸਥਾਪਿਤ ਰਹਿੰਦਾ ਹੈ ਤਾਂ ਰਾਸ਼ਟਰਪਤੀ ਇਸ ਦਾ ਹੱਲ ਲੱਭਣ ਦੇ ਲਈ ਦੋਨਾਂ ਸਦਨਾਂ ਦਾ ਸਾਂਝਾ ਅਧਿਵੇਸ਼ਨ ਬੁਲਾਉਂਦਾ ਹੈ। ਜੇਕਰ ਇਸ ਅਧਿਵੇਸ਼ਨ ਵਿੱਚ ਬਿੱਲ ਬਹੁਮਤ ਨਾਲ ਪਾਸ ਕਰ ਦਿੱਤਾ ਜਾਂਦਾ ਹੈ ਤਾਂ ਇਹ ਅਖੀਰਲੇ ਰੂਪ ਵਿੱਚ ਪਾਸ ਹੋ ਜਾਂਦਾ ਹੈ। ਸਾਂਝੇ ਅਧਿਵੇਸ਼ਨ ਦਾ ਫੈਸਲਾ ਦੋਵੇਂ ਸਦਨ ਮੰਨਣ ਲਈ ਪਾਬੰਦ ਹੁੰਦੇ ਹਨ ਪਰ ਲੋਕ ਸਭਾ ਦੇ ਮੈਂਬਰਾਂ ਦੀ ਜ਼ਿਆਦਾ ਸੰਖਿਆ ਸ੍ਰੇਸ਼ਠਤਾ ਉਨ੍ਹਾਂ ਨੂੰ ਸਾਂਝੇ ਸਦਨ ਦੀ ਬੈਠਕ ਜਿਸ ਦੀ ਪ੍ਰਧਾਨਗੀ ਸਪੀਕਰ ਕਰਦਾ ਹੈ, ਦੀ ਕਾਰਵਾਈ ’ਤੇ ਹਾਵੀ ਹੋਣ ਦੇ ਸਮਰਥ ਬਣਾਉਂਦੀ ਹੈ। ਫਿਰ ਸਾਂਝੇ ਅਧਿਵੇਸ਼ਨ ਦੀ ਪ੍ਰਧਾਨਗੀ ਵੀ ਲੋਕ ਸਭਾ ਦਾ ਸਪੀਕਰ ਹੀ ਕਰਦਾ ਹੈ। ਇਹ ਢੰਗ ਰਾਜ ਸਭਾ ਦੀ ਤੁਲਨਾ ਵਿੱਚ ਲੋਕ ਸਭਾ ਦੇ ਪੱਖ ਵਿੱਚ ਹੈ। ਇਸ ਤੋਂ ਇਲਾਵਾ ਕਾਨੂੰਨੀ ਅਤੇ ਸਿਧਾਂਤਕ ਰੂਪ ਵਿੱਚ ਕੋਈ ਵੀ ਬਿੱਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ ਪਰ ਅਸਲ ਵਿੱਚ ਲੱਗਭਗ ਸਾਰੇ ਮਹੱਤਵਪੂਰਨ ਬਿੱਲ ਹਮੇਸ਼ਾ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾਂਦੇ ਹਨ। ਅਜਿਹਾ ਮੁੱਖ ਰੂਪ ਵਿੱਚ ਲੋਕ ਸਭਾ ਦੇ ਜ਼ਿਆਦਾ ਪ੍ਰਤੀਨਿਧੀ ਚਰਿੱਤਰ ਦੇ ਕਾਰਨ ਕੀਤਾ ਜਾਂਦਾ ਹੈ ਅਤੇ ਇਸ ਤੱਥ ਦੇ ਕਾਰਨ ਵੀ ਕਿ ਸਰਕਾਰ ਦੇ ਜ਼ਿਆਦਾਤਰ ਮੰਤਰੀ ਲੋਕ ਸਭਾ ਨਾਲ ਹੀ ਹੁੰਦੇ ਹਨ। ਇਸ ਨਾਲ ਰਾਜ ਸਭਾ ਦੀ ਤੁਲਨਾ ਵਿੱਚ ਲੋਕ ਸਭਾ ਦਾ ਮਹੱਤਵ ਜ਼ਿਆਦਾ ਰਹਿੰਦਾ ਹੈ।

2. **ਸੰਵਿਧਾਨਿਕ ਸੋਧ ਨਾਲ ਸਬੰਧਿਤ** (Regarding Constitutional Amendments)–ਸੰਵਿਧਾਨਿਕ ਸੋਧ ਦੇ ਖੇਤਰ ਵਿੱਚ ਦੋਵਾਂ ਸਦਨਾਂ ਦੀਆਂ ਸ਼ਕਤੀਆਂ ਬਰਾਬਰ ਹਨ। ਇਕ ਸੰਵਿਧਾਨਿਕ ਸੋਧ ਬਿੱਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਉਦੋਂ ਤੱਕ ਪਾਸ ਹੋਇਆ ਨਹੀਂ ਸਮਝਿਆ ਜਾਂਦਾ, ਜਦੋਂ ਤੱਕ ਉਸ ਨੂੰ ਦੋਨਾਂ ਸਦਨਾਂ ਵੱਲੋਂ ਇਕ ਬਰਾਬਰ ਵਿਸ਼ੇਸ਼ਤਾਵਾਂ ਨਾਲ ਸੰਵਿਧਾਨ ਦੇ ਅਨੁਛੇਦ 368 ਵੱਲੋਂ ਨਿਰਧਾਰਿਤ ਕਾਰਵਾਈ ਦੇ ਅਨੁਸਾਰ ਨਹੀਂ ਕਰ ਲਿਆ ਜਾਂਦਾ। ਸੰਵਿਧਾਨ ਵਿੱਚ ਦੋਵਾਂ ਸਦਨਾਂ ਵਿੱਚ ਸੰਵਿਧਾਨਿਕ ਸੋਧ ਨਾਲ ਸਬੰਧਿਤ ਗਤੀਰੋਧ ਹੱਲ ਕਰਨ ਨਾਲ ਸਬੰਧਿਤ ਕੋਈ ਵਿਵਸਥਾ ਨਹੀਂ ਹੈ। ਸ਼ੰਕਰ ਪ੍ਰਸ਼ਾਦ ਬਨਾਮ ਭਾਰਤੀ ਸੰਘ ਦੇ ਕੇਸ ਵਿੱਚ ਸਰਵਉੱਚ ਅਦਾਲਤ ਨੇ ਫੈਸਲਾ ਦਿੱਤਾ ਸੀ ਕਿ ਸੰਵਿਧਾਨਿਕ ਗਤੀਰੋਧ ਦੇ ਬਰਾਬਰ ਹੱਲ ਲਈ ਦੋਵਾਂ ਸਦਨਾਂ ਦਾ ਸਾਂਝਾ ਅਧਿਵੇਸ਼ਨ ਬੁਲਾਇਆ ਜਾ ਸਕਦਾ ਹੈ ਪਰ 6ਵੀਂ ਲੋਕ ਸਭਾ ਦੇ ਸਪੀਕਰ ਸ਼੍ਰੀ ਹੇਗੜੇ ਨੇ ਇਕ

ਫੈਸਲਾ ਦਿੱਤਾ ਸੀ ਕਿ ਸੰਵਿਧਾਨਿਕ ਸੋਧ ਨਾਲ ਸਬੰਧਿਤ ਦੋਵਾਂ ਸਦਨਾਂ ਦੀਆਂ ਸ਼ਕਤੀਆਂ ਇਕ ਬਰਾਬਰ ਹਨ। ਰਾਜ ਸਭਾ ਕਿਸੇ ਵੀ ਸੋਧ ਪ੍ਰਸਤਾਵ ਨੂੰ ਰੋਕ ਸਕਦੀ ਹੈ ਜਾਂ ਲੋਕ ਸਭਾ ਨੂੰ ਇਸ ਵਿੱਚ ਜ਼ਰੂਰੀ ਸੋਧ ਕਰਨ ਲਈ ਮਜ਼ਬੂਰ ਕਰ ਸਕਦੀ ਹੈ। **ਨੋਟ**

3. **ਮਹਾਭਿਯੋਗ ਨਾਲ ਸਬੰਧਿਤ ਸ਼ਕਤੀਆਂ** (Regarding Impeachment Powers)–ਮਹਾਭਿਯੋਗ ਨਾਲ ਸਬੰਧ ਵਿੱਚ ਦੋਵਾਂ ਸਦਨਾਂ ਦੀਆਂ ਸ਼ਕਤੀਆਂ ਬਰਾਬਰ ਹਨ। ਦੋਵੇਂ ਸਦਨ ਵਿਅਕਤੀਗਤ ਰੂਪ ਵਿੱਚ ਰਾਸ਼ਟਰਪਤੀ, ਸਰਵਉੱਚ ਅਦਾਲਤ ਅਤੇ ਉੱਚ ਅਦਾਲਤ ਦੇ ਜੱਜਾਂ ਵਿਰੁੱਧ ਮਹਾਭਿਯੋਗ ਦੀ ਕਾਰਵਾਈ ਸ਼ੁਰੂ ਕਰ ਸਕਦੇ ਹਨ। ਇਕ ਸਦਨ ਦੋ–ਤਿਹਾਈ ਬਹੁਤ ਸਾਰੇ ਦੋਸ਼ ਲਗਾਉਂਦਾ ਹੈ ਅਤੇ ਦੂਸਰਾ ਸਦਨ ਦੋਸ਼ਾਂ ਦੀ ਜਾਂਚ ਕਰਦਾ ਹੈ। ਜੇਕਰ ਜਾਂਚ ਤੋਂ ਬਾਅਦ ਦੂਸਰਾ ਸਦਨ ਵੀ ਦੋ–ਤਿਹਾਈ ਬਹੁਮਤ ਨਾਲ ਮਹਾਭਿਯੋਗ ਪ੍ਰਸਤਾਵ ਪਾਸ ਕਰ ਦਿੰਦਾ ਹੈ ਤਾਂ ਸਬੰਧਿਤ ਅਧਿਕਾਰੀ ਨੂੰ ਮਹਾਭਿਯੋਗ ਕਰਾਰ ਦੇ ਦਿੱਤਾ ਜਾਂਦਾ ਹੈ। ਉੱਪ–ਰਾਸ਼ਟਰਪਤੀ ਨੂੰ ਹਟਾਉਣ ਸਬੰਧੀ ਪ੍ਰਸਤਾਵ ਕੇਵਲ ਰਾਜ ਸਭਾ ਵਿੱਚ ਹੀ ਰੱਖਿਆ ਜਾ ਸਕਦਾ ਹੈ। ਜੇਕਰ ਰਾਜ ਸਭਾ ਪਾਸ ਕਰ ਦਿੰਦੀ ਹੈ ਤਾਂ ਇਸ ਨੂੰ ਲੋਕ ਸਭਾ ਦੀ ਮਨਜ਼ੂਰੀ ਲਈ ਭੇਜਿਆ ਜਾਂਦਾ ਹੈ, ਲੋਕ ਸਭਾ ਇਸ ਨਾਲ ਸਬੰਧਿਤ ਅਖੀਰਲਾ ਫੈਸਲਾ ਲੈਂਦੀ ਹੈ। ਇਸ ਤਰ੍ਹਾਂ ਮਹਾਭਿਯੋਗ ਨਾਲ ਸਬੰਧਿਤ ਲੋਕ ਸਭਾ ਦੀਆਂ ਇਕ ਬਰਾਬਰ ਸ਼ਕਤੀਆਂ ਹਨ ਪਰ ਹਾਲੇ ਤੱਕ ਅਜਿਹੀਆਂ ਸ਼ਕਤੀਆਂ ਦਾ ਇਸਤੇਮਾਲ ਨਹੀਂ ਕੀਤਾ ਗਿਆ।

4. **ਬਰਾਬਰ ਚੋਣ ਸ਼ਕਤੀਆਂ** (Co-equal Electoral Powers)– ਦੋਵਾਂ ਸਦਨਾਂ ਕੋਲ ਬਰਾਬਰ ਚੋਣ ਸ਼ਕਤੀਆਂ ਹਨ। ਲੋਕ ਸਭਾ ਅਤੇ ਰਾਜ ਸਭਾ ਦੇ ਚੁਣੇ ਮੈਂਬਰ ਰਾਸ਼ਟਰਪਤੀ ਦੀ ਚੋਣ ਵਿੱਚ ਭਾਗ ਲੈਂਦੇ ਹਨ। ਦੋਵਾਂ ਸਦਨਾਂ ਦੇ ਮੈਂਬਰ ਉੱਪ–ਰਾਸ਼ਟਰਪਤੀ ਦੀ ਚੋਣ ਵਿੱਚ ਹਿੱਸਾ ਲੈਂਦੇ ਹਨ।

5. **ਸੰਕਟਕਾਲ ਦੀ ਘੋਸ਼ਣਾ ਨੂੰ ਮਨਜ਼ੂਰੀ ਦੇਣ ਦਾ ਅਧਿਕਾਰ** (Power to Approve Emergency Proclamation)– ਜਦੋਂ ਕਦੀ ਵੀ ਰਾਸ਼ਟਰਪਤੀ ਅਨੁਛੇਦ 352, 356 ਜਾਂ 360 ਦੇ ਅਧੀਨ ਸੰਕਟਕਾਲ ਘੋਸ਼ਿਤ ਕਰਦਾ ਹੈ ਤਾਂ ਇਸ ’ਤੇ ਸੰਸਦ ਦੇ ਦੋਵਾਂ ਸਦਨਾਂ ਦੀ ਮਨਜ਼ੂਰੀ ਜ਼ਰੂਰੀ ਹੁੰਦੀ ਹੈ। ਇਹ ਤਾਂ ਹੀ ਜਾਰੀ ਰਹਿੰਦੀ ਹੈ ਜੇਕਰ ਦੋਵੇਂ ਸਦਨ ਇਸ ਨੂੰ ਮਨਜ਼ੂਰੀ ਦੇ ਦਿੰਦੇ ਹਨ। ਇਸ ਨਾਲ ਸਬੰਧਿਤ ਦੋਵਾਂ ਸਦਨਾਂ ਦੀਆਂ ਸ਼ਕਤੀਆਂ ਬਰਾਬਰ ਹਨ। ਜੇਕਰ ਲੋਕ ਸਭਾ ਭੰਗ ਹੋਵੇ ਅਤੇ ਸੰਕਟਕਾਲ ਲਾਗੂ ਕੀਤੇ ਜਾਣ ਦੀ ਮਨਜ਼ੂਰੀ ਲੈਣੀ ਹੋਵੇ ਤਾਂ ਰਾਸ਼ਟਰਪਤੀ ਇਸ ਨੂੰ ਮਨਜ਼ੂਰੀ ਦੇ ਲਈ ਰਾਜ ਸਭਾ ਵਿੱਚ ਰੱਖਦਾ ਹੈ। ਜੇਕਰ ਰਾਜ ਸਭਾ ਮਨਜ਼ੂਰੀ ਦੇ ਦਿੰਦੀ ਹੈ ਤਾਂ ਸੰਕਟਕਾਲ ਲਾਗੂ ਰਹਿੰਦਾ ਹੈ ਨਹੀਂ ਤਾਂ 30 ਦਿਨਾਂ ਬਾਅਦ ਖਤਮ ਹੋ ਜਾਂਦਾ ਹੈ ਪਰ ਰਾਜ ਸਭਾ ਵੱਲੋਂ ਸਵੀਕਾਰ ਕਰਨ ਦੇ ਬਆਦ ਨਵੀਂ ਲੋਕ ਸਭਾ ਤੋਂ ਵੀ ਮਨਜ਼ੂਰੀ ਲੈਣੀ ਜ਼ਰੂਰੀ ਹੁੰਦੀ ਹੈ। ਸੰਕਟਕਾਲ ਤਾਂ ਹੀ ਲਾਗੂ ਰਹਿ ਸਕਦਾ ਹੈ ਜੇਕਰ ਇਸ ਨਾਲ ਸਬੰਧਿਤ 30 ਦਿਨਾਂ ਦੇ ਅੰਦਰ ਨਵੀਂ ਲੋਕ ਸਭਾ ਮਨਜ਼ੂਰੀ ਦੇ ਦਿੰਦੀ ਹੈ।

6. **ਰਿਪੋਰਟਾਂ ’ਤੇ ਸਲਾਹ-ਮਸ਼ਵਰੇ ਦਾ ਬਰਾਬਰ ਅਧਿਕਾਰ** (Equal Power to Consider Reports)– ਅਲੱਗ–ਅਲੱਗ ਰਿਪੋਰਟਾਂ ’ਤੇ ਵਿਚਾਰ ਕਰਨ ਦੇ ਸਬੰਧ ਵਿੱਚ ਦੋਵਾਂ ਸਦਨਾਂ ਦੀਆਂ ਬਰਾਬਰ ਸ਼ਕਤੀਆਂ ਹਨ। ਸੰਸਦ ਦੇ ਦੋਵੇਂ ਸਦਨ ਸੰਘ ਲੋਕ ਸੇਵਾ ਆਯੋਗ, ਕੰਪੈਟ੍ਰੋਲਰ ਐਂਡ ਆਡੀਟਰ ਜਨਰਲ ਅਤੇ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਸਬੰਧੀ ਆਯੋਗ ਦੀ ਰਿਪੋਰਟ ’ਤੇ ਵਿਚਾਰ ਕਰਦੇ ਹਨ।

### (ਖ) ਰਾਜ ਸਭਾ ’ਤੇ ਲੋਕ ਸਭਾ ਦੀ ਸ੍ਰੇਸ਼ਠਤਾ (Superiority of the Lok Sabha over the Rajya Sabha)

ਕੁਝ ਖੇਤਰਾ ਵਿੱਚ ਰਾਜ ਸਭਾ ਦੀ ਤੁਲਨਾ ਵਿੱਚ ਸ੍ਰੇਸ਼ਠਤਾ ਹਾਸਿਲ ਹੈ। ਸੰਵਿਧਾਨ ਅਨੁਸਾਰ ਲੋਕ ਸਭਾ ਨੂੰ ਵਿਸ਼ੇਸ਼ ਸ਼ਕਤੀਆਂ ਦਿੰਦੇ ਸਮੇਂ ਕਈ ਖੇਤਰਾਂ ਵਿੱਚ ਰਾਜ ਸਭਾ ਦੀ ਦੂਸਰੇ ਦਰਜੇ ਦੀ ਭੂਮਿਕਾ ਵੀ ਦਿੱਤੀ ਗਈ ਹੈ। ਇਸ ਤੱਥ ਸਬੰਧੀ ਹੇਠ ਲਿਖੀਆ ਵਿਸ਼ੇਸ਼ਤਾਵਾਂ ਤੋਂ ਪਤਾ ਲੱਗਦਾ ਹੈ:

1. **ਵਿੱਤੀ ਮਾਮਲਿਆਂ ਵਿੱਚ ਲੋਕ ਸਭਾ ਦੀ ਸ੍ਰੇਸ਼ਠਤਾ** (Superiority of the Lok Sabha in Financial Matters)–ਵਿੱਤੀ ਖੇਤਰ ਵਿੱਚ ਰਾਜ ਸਭਾ ਦੀ ਤੁਲਨਾ ਵਿੱਚ ਲੋਕ ਸਭਾ ਜ਼ਿਆਦਾ ਸ਼ਕਤੀਸ਼ਾਲੀ ਹੈ। ਵਿੱਤੀ ਬਿੱਲ ਕੇਵਲ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾ ਸਕਦੇ ਹਨ। ਬਿੱਲ ਦੇ ਵਿੱਤੀ ਬਿੱਲ ਹੋਣ ਜਾਂ ਨਾ ਹੋਣ ਨਾਲ ਸਬੰਧਿਤ ਪੈਦਾ ਹੋਏ ਝਗੜੇ ਦੇ ਮਾਮਲਿਆਂ ਵਿੱਚ ਲੋਕ ਸਭਾ ਦੇ ਸਪੀਕਰ ਦਾ ਨਿਰਮਾਣ ਅਖੀਰਲਾ ਹੁੰਦਾ ਹੈ। ਹਰੇਕ ਵਿੱਤ ਬਿੱਲ ਕੇਵਲ ਲੋਕ ਸਭਾ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਇਸ ਵੱਲੋਂ ਪਾਸ ਹੋਣ ਦੇ ਬਾਅਦ ਹੀ ਇਹ ਰਾਜ ਸਭਾ ਵਿੱਚ ਜਾਂਦਾ ਹੈ। ਰਾਜ ਸਭਾ ਵਿੱਤ ਬਿੱਲ ਨੂੰ ਕੇਵਲ 14 ਦਿਨ ਤੱਕ ਰੋਕ ਸਕਦੀ ਹੈ। ਰਾਜ ਸਭਾ ਵਿੱਚ ਬਿੱਲ ਭੇਜਣ ਤੋਂ ਬਾਅਦ ਬਿੱਲ ਨੂੰ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਪਾਸ ਸਮਝਿਆ ਜਾਂਦਾ ਹੈ। ਜੇਕਰ ਰਾਜ ਸਭਾ 14 ਦਿਨਾਂ ਦੇ ਅੰਦਰ ਵਿੱਤ ਬਿੱਲ ਲੋਕ ਸਭਾ ਨੂੰ ਕੁਝ ਸੋਧ ਸਹਿਤ ਵਾਪਿਸ ਭੇਜ ਦਿੰਦੀ ਹੈ ਤਾਂ ਲੋਕ ਸਭਾ ਇਸ ਬਿੱਲ ਨੂੰ ਰਾਜ ਸਭਾ ਦੀ ਸੋਧ ਨੂੰ ਸਵੀਕਾਰ ਕੀਤੇ ਬਿਨਾਂ ਪਾਸ ਕਰ ਸਕਦੀ ਹੈ। ਇਸ ਤਰ੍ਹਾਂ ਵਿੱਤ ਬਿੱਲ ਨਾਲ ਸਬੰਧਿਤ ਰਾਜ ਸਭਾ ਕੋਲ ਕੇਵਲ 14 ਦਿਨ ਰੋਕ ਕੇ ਰੱਖਣ ਦਾ ਅਧਿਕਾਰ ਹੈ। ਵਿੱਤੀ ਕਾਨੂੰਨ–ਨਿਰਮਾਣ ਦੇ ਸਬੰਧ ਵਿੱਚ ਲੋਕ ਸਭਾ ਕੋਲ ਸਰਵਉੱਚ ਅਧਿਕਾਰ ਹੈ।

2. **ਕਾਰਜਪਾਲਿਕਾ ’ਤੇ ਕੰਟਰੋਲ ਕਰਨ ਦਾ ਅਧਿਕਾਰ ਲੋਕ ਸਭਾ ਦਾ ਹੈ ਨਾ ਕਿ ਰਾਜ ਸਭਾ ਦਾ** (The Lok Sabha and not the Rajya Sabha has the Power to Control the Executive)- ਕਾਰਜਪਾਲਿਕਾ ਸ਼ਕਤੀਆਂ ਦੇ ਖੇਤਰ ਵਿੱਚ ਵੀ ਰਾਜ ਸਭਾ ਦਾ ਸਥਾਨ ਘੱਟ ਮਹੱਤਵ ਵਾਲਾ ਹੈ। ਸੰਵਿਧਾਨ ਦੇ ਅਨੁਛੇਦ 75 (3) ਦੇ ਅਨੁਸਾਰ ਮੰਤਰੀ ਪ੍ਰੀਸ਼ਦ ਲੋਕ ਸਭਾ ਦੇ ਸਾਹਮਣੇ

ਜ਼ਿੰਮੇਵਾਰ ਹੁੰਦੀ ਹੈ। ਲੋਕ ਸਭਾ ਬੇਭਰੋਸਗੀ ਪ੍ਰਸਤਾਵ ਪਾਸ ਕਰਕੇ ਮੰਤਰੀ ਪ੍ਰੀਸ਼ਦ ਨੂੰ ਅਹੁਦੇ ਤੋਂ ਹਟਾ ਸਕਦੀ ਹੈ। ਪ੍ਰਧਾਨ ਮੰਤਰੀ ਲੋਕ ਸਭਾ ਵਿੱਚ ਬਹੁਮਤ ਪ੍ਰਾਪਤ ਦਲ ਦਾ ਨੇਤਾ ਹੁੰਦਾ ਹੈ ਚਾਹੇ ਹੁਣ ਪ੍ਰਧਾਨ ਮੰਤਰੀ ਰਾਜ ਸਭਾ ਦਾ ਮੈਂਬਰ ਵੀ ਹੋ ਸਕਦਾ ਹੈ। ਇਸ ਤੋਂ ਇਲਾਵਾ ਮੰਤਰੀ ਪ੍ਰੀਸ਼ਦ ਦੇ ਜ਼ਿਆਦਾਤਰ ਮੰਤਰੀ ਵੀ ਲੋਕ ਸਭਾ ਵਿੱਚੋਂ ਹੀ ਲਏ ਜਾਂਦੇ ਹਨ। ਪ੍ਰਸ਼ਾਸਨ ਨਾਲ ਸਬੰਧਿਤ ਜਾਣਕਾਰੀ ਲੈਣ ਲਈ ਪ੍ਰਸ਼ਨ ਪੁੱਛਣ ਸਬੰਧੀ ਰਾਜ ਸਭਾ ਦੇ ਮੈਂਬਰਾਂ ਦਾ ਮੰਤਰੀਆਂ 'ਤੇ ਬਹੁਤ ਸੀਮਿਤ ਕੰਟਰੋਲ ਹੁੰਦਾ ਹੈ। ਸਰਕਾਰ ਦੀਆਂ ਨੀਤੀਆਂ ਨੂੰ ਆਲੋਚਨਾ ਕਰਨ ਦੇ ਸਬੰਧ ਵਿੱਚ ਵੀ ਸੀਮਿਤ ਅਧਿਕਾਰ ਹਨ। ਉਹ ਕਿਸੇ ਵੀ ਸਥਿਤੀ ਵਿੱਚ ਕੈਬਨਿਟ ਵਿਰੁੱਧ ਬੇਭਰੋਸਗੀ ਦਾ ਪ੍ਰਸਤਾਵ ਪਾਸ ਨਹੀਂ ਕਰ ਸਕਦੇ।

3. **ਮਹੱਤਵਪੂਰਨ ਬਿੱਲ ਪੇਸ਼ ਕਰਨ ਦੇ ਸਬੰਧ ਵਿੱਚ** (Regarding the introduction of Important Bills)– ਸਿਰਫ ਇਹ ਹੀ ਕਿਹਾ ਜਾਂਦਾ ਹੈ ਕਿ ਜ਼ਿਆਦਾ ਮਹੱਤਵ ਵਾਲੇ ਬਿੱਲ ਪਹਿਲੇ ਲੋਕ ਸਭਾ ਵਿੱਚ ਪੇਸ਼ ਕੀਤੇ ਜਾਂਦੇ ਹਨ। ਜ਼ਿਆਦਾਤਰ ਮੰਤਰੀ ਲੋਕ ਸਭਾ ਦੇ ਮੈਂਬਰ ਹੁੰਦੇ ਹਨ। ਮਹੱਤਵਪੂਰਨ ਨੀਤੀਆਂ ਸਬੰਧੀ ਚਰਚਾ ਵੀ ਲੋਕ ਸਭਾ ਵਿੱਚ ਹੀ ਸ਼ੁਰੂ ਹੁੰਦੀ ਹੈ। ਲੋਕ ਸਭਾ ਪ੍ਰਤੱਖ ਰੂਪ ਵਿੱਚ ਚੋਣ, ਲੋਕਤੰਤ੍ਰਿਕ, ਲੋਕਪ੍ਰਿਯ ਅਤੇ ਪੂਰੇ ਰੂਪ ਨਾਲ ਸਬੰਧਿਤ ਅਤੇ ਰਾਸ਼ਟਰਪਤੀ ਸਦਨ ਹੈ ਜਿਸ ਨੂੰ ਅਪ੍ਰਤੱਖ ਰੂਪ ਵਿੱਚ ਚੋਣ ਅਰਧ-ਸਥਾਈ ਅਤੇ ਘੱਟ ਸ਼ਕਤੀਸ਼ਾਲੀ ਰਾਜ ਸਭਾ ਦੀ ਤੁਲਨਾ ਵਿੱਚ ਲੋਕਾਂ ਅਤੇ ਮੰਤਰੀ-ਪ੍ਰੀਸ਼ਦ ਦਾ ਵਿਆਪਕ ਭਰੋਸਾ ਪ੍ਰਾਪਤ ਹੁੰਦਾ ਹੈ। ਜ਼ਿਆਦਾ ਮਹੱਤਵ ਵਾਲੇ ਬਿੱਲ ਪਹਿਲਾਂ ਸਧਾਰਣ ਰੂਪ ਵਿੱਚ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾਂਦੇ ਹਨ।

### (ਗ) ਰਾਜ ਸਭਾ ਦੀ ਵਿਸ਼ੇਸ਼ ਸ਼ਕਤੀਆਂ (Special Powers of the Rajya Sabha)

1. **ਕਿਸੇ ਰਾਜ-ਸੂਚੀ ਦੇ ਵਿਸ਼ੇ ਨੂੰ ਰਾਸ਼ਟਰੀ ਮਹੱਤਵ ਦਾ ਵਿਸ਼ੇ ਘੋਸ਼ਿਤ ਕਰਨ ਦੀ ਸ਼ਕਤੀ** (Regarding declaration of a State Subject as a Subject of National Importance)– ਰਾਜ ਸਭਾ ਦੇ ਮੈਂਬਰ ਦੋ-ਤਿਹਾਈ ਬਹੁਮਤ ਨਾਲ ਪ੍ਰਸਤਾਵ ਪਾਸ ਕਰਕੇ (ਅਨੁਛੇਦ 249 ਅਧੀਨ) ਰਾਜ-ਸੂਚੀ ਦੇ ਕਿਸੇ ਵੀ ਵਿਸ਼ੇ ਨੂੰ ਰਾਸ਼ਟਰੀ ਮਹੱਤਵ ਦਾ ਵਿਸ਼ੇ ਘੋਸ਼ਿਤ ਕਰ ਸਕਦੇ ਹਨ। ਅਜਿਹੀ ਸਥਿਤੀ ਵਿੱਚ ਸੰਘੀ ਸੰਸਦ ਨੂੰ ਇਕ ਸਾਲ ਦੇ ਲਈ ਰਾਜ-ਸੂਚੀ ਦੇ ਉਸ ਵਿਸ਼ੇ 'ਤੇ ਕਾਨੂੰਨ ਨਿਰਮਾਣ ਦਾ ਅਧਿਕਾਰ ਮਿਲ ਜਾਂਦਾ ਹੈ। ਰਾਜ ਸਭਾ ਅਜਿਹਾ ਪ੍ਰਸਤਾਵ ਵਾਰ-ਵਾਰ ਪਾਸ ਕਰ ਸਕਦੀ ਹੈ ਅਤੇ ਸੰਘੀ ਸੰਸਦ ਨੂੰ ਰਾਜ-ਸੂਚੀ ਦੇ ਵਿਸ਼ੇ ਸਬੰਧੀ ਕਾਨੂੰਨ ਬਣਾਉਣ ਦੇ ਯੋਗ ਬਣਾਉਂਦੀ ਹੈ। ਅਜਿਹਾ ਅਧਿਕਾਰ ਕੇਵਲ ਰਾਜ ਸਭਾ ਕੋਲ ਹੈ, ਲੋਕ ਸਭਾ ਕੋਲ ਨਹੀਂ।

2. **ਨਵੀਆਂ ਅਖਿਲ ਭਾਰਤੀ ਸੇਵਾਵਾਂ ਦਾ ਗਠਨ ਕਰਨ ਨਾਲ ਸਬੰਧਿਤ** (Regarding the Creation of New All India Services): ਰਾਜ ਸਭਾ ਦੇ ਮੈਂਬਰ ਅਨੁਛੇਦ 312 ਦੇ ਅਧੀਨ ਦੋ-ਤਿਹਾਈ ਬਹੁਮਤ ਨਾਲ ਪ੍ਰਸਤਾਵ ਪਾਸ ਕਰਕੇ ਕਿਸੇ ਵੀ ਸਰਵਜਨਕ ਸੇਵਾ ਨੂੰ ਅਖਿਲ ਭਾਰਤੀ ਸੇਵਾ ਕਰਾਰ ਦੇ ਸਕਦੇ ਹਨ। ਇਸ ਤਰ੍ਹਾਂ ਇਹ ਇਕ ਨਵੀਂ ਅਖਿਲ ਭਾਰਤੀ ਸੇਵਾ ਗਠਿਤ ਕਰਨ ਲਈ ਪ੍ਰਸਤਾਵ ਪਾਸ ਕਰ ਸਕਦੀ ਹੈ ਜਾਂ ਕਿਸੇ ਵਿਧਮਾਨ ਅਖਿਲ ਭਾਰਤੀ ਸੇਵਾ ਨੂੰ ਖਤਮ ਕਰ ਸਕਦੀ ਹੈ। ਇਸ ਤਰ੍ਹਾਂ ਸੰਵਿਧਾਨ ਦੇ ਅਨੁਸਾਰ ਅਜਿਹਾ ਅਧਿਕਾਰ ਕੇਵਲ ਰਾਜ ਸਭਾ ਦਾ ਹੈ ਅਤੇ ਇਸ ਖੇਤਰ ਵਿੱਚ ਲੋਕ ਸਭਾ ਨੂੰ ਕੋਈ ਅਜਿਹਾ ਅਧਿਕਾਰ ਨਹੀਂ ਦਿੱਤਾ ਗਿਆ।

3. **ਲੋਕ ਸਭਾ ਦੀ ਗੈਰ ਹਾਜ਼ਰੀ ਵਿੱਚ ਸੰਕਟਕਾਲ ਸਥਿਤੀ ਨੂੰ ਮਨਜ਼ੂਰੀ ਦੇਣਾ** (Regarding the Approval of Emergency in the absence of Lok Sabha): ਜੇਕਰ ਲੋਕ ਸਭਾ ਭੰਗ ਹੋਈ ਹੋਵੇ ਜਾਂ ਕਿਸੇ ਕਾਰਨ ਇਸ ਦਾ ਅਧਿਵੇਸ਼ਨ ਨਾ ਹੋ ਸਕਦਾ ਹੋਵੇ ਤਾਂ ਅਜਿਹੀ ਸਥਿਤੀ ਵਿੱਚ ਰਾਸ਼ਟਰਪਤੀ ਸੰਕਟਕਾਲ ਦੀ ਘੋਸ਼ਣਾ ਕਰ ਦੇਵੇ ਤਾਂ ਇਸ ਨਾਲ ਸਬੰਧਿਤ ਮਨਜ਼ੂਰੀ ਕੇਵਲ ਰਾਜ ਸਭਾ ਤੋਂ ਲੈਣੀ ਹੁੰਦੀ ਹੈ। ਜਦ ਕਿ ਨਵੀਂ ਲੋਕ ਸਭਾ ਦੇ ਗਠਨ ਤੋਂ ਬਾਅਦ ਇਸ ਨਾਲ ਸਬੰਧਿਤ ਉਸ ਤੋਂ ਮਨਜ਼ੂਰੀ ਲੈਣੀ ਵੀ ਜ਼ਰੂਰੀ ਹੁੰਦੀ ਹੈ।

### ਲੋਕ ਸਭਾ ਅਤੇ ਰਾਜ ਸਭਾ ਦੀ ਸਥਿਤੀ ਦਾ ਤੁਲਨਾਤਮਕ ਵਿਸ਼ਲੇਸ਼ਣ (Comparative Analysis of Positions of the Lok Sabha and Rajya Sabha)

ਸੰਸਦ ਦੇ ਦੋਵਾਂ ਸਦਨਾਂ ਦੀਆਂ ਸ਼ਕਤੀਆਂ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਬਾਅਦ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਰਾਜ ਸਭਾ ਦੀ ਤੁਲਨਾ ਵਿੱਚ ਬਿਨਾਂ ਸ਼ੱਕ ਲੋਕ ਸਭਾ ਜ਼ਿਆਦਾ ਸ਼ਕਤੀਸ਼ਾਲੀ ਹੈ ਪਰ ਇਸੇ ਸਮੇਂ ਇਹ ਮੰਨ ਲੈਣਾ ਗਲਤ ਹੋਵੇਗਾ ਕਿ ਰਾਜ ਸਭਾ ਦੂਸਰੇ ਦਰਜੇ ਦਾ ਜਾਂ ਪ੍ਰਤੀਕਿਰਿਆਵਾਦੀ ਸਦਨ ਹੈ। ਇਸ ਨੂੰ ਵੀ ਕੁਝ ਖੇਤਰਾਂ ਵਿੱਚ ਵਿਸ਼ੇਸ਼ ਅਤੇ ਲੋਕ ਸਭਾ ਦੇ ਬਰਾਬਰ ਅਧਿਕਾਰ ਪ੍ਰਾਪਤ ਹਨ, ਜਿਨ੍ਹਾਂ ਨਾਲ ਇਸ ਦੀ ਸਥਿਤੀ ਕਾਫੀ ਹੱਦ ਤੱਕ ਸ਼ਕਤੀਸ਼ਾਲੀ ਬਣ ਸਕਦੀ ਹੈ। ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਸਬੰਧ ਵਿੱਚ ਇਕ ਵਾਰ ਕਿਹਾ ਸੀ, "ਸਾਡੇ ਸੰਵਿਧਾਨ ਵਿੱਚ ਰਾਜ ਸਭਾ ਅਤੇ ਲੋਕ ਸਭਾ ਦੇ ਕੰਮਾਂ ਨੂੰ ਸਪੱਸ਼ਟ ਰੂਪ ਵਿੱਚ ਨਿਸ਼ਚਿਤ ਕੀਤਾ ਗਿਆ ਹੈ। ਦੋਵਾਂ ਸਦਨਾਂ ਵਿੱਚੋਂ ਕਿਸੇ ਨੂੰ ਵੀ ਉਪਰਲਾ ਸਦਨ ਜਾਂ ਹੇਠਲਾ ਸਦਨ ਕਹਿਣਾ ਠੀਕ ਨਹੀਂ ਹੈ। ਹਰੇਕ ਸਦਨ ਨੂੰ ਸੰਵਿਧਾਨਿਕ ਹੱਦਾਂ ਅੰਦਰ ਆਪਣੀ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੈ। ਕੁਝ ਵਿਸ਼ੇਸ਼ ਵਿੱਤੀ ਮਾਮਲਿਆਂ, ਜਿਸ 'ਤੇ ਕੇਵਲ ਲੋਕ ਸਭਾ ਦਾ ਅਧਿਕਾਰ ਹੈ, ਨੂੰ ਛੱਡ ਕੇ ਸੰਵਿਧਾਨ ਦੇ ਅਨੁਸਾਰ ਦੋਵੇਂ ਸਦਨ ਬਰਾਬਰ ਹਨ।" ਸੰਵਿਧਨਿਕ ਰੂਪ ਵਿੱਚ ਦੋਵਾਂ ਸਦਨਾਂ ਵਿੱਚ ਕੋਈ ਅੰਤਰ ਨਹੀਂ ਹੈ ਅਤੇ ਸੰਵਿਧਾਨ ਆਪਣੇ ਆਪ ਵਿੱਚ ਅਖੀਰਲਾ ਸੱਚ ਹੈ। ਸੰਵਿਧਾਨ ਦੋਵਾਂ ਸਦਨਾਂ ਨਾਲ ਇਕ ਬਰਾਬਰ ਵਿਵਹਾਰ ਕਰਦਾ ਹੈ।

ਨੋਟ

ਫਿਰ ਵੀ ਇਸ ਅਸਲੀਅਤ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਵਿਵਹਾਰਿਕ ਰੂਪ ਵਿੱਚ ਰਾਜ ਸਭਾ ਦੀ ਸਥਿਤੀ ਲੋਕ ਸਭਾ ਦੇ ਬਾਅਦ ਆਉਂਦੀ ਹੈ। ਰਾਜ ਸਭਾ ਇਕ ਦੂਸਰਾ ਸਦਨ ਹੈ ਪਰ ਇਸ ਦੇ ਬਾਵਜੂਦ ਇਹ ਦੂਸਰੇ ਦਰਜੇ ਜਾਂ ਬ੍ਰਿਟਿਸ਼ ਹਾਊਸ ਆਫ ਲਾਰਡ ਦੇ ਬਰਾਬਰ ਸ਼ਕਤੀਹੀਣ ਸਦਨ ਨਹੀਂ ਹੈ। ਭਾਰਤੀ ਸੰਵਿਧਾਨਿਕ ਪ੍ਰਣਾਲੀ ਵਿੱਚ ਰਾਜ ਸਭਾ ਦਾ ਸਨਮਾਨਜਨਕ ਸਥਾਨ ਹੈ ਅਤੇ ਉਹ ਠੀਕ ਢੰਗ ਨਾਲ ਆਪਣੀਆਂ ਨਿਰਧਾਰਿਤ ਸ਼ਕਤੀਆਂ ਦਾ ਇਸਤੇਮਾਲ ਕਰਨ ਦੇ ਸਮਰੱਥ ਹੈ। ਚਾਹੇ ਰਾਜ ਸਭਾ ਨੂੰ ਰਾਜਾਂ ਦੀ ਕੌਂਸਲ ਕਿਹਾ ਜਾਂਦਾ ਹੈ ਪਰ ਇਸ ਦਾ ਗਠਨ ਅਸਲ ਵਿੱਚ ਇਕ ਸੰਘਾਤਮਕ ਸਦਨ ਦੇ ਬਰਾਬਰ ਨਹੀਂ ਕੀਤਾ ਗਿਆ ਹੈ। ਫਿਰ ਵੀ ਇਹ ਸਦਨ ਭਾਰਤੀ ਸੰਘ ਦੀਆਂ ਇਕਾਈਆਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਦਾ ਹੈ।

**ਸਵ-ਮੁਲਾਂਕਣ (Self Assessment)**

ਹੇਠ ਲਿਖਿਆਂ ਵਿੱਚੋਂ ਸੱਚ/ਝੂਠ ਦੱਸੋ (Write True/False in the following statements):

16. ਲੋਕ ਸਭਾ ਦੇ ਸਪੀਕਰ ਦਾ ਦੇਸ਼ ਦੇ ਸਰਵਉੱਚ ਵਿਅਕਤੀਆਂ ਵਿੱਚ 17ਵਾਂ ਸਥਾਨ ਹੈ।
17. 15ਵੀਂ ਲੋਕ ਸਭਾ ਦੀ ਸਪੀਕਰ ਸ਼੍ਰੀਮਤੀ ਮੀਰਾ ਕੁਮਾਰ ਹਨ।
18. ਲੋਕ ਸਭਾ ਦੇ ਪ੍ਰਧਾਨ ਨੂੰ ਮਹਾਭਿਯੋਗ ਲਗਾਤਾਰ ਹਟਾਇਆ ਜਾ ਸਕਦਾ ਹੈ।
19. ਰਾਜ ਸਭਾ ਦੇ ਮੈਂਬਰ ਦੋ-ਤਿਹਾਈ ਬਹੁਮਤ ਨਾਲ ਪ੍ਰਸਤਾਵ ਪਾਸ ਕਰਕੇ (ਅਨੁਛੇਦ 249 ਦੇ ਅਧੀਨ) ਰਾਜ-ਸੂਚੀ ਦੇ ਕਿਸੇ ਵਿਸ਼ੇ ਨੂੰ ਰਾਸ਼ਟਰੀ ਮਹੱਤਵ ਦਾ ਵਿਸ਼ਾ ਘੋਸ਼ਿਤ ਕਰ ਸਕਦੇ ਹਨ।
20. ਸੰਵਿਧਾਨ ਅਨੁਸਾਰ ਲੋਕ ਸਭਾ ਨੂੰ ਕਈ ਵਿਸ਼ੇਸ਼ ਸ਼ਕਤੀਆਂ ਦਿੰਦੇ ਸਮੇਂ ਕਈ ਖੇਤਰਾਂ ਵਿੱਚ ਰਾਜ ਸਭਾ ਦੀ ਦੂਸਰੇ ਦਰਜੇ ਦੀ ਭੂਮਿਕਾ ਦਿੱਤੀ ਗਈ ਹੈ।

## 6.9 ਸਾਰ ਅੰਸ਼ (Summary)

- ਭਾਰਤੀ ਸੰਵਿਧਾਨਿਕ ਵਿਵਸਥਾ ਵਿੱਚ ਸੰਘ ਦੀ ਅਤੇ ਸੰਘੀ ਸਰਕਾਰ ਵਿੱਚ ਸੰਸਦ ਦੀ ਸਥਿਤੀ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਹੈ।
- ਧਨ ਬਿੱਲ ਕੇਵਲ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾ ਸਕਦੇ ਹਨ ਅਤੇ ਇਸ ਸਬੰਧ ਵਿੱਚ ਰਾਜ ਸਭਾ ਕਿਸੇ ਵੀ ਧਨ ਬਿੱਲ ਨੂੰ ਪਾਸ ਹੋਣ ਵਿੱਚ ਕੇਵਲ 14 ਦਿਨ ਦੀ ਦੇਰ ਹੀ ਕਰ ਸਕਦੀ ਹੈ।
- ਰਾਜ ਸਭਾ ਅਤੇ ਸੰਸਦ ਦੀ ਉਪਰਲੀ ਸਦਨ ਵਿੱਚ ਜ਼ਿਆਦਾ ਤੋਂ ਜ਼ਿਆਦਾ 250 ਮੈਂਬਰ ਹੁੰਦੇ ਹਨ, ਜਿਨ੍ਹਾਂ ਵਿੱਚੋਂ 238 ਰਾਜਾਂ ਦੇ ਪ੍ਰਤੀਨਿਧੀ ਹੁੰਦੇ ਹਨ ਅਤੇ ਬਾਕੀ 12 ਮੈਂਬਰਾਂ ਦੀ ਨਾਮਜ਼ਦਗੀ ਰਾਸ਼ਟਰਪਤੀ ਵੱਲੋਂ ਉਨ੍ਹਾਂ ਵਿਅਕਤੀਆਂ ਵਿੱਚੋਂ ਕੀਤੀ ਜਾਂਦੀ ਹੈ ਜਿਨ੍ਹਾਂ ਨੇ ਕਲਾ, ਸਾਹਿਤ, ਵਿਗਿਆਨ ਜਾਂ ਸਮਾਜ ਸੇਵਾਵਾਂ ਦੇ ਖੇਤਰ ਵਿੱਚ ਵਿਸ਼ੇਸ਼ ਉਪਲੱਬਧੀਆਂ ਪ੍ਰਾਪਤ ਕੀਤੀਆਂ ਹੋਣ।
- ਰਾਜ ਸਭਾ ਦੇ ਮੈਂਬਰਾਂ ਦੀ ਚੋਣ ਰਾਜ ਵਿਧਾਨ ਸਭਾਵਾਂ ਦੇ ਮੈਂਬਰਾਂ ਵੱਲੋਂ ਅਨੁਪਾਤਿਕ ਪ੍ਰਤੀਨਿਧਤਾ ਇਕਹਿਰੀ ਬਦਲਾਅ ਵੋਟ ਪ੍ਰਣਾਲੀ ਨਾਲ ਅਪ੍ਰੱਤਖ ਰੂਪ ਵਿੱਚ ਕੀਤਾ ਜਾਂਦਾ ਹੈ।
- ਰਾਸ਼ਟਰਪਤੀ ਰਾਜ 12 ਮੈਂਬਰ ਨਿਯੁਕਤ ਕਰਦਾ ਹੈ। ਇਹ ਅਸਲ ਵਿੱਚ ਲੋਕਤੰਤਰੀ ਅਤੇ ਸੰਘੀ ਭਾਵਨਾ ਦੇ ਵਿਰੁੱਧ ਹੈ। ਇਹ ਸੰਭਾਵਨਾ ਹਮੇਸ਼ਾ ਸਥਾਪਿਤ ਰਹਿੰਦੀ ਹੈ ਕਿ ਨਿਯੁਕਤ ਕੀਤੇ ਗਏ 12 ਮੈਂਬਰ ਆਪਣਾ ਪੂਰਾ ਸਮਰਥਨ ਰਾਜਾਂ ਨੂੰ ਦੇਣ ਦੇ ਮੁਕਾਬਲੇ ਕੇਂਦਰ ਨੂੰ ਦੇਣਗੇ।
- ਜੇਕਰ ਰਾਜ ਸਭਾ ਕਿਸੇ ਵਿੱਤੀ ਬਿੱਲ ਨੂੰ ਪਾਸ ਕਰਨ ਵਿੱਚ ਅਸਮਰਥ ਰਹਿੰਦਾ ਹੈ ਜਾਂ ਰਾਜ ਸਭਾ ਵਿੱਚ ਵਿੱਤੀ ਬਿੱਲ ਭੇਜੇ ਜਾਣ ਦੀ ਮਿਤੀ ਤੋਂ 14 ਦਿਨ ਬੀਤ ਜਾਣ ਤਾਂ ਇਹ ਮੰਨ ਲਿਆ ਜਾਂਦਾ ਹੈ ਕਿ ਇਸ ਨੂੰ ਸੰਸਦ ਦੇ ਦੋਵਾਂ ਸਦਨਾਂ ਨੇ ਪਾਸ ਕਰ ਦਿੱਤਾ ਹੈ ਅਤੇ ਇਸ ਨੂੰ ਮਨਜ਼ੂਰੀ ਲਈ ਰਾਸ਼ਟਰਪਤੀ ਕੋਲ ਭੇਜ ਦਿੱਤਾ ਜਾਂਦਾ ਹੈ।
- ਇਕ ਸਧਾਰਣ ਬਿੱਲ ਦੋਵਾਂ ਸਦਨਾਂ ਵਿੱਚੋਂ ਕਿਸੇ ਵੀ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਦੋਵਾਂ ਸਦਨਾਂ ਵੱਲੋਂ ਪਾਸ ਕੀਤੇ ਬਿਨਾਂ ਪਾਸ ਨਹੀਂ ਸਮਝਿਆ ਜਾ ਸਕਦਾ। ਜੇਕਰ ਦੋਵਾਂ ਸਦਨਾਂ ਵਿੱਚ ਕਿਸੇ ਬਿੱਲ ਦੇ ਸਬੰਧ ਵਿੱਚ ਗਤੀਰੋਧ ਪੈਦਾ ਹੋ ਜਾਂਦਾ ਹੈ ਅਤੇ ਇਹ ਗਤੀਰੋਧ 6 ਮਹੀਨੇ ਤੋਂ ਜ਼ਿਆਦਾ ਸਮੇਂ ਸਥਾਪਿਤ ਰਹਿੰਦਾ ਹੈ ਤਾਂ ਰਾਸ਼ਟਰਪਤੀ ਇਸ ਦਾ ਹੱਲ ਕਰਨ ਲਈ ਦੋਵਾਂ ਸਦਨਾਂ ਦਾ ਸਾਂਝਾ ਅਧਿਵੇਸ਼ਨ ਬੁਲਾਉਂਦਾ ਹੈ।
- ਸੰਸਦ ਦੇ ਦੋਵਾਂ ਸਦਨਾਂ ਦੀਆਂ ਸ਼ਕਤੀਆਂ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਬਾਅਦ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਰਾਜ ਸਭਾ ਦੀ ਤੁਲਨਾ ਵਿੱਚ ਬਿਨਾਂ ਸ਼ੱਕ ਲੋਕ ਸਭਾ ਜ਼ਿਆਦਾ ਸ਼ਕਤੀਸ਼ਾਲੀ ਹੈ ਪਰ ਇਸੇ ਸਮੇਂ ਇਹ ਮੰਨ ਲੈਣਾ ਗਲਤ ਹੋਵੇਗਾ ਕਿ ਰਾਜ ਸਭਾ ਦੂਸਰੇ ਦਰਜੇ ਦਾ ਜਾਂ ਪ੍ਰਤੀਕਿਰਿਆਵਾਦੀ ਸਦਨ ਹੈ।

ਨੋਟ

## 6.10 ਸ਼ਬਦਕੋਸ਼ (Keywords)

- **ਰਾਜ ਵਿਵਸਥਾ (Political System)**: ਰਾਜ ਦਾ ਪ੍ਰਬੰਧ ।
- **ਲੋਕ ਸਭਾ (Lok Sabha)**: ਜਨ ਸਧਾਰਣ ਵੱਲੋਂ ਚੁਣੇ ਗਏ ਪ੍ਰਤੀਨਿਧੀਆਂ ਦੀ ਸਭਾ, ਭਾਰਤ ਵਿੱਚ ਇਸ ਤਰ੍ਹਾਂ ਦੀ ਕੇਂਦਰੀ ਸਭਾ।

## 6.11 ਅਭਿਆਸ ਪ੍ਰਸ਼ਨ (Review Questions)

1. ਸੰਘੀ ਸੰਸਦ ਤੋਂ ਕੀ ਭਾਵ ਹੈ?
2. ਸੰਘੀ ਸੰਸਦ ਦੀਆਂ ਵਿਸ਼ੇਸ਼ਤਾਵਾਂ ਦੱਸੋ।
3. ਰਾਜ ਸਭਾ ਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਵਰਨਣ ਕਰੋ।
4. ਲੋਕ ਸਭਾ ਦੇ ਮੈਂਬਰਾਂ ਦੀ ਚੋਣ ਕਿਸ ਤਰ੍ਹਾਂ ਹੁੰਦੀ ਹੈ?
5. ਲੋਕ ਸਭਾ ਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਵਰਨਣ ਕਰੋ।
6. ਲੋਕ ਸਭਾ ਦੇ ਸਪੀਕਰ ਦੀ ਸਥਿਤੀ ਦਾ ਵਰਨਣ ਕਰੋ।

**ਉਤਰ : ਸਵ-ਮੁਲਾਂਕਣ (Answer: Self Assessment)**

| | |
|---|---|
| 1. ਰਾਸ਼ਟਰਪਤੀ | 2. ਸਰਵਉੱਚ ਅਦਾਲਤ |
| 3. ਧਨ ਵਿਧਾਇਕ, 14 | 4. (ਅ) |
| 5 (ਸ) | 6. (ਅ) |
| 7. (ਬ) | 8. (ਸ) |
| 9. (ਬ) | 10. ਹੇਠ |
| 11. 545 | 12. ਵਿਅਸਕ ਵੋਟ ਦਾ ਅਧਿਕਾਰ |
| 13. 25 ਸਾਲ | 14. ਸੱਚ |
| 15. ਝੂਠ | 16. ਝੂਠ |
| 17. ਸੱਚ | 18. ਝੂਠ |
| 19. ਸੱਚ | 20. ਸੱਚ |

## 6.12 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਭਾਰਤੀ ਰਾਜਨੀਤਿਕ ਪ੍ਰਣਾਲੀ–ਯੂ. ਆਰ. ਘਈ।
2. ਭਾਰਤੀ ਰਾਜਨੀਤਿਕ ਵਿਵਸਥਾ–ਡਾ. ਐੱਮ. ਪੀ. ਰਾਜ।

ਨੋਟ

# ਇਕਾਈ-7: ਸੰਘੀ ਸੰਸਦ ਦੀਆਂ ਸੰਮਤੀਆਂ
# (Committees of Union Parliament)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

7.1 ਸੰਘੀ ਸੰਸਦ ਦੀਆਂ ਸੰਮਤੀਆਂ (Committees of the Union Parliament)

7.2 ਸੰਸਦੀ ਸੰਮਤੀਆਂ ਦਾ ਸੰਗਠਨ (Organisation of the Parliamentary Committees)

7.3 ਲੋਕ ਸਭਾ ਦੀਆਂ ਵੱਖ-ਵੱਖ ਸੰਮਤੀਆਂ ਦੇ ਕੰਮ (Functions of Various Committees of the Lok Sabha)

7.4 ਵਿਧਾਨਕ ਸੰਮਤੀਆਂ ਦੇ ਕੰਮ (Functions of the Legislative Committees)

7.5 ਵਿੱਤੀ ਸੰਮਤੀਆਂ (Financial Committees)

7.6 ਸੰਯੁਕਤ ਸੰਮਤੀਆਂ (Joint Committees)

7.7 ਕਾਨੂੰਨ ਬਣਾਉਣ ਦੀ ਪ੍ਰਕਿਰਿਆ (Procedure of Law-making)

7.8 ਬਜਟ ਪਾਸ ਕਰਨ ਦੀ ਪ੍ਰਕਿਰਿਆ (Procedure of Passing the Budget)

7.9 ਸਾਰ ਅੰਸ਼ (Summary)

7.10 ਸ਼ਬਦਕੋਸ਼ (Keywords)

7.11 ਅਭਿਆਸ ਪ੍ਰਸ਼ਨ (Review Questions)

7.12 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਸੰਘੀ ਸੰਸਦ ਦੀਆਂ ਸੰਮਤੀਆ ਬਾਰੇ ਦੱਸਣ ਸਬੰਧੀ।
- ਲੋਕ ਸਭਾ ਦੀਆਂ ਵੱਖ-ਵੱਖ ਸੰਮਤੀਆਂ ਦੇ ਨਾਮ ਦੱਸਣ ਸਬੰਧੀ।
- ਵਿੱਤੀ ਅਤੇ ਸੰਯੁਕਤ ਸੰਮਤੀਆਂ ਦੀ ਵਿਆਖਿਆ ਕਰਨ ਸਬੰਧੀ।
- ਬਜਟ ਪਾਸ ਕਰਨ ਦੀ ਪ੍ਰਕਿਰਿਆ ਦੱਸਣ ਸਬੰਧੀ।

## ਜਾਣਕਾਰੀ (Introduction)

ਜਿਵੇਂ ਕਿ ਇਕ ਸੰਸਦ ਆਪਣੀ ਸੰਮਤੀ ਪ੍ਰਣਾਲੀ ਨਾਲ ਜਾਣੀ ਜਾਂਦੀ ਹੈ। ਇਕ ਆਧੁਨਿਕ ਰਾਜ ਇਕ ਪੁਲਿਸ ਰਾਜ ਨਹੀਂ ਹੈ। ਇਹ ਇਕ ਕਲਿਆਣਕਾਰੀ ਰਾਜ ਹੈ ਅਤੇ ਗੁਣਾਂ ਤੇ ਕੰਮਾਂ ਵਿੱਚ ਇਸ ਪਰਿਵਰਤਨ ਦੇ ਕਾਰਨ ਸੰਸਦ 'ਤੇ ਕੰਮਾਂ ਦਾ ਬਹੁਤ ਵਿਸਥਾਰ ਹੋਇਆ ਹੈ ਅਤੇ ਨਤੀਜੇ ਵਜੋਂ ਇਸ 'ਤੇ ਕੰਮ ਦਾ ਬੋਝ ਬਹੁਤ ਜ਼ਿਆਦਾ ਹੋ ਗਿਆ ਹੈ। ਸੰਸਦ ਦੇ ਮੈਂਬਰ ਸਮੇਂ ਦੀ ਕਮੀ ਕਾਰਨ ਕੰਮਾਂ ਦੇ ਨਿਪਟਾਰੇ ਲਈ ਹਰੇਕ ਬਿੱਲ 'ਤੇ ਸਲਾਹ-ਮਸ਼ਵਰਾ ਨਹੀਂ ਕਰ ਸਕਦੇ। ਇਸ ਤੋਂ ਇਲਾਵਾ ਵਰਤਮਾਨ ਵਿੱਚ ਹਰੇਕ ਬਿੱਲ ਦਾ ਆਕਾਰ ਬਹੁਤ ਵੱਧ ਗਿਆ ਹੈ ਕਿਉਂਕਿ ਇਸ ਨੇ ਸਮੂਹਿਕ ਅਤੇ ਗਤੀਸ਼ੀਲ ਉਦਯੋਗਿਕ ਸਮਾਜ ਦੀਆਂ ਮੰਗਾਂ ਨੂੰ ਪੂਰਾ ਕਰਨਾ ਹੁੰਦਾ ਹੈ। ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਇਕ ਆਧੁਨਿਕ ਸੰਸਦ ਸੰਮਤੀਆਂ ਦੀ ਸਹਾਇਤਾ ਲੈਂਦੀ ਹੈ। ਅਸਲ ਵਿੱਚ

**ਨੋਟ** ਸੰਸਦ ਨੂੰ ਹਰੇਕ ਸਦਨ ਕਈ ਸੰਮਤੀਆਂ ਬਣਾਉਂਦਾ ਹੈ ਜੋ ਕਾਨੂੰਨ ਬਨਾਉਣ ਅਤੇ ਹੋਰ ਮਾਮਲਿਆਂ ਦੀ ਪ੍ਰਕਿਰਿਆ ਵਿੱਚ ਇਸ ਦੀ ਸਹਾਇਤਾ ਕਰਦੀਆਂ ਹਨ। ਸਮੂਹਿਕ ਰੂਪ ਵਿੱਚ ਸੰਮਤੀਆਂ ਸੰਸਦ ਦੀ ਸੰਮਤੀ ਪ੍ਰਣਾਲੀ ਬਣਾਉਂਦੀਆਂ ਹਨ। ਸੰਮਤੀ ਪ੍ਰਣਾਲੀ ਭਾਰਤੀ ਸੰਘੀ ਸੰਸਦ ਦੇ ਕੁਸ਼ਲ ਕੰਮ-ਵਿਵਹਾਰ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ ਅਤੇ ਇਹ ਵਿਧਾਨਿਕ ਢਾਂਚੇ ਦਾ ਇਕ ਅਟੁੱਟ ਭਾਗ ਬਣ ਚੁੱਕੀ ਹੈ। ਥਾਮਸ ਰੀਡ ਦੇ ਸ਼ਬਦਾਂ ਵਿੱਚ, "ਸੰਮਤੀਆਂ ਵਿਧਾਨ ਪਾਲਿਕਾ ਦੀ ਅੱਖ, ਕੰਨ, ਅਤੇ ਹੱਥ ਹਨ ਅਤੇ ਕਈ ਵਾਰ ਇਹ ਵਿਧਾਨ ਪਾਲਿਕਾ ਦੇ ਦਿਮਾਗ ਦਾ ਵੀ ਕੰਮ ਕਰਦੀਆਂ ਹਨ।" ਸੰਮਤੀਆਂ ਦੇ ਮਹੱਤਵ ਨੂੰ ਮਾਨਤਾ ਦਿੰਦੇ ਹੋਏ ਕਈ ਵਿਦਵਾਨ ਇਨ੍ਹਾਂ ਸੰਮਤੀਆਂ ਨੂੰ ਛੋਟੇ ਵਿਧਾਨ ਮੰਡਲ ਕਹਿਣ ਦੀ ਹੱਦ ਤੱਕ ਚੱਲੇ ਜਾਂਦੇ ਹਨ। ਮੋਰਿਸ ਜੋਨਜ਼ ਦਾ ਇਹ ਵਿਚਾਰ ਠੀਕ ਹੈ ਕਿ "ਵਿਧਾਨ ਮੰਡਲ ਆਪਣੀਆਂ ਸੰਮਤੀਆਂ ਨਾਲ ਜਾਣਿਆ ਜਾਂਦਾ ਹੈ।" (Legislative is known by the committees it keeps.)

## 7.1 ਸੰਘੀ ਸੰਸਦ ਦੀਆਂ ਸੰਮਤੀਆਂ (Committees of the Union Parliament)

ਭਾਰਤ ਦੇ ਸੰਵਿਧਾਨ ਦੇ ਕਿਸੇ ਵੀ ਅਨੁਛੇਦ ਵਿੱਚ ਸੰਮਤੀ ਪ੍ਰਣਾਲੀ ਦੇ ਗਠਨ ਅਤੇ ਕੰਮਾਂ ਨਾਲ ਸਬੰਧਿਤ ਬਿਉਰਾ ਨਹੀਂ ਹੈ। ਸੰਵਿਧਾਨ ਦੇ ਅਨੁਛੇਦ 118 ਵਿੱਚ ਸਧਾਰਣ ਤੌਰ 'ਤੇ ਕਿਹਾ ਗਿਆ ਹੈ ਕਿ ਸੰਸਦ ਦੇ ਦੋਵੇਂ ਸਦਨ ਵਿਧਾਨਿਕ ਕੰਮ ਦੀ ਸੁਵਿਧਾ ਨਾਲ ਚਲਾਉਣ ਲਈ ਆਪਣੀਆਂ ਸੰਮਤੀਆਂ ਦਾ ਗਠਨ ਕਰ ਸਕਦੇ ਹਨ। ਸਿੱਟੇ ਵਜੋਂ ਦੋਵਾਂ ਸਦਨਾਂ ਦੀਆਂ ਸੰਮਤੀਆਂ ਦਾ ਗਠਨ ਸੰਸਦ ਵੱਲੋਂ ਬਣਾਏ ਗਏ ਕਾਰਵਾਈ ਦੇ ਨਿਯਮਾਂ ਦੇ ਆਧਾਰ 'ਤੇ ਕੀਤਾ ਗਿਆ ਹੈ। ਭਾਰਤੀ ਸੰਸਦ ਦੀਆਂ ਸੰਮਤੀਆਂ ਨੂੰ 5 ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ:

1. **ਸਧਾਰਣ ਸੰਮਤੀਆਂ** (General Committees)- ਇਸ ਸ਼੍ਰੇਣੀ ਵਿੱਚ ਅਜਿਹੀਆਂ ਸੰਮਤੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਜਿਨ੍ਹਾਂ ਦਾ ਸਬੰਧ ਸਦਨ ਦਾ ਕੰਮ ਚਲਾਉਣ ਨਾਲ ਹੈ। ਇਸ ਵਿੱਚ (1) ਨਿਯਮ ਸੰਮਤੀ, (2) ਕਾਰੋਬਾਰ ਸਲਾਹਕਾਰ ਸੰਮਤੀ, (3) ਵਿਸ਼ੇਸ਼ ਅਧਿਕਾਰਾਂ ਦੀ ਸੰਮਤੀ (4) ਸਦਨ ਦੀਆਂ ਬੈਠਕਾਂ ਵਿੱਚੋਂ ਮੈਂਬਰਾਂ ਦੀ ਗੈਰ ਹਾਜ਼ਰੀ ਸਬੰਧੀ ਸੰਮਤੀ (5) ਸਰਕਾਰੀ ਵਿਵਾਦਾਂ ਦੀ ਸੰਮਤੀ (6) ਪਟੀਸ਼ਨਾਂ ਸਬੰਧੀ ਸੰਮਤੀ ਅਤੇ (7) ਸਧਾਰਣ ਉਦੇਸ਼ ਸੰਮਤੀ ਸ਼ਾਮਿਲ ਹਨ।

2. **ਵਿਧਾਨਿਕ ਸੰਮਤੀਆਂ** (Legislative Committees)- ਇਨ੍ਹਾਂ ਸ਼੍ਰੇਣੀਆਂ ਵਿੱਚ ਅਜਿਹੀਆਂ ਸੰਮਤੀਆਂ ਸ਼ਾਮਿਲ ਹਨ ਜਿਨ੍ਹਾਂ ਦਾ ਸਬੰਧ ਕਾਨੂੰਨ ਨਿਰਮਾਣ ਦੀ ਪ੍ਰਕਿਰਿਆ ਨਾਲ ਹੈ। ਇਨ੍ਹਾਂ ਵਿੱਚ ਇਹ ਸੰਮਤੀਆਂ ਸ਼ਾਮਿਲ ਹਨ: (1) ਨਿੱਜੀ ਮੈਂਬਰਾਂ ਦੇ ਬਿੱਲਾਂ ਅਤੇ ਪ੍ਰਸਤਾਵਾਂ ਸਬੰਧੀ ਸੰਮਤੀ, (2) ਉੱਪ-ਵਿਧਾਨ ਸੰਮਤੀ ਜਾਂ ਪ੍ਰਦਤ-ਵਿਵਸਥਾਪਨ ਦੀ ਸੰਮਤੀ (3) ਪ੍ਰਵਰ-ਸੰਮਤੀ ਅਤੇ (4) ਵਿਸ਼ੇਸ਼ ਸਰਵਜਨਕ ਬਿੱਲ ਸਬੰਧੀ ਵਿਸ਼ੇਸ਼ ਸੰਮਤੀ।

3. **ਵਿੱਤੀ ਸੰਮਤੀਆਂ** (Financial Committees)- ਇਸ ਸ਼੍ਰੇਣੀ ਵਿੱਚ ਉਹ ਸੰਮਤੀਆਂ ਸ਼ਾਮਿਲ ਹਨ ਜੋ ਵਿੱਤੀ ਮਾਮਲਿਆਂ ਨਾਲ ਨਿਪਟਦੀਆਂ ਹਨ। ਇਨ੍ਹਾਂ ਵਿੱਚ ਸ਼ਾਮਿਲ ਹਨ: (1) ਅੰਦਾਜ਼ਨ ਸੰਮਤੀ (2) ਲੋਕ-ਲੇਖਾ ਸੰਮਤੀ (3) ਸਰਵਜਨਕ ਉਧਮਾਂ ਦੀ ਸੰਮਤੀ।

4. **ਸੰਯੁਕਤ ਸੰਮਤੀਆਂ** (Joint Committees)- ਇਸ ਸ਼੍ਰੇਣੀ ਵਿੱਚ ਉਹ ਸੰਮਤੀਆਂ ਸ਼ਾਮਿਲ ਹਨ ਜੋ ਸਾਂਝੀ ਕਿਰਿਆ ਜਾਂ ਦੋਵਾਂ ਸਦਨਾਂ ਨਾਲ ਸਬੰਧਿਤ ਕੋਈ ਕੰਮ ਕਰਨ ਲਈ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਸਾਂਝੇ ਰੂਪ ਵਿੱਚ ਸਥਾਪਿਤ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਸ਼ਾਮਿਲ ਹਨ : (1) ਸੰਸਦ ਦੇ ਮੈਂਬਰਾਂ ਦੇ ਵੇਤਨ ਅਤੇ ਭੱਤਿਆਂ ਸਬੰਧੀ ਸੰਯੁਕਤ ਸੰਮਤੀ (2) ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਕਲਿਆਣ ਸਬੰਧੀ ਸੰਮਤੀ ਅਤੇ (3) ਲਾਭਕਾਰੀ ਅਹੁਦਿਆਂ ਸਬੰਧੀ ਸਾਂਝੀ ਸੰਮਤੀ।

5. **ਫੁਟਕਰ ਸੰਮਤੀਆ** (Miscellaneous Committees): ਉਪਯੁਕਤ 4 ਸ਼੍ਰੇਣੀਆਂ ਦੀਆਂ ਸੰਮਤੀਆਂ ਤੋਂ ਇਲਾਵਾ ਸੰਸਦ ਦੀਆਂ ਕੁਝ ਹੋਰ ਵੀ ਸੰਮਤੀਆਂ ਹਨ। ਉਦਾਹਰਣ ਦੇ ਰੂਪ ਵਿੱਚ (1) ਘਰ ਸੰਮਤੀ ਅਤੇ (2) ਲਾਇਬ੍ਰੇਰੀ ਸੰਮਤੀ।

### ਸਵ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks):

1. ਪ੍ਰਵਰ ਸੰਮਤੀ ........ਸੰਮਤੀ ਹੈ।
2. ਲੋਕ-ਲੇਖਾ ਸੰਮਤੀ .......ਸੰਮਤੀ ਹੈ।
3. ਕਾਰੋਬਾਰ ਸਲਾਹ ਸੰਮਤੀ ਇਕ .........ਸੰਮਤੀ ਹੈ।

## 7.2 ਸੰਸਦੀ ਸੰਮਤੀਆਂ ਦਾ ਸੰਗਠਨ (Organisation of the Parliamentary Committees)

ਅਲੱਗ-ਅਲੱਗ ਸੰਮਤੀਆਂ ਦੇ ਸੰਗਠਨ 'ਤੇ ਸਲਾਹ-ਮਸ਼ਵਰੇ ਲਈ ਦੋਵਾਂ ਸਦਨਾਂ ਵਿੱਚੋਂ ਕਿਸੇ ਵੀ ਇਕ ਸਦਨ ਦੀਆਂ ਸੰਮਤੀਆਂ ਦੇ ਮਾਮਲੇ 'ਤੇ ਵਿਚਾਰ ਕਰਦੇ ਹਨ। ਆਓ ਲੋਕ ਸਭਾ ਦੀਆਂ ਸੰਮਤੀਆਂ ਦੇ ਮਾਮਲੇ 'ਤੇ ਵਿਚਾਰ ਕਰੀਏ-

**ਨੋਟ**

1. **ਸਪੀਕਰ ਵੱਲੋਂ ਨਾਮਜ਼ਦਗੀ** (Nomination by the Speaker): ਲੋਕ ਸਭਾ ਦੀਆਂ ਸੰਮਤੀਆਂ ਦਾ ਗਠਨ ਸਦਨ ਦੇ ਮੈਂਬਰਾਂ ਵਿੱਚੋਂ ਸਪੀਕਰ ਵੱਲੋਂ ਕੀਤਾ ਜਾਂਦਾ ਹੈ। ਅਲੱਗ-ਅਲੱਗ ਸੰਮਤੀਆਂ ਦੇ ਮੈਂਬਰ ਨਿਯੁਕਤ ਕਰਦੇ ਸਮੇਂ ਸਪੀਕਰ ਇਸ ਗੱਲ ਦਾ ਭਰੋਸਾ ਬਣਾਉਂਦੇ ਹਨ ਕਿ ਅਲੱਗ-ਅਲੱਗ ਰਾਜਨੀਤਿਕ ਦਲਾਂ ਦੇ ਮੈਂਬਰਾ ਦੀਆਂ ਸੰਮਤੀਆਂ ਵਿੱਚ ਉਪਯੁਕਤ ਪ੍ਰਤੀਨਿਧਤਾ ਮਿਲੇ। ਸਪੀਕਰ ਖੁਦ ਕੁਝ ਸੰਮਤੀਆਂ ਦਾ ਮੈਂਬਰ ਅਤੇ ਚੇਅਰਮੈਨ ਹੁੰਦਾ ਹੈ। ਨਿਯਮ ਇਹ ਹੈ ਕਿ ਅਹੁਦੇ ਦੇ ਆਧਾਰ 'ਤੇ ਸਪੀਕਰ ਅਜਿਹੀ ਉਸ ਹਰੇਕ ਸੰਮਤੀ ਦਾ ਪ੍ਰਧਾਨ ਹੁੰਦਾ ਹੈ ਜਿਸ ਦਾ ਕਿ ਉਹ ਮੈਂਬਰ ਹੁੰਦਾ ਹੈ। ਵੱਖ-ਵੱਖ ਸੰਮਤੀਆਂ ਦੇ ਪ੍ਰਧਾਨਾਂ ਦੀ ਨਿਯੁਕਤੀ ਸਪੀਕਰ ਵੱਲੋਂ ਸੰਮਤੀਆਂ ਦੇ ਮੈਂਬਰਾਂ ਵਿੱਚੋਂ ਕੀਤੀ ਜਾਂਦੀ ਹੈ। ਜੇਕਰ ਉੱਪ-ਸਪੀਕਰ ਕਿਸੇ ਸੰਮਤੀ ਦਾ ਮੈਂਬਰ ਹੁੰਦਾ ਹੈ ਤਾਂ ਉਸ ਨੂੰ ਉਸ ਸੰਮਤੀ ਦਾ ਚੇਅਰਮੈਨ ਬਣਾਇਆ ਜਾਂਦਾ ਹੈ। ਸੰਯੁਕਤ ਸੰਮਤੀਆਂ ਦੇ ਮੈਂਬਰਾਂ ਦੀ ਨਿਯੁਕਤੀ ਦੋਵਾਂ ਸਦਨਾਂ ਦੇ ਪ੍ਰਧਾਨਾਂ ਵੱਲੋਂ ਕੀਤੀ ਜਾਂਦੀ ਹੈ।

2. **ਚੋਣ ਸਦਨ ਵੱਲੋਂ ਪਾਸ ਪ੍ਰਸਤਾਵ ਦੇ ਆਧਾਰ 'ਤੇ** (Election on the Basis of Resolution Passed by the House): ਵਿੱਤੀ ਸੰਮਤੀਆਂ ਦੀ ਚੋਣ ਸਦਨ ਵੱਲੋਂ ਕੀਤੀ ਜਾਂਦੀ ਹੈ। ਵਿੱਤੀ ਸੰਮਤੀਆਂ ਦੇ ਮੈਂਬਰਾਂ ਦੀ ਚੋਣ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਦੀ ਇਕੱਲੀ ਬਦਲਾਅ ਵੋਟ ਪ੍ਰਣਾਲੀ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

3. **ਸੰਮਤੀਆਂ ਦਾ ਆਕਾਰ** (Size of Committees): ਹਰੇਕ ਸੰਮਤੀ ਦੇ ਮੈਂਬਰਾਂ ਦੀ ਸੰਖਿਆ ਨਾਲ ਸਬੰਧਿਤ ਕੋਈ ਨਿਸ਼ਚਿਤ ਨਿਯਮ ਨਹੀਂ ਹੈ। ਆਪਣੇ ਆਪ ਵਿੱਚ ਸਾਰੀਆਂ ਸੰਮਤੀਆਂ ਦਾ ਆਕਾਰ ਇੱਕੋ ਜਿਹਾ ਨਹੀਂ ਹੈ। ਸਧਾਰਣ ਰੂਪ ਵਿੱਚ ਇਕ ਸੰਮਤੀ ਦੇ ਮੈਂਬਰਾਂ ਦੀ ਸੰਖਿਆ 15 ਤੋਂ 30 ਦੇ ਦਰਮਿਆਨ ਰੱਖੀ ਜਾਂਦੀ ਹੈ। ਜ਼ਿਆਦਾਤਰ ਇਕ ਸੰਮਤੀ ਵਿੱਚ 15 ਮੈਂਬਰ ਹੁੰਦੇ ਹਨ। ਪ੍ਰਵਰ ਸੰਮਤੀਆਂ ਦੇ ਮੈਂਬਰਾਂ ਦੀ ਸੰਖਿਆ 20 ਤੋਂ 30 ਦੇ ਦਰਮਿਆਨ ਹੁੰਦੀ ਹੈ। ਅਨੁਮਾਨ ਸੰਮਤੀ ਵਿੱਚ 30 ਅਤੇ ਲੋਕ ਲੇਖਾ ਸੰਮਤੀ ਦੇ ਮੈਂਬਰਾਂ ਦੀ ਸੰਖਿਆ 22 ਹੈ।

4. **ਸੰਮਤੀਆਂ ਦੀ ਕੰਮ-ਪ੍ਰਣਾਲੀ** (Working of Committees): ਸੰਸਦ ਦੀ ਹਰੇਕ ਸੰਮਤੀ ਦਾ ਨਿਰਧਾਰਿਤ ਕੰਮ ਹੁੰਦਾ ਹੈ। ਇਨ੍ਹਾਂ ਵਿੱਚ ਕੁਝ ਕੇਵਲ ਸੰਸਦ ਦੇ ਅਧਿਵੇਸ਼ਨ ਦੌਰਾਨ ਹੁੰਦੇ ਹਨ ਜਦੋਂ ਕਿ ਕੁਝ ਸੰਮਤੀਆਂ ਉਦੋਂ ਵੀ ਕੰਮ ਕਰਦੀਆਂ ਰਹਿੰਦੀਆਂ ਹਨ ਜਦੋਂ ਸੰਸਦ ਦਾ ਅਧਿਵੇਸ਼ਨ ਨਹੀਂ ਚੱਲ ਰਿਹਾ ਹੁੰਦਾ। ਇਕ ਸੰਮਤੀ ਕਿਸੇ ਵੀ ਸਮੇਂ ਆਪਣੀ ਬੈਠਕ ਕਰ ਸਕਦੀ ਹੈ। ਸੰਮਤੀਆਂ ਦੇ ਜ਼ਿਆਦਾਤਰ ਫੈਸਲੇ ਸਹਿਮਤੀ ਨਾਲ ਜਾਂ ਸੰਮਤੀ ਦੇ ਪ੍ਰਧਾਨ ਵੱਲੋਂ ਲਏ ਜਾਂਦੇ ਹਨ। ਸਧਾਰਣ ਰੂਪ ਵਿੱਚ ਸੰਮਤੀਆਂ ਦੀ ਬੈਠਕਾਂ ਸੰਸਦ ਭਵਨ ਦੇ ਅੰਦਰ ਹੀ ਹੁੰਦੀਆਂ ਹਨ ਪਰ ਸਪੀਕਰ ਦੀ ਮਨਜ਼ੂਰੀ ਲੈ ਕੇ ਇਹ ਬੈਠਕਾਂ ਸੰਸਦ ਭਵਨ ਦੇ ਬਾਹਰ ਵੀ ਹੋ ਸਕਦੀਆਂ ਹਨ।

ਸੰਮਤੀਆ ਦੀ ਬੈਠਕ ਲਈ ਜ਼ਰੂਰੀ ਕੋਰਮ ਕੁੱਲ ਮੈਂਬਰਾਂ ਦਾ ਇਕ-ਤਿਹਾਈ ਹੁੰਦਾ ਹੈ। ਸੰਮਤੀਆਂ ਵਿੱਚ ਜ਼ਿਆਦਾਤਰ ਫੈਸਲੇ ਸਧਾਰਣ ਬਹੁਮਤ ਨਾਲ ਲਏ ਜਾਂਦੇ ਹਨ। ਕਿਸੇ ਫੈਸਲੇ ਦੇ ਵਿਰੋਧ ਅਤੇ ਪੱਖ ਵਿੱਚ ਮੈਂਬਰਾਂ ਦੀ ਸੰਖਿਆ ਬਰਾਬਰ ਹੋ ਜਾਣ ਦੀ ਸਥਿਤੀ ਵਿੱਚ ਸੰਮਤੀ ਦਾ ਪ੍ਰਧਾਨ ਆਪਣੇ ਨਿਰਣਾਇਕ ਵੋਟ ਦਾ ਇਸਤੇਮਾਲ ਕਰਦਾ ਹੈ। ਸੰਮਤੀਆਂ ਨੂੰ ਸਰਕਾਰ ਦੇ ਰਿਕਾਰਡ ਦੀ ਜਾਂਚ-ਪੜਤਾਲ ਕਰਨ ਦਾ ਅਧਿਕਾਰ ਹੁੰਦਾ ਹੈ ਅਤੇ ਉਹ ਸਰਕਾਰੀ ਵਿਭਾਗਾਂ ਤੋਂ ਜ਼ਰੂਰੀ ਜਾਣਕਾਰੀ ਲੈਣ ਦਾ ਅਧਿਕਾਰ ਰੱਖਦੀਆਂ ਹਨ। ਸੰਮਤੀਆ ਆਪਣੀਆਂ ਰਿਪੋਰਟਾਂ ਤਿਆਰ ਕਰਨ ਲਈ ਵਿਗਿਆਨੀਆਂ ਦੀ ਸਹਾਇਤਾ ਲੈ ਸਕਦੀਆਂ ਹਨ ਪਰ ਵਿਗਿਆਨੀ ਸਧਾਰਣ ਤੌਰ 'ਤੇ ਸਲਾਹ ਹੀ ਦੇ ਸਕਦੇ ਹਨ। ਉਨ੍ਹਾਂ ਨੂੰ ਸੰਮਤੀਆਂ ਵਿੱਚ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ। ਸੰਮਤੀਆਂ ਕਿਸੇ ਵਿਸ਼ੇਸ਼ ਮਹੱਤਵ ਜਾਂ ਹਿੱਤ ਵਾਲੇ ਵਿਸ਼ੇਸ਼ ਵਿਸ਼ੇ ਦੇ ਵਿਸਥਾਰ ਨਾਲ ਅਧਿਐਨ ਲਈ ਅੱਗੇ ਉੱਪ-ਸੰਮਤੀਆਂ ਦਾ ਗਠਨ ਕਰ ਸਕਦੀਆਂ ਹਨ। ਸੰਮਤੀਆਂ ਨੂੰ ਨਿਰਧਾਰਿਤ ਮਿਤੀ 'ਤੇ ਆਪਣੇ ਕੰਮ ਪੂਰੇ ਕਰਕੇ ਸਦਨ ਨੂੰ ਆਪਣੀਆਂ ਰਿਪੋਰਟਾਂ ਦੇਣੀਆਂ ਪੈਂਦੀਆਂ ਹੈ। ਸਪੀਕਰ ਉਹ ਸਮੇਂ ਨਿਸ਼ਚਿਤ ਕਰਦਾ ਹੈ ਜਿਸ ਦੇ ਅੰਦਰ ਸੰਮਤੀਆਂ ਨੂੰ ਆਪਣੀ ਰਿਪੋਰਟ ਦੇਣੀ ਪੈਂਦੀ ਹੈ। ਸੰਮਤੀਆਂ ਨੂੰ ਉਨ੍ਹਾਂ ਸਾਰੇ ਮਾਮਲਿਆਂ 'ਤੇ ਰਿਪੋਰਟਾਂ ਤਿਆਰ ਕਰਨੀਆਂ ਪੈਂਦੀਆਂ ਹਨ ਜੋ ਉਨ੍ਹਾਂ ਨੂੰ ਭੇਜੀਆਂ ਜਾਂਦੀਆਂ ਹਨ। ਉਹ ਰਿਪੋਰਟ ਨਾ ਦੇਣ ਵਰਗਾ ਸਦਨ ਨਹੀਂ ਉਠਾ ਸਕਦੀ।

### ਸਵ-ਮੁਲਾਂਕਣ (Self Assessment)

ਬਹੁ ਵਿਕਲਪੀ ਪ੍ਰਸ਼ਨ (Multiple Choice Questions):

4. ਸਧਾਰਣ ਰੂਪ ਵਿੱਚ ਲੋਕ ਸਭਾ ਦੀ ਕਿਸੇ ਵੀ ਸੰਮਤੀ ਵਿੱਚ ਕਿੰਨੇ ਮੈਂਬਰ ਹੋ ਸਕਦੇ ਹਨ–

   (ਅ) 15 ਤੋਂ 30 (ਬ) 20 ਤੋਂ 40

   (ਸ) 10 ਤੋਂ 20 (ਦ) ਉਪਰੋਕਤ ਵਿੱਚੋਂ ਕੋਈ ਨਹੀਂ।

5. ਲੋਕ ਲੇਖਾ ਸੰਮਤੀ ਦੇ ਮੈਂਬਰਾਂ ਦੀ ਸੰਖਿਆ ਕਿੰਨੀ ਹੈ?

   (ਅ) 20 (ਬ) 22

   (ਸ) 24 (ਦ) 18

ਨੋਟ

6. ਸੰਮਤੀਆਂ ਦੀ ਬੈਠਕ ਲਈ ਜ਼ਰੂਰੀ ਕੋਰਮ ਮੈਂਬਰਾਂ ਦਾ ਕਿੰਨਾ ਹੁੰਦਾ ਹੈ?

(ਅ) 1/3 (ਬ) 2/3

(ਸ) ਨਾ (ਅ) ਅਤੇ (ਬ) ਨਾ (ਦ) ਉਪਰੋਕਤ ਵਿੱਚੋਂ ਕੋਈ ਨਹੀਂ

## 7.3 ਲੋਕ ਸਭਾ ਦੀਆਂ ਵੱਖ-ਵੱਖ ਸੰਮਤੀਆਂ ਦੇ ਕੰਮ (Functions of Various Committees of the Lok Sabha)

ਸਧਾਰਣ ਸੰਮਤੀਆਂ ਉਹ ਸੰਮਤੀਆਂ ਹੁੰਦੀਆਂ ਹਨ ਜੋ ਸਦਨ ਦੇ ਕੰਮ-ਵਿਵਹਾਰ ਨਾਲ ਸਬੰਧਿਤ ਹੁੰਦੀਆਂ ਹਨ-

1. **ਨਿਯਮ ਸੰਮਤੀ** (Rules Committee): ਨਿਯਮ ਸੰਮਤੀ 15 ਮੈਂਬਰਾਂ 'ਤੇ ਆਧਾਰਿਤ ਹੁੰਦੀ ਹੈ ਜਿਨ੍ਹਾਂ ਨੂੰ ਸਪੀਕਰ ਨਿਯੁਕਤ ਕਰਦਾ ਹੈ। ਸਪੀਕਰ ਖੁਦ ਇਸ ਸੰਮਤੀ ਦਾ ਪ੍ਰਧਾਨ ਹੁੰਦਾ ਹੈ ਇਹ ਸੰਮਤੀ ਸਦਨ ਦੀ ਕਾਰਵਾਈ ਸਬੰਧੀ ਨਿਯਮਾਂ 'ਤੇ ਚਰਚਾ ਕਰਦੀ ਹੈ ਅਤੇ ਪ੍ਰਸਤਾਵਿਤ ਪਰਿਵਰਤਨ ਅਤੇ ਸੰਘ ਨਾਲ ਸਬੰਧਿਤ ਆਪਣੇ ਫੈਸਲੇ ਦਿੰਦੀ ਹੈ। 1954 ਤੋਂ ਬਾਅਦ ਸਪੀਕਰ ਖੁਦ ਇਸ ਸ਼ਕਤੀ ਦਾ ਇਸਤੇਮਾਲ ਕਰਦਾ ਸੀ ਅਤੇ ਅਜਿਹਾ ਕਰਦੇ ਸਮੇਂ ਨਿਯਮਾਂ ਸਬੰਧੀ ਸੰਮਤੀ ਦੀਆਂ ਸਿਫਾਰਿਸ਼ਾਂ ਨਾਲ ਉਸ ਦੀ ਅਗਵਾਈ ਕੀਤੀ ਜਾਂਦੀ ਸੀ। ਹੁਣ ਸੰਮਤੀ ਦੇ ਸੁਝਾਅ ਸਦਨ ਵਿੱਚ ਅੱਗੇ ਰੱਖੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਉਦੋਂ ਹੀ ਲਾਗੂ ਕੀਤਾ ਜਾਂਦਾ ਹੈ ਜਦੋਂ ਇਨ੍ਹਾਂ ਸਬੰਧੀ ਸਦਨ ਆਪਣੀ ਸਹਿਮਤੀ ਦੇ ਦੇਵੇ।

2. **ਕਾਰੋਬਾਰ ਸਲਾਹਕਾਰ ਸੰਮਤੀ** (Business Advisory Committee): ਇਹ ਇਕ ਸਥਾਈ ਸੰਮਤੀ ਹੈ ਜਿਸ ਨੂੰ ਲੋਕ ਸਭਾ ਵਿੱਚ ਕੰਮ ਚਲਾਉਣ ਵਿੱਚ ਸਹਾਇਤਾ ਕਰਨ ਲਈ ਬਣਾਇਆ ਜਾਂਦਾ ਹੈ। ਇਹ 15 ਮੈਂਬਰਾਂ 'ਤੇ ਅਧਾਰਿਤ ਹੁੰਦੀ ਹੈ ਜਿਨ੍ਹਾਂ ਦੀ ਨਿਯੁਕਤੀ ਸਪੀਕਰ ਵੱਲੋਂ ਕੀਤੀ ਜਾਂਦੀ ਹੈ। ਸਪੀਕਰ ਖੁਦ ਇਸ ਸੰਮਤੀ ਦਾ ਪ੍ਰਧਾਨ ਹੁੰਦਾ ਹੈ। ਸਪੀਕਰ ਇਸ ਸੰਮਤੀ ਦੇ ਮੈਂਬਰਾਂ ਦੀ ਨਿਯੁਕਤੀ ਸਦਨ ਦੇ ਨੇਤਾ, ਸਦਨ ਵਿੱਚ ਵਿਰੋਧੀ ਪੱਖ ਦੇ ਨੇਤਾ ਅਤੇ ਹੋਰ ਵਿਰੋਧੀ ਦਲਾਂ ਦੇ ਨੇਤਾਵਾਂ ਦੀ ਸਲਾਹ ਨਾਲ ਕਰਦਾ ਹੈ। ਇਸ ਸੰਮਤੀ ਦਾ ਮੁੱਖ ਕੰਮ ਉਨ੍ਹਾਂ ਸਾਰੇ ਬਿੱਲਾਂ, ਮੁੱਦਿਆਂ ਅਤੇ ਪ੍ਰਸਤਾਵਾਂ ਨਾਲ ਸਬੰਧਿਤ ਸਮੇਂ ਅਤੇ ਪ੍ਰੋਗਰਾਮ ਸੂਚੀ ਨਿਸ਼ਚਿਤ ਕਰਨਾ ਹੁੰਦਾ ਹੈ ਜੋ ਸਦਨ ਵਿੱਚ ਪੇਸ਼ ਕੀਤੇ ਜਾਣੇ ਹੁੰਦੇ ਹਨ। ਇਹ ਸੰਮਤੀ ਨਿਸ਼ਚਿਤ ਕਰਦੀ ਹੈ ਕਿ ਕਦੋਂ ਬਿੱਲ ਪੇਸ਼ ਕੀਤਾ ਜਾਣਾ ਹੈ ਅਤੇ ਇਸ 'ਤੇ ਚਰਚਾ ਲਈ ਕਿੰਨਾ ਸਮਾਂ ਦਿੱਤਾ ਜਾਣਾ ਹੈ। ਸਧਾਰਣ ਸ਼ਬਦਾਂ ਵਿੱਚ ਇਹ ਸੰਮਤੀ ਸਦਨ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਨਾਲ ਸਬੰਧਿਤ ਸਮੇਂ ਸੂਚੀ ਤਿਆਰ ਕਰਦੀ ਹੈ।

3. **ਵਿਸ਼ੇਸ਼ ਅਧਿਕਾਰਾਂ ਦੀ ਸੰਮਤੀ** (Committee on Privileges):ਸੰਸਦ ਦੇ ਮੈਂਬਰਾਂ ਨੂੰ ਕੁਝ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦੇ ਹਨ। ਜੇਕਰ ਇਨ੍ਹਾਂ ਅਧਿਕਾਰਾਂ ਵਿੱਚੋਂ ਕਿਸੇ ਦਾ ਕਿਸੇ ਵਿਅਕਤੀ ਵੱਲੋਂ ਉਲੰਘਣ ਕੀਤਾ ਜਾਦਾ ਹੈ ਤਾਂ ਮਾਮਲਾ ਵਿਸ਼ੇਸ਼ ਅਧਿਕਾਰੀ ਦੀ ਸੰਮਤੀ ਨੂੰ ਸੌਂਪਿਆ ਜਾਂਦਾ ਹੈ। ਇਸ ਸੰਮਤੀ ਨੂੰ ਸਦਨ ਦੇ ਮੈਂਬਰਾਂ ਵਿੱਚੋਂ ਇਕ ਸਾਲ ਲਈ ਨਿਯੁਕਤ ਕੀਤਾ ਜਾਂਦਾ ਹੈ, ਇਸ ਦੇ 15 ਮੈਂਬਰ ਹੁੰਦੇ ਹਨ। ਸਦਨ ਵਿੱਚ ਪ੍ਰਤੀਨਿਧਤਾ ਪ੍ਰਾਪਤ ਸਾਰੀਆਂ ਦਲਾਂ ਦੇ ਮੈਂਬਰਾਂ ਨੂੰ ਇਸ ਸੰਮਤੀ ਵਿੱਚ ਜ਼ਰੂਰੀ ਪ੍ਰਤੀਨਿਧਤਾ ਦਿੱਤੀ ਜਾਂਦੀ ਹੈ। ਸਧਾਰਣ ਰੂਪ ਵਿੱਚ ਸਦਨ ਦਾ ਨੇਤਾ ਅਤੇ ਕਾਨੂੰਨੀ ਮੰਤਰੀ ਇਸ ਸੰਮਤੀ ਦੇ ਮੈਂਬਰ ਹੁੰਦੇ ਹਨ। ਜੇਕਰ ਡਿਪਟੀ ਸਪੀਕਰ ਇਸ ਸੰਮਤੀ ਦਾ ਮੈਂਬਰ ਹੋਵੇ ਤਾਂ ਉਹ ਉਸ ਦਾ ਪ੍ਰਧਾਨ ਵੀ ਹੁੰਦਾ ਹੈ ਨਹੀਂ ਤਾਂ ਪ੍ਰਧਾਨ ਦੀ ਨਿਯੁਕਤੀ ਸਪੀਕਰ ਵੱਲੋਂ ਕੀਤੀ ਜਾਂਦੀ ਹੈ।

4. **ਸਦਨ ਵਿੱਚੋਂ ਮੈਂਬਰਾਂ ਦੀ ਗੈਰ ਹਾਜ਼ਰੀ ਦੇ ਸਬੰਧੀ ਸੰਮਤੀ** (Committee on the Absence of Members from the House): ਸੰਵਿਧਾਨ ਦੇ ਅਨੁਸਾਰ ਕੋਈ ਮੈਂਬਰ ਸਦਨ ਦੀ ਮਨਜ਼ੂਰੀ ਤੋਂ ਬਿਨਾਂ ਸਦਨ ਦੀਆਂ ਬੈਠਕਾਂ ਤੋਂ 60 ਦਿਨਾਂ ਤੋਂ ਜ਼ਿਆਦਾ ਸਮੇਂ ਗੈਰ ਹਾਜ਼ਰ ਰਹਿੰਦਾ ਹੈ ਤਾਂ ਉਸ ਦੀ ਸੀਟ ਖਾਲੀ ਘੋਸ਼ਿਤ ਕੀਤੀ ਜਾ ਸਕਦੀ ਹੈ। ਮੈਂਬਰਾਂ ਦੀ ਸਦਨ ਤੋਂ ਗੈਰ ਹਾਜ਼ਰੀ ਨਾਲ ਸਬੰਧਿਤ ਸਾਰੇ ਮਾਮਲਿਆਂ ਦੀ ਜਾਂਚ ਪੜਤਾਲ ਕਰਨ, ਗੈਰ ਹਾਜ਼ਰੀ ਦੇ ਕਾਰਨਾਂ ਦੀ ਜਾਂਚ ਕਰਨ ਅਤੇ ਸਦਨ ਤੋਂ ਛੁੱਟੀ ਦੇ ਸਬੰਧ ਵਿੱਚ ਸੁਝਾਅ ਦੇਣ ਲਈ ਸਦਨ ਦੀ ਇਕ ਸੰਮਤੀ ਬਣਾਈ ਜਾਂਦੀ ਹੈ। ਇਸ ਸੰਮਤੀ ਨੂੰ ਮੈਂਬਰਾਂ ਦੀ ਗੈਰ ਹਾਜ਼ਰੀ ਸਬੰਧੀ ਸੰਮਤੀ ਕਿਹਾ ਜਾਂਦਾ ਹੈ। ਇਹ ਸੰਮਤੀ 15 ਮੈਂਬਰਾਂ 'ਤੇ ਅਧਾਰਿਤ ਹੁੰਦੀ ਹੈ। ਉਨ੍ਹਾਂ ਦੀ ਨਿਯੁਕਤੀ ਸਪੀਕਰ ਵੱਲੋਂ ਇਕ ਸਾਲ ਲਈ ਕੀਤੀ ਜਾਂਦੀ ਹੈ।

5. **ਸਰਕਾਰੀ ਵਾਅਦਿਆਂ ਸਬੰਧੀ ਸੰਮਤੀ** (Committee on Governmental Assurances): ਸਿਰਫ ਮੰਤਰੀ ਸਦਨ ਵਿੱਚ ਜਵਾਬ ਦੇਣ ਜਾਂ ਸਦਨ ਨੂੰ ਸੰਬੋਧਨ ਕਰਦੇ ਸਮੇਂ ਕੁਝ ਵਿਸ਼ੇਸ਼ ਵਾਅਦੇ ਕਰ ਦਿੰਦੇ ਹਨ ਜਾਂ ਸਦਨ ਨੂੰ ਕੁਝ ਭਰੋਸਾ ਦਿੰਦੇ ਹਨ। ਸਦਨ ਇਹ ਜਾਨਣਾ ਚਾਹੁੰਦਾ ਹੈ ਕਿ ਕੀ ਮੰਤਰੀਆਂ ਵੱਲੋਂ ਕੀਤੇ ਗਏ ਵਾਅਦੇ ਠੀਕ ਤਰ੍ਹਾਂ ਪੂਰੇ ਕੀਤੇ ਗਏ ਹਨ ਜਾਂ ਨਹੀਂ? ਇਹ ਕੰਮ ਸਰਕਾਰੀ ਵਾਅਦਿਆਂ ਸਬੰਧੀ ਸੰਮਤੀ ਵੱਲੋਂ ਕੀਤਾ ਜਾਂਦਾ ਹੈ। ਇਸ ਸੰਮਤੀ ਦਾ ਕੰਮ ਇਹ ਵੀ ਦੇਖਣਾ ਹੁੰਦਾ ਹੈ ਕਿ ਕੀ ਸਰਕਾਰ ਵੱਲੋਂ ਕੀਤੇ ਗਏ ਵਾਅਦੇ ਨਿਰਧਾਰਿਤ ਸਮੇਂ ਵਿੱਚ ਪੂਰੇ ਕੀਤੇ ਗਏ ਹਨ ਜਾਂ ਨਹੀਂ। ਜੇਕਰ ਕਿਸੇ ਮੰਤਰੀ ਵੱਲੋਂ ਕੋਈ ਵਾਅਦਾ ਪੂਰਾ ਨਹੀਂ ਕੀਤਾ ਜਾਂਦਾ ਤਾਂ ਸੰਮਤੀ ਇਸ ਨੂੰ ਸਦਨ ਦੇ ਧਿਆਨ ਵਿੱਚ ਲਿਆਉਂਦੀ ਹੈ। ਇਸ ਸੰਮਤੀ ਦੇ ਵੀ 15 ਤੋਂ ਜ਼ਿਆਦਾ ਮੈਂਬਰ ਨਹੀਂ ਹੁੰਦੇ ਜਿਨ੍ਹਾਂ ਦੀ ਨਿਯੁਕਤੀ ਸਪੀਕਰ ਵੱਲੋਂ ਇਕ ਸਾਲ ਲਈ ਕੀਤੀ ਜਾਂਦੀ ਹੈ। ਕੋਈ ਵੀ ਮੰਤਰੀ ਇਸ ਸੰਮਤੀ ਦਾ ਮੈਂਬਰ ਨਹੀਂ

ਬਣ ਸਕਦਾ, ਜੇਕਰ ਇਸ ਸੰਮਤੀ ਦਾ ਕੋਈ ਮੈਂਬਰ ਬਾਅਦ ਵਿੱਚ ਮੰਤਰੀ ਬਣ ਜਾਂਦਾ ਹੈ ਤਾਂ ਉਸ ਨੂੰ ਇਸ ਸੰਮਤੀ ਦੀ ਮੈਂਬਰਸ਼ਿਪ ਛੱਡਣੀ ਪੈਂਦੀ ਹੈ। **ਨੋਟ**

6. **ਪਟੀਸ਼ਨਾਂ ਸਬੰਧੀ ਸੰਮਤੀ** (Committee on Petitions): ਇਸ ਸੰਮਤੀ ਦਾ ਕੰਮ ਇਹ ਦੇਖਣਾ ਹੁੰਦਾ ਹੈ ਕਿ ਕੀ ਲੋਕਾਂ ਵੱਲੋਂ ਲੋਕ ਸਭਾ ਨੂੰ ਪੇਸ਼ ਕੀਤੀ ਗਈਆਂ ਪਟੀਸ਼ਨਾਂ ਨਾਲ ਠੀਕ ਢੰਗ ਨਾਲ ਨਿਪਟਿਆ ਗਿਆ ਹੈ। ਇਹ ਸਾਰੀਆਂ ਪਟੀਸ਼ਨਾਂ ਦੀ ਛਾਣਬੀਣ ਕਰਦੀ ਹੈ ਅਤੇ ਆਪਣੀਆਂ ਸਿਫਾਰਿਸ਼ਾਂ ਸਹਿਤ ਜਾਂ ਸਿਫਾਰਿਸ਼ਾਂ ਤੋਂ ਬਿਨਾਂ ਸਬੰਧਿਤ ਵਿਭਾਗਾਂ ਨੂੰ ਭੇਜਦੀ ਹੈ। ਇਹ ਸੰਮਤੀ ਵੀ 15 ਮੈਂਬਰਾਂ 'ਤੇ ਅਧਾਰਿਤ ਹੁੰਦੀ ਹੈ ਜਿਨ੍ਹਾਂ ਦੀ ਨਿਯੁਕਤੀ ਸਪੀਕਰ ਵੱਲੋਂ ਅਲੱਗ-ਅਲੱਗ ਰਾਜਨੀਤਿਕ ਦਲਾਂ ਨਾਲ ਸਬੰਧਿਤ ਮੈਂਬਰਾਂ ਵਿੱਚੋਂ ਕੀਤੀ ਜਾਂਦੀ ਹੈ। ਇਸ ਸੰਮਤੀ ਦੇ ਮੈਂਬਰਾਂ ਦਾ ਕਾਰਜਕਾਲ ਇਕ ਸਾਲ ਦਾ ਹੁੰਦਾ ਹੈ।

7. **ਸਧਾਰਣ ਉਦੇਸ਼ ਸੰਮਤੀ** (General Purpose Committee): ਇਸ ਸੰਮਤੀ ਦੀ ਹੋਂਦ 1954 ਤੋਂ ਹੈ। ਇਹ ਸੰਮਤੀ ਕਿਸੇ ਵਿਸ਼ੇਸ਼ ਨਾਲ ਨਹੀਂ ਨਿਪਟਦੀ। ਇਸ ਸੰਮਤੀ ਦੇ 20 ਮੈਂਬਰ ਹੁੰਦੇ ਹਨ। ਸਪੀਕਰ, ਡਿਪਟੀ ਸਪੀਕਰ, ਪ੍ਰਧਾਨਾਂ ਦੇ ਪੈਨਲ ਦੇ ਮੈਂਬਰ ਅਤੇ ਸਦਨ ਵਿੱਚ ਅਲੱਗ-ਅਲੱਗ ਮਾਨਤਾ ਪ੍ਰਾਪਤ ਰਾਜਨੀਤਿਕ ਦਲਾਂ ਦੇ ਨੇਤਾ ਇਸ ਦੇ ਮੈਂਬਰ ਹੁੰਦੇ ਹਨ। ਬਾਕੀ ਮੈਂਬਰਾਂ ਦੀ ਨਿਯੁਕਤੀ ਸਪੀਕਰ ਵੱਲੋਂ ਕੀਤੀ ਜਾਂਦੀ ਹੈ। ਉਹ ਖੁਦ ਇਸ ਸੰਮਤੀ ਦਾ ਪ੍ਰਧਾਨ ਵੀ ਹੁੰਦਾ ਹੈ। ਇਹ ਸਦਨ ਨਾਲ ਸਬੰਧਿਤ ਕਿਸੇ ਮੁੱਦੇ 'ਤੇ ਸਲਾਹ-ਮਸ਼ਵਰਾ ਕਰਦੀ ਹੈ।

## 7.4 ਵਿਧਾਨਕ ਸੰਮਤੀਆਂ ਦੇ ਕੰਮ (Functions of the Legislative Committees)

1. **ਪ੍ਰਵਰ ਸੰਮਤੀਆਂ** (Select Committees): ਇਹ ਸੰਮਤੀਆਂ ਬਹੁਤ ਮਹੱਤਵਪੂਰਨ ਹੁੰਦੀਆਂ ਹਨ। ਇਨ੍ਹਾਂ ਸੰਮਤੀਆਂ ਦਾ ਗਠਨ ਅਲੱਗ-ਅਲੱਗ ਸਰਵਜਨਕ ਸਰਕਾਰੀ ਬਿੱਲਾਂ 'ਤੇ ਸਲਾਹ-ਮਸ਼ਵਰਾ ਕਰਨ ਲਈ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਕਾਨੂੰਨ ਵਿੱਚੋਂ ਬਦਲਣ ਲਈ ਸਦਨ ਵਿੱਚ ਪੇਸ਼ ਕੀਤਾ ਜਾਂਦਾ ਹੈ ਪਰ ਇਹ ਸੰਮਤੀਆਂ ਸਥਾਈ ਨਹੀਂ ਹੁੰਦੀਆਂ ਹਨ। ਨਿਸ਼ਚਿਤ ਕੰਮ ਪੂਰਾ ਕਰਨ ਤੋਂ ਬਾਅਦ ਹਰੇਕ ਪ੍ਰਵਰ ਸੰਮਤੀ ਭੰਗ ਹੋ ਜਾਂਦੀ ਹੈ। ਜਦੋਂ ਲੋਕ ਸਭਾ ਫੈਸਲਾ ਲੈਂਦੀ ਹੈ ਤਾਂ ਕੋਈ ਵਿਸ਼ੇਸ਼ ਬਿੱਲ ਕਿਸੇ ਵਿਸ਼ੇਸ਼ ਸੰਮਤੀ ਨੂੰ ਭੇਜਿਆ ਜਾਵੇਗਾ ਤਾਂ ਸਪੀਕਰ ਅਜਿਹੀ ਇਕ ਸੰਮਤੀ ਨਿਯੁਕਤ ਕਰਦਾ ਹੈ।

*ਕੀ ਤੁਸੀਂ ਜਾਣਦੇ ਹੋ*

ਹਰੇਕ ਪ੍ਰਵਰ ਸੰਮਤੀ ਦੇ ਮੈਂਬਰਾਂ ਦੀ ਸੰਖਿਆ ਨਿਸ਼ਚਿਤ ਨਹੀਂ ਹੁੰਦੀ। ਆਮ ਤੌਰ 'ਤੇ ਇਸ ਪ੍ਰਵਰ ਸੰਮਤੀ ਦੇ 10 ਤੋਂ 30 ਮੈਂਬਰ ਹੁੰਦੇ ਹਨ ਜੋ ਮੈਂਬਰ ਕੋਈ ਬਿੱਲ ਪੇਸ਼ ਕਰਦਾ ਹੈ ਉਹ ਹਮੇਸ਼ਾ ਬਿੱਲ 'ਤੇ ਸਲਾਹ-ਮਸ਼ਵਰੇ ਲਈ ਨਿਯੁਕਤ ਪ੍ਰਵਰ ਸੰਮਤੀ ਦਾ ਮੈਂਬਰ ਹੁੰਦਾ ਹੈ।

ਸੰਮਤੀ ਦੇ ਚੇਅਰਮੈਨ ਅਤੇ ਹੋਰ ਮੈਂਬਰਾਂ ਦੀ ਨਿਯੁਕਤੀ ਸਪੀਕਰ ਵੱਲੋਂ ਅਲੱਗ-ਅਲੱਗ ਦਲਾਂ ਨਾਲ ਸਬੰਧਿਤ ਮੈਂਬਰਾਂ ਵਿੱਚਂ ਕੀਤੀ ਜਾਂਦੀ ਹੈ। ਇਕ ਬਿੱਲ ਦੀ ਜਾਂਚ ਵਿੱਚ ਪ੍ਰਵਰ ਸੰਮਤੀ ਜਦੋਂ ਜ਼ਰੂਰੀ ਸਮਝੇ, ਵਿਗਿਆਨੀਆਂ ਦੀ ਸਹਾਇਤਾ ਲੈ ਸਕਦੀ ਹੈ। ਉਹ ਵਿਅਕਤੀ ਵੀ ਜੋ ਇਸ ਸੰਮਤੀ ਦੇ ਮੈਂਬਰ ਨਹੀਂ ਹੁੰਦੇ, ਸੰਮਤੀ ਦੇ ਸਾਹਮਣੇ ਪੇਸ਼ ਹੋ ਸਕਦੇ ਹਨ ਅਤੇ ਆਪਣੇ ਸੁਝਾਅ ਦੇ ਸਕਦੇ ਹਨ। ਇਸ ਤੋਂ ਇਲਾਵਾ ਉਹ ਆਪਣੇ ਸੁਝਾਅ ਲਿਖਤੀ ਰੂਪ ਵਿੱਚ ਵੀ ਇਸ ਸੰਮਤੀ ਕੋਲ ਭੇਜ ਸਕਦਾ ਹੈ। ਸਿਰਫ ਕਿਸੇ ਬਹੁਤ ਮਹੱਤਵਪੂਰਨ ਸਰਵਜਨਕ ਬਿੱਲ ਦੀ ਸਮੀਖਿਆ ਲਈ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਇਕ ਸਾਂਝੀ ਪ੍ਰਵਰ ਸੰਮਤੀ ਬਣਾ ਲਈ ਜਾਂਦੀ ਹੈ। ਲੋਕ ਸਭਾ ਅਤੇ ਰਾਜ ਸਭਾ ਦੋਵੇਂ ਸਦਨ 2.1 ਦੇ ਅਨੁਪਾਤ ਵਿੱਚ ਇਕ ਸੰਯੁਕਤ ਪ੍ਰਵਰ ਸੰਮਤੀ ਦੇ ਮੈਂਬਰ ਨਿਯੁਕਤ ਕਰਦੇ ਹਨ।

2. **ਨਿੱਜੀ ਮੈਂਬਰ ਬਿੱਲਾਂ ਅਤੇ ਪ੍ਰਸਤਾਵਾਂ ਸਬੰਧੀ ਸੰਮਤੀ** (Committee on Private Members' Bills and Resolutions):1953 ਤੋਂ ਪਹਿਲਾਂ ਨਿੱਜੀ ਮੈਂਬਰ ਬਿੱਲਾਂ ਜੋ ਸਦਨ ਦੇ ਸਧਾਰਣ ਮੈਂਬਰਾਂ ਅਤੇ ਅਜਿਹੇ ਮੈਂਬਰ ਜੋ ਮੰਤਰੀ ਨਹੀਂ ਸਨ, ਵੱਲੋਂ ਪੇਸ਼ ਕੀਤੇ ਜਾਂਦੇ ਹਨ, ਦੀ ਕਿਸਮਤ ਦਾ ਫੈਸਲਾ ਇਕ ਲਾਟਰੀ ਨਾਲ ਕੀਤਾ ਜਾਂਦਾ ਸੀ। ਕੇਵਲ ਉਨ੍ਹਾਂ ਬਿੱਲਾਂ ਨੂੰ ਸਲਾਹ-ਮਸ਼ਵਰੇ ਲਈ ਲਿਆ ਜਾਂਦਾ ਸੀ ਜੋ ਲਾਟਰੀ ਵਿੱਚ ਜੇਤੂ ਰਹਿੰਦੇ ਸਨ। ਇਸ ਪ੍ਰੰਪਰਾ ਦੇ ਨਤੀਜੇ ਦੇ ਰੂਪ ਵਿੱਚ ਅਨੇਕਾਂ ਮਹੱਤਵਪੂਰਨ ਬਿੱਲ ਅਤੇ ਪ੍ਰਸਤਾਵ ਸਦਨ ਵਿੱਚ ਪੇਸ਼ ਨਹੀਂ ਕੀਤੇ ਜਾ ਸਕਦੇ ਸਨ ਅਤੇ ਕੁਝ ਘੱਟ ਮਹੱਤਵਪੂਰਨ ਬਿੱਲਾਂ ਨੂੰ ਪਾਸ ਹੋਣ ਦਾ ਮੌਕਾ ਮਿਲ ਜਾਂਦਾ ਸੀ। ਇਸ ਸਮੱਸਿਆ ਦੇ ਹੱਲ ਲਈ 1953 ਵਿੱਚ ਸਾਰੇ ਗੈਰ ਸਰਕਾਰੀ ਅਰਥਾਤ ਨਿੱਜੀ ਮੈਂਬਰ ਬਿੱਲਾਂ 'ਤੇ ਵਿਚਾਰ ਲਈ ਇਕ ਸੰਮਤੀ ਦਾ ਗਠਨ ਕੀਤਾ ਗਿਆ। ਇਹ ਸੰਮਤੀ ਹੁਣ ਸਾਰੀਆਂ ਪ੍ਰਾਈਵੇਟ ਮੈਂਬਰ ਮਿੱਲਾਂ ਦੀ ਕਿਸਮਤ ਦਾ ਫੈਸਲਾ ਕਰਦੀ ਹੈ। ਅਜਿਹਾ ਕਰਦੇ ਸਮੇਂ ਇਹ ਸੰਮਤੀ ਜ਼ਰੂਰਤ ਅਤੇ ਮਿੱਲ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦੀ ਹੈ। ਇਹ ਸੰਮਤੀ ਬਿੱਲਾਂ ਨੂੰ ਦੋ ਮੁੱਖ ਸ਼੍ਰੇਣੀਆਂ ਵਿੱਚ ਵੰਡਦੀ ਹੈ- (ਕ) ਉਹ ਬਿੱਲ ਜੋ ਉੱਚ ਮਹੱਤਵ ਵਾਲੇ ਹੁੰਦੇ ਹਨ (ਖ) ਉਹ ਬਿੱਲ ਜੋ ਘੱਟ ਮਹੱਤਵ ਵਾਲੇ ਹੁੰਦੇ ਹਨ। ਇਹ ਸੰਮਤੀ ਸਦਨ ਦੇ ਮੈਂਬਰਾਂ ਵੱਲੋਂ ਪੇਸ਼ ਕੀਤੇ ਗਏ ਬਿੱਲਾਂ ਦੀ ਛਾਣਬੀਣ ਕਰਦੀ ਹੈ ਅਤੇ ਸਦਨ ਨੂੰ ਸਿਫਾਰਿਸ਼ ਕਰਦੀ ਹੈ ਕਿ ਕਿਹੜੇ ਬਿੱਲਾਂ 'ਤੇ ਵਿਚਾਰ ਕੀਤਾ ਜਾਵੇਗਾ। ਇਸ ਸੰਮਤੀ ਦੇ 15 ਮੈਂਬਰ ਹੁੰਦੇ ਹਨ ਅਤੇ ਸਧਾਰਣ ਰੂਪ ਵਿੱਚ ਲੋਕ ਸਭਾ ਦਾ ਡਿਪਟੀ ਸਪੀਕਰ ਇਸ ਦਾ ਚੇਅਰਮੈਨ ਹੁੰਦਾ ਹੈ। ਇਸ ਸੰਮਤੀ ਹੋਰ ਮੈਂਬਰ ਸਪੀਕਰ ਵੱਲੋਂ ਇਕ ਸਾਲ ਲਈ ਨਿਯੁਕਤ ਕੀਤੇ ਜਾਂਦੇ ਹਨ।

ਨੋਟ

3. **ਪ੍ਰਾਦਤ ਵਿਵਵਸਥਾਪਨ ਸਬੰਧੀ ਸੰਮਤੀ** (Committee on Subordinate or Direct Legislation) : ਸਮੇਂ ਅਤੇ ਸਿੱਖਿਅਤ ਗਿਆਨ ਦੀ ਘਾਟ ਕਾਰਨ ਇਕ ਆਧੁਨਿਕ ਸੰਸਦ ਸਧਾਰਣ ਰੂਪ ਵਿੱਚ ਬਿੱਲ ਨੂੰ ਮਸੌਦੇ ਦੇ ਰੂਪ ਵਿੱਚ ਪਾਸ ਕਰਦੀ ਹੈ ਅਤੇ ਕਾਰਜ ਪਾਲਿਕਾ ਨੂੰ ਅਧਿਕਾਰ ਸੌਂਪ ਦਿੰਦੀ ਹੈ ਕਿ ਉਹ ਨਿਯਮ ਬਣਾ ਕੇ ਇਸ ਨੂੰ ਪੂਰਾ ਕਰ ਲਵੇ। ਕਈ ਵਾਰ ਵਿਧਾਨ ਪਾਲਿਕਾ ਪ੍ਰਤੱਖ ਰੂਪ ਵਿੱਚ ਕਾਨੂੰਨ ਬਣਾਉਣ ਨਾਲ ਸਬੰਧਿਤ ਆਪਣੀਆਂ ਕੁਝ ਸ਼ਕਤੀਆਂ ਕਾਰਜ ਪਾਲਿਕਾ ਨੂੰ ਸੌਂਪ ਦਿੰਦੀ ਹੈ। ਇਸ ਪ੍ਰਣਾਲੀ ਅਧੀਨ ਕਾਰਜ ਪਾਲਿਕਾ ਸੰਸਦ ਵੱਲੋਂ ਦਿੱਤੀਆਂ ਗਈਆਂ ਸ਼ਕਤੀਆਂ ਦੇ ਅਧਾਰ 'ਤੇ ਕਾਨੂੰਨ ਬਣਾਉਂਦੀ ਹੈ। ਕਾਨੂੰਨ ਬਣਾਉਣ ਦੀ ਇਸ ਪ੍ਰਣਾਲੀ ਨੂੰ ਪ੍ਰਾਦਤ ਜਾਂ ਅਧੀਨਗੀ ਵਿਵਸਥਾਪਨ ਪ੍ਰਣਾਲੀ ਕਿਹਾ ਜਾਂਦਾ ਹੈ। ਇਸ ਪ੍ਰਣਾਲੀ ਅਧੀਨ ਸੌਂਪੀਆਂ ਗਈਆਂ ਸ਼ਕਤੀਆਂ ਦਾ ਕਾਰਜ ਪਾਲਿਕਾ ਵੱਲੋਂ ਸੰਭਾਵੀ ਗਲਤ ਇਸਤੇਮਾਲ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਸੰਸਦ ਹਮੇਸ਼ਾ ਪ੍ਰਾਦਤ ਵਿਵਸਥਾਪਨ ਅਧੀਨ ਨਿਰਮਿਤ ਕਾਨੂੰਨਾਂ 'ਤੇ ਕੰਟਰੋਲ ਰੱਖਣਾ ਚਾਹੁੰਦੀ ਹੈ। ਇਸ ਉਦੇਸ਼ ਲਈ ਉਹ ਇਕ ਸੰਮਤੀ ਪ੍ਰਾਦਤ ਵਿਵਸਥਾਪਨ ਦੀ ਸੰਮਤੀ ਨਿਯੁਕਤ ਕਰਦੀ ਹੈ ਅਤੇ ਇਸ ਨੂੰ ਜ਼ਿੰਮੇਵਾਰੀ ਸੌਂਪਦੀ ਹੈ ਕਿ ਉਹ ਕਾਰਜ ਪਾਲਿਕਾ ਨਾਲ ਬਣਾਏ ਗਏ ਕਾਨੂੰਨਾਂ ਦੀ ਛਾਣਬੀਣ ਕਰੇ। ਭਾਰਤੀ ਸੰਸਦ ਵੱਲੋਂ ਵੀ ਅਜਿਹਾ ਕੀਤਾ ਜਾ ਚੁੱਕਾ ਹੈ। ਇਸ ਦੀ ਅਜਿਹੀ ਸੰਮਤੀ ਨੂੰ ਪ੍ਰਾਦਤ ਵਿਵਸਥਾਪਨ ਸੰਮਤੀ ਕਿਹਾ ਜਾਂਦਾ ਹੈ। ਇਸ ਸੰਮਤੀ ਦੇ 15 ਮੈਂਬਰ ਹੁੰਦੇ ਹਨ, ਜਿਨ੍ਹਾਂ ਦੀ ਨਿਯੁਕਤੀ ਸਪੀਕਰ ਵੱਲੋਂ ਇਕ ਸਾਲ ਲਈ ਕੀਤੀ ਜਾਂਦੀ ਹੈ। ਇਹ ਸੰਮਤੀ ਕਾਰਜ ਪਾਲਿਕਾ ਵੱਲੋਂ ਪ੍ਰਾਦਤ ਵਿਵਸਥਾਪਨ ਦੇ ਅਧੀਨ ਬਣੇ ਕਾਨੂੰਨਾਂ ਅਤੇ ਨਿਯਮਾਂ ਦੀ ਛਾਣਬੀਣ ਕਰਦੀ ਹੈ।

## 7.5 ਵਿੱਤੀ ਸੰਮਤੀਆਂ (Financial Committees)

### 1. ਅੰਦਾਜ਼ਨ ਸੰਮਤੀ (Estimates Committee):

ਅੰਦਾਜ਼ਨ ਸੰਮਤੀ ਦੇ ਚੇਅਰਮੈਨ ਦੀ ਨਿਯੁਕਤੀ ਸਪੀਕਰ ਵੱਲੋਂ ਚੁਣੇ ਹੋਏ ਮੈਂਬਰਾਂ ਵਿੱਚੋਂ ਕੀਤੀ ਜਾਂਦੀ ਹੈ। ਜਦ ਡਿਪਟੀ ਸਪੀਕਰ ਇਸ ਸੰਮਤੀ ਦਾ ਮੈਂਬਰ ਚੁਣਿਆ ਜਾਂਦਾ ਹੈ ਤਾਂ ਉਹ ਸੰਮਤੀ ਦਾ ਪ੍ਰਧਾਨ ਬਣ ਜਾਂਦਾ ਹੈ। ਸੰਮਤੀ ਦਾ ਪ੍ਰਧਾਨ ਉਹ ਸਵੀਕਾਰ ਕਰਦਾ ਹੈ ਜੋ ਹੋਰ ਸੰਸਦੀ ਸੰਮਤੀਆਂ ਦੇ ਪ੍ਰਧਾਨ ਕਰਦੇ ਹਨ ਪਰ ਇਸ ਦੇ ਨਾਲ ਹੀ ਉਸ ਨੂੰ ਕੁਝ ਵਿਸ਼ੇਸ਼ ਕੰਮ ਵੀ ਕਰਨੇ ਪੈਂਦੇ ਹਨ। ਉਦਾਹਰਣ ਦੇ ਤੌਰ 'ਤੇ ਉਹ ਸਰਕਾਰ ਦੀਆਂ ਵਿੱਤੀ ਗਤੀਵਿਧੀਆਂ ਦੀ ਜਾਂਚ ਦੀ ਪ੍ਰਕਿਰਤੀ ਅਤੇ ਖੇਤਰ ਸਬੰਧੀ ਫੈਸਲਾ ਕਰਦਾ ਹੈ।

*ਨੋਟਸ* ਭਾਰਤ ਵਿੱਚ ਅੰਦਾਜ਼ਨ ਸੰਮਤੀ 1950 ਵਿੱਚ ਸਥਾਪਿਤ ਕੀਤੀ ਗਈ ਸੀ। ਇਹ ਬ੍ਰਿਟਿਸ਼ ਪ੍ਰਣਾਲੀ ਦੇ ਅਨੁਰੂਪ ਬਣਾਈ ਗਈ ਸੀ। ਇਸ ਸੰਮਤੀ ਦੇ 30 ਮੈਂਬਰ ਹੁੰਦੇ ਹਨ, ਜਿਨ੍ਹਾਂ ਦੀ ਚੋਣ ਲੋਕ ਸਭਾ ਦੇ ਮੈਂਬਰਾਂ ਵੱਲੋਂ ਆਪਣੇ ਵਿੱਚੋਂ ਕੀਤਾ ਜਾਂਦਾ ਹੈ।

**ਅੰਦਾਜ਼ਨ ਸੰਮਤੀ ਦੇ ਕੰਮ** (Functions of the estimate committee) : ਲੋਕ ਸਭਾ ਦੇ ਨਿਯਮ ਨੰ. 310 ਦੇ ਅਨੁਸਾਰ ਸੰਮਤੀ ਦਾ ਮੁੱਖ ਕੰਮ ਸਰਕਾਰ ਵੱਲੋਂ ਲਗਾਏ ਗਏ ਉਨ੍ਹਾਂ ਅੰਦਾਜ਼ਿਆਂ ਦਾ ਅਧਿਐਨ ਕਰਨਾ ਹੁੰਦਾ ਹੈ ਜੋ ਅੰਦਾਜ਼ਨ ਬਜਟ ਨਾਲ ਸਦਨ ਦੇ ਸਾਹਮਣੇ ਪੇਸ਼ ਕੀਤੇ ਜਾਂਦੇ ਹਨ। ਇਸ ਸੰਮਤੀ ਨੂੰ ਸੌਂਪੇ ਗਏ ਚਾਰ ਵਿਸ਼ੇਸ਼ ਕੰਮ ਇਸ ਤਰ੍ਹਾਂ ਹਨ–

(ੳ) ਨੀਤੀ ਦੇ ਅਨੁਕੂਲ ਸੰਗਠਨ, ਕੁਸ਼ਲਤਾ ਜਾਂ ਪ੍ਰਸ਼ਾਸਨ ਦੇ ਸਬੰਧ ਵਿੱਚ ਵਿੱਤੀ ਸੁਧਾਰਾਂ ਸਬੰਧੀ ਰਿਪੋਰਟ ਦੇਣੀ ਤਾਂ ਕਿ ਅੰਦਾਜ਼ਾ ਠੀਕ ਤਰ੍ਹਾਂ ਪੇਸ਼ ਕੀਤਾ ਜਾ ਸਕਦੇ,

(ਅ) ਪ੍ਰਸ਼ਾਸਨ ਵਿੱਚ ਕੁਸ਼ਲਤਾ ਅਤੇ ਬੱਚਤ ਲਿਆਉਣ ਲਈ ਵਿਕਲਪਿਕ ਨੀਤੀਆਂ ਸਬੰਧੀ ਸੁਝਾਅ ਦੇਣਾ,

(ੲ) ਇਹ ਪ੍ਰੀਖਣ ਕਰਨਾ ਕਿ ਕੀ ਧਨ ਅੰਦਾਜ਼ਿਆਂ ਸਬੰਧੀ ਨੀਤੀ ਅਨੁਸਾਰ ਹੀ ਵੇਰਵਾ ਦਿੱਤਾ ਗਿਆ ਹੈ ਜਾਂ ਨਹੀਂ ਅਤੇ

(ਸ) ਉਸ ਵਿਧੀ ਸਬੰਧੀ ਸੁਝਾਅ ਦੇਣਾ, ਜਿਸ ਅਨੁਸਾਰ ਸੰਸਦ ਦੇ ਸਾਹਮਣੇ ਰੱਖੇ ਜਾਣੇ ਚਾਹੀਦੇ ਹਨ।

ਇਸ ਤਰ੍ਹਾਂ ਅੰਦਾਜ਼ਨ ਸੰਮਤੀ ਨੂੰ ਨਾ ਕੇਵਲ ਸਾਲਾਨਾ ਸਰਕਾਰੀ ਅੰਦਾਜ਼ਿਆਂ ਦੀ ਜਾਂਚ ਕਰਨ ਦਾ ਅਧਿਕਾਰ ਹੈ, ਸਗੋਂ ਪ੍ਰਸ਼ਾਸਨ ਵਿੱਚ ਕੁਸ਼ਲਤਾ ਅਤੇ ਸਰਲਤਾ ਲਿਆਉਣ ਨਾਲ ਸਬੰਧਿਤ ਵਿਕਲਪਿਕ ਨੀਤੀਆਂ ਅਤੇ ਕਦਮਾਂ ਸਬੰਧੀ ਵੀ ਸੁਝਾਅ ਦਿੰਦੀ ਹੈ।

ਆਪਣੇ ਹੋਂਦ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਅੰਦਾਜ਼ਿਆਂ ਦੀ ਸੰਮਤੀ ਨੇ ਅਨੇਕਾਂ ਸਰਕਾਰੀ ਵਿਭਾਗਾਂ ਅਤੇ ਏਜੰਸੀਆਂ ਨਾਲ ਸਬੰਧਿਤ ਸੈਂਕੜੇ ਰਿਪੋਰਟਾਂ ਦਿੱਤੀਆਂ ਹਨ। ਆਪਣੇ ਕੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਲਈ ਸੰਮਤੀ ਆਪਣੇ ਆਪ ਨੂੰ ਸਮੂਹ ਜਾਂ ਉੱਪ ਸੰਮਤੀਆਂ ਵਿੱਚ ਵੰਡ ਲੈਂਦੀ ਹੈ ਅਤੇ ਇਨ੍ਹਾਂ ਵਿੱਚੋਂ ਹਰੇਕ ਸਮੂਹ ਨੂੰ ਦਿੱਤੇ ਗਏ ਅੰਦਾਜ਼ਿਆਂ ਦੀ ਛਾਣਬੀਣ ਲਈ ਅਨੇਕਾਂ ਵਿਭਾਗ ਸੌਂਪੇ ਜਾਂਦੇ ਹਨ। ਇਨ੍ਹਾਂ ਦਾ ਕੰਮ ਬਜਟ ਪੇਸ਼ ਕਰਨ ਤੋਂ ਬਾਅਦ ਸ਼ੁਰੂ ਹੁੰਦਾ ਹੈ ਪਰ ਇਹ ਬਜਟ ਪਾਸ ਹੋਣ 'ਤੇ

ਖਤਮ ਨਹੀਂ ਹੁੰਦਾ। ਇਸ ਦਾ ਕੰਮ ਸਾਲ ਭਰ ਜਾਰੀ ਰਹਿੰਦਾ ਹੈ। ਇਹ ਅੰਦਾਜ਼ਿਆਂ ਦੀ ਛਾਣਬੀਣ ਦੇ ਉਦੇਸ਼ਾਂ ਲਈ ਆਪਣੀ ਇੱਛਾ ਅਨੁਸਾਰ ਕਿਸੇ ਵਿਭਾਗ ਜਾਂ ਏਜੰਸੀ ਦੀ ਚੋਣ ਕਰਦੀ ਹੈ। ਇਹ ਪਿਛਲੇ ਸਾਲ ਦੇ ਅੰਦਾਜ਼ਿਆਂ ਦੀ ਤੁਲਨਾ ਅਸਲ ਵਿੱਚ ਕੀਤੇ ਗਏ ਕਾਰੋਬਾਰਾਂ ਅਤੇ ਨਵੇਂ ਸਾਲ ਦੇ ਵਿੱਤੀ ਅੰਦਾਜ਼ਿਆਂ ਨਾਲ ਵੀ ਕਰਦੀ ਹੈ। ਇਹ ਸਰਕਾਰ 'ਤੇ ਵਿਧਾਨ ਪਾਲਿਕਾ ਦੇ ਕੰਟਰੋਲ ਦੇ ਇਕ ਮਹੱਤਵਪੂਰਨ ਉਪਕਰਨ ਦੇ ਰੂਪ ਵਿੱਚ ਕੰਮ ਕਰਦੀ ਹੈ।

2. **ਲੋਕ ਲੇਖਾ ਸੰਮਤੀ** (Public Account Committee) : ਇਹ ਅਸਲ ਵਿੱਚ ਅੰਦਾਜ਼ਨ ਸੰਮਤੀ ਦੀ ਜੁੜਵਾਂ ਭੈਣ ਹੀ ਹੈ, ਇਹ ਅੰਦਾਜ਼ਨ ਸੰਮਤੀ (Estimates Committees) ਦਾ ਸਬੰਧ ਅੰਦਾਜ਼ਿਆਂ ਦੀ ਛਾਣਬੀਣ ਕਰਨਾ ਹੈ ਤਾਂ ਲੋਕ ਲੇਖਾ ਸੰਮਤੀ ਦਾ ਸਬੰਧ ਅਲੱਗ-ਅਲੱਗ ਸਰਕਾਰੀ ਵਿਭਾਗਾਂ ਵੱਲੋਂ ਕੀਤੇ ਗਏ ਖਰਚ ਦੇ ਢੰਗ ਅਤੇ ਨਤੀਜਿਆਂ ਤੋਂ ਹੁੰਦਾ ਹੈ। ਇਹ 22 ਮੈਂਬਰਾਂ 'ਤੇ ਅਧਾਰਿਤ ਹੁੰਦੀ ਹੈ, ਜਿਸ ਵਿੱਚ 7 ਰਾਜ ਸਭਾ ਅਤੇ 15 ਲੋਕ ਸਭਾ ਦੇ ਮੈਂਬਰ ਹੁੰਦੇ ਹਨ। ਮੈਂਬਰਾਂ ਦੀ ਚੋਣ ਹਰੇਕ ਸਦਨ ਵੱਲੋਂ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਵੱਲੋਂ ਇਕ ਸਾਲ ਲਈ ਕੀਤਾ ਜਾਂਦਾ ਹੈ। ਕੋਈ ਮੰਤਰੀ ਜਾਂ ਸੰਮਤੀ ਦਾ ਮੈਂਬਰ ਨਹੀਂ ਬਣ ਸਕਦਾ।

ਸੰਮਤੀ ਦਾ ਮੁੱਖ ਕੰਮ ਸਾਰੇ ਵਿੱਤੀ ਲੈਣ-ਦੇਣ ਨਾਲ ਸਬੰਧਿਤ ਸਰਕਾਰ ਦੇ ਹੱਥਾਂ ਦਾ ਪ੍ਰੀਖਣ ਅਤੇ ਉਨ੍ਹਾਂ ਦੀ ਪੁਸ਼ਟੀ ਕਰਨਾ ਹੁੰਦਾ ਹੈ। ਇਹ ਵੀਨਿਯੋਗ ਖਾਤਿਆਂ (Appropriation Account) ਅਤੇ ਭਾਰਤ ਦੇ ਕੰਪੈਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ ਦੀ ਛਾਣਬੀਣ ਕਰਦੀ ਹੈ। ਸੰਮਤੀ ਇਹ ਨਿਰਧਾਰਿਤ ਕਰਦੀ ਹੈ ਕਿ-

1. ਕੀ ਖਾਤਿਆਂ ਵਿੱਚ ਦਰਜ ਰਾਸ਼ੀ, ਜਿਸ ਤਰ੍ਹਾਂ ਕੀਤੀ ਗਈ, ਉਹ ਕਾਨੂੰਨੀ ਰੂਪ ਵਿੱਚ ਉਪਲੱਬਧ ਸੀ ਅਤੇ ਉਸ ਸੇਵਾ ਦੇ ਉਦੇਸ਼ ਲਈ ਠੀਕ ਸੀ, ਜਿਸ ਲਈ ਇਹ ਵਸੂਲ ਜਾਂ ਖਰਚ ਕੀਤੀ ਗਈ ਸੀ?
2. ਕੀ ਖਰਚ ਦੀ ਆਗਿਆ ਉਸ ਸੱਤਾ ਨੇ ਦਿੱਤੀ ਹੈ ਜੋ ਉਸ ਨੂੰ ਚਲਾਉਂਦੀ ਹੈ?
3. ਕੀ ਪੁਨਰ ਵੀਨਿਯੋਗ (Pre-Appropriation) ਵਿਵਸਥਾ ਸਮਰੱਥ ਅਧਿਕਾਰੀ ਵੱਲੋਂ ਇਸ ਨਾਲ ਸਬੰਧਿਤ ਬਣਾਈਆਂ ਗਈਆਂ ਵਿਵਸਥਾਵਾਂ ਦੇ ਅਨੁਸਾਰ ਹੈ?

ਇਸ ਸੰਮਤੀ ਦਾ ਇਹ ਵੀ ਕਰਤਵ ਹੈ ਕਿ ਉਹ ਸਰਵਜਨਕ ਨਿਗਮਾਂ, ਨਿਰਮਾਣ ਇਕਾਈਆਂ, ਸਵਾਯਤ ਅਤੇ ਅਰਧ-ਸਵਾਯਤ ਸੰਸਥਾਵਾਂ ਦੀਆਂ ਬੈਲੰਸ ਸ਼ੀਟਾਂ ਤੇ ਲਾਭ ਅਤੇ ਹਾਨੀ ਖਾਤਿਆਂ ਦੀ ਜਾਂਚ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਲੇਖੇ-ਜੋਖੇ, ਜਿਨ੍ਹਾਂ ਵਿੱਚ ਆਇਆ ਅਤੇ ਗਿਆ ਦਰਜ ਹੁੰਦਾ ਹੈ, ਦੀ ਛਾਣਬੀਣ ਵੀ ਕਰਨ।

ਜੇਕਰ ਵਿੱਤੀ ਸਾਲ ਦੌਰਾਨ ਕਿਸੇ ਸੇਵਾ 'ਤੇ ਕੀਤਾ ਗਿਆ ਖਰਚ ਇਸ ਉਦੇਸ਼ ਲਈ ਸੰਸਦ ਵੱਲੋਂ ਸਵੀਕਾਰ ਰਾਸ਼ੀ ਤੋਂ ਵਧੇਰੇ ਕੀਤਾ ਗਿਆ ਹੋਵੇ ਤਾਂ ਸੰਮਤੀ ਹਰੇਕ ਮਾਮਲੇ ਦੇ ਤੱਥਾਂ ਅਤੇ ਪ੍ਰਸਥਿਤੀਆਂ ਦੀ ਰਿਪੋਰਟ ਹਵਾਲੇ ਸਮੇਤ ਛਾਣਬੀਣ ਕਰਦੀ ਹੈ, ਜਿਸ ਕਾਰਨ ਵਧੇਰੇ ਖਰਚ ਕਰਨਾ ਪੈਂਦਾ ਸੀ। ਇਸ ਮਾਮਲੇ 'ਤੇ ਇਸ ਦ੍ਰਿਸ਼ਟੀਕੋਣ ਨਾਲ ਦੁਬਾਰਾ ਵਿਚਾਰ ਕਰਦੀ ਹੈ ਕਿ ਕੀ ਸਬੰਧਿਤ ਵਿਭਾਗ ਵਿੱਚ ਖਰਚ ਕਰਦੇ ਸਮੇਂ ਜ਼ਰੂਰੀ, ਸਹੀ ਅਤੇ ਨਿਆਪੂਰਨ ਧਿਆਨ ਦਿੱਤਾ ਹੈ ਜਾਂ ਨਹੀਂ। ਇਹ ਸੰਮਤੀ ਤਰੁਟੀਆਂ ਨੂੰ ਸਾਹਮਣੇ ਲਿਆ ਸਕਦੀ ਹੈ ਅਤੇ ਇਨ੍ਹਾਂ ਦੇ ਸਬੰਧ ਵਿੱਚ ਉਚਿਤ ਕਾਰਵਾਈ ਲਈ ਸੰਸਦ ਨੂੰ ਸਿਫਾਰਿਸ਼ ਕਰ ਸਕਦੀ ਹੈ।

ਅੰਦਾਜ਼ਨ ਸੰਮਤੀ ਤੋਂ ਉਲਟ ਲੋਕ ਲੇਖਾ ਸੰਮਤੀ ਕੋਲ ਇਕ ਸਿੱਖਿਅਤ ਏਜੰਸੀ, ਭਾਰਤ ਦੇ ਕੰਪ੍ਰੈਟ੍ਰੋਲਰ ਅਤੇ ਐਡੀਟਰ ਜਨਰਲ ਦੀਆਂ ਸੇਵਾਵਾਂ ਹੁੰਦੀਆਂ ਹਨ ਜੋ ਸਾਰੇ ਖਾਤਿਆਂ ਦੀ ਜਾਂਚ ਕਰਦੀ ਹੈ ਅਤੇ ਆਡਿਟ ਕਰਦੀ ਹੈ। ਸੰਮਤੀ ਕੋਲ ਇਹ ਅਧਿਕਾਰ ਹੈ ਕਿ ਉਹ ਵਿਭਾਗਾਂ ਵੱਲੋਂ ਕੀਤੇ ਗਏ ਵਿੱਤੀ ਲੈਣ-ਦੇਣ ਨਾਲ ਸਬੰਧਿਤ ਜਾਣਕਾਰੀ ਲਈ ਸਬੰਧਿਤ ਵਿਭਾਗ ਦੇ ਅਧਿਕਾਰੀਆਂ ਕੋਲੋਂ ਸੂਚਨਾਵਾਂ ਪ੍ਰਾਪਤ ਕਰ ਸਕਦੀ ਹੈ। ਇਹ ਕਹਿਣੇ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਲੋਕ ਲੇਖਾ ਸੰਮਤੀ ਸੰਸਦ ਦੀ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਅਤੇ ਸਰਗਰਮ ਸੰਮਤੀ ਹੈ। ਇਸ ਦੀਆਂ ਕਾਰਵਾਈਆਂ ਅਰਧ-ਅਦਾਲਤੀ ਢੰਗ ਨਾਲ ਚਲਾਈਆਂ ਜਾਂਦੀਆਂ ਹਨ। ਸੰਮਤੀ ਦਲੀ ਹਿੱਤਾਂ ਤੋਂ ਉੱਪਰ ਉੱਠ ਕੇ ਇਕ ਜੱਜ ਦੀ ਸੰਮਤੀ ਦੇ ਬਰਾਬਰ ਕੰਮ ਕਰਦੀ ਹੈ। ਇਸ ਵੱਲੋਂ ਕੀਤੀਆਂ ਗਈਆਂ ਸਿਫਾਰਿਸ਼ਾਂ ਅਤੇ ਫੈਸਲਿਆਂ ਦਾ ਸਰਕਾਰ ਵੱਲੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਕਾਰੋਬਾਰਾਂ 'ਤੇ ਵਿਆਪਕ ਪ੍ਰਭਾਵ ਪੈਂਦਾ ਹੈ। ਕੁਸ਼ਲ ਅਤੇ ਵਧੀਆ ਵਿੱਤੀ ਪ੍ਰਬੰਧ ਲਈ ਸਰਕਾਰੀ ਮਸ਼ੀਨਰੀ ਨੂੰ ਪੂਰਨ ਰੂਪ ਵਿੱਚ ਚੌਕਸ ਕਰਨ ਵਿੱਚ ਇਹ ਸੰਮਤੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਸੰਮਤੀ ਪ੍ਰਸ਼ਾਸਨਿਕ ਵਿਭਾਗਾਂ 'ਤੇ ਪ੍ਰਭਾਵਸ਼ਾਲੀ ਅਤੇ ਕੰਟਰੋਲ ਰੱਖਣ ਵਿੱਚ ਸੰਸਦ ਦੀ ਸਹਾਇਤਾ ਕਰਦੀ ਹੈ। ਕਈ ਵਾਰ ਇਹ ਦੋਸ਼ ਲਗਾਇਆ ਜਾਂਦਾ ਹੈ ਕਿ ਲੋਕ ਲੇਖਾ ਸੰਮਤੀ ਦਾ ਕੰਮ ਦੱਬੇ ਮੁਰਦੇ ਉਖਾੜਨ ਵਰਗਾ ਹੁੰਦਾ ਹੈ। ਇਹ ਉਨ੍ਹਾਂ ਵਿੱਤੀ ਅਨਿਯਮਤਾਵਾਂ ਨੂੰ ਨੰਗਾ ਕਰਦੀ ਹੈ ਅਤੇ ਜੋ ਪਹਿਲਾਂ ਕਿਤੇ ਕੀਤੀਆਂ ਗਈਆਂ ਹੋਣ। ਇਸ ਤਰ੍ਹਾਂ ਇਸ ਲਈ ਜ਼ਿੰਮੇਵਾਰ ਪ੍ਰਬੰਧਕ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਕਰਨਾ ਜੇਕਰ ਅਸੰਭਵ ਨਹੀਂ ਹੈ ਤਾਂ ਔਖਾ ਜ਼ਰੂਰ ਹੁੰਦਾ ਹੈ। ਇਸ ਕਮਜ਼ੋਰੀ ਦੇ ਹੁੰਦੇ ਹੋਏ ਵੀ ਅਸੀਂ ਇਨਕਾਰ ਨਹੀਂ ਕਰ ਸਕਦੇ ਕਿ ਲੋਕ ਲੇਖਾ ਸੰਮਤੀ ਸੰਸਦ ਦਾ ਉਹ ਸ਼ਕਤੀਸ਼ਾਲੀ ਉਪਕਰਨ ਹੈ ਜੋ ਰਾਸ਼ਟਰ ਦੇ ਧਨ 'ਤੇ ਲਗਾਤਾਰ ਕੰਟਰੋਲ ਕਰਦਾ ਹੈ। ਇਸ ਦੀ ਅਸਲੀ ਸ਼ਕਤੀ ਮੁੱਖ ਰੂਪ ਵਿੱਚ ਇਸ ਨਾਲ ਸਬੰਧਿਤ ਇਸ ਦੀ ਸਮਰੱਥਾ 'ਤੇ ਨਿਰਭਰ ਹੈ ਕਿ ਇਹ ਆਪਣੇ ਧਿਆਨ ਵਿੱਚ ਆਈ ਕਿਸੇ ਸਰਕਾਰੀ ਵਿਭਾਗ ਵੱਲੋਂ ਕੀਤੀ ਗਈ ਕਿਸੇ ਅਨਿਯਮਤਤਾ ਨਾਲ ਸਬੰਧਿਤ ਜ਼ਰੂਰੀ ਕਾਰਵਾਈ ਕੀਤੇ ਜਾਣ ਲਈ ਕਿਸ ਤਰ੍ਹਾਂ ਸਰਵਜਨਕ ਫੈਸਲਾ ਲਏ ਜਾਣ ਦਾ ਵਾਤਾਵਰਨ ਤਿਆਰ ਕਰਦੀ ਹੈ।

3. **ਸਰਵਜਨਕ ਉਪਕਰਮਾਂ ਸਬੰਧੀ ਸੰਮਤੀ** (The Committee on public undertakings) : ਇਹ ਸੰਮਤੀ 1964 ਵਿੱਚ ਬਣਾਈ ਗਈ ਸੀ ਅਤੇ ਇਸ ਦੇ 15 ਮੈਂਬਰ ਹੁੰਦੇ ਹਨ। 10 ਮੈਂਬਰ ਲੋਕ ਸਭਾ ਤੋਂ ਅਤੇ 5 ਮੈਂਬਰ ਰਾਜ ਸਭਾ ਤੋਂ ਹੁੰਦੇ ਹਨ। ਇਹ ਸੰਮਤੀ ਹੇਠ ਲਿਖੀ ਕਾਰਵਾਈ ਕਰਦੀ ਹੈ-

ਨੋਟ

(ਕ) ਸਰਵਜਨਕ ਉਪਕਰਮਾਂ ਦੀਆਂ ਰਿਪੋਰਟਾਂ ਅਤੇ ਉਨ੍ਹਾਂ ਦੇ ਖਾਤਿਆਂ ਦਾ ਪ੍ਰੀਖਣ।

(ਖ) ਸਰਵਜਨਕ ਉਪਕਰਮਾਂ ਸਬੰਧੀ ਜੇਕਰ ਭਾਰਤ ਦੇ ਕੰਪੈਟ੍ਰੋਲਰ ਅਤੇ ਆਡੀਟਰ ਜਨਰਲ ਦੀ ਕੋਈ ਵੀ ਰਿਪੋਰਟ ਹੋਵੇ ਤਾਂ ਉਸ ਦੇ ਸਬੰਧ ਵਿੱਚ ਜਾਂਚ-ਪੜਤਾਲ ਅਤੇ ਸਿਫਾਰਿਸ਼ ਕਰਨਾ।

(ਗ) ਸਰਵਜਨਕ ਇਕਾਈਆਂ ਦੀ ਸਹਾਇਤਾ ਅਤੇ ਕੁਸ਼ਲਤਾ ਦੇ ਸਬੰਧ ਵਿੱਚ ਹੀ ਕੀ ਉਨ੍ਹਾਂ ਕੰਮ-ਵਿਵਹਾਰ ਵਧੀਆ ਕਾਰੋਬਾਰੀ ਸਿਧਾਂਤਾਂ ਅਤੇ ਦੂਰ-ਦ੍ਰਿਸ਼ਟੀ ਵਾਲੇ ਕਾਰੋਬਾਰੀ ਵਿਵਹਾਰ ਦੇ ਅਨੁਸਾਰ ਸੀ ਜਾਂ ਨਹੀਂ। ਇਹ ਸਰਵਜਨਕ ਉਪਕਰਮਾਂ ਨਾਲ ਸਬੰਧਿਤ ਅਜਿਹੇ ਕੰਮਾਂ ਦੀ ਛਾਣਬੀਣ ਵੀ ਕਰਦੀ ਹੈ ਜੋ ਸਧਾਰਣ ਰੂਪ ਵਿੱਚ ਲੋਕ ਲੇਖਾ ਸੰਮਤੀ ਅਤੇ ਅੰਦਾਜ਼ਨ ਸੰਮਤੀ ਕਰਦੀ ਹੈ। ਇਹ ਸਪੀਕਰ ਵੱਲੋਂ ਸੌਂਪੇ ਗਏ ਸਾਰੇ ਹੋਰ ਕੰਮ ਕਰਦੀ ਹੈ।

*ਟਾਸਕ* ਲੋਕ ਲੇਖਾ ਸੰਮਤੀ ਤੋਂ ਤੁਸੀਂ ਕੀ ਸਮਝਦੇ ਹੋ?

## 7.6 ਸੰਯੁਕਤ ਸੰਮਤੀਆਂ (Joint Committees)

1. **ਮੈਂਬਰਾਂ ਦੀ ਵੇਤਨ ਅਤੇ ਭੱਤਿਆਂ ਦੀ ਸੰਯੁਕਤ ਸੰਮਤੀ** (Joint Committee on Salaries and allowances of Members) ਇਸ ਸੰਮਤੀ ਦੀ ਸਥਾਪਨਾ 1954 ਵਿੱਚ ਕੀਤੀ ਗਈ ਸੀ। ਇਹ ਇਕ ਸਾਂਝੀ ਸੰਮਤੀ ਹੈ, ਜਿਸ ਵਿੱਚ ਸੰਸਦ ਦੇ ਦੋਵਾਂ ਸਦਨਾਂ ਦੇ ਮੈਂਬਰ ਹੁੰਦੇ ਹਨ ਅਤੇ ਇਹ ਮੈਂਬਰਾਂ ਦੇ ਵੇਤਨ, ਯਾਤਰਾ ਭੱਤਿਆਂ, ਪ੍ਰਤੀ ਦਿਨ ਦੇ ਭੱਤਿਆਂ, ਘਰ, ਡਾਕਟਰੀ ਸਹਾਇਤਾ ਅਤੇ ਡਾਕ ਸੁਵਿਧਾਵਾਂ ਨਾਲ ਨਜਿੱਠਦੀ ਹੈ। ਇਸ ਸੰਮਤੀ ਦੇ 15 ਮੈਂਬਰ ਹੁੰਦੇ ਹਨ, ਜਿਸ ਵਿੱਚੋਂ 10 ਲੋਕ ਸਭਾ ਵਿੱਚੋਂ ਅਤੇ 5 ਰਾਜ ਸਭਾ ਵਿੱਚੋਂ ਹੁੰਦੇ ਹਨ। ਲੋਕ ਸਭਾ ਤੋਂ ਮੈਂਬਰ ਸਪੀਕਰ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ ਅਤੇ ਰਾਜ ਸਭਾ ਵਿੱਚੋਂ ਮੈਂਬਰ ਰਾਜ ਸਭਾ ਦੇ ਪ੍ਰਧਾਨ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ। ਸੰਸਦੀ ਮਾਮਲਿਆਂ ਦਾ ਮੰਤਰੀ ਇਸ ਸੰਮਤੀ ਦਾ ਪ੍ਰਧਾਨ ਹੁੰਦਾ ਹੈ।

2. **ਲਾਭ ਕਮਾਉਣ ਵਾਲੇ ਅਹੁਦਿਆਂ ਸਬੰਧੀ ਸੰਯੁਕਤ ਸੰਮਤੀ** (Joint Committee on offices profit) : ਇਹ ਇਕ ਸਥਾਈ ਸੰਮਤੀ ਹੈ, ਜਿਸ ਦੇ 15 ਮੈਂਬਰ ਹੁੰਦੇ ਹਨ, ਜਿਸ ਵਿੱਚੋਂ 10 ਮੈਂਬਰ ਲੋਕ ਸਭਾ ਵਿੱਚੋਂ ਲਏ ਜਾਂਦੇ ਹਨ ਅਤੇ ਬਾਕੀ 5 ਰਾਜ ਸਭਾ ਵਿੱਚੋਂ ਲਏ ਜਾਂਦੇ ਹਨ। ਇਸ ਸੰਮਤੀ ਦੀ ਸਥਾਪਨਾ 1959 ਵਿੱਚ ਕੀਤੀ ਗਈ ਸੀ। ਇਹ ਸੰਮਤੀ ਨਿਯਮਿਤ ਰੂਪ ਵਿੱਚ ਸੰਸਦੀ ਐਕਟ 1959 ਦੀਆਂ ਵਿਵਸਥਾਵਾਂ ਦੀ ਛਾਣਬੀਣ ਕਰਦੀ ਹੈ ਅਤੇ ਸਬੰਧਿਤ ਸੋਧ ਸਬੰਧੀ ਸੁਝਾਅ ਦਿੰਦੀ ਹੈ।

3. **ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਕਲਿਆਣ ਨਾਲ ਸਬੰਧਿਤ ਸੰਮਤੀ** (Joint Committee on the welfare of scheduled castes and scheduled tribes) : ਇਹ ਸੰਮਤੀ ਵੀ ਸੰਯੁਕਤ ਸੰਮਤੀ ਹੈ, ਜਿਸ ਵਿੱਚੋਂ ਸੰਸਦ ਦੇ ਦੋਵਾਂ ਸਦਨਾਂ ਦੇ ਮੈਂਬਰ ਹੁੰਦੇ ਹਨ। ਇਹ ਸੰਮਤੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਸਬੰਧੀ ਆਯੋਗ ਦੀਆਂ ਰਿਪੋਰਟਾਂ ਦੀ ਛਾਣਬੀਣ ਕਰਦੀ ਹੈ ਅਤੇ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਨਾਲ ਸਬੰਧਿਤ ਲੋਕਾਂ ਦੀ ਭਲਾਈ ਨਾਲ ਸਬੰਧਿਤ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਚੁੱਕੇ ਗਏ ਕਦਮਾਂ ਸਬੰਧੀ ਰਿਪੋਰਟ ਸੰਸਦ ਦੇ ਦੋਵਾਂ ਸਦਨਾਂ ਨੂੰ ਦਿੰਦੀ ਹੈ।

**ਸੰਘੀ ਸੰਸਦ ਦੀ ਸੰਮਤੀ ਪ੍ਰਣਾਲੀ ਦੇ ਕੰਮਾਂ ਵਿੱਚ ਪਰਿਵਰਤਨ** (Changes in the Working of Committee System of the Union Parliament): 1 ਅਪ੍ਰੈਲ 1993 ਤੋਂ ਵਿਧਾਨਕ ਕੰਮ ਜ਼ਿਆਦਾਤਰ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਲਈ ਕਈ ਸਥਾਈ ਸੰਮਤੀਆਂ ਬਣਾਈਆਂ ਗਈਆਂ ਹਨ। 17 ਸਥਾਈ ਸੰਮਤੀਆਂ ਸਥਾਪਿਤ ਹੋ ਚੁੱਕੀਆਂ ਹਨ। ਹਰੇਕ ਸੰਮਤੀ ਦੇ 45 ਮੈਂਬਰ ਹਨ, ਜਿਨ੍ਹਾਂ ਵਿੱਚੋਂ 30 ਲੋਕ ਸਭਾ ਅਤੇ 15 ਮੈਂਬਰ ਰਾਜ ਸਭਾ ਵਿੱਚੋਂ ਹੁੰਦੇ ਹਨ। 11 ਸੰਮਤੀਆਂ ਦੇ ਪ੍ਰਧਾਨਾਂ ਦੀ ਨਿਯੁਕਤੀ ਲੋਕ ਸਭਾ ਦੇ ਸਪੀਕਰ ਵੱਲੋਂ ਕੀਤੀ ਜਾਂਦੀ ਹੈ। ਬਾਕੀ 6 ਸੰਮਤੀਆਂ ਦੇ ਪ੍ਰਧਾਨਾਂ ਦੀ ਨਿਯੁਕਤੀ ਰਾਜ ਸਭਾ ਦੇ ਪ੍ਰਧਾਨ ਵੱਲੋਂ ਕੀਤੀ ਜਾਂਦੀ ਹੈ। ਹਰੇਕ ਸੰਮਤੀ ਦਾ ਕਾਰਜਕਾਲ 1 ਸਾਲ ਦਾ ਹੁੰਦਾ ਹੈ। ਇਹ ਸੰਮਤੀਆਂ ਅਲੱਗ-ਅਲੱਗ ਮੰਤਰੀ ਮੰਡਲਾਂ ਦੀਆਂ ਗ੍ਰਾਂਟਾਂ ਦੀਆਂ ਮੰਗਾਂ 'ਤੇ ਵਿਚਾਰ ਕਰਦੀਆਂ ਹਨ। ਇਹ ਅਲੱਗ-ਅਲੱਗ ਮੰਤਰੀ ਮੰਡਲਾਂ ਅਤੇ ਉਨ੍ਹਾਂ ਦੀਆਂ ਸਾਲਾਨਾ ਰਿਪੋਰਟਾਂ ਅਤੇ ਲੰਮੇ ਸਮੇਂ ਵਾਲੀਆਂ ਰਾਸ਼ਟਰੀ ਨੀਤੀਆਂ ਨਾਲ ਸਬੰਧਿਤ ਕਾਨੂੰਨ ਬਣਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ 'ਤੇ ਵੀ ਵਿਚਾਰ ਕਰਦੀਆਂ ਹਨ। ਇਨ੍ਹਾਂ ਸਥਾਈ ਸੰਮਤੀਆਂ ਕੋਲ ਇਹ ਅਧਿਕਾਰ ਹੈ ਕਿ ਉਹ ਅਲੱਗ-ਅਲੱਗ ਮੁੱਦਿਆਂ ਅਤੇ ਬਿੱਲਾਂ ਨਾਲ ਸਬੰਧਿਤ ਵਿਗਿਆਨੀਆਂ ਅਤੇ ਹੋਰ ਪ੍ਰਸਿੱਧ ਲੋਕਾਂ ਤੋਂ ਸਲਾਹ ਲੈ ਸਕਦੀਆਂ ਹਨ। ਸੰਸਦ ਇਨ੍ਹਾਂ ਸੰਮਤੀਆਂ ਦੀ ਰਿਪੋਰਟ ਦੇ ਆਧਾਰ 'ਤੇ ਚੁੱਕੇ ਜਾਣ ਵਾਲੇ ਕਦਮਾਂ ਨਾਲ ਸਬੰਧਿਤ ਵਿਚਾਰ ਕਰਦੀ ਹੈ।

ਇਸ ਤਰ੍ਹਾਂ ਸੰਘੀ ਸੰਸਦ ਪੂਰੇ ਰੂਪ ਨਾਲ ਸੰਗਠਿਤ, ਸਰਗਰਮ ਅਤੇ ਕੁਸ਼ਲ ਸੰਮਤੀ ਪ੍ਰਣਾਲੀ ਦੀ ਸਹਾਇਤਾ ਨਾਲ ਆਪਣਾ ਕੰਮ ਚਲਾਉਂਦੀ ਹੈ।

**ਸਵ ਮੁਲਾਂਕਣ (Self Assessment)**

ਨੋਟ

ਹੇਠ ਲਿਖਿਆਂ ਵਿੱਚੋਂ ਸੱਚ/ਝੂਠ ਦੱਸੋ (Write True/False in the following statements):

7. ਖਰਚ ਸਲਾਹ ਸੰਮਤੀ ਇਕ ਸਥਾਈ ਹੈ, ਜਿਨ੍ਹਾਂ ਨੂੰ ਲੋਕ ਸਭਾ ਵਿੱਚ ਕੰਮ ਚਲਾਉਣ ਵਿੱਚ ਸਹਾਇਤਾ ਦੇ ਲਈ ਬਣਾਇਆ ਜਾਂਦਾ ਹੈ।
8. 1953 ਤੋਂ ਪਹਿਲਾਂ ਬਿੱਲਾਂ, ਜੋ ਸਦਨ ਦੇ ਸਧਾਰਣ ਮੈਂਬਰਾਂ ਅਤੇ ਅਜਿਹੇ ਮੈਂਬਰ ਜੋ ਮੰਤਰੀ ਨਹੀਂ ਸਨ, ਵੱਲੋਂ ਪੇਸ਼ ਕੀਤੇ ਜਾਂਦੇ ਸਨ, ਦੀ ਕਿਸਮਤ ਦਾ ਫੈਸਲਾ ਇਕ ਲਾਟਰੀ ਨਾਲ ਕੀਤਾ ਜਾਂਦਾ ਸੀ।
9. ਲੋਕ ਸਭਾ ਅਤੇ ਰਾਜ ਸਭਾ ਦੋਵੇਂ ਸਦਨ 2.1 ਦੇ ਅਨੁਪਾਤ ਵਿੱਚ ਸੰਯੁਕਤ ਪ੍ਰਵਰ ਸੰਮਤੀ ਦੇ ਮੈਂਬਰ ਨਿਯੁਕਤ ਕਰਦੇ ਹਨ।
10. ਲੋਕ ਸਭਾ ਸੰਮਤੀ ਜਿਸ ਵਿੱਚ 22 ਮੈਂਬਰ ਹੁੰਦੇ ਹਨ, ਉਨ੍ਹਾਂ ਵਿੱਚੋਂ 7 ਲੋਕ ਸਭਾ ਅਤੇ 15 ਰਾਜ ਸਭਾ 'ਚੋਂ ਹੁੰਦੇ ਹਨ।
11. ਸੰਸਦ ਮੈਂਬਰਾਂ ਦੇ ਵੇਤਨ ਅਤੇ ਭੱਤਿਆਂ ਦੀ ਸੰਯੁਕਤ ਸੰਮਤੀ ਦੀ ਸਥਾਪਨਾ 1954 ਵਿੱਚ ਕੀਤੀ ਗਈ ਸੀ।

## 7.7 ਕਾਨੂੰਨ ਬਣਾਉਣ ਦੀ ਪ੍ਰਕਿਰਿਆ (Procedure of Law-making)

ਸਾਰੇ ਸੰਸਾਰ ਵਿੱਚ ਕਾਨੂੰਨ-ਨਿਰਮਾਣ ਨੂੰ ਹਰੇਕ ਆਧੁਨਿਕ ਸੰਸਦ ਦੇ ਮੁੱਖ ਕੰਮ ਦੇ ਰੂਪ ਵਿੱਚ ਮਾਨਤਾ ਪ੍ਰਾਪਤ ਹੈ। ਕਾਨੂੰਨ-ਨਿਰਮਾਣ ਦੇ ਲਈ ਸੰਸਦ ਇਕ ਵਿਸ਼ੇਸ਼ ਢੰਗ ਅਪਣਾਉਂਦੀ ਹੈ। ਸੰਸਦ ਵਿੱਚ ਕਾਨੂੰਨ ਲਈ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਨੂੰ ਬਿੱਲ ਜਾਂ "ਡਰਾਫਟ ਐਕਟ੍ਸ" ਕਿਹਾ ਜਾਂਦਾ ਹੈ। ਇਕ ਬਿੱਲ ਸੰਸਦ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਅਲੱਗ-ਅਲੱਗ ਚਰਨਾਂ ਵਿੱਚ ਚਰਚਾ ਤੋਂ ਬਾਅਦ ਸੰਸਦ ਜਾਂ ਤਾਂ ਬਿੱਲ ਪਾਸ ਕਰ ਦਿੰਦੀ ਹੈ ਅਤੇ ਅਜਿਹਾ ਹੋਣ 'ਤੇ ਉਹ ਇਸ ਨੂੰ ਰਾਸ਼ਟਰਪਤੀ ਦੇ ਹਸਤਾਖਰਾਂ ਲਈ ਭੇਜ ਦਿੰਦੀ ਹੈ ਅਤੇ ਇਸ ਤੋਂ ਬਾਅਦ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ, ਜਾਂ ਫਿਰ ਸੰਸਦ ਬਿੱਲ ਨੂੰ ਰੱਦ ਕਰ ਦਿੰਦੀ ਹੈ। ਸੰਘੀ ਸੰਸਦ ਸੰਘੀ ਸੂਚੀ ਅਤੇ ਸਾਂਝੀ ਸੂਚੀ ਵਿੱਚ ਦਿੱਤੇ ਗਏ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੀ ਹੈ ਅਤੇ ਇਸ ਦਾ ਬਾਕੀ ਵਿਸ਼ਿਆਂ 'ਤੇ ਵੀ ਕਾਨੂੰਨ ਬਣਾਉਣ ਦਾ ਅਧਿਕਾਰ ਵਿਸ਼ੇਸ਼ ਸਥਿਤੀ, ਜਿਵੇਂ ਕਿ ਸੰਵਿਧਾਨ ਵਿੱਚ ਲਿਖਿਆ ਗਿਆ ਹੈ, ਸੰਸਦ ਇਹ ਅਧਿਕਾਰ ਰਾਜ ਦੀ ਸੂਚੀ ਵਾਲੇ ਵਿਸ਼ਿਆਂ ਸਬੰਧੀ ਇਸਤੇਮਾਲ ਕਰ ਸਕਦੀ ਹੈ ਪਰ ਹਰੇਕ ਮਾਮਲੇ ਵਿੱਚ ਕਾਨੂੰਨ ਬਣਾਉਣ ਲਈ ਇਸ ਨੂੰ ਵਿਸ਼ੇਸ਼ ਪ੍ਰਕਿਰਿਆ ਅਪਣਾਉਣੀ ਪੈਂਦੀ ਹੈ।

ਕੇਂਦਰੀ ਸੰਸਦ ਵੱਲੋਂ ਅਲੱਗ-ਅਲੱਗ ਤਰ੍ਹਾਂ ਦੇ ਬਿੱਲਾਂ ਨੂੰ ਪਾਸ ਕਰਨ ਦੀ ਪ੍ਰਕਿਰਿਆ ਸਬੰਧੀ ਭਾਰਤੀ ਸੰਵਿਧਾਨ ਦੇ ਅਨੁਛੇਦਾਂ 107-111 ਦੇ ਅਧੀਨ ਚਰਚਾ ਹੁੰਦੀ ਹੈ। ਇਸ ਸਬੰਧੀ ਵਿਚਾਰ ਕਰਨ ਤੋਂ ਪਹਿਲਾਂ ਆਓ ਅਲੱਗ-ਅਲੱਗ ਤਰ੍ਹਾਂ ਦੇ ਬਿੱਲਾਂ ਸਬੰਧੀ ਚਰਚਾ ਕਰ ਲਈਏ ਜੋ ਸੰਸਦ ਵਿੱਚ ਪੇਸ਼ ਕੀਤੇ ਜਾਂਦੇ ਹਨ-

**ਬਿੱਲਾਂ ਦੇ ਪ੍ਰਕਾਰ** (Kinds of Bills): ਬਿੱਲਾਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ-

1. **ਸਰਵਜਨਕ ਬਿੱਲ** (Public Bill): ਸਰਵਜਨਕ ਬਿੱਲ ਦੀ ਵਿਸ਼ੇਸ਼ਤਾ ਸਰਵਵਿਆਪਕਤਾ ਹੁੰਦੀ ਹੈ ਅਤੇ ਇਹ ਸਾਰੀ ਜਾਂ ਦੇਸ਼ ਦੀ ਬਹੁਸੰਖਿਆ ਨਾਲ ਸਬੰਧਿਤ ਹੁੰਦੇ ਹਨ।
2. **ਨਿੱਜੀ ਬਿੱਲ** (Private Bill): ਨਿੱਜੀ ਬਿੱਲਾਂ ਦਾ ਸਬੰਧ ਸਮਾਜ ਦੇ ਵਿਸ਼ੇਸ਼ ਵਰਗਾਂ ਜਾਂ ਕੁਝ ਨਿੱਜੀ ਕੰਪਨੀਆਂ ਨਾਲ ਹੁੰਦਾ ਹੈ।
3. **ਸਰਕਾਰੀ ਬਿੱਲ** (Government Bill): ਮੰਤਰੀ-ਪ੍ਰੀਸ਼ਦ ਦੇ ਕਿਸੇ ਮੈਂਬਰ ਵੱਲੋਂ ਪੇਸ਼ ਕੀਤੇ ਗਏ ਬਿੱਲ ਨੂੰ ਸਰਕਾਰੀ ਬਿੱਲ ਕਿਹਾ ਜਾਂਦਾ ਹੈ।
4. **ਨਿੱਜੀ ਮੈਂਬਰ ਬਿੱਲ** (Private Member Bill): ਇਕ ਬਿੱਲ ਜੋ ਕਿ ਸੰਸਦ ਦੇ ਕਿਸੇ ਅਜਿਹੇ ਮੈਂਬਰ ਵੱਲੋਂ ਪੇਸ਼ ਕੀਤਾ ਗਿਆ ਹੋਵੇ ਜੋ ਕਿ ਮੰਤਰੀ ਨਾ ਹੋਵੇ, ਨੂੰ ਨਿੱਜੀ ਮੈਂਬਰ ਬਿੱਲ ਕਿਹਾ ਜਾਂਦਾ ਹੈ।
5. **ਵਿੱਤੀ ਬਿੱਲ** (Money Bill): ਇਕ ਵਿੱਤੀ ਬਿੱਲ ਦਾ ਸਬੰਧ ਕਰਾਂ ਨੂੰ ਲਗਾਉਣ, ਘਟਾਉਣ ਜਾਂ ਖਤਮ ਕਰਨ ਜਾਂ ਖਰਚ ਜਾਂ ਆਮਦਨ ਨਾਲ ਹੁੰਦਾ ਹੈ।

**ਸੰਘੀ ਸੰਸਦ ਵੱਲੋਂ ਕਾਨੂੰਨ-ਨਿਰਮਾਣ ਦੀ ਪ੍ਰਕਿਰਿਆ ਦੀ ਸਧਾਰਣ ਵਿਸ਼ੇਸ਼ਤਾਵਾਂ**
**(General Features of Law-making by the Union Parliament)**

1. ਸੰਘੀ ਸੰਸਦ ਸੰਘੀ ਸੂਚੀ ਅਤੇ ਸਾਂਝੀ ਸੂਚੀ ਵਿੱਚ ਦਿੱਤੇ ਗਏ ਵਿਸ਼ਿਆਂ 'ਤੇ ਕਾਨੂੰਨ ਬਣਾ ਸਕਦੀ ਹੈ। ਬਾਕੀ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦਾ ਅਧਿਕਾਰ ਵੀ ਸੰਸਦ ਦੇ ਕੋਲ ਹੈ। ਵਿਸ਼ੇਸ਼ ਸਥਿਤੀ ਵਿੱਚ ਜਿਵੇਂ ਕਿ ਸੰਵਿਧਾਨ ਵਿੱਚ ਵਰਣਿਤ ਹੈ, ਇਹ ਰਾਜ ਸੂਚੀ ਵਾਲੇ ਵਿਸ਼ਿਆਂ 'ਤੇ ਵੀ ਕਾਨੂੰਨ ਬਣਾ ਸਕਦੀ ਹੈ।

ਨੋਟ

2. ਸੰਘੀ ਸੰਸਦ ਪ੍ਰਭੂਸੱਤਾ ਸੰਪਨ ਸੰਸਦ ਨਹੀਂ ਹੈ–

(ਕ) ਸੰਘੀ ਸੰਸਦ ਕਾਨੂੰਨ ਬਣਾਉਣ ਵਿੱਚ ਕੇਵਲ ਉਨ੍ਹਾਂ ਸ਼ਕਤੀਆਂ ਦਾ ਇਸਤੇਮਾਲ ਕਰਦੀ ਹੈ ਜੋ ਸੰਵਿਧਾਨ ਦੇ ਅਨੁਸਾਰ ਇਸ ਨੂੰ ਮਿਲੀ ਹੋਈ ਹੈ।

(ਖ) ਰਾਸ਼ਟਰਪਤੀ ਵੱਲੋਂ ਹਸਤਾਖਰ ਕਰਨ ਤੋਂ ਬਾਅਦ ਹੀ ਸੰਸਦ ਵੱਲੋਂ ਪਾਸ ਕੀਤੇ ਗਏ ਬਿੱਲ ਕਾਨੂੰਨ ਬਣਦੇ ਹਨ।

(ਗ) ਸੰਸਦ ਵੱਲੋਂ ਬਣਾਏ ਗਏ ਕਾਨੂੰਨ 'ਤੇ ਭਾਰਤ ਦੀ ਸਰਵਉੱਚ ਅਦਾਲਤ ਦੀ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਲਾਗੂ ਹੁੰਦੀ ਹੈ ਜੋ ਕਿਸੇ ਵੀ ਕਾਨੂੰਨ ਨੂੰ ਰੱਦ ਕਰ ਸਕਦੀ ਹੈ ਜੇਕਰ ਉਸ ਨੂੰ ਗੈਰ-ਸੰਵਿਧਾਨਿਕ ਸਮਝ ਕੇ ਸੰਵਿਧਾਨ ਵਿਰੋਧੀ ਘੋਸ਼ਿਤ ਕਰ ਦੇਣ।

(ਘ) ਕੇਂਦਰੀ ਸੰਸਦ ਇਕ ਸੰਘੀ ਵਿਧਾਨ ਪਾਲਿਕਾ ਹੈ ਅਤੇ ਭਾਰਤੀ ਸੰਵਿਧਾਨ ਵੱਲੋਂ ਕਾਨੂੰਨ ਬਣਾਉਣ ਦੀਆਂ ਸ਼ਕਤੀਆਂ ਇਕ ਪਾਸੇ ਸੰਘੀ ਸੰਸਦ ਅਤੇ ਦੂਸਰੇ ਪਾਸੇ ਰਾਜਾਂ ਦੀਆਂ ਕਈ ਵਿਧਾਨ ਪਾਲਿਕਾਵਾਂ ਵਿੱਚ ਵੰਡੀਆਂ ਹੋਈਆਂ ਹਨ।

3. ਕਾਨੂੰਨ ਬਣਾਉਣ ਤੋਂ ਪਹਿਲਾਂ ਇਕ ਬਿੱਲ ਨੂੰ ਕਈ ਚਰਨਾਂ ਤੋਂ ਲੰਘਣਾ ਪੈਂਦਾ ਹੈ।

4. ਸੰਸਦ ਵੱਲੋਂ ਅਖੀਰਲੇ ਰੂਪ ਵਿੱਚ ਪਾਸ ਕਰਨ ਤੋਂ ਪਹਿਲਾਂ ਹਰੇਕ ਬਿੱਲ ਦਾ ਇਕ ਆਯੋਗ ਸੰਮਤੀ ਵੱਲੋਂ ਅਧਿਐਨ ਕੀਤਾ ਜਾਂਦਾ ਹੈ।

5. ਸਧਾਰਣ ਕਾਨੂੰਨ-ਨਿਰਮਾਣ ਦੇ ਸਬੰਧ ਵਿੱਚ ਲੋਕ ਸਭਾ ਅਤੇ ਰਾਜ ਸਭਾ ਦੇ ਕੋਲ ਕਾਨੂੰਨ ਬਣਾਉਣ ਦੇ ਇਕ ਬਰਾਬਰ ਅਧਿਕਾਰ ਹਨ ਪਰ ਕਿਸੇ ਬਿੱਲ 'ਤੇ ਦੋਵਾਂ ਸਦਨਾਂ ਵਿੱਚ ਪੈਦਾ ਹੋਏ ਗਤੀਰੋਧ ਦੇ ਹੱਲ ਲਈ ਸਾਂਝੇ ਅਧਿਵੇਸ਼ਨ ਬੁਲਾਉਣ ਦੇ ਢੰਗ ਅਜਿਹੇ ਕਿਸੇ ਵੀ ਬਿੱਲ ਸਬੰਧੀ ਰਾਜ ਸਭਾ ਦੀ ਤੁਲਨਾ ਵਿੱਚ ਲੋਕ ਸਭਾ ਨੂੰ ਜ਼ਿਆਦਾ ਸ਼ਕਤੀਸ਼ਾਲੀ ਬਣਾ ਦਿੰਦਾ ਹੈ।

6. ਵਿੱਤੀ ਕਾਨੂੰਨ-ਨਿਰਮਾਣ ਦੇ ਸਬੰਧ ਵਿੱਚ ਲੋਕ ਸਭਾ ਜ਼ਿਆਦਾ ਸ਼ਕਤੀਸ਼ਾਲੀ ਸਥਿਤੀ ਵਿੱਚ ਹੈ। ਇਹ ਵਿੱਤੀ ਬਿੱਲ ਕੇਵਲ ਲੋਕ ਸਭਾ ਵਿੱਚ ਹੀ ਪੇਸ਼ ਕੀਤਾ ਜਾ ਸਕਦਾ ਹੈ ਅਤੇ ਅਜਿਹਾ ਕੇਵਲ ਇਕ ਮੰਤਰੀ ਪੇਸ਼ ਕਰ ਸਕਦਾ ਹੈ। ਜੇਕਰ ਕਿਸੇ ਬਿੱਲ ਦੇ ਵਿੱਤੀ ਬਿੱਲ ਹੋਣ ਜਾਂ ਨਾ ਹੋਣ ਸਬੰਧੀ ਕੋਈ ਵਿਵਾਦ ਹੋਵੇ ਤਾਂ ਇਸ ਦਾ ਫੈਸਲਾ ਲੋਕ ਸਭਾ ਦਾ ਸਪੀਕਰ ਕਰਦਾ ਹੈ ਅਤੇ ਉਸ ਦਾ ਫੈਸਲਾ ਅਖੀਰਲਾ ਹੁੰਦਾ ਹੈ। ਇਕ ਵਿੱਤੀ ਬਿੱਲ ਲੋਕ ਸਭਾ ਵੱਲੋਂ ਪਾਸ ਕੀਤਾ ਜਾਂਦਾ ਹੈ ਤਾਂ ਵੀ ਇਸ ਨੂੰ ਰਾਜ ਸਭਾ ਵਿੱਚ ਭੇਜਿਆ ਜਾਂਦਾ ਹੈ ਪਰ ਉਹ ਇਸ ਖੇਤਰ ਵਿੱਚ ਸੀਮਿਤ ਸ਼ਕਤੀ ਹੀ ਰੱਖਦਾ ਹੈ। ਰਾਜ ਸਭਾ 14 ਦਿਨਾਂ ਦੇ ਅੰਦਰ ਬਿੱਲ ਨੂੰ ਪਾਸ ਕਰ ਸਕਦੀ ਹੈ ਜਾਂ ਆਪਣੀ ਸੋਧ ਪ੍ਰਸਤਾਵ ਸਹਿਤ ਇਸ ਨੂੰ ਲੋਕ ਸਭਾ ਨੂੰ ਵਾਪਿਸ ਭੇਜ ਸਕਦੀ ਹੈ। ਦੂਸਰੀ ਸਥਿਤੀ ਵਿੱਚ ਲੋਕ ਸਭਾ ਦੀ ਇਹ ਇੱਛਾ 'ਤੇ ਨਿਰਭਰ ਹੁੰਦਾ ਹੈ ਕਿ ਉਹ ਪ੍ਰਸਤਾਵਿਤ ਸੋਧ ਨੂੰ ਸਵੀਕਾਰ ਕਰ ਲਵੇ ਜਾਂ ਰੱਦ ਕਰ ਦੇਵੇ। ਜੇਕਰ ਸਭਾ ਕੋਈ ਫੈਸਲਾ ਲੈਣ ਵਿੱਚ ਅਸਫਲ ਰਹਿੰਦੀ ਹੈ ਅਤੇ 14 ਦਿਨਾਂ ਦਾ ਸਮੇਂ ਖਤਮ ਹੋ ਜਾਂਦਾ ਹੈ ਤਾਂ ਵਿੱਤੀ ਬਿੱਲ ਨੂੰ ਇਸ ਵੱਲੋਂ ਪਾਸ ਸਮਝ ਲਿਆ ਜਾਂਦਾ ਹੈ ਅਤੇ ਇਹ ਕਾਨੂੰਨ ਬਣ ਜਾਂਦਾ ਹੈ। ਇਸ ਤਰ੍ਹਾਂ ਰਾਜ ਸਭਾ ਵਿੱਤੀ ਕਾਨੂੰਨ-ਨਿਰਮਾਣ ਖੇਤਰ ਵਿੱਚ ਕੇਵਲ ਦੇਰੀ ਕਰਨ ਦੀ ਭੂਮਿਕਾ ਹੀ ਨਿਭਾਉਂਦੀ ਹੈ।

7. ਲੋਕ ਸਭਾ ਵਿੱਚ ਕਿਸੇ ਬਿੱਲ ਦੇ ਪਾਸ ਨਾ ਹੋਣ ਨੂੰ ਮੰਤਰੀ ਪ੍ਰੀਸ਼ਦ ਦੇ ਵਿਰੁੱਧ ਬੇਭਰੋਸੀ ਪ੍ਰਸਤਾਵ ਦੇ ਰੂਪ ਵਿੱਚ ਲਿਆ ਜਾਂਦਾ ਹੈ ਪਰ ਜੇਕਰ ਕੋਈ ਸਰਕਾਰੀ ਬਿੱਲ ਰਾਜ ਸਭਾ ਵਿੱਚ ਪਾਸ ਨਹੀਂ ਹੁੰਦਾ ਤਾ ਇਸ ਦਾ ਮੰਤਰੀ ਪ੍ਰੀਸ਼ਦ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ।

8. ਬ੍ਰਿਟੇਨ ਦੇ ਬਰਾਬਰ ਇੱਥੇ ਕਾਨੂੰਨ ਬਣਾਉਣ ਦਾ ਕੰਮ ਰਾਜ ਸਹਿਤ ਸੰਸਦ (King-in-Parliament) ਵੱਲੋਂ ਕੀਤਾ ਜਾਂਦਾ ਹੈ, ਭਾਰਤ ਵਿੱਚ ਵੀ ਕਾਨੂੰਨੀ ਰੂਪ ਵਿੱਚ ਕਾਨੂੰਨ ਨਿਰਮਾਣ ਦਾ ਕੰਮ ਰਾਸ਼ਟਰਪਤੀ ਸਹਿਤ ਸੰਸਦ ਵੱਲੋਂ ਕੀਤਾ ਜਾਂਦਾ ਹੈ।

### ਇਕ ਸਧਾਰਣ ਬਿੱਲ ਨੂੰ ਪਾਸ ਕਰਨ ਦਾ ਢੰਗ
### (Procedure of Passing an Ordinary Bill)

ਇਕ ਸਧਾਰਣ ਬਿੱਲ ਨੂੰ ਕਾਨੂੰਨ ਬਣਾਉਣ ਤੋਂ ਪਹਿਲਾਂ ਹੇਠ ਲਿਖਿਆਂ ਵਿੱਚੋਂ ਲੰਘਣਾ ਪੈਂਦਾ ਹੈ–

1. **ਪਹਿਲਾ ਚਰਨ: ਪੇਸ਼ ਕਰਨਾ ਅਤੇ ਬਿੱਲ ਦੀ ਪਹਿਲੀ ਪੜ੍ਹਤ** (First Stage: Introduction and First Reading of the Bill): ਇਕ ਸਧਾਰਣ ਬਿੱਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ ਪਰ ਇਹ ਦੇਖਿਆ ਗਿਆ ਹੈ ਕਿ ਲਗਭਗ 90% ਬਿੱਲ ਪਹਿਲਾਂ ਲੋਕਾਂ ਸਭਾ ਵਿੱਚ ਹੀ ਪੇਸ਼ ਕੀਤਾ ਜਾਂਦਾ ਹੈ। ਇਕ ਨਿੱਜੀ ਮੈਂਬਰ ਨੂੰ ਬਿੱਲ ਪੇਸ਼ ਕਰਨ ਤੋਂ ਇਕ ਮਹੀਨਾ ਪਹਿਲਾਂ ਸਪੀਕਰ ਨੂੰ ਨੋਟਿਸ ਦੇਣਾ ਪੈਂਦਾ ਹੈ। ਇਸ ਨੋਟਿਸ ਦੇ ਨਾਲ ਬਿੱਲ ਦੀ ਕਾਪੀ, ਬਿੱਲ ਦੇ ਉਦੇਸ਼ਾਂ ਦਾ ਬਿਉਰਾ ਅਤੇ ਸੰਭਾਵੀ ਖਰਚਾ ਦੇਣਾ ਪੈਂਦਾ ਹੈ, ਫਿਰ ਬਿੱਲ ਪੇਸ਼ ਕਰਨ ਵਾਲੇ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਬਿੱਲ ਪੇਸ਼ ਕਰਨ ਦੀ ਮਿਤੀ ਨਿਸ਼ਚਿਤ ਕੀਤੀ ਜਾਂਦੀ ਹੈ। ਨਿਸ਼ਚਿਤ ਮਿਤੀ 'ਤੇ ਮੈਂਬਰ ਆਪਣੀ ਸੀਟ 'ਤੇ ਖੜ੍ਹਾ ਹੋ ਕੇ ਸਦਨ 'ਚ ਬਿੱਲ ਪੇਸ਼ ਕਰਨ ਦੀ ਆਗਿਆ ਮੰਗਦਾ ਹੈ। ਫਿਰ ਸਬੰਧਿਤ ਵਿਅਕਤੀ ਬਿੱਲ ਦਾ ਸਿਰਲੇਖ ਪੜ੍ਹਦਾ ਹੈ ਅਤੇ ਬਿੱਲ ਦੀ ਕਾਪੀ ਸਦਨ ਵਿੱਚ ਰੱਖਦਾ ਹੈ। ਜੇਕਰ ਮੈਂਬਰ ਬਿੱਲ ਨੂੰ ਆਪਣਾ ਸਮਰਥਨ ਦੇ ਦਿੰਦੇ ਹਨ ਤਾਂ ਇਹ ਸਮਝ ਲਿਆ ਜਾਂਦਾ ਹੈ ਕਿ ਸਦਨ ਵੱਲੋਂ ਪਹਿਲੇ ਚਰਨ 'ਤੇ ਬਿੱਲ ਪਾਸ ਕਰ ਦਿੱਤਾ ਗਿਆ ਹੈ।

**ਨੋਟ**

ਜੇਕਰ ਸਮਰਥਨ ਨਹੀਂ ਮਿਲਦਾ ਤਾਂ ਇਹ ਬਿੱਲ ਇਸੇ ਚਰਨ ’ਤੇ ਹੀ ਖਤਮ ਹੋ ਜਾਂਦਾ ਹੈ। ਇਸ ਚਰਨ ’ਤੇ ਬਿੱਲ ਨੂੰ ਸਵੀਕਾਰ ਕਰਨ ਤੋਂ ਬਾਅਦ ਸਪੀਕਰ ਬਿੱਲ ਨੂੰ ਪ੍ਰਕਾਸ਼ਿਤ ਕੀਤੇ ਜਾਣ ਦੀ ਆਗਿਆ ਦਿੰਦਾ ਹੈ।

ਇੱਥੋਂ ਤੱਕ ਕਿ ਸਰਕਾਰੀ ਬਿੱਲਾਂ ਦਾ ਸਬੰਧ ਹੈ ਉਹ ਮੰਤਰੀ ਪ੍ਰੀਸ਼ਦ ਦੇ ਇਕ ਮੈਂਬਰ ਵੱਲੋਂ ਸਦਨ ਵਿੱਚ ਰੱਖੇ ਜਾਂਦੇ ਹਨ। ਇਸ ਸਬੰਧ ਵਿੱਚ ਸਦਨ ਤੋਂ ਆਗਿਆ ਦੀ ਜ਼ਰੂਰਤ ਨਹੀਂ ਹੁੰਦੀ। ਬਿੱਲ ਦਾ ਗਜਟ ਵਿੱਚ ਛਾਪਿਆ ਜਾਣਾ ਹੀ ਕਾਫੀ ਹੁੰਦਾ ਹੈ। ਇਸ ਦੀ ਬਿੱਲ ਦੀ ਪਹਿਲੀ ਪੜ੍ਹਤ ਸਮਝਿਆ ਜਾਂਦਾ ਹੈ। ਜੇਕਰ ਜ਼ਰੂਰਤ ਹੋਵੇ ਤਾਂ ਮੰਤਰੀ ਮੌਕੇ ’ਤੇ ਆਗਿਆ ਲੈ ਸਕਦਾ ਹੈ ਅਤੇ ਸਦਨ ਵਿੱਚ ਬਿੱਲ ਪੇਸ਼ ਕਰ ਸਕਦਾ ਹੈ।

2. **ਦੂਸਰਾ ਚਰਨ** (Second Stage): ਸਧਾਰਣ ਰੂਪ ਨਾਲ ਬਿੱਲ ਦੀ ਛਪਾਈ ਅਤੇ ਇਸ ਨੂੰ ਸਦਨ ਦੇ ਮੈਂਬਰਾਂ ਵਿੱਚ ਵੰਡਣ ਲਈ ਪਹਿਲੇ ਅਤੇ ਦੂਸਰੇ ਚਰਨਾਂ ਵਿੱਚ ਕਾਫੀ ਸਮਾਂ ਦਿੱਤਾ ਜਾਂਦਾ ਹੈ। ਇਸ ਨਾਲ ਮੈਂਬਰਾਂ ਨੂੰ ਬਿੱਲ ਦਾ ਅਧਿਐਨ ਕਰਨ ਅਤੇ ਇਸ ਸਬੰਧੀ ਵਿਚਾਰ ਤਿਆਰ ਕਰਨ ਲਈ ਸਮੇਂ ਮਿਲ ਜਾਂਦਾ ਹੈ। ਨਿਸ਼ਚਿਤ ਦਿਨ ’ਤੇ ਸਬੰਧਿਤ ਵਿਅਕਤੀ ਆਪਣੀ ਸੀਟ ’ਤੇ ਖੜ੍ਹਾ ਹੋ ਕੇ ਆਗਿਆ ਮੰਗਦਾ ਹੈ ਕਿ ਬਿੱਲ ਦੀ ਦੂਸਰੀ ਪੜ੍ਹਤ ਕੀਤੀ ਜਾਵੇਗੀ। ਲੋਕ ਸਭਾ ਦੇ ਪ੍ਰਧਾਨ ਵੱਲੋਂ ਇਹ ਆਗਿਆ ਮਿਲਣ ਤੋਂ ਬਾਅਦ ਬਿੱਲ ਪੇਸ਼ ਕਰਨ ਵਾਲਾ ਹੇਠ ਲਿਖਿਆਂ ਵਿੱਚੋਂ ਕੋਈ ਪ੍ਰਸਤਾਵ ਪੇਸ਼ ਕਰਦਾ ਹੈ–

*(i)* ਕਿ ਬਿੱਲ ’ਤੇ ਤੁਰੰਤ ਵਿਚਾਰ ਕੀਤਾ ਜਾਵੇ।

*(ii)* ਕਿ ਬਿੱਲ ਇਕ ਸੰਮਤੀ ਕੋਲ ਭੇਜ ਦਿੱਤਾ ਜਾਂਦਾ ਹੈ।

*(iii)* ਕਿ ਬਿੱਲ ਦੋਵਾਂ ਸਦਨਾਂ ਦੀ ਇਕ ਸੰਯੁਕਤ ਸੰਮਤੀ ਨੂੰ ਭੇਜਿਆ ਜਾਵੇ।

*(iv)* ਕਿ ਬਿੱਲ ਜਨਮਤ ਜਾਨਣ ਲਈ ਲੋਕਾਂ ਵਿੱਚ ਵੰਡ ਦਿੱਤਾ ਜਾਵੇ।

ਉਪਯੁਕਤ ਪ੍ਰਸਤਾਵਾਂ ਵਿੱਚੋਂ ਕਿਸੇ ਨੂੰ ਵੀ ਸਵੀਕਾਰ ਕਰਨਾ ਬਿੱਲ ਦੇ ਮਹੱਤਵ ਅਤੇ ਜ਼ਰੂਰਤ ’ਤੇ ਨਿਰਭਰ ਕਰਦਾ ਹੈ ਅਤੇ ਫਿਰ ਬਿੱਲ ’ਤੇ ਚਰਚਾ ਸ਼ੁਰੂ ਹੁੰਦੀ ਹੈ। ਬਿੱਲ ਪੇਸ਼ ਕਰਨ ਵਾਲਾ ਇਕ ਪਾਇਲਟ ਦੇ ਬਰਾਬਰ ਵਿਵਹਾਰ ਕਰਦਾ ਹੈ ਅਤੇ ਉਹ ਸਦਨ ਨੂੰ ਬਿੱਲ ਦੇ ਉਦੇਸ਼ਾਂ ਅਤੇ ਸਿਧਾਂਤਾ ਤੋਂ ਜਾਣੂ ਕਰਵਾਉਂਦਾ ਹੈ। ਵਿਰੋਧੀ ਪੱਖ ਦੇ ਮੈਂਬਰਾਂ ਨੂੰ ਬਿੱਲ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਨ ਲਈ ਪੂਰਾ ਮੌਕਾ ਦਿੱਤਾ ਜਾਂਦਾ ਹੈ। ਜੇਕਰ ਇਸ ਚਰਨ ’ਤੇ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਨੂੰ ਸਦਨ ਦੀ ਇਕ ਸੰਮਤੀ ਨੂੰ ਭੇਜ ਦਿੱਤਾ ਜਾਂਦਾ ਹੈ। ਜੇਕਰ ਬਿੱਲ ਪਾਸ ਨਹੀਂ ਹੁੰਦਾ ਤਾਂ ਇਸ ਨੂੰ ਖਤਮ ਹੋਇਆ ਸਮਝ ਲਿਆ ਜਾਂਦਾ ਹੈ। ਜੇਕਰ ਸਰਕਾਰੀ ਬਿੱਲ ਇਸ ਚਰਨ ’ਤੇ ਪਾਸ ਨਾ ਹੋਵੇ ਤਾਂ ਇਸ ਨੂੰ ਸਰਕਾਰ ਦੀ ਹਾਰ ਸਮਝਿਆ ਜਾਂਦਾ ਹੈ। ਜੇਕਰ ਲੋਕਾਂ ਦੇ ਵਿਚਾਰ ਜਾਨਣ ਲਈ ਬਿੱਲ ਨੂੰ ਲੋਕਾਂ ਵਿੱਚ ਵੰਡਣ ਦਾ ਫੈਸਲਾ ਲਿਆ ਜਾਂਦਾ ਹੈ ਤਾਂ ਇਹ ਸ਼ਰਤ ਪੂਰੀ ਕਰਨ ਦੇ ਬਾਅਦ ਬਿੱਲ ਇਕ ਸੰਮਤੀ ਨੂੰ ਭੇਜ ਦਿੱਤਾ ਜਾਂਦਾ ਹੈ। ਜੇਕਰ ਸਦਨ ਬਿੱਲ ’ਤੇ ਛੇਤੀ ਵਿਚਾਰ ਕਰਨ ਦਾ ਫੈਸਲਾ ਲੈਂਦਾ ਹੈ ਤਾਂ ਬਿੱਲ ‘ਤੇ ਉਸੇ ਸਮੇਂ ਚਰਚਾ ਸ਼ੁਰੂ ਹੋ ਜਾਂਦੀ ਹੈ।

3. **ਸੰਮਤੀ ਚਰਨ** (Committee Stage):ਬਿੱਲ ਪੇਸ਼ ਕਰਨ ਵਾਲੇ ਵਿਅਕਤੀ ਨੂੰ ਉਸ ਸੰਮਤੀ ਵਿੱਚ ਨਿਯੁਕਤ ਕਰ ਦਿੱਤਾ ਜਾਂਦਾ ਹੈ ਜਿਸ ਨੂੰ ਇਸ ਚਰਨ ’ਤੇ ਬਿੱਲ ਭੇਜਿਆ ਜਾਂਦਾ ਹੈ। ਇਸ ਸੰਮਤੀ ਵਿੱਚ ਵਿਰੋਧੀ ਪੱਖ ਦੇ ਮੈਂਬਰ ਵੀ ਨਿਯੁਕਤ ਕੀਤੇ ਜਾਂਦੇ ਹਨ। ਸਧਾਰਣ ਰੂਪ ਵਿੱਚ ਅਜਿਹੇ ਮੈਂਬਰ ਨਿਯੁਕਤ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਬਿੱਲ ਦੇ ਵਿਸ਼ੇ ਵਿੱਚ ਜਾਣਕਾਰੀ ਹੁੰਦੀ ਹੈ। ਅਜਿਹੀ ਸੰਮਤੀ ਵਿੱਚ ਮੈਂਬਰਾਂ ਦੀ ਸੰਖਿਆ 25 ਤੋਂ 30 ਤੱਕ ਹੁੰਦੀ ਹੈ। ਸੰਮਤੀ ਵਿੱਚ ਬਿੱਲ ਦੀਆਂ ਸਾਰੀਆਂ ਧਾਰਾਵਾਂ ’ਤੇ ਵਿਸਥਾਰਪੂਰਵਕ ਬਹਿਸ ਹੁੰਦੀ ਹੈ ਜੇਕਰ ਸੰਮਤੀ ਠੀਕ ਸਮਝੇ ਤਾਂ ਉਹ ਉਨ੍ਹਾਂ ਸਾਰਿਆਂ ਵਿਅਕਤੀਆਂ ਨੂੰ ਬੁਲਾ ਸਕਦੀ ਹੈ ਜੋ ਸੰਮਤੀ ਦਾ ਮੈਂਬਰ ਨਾ ਹੋਣ ਪਰ ਉਹ ਬਿੱਲ ਨਾਲ ਸਬੰਧਿਤ ਇਕ ਵਿਸ਼ੇਸ਼ ਆਗਿਆ ਰੱਖਦਾ ਹੋਵੇ। ਸੰਮਤੀ ਦੀ ਕਾਰਵਾਈ ਗੁਪਤ ਹੁੰਦੀ ਹੈ ਇਸ ਲਈ ਸਾਰਿਆਂ ਦਲਾਂ ਦੇ ਮੈਂਬਰ ਬਿੱਲ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਨ ਵਿੱਚ ਸੁਤੰਤਰ ਹੁੰਦੇ ਹਨ। ਸਰਕਾਰ ਦੇ ਮੈਂਬਰ ਵਿਰੋਧੀ ਪੱਖ ਦੇ ਮੈਂਬਰਾਂ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕਰਨ ਵਿੱਚ ਝਿਜਕਦਾ ਨਹੀਂ। ਇਸ ਚਰਨ ’ਤੇ ਬਿੱਲ ਦਾ ਡੂੰਘਾ ਅਤੇ ਵਸਤੁਨਿਸ਼ਠ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਬਿੱਲ ਦੀ ਹਰੇਕ ਧਾਰਾ ’ਤੇ ਵਿਚਾਰ ਹੁੰਦਾ ਹੈ ਅਤੇ ਚਰਚਾ ਹੁੰਦੀ ਹੈ। ਸੰਮਤੀ ਹੇਠ ਲਿਖਿਆਂ ਵਿੱਚੋਂ ਕੋਈ ਵੀ ਇਕ ਸਿਫਾਰਿਸ਼ ਕਰ ਸਕਦੀ ਹੈ–

*(i)* ਕਿ ਬਿੱਲ ਪ੍ਰਸਤਾਵਾਂ ਦੇ ਅਨੁਸਾਰ ਸੋਧ ਕੀਤੀ ਜਾਵੇ।

*(ii)* ਕਿ ਬਿੱਲ ਪਾਸ ਨਹੀਂ ਹੋਣਾ ਚਾਹੀਦਾ।

*(iii)* ਕਿ ਬਿੱਲ ਬਿਨਾਂ ਕਿਸੇ ਸੋਧ ਤੋਂ ਪਾਸ ਕੀਤਾ ਜਾਵੇ।

ਸੰਮਤੀ ਬਿੱਲ ’ਤੇ ਰਿਪੋਰਟ ਤਿਆਰ ਕਰਦੀ ਹੈ ਅਤੇ ਇਸ ਨੂੰ ਸਦਨ ਨੂੰ ਭੇਜ ਦਿੰਦੀ ਹੈ। ਸੰਮਤੀ ਨੂੰ ਹਰੇਕ ਜਾਂ ਵਿੱਚ, ਚਾਹੇ ਇਸ ਦੀ ਰਿਪੋਰਟ ਕੁਝ ਵੀ ਹੋਵੇ, ਅਸਲ ਬਿੱਲ ਨੂੰ ਸਦਨ ਨੂੰ ਵਾਪਿਸ ਕਰਨਾ ਪੈਂਦਾ ਹੈ ਕਿਉਂਕਿ ਬਿੱਲ ਨੂੰ ਸੰਮਤੀ ਵੱਲੋਂ ਖਤਮ ਨਹੀਂ ਕੀਤਾ ਜਾ ਸਕਦਾ। ਅਮਰੀਕਾ ਵਿੱਚ ਸਥਿਤੀ ਇਸ ਦੇ ਉਲਟ ਹੈ। ਉੱਥੇ ਸੰਮਤੀਆਂ ਬਹੁਤ ਸ਼ਕਤੀਸ਼ਾਲੀ ਹੁੰਦੀਆਂ ਹਨ ਅਤੇ ਉਹ ਸਬੰਧਿਤ ਬਿੱਲ ਨੂੰ ਸਦਨ ਨੂੰ ਇਸ ਦੇ ਸਬੰਧ ਵਿੱਚ ਰਿਪੋਰਟ ਦਿੱਤੇ ਬਿਨਾਂ ਖਤਮ ਕਰ ਸਕਦੀਆਂ ਹਨ। ਭਾਰਤ ਵਿੱਚ ਸੰਮਤੀ ਨੂੰ ਬਿੱਲ ਸਬੰਧੀ ਸਬੰਧਿਤ ਸਦਨ ਨੂੰ ਰਿਪੋਰਟ ਦੇਣੀ ਹੀ ਪੈਂਦੀ ਹੈ ਚਾਹੇ ਉਹ ਰਿਪੋਰਟ ਬਿੱਲ ਦੇ ਪੱਖ ਵਿੱਚ ਹੋਵੇ ਜਾਂ ਵਿਰੁੱਧ।

**ਨੋਟ**

4. **ਰਿਪੋਰਟ ਚਰਨ** (Report Stage): ਜਦੋਂ ਬਿੱਲ ਸੰਮਤੀ ਦੀ ਰਿਪੋਰਟ ਸਹਿਤ ਸਦਨ ਵਿੱਚ ਸਲਾਹ-ਮਸ਼ਵਰੇ ਲਈ ਆਉਂਦਾ ਹੈ ਤਾਂ ਇਸ ਚਰਨ ਨੂੰ ਰਿਪੋਰਟ ਚਰਨ ਕਿਹਾ ਜਾਂਦਾ ਹੈ। ਸੰਮਤੀ ਦੀ ਰਿਪੋਰਟ ਦੇ ਆਧਾਰ 'ਤੇ ਬਿੱਲ 'ਤੇ ਵਿਚਾਰ ਕਰਨ ਲਈ ਨਿਰਧਾਰਿਤ ਮਿਤੀ 'ਤੇ ਬਿੱਲ ਪੇਸ਼ ਕਰਨ ਵਾਲੇ ਸਦਨ ਨੂੰ ਸੰਮਤੀ ਦੀ ਰਿਪੋਰਟ 'ਤੇ ਵਿਚਾਰ ਕਰਨ ਲਈ ਪ੍ਰਾਥਨਾ ਕਰਦਾ ਹੈ। ਬਿੱਲ ਦੀਆਂ ਪਰਤੀਆਂ ਸੰਮਤੀ ਵੱਲੋਂ ਸੁਝਾਈ ਗਈ ਸੋਧ ਅਤੇ ਸਿਫਾਰਿਸ਼ਾਂ ਸਹਿਤ ਮੈਂਬਰਾਂ ਵਿੱਚ ਵੰਡੀਆਂ ਜਾਂਦੀਆਂ ਹਨ। ਬਿੱਲ ਦੇ ਸਾਰੇ ਪਹਿਲੂਆਂ 'ਤੇ ਚਰਚਾ ਹੁੰਦੀ ਹੈ। ਪ੍ਰਸਤਾਵਿਤ ਸੋਧਾਂ 'ਤੇ ਵੀ ਸਲਾਹ-ਮਸ਼ਵਰਾ ਹੁੰਦਾ ਹੈ, ਬਹਿਸ ਹੁੰਦੀ ਹੈ ਅਤੇ ਹਰੇਕ ਧਾਰਾ 'ਤੇ ਵੋਟ ਪੈਂਦੀ ਹੈ ਜਾਂ ਧਾਰਾਵਾਂ 'ਤੇ ਸਮੂਹਿਕ ਰੂਪ ਵਿੱਚ ਵੀ ਮਤਦਾਨ ਕਰ ਲਿਆ ਜਾਂਦਾ ਹੈ। ਇਸ ਢੰਗ ਨਾਲ ਸੰਪੂਰਨ ਬਿੱਲ 'ਤੇ ਸਲਾਹ-ਮਸ਼ਵਰਾ ਹੁੰਦਾ ਹੈ ਅਤੇ ਬਿੱਲ ਪਾਸ ਕੀਤਾ ਜਾਂਦਾ ਹੈ। ਸਦਨ ਦੇ ਪ੍ਰਧਾਨ ਵੱਲੋਂ ਸਲਾਹ-ਮਸ਼ਵਰੇ ਲਈ ਸਮੇਂ ਦੀ ਹੱਦ ਨਿਸ਼ਚਿਤ ਕੀਤੀ ਜਾ ਸਕਦੀ ਹੈ। ਇਹ ਬਿੱਲ ਦਾ ਨਿਰਨਾਇਕ ਚਰਨ ਹੁੰਦਾ ਹੈ। ਜੇਕਰ ਬਿੱਲ ਇਸ ਚਰਨ ਨੂੰ ਪਾਰ ਕਰ ਜਾਂਦਾ ਹੈ ਤਾਂ ਇਸ ਨੂੰ ਸਦਨ ਵੱਲੋਂ ਪੂਰਨ ਰੂਪ ਵਿੱਚ ਪਾਸ ਹੀ ਸਮਝਿਆ ਜਾਂਦਾ ਹੈ ਕਿਉਂਕਿ ਤੀਸਰੇ ਅਤੇ ਅਖੀਰਲੇ ਚਰਨ ਵਿੱਚ ਕੋਈ ਵੀ ਬਿੱਲ ਰੱਦ ਨਹੀਂ ਹੁੰਦਾ।

5. **ਤੀਸਰੀ ਪੜ੍ਹਤ** (Third Reading): ਬਿੱਲ ਦੀ ਤੀਸਰੀ ਪੜਤ ਸਦਨ ਵਿੱਚ ਬਿੱਲ ਨੂੰ ਪਾਸ ਕੀਤੇ ਜਾਣ ਦਾ ਅਖੀਰਲਾ ਚਰਨ ਹੁੰਦਾ ਹੈ। ਰਿਪੋਰਟ ਤੋਂ ਬਾਅਦ ਬਿੱਲ ਦੀ ਤੀਸਰੀ ਪੜ੍ਹਤ ਲਈ ਮਿਤੀ ਨਿਸ਼ਚਿਤ ਕੀਤੀ ਜਾਂਦੀ ਹੈ। ਇਸ ਚਰਨ 'ਤੇ ਬਿੱਲ ਦੀ ਹਰੇਕ ਧਾਰਾ 'ਤੇ ਵਿਚਾਰ ਨਹੀਂ ਹੁੰਦਾ। ਬਿੱਲ ਨੂੰ ਸਮੁਚਿਤ ਰੂਪ ਵਿੱਚ ਪੜ੍ਹਿਆ ਜਾਂਦਾ ਹੈ ਅਤੇ ਪਾਸ ਕਰ ਦਿੱਤਾ ਜਾਂਦਾ ਹੈ। ਕੇਵਲ ਬਿੱਲ ਦੀ ਭਾਸ਼ਾ ਨਾਲ ਸਬੰਧਿਤ ਸੋਧਾਂ 'ਤੇ ਸਲਾਹ-ਮਸ਼ਵਰਾ ਹੁੰਦਾ ਹੈ। ਸਲਾਹ-ਮਸ਼ਵਰਾ ਬਿੱਲ ਦੇ ਸਮਰਥਨ ਜਾਂ ਰੱਦ ਕਰਨ ਤੱਕ ਸੀਮਿਤ ਰਹਿੰਦਾ ਹੈ। ਬਿੱਲ ਦਾ ਇਹ ਚਰਨ ਉਪਚਾਰਿਕ ਹੁੰਦਾ ਹੈ ਅਤੇ ਇਸ ਚਰਨ 'ਤੇ ਜ਼ਿਆਦਾਤਰ ਬਿੱਲ ਰੱਦ ਨਹੀਂ ਹੁੰਦਾ। ਬਿੱਲ 'ਤੇ ਵੋਟ ਪਾਉਣ ਜਾਂਦੇ ਹਨ ਅਤੇ ਜੇਕਰ ਬਹੁ ਸੰਖਿਆ ਇਸ ਦਾ ਸਮਰਥਨ ਕਰ ਦਿੰਦੀ ਹੈ ਤਾਂ ਇਸ ਨੂੰ ਦੂਸਰੇ ਸਦਨ ਕੋਲ ਭੇਜ ਦਿੱਤਾ ਜਾਂਦਾ ਹੈ।

6. **ਬਿੱਲ ਦੂਸਰੇ ਸਦਨ ਵਿੱਚ** (Bill in the other House): ਦੂਸਰੇ ਸਦਨ ਵਿੱਚ ਬਿੱਲ ਨੂੰ ਉਨ੍ਹਾਂ ਸਾਰਿਆਂ ਚਰਨਾਂ ਵਿੱਚੋਂ ਲੰਘਣਾ ਪੈਂਦਾ ਹੈ ਜਿਨ੍ਹਾਂ ਵਿੱਚੋਂ ਉਹ ਪਹਿਲੇ ਸਦਨ ਵਿੱਚੋਂ ਲੰਘਿਆ ਸੀ। ਦੂਸਰਾ ਸਦਨ ਅਜਿਹਾ ਕਰ ਸਕਦਾ ਹੈ–

(ਅ) ਬਿੱਲ ਨੂੰ ਬਿਨਾਂ ਕੋਈ ਸੋਧ ਦੇ ਪਾਸ ਕਰ ਸਕਦਾ ਹੈ।

(ਬ) ਬਿੱਲ ਨੂੰ ਸੋਧ ਸਹਿਤ ਪਹਿਲੇ ਸਦਨ ਨੂੰ ਵਾਪਿਸ ਕਰ ਸਕਦਾ ਹੈ।

(ਸ) ਬਿੱਲ ਨੂੰ ਰੱਦ ਕਰ ਸਕਦਾ ਹੈ।

ਜੇਕਰ ਦੂਸਰਾ ਸਦਨ ਬਿੱਲ 'ਤੇ 6 ਮਹੀਨੇ ਤੱਕ ਵਿਚਾਰ ਨਹੀਂ ਕਰਦਾ ਤਾਂ ਬਿੱਲ ਨੂੰ ਦੂਸਰੇ ਸਦਨ ਵੱਲੋਂ ਰੱਦ ਕੀਤਾ ਗਿਆ ਸਮਝ ਲਿਆ ਜਾਂਦਾ ਹੈ। ਜੇਕਰ ਦੂਸਰਾ ਸਦਨ ਬਿੱਲ ਨੂੰ ਰੱਦ ਕਰ ਦਿੰਦਾ ਹੈ ਜਾਂ ਬਿੱਲ ਨੂੰ ਸਿਫਾਰਿਸ਼ਾਂ ਸਹਿਤ ਵਾਪਿਸ ਕਰ ਦਿੰਦਾ ਹੈ ਤਾਂ ਦੋਵਾਂ ਸਦਨਾਂ ਵਿੱਚ ਟਕਰਾਅ ਪੈਦਾ ਹੋ ਜਾਂਦਾ ਹੈ ਅਤੇ 6 ਮਹੀਨੇ ਦਾ ਸਮੇਂ ਬੀਤਣ 'ਤੇ ਰਾਸ਼ਟਰਪਤੀ ਟਕਰਾਅ ਖਤਮ ਕਰਨ ਲਈ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਬੁਲਾ ਸਕਦਾ ਹੈ। ਜੇਕਰ ਸਾਂਝੀ ਬੈਠਕ ਵਿੱਚ ਬਿੱਲ ਨੂੰ ਬਹੁਮਤ ਵੱਲੋਂ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਇਸ ਨੂੰ ਰਾਸ਼ਟਰ ਦੀ ਮਨਜ਼ੂਰੀ ਲਈ ਭੇਜ ਦਿੱਤਾ ਜਾਂਦਾ ਹੈ ਪਰ ਜੇਕਰ ਬਿੱਲ ਨੂੰ ਬਹੁਮਤ ਦਾ ਸਮਰਥਨ ਨਹੀਂ ਮਿਲਦਾ ਤਾਂ ਇਹ ਖਤਮ ਹੋ ਜਾਂਦਾ ਹੈ। ਸਾਂਝੀ ਬੈਠਕ ਵਿੱਚ ਲੋਕ ਸਭਾ ਆਪਣੀ ਜ਼ਿਆਦਾ ਮੈਂਬਰਸ਼ਿਪ ਹੋਣ ਕਾਰਨ ਰਾਜ ਸਭਾ ਦੀ ਤੁਲਨਾ ਵਿੱਚ ਸ੍ਰੇਸ਼ਠ ਸਥਿਤੀ ਵਿੱਚ ਰਹਿੰਦੀ ਹੈ।

7. **ਰਾਸ਼ਟਰਪਤੀ ਦੀ ਮਨਜ਼ੂਰੀ** (Approval of President): ਸੰਸਦ ਵੱਲੋਂ ਬਿੱਲ ਪਾਸ ਕਰਨ ਤੋਂ ਬਾਅਦ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਜਾਂਦਾ ਹੈ। ਜੇਕਰ ਰਾਸ਼ਟਰਪਤੀ ਬਿੱਲ ਨੂੰ ਆਪਣੀ ਸਹਿਮਤੀ ਦੇ ਦਿੰਦਾ ਹੈ ਤਾਂ ਇਹ ਕਾਨੂੰਨ ਬਣ ਜਾਂਦਾ ਹੈ ਅਤੇ ਕਾਨੂੰਨ ਦੀ ਪੁਸਤਕ ਵਿੱਚ ਦਰਜ ਹੋ ਜਾਂਦਾ ਹੈ। ਰਾਸ਼ਟਰਪਤੀ ਬਿਨਾਂ ਸਿਫਾਰਿਸ਼ ਜਾਂ ਸਿਫਾਰਿਸ਼ਾਂ ਸਹਿਤ ਪੁਨਰ ਵਿਚਾਰ ਲਈ ਸੰਸਦ ਨੂੰ ਕੋਈ ਬਿੱਲ ਵਾਪਿਸ ਵੀ ਭੇਜ ਸਕਦਾ ਹੈ ਪਰ ਸੰਸਦ ਰਾਸ਼ਟਰਪਤੀ ਦੀਆਂ ਸਿਫਾਰਿਸ਼ਾਂ ਮੰਨਣ ਲਈ ਪਾਬੰਦ ਨਹੀਂ ਹੁੰਦੀ। ਜੇਕਰ ਸੰਸਦ ਦੂਸਰੀ ਵਾਰ ਸਿਫਾਰਿਸ਼ਾਂ ਸਹਿਤ ਜਾਂ ਸਿਫਾਰਸ਼ ਤੋਂ ਬਿਨਾਂ ਬਿੱਲ ਪਾਸ ਕਰ ਦਿੰਦੀ ਹੈ ਤਾਂ ਰਾਸ਼ਟਰਪਤੀ ਦੂਸਰੀ ਵਾਰ ਆਪਣੀ ਮਨਜ਼ੂਰੀ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ ਅਤੇ ਬਿੱਲ ਕਾਨੂੰਨ ਬਣ ਜਾਂਦਾ ਹੈ ਪਰ ਰਾਸ਼ਟਰਪਤੀ ਕਿਸੇ ਬਿੱਲ ਨੂੰ ਪੁਨਰ ਵਿਚਾਰ ਲਈ ਵਾਪਿਸ ਭੇਜਣ ਦਾ ਮਹੱਤਵਪੂਰਨ ਕਦਮ ਬਹੁਤ ਘੱਟ ਹੀ ਚੁੱਕਦਾ ਹੈ। ਹਰੇਕ ਬਿੱਲ ਜੋ ਸੰਸਦ ਵੱਲੋਂ ਪਾਸ ਕੀਤਾ ਹੁੰਦਾ ਹੈ, ਨੂੰ ਬਹੁਮਤ ਅਤੇ ਮੰਤਰੀ ਪ੍ਰੀਸ਼ਦ ਵੱਲੋਂ ਸੰਸਦ ਦੀ ਇੱਛਾ ਦੇ ਵਿਰੁੱਧ ਸਲਾਹ ਦਿੱਤੇ ਜਾਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਮੰਤਰੀ ਪ੍ਰੀਸ਼ਦ ਹਮੇਸ਼ਾ ਰਾਸ਼ਟਰਪਤੀ ਨੂੰ ਸਲਾਹ ਦਿੰਦੀ ਹੈ ਕਿ ਉਹ ਅਜਿਹੇ ਬਿੱਲ, ਜਿਸ ਨੂੰ ਸੰਸਦ ਵੱਲੋਂ ਉਪਯੁਕਤ ਢੰਗ ਨਾਲ ਪਾਸ ਕੀਤਾ ਗਿਆ ਹੈ ਪਰ ਹਸਤਾਖਰ ਕਰ ਦੇਵੇ।

ਇਸ ਤਰ੍ਹਾਂ ਸਧਾਰਣ ਬਿੱਲ ਦਾ ਕਾਨੂੰਨ ਬਣਨ ਲਈ ਸੰਸਦ ਦੇ ਦੋਵਾਂ ਸਦਨਾਂ ਵਿੱਚ ਕਈ ਚਰਨਾਂ ਵਿੱਚੋਂ ਲੰਘਣਾ ਪੈਂਦਾ ਹੈ।

*ਟਾਸਕ* ਇਕ ਸਧਾਰਣ ਬਿੱਲ ਨੂੰ ਪਾਸ ਕਰਨ ਦੀ ਪ੍ਰਕਿਰਿਆ ਨੂੰ ਸਮਝਾਓ।

## 7.8 ਬਜਟ ਪਾਸ ਕਰਨ ਦੀ ਪ੍ਰਕਿਰਿਆ (Procedure of Passing the Budget)

ਨੋਟ

ਸੰਘ ਦੀ ਅਗਲੇ ਵਿੱਤੀ ਸਾਲ ਲਈ ਕੁਲ ਆਮਦਨ ਅਤੇ ਖਰਚ ਨਾਲ ਸਬੰਧਿਤ ਬਿਊਰੇ ਨੂੰ ਸਾਲਾਨਾ ਵਿੱਤੀ ਸਟੇਟਮੈਂਟ ਜਾਂ ਬਜਟ ਕਿਹਾ ਜਾਂਦਾ ਹੈ। ਹਰੇਕ ਵਿੱਤੀ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਸਰਕਾਰ ਨੂੰ ਸੰਸਦ ਤੋਂ ਬਜਟ ਪਾਸ ਕਰਵਾਉਣਾ ਪੈਂਦਾ ਹੈ, ਕਿਉਂਕਿ ਸੰਸਦ ਦੀ ਮਨਜ਼ੂਰੀ ਤੋਂ ਬਿਨਾਂ ਕੋਸ਼ ਵਿੱਚੋਂ ਧਨ ਨਹੀਂ ਕਢਵਾਇਆ ਜਾ ਸਕਦਾ ਅਤੇ ਸਰਕਾਰ ਵੱਲੋਂ ਕੋਈ ਵੀ ਪੈਸਾ ਖਰਚ ਨਹੀਂ ਕੀਤਾ ਜਾ ਸਕਦਾ। ਸਾਡੇ ਦੇਸ਼ ਵਿੱਚ ਵਿੱਤੀ ਸਾਲ ਇਕ ਅਪ੍ਰੈਲ ਤੋਂ ਸ਼ੁਰੂ ਹੁੰਦਾ ਹੈ ਅਤੇ ਅਗਲੇ ਸਾਲ 31 ਮਾਰਚ ਨੂੰ ਖਤਮ ਹੁੰਦਾ ਹੈ। ਸਾਲਾਨਾ ਬਜਟ ਹਰੇਕ ਸਾਲ ਪਹਿਲੀ ਅਪ੍ਰੈਲ ਤੋਂ ਪਹਿਲਾਂ ਪਾਸ ਕਰਨਾ ਪੈਂਦਾ ਹੈ। ਅਨੁਛੇਦ 112 (1) ਦੇ ਅਨੁਸਾਰ, "ਰਾਸ਼ਟਰਪਤੀ ਹਰੇਕ ਵਿੱਤੀ ਸਾਲ ਨਾਲ ਸਬੰਧਿਤ ਭਾਰਤ ਸਰਕਾਰ ਦੀ ਅਨੁਮਾਨਿਤ ਆਮਦਨ ਅਤੇ ਖਰਚ ਦੀ ਸਟੇਟਮੈਂਟ ਜਿਸ ਨੂੰ 'ਸਾਲਾਨਾ ਵਿੱਤੀ ਸਟੇਟਮੈਂਟ' ਕਿਹਾ ਜਾਂਦਾ ਹੈ, ਸਦਨ ਦੇ ਦੋਵਾਂ ਸਦਨਾਂ ਵਿੱਚ ਰੱਖੇਗਾ।" ਉਪਯੁਕਤ ਅਨੁਛੇਦਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਰਾਸ਼ਟਰਪਤੀ ਦੀ ਜ਼ਿੰਮੇਵਾਰੀ ਹੈ ਕਿ ਉਹ ਸੰਸਦ ਦੇ ਸਾਹਮਣੇ ਸਾਲਾਨਾ ਬਜਟ ਪੇਸ਼ ਕਰਵਾਏ ਪਰ ਅਸਲ ਵਿੱਚ ਇਹ ਜ਼ਿੰਮੇਵਾਰੀ ਸੰਘੀ ਮੰਤਰੀ ਪ੍ਰੀਸ਼ਦ ਦੀ ਹੁੰਦੀ ਹੈ ਜੋ ਬਜਟ ਤਿਆਰ ਕਰਦੀ ਹੈ, ਇਸ ਨੂੰ ਸੰਸਦ ਦੇ ਸਾਹਮਣੇ ਰੱਖਦੀ ਹੈ, ਇਸ ਤੋਂ ਪਾਸ ਕਰਵਾਉਂਦੀ ਹੈ ਅਤੇ ਇਸ ਤੋਂ ਬਾਅਦ ਮੰਤਰੀ ਪ੍ਰੀਸ਼ਦ ਖਰਚ ਕਰਦੀ ਹੈ ਅਤੇ ਬਜਟ ਦੀਆਂ ਵਿਵਸਥਾਵਾਂ ਦੇ ਅਨੁਸਾਰ ਆਮਦਨ ਇਕੱਠੀ ਕਰਦੀ ਹੈ। ਬਜਟ ਵਿੱਚ ਆਮਦਨ ਅਤੇ ਖਰਚ ਦੇ ਖਾਤੇ ਦਾ ਬਿਊਰਾ ਦਿੰਦੇ ਸਮੇਂ ਆਗਾਮੀ ਵਿੱਤੀ ਸਾਲ ਲਈ ਸਰਕਾਰ ਦੀਆਂ ਵਿੱਤੀ ਨੀਤੀਆਂ ਵੀ ਤਿਆਰ ਕੀਤੀਆਂ ਜਾਂਦੀਆਂ ਹਨ।

ਬਜਟ ਪਾਸ ਕਰਨ ਦੀ ਪ੍ਰਕਿਰਿਆ ਵਿੱਚ ਉਠਾਏ ਜਾਣ ਵਾਲੇ ਮੁੱਖ ਕਦਮ ਇਸ ਤਰ੍ਹਾਂ ਹਨ। ਭਾਰਤ ਵਿੱਚ ਬਜਟ ਸੰਸਦ ਵਿੱਚ ਦੋ ਭਾਗਾਂ ਵਿੱਚ ਪੇਸ਼ ਕੀਤਾ ਜਾਂਦਾ ਹੈ।

1. **ਰੇਲਵੇ ਬਜਟ** (Railway Budget): ਇਸ ਬਜਟ ਵਿੱਚ ਰੇਲਵੇ ਨਾਲ ਸਬੰਧਿਤ ਕੁਲ ਆਮਦਨ ਅਤੇ ਖਰਚ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਇਹ ਬਜਟ ਸੰਸਦ ਵਿੱਚ ਰੇਲਵੇ ਮੰਤਰੀ ਵੱਲੋਂ ਪੇਸ਼ ਕੀਤਾ ਜਾਂਦਾ ਹੈ। ਇਹ ਬਜਟ ਆਮ ਬਜਟ ਪੇਸ਼ ਕਰਨ ਤੋਂ ਕੁਝ ਦਿਨ ਪਹਿਲਾਂ ਪੇਸ਼ ਕੀਤਾ ਜਾਂਦਾ ਹੈ।

2. **ਆਮ ਬਜਟ** (General Budget): ਆਮ ਬਜਟ ਵਿੱਚ ਰੇਲਵੇ ਵਿਭਾਗ ਤੋਂ ਬਿਨਾਂ ਸਾਰੇ ਵਿਭਾਗਾਂ ਨਾਲ ਸਬੰਧਿਤ ਕੁਲ ਆਮਦਨ ਅਤੇ ਖਰਚ ਸ਼ਾਮਿਲ ਹੁੰਦਾ ਹੈ। ਇਹ ਬਜਟ ਵਿੱਤ ਮੰਤਰੀ ਵੱਲੋਂ ਸੰਸਦ ਜਾਂ ਲੋਕ ਸਭਾ ਵਿੱਚ ਪੇਸ਼ ਕੀਤਾ ਜਾਂਦਾ ਹੈ। ਰੇਲਵੇ ਬਜਟ ਅਤੇ ਸਧਾਰਣ ਬਜਟ ਪਾਸ ਕਰਨ ਦੀ ਪ੍ਰਕਿਰਿਆ ਲੱਗਭਗ ਬਰਾਬਰ ਹੈ।

**(ਅ) ਬਜਟ ਦੀ ਤਿਆਰੀ** (Preparation of the Budget) : ਬਜਟ ਨੂੰ ਤਿਆਰ ਕਰਨਾ ਇਕ ਤਕਨੀਕੀ ਅਤੇ ਗੁੰਝਲਦਾਰ ਕੰਮ ਹੈ, ਕਿਉਂਕਿ ਇਹ ਵਿਸ਼ੇਸ਼ ਰੂਪ ਵਿੱਚ ਆਉਣ ਵਾਲੇ ਵਿੱਤੀ ਸਾਲ ਨਾਲ ਸਬੰਧਿਤ ਦੇਸ਼ ਦੀ ਸਾਰੀ ਅਰਥ ਵਿਵਸਥਾ ਦਾ ਅਧਾਰ ਹੁੰਦਾ ਹੈ। ਵਿੱਤੀ ਅਤੇ ਉਦਯੋਗਿਕ ਤਕਨੀਕੀ ਵਿਕਾਸ ਦੀ ਜ਼ਰੂਰਤ, ਉਦੇਸ਼, ਅਤੇ ਉੱਨਤੀ ਸਰਕਾਰ ਦੀ ਵਿੱਤੀ ਨੀਤੀ 'ਤੇ ਨਿਰਭਰ ਕਰਦੀ ਹੈ ਜੋ ਕਿ ਬਜਟ ਵਿੱਚ ਨਿਰਧਾਰਿਤ ਕੀਤੀ ਜਾਂਦੀ ਹੈ। ਇਹ ਵਿੱਤੀ ਨੀਤੀ ਅਤੇ ਅਲਪਕਾਲੀਕ ਵਿਸ਼ੇਸ਼ ਵਿੱਤੀ ਨੀਤੀਆਂ, ਕਰ ਪ੍ਰਸਤਾਵ ਅਤੇ ਹੋਰ ਆਰਥਿਕ ਕਦਮਾਂ ਦੀ ਪ੍ਰਕਿਰਿਆ ਨਿਸ਼ਚਿਤ ਕਰਦੀ ਹੈ, ਜਿਸ ਦੇ ਅਨੁਸਾਰ ਦੇਸ਼ ਦੇ ਸਮਾਜਿਕ, ਆਰਥਿਕ ਵਿਕਾਸ ਦੀ ਪ੍ਰਕਿਰਿਆ ਨਾ ਚੱਲਣਾ ਹੁੰਦਾ ਹੈ। ਰੇਲਵੇ ਬਜਟ ਰੇਲ ਮੰਤਰੀ ਵੱਲੋਂ ਤਿਆਰ ਕੀਤਾ ਜਾਂਦਾ ਹੈ ਅਤੇ ਸਧਾਰਣ ਬਜਟ ਵਿੱਤ ਮੰਤਰੀ ਵੱਲੋਂ। ਦੋਵਾਂ ਹੀ ਮਾਮਲਿਆਂ ਵਿੱਚ ਸਮੁੱਚੇ ਰੂਪ ਵਿੱਚ ਨੀਤੀਆਂ ਸਬੰਧੀ ਫੈਸਲਾ ਕੈਬਨਿਟ ਕਰਦੀ ਹੈ। ਖਰਚ ਸਬੰਧੀ ਅਨੁਪਾਤ ਤਿਆਰ ਕੀਤੇ ਜਾਂਦੇ ਹਨ ਅਤੇ ਅਲੱਗ-ਅਲੱਗ ਸਰਕਾਰੀ ਵਿਭਾਗਾਂ ਵੱਲੋਂ ਅਰਜਿਤ ਆਮਦਨ ਸਬੰਧੀ ਅਨੁਪਾਤ ਬਜਟ ਤਿਆਰ ਕਰਨ ਨਾਲ ਲੱਗਭਗ 4 ਤੋਂ 6 ਮਹੀਨੇ ਪਹਿਲਾਂ ਵਿੱਤ ਮੰਤਰੀ ਕੋਲ ਪਹੁੰਚਣੇ ਹੁੰਦੇ ਹਨ। ਇਨ੍ਹਾਂ ਅੰਦਾਜ਼ਿਆਂ ਅਤੇ ਕੈਬਨਿਟ ਦੇ ਨੀਤੀ ਦੇ ਫੈਸਲਿਆਂ ਦੇ ਅਧਾਰ 'ਤੇ ਵਿੱਤ ਮੰਤਰੀ ਆਉਣ ਵਾਲੇ ਸਾਲ ਲਈ ਆਮਦਨ ਅਤੇ ਖਰਚਾਂ ਸਬੰਧੀ ਅੰਦਾਜ਼ਾ ਲਗਾਉਂਦਾ ਹੈ। ਇਸ ਤੋਂ ਬਾਅਦ ਵਿੱਤ ਮੰਤਰੀ ਅਲੱਗ-ਅਲੱਗ ਸਾਧਨਾਂ ਨਾਲ ਆਮਦਨ ਇਕੱਠੀ ਕਰਨ ਸਬੰਧੀ ਫੈਸਲਾ ਲੈਂਦਾ ਹੈ ਅਤੇ ਕਰ ਪ੍ਰਸਤਾਵ ਤਿਆਰ ਕਰਦਾ ਹੈ। ਇਸ ਤਰ੍ਹਾਂ ਵਿੱਤ ਮੰਤਰੀ ਨਵੇਂ ਕਰ ਲਗਾਉਣ ਅਤੇ ਪੁਰਾਣਿਆਂ ਦੇ ਨਵੀਨੀਕਰਨ ਨਾਲ ਸਬੰਧਿਤ ਯੋਜਨਾ ਤਿਆਰ ਕਰਦਾ ਹੈ। ਇਸ ਤਰ੍ਹਾਂ ਅਸਲ ਵਿੱਚ ਬਜਟ ਮੰਤਰੀ ਵੱਲੋਂ ਤਿਆਰ ਕੀਤਾ ਜਾਂਦਾ ਹੈ ਅਤੇ ਉਹ ਆਖਰੀ ਵਿਚਾਰ ਲਈ ਇਸ ਨੂੰ ਕੈਬਨਿਟ ਵਿੱਚ ਰੱਖਦਾ ਹੈ ਅਤੇ ਇਸ ਤੋਂ ਬਾਅਦ ਬਜਟ ਸੰਸਦ ਵਿੱਚ ਪੇਸ਼ ਕਰਨ ਲਈ ਤਿਆਰ ਹੋ ਜਾਂਦਾ ਹੈ।

**(ਬ) ਸਧਾਰਣ ਬਜਟ ਦੇ ਮੁੱਖ ਭਾਗ** (Main Parts of the General Budget) : ਭਾਰਤ ਵਿੱਚ ਬਜਟ ਦੇ ਦੋ ਮੁੱਖ ਭਾਗ ਹਨ-

*(i)* **ਆਮਦਨ ਦੀ ਸਟੇਟਮੈਂਟ** (Statement of Income) : ਇਸ ਭਾਗ ਵਿੱਚ ਕੇਂਦਰ ਸਰਕਾਰ ਜਾਂ ਇਸ ਦੇ ਸਾਰੇ ਵਿਭਾਗਾਂ ਦਾ ਪਹਿਲਾਂ ਵਿੱਤੀ ਸਾਲ ਦੀ ਆਮਦਨ ਦਾ ਰਿਕਾਰਡ ਹੁੰਦਾ ਹੈ।

*(ii)* **ਖਰਚ ਦੀ ਸਟੇਟਮੈਂਟ** (Statement of Expenditure) : ਇਸ ਵਿਭਾਗ ਵਿੱਚ ਸਰਕਾਰ ਦੇ ਅਲੱਗ-ਅਲੱਗ ਵਿਭਾਗਾਂ ਦਾ ਪਿਛਲੇ ਵਿੱਤੀ ਸਾਲ ਦੇ ਖਰਚ ਦਾ ਬਿਊਰਾ ਹੁੰਦਾ ਹੈ।

*(iii)* ਆਪਣੇ ਆਉਣ ਵਾਲੇ ਵਿੱਤੀ ਸਾਲ ਲਈ ਕੇਂਦਰ ਸਰਕਾਰ ਦੀ ਅੰਦਾਜ਼ਨ ਆਮਦਨ ਅਤੇ ਖਰਚ ਸਬੰਧੀ ਵੇਰਵਾ।

(iv) ਵਿਧਮਾਨ ਕਰ ਪ੍ਰਣਾਲੀ ਵਿੱਚ ਪਰਿਵਰਤਨਾਂ ਨਾਲ ਸਬੰਧਿਤ ਪ੍ਰਸਤਾਵ ਅਤੇ ਨਵੇਂ ਕਰਾਂ ਨਾਲ ਸਬੰਧਿਤ ਪ੍ਰਸਤਾਵ।

(v) ਆਉਣ ਵਾਲੇ ਵਿੱਤੀ ਸਾਲ ਵਿੱਚ ਕੇਂਦਰ ਸਰਕਾਰ ਦੀਆਂ ਵਿੱਤੀ ਨੀਤੀਆਂ ਸਬੰਧੀ ਸਟੇਟਮੈਂਟ।

ਸਰਕਾਰ ਦੇ ਕੁੱਲ ਖਰਚ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ–

(ਅ) ਭਾਰਤ ਦੀ ਸੰਚਿਤਨਿਧੀ (Consolidated Fund) 'ਤੇ ਕੀਤਾ ਜਾਣਾ ਖਰਚ (Charged Expenditure)।

(ਬ) ਸਧਾਰਣ ਜਾਂ ਗੈਰ–ਵਸੂਲੀ ਖਰਚ (Non-charged Expenditure)

**(ਅ) ਭਾਰਤ ਦੀ ਸੰਚਿਤਨਿਧੀ ਤੋਂ ਲਿਆ ਜਾਣ ਵਾਲਾ ਖਰਚ** (Expenditure charged on the Consolidated Fund of India) : ਸੰਵਿਧਾਨ ਦੇ ਅਨੁਛੇਦ 113 ਦੇ ਅਨੁਸਾਰ ਸੰਸਦ ਦੇ ਮੈਂਬਰ ਭਾਰਤ ਦੀ ਸੰਚਿਤ ਨਿਧੀ (Consolidated Fund) 'ਤੇ ਵਸੂਲ ਕੀਤੇ ਜਾਣ ਵਾਲੇ ਅਲੱਗ–ਅਲੱਗ ਖਰਚਾਂ 'ਤੇ ਬਹਿਸ ਕਰ ਸਕਦੇ ਹਨ ਪਰ ਉਹ ਇਨ੍ਹਾਂ 'ਤੇ ਵੋਟ ਦਾ ਅਧਿਕਾਰ ਨਹੀਂ ਇਸਤੇਮਾਲ ਕਰ ਸਕਦੇ। ਵਸੂਲੇ ਖਰਚਾਂ ਨੂੰ ਸੰਸਦ ਵੱਲੋਂ ਪਾਸ ਕੀਤਾ ਜਾਂਦਾ ਹੈ, ਜਿਸ ਨੂੰ ਹਰੇਕ ਸਥਿਤੀ ਵਿੱਚ ਸਰਕਾਰ ਨੇ ਖਰਚ ਕਰਨਾ ਹੀ ਹੁੰਦਾ ਹੈ। ਹੇਠ ਲਿਖੇ ਖਰਚ ਇਸ ਸ਼੍ਰੇਣੀ ਵਿੱਚ ਆਉਂਦੇ ਹਨ–

1. ਰਾਸ਼ਟਰਪਤੀ ਦੀ ਤਨਖਾਹ ਅਤੇ ਹੋਰ ਭੱਤਿਆਂ ਨਾਲ ਸਬੰਧਿਤ ਖਰਚ।
2. ਸੰਸਦ ਦੇ ਦੋਵਾਂ ਸਦਨਾਂ ਦੇ ਪ੍ਰਧਾਨਾਂ ਦਾ ਖਰਚ।
3. ਸਰਵਉੱਚ ਅਦਾਲਤ ਅਤੇ ਉੱਚ ਅਦਾਲਤ ਦੇ ਜੱਜਾਂ ਦੇ ਹੋਰ ਭੱਤਿਆਂ ਨਾਲ ਸਬੰਧਿਤ ਖਰਚ।
4. ਕੰਪੈਟ੍ਰੋਲਰ ਅਤੇ ਆਡੀਟਰ ਜਨਰਲ ਦੇ ਹੋਰ ਭੱਤਿਆਂ ਸਬੰਧੀ ਖਰਚ।
5. ਸੰਘੀ ਅਦਾਲਤਾਂ ਦੇ ਜੱਜਾਂ ਦੀ ਪੈਨਸ਼ਨ ਨਾਲ ਸਬੰਧਿਤ ਖਰਚ।
6. ਉੱਪ ਰਾਸ਼ਟਰਪਤੀ ਦੇ ਹੋਰ ਭੱਤਿਆਂ ਨਾਲ ਸਬੰਧਿਤ ਖਰਚ।

**(ਬ) ਗੈਰ ਵਸੂਲੀ ਖਰਚ** (Non-Charged Expenditure) : ਉੱਪਰ ਦਰਸਾਏ ਖਰਚਿਆਂ ਤੋਂ ਇਲਾਵਾ ਬਾਕੀ ਸਾਰੇ ਖਰਚਿਆਂ ਨੂੰ ਗੈਰ ਵਸੂਲੀ ਖਰਚ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਅਨੁਦਾਨਾਂ ਦੇ ਭਾਗਾਂ ਦੇ ਸਵਰੂਪ ਵਿੱਚ ਸੰਸਦ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਅਜਿਹੇ ਖਰਚ ਸੰਸਦ ਵੱਲੋਂ ਸਵੀਕਾਰ ਜਾਂ ਨਾਮਨਜ਼ੂਰ ਜਾਂ ਘਟਾਏ ਜਾ ਸਕਦੇ ਹਨ। ਸੰਸਦ ਆਪਣੇ ਰੂਪ ਵਿੱਚ ਖਰਚ ਨੂੰ ਵਧਾ ਨਹੀਂ ਸਕਦੀ।

**1. ਬਜਟ ਪੇਸ਼ ਕਰਨਾ ਅਤੇ ਬਜਟ 'ਤੇ ਭਾਸ਼ਣ** (Introduction of the Budget Speech) : ਸੰਵਿਧਾਨ ਦੇ ਅਨੁਛੇਦ 112 ਦੇ ਅਨੁਸਾਰ ਰਾਸ਼ਟਰਪਤੀ ਵਿੱਤ ਮੰਤਰੀ ਵੱਲੋਂ ਤਿਆਰ ਕੀਤੇ ਗਏ ਬਜਟ ਨੂੰ ਸੰਸਦ ਵਿੱਚ ਪੇਸ਼ ਕਰਵਾਉਂਦਾ ਹੈ। ਸਧਾਰਣ ਰੂਪ ਵਿੱਚ ਬਜਟ ਫਰਵਰੀ ਦੇ ਆਖਰੀ ਹਫਤੇ ਵਿੱਚ ਪੇਸ਼ ਕੀਤਾ ਜਾਂਦਾ ਹੈ ਤਾਂ ਕਿ ਪਾਸ ਕਰਨ ਤੋਂ ਪਹਿਲਾਂ ਸੰਸਦ ਨੂੰ ਲੱਗਭਗ ਇਕ ਮਹੀਨੇ ਲਈ ਬਜਟ 'ਤੇ ਠੀਕ ਰੂਪ ਵਿੱਚ ਵਿਚਾਰ ਕਰਨ ਦਾ ਸਮਾਂ ਮਿਲ ਜਾਂਦਾ ਹੈ। ਸਧਾਰਣ ਰੂਪ ਵਿੱਚ ਬਜਟ ਚਾਲੂ ਵਿੱਤੀ ਸਾਲ ਖਤਮ ਹੋਣ ਤੋਂ ਪਹਿਲਾਂ ਅਤੇ 31 ਮਾਰਚ ਤੋਂ ਪਹਿਲਾਂ ਪਾਸ ਕਰਨਾ ਹੁੰਦਾ ਹੈ। ਲੋਕ ਸਭਾ ਵਿੱਚ ਬਜਟ ਵਿੱਤ ਮੰਤਰੀ ਵੱਲੋਂ ਨਿਰਧਾਰਿਤ ਤਾਰੀਖ ਅਤੇ ਸਮੇਂ 'ਤੇ ਪੇਸ਼ ਕੀਤਾ ਜਾਂਦਾ ਹੈ। ਬਜਟ ਪੇਸ਼ ਕਰਦੇ ਸਮੇਂ ਵਿੱਤ ਮੰਤਰੀ ਬਜਟ 'ਤੇ ਭਾਸ਼ਣ ਦਿੰਦਾ ਹੈ, ਜਿਸ ਵਿੱਚ ਬਜਟ ਦੇ ਮੁੱਖ ਭਾਗਾਂ ਅਤੇ ਵਿਸ਼ੇਸ਼ਤਾਵਾਂ ਦਾ ਬਿਊਰੋ ਹੁੰਦਾ ਹੈ। ਬਜਟ ਹਮੇਸ਼ਾ ਲੋਕ ਸਭਾ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਇਹ ਇਕ ਵਿੱਤ ਬਿੱਲ ਹੀ ਹੁੰਦਾ ਹੈ।

**2. ਬਜਟ ਭਾਸ਼ਣ** (Budget Speech) : ਬਜਟ ਦੀਆਂ ਕਾਪੀਆਂ ਸੰਸਦ ਦੇ ਮੈਂਬਰਾਂ ਵਿੱਚ ਵੰਡੀਆਂ ਜਾਂਦੀਆਂ ਹਨ ਤਾਂ ਕਿ ਉਹ ਬਜਟ ਪ੍ਰਸਤਾਵਾਂ ਨਾਲ ਸਬੰਧਿਤ ਬਿਊਰਿਆਂ ਦਾ ਅਧਿਐਨ ਕਰਨ ਦੇ ਸਮਰੱਥ ਹੋ ਸਕਣ। ਇਸੇ ਸਮੇਂ ਬਜਟ ਪ੍ਰਸਤਾਵਾਂ ਨੂੰ ਸਧਾਰਣ ਜਨਤਾ ਦੇ ਲਾਭ ਲਈ ਟੀ. ਵੀ. ਅਤੇ ਰੇਡੀਓ 'ਤੇ ਪ੍ਰਸਾਰਿਤ ਕੀਤਾ ਜਾਂਦਾ ਹੈ। ਬਜਟ 'ਤੇ ਭਾਸ਼ਣ ਨਾਲ ਬਜਟ ਪ੍ਰਸਤਾਵਾਂ 'ਤੇ ਬਹਿਸ ਲਈ ਰਸਤਾ ਤਿਆਰ ਹੋ ਜਾਂਦਾ ਹੈ ਅਤੇ ਸੰਸਦ ਦੇ ਮੈਂਬਰ ਸੰਸਦ ਵਿੱਚ ਬਜਟ 'ਤੇ ਬਹਿਸ ਵਿੱਚ ਭਾਗ ਲੈਣ ਲਈ ਤਿਆਰ ਹੋ ਜਾਂਦੇ ਹਨ।

**3. ਬਜਟ 'ਤੇ ਸਧਾਰਣ ਬਹਿਸ** (General Discussion on the Budget) : ਬਜਟ ਪੇਸ਼ ਕਰਨ ਦੇ 3 ਜਾਂ 4 ਦਿਨਾਂ ਬਾਅਦ ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ 'ਤੇ ਸਧਾਰਣ ਬਹਿਸ ਹੁੰਦੀ ਹੈ, ਜਿਸ ਦੌਰਾਨ ਵਿੱਤ ਮੰਤਰੀ ਸਰਕਾਰ ਦੀਆਂ ਆਰਥਿਕ ਨੀਤੀਆਂ ਨੂੰ ਸਹੀ ਠਹਿਰਾਉਂਦਾ ਹੈ। ਇਸ ਚਰਨ 'ਤੇ ਵਸੂਲੀ ਖਰਚ 'ਤੇ ਵੀ ਬਹਿਸ ਹੁੰਦੀ ਹੈ। ਵਿਰੋਧੀ ਦਲ ਜਾਂ ਦਲਾਂ ਦੇ ਮੈਂਬਰ ਇਸ ਚਰਨ ਨੂੰ ਸਰਕਾਰ ਦੀਆਂ ਆਰਥਿਕ ਨੀਤੀਆਂ ਦੀ ਆਲੋਚਨਾ ਕਰਨ ਲਈ ਇਸਤੇਮਾਲ ਕਰਦੇ ਹਨ ਪਰ ਉਹ ਬਹਿਸ ਰਾਜਨੀਤਿਕ ਹੁੰਦੀ ਹੈ ਅਤੇ ਇਸ ਦਾ ਆਰਥਿਕ ਵਿਸ਼ਲੇਸ਼ਣ ਜਾਂ ਦੁਬਾਰਾ ਵਿਚਾਰ ਨਾਲ ਸਬੰਧਿਤ ਬਹੁਤ ਘੱਟ ਹੁੰਦਾ ਹੈ। ਸ਼੍ਰੀ ਮੋਰਿਸ ਜੋਨਜ ਦੇ ਸ਼ਬਦਾਂ ਵਿੱਚ, "ਇਹ ਇਕ ਅਜਿਹਾ ਮੌਕਾ ਹੁੰਦਾ ਹੈ, ਜਿਸ ਵਿੱਚ ਹਰੇਕ ਸਦਨ ਆਪਣੀ ਸਥਿਤੀ ਨੂੰ ਪ੍ਰਗਟ ਕਰਨ ਦੇ ਸਮਰੱਥ ਹੁੰਦਾ ਹੈ ਅਤੇ ਸਰਕਾਰ ਇਸ ਤੋਂ ਜਾਣ ਸਕਦੀ ਹੈ ਕਿ ਇਕ ਵਿਸ਼ੇਸ਼ ਪ੍ਰਸਤਾਵ ਅਗਲੇ ਚਰਨ 'ਤੇ ਕਿਸ ਤਰ੍ਹਾਂ ਜਾਵੇਗਾ।"

**4. ਸਥਾਈ ਸੰਮਤੀਆਂ ਵੱਲੋਂ ਬਜਟ 'ਤੇ ਵਿਚਾਰ** (Consideration of Budget Proposals by the Standing Committees) : ਅਪ੍ਰੈਲ 1993 ਵਿੱਚ ਸੰਮਤੀ ਪ੍ਰਣਾਲੀ 'ਚ ਅਨੇਕਾਂ ਪਰਿਵਰਤਨ ਕੀਤੇ ਗਏ ਸਨ। 17 ਸਥਾਈ ਸੰਮਤੀਆਂ ਬਣਾਈਆਂ ਗਈਆਂ। 1994 ਤੋਂ ਲੈ ਕੇ ਇਹ ਸੰਮਤੀਆਂ ਬਜਟ ਪਾਸ ਕਰਨ ਸਮੇਂ ਸਰਗਰਮ ਭੂਮਿਕਾ ਨਿਭਾਉਂਦੀਆਂ ਆ ਰਹੀਆਂ ਹਨ। ਬਜਟ ਪੇਸ਼ ਹੋਣ ਤੋਂ ਬਾਅਦ ਇਨ੍ਹਾਂ ਸੰਮਤੀਆਂ ਕੋਲ ਚਲਾ ਜਾਂਦਾ ਹੈ। ਇਹ ਸੰਮਤੀਆਂ ਬਜਟ ਪ੍ਰਸਤਾਵਾ ਦੇ ਸਬੰਧ ਵਿੱਚ ਛਾਣਬੀਣ ਕਰਦੀਆਂ ਹਨ ਅਤੇ ਆਪਣੀਆਂ ਰਿਪੋਰਟਾਂ/ਸੁਝਾਅ ਦਿੰਦੀਆਂ ਹਨ। ਸੰਮਤੀਆਂ ਦੀਆਂ ਇਹ ਰਿਪੋਰਟਾਂ ਲੋਕ ਸਭਾ ਵੱਲੋਂ ਬਜਟ 'ਤੇ ਬਹਿਸ ਦਾ ਆਧਾਰ ਬਣਦੀਆਂ ਹਨ।

**5. ਗ੍ਰਾਂਟਾਂ ਸਬੰਧੀ ਮੰਗਾਂ ਅਤੇ ਵੋਟਾਂ** (Voting on Demand for Grants) : ਆਮ ਸਲਾਹ-ਮਸ਼ਵਰੇ ਤੋਂ ਬਾਅਦ ਸਰਕਾਰੀ ਵਿਭਾਗਾਂ ਦੀਆਂ ਮੰਗਾਂ 'ਤੇ ਚਰਚਾ ਹੁੰਦੀ ਹੈ ਕਿ ਇਹ ਚਰਨ 'ਤੇ ਅਲੱਗ-ਅਲੱਗ ਸਰਕਾਰੀ ਵਿਭਾਗਾਂ ਵੱਲੋਂ ਆਉਣ ਵਾਲੇ ਵਿੱਤੀ ਸਾਲ ਲਈ ਖਰਚ ਨਾਲ ਸਬੰਧਿਤ ਕੀਤੀਆਂ ਗਈਆਂ ਸਲਾਹ-ਮਸ਼ਵਰੇ ਦਾ ਵਿਸ਼ਾ ਹੁੰਦੀਆਂ ਹਨ। ਸੰਸਦ ਕਿਸੇ ਵੀ ਮੰਗ ਨੂੰ ਸਵੀਕਾਰ, ਰੱਦ ਜਾਂ ਘਟਾ ਸਕਦੀ ਹੈ ਪਰ ਵਾਧਾ ਨਹੀਂ ਕਰ ਸਕਦੀ। ਹਰੇਕ ਵਿਭਾਗ ਦੀਆਂ ਗ੍ਰਾਂਟਾਂ ਦੀਆਂ ਮੰਗਾਂ 'ਤੇ ਹੀ ਅਲੱਗ-ਅਲੱਗ ਵਿਚਾਰ ਕੀਤਾ ਜਾਂਦਾ ਹੈ ਪਰ ਸਧਾਰਣ ਰੂਪ ਵਿੱਚ ਪ੍ਰਮੁੱਖ ਵਿਭਾਗਾਂ ਦੀਆਂ ਮੰਗਾਂ 'ਤੇ ਹੀ ਅਲੱਗ-ਅਲੱਗ ਵਿਚਾਰ ਕੀਤਾ ਜਾਂਦਾ ਹੈ ਅਤੇ ਸਮੇਂ ਦੀ ਕਮੀ ਕਾਰਨ ਭਾਵ ਬਾਕੀ ਵਿਭਾਗਾਂ ਵੱਲੋਂ ਪੇਸ਼ ਕੀਤੀਆਂ ਗਈਆਂ ਮੰਗਾਂ 'ਤੇ ਸੰਸਦ ਸਾਂਝੇ ਰੂਪ ਵਿੱਚ ਵਿਚਾਰ ਕਰਨ ਲਈ ਮਜਬੂਰ ਹੁੰਦੀਆਂ ਹਨ। ਹਰੇਕ ਮੰਗ ਸਬੰਧਿਤ ਮੰਤਰੀ ਵੱਲੋਂ ਰਾਸ਼ਟਰਪਤੀ ਦੀ ਮਨਜ਼ੂਰੀ ਲੈ ਕੇ ਸੰਸਦ ਵਿੱਚ ਰੱਖੀਆਂ ਜਾਂਦੀਆਂ ਹਨ। ਸਪੀਕਰ ਬਹਿਸ ਦੀ ਸਮੇਂ-ਸੀਮਾ ਨਿਸ਼ਚਿਤ ਕਰਦਾ ਹੈ ਅਤੇ ਹਰੇਕ ਬਹਿਸ ਖਤਮ ਹੋਣ ਤੋਂ ਬਾਅਦ ਮੰਗਾਂ 'ਤੇ ਵੋਟ ਪਾਏ ਜਾਂਦੇ ਹਨ। ਜੇਕਰ ਲੋਕ ਸਭਾ ਵੱਲੋਂ ਕੋਈ ਵੀ ਮੰਗ ਰੱਦ ਕਰ ਦਿੱਤੀ ਜਾਂਦੀ ਹੈ ਜਾਂ ਘਟਾ ਦਿੱਤੀ ਜਾਂਦੀ ਹੈ ਤਾਂ ਇਸ ਨੂੰ ਮੰਤਰੀ ਪ੍ਰੀਸ਼ਦ ਦੀ ਹਾਰ ਦੇ ਰੂਪ ਵਿੱਚ ਲਿਆ ਜਾਂਦਾ ਹੈ ਅਤੇ ਉਸ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ। ਇਹ ਕਾਰਵਾਈ ਸੰਸਦ ਵਿੱਚ ਸਰਕਾਰ ਦੇ ਬਹੁਮਤ ਦੇ ਪ੍ਰੀਖਣ ਦਾ ਮੌਕਾ ਪ੍ਰਦਾਨ ਕਰਦੀ ਹੈ। ਇਹੀ ਕਾਰਨ ਹੈ ਕਿ ਸਰਕਾਰ ਨੂੰ ਬਹੁਤ ਸਾਵਧਾਨ ਹੋ ਕੇ ਚੱਲਣਾ ਪੈਂਦਾ ਹੈ ਅਤੇ ਉਸ ਨੂੰ ਹਰੇਕ ਨਤੀਜੇ ਲਈ ਤਿਆਰ ਰਹਿਣਾ ਪੈਂਦਾ ਹੈ।

**6. ਵੀਨਿਯੋਗ ਬਿੱਲ ਨੂੰ ਪੇਸ਼ ਅਤੇ ਪਾਸ ਕਰਨਾ** (Introduction and Passing of the Appropriation Bill) : ਲੋਕ ਸਭਾ ਵੱਲੋਂ ਗ੍ਰਾਂਟਾਂ ਨਾਲ ਸਬੰਧਿਤ ਸਾਰੀਆਂ ਮੰਗਾਂ 'ਤੇ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਲੋਕ ਸਭਾ ਵੱਲੋਂ ਪਾਸ ਕੀਤੀਆਂ ਗਈਆਂ ਮੰਗਾਂ ਅਤੇ ਸੰਚਿਤ (Consolidated Fund of India) ਨਾਲ ਕੀਤੇ ਜਾਣ ਵਾਲੇ ਖਰਚ ਨੂੰ ਇਕੱਠਾ ਕਰਕੇ ਵੀਨਿਯੋਗ ਬਿੱਲ ਤਿਆਰ ਕੀਤਾ ਜਾਂਦਾ ਹੈ। ਇਹ ਬਿੱਲ ਲੋਕ ਸਭਾ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਸਦਨ ਵਿੱਚੋਂ ਪਾਸ ਹੋਣ ਤੋਂ ਪਹਿਲਾਂ ਇਸ ਨੂੰ ਉਨ੍ਹਾਂ ਸਾਰੇ ਚਰਨਾਂ ਵਿੱਚੋਂ ਲੰਘਣਾ ਪੈਂਦਾ ਹੈ, ਜਿਸ ਵਿੱਚੋਂ ਹੋਰ ਕੋਈ ਬਿੱਲ ਲੰਘਦਾ ਹੈ। ਲੋਕ ਸਭਾ ਵੱਲੋਂ ਪਾਸ ਕਰਨ ਤੋਂ ਬਾਅਦ ਇਸ ਨੂੰ ਰਾਜ ਸਭਾ ਕੋਲ ਭੇਜਿਆ ਜਾਂਦਾ ਹੈ। ਰਾਜ ਸਭਾ ਇਸ ਨੂੰ ਪਾਸ ਕਰ ਸਕਦੀ ਹੈ ਜਾਂ ਇਸ ਨੂੰ 14 ਦਿਨਾਂ ਦੇ ਅੰਦਰ ਸਿਫਾਰਿਸ਼ਾਂ ਸਹਿਤ ਜਾਂ ਸਿਫਾਰਿਸ਼ਾਂ ਤੋਂ ਬਿਨਾਂ ਲੋਕ ਸਭਾ ਨੂੰ ਵਾਪਿਸ ਕਰ ਸਕਦੀ ਹੈ, ਲੋਕ ਸਭਾ ਇਨ੍ਹਾਂ ਸਿਫਾਰਿਸ਼ਾਂ ਨੂੰ ਮੰਨਣ ਲਈ ਪਾਬੰਦ ਨਹੀਂ ਹੁੰਦੀ। ਇਸ ਤਰ੍ਹਾਂ ਰਾਜ ਸਭਾ ਵੀਨਿਯੋਗ ਬਿੱਲ ਦੇ ਪਾਸ ਹੋਣ ਵਿੱਚ ਜ਼ਿਆਦਾ ਤੋਂ ਜ਼ਿਆਦਾ 14 ਦਿਨਾਂ ਦੇ ਸਮੇਂ ਲਈ ਦੇਰੀ ਹੀ ਕਰ ਸਕਦੀ ਹੈ। ਇਸ ਤੋਂ ਬਾਅਦ ਇਸ ਨੂੰ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਪਾਸ ਹੋਇਆ ਸਮਝ ਲਿਆ ਜਾਂਦਾ ਹੈ ਅਤੇ ਇਸ ਨੂੰ ਰਾਸ਼ਟਰਪਤੀ ਦੇ ਹਸਤਾਖਰਾਂ ਲਈ ਭੇਜ ਦਿੱਤਾ ਜਾਂਦਾ ਹੈ। ਵੀਨਿਯੋਗ ਬਿੱਲ ਦੇ ਪਾਸ ਹੋਣ ਦਾ ਮਤਲਬ ਅਲੱਗ-ਅਲੱਗ ਸਰਕਾਰੀ ਵਿਭਾਗਾਂ ਦੇ ਖਰਚ ਨਾਲ ਸਬੰਧਿਤ ਮੰਗਾਂ ਦੀ ਮਨਜ਼ੂਰੀ ਹੁੰਦਾ ਹੈ।

**7. ਵਿੱਤੀ ਬਿੱਲ ਨੂੰ ਪਾਸ ਕਰਨਾ** (Passing of the Finance Bill) : ਬਜਟ ਵਿੱਚ ਦਿੱਤੇ ਗਏ ਸਾਰੇ ਕਰ ਪ੍ਰਸਤਾਵਾਂ ਨੂੰ ਵਿੱਤੀ ਬਿੱਲ ਦਾ ਰੂਪ ਅਤੇ ਸਿਰਲੇਖ ਦਿੱਤਾ ਜਾਂਦਾ ਹੈ ਜੋ ਵੀਨਿਯੋਗ ਬਿੱਲ ਦੇ ਪਾਸ/ਪੇਸ਼ ਹੋਣ ਤੋਂ ਬਾਅਦ ਲੋਕ ਸਭਾ ਵਿੱਚ ਪੇਸ਼ ਕੀਤਾ ਜਾਂਦਾ ਹੈ। ਇਸ ਬਿੱਲ ਨੂੰ ਉਸੇ ਪ੍ਰਕਿਰਿਆ ਵਿੱਚੋਂ ਲੰਘਣਾ ਪੈਂਦਾ ਹੈ ਜੋ ਇਕ ਧਨ ਬਿੱਲ ਨੂੰ ਪਾਸ ਕਰਨ ਲਈ ਅਪਣਾਈ ਜਾਂਦੀ ਹੈ। ਵਿਰੋਧੀ ਧਿਰ ਦੇ ਮੈਂਬਰ ਕਰਾਂ ਨੂੰ ਘਟਾਉਣ ਨਾਲ ਸਬੰਧਿਤ ਸੋਧਾਂ ਪੇਸ਼ ਕਰ ਸਕਦੇ ਹਨ, ਜਿਸ ਨੂੰ ਸਰਕਾਰ ਵੱਲੋਂ ਸਵੀਕਾਰ ਜਾਂ ਰੱਦ ਕੀਤਾ ਜਾ ਸਕਦਾ ਹੈ। ਜੇਕਰ ਵਿੱਤੀ ਬਿੱਲ ਵਿੱਚ ਅਜਿਹੀ ਸੋਧ ਮੰਤਰੀ ਪ੍ਰੀਸ਼ਦ ਦੀ ਸਹਿਮਤੀ ਤੋਂ ਬਿਨਾਂ ਪਾਸ ਕਰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਸਰਕਾਰ ਦੇ ਵਿਰੁੱਧ ਬੇਭਰੋਸਗੀ ਵੋਟ ਦੇ ਰੂਪ ਵਿੱਚ ਲਿਆ ਜਾਂਦਾ ਹੈ ਅਤੇ ਜਿਸ ਦਾ ਸਿੱਟਾ ਸਰਕਾਰ ਦੇ ਤਿਆਗ ਪੱਤਰ ਦੇ ਰੂਪ ਵਿੱਚ ਨਿਕਲਦਾ ਹੈ ਪਰ ਇਕ ਵੋਟ ਦੇ ਸਮਰਥਨ ਵਾਲੀ ਸਰਕਾਰ ਨੂੰ ਵਿੱਤ ਬਿੱਲ ਪਾਸ ਕਰਵਾਉਣ ਵਿੱਚ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਵਿੱਤੀ ਬਿੱਲ ਨੂੰ ਲੋਕ ਸਭਾ ਵੱਲੋਂ ਪਾਸ ਕਰਨ ਤੋਂ ਬਾਅਦ ਰਾਜ ਸਭਾ ਨੂੰ ਭੇਜਿਆ ਜਾਂਦਾ ਹੈ। ਰਾਜ ਸਭਾ ਇਸ ਬਿੱਲ ਦੇ ਪਾਸ ਕਰਨ ਦੇ ਸਬੰਧ ਵਿੱਚ ਜ਼ਿਆਦਾ ਤੋਂ ਜ਼ਿਆਦਾ 14 ਦਿਨਾਂ ਦੀ ਦੇਰੀ ਕਰ ਸਕਦੀ ਹੈ। ਰਾਜ ਸਭਾ 14 ਦਿਨਾਂ ਦੇ ਅੰਦਰ ਕੁਝ ਸੋਧ ਸਹਿਤ ਜਾਂ ਸੋਧ ਤੋਂ ਬਿਨਾਂ ਵਿੱਤੀ ਬਿੱਲ ਨੂੰ ਲੋਕ ਸਭਾ ਕੋਲ ਵਾਪਸ ਭੇਜ ਸਕਦਾ ਹੈ ਪਰ ਇਹ ਕੇਵਲ ਲੋਕ ਸਭਾ 'ਤੇ ਨਿਰਭਰ ਕਰਦਾ ਹੈ ਕਿ ਉਹ ਇਨ੍ਹਾਂ ਸੋਧਾਂ ਨੂੰ ਸਵੀਕਾਰ ਕਰੇ ਜਾਂ ਨਾ ਕਰੇ। ਰਾਜ ਸਭਾ ਨੂੰ ਬਿੱਲ ਭੇਜੇ ਜਾਣ ਤੋਂ ਲੈ ਕੇ 14 ਦਿਨ ਖਤਮ ਹੋਣ ਤੋਂ ਬਾਅਦ ਇਸ ਨੂੰ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਪਾਸ ਹੋਇਆ ਸਮਝ ਲਿਆ ਜਾਂਦਾ ਹੈ। ਫਿਰ ਇਸ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਜਾਂਦਾ ਹੈ। ਉਨ੍ਹਾਂ ਦੇ ਹਸਤਾਖਰ ਹੋਣ ਨਾਲ ਬਿੱਲ ਕਾਨੂੰਨ ਬਣ ਜਾਂਦਾ ਹੈ। ਰਾਸ਼ਟਰਪਤੀ ਕੋਲ ਵਿੱਤ ਬਿੱਲ ਦੁਬਾਰਾ ਸਲਾਹ-ਮਸ਼ਵਰੇ ਅਤੇ ਦੁਬਾਰਾ ਪਾਸ ਕਰਨ ਲਈ ਸੰਸਦ ਨੂੰ ਵਾਪਿਸ ਭੇਜਣ ਦਾ ਅਧਿਕਾਰ ਨਹੀਂ ਹੈ। ਵਿੱਤੀ ਬਿੱਲ ਦੇ ਪਾਸ ਹੋਣ ਨਾਲ ਅਸਲ ਵਿੱਚ ਬਜਟ ਪਾਸ ਹੋਣ ਦੀ ਪ੍ਰਕਿਰਿਆ ਪੂਰੀ ਹੋ ਜਾਂਦੀ ਹੈ।

ਨੋਟ

**8. ਲੇਖਾ ਵੋਟ** (Vote on Account) : ਸਾਡੇ ਦੇਸ਼ ਵਿੱਚ ਵਿੱਤੀ ਸਾਲ 31 ਮਾਰਚ ਨੂੰ ਖਤਮ ਹੁੰਦਾ ਹੈ ਪਰ ਜੇਕਰ ਪਹਿਲੀ ਅਪ੍ਰੈਲ ਤੱਕ ਬਜਟ ਪਾਸ ਕਰਵਾਉਣਾ ਔਖਾ ਹੋਵੇ ਤਾਂ ਸਰਕਾਰ ਬਜਟ ਦੇ ਪਾਸ ਹੋਣ ਤੱਕ ਆਖਰੀ ਤਾਰੀਖ 'ਤੇ ਜ਼ਰੂਰੀ ਖਰਚ ਕਰਨ ਲਈ ਆਗਿਆ ਲੈ ਸਕਦੀ ਹੈ। ਇਸ ਕਾਰਵਾਈ ਨੂੰ ਸਰਕਾਰ ਵੱਲੋਂ ਸੰਸਦ ਵਿੱਚ ਲੇਖਾ ਵੋਟ (Vote on Account) ਲੈਣਾ ਕਿਹਾ ਜਾਂਦਾ ਹੈ। ਸਧਾਰਣ ਰੂਪ ਵਿੱਚ ਸਰਕਾਰ ਦੀ ਅਜਿਹੀ ਪ੍ਰਾਰਥਨਾ ਹਮੇਸ਼ਾ ਹੀ ਸੰਸਦ ਵੱਲੋਂ ਸਵੀਕਾਰ ਕਰ ਲਈ ਜਾਂਦੀ ਹੈ।

**9. ਪੂਰਕ ਬਜਟ** (Supplementary Budget) : ਸਧਾਰਣ ਰੂਪ ਵਿੱਚ ਵਿੱਤੀ ਸਾਲ ਦੇ ਆਰੰਭ ਵਿੱਚ ਸਰਕਾਰ ਅੰਦਾਜ਼ਿਆਂ 'ਤੇ ਅਧਾਰਿਤ ਸਾਰਾ ਬਜਟ ਤਿਆਰ ਕਰ ਲੈਂਦੀ ਹੈ ਪਰ ਕੁਝ ਮਹੀਨੇ ਬੀਤਣ ਤੋਂ ਬਾਅਦ ਜੇਕਰ ਵਿੱਤ ਮੰਤਰੀ ਮਹਿਸੂਸ ਕਰੇ ਕਿ ਖਰਚ ਮਨਜ਼ੂਰ ਕੀਤੇ ਖਰਚ ਤੋਂ ਜ਼ਿਆਦਾ ਹੈ ਜਾਂ ਸਾਧਨਾਂ ਦੀ ਪ੍ਰਾਪਤੀ ਨਿਰਧਾਰਿਤ ਤੋਂ ਘੱਟ ਹੋ ਰਹੀ ਹੈ ਤਾਂ ਉਹ ਸਤੰਬਰ, ਅਕਤੂਬਰ ਜਾਂ ਜਨਵਰੀ ਵਿੱਚ ਸੰਸਦ ਦੀ ਮਨਜ਼ੂਰੀ ਲਈ ਪੂਰਕ ਬਜਟ ਪੇਸ਼ ਕਰ ਸਕਦਾ ਹੈ। ਇਸ ਨੂੰ ਪੂਰਕ ਬਜਟ ਜਾਂ ਸਰਕਾਰ ਵੱਲੋਂ ਮੰਗੇ ਗਏ ਪੂਰਕ ਅਨੁਦਾਨ ਕਿਹਾ ਜਾਂਦਾ ਹੈ।

**10. ਆਕਸਮਿਕ (ਦੁਰਘਟਨਾ) ਨਿਧੀ** (The Contingency Fund of India) : ਭਾਰਤੀ ਸੰਵਿਧਾਨ ਦੇ ਅਨੁਛੇਦ 267 (1) ਦੇ ਅਨੁਸਾਰ ਸੰਸਦ ਇਕ ਕਾਨੂੰਨ ਪਾਸ ਕਰਕੇ ਆਕਸਮਿਕ ਨਿਧੀ ਸਥਾਪਿਤ ਕਰ ਸਕਦੀ ਹੈ, ਜਿਸ ਨਾਲ ਜ਼ਰੂਰਤ ਪੈਣ 'ਤੇ ਖਰਚ ਕੀਤਾ ਜਾ ਸਕਦਾ ਹੈ। ਇਹ ਨਿਧੀ ਰਾਸ਼ਟਰਪਤੀ ਦੇ ਕੰਟਰੋਲ ਅਧੀਨ ਹੁੰਦੀ ਹੈ। ਜੋ ਰਾਸ਼ੀ ਇਸ ਨਿਧੀ ਵਿੱਚੋਂ ਇਸਤੇਮਾਲ ਕੀਤੀ ਜਾਂਦੀ ਹੈ, ਉਸ ਦੇ ਸਬੰਧ ਵਿੱਚ ਬਾਅਦ 'ਚ ਸੰਸਦ ਦੇ ਦੋਵਾਂ ਸਦਨਾਂ ਕੋਲੋਂ ਮਨਜ਼ੂਰੀ ਲੈਣੀ ਪੈਂਦੀ ਹੈ।

| | |
|---|---|
| *ਕੀ ਤੁਸੀਂ ਜਾਣਦੇ ਹੋ* | ਲੋਕ ਸਭਾ ਵਿੱਚ ਪੇਸ਼ ਹੋਣ ਤੋਂ ਬਾਅਦ ਬਜਟ 75 ਦਿਨਾਂ ਦੇ ਅੰਦਰ-ਅੰਦਰ ਪਾਸ ਕਰਨਾ ਹੁੰਦਾ ਹੈ। |

ਇਸ ਤਰ੍ਹਾਂ ਬਜਟ ਪਾਸ ਕਰਨਾ ਇਕ ਸੰਗਠਿਤ ਅਤੇ ਗੁੰਝਲਦਾਰ ਕਾਰਵਾਈ ਹੈ। ਇਹ ਇਕ ਸਮਾਂਬੱਧ ਕਾਰਵਾਈ ਹੈ। ਇਸ ਦੇ ਨੇੜੇ ਹੋਣ ਨਾਲ ਕਠਿਨਾਈਆਂ 'ਤੇ ਕੰਟਰੋਲ ਪਾਉਣ ਦੀ ਵਿਵਸਥਾ ਹੈ ਜੋ ਕਠਿਨਾਈਆਂ ਪਾਸ ਕੀਤੇ ਜਾਣ ਵਿੱਚ ਦੇਰੀ ਕਰਕੇ ਖੜ੍ਹੀਆਂ ਕੀਤੀਆਂ ਜਾ ਸਕਦੀਆਂ ਹਨ। ਬਜਟ ਦੀ ਪ੍ਰਕਿਰਿਆ ਤੋਂ ਪਤਾ ਲੱਗਦਾ ਹੈ ਕਿ ਇਸ ਖੇਤਰ ਵਿੱਚ ਲੋਕ ਸਭਾ ਦੀ ਰਾਜ ਸਭਾ ਦੀ ਤੁਲਨਾ ਵਿੱਚ ਉੱਚ ਭੂਮਿਕਾ ਅਤੇ ਸਥਿਤੀ ਹੈ। ਵਿੱਤੀ ਕਾਨੂੰਨ ਨਿਰਮਾਣ ਦੇ ਸਬੰਧ ਵਿੱਚ ਇਹ ਲੋਕ ਸਭਾ ਹੀ ਹੈ ਜੋ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ, ਜਦ ਕਿ ਰਾਜ ਸਭਾ ਦੀ ਕੇਵਲ ਦੇਰ ਕਰਨ ਦੀ ਭੂਮਿਕਾ ਹੀ ਰਹਿੰਦੀ ਹੈ। ਫਿਰ ਵੀ ਜਦ ਲੋਕ ਸਭਾ ਅਤੇ ਰਾਜ ਸਭਾ ਵਿੱਚ ਦਲੀਲ ਸਥਿਤੀ ਅਲੱਗ ਹੋਵੇ (ਜਦ ਇਨ੍ਹਾਂ ਦੋਵਾਂ ਸਦਨਾਂ ਵਿੱਚ ਦੋ ਅਲੱਗ-ਅਲੱਗ ਦਲਾਂ ਜਾਂ ਸਮੂਹਾਂ ਦਾ ਬਹੁਮਤ ਹੋਵੇ) ਤਾਂ ਰਾਜ ਸਭਾ ਵੀ ਇਸ ਖੇਤਰ ਵਿੱਚ ਕੁਝ ਸਰਗਰਮ ਭੂਮਿਕਾ ਨਿਭਾ ਸਕਦੀ ਹੈ। ਅਜਿਹਾ 1977-79 ਅਤੇ 1989-95 ਦੌਰਾਨ ਹੋਇਆ ਸੀ। ਜੇਕਰ ਰਾਜਨੀਤਿਕ ਸਥਿਰਤਾ ਜਾਂ ਕਿਸੇ ਹੋਰ ਸੰਕਟ ਕਾਰਨ ਬਜਟ ਸੰਸਦ ਵੱਲੋਂ ਪੇਸ਼ ਕਰਨ ਦੇ ਰਸਤੇ ਵਿੱਚ ਕੋਈ ਸਮੱਸਿਆ ਆ ਰਹੀ ਹੋਵੇ ਤਾਂ ਰਾਸ਼ਟਰਪਤੀ ਆਦੇਸ਼ ਜਾਰੀ ਕਰਕੇ ਸੰਸਦ ਨੂੰ ਬਜਟ ਪਾਸ ਕਰਨ ਲਈ ਕਹਿ ਸਕਦਾ ਹੈ। ਅਜਿਹਾ ਮਾਰਚ 1998 ਵਿੱਚ ਕੀਤਾ ਗਿਆ ਸੀ।

ਸਰਕਾਰ ਵੱਲੋਂ ਬਜਟ ਤਿਆਰ ਕਰਨਾ ਅਤੇ ਸੰਸਦ ਕੋਲੋਂ ਪਾਸ ਕਰਵਾਉਣਾ ਇਕ ਸਚਮੁੱਚ ਹੀ ਬਹੁਤ ਗੁੰਝਲਦਾਰ ਅਤੇ ਲੰਮੀ ਕਾਰਵਾਈ ਹੈ ਜੋ ਮੰਤਰੀ ਪ੍ਰੀਸ਼ਦ ਨੂੰ ਮਜਬੂਰ ਕਰਦੀ ਹੈ ਕਿ ਉਹ ਇਸ ਕਾਰਵਾਈ ਨੂੰ ਚਲਾਉਣ ਨਾਲ ਸਬੰਧਿਤ ਬਹੁਤ ਵਧੇਰੇ ਹੱਲ ਅਤੇ ਕੁਸ਼ਲ ਰਿਹਾ। ਸੰਸਦ ਦਾ ਬਜਟ ਅਧਿਵੇਸ਼ਨ ਸਧਾਰਣ ਰੂਪ ਵਿੱਚ ਸਰਕਾਰ ਲਈ ਬਹੁਤ ਦਬਾਅ ਵਾਲਾ ਸਮਾਂ ਹੁੰਦਾ ਹੈ। ਕੋਈ ਵੀ ਤਰੁਟੀ ਜਾਂ ਮੁਕਾਬਲਾ ਸਰਕਾਰ ਦੇ ਡਿੱਗਣ ਦਾ ਕਾਰਨ ਬਣ ਸਕਦੀ ਹੈ ਅਤੇ ਇਸ ਨਾਲ ਰਾਸ਼ਟਰੀ ਅਰਥ ਵਿਵਸਥਾ ਨੂੰ ਵੱਡੀ ਠੇਸ ਲੱਗ ਸਕਦੀ ਹੈ। ਭਾਰਤ ਵਿੱਚ ਸਾਂਝੀਆਂ ਸਰਕਾਰਾਂ ਦੇ ਯੁੱਗ ਦੀ ਸਥਿਤੀ ਪੈਦਾ ਹੋਣ ਨਾਲ ਬਜਟ ਪਾਸ ਕਰਨ ਦੀ ਪ੍ਰਕਿਰਿਆ ਹੋਰ ਵੀ ਗੁੰਝਲਦਾਰ ਹੋ ਗਈ ਹੈ ਪਰ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਅਤੇ ਭਾਰਤੀ ਸੰਵਿਧਾਨ ਵਿੱਚ ਬਜਟ ਪਾਸ ਕਰਨ ਦੇ ਸਬੰਧ ਵਿੱਚ ਆਉਣ ਵਾਲੀਆਂ ਸੰਭਾਵਿਤ ਕਠਿਨਾਈਆਂ 'ਤੇ ਕੰਟਰੋਲ ਪਾਉਣ ਦੀ ਯੋਗਤਾ ਹੈ। ਅਪ੍ਰੈਲ 1999 ਵਿੱਚ ਬੀ. ਜੇ. ਪੀ. ਗਠਬੰਧਨ ਸਰਕਾਰ ਦੀ ਲੋਕ ਸਭਾ ਵਿੱਚ ਹਾਰ ਤੋਂ ਬਾਅਦ ਰਾਸ਼ਟਰਪਤੀ ਨੇ ਸੰਸਦ ਤੋਂ ਬਜਟ ਪਾਸ ਕਰਵਾਉਣ ਲਈ ਇਕ ਵਿਸ਼ੇਸ਼ ਯਤਨ ਕੀਤਾ, ਜਿਸ ਦੇ ਫਲਸਰੂਪ 1999-2000 ਦਾ ਬਜਟ ਜੋ ਕਿ ਬੀ. ਜੇ. ਪੀ. ਗਠਬੰਧਨ ਸਰਕਾਰ ਨੇ ਤਿਆਰ ਕੀਤਾ ਸੀ, ਕੁਝ ਘੰਟਿਆਂ ਵਿੱਚ ਹੀ ਸੰਸਦ ਵੱਲੋਂ ਪਾਸ ਕਰ ਦਿੱਤਾ ਗਿਆ। ਅਸਲ ਵਿੱਚ ਭਾਰਤੀ ਸੰਵਿਧਾਨ ਅਧੀਨ ਨਿਰਧਾਰਿਤ ਕਾਨੂੰਨ ਨਿਰਮਾਣ ਅਤੇ ਬਜਟ ਪਾਸ ਕਰਨ ਦੀ ਪ੍ਰਕਿਰਿਆ ਚੰਗੀ ਤਰ੍ਹਾਂ ਨਾਲ ਪ੍ਰਭਾਵਿਤ ਅਤੇ ਸੰਗਠਿਤ ਪ੍ਰਕਿਰਿਆਵਾਂ ਹਨ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

12. .................. ਦੇ ਕਿਸੇ ਮੈਂਬਰ ਵੱਲੋਂ ਪੇਸ਼ ਕੀਤੇ ਗਏ ਬਿੱਲ ਨੂੰ ਸਰਕਾਰੀ ਬਿੱਲ ਕਹਿੰਦੇ ਹਨ।

13. .................. ਵੱਲੋਂ ਹਸਤਾਖਰ ਕਰਨ ਤੋਂ ਬਾਅਦ ਹੀ ਸੰਸਦ ਵੱਲੋਂ ਪਾਸ ਕੀਤੇ ਗਏ ਬਿੱਲ ਕਾਨੂੰਨ ਬਣਦੇ ਹਨ। **ਨੋਟ**
14. ਬਿੱਲ ਦੀ ਤੀਸਰੀ ਪੜ੍ਹਤ ਸਦਨ ਵਿੱਚ ਬਿੱਲ ਨੂੰ ਪਾਸ ਕਰਨ ਦਾ .................... ਚਰਨ ਹੁੰਦਾ ਹੈ।

## 7.9 ਸਾਰ ਅੰਸ਼ (Summary)


- ਸੰਮਤੀ ਪ੍ਰਣਾਲੀ ਭਾਰਤੀ ਸੰਘੀ ਸੰਸਦ ਦੇ ਕੁਸ਼ਲ ਕਾਰਜ ਵਿਵਹਾਰ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ ਅਤੇ ਇਹ ਵਿਧਾਨਿਕ ਢਾਂਚੇ ਦਾ ਇਕ ਅਟੁੱਟ ਹਿੱਸਾ ਬਣ ਚੁੱਕੀ ਹੈ।
- ਸੰਵਿਧਾਨ ਦੇ ਅਨੁਛੇਦ 118 ਵਿੱਚ ਸਧਾਰਣ ਤੌਰ 'ਤੇ ਕਿਹਾ ਗਿਆ ਹੈ ਕਿ ਸੰਸਦ ਦੇ ਦੋਵੇਂ ਸਦਨ ਵਿਧਾਨਿਕ ਕਾਰਜ ਸੁਵਿਧਾ ਨਾਲ ਚਲਾਉਣ ਲਈ ਆਪਣੀਆਂ ਸੰਮਤੀਆਂ ਦਾ ਗਠਨ ਕਰ ਸਕਦੇ ਹਨ।
- 1953 ਤੋਂ ਪਹਿਲਾਂ ਨਿੱਜੀ ਮੈਂਬਰ ਬਿੱਲਾਂ, ਜੋ ਸਦਨ ਦੇ ਸਧਾਰਣ ਮੈਂਬਰਾਂ ਅਤੇ ਅਜਿਹੇ ਮੈਂਬਰ ਜੋ ਮੰਤਰੀ ਨਹੀਂ ਸਨ, ਵੱਲੋਂ ਪੇਸ਼ ਕੀਤੇ ਜਾਂਦੇ ਹਨ, ਦੀ ਕਿਸਮਤ ਦਾ ਫੈਸਲਾ ਇਕ ਲਾਟਰੀ ਨਾਲ ਕੀਤਾ ਜਾਂਦਾ ਸੀ। ਕੇਵਲ ਉਨ੍ਹਾਂ ਬਿੱਲਾਂ ਨੂੰ ਸਲਾਹ-ਮਸ਼ਵਰੇ ਲਈ ਲਿਆ ਜਾਂਦਾ ਸੀ ਜੋ ਲਾਟਰੀ ਵਿੱਚ ਜੇਤੂ ਰਹਿੰਦੇ ਸਨ।
- ਰੇਲਵੇ ਬਜਟ ਰੇਲ ਮੰਤਰੀ ਵੱਲੋਂ ਤਿਆਰ ਕੀਤਾ ਜਾਂਦਾ ਹੈ ਅਤੇ ਸਧਾਰਣ ਬਜਟ ਵਿੱਤ ਮੰਤਰੀ ਵੱਲੋਂ ਤਿਆਰ ਕੀਤਾ ਜਾਂਦਾ ਹੈ। ਦੋਵਾਂ ਹੀ ਮਾਮਲਿਆਂ ਵਿੱਚ ਸਮੁਚਿਤ ਰੂਪ 'ਚ ਨੀਤੀਆਂ ਸਬੰਧੀ ਫੈਸਲਾ ਕੈਬਨਿਟ ਕਰਦੀ ਹੈ।
- ਸੰਵਿਧਾਨ ਦੇ ਅਨੁਛੇਦ 112 ਦੇ ਅਨੁਸਾਰ ਰਾਸ਼ਟਰਪਤੀ ਵਿੱਤ ਮੰਤਰੀ ਵੱਲੋਂ ਤਿਆਰ ਕੀਤੇ ਗਏ ਬਜਟ ਨੂੰ ਸੰਸਦ ਵਿੱਚ ਪੇਸ਼ ਕਰਵਾਉਂਦਾ ਹੈ। ਸਧਾਰਣ ਰੂਪ ਵਿੱਚ ਬਜਟ ਫਰਵਰੀ ਦੇ ਆਖਰੀ ਹਫਤੇ ਵਿੱਚ ਪੇਸ਼ ਕੀਤਾ ਜਾਂਦਾ ਹੈ ਤਾਂ ਕਿ ਪਾਸ ਕਰਨ ਤੋਂ ਪਹਿਲਾਂ ਸੰਸਦ ਨੂੰ ਲੱਗਭਗ ਇਕ ਮਹੀਨੇ ਲਈ ਬਜਟ 'ਤੇ ਸਮੁਚਿਤ ਰੂਪ ਵਿੱਚ ਵਿਚਾਰ ਕਰਨ ਦਾ ਸਮਾਂ ਮਿਲ ਜਾਂਦਾ ਹੈ। ਸਧਾਰਣ ਰੂਪ ਵਿੱਚ ਬਜਟ ਚਾਲੂ ਵਿੱਤੀ ਸਾਲ ਖਤਮ ਹੋਣ ਤੋਂ ਪਹਿਲਾਂ ਅਤੇ 31 ਮਾਰਚ ਤੋਂ ਪਹਿਲਾਂ ਪਾਸ ਕਰਨਾ ਹੁੰਦਾ ਹੈ।
- ਲੋਕ ਸਭਾ ਵੱਲੋਂ ਗ੍ਰਾਂਟਾਂ ਨਾਲ ਸਬੰਧਿਤ ਸਾਰੀਆਂ ਮੰਗਾਂ 'ਤੇ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਲੋਕ ਸਭਾ ਵੱਲੋਂ ਪਾਸ ਕੀਤੀਆਂ ਗਈਆਂ ਮੰਗਾਂ ਅਤੇ ਸੰਚਿਤ ਨਿਧੀ (Consolidated Fund of India) ਲਈ ਜਾਣ ਵਾਲੇ ਖਰਚ ਨੂੰ ਇਕੱਠਾ ਕਰਕੇ ਵੀਨਿਯੋਗ ਬਿੱਲ ਤਿਆਰ ਕੀਤਾ ਜਾਂਦਾ ਹੈ।
- ਜੇਕਰ ਵਿੱਤੀ ਬਿੱਲ ਵਿੱਚ ਅਜਿਹੀ ਸੋਧ ਮੰਤਰੀ ਪ੍ਰੀਸ਼ਦ ਦੀ ਸਹਿਮਤੀ ਤੋਂ ਬਿਨਾਂ ਪਾਸ ਕਰ ਦਿੱਤੀ ਜਾਂਦੀ ਹੈ ਤਾਂ ਇਸ ਨੂੰ ਸਰਕਾਰ ਵਿਰੁੱਧ ਬੇਭਰੋਸਗੀ ਮਤੇ ਦੇ ਰੂਪ ਵਿੱਚ ਲਿਆ ਜਾਂਦਾ ਹੈ ਅਤੇ ਇਸ ਦਾ ਹੱਲ ਸਰਕਾਰ ਦੇ ਤਿਆਗ ਪੱਤਰ ਦੇ ਰੂਪ ਵਿੱਚ ਨਿਕਲਦਾ ਹੈ।
- ਸੰਸਦ ਦਾ ਬਜਟ ਅਧਿਵੇਸ਼ਨ ਸਧਾਰਣ ਰੂਪ ਵਿੱਚ ਸਰਕਾਰ ਲਈ ਬਹੁਤ ਦਬਾਅ ਵਾਲਾ ਸਮਾਂ ਹੁੰਦਾ ਹੈ। ਕੋਈ ਵੀ ਤਰੁਟੀ ਜਾਂ ਮੁਕਾਬਲਾ ਸਰਕਾਰ ਦੇ ਡਿੱਗਣ ਦਾ ਕਾਰਨ ਬਣ ਸਕਦੀ ਹੈ ਅਤੇ ਇਸ ਨਾਲ ਰਾਸ਼ਟਰੀ ਅਰਥ ਵਿਵਸਥਾ ਨੂੰ ਬਹੁਤ ਠੇਸ ਲੱਗ ਸਕਦੀ ਹੈ।


## 7.10 ਸ਼ਬਦਕੋਸ਼ (Keywords)

- **ਅਧਿਵੇਸ਼ਨ (Session)**: ਬੈਠਕ, ਸੰਮੇਲਨ, ਬੈਠਕਾਂ ਦਾ ਪੱਧਰ।
- **ਸੰਮਤੀ (Committee)**: ਸਭਾ, ਸਮਾਜ, ਸੰਸਥਾ।

## 7.11 ਅਭਿਆਸ ਪ੍ਰਸ਼ਨ (Review Questions)

1. ਸੰਘੀ ਸੰਸਦ ਦੀਆਂ ਵੱਖ-ਵੱਖ ਸੰਮਤੀਆਂ ਦਾ ਵਰਨਣ ਕਰੋ।
2. ਸੰਸਦੀ ਸੰਮਤੀਆਂ ਦਾ ਸੰਗਠਨ ਕਿਵੇਂ ਹੁੰਦਾ ਹੈ?
3. ਲੋਕ ਸਭਾ ਦੀਆਂ ਵੱਖ-ਵੱਖ ਸੰਮਤੀਆਂ ਦੇ ਕੰਮ ਲਿਖੋ।
4. ਪ੍ਰਵਰ ਸੰਮਤੀ ਤੋਂ ਤੁਸੀਂ ਕੀ ਸਮਝਦੇ ਹੋ?
5. ਲੋਕ ਸਭਾ ਸੰਮਤੀ ਕੀ ਹੈ?
6. ਬਜਟ ਪਾਸ ਕਰਨ ਦੀ ਪ੍ਰਕਿਰਿਆ ਦਾ ਵਰਨਣ ਕਰੋ।

ਨੋਟ

**ਉੱਤਰ: ਸਵ ਮੁਲਾਂਕਣ (Answer : Self Assessment)**

| | |
|---|---|
| 1. ਵਿਧਾਨਿਕ | 2. ਵਿੱਤੀ |
| 3. ਸਧਾਰਣ | 4. (ਅ) |
| 5. (ਬ) | 6. (ਅ) |
| 7. ਸੱਚ | 8. ਸੱਚ |
| 9. ਸੱਚ | 10. ਸੱਚ |
| 11. ਸੱਚ | 12. ਮੰਤਰੀ ਪ੍ਰੀਸ਼ਦ |
| 13. ਰਾਸ਼ਟਰਪਤੀ | 14. ਆਖਰੀ |

## 7.12 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਭਾਰਤੀ ਰਾਜਨੀਤਿਕ ਵਿਵਸਥਾ- ਡਾ. ਐੱਮ. ਪੀ. ਰਾਏ।
2. ਭਾਰਤੀ ਰਾਜਨੀਤਿਕ ਪ੍ਰਣਾਲੀ- ਯੂ. ਆਰ. ਘਈ।

# ਇਕਾਈ-8: ਮੰਤਰੀ ਪ੍ਰੀਸ਼ਦ ਅਤੇ ਪ੍ਰਧਾਨ ਮੰਤਰੀ (Council of Ministers and Prime Minister)

**ਵਿਸ਼ਾ ਵਸਤੂ (Contents)**

ਉਦੇਸ਼ (Objectives)

ਜਾਣਕਾਰੀ (Introduction)

8.1 ਮੰਤਰੀ ਪ੍ਰੀਸ਼ਦ ਦਾ ਨਿਰਮਾਣ, ਗਠਨ ਅਤੇ ਕਾਰਜਕਾਲ (Council of Ministers Structure and Tenure)

8.2 ਮੰਤਰੀ ਪ੍ਰੀਸ਼ਦ ਅਤੇ ਮੰਤਰੀ ਮੰਡਲ ਵਿੱਚ ਫਰਕ (Distinction between Council of Ministers and Cabinet)

8.3 ਮੰਤਰੀ ਮੰਡਲ ਦੀਆਂ ਸ਼ਕਤੀਆਂ ਅਤੇ ਕੰਮ (Powers and Functions of Cabinet)

8.4 ਭਾਰਤ ਦਾ ਪ੍ਰਧਾਨ ਮੰਤਰੀ : ਯੋਗਤਾਵਾਂ, ਨਿਯੁਕਤੀ, ਕੰਮ ਅਤੇ ਸ਼ਕਤੀਆਂ (Prime Minister of India: Qualifications, Appointment, Functions and Powers)

8.5 ਪ੍ਰਧਾਨ ਮੰਤਰੀ ਦੀ ਸਥਿਤੀ (Position of the Prime Minister)

8.6 ਪ੍ਰਧਾਨ ਮੰਤਰੀ ਦੀ ਤਾਨਾਸ਼ਾਹੀ (Dictatorship of the Prime Minister)

8.7 ਭਾਰਤੀ ਪ੍ਰਧਾਨ ਮੰਤਰੀ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਵਿੱਚ ਤੁਲਨਾ (Comparison of the Powers of the Indian Prime Minister and British Prime Minister)

8.8 ਭਾਰਤੀ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਅਤੇ ਸਥਿਤੀ ਦੀ ਅਮਰੀਕਨ ਰਾਸ਼ਟਰਪਤੀ ਦੀਆਂ ਸ਼ਕਤੀਆਂ ਅਤੇ ਸਥਿਤੀ ਨਾਲ ਤੁਲਨਾ (Comparison of the Powers and Position of Indian Prime Minister with those of American President)

8.9 ਸਾਰ ਅੰਸ਼ (Summary)

8.10 ਸ਼ਬਦਕੋਸ਼ (Keywords)

8.11 ਅਭਿਆਸ ਪ੍ਰਸ਼ਨ (Review Questions)

8.12 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਮੰਤਰੀ ਪ੍ਰੀਸ਼ਦ ਦੇ ਸੰਗਠਨ, ਗਠਨ, ਕੰਮ, ਸ਼ਕਤੀ ਅਤੇ ਮੰਤਰੀ ਪ੍ਰੀਸ਼ਦ ਅਤੇ ਮੰਤਰੀ ਮੰਡਲ ਵਿੱਚ ਫਰਕ ਨੂੰ ਸਮਝਣ ਸਬੰਧੀ।
- ਭਾਰਤ ਦੇ ਪ੍ਰਧਾਨ ਮੰਤਰੀ ਦੀ ਯੋਗਤਾ, ਕਾਰਜਕਾਲ, ਸ਼ਕਤੀਆਂ ਅਤੇ ਉਸ ਦੀ ਸਥਿਤੀ ਦਾ ਵਰਨਣ ਕਰਨ ਸਬੰਧੀ
- ਭਾਰਤੀ ਪ੍ਰਧਾਨ ਮੰਤਰੀ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀ ਸਥਿਤੀ ਅਤੇ ਸ਼ਕਤੀਆਂ ਦੇ ਫਰਕ ਨੂੰ ਸਮਝਣ ਸਬੰਧੀ।
- ਭਾਰਤੀ ਪ੍ਰਧਾਨ ਮੰਤਰੀ ਅਤੇ ਅਮਰੀਕਨ ਰਾਸ਼ਟਰਪਤੀ ਦੀ ਸਥਿਤੀ ਅਤੇ ਸ਼ਕਤੀਆਂ ਨਾਲ ਤੁਲਨਾ ਕਰ ਸਕਣ ਸਬੰਧੀ।

ਨੋਟ

## ਜਾਣਕਾਰੀ (Introduction)

ਭਾਰਤੀ ਸੰਵਿਧਾਨ ਵੱਲੋਂ ਸੰਸਦੀ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ ਅਤੇ ਇਸ ਲਈ ਕਾਰਜ ਪਾਲਿਕਾ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ: (1) ਨਾਮਾਤਰ ਜਾਂ ਸੰਵਿਧਾਨਿਕ ਕਾਰਜ ਪਾਲਿਕਾ ਅਤੇ (2) ਅਸਲੀ ਕਾਰਜ ਪਾਲਿਕਾ। ਭਾਰਤ ਦਾ ਰਾਸ਼ਟਰਪਤੀ ਨਾਮਾਤਰ ਕਾਰਜ ਪਾਲਿਕਾ ਹੈ ਅਤੇ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਮੰਤਰੀ ਪ੍ਰੀਸ਼ਦ ਅਸਲੀ ਕਾਰਜ ਪਾਲਿਕਾ ਹੈ। ਅਸਲੀ ਕਾਰਜ ਪਾਲਿਕਾ ਦੀ ਅਨੁਛੇਦ 74 ਵਿੱਚ ਵਿਵਸਥਾ ਕੀਤੀ ਗਈ ਹੈ ਜੋ ਇਸ ਤਰ੍ਹਾਂ ਹਨ, "ਰਾਸ਼ਟਰਪਤੀ ਦੀ ਸਹਾਇਤਾ ਕਰਨ ਅਤੇ ਸਲਾਹ ਦੇਣ ਲਈ ਇਕ ਮੰਤਰੀ ਪ੍ਰੀਸ਼ਦ ਹੋਵੇਗੀ, ਜਿਸ ਦਾ ਮੁਖੀ ਪ੍ਰਧਾਨ ਮੰਤਰੀ ਹੋਵੇਗਾ ਅਤੇ ਰਾਸ਼ਟਰਪਤੀ ਇਸ ਦੀ ਸਲਾਹ ਅਨੁਸਾਰ ਕੰਮ ਕਰੇਗਾ।" ਰਾਸ਼ਟਰਪਤੀ ਮੰਤਰੀ ਪ੍ਰੀਸ਼ਦ ਦੀ ਸਲਾਹ ਮੰਨਣ ਲਈ ਪਾਬੰਦ ਹੁੰਦਾ ਹੈ, ਉਹ ਮੰਤਰੀ ਪ੍ਰੀਸ਼ਦ ਵੱਲੋਂ ਦਿੱਤੀ ਗਈ ਸਲਾਹ 'ਤੇ ਕੇਵਲ ਦੁਬਾਰਾ ਵਿਚਾਰ ਲਈ ਕਹਿ ਸਕਦਾ ਹੈ ਪਰ ਦੁਬਾਰਾ ਵਿਚਾਰ ਤੋਂ ਬਾਅਦ ਦਿੱਤੀ ਗਈ ਸਲਾਹ ਮੰਨਣ ਤੋਂ ਇਨਕਾਰ ਨਹੀਂ ਕਰ ਸਕਦਾ। ਇਸ ਤਰ੍ਹਾਂ ਮੰਤਰੀ ਪ੍ਰੀਸ਼ਦ ਹੀ ਭਾਰਤ ਦੀ ਅਸਲੀ ਕਾਰਜ ਪਾਲਿਕਾ ਹੈ।

## 8.1 ਮੰਤਰੀ ਪ੍ਰੀਸ਼ਦ ਦਾ ਨਿਰਮਾਣ, ਗਠਨ ਅਤੇ ਕਾਰਜਕਾਲ (Council of Ministers Structure and Tenure)

ਸੰਵਿਧਾਨ ਦੇ ਅਨੁਛੇਦ 74 (9) ਵਿੱਚ ਮੰਤਰੀ ਪ੍ਰੀਸ਼ਦ ਦੀ ਵਿਵਸਥਾ ਹੈ। 44ਵੀਂ ਸੰਵਿਧਾਨਿਕ ਸੋਧ ਤੋਂ ਬਾਅਦ ਇਸ ਅਨੁਛੇਦ ਦਾ ਸਵਰੂਪ ਇਸ ਤਰ੍ਹਾਂ ਹੈ–

"ਰਾਸ਼ਟਰਪਤੀ ਨੂੰ ਆਪਣੇ ਕੰਮਾਂ ਦਾ ਸੰਪਾਦਨ ਕਰਨ ਵਿੱਚ ਸਹਾਇਤਾ ਅਤੇ ਮੰਤ੍ਰਣਾ ਦੇਣ ਲਈ ਇਕ ਮੰਤਰੀ ਪ੍ਰੀਸ਼ਦ ਹੋਵੇਗੀ, ਜਿਸ ਦਾ ਪ੍ਰਧਾਨ, ਪ੍ਰਧਾਨ ਮੰਤਰੀ ਹੋਵੇਗਾ। ਰਾਸ਼ਟਰਪਤੀ ਆਪਣੇ ਕੰਮਾਂ ਦੇ ਚਲਾਉਣ ਵਿੱਚ ਉਸ ਦੀ ਮੰਤ੍ਰਣਾ ਦੇ ਅਨੁਸਾਰ ਚੱਲੇਗਾ। ਰਾਸ਼ਟਰਪਤੀ ਮੰਤਰੀ ਪ੍ਰੀਸ਼ਦ ਹੈ, ਉਸ ਦੀ ਮੰਤ੍ਰਣਾ ਦੇ ਪੁਨਰ ਵਿਚਾਰ ਦੀ ਮੰਗ ਕਰ ਸਕਦੇ ਹਨ। ਅਜਿਹੇ ਪੁਨਰ ਵਿਚਾਰ ਤੋਂ ਬਾਅਦ ਵੀ ਮੰਤ੍ਰਣਾ ਰਾਸ਼ਟਰਪਤੀ ਨੂੰ ਭੇਜੀ ਜਾਂਦੀ ਹੈ, ਉਸ ਨੂੰ ਉਹ ਉਸੇ ਦੇ ਅਨੁਸਾਰ ਸਵੀਕਾਰ ਕਰਨਗੇ।

ਸੰਵਿਧਾਨ ਦੇ ਅਨੁਛੇਦ 75 ਵਿੱਚ ਸੰਘੀ ਮੰਤਰੀ ਪ੍ਰੀਸ਼ਦ ਦੇ ਸੰਘ ਨਾਲ ਸਬੰਧਿਤ 6 ਮੌਲਿਕ ਨਿਯਮ ਨਿਰਧਾਰਿਤ ਕੀਤੇ ਹਨ। ਇਹ ਹੇਠ ਲਿਖੇ ਅਨੁਸਾਰ ਹਨ :

1. ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਵੇਗੀ ਅਤੇ ਬਾਕੀ ਮੰਤਰੀਆਂ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਰਾਸ਼ਟਰਪਤੀ ਵੱਲੋਂ ਕੀਤੀ ਜਾਵੇਗੀ।
2. ਰਾਸ਼ਟਰਪਤੀ ਦੀ ਇੱਛਾ ਤੱਕ ਹੀ ਮੰਤਰੀ ਆਪਣੇ ਅਹੁਦੇ 'ਤੇ ਰਹਿਣਗੇ।
3. ਮੰਤਰੀ ਪ੍ਰੀਸ਼ਦ ਲੋਕ ਸਭਾ ਪ੍ਰਤੀ ਸਮੂਹਿਕ ਰੂਪ ਵਿੱਚ ਜ਼ਿੰਮੇਵਾਰ ਹੋਵੇਗੀ।
4. ਕਿਸੇ ਮੰਤਰੀ ਦੇ ਆਪਣਾ ਅਹੁਦਾ ਗ੍ਰਹਿਣ ਕਰਨ ਤੋਂ ਪਹਿਲਾਂ ਰਾਸ਼ਟਰਪਤੀ ਉਸ ਕੋਲੋਂ ਤੀਸਰੀ ਅਨੁਸੂਚੀ ਵਿੱਚ ਇਸ ਲਈ ਦਿੱਤੇ ਪ੍ਰੱਪਤਰਾਂ ਦੇ ਅਨੁਸਾਰ ਅਹੁਦੇ ਦੀ ਅਤੇ ਗੋਪਨੀਅਤਾ ਦੀ ਸਹੁੰ ਚੁਕਵਾਏਗਾ।
5. ਜੇਕਰ ਅਜਿਹਾ ਮੰਤਰੀ ਜੋ ਆਪਣੀ ਨਿਯੁਕਤੀ ਸਮੇਂ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਨਹੀਂ ਹੁੰਦਾ ਅਤੇ 6 ਮਹੀਨੇ ਦੇ ਅੰਦਰ-ਅੰਦਰ ਸੰਸਦ ਦੇ ਕਿਸੇ ਵੀ ਸਦਨ ਦੀ ਮੈਂਬਰਸ਼ਿਪ ਪ੍ਰਾਪਤ ਨਹੀਂ ਕਰ ਸਕਦਾ ਤਾਂ 6 ਮਹੀਨੇ ਖਤਮ ਹੋਣ 'ਤੇ ਉਹ ਮੰਤਰੀ ਨਹੀਂ ਰਹਿ ਸਕੇਗਾ।
6. ਮੰਤਰੀਆਂ ਦੀ ਤਨਖਾਹ ਅਤੇ ਭੱਤੇ ਅਜਿਹੇ ਹੋਣਗੇ, ਜਿਵੇਂ ਸਮੇਂ-ਸਮੇਂ 'ਤੇ ਸੰਸਦ ਵਿਧੀ ਰਾਹੀਂ ਨਿਰਧਾਰਿਤ ਕਰੇ ਅਤੇ ਜਦ ਤੱਕ ਸੰਸਦ ਇਸ ਤਰ੍ਹਾਂ ਨਿਰਧਾਰਿਤ ਨਾ ਕਰੇ, ਉਦੋਂ ਤੱਕ ਅਜਿਹੇ ਹੋਣਗੇ, ਜਿਵੇਂ ਕਿ ਦੂਸਰੀ ਅਨੁਸੂਚੀ ਵਿੱਚ ਲਿਖੇ ਹਨ।

ਉਕਤ ਅਨੁਛੇਦਾਂ ਨੂੰ ਸਾਨੂੰ ਸੰਵਿਧਾਨ ਦੇ ਹੋਰ ਉਪਬੰਧਾਂ, ਸੰਵਿਧਾਨਿਕ ਸਮਿਆਂ ਅਤੇ ਉੱਚ ਅਦਾਲਤ ਦੇ ਫੈਸਲਿਆਂ ਦੀ ਰੌਸ਼ਨੀ ਵਿੱਚ ਲੈਣਾ ਚਾਹੀਦਾ ਹੈ।

(ਕ) ਅਨੁਛੇਦ 75 (1) ਦੇ ਅਨੁਸਾਰ ਪ੍ਰਧਾਨ ਮੰਤਰੀ ਦੀ ਨਿਯੁਕਤੀ, ਜਦ ਕਿ ਰਾਸ਼ਟਰਪਤੀ ਕਰਦਾ ਹੈ ਪਰ ਇਸ ਮਾਮਲੇ ਵਿੱਚ ਉਹ ਕਦੇ ਵੀ ਆਪਣੇ ਹੌਂਸਲੇ ਦਾ ਇਸਤੇਮਾਲ ਕਰ ਸਕਦਾ ਹੈ। ਪ੍ਰਧਾਨ ਮੰਤਰੀ ਦੀ ਨਿਯੁਕਤੀ ਵਿੱਚ ਮਨਮਰਜ਼ੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਰਾਸ਼ਟਰਪਤੀ ਨੂੰ ਅਜਿਹੇ ਵਿਅਕਤੀ ਨੂੰ ਪ੍ਰਧਾਨ ਮੰਤਰੀ ਚੁਣਨਾ ਹੈ ਜੋ ਲੋਕ ਸਭਾ ਦੇ ਬਹੁਦਲ ਦਾ ਨੇਤਾ ਹੋਵੇ।

ਅਨੁਛੇਦ 75 (3) ਦੇ ਅਨੁਸਾਰ ਮੰਤਰੀ ਪ੍ਰੀਸ਼ਦ ਲੋਕ ਸਭਾ ਪ੍ਰਤੀ ਸਮੂਹਿਕ ਰੂਪ ਵਿੱਚ ਜ਼ਿੰਮੇਵਾਰ ਹੈ। ਇਸ ਦਾ ਅਰਥ ਵੀ ਇਹੀ ਹੈ ਕਿ ਕੋਈ ਅਜਿਹਾ ਹੀ ਵਿਅਕਤੀ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ, ਜਿਸ ਨੂੰ ਲੋਕ ਸਭਾ ਦੇ ਬਹੁਮਤ ਦਾ ਵਿਸ਼ਵਾਸ ਪ੍ਰਾਪਤ ਹੋਵੇ।

(ਖ) ਰਾਜ ਸਭਾ ਦੇ ਮੈਂਬਰ ਨੂੰ ਵੀ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ, ਬਸ਼ਰਤੇ ਕਿ ਉਸ ਨੂੰ ਲੋਕ ਸਭਾ ਦੇ ਬਹੁਮਤ ਦਾ ਵਿਸ਼ਵਾਸ ਪ੍ਰਾਪਤ ਹੋਵੇ ਅਤੇ ਉਹ ਬਹੁਮਤ ਉਸ ਨੂੰ ਆਪਣਾ ਨੇਤਾ ਚੁਣੇ।

(ਗ) ਸਧਾਰਣ ਸਥਿਤੀਆਂ ਵਿੱਚ ਤਾਂ ਰਾਸ਼ਟਰਪਤੀ ਲਈ ਇਹ ਸ਼ੱਕ ਕਰਨ ਦੀ ਗੁੰਜਾਇਸ਼ ਨਹੀਂ ਹੁੰਦੀ ਕਿ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾਵੇ ਪਰ ਵਿਸ਼ੇਸ਼ ਸਥਿਤੀਆਂ ਵਿੱਚ ਅਜਿਹੇ ਮੌਕੇ ਹਾਜ਼ਰ ਹੋ ਸਕਦੇ ਹਨ, ਜਦ ਰਾਸ਼ਟਰਪਤੀ ਨੂੰ ਪ੍ਰਧਾਨ ਮੰਤਰੀ ਦੀ ਨਿਯੁਕਤੀ ਵਿੱਚ ਆਪਣੇ ਵਿਵੇਕਾ ਅਧਿਕਾਰ ਦਾ ਇਸਤੇਮਾਲ ਕਰਨ ਦੀ ਸੁਤੰਤਰਤਾ ਮਿਲ ਜਾਵੇ, ਜੇਕਰ ਲੋਕ ਸਭਾ ਵਿੱਚ ਕਿਸੇ ਨੂੰ ਵੀ ਬਹੁਮਤ ਪ੍ਰਾਪਤ ਨਾ ਹੋਵੇ ਤਾਂ ਰਾਸ਼ਟਰਪਤੀ ਕਿਸੇ ਵੀ ਦਲ ਦੇ ਨੇਤਾ ਨੂੰ ਮੰਤਰੀ ਪ੍ਰੀਸ਼ਦ ਬਣਨ ਲਈ ਸੱਦਾ ਦੇ ਸਕਦਾ ਹੈ, ਬਸ਼ਰਤੇ ਕਿ ਉਸ ਨੂੰ ਇਹ ਸੰਤੋਸ਼ ਹੋਵੇ ਕਿ ਉਹ ਵਿਅਕਤੀ ਮੰਤਰੀ ਪ੍ਰੀਸ਼ਦ ਦਾ ਨਿਰਮਾਣ ਕਰ ਸਕੇਗਾ ਪਰ ਅਜਿਹੀ ਸਥਿਤੀ ਵਿੱਚ ਵੀ ਰਾਸ਼ਟਰਪਤੀ ਨਿਰਮਾਣ ਕਰ ਸਕੇਗਾ ਪਰ ਅਜਿਹੀ ਸਥਿਤੀ ਵਿੱਚ ਵੀ ਰਾਸ਼ਟਰਪਤੀ ਨੂੰ ਸਵ-ਵਿਵੇਕ ਦੇ ਇਸਤੇਮਾਲ ਦਾ ਮੌਕਾ ਸੰਭਵ ਤੌਰ 'ਤੇ ਘੱਟ ਹੀ ਹੋਵੇਗਾ, ਕਿਉਂਕਿ ਕਈ ਦਲ ਮਿਲ ਕੇ ਆਪਣਾ ਨੇਤਾ ਪਹਿਲਾਂ ਹੀ ਚੁਣ ਲੈਂਦੇ ਹਨ ਅਤੇ ਇਸ ਤਰ੍ਹਾਂ ਨਾਲ ਲੋਕ ਸਭਾ ਦੇ ਬਹੁਮਤ ਦਾ ਵਿਸ਼ਵਾਸ ਪ੍ਰਾਪਤ ਹੋ ਜਾਂਦਾ ਹੈ। ਰਾਸ਼ਟਰਪਤੀ ਨੂੰ ਸਵ-ਵਿਵੇਕ ਦੇ ਇਸਤੇਮਾਲ ਦਾ ਦੂਸਰਾ ਮੌਕਾ ਉਦੋਂ ਮਿਲਦਾ ਹੈ, ਜਦੋਂ ਬਹੁਮਤ ਦਾ ਉਪਭੋਗਤਾ ਪ੍ਰਧਾਨ ਮੰਤਰੀ ਖੁਦ ਤਿਆਗ ਪੱਤਰ ਨਾ ਦੇਖ ਸਕਦਾ। ਇਸ ਸਥਿਤੀ ਵਿੱਚ ਰਾਸ਼ਟਰਪਤੀ ਕਿਸੇ ਪ੍ਰਭਾਵਸ਼ਾਲੀ ਵਿਅਕਤੀ ਨੂੰ ਮੰਤਰੀ ਪ੍ਰੀਸ਼ਦ ਨਿਰਮਾਣ ਲਈ ਸੱਦਾ ਦੇ ਸਕਦਾ ਹੈ।

(ਘ) ਮੰਤਰੀ ਪ੍ਰੀਸ਼ਦ ਦੇ ਹੋਰ ਮੈਂਬਰ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਰਾਸ਼ਟਰਪਤੀ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ। ਪ੍ਰਧਾਨ ਮੰਤਰੀ ਦੀ ਇੱਛਾ ਵਿਰੁੱਧ ਰਾਸ਼ਟਰਪਤੀ ਕਿਸੇ ਮੰਤਰੀ ਨੂੰ ਪਦਉੱਨਤ ਨਹੀਂ ਕਰ ਸਕਦਾ।

(ਙ) ਮੰਤਰੀ ਸੰਸਦ ਦੇ ਮੈਂਬਰ ਹੁੰਦੇ ਹਨ ਅਤੇ ਲੋਕ ਸਭਾ ਪ੍ਰਤੀ ਸਮੂਹਿਕ ਰੂਪ ਵਿੱਚ ਜ਼ਿੰਮੇਵਾਰ ਹੁੰਦੇ ਹਨ। ਇਸ ਦਾ ਸੁਭਾਵਿਕ ਸਿੱਟਾ ਇਹ ਹੈ ਕਿ ਮੰਤਰੀ ਲੋਕ ਜੋ ਕੁਝ ਵੀ ਰਾਸ਼ਟਰਪਤੀ ਦੇ ਨਾਮ ਵਿੱਚ ਕਰਦੇ ਹਨ, ਉਸ ਲਈ ਉਹ ਸੰਸਦ ਦੇ ਸਾਹਮਣੇ ਜ਼ਿੰਮੇਵਾਰ ਹੁੰਦੇ ਹਨ। ਉਹ ਆਪਣੇ ਕਿਸੇ ਨਜਾਇਜ਼ ਅਤੇ ਗੈਰ-ਸੰਵਿਧਾਨਿਕ ਕੰਮ ਲਈ ਰਾਸ਼ਟਰਪਤੀ ਦੇ ਆਦੇਸ਼ ਦੀ ਆੜ੍ਹ ਨਹੀਂ ਲੈ ਸਕਦੇ।

**ਮੰਤਰੀ ਪ੍ਰੀਸ਼ਦ ਅਕਾਰ ਅਤੇ ਰਚਨਾ** : ਇਸ ਦੇ ਅਕਾਰ ਅਤੇ ਰਚਨਾ ਨਾਲ ਸਬੰਧਿਤ ਕੋਈ ਉਪਚਾਰਿਕ ਨਿਯਮ ਨਹੀਂ ਹਨ। ਇਸ ਵਿੱਚ ਕਿਸ ਨੂੰ ਕਿਸ ਕੋਲੋਂ ਲੈਣਾ ਹੈ, ਇਹ ਪ੍ਰਧਾਨ ਮੰਤਰੀ 'ਤੇ ਨਿਰਭਰ ਹੁੰਦਾ ਹੈ। ਸਧਾਰਣ ਰੂਪ ਵਿੱਚ ਇਸ 'ਚ 50 ਤੋਂ 80 ਮੰਤਰੀ ਹੁੰਦੇ ਹਨ। ਉਨ੍ਹਾਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ। ਹੁਣ ਇਹ ਇਕ ਕਾਨੂੰਨ ਹੈ ਕਿ ਮੰਤਰੀ ਪ੍ਰੀਸ਼ਦ ਵਿੱਚ ਲੋਕ ਸਭਾ ਦੀ ਮੈਂਬਰ ਸੰਖਿਆ ਦੇ 15 ਪ੍ਰਤੀਸ਼ਤ ਤੋਂ ਘੱਟ ਮੰਤਰੀ ਨਿਯੁਕਤ ਨਹੀਂ ਕੀਤੇ ਜਾ ਸਕਦੇ।

(ਅ) **ਕੈਬਨਿਟ ਮੰਤਰੀ** : ਇਨ੍ਹਾਂ ਦੀ ਸੰਖਿਆ 15 ਤੋਂ 20 ਦੇ ਦਰਮਿਆਨ ਹੁੰਦੀ ਹੈ, ਇਨ੍ਹਾਂ ਦੇ ਸਮੂਹ ਨੂੰ ਕੈਬਨਿਟ ਕਿਹਾ ਜਾਂਦਾ ਹੈ ਜੋ ਮੰਤਰੀ ਪ੍ਰੀਸ਼ਦ ਦੀ ਨੀਤੀ-ਨਿਰਮਾਣ ਅਤੇ ਫੈਸਲਾ-ਨਿਰਮਾਣ ਕਰਨ ਵਾਲਾ ਇਕ ਸ਼ਕਤੀਸ਼ਾਲੀ ਭਾਗ ਹੁੰਦਾ ਹੈ। ਇਸ ਵਿੱਚ ਸੱਤਾਧਾਰੀ ਦਲ, ਦਲਾਂ ਦੇ ਪ੍ਰਮੁੱਖ ਨੇਤਾ ਹੁੰਦੇ ਹਨ, ਉਹ ਪ੍ਰਧਾਨ ਮੰਤਰੀ ਦੇ ਨਜ਼ਦੀਕ ਹੁੰਦੇ ਹਨ, ਇਨ੍ਹਾਂ ਕੋਲ ਮਹੱਤਵਪੂਰਨ ਵਿਭਾਗ ਹੁੰਦੇ ਹਨ।

(ਬ) **ਰਾਜ ਮੰਤਰੀ** : ਉਹ ਦੂਸਰੀ ਸ਼੍ਰੇਣੀ ਦੇ ਮੰਤਰੀ ਹੁੰਦੇ ਹਨ ਜੋ ਕੈਬਨਿਟ ਦੇ ਮੈਂਬਰ ਨਹੀਂ ਹੁੰਦੇ। ਇਕ ਮੰਤਰੀ ਜਾਂ ਤਾਂ ਕਿਸੇ ਛੋਟੇ ਵਿਭਾਗ ਦਾ ਸੁਤੰਤਰ ਰੂਪ ਵਿੱਚ ਚਾਰਜ ਸੰਭਾਲਦਾ ਹੈ ਜਾਂ ਉਸ ਨੂੰ ਇਕ ਕੈਬਨਿਟ ਮੰਤਰੀ ਨਾਲ ਜੋੜ ਦਿੱਤਾ ਜਾਂਦਾ ਹੈ। ਗ੍ਰਹਿ ਵਿਭਾਗ, ਵਿਦੇਸ਼ੀ ਮਾਮਲੇ, ਰੱਖਿਆ ਹਿੱਤ, ਖੇਤੀ, ਮਨੁੱਖੀ ਸਾਧਨ ਵਰਗੇ ਵਿਭਾਗਾਂ ਵਿੱਚ 2 ਜਾਂ 3 ਰਾਜ ਮੰਤਰੀ ਹੁੰਦੇ ਹਨ, ਜਦ ਕਿ ਹਵਾਈ ਯਾਤਰਾ, ਸੂਚਨਾ ਅਤੇ ਪ੍ਰਸਾਰਣ, ਮਜ਼ਦੂਰ, ਰੇਲਵੇ, ਲੋਕ ਕਲਿਆਣ, ਜ਼ਮੀਨੀ ਆਵਾਜਾਈ ਅਤੇ ਕੱਪੜੇ ਵਰਗੇ ਵਿਭਾਗਾਂ ਦੇ ਮੁਖੀ ਰਾਜ ਮੰਤਰੀ ਹੁੰਦੇ ਹਨ। ਅਜਿਹੇ ਮੰਤਰੀ ਕੇਵਲ ਉਸ ਸਮੇਂ ਹੀ ਕੈਬਨਿਟ ਦੀਆਂ ਬੈਠਕਾਂ ਵਿੱਚ ਭਾਗ ਲੈਂਦੇ ਹਨ, ਜਦ ਉਨ੍ਹਾਂ ਨੂੰ ਉਸ ਨਾਲ ਸਬੰਧਿਤ ਪ੍ਰਧਾਨ ਮੰਤਰੀ ਵੱਲੋਂ ਵਿਸ਼ੇਸ਼ ਰੂਪ ਵਿੱਚ ਕੈਬਨਿਟ ਦੀ ਕਿਸੇ ਬੈਠਕ ਵਿੱਚ ਭਾਗ ਲੈਣ ਦਾ ਸੱਦਾ ਦਿੱਤਾ ਜਾਂਦਾ ਹੈ।

(ਸ) **ਉੱਪ ਮੰਤਰੀ** : ਉਹ ਸਹਾਇਕ ਮੰਤਰੀ ਹੁੰਦੇ ਹਨ, ਜਿਨ੍ਹਾਂ ਨੂੰ ਕੈਬਨਿਟ ਮੰਤਰੀਆਂ ਜਾਂ ਰਾਜ ਮੰਤਰੀਆਂ ਨਾਲ ਜੋੜਿਆ ਜਾਂਦਾ ਹੈ, ਕੋਈ ਵੀ ਉੱਪ ਮੰਤਰੀ ਕਿਸੇ ਵੀ ਵਿਭਾਗ ਦਾ ਸੁਤੰਤਰ ਰੂਪ ਵਿੱਚ ਚਾਰਜ ਨਹੀਂ ਸੰਭਾਲਦਾ। ਉਸ ਦਾ ਕੰਮ ਉਸ ਮੰਤਰੀ ਦੀ ਸਹਾਇਤਾ ਕਰਨਾ ਹੁੰਦਾ ਹੈ, ਜਿਸ ਅਧੀਨ ਉਹ ਕੰਮ ਕਰਦਾ ਹੈ। ਉਸ ਨੂੰ ਮੁੱਖ ਰੂਪ ਵਿੱਚ ਆਪਣੇ ਵਿਭਾਗ ਨਾਲ ਸਬੰਧਿਤ ਪ੍ਰਸ਼ਨਾਂ ਦੇ ਸੰਸਦ ਵਿੱਚ ਦਿੱਤੇ ਜਾਣ ਵਾਲੇ ਉੱਤਰ ਤਿਆਰ ਕਰਨ ਅਤੇ ਸੰਸਦ ਵਿੱਚ ਸਰਕਾਰੀ ਬਿੱਲ ਪਾਸ ਕਰਵਾਉਣ ਦੀ ਪ੍ਰਕਿਰਿਆ ਵਿੱਚ ਸਹਾਇਤਾ ਕਰਨ ਦਾ ਜ਼ਿੰਮੇਵਾਰੀ ਸੌਂਪ ਦਿੱਤੀ ਜਾਂਦੀ ਹੈ।

***(i)* ਸੰਸਦੀ ਸਕੱਤਰ** : ਇਹ ਨਾ ਤਾਂ ਮੰਤਰੀ ਹੁੰਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਪ੍ਰਸ਼ਾਸਨਿਕ ਕੰਮ ਸੌਂਪਿਆ ਜਾਂਦਾ ਹੈ। ਉਨ੍ਹਾਂ ਦਾ ਇਕਮਾਤਰ ਕੰਮ ਮੰਤਰੀਆਂ ਦੀ ਸੰਸਦ ਵਿੱਚ ਸਹਾਇਤਾ ਕਰਨਾ ਹੁੰਦਾ ਹੈ। ਉਨ੍ਹਾਂ ਦੀ ਕੋਈ ਤਨਖਾਹ ਨਹੀਂ ਹੁੰਦੀ। ਸੰਸਦੀ ਸਕੱਤਰ ਦਾ ਅਹੁਦਾ ਇਕ ਅਜਿਹਾ ਅਹੁਦਾ ਹੈ ਜੋ ਭਵਿੱਖ ਦੇ ਮੰਤਰੀਆਂ ਨੂੰ ਪ੍ਰੀਖਣ ਦੇਣ ਲਈ ਇਸਤੇਮਾਲ ਕੀਤਾ ਜਾਂਦਾ ਹੈ।

ਨੋਟ

***(ii)* ਉੱਪ ਪ੍ਰਧਾਨ ਮੰਤਰੀ ਦਾ ਅਹੁਦਾ** : ਇਨ੍ਹਾਂ 4 ਸ਼੍ਰੇਣੀਆਂ ਤੋਂ ਇਲਾਵਾ ਭਾਰਤੀ ਕੈਬਨਿਟ ਪ੍ਰਣਾਲੀ ਵਿੱਚ 1950 ਤੋਂ ਲੈ ਕੇ ਹੁਣ ਤੱਕ ਕਈ ਵਾਰ ਉੱਪ ਪ੍ਰਧਾਨ ਮੰਤਰੀ ਦਾ ਅਹੁਦਾ ਵਿਧਮਾਨ ਰਿਹਾ ਹੈ। ਸ਼ੁਰੂ ਵਿੱਚ ਸ. ਬੱਲਬ ਭਾਈ ਪਟੇਲ ਨੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਮੰਤਰੀ ਪ੍ਰੀਸ਼ਦ ਵਿੱਚ ਮੋਰਾਰ ਜੀ ਦੇਸਾਈ ਨੂੰ ਉੱਪ ਪ੍ਰਧਾਨ ਮੰਤਰੀ ਬਣਾਇਆ ਸੀ। ਫਿਰ 1969 ਵਿੱਚ ਉਨ੍ਹਾਂ ਦੇ ਤਿਆਗ ਪੱਤਰ ਤੋਂ ਬਾਅਦ ਇਹ ਅਹੁਦਾ ਖਾਲੀ ਰਿਹਾ। 1977 ਵਿੱਚ ਸ਼੍ਰੀ ਮੋਰਾਰ ਜੀ ਦੇਸਾਈ ਦੇ ਮੰਤਰੀ ਮੰਡਲ ਵਿੱਚ 2 ਉੱਪ ਪ੍ਰਧਾਨ ਸਨਃ ਚੌਧਰੀ ਚਰਨ ਸਿੰਘ ਅਤੇ ਬਾਪੂ ਜਗਜੀਵਨ ਰਾਮ। ਇਸ ਤੋਂ ਬਾਅਦ ਨਾ ਹੀ ਚਰਨ ਸਿੰਘ ਦੀ ਮੰਤਰੀ ਪ੍ਰੀਸ਼ਦ ਜੋ ਕਿ ਕੇਵਲ 6 ਮਹੀਨੇ ਸੱਤਾ ਵਿੱਚ ਰਹੀ ਅਤੇ ਨਾ ਹੀ ਸ਼੍ਰੀਮਤੀ ਇੰਦਰਾ ਗਾਂਧੀ ਦੀ ਮੰਤਰੀ ਪ੍ਰੀਸ਼ਦ (1980–1984) ਵਿੱਚ ਉੱਪ ਪ੍ਰਧਾਨ ਮੰਤਰੀ ਦਾ ਰਿਹਾ। ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ (1984 ਤੋਂ ਨਵੰਬਰ 1989) ਨੇ ਵੀ ਉੱਪ ਪ੍ਰਧਾਨ ਮੰਤਰੀ ਨਿਯੁਕਤ ਨਹੀਂ ਕੀਤਾ ਸੀ ਪਰ ਪ੍ਰਧਾਨ ਮੰਤਰੀ ਵੀ. ਪੀ. ਸਿੰਘ (1989–90) ਅਤੇ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਸਮੇਂ ਸ਼੍ਰੀ ਦੇਵੀ ਲਾਲ ਉੱਪ ਪ੍ਰਧਾਨ ਮੰਤਰੀ ਰਹੇ।

*ਕੀ ਤੁਸੀਂ ਜਾਣਦੇ ਹੋ*

ਜੂਨ 1991 ਵਿੱਚ ਪ੍ਰਧਾਨ ਮੰਤਰੀ ਪੀ. ਵੀ. ਨਰਸਿਮ੍ਹਾ ਰਾਓ ਦੀ ਸਰਕਾਰ ਨੇ ਅਹੁਦਾ ਸੰਭਾਲਿਆ ਅਤੇ ਇਸ ਵਿੱਚ ਉੱਪ ਪ੍ਰਧਾਨ ਮੰਤਰੀ ਦਾ ਅਹੁਦਾ ਨਹੀਂ ਸੀ ਅਤੇ ਇਸ ਤੋਂ ਬਾਅਦ ਜੁਲਾਈ 2002 ਵਿੱਚ ਹੀ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੇ ਸ਼੍ਰੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਉੱਪ ਪ੍ਰਧਾਨ ਮੰਤਰੀ ਬਣਾਇਆ। ਮਈ 2004 ਵਿੱਚ ਯੂ. ਪੀ. ਏ. ਮੰਤਰੀ ਪ੍ਰੀਸ਼ਦ ਵਿੱਚ ਡਾ. ਮਨਮੋਹਨ ਸਿੰਘ ਨੇ ਆਪਣੀ ਸਰਕਾਰ ਵਿੱਚ ਉੱਪ ਪ੍ਰਧਾਨ ਮੰਤਰੀ ਅਹੁਦੇ ਦੀ ਵਿਵਸਥਾ ਨਾ ਕਰਨ ਦਾ ਫੈਸਲਾ ਲਿਆ।

ਸੰਵਿਧਾਨ ਦੇ ਅਨੁਸਾਰ ਉੱਪ ਪ੍ਰਧਾਨ ਮੰਤਰੀ ਅਹੁਦੇ ਦੀ ਵਿਵਸਥਾ ਨਹੀਂ ਕੀਤੀ ਗਈ। ਇਸ ਵਿੱਚ ਕੇਵਲ ਇੰਨਾ ਹੀ ਕਿਹਾ ਗਿਆ ਹੈ ਕਿ–"ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਇਕ ਮੰਤਰੀ ਪ੍ਰੀਸ਼ਦ ਹੋਵੇਗੀ..." ਅਤੇ ਇਹ ਆਪਣੀ ਇੱਛਾ 'ਤੇ ਨਿਰਭਰ ਹੁੰਦਾ ਹੈ ਜਾਂ ਦਲ ਰਾਜਨੀਤੀ ਦਾ ਦਬਾਅ ਹੁੰਦਾ ਹੈ ਕਿ ਮੰਤਰੀ ਪ੍ਰੀਸ਼ਦ ਵਿੱਚ ਉੱਪ ਪ੍ਰਧਾਨ ਮੰਤਰੀ ਦਾ ਅਹੁਦਾ ਸਥਾਪਿਤ ਕੀਤਾ ਜਾਵੇ ਜਾਂ ਨਹੀਂ।

**ਮੰਤਰੀ ਪ੍ਰੀਸ਼ਦ ਦਾ ਕਾਰਜਕਾਲ-** ਸੰਵਿਧਾਨ ਦੇ ਅਨੁਸਾਰ ਮੰਤਰੀ ਰਾਸ਼ਟਰਪਤੀ ਕੇ. ਪ੍ਰਸ਼ਾਦ ਪ੍ਰਯੰਤ ਆਪਣੇ ਅਹੁਦਿਆਂ 'ਤੇ ਰਹਿਣਗੇ ਪਰ ਇਹ ਉਪਬੰਦ ਉਪਚਾਰਿਕ ਹੈ। ਅਸਲੀਅਤ ਇਹ ਹੈ ਕਿ ਮੰਤਰੀ ਪ੍ਰੀਸ਼ਦ ਦਾ ਕਾਰਜਕਾਲ ਉਸ ਸਮੇਂ ਤੱਕ ਜਾਰੀ ਰਹੇਗਾ, ਜਦ ਤੱਕ ਕਿ ਉਸ ਨੂੰ ਲੋਕ ਸਭਾ ਦੇ ਬਹੁਮਤ ਦਾ ਸਮਰਥਨ ਪ੍ਰਾਪਤ ਹੈ। ਲੋਕ ਸਭਾ ਭੰਗ ਹੋ ਜਾਣ 'ਤੇ ਅਤੇ ਨਵੀਂ ਲੋਕ ਸਭਾ ਬਣਨ 'ਤੇ ਨਵੇਂ ਮੰਤਰੀ ਮੰਡਲ ਦਾ ਫੈਸਲਾ ਹੁੰਦਾ ਹੈ।

## 8.2 ਮੰਤਰੀ ਪ੍ਰੀਸ਼ਦ ਅਤੇ ਮੰਤਰੀ ਮੰਡਲ ਵਿੱਚ ਫਰਕ (Distinction between Council of Ministers and Cabinet)

ਸੰਵਿਧਾਨ ਦੇ ਅਨੁਛੇਦ 74 ਵਿੱਚ ਕੇਵਲ ਮੰਤਰੀ ਪ੍ਰੀਸ਼ਦ ਦੀ ਵਿਵਸਥਾ ਹੈ ਅਤੇ ਕੈਬਨਿਟ ਦਾ ਕੋਈ ਵਰਨਣ ਨਹੀਂ ਹੈ। ਕੈਬਨਿਟ ਇਕ ਸੰਵਿਧਾਨਿਕ ਸੰਸਥਾ ਹੈ। ਇਹ ਮੰਤਰੀ ਪ੍ਰੀਸ਼ਦ ਦਾ ਇਕ ਭਾਗ ਹੈ, ਜਿਸ ਵਿੱਚ 15 ਤੋਂ 20 ਤੱਕ ਉੱਚ ਪੱਧਰ ਦੇ ਮੰਤਰੀ ਹੀ ਸ਼ਾਮਿਲ ਹੁੰਦੇ ਹਨ। ਇਨ੍ਹਾਂ ਮੰਤਰੀਆਂ ਤੱਕ ਉੱਚ ਪੱਧਰ ਦੇ ਮੰਤਰੀ ਹੀ ਸ਼ਾਮਿਲ ਹੁੰਦੇ ਹਨ। ਇਨ੍ਹਾਂ ਮੰਤਰੀਆਂ ਨੂੰ ਕੈਬਨਿਟ ਮੰਤਰੀ ਕਿਹਾ ਜਾਂਦਾ ਹੈ ਅਤੇ ਇਹ ਮਿਲ ਕੇ ਸਾਂਝੇ ਰੂਪ ਵਿੱਚ ਨੀਤੀ–ਨਿਰਮਾਣ ਦਾ ਕੰਮ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਕਰਦੇ ਹਨ। ਕੈਬਨਿਟ ਵੱਲੋਂ ਲਏ ਗਏ ਫੈਸਲੇ ਨੂੰ ਹਮੇਸ਼ਾ ਹੀ ਮੰਤਰੀ ਪ੍ਰੀਸ਼ਦ ਦੇ ਫੈਸਲਿਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਸਾਰੇ ਮੰਤਰੀਆਂ ਦਾ ਇਹ ਕਰਤਵ ਹੁੰਦਾ ਹੈ ਕਿ ਉਹ ਉਨ੍ਹਾਂ ਫੈਸਲਿਆਂ ਦਾ ਸਮਰਥਨ ਕਰਨ। ਹਰੇਕ ਸਹਿਮਤੀ ਰੱਖਣ ਵਾਲੇ ਮੰਤਰੀ ਨੂੰ ਆਪਣਾ ਅਹੁਦਾ ਛੱਡਣਾ ਪੈਂਦਾ ਹੈ, ਜਿਵੇਂ ਕਿ ਅਗਸਤ 1991 ਵਿੱਚ ਸ਼੍ਰੀ ਰਾਮ ਮੂਰਤੀ ਨੇ ਕੀਤਾ ਸੀ। ਮੰਤਰੀ ਪ੍ਰੀਸ਼ਦ ਅਸਲ ਵਿੱਚ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਸ਼ਕਤੀ ਦਾ ਅਸਲੀ ਕੇਂਦਰ ਹੁੰਦੀ ਹੈ। ਮੰਤਰੀ ਪ੍ਰੀਸ਼ਦ ਅਤੇ ਮੰਤਰੀ ਮੰਡਲ ਵਿੱਚ ਹੇਠ ਲਿਖਿਆ ਫਰਕ ਹੈ–

1. ਕੈਬਨਿਟ ਮੰਤਰੀ ਪ੍ਰੀਸ਼ਦ ਦਾ ਭਾਗ ਹੈ। ਮੰਤਰੀ ਪ੍ਰੀਸ਼ਦ ਇਕ ਵੱਡੀ ਸੰਸਥਾ ਹੈ, ਜਦ ਕਿ ਕੈਬਨਿਟ ਛੋਟੀ ਪਰ ਇਹ ਮੰਤਰੀ ਪ੍ਰੀਸ਼ਦ ਦਾ ਸਭ ਤੋਂ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਭਾਗ ਹੁੰਦੀ ਹੈ।
2. ਸਾਰੇ ਮੰਤਰੀ ਮਿਲ ਕੇ ਮੰਤਰੀ ਪ੍ਰੀਸ਼ਦ ਬਣਾਉਂਦੇ ਹਨ, ਜਦ ਕਿ ਕੈਬਨਿਟ ਵਿੱਚ 15 ਤੋਂ 20 ਤੱਕ ਉੱਚ ਪੱਧਰ ਦੇ ਮਹੱਤਵਪੂਰਨ ਮੰਤਰੀ ਹੁੰਦੇ ਹਨ, ਜਿਨ੍ਹਾਂ ਨੂੰ ਕੈਬਨਿਟ ਮੰਤਰੀ ਦਾ ਪੱਧਰ ਮਿਲਦਾ ਹੈ।

**ਨੋਟ**

3. ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਅਧੀਨ ਕੈਬਨਿਟ ਦੀਆਂ ਬੈਠਕਾਂ ਜੋ ਲਗਾਤਾਰ (ਘੱਟੋ-ਘੱਟ ਹਫਤੇ ਵਿੱਚ ਇਕ ਵਾਰ) ਹੁੰਦੀ ਹੈ, ਵਿੱਚ ਕੇਵਲ ਕੈਬਨਿਟ ਮੰਤਰੀ ਹੀ ਭਾਗ ਲੈਂਦੇ ਹਨ। ਦੂਸਰੇ ਮੰਤਰੀ ਕੈਬਨਿਟ ਦੀ ਬੈਠਕ ਵਿੱਚ ਉਦੋਂ ਹੀ ਭਾਗ ਲੈਂਦੇ ਹਨ, ਜਦ ਪ੍ਰਧਾਨ ਮੰਤਰੀ ਵੱਲੋਂ ਵਿਸ਼ੇਸ਼ ਰੂਪ ਵਿੱਚ ਉਨ੍ਹਾਂ ਨੂੰ ਅਜਿਹਾ ਕਰਨ ਲਈ ਕਿਹਾ ਜਾਵੇ। ਪੂਰੇ ਮੰਤਰੀ ਪ੍ਰੀਸ਼ਦ ਦੀ ਬੈਠਕ ਬਹੁਤ ਹੀ ਘੱਟ ਹੁੰਦੀ ਹੈ।
4. ਨੀਤੀ ਨਿਰਮਾਣ ਕਰਨਾ ਕੈਬਨਿਟ ਦਾ ਕੰਮ ਹੁੰਦਾ ਹੈ, ਮੰਤਰੀ ਪ੍ਰੀਸ਼ਦ ਦਾ ਨਹੀਂ।
5. ਅਨੁਛੇਦ 74 ਦੇ ਅਨੁਸਾਰ ਸੰਵਿਧਾਨ ਵਿੱਚ ਮੰਤਰੀ ਪ੍ਰੀਸ਼ਦ ਦੀ ਵਿਵਸਥਾ ਹੈ, ਕੈਬਨਿਟ ਦੀ ਨਹੀਂ। ਕੈਬਨਿਟ ਦਾ ਸੰਗਠਨ ਅਤੇ ਕੰਮ ਕਰਨ ਦੇ ਢੰਗ ਸੰਸਦੀ ਪ੍ਰਣਾਲੀ ਦੀਆਂ ਪ੍ਰੰਪਰਾਵਾਂ 'ਤੇ ਨਿਰਭਰ ਰਹਿੰਦਾ ਹੈ। ਤਕਨੀਕੀ ਰੂਪ ਵਿੱਚ ਕੈਬਨਿਟ ਇਕ ਸੰਵਿਧਾਨਿਕ ਸੰਸਥਾ ਹੈ ਪਰ ਭਾਰਤੀ ਰਾਜਨੀਤਿਕ ਪ੍ਰਣਾਲੀ ਦੀ ਇਕ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਸੰਸਥਾ ਹੈ।

## 8.3 ਮੰਤਰੀ ਮੰਡਲ ਦੀਆਂ ਸ਼ਕਤੀਆਂ ਅਤੇ ਕੰਮ (Powers and Functions of Cabinet)

(1) **ਨੀਤੀ ਨਿਰਧਾਰਣ ਦਾ ਕੰਮ-** ਕੈਬਨਿਟ ਅਤੇ ਮੰਤਰੀ ਮੰਡਲ ਦਾ ਸਭ ਤੋਂ ਮਹੱਤਵਪੂਰਨ ਕੰਮ ਸ਼ਾਸਨ ਦੀ ਅੰਦਰਲੀ ਅਤੇ ਵਿਦੇਸ਼ ਨੀਤੀ ਦਾ ਨਿਰਮਾਣ ਕਰਨਾ ਹੈ। ਸੰਸਦੀ ਪੱਦਤੀ ਦੇ ਅਨੁਸਾਰ, ਕੈਬਨਿਟ ਨੂੰ ਆਪਣੀਆਂ ਨੀਤੀਆਂ ਦਾ ਸੰਸਦ ਵੱਲੋਂ ਅਨੁਮੋਦਨ ਕਰਵਾਉਣਾ ਪੈਂਦਾ ਹੈ। ਸੰਸਦ ਜੇਕਰ ਕੈਬਨਿਟ ਦੀਆਂ ਨੀਤੀਆਂ ਨੂੰ ਸਵੀਕਾਰ ਕਰ ਦੇਵੇ ਤਾਂ ਮੰਤਰੀ ਮੰਡਲ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ। ਕੈਬਨਿਟ ਦਾ ਲੋਕ ਸਭਾ ਦਾ ਵਿਸ਼ਵਾਸ ਪ੍ਰਾਪਤ ਹੋਣ ਦਾ ਇਹੀ ਭਾਵ ਹੈ।

(2) **ਕਾਰਜ ਪਾਲਿਕਾ ਸਬੰਧੀ ਕੰਮ-** ਜਦ ਕਿ ਸੰਵਿਧਾਨ ਵੱਲੋਂ ਕਾਰਜ ਪਾਲਿਕਾ ਸ਼ਕਤੀਆਂ ਰਾਸ਼ਟਰਪਤੀ ਵਿੱਚ ਸ਼ਾਮਿਲ ਕੀਤੀਆਂ ਗਈਆਂ ਹਨ ਪਰ ਵਿਵਹਾਰ ਵਿੱਚ ਇਨ੍ਹਾਂ ਸ਼ਕਤੀਆਂ ਦਾ ਇਸਤੇਮਾਲ ਮੰਤਰੀ ਮੰਡਲ ਵੱਲੋਂ ਹੀ ਕੀਤਾ ਜਾਂਦਾ ਹੈ। ਮੰਤਰੀ ਮੰਡਲ ਦੀਆਂ ਇਨ੍ਹਾਂ ਕੰਮਾਂ ਲਈ ਸਮੂਹਿਕ ਰੂਪ ਵਿੱਚ ਲੋਕ ਸਭਾ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ। ਹਰੇਕ ਮੰਤਰੀ ਵੀ ਕਿਸੇ ਇਕ ਜਾਂ ਇਕ ਤੋਂ ਵਧੇਰੇ ਵਿਭਾਗਾਂ ਦਾ ਪ੍ਰਧਾਨ ਹੁੰਦਾ ਹੈ।

(3) **ਕਾਨੂੰਨ ਨਿਰਮਾਣ ਸਬੰਧੀ ਕੰਮ-** ਸੰਸਦ ਵਿੱਚ ਮਹੱਤਵਪੂਰਨ ਵਿਧਾਇਕ ਮੰਤਰੀਆਂ ਵੱਲੋਂ ਹੀ ਪੇਸ਼ ਕੀਤੇ ਜਾਂਦੇ ਹਨ। ਇਨ੍ਹਾਂ ਵਿਧਾਇਕਾਂ ਨੂੰ ਉਪਚਾਰਿਕ ਵਾਦ-ਵਿਵਾਦ ਤੋਂ ਬਾਅਦ ਸਵੀਕਾਰ ਕਰ ਲਿਆ ਜਾਂਦਾ ਹੈ। ਪ੍ਰਾਦਤ ਵਿਵਸਥਾ (Delegated Legistation) ਨਾਲ ਵੀ ਮੰਤਰੀ ਮੰਡਲ ਵਿਧੀ ਨਿਰਮਾਣ ਵਿੱਚ ਸੰਸਦ ਦੀ ਅਗਵਾਈ ਕਰਦਾ ਹੈ। ਸੰਸਦ ਨੂੰ ਇੰਨਾ ਸਮਾਂ ਨਹੀਂ ਮਿਲਦਾ। ਉਹ ਹਰੇਕ ਕਾਨੂੰਨ 'ਤੇ ਵਿਸਥਾਰਪੂਰਵਕ ਵਿਚਾਰ ਕਰੇ ਅਤੇ ਸੰਸਦ ਵੱਲੋਂ ਪਾਸ ਕਾਨੂੰਨ ਨੂੰ ਮੰਤਰੀ ਪ੍ਰੀਸ਼ਦ ਹੀ ਵਿਵਹਾਰਿਕ ਰੂਪ ਦਿੰਦੀ ਹੈ।

(4) **ਵਿੱਤੀ ਕੰਮ-** ਰਾਸ਼ਟਰਪਤੀ ਦੀ ਆਰਥਿਕ ਨੀਤੀ ਦਾ ਨਿਰਧਾਰਣ ਵੀ ਮੰਤਰੀ ਮੰਡਲ ਹੀ ਕਰਦਾ ਹੈ। ਵਿੱਤ ਮੰਤਰੀ ਹਰੇਕ ਵਿੱਤੀ ਸਾਲ ਦੇ ਸ਼ੁਰੂ ਵਿੱਚ ਉਸ ਸਾਲ ਦੇ ਅਨੁਮਾਨਿਤ ਆਮਦਨ=ਖਰਚ ਦਾ ਵੇਰਵਾ (ਬਜਟ) ਸੰਸਦ ਦੇ ਸਾਹਮਣੇ ਪੇਸ਼ ਕਰਦਾ ਹੈ। ਬਜਟ ਨੂੰ ਪਾਸ ਕਰਵਾਉਣ ਦੀ ਜ਼ਿੰਮੇਵਾਰੀ ਮੰਤਰੀ ਮੰਡਲ ਉੱਪਰ ਹੀ ਹੈ। ਜੇਕਰ ਸੰਸਦ ਬਜਟ ਨੂੰ ਨਾਮਨਜ਼ੂਰ ਕਰ ਦਿੰਦੀ ਹੈ ਤਾਂ ਮੰਤਰੀ ਮੰਡਲ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ ਪਰ ਵਿਵਹਾਰ ਵਿੱਚ ਬਜਟ ਨੂੰ ਸੰਸਦ ਵੱਲੋਂ ਸਵੀਕਾਰ ਲਿਆ ਜਾਂਦਾ ਹੈ। ਹੋਰ ਵਿੱਤ ਵਿਧਾਇਕ ਵੀ ਲੋਕ ਸਭਾ ਵਿੱਚ ਮੰਤਰੀਆਂ ਵੱਲੋਂ ਹੀ ਰੱਖੇ ਜਾਂਦੇ ਹਨ।

(5) **ਵੱਖ-ਵੱਖ ਕੰਮ-** ਮੰਤਰੀ ਮੰਡਲ ਦੇ ਕੁਝ ਹੋਰ ਕੰਮ ਇਸ ਤਰ੍ਹਾਂ ਹਨ-

*(i)* ਮਹੱਤਵਪੂਰਨ ਅਹੁਦਿਆਂ 'ਤੇ ਨਿਯੁਕਤੀਆਂ ਕਰਨਾ, ਜਿਵੇਂ ਰਾਜਾਂ ਦੇ ਰਾਜਪਾਲ ਸਰਵਉੱਚ ਅਤੇ ਉੱਚ ਅਦਾਲਤਾਂ ਦੇ ਜੱਜ, ਅਟਾਰਨੀ ਜਨਰਲ, ਸੈਨਾਪਤੀ ਆਦਿ। ਜਦ ਕਿ ਸੰਵਿਧਾਨ ਵੱਲੋਂ ਇਨ੍ਹਾਂ ਨਿਯੁਕਤੀਆਂ ਦਾ ਅਧਿਕਾਰ ਰਾਸ਼ਟਰਪਤੀ ਨੂੰ ਹੈ ਪਰ ਵਿਵਹਾਰ ਵਿੱਚ ਇਹ ਨਿਯੁਕਤੀਆਂ ਮੰਤਰੀ ਮੰਡਲ ਵੱਲੋਂ ਹੀ ਹੁੰਦੀਆਂ ਹਨ। ਮੰਤਰੀ ਮੰਡਲ ਵੱਲੋਂ ਇਨ੍ਹਾਂ ਅਹੁਦਿਆਂ 'ਤੇ ਜਿਨ੍ਹਾਂ ਵਿਅਕਤੀਆਂ ਦੀ ਸਿਫਾਰਿਸ਼ ਕੀਤੀ ਜਾਂਦੀ ਹੈ, ਰਾਸ਼ਟਰਪਤੀ ਉਨ੍ਹਾਂ ਨੂੰ ਸਵੀਕਾਰ ਨਹੀਂ ਕਰਦਾ ਅਤੇ ਇਸ ਇੱਛਾ ਦੀ ਘੋਸ਼ਣਾ ਕਰ ਦਿੰਦਾ ਹੈ।

*(ii)* ਅਪਰਾਧੀਆਂ ਨੂੰ ਮਾਫ ਕਰਨਾ।

*(iii)* ਵੱਖ-ਵੱਖ ਸੇਵਾਵਾਂ ਲਈ ਸਨਮਾਨ ਚਿੰਨ੍ਹ ਦੇਣਾ।

*(iv)* ਸੰਵਿਧਾਨ ਵਿੱਚ ਸੋਧ ਸਬੰਧੀ ਪ੍ਰਸਤਾਵ ਰੱਖਣਾ ਅਤੇ ਉਨ੍ਹਾਂ ਨੂੰ ਮਨਜ਼ੂਰੀ ਦੇਣਾ।

*(v)* ਯੁੱਧ ਅਤੇ ਸ਼ਾਂਤੀ ਦੀ ਘੋਸ਼ਣਾ

*(vi)* ਰਾਸ਼ਟਰਪਤੀ ਦੀਆਂ ਅਪਾਤਕਾਲੀਨ ਸ਼ਕਤੀਆਂ ਦਾ ਇਸਤੇਮਾਲ

ਨੋਟ

*ਟਾਸਕ* ਮੰਤਰੀ ਮੰਡਲ ਦੀਆਂ ਸ਼ਕਤੀਆਂ ਦਾ ਵਰਨਣ ਕਰੋ।

**ਮੰਤਰੀ ਪ੍ਰੀਸ਼ਦ ਦੀਆਂ ਅਸੀਮਿਤ ਸ਼ਕਤੀਆਂ-** ਭਾਰਤੀ ਰਾਜਨੀਤਿਕ ਵਿਵਸਥਾ ਦੇ ਅਧੀਨ ਸੰਘੀ ਅਤੇ ਕੇਂਦਰੀ ਪ੍ਰੀਸ਼ਦ ਸਰਕਾਰ ਦਾ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਅੰਗ ਹੈ। ਸੰਵਿਧਾਨ ਦੇ ਅਧੀਨ ਜਦ ਕਿ ਸਿਧਾਂਤਕ ਤੌਰ 'ਤੇ ਸੰਸਦ ਦਾ ਮੰਤਰੀ ਪ੍ਰੀਸ਼ਦ 'ਤੇ ਕੰਟਰੋਲ ਰਹਿੰਦਾ ਹੈ ਪਰ ਵਿਵਹਾਰ ਵਿੱਚ ਸੰਸਦ ਮੰਤਰੀ ਪ੍ਰੀਸ਼ਦ ਦੇ ਇਸ਼ਾਰਿਆਂ 'ਤੇ ਹੀ ਕੰਮ ਕਰਦੀ ਹੈ। ਲੋਕ ਸਭਾ ਵਿੱਚ ਬਹੁਮਤ ਦੇ ਜ਼ੋਰ 'ਤੇ ਮੰਤਰੀ ਪ੍ਰੀਸ਼ਦ ਆਪਣੇ ਸਾਰੇ ਫੈਸਲਿਆਂ 'ਤੇ ਸੰਸਦ ਦੀ ਮੋਹਰ ਲਗਵਾ ਲੈਂਦੀ ਹੈ। ਇਸ ਲਈ ਵਿਦਵਾਨਾਂ ਨੇ ਕਿਹਾ ਹੈ ਕਿ "ਸੰਸਦ ਦੀ ਸਰਵਉੱਚਤਾ ਦਾ ਸਿਧਾਂਤ ਕੇਵਲ ਦਿਖਾਵਾ ਹੈ ਅਤੇ ਇਸ ਦੀ ਆੜ੍ਹ ਹੇਠ ਮੰਤਰੀ ਮੰਡਲ ਦੀ ਤਾਨਾਸ਼ਾਹੀ ਸਥਾਪਿਤ ਹੋ ਗਈ ਹੈ।" ਮੰਤਰੀ ਪ੍ਰੀਸ਼ਦ ਦੇ ਤਾਨਾਸ਼ਾਹੀ ਪਿੱਛੇ ਲੋਕ ਸਭਾ ਵਿੱਚ ਸੱਤਾਰੂੜ ਦਲ ਨੂੰ ਪ੍ਰਬਲ ਬਹੁਮਤ ਦੇਣਾ ਹੈ। ਮੰਤਰੀ ਪ੍ਰੀਸ਼ਦ ਦੀ ਇਸ ਤਾਨਾਸ਼ਾਹੀ ਨੂੰ ਕੇਵਲ ਜਾਗਰੂਕ ਜਨਮਤ ਹੀ ਰੋਕ ਸਕਦਾ ਹੈ। ਕੋਈ ਵੀ ਮੰਤਰੀ ਪ੍ਰੀਸ਼ਦ ਇਹ ਨਹੀਂ ਚਾਹੁੰਦਾ ਕਿ ਦੇਸ਼ ਦਾ ਜਨਮਤ ਉਸ ਦੇ ਵਿਰੁੱਧ ਹੋਵੇ ਅਤੇ ਅਗਾਮੀ ਚੋਣਾਂ ਵਿੱਚ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਵੇ। ਹਾਲ ਹੀ ਵਿੱਚ ਨਿਆ ਪਾਲਿਕਾ ਨੇ ਵੀ ਮੰਤਰੀ ਪ੍ਰੀਸ਼ਦ ਦੀ ਤਾਨਾਸ਼ਾਹੀ 'ਤੇ ਪ੍ਰਸ਼ਨ ਚਿੰਨ੍ਹ ਦੇ ਰੂਪ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

1. ਸੰਵਿਧਾਨ ਦੇ ਅਨੁਛੇਦ 74 (9) ਵਿੱਚ..................... ਦੀ ਵਿਆਖਿਆ ਹੈ।
2. ਪ੍ਰਧਾਨ ਮੰਤਰੀ ਦੀ ਨਿਯੁਕਤੀ .......................... ਕਰਦਾ ਹੈ।
3. ਅਟਲ ਬਿਹਾਰੀ ਵਾਜਪਾਈ ਦੇ ਪ੍ਰਧਾਨ ਮੰਤਰੀ ਸਮੇਂ ...................ਉੱਪ ਪ੍ਰਧਾਨ ਮੰਤਰੀ ਸਨ।
4. ਸੰਸਦ ਵੱਲੋਂ ਪਾਸ ਕਾਨੂੰਨ ਨੂੰ ........................... ਹੀ ਵਿਵਹਾਰਿਕ ਰੂਪ ਦਿੰਦੀ ਹੈ।

## 8.4 ਭਾਰਤ ਦਾ ਪ੍ਰਧਾਨ ਮੰਤਰੀ : ਯੋਗਤਾਵਾਂ, ਨਿਯੁਕਤੀ, ਕੰਮ ਅਤੇ ਸ਼ਕਤੀਆਂ (Prime Minister of India : Qualifications, Appointment, Functions and Powers)

ਬ੍ਰਿਟੇਨ ਵਾਂਗ ਭਾਰਤੀ ਪ੍ਰਸ਼ਾਸਨ ਵਿੱਚ ਵੀ ਪ੍ਰਧਾਨ ਮੰਤਰੀ ਦਾ ਸਰਵਉੱਚ ਸਥਾਨ ਹੈ। ਪ੍ਰਸ਼ਾਸਨ ਦੀ ਸਾਰੀ ਜ਼ਿੰਮੇਵਾਰੀ ਉਸ 'ਤੇ ਹੁੰਦੀ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਦੇ ਸਬੰਧ ਵਿੱਚ **ਰੈਮੇਜ਼ ਮਯੂਰ** ਨੇ ਕਿਹਾ ਸੀ ਕਿ, "ਉਸ ਨੂੰ ਇੰਨੀਆਂ ਸ਼ਕਤੀਆਂ ਪ੍ਰਾਪਤ ਹਨ ਕਿ ਵਿਸ਼ਵ ਦੇ ਕਿਸੇ ਵੀ ਸੰਵਿਧਾਨਿਕ ਪ੍ਰਧਾਨ ਨੂੰ ਪ੍ਰਾਪਤ ਨਹੀਂ ਹਨ। ਅਮਰੀਕਾ ਦੇ ਰਾਸ਼ਟਰਪਤੀ ਨੂੰ ਵੀ ਨਹੀਂ ਹਨ। ਜਦ ਤੱਕ ਕਾਮਨ-ਸਭਾ ਵਿੱਚ ਇਸ ਦੇ ਦਲ ਦਾ ਬਹੁਮਤ ਹੈ, ਉਹ ਅਜਿਹੇ ਕੰਮ ਕਰ ਸਕਦਾ ਹੈ, ਜਿਨ੍ਹਾਂ ਨੂੰ ਕੋਈ ਰਾਸ਼ਟਰਪਤੀ ਨਹੀਂ ਕਰ ਸਕਦਾ। ਇਹ ਵਾਅਦਾ ਕਰ ਸਕਦਾ ਹੈ ਕਿ ਆਮੁਕ ਵਿਧੀ ਪਾਸ ਕੀਤੀ ਜਾਵੇਗੀ ਅਤੇ ਆਮੁਕ ਧਨ ਰਾਸ਼ੀ ਸੰਸਦ ਵੱਲੋਂ ਸਵੀਕਾਰ ਕਰ ਲਈ ਜਾਵੇਗੀ।" ਇਹੀ ਗੱਲ ਭਾਰਤੀ ਪ੍ਰਧਾਨ ਮੰਤਰੀ 'ਤੇ ਠੀਕ ਉਤਰਦੀ ਹੈ। ਸੰਸਦ ਦਾ ਬਹੁਮਤ ਪ੍ਰਾਪਤ ਹੋਣ 'ਤੇ ਭਾਰਤੀ ਪ੍ਰਧਾਨ ਮੰਤਰੀ ਹਰੇਕ ਕੰਮ ਕਰ ਸਕਦਾ ਹੈ। ਉਹ ਵਿਦੇਸ਼ ਨੀਤੀ ਅਤੇ ਗ੍ਰਹਿ ਨੀਤੀ ਸਬੰਧੀ ਕਿਸੇ ਵੀ ਤਰ੍ਹਾਂ ਦੇ ਫੈਸਲੇ ਲੈ ਸਕਦਾ ਹੈ। ਉਹ ਆਪਣੀ ਥੋੜ੍ਹੀ ਜਿਹੀ ਗਲਤੀ ਨਾਲ ਦੇਸ਼ ਨੂੰ ਯੁੱਧ ਵਿੱਚ ਝੌਂਕ ਲਿਆ ਸਕਦਾ ਹੈ ਅਤੇ ਉਸ ਨੂੰ ਖਾਤਮੇ ਵੱਲ ਧੱਕ ਸਕਦਾ ਹੈ ਅਤੇ ਥੋੜ੍ਹੀ ਜਿਹੀ ਸਾਵਧਾਨੀ ਵਿੱਚ ਉਸ ਨੂੰ ਬਚਾਅ ਵੀ ਸਕਦਾ ਹੈ।

**ਪ੍ਰਧਾਨ ਮੰਤਰੀ ਦੀਆਂ ਯੋਗਤਾਵਾਂ** (Qualifications of the Prime Minister)- ਪ੍ਰਧਾਨ ਮੰਤਰੀ ਸੰਸਦ ਦਾ ਮੈਂਬਰ ਹੁੰਦਾ ਹੈ ਅਤੇ ਇਹ ਸੁਭਾਵਿਕ ਹੀ ਹੈ ਕਿ ਸੰਸਦ ਮੈਂਬਰਾਂ ਲਈ ਨਿਰਧਾਰਿਤ ਯੋਗਤਾਵਾਂ ਵਿਧਮਾਨ ਹੋਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਉਸ ਨੂੰ ਲੋਕ ਸਭਾ ਵਿੱਚ ਬਹੁਮਤ ਦਾ ਵਿਸ਼ਵਾਸ ਵੀ ਪ੍ਰਾਪਤ ਹੋਣਾ ਚਾਹੀਦਾ ਹੈ।

**ਪ੍ਰਧਾਨ ਮੰਤਰੀ ਦੀ ਨਿਯੁਕਤੀ** (Appointment of the Prime Minister)- ਸੰਵਿਧਾਨ ਦੇ ਅਨੁਸਾਰ ਰਾਸ਼ਟਰਪਤੀ ਵੱਲੋਂ ਪ੍ਰਧਾਨ ਮੰਤਰੀ ਦੀ ਨਿਯੁਕਤੀ ਕੀਤੀ ਜਾਵੇਗੀ ਪਰ ਵਿਵਹਾਰ ਵਿੱਚ ਪ੍ਰਧਾਨ ਮੰਤਰੀ ਦੀ ਨਿਯੁਕਤੀ ਦੇ ਸਬੰਧ ਵਿੱਚ ਰਾਸ਼ਟਰਪਤੀ ਦੀ ਸ਼ਕਤੀ ਨਾਮਾਤਰ ਦੀ ਹੈ। ਉਹ ਲੋਕ ਸਭਾ ਦੇ ਬਹੁਮਤ ਦਲ ਦੇ ਨੇਤਾ ਨੂੰ ਹੀ ਪ੍ਰਧਾਨ ਮੰਤਰੀ ਅਹੁਦੇ ਲਈ ਸੱਦਾ ਦੇਣ ਲਈ ਵਚਨਬੱਧ ਹੈ। ਇਸ ਦਾ ਕਾਰਨ ਇਹ ਹੈ ਕਿ ਜ਼ਰੂਰੀ ਹੈ ਕਿ ਪ੍ਰਧਾਨ ਮੰਤਰੀ ਅਤੇ ਇਸ ਦੇ ਮੰਤਰੀ ਮੰਡਲ ਨੂੰ ਲੋਕ ਸਭਾ ਦਾ ਸਮਰਥਨ ਪ੍ਰਾਪਤ ਹੋਵੇ ਅਤੇ ਇਹ ਬਹੁਮਤ ਦਲ ਦੇ ਨੇਤਾ ਨੂੰ ਹੀ ਪ੍ਰਾਪਤ ਹੋ ਸਕਦਾ ਹੈ ਅਤੇ ਬਹੁਮਤ ਦਲ ਦਾ ਨੇਤਾ ਹੀ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋ ਸਕਦਾ ਹੈ।

**ਨੋਟ**

ਜਦੋਂ ਕੁਝ ਇਸ ਤਰ੍ਹਾਂ ਦੀਆਂ ਸਥਿਤੀਆਂ ਹਨ, ਜਿਸ ਵਿੱਚ ਪ੍ਰਧਾਨ ਮੰਤਰੀ ਦੀ ਨਿਯੁਕਤੀ ਦੇ ਸਬੰਧ ਵਿੱਚ ਰਾਸ਼ਟਰਪਤੀ ਸਵੈ-ਇੱਛਾ ਅਧਿਕਾਰ ਦਾ ਇਸਤੇਮਾਲ ਕਰ ਸਕਦਾ ਹੈ, ਜਿਵੇਂ ਲੋਕ ਸਭਾ ਵਿੱਚ ਕਿਸੇ ਵੀ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਾ ਹੋਵੇ ਅਤੇ ਸੰਯੁਕਤ ਮੰਤਰੀ ਮੰਡਲ ਦਾ ਗਠਨ ਜ਼ਰੂਰੀ ਹੋਵੇ, ਉਦੋਂ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਚੋਣ ਵਿੱਚ ਸਵ-ਵਿਵੇਕ ਦਾ ਇਸਤੇਮਾਲ ਕਰ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਲੋਕ ਸਭਾ ਵਿੱਚ ਸਪੱਸ਼ਟ ਬਹੁਮਤ ਨਾ ਰੱਖਦੇ ਹੋਏ ਵੀ ਚੌਧਰੀ ਚਰਨ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ। ਆਪਾਤਕਾਲ ਵਿੱਚ ਰਾਸ਼ਟਰਪਤੀ ਲੋਕ ਸਭਾ ਦਾ ਵਿਘਟਨ ਕਰਕੇ ਕੁਝ ਸਮੇਂ ਲਈ ਕਿਸੇ ਵੀ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰ ਸਕਦਾ ਹੈ। ਪ੍ਰਧਾਨ ਮੰਤਰੀ ਯੋਜਨਾ ਆਯੋਗ ਦਾ ਪ੍ਰਧਾਨ ਵੀ ਹੁੰਦਾ ਹੈ।

ਇਹ ਜ਼ਰੂਰੀ ਨਹੀਂ ਹੈ ਕਿ ਪ੍ਰਧਾਨ ਮੰਤਰੀ ਲੋਕ ਸਭਾ ਦਾ ਹੀ ਮੈਂਬਰ ਹੁੰਦਾ ਹੋਵੇ। ਸਵਰਗੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਚੁਣਨ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਸੀ ਕਿ ਰਾਜ ਸਭਾ ਦਾ ਮੈਂਬਰ ਵੀ ਪ੍ਰਧਾਨ ਮੰਤਰੀ ਹੋ ਸਕਦਾ ਹੈ।

*ਨੋਟਸ* ਸੰਵਿਧਾਨ ਦੇ ਅਨੁਸਾਰ ਰਾਸ਼ਟਰਪਤੀ ਵੱਲੋਂ ਪ੍ਰਧਾਨ ਮੰਤਰੀ ਦੀ ਨਿਯੁਕਤੀ ਕੀਤੀ ਜਾਵੇਗੀ ਪਰ ਵਿਵਹਾਰ ਵਿੱਚ ਪ੍ਰਧਾਨ ਮੰਤਰੀ ਦੀ ਨਿਯੁਕਤੀ ਦੇ ਸਬੰਧ ਵਿੱਚ ਰਾਸ਼ਟਰਪਤੀ ਦੀ ਸ਼ਕਤੀ ਨਾਮਾਤਰ ਦੀ ਹੀ ਹੈ।

**ਪ੍ਰਧਾਨ ਮੰਤਰੀ ਪ੍ਰੀਸ਼ਦ ਦਾ ਨਿਰਮਾਣ, ਜੀਵਨ ਅਤੇ ਮੌਤ ਦਾ ਕੇਂਦਰ ਬਿੰਦੂ** (Prime Minister as the Central Point of the Council of Minister) - **ਲਾਸਕੀ** ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਲਈ ਕਿਹਾ ਹੈ ਕਿ, "ਮੰਤਰੀ ਮੰਡਲ ਦੇ ਨਿਰਮਾਣ, ਜੀਵਨ ਅਤੇ ਮੌਤ ਦਾ ਕੇਂਦਰ ਬਿੰਦੂ ਹੈ।" ("He is the centre of its formation, centre to its life and centre to its death.") ਅਜਿਹੀ ਹੀ ਗੱਲ ਭਾਰਤ ਦੇ ਪ੍ਰਧਾਨ ਮੰਤਰੀ ਲਈ ਵੀ ਸਹੀ ਹੈ। **ਡਾ. ਅੰਬੇਦਕਰ** ਨੇ ਸੰਵਿਧਾਨ ਸਭਾ ਵਿੱਚ ਕਿਹਾ ਸੀ ਕਿ, "ਸਮੂਹਿਕ ਜ਼ਿੰਮੇਵਾਰੀ ਕੇਵਲ ਪ੍ਰਧਾਨ ਮੰਤਰੀ ਦੇ ਅਹੁਦੇ ਨਾਲ ਹੀ ਬਦਲਿਆ ਜਾ ਸਕਦਾ ਹੈ।" ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ, "ਜਦ ਤੱਕ ਪ੍ਰਧਾਨ ਮੰਤਰੀ ਚਾਹੇਗਾ, ਉਦੋਂ ਤੱਕ ਕੋਈ ਵਿਅਕਤੀ ਮੰਤਰੀ ਮੰਡਲ ਵਿੱਚ ਰਹਿ ਸਕਦਾ ਹੈ।" ਇਸ ਤਰ੍ਹਾਂ ਸਪੱਸ਼ਟ ਹੈ ਕਿ ਪ੍ਰਧਾਨ ਮੰਤਰੀ ਦੀ ਇੱਛਾ ਅਤੇ ਉਸ ਦੀ ਯੋਗਤਾ ਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ 'ਤੇ ਹੀ ਮੰਤਰੀ ਪ੍ਰੀਸ਼ਦ ਦੀ ਹੋਂਦ ਨਿਰਭਰ ਕਰਦੀ ਹੈ। ਜੇਕਰ ਪ੍ਰਧਾਨ ਮੰਤਰੀ ਤਿਆਗ ਪੱਤਰ ਦਿੰਦਾ ਹੈ ਤਾਂ ਸਾਰੇ ਮੰਤਰੀ ਪ੍ਰੀਸ਼ਦ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ।

**ਰੇਮਜ਼ੇ ਮਯੂਰ ਦੇ ਅਨੁਸਾਰ**, "The Cabinet is, in short, the steering wheel of the state, but the Prime Minister Controls it".

### ਪ੍ਰਧਾਨ ਮੰਤਰੀ ਦੇ ਕੰਮ ਅਤੇ ਸ਼ਕਤੀਆਂ (Power and Functions of the Prime Minister)

ਭਾਰਤ ਦਾ ਪ੍ਰਧਾਨ ਮੰਤਰੀ ਮੰਤਰੀ ਮੰਡਲ ਰੂਪੀ ਮਹਿਰਾਬ ਦੀ ਅਧਾਰਸ਼ੀਲਾ (Key-stone of the Cabinet Arch) ਹੈ। ਇੰਗਲੈਂਡ ਦੇ ਪ੍ਰਧਾਨ ਮੰਤਰੀ ਵਾਂਗ ਉਸ ਨੂੰ ਇੰਨੀਆਂ ਵਿਆਪਕ ਸ਼ਕਤੀਆਂ ਪ੍ਰਾਪਤ ਹਨ ਕਿ ਉਸ ਨੂੰ ਦੇਸ਼ ਵਿੱਚ ਸ਼ਾਸਨ ਪ੍ਰਬੰਧ ਦਾ ਕੇਂਦਰ ਕਿਹਾ ਜਾ ਸਕਦਾ ਹੈ।

ਦੇਸ਼ ਦੇ ਸ਼ਾਸਨ ਵਿੱਚ ਕੋਈ ਵੀ ਅਜਿਹਾ ਵਿਅਕਤੀ ਨਹੀਂ, ਜਿਸ ਨੂੰ ਇੰਨੀਆਂ ਸ਼ਕਤੀਆਂ ਪ੍ਰਾਪਤ ਹੋਣ। ਇਸ ਦੇ ਕੰਮ ਅਤੇ ਸ਼ਕਤੀਆਂ ਹੇਠ ਲਿਖੀਆਂ ਹਨ-

1. **ਮੰਤਰੀ ਪ੍ਰੀਸ਼ਦ ਦਾ ਨਿਰਮਾਣ** (Formation of Council of Minister)- ਮੰਤਰੀ ਪ੍ਰੀਸ਼ਦ ਦੇ ਨਿਰਮਾਣ ਵਿੱਚ ਪ੍ਰਧਾਨ ਮੰਤਰੀ ਨੂੰ ਕੇਂਦਰੀ ਸਥਿਤੀ ਪ੍ਰਾਪਤ ਹੈ। ਸੰਵਿਧਾਨਿਕ ਦ੍ਰਿਸ਼ਟੀ ਨਾਲ ਵੀ ਰਾਸ਼ਟਰਪਤੀ ਹੋਰ ਮੰਤਰੀਆਂ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੀ ਸਿਫਾਰਿਸ਼ 'ਤੇ ਕਰਦਾ ਹੈ। ਆਪਣੀ ਨਿਯੁਕਤੀ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਪਹਿਲਾ ਕੰਮ ਇਹ ਹੁੰਦਾ ਹੈ ਕਿ ਉਹ ਆਪਣੇ ਸਾਥੀ ਮੰਤਰੀਆਂ ਨੂੰ ਚੁਣੇ। ਉਹ ਮੰਤਰੀਆਂ ਦੇ ਨਾਵਾਂ ਦੀ ਸੂਚੀ ਤਿਆਰ ਕਰਦਾ ਹੈ ਅਤੇ ਨਿਯੁਕਤੀ ਕਰਨ ਲਈ ਰਾਸ਼ਟਰਪਤੀ ਕੋਲ ਭੇਜਦਾ ਹੈ। ਮੰਤਰੀ ਪ੍ਰੀਸ਼ਦ ਦੇ ਨਿਰਮਾਣ ਵਿੱਚ ਪ੍ਰਧਾਨ ਮੰਤਰੀ ਨੂੰ ਸੁਤੰਤਰਤਾ ਪ੍ਰਾਪਤ ਹੁੰਦਾ ਹੈ, ਉਹੀ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਮੰਤਰੀ ਪ੍ਰੀਸ਼ਦ ਵਿੱਚ ਕਿੰਨੇ ਮੈਂਬਰ ਹੋਣਗੇ, ਉਨ੍ਹਾਂ ਵਿੱਚ ਵੱਖ-ਵੱਖ ਤਰ੍ਹਾਂ ਦੇ ਮੰਤਰੀਆਂ ਦੀ ਸੰਖਿਆ ਕੀ ਹੋਵੇਗੀ ਅਤੇ ਕਿਹੜੇ-ਕਿਹੜੇ ਵਿਅਕਤੀ ਮੰਤਰੀ ਪ੍ਰੀਸ਼ਦ ਵਿੱਚ ਲਏ ਜਾਣਗੇ। ਇਸ ਸਬੰਧੀ ਰਾਸ਼ਟਰਪਤੀ ਆਪਣੀ ਰੁਚੀ ਅਤੇ ਅਰੁਚੀ ਅਨੁਸਾਰ ਪ੍ਰਧਾਨ ਮੰਤਰੀ ਨੂੰ ਕਿਸੇ ਵਿਅਕਤੀ ਨੂੰ ਮੰਤਰੀ ਪ੍ਰੀਸ਼ਦ ਵਿੱਚ ਸ਼ਾਮਿਲ ਕਰਨ ਜਾਂ ਨਾ ਕਰਨ ਲਈ ਮਜਬੂਰ ਨਹੀਂ ਕਰ ਸਕਦਾ। ਉਸ ਦਾ ਆਪਣਾ ਦਲ ਵੀ ਇਸ ਸਬੰਧੀ ਉਸ ਨੂੰ ਨਿਰਦੇਸ਼ ਦੇਣ ਦੀ ਕੋਸ਼ਿਸ਼ ਨਹੀਂ ਕਰਦਾ। ਪ੍ਰਧਾਨ ਮੰਤਰੀ ਦਾ ਫੈਸਲਾ ਆਖਰੀ ਫੈਸਲਾ ਹੁੰਦਾ ਹੈ।

**ਨੋਟ**

ਪਰ ਵਿਵਹਾਰ ਵਿੱਚ ਮੰਤਰੀ ਮੰਡਲ ਦਾ ਨਿਰਮਾਣ ਕਰਦੇ ਸਮੇਂ ਪ੍ਰਧਾਨ ਮੰਤਰੀ ਨੂੰ ਨਵੀਆਂ ਗੱਲਾਂ ਧਿਆਨ ਵਿੱਚ ਰੱਖਣੀਆਂ ਪੈਂਦੀਆਂ ਹਨ, ਉਸ ਨੂੰ ਆਪਣੇ ਦਲ ਦੇ ਸਾਰੇ ਪ੍ਰਮੁੱਖ ਅਤੇ ਪ੍ਰਭਾਵਸ਼ਾਲੀ ਮੈਂਬਰਾਂ ਨੂੰ ਮੰਤਰੀ ਪ੍ਰੀਸ਼ਦ ਵਿੱਚ ਸ਼ਾਮਿਲ ਕਰਨਾ ਪੈਂਦਾ ਹੈ, ਉਸ ਨੂੰ ਇਹ ਵੀ ਦੇਖਣਾ ਪੈਂਦਾ ਹੈ ਕਿ ਮੰਤਰੀ ਪ੍ਰੀਸ਼ਦ ਵਿੱਚ ਸਾਰੇ ਰਾਜਾਂ, ਧਰਮਾਂ, ਸੰਪ੍ਰਦਾਵਾਂ ਆਦਿ ਨੂੰ ਸਹੀ ਪ੍ਰਤੀਨਿਧਤਾ ਪ੍ਰਾਪਤ ਹੋਵੇ। ਕਈ ਵਾਰ ਮੰਤਰੀ ਪ੍ਰੀਸ਼ਦ ਵਿੱਚ ਯੋਗ ਅਤੇ ਤਜ਼ਰਬੇਕਾਰ ਪ੍ਰਸ਼ਾਸਕ ਵੀ ਸ਼ਾਮਿਲ ਕੀਤੇ ਜਾਂਦੇ ਹਨ, ਉਹ ਨੌਜਵਾਨ ਵਰਗ ਦੇ ਮੈਂਬਰਾਂ ਨੂੰ ਵੀ ਕੁਝ ਜਗ੍ਹਾ ਦਿੰਦਾ ਹੈ ਤਾਂ ਕਿ ਉਨ੍ਹਾਂ ਨੂੰ ਪ੍ਰੀਖਣ ਦੇ ਕੇ ਭਵਿੱਖ ਵਿੱਚ ਸ਼ਾਸਨ ਨੂੰ ਸੰਭਾਲਣ ਦੇ ਯੋਗ ਬਣਾਇਆ ਜਾ ਸਕੇ।

2. **ਵਿਭਾਗਾਂ ਦੀ ਵੰਡ** (Distribution of Portfolios)– ਮੰਤਰੀਆਂ ਦੀ ਨਿਯੁਕਤੀ ਤੋਂ ਬਾਅਦ ਪ੍ਰਧਾਨ ਮੰਤਰੀ ਉਨ੍ਹਾਂ ਵਿੱਚ ਪ੍ਰਸ਼ਾਸਨਿਕ ਵਿਭਾਗਾਂ ਨੂੰ ਵੰਡਦਾ ਹੈ, ਉਹ ਹੀ ਇਹ ਫੈਸਲਾ ਕਰਦਾ ਹੈ ਕਿ ਕਿਹੜੇ ਮੰਤਰੀ ਕਿਹੜੇ ਵਿਭਾਗ ਦਾ ਪ੍ਰਧਾਨ ਬਣਾਇਆ ਜਾਵੇ, ਕਿਹੜਾ ਮੰਤਰੀ ਕੈਬਨਿਟ ਮੰਤਰੀ ਹੋਵੇ, ਕਿਹੜਾ ਰਾਜ ਮੰਤਰੀ ਅਤੇ ਕਿਹੜਾ ਉੱਪ ਮੰਤਰੀ। ਉਹ ਇਹ ਦੇਖਦਾ ਹੈ ਕਿ ਕਿਹੜਾ ਮੰਤਰੀ ਕਿਸ ਵਿਭਾਗ ਨੂੰ ਕੁਸ਼ਲਤਾਪੂਰਵਕ ਚਲਾ ਸਕਦਾ ਹੈ। ਵਿਭਾਗਾਂ ਦੀ ਵੰਡ ਕਰਦੇ ਸਮੇਂ ਉਹ ਆਪਣੇ ਦਲ ਦੇ ਉੱਚ ਮੈਂਬਰਾਂ ਨੂੰ ਸੰਤੁਸ਼ਟ ਕਰਨ ਦਾ ਯਤਨ ਕਰਦਾ ਹੈ। ਉਨ੍ਹਾਂ ਦੇ ਰਾਜਨੀਤਿਕ ਮਹੱਤਵ ਨੂੰ ਧਿਆਨ ਵਿੱਚ ਰੱਖਦਾ ਹੈ ਅਤੇ ਵੱਖ-ਵੱਖ ਰਾਜਾਂ, ਪ੍ਰਦੇਸ਼ਾਂ ਅਤੇ ਸੰਪ੍ਰਦਾਵਾਂ ਵੱਲ ਵਿਸ਼ੇਸ਼ ਧਿਆਨ ਦਿੰਦਾ ਹੈ ਪਰ ਇਕ ਵਿਸ਼ੇਸ਼ ਲੋਕਪ੍ਰਿਯ ਅਤੇ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਇੱਛਾ ਅਨੁਸਾਰ ਮੰਤਰੀ ਪ੍ਰੀਸ਼ਦ ਦੀ ਬਨਾਵਟ ਨਿਸ਼ਚਿਤ ਕਰਦਾ ਹੈ।

3. **ਮੰਤਰੀਆਂ ਨੂੰ ਹਟਾਉਣ ਦੀ ਸ਼ਕਤੀ** (Power to Remove Minister)– ਸਿਧਾਂਤਕ ਰੂਪ ਵਿੱਚ ਮੰਤਰੀ ਰਾਸ਼ਟਰਪਤੀ ਕੇ. ਪ੍ਰਸ਼ਾਦ-ਪਯੰਤ ਅਹੁਦੇ 'ਤੇ ਬਣੇ ਰਹਿੰਦੇ ਹਨ ਪਰ ਰਾਸ਼ਟਰਪਤੀ ਨੂੰ ਅਹੁਦੇ ਤੋਂ ਅਲੱਗ ਕਰਨ ਦਾ ਫੈਸਲਾ ਪ੍ਰਧਾਨ ਮੰਤਰੀ ਦੇ ਕਹਿਣ 'ਤੇ ਹੀ ਹੁੰਦਾ ਹੈ ਅਤੇ "ਵਿਵਹਾਰ ਵਿੱਚ ਮੰਤਰੀ ਪ੍ਰਧਾਨ ਮੰਤਰੀ ਕੇ. ਪ੍ਰਸ਼ਾਦ-ਪ੍ਰਯੰਤ ਆਪਣੇ ਅਹੁਦੇ 'ਤੇ ਰਹਿੰਦੇ ਹਨ।" ("Theoratially the Ministers hold office during the pleasure of the President but in Practice, it is the Pleasure of the Prime Minister During which they remain in office.")

> *ਕੀ ਤੁਸੀਂ ਜਾਣਦੇ ਹੋ*
>
> ਜੇਕਰ ਪ੍ਰਧਾਨ ਮੰਤਰੀ ਦੀ ਨਜ਼ਰ ਵਿੱਚ ਕੋਈ ਮੰਤਰੀ ਕੁਸ਼ਲਤਾ ਨਾਲ ਕੰਮ ਨਹੀਂ ਕਰ ਰਿਹਾ ਅਤੇ ਉਹ ਮੰਤਰੀ ਪ੍ਰਧਾਨ ਮੰਤਰੀ ਦੇ ਕਿਸੇ ਫੈਸਲੇ ਤੋਂ ਸਹਿਮਤ ਨਹੀਂ ਹੈ ਤਾਂ ਪ੍ਰਧਾਨ ਮੰਤਰੀ ਉਸ ਵਿਅਕਤੀ ਨੂੰ ਤਿਆਗ ਪੱਤਰ ਦੇਣ ਲਈ ਕਹਿ ਸਕਦਾ ਹੈ ਜੋ ਕਿ ਉਸ ਮੰਤਰੀ ਨੇ ਦੇਣਾ ਹੁੰਦਾ ਹੈ।

ਨਹੀਂ ਤਾਂ ਪ੍ਰਧਾਨ ਮੰਤਰੀ ਰਾਸ਼ਟਰਪਤੀ ਨੂੰ ਕਹਿ ਕੇ ਉਸ ਨੂੰ ਅਹੁਦੇ ਤੋਂ ਹਟਾ ਸਕਦਾ ਹੈ। ਅਸਲ ਵਿੱਚ ਇਸ ਗੱਲ ਦੀ ਨੌਬਤ ਨਹੀਂ ਆਉਂਦੀ। ਜਦੋਂ ਵੀ ਕਿਸੇ ਮੰਤਰੀ ਨੂੰ ਇਹ ਪਤਾ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਉਸ ਨੂੰ ਮੰਤਰੀ ਪ੍ਰੀਸ਼ਦ ਵਿੱਚ ਨਹੀਂ ਰੱਖਣਾ ਚਾਹੁੰਦਾ ਤਾਂ ਉਹ ਖੁਦ ਤਿਆਗ ਪੱਤਰ ਦੇ ਦਿੰਦਾ ਹੈ।

ਅਪ੍ਰੈਲ 1992 ਵਿੱਚ ਕੇਂਦਰੀ ਵਿਦੇਸ਼ ਮੰਤਰੀ ਸ਼੍ਰੀ ਮਾਧਵ ਸਿੰਘ ਸੋਲੰਕੀ ਨੂੰ ਤਿਆਗ ਪੱਤਰ ਦੇਣਾ ਪਿਆ, ਕਿਉਂਕਿ ਉਨ੍ਹਾਂ ਨੇ ਇਕ ਗੁਪਤ ਪੱਤਰ ਸਿਵਸ ਵਿਦੇਸ਼ ਮੰਤਰੀ ਨੂੰ ਦਿੱਤਾ। ਜੋ ਬੋਫੋਰਸ ਸੌਦੇ ਦੀ ਚੱਲ ਰਹੀ ਜਾਂਚ-ਪੜਤਾਲ ਨਾਲ ਸਬੰਧਿਤ ਸੀ ਅਤੇ ਜਿਸ ਦਾ ਲੋਕ ਸਭਾ ਵਿੱਚ ਹੰਗਾਮਾ ਹੋਇਆ। ਅਸੀਂ ਕਹਿ ਸਕਦੇ ਹਾਂ ਕਿ ਪ੍ਰਧਾਨ ਮੰਤਰੀ ਹੀ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ, ਉਨ੍ਹਾਂ ਵਿੱਚ ਵਿਭਾਗਾਂ ਦੀ ਵੰਡ ਕਰਦਾ ਹੈ ਅਤੇ ਉਨ੍ਹਾਂ ਨੂੰ ਅਹੁਦੇ ਤੋਂ ਅਲੱਗ ਕਰ ਸਕਦਾ ਹੈ। ਪ੍ਰਧਾਨ ਮੰਤਰੀ ਨੂੰ ਅਜਿਹੀਆਂ ਸ਼ਕਤੀਆਂ ਦਾ ਮਾਲਕ ਮੰਤਰੀਆਂ ਨੇ ਸਮੂਹਿਕ ਜ਼ਿੰਮੇਵਾਰੀ ਦੀ ਭਾਵਨਾ ਰੱਖਣ ਲਈ ਬਣਾਇਆ ਗਿਆ ਹੈ। ਜਿਵੇਂ ਕਿ **ਡਾ. ਅੰਬੇਦਕਰ** ਨੇ ਸੰਵਿਧਾਨ ਸਭਾ ਵਿੱਚ ਸਪੱਸ਼ਟ ਕੀਤਾ "ਪ੍ਰਧਾਨ ਮੰਤਰੀ ਕੈਬਨਿਟ ਰੂਪੀ ਮਹਿਰਾਵ ਦੀ ਅਧਾਰਸ਼ੀਲਾ ਹੈ ਅਤੇ ਅਸੀਂ ਜਦ ਤੱਕ ਇਸ ਅਹੁਦੇ ਦਾ ਮੰਤਰੀਆਂ ਨੂੰ ਨਿਯੁਕਤੀ ਅਤੇ ਪਦਉੱਨਤ ਕਰਨ ਦਾ ਅਧਿਕਾਰ ਨਹੀਂ ਦਿੰਦੇ, ਉਦੋਂ ਤੱਕ ਸਮੂਹਿਕ ਜ਼ਿੰਮੇਵਾਰੀ ਦੀ ਭਾਵਨਾ ਨਹੀਂ ਆ ਸਕਦੀ।" ("The Prime Minister is the key stone of the arch of the Cabinet and unless and until we create that office and endow that office with statutory authority to nominate and dismiss a minister there can be no collective responsibility.")

4. **ਲੋਕ ਸਭਾ ਦੀ ਅਗਵਾਈ ਕਰਦਾ ਹੈ** (Leader of the Lok Sabha)– ਇੰਗਲੈਂਡ ਵਾਂਗ ਭਾਰਤ ਦਾ ਪ੍ਰਧਾਨ ਮੰਤਰੀ ਲੋਕ ਸਭਾ ਦੀ ਅਗਵਾਈ ਕਰਦਾ ਹੈ। ਉਹ ਸਦਨ ਵਿੱਚ ਸਰਕਾਰ ਦੀ ਨੀਤੀ ਨਾਲ ਸਬੰਧਿਤ ਮਹੱਤਵਪੂਰਨ ਘੋਸ਼ਣਾਵਾਂ ਕਰਦਾ ਹੈ ਅਤੇ ਪ੍ਰਸ਼ਨਾਂ ਦਾ ਉੱਤਰ ਦਿੰਦਾ ਹੈ। ਉਹ ਲੋਕ ਸਭਾ ਵਿੱਚ ਵਾਦ-ਵਿਵਾਦ ਨੂੰ ਸ਼ੁਰੂ ਕਰਦਾ ਹੈ ਅਤੇ ਮੰਤਰੀਆਂ ਦੀ ਸਦਨ ਵਿੱਚ ਆਲੋਚਨਾ ਤੋਂ ਸੁਰੱਖਿਆ ਕਰਦਾ ਹੈ। ਉਹ ਆਪਣੇ ਦਲ ਦੇ ਮੈਂਬਰਾਂ ਨੂੰ ਸੁਚੇਤ (Whips) ਨਾਲ ਆਦੇਸ਼ ਅਤੇ ਨਿਰਦੇਸ਼ ਭੇਜਦਾ ਹੈ ਅਤੇ ਉਨ੍ਹਾਂ 'ਤੇ ਨਿਗਰਾਨੀ ਅਤੇ ਕੰਟਰੋਲ ਰੱਖਦਾ ਹੈ। ਸਦਨ ਦੇ ਵਿਧਾਨਿਕ ਕੰਮਾਂ 'ਤੇ ਉਸ ਦਾ ਵਿਸ਼ੇਸ਼ ਪ੍ਰਭਾਵ ਹੁੰਦਾ ਹੈ। ਸਪੀਕਰ ਨਾਲ ਮਿਲ ਕੇ ਸਦਨ ਦਾ ਕੰਮ ਕਰਦਾ ਹੈ ਅਤੇ ਸਦਨ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਸਪੀਕਰ ਹੀ ਸਹਾਇਤਾ ਕਰਦਾ ਹੈ।

**ਨੋਟ**

**5. ਰਾਸ਼ਟਰਪਤੀ ਅਤੇ ਮੰਤਰੀ ਮੰਡਲ ਵਿੱਚ ਕੜੀ ਦਾ ਕੰਮ ਕਰਦਾ ਹੈ** (Link between the President and the cabinet)– ਪ੍ਰਧਾਨ ਮੰਤਰੀ ਰਾਸ਼ਟਰਪਤੀ ਅਤੇ ਮੰਤਰੀ ਮੰਡਲ ਦੇ ਦਰਮਿਆਨ ਕੜੀ ਦਾ ਕੰਮ ਕਰਦਾ ਹੈ। ਉਹ ਰਾਸ਼ਟਰਪਤੀ ਨੂੰ ਮੰਤਰੀ ਮੰਡਲ ਨਾਲ ਕੀਤੇ ਫੈਸਲੇ ਦੀ ਸੂਚੀ ਦਿੰਦਾ ਹੈ ਅਤੇ ਰਾਸ਼ਟਰਪਤੀ ਦੇ ਵਿਚਾਰ ਮੰਤਰੀ ਮੰਡਲ ਦੇ ਸਾਹਮਣੇ ਰੱਖਦਾ ਹੈ। ਰਾਸ਼ਟਰਪਤੀ ਉਸ ਨੂੰ ਕਿਸੇ ਇਕ ਮੰਤਰੀ ਵੱਲੋਂ ਵਿਅਕਤੀਗਤ ਰੂਪ ਵਿੱਚ ਕੀਤੇ ਗਏ ਫੈਸਲਿਆਂ 'ਤੇ ਮੰਤਰੀ ਮੰਡਲ ਦਾ ਫੈਸਲਾ ਲੈਣ ਲਈ ਕਹਿ ਸਕਦਾ ਹੈ। ਉਹ ਰਾਸ਼ਟਰਪਤੀ ਦਾ ਮੁੱਖ ਸਲਾਹਕਾਰ ਹੁੰਦਾ ਹੈ। ਜੇਕਰ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਸਹਿਮਤ ਨਾਲ ਹੋਵੇ ਤਾਂ ਵੀ ਉਸ ਨੂੰ ਸਲਾਹ ਮੰਨਣੀ ਪੈਂਦੀ ਹੈ।

**6. ਕੈਬਨਿਟ ਦੀ ਅਗਵਾਈ** (Leadership of the Cabinet)– ਪ੍ਰਧਾਨ ਮੰਤਰੀ ਕੈਬਨਿਟ ਦਾ ਨੇਤਾ ਹੁੰਦਾ ਹੈ। ਉਹ ਕੈਬਨਿਟ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ। ਰਾਸ਼ਟਰਪਤੀ ਕੈਬਨਿਟ ਦੀ ਕਾਰਵਾਈ ਵਿੱਚ ਭਾਗ ਨਹੀਂ ਲੈਂਦਾ, ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਕੈਬਨਿਟ ਸਾਰੇ ਕੰਮ ਕਰਦੀ ਹੈ। ਉਹੀ ਕੈਬਨਿਟ ਦੀ ਬੈਠਕ ਬੁਲਾਉਂਦਾ ਹੈ, ਉਸ ਵਿੱਚ ਵਿਚਾਰ ਕੀਤੇ ਜਾਣ ਵਾਲੇ ਵਿਸ਼ਿਆਂ ਦੀ ਸੂਚੀ ਬਣਾਉਂਦਾ ਹੈ, ਕੈਬਨਿਟ ਵਿੱਚ ਵੱਖ-ਵੱਖ ਵਿਸ਼ਿਆਂ 'ਤੇ ਬਹਿਸ ਨੂੰ ਚਲਾਉਂਦਾ ਹੈ ਅਤੇ ਜੇਕਰ ਠੀਕ ਸਮਝੇ ਤਾਂ ਉਨ੍ਹਾਂ 'ਤੇ ਚੋਣਾਂ ਕਰਵਾਉਂਦਾ ਹੈ। ਜ਼ਿਆਦਾਤਰ ਕਿਸੇ ਨੀਤੀ 'ਤੇ ਸਹਿਮਤੀ ਤਾਂ ਹੀ ਹੁੰਦੀ ਹੈ, ਜਦ ਉਸ ਨੀਤੀ ਨੂੰ ਪ੍ਰਧਾਨ ਮੰਤਰੀ ਦੀ ਸਹਿਮਤੀ ਪ੍ਰਾਪਤ ਹੋ ਜਾਵੇਗਾ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਕੈਬਨਿਟ ਦੀ ਸਾਰੀ ਕਾਰਵਾਈ ਪ੍ਰਧਾਨ ਮੰਤਰੀ ਦੀ ਦੇਖ-ਰੇਖ ਵਿੱਚ ਹੁੰਦੀ ਹੈ।

**7. ਵੱਖ-ਵੱਖ ਵਿਭਾਗਾਂ ਵਿੱਚ ਇਕ ਕੜੀ** (As a Link between different Departments)– ਕੈਬਨਿਟ ਦਾ ਪ੍ਰਧਾਨ ਹੋਣ ਨਾਤੇ ਉਹ ਇਕ ਹੋਰ ਮਹੱਤਵਪੂਰਨ ਕੰਮ ਕਰਦਾ ਹੈ ਅਤੇ ਵੱਖ-ਵੱਖ ਵਿਭਾਗਾਂ ਵਿੱਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ, ਝਗੜਿਆਂ ਅਤੇ ਮਤਭੇਦਾਂ ਨੂੰ ਇਸ ਤਰ੍ਹਾਂ ਸੁਲਝਾਉਣਾ, ਜਿਸ ਨਾਲ ਪ੍ਰਸ਼ਾਸਕੀ ਕੁਸ਼ਲਤਾ ਬਣੀ ਰਹੇ। ਕੁਸ਼ਲ ਪ੍ਰਸ਼ਾਸਨ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਆਪਸੀ ਸਹਿਯੋਗ ਅਤੇ ਸਾਧਨਾਂ ਦਾ ਸਮਨਵਯ ਹੋਵੇ। ਅਜਿਹੇ ਉਦੇਸ਼ ਲਈ ਪ੍ਰਧਾਨ ਮੰਤਰੀ ਵੱਖ-ਵੱਖ ਵਿਭਾਗਾਂ ਵਿੱਚ ਕੜੀ ਵਾਂਗ ਕੰਮ ਕਰਦਾ ਹੈ। ਉਹ ਵਿਭਾਗੀ ਮਤਭੇਦਾਂ ਨੂੰ ਦੂਰ ਕਰਨ ਲਈ ਵਿਚਕਾਰ ਅਤੇ ਫੈਸਲਾ ਕਰਨ ਵਾਲੇ ਦੇ ਰੂਪ ਵਿੱਚ ਕੰਮ ਕਰਦਾ ਹੈ।

**8. ਰਾਸ਼ਟਰਪਤੀ ਦਾ ਮੁੱਖ ਸਲਾਹਕਾਰ** (Chief Advisor of the President)– ਪ੍ਰਧਾਨ ਮੰਤਰੀ ਰਾਸ਼ਟਰਪਤੀ ਦਾ ਮੁੱਖ ਸਲਾਹਕਾਰ ਹੈ। ਰਾਸ਼ਟਰਪਤੀ ਹਰੇਕ ਮਾਮਲੇ 'ਤੇ ਪ੍ਰਧਾਨ ਮੰਤਰੀ ਦੀ ਸਲਾਹ ਲੈਂਦਾ ਹੈ ਅਤੇ ਉਸ ਵੱਲੋਂ ਦਿੱਤੀ ਗਈ ਸਲਾਹ ਅਨੁਸਾਰ ਹੀ ਕੰਮ ਕਰਦਾ ਹੈ, ਉਹ ਉਸ ਦੀ ਸਲਾਹ ਨੂੰ ਮੰਨਣ ਲਈ ਵਚਨਬੱਧ ਹੈ। ਰਾਸ਼ਟਰਪਤੀ ਨੂੰ ਪ੍ਰਸ਼ਾਸਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਸੂਚਨਾ ਪ੍ਰਾਪਤ ਕਰਨੀ ਹੋਵੇ ਤਾਂ ਉਹ ਕਿਸੇ ਹੋਰ ਮੰਤਰੀ ਨਾਲ ਸਿੱਧੀ ਗੱਲ ਨਾ ਕਰਕੇ ਪ੍ਰਧਾਨ ਮੰਤਰੀ ਨਾਲ ਹੀ ਗੱਲ ਕਰਦਾ ਹੈ ਅਤੇ ਸੂਚਨਾ ਪ੍ਰਾਪਤ ਕਰਦਾ ਹੈ।

**9. ਰਾਸ਼ਟਰ ਦਾ ਨੇਤਾ** (Leader of the Nation)– ਪ੍ਰਧਾਨ ਮੰਤਰੀ ਸੰਸਦ ਵਿੱਚ ਬਹੁਮਤ ਪ੍ਰਾਪਤ ਰਾਜਨੀਤਿਕ ਦਲ ਦਾ ਨੇਤਾ ਹੀ ਨਹੀਂ, ਰਾਸ਼ਟਰ ਦਾ ਵੀ ਨੇਤਾ ਹੈ। ਉਹ ਆਪਣੀ ਉੱਚ ਪਦਵੀ ਕਾਰਨ ਰਾਸ਼ਟਰ ਦਾ ਸਭ ਤੋਂ ਮਹੱਤਵਪੂਰਨ ਅਧਿਕਾਰੀ ਬਣ ਜਾਂਦਾ ਹੈ, ਉਸ ਨੂੰ ਉਹ ਗੌਰਵ ਪ੍ਰਾਪਤ ਹੁੰਦਾ ਹੈ ਜੋ ਕਿਸੇ ਹੋਰ ਮੰਤਰੀ ਨੂੰ ਪ੍ਰਾਪਤ ਨਹੀਂ ਹੁੰਦਾ। ਉਹ ਰਾਸ਼ਟਰ ਦਾ ਇਕਮਾਤਰ ਪ੍ਰਤੀਨਿਧੀ ਹੈ। ਸੰਕਟ ਸਮੇਂ ਸਾਰਾ ਰਾਸ਼ਟਰ ਉਸ ਦੀ ਅਗਵਾਈ ਨੂੰ ਸਵੀਕਾਰ ਕਰਦਾ ਹੈ। ਸੰਕਟਕਾਲੀਨ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਵਿਰੋਧੀ ਦਲ ਵੀ ਉਸ ਨੂੰ ਆਪਣਾ ਪੂਰਨ ਸਹਿਯੋਗ ਦਿੰਦੇ ਹਨ। ਦੂਸਰੇ ਦੇਸ਼ ਵਿੱਚ ਪ੍ਰਧਾਨ ਮੰਤਰੀ ਦਾ ਸਾਹਮਣਾ ਇਕ ਰਾਸ਼ਟਰ ਦੇ ਨੇਤਾ ਦੇ ਰੂਪ ਵਿੱਚ ਕੀਤਾ ਜਾਂਦਾ ਹੈ।

**10. ਦਲ ਦਾ ਨੇਤਾ** (Leader of the Party)– ਪ੍ਰਧਾਨ ਮੰਤਰੀ ਸੰਸਦ ਵਿੱਚ ਬਹੁਤ ਪ੍ਰਾਪਤ ਰਾਜਨੀਤਿਕ ਦਲ ਦਾ ਨੇਤਾ ਹੀ ਨਹੀਂ ਹੁੰਦਾ, ਉਹ ਆਪਣੇ ਦਲ ਦਾ ਸਰਵਉੱਚ ਨੇਤਾ ਹੁੰਦਾ ਹੈ। ਉਸ ਦਾ ਸਾਰਾ ਦਲ ਉਸ ਦੇ ਸਹਾਰੇ ਹੀ ਚੱਲਦਾ ਹੈ। ਆਮ ਚੋਣਾਂ ਅਸਲ ਵਿੱਚ ਪ੍ਰਧਾਨ ਮੰਤਰੀ ਦੀ ਹੀ ਚੋਣ ਹੁੰਦੀ ਹੈ। ਦਲ ਨੂੰ ਚੰਗੀ ਤਰ੍ਹਾਂ ਸੰਗਠਿਤ ਕਰਨ, ਦਲ ਦੀਆਂ ਨੀਤੀਆਂ ਨਿਰਧਾਰਿਤ ਕਰਨ ਅਤੇ ਪ੍ਰੋਗਰਾਮ ਤਿਆਰ ਕਰਨ, ਚੋਣਾਂ ਸਬੰਧੀ ਪ੍ਰਚਾਰ ਕਰਨ ਵਿੱਚ ਪ੍ਰਧਾਨ ਮੰਤਰੀ ਦਾ ਪ੍ਰਮੁੱਖ ਹੱਥ ਹੁੰਦਾ ਹੈ। ਚੋਣਾਂ ਸਮੇਂ ਜਿੰਨੇ ਭਾਸ਼ਣ ਦਿੰਦਾ ਹੈ ਅਤੇ ਉਨ੍ਹਾਂ ਦਾ ਲੋਕਾਂ 'ਤੇ ਕਿੰਨਾ ਪ੍ਰਭਾਵ ਪੈਂਦਾ ਹੈ, ਉਹ ਦਲ ਕਿਸੇ ਹੋਰ ਨੇਤਾ ਦਾ ਨਹੀਂ ਹੁੰਦਾ। ਆਮ ਚੋਣਾਂ ਵਿੱਚ ਉਸ ਦਲ ਦੀ ਜਿੱਤ ਅਸਲ ਵਿੱਚ ਪ੍ਰਧਾਨ ਮੰਤਰੀ ਦੀ ਹੀ ਜਿੱਤ ਹੁੰਦੀ ਹੈ।

**11. ਸਰਕਾਰ ਦੀ ਯੋਗਤਾ ਲਈ ਜ਼ਿੰਮੇਵਾਰ** (Responsible for able Government)– ਪ੍ਰਧਾਨ ਮੰਤਰੀ ਨੂੰ ਹਮੇਸ਼ਾ ਇਹ ਧਿਆਨ ਰੱਖਣਾ ਪੈਂਦਾ ਹੈ ਕਿ ਉਸ ਦੀ ਸਰਕਾਰ ਅਤੇ ਪਾਰਟੀ ਦੀ ਦੇਸ਼ ਵਿੱਚ ਸਾਖ ਬਣੀ ਰਹੇ। ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਹ ਮੰਤਰੀ ਮੰਡਲ ਵਿੱਚ ਮੌਕੇ 'ਤੇ ਪਰਿਵਰਤਨ ਵੀ ਕਰਦਾ ਹੈ। ਨਵੇਂ ਮੰਤਰੀਆਂ ਨੂੰ ਨਿਯੁਕਤ ਕਰਦਾ ਹੈ ਅਤੇ ਜੇਕਰ ਅਜਿਹਾ ਮਹਿਸੂਸ ਕਰੇ ਕਿ ਕਿਸੇ ਵਿਸ਼ੇਸ਼ ਮੰਤਰੀ ਦਾ ਮੰਤਰੀ ਮੰਡਲ ਵਿੱਚ ਹੋਣਾ ਸਰਕਾਰ ਦੇ ਹਿੱਤ ਵਿੱਚ ਅਤੇ ਭਾਵ ਵਿੱਚ ਨਹੀਂ ਹੈ ਤਾਂ ਉਹ ਅਜਿਹੇ ਮੰਤਰੀ ਨੂੰ ਅਹੁਦੇ ਤੋਂ ਹਟਾ ਸਕਦਾ ਹੈ। **ਲਾਸਕੀ** ਦੇ ਸ਼ਬਦਾਂ ਵਿੱਚ "ਪ੍ਰਧਾਨ ਮੰਤਰੀ ਜਿਵੇਂ ਚਾਹੇ ਆਪਣੀ ਮੰਡਲੀ ਵਿੱਚ ਪਰਿਵਰਤਨ ਕਰ ਸਕਦਾ ਹੈ।" ("He can shuffle his pack whenever he so likes") **ਡਾ. ਅੰਬੇਦਕਰ** ਨੇ ਸੰਵਿਧਾਨ ਸਭਾ ਵਿੱਚ

ਨੋਟ

ਕਿਹਾ ਸੀ, "ਕੈਬਨਿਟ ਰੂਪੀ ਮਹਿਰਾਵ ਦਾ ਵਿਚਕਾਰਲਾ ਸਤੰਭ ਹੈ, ਜਦ ਤੱਕ ਅਸੀਂ ਉਸ ਨੂੰ ਵਿਧਾਨਿਕ ਅਧਾਰ 'ਤੇ ਮੰਤਰੀ ਮੰਡਲ ਦੇ ਮੈਂਬਰਾਂ ਨੂੰ ਨਿਯੁਕਤ ਕਰਨ ਅਤੇ ਪਦਉੱਨਤ ਕਰਨ ਦਾ ਅਧਿਕਾਰ ਨਹੀਂ ਦਿੰਦੇ, ਸਮੂਹਿਕ ਜ਼ਿੰਮੇਵਾਰੀ ਦਾ ਸਿਧਾਂਤ ਲਾਗੂ ਕੀਤਾ ਜਾ ਸਕਦਾ ਹੈ।"

12. **ਸਰਕਾਰ ਦਾ ਮੁਖੀ** (Head of the Government)– ਭਾਰਤ ਵਿੱਚ ਸੰਸਦੀ ਸਰਕਾਰ ਹੈ, ਜਿਸ ਵਿੱਚ ਰਾਸ਼ਟਰ ਦਾ ਮੁਖੀ ਰਾਸ਼ਟਰਪਤੀ ਹੈ ਅਤੇ ਸਰਕਾਰ ਦਾ ਅਸਲੀ ਮੁਖੀ ਪ੍ਰਧਾਨ ਮੰਤਰੀ ਹੈ। ਰਾਸ਼ਟਰਪਤੀ ਦੀ ਕਾਰਜ ਪਾਲਿਕਾ, ਨਿਆ ਪਾਲਿਕਾ, ਆਪਾਤਕਾਲੀਨ ਆਦਿ ਸਾਰੀਆਂ ਸ਼ਕਤੀਆਂ ਦਾ ਇਸਤੇਮਾਲ ਪ੍ਰਧਾਨ ਮੰਤਰੀ ਕਰਦਾ ਹੈ ਅਤੇ ਰਾਸ਼ਟਰਪਤੀ ਕੇਵਲ ਸਲਾਹ ਅਤੇ ਉਤਸ਼ਾਹ ਦੇ ਸਕਦਾ ਹੈ ਅਤੇ ਲੋੜ ਪੈਣ 'ਤੇ ਚੇਤਾਵਨੀ ਵੀ ਦੇ ਸਕਦਾ ਹੈ। ("The president like the British Crown can advise, encourage or warn.") ਉਹ ਗ੍ਰਹਿ ਅਤੇ ਵਿਦੇਸ਼ੀ ਨੀਤੀ ਦਾ ਨਿਰਮਾਣ ਕਰਦਾ ਹੈ। ਉਹ ਸਾਰੀਆਂ ਮਹਾਨ ਨੀਤੀਆਂ ਨੂੰ ਮੰਤਰੀ ਮੰਡਲ ਵੱਲੋਂ ਘੋਸ਼ਣਾ ਵੀ ਕਰਦਾ ਹੈ। ਬਜਟ ਵੀ ਉਸ ਦੀ ਦੇਖ–ਰੇਖ ਵਿੱਚ ਤਿਆਰ ਕੀਤਾ ਜਾਂਦਾ ਹੈ। ਸੰਵਿਧਾਨਿਕ ਰੂਪ ਵਿੱਚ ਉੱਚੇ ਅਹੁਦਿਆਂ 'ਤੇ ਨਿਯੁਕਤੀਆਂ ਕਰਨ ਅਤੇ ਉਪਾਧੀਆਂ (Titles) ਦੇਣ ਦਾ ਅਧਿਕਾਰ ਰਾਸ਼ਟਰਪਤੀ ਨੂੰ ਹੈ ਪਰ ਇਸਤੇਮਾਲ ਵਿੱਚ ਰਾਸ਼ਟਰਪਤੀ ਪ੍ਰਧਾਨ ਮਰਤੀ ਦੀ ਸਹਿਮਤੀ ਤੋਂ ਬਿਨਾਂ ਨਾ ਕੋਈ ਨਿਯੁਕਤੀ ਕਰਦਾ ਹੈ ਅਤੇ ਨਾ ਹੀ ਕੋਈ ਉਪਾਧੀ ਦਿੰਦਾ ਹੈ। ਇਨ੍ਹਾਂ ਉੱਚ ਅਧਿਕਾਰੀਆਂ ਦਾ ਇਸਤੇਮਾਲ ਪ੍ਰਧਾਨ ਮੰਤਰੀ ਵੱਲੋਂ ਹੀ ਕੀਤਾ ਜਾਂਦਾ ਹੈ।

13. **ਵਿਦੇਸ਼ੀ ਨੀਤੀ ਵਿੱਚ ਸਰਕਾਰ ਦਾ ਮੁੱਖ ਪ੍ਰਤੀਨਿਧੀ** (Chief Spokesman of the Government on Foreign Policy)– ਪ੍ਰਧਾਨ ਮੰਤਰੀ ਵਿਦੇਸ਼ੀ ਮਾਮਲਿਆਂ ਵਿੱਚ ਵਿਸ਼ੇਸ਼ ਰੁਚੀ ਰੱਖਦਾ ਹੈ ਅਤੇ ਉਨ੍ਹਾਂ 'ਤੇ ਕੰਟਰੋਲ ਰੱਖਦਾ ਹੈ। ਵਿਦੇਸ਼ੀ ਨੀਤੀ ਦੇ ਨਿਰਮਾਣ ਵਿੱਚ ਉਸ ਦਾ ਮਹੱਤਵਪੂਰਨ ਹਿੱਸਾ ਹੁੰਦਾ ਹੈ। ਉਹੀ ਵਿਦੇਸ਼ੀ ਮਾਮਲਿਆਂ ਵਿੱਚ ਸਬੰਧਿਤ ਮਹੱਤਵਪੂਰਨ ਘੋਸ਼ਣਾਵਾਂ ਕਰਦਾ ਹੈ। ਉਸੇ ਤਰ੍ਹਾਂ ਵਿਦੇਸ਼ੀ ਮਾਮਲਿਆਂ ਦਾ ਵਿਭਾਗ ਵਿਦੇਸ਼ੀ ਮੰਤਰੀ ਦੇ ਅਧੀਨ ਹੁੰਦਾ ਹੈ ਪਰ ਵਿਦੇਸ਼ੀ ਮੰਤਰੀ ਪ੍ਰਧਾਨ ਮੰਤਰੀ ਦੀ ਸਲਾਹ ਤੋਂ ਬਿਨਾਂ ਕੋਈ ਮਹੱਤਵਪੂਰਨ ਕੰਮ ਨਹੀਂ ਕਰਦਾ। ਵਿਦੇਸ਼ ਮੰਤਰੀ ਉਸ ਦਾ ਬਹੁਤ ਭਰੋਸੇਯੋਗ ਪ੍ਰਾਪਤ ਮੰਤਰੀ ਹੁੰਦਾ ਹੈ। ਜਿੰਨਾ ਗਹਿਰਾ ਸਬੰਧ ਪ੍ਰਧਾਨ ਮੰਤਰੀ ਅਤੇ ਵਿਦੇਸ਼ੀ ਮੰਤਰੀ ਵਿੱਚ ਹੁੰਦਾ ਹੈ, ਉਂਨਾ ਸ਼ਾਇਦ ਹੀ ਪ੍ਰਧਾਨ ਮੰਤਰੀ ਅਤੇ ਕਿਸੇ ਹੋਰ ਮੰਤਰੀ ਵਿੱਚ ਹੋਵੇ।

14. **ਲੋਕ ਸਭਾ ਨੂੰ ਭੰਗ ਕਰਵਾਉਣ ਦਾ ਅਧਿਕਾਰ** (Power to get the Lok Sabha dissolved)– ਰਾਸ਼ਟਰਪਤੀ ਲੋਕ ਸਭਾ ਨੂੰ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਹੀ ਭੰਗ ਕਰਦਾ ਹੈ ਪਰ ਜੇਕਰ ਰਾਸ਼ਟਰਪਤੀ ਇਹ ਸਮਝੇ ਕਿ ਲੋਕ ਸਭਾ ਨੂੰ ਭੰਗ ਕਰਨਾ ਰਾਸ਼ਟਰ ਦੇ ਹਿੱਤ ਵਿੱਚ ਨਹੀਂ ਹੈ ਤਾਂ ਉਹ ਪ੍ਰਧਾਨ ਮੰਤਰੀ ਦੀ ਸਲਾਹ ਨੂੰ ਮੰਨਣ ਤੋਂ ਇਨਕਾਰ ਕਰ ਸਕਦਾ ਹੈ। ਦਸੰਬਰ 1970 ਵਿੱਚ ਰਾਸ਼ਟਰਪਤੀ ਵੀ. ਵੀ. ਗਿਰੀ ਨੇ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਲੋਕ ਸਭਾ ਭੰਗ ਕੀਤੀ। 18 ਜੂਨ 1977 ਨੂੰ ਰਾਸ਼ਟਰਪਤੀ ਸ਼੍ਰੀ ਫਖਰੂਦੀਨ ਅਲੀ ਅਹਿਮਦ ਨੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੀ ਸਲਾਹ 'ਤੇ ਲੋਕ ਸਭਾ ਭੰਗ ਕੀਤੀ। 22 ਅਗਸਤ 1979 ਨੂੰ ਰਾਸ਼ਟਰਪਤੀ ਸੰਜੀਵਾ ਰੈਡੀ ਨੇ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਦੀ ਸਲਾਹ 'ਤੇ ਲੋਕ ਸਭਾ ਨੂੰ ਭੰਗ ਕੀਤਾ, ਜਿਸ 'ਤੇ ਜਨਤਾ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਇਸ ਕੰਮ ਦੀ ਕੜੀ ਆਲੋਚਨਾ ਕੀਤੀ ਗਈ। ਜਨਤਾ ਪਾਰਟੀ ਦਾ ਕਹਿਣਾ ਸੀ ਕਿ ਰਾਸ਼ਟਰਪਤੀ ਦੇ ਇਸ ਕੰਮ ਦੀ ਕੜੀ ਅਲੋਚਨਾ ਕੀਤੀ ਗਈ। ਜਨਤਾ ਪਾਰਟੀ ਦਾ ਕਹਿਣਾ ਸੀ ਕਿ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਦੀ ਸਲਾਹ ਮੰਨਣ ਤੋਂ ਇਨਕਾਰ ਕਰਨਾ ਚਾਹਿਆ ਸੀ ਅਤੇ ਜਨਤਾ ਪਾਰਟੀ ਦੇ ਨੇਤਾ ਜਗਜੀਵਨ ਰਾਮ ਨੂੰ ਸਰਕਾਰ ਬਣਾਉਣ ਦਾ ਕੰਟਰੋਲ ਦੇਣਾ ਚਾਹਿਆ।

15. **ਪ੍ਰਧਾਨ ਮੰਤਰੀ ਰਾਸ਼ਟਰ ਮੰਡਲ ਦੇ ਦੇਸ਼ਾਂ ਨਾਲ ਚੰਗੇ ਸਬੰਧ ਸਥਾਪਿਤ ਕਰਦਾ ਹੈ** (Prime Minister maintains Good Relations with Common Wealth Countries)– ਭਾਰਤ ਰਾਸ਼ਟਰ ਮੰਡਲ ਦਾ ਮੈਂਬਰ ਹੈ, ਜਿਸ ਕਾਰਨ ਰਾਸ਼ਟਰ ਮੰਡਲ ਦੇ ਦੇਸ਼ਾਂ ਨਾਲ ਮਹੱਤਵਪੂਰਨ ਸਬੰਧ ਸਥਾਪਿਤ ਕਰਨਾ ਪ੍ਰਧਾਨ ਮੰਤਰੀ ਦਾ ਕੰਮ ਹੈ। ਪ੍ਰਧਾਨ ਮੰਤਰੀ ਰਾਸ਼ਟਰ ਮੰਡਲ ਦੀਆਂ ਬੈਠਕਾਂ ਵਿੱਚ ਭਾਗ ਲੈਂਦਾ ਹੈ। ਸਾਬਕਾ ਪ੍ਰਧਾਨ ਮੰਤਰੀ ਮੋਰਾਰ ਜੀ ਦੇਸਾਈ ਰਾਸ਼ਟਰ ਮੰਡਲ ਦੀਆਂ ਬੈਠਕਾਂ ਵਿੱਚ ਹਿੱਸਾ ਲੈਂਦੇ ਸਨ। ਇਨ੍ਹਾਂ ਨੇ ਰਾਸ਼ਟਰ ਮੰਡਲ ਦੀ ਬੈਠਕ ਜੋ ਇੰਗਲੈਂਡ ਵਿੱਚ 8 ਜੂਨ 1977 ਨੂੰ ਹੋਈ ਸੀ, ਵਿੱਚ ਹਿੱਸਾ ਲਿਆ ਸੀ।

16. **ਪ੍ਰਧਾਨ ਮੰਤਰੀ ਅਤੇ ਸੁਰੱਖਿਆ** (Prime Minister and the Defence)– ਰਾਸ਼ਟਰ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ 'ਤੇ ਹੀ ਹੁੰਦੀ ਹੈ। ਇਸ ਕਾਰਨ ਉਸ ਦੀ ਰੱਖਿਆ ਵਿਭਾਗ 'ਤੇ ਪੂਰਾ ਕੰਟਰੋਲ ਹੁੰਦਾ ਹੈ। ਰਾਸ਼ਟਰ ਦੀ ਸੁਰੱਖਿਆ ਲਈ ਜੋ ਵੀ ਜ਼ਰੂਰੀ ਵਿਵਸਥਾਵਾਂ ਹੁੰਦੀਆਂ ਹਨ, ਉਨ੍ਹਾਂ ਦਾ ਉਹ ਪੂਰੀ ਤਰ੍ਹਾਂ ਨਾਲ ਧਿਆਨ ਰੱਖਦਾ ਹੈ। ਰਾਸ਼ਟਰ ਦੀ ਸੁਰੱਖਿਆ ਅਤੇ ਵਿਦੇਸ਼ੀ ਨੀਤੀ ਨਾਲ ਗਹਿਰਾ ਸਬੰਧ ਹੁੰਦਾ ਹੈ ਅਤੇ ਉਹ ਦੋਵਾਂ ਹੀ ਵਿਭਾਗਾਂ ਦੇ ਕੰਮਾਂ ਦੇ ਸਬੰਧ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਦੇਸ਼ ਦੀ ਹਾਰ–ਜਿੱਤ ਉਸ ਦੀ ਹੈ। ਉਦਾਹਰਣ ਦ ਤੌਰ 'ਤੇ 1965 ਦੇ ਯੁੱਧ ਵਿੱਚ ਪਾਕਿਸਤਾਨ ਦੀ ਜਿੱਤ ਦਾ ਖੇਤਰ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਨੂੰ ਮਿਲਿਆ। ਪ੍ਰਧਾਨ ਮੰਤਰੀ ਰਾਸ਼ਟਰ ਦੀ ਸੁਰੱਖਿਆ ਲਈ ਕੈਬਨਿਟ ਤੋਂ ਸਲਾਹ ਲੈ ਕੇ ਇਹ ਫੈਸਲਾ ਕਰਦਾ ਹੈ ਕਿ ਕਿਸ ਰਾਸ਼ਟਰ ਨਾਲ ਸੰਧੀ ਕੀਤੀ ਜਾਵੇ, ਕਿਸ ਰਾਸ਼ਟਰ ਨਾਲ ਕਿਸ ਤਰ੍ਹਾਂ ਕੋਲੋਂ ਅਸਤਰ ਲਏ ਜਾਣ ਅਤੇ ਸੰਕਟ ਸਮੇਂ ਕਿਸ ਰਾਸ਼ਟਰ ਦੀ ਸਹਾਇਤਾ ਲਈ ਜਾਵੇ।

17. **ਪ੍ਰਧਾਨ ਮੰਤਰੀ ਦਾ ਅਰਥ ਵਿਵਸਥਾ 'ਤੇ ਕੰਟਰੋਲ** (Control of the Prime Minister over Economy)– ਪ੍ਰਧਾਨ ਮੰਤਰੀ ਦਾ ਦੇਸ਼ ਦੀ ਅਰਥ ਵਿਵਸਥਾ 'ਤੇ ਪੂਰਾ ਕੰਟਰੋਲ ਹੁੰਦਾ ਹੈ। ਅਰਥ ਵਿਵਸਥਾ ਦੀ ਅਸਫਲਤਾ ਦੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ 'ਤੇ ਹੀ ਹੁੰਦੀ ਹੈ। ਜੁਲਾਈ 1969 ਤੋਂ ਜੂਨ 1970 ਤੱਕ ਵਿੱਤ ਵਿਭਾਗ ਸ਼੍ਰੀਮਤੀ ਇੰਦਰਾ ਗਾਂਧੀ ਨੇ ਸੰਭਾਲਿਆ ਸੀ।

ਨੋਟ

18. **ਸਰਕਾਰ ਦਾ ਪ੍ਰਮੁੱਖ ਪ੍ਰਤੀਨਿਧੀ** (Chief Spokesman of the Government)– ਸੰਸਦ ਅਤੇ ਜਨਤਾ ਦੇ ਸਾਹਮਣੇ ਮੰਤਰੀ ਮੰਡਲ ਦੀ ਨੀਤੀ ਅਤੇ ਨਿਰਮਾਣ ਦੀ ਘੋਸ਼ਣਾ ਪ੍ਰਧਾਨ ਮੰਤਰੀ ਵੱਲੋਂ ਕੀਤੀ ਜਾਂਦੀ ਹੈ। ਉਹ ਸਾਰੇ ਪ੍ਰਸ਼ਾਸਕੀ ਵਿਭਾਗਾਂ ਦੀ ਜਾਣਕਾਰੀ ਰੱਖਦਾ ਹੈ ਅਤੇ ਜਦੋਂ ਕਦੀ ਕੋਈ ਮੰਤਰੀ ਸੰਕਟ ਵਿੱਚ ਹੋਵੇ, ਤਾਂ ਉਸ ਦੀ ਸਹਾਇਤਾ ਕਰਕੇ ਮੰਤਰੀ ਮੰਡਲ ਰੂਪੀ ਕਿਸ਼ਤੀ ਨੂੰ ਡੁੱਬਣ ਤੋਂ ਬਚਾਉਣ ਦਾ ਕੰਮ ਪ੍ਰਧਾਨ ਮੰਤਰੀ ਕਰਦਾ ਹੈ।

19. **ਪ੍ਰਧਾਨ ਮੰਤਰੀ ਅਤੇ ਜਨਮਤ** (Prime Minister and the Public Opinion)– ਪ੍ਰਧਾਨ ਮੰਤਰੀ ਦਾ ਜਨਤਾ ਨਾਲ ਵਿਸ਼ੇਸ਼ ਸਬੰਧ ਹੁੰਦਾ ਹੈ। ਪ੍ਰਧਾਨ ਮੰਤਰੀ ਦੀ ਭੂਮਿਕਾ, ਕੰਮਾਂ ਅਤੇ ਨੀਤੀ ਦਾ ਪ੍ਰਭਾਵ ਜਨਤਾ 'ਤੇ ਪੈਂਦਾ ਹੈ ਅਤੇ ਜਨਮਤ ਦੇ ਸਮਰਥਨ ਦਾ ਪ੍ਰਭਾਵ ਪ੍ਰਧਾਨ ਮੰਤਰੀ 'ਤੇ ਪੈਂਦਾ ਹੈ। ਸੰਚਾਰ ਦੇ ਸਾਧਨਾਂ ਜਿਵੇਂ ਰੇਡਿਓ, ਟੈਲੀਵਿਜ਼ਨ ਆਦਿ 'ਤੇ ਸਰਕਾਰ ਦਾ ਹੀ ਕੰਟਰੋਲ ਹੁੰਦਾ ਹੈ। ਇਨ੍ਹਾਂ ਸਾਧਨਾਂ ਨਾਲ ਪ੍ਰਧਾਨ ਮੰਤਰੀ ਜਨਮਤ ਨੂੰ ਆਪਣੇ ਪੱਖ ਵਿੱਚ ਕਰ ਲੈਂਦਾ ਹੈ। ਇਸ ਨਾਲ ਉਸ ਦੀ ਸ਼ਕਤੀ ਦ੍ਰਿੜ ਹੁੰਦੀ ਹੈ। ਨਹਿਰੂ ਅਤੇ ਇੰਦਰਾ ਗਾਂਧੀ ਨੇ ਜਨਮਤ ਆਪਣੇ ਪੱਖ ਵਿੱਚ ਕਰਕੇ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ।

20. **ਰਾਜਾਂ ਦੇ ਕੰਮਾਂ ਦੀ ਸਮੀਖਿਆ** (Evaluation of the Work of States of the Prime Minister)– ਪ੍ਰਧਾਨ ਮੰਤਰੀ ਨੂੰ ਰਾਜ ਸਰਕਾਰਾਂ ਦੇ ਕੰਮਕਾਜ ਦੀ ਸਮੀਖਿਆ ਦਾ ਅਧਿਕਾਰ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਜੁਲਾਈ 1983 ਨੂੰ ਮੱਧ ਪ੍ਰਦੇਸ਼ ਦੇ ਵਿਭਾਗਾਂ ਵਿੱਚ ਕੰਮ ਦੀ ਸਮੀਖਿਆ ਕੀਤੀ।

21. **ਪ੍ਰਧਾਨ ਮੰਤਰੀ ਦੀਆਂ ਆਪਾਤਕਾਲੀਨ ਸ਼ਕਤੀਆਂ** (Emergency Powers of the Prime Minister)– ਭਾਰਤੀ ਸੰਵਿਧਾਨ ਅਧੀਨ 352, 356, 360 ਵੱਲੋਂ ਭਾਰਤ ਦੇ ਰਾਸ਼ਟਰਪਤੀ ਇਨ੍ਹਾਂ ਸ਼ਕਤੀਆਂ ਦਾ ਇਸਤੇਮਾਲ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਹੀ ਕਰਦਾ ਹੈ। ਜਿਵੇਂ ਅਕਤੂਬਰ 1962 ਵਿੱਚ ਚੀਨ ਦੇ ਹਮਲੇ ਸਮੇਂ 3 ਦਸੰਬਰ 1971 ਨੂੰ ਪਾਕਿਸਤਾਨ ਦੇ ਹਮਲੇ ਸਮੇਂ ਅਤੇ 26 ਜੂਨ 1975 ਨੂੰ ਅੰਦਰਲੀ ਵਿਵਸਕਾ ਖਰਾਬ ਹੋਣ 'ਤੇ ਅਨੁਛੇਦ 352 ਦੇ ਅਧੀਨ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਹੀ ਆਪਾਤਕਾਲੀਨ ਸਥਿਤੀ ਦੀ ਘੋਸ਼ਣਾ ਕੀਤੀ ਸੀ। ਇਸੇ ਤਰ੍ਹਾਂ ਅਨੁਛੇਦ 356 ਦੇ ਅਧੀਨ ਰਾਜਾਂ ਵਿੱਚ ਰਾਸ਼ਟਰਪਤੀ ਸ਼ਾਸਨ ਵੀ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਲਗਾਇਆ ਜਾਂਦਾ ਹੈ। 44ਵੀਂ ਸੋਧ ਦੇ ਅਨੁਸਾਰ ਰਾਸ਼ਟਰਪਤੀ ਅਨੁਛੇਦ 352 ਦੇ ਅਧੀਨ ਆਪਾਤਕਾਲ ਦੀ ਘੋਸ਼ਣਾ ਤਾਂ ਹੀ ਕਰ ਸਕਦਾ ਹੈ, ਜੇਕਰ ਮੰਤਰੀ ਮੰਡਲ ਆਪਾਤਕਾਲ ਦੀ ਘੋਸ਼ਣ ਕਰਨ ਦੀ ਲਿਖਤੀ ਸਲਾਹ ਦੇਣ। ਅਪ੍ਰੈਲ 1977 ਨੂੰ ਕਾਰਵਾਈ ਰਾਸ਼ਟਰਪਤੀ ਬੀ. ਡੀ. ਜੋਤੀ ਨੇ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਨੌਂ ਵਿਧਾਨ ਸਭਾਵਾਂ ਨੂੰ ਭੰਗ ਕੀਤਾ।

22. **ਨਿਯੁਕਤੀਆਂ ਕਰਨ ਦਾ ਅਧਿਕਾਰ** (Power of Making Appointments)– ਰਾਸ਼ਟਰਪਤੀ ਵੱਡੇ-ਵੱਡੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਪ੍ਰਧਾਨ ਮੰਤਰੀ ਦੀ ਸਲਾਹ ਅਤੇ ਮਨਜ਼ੂਰੀ ਨਾਲ ਕਰਦਾ ਹੈ। ਦੂਸਰੇ ਦੇਸ਼ਾਂ ਵਿੱਚ ਭੇਜੇ ਜਾਣ ਵਾਲੇ ਰਾਜਦੂਤ, ਰਾਜਾਂ ਦੇ ਗਵਰਨਰ, ਅਟਾਰਨੀ ਜਨਰਲ (Attorney General), ਕੰਟਰੋਲਰ ਅਤੇ ਆਡੀਟਰ ਜਨਰਲ (Comptroller & Auditor General), ਸੰਘੀ ਲੋਕ ਸੇਵਾ ਆਯੋਗ ਅਤੇ ਚੋਣ ਆਯੋਗ ਆਦਿ ਦੇ ਪ੍ਰਧਾਨਾਂ ਅਤੇ ਮੈਂਬਰਾਂ ਦੀਆਂ ਨਿਯੁਕਤੀਆਂ ਪ੍ਰਧਾਨ ਮੰਤਰੀ ਦੀ ਸਿਫਾਰਸ਼ 'ਤੇ ਹੀ ਕੀਤੀਆਂ ਜਾਂਦੀਆਂ ਹਨ। ਰਾਸ਼ਟਰਪਤੀ ਵੱਲੋਂ ਰਾਜ ਸਭਾ ਵਿੱਚ ਸਾਹਿਤ, ਕਲਾ, ਵਿਗਿਆਨ ਅਤੇ ਸਮਾਜਿਕ ਸੇਵਾ ਦੇ ਖੇਤਰਾਂ ਵਿੱਚ ਪ੍ਰਤਿਸ਼ਠਤਾ ਪ੍ਰਾਪਤ ਜੋ 12 ਵਿਅਕਤੀ ਨਾਮਜ਼ਦ ਕੀਤੇ ਜਾਂਦੇ ਹਨ, ਉਹ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਹੀ ਨਾਮਜ਼ਦ ਕੀਤੇ ਜਾਂਦੇ ਹਨ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

5. ਰਾਸ਼ਟਰਪਤੀ ਕਿਸ ਨੂੰ ਪ੍ਰਧਾਨ ਮੰਤਰੀ ਅਹੁਦੇ ਲਈ ਸੱਦਾ ਦਿੰਦਾ ਹੈ?

   (ਅ) ਬਹੁਮਤ ਦਲ ਦੇ ਨੇਤਾ ਨੂੰ — (ਬ) ਸਭ ਤੋਂ ਘੱਟ ਸੀਟ ਵਾਲੇ ਦਲ ਨੂੰ

   (ਸ) ਨਾ (ਅ) ਅਤੇ ਨਾ (ਬ) — (ਦ) ਉਪਰੋਕਤ ਵਿੱਚੋਂ ਕੋਈ ਨਹੀਂ

6. ਪ੍ਰਧਾਨ ਮੰਤਰੀ ਹੇਠ ਲਿਖਿਆਂ ਵਿੱਚੋਂ ਕਿਸ ਦਾ ਪ੍ਰਧਾਨ ਵੀ ਹੁੰਦਾ ਹੈ?

   (ਅ) ਲੋਕ ਸਭਾ — (ਬ) ਰਾਜ ਸਭਾ

   (ਸ) ਯੋਜਨਾ ਆਯੋਗ — (ਦ) ਉਪਰੋਕਤ ਵਿੱਚੋਂ ਕੋਈ ਨਹੀਂ

7. ਭਾਰਤ ਵਿੱਚ ਸੰਸਦੀ ਸਰਕਾਰ ਹੈ, ਜਿਸ ਵਿੱਚ ਰਾਸ਼ਟਰ ਦਾ ਮੁਖੀ ਰਾਸ਼ਟਰਪਤੀ ਹੈ ਅਤੇ ਸਰਕਾਰ ਦਾ ਅਸਲੀ ਮੁਖੀ ਹੈ?

   (ਅ) ਮੁੱਖ ਮੰਤਰੀ — (ਬ) ਰਾਜ ਮੰਤਰੀ

   (ਸ) ਪ੍ਰਧਾਨ ਮੰਤਰੀ — (ਦ) ਉਪਰੋਕਤ ਵਿੱਚੋ ਕੋਈ ਨਹੀਂ

ਨੋਟ

## 8.5 ਪ੍ਰਧਾਨ ਮੰਤਰੀ ਦੀ ਸਥਿਤੀ (Position of the Prime Minister)

ਪ੍ਰਧਾਨ ਮੰਤਰੀ ਦਾ ਅਹੁਦਾ ਬਹੁਤ ਮਹੱਤਵਪੂਰਨ, ਗੌਰਵਸ਼ਾਲੀ ਅਤੇ ਸ਼ਕਤੀਸ਼ਾਲੀ ਅਹੁਦਾ ਹੈ। ਉਸ ਨੂੰ ਦੇਸ਼ ਦੇ ਪ੍ਰਸ਼ਾਸਨਿਕ ਢਾਂਚੇ ਵਿੱਚ ਕੇਂਦਰੀ ਸਥਿਤੀ ਪ੍ਰਾਪਤ ਹੈ। ਜੇਕਰ ਮੰਤਰੀ ਪ੍ਰੀਸ਼ਦ ਦੇਸ਼ ਦੀ ਅਸਲੀ ਸ਼ਾਸਕ ਹੈ ਤਾਂ ਉਹ ਮੰਤਰੀ ਪ੍ਰੀਸ਼ਦ ਦਾ ਮਾਲਿਕ ਹੈ। ਇਹ ਮੰਤਰੀ ਪ੍ਰੀਸ਼ਦ ਦਾ ਨਿਰਮਾਤਾ ਉਸ ਦੇ ਜੀਵਨ ਅਤੇ ਮੌਤ ਦਾ ਕੇਂਦਰ ਹੈ। ਉਹ ਰਾਸ਼ਟਰਪਤੀ ਦਾ ਮੁੱਖ ਸਲਾਹਕਾਰ ਹੈ। ਉਹ ਦੇਸ਼ ਦਾ ਵਿਦੇਸ਼ੀ ਮਾਮਲਿਆਂ ਵਿੱਚ ਪ੍ਰਮੁੱਖ ਪ੍ਰਵਕਤਾ ਹੈ। ਉਹ ਰਾਸ਼ਟਰ ਦਾ ਲੋਕਪ੍ਰਿਯ ਨੇਤਾ ਹੁੰਦਾ ਹੈ। ਉਸ ਨੂੰ ਇੰਨੀ ਵਿਆਪਕ ਅਤੇ ਵਿਸਥਾਰ ਸ਼ਕਤੀਆਂ ਪ੍ਰਾਪਤ ਹਨ ਕਿ ਸ਼ਾਇਦ ਹੀ ਸੰਸਾਰ ਦੇ ਕਿਸੇ ਸੰਵਿਧਾਨਿਕ ਸ਼ਾਸਕ ਨੂੰ ਪ੍ਰਾਪਤ ਹੋਣ।

ਉਸ ਦੀ ਸਥਿਤੀ ਇੰਗਲੈਂਡ ਦੇ ਪ੍ਰਧਾਨ ਮੰਤਰੀ ਦੀ ਸਥਿਤੀ ਸੰਵਿਧਾਨਿਕ ਹੈ। ਸੰਵਿਧਾਨਿਕ ਦ੍ਰਿਸ਼ਟੀ ਨਾਲ ਉਹ ਮੰਤਰੀ ਪ੍ਰੀਸ਼ਦ ਦਾ ਪ੍ਰਧਾਨ ਹੈ ਅਤੇ ਰਾਸ਼ਟਰਪਤੀ ਉਸ ਦੀ ਸਲਾਹ ਨਾਲ ਦੂਸਰੇ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ।

ਉਸ ਦੀ ਤੁਲਨਾ ਅਮਰੀਕਾ ਦੇ ਰਾਸ਼ਟਰਪਤੀ ਨਾਲ ਵੀ ਕੀਤੀ ਜਾ ਸਕਦੀ ਹੈ। **ਡਾ. ਅੰਬੇਦਕਰ** ਦੇ ਸ਼ਬਦਾਂ, "ਜੇਕਰ ਸਾਡੇ ਸੰਵਿਧਾਨ ਵਿੱਚ ਕਿਸੇ, ਪਦਾਧਿਕਾਰੀ ਦੀ ਤੁਲਨਾ ਅਮਰੀਕਾ ਦੇ ਰਾਸ਼ਟਰਪਤੀ ਨਾਲ ਕੀਤੀ ਜਾ ਸਕਦੀ ਹੈ ਤਾਂ ਉਹ ਵਿਅਕਤੀ ਪ੍ਰਧਾਨ ਮੰਤਰੀ ਹੈ, ਸੰਘ ਦਾ ਰਾਸ਼ਟਰਪਤੀ ਨਹੀਂ।" ਜਦੋਂ ਤੱਕ ਭਾਰਤੀ ਪ੍ਰਧਾਨ ਮੰਤਰੀ ਨੂੰ ਲੋਕ ਸੇਵਾ ਵਿੱਚ ਬਹੁਮਤ ਦਾ ਸਮਰਥਨ ਪ੍ਰਾਪਤ ਰਹੇ ਉਦੋਂ ਤੱਕ ਉਹ ਅਜਿਹੇ ਕੰਮ ਕਰ ਸਕਦਾ ਹੈ ਜੋ ਅਮਰੀਕਾ ਦਾ ਰਾਸ਼ਟਰਪਤੀ ਵੀ ਨਹੀਂ ਕਰ ਸਕਦਾ। ਉਹ ਸੰਸਦ ਕੋਲੋਂ ਕੋਈ ਵੀ ਕਾਨੂੰਨ ਪਾਸ ਕਰਵਾ ਸਕਦਾ ਹੈ, ਕਿਸੇ ਵੀ ਦੇਸ਼ ਨਾਲ ਕੋਈ ਸੰਧੀ ਕਰ ਸਕਦਾ ਹੈ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਕੋਈ ਵੀ ਧਨ-ਰਾਸ਼ੀ ਖਰਚ ਕਰ ਸਕਦਾ ਹੈ।

ਪ੍ਰਸ਼ਾਸਨਿਕ ਸੁਧਾਰ ਆਯੋਗ ਨੇ ਪ੍ਰਧਾਨ ਮੰਤਰੀ ਦੀ ਸਥਿਤੀ ਇਸ ਤਰ੍ਹਾਂ ਪ੍ਰਗਟ ਕੀਤੀ ਹੈ, "ਸੰਵਿਧਾਨ ਪ੍ਰਧਾਨ ਮੰਤਰੀ ਨੂੰ ਸਰਕਾਰ ਦੇ ਪ੍ਰਸ਼ਾਸਨਿਕ ਢਾਂਚੇ ਵਿੱਚ ਵਿਸ਼ੇਸ਼ ਸਥਿਤੀ ਪ੍ਰਦਾਨ ਕਰਦਾ ਹੈ। ਉਹ ਕੇਵਲ ਮੰਤਰੀ ਪ੍ਰੀਸ਼ਦ ਪ੍ਰਧਾਨ ਨਹੀਂ ਸਮੀਖਿਆ ਵਿੱਚ ਪਹਿਲੇ (First among Equals) ਹੀ ਨਹੀਂ, ਸਗੋਂ ਰਾਸ਼ਟਰਪਤੀ ਦਾ ਮੁੱਖ ਸਲਾਹਕਾਰ ਹੈ। ਉਸ ਦੀ ਉੱਚੀ ਪਦਵੀ ਉਸ ਨੂੰ ਇਹ ਵਿਸ਼ੇਸ਼ ਜ਼ਿੰਮੇਵਾਰੀ ਸੌਂਪਦੀ ਹੈ ਕਿ ਉਹ ਦੇਖੇ ਕਿ ਇਹ ਸੰਸਥਾ (ਮੰਤਰੀ-ਪ੍ਰੀਸ਼ਦ) ਇਕ ਟੀਮ ਦੀ ਤਰ੍ਹਾਂ ਕੰਮ ਕਰੇ।"

**ਸਿੱਟਾ** (Conclusion)- ਅਖੀਰ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪ੍ਰਧਾਨ ਮੰਤਰੀ ਦਾ ਅਹੁਦਾ ਇਕ ਸ਼ਕਤੀਸ਼ਾਲੀ ਅਹੁਦਾ ਹੈ। ਉਸ ਉੱਪਰ ਸਰਕਾਰ ਦੀ ਜੀਵਨ ਜਾਂ ਮੌਤ ਕੁਸ਼ਲਤਾ ਜਾਂ ਅਕੁਸ਼ਲਤਾ ਅਤੇ ਸਥਿਰਤਾ ਜਾਂ ਅਸਥਿਰਤਾ ਨਿਰਭਰ ਕਰਦੀ ਹੈ। ਇਕ ਅਧਿਕਾਰੀ ਦੇ ਰੂਪ ਵਿੱਚ ਜਿੰਨੀਆਂ ਜ਼ਿਆਦਾ ਸ਼ਕਤੀਆਂ ਉਸ ਨੂੰ ਪ੍ਰਾਪਤ ਹਨ, ਉਂਨੀਆਂ ਕਿਸੇ ਹੋਰ ਅਧਿਕਾਰੀ ਨੂੰ ਨਹੀਂ।

ਅਸੀਂ **ਡਾ. ਅੰਬੇਦਕਰ** ਦੀ ਗੱਲ ਨਾਲ ਸਹਿਮਤ ਹਾਂ ਕਿ ਜੇਕਰ ਸਾਡੇ ਸੰਵਿਧਾਨ ਦੇ ਅਧੀਨ ਕਿਸੇ ਵਿਅਕਤੀ ਦੀ ਤੁਲਨਾ ਅਮਰੀਕਾ ਨਾਲ ਕੀਤੀ ਜਾ ਸਕਦੀ ਹੈ ਤਾਂ ਉਹ ਵਿਅਕਤੀ ਪ੍ਰਧਾਨ ਮੰਤਰੀ ਹੈ, ਰਾਸ਼ਟਰਪਤੀ ਨਹੀਂ।

ਭਾਰਤੀ ਪ੍ਰਧਾਨ ਮੰਤਰੀ ਨੂੰ "ਬਰਾਬਰ ਵਿਅਕਤੀਆਂ ਵਿੱਚ ਪਹਿਲਾ" (First amongst equals) ਨਹੀਂ ਕਿਹਾ ਜਾ ਸਕਦਾ। ਨਿਸ਼ਚਿਤ ਹੀ ਉਹ ਹੋਰ ਮੰਤਰੀਆਂ ਤੋਂ ਸ੍ਰੇਸ਼ਠ ਪਦਾਧਿਕਾਰੀ ਹੈ ਅਤੇ ਅੱਜ ਉਸ ਨੂੰ ਬਹੁਤ ਜ਼ਿਆਦਾ ਸ਼ਕਤੀਆਂ ਪ੍ਰਾਪਤ ਹਨ ਪਰ ਇਸ ਤੋਂ ਇਹ ਅਰਥ ਕਦੇ ਨਹੀਂ ਲਿਆ ਜਾਣਾ ਚਾਹੀਦਾ ਕਿ ਭਾਰਤ ਵਿੱਚ ਅੱਜ ਪ੍ਰਧਾਨ ਮੰਤਰੀ ਸਰਕਾਰ (Prime Ministerial for of Government) ਦੀ ਸਥਾਪਨਾ ਹੋ ਚੁੱਕੀ ਹੈ। ਪ੍ਰਧਾਨ ਮੰਤਰੀ ਸੰਸਦੀ ਸ਼ਾਸਨ ਵਿਵਸਥਾ ਦਾ ਹੀ ਇਕ ਅਨਿੱਖੜਵਾਂ ਅੰਗ ਹੈ। ਇਸ ਵਿਵਸਥਾ ਅਧੀਨ ਉਹ ਇਕ ਸ਼ਕਤੀਸ਼ਾਲੀ ਅਤੇ ਮਹੱਤਵਪੂਰਨ ਅਹੁਦੇ ਦਾ ਮਾਲਕ ਹੈ। ਭਾਰਤੀ ਵਿਵਸਥਾ ਨੂੰ ਪ੍ਰਧਾਨ ਮੰਤਰੀ ਸਰਕਾਰ ਦਾ ਨਾਮ ਉਦੋਂ ਹੀ ਦਿੱਤਾ ਜਾ ਸਕਦਾ ਹੈ, ਜੇਕਰ ਸੰਸਦੀ ਸਰਕਾਰ ਜਾਂ ਕੈਬਨਿਟ ਪ੍ਰਣਾਲੀ ਦਾ ਨਾਮ ਬਦਲ ਕੇ ਪ੍ਰਧਾਨ ਮੰਤਰੀ ਪ੍ਰਣਾਲੀ ਕਰ ਦਿੱਤਾ ਜਾਵੇ।

ਭਾਰਤ ਦੇ ਪ੍ਰਧਾਨ ਮੰਤਰੀ ਦੀ ਸਥਿਤੀ ਮਹਾਨ ਹੈ। ਇਕ ਪ੍ਰਸਿੱਧ ਲੇਖਕ ਦੇ ਸ਼ਬਦਾਂ ਵਿੱਚ," ਪ੍ਰਧਾਨ ਮੰਤਰੀ ਦੀ ਹੋਰ ਮੰਤਰੀਆਂ ਵਿੱਚ ਉਹੀ ਸਥਿਤੀ ਹੈ ਜੋ ਸਿਤਾਰਿਆਂ ਵਿੱਚ ਚੰਦਰਮਾ ਦੀ ਹੁੰਦੀ ਹੈ।" ("Shining moon among the lesser stars.") ਅਤੇ ਪ੍ਰਧਾਨ ਮੰਤਰੀ ਨੂੰ "Captain of the ship of the state" ਕਿਹਾ ਜਾ ਸਕਦਾ ਹੈ। ਪ੍ਰਧਾਨ ਮੰਤਰੀ ਕੋਈ ਨਿਰਕੁੰਸ਼ ਸੀਜਰ (Caespre Seizur) ਨਹੀਂ ਬਣ ਸਕਦਾ। ਉਸ ਦੇ ਸ਼ਬਦ ਕੋਈ ਅਖੀਰਲਾ ਫੈਸਲਾ ਨਹੀਂ ਹੁੰਦੇ। ਕਿਸੇ ਵੀ ਸਮੇਂ ਉਨ੍ਹਾਂ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ। ਪ੍ਰਧਾਨ ਮੰਤਰੀ ਨੂੰ ਹਮੇਸ਼ਾ ਵਿਰੋਧੀ ਪਾਰਟੀ ਦਾ ਧਿਆਨ ਰੱਖਣਾ ਪੈਂਦਾ ਹੈ। ਇਕ ਵਾਰ **ਜਾਰਜ ਬਰਨਰਡ ਸ਼ਾਹ** (George Bernard Shaw) ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੇ ਵਿਰੋਧੀ ਦਲ ਦੇ ਵਿਸ਼ੇ ਵਿੱਚ ਕਿਹਾ ਸੀ, "ਬ੍ਰਿਟਿਸ਼ ਪ੍ਰਧਾਨ ਮੰਤਰੀ ਆਪਣੀ ਵਿਰੋਧੀ ਪਾਰਟੀ ਦੇ ਨੇਤਾ ਨੂੰ ਆਪਣੀ ਪਤਨੀ ਤੋਂ ਜ਼ਿਆਦਾ ਚੰਗੀ ਤਰ੍ਹਾਂ ਜਾਣਦਾ ਹੈ।" ("The British Prime Minister knows leader of the opposition better than his own wife.") ਇਹੀ ਸਥਿਤੀ ਭਾਰਤੀ ਪ੍ਰਧਾਨ ਮੰਤਰੀ 'ਤੇ ਲਾਗੂ ਹੁੰਦੀ ਹੈ।

ਸਾਡੇ ਦੇਸ਼ ਵਿੱਚ ਮਈ-ਜੂਨ 1991 ਨੂੰ ਮੱਧਕਾਲੀ ਚੋਣਾਂ ਹੋਈਆਂ ਜਿਸ ਵਿੱਚ ਕਿਸੇ ਵੀ ਦਲ ਨੂੰ ਸੱਪਸ਼ਟ ਬਹੁਮਤ ਨਹੀਂ ਮਿਲਿਆ। ਤੱਤਕਾਲੀਨ ਰਾਸ਼ਟਰਪਤੀ ਸ਼੍ਰੀ ਰਾਮਾਸਵਾਮੀ ਵੇਂਕਟ ਰਮਨ ਨੇ ਸ਼੍ਰੀ ਪੀ. ਵੀ. ਨਰਸਿਮ੍ਹਾ ਰਾਓ ਨੂੰ ਸਭ ਤੋਂ ਵੱਡੀ ਪਾਰਟੀ ਦਾ ਨੇਤਾ ਹੋਣ ਕਾਰਨ 21 ਜੂਨ 1991 ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਦਿਵਾਈ ਅਤੇ ਭਰੋਸੇ ਦਾ ਵੋਟ ਪ੍ਰਾਪਤ ਕਰਨ ਦਾ ਇਕ ਮਹੀਨੇ ਦਾ

ਸਮਾਂ ਦਿੱਤਾ ਜੋ ਉਨ੍ਹਾਂ ਨੇ ਨਿਸ਼ਚਿਤ ਸਮੇਂ ਵਿੱਚ ਪ੍ਰਾਪਤ ਕਰ ਲਿਆ। ਜਾਣਕਾਰੀ ਦੇ ਲਈ ਇੱਥੇ ਇਕ ਗੱਲ ਇਹ ਵੀ ਹੈ ਕਿ ਸ਼੍ਰੀ ਪੀ. ਵੀ. ਨਰਸਿਮ੍ਹਾ ਰਾਓ ਉਸ ਸਮੇਂ ਕਿਸੇ ਵੀ ਸਦਨ ਦੇ ਮੈਂਬਰ ਨਹੀਂ ਸਨ ਪਰ ਛੇ ਮਹੀਨੇ ਵਿੱਚ ਉਨ੍ਹਾਂ ਨੇ ਲੋਕ ਸਭਾ ਦੀ ਮੈਂਬਰਸ਼ਿਪ ਪ੍ਰਾਪਤ ਕਰ ਲਈ।

## 8.6 ਪ੍ਰਧਾਨ ਮੰਤਰੀ ਦੀ ਤਾਨਾਸ਼ਾਹੀ (Dictatorship of the Prime Minister)

ਅਸਲ ਵਿੱਚ ਭਾਰਤੀ ਸੰਵਿਧਾਨ ਪ੍ਰਧਾਨ ਮੰਤਰੀ ਦੇ ਹੱਥ ਵਿੱਚ ਬਹੁਤ ਵਿਸ਼ਾਲ ਸ਼ਕਤੀਆਂ ਕੇਂਦਰਿਤ ਹਨ। ਉਸ ਦੀਆਂ ਇੰਨੀਆਂ ਜ਼ਿਆਦਾ ਸ਼ਕਤੀਆਂ ਨੂੰ ਦੇਖਦੇ ਹੋਏ ਕੁਝ ਵਿਚਾਰਕਾਂ ਨੇ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਪ੍ਰਧਾਨ ਮੰਤਰੀ ਤਾਨਾਸ਼ਾਹ ਬਣ ਸਕਦਾ ਹੈ। **ਸ਼੍ਰੀ ਕੇ. ਟੀ. ਸ਼ਾਹ** ਦੇ ਸ਼ਬਦਾਂ ਵਿੱਚ "ਸੰਵਿਧਾਨ ਪ੍ਰਧਾਨ ਮੰਤਰੀ ਨੂੰ ਇੰਨੀਆਂ ਜ਼ਿਆਦਾ ਸ਼ਕਤੀਆਂ ਅਤੇ ਸਥਿਤੀ ਪ੍ਰਦਾਨ ਕਰਦਾ ਹੈ ਕਿ ਹਰ ਸਮੇਂ ਇਸ ਗੱਲ ਦਾ ਡਰ ਬਣਿਆ ਰਹਿੰਦਾ ਹੈ ਕਿ ਜੇਕਰ ਪ੍ਰਧਾਨ ਮੰਤਰੀ ਚਾਹੇ ਤਾਂ ਉਹ ਤਾਨਾਸ਼ਾਹੀ ਬਣ ਸਕਦਾ ਹੈ।" (The Constitution concentrates so much powers and influence in the hands of the Prime Minister that their is every reason to apprehend that be may become a dictator if he chooses to do so.") ਇਸੇ ਤਰ੍ਹਾਂ ਸ਼੍ਰੀ ਗਾਡਗਿਲ ਨੇ ਵੀ ਕਿਹਾ ਹੈ, "ਪ੍ਰਧਾਨ ਮੰਤਰੀ ਨੂੰ ਇੰਨੀਆਂ ਜ਼ਿਆਦਾ ਸ਼ਕਤੀਆਂ ਸੌਂਪੀਆਂ ਗਈਆਂ ਹਨ ਕਿ ਜੇਕਰ ਉਹ ਸੁਭਾਅ ਨਾਲ ਲੋਕਤੰਤਰਾਤਮਕ ਵਿਚਾਰਾਂ ਦਾ ਨਾ ਹੋਵੇ ਤਾਂ ਉਸ ਨੂੰ ਤਾਨਾਸ਼ਾਹ ਬਣਨ ਦੀ ਸੰਭਾਵਨਾ ਹੋ ਸਕਦੀ ਹੈ।" ("The Prime Minister is invested with formidable power and influence and unless he be a genuine democrate by nature, he is very likely to become a dictator.")

### ਪਰ ਅਸਲ ਵਿੱਚ ਪ੍ਰਧਾਨ ਮੰਤਰੀ ਦੇ ਤਾਨਾਸ਼ਾਹ ਬਣਨ ਦੀ ਸੰਭਾਵਨਾ ਬਹੁਤ ਘੱਟ ਹੈ।

1. ਪ੍ਰਧਾਨ ਮੰਤਰੀ ਸੁਭਾਅ ਨਾਲ ਜ਼ਰੂਰੀ ਹੀ ਲੋਕਤੰਤਰੀ ਵਿਚਾਰਾਂ ਵਾਲਾ ਸਭ ਦਾ ਪਿਆਰਾ ਨੇਤਾ ਹੁੰਦਾ ਹੈ। ਉਸ ਨੇ ਬਹੁਤ ਲੰਮੇ ਸਮੇਂ ਤੱਕ ਲੋਕਤੰਤਰੀ ਸ਼ਾਸਨ ਪ੍ਰਣਾਲੀ ਵਿੱਚ ਪ੍ਰੀਖਣ ਪ੍ਰਾਪਤ ਕੀਤਾ ਹੁੰਦਾ ਹੈ ਅਤੇ ਉਹ ਲੋਕਤੰਤਰੀ ਸਿਧਾਂਤਾਂ ਵਿੱਚ ਦ੍ਰਿੜ ਵਿਸ਼ਵਾਸ ਰੱਖਦਾ ਹੈ। ਸਵਰਗੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਆਪਣੇ ਸੁਭਾਅ ਅਤੇ ਪ੍ਰੀਖਣ ਵਿੱਚ ਪੱਕੇ ਲੋਕਤੰਤਰੀ ਵਿਚਾਰਾਂ ਵਾਲੇ ਨੇਤਾ ਸਨ ਅਤੇ ਉਨ੍ਹਾਂ ਦਾ ਲੋਕਤੰਤਰ ਦੇ ਸਿਧਾਂਤਾਂ ਵਿੱਚ ਅਟੁੱਟ ਵਿਸ਼ਵਾਸ ਸੀ। ਉਨ੍ਹਾਂ ਨੇ ਕਦੀ ਵੀ ਤਾਨਾਸ਼ਾਹੀ ਬਣਨ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਹਮੇਸ਼ਾ ਲੋਕਤੰਤਰੀ ਪ੍ਰੰਪਰਾਵਾਂ ਦਾ ਪਾਲਣ ਕੀਤਾ। ਸ਼੍ਰੀਮਤੀ ਇੰਦਰਾ ਗਾਂਧੀ ਨੂੰ ਛੱਡ ਕੇ ਹੋਰ ਸਾਰੇ ਪ੍ਰਧਾਨ ਮੰਤਰੀ ਵੀ ਉਨ੍ਹਾਂ ਦੇ ਬਾਅਦ ਦੇ ਸੁਭਾਅ ਅਤੇ ਪ੍ਰੀਖਣ ਵਿੱਚ ਪੱਕੇ ਲੋਕਤੰਤਰੀ ਵਿਚਾਰਾਂ ਵਾਲੇ ਨੇਤਾ ਸਨ ਅਤੇ ਉਨ੍ਹਾਂ ਦਾ ਲੋਕਤੰਤਰ ਦੇ ਸਿਧਾਂਤਾਂ ਵਿੱਚ ਅਟੁੱਟ ਵਿਸ਼ਵਾਸ ਸੀ। ਉਨ੍ਹਾਂ ਨੇ ਕਦੇ ਵੀ ਤਾਨਾਸ਼ਾਹ ਬਣਨ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਹਮੇਸ਼ਾ ਲੋਕਤੰਤਰੀ ਪ੍ਰੰਪਰਾਵਾਂ ਦਾ ਪਾਲਣ ਕੀਤਾ। ਪਰ ਸ਼੍ਰੀਮਤੀ ਇੰਦਰਾ ਗਾਂਧੀ ਨੇ 1975 ਵਿੱਚ ਆਪਾਤ ਸਥਿਤੀ ਲਗਵਾ ਕੇ ਪ੍ਰਜਾਤੰਤਰ ਨੂੰ ਰੱਦ ਕਰ ਦਿੱਤਾ ਸੀ। 1977 ਤੋਂ ਬਾਅਦ ਬਣੇ ਸਾਰੇ ਪ੍ਰਧਾਨ ਮੰਤਰੀਆਂ ਨੇ ਜਿਨ੍ਹਾਂ ਵਿੱਚ ਇੰਦਰਾ ਗਾਂਧੀ ਵੀ ਸ਼ਾਮਿਲ ਸੀ, ਕੁੱਲ ਮਿਲਾ ਕੇ ਲੋਕਤੰਤਰੀ ਪ੍ਰੰਪਰਾਵਾਂ ਦੇ ਅਨੁਸਾਰ ਹੀ ਕੰਮ ਕੀਤਾ। ਸਾਡੇ ਵਰਤਮਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਇਸੇ ਮਾਰਗ 'ਤੇ ਚੱਲ ਰਹੇ ਹਨ।

2. ਪ੍ਰਧਾਨ ਮੰਤਰੀ ਆਪਣੀ ਇੱਛਾ ਅਨੁਸਾਰ ਕੰਮ ਨਹੀਂ ਕਰਦਾ। ਆਪਣੇ ਦਲ ਦੀਆਂ ਨੀਤੀਆਂ ਅਤੇ ਪ੍ਰੋਗਰਾਮ ਦੇ ਅਨੁਸਾਰ ਕੰਮ ਕਰਨਾ ਹੁੰਦਾ ਹੈ। ਉਸ ਨੂੰ ਆਪਣੇ ਦਲ ਦੇ ਪ੍ਰਮੁੱਖ ਵਿਅਕਤੀਆਂ ਦੇ ਵਿਚਾਰਾਂ ਅਤੇ ਇੱਛਾਵਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ। ਉਸ ਦੀ ਸਥਿਤੀ ਆਪਣੇ ਦਲ ਦੇ ਨੇਤਾ ਹੋਣ ਦੀ ਹੈਸੀਅਤ ਨਾਲ ਹੀ ਹੈ ਅਤੇ ਉਹ ਹਮੇਸ਼ਾ ਆਪਣੇ ਸਾਥੀਆਂ ਦਾ ਸਹਿਯੋਗ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ।

3. ਕੋਈ ਵੀ ਪ੍ਰਧਾਨ ਮੰਤਰੀ ਜਨਮਤ ਦੇ ਵਿਰੁੱਧ ਚੱਲਣ ਦੀ ਕੋਸ਼ਿਸ਼ ਨਹੀਂ ਕਰਦਾ। ਉਸ ਨੂੰ ਜਨਤਾ ਦੀ ਨਬਜ਼ 'ਤੇ ਹੱਥ ਰੱਖਣਾ ਪੈਂਦਾ ਹੈ। ਉਹ ਕਦੀ ਕੋਈ ਅਜਿਹਾ ਕੰਮ ਨਹੀਂ ਕਰਦਾ, ਜਿਸ ਨਾਲ ਜਨਤਾ ਨਾਰਾਜ਼ ਹੋ ਜਾਵੇ। ਜੇਕਰ ਪ੍ਰਧਾਨ ਮੰਤਰੀ ਲੋਕਮਤ ਦੀ ਉਲੰਘਣਾ ਕਰਦਾ ਹੋਇਆ ਤਾਨਾਸ਼ਾਹ ਬਣਨ ਦੀ ਕੋਸ਼ਿਸ਼ ਕਰੇ ਤਾਂ ਜ਼ਰੂਰ ਹੀ ਉਸ ਦੀ ਅਗਲੀਆਂ ਚੋਣਾਂ ਵਿੱਚ ਹਾਰ ਹੋਵੇਗੀ ਅਤੇ ਉਸ ਨੂੰ ਆਪਣੇ ਅਹੁਦੇ ਤੋਂ ਹੱਥ ਧੋਣਾ ਪਵੇਗਾ। ਸ਼੍ਰੀਮਤੀ ਇੰਦਰਾ ਗਾਂਧੀ ਦੀ ਮਾਰਚ 1977 ਦੀਆਂ ਆਮ ਚੋਣਾਂ ਵਿੱਚ ਹਾਰ ਇਸ ਗੱਲ ਦੀ ਉਦਾਹਰਣ ਹੈ।

4. ਸੰਸਦ ਅੰਦਰ ਅਤੇ ਬਾਹਰ ਉਸ ਦੇ ਕੰਮਾਂ 'ਤੇ ਕੜੀ ਨਿਗਰਾਨੀ ਰੱਖੀ ਜਾਂਦੀ ਹੈ। ਸੰਸਦ ਅੰਦਰ ਕੇਵਲ ਪ੍ਰਧਾਨ ਮੰਤਰੀ ਦੇ ਸਮਰਥਨ ਨਹੀਂ ਹੁੰਦੇ, ਵਿਰੋਧੀ ਦਲਾਂ ਦੇ ਮੈਂਬਰ ਵੀ ਹੁੰਦੇ ਹਨ। ਉਹ ਪ੍ਰਧਾਨ ਮੰਤਰੀ ਦੇ ਕੰਮਾਂ ਅਤੇ ਨੀਤੀਆਂ ਦੀ ਆਲੋਚਨਾ ਕਰਦੇ ਹੋਏ ਲੋਕਮਤ ਨੂੰ ਆਪਣੇ ਪੱਖ ਵਿੱਚ ਕਰਨ ਦੀ ਤਾਕ ਵਿੱਚ ਰਹਿੰਦੇ ਹਨ। ਸੰਸਦ ਦੇ ਬਾਹਰ ਪ੍ਰਧਾਨ ਮੰਤਰੀ ਦੇ ਕੰਮਾਂ ਅਤੇ ਨੀਤੀਆਂ ਦੀ ਸੁਤੰਤਰ ਅਖ਼ਬਾਰਾਂ ਵਿੱਚ ਆਲੋਚਨਾ ਕੀਤੀ ਜਾਂਦੀ ਹੈ।

**ਸਿੱਟਾ** (Conclusion)– ਅਖੀਰ ਵਿੱਚ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਸਧਾਰਣ ਸਥਿਤੀਆਂ ਵਿੱਚ ਪ੍ਰਧਾਨ ਮੰਤਰੀ ਤਾਨਾਸ਼ਾਹ ਨਹੀਂ ਬਣ ਸਕਦਾ ਕਿਉਂਕਿ ਉਸ ਨੇ ਕੁਝ ਹੱਦਾਂ ਅੰਦਰ ਰਹਿ ਕੇ ਹੀ ਕੰਮ ਕਰਨਾ ਹੁੰਦਾ ਹੈ। ਬਹੁਤ ਕੁਝ ਪ੍ਰਧਾਨ ਮੰਤਰੀ ਦੇ ਵਿਅਕਤੀਤਵ

ਨੋਟ

'ਤੇ ਨਿਰਭਰ ਕਰਦਾ ਹੈ। **ਡਾ. ਜੇਨਿੰਗਸ** (Dr. Jennings) ਦੇ ਅਨੁਸਾਰ "ਪ੍ਰਧਾਨ ਮੰਤਰੀ ਦੀ ਸਥਿਤੀ ਉਹੀ ਹੁੰਦੀ ਹੈ ਜੋ ਇਸ ਅਹੁਦੇ ਨੂੰ ਗ੍ਰਹਿਣ ਕਰਨ ਵਾਲਾ ਚਾਹੇ ਅਤੇ ਜੋ ਦੂਸਰੇ ਮੰਤਰੀ ਉਸ ਨੂੰ ਬਣਨ ਦੇਵੇ।" ਜੇਕਰ ਉਹ ਦ੍ਰਿੜ ਵਿਅਕਤੀਤਵ ਦਾ ਮਾਲਕ ਹੈ ਅਤੇ ਉਸ ਵਿੱਚ ਆਪਣੇ ਮੰਤਰੀਆਂ ਨੂੰ ਪ੍ਰਭਾਵਿਤ ਕਰਨ ਦੀ ਸ਼ਕਤੀ ਹੈ ਤਾਂ ਮੰਤਰੀ ਮੰਡਲ ਦੇ ਫੈਸਲੇ ਨੂੰ ਪ੍ਰਭਾਵਿਤ ਕਰਨ ਦੀ ਸ਼ਕਤੀ ਨਹੀਂ ਰੱਖਦਾ ਹੈ ਤਾਂ ਉਹ ਮੰਤਰੀਆਂ ਦੇ ਹੱਥ ਦੀ ਕਠਪੁਤਲੀ ਬਣ ਕੇ ਰਹਿ ਜਾਂਦਾ ਹੈ। ਸੰਕਟਕਾਲ ਸ਼ਾਸਨ-ਪ੍ਰਣਾਲੀ ਇੰਨੀ ਲਚਕਦਾਰ ਹੁੰਦੀ ਹੈ ਕਿ ਸੰਕਟਕਾਲ ਦੇ ਸਮੇਂ ਪ੍ਰਧਾਨ ਮੰਤਰੀ ਤਾਨਾਸ਼ਾਹ ਬਣ ਜਾਂਦਾ ਹੈ। ਸੰਵਿਧਾਨ ਵਿੱਚ ਰਾਸ਼ਟਰਪਤੀ ਨੂੰ ਜੋ ਸੰਕਟਕਾਲੀਨ ਸ਼ਕਤੀਆਂ ਦਿੱਤੀਆਂ ਗਈਆਂ ਹਨ, ਉਨ੍ਹਾਂ ਦਾ ਅਸਲੀ ਇਸਤੇਮਾਲ ਪ੍ਰਧਾਨ ਮੰਤਰੀ ਹੀ ਕਰਦਾ ਹੈ ਪਰ ਜੇਕਰ ਸੰਕਟਕਾਲ ਦੇ ਸਮੇਂ ਪ੍ਰਧਾਨ ਮੰਤਰੀ ਤਾਨਾਸ਼ਾਹ ਹੈ ਤਾਂ ਉਹ ਸੰਸਦ ਵਿੱਚ ਬਹੁਮਤ ਦੀ ਸਹਿਮਤੀ ਨਾਲ ਹੀ ਹੈ।

**ਸਵ-ਮੁਲਾਂਕਣ (Self Assessment)**

ਹੇਠ ਲਿਖੇ ਕਥਨਾਂ ਵਿੱਚੋਂ ਸੱਚ/ਝੂਠ ਦੱਸੋ (Write True/False in the following statements):

8. ਭਾਰਤੀ ਪ੍ਰਧਾਨ ਮੰਤਰੀ ਨੂੰ 'ਬਰਾਬਰ ਵਿਅਕਤੀਆਂ ਵਿੱਚ ਪਹਿਲਾ' ਨਹੀਂ ਕਿਹਾ ਜਾ ਸਕਦਾ।
9. ਸਧਾਰਣ ਸਥਿਤੀਆਂ ਵਿੱਚ ਪ੍ਰਧਾਨ ਮੰਤਰੀ ਤਾਨਾਸ਼ਾਹ ਬਣ ਸਕਦਾ ਹੈ।
10. ਜਾਰਜ ਬਾਰਨਰਡ ਸ਼ਾਹ ਨੇ ਇਕ ਵਾਰ ਕਿਹਾ ਸੀ, "ਬ੍ਰਿਟਿਸ਼ ਪ੍ਰਧਾਨ ਮੰਤਰੀ ਆਪਣੀ ਵਿਰੋਧੀ ਪਾਰਟੀ ਦੇ ਨੇਤਾ ਨੂੰ ਆਪਣੀ ਪਤਨੀ ਤੋਂ ਜ਼ਿਆਦਾ ਚੰਗੀ ਤਰ੍ਹਾਂ ਨਾਲ ਜਾਣਦਾ ਹੈ।"

## 8.7. ਭਾਰਤੀ ਪ੍ਰਧਾਨ ਮੰਤਰੀ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਵਿੱਚ ਤੁਲਨਾ (Comparison of the Powers of the Indian Prime Minister and British Prime Minister)

ਭਾਰਤੀ ਪ੍ਰਧਾਨ ਮੰਤਰੀ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀ ਤੁਲਨਾ ਕਰਦੇ ਸਮੇਂ ਅਸੀਂ ਸਭ ਤੋਂ ਪਹਿਲਾਂ ਇਸ ਤੱਥ ਨੂੰ ਧਿਆਨ ਵਿੱਚ ਰੱਖਣਾ ਚਾਹੁੰਦੇ ਹਾਂ ਕਿ ਭਾਰਤ ਅਤੇ ਬ੍ਰਿਟੇਨ ਦੀ ਰਾਜਨੀਤਿਕ ਵਿਵਸਥਾਵਾਂ ਵਿੱਚ ਬਹੁਤ ਕੁਝ ਬਰਾਬਰ ਦੇਖਣ ਨੂੰ ਮਿਲਦੀ ਹੈ। ਭਾਰਤ ਅਤੇ ਬ੍ਰਿਟੇਨ ਦੋਵਾਂ ਵਿੱਚ ਹੀ ਸੰਸਦੀ ਲੋਕਤੰਤਰ ਹੈ। ਦੂਸਰੇ ਸ਼ਬਦਾਂ ਵਿੱਚ ਭਾਰਤ ਨੇ ਬ੍ਰਿਟਿਸ਼ ਸੰਸਦੀ ਵਿਵਸਥਾ ਨੂੰ ਆਧਾਰ ਮੰਨ ਕੇ ਹੀ ਆਪਣੀ ਰਾਜਨੀਤਿਕ ਵਿਵਸਥਾ ਦੇ ਰੂਪ ਅਤੇ ਢਾਂਚੇ ਦਾ ਨਿਰਮਾਣ ਕੀਤਾ ਹੈ।

ਬ੍ਰਿਟੇਨ ਦੀ ਤਰ੍ਹਾਂ ਭਾਰਤ ਵਿੱਚ ਵੀ ਨਾਮਾਤਰ ਦੇ ਰਾਜ ਦੇ ਰਾਜ ਪ੍ਰਧਾਨ ਦਾ ਅਹੁਦਾ ਵਿਧਮਾਨ ਹੈ। ਬ੍ਰਿਟੇਨ ਵਿੱਚ ਸਮਰਾਟ ਨਾਮਾਤਰ ਦੇ ਰਾਜ ਪ੍ਰਧਾਨ ਦੇ ਰੂਪ ਵਿੱਚ ਵਿਧਮਾਨ ਹੈ ਤਾਂ ਭਾਰਤ ਵਿੱਚ ਰਾਸ਼ਟਰਪਤੀ ਇਸ ਦੀ ਪ੍ਰਤੀਨਿਧਤਾ ਕਰਦਾ ਹੈ। ਫਰਕ ਕੇਵਲ ਇੰਨਾ ਹੈ ਕਿ ਬ੍ਰਿਟੇਨ ਵਿੱਚ ਸਮਰਾਟ ਦਾ ਅਹੁਦਾ ਪੈਤ੍ਰਕ ਹੈ ਜਦੋਂ ਕਿ ਭਾਰਤ ਵਿੱਚ ਰਾਸ਼ਟਰਪਤੀ ਦੀ ਚੋਣ ਮੰਡਲ ਵੱਲੋਂ ਕੀਤੀ ਜਾਂਦੀ ਹੈ। ਤਦ ਹੀ ਦੋਵਾਂ ਹੀ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਅਤੇ ਅਹੁਦੇ ਨੂੰ ਸੰਸਦੀ ਵਿਵਸਥਾ ਦੇ ਸਬੰਧ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਬ੍ਰਿਟੇਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਦੇ ਵਿੱਚ ਬਰਾਬਰਤਾਵਾਂ ਦੇਖਣ ਨੂੰ ਮਿਲਦੀਆਂ ਹਨ–

***(i) ਦੋਵਾਂ ਹੀ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਨੂੰ ਹੇਠਲੇ ਸਦਨ ਦੇ ਬਹੁਮਤ ਦਾ ਸਮਰਥਨ ਪ੍ਰਾਪਤ ਹੁੰਦਾ ਹੈ*** (In both countries, the Prime Minister does have the support of the Majority of the Lower House)–ਬ੍ਰਿਟੇਨ ਅਤੇ ਭਾਰਤ ਦੋਵਾਂ ਹੀ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਉਹੀ ਵਿਅਕਤੀ ਚੁਣਿਆ ਜਾਂਦਾ ਹੈ, ਜਿਸ ਨੂੰ ਹੇਠਲੇ ਸਦਨ ਦਾ ਬਹੁਮਤ ਪ੍ਰਾਪਤ ਹੋਵੇ। ਬ੍ਰਿਟੇਨ ਵਿੱਚ ਆਮ ਚੋਣਾਂ ਤੋਂ ਬਾਅਦ, ਸਮਰਾਟ ਕਾਮਨਸ ਸਭਾ ਵਿੱਚ ਬਹੁਮਤ ਪ੍ਰਾਪਤ ਦਲ ਦੇ ਨੇਤਾ ਨੂੰ ਸਰਕਾਰ ਬਣਾਉਣ ਲਈ ਸੱਦਾ ਦਿੰਦਾ ਹੈ। ਜੇਕਰ ਕਾਮਨਸ ਸਭਾ ਵਿੱਚ ਕਿਸੇ ਵੀ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਹੀਂ ਹੈ ਤਾਂ ਅਜਿਹੀ ਸਥਿਤੀ ਵਿੱਚ ਸਮਰਾਟ ਅਤੇ ਸਾਮਰਾਜੀ ਅਜਿਹੇ ਵਿਅਕਤੀ ਨੂੰ ਸਰਕਾਰ ਬਣਾਉਣ ਲਈ ਸੱਦਾ ਦਿੰਦਾ ਹੈ ਜੋ ਕਾਮਨਸ ਸਭਾ ਦੇ ਬਹੁਸੰਖਿਅਕ ਮੈਂਬਰਾਂ ਦਾ ਸਮਰਥਨ ਕਰਨ ਵਿੱਚ ਸਮਰੱਥ ਹੋਵੇ। ਭਾਰਤ ਵਿੱਚ ਵੀ ਇਹੀ ਪ੍ਰੰਪਰਾ ਹੈ। ਆਮ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਬਹੁਮਤ ਦਲ ਦੇ ਨੇਤਾ ਨੂੰ ਅਤੇ ਅਜਿਹੇ ਵਿਅਕਤੀ ਨੂੰ ਜੋ ਲੋਕ ਸਭਾ ਵਿੱਚ ਬਹੁਸੰਖਿਅਕ ਮੈਂਬਰਾਂ ਦਾ ਸਮਰਥਨ ਪ੍ਰਾਪਤ ਕਰ ਸਕਦਾ ਹੈ, ਸਰਕਾਰ ਬਣਾਉਣ ਲਈ ਸੱਦਾ ਦਿੰਦਾ ਹੈ।

***(ii) ਦੋਵਾਂ ਹੀ ਦੇਸ਼ਾਂ ਵਿੱਚ ਅਸਲੀ ਕਾਰਜ ਪਾਲਿਕਾ ਦਾ ਪ੍ਰਧਾਨ ਹੁੰਦਾ ਹੈ*** (In both countries, the Prime Minister is the head of the real executive)– ਦੋਵਾਂ ਹੀ ਦੇਸ਼ਾਂ ਵਿੱਚ ਸੰਸਦੀ ਵਿਵਸਥਾ ਹੋਣ ਕਾਰਨ ਨਾਮਾਤਰ ਦੀ ਕਾਰਜ ਪਾਲਿਕਾ ਅਤੇ ਅਸਲੀ ਕਾਰਜ ਪਾਲਿਕਾ ਵੱਖ-ਵੱਖ ਹਨ। ਬ੍ਰਿਟੇਨ ਵਿੱਚ ਸਾਰੇ ਪ੍ਰਸ਼ਾਸਨਿਕ ਅਤੇ ਸਰਕਾਰੀ ਕੰਮ ਰਾਜਾ (ਸਮਰਾਟ) ਦੇ ਨਾਮ 'ਤੇ ਸੰਪਨ ਹੁੰਦੇ ਹਨ ਪਰ ਵਿਵਹਾਰ ਵਿੱਚ ਸਭ ਕੰਮ ਪ੍ਰਧਾਨ ਮੰਤਰੀ ਵੱਲੋਂ ਸੰਪਨ ਕੀਤੇ ਜਾਂਦੇ ਹਨ। ਭਾਰਤ ਵਿੱਚ ਵੀ ਸੰਘ ਸਰਕਾਰ ਦੇ ਸਾਰੇ ਕੰਮ ਰਾਸ਼ਟਰਪਤੀ ਦੇ ਨਾਮ 'ਤੇ ਸੰਪਨ ਹੁੰਦੇ ਹਨ, ਜਦ ਕਿ ਵਿਵਹਾਰ ਵਿੱਚ ਇਹ ਸਾਰੇ ਕੰਮ ਪ੍ਰਧਾਨ ਮੰਤਰੀ ਵੱਲੋਂ ਸੰਪਨ ਕੀਤੇ ਜਾਂਦੇ ਹਨ।

ਨੋਟ

***(iii)* ਬ੍ਰਿਟੇਨ ਅਤੇ ਭਾਰਤ ਦੋਵਾਂ ਹੀ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਦੇ ਤਿਆਗ ਪੱਤਰ ਦਾ ਅਰਥ ਸਾਰੀ ਸਰਕਾਰ ਦੇ ਤਿਆਗ ਪੱਤਰ ਨਾਲ ਹੁੰਦਾ ਹੈ** (In both Britain and India, both the Resignation of the Prime Minister means the Resignation of the Whole Government)– ਦੇਸ਼ਾਂ ਹੀ ਦੇਸ਼ਾਂ ਵਿੱਚ ਸੰਸਦੀ ਵਿਵਸਥਾ ਹੋਣ ਕਾਰਨ ਪ੍ਰਧਾਨ ਮੰਤਰੀ ਦੇ ਤਿਆਗ ਪੱਤਰ ਦੇਣ ਦਾ ਅਰਥ ਸਾਰੀ ਸਰਕਾਰ ਦਾ ਤਿਆਗ ਪੱਤਰ ਮੰਨਿਆ ਜਾਂਦਾ ਹੈ। ਪ੍ਰਧਾਨ ਮੰਤਰੀ ਦੇ ਤਿਆਗ ਪੱਤਰ ਦੇਣ 'ਤੇ ਸਰਕਾਰ ਭੰਗ ਹੋ ਜਾਂਦੀ ਹੈ। ਪ੍ਰਧਾਨ ਮੰਤਰੀ ਸਰਕਾਰ ਦਾ ਮੁਖੀ ਹੁੰਦਾ ਹੈ ਅਤੇ ਉਸ ਦੇ ਤਿਆਗ ਪੱਤਰ ਦੇਣ 'ਤੇ ਸਾਰੀ ਸਰਕਾਰ ਭੰਗ ਹੋ ਜਾਂਦੀ ਹੈ।

***(iv)* ਦੋਵਾਂ ਹੀ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਆਪਣੇ ਸਾਰੇ ਕੰਮਾਂ ਲਈ ਹੇਠਲੇ ਸਦਨ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ** (In both countries, The Prime Minister is Responsible to the Lower House for his Acts)– ਸੰਸਦੀ ਵਿਵਸਥਾ ਹੋਣ ਕਾਰਨ ਦੋਵਾਂ ਹੀ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਆਪਣੇ ਕੰਮਾਂ ਅਤੇ ਫੈਸਲਿਆਂ ਲਈ ਹੇਠਲੇ ਸਦਨ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ। ਬ੍ਰਿਟੇਨ ਦੇ ਅਤੇ ਭਾਰਤ ਵਿੱਚ ਜਦ ਕਿ ਸਿਧਾਂਤਕ ਰੂਪ ਵਿੱਚ ਪ੍ਰਧਾਨ ਮੰਤਰੀ ਦੀ ਨਿਯੁਕਤੀ 'ਰਾਜ ਪ੍ਰਧਾਨ' (Head of the State) ਵੱਲੋਂ ਕੀਤੀ ਜਾਂਦੀ ਹੈ ਪਰ ਸੰਸਦੀ ਪ੍ਰੰਪਰਾ ਦੇ ਅਨੁਸਾਰ ਰਾਜ ਪ੍ਰਧਾਨ ਪ੍ਰਤੀ ਉਹ ਜ਼ਿੰਮੇਵਾਰ ਨਹੀਂ ਹੈ।

## ਭਾਰਤੀ ਪ੍ਰਧਾਨ ਮੰਤਰੀ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀ ਸਥਿਤੀ ਵਿੱਚ ਫਰਕ (Distinction between the Position of Indian Prime Minister and British Prime Minister)

ਭਾਰਤੀ ਪ੍ਰਧਾਨ ਮੰਤਰੀ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਅਤੇ ਸਥਿਤੀ ਵਿੱਚ ਬਹੁਤ ਕੁਝ ਬਰਾਬਰਤਾ ਹੁੰਦੇ ਹੋਏ ਵੀ ਕੁਝ ਮਹੱਤਵਪੂਰਨ ਫਰਕ ਵੀ ਪਾਇਆ ਜਾਂਦਾ ਹੈ। ਬ੍ਰਿਟੇਨ ਵਿੱਚ ਸੰਸਦ ਸਰਵਉੱਚ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕਾਮਨਸ ਸਭਾ ਵਿੱਚ ਬਹੁਮਤ ਦੇ ਸਮਰਥਨ ਦੇ ਜ਼ੋਰ 'ਤੇ ਵਿਸ਼ਵ ਦਾ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਲੋਕਤੰਤ੍ਰਿਕ ਸ਼ਾਸਕ ਹੈ। ਬ੍ਰਿਟੇਨ ਵਿੱਚ ਸੰਸਦ ਸਧਾਰਣ ਕਾਨੂੰਨ ਵਾਂਗ ਸੰਵਿਧਾਨ ਵਿੱਚ ਸੋਧ ਕਰ ਸਕਦੀ ਹੈ। ਇਸ ਦਾ ਅਰਥ ਇਹ ਹੈ ਕਿ ਬ੍ਰਿਟੇਨ ਵਿੱਚ ਜੇਕਰ ਪ੍ਰਧਾਨ ਮੰਤਰੀ ਨੂੰ ਕਾਮਨਸ ਸਭਾ (ਹੇਠਲੇ ਸਦਨ) ਦੇ ਬਹੁਮਤ ਦਾ ਸਮਰਥਨ ਪ੍ਰਾਪਤ ਹੈ ਤਾਂ ਉਹ ਸੰਵਿਧਾਨ ਵਿੱਚ ਕੁਝ ਵੀ ਸੋਧ ਕਰ ਸਕਦਾ ਹੈ। ਬ੍ਰਿਟੇਨ ਵਿੱਚ ਨਿਆ ਪਾਲਿਕਾ ਨੂੰ 'ਨਿਆਇਕ ਪੁਨਰ ਵਿਚਾਰ' (Judicial Review) ਦੀ ਸ਼ਕਤੀ ਪ੍ਰਾਪਤ ਨਹੀਂ ਹੈ ਅਤੇ ਸੰਸਦ ਵੱਲੋਂ ਪਾਸ ਕਾਨੂੰਨ ਅਦਾਲਤਾਂ ਦੀ ਹੱਦ ਤੋਂ ਬਾਹਰ ਹੈ। ਦੂਸਰੇ ਪਾਸੇ ਭਾਰਤ ਵਿੱਚ ਸੰਸਦ ਸਰਵਉੱਚ ਨਹੀਂ ਹੈ। ਸੰਵਿਧਾਨ ਸਰਵਉੱਚ ਹੈ ਅਤੇ ਸੰਸਦ ਦੇ ਨਿਸ਼ਚਿਤ ਸੀਮਾ ਤੱਕ ਹੀ ਸੰਵਿਧਾਨ ਵਿੱਚ ਸੋਧ ਕਰ ਸਕਦੀ ਹੈ। ਭਾਰਤੀ ਸੰਵਿਧਾਨ ਵਿੱਚ ਸੋਧ ਦੀ ਪ੍ਰਣਾਲੀ ਵੀ ਔਖੀ ਹੈ। ਸਧਾਰਣ ਕਾਨੂੰਨ ਅਤੇ **'ਸੰਵਿਧਾਨਿਕ ਕਾਨੂੰਨ'** ਵਿੱਚ ਫਰਕ ਹੈ।

*ਨੋਟਸ* ਸਰਕਾਰ ਦੇ ਤਿੰਨੋਂ ਅੰਗ ਸੰਸਦ, ਕਾਰਜ ਪਾਲਿਕਾ ਅਤੇ ਨਿਆ ਪਾਲਿਕਾ ਸੰਵਿਧਾਨ ਵੱਲੋਂ ਨਿਸ਼ਚਿਤ ਸੀਮਾਵਾਂ ਦੇ ਅਧੀਨ ਹੀ ਕੰਮ ਕਰਦੇ ਹਨ।

ਸਰਵਉੱਚ ਅਦਾਲਤ ਨੂੰ ਕਾਰਜ ਪਾਲਿਕਾ ਦੇ ਫੈਸਲਿਆਂ ਅਤੇ ਸੰਸਦ ਵੱਲੋਂ ਬਣਾਏ ਗਏ ਕਾਨੂੰਨਾਂ ਦੇ 'ਨਿਆਇਕ ਪੁਨਰ ਵਿਚਾਰ' (Judicial Review) ਦੀ ਸ਼ਕਤੀ ਪ੍ਰਾਪਤ ਹੈ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਲੋਕ ਸਭਾ ਵਿੱਚ ਬਹੁਮਤ ਦਾ ਸਮਰਥਨ ਹੋਣ ਦੇ ਬਾਵਜੂਦ ਉੰਨਾ ਸ਼ਕਤੀਸ਼ਾਲੀ ਨਹੀਂ ਹੈ, ਜਿੰਨਾ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ।

### ਸਵ-ਮੁਲਾਂਕਣ (Self Assessment)

ਬਹੁ ਵਿਕਲਪੀ ਪ੍ਰਸ਼ਨ (Multiple Choice Questions):

11. ਬ੍ਰਿਟੇਨ ਵਿੱਚ ਸਮਰਾਟ ਨਾਮਾਤਰ ਦਾ ਕੀ ਹੁੰਦਾ ਹੈ?

    (ੳ) ਰਾਜ ਪ੍ਰਧਾਨ (ਬ) ਪ੍ਰਧਾਨ ਮੰਤਰੀ

    (ਸ) ਨ (ੳ) ਅਤੇ ਨ (ਬ) (ਦ) ਉਪਰੋਕਤ ਵਿੱਚੋਂ ਕੋਈ ਨਹੀਂ

12. ਹੇਠ ਲਿਖਿਆਂ ਵਿੱਚੋਂ ਕਿਹੜਾ ਸਰਕਾਰ ਦਾ ਇਕ ਅੰਗ ਵੀ ਹਨ?

    (ੳ) ਨਿਆ ਪਾਲਿਕਾ (ਬ) ਬੀ. ਐੱਸ. ਈ.

    (ਸ) ਕਰਮਚਾਰੀ ਚੋਣ ਬੋਰਡ (ਦ) ਉਪਰੋਕਤ ਵਿੱਚੋਂ ਕੋਈ ਨਹੀਂ

ਨੋਟ

## 8.8 ਭਾਰਤੀ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਅਤੇ ਸਥਿਤੀ ਦੀ ਅਮਰੀਕਨ ਰਾਸ਼ਟਰਪਤੀ ਦੀਆਂ ਸ਼ਕਤੀਆਂ ਅਤੇ ਸਥਿਤੀ ਨਾਲ ਤੁਲਨਾ (Comparison of the Powers and Position of Indian Prime Minister with those of American President)

ਭਾਰਤੀ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਅਤੇ ਸਥਿਤੀਆਂ ਦੀ ਤੁਲਨਾ ਅਮਰੀਕਨ ਰਾਸ਼ਟਰਪਤੀ ਦੀਆਂ ਸ਼ਕਤੀਆਂ ਅਤੇ ਸਥਿਤੀ ਵਿੱਚ ਤੁਲਨਾ ਦੋਵਾਂ ਦੇਸ਼ਾਂ ਦੀ ਪਹਿਲੀ ਰਾਜਨੀਤਿਕ ਵਿਵਸਥਾਵਾਂ ਦੇ ਸਬੰਧ ਵਿੱਚ ਹੀ ਕੀਤਾ ਜਾਣਾ ਠੀਕ ਹੋਵੇਗਾ। ਪ੍ਰਧਾਨ ਤੋਂ ਉਲਟ ਅਮਰੀਕਾ ਵਿੱਚ ਪ੍ਰਧਾਨਗੀ ਰਾਜਨੀਤਿਕ ਵਿਵਸਥਾ ਹੈ। ਅਮਰੀਕੀ ਰਾਸ਼ਟਰਪਤੀ ਰਾਜ ਪ੍ਰਧਾਨ ਹੋਣ ਦੇ ਨਾਲ ਹੀ ਨਾਲ ਸ਼ਾਸਨ ਪ੍ਰਧਾਨ ਵੀ ਹੈ। ਅਮਰੀਕੀ ਰਾਸ਼ਟਰਪਤੀ ਇਕ ਚੁਣੀ ਹੋਈ ਕਾਰਜ ਪਾਲਿਕਾ ਦਾ ਪ੍ਰਧਾਨ ਹੈ। ਉਸ ਨੂੰ ਪ੍ਰਸ਼ਾਸਨ ਦੇ ਖੇਤਰ ਵਿੱਚ ਵਿਆਪ ਸ਼ਕਤੀਆਂ ਪ੍ਰਾਪਤ ਹਨ। ਇਸ ਦੇ ਅਹੁਦੇ ਵਿੱਚ ਸਥਾਇਤਵ ਹੁੰਦਾ ਹੈ। ਇਕ ਵਾਰ ਚੁਣੇ ਜਾਣ ਤੋਂ ਬਾਅਦ ਉਹ ਆਪਣੇ ਅਹੁਦੇ ’ਤੇ ਪੂਰੇ ਕਾਰਜਕਾਲ ਤੱਕ ਰਹਿੰਦਾ ਹੈ। ਕੇਵਲ ਮਹਾਭਿਯੋਗ ਨਾਲ ਹੀ ਉਸ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਦੂਸਰੇ ਪਾਸੇ ਭਾਰਤੀ ਪ੍ਰਧਾਨ ਮੰਤਰੀ ਸ਼ਾਸਨ ਪ੍ਰਧਾਨ ਹੈ, ਰਾਜ ਪ੍ਰਧਾਨ ਨਹੀਂ। ਇਕ ਵਾਰ ਆਪਣੇ ਅਹੁਦੇ ’ਤੇ ਚੁਣੇ ਜਾਣ ਤੋਂ ਬਾਅਦ ਉਹ ਉਸੇ ਸਮੇਂ ਤੱਕ ਆਪਣੇ ਅਹੁਦੇ ’ਤੇ ਬਣਿਆ ਰਹਿੰਦਾ ਹੈ, ਜਦ ਤੱਕ ਉਸ ਨੂੰ ਲੋਕ ਸਭਾ ਦੇ ਬਹੁਮਤ ਦਾ ਸਮਰਥਨ ਪ੍ਰਾਪਤ ਹੋਵੇ। ਲੋਕ ਸਭਾ ਦੇ ਬਹੁਮਤ ਦੇ ਸਮਰਥਨ ਦੇ ਜ਼ੋਰ ’ਤੇ ਉਹ ਲੋਕ ਸਭਾ ਦੇ ਪੂਰੇ ਕਾਰਜਕਾਲ ਤੱਕ ਆਪਣੇ ਅਹੁਦੇ ’ਤੇ ਬਣਿਆ ਰਹਿ ਸਕਦਾ ਹੈ।

ਅਮਰੀਕਾ ਦੀ ਰਾਜਨੀਤਿਕ ਵਿਵਸਥਾ ਵਿੱਚ ਸੰਵਿਧਾਨ ਨਿਰਮਾਤਾਵਾਂ ਨੇ ‘ਕੰਟਰੋਲ ਅਤੇ ਸੰਤੁਲਨ ਦੇ ਸਿਧਾਂਤ’ ਨੂੰ ਅਪਣਾਇਆ ਹੈ ਤਾਂ ਕਿ ਸਰਕਾਰ ਦਾ ਕੋਈ ਵੀ ਅੰਗ ਨਿਰੰਕੁਸ਼ ਤਰੀਕੇ ਨਾਲ ਕੰਮ ਨਾ ਕਰ ਸਕੇ। ਇਸ ਤੋਂ ਉਲਟ ਭਾਰਤ ਵਿੱਚ ਸੰਸਦੀ ਵਿਵਸਥਾ ਹੋਣ ਕਾਰਨ ਵਿਵਸਥਾਪਿਕਾ ਅਤੇ ਕਾਰਜ ਪਾਲਿਕਾ ਵਿੱਚ ਸਮਨਵਯ ਪਾਇਆ ਜਾਂਦਾ ਹੈ। ਭਾਰਤੀ ਪ੍ਰਧਾਨ ਮੰਤਰੀ ਲੋਕ ਸਭਾ ਦੇ ਸਮਰਥਨ ਦੇ ਜ਼ੋਰ ’ਤੇ ਆਪਣੀਆਂ ਨੀਤੀਆਂ, ਫੈਸਲਿਆਂ ਅਤੇ ਵਿਧਾਇਕਾਂ ਨੂੰ ਸੰਸਦ ਵੱਲੋਂ ਅਸਾਨੀ ਨਾਲ ਪਾਸ ਕਰ ਲੈਂਦਾ ਹੈ। ਲੋਕ ਸਭਾ ਦੇ ਬਹੁਮਤ ਦਾ ਸਮਰਥਨ ਰਹਿਣ ’ਤੇ ਉਹ ਅਮਰੀਕਨ ਰਾਸ਼ਟਰਪਤੀ ਦੇ ਮੁਕਾਬਲੇ ਸ਼ਕਤੀਸ਼ਾਲੀ ਕਾਰਜ ਪਾਲਕ ਹੈ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

13. ਅਮਰੀਕਾ ਦਾ ਰਾਸ਼ਟਰਪਤੀ ਰਾਜ ਪ੍ਰਧਾਨ ਹੋਣ ਦੇ ਨਾਲ-ਨਾਲ.............. ਵੀ ਹੈ।
14. ਅਮਰੀਕਾ ਦੀ ਰਾਜਨੀਤਿਕ ਵਿਵਸਥਾ ਵਿੱਚ ਸੰਵਿਧਾਨ ਨਿਰਮਾਤਾਵਾਂ ਨੇ ................ ਨੂੰ ਅਪਣਾਇਆ ਹੈ।

## 8.9 ਸਾਰ ਅੰਸ਼ (Summary)

- ਸੰਵਿਧਾਨ ਦੇ ਅਨੁਛੇਦ 74 ਵਿੱਚ ਕੇਵਲ ਮੰਤਰੀ ਪ੍ਰੀਸ਼ਦ ਦੀ ਵਿਵਸਥਾ ਹੈ ਅਤੇ ਕੈਬਨਿਟ ਦਾ ਕੋਈ ਵਰਨਣ ਨਹੀਂ ਹੈ। ਕੈਬਨਿਟ ਇਕ ਸੰਵਿਧਾਨਿਕ ਸੰਸਥਾ ਹੈ।
- ਆਪਣੀ ਨਿਯੁਕਤੀ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਪਹਿਲਾ ਕੰਮ ਇਹ ਹੁੰਦਾ ਹੈ ਕਿ ਉਹ ਆਪਣੇ ਸਾਥੀ ਮੰਤਰੀਆਂ ਨੂੰ ਚੁਣੇ।
- ਇੰਗਲੈਂਡ ਵਾਂਗ ਭਾਰਤ ਦਾ ਪ੍ਰਧਾਨ ਮੰਤਰੀ ਲੋਕ ਸਭਾ ਦੀ ਅਗਵਾਈ ਕਰਦਾ ਹੈ। ਉਹ ਸਦਨ ਵਿੱਚ ਸਰਕਾਰ ਦੀ ਨੀਤੀ ਨਾਲ ਸਬੰਧਿਤ ਮਹੱਤਵਪੂਰਨ ਘੋਸ਼ਣਾਵਾਂ ਕਰਦਾ ਹੈ ਅਤੇ ਪ੍ਰਸ਼ਨਾਂ ਦਾ ਉੱਤਰ ਦਿੰਦਾ ਹੈ।
- ਭਾਰਤ ਵਿੱਚ ਸੰਸਦੀ ਸਰਕਾਰ ਅਤੇ ਜਿਸ ਵਿੱਚ ਰਾਸ਼ਟਰ ਦਾ ਮੁਖੀ ਰਾਸ਼ਟਰਪਤੀ ਹੈ ਅਤੇ ਸਰਕਾਰ ਦਾ ਅਸਲੀ ਮੁਖੀ ਪ੍ਰਧਾਨ ਮੰਤਰੀ ਹੈ।
- ਭਾਰਤੀ ਸੰਵਿਧਾਨ ਅਧੀਨ ਧਾਰਾ 352, 365, 360 ਨਾਲ ਭਾਰਤ ਦੇ ਰਾਸ਼ਟਰਪਤੀ ਇਨ੍ਹਾਂ ਸ਼ਕਤੀਆਂ ਦਾ ਇਸਤੇਮਾਲ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਹੀ ਕਰਦਾ ਹੈ।
- ਸਧਾਰਣ ਪ੍ਰਸਥਿਤੀਆਂ ਵਿੱਚ ਪ੍ਰਧਾਨ ਮੰਤਰੀ ਤਾਨਾਸ਼ਾਹੀ ਨਹੀਂ ਬਣ ਸਕਦਾ, ਕਿਉਂਕਿ ਉਸ ਨੂੰ ਕੁਝ ਹੱਦਾਂ ਅੰਦਰ ਰਹਿ ਕੇ ਹੀ ਕੰਮ ਕਰਨਾ ਹੁੰਦਾ ਹੈ। ਬਹੁਤ ਕੁਝ ਪ੍ਰਧਾਨ ਮੰਤਰੀ ਦੇ ਵਿਅਕਤੀਤਵ ’ਤੇ ਨਿਰਭਰ ਕਰਦਾ ਹੈ।
- ਬ੍ਰਿਟੇਨ ਵਾਂਗ ਭਾਰਤ ਵਿੱਚ ਵੀ ਨਾਮਾਤਰ ਦੇ ਰਾਜ ਪ੍ਰਧਾਨ ਦਾ ਅਹੁਦਾ ਸ਼ਾਮਿਲ ਹੈ। ਬ੍ਰਿਟੇਨ ਵਿੱਚ ਸਮਰਾਟ ਨਾਮਾਤਰ ਦੇ ਰਾਜ ਪ੍ਰਧਾਨ ਦੇ ਰੂਪ ਵਿੱਚ ਸ਼ਾਮਿਲ ਹੈ ਤਾਂ ਭਾਰਤ ਵਿੱਚ ਰਾਸ਼ਟਰਪਤੀ ਇਸ ਦੀ ਪ੍ਰਤੀਨਿਧਤਾ ਕਰਦਾ ਹੈ।
- ਬ੍ਰਿਟਿਸ਼ ਪ੍ਰਧਾਨ ਮੰਤਰੀ ਕਾਮਨਸ ਸਭਾ ਵਿੱਚ ਬਹੁਮਤ ਦੇ ਸਮਰਥਨ ਦੇ ਜ਼ੋਰ ’ਤੇ ਵਿਸ਼ਵ ਦਾ ਸਭ ਤੋਂ ਸ਼ਕਤੀਸ਼ਾਲੀ ਲੋਕਤੰਤ੍ਰਿਕ ਸ਼ਾਸਕ ਹੈ। ਬ੍ਰਿਟੇਨ ਵਿੱਚ ਸੰਸਦ ਸਧਾਰਣ ਕਾਨੂੰਨ ਵਾਂਗ ਸੰਵਿਧਾਨ ਵਿੱਚ ਸੋਧ ਕਰ ਸਕਦੀ ਹੈ।

- ਅਮਰੀਕੀ ਰਾਸ਼ਟਰਪਤੀ ਰਾਜ ਪ੍ਰਧਾਨ ਹੋਣ ਦੇ ਨਾਲ ਹੀ ਨਾਲ ਸ਼ਾਸਨ ਪ੍ਰਧਾਨ ਵੀ ਹੈ। ਅਮਰੀਕੀ ਰਾਸ਼ਟਰਪਤੀ ਇਕ ਚੋਣ ਕਾਰਜ ਪਾਲਿਕਾ ਪ੍ਰਧਾਨ ਹੈ। **ਨੋਟ**

## 8.10 ਸ਼ਬਦਕੋਸ਼ (Keywords)

- **ਆਪਾਤਕਾਲੀਨ (Emergency)** : ਸੰਕਟਕਾਲੀਨ, ਅਚਾਨਕ ਵਾਪਰਨ ਦੀ ਸਥਿਤੀ।
- **ਤਾਨਾਸ਼ਾਹੀ (Dictatorship)** : ਸਵੈ-ਇੱਛਾ, ਅਧਿਨਾਇਕ-ਤਵ।

## 8.11 ਅਭਿਆਸ ਪ੍ਰਸ਼ਨ (Review Questions)

1. ਸੰਘੀ ਮੰਤਰੀ ਪ੍ਰੀਸ਼ਦ ਦੇ ਸੰਗਠਨ ਦਾ ਵਰਨਣ ਕਰਦੇ ਹੋਏ ਕੈਬਨਿਟ (ਮੰਤਰੀ ਮੰਡਲ) ਅਤੇ ਮੰਤਰੀ ਪ੍ਰੀਸ਼ਦ ਦਰਮਿਆਨ ਫਰਕਾਂ ਨੂੰ ਸਪੱਸ਼ਟ ਕਰੋ।
2. ਮੰਤਰੀ ਮੰਡਲ ਦੀਆਂ ਸ਼ਕਤੀਆਂ ਦਾ ਵਰਨਣ ਕਰੋ।
3. ਭਾਰਤ ਦੇ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਅਤੇ ਸਥਿਤੀ ਦਾ ਵਰਨਣ ਕਰੋ।
4. ਭਾਰਤੀ ਪ੍ਰਧਾਨ ਮੰਤਰੀ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਵਿੱਚ ਫਰਕ ਸਪੱਸ਼ਟ ਕਰੋ।

**ਉੱਤਰ: ਸਵ ਮੁਲਾਂਕਣ (Answer : Self Assessment)**

| | |
|---|---|
| 1. ਮੰਤਰੀ ਪ੍ਰੀਸ਼ਦ | 2. ਰਾਸ਼ਟਰਪਤੀ |
| 3. ਲਾਲ ਕ੍ਰਿਸ਼ਨ ਅਡਵਾਨੀ | 4. ਮੰਤਰੀ ਪ੍ਰੀਸ਼ਦ |
| 5. (ਅ) | 6. (ਸ) |
| 7. (ਸ) | 8. ਸੱਚ |
| 9. ਝੂਠ | 10. ਸੱਚ |
| 11. (ਅ) | 12. (ਅ) |
| 13. ਸ਼ਾਸਨ ਪ੍ਰਧਾਨ | 14. ਕੰਟਰੋਲ ਅਤੇ ਸੰਤੁਲਨ ਦੇ ਸਿਧਾਂਤ |

## 8.12 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਭਾਰਤੀ ਰਾਜਨੀਤਿਕ ਵਿਵਸਥਾ- ਐੱਨ. ਛਾਬੜਾ।
2. ਭਾਰਤੀ ਸ਼ਾਸਨ ਅਤੇ ਰਾਜਨੀਤੀ- ਪੀ. ਰਸਤੋਗੀ।
3. ਭਾਰਤੀ ਰਾਜਨੀਤਿਕ ਪ੍ਰਣਾਲੀ- ਯੂ. ਆਰ. ਘਈ।

ਨੋਟ

# ਇਕਾਈ-9: ਨਿਆ ਪਾਲਿਕਾ : ਸਰਵਉੱਚ ਅਦਾਲਤ, ਉੱਚ ਅਦਾਲਤ, ਨਿਆਇਕ ਪੁਨਰ ਨਿਰੀਖਣ
# (The Judiciary : Supreme Court, High Court, Judicial Review)

**ਵਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

9.1 ਸਰਵਉੱਚ ਅਦਾਲਤ : ਰਚਨਾ, ਸ਼ਕਤੀਆਂ ਅਤੇ ਕੰਮ (Supreme Court : Formation, Powers and Functions)

9.2 ਰਾਜ ਉੱਚ ਅਦਾਲਤ (State High Court)

9.3 ਨਿਆਇਕ ਪੁਨਰ ਨਿਰੀਖਣ (Judicial Review)

9.4 ਭਾਰਤ ਵਿੱਚ ਨਿਆਇਕ ਪੁਨਰ ਨਿਰੀਖਣ : ਵਿਸ਼ੇਸ਼ਤਾਵਾਂ (Judicial Review in India: Features)

9.5 ਸਾਰ ਅੰਸ਼ (Summary)

9.6 ਸ਼ਬਦਕੋਸ਼ (Keywords)

9.7 ਅਭਿਆਸ ਪ੍ਰਸ਼ਨ (Review Questions)

9.8 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਅਧਿਆਇ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਸਰਵਉੱਚ ਅਦਾਲਤ ਦੀਆਂ ਸ਼ਕਤੀਆਂ, ਰਚਨਾਵਾਂ ਅਤੇ ਕੰਮਾਂ ਨੂੰ ਸਮਝਣ ਸਬੰਧੀ।
- ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ, ਕੰਮ ਅਤੇ ਅਧਿਕਾਰਾਂ ਦਾ ਵਰਨਣ ਕਰਨ ਸਬੰਧੀ।
- ਭਾਰਤ ਵਿੱਚ ਨਿਆਇਕ ਪੁਨਰ ਨਿਰੀਖਣ ਦੀ ਪ੍ਰਣਾਲੀ ਦੀ ਵਿਆਖਿਆ ਕਰਦੇ ਹੋਏ ਆਲੋਚਨਾਤਮਕ ਮੁਲਾਂਕਣ ਕਰਨ ਸਬੰਧੀ।

## ਜਾਣਕਾਰੀ (Introduction)

ਇਕ ਰਾਜ ਵਿੱਚ ਨਿਆ ਪਾਲਿਕਾ ਦੀ ਜ਼ਰੂਰਤ ਦੱਸਦੇ ਹੋਏ ਪ੍ਰੋ. ਗਾਰਨਰ ਨੇ ਕਿਹਾ ਹੈ ਕਿ, "ਨਿਆ ਵਿਭਾਗ ਦੇ ਅਹਿਸਾਸ ਵਿੱਚ ਇਕ ਮੱਧ ਰਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਕੋਈ ਵੀ ਸਮਾਜ ਬਿਨਾਂ ਵਿਧਾਨ ਮੰਡਲ ਤੋਂ ਰਹਿੰਦਾ ਹੈ, ਇਹ ਗੱਲ ਸਮਝ ਵਿੱਚ ਆ ਸਕਦੀ ਹੈ ਪਰ ਅਜਿਹੇ ਕਿਸੇ ਮੱਧ ਰਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ, ਜਿਸ ਵਿੱਚ ਨਿਆ ਪਾਲਿਕਾ ਜਾਂ ਨਿਆ-ਅਧੀਕਰਣ ਦੀ ਕੋਈ ਵਿਵਸਥਾ ਨਾ ਹੋਵੇ।" ਇਕ ਸੰਘਾਤਮਕ ਰਾਜ ਵਿੱਚ ਸੁਤੰਤਰਤਾ ਅਤੇ ਸਰਵਉੱਚ ਅਦਾਲਤ ਦੀ ਜ਼ਰੂਰਤ ਹੋਰ ਵਧੇਰੇ ਹੁੰਦੀ ਹੈ। ਸੰਘ ਰਾਜ ਵਿੱਚ ਸੰਘੀ ਅਤੇ ਰਾਜ ਸਰਕਾਰਾਂ ਦਰਮਿਆਨ ਸਪੱਸ਼ਟ ਅਤੇ ਲਿਖਤੀ ਰੂਪ ਵਿੱਚ ਸ਼ਕਤੀ ਦੀ ਵੰਡ ਕੀਤੀ ਜਾਂਦੀ ਹੈ ਪਰ ਫਿਰ ਵੀ ਅਨੇਕਾਂ ਵਿਸ਼ਿਆਂ 'ਤੇ ਸੰਘੀ ਅਤੇ ਰਾਜ ਸਰਕਾਰਾਂ ਦਰਮਿਆਨ ਜਾਂ ਰਾਜ ਸਰਕਾਰਾਂ ਵਿੱਚ ਹੀ ਪ੍ਰਸਪਰ ਵਿਵਾਦ ਪੈਦਾ ਹੋ ਸਕਦਾ ਹੈ, ਜਿਸ ਦਾ ਨਿਪਟਾਰਾ ਇਕ ਸਰਵਉੱਚ ਅਦਾਲਤ ਵੱਲੋਂ ਹੀ ਕੀਤਾ ਜਾ ਸਕਦਾ ਹੈ।

**ਨੋਟ**

ਸਰਵਉੱਚ ਅਦਾਲਤ ਵੱਲੋਂ ਸੰਵਿਧਾਨ ਦੇ ਰੱਖਿਅਕ ਅਤੇ ਸੰਵਿਧਾਨ ਦੇ ਅਧਿਕਾਰਿਕ ਵਿਆਖਿਆ ਦੇ ਰੂਪ ਵਿੱਚ ਕੰਮ ਕੀਤਾ ਜਾਂਦਾ ਹੈ। ਉਹ ਸੰਸਦ ਵੱਲੋਂ ਨਿਰਮਿਤ ਅਜਿਹੀ ਹਰੇਕ ਵਿਧੀ ਨੂੰ ਨਜਾਇਜ਼ ਘੋਸ਼ਿਤ ਕਰ ਸਕਦਾ ਹੈ ਜੋ ਸੰਵਿਧਾਨ ਦੇ ਵਿਰੁੱਧ ਹੋਵੇ। ਆਪਣੀ ਇਸ ਸ਼ਕਤੀ ਨਾਲ ਇਹ ਸੰਵਿਧਾਨ ਨੂੰ ਪ੍ਰਭੂਤਾ ਅਤੇ ਸਰਵਉੱਚਤਾ ਦੀ ਰੱਖਿਆ ਕਰਦਾ ਹੈ, ਜਦ ਕਦੇ ਸੰਵਿਧਾਨ ਦੇ ਕਿਸੇ ਅਨੁਛੇਦ ਦੇ ਸਬੰਧ ਵਿੱਚ ਕੋਈ ਵਿਵਾਦ ਪੈਦਾ ਹੋ ਜਾਂਦਾ ਹੈ ਤਾਂ ਉਸ ਨੂੰ ਇਸ ਸਬੰਧ ਵਿੱਚ ਫੈਸਲਾ ਦੇਣ ਦਾ ਅਧਿਕਾਰ ਹੁੰਦਾ ਹੈ ਅਤੇ ਇਸ ਸਬੰਧ ਵਿੱਚ ਉਸ ਦਾ ਫੈਸਲਾ ਆਖਰੀ ਅਤੇ ਸਾਰਿਆਂ ਦੇ ਮੰਨਣਯੋਗ ਹੁੰਦਾ ਹੈ।

ਸਰਵਉੱਚ ਅਦਾਲਤ ਸੰਵਿਧਾਨ ਦੀ ਰੱਖਿਆ ਕਰਨ ਦੇ ਨਾਲ-ਨਾਲ ਨਾਗਰਿਕਾਂ ਦੀ ਸੁਤੰਤਰਤਾ ਅਤੇ ਅਧਿਕਾਰਾਂ ਦੀ ਵੀ ਰੱਖਿਆ ਕਰਦਾ ਹੈ, ਜੇਕਰ ਭਾਰਤ ਸੰਘ ਦੀ ਵਿਵਸਥਾਪਿਕਾ, ਕਾਰਜਕਾਰਣੀ ਜਾਂ ਹੋਰ ਕੋਈ ਸੱਤਾ ਨਾਗਰਿਕਾਂ ਦੇ ਅਧਿਕਾਰਾਂ ਅਤੇ ਸੁਤੰਤਰਤਾ ਵਿੱਚ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਕਰਦੀ ਹੈ ਤਾਂ ਸਰਵਉੱਚ ਅਦਾਲਤ ਬੰਦੀ ਪ੍ਰਤੱਖੀਕਰਨ, ਆਦੇਸ਼, ਪ੍ਰਤੀਸ਼ੇਦ, ਅਧਿਕਾਰ ਜਾਂ ਪ੍ਰੀਖਣ, ਜਦੋਂ ਜਿਹੜੀ ਜ਼ਰੂਰਤ ਹੋਵੇ, ਉਹ ਆਦੇਸ਼ ਜਾਰੀ ਕਰਕੇ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਇਸ ਸਬੰਧ ਵਿੱਚ **ਸ਼੍ਰੀ ਐੱਮ. ਸੀ. ਸੀਤਲਵਾੜ** ਨੇ ਆਪਣੇ ਵਿਚਾਰਾਂ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ ਕਿ "ਸੰਵਿਧਾਨ ਦੀ ਆਖਰੀ ਵਿਆਖਿਆ ਦੇ ਰੂਪ ਵਿੱਚ, ਚਾਹੇ ਉਹ ਮੌਲਿਕ ਅਧਿਕਾਰਾਂ ਦਾ ਖੇਤਰ ਹੋਵੇ ਜਾਂ ਸੰਘ ਅਤੇ ਰਾਜ ਦਰਮਿਆਨ ਉੱਠਣ ਵਾਲੇ ਪ੍ਰਸ਼ਨ ਅਤੇ ਦੇਸ਼ ਦੇ ਸਾਰੇ ਕਾਨੂੰਨਾਂ ਅਤੇ ਪ੍ਰਥਾਵਾਂ 'ਤੇ ਅਧਾਰਿਤ ਨਿਯਮਾਂ ਦਾ ਖੇਤਰ ਰਾਸ਼ਟਰ ਦੀ ਆਰਥਿਕ ਅਤੇ ਸਮਾਜਿਕ ਉੱਨਤੀ ਦੇ ਯੰਤਰ ਸਵਰੂਪ, ਸਰਵਉੱਚ ਅਦਾਲਤ ਦੇ ਪ੍ਰਭਾਵ 'ਤੇ ਜ਼ੋਰ ਦੇਣਾ ਕੋਈ ਅਤਿਕਥਨੀ ਨਹੀਂ ਹੈ।

**ਭਾਰਤ ਵਿੱਚ ਇਕਹਿਰੀ ਨਿਆ ਪ੍ਰਣਾਲੀ ਦੀ ਵਿਵਸਥਾ (Single Judicial System in India)**

ਜਦ ਕਿ ਭਾਰਤ ਇਕ ਸੰਘੀ ਰਾਜ ਹੈ ਪਰ ਫਿਰ ਵੀ ਸੰਵਿਧਾਨ ਵਿੱਚ ਇਕਹਿਰੀ ਨਿਆ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ। ਸੰਯੁਕਤ ਰਾਜ ਅਮਰੀਕਾ ਵਾਂਗ ਸਾਡੇ ਦੇਸ਼ ਵਿੱਚ ਸੰਘੀ ਅਤੇ ਰਾਜ ਅਦਾਲਤਾਂ ਵੱਖ-ਵੱਖ ਨਹੀਂ ਹਨ। ਸਾਰੀਆਂ ਅਦਾਲਤਾਂ ਇਕ ਹੀ ਅਦਾਲਤ ਲੜੀ ਦੀਆਂ ਕੜੀਆਂ ਹਨ। ਸਭ ਤੋਂ ਉੱਪਰ ਭਾਰਤ ਦੀ ਸਰਵਉੱਚ ਅਦਾਲਤ (Supreme Court of Indias) ਹੈ। ਇਸ ਦੇ ਅਧੀਨ ਰਾਜਾਂ ਵਿੱਚ ਉੱਚ ਅਦਾਲਤਾਂ (State High Courts) ਹਨ ਅਤੇ ਉੱਚ ਅਦਾਲਤਾਂ ਅਧੀਨ ਜ਼ਿਲ੍ਹਾ ਪੱਧਰ 'ਤੇ ਅਧੀਨ ਅਦਾਲਤਾਂ (Subordinate Courts) ਹੈ। ਇਹ ਸਾਰੀਆਂ ਅਦਾਲਤਾਂ ਸੰਵਿਧਾਨ ਦੇ ਅਧੀਨ ਸਥਾਪਿਤ ਕੀਤੀਆਂ ਗਈਆਂ ਹਨ ਅਤੇ ਇਹ ਸੰਵਿਧਾਨਿਕ ਕਾਨੂੰਨ ਅਤੇ ਰਾਜ ਦੇ ਕਾਨੂੰਨਾਂ ਅਤੇ ਬਰਾਬਰ ਦੰਡ ਵਿਧੀ (Criminal Procedure Law) ਅਤੇ ਵਿਵਹਾਰ ਵਿਧੀ (Civil Procedure Law) ਦੇ ਅਧਾਰ 'ਤੇ ਮੁਕੱਦਮਿਆਂ ਦੇ ਫੈਸਲੇ ਕਰਦੇ ਹਨ। ਇਸ ਤਰ੍ਹਾਂ ਭਾਰਤ ਵਿੱਚ ਸੰਗਠਿਤ ਇਕਹਿਰੀ ਨਿਆ ਵਿਵਸਥਾ ਦੀ ਸਥਾਪਨਾ ਕੀਤੀ ਗਈ ਹੈ।

## 9.1 ਸਰਵਉੱਚ ਅਦਾਲਤ : ਰਚਨਾ, ਸ਼ਕਤੀਆਂ ਅਤੇ ਕੰਮ (Supreme Court : Formation, Powers and Functions)

ਇਹ ਅਦਾਲਤ ਭਾਰਤੀ ਨਿਆ ਵਿਵਸਥਾ ਦੀ ਸ਼੍ਰੋਮਣੀ ਹੈ। ਇਹ ਭਾਰਤ ਦੀ ਸਭ ਤੋਂ ਉੱਚੀ ਅਦਾਲਤ ਹੈ, ਇਸ ਦੇ ਫੈਸਲੇ ਆਖਰੀ ਹੁੰਦੇ ਹਨ।

*ਕੀ ਤੁਸੀਂ ਜਾਣਦੇ ਹੋ*

ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਭਾਰਤ ਦੀ ਸਰਵਉੱਚ ਅਦਾਲਤ ਨੂੰ ਫੈਡਰਲ ਕੋਰਟ ਆਫ ਇੰਡੀਆ (Federal Court of India) ਕਿਹਾ ਜਾਂਦਾ ਹੈ। ਇਸ ਦੀ ਸਥਾਪਨਾ 1935 ਦੇ ਅਧੀਨਿਯਮ ਅਧੀਨ ਕੀਤੀ ਗਈ ਸੀ।

ਇਸੇ ਸ਼ੁਰੂਆਤੀ ਅਤੇ ਅਪੀਲੀਏ ਦੋਵੇਂ ਤਰ੍ਹਾਂ ਦੇ ਖੇਤਰ ਅਧਿਕਾਰ ਪ੍ਰਾਪਤ ਸਨ ਪਰ ਇਹ ਭਾਰਤ ਦੀ ਆਖਰੀ ਅਦਾਲਤ ਨਹੀਂ ਸੀ। ਇਸ ਦੇ ਫੈਸਲਿਆਂ ਵਿਰੁੱਧ ਅਪੀਲਾਂ ਇੰਗਲੈਂਡ ਦੀ ਪ੍ਰੀਵੀ ਕੌਂਸਲ (Privy Council of England) ਕੋਲ ਕੀਤੀ ਜਾ ਸਕਦੀ ਹੈ।

**ਸਰਵਉੱਚ ਅਦਾਲਤ ਦੀ ਰਚਨਾ** (Comparison of Supreme Court)– ਭਾਰਤੀ ਸੰਵਿਧਾਨ ਦੀ ਧਾਰਾ 124 ਅਧੀਨ ਸਰਵਉੱਚ ਅਦਾਲਤ ਦੀ ਵਿਵਸਥਾ ਕੀਤੀ ਗਈ ਹੈ। ("There shall be a Supreme court of India.") ਸਰਵਉੱਚ ਅਦਾਲਤ ਵਿੱਚ ਸ਼ੁਰੂ 'ਚ ਇਕ ਮੁੱਖ ਜੱਜ ਅਤੇ 7 ਹੋਰ ਜੱਜ ਹੁੰਦੇ ਸਨ। 1957 ਵਿੱਚ ਸੰਸਦ 'ਚ ਇਕ ਕਾਨੂੰਨ ਪਾਸ ਹੋਇਆ, ਜਿਸ ਅਨੁਸਾਰ ਮੁੱਖ ਜੱਜ ਨੂੰ ਛੱਡ ਕੇ ਬਾਕੀ ਜੱਜਾਂ ਦੀ ਸੰਖਿਆ 7 ਤੋਂ 10 ਕਰ ਦਿੱਤੀ ਗਈ। ਸੰਨ 1960 ਵਿੱਚ ਸੰਸਦ ਨੇ ਹੋਰ ਜੱਜਾਂ ਦੀ ਸੰਖਿਆ 10 ਤੋਂ ਵਧਾ ਕੇ 13 ਕਰ ਦਿੱਤੀ ਪਰ ਦਸੰਬਰ, 1977 ਵਿੱਚ ਸੰਸਦ ਨੇ ਇਕ ਕਾਨੂੰਨ ਪਾਸ ਕੀਤਾ, ਜਿਸ ਅਨੁਸਾਰ ਸਰਵਉੱਚ ਅਦਾਲਤ ਦੇ ਹੋਰ ਜੱਜਾਂ ਦੀ ਗਿਣਤੀ 13 ਤੋਂ ਵਧਾ ਕੇ 17 ਕਰ ਦਿੱਤੀ ਗਈ। ਅਪ੍ਰੈਲ 1986 ਵਿੱਚ ਸਰਵਉੱਚ ਅਦਾਲਤ ਦੇ ਜੱਜਾਂ ਦੀ ਸੰਖਿਆ 17 ਤੋਂ 25 ਕਰ ਦਿੱਤੀ ਗਈ ਅਤੇ ਅੱਜ-ਕੱਲ੍ਹ ਸਰਵਉੱਚ ਅਦਾਲਤ ਵਿੱਚ ਇਕ ਮੁੱਖ ਜੱਜ ਅਤੇ 25 ਜੱਜ ਹਨ।

ਨੋਟ

ਕੰਮ ਜ਼ਿਆਦਾ ਹੋਣ 'ਤੇ ਰਾਸ਼ਟਰਪਤੀ ਤਦਰਥ ਜੱਜਾਂ (Adhoc Judges) ਦੀ ਵੀ ਨਿਯੁਕਤੀ ਕਰ ਸਕਦਾ ਹੈ। ਤਦਰਥ ਜੱਜਾਂ (Adhoc Judges) ਨੂੰ ਵੀ ਇਹੀ ਤਨਖਾਹ ਅਤੇ ਭੱਤੇ ਮਿਲਦੇ ਹਨ। ਜ਼ਰੂਰਤ ਪੈਣ 'ਤੇ ਕਿਸੇ ਸੇਵਾਮੁਕਤ (Retired) ਜੱਜ ਨੂੰ ਕੰਮ ਕਰਨ ਲਈ ਵੀ ਕਿਹਾ ਜਾ ਸਕਦਾ ਹੈ।

**ਜੱਜਾਂ ਦੀ ਨਿਯੁਕਤੀ** (Appointment of Judges)– ਉੱਚ ਅਦਾਲਤਾਂ ਦੇ ਮੁੱਖ ਜੱਜਾਂ ਅਤੇ ਹੋਰ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ ਪਰ ਅਜਿਹਾ ਕਰਦੇ ਸਮੇਂ ਰਾਸ਼ਟਰਪਤੀ ਕੇਵਲ ਸਮੀਖਿਆ ਤੋਂ ਕੰਮ ਨਹੀਂ ਲੈਂਦਾ। ਮੁੱਖ ਜੱਜਾਂ ਦੀ ਨਿਯੁਕਤੀ ਸਮੇਂ ਰਾਸ਼ਟਰਪਤੀ ਨੂੰ ਉੱਚ ਅਦਾਲਤਾਂ ਅਤੇ ਰਾਜਾਂ ਦੀਆਂ ਉੱਚ ਅਦਾਲਤਾਂ ਦੇ ਜੱਜਾਂ ਦੀ ਸਲਾਹ ਲੈਣਾ ਜ਼ਰੂਰੀ ਹੈ। ਉੱਚ ਅਦਾਲਤਾਂ ਦੇ ਹੋਰ ਜੱਜਾਂ ਦੀ ਨਿਯੁਕਤੀ ਸਮੇਂ ਮੁੱਖ ਜੱਜ ਦੀ ਸਲਾਹ ਲੈਣੀ ਜ਼ਰੂਰੀ ਹੁੰਦੀ ਹੈ। ਤਦਰਥ ਜੱਜਾਂ (Adhoc Judges) ਦੀ ਨਿਯੁਕਤੀ ਮੁੱਖ ਜੱਜ ਦੀ ਸਲਾਹ ਨਾਲ ਕੀਤੀ ਜਾਂਦੀ ਹੈ।

ਜੱਜਾਂ ਦੀ ਨਿਯੁਕਤੀ ਨਿਰਪੱਖਤਾ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਨਿਰਪੱਖਤਾ ਬਣੀ ਰਹੇ, ਇਸ ਲਈ ਜੱਜਾਂ ਦੀ ਸੀਨੀਆਰਤਾ ਸੂਚੀ (Seniority List) ਬਣੀ ਹੋਈ ਹੈ ਤਾਂ ਕਿ ਜਦ ਕਦੇ ਮੁੱਖ ਜੱਜ ਦਾ ਅਹੁਦਾ ਖਾਲੀ ਹੋਵੇ ਤਾਂ ਜੋ ਵੀ ਸੀਨੀਅਰ ਜੱਜ ਹੋਵੇ, ਉਸ ਨੂੰ ਦੀ ਨਿਯੁਕਤੀ ਕੀਤੀ ਜਾ ਸਕੇ ਪਰ 15 ਅਪ੍ਰੈਲ 1973 ਨੂੰ ਜਦ ਮੁੱਖ ਜੱਜ ਸੀਕਰੀ ਰਿਟਾਇਰਡ ਹੋਏ ਤਾਂ ਸੀਨੀਆਰਤਾ ਦੇ ਸਿਧਾਂਤ ਦਾ ਉਲੰਘਣ ਹੋਇਆ ਅਤੇ ਜੱਜ ਏ. ਐੱਨ. ਰਾਏ ਨੂੰ ਮੁੱਖ ਜੱਜ ਨਿਯੁਕਤ ਕੀਤਾ ਗਿਆ। ਇਸ ਦੇ ਵਿਰੋਧ ਵਿੱਚ ਜੱਜ ਸ਼ੀਲਟ (Shelet), ਹੇਗੜੇ ਅਤੇ ਗਰੋਵਰ ਨੇ ਤਿਆਗ ਪੱਤਰ ਦੇ ਦਿੱਤਾ। ਐੱਮ. ਐੱਚ. ਬੇਗ ਦੇ ਰਿਟਾਇਰਡ ਹੋਣ 'ਤੇ 22 ਫਰਵਰੀ, 1978 ਨੂੰ ਸੀਨੀਅਰ ਜੱਜ ਵਾਈ. ਵੀ. ਚੰਦਰ ਚੂਹੜ (Y. V. Chandrachud) ਨੂੰ ਮੁੱਖ ਜੱਜ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਪੁਨਰ ਤੌਰ 'ਤੇ ਨਿਆ ਪਾਲਿਕਾ ਦੀ ਸੁਤੰਤਰਤਾ ਦੀ ਸਥਾਪਨਾ ਕੀਤੀ ਗਈ।

28 ਜਨਵਰੀ 1980 ਨੂੰ ਕਾਨੂੰਨ ਆਯੋਗ (Law Commission) ਦੀ 80ਵੀਂ ਰਿਪੋਰਟ ਲੋਕ ਸਭਾ ਵਿੱਚ ਪੇਸ਼ ਕੀਤੀ ਗਈ ਸੀ। ਇਸ ਰਿਪੋਰਟ ਵਿੱਚ ਕਾਨੂੰਨ ਆਯੋਗ ਨੇ ਇਹ ਸਿਫਾਰਿਸ਼ ਕੀਤੀ ਸੀ ਕਿ ਸਰਵਉੱਚ ਅਦਾਲਤ ਦੇ ਮੁੱਖ ਜੱਜ ਲਈ ਸੀਨੀਆਰਤਾ ਦੇ ਸਿਧਾਂਤ (Principal of Seniority) ਨੂੰ ਕਠੋਰਤਾ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

### ਸਰਵਉੱਚ ਜੱਜਾਂ ਦੀਆਂ ਯੋਗਤਾਵਾਂ (Qualification of the Judges)

ਸੰਵਿਧਾਨ ਵੱਲੋਂ ਸਰਵਉੱਚ ਅਦਾਲਤ ਦੇ ਜੱਜਾਂ ਦੀ ਹੇਠ ਲਿਖੀ ਯੋਗਤਾ ਦੱਸੀ ਗਈ ਹੈ–

1. ਉਹ ਭਾਰਤ ਦਾ ਨਾਗਰਿਕ ਹੋਵੇ।
2. ਉਹ ਕਿਸੇ ਉੱਚ ਅਦਾਲਤ ਜਾਂ ਅਦਾਲਤਾਂ ਵਿੱਚ ਘੱਟੋ-ਘੱਟ 5 ਸਾਲ ਤੱਕ ਜੱਜ ਰਹਿ ਚੁੱਕਾ ਹੋਵੇ।

ਜਾਂ

3. ਉਹ ਕਿਸੇ ਉੱਚ ਅਦਾਲਤ ਵਿੱਚ ਘੱਟੋ-ਘੱਟ 10 ਸਾਲਾਂ ਤੱਕ ਐਡਵੋਕੇਟ ਰਹਿ ਚੁੱਕਾ ਹੋਵੇ ਜਾਂ
4. ਉਹ ਰਾਸ਼ਟਰਪਤੀ ਦੀ ਨਜ਼ਰ ਵਿੱਚ ਕੋਈ ਪ੍ਰਸਿੱਧ ਵਿਧੀਵੇਤਾ (Distinguished Jurist) ਹੋਵੇ।

**ਜੱਜਾਂ ਦਾ ਸਮਾਂ** (Tenure of Judges)– ਉੱਚ ਅਦਾਲਤਾਂ ਦੇ ਜੱਜ 65 ਸਾਲ ਦੀ ਉਮਰ ਤੱਕ ਆਪਣੇ ਅਹੁਦੇ 'ਤੇ ਬਿਰਾਜਮਾਨ ਰਹਿ ਸਕਦੇ ਹਨ। 65 ਸਾਲ ਦੀ ਉਮਰ ਤੋਂ ਬਾਅਦ ਉਨ੍ਹਾਂ ਨੂੰ ਅਹੁਦੇ ਤੋਂ ਛੁੱਟੀ ਦਿੱਤੀ ਜਾਂਦੀ ਹੈ। ਸੰਸਦ ਜੱਜਾਂ ਦੀ ਛੁੱਟੀ ਦੀ ਉਮਰ ਵਧਾ ਵੀ ਸਕਦੀ ਹੈ। ਰਿਟਾਇਰਡ ਹੋਣ ਮਗਰੋਂ ਉਨ੍ਹਾਂ ਨੂੰ ਪੈਨਸ਼ਨ (Pension) ਦਿੱਤੀ ਜਾਂਦੀ ਹੈ। ਇਸ ਤੋਂ ਪਹਿਲਾਂ ਵੀ ਉਹ ਖੁਦ ਤਿਆਗ ਪੱਤਰ ਦੇ ਸਕਦੇ ਹਨ। ਰਾਸ਼ਟਰਪਤੀ ਉਨ੍ਹਾਂ ਨੂੰ ਆਪਣੀ ਸਵੈ-ਇੱਛਾ ਨਾਲ ਨਹੀਂ ਹਟਾ ਸਕਦਾ।

**ਜੱਜਾਂ ਨੂੰ ਹਟਾਏ ਜਾਣਾ** (Removal of Judges)– ਅਯੋਗਤਾ ਅਤੇ ਦੁਰਵਿਵਹਾਰ ("Incapacity or Proved Misbehaviour") ਦੇ ਅਧਾਰ 'ਤੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਸੁਪਰੀਮ ਕੋਰਟ ਦੇ ਜੱਜ ਨੂੰ ਤਾਂ ਹੀ ਹਟਾਇਆ ਜਾ ਸਕਦਾ ਹੈ, ਜਦ ਸੰਸਦ ਇਕ ਪ੍ਰਸਤਾਵ ਨੂੰ ਦੋਵਾਂ ਸਦਨਾਂ ਵੱਲੋਂ ਸਾਰੀ ਸੰਖਿਆ ਦੇ ਬਹੁਮਤ ਅਤੇ ਹਾਜ਼ਰ ਤੇ ਵੋਟ ਦੇਣ ਵਾਲੇ ਮੈਂਬਰਾਂ ਦੇ 2/3 ਬਹੁਮਤ ਨਾਲ ਪਾਸ ਕਰਕੇ, ਉਸੇ ਅਧੀਵੇਸ਼ਨ ਵਿੱਚ ਉਸ ਜੱਜ 'ਤੇ ਸਿੱਧ ਦੁਰਵਿਵਹਾਰ ਅਤੇ ਅਸਮਰੱਥਾ ਦਾ ਦੋਸ਼ ਲਗਾ ਕੇ ਰਾਸ਼ਟਰਪਤੀ ਕੋਲ ਭੇਜੇ ਅਤੇ ਰਾਸ਼ਟਰਪਤੀ ਉਸ ਪ੍ਰਸਤਾਵ ਨੂੰ ਆਪਣੇ ਹਸਤਾਖਰ ਕਰ ਦੇਵੇ। ਅਨੁਛੇਦ 124 (4)। ਜੱਜਾਂ ਨੂੰ ਹਟਾਉਣ ਦਾ ਇੰਨਾ ਔਖਾ ਤਰੀਕਾ ਇਸ ਲਈ ਅਪਣਾਇਆ ਗਿਆ ਹੈ ਤਾਂ ਕਿ ਜੱਜ ਨਿਰਪੱਖਤਾ ਅਤੇ ਨਿਡਰ ਹੋ ਕੇ ਕੰਮ ਕਰ ਸਕਣ।

**ਤਨਖਾਹ ਅਤੇ ਭੱਤੇ** (Salary and Allowances)– ਮੁੱਖ ਜੱਜ ਦੀ ਤਨਖਾਹ ਇਕ ਲੱਖ ਰੁਪਏ ਮਹੀਨਾ ਹੈ ਅਤੇ ਹੋਰ ਜੱਜਾਂ ਦੀ ਤਨਖਾਹ 80 ਹਜ਼ਾਰ ਰੁਪਏ ਮਹੀਨਾ ਹੈ। ਇਸ ਤੋਂ ਇਲਾਵਾ ਹਰ ਇਕ ਜੱਜ ਨੂੰ ਰਹਿਣ ਲਈ ਬਿਨਾਂ ਕਿਰਾਏ ਦੀ ਸਰਕਾਰੀ ਕੋਠੀ ਦਿੱਤੀ ਜਾਂਦੀ ਹੈ ਅਤੇ ਯਾਤਰਾ ਭੱਤਾ ਵੀ ਦਿੱਤਾ ਜਾਂਦਾ ਹੈ, ਜਦ ਕਿ ਉਸ ਨੂੰ ਕਿਸੇ ਸਰਕਾਰੀ ਕੰਮ ਲਈ ਯਾਤਰਾ ਕਰਨੀ ਹੋਵੇ, ਜੱਜਾਂ ਦੀ ਤਨਖਾਹ ਅਤੇ ਭੱਤੇ ਭਾਰਤ ਦੀ ਸੰਚਿਤ ਨਿਧੀ ਵਿੱਚੋਂ ਦਿੱਤੇ ਜਾਂਦੇ ਹਨ, ਜਿਸ ਨੂੰ ਸੰਸਦ ਵਿਚਾਰ ਲਏ ਬਿਨਾਂ ਪਾਸ ਕਰ

ਨੋਟ

ਦਿੰਦੀ ਹੈ। ਕੇਵਲ ਵਿੱਤੀ ਸੰਕਟ ਦੀ ਘੋਸ਼ਣਾ ਕਰਨ ਨਾਲ ਰਾਸ਼ਟਰਪਤੀ ਨੂੰ ਇਹ ਅਧਿਕਾਰ ਹੈ ਕਿ ਜੱਜਾਂ ਦੀ ਤਨਖਾਹ ਨੂੰ ਘੱਟ ਕਰ ਸਕੇ। ਮਾਰਚ 1976 'ਚ ਸੰਸਦ ਨੇ ਇਕ ਕਾਨੂੰਨ ਪਾਸ ਕੀਤਾ ਸੀ, ਜਿਸ ਨਾਲ ਸਰਵਉੱਚ ਅਦਾਲਤ ਦੇ ਜੱਜਾਂ ਦੀ ਪੈਨਸ਼ਨ ਵਿੱਚ ਵਾਧਾ ਕੀਤਾ ਗਿਆ।

**ਸੇਵਾਮੁਕਤ ਹੋਣ 'ਤੇ ਵਕਾਲਤ ਪ੍ਰਤੀਬੰਧ** (Prohibition of Pratice after Retirement)–ਸਰਵਉੱਚ ਅਦਾਲਤਾਂ ਦੇ ਜੱਜਾਂ ਦੀ ਸੇਵਾਮੁਕਤੀ ਹੋਣ ਤੋਂ ਬਾਅਦ ਕਿਸੇ ਅਦਾਲਤ ਵਿੱਚ ਵਕਾਲਤ ਕਰਨ ਦੀ ਮਨਾਹੀ ਕੀਤੀ ਗਈ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਸਰਕਾਰ ਉਨ੍ਹਾਂ ਨੂੰ ਕੋਈ ਵਿਸ਼ੇਸ਼ ਕੰਮ ਵੀ ਨਹੀਂ ਸੌਂਪ ਸਕਦੀ, ਉਨ੍ਹਾਂ ਨੂੰ ਕਿਸੇ ਆਯੋਗ (Commission) ਦਾ ਮੈਂਬਰ ਜਾਂ ਪ੍ਰਧਾਨ ਨਿਯੁਕਤ ਕੀਤਾ ਜਾ ਸਕਦਾ ਹੈ। ਅਪ੍ਰੈਲ, 1977 ਵਿੱਚ ਜਨਤਾ ਸਰਕਾਰ ਨੇ ਆਪਾਤਕਾਲ ਦੀਆਂ ਜ਼ਿਆਦਤੀਆਂ ਅਤੇ ਅੱਤਿਆਚਾਰਾਂ ਦੀ ਜਾਂਚ ਕਰਨ ਲਈ ਸਾਬਕਾ ਮੁੱਖ ਜੱਜ ਜੇ. ਸੀ. ਸ਼ਾਹ (J. C. Shah) ਨੂੰ ਨਿਯੁਕਤ ਕੀਤਾ ਸੀ। ਇਸ ਤੋਂ ਇਲਾਵਾ ਜੱਜਾਂ ਨੂੰ ਸਰਕਾਰ ਵੱਲੋਂ ਹੋਰ ਅਹੁਦਿਆਂ 'ਤੇ ਨਿਯੁਕਤ ਕੀਤਾ ਗਿਆ ਸੀ ਅਤੇ ਸ਼੍ਰੀ ਐੱਮ. ਸੀ. ਛਾਬੜਾ ਨੂੰ ਅਮਰੀਕਾ ਵਿੱਚ ਭਾਰਤ ਦਾ ਰਾਜਦੂਤ ਨਿਯੁਕਤ ਕੀਤਾ ਗਿਆ ਸੀ।

**ਪ੍ਰਤੱਖ ਸਥਾਪਨਾ ਵਿਵਸਥਾ** (Separate Establishment)– ਸੰਵਿਧਾਨ ਦੀ ਧਾਰਾ 146 ਅਧੀਨ ਸਰਵਉੱਚ ਅਦਾਲਤ ਦੀ ਸਥਾਪਨਾ ਦੀ ਵੱਖ ਵਿਵਸਥਾ ਹੈ। ਉਸ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਨਿਯੁਕਤੀ ਉਸ ਦੀ ਸੇਵਾ ਵਿਵਸਥਾ ਨਾਲ ਸਬੰਧਿਤ ਨਿਯਮ ਅਤੇ ਸ਼ਰਤਾਂ ਸਰਵਉੱਚ ਅਦਾਲਤ ਦਾ ਮੁੱਖ ਜੱਜ ਨਿਸ਼ਚਿਤ ਕਰਦਾ ਹੈ। ਇਸ ਤੋਂ ਇਲਾਵਾ ਸਰਵਉੱਚ ਅਦਾਲਤ ਦੇ ਪ੍ਰਸ਼ਾਸਕੀ ਖਰਚ ਦੇਸ਼ ਦੀ ਸੰਚਿਤ ਨਿਧੀ ਵਿੱਚੋਂ ਖਰਚ ਕੀਤੇ ਜਾਂਦੇ ਹਨ। ਇਸ ਕਾਰਨ ਸਰਵਉੱਚ ਅਦਾਲਤ ਸੰਸਦ ਜਾਂ ਕਿਸੇ ਹੋਰ ਸੰਸਥਾ ਦੇ ਕੰਟਰੋਲ ਤੋਂ ਮੁਕਤ ਹੈ ਅਤੇ ਇਸ ਦੀ ਸੁਤੰਤਰਤਾ ਸੁਰੱਖਿਅਤ ਹੈ।

**ਅਹੁਦੇ ਦੀ ਸਹੁੰ** (Oath of office)– ਹਰੇਕ ਉਹ ਵਿਅਕਤੀ ਜੋ ਭਾਰਤ ਦੀ ਸਰਵਉੱਚ ਅਦਾਲਤ ਦੇ ਮੁੱਖ ਜੱਜ ਅਤੇ ਹੋਰ ਜੱਜਾਂ ਦੇ ਅਹੁਦੇ 'ਤੇ ਨਿਯੁਕਤ ਕੀਤਾ ਜਾਂਦਾ ਹੈ, ਆਪਣਾ ਅਹੁਦਾ ਗ੍ਰਹਿਣ ਕਰਨ ਸਮੇਂ ਰਾਸ਼ਟਰਪਤੀ ਜਾਂ ਉਸ ਵੱਲੋਂ ਕਿਸੇ ਹੋਰ ਅਧਿਕਾਰੀ ਸਾਹਮਣੇ ਇਕ ਸਹੁੰ ਲੈਂਦਾ ਹੈ ਜੋ ਇਸ ਤਰ੍ਹਾਂ ਹੈ–

"ਮੈਂ – (ਨਾਮ)– ਜੋ ਭਾਰਤ ਦੀ ਸਰਵਉੱਚ ਅਦਾਲਤ ਦਾ ਮੁੱਖ ਜੱਜ (ਜਾਂ ਜੱਜ) ਨਿਯੁਕਤ ਹੋਇਆ ਹਾਂ, ਈਸ਼ਵਰ ਦੀ ਸਹੁੰ ਚੁੱਕਦਾ ਹਾਂ ਕਿ/ਸੱਚ ਅਤੇ ਨਿਸ਼ਠਾ ਨਾਲ ਸਹੁੰ ਚੁੱਕਦਾ ਹਾਂ ਕਿ ਮੈਂ ਵਿਧੀ ਨਾਲ ਸਥਾਪਿਤ ਭਾਰਤ ਦੇ ਸੰਵਿਧਾਨ ਪ੍ਰਤੀ ਸ਼ਰਧਾ ਅਤੇ ਨਿਸ਼ਠਾ ਰੱਖਾਂਗਾ ਅਤੇ ਹਰ ਤਰ੍ਹਾਂ ਨਾਲ ਹੋਰ ਸ਼ਰਧਾਪੂਰਵਕ ਤੇ ਆਪਣੀ ਪੂਰੀ ਯੋਗਤਾ, ਗਿਆਨ ਅਤੇ ਹੌਂਸਲੇ ਨਾਲ ਆਪਣੇ ਅਹੁਦੇ ਦੇ ਕਰਤਵਾਂ ਨੂੰ ਡਰ ਜਾਂ ਪੱਖਪਾਤ, ਅਨੁਰਾਗ ਜਾਂ ਦਵੇਸ਼ ਤੋਂ ਬਿਨਾਂ ਪਾਲਣ ਕਰਾਂਗਾ ਅਤੇ ਮੈਂ ਸੰਵਿਧਾਨ ਅਤੇ ਵਿਧੀਆਂ ਦੀ ਮਰਿਯਾਦਾ ਬਣਾਈ ਰੱਖਾਂਗਾ।"

["I...(Name)... having been appointed Chief Justice (or a Judge) of the Supreme Court of India do swear in the name of God/Solemnly affirm that I will bear true faith andallegiance to the Constitution of India as by law established that I will duty and faithfully and to the best of my ability, knowledge and judgement perform the duties of my office without fear or favour, affection or ill-will and that I will uphold the constitution and the laws."])

**ਸਰਵਉੱਚ ਅਦਾਲਤ ਦੀ ਜਗ੍ਹਾ** (Seat of Supreme Court)– ਸਰਵਉੱਚ ਅਦਾਲਤ ਦਾ ਕੰਮ ਦੀ ਜਗ੍ਹਾ ਨਵੀਂ ਦਿੱਲੀ ਵਿੱਚ ਹੈ, ਉੱਥੇ ਇਸ ਦਾ ਤਰਾਜ਼ੂ ਸ਼ਕਲ ਦਾ ਬਣਿਆ ਹੋਇਆ ਸੁੰਦਰ ਭਵਨ ਹੈ ਪਰ ਮੁੱਖ ਜੱਜ ਰਾਸ਼ਟਰਪਤੀ ਦੀ ਆਗਿਆ ਨਾਲ ਇਸ ਦੀਆਂ ਬੈਠਕਾਂ ਹੋਰ ਜਗ੍ਹਾ 'ਤੇ ਵੀ ਕਰ ਸਕਦਾ ਹੈ।

**ਸਰਵਉੱਚ ਅਦਾਲਤ ਦੇ ਫੈਸਲੇ** (Decision of the Supreme Court)– ਕਿਸੇ ਵਿਸ਼ੇ ਨਾਲ ਸਬੰਧਿਤ ਰਾਸ਼ਟਰਪਤੀ ਨੂੰ ਕਾਨੂੰਨੀ ਸਲਾਹ ਦੇਣ ਲਈ 5 ਜੱਜਾਂ ਦਾ ਬੈਂਚ (ਮੁਕੱਦਮੇ ਦੀ ਸੁਣਵਾਈ ਕਰਨ ਵਾਲੀ ਅਦਾਲਤ) ਹੋਣੀ ਜ਼ਰੂਰੀ ਹੈ। ਬਾਕੀ ਮੁਕੱਦਮਿਆਂ ਵਿੱਚ ਅਪੀਲ ਸੁਣਨ ਲਈ ਵਰਤਮਾਨ ਨਿਯਮਾਂ ਅਨੁਸਾਰ ਘੱਟੋ-ਘੱਟ 3 ਜੱਜਾਂ ਦਾ ਹੋਣਾ ਜ਼ਰੂਰੀ ਹੈ। ਸਾਰਿਆਂ ਮੁਕੱਦਮਿਆਂ ਦਾ ਫੈਸਲਾ ਮੁਕੱਦਮਾ ਸੁਣਨ ਵਾਲੇ ਜੱਜਾਂ ਦੇ ਬਹੁਮਤ ਨਾਲ ਕੀਤਾ ਜਾਂਦਾ ਹੈ ਜੋ ਜੱਜ ਬਹੁਮਤ ਦੇ ਫੈਸਲੇ ਨਾਲ ਸਹਿਮਤ ਨਹੀਂ ਹੁੰਦੇ, ਉਹ ਆਪਣੀ ਅਸਹਿਮਤੀ ਅਤੇ ਉਸ ਦੇ ਕਾਰਨ ਫੈਸਲੇ ਨਾਲ ਲਿਖਵਾ ਸਕਦੇ ਹਨ।

**ਜੱਜਾਂ ਦੀਆਂ ਸੁਤੰਤਰਤਾਵਾਂ** (Immunities of Judges)– ਜੱਜਾਂ ਦੀ ਸੁਤੰਤਰਤਾ ਨੂੰ ਸੁਰੱਖਿਅਤ ਰੱਖਣ ਲਈ ਜੱਜਾਂ ਦੇ ਸਾਰੇ ਨਿਆ ਸਬੰਧੀ ਕੰਮਾਂ ਅਤੇ ਫੈਸਲਿਆਂ ਦੀ ਆਲੋਚਨਾ ਤੋਂ ਮੁਕਤ ਰੱਖਿਆ ਗਿਆ ਹੈ। ਸੰਸਦ ਵੀ ਕਿਸੇ ਜੱਜ ਦੇ ਚਰਿੱਤਰ 'ਤੇ ਵਾਦ-ਵਿਵਾਦ ਨਹੀਂ ਕਰ ਸਕਦੀ, ਇਹ ਕੇਵਲ ਉਦੋਂ ਹੋ ਸਕਦਾ ਹੈ, ਜਦ ਸੰਸਦ ਕਿਸੇ ਜੱਜ ਨੂੰ ਹਟਾਉਣ ਦੇ ਪ੍ਰਸਤਾਵ 'ਤੇ ਵਾਦ-ਵਿਵਾਦ ਕਰ ਰਹੀ ਹੋਵੇ।

ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਜੱਜ ਬਿਨਾਂ ਕਿਸੇ ਡਰ ਤੋਂ ਆਪਣਾ ਕਰਤਵ ਨਿਭਾ ਸਕਣ। ਅਦਾਲਤ ਦੇ ਮਾਨ ਅਤੇ ਸਰਕਾਰ ਨੂੰ ਬਣਾਈ ਰੱਖਣ ਲਈ ਅਤੇ ਇਸ ਨੂੰ ਆਲੋਚਨਾ ਤੋਂ ਮੁਕਤ ਰੱਖਣ ਲਈ ਅਦਾਲਤ ਨੂੰ ਕਿਸੇ ਵੀ ਵਿਅਕਤੀ

ਨੋਟ ਵਿਰੁੱਧ ਅਦਾਲਤ ਦੀ ਅਪਮਾਨ ਦੀ ਪ੍ਰਕਿਰਿਆ ਨਾਲ ਠੀਕ ਕਾਰਵਾਈ ਕਰਨ ਦਾ ਅਧਿਕਾਰ (Proceeding of Contempt of Court) ਹੈ।

**ਸਰਵਉੱਚ ਅਦਾਲਤ ਦਾ ਅਧਿਕਾਰ ਅਤੇ ਸ਼ਕਤੀਆਂ (Jurisdiction and Powers of Supreme Court)**

ਸਰਵਉੱਚ ਅਦਾਲਤ ਭਾਰਤ ਦਾ ਸਭ ਤੋਂ ਉੱਚੀ ਅਤੇ ਆਖਰੀ ਅਦਾਲਤ ਹੈ। ਇਸ ਦਾ ਖੇਤਰ ਅਧਿਕਾਰ ਅਤੇ ਸ਼ਕਤੀਆਂ ਬਹੁਤ ਵਿਆਪਕ ਹਨ ਅਤੇ ਸੰਸਾਰ ਦੀ ਕਿਸੇ ਵੀ ਸਰਵਉੱਚ ਅਦਾਲਤ ਤੋਂ ਘੱਟ ਨਹੀਂ। ਭਾਰਤ ਦੇ ਸਾਬਕਾ ਅਟਾਰਨੀ ਜਨਰਲ ਸ਼੍ਰੀ **ਐੱਮ. ਸੀ. ਸੀਤਲਵਾੜ** (M. C. Setalvad) ਦੇ ਅਨੁਸਾਰ ਭਾਰਤ ਵਿੱਚ ਸਰਵਉੱਚ ਅਦਾਲਤ ਦੀਆਂ ਸ਼ਕਤੀਆਂ ਅਮਰੀਕਾ ਦੀ ਸਰਵਉੱਚ ਅਦਾਲਤ ਤੋਂ ਵੀ ਜ਼ਿਆਦਾ ਹਨ। ਇਸ ਦੇ ਖੇਤਰ ਅਧਿਕਾਰ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ–

1. **ਸ਼ੁਰੂਆਤੀ ਖੇਤਰ ਅਧਿਕਾਰ** (Original Jurisdiction)– ਇਸ ਅਧਿਕਾਰ ਖੇਤਰ ਵਿੱਚ ਉਹ ਮੁਕੱਦਮੇ ਆਉਂਦੇ ਹਨ ਜੋ ਕਿਸੇ ਹੋਰ ਅਦਾਲਤ ਵਿੱਚ ਪੇਸ਼ ਨਹੀਂ ਕੀਤੇ ਜਾ ਸਕਦੇ ਅਤੇ ਜਿਨ੍ਹਾਂ ਦੀ ਸੁਣਵਾਈ ਪਹਿਲੀ ਵਾਰ ਹੀ ਸਰਵਉੱਚ ਅਦਾਲਤ ਵਿੱਚ ਹੁੰਦੀ ਹੋਵੇ। ਇਸ ਅਧਿਕਾਰ ਖੇਤਰ ਵਿੱਚ ਹੇਠ ਲਿਖੇ ਮੁਕੱਦਮੇ ਆਉਂਦੇ ਹਨ–

*(i)* ਅਜਿਹੇ ਝਗੜੇ ਜਿਸ ਵਿੱਚ ਇਕ ਪਾਸੇ ਭਾਰਤ ਸਰਕਾਰ ਅਤੇ ਦੂਸਰੇ ਪਾਸੇ ਇਕ ਜਾਂ ਇਕ ਤੋਂ ਜ਼ਿਆਦਾ ਰਾਜ ਸਰਕਾਰਾਂ ਹੋਣ।

*(ii)* ਅਜਿਹੇ ਝਗੜੇ ਜਿਸ ਵਿੱਚ ਇਕ ਪਾਸੇ ਭਾਰਤ ਸਰਕਾਰ ਅਤੇ ਇਕ ਜਾਂ ਇਕ ਤੋਂ ਜ਼ਿਆਦਾ ਰਾਜ ਅਤੇ ਦੂਸਰੇ ਪਾਸੇ ਇਕ ਜਾਂ ਇਕ ਤੋਂ ਜ਼ਿਆਦਾ ਰਾਜ ਹੋਣ।

*(iii)* ਅਜਿਹੇ ਝਗੜੇ ਜੋ ਦੋ ਜਾਂ ਦੋ ਤੋਂ ਵਧੇਰੇ ਰਾਜਾਂ ਦਰਮਿਆਨ ਹੋਣ।

**ਸ਼ੁਰੂਆਤੀ ਖੇਤਰ ਅਧਿਕਾਰ 'ਤੇ ਪਾਬੰਦੀਆਂ (Limitation on Original Jurisdiction)**

*(i)* ਸਰਵਉੱਚ ਅਦਾਲਤ ਦੇ ਸ਼ੁਰੂਆਤੀ ਖੇਤਰ ਅਧਿਕਾਰ 'ਚ ਉਹੀ ਮੁਕੱਦਮੇ ਆਉਂਦੇ ਹਨ, ਜਿਨ੍ਹਾਂ ਦਾ ਸਬੰਧ ਕਾਨੂੰਨੀ ਪ੍ਰਸ਼ਨ ਜਾਂ ਤੱਥ ਨਾਲ ਹੋਵੇ, ਰਾਜਨੀਤਿਕ ਪ੍ਰਸ਼ਨ ਜਾਂ ਤੱਥ ਨਾਲ ਨਹੀਂ।

*(ii)* ਦੂਸਰੇ ਸ਼ੁਰੂਆਤੀ ਖੇਤਰ ਅਧਿਕਾਰ ਵਿੱਚ ਅਜਿਹੇ ਮੁਕੱਦਮੇ ਨਹੀਂ ਆਉਂਦੇ, ਜਿਨ੍ਹਾਂ ਦਾ ਸਬੰਧ ਕਿਸੇ ਅਜਿਹੀ ਸੰਧੀ, ਵਾਅਦੇ, ਸਮਝੌਤੇ, ਸਨਦ ਜਾਂ ਹੋਰ ਲਿਖਤੀ ਪੱਤਰਾਂ ਨਾਲ ਹੋਵੇ ਜੋ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਲਾਗੂ ਕੀਤੇ ਗਏ ਹੋਣ ਅਤੇ ਜਿਨ੍ਹਾਂ ਨੂੰ ਸਰਵਉੱਚ ਅਦਾਲਤ ਦੇ ਖੇਤਰ ਅਧਿਕਾਰ ਤੋਂ ਬਾਹਰ ਰੱਖਿਆ ਗਿਆ ਹੋਵੇ, ਜਿਵੇਂ–ਦੇਸ਼ੀ ਰਿਆਇਤਾਂ ਦੇ ਸ਼ਾਸਕਾਂ ਨਾਲ ਕੀਤੇ ਗਏ ਸਮਝੌਤੇ ਅਤੇ ਸੰਧੀਆਂ।

*(iii)* ਤੀਸਰੇ ਸੰਸਦ ਕਾਨੂੰਨ ਬਣਾ ਕੇ ਅੰਤਰਰਾਜੀ ਨਦੀਆਂ (Inter-State Rivers) ਦੇ ਪਾਣੀ ਦੇ ਇਸਤੇਮਾਲ ਸਬੰਧੀ ਪੈਦਾ ਹੋਣ ਵਾਲੇ ਝਗੜਿਆਂ ਦੇ ਸਰਵਉੱਚ ਅਦਾਲਤ ਦੇ ਅਧਿਕਾਰ ਖੇਤਰ ਤੋਂ ਬਾਹਰ ਰੱਖ ਸਕਦੀ ਹੈ।

2. **ਅਪੀਲੀ ਖੇਤਰ ਅਧਿਕਾਰ** (Appellate Jurisdiction)– ਸਰਵਉੱਚ ਅਦਾਲਤ ਦੇ ਇਸ ਖੇਤਰ ਅਧਿਕਾਰ ਵਿੱਚ ਅਜਿਹੇ ਮੁਕੱਦਮੇ ਆਉਂਦੇ ਹਨ, ਜਿਨ੍ਹਾਂ ਦਾ ਆਰੰਭ ਹੇਠਲੀਆਂ ਅਦਾਲਤਾਂ ਵਿੱਚ ਹੁੰਦਾ ਹੈ ਪਰ ਉਨ੍ਹਾਂ ਦੇ ਫੈਸਲੇ ਵਿਰੁੱਧ ਅਪੀਲ ਸਰਵਉੱਚ ਅਦਾਲਤ ਵਿੱਚ ਕੀਤੀ ਜਾ ਸਕਦੀ ਹੈ। ਸਰਵਉੱਚ ਅਦਾਲਤ ਦੇ ਇਨ੍ਹਾਂ ਖੇਤਰ ਅਧਿਕਾਰਾਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ–

***(i)*** **ਸੰਵਿਧਾਨਿਕ** (Constitutional)– ਸੰਵਿਧਾਨ ਦੀ ਧਾਰਾ 132 ਅਧੀਨ ਜੇਕਰ ਉੱਚ ਅਦਾਲਤ ਇਹ ਪ੍ਰਮਾਣਿਤ ਕਰ ਦੇਵੇ ਕਿ ਮੁਕੱਦਮੇ ਵਿੱਚ ਸੰਵਿਧਾਨ ਦੀ ਵਿਆਖਿਆ ਨਾਲ ਸਬੰਧਿਤ ਕਾਨੂੰਨ ਦਾ ਕੋਈ ਮਹੱਤਵਪੂਰਨ ਪ੍ਰਸ਼ਨ ਉਲਝਿਆ ਹੋਇਆ ਹੈ ਤਾਂ ਉਸ ਮੁਕੱਦਮੇ ਵਿੱਚ ਉੱਚ ਅਦਾਲਤ ਦੇ ਫੈਸਲੇ ਵਿਰੁੱਧ ਸਰਵਉੱਚ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ। ਸਰਵਉੱਚ ਅਦਾਲਤ ਖੁਦ ਵੀ ਅਜਿਹੀ ਅਪੀਲ ਕਰਨ ਦੀ ਵਿਸ਼ੇਸ਼ ਆਗਿਆ ਦੇ ਸਕਦਾ ਹੈ। ਜੇਕਰ ਉਹ ਸੰਤੁਸ਼ਟ ਹੋ ਕਿ ਮੁਕੱਦਮਾ ਇਸ ਤਰ੍ਹਾਂ ਦਾ ਹੈ (ਅਨੁਛੇਦ 136) ਅਤੇ ਰਾਜ ਦੀ ਉੱਚ ਅਦਾਲਤ ਅਜਿਹਾ ਪ੍ਰਮਾਣ ਪੱਤਰ ਦੇਣ ਤੋਂ ਇਨਕਾਰ ਕਰ ਦੇਵੇ, ਇਸ ਦੇ ਨਤੀਜੇ ਵਜੋਂ ਸਰਵਉੱਚ ਅਦਾਲਤ ਸੰਵਿਧਾਨ ਦਾ ਸੁਰੱਖਿਅਕ ਅਤੇ ਆਖਰੀ ਵਿਆਖਿਆ ਕਰਤਾ ਬਣ ਜਾਂਦਾ ਹੈ।

***(ii)*** **ਦੀਵਾਨੀ** (Civil)– ਮੂਲ ਸੰਵਿਧਾਨ ਅਧੀਨ ਸਰਵਉੱਚ ਅਦਾਲਤਾਂ ਵਿੱਚ ਕਿਸੇ ਉੱਚ ਅਦਾਲਤ ਦੇ ਕੇਵਲ ਅਜਿਹੇ ਫੈਸਲੇ ਵਿਰੁੱਧ ਅਪੀਲ ਕੀਤੀ ਜਾ ਸਕਦੀ ਸੀ, ਜਿਸ ਵਿੱਚ ਝਗੜੇ ਰਕਮ ਘੱਟੋ-ਘੱਟ 20 ਹਜ਼ਾਰ ਰੁਪਏ ਜਾਂ ਇਸ ਮੁੱਲ ਦੀ ਜਾਂ ਇਸ ਤੋਂ ਜ਼ਿਆਦਾ ਮੁੱਲ ਦੀ ਸੰਪਤੀ ਹੋਵੇ ਪਰ ਸੰਵਿਧਾਨ ਦੇ 30ਵੀਂ ਸੋਧ ਨਾਲ ਧਨ ਰਾਸ਼ੀ ਦੀ ਇਸ ਹੱਦ ਨੂੰ ਹਟਾ ਦਿੱਤਾ ਗਿਆ ਹੈ ਅਤੇ ਇਹ ਨਿਸ਼ਚਿਤ ਕੀਤਾ ਗਿਆ ਹੈ ਕਿ ਉੱਚ ਅਦਾਲਤ ਤੋਂ ਸਰਵਉੱਚ ਅਦਾਲਤ ਵਿੱਚ ਅਜਿਹੇ ਸਾਰੇ ਦੀਵਾਨੀ ਮੁਕੱਦਮਿਆਂ ਦੀ ਅਪੀਲ ਕੀਤੀ ਜਾ ਸਕੇਗੀ, ਜਿਸ ਵਿੱਚ ਉੱਚ ਅਦਾਲਤ ਵੱਲੋਂ ਇਹ ਪ੍ਰਮਾਣਿਤ ਕਰ

ਦਿੱਤਾ ਜਾਵੇ ਕਿ ਇਸ ਵਿਵਾਦ ਨਾਲ ਕਾਨੂੰਨ ਦੀ ਵਿਆਖਿਆ ਨਾਲ ਸਬੰਧਿਤ ਕੋਈ ਮਹੱਤਵਪੂਰਨ ਪ੍ਰਸ਼ਨ ਸ਼ਾਮਿਲ ਹੈ।

*(iii)* **ਫੌਜਦਾਰੀ** (Criminal)– ਫੌਜਦਾਰੀ ਮੁਕੱਦਮੇ ਵਿੱਚ ਉੱਚ ਅਦਾਲਤ ਦੇ ਫੈਸਲੇ ਵਿਰੁੱਧ ਹੇਠ ਲਿਖੇ ਵਿਸ਼ਿਆਂ ਵਿੱਚ ਸਰਵਉੱਚ ਅਦਾਲਤ 'ਚ ਅਪੀਲ ਕੀਤੀ ਜਾ ਸਕਦੀ ਹੈ :

(ਅ) ਜੇਕਰ ਉੱਚ ਅਦਾਲਤ ਵਿੱਚ ਅਪੀਲ ਪੇਸ਼ ਹੋਣ 'ਤੇ ਕਿਸੇ ਵਿਅਕਤੀ ਦੀ ਰਿਹਾਈ ਦੇ ਫੈਸਲੇ ਨੂੰ ਬਦਲ ਦਈਏ ਅਤੇ ਉਸ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ ਹੋਵੇ (ਜਾਂ)

(ਬ) ਜੇਕਰ ਕਿਸੇ ਮੁਕੱਦਮੇ ਨੂੰ ਉੱਚ ਅਦਾਲਤ ਨੇ ਆਪਣੇ ਕੋਲ ਲੈ ਲਿਆ ਹੋਵੇ ਅਤੇ ਉਸ ਨੇ ਉਸ ਵਿੱਚ ਕਿਸੇ ਅਪਰਾਧੀ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਹੋਵੇ।

(ਸ) ਜੇਕਰ ਉੱਚ ਅਦਾਲਤ ਇਹ ਪ੍ਰਮਾਣਿਤ ਕਰ ਦੇਵੇ ਕਿ ਵਿਵਾਦ ਸਰਵਉੱਚ ਅਦਾਲਤ ਵੱਲੋਂ ਵਿਚਾਰ ਯੋਗ ਹੈ , ਉਦੋਂ ਵੀ ਅਪੀਲ ਕੀਤੀ ਜਾ ਸਕਦੀ ਹੈ।

ਸੰਵਿਧਾਨ ਦੀ ਧਾਰਾ 136 ਦੇ ਅਧੀਨ ਸੈਨਿਕ ਅਦਾਲਤ ਨੂੰ ਛੱਡ ਕੇ ਕਿਸੇ ਵੀ ਉੱਚ ਅਦਾਲਤ ਦੇ ਫੈਸਲੇ ਵਿਰੁੱਧ ਅਪੀਲ ਦੀ ਵਿਸ਼ੇਸ਼ ਮਨਜ਼ੂਰੀ ਦੇਣ 'ਤੇ ਸਰਵਉੱਚ ਅਦਾਲਤ 'ਤੇ ਕੋਈ ਸੰਵਿਧਾਨਿਕ ਪ੍ਰਤੀਬੰਧ ਨਹੀਂ ਹੈ ਅਤੇ ਇਹ ਗੱਲ ਖੁਦ ਸਰਵਉੱਚ ਅਦਾਲਤ 'ਤੇ ਨਿਰਭਰ ਹੈ।

3. **ਸਲਾਹ-ਮਸ਼ਵਰੇ ਸਬੰਧੀ ਖੇਤਰ ਅਧਿਕਾਰ** (Advisory Jurisdiction)– ਸੰਵਿਧਾਨ ਦੀ ਧਾਰਾ 143 ਅਨੁਸਾਰ ਉੱਚ ਅਦਾਲਤ ਨੂੰ ਸਲਾਹ–ਮਸ਼ਵਰੇ ਸਬੰਧੀ ਖੇਤਰ ਅਧਿਕਾਰ ਵੀ ਪ੍ਰਾਪਤ ਹੈ। ਰਾਸ਼ਟਰਪਤੀ ਕਿਸੇ ਵੀ ਸੰਵਿਧਾਨਿਕ ਜਾਂ ਕਾਨੂੰਨੀ ਪ੍ਰਸ਼ਨ 'ਤੇ ਉੱਚ ਅਦਾਲਤ ਦੀ ਸਲਾਹ ਲੈ ਸਕਦਾ ਹੈ। ਸੰਵਿਧਾਨ ਦੀ ਵਿਆਖਿਆ ਦੇਸ਼ੀ ਰਿਆਇਤਾਂ ਦੇ ਨਾਲ ਸੰਧੀਆਂ ਦੀ ਵਿਆਖਿਆ ਆਦਿ ਵਿਸ਼ਿਆਂ 'ਤੇ ਵੀ ਰਾਸ਼ਟਰਪਤੀ ਉੱਚ ਅਦਾਲਤ ਤੋਂ ਉਸ ਦੇ ਵਿਚਾਰ ਪੁੱਛ ਸਕਦਾ ਹੈ। ਰਾਸ਼ਟਰਪਤੀ ਉੱਚ ਅਦਾਲਤ ਵੱਲੋਂ ਦਿੱਤੀ ਗਈ ਸਲਾਹ ਨੂੰ ਮੰਨਣ ਲਈ ਵਚਨਬੱਧ ਨਹੀਂ ਹੈ। ਹੋਰ ਸਰਕਾਰ ਅੰਗ ਵਿਅਕਤੀ ਅਤੇ ਅਦਾਲਤ ਵੀ ਉਸ ਸਲਾਹ ਨੂੰ ਮੰਨਣ ਲਈ ਵਚਨਬੱਧ ਨਹੀਂ ਹੈ। ਹੋਰ ਸਰਕਾਰੀ ਅੰਗ ਵਿਅਕਤੀ ਅਤੇ ਸਰਕਾਰੀ ਅਦਾਲਤ ਵੀ ਉਸ ਸਲਾਹ 'ਤੇ ਚੱਲਣ ਅਤੇ ਉਸ ਅਨੁਸਾਰ ਆਪਣੇ ਫੈਸਲੇ ਦੇਣ ਲਈ ਵਚਨਬੱਧ ਨਹੀਂ ਹੈ। ਅਮਰੀਕਾ ਵਿੱਚ ਉੱਚ ਅਦਾਲਤ ਨੂੰ ਸਲਾਹ ਦੇਣ ਦਾ ਅਜਿਹਾ ਕੋਈ ਅਧਿਕਾਰ ਪ੍ਰਾਪਤ ਨਹੀਂ ਹੈ। ਭਾਰਤੀ ਉੱਚ ਅਦਾਲਤ ਦੇ ਇਸ ਅਧਿਕਾਰ ਦੀ ਕਈ ਲੇਖਕਾਂ ਵੱਲੋਂ ਕੜੀ ਆਲੋਚਨਾ ਕੀਤੀ ਗਈ ਹੈ। ਆਲੋਚਕਾਂ ਦਾ ਕਹਿਣਾ ਹੈ ਇਸ ਤੋਂ ਵੱਡੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਅਤੇ ਉੱਚ ਅਦਾਲਤ ਦੀ ਸਲਾਹ ਸਬੰਧੀ ਖੇਤਰ ਅਧਿਕਾਰ ਤੋਂ ਲਾਭ ਦੀ ਇੱਛਾ ਹੀ ਕੀਤੀ ਹੈ।

ਰਾਸ਼ਟਰਪਤੀ ਨੇ ਸਰਵਉੱਚ ਅਦਾਲਤ ਤੋਂ ਕਈ ਵਾਰ ਸਲਾਹ ਮੰਗੀ ਹੈ ਅਤੇ ਸਰਵਉੱਚ ਅਦਾਲਤ ਨੇ ਆਪਣੀ ਰਾਏ ਦਿੱਤੀ ਹੈ। ਜਿਵੇਂ–ਰਾਸ਼ਟਰਪਤੀ ਵੀ. ਵੀ. ਗਿਰੀ ਨੇ 1974 ਵਿੱਚ ਗੁਜਰਾਤ ਵਿਧਾਨ ਸਭਾ ਭੰਗ ਹੋਣ ਕਾਰਨ ਸਰਵਉੱਚ ਅਦਾਲਤ ਤੋਂ ਸਲਾਹ ਮੰਗੀ ਸੀ ਕਿ ਅਗਸਤ 1974 ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਗੁਜਰਾਤ ਦੀ ਕੀ ਸਥਿਤੀ ਹੋਵੇਗੀ? ਸਰਵਉੱਚ ਅਦਾਲਤ ਨੇ 5 ਜੂਨ 1974 ਨੂੰ ਆਪਣੀ ਸਲਾਹ ਵਿੱਚ ਕਿਹਾ ਕਿ ਧਾਰਾ 62 ਅਧੀਨ ਰਾਸ਼ਟਰਪਤੀ ਦੀ ਚੋਣ ਪਹਿਲੇ ਵਾਲੇ ਰਾਸ਼ਟਰਪਤੀ ਦੇ ਕਾਰਜਕਾਲ ਦੇ ਖਤਮ ਹੋਣ ਤੋਂ ਪਹਿਲਾਂ ਹੋਣਾ ਜ਼ਰੂਰੀ ਹੈ। ਚਾਹੇ ਉਸ ਸਮੇਂ ਕਿਸੇ ਵੀ ਪ੍ਰਾਂਤ ਦੀ ਵਿਧਾਨ ਸਭਾ ਭੰਗ ਹੀ ਕਿਉਂ ਨਾ ਹੋਵੇ।

4. **ਮੌਲਿਕ ਅਧਿਕਾਰਾਂ ਦੀ ਸੁਰੱਖਿਆ** (Gaurdian of Fundamental Rights)– ਸੰਵਿਧਾਨ ਵਿੱਚ ਨਾਗਰਿਕਾਂ ਨੂੰ ਕਈ ਤਰ੍ਹਾਂ ਦੇ ਮੌਲਿਕ ਅਧਿਕਾਰ ਦਿੱਤੇ ਗਏ ਹਨ। ਸਰਵਉੱਚ ਅਦਾਲਤ ਇਨ੍ਹਾਂ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਮੌਲਿਕ ਅਧਿਕਾਰ ਦੇ ਸਬੰਧ ਵਿੱਚ ਸਰਵਉੱਚ ਅਦਾਲਤ ਨੂੰ ਸ਼ੁਰੂਆਤੀ ਖੇਤਰ ਅਧਿਕਾਰ ਪ੍ਰਾਪਤ ਹੈ, ਜੇਕਰ ਕਿਸੇ ਵਿਅਕਤੀ ਜਾਂ ਸੰਸਥਾ ਦੇ ਮੌਲਿਕ ਅਧਿਕਾਰਾਂ ਦਾ ਉਲੰਘਣ ਹੋਵੇ ਤਾਂ ਉਹ ਵਿਅਕਤੀ ਜਾਂ ਸੰਸਥਾ ਆਪਣੇ ਮੌਲਿਕ ਅਧਿਕਾਰਾਂ ਨੂੰ ਮਨਵਾਉਣ ਲਈ ਸਿੱਧਾ ਸਰਵਉੱਚ (Write of Habeas Corpus), ਆਦੇਸ਼ (Write of Mandamus) ਪ੍ਰਤੀਸ਼ੇਦ (Write of Prohibition) ਅਧਿਕਾਰ ਪ੍ਰਛਾ (Write of Quo-Warranto) ਅਤੇ ਉਤਪ੍ਰਛਨ (Write of Certiorari) ਦੇ ਲੇਖ ਸ਼ਾਮਿਲ ਹਨ। ਮੌਲਿਕ ਅਧਿਕਾਰਾਂ ਦੇ ਸਬੰਧ ਵਿੱਚ ਸਰਵਉੱਚ ਅਦਾਲਤ ਵੱਲੋਂ ਦਿੱਤੇ ਗਏ ਫੈਸਲੇ ਭਾਰਤ ਦੀਆਂ ਅਦਾਲਤਾਂ 'ਤੇ ਲਾਗੂ ਹੁੰਦੇ ਹਨ। 1967 ਵਿੱਚ ਗੋਲਕਨਾਥ ਮੁਕੱਦਮੇ ਵਿੱਚ ਸਰਵਉੱਚ ਅਦਾਲਤ ਨੇ ਇਹ ਫੈਸਲਾ ਦਿੱਤਾ ਸੀ ਕਿ ਸੰਸਦ ਨੂੰ ਸੰਵਿਧਾਨ ਵਿੱਚ ਦਿੱਤੇ ਗਏ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਵਿੱਚ ਸੋਧ ਕਰਨ ਦਾ ਅਧਿਕਾਰ ਨਹੀਂ ਹੈ ਪਰ ਬਾਅਦ ਵਿੱਚ ਸੁਪਰੀਮ ਕੋਰਟ ਨੇ 24ਵੀਂ ਤੋਂ 25ਵੀਂ ਅਤੇ 29ਵੀਂ ਸੋਧ ਵਿਰੁੱਧ ਦੀਆਂ ਨਵੀਆਂ ਰਿੱਟ ਪਟੀਸ਼ਨਾਂ (Write Petitions) ਦੇ ਸਬੰਧ ਵਿੱਚ 24 ਅਪ੍ਰੈਲ 1973 ਨੂੰ ਇਹ ਇਤਿਹਾਸਿਕ ਫੈਸਲਾ ਦਿੱਤਾ ਕਿ ਸੰਸਦ ਸੰਵਿਧਾਨ ਦੇ ਮੂਲ ਢਾਂਚੇ ਅਧੀਨ ਮੌਲਿਕ ਅਧਿਕਾਰਾਂ ਵਿੱਚ ਸੋਧ ਕਰਨ ਦਾ ਅਧਿਕਾਰ ਰੱਖਦੀ ਹੈ। ਸੁਪਰੀਮ ਕੋਰਟ ਨੇ ਇਸ ਫੈਸਲੇ ਨਾਲ ਗੋਲਕਨਾਥ ਦੇ ਫੈਸਲੇ ਨੂੰ ਉਲਟ ਦਿੱਤਾ ਹੈ। 42ਵੀਂ ਸੋਧ 1976 ਇਸ ਗੱਲ ਦੀ ਵਿਵਸਥਾ ਕਰਦੀ ਹੈ ਕਿ ਸੰਸਦ ਸੰਵਿਧਾਨ ਵਿੱਚ ਸੋਧ ਕਰਨ

ਦੀ ਸ਼ਕਤੀ 'ਤੇ ਕਿਸੇ ਵੀ ਤਰ੍ਹਾਂ ਦਾ ਪ੍ਰਤੀਬੰਧ ਨਹੀਂ ਹੈ ਅਤੇ ਅਨੁਛੇਦ 378 ਅਧੀਨ ਕੀਤੀ ਗਈ ਕਿਸੇ ਵੀ ਸੰਵਿਧਾਨਿਕ ਸੋਧ ਨੂੰ ਕਿਸੇ ਵੀ ਅਦਾਲਤ ਵਿੱਚ ਕਿਸੇ ਵੀ ਅਧਾਰ 'ਤੇ ਚੁਣੌਤੀ ਨਹੀਂ ਦਿੱਤੀ ਜਾ ਸਕਦੀ।

5. **ਸੰਵਿਧਾਨ ਦੀ ਵਿਆਖਿਆ ਕਰਨ ਦਾ ਅਧਿਕਾਰ** (Power to Interpret the Constitution)– ਸਰਵਉੱਚ ਅਦਾਲਤ ਨੂੰ ਸੰਵਿਧਾਨ ਦੀ ਆਖਰੀ ਵਿਆਖਿਆ ਕਰਨ ਦੀ ਸ਼ਕਤੀ ਪ੍ਰਾਪਤ ਹੈ। ਸੰਵਿਧਾਨ ਦੀ ਧਾਰਾ 141 ਅਨੁਸਾਰ "ਸਰਵਉੱਚ ਅਦਾਲਤ ਵੱਲੋਂ ਘੋਸ਼ਿਤ ਕੀਤਾ ਗਿਆ ਕਾਨੂੰਨ ਭਾਰਤ ਦੇ ਖੇਤਰ ਵਿੱਚ ਸਥਿਤ ਸਾਰੀਆਂ ਅਦਾਲਤਾਂ ਦਾ ਵਚਨਬੱਧ ਹੋਵੇਗਾ।" ਭਾਰਤ ਵਿੱਚ ਸੰਧਾਤਮਕ ਸ਼ਾਸਨ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ। ਕੇਂਦਰ ਅਤੇ ਰਾਜਾਂ ਵਿੱਚ ਸੰਵਿਧਾਨਿਕ ਅਧਾਰ 'ਤੇ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਇਸ ਸ਼ਾਸਨ ਵਿਵਸਥਾ ਵਿੱਚ ਕੇਂਦਰ ਅਤੇ ਰਾਜਾਂ 'ਚ ਅਤੇ ਰਾਜਾਂ ਵਿੱਚ ਆਪਸ 'ਚ ਕਈ ਵਿਵਾਦ ਉੱਠ ਖੜ੍ਹੇ ਹੋਣਾ ਸੁਭਾਵਿਕ ਹਨ। ਸਰਵਉੱਚ ਅਦਾਲਤ ਨੂੰ ਅਜਿਹੇ ਵਿਵਾਦਾਂ ਨੂੰ ਹੱਲ ਕਰਨ ਲਈ ਸੰਵਿਧਾਨ ਦੀ ਵਿਆਖਿਆ ਕਰਨੀ ਪੈਂਦੀ ਹੈ। ਸਰਵਉੱਚ ਅਦਾਲਤ ਵੱਲੋਂ ਕੀਤੀ ਗਈ ਸੰਵਿਧਾਨ ਦੀ ਵਿਆਖਿਆ ਸਰਵੋਤਮ ਅਤੇ ਆਖਰੀ ਮੰਨੀ ਜਾਂਦੀ ਹੈ ਅਤੇ ਸਾਰੇ ਪੱਖਾਂ ਨੂੰ ਸਰਵਉੱਚ ਅਦਾਲਤ ਵੱਲੋਂ ਦਿੱਤੇ ਗਏ ਫੈਸਲੇ ਸਵੀਕਾਰ ਕਰਨੇ ਪੈਂਦੇ ਹਨ।

6. **ਮੁਕੱਦਮਿਆਂ ਨੂੰ ਤਬਦੀਲ ਦੀ ਸ਼ਕਤੀ** (Power Regarding Transference of Cases)– 1976 ਦੀ 42ਵੀਂ ਸੋਧ ਨਾਲ ਸੰਵਿਧਾਨ ਵਿੱਚ ਇਕ ਨਵੀਂ ਧਾਰਾ 139–A ਜੋੜ ਦਿੱਤੀ ਗਈ ਹੈ, ਇਸ ਅਧੀਨ ਸਰਵਉੱਚ ਅਦਾਲਤ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਸਰਵਉੱਚ ਅਦਾਲਤ ਜਲਦੀ ਨਿਆ ਦਿਵਾਉਣ ਦੇ ਲਕਸ਼ ਤੋਂ ਕਿਸੇ ਵੀ ਮੁਕੱਦਮੇ ਨੂੰ ਇਕ ਉੱਚ ਅਦਾਲਤ ਤੋਂ ਦੂਸਰੀ ਉੱਚ ਅਦਾਲਤ ਵਿੱਚ ਭੇਜ ਸਕਦਾ ਹੈ। ਇਸ ਤੋਂ ਇਲਾਵਾ ਮਹਾ–ਨਿਆਵਾਦੀ (Advocate General) ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਜੇਕਰ ਕਿਸੇ ਉੱਚ ਅਦਾਲਤ ਵਿੱਚ ਕੋਈ ਮਾਮਲਾ ਸਰਵਜਨਕ ਹਿੱਤ ਨਾਲ ਸਬੰਧਿਤ ਹੈ ਅਤੇ ਉਸ ਵਿੱਚ ਕੋਈ ਵੀ ਮਹੱਤਵਪੂਰਨ ਕਾਨੂੰਨੀ ਮੁਕੱਦਮਾ ਸ਼ਾਮਿਲ ਹੈ ਤਾਂ ਉਹ ਸਰਵਉੱਚ ਅਦਾਲਤ ਤੋਂ ਪ੍ਰਾਰਥਨਾ ਕਰਕੇ ਉਸ ਮਾਮਲੇ ਨੂੰ ਉੱਚ ਅਦਾਲਤ ਤੋਂ ਮੰਗਵਾ ਕੇ ਸਰਵਉੱਚ ਅਦਾਲਤ ਵਿੱਚ ਨਿਪਟਾ ਸਕਦਾ ਹੈ।

7. **ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਦੀ ਚੋਣ ਦੇ ਸਬੰਧਿਤ ਝਗੜੇ** (Disputes Concerning the Election of President and Vice-President)– ਸੰਵਿਧਾਨ ਵਿੱਚ 39ਵੀਂ ਸੋਧ ਦੇ ਪਾਸ ਹੋਣ ਤੋਂ ਪਹਿਲਾਂ ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਦੀ ਚੋਣ ਨਾਲ ਸਬੰਧ ਵਿਵਾਦਾਂ ਦਾ ਫੈਸਲਾ ਕਰਨ ਦਾ ਅਧਿਕਾਰ ਸਰਵਉੱਚ ਅਦਾਲਤ ਕੋਲ ਸੀ ਅਤੇ ਉਸ ਦਾ ਫੈਸਲਾ ਆਖਰੀ ਹੁੰਦਾ ਸੀ। ਸੰਨ 1975 ਵਿੱਚ ਇਸ ਸੋਧ ਨਾਲ ਸਰਵਉੱਚ ਅਦਾਲਤ ਤੋਂ ਇਹ ਅਧਿਕਾਰ ਖੋਹ ਲਿਆ ਗਿਆ ਅਤੇ ਇਹ ਵਿਵਸਥਾ ਕੀਤੀ ਗਈ ਕਿ ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਦੀ ਚੋਣ ਸਬੰਧੀ ਵਿਵਾਦਾਂ ਦਾ ਨਿਪਟਾਰਾ ਕਰਨ ਲਈ ਸੰਸਦ ਕਾਨੂੰਨ ਨਾਲ ਕਿਸੇ ਸੰਸਥਾ ਸੱਤਾ ਦੀ ਸਥਾਪਨਾ ਕਰੇਗੀ ਪਰ ਹੁਣ 44ਵੀਂ ਸੋਧ ਨਾਲ ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਦੀ ਚੋਣ ਨਾਲ ਸਬੰਧਿਤ ਸਾਰੇ ਸ਼ੱਕ ਅਤੇ ਵਿਵਾਦਾਂ ਦੀ ਜਾਂਚ ਸਰਵਉੱਚ ਅਦਾਲਤ ਕਰੇਗੀ ਅਤੇ ਸਰਵਉੱਚ ਅਦਾਲਤ ਦਾ ਫੈਸਲਾ ਆਖਰੀ ਮੰਨਿਆ ਜਾਵੇਗਾ।

8. **ਸਰਵਉੱਚ ਅਦਾਲਤ ਨੂੰ ਅਦਾਲਤਾਂ ਦੀ ਕਾਰਵਾਈ ਅਤੇ ਕਾਰਜ ਵਿਧੀ ਨੂੰ ਨਿਯਮਿਤ ਕਰਨ ਲਈ ਨਿਯਮਾਂ ਦਾ ਨਿਰਮਾਣ ਕਰਨ ਦੀ ਸ਼ਕਤੀ** (Power to Frame Rules to Regulate the Activities of the Courts)– ਸਰਵਉੱਚ ਅਦਾਲਤ ਨੂੰ ਸੰਵਿਧਾਨ ਦੀ ਧਾਰਾ 145 ਅਧੀਨ ਅਦਾਲਤ ਦੀ ਕਾਰਵਾਈ ਅਤੇ ਕਾਰਜ ਵਿਧੀ ਨੂੰ ਨਿਯਮਿਤ ਕਰਨ ਲਈ ਸਮੇਂ–ਸਮੇਂ 'ਤੇ ਨਿਯਮਾਂ ਨੂੰ ਬਣਾਉਣ ਦੀ ਸ਼ਕਤੀ ਦਿੱਤੀ ਗਈ ਹੈ। ਸੰਵਿਧਾਨ ਦੀ 42ਵੀਂ ਸੋਧ ਅਧੀਨ ਇਕ ਨਵੀਂ ਉੱਪ ਧਾਰਾ ਸ਼ਾਮਿਲ ਕੀਤੀ ਗਈ ਹੈ। ਇਸ ਨਵੀਂ ਉੱਪ ਧਾਰਾ ਅਧੀਨ ਸਰਵਉੱਚ ਅਦਾਲਤ ਦੀ ਧਾਰਾ 131 A ਅਤੇ 139 A ਅਧੀਨ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਨੂੰ ਨਿਯਮਿਤ ਕਰਨ ਲਈ ਨਿਯਮ ਬਣਾਉਣ ਦੀ ਸ਼ਕਤੀ ਦਿੱਤੀ ਗਈ ਹੈ।

9. **ਆਪਣੇ ਫੈਸਲੇ ਦੇ ਪੁਨਰ-ਨਿਰੀਖਣ ਦਾ ਅਧਿਕਾਰ** (Power to Review its own Decision)– ਸਰਵਉੱਚ ਅਦਾਲਤ ਨੂੰ ਆਪਣੇ ਫੈਸਲਿਆਂ 'ਤੇ ਪੁਨਰ ਵਿਚਾਰ ਕਰਨ ਲਈ ਉਨ੍ਹਾਂ ਨੂੰ ਬਦਲਣ ਦਾ ਅਧਿਕਾਰ ਹੈ। ਉਦਾਹਰਣ ਦੇ ਤੌਰ 'ਤੇ 'ਸੱਜਣ ਕੁਮਾਰ ਬਨਾਮ ਰਾਜਸਥਾਨ ਰਾਜ' ਨਾਮਕ ਮੁਕੱਦਮੇ ਵਿੱਚ ਸਰਵਉੱਚ ਅਦਾਲਤ ਨੇ ਇਹ ਫੈਸਲਾ ਦਿੱਤਾ ਸੀ ਕਿ ਸੰਸਦ ਮੌਲਿਕ ਅਧਿਕਾਰਾਂ ਵਿੱਚ ਸੋਧ ਕਰ ਸਕਦੀ ਹੈ। ਸੰਨ 1967 ਵਿੱਚ ਗੋਲਕਨਾਥ ਦੇ ਮੁਕੱਦਮੇ ਵਿੱਚ ਸਰਵਉੱਚ ਅਦਾਲਤ ਨੇ ਇਹ ਫੈਸਲਾ ਦਿੱਤਾ ਸੀ ਕਿ ਸੰਸਦ ਮੌਲਿਕ ਅਧਿਕਾਰਾਂ ਦੀ ਸੋਧ ਨਹੀਂ ਕਰ ਸਕਦੀ। 1973 ਵਿੱਚ ਕੇਸ਼ਵਾਨੰਦ ਭਾਰਤੀ ਦੇ ਮੁਕੱਦਮੇ ਵਿੱਚ ਫੈਸਲਾ ਦਿੱਤਾ ਗਿਆ ਕਿ ਸੰਸਦ ਮੌਲਿਕ ਅਧਿਕਾਰਾਂ ਵਿੱਚ ਸੋਧ ਕਰ ਸਕਦੀ ਹੈ।

10. **ਅਭਿਲੇਖ ਅਦਾਲਤ** (Court of Record)– ਭਾਰਤ ਦੀ ਸਰਵਉੱਚ ਅਦਾਲਤ ਨੂੰ ਇਕ ਅਭਿਲੇਖ ਅਦਾਲਤ ਮੰਨਿਆ ਜਾਂਦਾ ਹੈ। ਇਸ ਦੀਆਂ ਸਾਰੀਆਂ ਕਾਰਵਾਈਆਂ ਅਤੇ ਫੈਸਲੇ ਪ੍ਰਮਾਣ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ ਅਤੇ ਦੇਸ਼ ਦੇ ਸਾਰੀਆਂ ਅਦਾਲਤਾਂ ਇਹ ਫੈਸਲੇ ਨਿਆਇਕ ਦ੍ਰਿਸ਼ਟਾਂਤ (Judicial Precedents) ਦੇ ਰੂਪ ਵਿੱਚ ਸਵੀਕਾਰ ਕੀਤੇ ਜਾਂਦੇ ਹਨ। ਭਾਰਤੀ ਸਰਵਉੱਚ ਅਦਾਲਤ ਕਿਸੇ ਨੂੰ ਵੀ ਅਦਾਲਤ ਦਾ ਅਪਮਾਨ (Contempt of Court) ਕਰਨ ਦੇ ਦੋਸ਼ ਵਿੱਚ ਸਜ਼ਾ ਦੇ ਸਕੀ ਹੈ।

11. **ਹੋਰ ਕੰਮ** (Miscellaneous Functions)– ਸਰਵਉੱਚ ਅਦਾਲਤਾਂ ਨੂੰ ਹੇਠ ਲਿਖੇ ਹੋਰ ਕੰਮ ਕਰਨ ਦੀ ਵੀ ਸ਼ਕਤੀ ਪ੍ਰਾਪਤ ਹੈ–

**ਨੋਟ**

*(i)* ਸਰਵਉੱਚ ਅਦਾਲਤ ਨੂੰ ਆਪਣੇ ਅਹੁਦੇ ਦੇ ਅਧਿਕਾਰੀਆਂ ਦੀ ਨਿਯੁਕਤੀ ਕਰਨ ਦਾ ਅਧਿਕਾਰ ਪ੍ਰਾਪਤ ਹੈ। ਇਹ ਨਿਯੁਕਤੀਆਂ ਉਹ ਖੁਦ ਅਤੇ ਸੰਗ੍ਰੀਯ ਲੋਕ ਸੇਵਾ ਆਯੋਗ ਦੀ ਸਲਾਹ 'ਤੇ ਕਰ ਸਕਦਾ ਹੈ।

*(ii)* ਸਰਵਉੱਚ ਅਦਾਲਤ ਦੇਸ਼ ਦੀਆਂ ਹੋਰ ਅਦਾਲਤਾਂ 'ਤੇ ਸ਼ਾਸਨ ਕਰਦਾ ਹੈ। ਉਸ ਨੂੰ ਇਹ ਦੇਖਣਾ ਪੈਂਦਾ ਹੈ ਕਿ ਹਰੇਕ ਅਦਾਲਤ ਵਿੱਚ ਨਿਆ ਠੀਕ ਢੰਗ ਨਾਲ ਹੋ ਰਿਹਾ ਹੈ ਜਾਂ ਨਹੀਂ।

*(iii)* ਸੰਗ੍ਰੀਯ ਲੋਕ ਸੇਵਾ ਆਯੋਗ ਦੇ ਮੈਂਬਰਾਂ ਅਤੇ ਸਭਾਪਤੀ ਨੂੰ ਹਟਾਉਣ ਦਾ ਅਧਿਕਾਰ ਤਾਂ ਰਾਸ਼ਟਰਪਤੀ ਕੋਲ ਹੈ ਪਰ ਰਾਸ਼ਟਰਪਤੀ ਅਜਿਹਾ ਉਦੋਂ ਹੀ ਕਰ ਸਕੇਗਾ, ਜਦ ਸਰਵਉੱਚ ਅਦਾਲਤ ਉਸ ਦੀ ਜਾਂਚ ਪੜਤਾਲ ਕਰਕੇ ਉਸ ਨੂੰ ਅਪਰਾਧੀ ਘੋਸ਼ਿਤ ਕਰ ਦੇਵੇ।

*ਨੋਟਸ* ਰਾਸ਼ਟਰਪਤੀ ਜਾਂ ਉੱਪ ਰਾਸ਼ਟਰਪਤੀ ਦੀ ਚੋਣ ਸਬੰਧੀ ਜੇਕਰ ਕੋਈ ਮਤਭੇਦ ਹੋ ਜਾਵੇ ਤਾਂ ਉਸ ਦਾ ਫੈਸਲਾ ਸਰਵਉੱਚ ਅਦਾਲਤ ਕਰਦੀ ਹੈ ਅਤੇ ਇਸ ਦਾ ਫੈਸਲਾ ਆਖਰੀ ਫੈਸਲਾ ਹੀ ਮੰਨਿਆ ਜਾਵੇਗਾ।

**ਸਰਵਉੱਚ ਅਦਾਲਤ ਦੇ ਖੇਤਰ ਅਧਿਕਾਰੀ ਦਾ ਵਿਸਥਾਰ** (Enlargment of the Jurisdiction of the Supreme Court)– ਸੰਵਿਧਾਨ ਦੀ ਧਾਰਾ 138 ਅਤੇ 139 ਅਨੁਸਾਰ ਸੰਸਦ ਨੂੰ ਕਾਨੂੰਨ ਪਾਸ ਕਰਕੇ ਹੇਠ ਲਿਖਿਆਂ ਵਿਸ਼ਿਆਂ ਦੇ ਸਬੰਧ ਵਿੱਚ ਸਰਵਉੱਚ ਅਦਾਲਤ ਖੇਤਰ ਅਧਿਕਾਰ 'ਚ ਵਿਸਥਾਰ ਕਰਨ ਦਾ ਅਧਿਕਾਰ ਹੈ–

(ਅ) ਉੱਚ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਫੌਜਦਾਰੀ ਮੁਕੱਦਮਿਆਂ ਨਾਲ ਸਬੰਧਿਤ ਅਪੀਲ ਖੇਤਰ ਅਧਿਕਾਰ। (ਬ) ਸੰਗ੍ਰੀਯ ਸੂਚੀ ਵਿੱਚ ਦਿੱਤਾ ਗਿਆ ਕੋਈ ਵੀ ਵਿਸ਼ਾ। (ਸ) ਕੋਈ ਵੀ ਅਜਿਹਾ ਮਾਮਲਾ ਜੋ ਕੇਂਦਰੀ ਸਰਕਾਰ ਅਤੇ ਕਿਸੇ ਰਾਜ ਸਰਕਾਰ ਨੇ ਸਮਝੌਤੇ ਨਾਲ ਸਰਵਉੱਚ ਅਦਾਲਤ ਨੂੰ ਦਿੱਤਾ ਹੋਵੇ। (ਦ) ਸਰਵਉੱਚ ਅਦਾਲਤ ਨੂੰ ਸੰਵਿਧਾਨ ਨਾਲ ਦਿੱਤੇ ਗਏ ਖੇਤਰ ਅਧਿਕਾਰ ਦਾ ਠੀਕ ਢੰਗ ਨਾਲ ਇਸਤੇਮਾਲ ਕਰਨ ਲਈ ਕੋਈ ਜ਼ਰੂਰੀ ਸ਼ਕਤੀ ਅਤੇ (ਯ) ਮੌਲਿਕ ਅਧਿਕਾਰਾਂ ਨੂੰ ਲਾਗੂ ਕਰਨ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਨਿਰਦੇਸ਼ ਅਤੇ ਲੇਖ (Writes) ਜਾਰੀ ਕਰਨਾ।

ਸਰਵਉੱਚ ਅਦਾਲਤ ਦੇ ਵਿਸਤ੍ਰਿਤ ਖੇਤਰ ਅਧਿਕਾਰ ਦੇ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਇਕ ਬਹੁਤ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਅਦਾਲਤ ਹੈ।

**ਉੱਚ ਅਦਾਲਤ ਦੀ ਸਥਿਤੀ** (Position of the Supreme Court)– ਭਾਰਤ ਦੀ ਉੱਚ ਅਦਾਲਤ ਸਰਕਾਰ ਦਾ ਇਕ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਅੰਗ ਮੰਨੀ ਜਾਂਦੀ ਹੈ। ਉੱਚ ਅਦਾਲਤ ਨੂੰ ਹੋਰ ਦੇਸ਼ਾਂ ਵਾਂਗ ਵਿਆਪਕ ਸ਼ਕਤੀਸ਼ਾਲੀ ਮੰਨਦੇ ਹਨ। ਸੰਵਿਧਾਨ ਨਾਲ ਉੱਚ ਅਦਾਲਤ ਨੂੰ ਅਤਿਅੰਤ ਪ੍ਰਭਾਵਸ਼ਾਲੀ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉੱਚ ਅਦਾਲਤ ਵੱਲੋਂ ਦਿੱਤੇ ਗਏ ਫੈਸਲੇ ਸਾਰੇ ਦੇਸ਼ ਵਿੱਚ ਸਾਰੀਆਂ ਅਦਾਲਤਾਂ ਅਤੇ ਸਰਕਾਰੀ ਅੰਗਾਂ 'ਤੇ ਲਾਗੂ ਹੁੰਦੇ ਹਨ। ਇਸ ਨੂੰ ਕਈ ਮਾਮਲਿਆਂ 'ਤੇ ਅਪੀਲ ਸੁਣਨ ਦੀ ਸ਼ਕਤੀ ਪ੍ਰਾਪਤ ਹੈ। ਉੱਚ ਅਦਾਲਤਾਂ ਨੂੰ ਅਪੀਲ ਦੀ ਵਿਸ਼ੇਸ਼ ਆਗਿਆ ਦੇਣ ਦਾ ਅਧਿਕਾਰ ਪ੍ਰਾਪਤ ਹੈ। ਇਸ ਤੋਂ ਇਲਾਵਾ ਉੱਚ ਅਦਾਲਤ ਸੰਵਿਧਾਨ ਦੀ ਰੱਖਿਆ ਕਰਦੀ ਹੈ। ਸੰਵਿਧਾਨ ਦੀ ਵਿਆਖਿਆ ਦਾ ਵੀ ਆਖਰੀ ਅਧਿਕਾਰ ਉੱਚ ਅਦਾਲਤ ਨੂੰ ਹੀ ਪ੍ਰਾਪਤ ਹੈ। ਇਸ ਨਾਲ ਲੋਕਾਂ ਦੇ ਮੌਲਿਕ ਅਧਿਕਾਰਾਂ (Fundamental Rights) ਨੂੰ ਵੀ ਸੁਰੱਖਿਆ ਹੁੰਦੀ ਹੈ। ਨਿਆਇਕ ਪੁਨਰ ਵਿਚਾਰ (Judicial Review) ਦੀ ਸ਼ਕਤੀ ਨੇ ਉੱਚ ਅਦਾਲਤ ਦੀ ਸਥਿਤੀ (Position) ਨੂੰ ਹੋਰ ਵੀ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਬਣਾ ਦਿੱਤਾ ਹੈ।

**ਸ਼੍ਰੀ ਅਲਾਦੀ ਕ੍ਰਿਸ਼ਨਾ ਸਵਾਮੀ ਅਵੇਅਰ** ਦਾ ਕਹਿਣਾ ਹੈ ਕਿ "ਭਾਰਤੀ ਸੰਵਿਧਾਨ ਦਾ ਵਿਕਾਸ ਕਾਫੀ ਹੱਦ ਤੱਕ ਉੱਚ ਅਦਾਲਤਾਂ ਦੇ ਕੰਮਾਂ ਅਤੇ ਇਸ ਗੱਲ 'ਤੇ ਨਿਰਭਰ ਹੈ ਕਿ ਉੱਚ ਅਦਾਲਤ ਸੰਵਿਧਾਨ ਨੂੰ ਕਿਸ ਦੇਸ਼ ਵਿੱਚ ਲੈ ਜਾਂਦੀ ਹੈ। ("The future evolution of the Indian constitution will thus depend to a large extent upon the work of the supreme court and the direction given to it by that Court.") ਅਤੇ ਹੋਰ ਵਿਧੀਵੇਤਾ **ਸ਼੍ਰੀ ਐੱਮ. ਸੀ. ਸੀਤਲਵਾੜ** ਦੇ ਕਹਿਣ ਅਨੁਸਾਰ, "ਭਾਰਤ ਦੀ ਉੱਚ ਅਦਾਲਤ ਦੇ ਅਧਿਕਾਰ ਅਤੇ ਖੇਤਰ ਅਧਿਕਾਰ ਕਾਮਨ ਵੈਲਥ ਦੇਸ਼ਾਂ ਦੇ ਸੁਪਰੀਮ ਕੋਰਟ ਦੇ ਅਧਿਕਾਰ ਜਾਂ ਖੇਤਰ ਅਧਿਕਾਰ ਤੋਂ ਜ਼ਿਆਦਾ ਹੈ। ("The jurisdiction and powers of the supreme court of India are wider than those exercised by the Highest Court in the common wealth or by the Supreme Court of America.") ਇਸੇ ਸਬੰਧ ਵਿੱਚ **ਪਾਇਲੀ** (Pylee) ਨੇ ਠੀਕ ਹੀ ਲਿਖਿਆ ਹੈ ਕਿ "ਸੁਪਰੀਮ ਕੋਰਟ ਵਿੱਚ ਇੰਨੀ ਵਿਸਤ੍ਰਿਤ ਅਤੇ ਵੱਖ-ਵੱਖ ਸ਼ਕਤੀਆਂ ਦਾ ਪ੍ਰੀਖਣ ਉਸ ਨੂੰ ਕੇਵਲ ਨਿਆਇਕ ਖੇਤਰ ਵਿੱਚ ਹੀ ਮਹਾਨ ਸੱਤਾ ਨਹੀਂ ਬਣਾਉਂਦਾ, ਸਗੋਂ ਸੰਵਿਧਾਨ ਅਤੇ ਕਾਨੂੰਨ ਦੀ ਰੱਖਵਾਲੀ ਕਰਨ ਵਾਲਾ ਹੀ ਬਣਾ ਦਿੰਦਾ ਹੈ।" ("The combination of such wide and

ਨੋਟ

varied powers of the Supreme Court make it not only Supreme authority in the judicial field but also the guardian of the constitution and the law of the land.")

**ਸਵ ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

1. ਭਾਰਤ ਵਿੱਚ ਸਰਵਉੱਚ ਅਦਾਲਤ ਦੀ ਸਥਾਪਨਾ ..................... ਅਧੀਨ ਕੀਤੀ ਗਈ ਸੀ।
2. 1986 ਵਿੱਚ ਸਰਵਉੱਚ ਅਦਾਲਤ ਦੇ ਜੱਜਾਂ ਦੀ ਸੰਖਿਆ 17 ਤੋਂ ਵਧਾ ਕੇ ................ ਕਰ ਦਿੱਤੀ ਗਈ ਸੀ।
3. 1977 ਵਿੱਚ ਜਨਤਾ ਸਰਕਾਰ ਨੇ ਅਪਾਤਕਾਲ ਦੀਆਂ ਜ਼ਿਆਦਤੀਆਂ ਅਤੇ ਅੱਤਿਆਚਾਰਾਂ ਦੀ ਜਾਂਚ ਲਈ .............. ਨੂੰ ਨਿਯੁਕਤ ਕੀਤਾ ਸੀ।
4. ਸਰਵਉੱਚ ਅਦਾਲਤ .................. ਅਧਿਕਾਰ ਦਾ ਸੁਰੱਖਿਆ ਹੈ।

## 9.2 ਰਾਜ ਉੱਚ ਅਦਾਲਤ (State High Court)

ਭਾਰਤ ਵਿੱਚ ਇਕਹਿਰੀ ਨਿਆ ਵਿਵਸਥਾ ਹੈ। ਸਭ ਤੋਂ ਉੱਚੀ ਅਦਾਲਤ ਸਰਵਉੱਚ ਅਦਾਲਤ ਹੈ। ਉਸ ਅਧੀਨ ਰਾਜਾਂ ਵਿੱਚ ਉੱਚ ਅਦਾਲਤਾਂ ਪਾਈਆਂ ਜਾਂਦੀਆਂ ਹਨ। ਸੰਵਿਧਾਨ ਦੀ ਧਾਰਾ 214 ਅਧੀਨ ਰਾਜ ਪੱਧਰ 'ਤੇ ਹਰੇਕ ਰਾਜ ਲਈ ਇਕ ਉੱਚ ਅਦਾਲਤ ਹਾਈਕੋਰਟ ਦੀ ਵਿਵਸਥਾ ਕੀਤੀ ਗਈ ਹੈ। ("There shall be a High Courts of each state.")

ਇਸ ਦੇ ਨਾਲ ਹੀ ਅਨੁਛੇਦ 231 ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸੰਸਦ ਦੋ ਜਾਂ ਦੋ ਤੋਂ ਵਧੇਰੇ ਰਾਜਾਂ ਅਤੇ ਕੇਂਦਰ ਪ੍ਰਸ਼ਾਸਿਤ ਖੇਤਰਾਂ ਲਈ ਇਕ ਉੱਚ ਅਦਾਲਤ ਦੀ ਵੀ ਵਿਵਸਥਾ ਕਰ ਸਕਦੀ ਹੈ। 1966 ਦੇ ਪੰਜਾਬ ਪੁਨਰ ਗਠਨ ਕਾਨੂੰਨ ਨਾਲ ਸੰਸਦ ਨੇ ਪੰਜਾਬ ਅਤੇ ਹਰਿਆਣਾ ਰਾਜਾਂ ਅਤੇ ਚੰਡੀਗੜ੍ਹ ਦੇ ਕੇਂਦਰ ਪ੍ਰਸ਼ਾਸਿਤ ਖੇਤਰ ਲਈ ਇਕ ਉੱਚ ਅਦਾਲਤ ਸਥਾਪਿਤ ਕੀਤੀ ਜੋ ਕਿ ਚੰਡੀਗੜ੍ਹ ਵਿੱਚ ਹੈ। ਰਾਜਾਂ ਦੀ ਉੱਚ ਅਦਾਲਤ ਅਖਿਲ ਭਾਰਤੀ ਨਿਆ ਵਿਵਸਥਾ ਦਾ ਅੰਗ ਹੁੰਦੇ ਹੋਏ ਵੀ ਆਪਣੇ ਆਪ ਵਿੱਚ ਸੁਤੰਤਰ ਇਕਾਈਆਂ ਹਨ। ਉਨ੍ਹਾਂ ਉੱਪਰ ਆਪਣੇ ਰਾਜਾਂ ਦੇ ਵਿਧਾਨ ਮੰਡਲ ਜਾਂ ਕਾਰਜ ਪਾਲਿਕਾ ਦਾ ਕੋਈ ਕੰਟਰੋਲ ਨਹੀਂ ਹੈ। ਉੱਚ ਅਦਾਲਤ ਇਕ ਰਾਜ ਦੀ ਸਭ ਤੋਂ ਵੱਡੀ ਅਦਾਲਤ ਹੈ ਅਤੇ ਇਕ ਰਾਜ ਦੀਆਂ ਬਾਕੀ ਸਾਰੀਆਂ ਅਦਾਲਤਾਂ ਉਸ ਅਧੀਨ ਹੁੰਦੀਆਂ ਹਨ।

**ਰਚਨਾ** (Composition) – ਹਰੇਕ ਉੱਚ ਅਦਾਲਤ ਵਿੱਚ ਇਕ ਮੁੱਖ ਜੱਜ (Chief Justice) ਅਤੇ ਕੁਝ ਹੋਰ ਜੱਜ ਹੁੰਦੇ ਹਨ। ਇਨ੍ਹਾਂ ਦੀ ਸੰਖਿਆ ਸਬੰਧਿਤ ਰਾਜਾਂ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖ ਕੇ ਰਾਸ਼ਟਰਪਤੀ ਵੱਲੋਂ ਤੈਅ ਕੀਤੀ ਜਾਂਦੀ ਹੈ। ਕੰਮ ਵਧੇਰੇ ਹੋਣ 'ਤੇ ਇਕ ਉੱਚ ਅਦਾਲਤ ਵਿੱਚ ਜ਼ਿਆਦਾ ਤੋਂ ਜ਼ਿਆਦਾ ਦੋ ਵਰਗਾਂ ਲਈ ਹੋਰ ਜੱਜ (Additional Judges) ਵੀ ਨਿਯੁਕਤ ਕੀਤੇ ਜਾ ਸਕਦੇ ਹਨ। ਇਸ ਸਮੇਂ ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਵਿੱਚ ਇਕ ਮੁੱਖ ਜੱਜ ਅਤੇ 26 ਮੁੱਖ ਜੱਜ ਹਨ। ਇਲਾਹਾਬਾਦ ਉੱਚ ਅਦਾਲਤ ਵਿੱਚ ਇਸ ਸਮੇਂ 60 ਜੱਜ ਹਨ।

**ਯੋਗਤਾਵਾਂ** (Qualification)– ਉੱਚ ਅਦਾਲਤ ਦੇ ਜੱਜਾਂ ਅਤੇ ਮੁੱਖ ਜੱਜਾਂ ਲਈ ਹੇਠ ਲਿਖੀਆਂ ਯੋਗਤਾਵਾਂ ਤੈਅ ਕੀਤੀਆਂ ਗਈਆਂ ਹਨ–

*(i)* ਉਹ ਭਾਰਤ ਦਾ ਨਾਗਰਿਕ ਹੋਵੇ।

*(ii)* ਉਹ ਭਾਰਤੀ ਸੰਘ ਦੇ ਕਿਸੇ ਵੀ ਖੇਤਰ ਵਿੱਚ ਘੱਟੋ-ਘੱਟ 10 ਸਾਲ ਤੱਕ ਕਿਸੇ ਨਿਆਇਕ ਅਹੁਦੇ 'ਤੇ ਰਹਿ ਚੁੱਕਾ ਹੋਵੇ। ਜਾਂ

ਦੇਸ਼ ਦੀ ਕਿਸੇ ਇਕ ਉੱਚ ਅਦਾਲਤ ਜਾਂ ਇਕ ਤੋਂ ਵਧੇਰੇ ਉੱਚ ਅਦਾਲਤ ਵਿੱਚ 10 ਸਾਲਾਂ ਤੱਕ ਵਕਾਲਤ ਕਰ ਚੁੱਕਾ ਹੋਵੇ। ਕਿਸੇ ਵਿਅਕਤੀ ਦੀ ਵਕਾਲਤ ਦਾ 10 ਸਾਲ ਦੇ ਸਮੇਂ ਦੀ ਸ਼ਰਤ ਨੂੰ ਪੂਰਾ ਕਰਨ ਲਈ ਉਸ ਵਿੱਚ ਉਹ ਸਮੇਂ ਵੀ ਸ਼ਾਮਿਲ ਕੀਤਾ ਜਾਂਦਾ ਹੈ, ਜਿਸ ਸਮੇਂ ਲਈ ਉਹ ਉੱਚ ਅਦਾਲਤ ਵਿੱਚ ਵਕਾਲਤ ਸ਼ੁਰੂ ਕਰਨ ਤੋਂ ਬਾਅਦ ਕਿਸੇ ਨਾਗਰਿਕ ਅਹੁਦੇ 'ਤੇ ਕਿਸੇ ਨਿਆਧੀਕਰਣ (Tribunal) ਦੇ ਮੈਂਬਰ ਦੇ ਅਹੁਦੇ 'ਤੇ ਨਿਯੁਕਤ ਰਿਹਾ ਹੋਵੇ ਅਤੇ ਕੇਂਦਰ ਜਾਂ ਰਾਜ ਸਰਕਾਰ ਅਧੀਨ ਕਿਸੇ ਅਜਿਹੇ ਅਹੁਦੇ 'ਤੇ ਅਸੀਮ ਰਿਹਾ ਹੋਵੇ, ਜਿਸ ਲਈ ਕਾਨੂੰਨ ਦੇ ਵਿਸ਼ੇਸ਼ ਗਿਆਨ ਦੀ ਜ਼ਰੂਰਤ ਹੋਵੇ।

42ਵੀਂ ਸੋਧ ਨਾਲ ਇਹ ਵਿਵਸਥਾ ਕੀਤੀ ਗਈ ਹੈ ਕਿ ਅਜਿਹੇ ਵਿਅਕਤੀ ਨੂੰ ਉੱਚ ਅਦਾਲਤ ਦਾ ਜੱਜ ਨਿਯੁਕਤ ਕੀਤਾ ਜਾ ਸਕਦਾ ਹੈ ਜੋ ਰਾਸ਼ਟਰਪਤੀ ਦੀ ਨਜ਼ਰ ਵਿੱਚ ਪ੍ਰਸਿੱਧ ਨਿਆ ਸ਼ਾਸਤਰੀ ਹੋਵੇ ਅਤੇ ਜੋ ਕਿਸੇ ਟ੍ਰਿਬਿਊਨਲ ਜਾਂ ਕੇਂਦਰੀ ਸਰਕਾਰ ਅਤੇ ਰਾਜ ਸਰਕਾਰ ਅਧੀਨ ਕਾਨੂੰਨ ਦੀ ਵਿਸ਼ੇਸ਼ ਜਾਣਕਾਰੀ ਰੱਖਣ ਵਾਲੇ ਅਹੁਦੇ 'ਤੇ 10 ਸਾਲ ਤੱਕ ਕੰਮ ਕਰ ਚੁੱਕਾ ਹੋਵੇ ਪਰ 44ਵੀਂ ਸੋਧ

ਨੋਟ

ਨਾਲ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਸ਼ਟਰਪਤੀ ਅਜਿਹੇ ਵਿਅਕਤੀ ਨੂੰ ਜੱਜ ਨਿਯੁਕਤ ਨਹੀਂ ਕਰ ਸਕਦਾ ਜੋ ਉਸ ਦੀ ਨਜ਼ਰ ਵਿੱਚ ਪ੍ਰਸਿੱਧ ਨਿਆ ਸ਼ਾਸਤਰੀ ਹੋਵੇ, ਜਦ ਤੱਕ ਕਿ ਉਹ ਵਿਅਕਤੀ ਉੱਪਰ ਲਿਖੀਆਂ ਹੋਰ ਯੋਗਤਾਵਾਂ ਨੂੰ ਪੂਰਾ ਨਾ ਕਰਦਾ ਹੋਵੇ।

### ਜੱਜਾਂ ਦੀ ਨਿਯੁਕਤੀ (Appointment of the Judges)

ਉੱਚ ਅਦਾਲਤ ਦੇ ਮੁੱਖ ਜੱਜ ਅਤੇ ਹੋਰ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਸਰਵਉੱਚ ਅਦਾਲਤ ਦੇ ਮੁੱਖ ਜੱਜ ਅਤੇ ਸਬੰਧਿਤ ਰਾਜਾਂ ਦੇ ਰਾਜਪਾਲ ਦੀ ਸਲਾਹ ਨਾਲ ਕਰਦਾ ਹੈ। ਹੋਰ ਜੱਜਾਂ (ਮੁੱਖ ਜੱਜ ਨੂੰ ਛੱਡ ਕੇ) ਦੀ ਨਿਯੁਕਤੀ ਕਰਦੇ ਸਮੇਂ ਰਾਸ਼ਟਰਪਤੀ ਨੂੰ ਉਸ ਉੱਚ ਅਦਾਲਤ ਦੇ ਮੁੱਖ ਜੱਜ ਦੀ ਵੀ ਸਲਾਹ ਲੈਣੀ ਪੈਂਦੀ ਹੈ।

**ਮੁੱਖ ਜੱਜ ਦੀ ਨਿਯੁਕਤੀ ਅਤੇ ਸੀਨੀਆਰਤਾ** (Seniority) ਦੇ ਅਧਾਰ 'ਤੇ ਕੀਤੀ ਜਾਂਦੀ ਹੈ ਪਰ 10 ਮਈ 1974 ਦੀ ਪੰਜਾਬ ਅਤੇ ਹਰਿਆਣਾ ਦੇ ਉੱਚ ਅਦਾਲਤ ਦੇ ਮੁੱਖ ਜੱਜ ਡੀ. ਕੇ. ਮਹਾਜਨ (D. K. Mahajan) ਦੇ ਸੇਵਾਮੁਕਤ ਹੋਣ 'ਤੇ ਜਸਟਿਸ ਨਰੂਲਾ ਨੂੰ ਮੁੱਖ ਜੱਜ ਨਿਯੁਕਤ ਕੀਤਾ ਗਿਆ, ਜਿਸ 'ਤੇ ਉਨ੍ਹਾਂ ਤੋਂ ਸੀਨੀਅਰ ਜੱਜ ਪ੍ਰੇਮ ਚੰਦ ਪੰਡਿਤ ਨੇ ਆਪਣਾ ਤਿਆਗ ਪੱਤਰ ਦੇ ਦਿੱਤਾ। 27 ਜਨਵਰੀ 1983 ਨੂੰ ਕੇਂਦਰੀ ਸਰਕਾਰ ਨੇ ਇਹ ਘੋਸ਼ਣਾ ਕੀਤੀ ਕਿ ਦੇਸ਼ ਦੀਆਂ ਸਾਰੀਆਂ ਉੱਚ ਅਦਾਲਤਾਂ ਦੇ ਮੁੱਖ ਜੱਜ ਰਾਜ ਦੇ ਬਾਹਰੋਂ ਲਏ ਜਾਣਗੇ ਅਤੇ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਭਵਿੱਖ ਵਿੱਚ ਸਾਰੇ ਰਾਜਾਂ ਦੀਆਂ ਉੱਚ ਅਦਾਲਤਾਂ ਦੇ ਮੁੱਖ ਜੱਜ ਦੂਸਰੇ ਰਾਜਾਂ ਦੇ ਉੱਚ ਨਿਆ ਸ਼ਾਸਤਰਾਂ ਨਾਲ ਉੱਥੇ ਉਨ੍ਹਾਂ ਦੀ ਸੀਨੀਆਰਤਾ (Seniority) ਅਤੇ ਯੋਗਤਾ (Ability) ਦੇ ਅਧਾਰ 'ਤੇ ਲਏ ਜਾਣਗੇ। 15 ਜੁਲਾਈ 1986 ਦੀ ਸਰਵਉੱਚ ਅਦਾਲਤ ਨੇ ਸਰਕਾਰ ਨੂੰ ਇਹ ਆਦੇਸ਼ ਦਿੱਤਾ ਕਿ ਉਹ ਮੁੱਖ ਜੱਜ ਦੇ ਹੋਰ ਰਾਜਾਂ ਵਿੱਚੋਂ ਨਿਯੁਕਤ ਕਰਨ ਦੀ ਨੀਤੀ ਨੂੰ ਲਾਗੂ ਕਰਨ।

**ਕਾਰਜਕਾਲ** (Term of office)– ਉੱਚ ਅਦਾਲਤ ਦਾ ਜੱਜ 62 ਸਾਲ ਦੀ ਉਮਰ ਤੱਕ ਆਪਣੇ ਅਹੁਦੇ 'ਤੇ ਕੰਮ ਕਰਦਾ ਹੈ ਪਰ ਉਹ ਇਸ ਤੋਂ ਪਹਿਲਾਂ ਆਪਣੇ ਅਹੁਦੇ ਤੋਂ ਤਿਆਗ ਪੱਤਰ ਦੇ ਕੇ ਅਲੱਗ ਹੋ ਸਕਦਾ ਹੈ। ਆਪਣੇ ਸਮੇਂ ਦੇ ਖਤਮ ਹੋਣ ਤੋਂ ਬਾਅਦ ਉਹ ਕਿਸੇ ਜਗ੍ਹਾ 'ਤੇ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਵੀ ਕੰਮ ਨਹੀਂ ਕਰ ਸਕਦਾ।

**ਸੇਵਾਮੁਕਤੀ** (Removal)– ਜੇਕਰ ਸੰਸਦ ਦੇ ਦੋਵੇਂ ਸਦਨ ਆਪਣੇ-ਆਪਣੇ ਮੈਂਬਰਾਂ ਦੀ ਕੁੱਲ ਸੰਖਿਆ ਦੇ ਬਹੁਮਤ ਨਾਲ ਅਤੇ ਸਦਨ ਦੀ ਬੈਠਕ ਦੇ ਹਾਜ਼ਰ ਮੈਂਬਰਾਂ ਦੇ 2/3 ਬਹੁਮਤ ਨਾਲ ਕਿਸੇ ਉੱਚ ਅਦਾਲਤ ਦੇ ਜੱਜ ਨੂੰ ਦੁਰਵਿਵਹਾਰ ਜਾਂ ਅਯੋਗਤਾ (Misbehaviour or Incapacity) ਦੇ ਅਪਰਾਧ ਵਿੱਚ ਅਪਰਾਧੀ ਠਹਿਰਾਉਣ ਅਤੇ ਇਸ ਵਿਸ਼ੇ ਵਿੱਚ ਰਾਸ਼ਟਰਪਤੀ ਨੂੰ ਸੰਬੋਧਨ ਕਰਨ ਤਾਂ ਰਾਸ਼ਟਰਪਤੀ ਉਸ ਜੱਜ ਨੂੰ ਅਹੁਦੇ ਤੋਂ ਹਟਾ ਦਿੰਦਾ ਹੈ।

**ਤਨਖਾਹ** (Salary) – ਉੱਚ ਅਦਾਲਤ ਦੇ ਮੁੱਖ ਜੱਜ ਨੂੰ 80 ਹਜ਼ਾਰ ਰੁਪਏ ਮਹੀਨਾ ਅਤੇ ਹੋਰ ਜੱਜਾਂ ਨੂੰ 70 ਹਜ਼ਾਰ ਰੁਪਏ ਮਹੀਨਾ ਤਨਖਾਹ ਮਿਲਦੀ ਹੈ। ਕੇਵਲ ਤਨਖਾਹ ਤੋਂ ਇਲਾਵਾ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਭੱਤੇ ਮਿਲਦੇ ਹਨ। ਵਿੱਤੀ ਸੰਕਟਕਾਲੀਨ ਦੀ ਸਥਿਤੀ ਨੂੰ ਛੱਡ ਕੇ ਹੋਰ ਕਿਸੇ ਵੀ ਪ੍ਰਸਥਿਤੀ ਵਿੱਚ ਉਸ ਦੀ ਤਨਖਾਹ ਅਤੇ ਭੱਤਿਆਂ ਵਿੱਚ ਕਮੀ ਨਹੀਂ ਕੀਤੀ ਜਾ ਸਕਦੀ। ਮਾਰਚ 1876 ਵਿੱਚ ਸੰਸਦ ਨੇ ਕਾਨੂੰਨ ਪਾਸ ਕਰਕੇ ਉੱਚ ਅਦਾਲਤ ਦੇ ਜੱਜਾਂ ਲਈ ਰਿਟਾਇਰ ਹੋਣ ਤੋਂ ਬਾਅਦ ਪੈਨਸ਼ਨ ਦੀ ਵੀ ਵਿਵਸਥਾ ਕੀਤੀ ਗਈ।

**ਸਹੁੰ** (Oath)– ਧਾਰਾ 219 ਅਧੀਨ ਹਰੇਕ ਜੱਜ ਨੂੰ ਆਪਣਾ ਅਹੁਦਾ ਗ੍ਰਹਿਣ ਕਰਦੇ ਸਮੇਂ ਰਾਜ ਦੇ ਰਾਜਪਾਲ ਜਾਂ ਉਸ ਵੱਲੋਂ ਨਿਯੁਕਤ ਹੋਰ ਪਦਾਧਿਕਾਰ ਦੇ ਸਾਹਮਣੇ ਆਪਣੇ ਅਹੁਦੇ ਦੀ ਸਹੁੰ ਲੈਣੀ ਪੈਂਦੀ ਹੈ ਕਿ ਉਹ ਸੰਵਿਧਾਨ ਵਿੱਚ ਆਸਥਾ ਰੱਖੇਗਾ। ਆਪਣੇ ਕਰਤਵਾਂ ਦਾ ਇਮਾਨਦਾਰੀ ਨਾਲ ਪਾਲਣ ਕਰੇਗਾ ਅਤੇ ਸੰਵਿਧਾਨ ਤੇ ਕਾਨੂੰਨ ਦੀ ਰੱਖਿਆ ਕਰੇਗਾ।

**ਜੱਜਾਂ ਦਾ ਤਬਾਦਲਾ** (Transfer of Judges)– ਰਾਸ਼ਟਰਪਤੀ ਜੱਜਾਂ ਦਾ ਇਕ ਰਾਜ ਤੋਂ ਦੂਸਰੇ ਰਾਜ ਵਿੱਚ ਤਬਾਦਲਾ ਕਰ ਸਕਦਾ ਹੈ। ਅੰਦਰਲੇ ਆਪਾਤਕਾਲ ਦੌਰਾਨ 7 ਜੱਜਾਂ ਨੂੰ ਇਕ ਉੱਚ ਅਦਾਲਤ ਨੇ ਆਪਣੇ ਮਹੱਤਵਪੂਰਨ ਫੈਸਲੇ ਵਿੱਚ ਉੱਚ ਅਦਾਲਤ ਦੇ ਮੁੱਖ ਜੱਜਾਂ ਅਤੇ ਹੋਰ ਜੱਜਾਂ ਦੇ ਅੰਦਰਲੇ ਤਬਾਦਲੇ ਨੂੰ ਜਾਇਜ਼ ਕਰਾਰ ਦਿੱਤਾ। ਕੇਂਦਰੀ ਸਰਕਾਰ ਨੇ 27 ਜਨਵਰੀ 1983 ਨੂੰ ਇਕ ਮਹੱਤਵਪੂਰਨ ਘੋਸ਼ਣਾ ਕੀਤੀ ਸੀ ਕਿ ਅਜਿਹੇ ਮੁੱਖ ਜੱਜ ਨੂੰ ਜਿਸ ਦੇ ਸੇਵਾਮੁਕਤ ਹੋਣ ਵਿੱਚ, ਇਕ ਸਾਲ ਜਾਂ ਘੱਟ ਸਮਾਂ ਰਹਿ ਗਿਆ ਹੋਵੇ ਤਾਂ ਉਸ ਨੂੰ ਦੂਸਰੇ ਰਾਜ ਦੀ ਉੱਚ ਅਦਾਲਤ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ।

**ਸਧਾਰਣ ਵਿਵਸਥਾਵਾਂ-** ਉੱਚ ਅਦਾਲਤ ਦਾ ਜੱਜ ਸੇਵਾਮੁਕਤ ਹੋਣ ਤੋਂ ਬਾਅਦ ਸਰਵਉੱਚ ਅਦਾਲਤ ਅਤੇ ਹੋਰ ਰਾਜਾਂ ਤੋਂ ਸਿਵਾਏ ਕਿਸੇ ਦੂਸਰੀ ਅਦਾਲਤ ਵਿੱਚ ਵਕਾਲਤ ਨਹੀਂ ਕਰ ਸਕਦਾ ਹੈ। ਇਸ ਦਾ ਭਾਵ ਇਹ ਹੈ ਕਿ ਸੇਵਾ ਤੋਂ ਮੁਕਤ ਹੋਣ ਵਾਲਾ ਉਸ ਅਦਾਲਤ ਵਿੱਚ ਵਕਾਲਤ ਨਹੀਂ ਕਰ ਸਕਦਾ, ਜਿੱਥੋਂ ਸੇਵਾਮੁਕਤ ਹੋਇਆ ਹੋਵੇ।

1. **ਸ਼ਕਤੀਆਂ ਅਤੇ ਕੰਮ** (Powers and Functions)– ਉਚ ਅਦਾਲਤਾਂ ਦੇ ਅਧਿਕਾਰ ਅਤੇ ਉਨ੍ਹਾਂ ਦੇ ਖੇਤਰ ਅਧਿਕਾਰ ਲੱਗਭਗ ਉਵੇਂ ਹੀ ਹਨ, ਜਿਵੇਂ ਕਿ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਸਨ। ਉਚ ਅਦਾਲਤ ਦਾ ਮੁੱਖ ਕੰਮ ਮੁਕੱਦਮਿਆਂ ਦਾ ਫੈਸਲਾ ਕਰਨਾ ਹੈ ਪਰ ਇਸ ਨੂੰ ਨਿਆਇਕ ਪੁਨਰ ਵਿਚਾਰ ਦੀ ਸ਼ਕਤੀ ਵੀ ਪ੍ਰਾਪਤ ਹੈ। ਇਸ ਤੋਂ ਇਲਾਵਾ ਇਸ ਨੂੰ ਆਪਣੇ ਅਧੀਨ ਅਦਾਲਤਾਂ ਦੀ ਦੇਖ-ਰੇਖ ਕਰਨ ਦਾ ਪ੍ਰਸ਼ਾਸਕੀ ਕੰਮ ਵੀ ਕਰਨਾ ਪੈਂਦਾ ਹੈ ਅਤੇ ਇਸ ਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਅਧਿਐਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ–

ਨੋਟ

*(i)* **ਸ਼ੁਰੂਆਤੀ ਖੇਤਰ ਅਧਿਕਾਰ** (Original Jurisdiction)– (ਕੋਲਕਾਤਾ, ਮੁੰਬਈ ਅਤੇ ਮਦਰਾਸ ਉੱਚ ਅਦਾਲਤਾਂ ਵਿੱਚ ਕੁਝ ਦੀਵਾਨੀ ਅਤੇ ਫੌਜਦਾਰੀ ਮੁਕੱਦਮੇ ਪਹਿਲੀ ਵਾਰ ਵਿੱਚ ਹੀ ਸਿੱਧੇ ਪੇਸ਼ ਕੀਤੇ ਜਾ ਸਕਦੇ ਹਨ। ਉਸ ਲਈ ਜ਼ਰੂਰੀ ਨਹੀਂ ਕਿ ਉਹ ਪਹਿਲਾਂ ਅਧੀਨ ਅਦਾਲਤਾਂ ਵਿੱਚ ਪੇਸ਼ ਕੀਤੇ ਜਾਣ, ਜਿਵੇਂ ਕਿ ਹੋਰ ਰਾਜਾਂ ਵਿੱਚ ਪਾਇਆ ਜਾਂਦਾ ਹੈ।

*(ii)* **ਨੌਕਾਧੀਕਰਨ** (Admiralty)– ਇੱਛਾ ਪੱਤਰ ਜਾਂ ਵਸੀਅਤ (Probate), ਵਿਆਹ ਵਿਧੀ, ਕੰਪਨੀ ਅਤੇ ਵਿਆਹ-ਤਲਾਕ ਆਦਿ ਦੇ ਮੁਕੱਦਮੇ ਵੀ ਸਿੱਧੇ ਉੱਚ ਅਦਾਲਤਾਂ ਕੋਲ ਜਾ ਸਕਦੇ ਹਨ। ਉੱਚ ਅਦਾਲਤਾਂ ਦੇ ਅਪਮਾਨ ਦੇ ਵਿਸ਼ੇ ਵਿੱਚ ਵੀ ਸਾਰੀਆਂ ਉੱਚ ਅਦਾਲਤਾਂ ਨੂੰ ਸ਼ੁਰੂਆਤੀ ਖੇਤਰ ਅਧਿਕਾਰ ਪ੍ਰਾਪਤ ਹਨ।

*(iii)* ਉੱਚ ਅਦਾਲਤ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦਾ ਵੀ ਰੱਖਿਅਕ ਹੈ, ਜੇਕਰ ਕਿਸੇ ਨਾਗਰਿਕ ਦੇ ਮੌਲਿਕ ਅਧਿਕਾਰਾਂ 'ਤੇ ਹਮਲਾ ਹੁੰਦਾ ਹੈ ਤਾਂ ਉਹ ਨਾਗਰਿਕ ਸਿੱਧਾ ਸਰਵਉੱਚ ਅਦਾਲਤ ਵਿੱਚ ਪ੍ਰਾਰਥਨਾ ਪੱਤਰ ਦੇ ਸਕਦਾ ਹੈ ਜਾਂ ਉੱਚ ਪ੍ਰਮਾਦੇਸ਼ (Write of Mandamus), ਪ੍ਰਤੀਵੇਸ਼ (Write of Prohivition), ਪ੍ਰੀਖਣ (Write of Certiorari), ਪੁੱਛਾ ਲੇਖ (Write of Quo Warranto) ਨਾਲ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਇਨ੍ਹਾਂ ਲੇਖਾਂ (Writes) ਨੂੰ ਜਾਰੀ ਕਰਨ ਦਾ ਅਧਿਕਾਰ ਹੋਰ ਸਾਰੇ ਕੰਮਾਂ ਲਈ ਵੀ ਹੈ।

42ਵੀਂ ਸੋਧ ਨਾਲ ਉੱਚ ਅਦਾਲਤ ਨੂੰ ਕੁਝ ਸ਼ਕਤੀਆਂ ਤੋਂ ਵਾਂਝਾ ਕੀਤਾ ਗਿਆ ਸੀ ਪਰ ਹੁਣ 44ਵੀਂ ਸੋਧ ਅਧੀਨ 42ਵੀਂ ਸੋਧ ਤੋਂ ਬਾਅਦ ਦੀ ਸਥਿਤੀ ਨੂੰ ਪੁਨਰ ਸਥਾਪਿਤ ਕਰਨ ਦੀ ਵਿਵਸਥਾ ਕੀਤੀ ਗਈ ਹੈ।

2. **ਅਪੀਲੀ ਖੇਤਰ ਅਧਿਕਾਰ** (Appellate Jurisdiction)– ਸਾਰੀਆਂ ਉੱਚ ਅਦਾਲਤਾਂ ਨੂੰ ਆਪਣੇ ਅਧੀਨ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਅਪੀਲ ਸੁਣਨ ਦਾ ਅਧਿਕਾਰ ਪ੍ਰਾਪਤ ਹੈ, ਜਿਨ੍ਹਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

(i) ਦੀਵਾਨੀ (Civil) ਅਤੇ (ii) ਫੌਜਦਾਰੀ (Criminal)।

***(i)* ਦੀਵਾਨੀ** (Civil)– ਦੀਵਾਨੀ ਮਾਮਲਿਆਂ ਵਿੱਚ ਉੱਚ ਅਦਾਲਤਾਂ 'ਚ ਕੋਈ ਵੀ ਅਪੀਲ ਜਾਂ ਪਹਿਲੀ ਅਪੀਲ ਹੋਵੇਗੀ ਜਾਂ ਦੂਸਰੀ ਅਪੀਲ। ਪਹਿਲੀ ਅਪੀਲ ਦਾ ਅਰਥ ਇਹ ਹੈ ਕਿ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਸਿੱਧੇ ਉੱਚ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ, ਜੇਕਰ ਉਸ ਮੁਕੱਦਮੇ ਵਿੱਚ ਕਾਨੂੰਨ ਦਾ ਕੋਈ ਗਹਿਰਾ ਪ੍ਰਸ਼ਨ ਉਲਝਾ ਹੋਇਆ ਹੋਵੇ। ਦੂਸਰਾ ਜਦ ਇਕ ਅਪੀਲ ਜ਼ਿਲ੍ਹੇ ਦੀ ਅਦਾਲਤ ਸੁਣ ਚੁਕਿਆ ਹੈ ਤਾਂ ਉਸ ਦੇ ਫੈਸਲੇ ਵਿਰੁੱਧ ਵੀ ਅਪੀਲ ਉੱਚ ਅਦਾਲਤ ਵਿੱਚ ਹੋ ਸਕਦੀ ਹੈ ਪਰ ਉਸ ਵਿੱਚ ਕੋਈ ਕਾਨੂੰਨੀ ਪ੍ਰਸ਼ਨ ਉਲਝਿਆ ਹੋਣਾ ਚਾਹੀਦਾ ਹੈ। ਉੱਚ ਅਦਾਲਤ ਵਿੱਚ ਪਹਿਲੀ ਅਤੇ ਦੂਸਰੀ ਅਪੀਲ ਖੇਤਰ ਅਧਿਕਾਰ ਅਧੀਨ ਜੇਕਰ ਉੱਚ ਅਦਾਲਤ ਦੇ ਇਕ ਜੱਜ ਨੇ ਅਪੀਲ ਸੁਣੀ ਹੈ ਤਾਂ ਉਸ ਦੇ ਫੈਸਲੇ ਵਿਰੁੱਧ ਉੱਚ ਅਦਾਲਤ ਵਿੱਚ ਫਿਰ ਅਪੀਲ ਹੋ ਸਕਦੀ ਹੈ। ਅਜਿਹੀ ਸਥਿਤੀ ਵਿੱਚ ਕਈ ਜੱਜ ਅਪੀਲ ਸੁਣਦੇ ਹਨ।

ਇੱਥੇ ਇਹ ਵਰਨਣਯੋਗ ਹੈ ਕਿ 9 ਜਨਵਰੀ 1980 ਨੂੰ ਪੰਜਾਬ ਅਦਾਲਤ (ਸੋਧ) ਆਦੇਸ਼ (Punjab Courts [(Amendment Ordinance, 1979)] ਲਾਗੂ ਹੋਇਆ ਸੀ। ਇਸ ਆਦੇਸ਼ ਅਨੁਸਾਰ ਜਿਸ ਅਭਿਯੋਗ ਦਾ ਸਬੰਧ 20,000 ਰੁਪਏ ਤੋਂ 50 ਲੱਖ ਤੱਕ ਦੀ ਰਕਮ ਨਾਲ ਹੈ, ਇਸ ਅਭਿਯੋਗ ਸਬੰਧੀ ਪਹਿਲੀ ਅਪੀਲ ਜ਼ਿਲ੍ਹਾ ਜੱਜ ਕੋਲ ਅਤੇ ਜ਼ਿਲ੍ਹਾ ਜੱਜ ਦੇ ਫੈਸਲੇ ਵਿਰੁੱਧ ਹੋਰ ਅਪੀਲ ਰਾਜ ਦੀ ਉੱਚ ਅਦਾਲਤ (High Court) ਪਾਸ ਹੋਵੇਗੀ।

***(ii)* ਫੌਜਦਾਰੀ** (Criminal)– ਫੌਜਦਾਰੀ ਮੁਕੱਦਮਿਆਂ ਵਿੱਚ ਹੇਠ ਲਿਖੇ ਮਾਮਲਿਆਂ ਵਿੱਚ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਅਪੀਲ ਉੱਚ ਅਦਾਲਤਾਂ ਵਿੱਚ ਹੋ ਸਕਦੀ ਹੈ–

(ਅ) ਜੇਕਰ ਸੈਸ਼ਨ ਜੱਜ ਨੇ ਕਿਸੇ ਅਪਰਾਧੀ ਨੂੰ ਮੌਤ ਦੀ ਸਜ਼ਾ ਦਿੱਤੀ ਹੋਵੇ ਤਾਂ ਉਸ ਦੀ ਪੁਸ਼ਟੀ ਉਸ ਅਦਾਲਤ ਤੋਂ ਹੋਣੀ ਚਾਹੀਦੀ ਹੈ, ਉਹ ਅਪਰਾਧੀ ਖੁਦ ਵੀ ਉੱਚ ਅਦਾਲਤ ਵਿੱਚ ਅਪੀਲ ਕਰ ਸਕਦਾ ਹੈ।

(ਬ) ਜੇਕਰ ਹੇਠਲੀ ਅਦਾਲਤ ਨੇ ਕਿਸੇ ਅਪਰਾਧੀ ਨੂੰ 4 ਸਾਲ ਜਾਂ ਉਸ ਤੋਂ ਜ਼ਿਆਦਾ ਦੀ ਸਜ਼ਾ ਦਿੱਤੀ ਹੋਵੇ।

(ਸ) ਕਿਸੇ ਪ੍ਰੈਜ਼ੀਡੈਂਸੀ ਮੈਜਿਸਟ੍ਰੇਟ ਦੇ ਫੈਸਲੇ ਵਿਰੁੱਧ ਅਪੀਲ ਉੱਚ ਅਦਾਲਤ ਵਿੱਚ ਹੋਵੇਗੀ।

(ਦ) ਉੱਚ ਅਦਾਲਤ ਦੇ ਫੈਸਲਿਆਂ ਵਿਰੁੱਧ ਸਰਵਉੱਚ ਅਦਾਲਤ (Supreme Court) ਵਿੱਚ ਅਪੀਲ ਕੀਤੀ ਜਾ ਸਕਦੀ ਹੈ। ਅਜਿਹੀ ਅਪੀਲ ਹਰੇਕ ਮੁਕੱਦਮੇ ਵਿੱਚ ਨਹੀਂ ਹੋ ਸਕਦੀ। ਕਾਨੂੰਨ ਅਨੁਸਾਰ ਜਿਨ੍ਹਾਂ ਅਭਿਯੋਗਾਂ ਵਿੱਚ ਅਪੀਲ ਕੀਤੀ ਜਾ ਸਕਦੀ ਹੈ, ਉਨ੍ਹਾਂ ਲਈ ਇਹ ਜ਼ਰੂਰੀ ਹੈ ਕਿ ਸਬੰਧਿਤ ਉੱਚ ਅਦਾਲਤ (High Court) ਅਪੀਲ ਕਰਨ ਦੀ ਆਗਿਆ ਦੇਵੇ। ਉੱਚ ਅਦਾਲਤਾਂ ਦੀ ਆਗਿਆ ਤੋਂ ਬਿਨਾਂ ਉਸ ਦੇ ਫੈਸਲਿਆਂ ਵਿਰੁੱਧ ਅਦਾਲਤ ਆਪਣੀ ਇੱਛਾ ਅਨੁਸਾਰ ਵੀ ਕਿਸੇ ਮੁਕੱਦਮੇ ਸਬੰਧੀ ਅਨੁਛੇਦ 136 ਅਧੀਨ ਵਿਸ਼ੇਸ਼ ਅਪੀਲ ਕਰਨ ਦੀ ਆਗਿਆ ਦੇ ਸਕਦਾ ਹੈ।

3. **ਪ੍ਰਸ਼ਾਸਕੀ ਸ਼ਕਤੀਆਂ** (Administrative Powers)– ਰਾਜ ਦੀ ਨਿਆ ਵਿਵਸਥਾ ਵਿੱਚ ਉੱਚ ਅਦਾਲਤ ਦੀ ਜਗ੍ਹਾ ਸਭ ਤੋਂ ਉੱਚੀ ਹੁੰਦੀ ਹੈ। ਉਹ ਸਾਰੀਆਂ ਅਧੀਨ ਅਦਾਲਤਾਂ ਦੇ ਕੰਮ ਦੀ ਦੇਖਭਾਲ ਕਰਦਾ ਹੈ ਅਤੇ ਉਨ੍ਹਾਂ ਦੇ ਕੰਮ ਚਲਾਉਣ ਦੇ ਨਿਯਮ ਅਤੇ ਵੀਨਿਯਮ ਬਣਾਉਂਦਾ ਹੈ। ਉਸ ਦੀਆਂ ਪ੍ਰਸ਼ਾਸਕੀ ਸ਼ਕਤੀਆਂ ਹੇਠ ਲਿਖੀਆਂ ਹਨ–

ਨੋਟ

*(i)* ਉਹ ਅਦਾਲਤ ਆਪਣੇ ਰਾਜ ਦੀ ਹੱਦ ਵਿੱਚ ਸਥਿਰ ਸਾਰੀਆਂ ਅਦਾਲਤਾਂ ਜਾਂ ਨਿਆਧੀਕਰਨਾਂ (Tribunals) ਦਾ ਨਿਰੀਖਣ ਕਰ ਸਕਦਾ ਹੈ ਪਰ ਸੈਨਿਕ ਅਦਾਲਤ ਇਸ ਦੇ ਇਕ ਪ੍ਰਸ਼ਾਸਨਿਕ ਖੇਤਰ ਤੋਂ ਬਾਹਰ ਹੈ।

*(ii)* ਇਸ ਨੂੰ ਅਧੀਨ ਅਦਾਲਤਾਂ ਲਈ ਕਾਰਵਾਈ ਦੇ ਨਿਯਮ (Rules of Procedure) ਬਣਾਉਣ ਦਾ ਵੀ ਅਧਿਕਾਰ ਹੈ।

*(iii)* ਇਹ ਹੇਠਲੀਆਂ ਅਦਾਲਤਾਂ ਲਈ ਆਪਣੀ ਕਾਰਵਾਈ ਦਾ ਰਿਕਾਰਡ ਰੱਖਣ, ਹਿਸਾਬ-ਕਿਤਾਬ ਅਤੇ ਕਾਗਜ਼-ਪੱਤਰਾਂ ਨੂੰ ਸੁਰੱਖਿਅਤ ਰੱਖਣ ਦੀ ਵਿਧੀ ਸਬੰਧੀ ਨਿਯਮ ਬਣਾ ਸਕਦਾ ਹੈ।

*(iv)* ਇਸ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਕਿਸੇ ਵੀ ਅਦਾਲਤ ਤੋਂ ਕੋਈ ਕਾਗਜ਼-ਪੱਤਰ ਜਾਂ ਰਿਕਾਰਡ ਆਦਿ ਮੰਗਵਾ ਕੇ ਉਸ ਦਾ ਖੁਦ ਨਿਰੀਖਣ ਕਰ ਸਕਦਾ ਹੈ।

*(v)* ਇਹ ਕਿਸੇ ਮੁਕੱਦਮੇ ਨੂੰ ਇਕ ਅਦਾਲਤ ਤੋਂ ਦੂਸਰੀ ਅਦਾਲਤ ਵਿੱਚ ਵੀ ਬਦਲ ਸਕਦਾ ਹੈ।

*(vi)* ਉੱਚ ਅਦਾਲਤ ਅਭਿਲੇਖ ਅਦਾਲਤ (Court of Record) ਹੈ। ਇਸ ਦਾ ਭਾਵ ਇਹ ਹੈ ਕਿ ਇਸ ਦੇ ਫੈਸਲੇ ਅਤੇ ਕੰਮ ਦੀ ਪੱਦਤੀ ਨੂੰ ਦੂਸਰੀਆਂ ਅਦਾਲਤਾਂ ਵਿੱਚ ਉਦਾਹਰਣ ਦੇ ਰੂਪ 'ਚ ਪੇਸ਼ ਕੀਤਾ ਜਾ ਸਕਦਾ ਹੈ।

*(vii)* ਇਸ ਨੂੰ ਰਾਜ ਦੇ ਕਿਸੇ ਅਦਾਲਤ ਤੋਂ ਕਿਸੇ ਮੁਕੱਦਮੇ ਨੂੰ ਆਪਣੇ ਕੋਲ ਮੰਗਵਾਉਣ ਅਤੇ ਉਹ ਆਦੇਸ਼ ਦੇਣ ਦਾ ਵੀ ਅਧਿਕਾਰ ਹੈ ਕਿ ਉਹ ਉਸ ਮੁਕੱਦਮੇ ਦਾ ਫੈਸਲਾ ਜਲਦੀ ਕਰੇ।

*(viii)* ਇਸ ਨੂੰ ਇਹ ਦੇਖਣ ਦਾ ਅਧਿਕਾਰ ਹੈ ਕਿ ਇਸ ਅਧੀਨ ਅਦਾਲਤ ਆਪਣੀ ਹੱਦ ਦਾ ਉਲੰਘਣ ਤਾਂ ਨਹੀਂ ਕਰਦੇ ਅਤੇ ਆਪਣੇ ਕਰਤਵਾਂ ਦਾ ਪਾਲਨ ਨਿਸ਼ਚਿਤ ਵਿਧੀ ਅਨੁਸਾਰ ਕਰਦੇ ਹਨ ਕਿ ਨਹੀਂ।

*(ix)* ਇਸ ਨੂੰ ਆਪਣੇ ਅਧੀਨ ਅਦਾਲਤਾਂ ਦੇ ਕਰਮਚਾਰੀਆਂ ਦੀ ਤਨਖਾਹ, ਭੱਤੇ ਅਤੇ ਸੇਵਾ ਦੀਆਂ ਸ਼ਰਤਾਂ ਆਦਿ ਨੂੰ ਨਿਸ਼ਚਿਤ ਕਰਨ ਦਾ ਵੀ ਅਧਿਕਾਰ ਹੈ। ਇਨ੍ਹਾਂ ਅਦਾਲਤਾਂ ਦੇ ਜੱਜਾਂ ਦੀ ਤਰੱਕੀ, ਸੇਵਾਮੁਕਤੀ, ਪੈਨਸ਼ਨ ਆਦਿ ਸਬੰਧੀ ਨਿਯਮ ਬਣਾਉਣ ਦੀ ਸ਼ਕਤੀ ਵੀ ਇਸ ਨੂੰ ਪ੍ਰਾਪਤ ਹੈ।

*(x)* ਸੰਵਿਧਾਨ ਦੇ ਅਨੁਛੇਦ 292 ਅਧੀਨ ਮੁੱਖ ਜੱਜ ਇਸ ਅਦਾਲਤ ਦੇ ਆਪਣੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਨਿਯੁਕਤੀ ਕਰਦਾ ਹੈ ਅਤੇ ਉਨ੍ਹਾਂ ਦੀ ਸੇਵਾ ਦੀਆਂ ਸ਼ਰਤਾਂ ਆਦਿ ਨਿਸ਼ਚਿਤ ਕਰਦਾ ਹੈ। ਅਜਿਹਾ ਕਰਦੇ ਸਮੇਂ ਉਹ ਰਾਜ ਲੋਕ ਸਭਾ ਆਯੋਗ ਨਾਲ ਸਲਾਹ ਕਰਦਾ ਹੈ। ਇਹ ਨਿਯਮ ਰਾਜਪਾਲ ਦੀ ਮਨਜ਼ੂਰੀ ਮਿਲਣ 'ਤੇ ਹੀ ਲਾਗੂ ਹੁੰਦੇ ਹਨ। ਜੇਕਰ ਉੱਚ ਅਦਾਲਤ ਕੇਂਦਰੀ ਖੇਤਰ ਵਿੱਚ ਸਥਿਤ ਹੈ ਤਾਂ ਇਨ੍ਹਾਂ ਗੱਲਾਂ ਲਈ ਮਨਜ਼ੂਰੀ ਰਾਸ਼ਟਰਪਤੀ ਕੋਲੋਂ ਲੈਣੀ ਹੁੰਦੀ ਹੈ।

4. **ਮੁਕੱਦਮਿਆਂ ਨੂੰ ਬਦਲਣ ਦਾ ਅਧਿਕਾਰ** (Right to Transfer Cases)-ਜੇਕਰ ਉੱਚ ਅਦਾਲਤ ਨੂੰ ਇਹ ਪਤਾ ਲੱਗੇ ਕਿ ਕਿਸੇ ਅਧੀਨ ਅਦਾਲਤ ਵਿੱਚ ਅਜਿਹਾ ਮੁਕੱਦਮਾ ਚੱਲ ਰਿਹਾ ਹੈ ਜਿਸ ਦਾ ਸਬੰਧ ਕਾਨੂੰਨ ਦੀ ਵਿਆਖਿਆ (Interpretation of Law) ਨਾਲ ਹੈ ਤਾਂ ਉਹ ਅਜਿਹੇ ਮੁਕੱਦਮੇ ਨੂੰ ਆਪਣੇ ਕੋਲ ਮੰਗਵਾ ਸਕਦਾ ਹੈ। ਉਹ ਜਾਂ ਤਾਂ ਉਸੇ ਮੁਕੱਦਮੇ ਦਾ ਖੁਦ ਫੈਸਲਾ ਕਰਦਾ ਹੈ ਜਾਂ ਉਸ ਨਾਲ ਸਬੰਧਿਤ ਕਾਨੂੰਨੀ ਪ੍ਰਸ਼ਨ ਦੀ ਵਿਆਖਿਆ ਕਰਕੇ ਉਹ ਅਧੀਨ ਅਦਾਲਤ ਕੋਲ ਫੈਸਲੇ ਕਰਨ ਦੇ ਲਈ ਵਾਪਿਸ ਭੇਜ ਦਿੰਦਾ ਹੈ। ਉੱਚ ਅਦਾਲਤ ਕਿਸੇ ਇਕ ਅਧੀਨ ਅਦਾਲਤ ਵਿੱਚ ਚੱਲ ਰਹੇ ਮੁਕੱਦਮੇ ਨੂੰ ਦੂਸਰੀ ਅਧੀਨ ਅਦਾਲਤ ਵਿੱਚ ਬਦਲਣ ਦਾ ਅਧਿਕਾਰ ਵੀ ਰੱਖਦੀ ਹੈ।

5. **ਅਭਿਲੇਖ ਅਦਾਲਤ** (Court of Record)-ਉੱਚ ਅਦਾਲਤ ਇਕ ਅਭਿਲੇਖ ਅਦਾਲਤ ਹੈ। ਇਸ ਦੇ ਸਾਰੇ ਫੈਸਲੇ ਅਤੇ ਅਖੀਰਲੇ ਹੁਕਮ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਹ ਭਵਿੱਖ ਲਈ ਨਿਆ-ਦ੍ਰਿਸ਼ਟਾਂਤ ਬਣ ਜਾਂਦੇ ਹਨ। ਵਕੀਲ ਲੋਕ ਹੇਠਲੀ ਅਦਾਲਤ ਵਿੱਚ ਬਹਿਸ ਦੇ ਸਮੇਂ ਇਨ੍ਹਾਂ ਦਾ ਹਵਾਲਾ ਦਿੰਦੇ ਹਨ। ਉੱਚ ਅਦਾਲਤ ਨੂੰ ਆਪਣਾ ਅਪਮਾਨ ਕਰਨ ਵਾਲੇ ਵਿਅਕਤੀਆਂ ਨੂੰ ਸਜ਼ਾ ਦੇਣ ਦਾ ਅਧਿਕਾਰ ਹੈ।

6. **ਮੌਲਿਕ ਅਧਿਕਾਰਾਂ ਦਾ ਰੱਖਿਅਕ** (Guardian of Fundamental Rights)-ਉੱਚ ਅਦਾਲਤ ਨਾਗਰਿਕਾਂ ਦੇ ਮੌਲਿਕ ਅਧਿਕਾਰ ਦੀ ਰੱਖਿਆ ਕਰਦੀ ਹੈ। ਜੇਕਰ ਕੋਈ ਵਿਅਕਤੀ ਜਾਂ ਸੰਸਥਾ ਸੰਵਿਧਾਨ ਵਿੱਚ ਦਿੱਤੇ ਗਏ ਮੌਲਿਕ ਅਧਿਕਾਰਾਂ ਦਾ ਉਲੰਘਣ ਕਰੇ ਤਾਂ ਉਨ੍ਹਾਂ ਵਿਰੁੱਧ ਉੱਚ ਅਦਾਲਤ ਵਿੱਚ ਕਾਰਵਾਈ ਕੀਤੀ ਜਾ ਸਕਦੀ ਹੈ। ਉੱਚ ਅਦਾਲਤ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨ ਲਈ ਕਈ ਤਰ੍ਹਾਂ ਦੇ ਲੇਖ ਜਾਰੀ ਕਰ ਸਕਦਾ ਹੈ। ਮੌਲਿਕ ਅਧਿਕਾਰਾਂ ਨਾਲ ਸਬੰਧਿਤ ਮੁਕੱਦਮੇ ਸਿੱਧੇ ਸਰਵਉੱਚ ਅਦਾਲਤ ਵਿੱਚ ਵੀ ਲਿਜਾਏ ਜਾ ਸਕਦੇ ਹਨ।

7. **ਸੰਵਿਧਾਨ ਦੀ ਵਿਆਖਿਆ ਕਰਨ ਦਾ ਅਧਿਕਾਰ** (Right to Interpret the Constitution)- ਉੱਚ ਅਦਾਲਤ ਕੁਝ ਮਾਮਲਿਆਂ ਵਿੱਚ ਸੰਵਿਧਾਨ ਦੀ ਵਿਆਖਿਆ ਕਰਨ ਦਾ ਅਧਿਕਾਰ ਵੀ ਰੱਖਦਾ ਹੈ। ਇਹ ਸੰਵਿਧਾਨ ਮੁਕੱਦਮਿਆਂ ਨੂੰ ਸੁਣਦਾ ਹੈ

ਅਤੇ ਉਨ੍ਹਾਂ 'ਤੇ ਫੈਸਲਾ ਦਿੰਦਾ ਹੈ ਪਰ ਇਸ ਦੇ ਫੈਸਲੇ ਅਖੀਰਲੇ ਨਹੀਂ ਹੁੰਦੇ। ਉਨ੍ਹਾਂ ਵਿਰੁੱਧ ਸਰਵਉੱਚ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ।

ਜੇਕਰ ਰਾਜ ਵਿਧਾਨ ਮੰਡਲ ਅਜਿਹਾ ਕਾਨੂੰਨ ਪਾਸ ਕਰੇ ਜਾਂ ਰਾਜ ਕਾਰਜਪਾਲਿਕਾ ਅਜਿਹਾ ਹੁਕਮ ਜਾਰੀ ਕਰੇ ਜੋ ਸੰਵਿਧਾਨ ਦਾ ਉਲੰਘਣ ਕਰਦਾ ਹੈ ਤਾਂ ਚੁਣੌਤੀ ਦਿੱਤੇ ਜਾਣ 'ਤੇ ਉਹ ਅਦਾਲਤ ਉਨ੍ਹਾਂ ਨੂੰ ਨਜਾਇਜ਼ ਕਰਾਰ ਦੇ ਸਕਦੀ ਹੈ।

42ਵੀਂ ਸੰਵਿਧਾਨਿਕ ਸੋਧ ਵੱਲੋਂ ਇਸ ਗੱਲ ਦੀ ਵਿਵਸਥਾ ਕੀਤੀ ਗਈ ਹੈ ਕਿ ਉੱਚ ਅਦਾਲਤ ਅਜਿਹੇ ਮੁਕੱਦਮਿਆਂ 'ਤੇ ਵਿਚਾਰ ਨਹੀਂ ਕਰੇਗਾ ਜਿਸ ਵਿੱਚ ਕਿਸੇ ਕੇਂਦਰੀ ਕਾਨੂੰਨ ਦੀ ਸੰਵਿਧਾਨਿਕ ਸਮੇਂ ਦਾ ਪ੍ਰਸ਼ਨ ਸ਼ਾਮਿਲ ਹੋਵੇ। ਅਜਿਹੇ ਮੁਕੱਦਮੇ ਕੇਵਲ ਸਰਵਉੱਚ ਅਦਾਲਤ ਵੱਲੋਂ ਹੀ ਸੁਣੇ ਅਤੇ ਨਿਪਟਾਏ ਜਾਣਗੇ।

8. **ਮੁਕੱਦਮਿਆਂ ਨੂੰ ਪ੍ਰਮਾਣਿਤ ਕਰਨ ਦਾ ਅਧਿਕਾਰ** (Right to Certify Cases)–ਉੱਚ ਅਦਾਲਤ ਵੱਲੋਂ ਦਿੱਤੇ ਗਏ ਫੈਸਲਿਆਂ ਦੇ ਵਿਰੁੱਧ ਸਰਵਉੱਚ ਅਦਾਲਤ ਵਿੱਚ ਤਾਂ ਹੀ ਅਪੀਲ ਕੀਤੀ ਜਾ ਸਕਦੀ ਹੈ ਜਦੋਂ ਉੱਚ ਅਦਾਲਤ ਇਹ ਪ੍ਰਮਾਣਿਤ ਕਰੇ ਕਿ ਅਪੀਲ ਕਰਨ ਲਈ ਸੰਵਿਧਾਨ ਵਿੱਚ ਨਿਸ਼ਚਿਤ ਕੀਤੀਆਂ ਗਈਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ, ਪਰ ਸਰਵਉੱਚ ਅਦਾਲਤ ਨੂੰ ਇਹ ਅਧਿਕਾਰ ਹੈ ਕਿ ਉਹ ਉੱਚ ਅਦਾਲਤ ਦੇ ਪ੍ਰਮਾਣਿਤ ਨਾ ਕਰਨ 'ਤੇ ਵੀ ਅਪੀਲ ਕਰਨ ਦੀ ਵਿਸ਼ੇਸ਼ ਮਨਜ਼ੂਰੀ ਪ੍ਰਦਾਨ ਕਰ ਸਕਦਾ ਹੈ।

**ਖੇਤਰ ਅਧਿਕਾਰ** (Extension of Jurisdiction) –ਸੰਵਿਧਾਨ ਦੀ ਧਾਰਾ 230 ਦੇ ਅਨੁਸਾਰ ਸੰਸਦ ਕਾਨੂੰਨ ਵੱਲੋਂ ਕਿਸੇ ਰਾਜ ਦੇ ਉਹ ਅਦਾਲਤ ਦੇ ਖੇਤਰ ਅਧਿਕਾਰ ਵਿੱਚ ਨਿਆਇਕ ਕੰਮਾਂ ਲਈ ਕਿਸੇ ਕੇਂਦਰ ਸ਼ਾਸਿਤ ਖੇਤਰ (Union Territory) ਨੂੰ ਸ਼ਾਮਿਲ ਕਰ ਸਕਦਾ ਹੈ ਜਾਂ ਉਸ ਦੇ ਖੇਤਰ ਅਧਿਕਾਰ ਤੋਂ ਬਾਹਰ ਨਿਕਲ ਸਕਦਾ ਹੈ।

### ਉੱਚ ਅਦਾਲਤ ਦੇ ਜੱਜ ਦੀ ਸੁਤੰਤਰਤਾ
### (Provisions for the Independence of High Court Judges)

ਉੱਚ ਅਦਾਲਤ ਦੇ ਜੱਜਾਂ ਦੀ ਸੁਤੰਤਰਤਾ ਲਈ ਸੰਵਿਧਾਨ ਵੱਲੋਂ ਉਵੇਂ ਹੀ ਉਪਬੰਧਾਂ ਦੀ ਵਿਵਸਥਾ ਕੀਤੀ ਗਈ ਹੈ ਜਿਵੇਂ ਉਪਬੰਧਾਂ ਦੀ ਵਿਵਸਥਾ ਸਰਵਉੱਚ ਅਦਾਲਤ ਦੇ ਜੱਜਾਂ ਲਈ ਹੈ। ਸੰਖੇਪ ਵਿੱਚ ਇਹ ਉਪਬੰਧ ਹੇਠ ਲਿਖੇ ਹਨ:

1. ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ ਅਤੇ ਇਹ ਨਿਯੁਕਤੀ ਨਿਆਇਕ ਯੋਗਤਾ ਵਾਲੇ ਵਿਅਕਤੀਆਂ ਦੀ ਸਲਾਹ ਦੇ ਆਧਾਰ 'ਤੇ ਕੀਤੀ ਜਾਂਦੀ ਹੈ।
2. ਉੱਚ ਅਦਾਲਤ ਦੇ ਜੱਜ ਸਰਵਉੱਚ ਜੱਜ ਸਰਵਉੱਚ ਅਦਾਲਤ ਅਤੇ ਉਨ੍ਹਾਂ ਉੱਚ ਅਦਾਲਤਾਂ ਜਿਨ੍ਹਾਂ ਦਾ ਉਹ ਜੱਜ ਨਹੀਂ ਰਹਿ ਚੁੱਕਿਆ, ਨੂੰ ਛੱਡ ਕੇ ਹੋਰ ਕਿਸੇ ਅਦਾਲਤ ਜਾਂ ਪਦ ਅਧਿਕਾਰੀ ਦੇ ਸਾਹਮਣੇ ਵਕਾਲਤ ਨਹੀਂ ਕਰ ਸਕਦਾ।
3. ਉੱਚ ਅਦਾਲਤ ਦੇ ਜੱਜਾਂ ਦੀ ਤਨਖਾਹ ਸੰਵਿਧਾਨ ਵੱਲੋਂ ਨਿਸ਼ਚਿਤ ਕਰ ਦਿੱਤਾ ਗਈ ਹੈ ਅਤੇ ਅਹੁਦਾ ਪ੍ਰਾਪਤ ਕਰਨ ਤੋਂ ਬਾਅਦ ਉਨ੍ਹਾਂ ਦੀ ਤਨਖਾਹ, ਭੱਤੇ ਆਦਿ ਵਿੱਚ ਕੋਈ ਕਮੀ ਨਹੀਂ ਕੀਤੀ ਜਾ ਸਕਦੀ। ਤਨਖਾਹ, ਭੱਤੇ, ਪੈਨਸ਼ਨ ਅਤੇ ਛੁੱਟੀ ਦੇ ਸਬੰਧ ਵਿੱਚ ਨਿਯਮ ਨਿਰਮਾਣ ਦਾ ਅਧਿਕਾਰ ਸੰਸਦ ਨੂੰ ਪ੍ਰਾਪਤ ਹੈ ਨਾ ਕਿ ਰਾਜ ਦੇ ਵਿਧਾਨ ਮੰਡਲ ਨੂੰ।
4. ਉੱਚ ਅਦਾਲਤ ਦੇ ਜੱਜਾਂ ਦਾ ਕਾਰਜਕਾਲ ਸੁਰੱਖਿਅਤ ਹੈ। ਜੱਜ ਛੁੱਟੀਆਂ ਪ੍ਰਾਪਤ ਕਰਨ ਦੀ ਉਮਰ ਤੱਕ ਕੰਮ ਕਰਦੇ ਹਨ ਅਤੇ ਇਸ ਸਮੇਂ ਤੋਂ ਬਾਅਦ ਜੱਜਾਂ ਨੂੰ ਮਹਾਭਿਯੋਗ ਦੀ ਵਿਸ਼ੇਸ਼ ਪ੍ਰਕਿਰਿਆ ਦੇ ਆਧਾਰ 'ਤੇ ਹੀ ਹਟਾਇਆ ਜਾ ਸਕਦਾ ਹੈ।
5. ਉੱਚ ਅਦਾਲਤ ਦੇ ਅਧਿਕਾਰੀਆਂ ਦੀ ਨਿਯੁਕਤੀ ਇਸ ਅਦਾਲਤ ਦਾ ਮੁੱਖ ਜੱਜ ਕਰਦਾ ਹੈ ਅਤੇ ਉਨ੍ਹਾਂ ਦੀ ਸੇਵਾ ਸ਼ਰਤ ਵੀ ਉਹੀ ਨਿਰਧਾਰਿਤ ਕਰਦਾ ਹੈ।
6. ਜੱਜਾਂ ਦੀ ਤਨਖਾਹ ਅਤੇ ਉੱਚ ਅਦਾਲਤ ਦਾ ਪ੍ਰਸ਼ਾਸਨਿਕ ਖਰਚ ਸੰਘ ਜਾਂ ਰਾਜ ਸਰਕਾਰ ਦੀ ਸੰਚਿਤ ਨਿਧੀ 'ਤੇ ਅਧਾਰਿਤ ਹੈ, ਇਸ ਲਈ ਉਨ੍ਹਾਂ 'ਤੇ ਸੰਸਦ ਜਾਂ ਰਾਜ ਵਿਧਾਨ ਮੰਡਲ ਵਿੱਚ ਮਤਦਾਨ ਨਹੀਂ ਹੋ ਸਕਦਾ।

ਇਸ ਤਰ੍ਹਾਂ ਭਾਰਤੀ ਸੰਵਿਧਾਨ ਵੱਲੋਂ ਉੱਚ ਅਦਾਲਤਾਂ ਦੀ ਪੂਰਤੀ ਸੁਤੰਤਰਤਾ ਦੀ ਵਿਵਸਥਾ ਕੀਤੀ ਗਈ ਹੈ ਅਤੇ ਭਾਰਤੀ ਸੰਘ ਦੇ ਵੱਖ-ਵੱਖ ਉੱਚ ਅਦਾਲਤਾਂ ਦੇ ਹੁਣ ਤੱਕ ਦੇ ਕੰਮ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਉੱਚ ਅਦਾਲਤ ਆਪਣੇ ਕਰਤਵ ਪਾਲਣ ਵਿੱਚ ਪੂਰੀ ਤਰ੍ਹਾਂ ਸੁਤੰਤਰ ਅਤੇ ਨਿਰਪੱਖ ਰਹੇ ਹਨ।

**ਸਥਿਤੀ** (Position)– ਉਪਯੁਕਤ ਕੰਮਾਂ ਅਤੇ ਸ਼ਕਤੀਆਂ ਤੋਂ ਪਤਾ ਲੱਗਦਾ ਹੈ ਕਿ ਉਹ ਆਪਣੇ ਰਾਜ ਵਿੱਚ ਸਭ ਤੋਂ ਵੱਡੀ ਅਦਾਲਤ ਹੁੰਦੀ ਹੈ। ਰਾਜ ਦੀਆਂ ਹੋਰ ਸਾਰੀਆਂ ਅਦਾਲਤਾਂ ਇਸ ਦੇ ਅਧੀਨ ਹੁੰਦੀਆਂ ਹਨ। ਖੁਦ ਇਸ 'ਤੇ ਰਾਜ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੁੰਦਾ। ਉਹ ਇਸ ਦੀ ਰਚਨਾ ਅਤੇ ਸ਼ਕਤੀਆਂ ਆਦਿ ਦੇ ਵਿਸ਼ੇ ਵਿੱਚ ਕੋਈ ਕਾਨੂੰਨ ਨਹੀਂ ਬਣਾ ਸਕਦੀ। ਇਸ ਦੇ ਜੱਜਾਂ ਨੂੰ ਆਪਣੇ ਅਹੁਦੇ ਦੀ ਪੂਰੀ-ਪੂਰੀ ਸੁਰੱਖਿਆ ਪ੍ਰਾਪਤ ਹੈ ਅਤੇ ਸਰਕਾਰ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਲਾਲਚ ਨਹੀਂ ਦੇ ਸਕਦੀ।

**ਨੋਟ**

ਇਸ ਕਾਰਨ ਇਹ ਅਦਾਲਤ ਆਪਣੇ ਕਰਤਵਾਂ ਨੂੰ ਨਿਸ਼ਠਾ, ਇਮਾਨਦਾਰੀ, ਸੁਤੰਤਰਤਾ ਨਾਲ ਨਿਭਾਉਣ ਵਿੱਚ ਸਫਲ ਹੋਏ ਹਨ। 42ਵੀਂ ਸੋਧ ਵਿੱਚ ਉੱਚ ਅਦਾਲਤ ਨੂੰ ਆਪਣੇ ਕਰਤਵਾਂ ਨੂੰ ਸੀਮਿਤ ਕੀਤਾ ਗਿਆ ਸੀ, ਪਰ ਸੰਵਿਧਾਨ ਦੀ 43ਵੀਂ ਅਤੇ 44ਵੀਂ ਸੋਧ ਨਾਲ ਇਸ ਦੀ ਸਥਿਤੀ ਬਿਲਕੁਲ 42ਵੀਂ ਸੋਧ ਨਾਲ ਪੂਰਵ ਦੀ ਸਥਿਤੀ ਸਥਾਪਿਤ ਕੀਤੀ ਗਈ ਹੈ।

ਸਰਵਉੱਚ ਅਦਾਲਤ (Supreme Court) ਦੇ ਜੱਜਾਂ ਦੀ ਤਰ੍ਹਾਂ ਰਾਜ ਦੀਆਂ ਉੱਚ ਅਦਾਲਤਾਂ (High Court) ਦੇ ਜੱਜ ਆਪਣੇ ਅਹੁਦੇ ਦੇ ਸਬੰਧ ਵਿੱਚ ਕਾਰਜ ਪਾਲਿਕਾ ਅਤੇ ਵਿਧਾਨ ਪਾਲਿਕਾ ਦੇ ਪ੍ਰਭਾਵ ਤੋਂ ਵਿਆਪਕ ਹੱਦ ਤੱਕ ਸੁਤੰਤਰ ਹੈ। **ਸ਼੍ਰੀ ਐੱਮ. ਸੀ. ਛਾਗਲਾ** (M.C. Chhagla) ਦੇ ਅਨੁਸਾਰ, "ਸਾਡੇ ਸੰਵਿਧਾਨ ਦੀ ਸਰਵਉੱਚ ਅਦਾਲਤ ਅਤੇ ਉੱਚ ਅਦਾਲਤ ਦੇ ਮਾਧਿਅਮ ਨਾਲ ਅਜਿਹੀ ਨਿਆ ਪਾਲਿਕਾ ਸਥਾਪਿਤ ਕੀਤੀ ਹੈ ਜਿਸ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਅਤੇ ਜੋ ਕਿਸੇ ਵੀ ਰੂਪ ਵਿੱਚ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਨਹੀਂ ਹੈ।" ("Our Constitution has set up a judiciary, both in High Courts and the Supreme Court, which is irremovable and which is no way controlled by the legistature and the Executive").

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

5. ਰਾਜ ਦੇ ਜੱਜਾਂ ਨੂੰ ਆਪਣੇ ਅਹੁਦੇ ਨੂੰ ਗ੍ਰਹਿਣ ਕਰਦੇ ਸਮੇਂ ਕਿਸ ਦੇ ਸਾਹਮਣੇ ਸਹੁੰ ਲੈਣੀ ਪੈਂਦੀ ਹੈ?

   (ਅ) ਉੱਚ ਅਦਾਲਤ ਦਾ ਜੱਜ      (ਬ) ਰਾਜਪਾਲ

   (ਸ) ਰਾਸ਼ਟਰਪਤੀ      (ਦ) ਉਪਰੋਕਤ ਵਿੱਚੋਂ ਕੋਈ ਨਹੀਂ।

6. ਸੰਵਿਧਾਨ ਦੀ ਕਿਸ ਧਾਰਾ ਦੇ ਅਨੁਸਾਰ ਸੰਸਦ ਕਾਨੂੰਨ ਵੱਲੋਂ ਕਿਸੇ ਰਾਜ ਦੀ ਉੱਚ ਅਦਾਲਤ ਦੇ ਖੇਤਰ ਅਧਿਕਾਰ ਵਿੱਚ ਨਿਆਇਕ ਕੰਮਾਂ ਲਈ ਕਿਸੇ ਕੇਂਦਰ ਸ਼ਾਸਿਤ ਖੇਤਰ ਨੂੰ ਸ਼ਾਮਿਲ ਕਰ ਸਕਦਾ ਹੈ ਜਾਂ ਖੇਤਰ ਅਧਿਕਾਰ ਦੇ ਬਾਹਰ ਕਰ ਸਕਦਾ ਹੈ?

   (ਅ) ਪਤੀ-ਪਤਨੀ ਦੇ ਵਿੱਚ ਤਲਾਕ ਦਾ ਮਾਮਲਾ      (ਬ) ਸੰਪਤੀ ਵਿਵਾਦ

   (ਸ) ਲੁੱਟ-ਖੋਹ ਦਾ ਮਾਮਲਾ      (ਦ) ਉਪਰੋਕਤ ਸਾਰੇ

7. ਸੰਵਿਧਾਨ ਦੀ ਕਿਹੜੀ ਧਾਰਾ ਦੇ ਅਨੁਸਾਰ ਸੰਸਦ ਕਾਨੂੰਨ ਵੱਲੋਂ ਕਿਸੇ ਰਾਜ ਦੀ ਉੱਚ ਅਦਾਲਤ ਦੇ ਅਧਿਕਾਰ ਖੇਤਰ ਵਿੱਚ ਨਿਆਇਕ ਕੰਮਾਂ ਲਈ ਕਿਸੇ ਕੇਂਦਰ ਸ਼ਾਸਿਤ ਖੇਤਰ ਨੂੰ ਸ਼ਾਮਿਲ ਕਰ ਸਕਦਾ ਹੈ ਜਾਂ ਖੇਤਰ ਅਧਿਕਾਰ ਦੇ ਬਾਹਰ ਕਰ ਸਕਦਾ ਹੈ?

   (ਅ) ਧਾਰਾ 230      (ਬ) ਧਾਰਾ 323

   (ਸ) ਧਾਰਾ 320      (ਦ) ਧਾਰਾ 244

*ਟਾਸਕ*      ਸਰਵਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਕਿਸ ਤਰ੍ਹਾਂ ਹੁੰਦੀ ਹੈ, ਸਮਝਾਓ।

## 9.3 ਨਿਆਇਕ ਪੁਨਰ ਨਿਰੀਖਣ (Judicial Review)

ਸੰਭਾਵਿਤ ਵਿਧਾਨਕ ਅਤੇ ਕੰਮਕਾਰੀ ਤਰੁਟੀਆਂ ਅਤੇ ਜ਼ਰੂਰਤ ਤੋਂ ਜ਼ਿਆਦਾ ਸ਼ਕਤੀ ਇਸਤੇਮਾਲ ਕੀਤੇ ਜਾਣ ਦੀ ਸੰਭਾਵਨਾ ਵਿਰੁੱਧ ਜ਼ਰੂਰੀ ਉਪਚਾਰ ਦੇ ਰੂਪ ਵਿੱਚ ਨਿਆਇਕ ਪੁਨਰ ਨਿਰੀਖਣ ਦੀ ਵਿਵਸਥਾ ਦੇ ਮਹੱਤਵ ਨੂੰ ਪੂਰੇ ਰੂਪ ਨਾਲ ਮਾਨਤਾ ਦਿੰਦੇ ਹੋਏ ਸੰਵਿਧਾਨ ਨਿਰਮਾਤਾਵਾਂ ਨੇ ਇਸ ਨੂੰ ਇਸ ਦੀ ਭਾਰਤੀ ਨਿਆਇਕ ਪ੍ਰਣਾਲੀ ਦੀ ਇਕ ਵਿਸ਼ੇਸ਼ਤਾ ਦੇ ਰੂਪ ਵਿੱਚ ਅਪਣਾਇਆ ਪਰ ਉਨ੍ਹਾਂ ਨੇ ਸੰਵਿਧਾਨ ਦੇ ਕਿਸੇ ਇਕ ਅਨੁਛੇਦ ਵਿੱਚ ਇਸ ਵਿਵਸਥਾ ਨੂੰ ਲਿਖਣ ਦੇ ਮੁਕਾਬਲੇ, ਇਸ ਨੂੰ ਅਲੱਗ-ਅਲੱਗ ਸੰਵਿਧਾਨਿਕ ਵਿਵਸਥਾਵਾਂ ਨਾਲ ਨਿਰਧਾਰਿਤ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਅਮਰੀਕੀ ਸੰਵਿਧਾਨ ਦੀ ਉਦਾਹਰਣ ਦੀ ਪੈਰਵੀ ਕਰਨ ਦਾ ਫੈਸਲਾ ਕੀਤਾ ਪਰ ਉਸੇ ਸਮੇਂ ਭਾਰਤੀ ਸਮਾਜ ਦੀਆਂ ਜ਼ਰੂਰਤਾਂ ਅਤੇ ਸਥਿਤੀਆਂ ਦੇ ਅਨੁਸਾਰ ਇਸ ਨੂੰ ਬਦਲਿਆ ਵੀ ਜਾ ਸਕਦਾ ਹੈ। ਭਾਰਤ ਦਾ ਸੰਵਿਧਾਨ ਦੇਸ਼ ਦਾ ਸਰਵਉੱਚ ਕਾਨੂੰਨ ਹੈ ਅਤੇ ਭਾਰਤ ਦੀ ਸਰਵਉੱਚ ਅਦਾਲਤ ਕੋਲ ਸੰਵਿਧਾਨ

ਨੋਟ

ਦੀ ਵਿਆਖਿਆ ਅਤੇ ਸੁਰੱਖਿਆ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਇਹ ਲੋਕਾਂ ਦੇ ਮੌਲਿਕ ਅਧਿਕਾਰਾਂ ਦੇ ਰੱਖਿਅਕ ਦੇ ਰੂਪ ਵਿੱਚ ਵੀ ਕੰਮ ਕਰਦੇ ਹਨ। ਅਜਿਹੇ ਉਦੇਸ਼ਾਂ ਦੀ ਪੂਰਤੀ ਲਈ ਸਰਵਉੱਚ ਅਦਾਲਤ ਵਿਧਾਨਕ ਅਤੇ ਕੰਮਕਾਰੀ ਕੰਮਾਂ ਅਤੇ ਕਾਨੂੰਨਾਂ ਦੀ ਸੰਵਿਧਾਨਕਤਾ ਦੀ ਜਾਂਚ ਕਰਨ ਦੀ ਸ਼ਕਤੀ ਦਾ ਇਸਤੇਮਾਲ ਕਰਦਾ ਹੈ। ਅਦਾਲਤ ਦੀ ਇਸ ਸ਼ਕਤੀ ਨੂੰ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਕਿਹਾ ਜਾਂਦਾ ਹੈ। ਨਿਆਇਕ ਪੁਨਰ ਨਿਰੀਖਣ ਵਿੱਚ ਜਦੋਂ ਕਿਸੇ ਵੀ ਕਾਨੂੰਨ/ ਹੁਕਮ ਨੂੰ ਜਾਂ ਇਸ ਦੇ ਕਿਸੇ ਹਿੱਸੇ ਨੂੰ ਗੈਰ-ਸੰਵਿਧਾਨਿਕ ਪਾਇਆ ਜਾਂਦਾ ਹੈ ਤਾਂ ਅਦਾਲਤ ਵੱਲੋਂ ਉਸ ਨੂੰ ਰੱਦ ਕਰ ਦਿੱਤਾ ਜਾਂਦਾ ਹੈ। ਸਰਵਉੱਚ ਅਦਾਲਤ ਦੀ ਇਸ ਸ਼ਕਤੀ ਨੂੰ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਕਿਹਾ ਜਾਂਦਾ ਹੈ। ਰਾਜ ਦੀ ਉੱਚ ਅਦਾਲਤ ਵੀ ਅਜਿਹੀ ਸ਼ਕਤੀ ਦਾ ਇਸਤੇਮਾਲ ਕਰਦੀ ਹੈ ਪਰ ਉਨ੍ਹਾ ਦੇ ਫੈਸਲੇ ਨੂੰ ਸਰਵਉੱਚ ਅਦਾਲਤ ਵੱਲੋਂ ਰੱਦ ਕੀਤਾ ਜਾਂ ਸੁਧਾਰ ਜਾਂ ਰੋਕਿਆ ਜਾ ਸਕਦਾ ਹੈ। ਇਸ ਤਰ੍ਹਾਂ ਸਰਵਉੱਚ ਅਦਾਲਤ ਕੋਲ ਭਾਰਤ ਦੀਆਂ ਵਿਧਾਨ ਪਾਲਿਕਾਵਾਂ ਅਤੇ ਕਾਰਜ ਪਾਲਿਕਾਵਾਂ ਦੇ ਸਾਰੇ ਕਾਨੂੰਨਾਂ/ਨਿਯਮਾਂ 'ਤੇ ਨਿਆਇਕ ਪੁਨਰ ਨਿਰੀਖਣ ਕਰਨ ਦੀ ਅਖੀਰਲੀ ਸ਼ਕਤੀ ਹੈ।

### ਨਿਆਇਕ ਪੁਨਰ ਨਿਰੀਖਣ : ਅਰਥ ਅਤੇ ਪਰਿਭਾਸ਼ਾ
### (Judicial Review : Meaning and Definition)

ਨਿਆਇਕ ਪੁਨਰ ਨਿਰੀਖਣ ਅਦਾਲਤ ਦੀ ਉਹ ਸ਼ਕਤੀ ਹੁੰਦੀ ਹੈ ਜਿਸ ਦੇ ਅਧਾਰ 'ਤੇ ਸੰਵਿਧਾਨ ਦੀ ਵਿਆਖਿਆ ਕੀਤੀ ਜਾਂਦੀ ਹੈ ਅਤੇ ਵਿਧਾਨ ਪਾਲਿਕਾ, ਕਾਰਜ ਪਾਲਿਕਾ ਜਾਂ ਪ੍ਰਸ਼ਾਸਨ ਦੇ ਉਨ੍ਹਾਂ ਕੰਮਾਂ ਨੂੰ ਰੱਦ ਕੀਤਾ ਜਾਂਦਾ ਹੈ ਜੋ ਸਰਵਉੱਚ ਕਾਨੂੰਨ ਅਤੇ ਸੰਵਿਧਾਨ ਵਿਰੁੱਧ ਪਾਏ ਜਾਂਦੇ ਹਨ। ਡਿਮਾਕ ਅਤੇ ਡਿਮਾਕ ਦੇ ਸ਼ਬਦਾਂ, "ਨਿਆਇਕ ਪੁਨਰ ਨਿਰੀਖਣ ਅਦਾਲਤਾਂ ਵੱਲੋਂ ਮੁਕੱਦਮਿਆਂ ਨਾਲ ਕੀਤਾ ਜਾਣ ਵਾਲਾ ਪ੍ਰੀਖਣ ਹੈ ਜੋ ਅਸਲ ਵਿੱਚ ਵਿਧਾਨਕ ਅਧੀਨਿਯਮਾਂ ਅਤੇ ਕਾਰਜਕਾਰਣੀ ਜਾਂ ਪ੍ਰਸ਼ਾਸਨਿਕ ਕੰਮਾਂ ਨਾਲ ਉਨ੍ਹਾਂ ਦੇ ਸਾਹਮਣੇ ਹੁੰਦੇ ਹਨ ਅਤੇ ਇਹ ਫੈਸਲਾ ਕਰਨ ਲਈ ਹੈ ਕਿ ਉਨ੍ਹਾਂ ਦਾ ਲਿਖਤੀ ਸੰਵਿਧਾਨ ਵੱਲੋਂ ਨਿਸ਼ੇਦ ਕੀਤਾ ਗਿਆ ਹੈ ਜਾਂ ਇਸ ਦੀਆਂ ਸ਼ਕਤੀਆਂ ਤੋਂ ਜ਼ਿਆਦਾ ਹੈ ਕਿ ਨਹੀਂ।" ਲਿਖਤੀ ਸੰਵਿਧਾਨ ਦੀ ਅਦਾਲਤ ਵੱਲੋਂ ਵਿਆਖਿਆ ਕਰਨ ਤੋਂ ਬਾਅਦ ਜੇਕਰ ਇਹ ਪਾਇਆ ਜਾਂਦਾ ਹੈ ਕਿ ਕੋਈ ਕਾਨੂੰਨ ਜਾਂ ਕਾਨੂੰਨ ਦਾ ਕੋਈ ਹਿੱਸਾ ਸੰਵਿਧਾਨ ਦੇ ਕਿਸੇ ਅਨੁਛੇਦ ਦਾ ਉਲੰਘਣ ਕਰਦਾ ਹੈ ਤਾਂ ਉਸ ਕਾਨੂੰਨ ਜਾਂ ਉਹ ਕਾਨੂੰਨ ਦੇ ਕਿਸੇ ਹਿੱਸੇ ਨੂੰ ਅਦਾਲਤ ਗੈਰ-ਸੰਵਿਧਾਨਕ ਘੋਸ਼ਿਤ ਕਰਕੇ ਰੱਦ ਕਰ ਦਿੰਦਾ ਹੈ।

*(i)* ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਦੇ ਕਾਨੂੰਨਾਂ ਦਾ ਪੁਨਰ ਨਿਰੀਖਣ ਕਰਦਾ ਹੈ, ਕੇਵਲ ਉਨ੍ਹਾਂ ਮੁਕੱਦਮਿਆਂ ਵਿੱਚ ਜੋ ਇਸ ਦੇ ਸਾਹਮਣੇ ਆਉਂਦੇ ਹਨ।

*(ii)* ਕਾਨੂੰਨਾਂ ਦੇ ਸੰਵਿਧਾਨਿਕ ਸਮਂ ਦਾ ਨਿਰਧਾਰਣ ਕਰਦਾ ਹੈ।

*(iii)* ਉਸ ਕਾਨੂੰਨ ਜਾਂ ਇਸ ਦੇ ਕਿਸੇ ਹਿੱਸੇ ਨੂੰ ਰੱਦ ਕਰ ਦਿੰਦਾ ਹੈ ਜੋ ਗੈਰ-ਸੰਵਿਧਾਨਿਕ ਜਾਂ ਸੰਵਿਧਾਨ ਵਿਰੁੱਧ ਪਾਇਆ ਜਾਂਦਾ ਹੈ। ਨਿਆਇਕ ਪੁਨਰ ਨਿਰੀਖਣ ਸਵਚਾਲਿਤ ਨਹੀਂ ਹੁੰਦਾ। ਅਦਾਲਤ ਆਪਣੇ-ਆਪ ਨਿਆਇਕ ਪੁਨਰ ਨਿਆਇਕ ਨਹੀਂ ਕਰ ਸਕਦਾ। ਇਸ ਸ਼ਕਤੀ ਦਾ ਇਸਤੇਮਾਲ ਅਦਾਲਤ ਵੱਲੋਂ ਉਦੋਂ ਹੀ ਕੀਤਾ ਜਾ ਸਕਦਾ ਹੈ ਜਦੋਂ ਕਿਸੇ ਮੁਕੱਦਮੇ ਦੌਰਾਨ ਜਾਂ ਕਿਸੇ ਵਿਸ਼ੇਸ਼ ਮੁਕੱਦਮੇ ਨਾਲਂ ਕਿਸੇ ਕਾਨੂੰਨ ਨੂੰ ਉਸ ਦੇ ਸਾਹਮਣੇ ਚੁਣੌਤੀ ਦਿੱਤੀ ਜਾਂਦੀ ਹੈ। ਇਸ ਨਾਲ ਅੱਗੇ ਜੇਕਰ ਅਦਾਲਤ ਕਿਸੇ ਕਾਨੂੰਨ ਜਾਂ ਇਸ ਦੇ ਕਿਸੇ ਹਿੱਸੇ ਨੂੰ ਰੱਦ ਕਰਦਾ ਹੈ ਤਾਂ ਫੈਸਲਾ, ਫੈਸਲਾ ਦੇਣ ਦੀ ਮਿਤੀ ਨਾਲ ਲਾਗੂ ਹੋ ਜਾਂਦਾ ਹੈ ਅਤੇ ਪਿਛਲੀ ਸਾਰੀ ਕਾਰਵਾਈ ਜੋ ਇਸ ਕਾਨੂੰਨ ਦੇ ਅਧਾਰ 'ਤੇ ਕੀਤੀ ਜਾ ਚੁੱਕੀ ਹੋਵੇ ਰੱਦ ਨਹੀਂ ਹੁੰਦੀ। ਜਦੋਂ ਅਦਾਲਤ ਕਿਸੇ ਕਾਨੂੰਨ ਨੂੰ ਗੈਰ-ਸੰਵਿਧਾਨਿਕ ਘੋਸ਼ਿਤ ਕਰਕੇ ਰੱਦ ਕਰਦਾ ਹੈ ਤਾਂ ਇਸ ਨੂੰ ਇਹ ਸਪੱਸ਼ਟ ਕਰਨਾ ਪੈਂਦਾ ਹੈ ਕਿ ਇਸ ਕਾਨੂੰਨ ਨੇ ਕਿਸ ਸੰਵਿਧਾਨਿਕ ਅਨੁਛੇਦ ਦਾ ਉਲੰਘਣ ਕੀਤਾ ਹੈ। ਅਦਾਲਤ ਨੂੰ ਕਾਨੂੰਨ ਰੱਦ ਕਰਨ ਦੇ ਕਾਰਨਾਂ ਨੂੰ ਵੀ ਸਪੱਸ਼ਟ ਕਰਨਾ ਹੁੰਦਾ ਹੈ। ਇਸ ਸ਼ਕਤੀ ਦਾ ਇਸਤੇਮਾਲ ਕਰਕੇ ਵਿਧਾਨਕ ਅਤੇ ਕਾਰਜਕਾਰਣੀ ਦੇ ਜ਼ਰੂਰੀ ਅਤੇ ਜ਼ਰੂਰਤ ਤੋਂ ਜ਼ਿਆਦਾ ਦਖਲਅੰਦਾਜ਼ੀ ਵਿਰੁੱਧ ਲੋਕਾਂ ਦੇ ਮੌਲਿਕ ਅਧਿਕਾਰਾਂ ਅਤੇ ਸੰਵਿਧਾਨ ਦੀ ਸੁਰੱਖਿਆ ਅਤੇ ਵਿਆਖਿਆ ਕਰਨ ਦਾ ਕਰਤਵ ਅਦਾਲਤਾਂ ਨਿਭਾਉਂਦੀਆਂ ਹਨ।

### ਭਾਰਤ ਵਿੱਚ ਨਿਆਇਕ ਪੁਨਰ ਨਿਰੀਖਣ (Judicial Review in India)

ਭਾਰਤ ਵਿੱਚ ਨਿਆਇਕ ਪੁਨਰ ਨਿਰੀਖਣ ਦੀ ਪਦਤੀ ਨੂੰ ਸਮਝਾਉਂਦੇ ਹੋਏ, ਜਸਟਿਸ ਪੀ. ਬੀ. ਮੁਖਰਜੀ ਨੇ ਸਪੱਸ਼ਟ ਕੀਤਾ, "ਭਾਰਤ ਵਿੱਚ ਇਹ ਸੰਵਿਧਾਨ ਹੀ ਹੈ ਜੋ ਸਰਵਉੱਚ ਹੈ ਅਤੇ ਸੰਸਦ ਦੇ ਨਾਲ-ਨਾਲ ਰਾਜ ਵਿਧਾਨ ਸਭਾਵਾਂ ਨੂੰ ਨਾ ਕੇਵਲ ਸੰਵਿਧਾਨ ਦੀ ਸੱਤਵੀਂ ਸੂਚੀ ਵਿੱਚ ਦਰਜ ਤਿੰਨ ਸੂਚੀਆਂ ਵਿੱਚ ਵਰਨਿਤ ਉਨ੍ਹਾ ਸਬੰਧਿਤ ਖੇਤਰਾਂ ਦੀਆਂ ਹੱਦਾਂ ਅੰਦਰ ਹੀ ਕੰਮ ਕਰਨਾ ਹੁੰਦਾ ਹੈ, ਬਲਕਿ ਇਸ ਦੇ ਨਾਲ-ਨਾਲ ਸੰਵਿਧਾਨ ਦੇ ਭਾਗ III ਦੇ ਅਧੀਨ ਦਿੱਤੇ ਗਏ ਮੌਲਿਕ ਅਧਿਕਾਰਾਂ ਨੂੰ ਦਿੱਤੀ ਗਈ ਸੰਵਿਧਾਨਿਕ ਸੁਰੱਖਿਆ ਨੂੰ ਭਰੋਸੇਯੋਗ ਬਣਾਉਣਾ ਹੁੰਦਾ ਹੈ। ਅਦਾਲਤਾਂ ਕਿਸੇ ਵੀ ਅਜਿਹੇ ਕਾਨੂੰਨ ਨੂੰ ਰੱਦ ਕਰ ਦਿੰਦੀਆਂ ਹਨ ਜੋ ਕਿ ਸੰਵਿਧਾਨ ਦਾ ਉਲੰਘਣ ਕਰਨ ਦਾ ਦੋਸ਼ੀ ਪਾਇਆ ਜਾਂਦਾ ਹੈ।"

**ਭਾਰਤ ਵਿੱਚ ਨਿਆਇਕ ਪੁਨਰ ਨਿਰੀਖਣ ਦਾ ਸੰਵਿਧਾਨਿਕ ਆਧਾਰ**
**(Constitutional Basis of Judicial Review in India)**

ਸੰਵਿਧਾਨ ਦਾ ਕੋਈ ਵੀ ਇਕ ਅਨੁਛੇਦ ਅਦਾਲਤ ਦੀ ਨਿਆਇਕ ਪੁਨਰ ਨਿਰੀਖਣ ਦੀ ਵਿਆਖਿਆ ਨਹੀਂ ਕਰਦਾ। ਇਸ ਦੀ ਸੰਵਿਧਾਨਿਕ ਸਥਿਤੀ ਅਤੇ ਵਿਧੀ ਅਨੁਕੂਲਤਾ ਉਨ੍ਹਾਂ ਵਿਵਸਥਾਵਾਂ ਤੋਂ ਪੈਦਾ ਹੁੰਦੀਆਂ ਹਨ ਜੋ ਇਹ ਘੋਸ਼ਿਤ ਕਰਦੀ ਹੈ ਕਿ ਸੰਵਿਧਾਨ ਦੇਸ਼ ਦਾ ਸਰਵਉੱਚ ਕਾਨੂੰਨ ਹੈ ਅਤੇ ਸੰਵਿਧਾਨ ਦੀ ਸੁਰੱਖਿਆ ਅਤੇ ਵਿਆਖਿਆ ਕਰਨ ਦੀ ਸ਼ਕਤੀ ਸਰਵਉੱਚ ਅਦਾਲਤ ਕੋਲ ਹੈ। ਸੰਵਿਧਾਨ ਦੇ ਕਈ ਅਨੁਛੇਦ ਨਿਆਇਕ ਪੁਨਰ ਨਿਰੀਖਣ ਸੰਵਿਧਾਨਿਕ ਆਧਾਰ ਕਰਦੇ ਹਨ:

*(i)* **ਅਨੁਛੇਦ 12** (Article 13)–ਇਹ ਅਨੁਛੇਦ ਅਦਾਲਤ ਦੀ ਨਿਆਇਕ ਪੁਨਰ ਨਿਰੀਖਣ ਸ਼ਕਤੀ ਨੂੰ ਅਧਾਰ ਪ੍ਰਦਾਨ ਕਰਦਾ ਹੈ। ਇਸ ਵਿੱਚ ਲਿਖਿਆ ਗਿਆ ਹੈ: "ਰਾਜ ਅਜਿਹਾ ਕੋਈ ਕਾਨੂੰਨ ਨਹੀਂ ਬਣਾਏਗਾ ਜੋ ਭਾਗ III ਵੱਲੋਂ ਦਿੱਤੇ ਅਧਿਕਾਰਾਂ ਨੂੰ ਵਾਪਿਸ ਲੈਂਦਾ ਜਾਂ ਘੱਟ ਕਰਦਾ ਹੋਵੇ ਅਤੇ ਇਸ ਅਨੁਛੇਦ ਦੇ ਉਲੰਘਣ ਵਿੱਚ ਬਣਾਇਆ ਕਾਨੂੰਨ ਵਿਰੋਧੀ ਦੇ ਕਾਰਨ ਰੱਦ ਹੋ ਜਾਵੇਗਾ।" ਦੂਸਰੇ ਸ਼ਬਦਾਂ ਵਿੱਚ ਇਹ ਨਿਰਧਾਰਿਤ ਕਰਦਾ ਹੈ ਕਿ ਕਾਨੂੰਨ ਜੋ ਮੌਲਿਕ ਅਧਿਕਾਰਾਂ ਦੇ ਵਿਰੁੱਧ ਹਨ, ਰੱਦ ਕੀਤੇ ਜਾਂਦੇ ਹਨ। ਸਰਵਉੱਚ ਅਦਾਲਤ ਕੋਲ ਉਨ੍ਹਾਂ ਦੀ ਸੰਵਿਧਾਨਿਕਤਾ ਦਾ ਫੈਸਲਾ ਕਰਨ ਦੀ ਸ਼ਕਤੀ ਹੈ।

*(ii)* **ਅਨੁਛੇਦ 32** (Article 32)– ਇਹ ਅਨੁਛੇਦ ਸੰਵਿਧਾਨ ਦੇ ਭਾਗ (III) ਵਿੱਚ ਦਿੱਤੇ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਸਰਵਉੱਚ ਅਦਾਲਤ ਤੱਕ ਪਹੁੰਚ ਕਰਨ ਦਾ ਅਧਿਕਾਰ ਦਿੰਦਾ ਹੈ। ਸਰਵਉੱਚ ਅਦਾਲਤ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਲਈ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦਾ ਇਸਤੇਮਾਲ ਕਰਦਾ ਹੈ।

*(iii)* **ਅਨੁਛੇਦ 131 ਅਤੇ 132** (Article 131 & 132)–ਇਹ ਦੋ ਅਨੁਛੇਦ ਸਰਵਉੱਚ ਅਦਾਲਤ ਦੇ ਸ਼ੁਰੂਆਤੀ ਅਤੇ ਅਪੀਲ ਦੇ ਅਧਿਕਾਰ ਖੇਤਰਾਂ ਦਾ ਲਗਾਤਾਰ ਵਰਨਣ ਕਰਦੇ ਹਨ। ਇਸ ਵਿੱਚ ਕੇਂਦਰ ਰਾਜ ਝਗੜਿਆਂ ਨਾਲ ਨਿਪਟਣ, ਰਾਜਾਂ ਦੇ ਦਰਮਿਆਨ ਝਗੜਿਆਂ ਨੂੰ ਨਿਪਟਣ ਦੀ ਸ਼ਕਤੀ ਅਤੇ ਸੰਵਿਧਾਨ ਦੀ ਵਿਆਖਿਆ ਕਰਨ ਦੀ ਸਰਵਉੱਚ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦਾ ਇਸਤੇਮਾਲ ਕਰਦਾ ਹੈ।

*(iv)* **ਅਨੁਛੇਦ 226** (Article 226)- ਅਨੁਛੇਦ 226 ਰਾਜ ਉਚ ਅਦਾਲਤਾਂ ਨੂੰ ਨਿਆਇਕ ਪੁਨਰ ਨਿਰੀਖਣ ਸ਼ਕਤੀ ਦਾ ਇਸਤੇਮਾਲ ਦਾ ਅਧਾਰ ਪ੍ਰਦਾਨ ਕਰਦਾ ਹੈ ਜੋ ਸੰਵਿਧਾਨ ਦੇ ਭਾਗ III ਵੱਲੋਂ ਦਿੱਤੇ ਲੋਕਾਂ ਨੂੰ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਲਈ ਇਸਤੇਮਾਲ ਕੀਤੀ ਜਾਂਦੀ ਹੈ।

*(v)* **ਅਨੁਛੇਦ 246** (Article 246)– ਅਨੁਛੇਦ 246 ਦੇ ਅਧੀਨ ਸੰਘ ਅਤੇ ਰਾਜਾਂ ਵਿੱਚ ਵਿਧਾਨਕ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਕਿਉਂਕਿ ਸਰਵਉੱਚ ਅਦਾਲਤ ਨੂੰ ਸੰਘ ਰਾਜ ਝਗੜਿਆਂ ਦੇ ਸਾਰੇ ਮੁਕੱਦਮਿਆਂ ਦਾ ਫੈਸਲਾ ਕਰਨ ਦੀ ਸ਼ਕਤੀ ਦਿੰਦੀ ਹੈ ਜੋ ਉਨ੍ਹਾਂ ਵਿੱਚ ਸ਼ਕਤੀਆਂ ਦੀ ਵੰਡ ਦੇ ਸਬੰਧ ਵਿੱਚ ਪੈਦਾ ਹੁੰਦੇ ਹਨ, ਇਹ ਅਨੁਛੇਦ ਵੀ ਨਿਆਇਕ ਪੁਨਰ ਨਿਰੀਖਣ ਨੂੰ ਅਧਾਰ ਪ੍ਰਦਾਨ ਕਰਦਾ ਹੈ।

*(vi)* **ਅਨੁਛੇਦ 124(6) ਅਤੇ 219** (Article 124 (6) & 219)–ਇਨ੍ਹਾਂ ਅਨੁਛੇਦਾਂ ਦੇ ਅਧੀਨ, ਸਰਵਉੱਚ ਅਦਾਲਤ ਅਤੇ ਉਹ ਅਦਾਲਤ ਦੇ ਜੱਜਾਂ ਨੂੰ ਲਗਾਤਾਰ ਕਾਨੂੰਨ ਵੱਲੋਂ ਸਥਾਪਿਤ ਸੰਵਿਧਾਨ ਪ੍ਰਤੀ ਨਿਸ਼ਠਾ ਦੀ ਸਹੁੰ ਚੁੱਕਣੀ ਪੈਂਦੀ ਹੈ।

ਇਨ੍ਹਾਂ ਸਾਰੇ ਵਿਸ਼ੇਸ਼ ਲੋਕਾਂ ਨੇ ਅਦਾਲਤ ਦੀ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਨੂੰ ਅਧਾਰ ਪ੍ਰਦਾਨ ਕੀਤਾ ਜਾਂਦਾ ਹੈ। ਡਾ. ਐੱਸ. ਸੀ. ਡੈਸ਼ ਦੇ ਸ਼ਬਦਾਂ ਵਿੱਚ, "ਨਿਆ ਪਾਲਿਕਾ ਦਾ ਇਹ ਪਵਿੱਤਰ ਕਰਤਵ ਹੈ ਕਿ ਉਹ ਸੰਵਿਧਾਨ ਨੂੰ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਦੇ ਹਮਲਿਆਂ ਦੇ ਵਿਰੁੱਧ ਸਰਵਉੱਚ ਰੱਖੇ..."।

ਇਹ ਸਾਰੇ ਅਨੁਛੇਦ ਭਾਰਤ ਵਿੱਚ ਅਦਾਲਤਾਂ ਦੇ ਨਿਆਇਕ ਪੁਨਰ ਨਿਰੀਖਣ ਦੀ ਕਾਨੂੰਨੀ ਅਤੇ ਸੰਵਿਧਾਨਿਕ ਅਧਾਰ ਪ੍ਰਦਾਨ ਕਰਦੇ ਹਨ। ਇਨ੍ਹਾਂ ਤੋਂ ਇਲਾਵਾ ਸੰਵਿਧਾਨ ਦੀਆਂ ਕਈ ਹੋਰ ਵਿਸ਼ੇਸ਼ਤਾਵਾਂ ਵੀ ਅਦਾਲਤਾਂ ਦੇ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਨੂੰ ਅਧਾਰ ਪ੍ਰਦਾਨ ਕਰਦੀਆਂ ਹਨ।

1. **ਸੀਮਿਤ ਸਰਕਾਰ ਦਾ ਸਿਧਾਂਤ** (The Principle of Limited Government)–ਸੰਵਿਧਾਨ ਸਪੱਸ਼ਟ ਰੂਪ ਵਿੱਚ ਸਰਕਾਰ ਦੀਆਂ ਸ਼ਕਤੀਆਂ ਨੂੰ ਪ੍ਰੀਭਾਸ਼ਿਤ ਕਰਦਾ ਹੈ। ਸਰਕਾਰ ਕੇਵਲ ਪ੍ਰੀਭਾਸ਼ਿਤ ਸ਼ਕਤੀਆਂ ਦਾ ਹੀ ਇਸਤੇਮਾਲ ਕਰ ਸਕਦੀ ਹੈ ਅਤੇ ਅਸੀਮਿਤ ਦਾ ਸ਼ਕਤੀਆਂ ਨਹੀਂ। ਸਰਕਾਰ ਦਾ ਕੋਈ ਅੰਗ ਆਪਣੇ ਨਿਰਧਾਰਿਤ ਅਧਿਕਾਰ ਖੇਤਰ ਤੋਂ ਬਾਹਰ ਨਹੀਂ ਜਾ ਸਕਦਾ। ਇਹ ਦੇਖਣਾ ਅਦਾਲਤਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਸਰਕਾਰ ਅਤੇ ਇਸ ਦਾ ਹਰੇਕ ਅੰਗ ਸੰਵਿਧਾਨ ਵੱਲੋਂ ਪ੍ਰੀਭਾਸ਼ਿਤ ਅਧਿਕਾਰ ਖੇਤਰ ਦੇ ਅੰਦਰ ਹੀ ਕੰਮ ਕਰੇ ਅਤੇ ਜੇਕਰ ਇਸ ਸਿਧਾਂਤ ਦਾ ਉਲੰਘਣ ਹੈ ਤਾਂ ਅਦਾਲਤ ਉਲੰਘਣ ਕਰਨ ਵਾਲੇ ਕੰਮ ਨੂੰ ਰੱਦ ਕਰ ਸਕਦੀ ਹੈ।

2. **ਸੰਘਵਾਦ** (Federalism)–ਸੰਘੀ ਪ੍ਰਣਾਲੀ ਵਿੱਚ ਨਿਆ ਪਾਲਿਕਾ ਕੋਲ ਜ਼ਿੰਮੇਵਾਰੀ ਅਤੇ ਸੰਵਿਧਾਨ ਦੀ ਸਰਵਉੱਚ ਦੀ ਸੁਰੱਖਿਆ ਕਰਨਾ ਹੁੰਦਾ ਹੈ ਅਤੇ ਸੰਘ ਅਤੇ ਰਾਜ ਸਰਕਾਰਾਂ ਵੱਲੋਂ ਆਪਣੇ-ਆਪਣੇ ਅਧਿਕਾਰ ਖੇਤਰਾਂ ਤੋਂ ਬਾਹਰ ਜਾਣ 'ਤੇ ਪ੍ਰਤੀਬੰਧ ਵੀ ਹੁੰਦਾ ਹੈ। ਇਸ ਲਈ ਵੀ ਨਿਆਇਕ ਪੁਨਰ ਨਿਰੀਖਣ ਸ਼ਕਤੀ ਦਾ ਅਦਾਲਤ ਵੱਲੋਂ ਇਸਤੇਮਾਲ ਜ਼ਰੂਰੀ ਹੋ ਜਾਂਦਾ ਹੈ।

ਨੋਟ

3. **ਲਿਖਤੀ ਅਧਿਕਾਰ** (Written Rights)–ਜਦੋਂ ਕਦੀ ਸੰਵਿਧਾਨ ਲੋਕਾਂ ਲਈ ਲਿਖਤੀ ਅਤੇ ਕਾਨੂੰਨ ਵੱਲੋਂ ਲਾਗੂ ਕਰਨ ਯੋਗ ਅਧਿਕਾਰਾਂ ਦੀ ਵਿਵਸਥਾ ਕਰਦਾ ਹੈ ਤਾਂ ਨਿਆਇਕ ਪੁਨਰ ਨਿਰੀਖਣ ਦੀ ਨੀਂਹ ਰੱਖਦਾ ਹੈ। ਅਦਾਲਤਾਂ ਨੂੰ ਇਨ੍ਹਾਂ ਅਧਿਕਾਰਾਂ ਨੂੰ ਲਾਗੂ ਕਰਨ ਅਤੇ ਇਨ੍ਹਾਂ ਦੀ ਸੁਰੱਖਿਆ ਕਰਨ ਦੀ ਸ਼ਕਤੀ ਮਿਲ ਜਾਂਦੀ ਹੈ। ਭਾਰਤ ਵਿੱਚ ਸੰਵਿਧਾਨ ਵਿੱਚ ਲਿਖਤੀ ਅਧਿਕਾਰਾਂ ਦਾ ਬਿੱਲ ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰ ਸਹਿਤ ਸ਼ਾਮਿਲ ਹੈ ਜੋ ਸੰਵਿਧਾਨ ਦੀ ਮੌਲਿਕ ਰਚਨਾ ਦਾ ਇਕ ਹਿੱਸਾ ਹੈ। ਇਸ ਲਈ ਇਹ ਨਿਆਇਕ ਪੁਨਰ ਨਿਰੀਖਣ ਪ੍ਰਦਾਨ ਕਰਦਾ ਹੈ।

4. **ਨਿਆ ਪਾਲਿਕਾ ਵੱਲੋਂ ਨਿਆਇਕ ਪੁਨਰ ਨਿਰੀਖਣ ਸ਼ਕਤੀ ਦਾ ਇਸਤੇਮਾਲ** (The Exercise of Judicial Review Power by the Judiciary)–1950 ਵਿੱਚ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਅੱਜ ਤੱਕ ਭਾਰਤ ਵਿੱਚ ਨਿਆ ਪਾਲਿਕਾ ਲਗਾਤਾਰ ਨਿਆਇਕ ਪੁਨਰ ਨਿਰੀਖਣ ਸ਼ਕਤੀ ਦਾ ਇਸਤੇਮਾਲ ਕਰਦੀ ਆ ਰਹੀ ਹੈ। ਇਸ ਨੇ ਇਸ ਸ਼ਕਤੀ ਨੂੰ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਦੇ ਕਈ ਕਾਨੂੰਨਾਂ/ਹੁਕਮਾਂ ਨੂੰ ਰੱਦ ਕਰਨ ਲਈ ਇਸਤੇਮਾਲ ਕੀਤਾ ਜਿਸ ਨੂੰ ਇਸ ਨੇ ਗੈਰ-ਸੰਵਿਧਾਨਕ ਪਾਇਆ। ਸਰਵਉੱਚ ਅਦਾਲਤ ਦੇ ਇਤਿਹਾਸਿਕ ਫੈਸਲੇ ਜੋ ਇਨ੍ਹਾਂ ਮੁਕੱਦਮਿਆਂ ਵਿੱਚ ਦਿੱਤੇ ਗਏ–ਗੋਪਾਲਨ ਮੁਕੱਦਮਾ, ਗੋਲਕਨਾਥ ਮੁਕੱਦਮਾ, ਕੇਸ਼ਵਾਨੰਦ ਭਾਰਤੀ ਮੁਕੱਦਮਾ, ਮਿਨਰਵਾ ਮਿਲਜ਼ ਮੁਕੱਦਮਾ ਅਤੇ ਕਈ ਹੋਰਾਂ ਵਿੱਚ ਭਾਰਤ 'ਚ ਨਿਆਇਕ ਪੁਨਰ ਨਿਰੀਖਣ ਦੇ ਕਾਫੀ ਨਤੀਜੇ ਮਿਲਦੇ ਹਨ ਅਤੇ ਇਸ ਦੀ ਮਾਨਤਾ ਸਰਕਾਰ ਅਤੇ ਲੋਕਾਂ ਵੱਲੋਂ ਮਿਲਦੀ ਹੈ।

5. **42ਵੀਂ ਅਤੇ 43ਵੀਂ ਸੋਧ** (42nd and 43rd Amendments)– 42ਵੀਂ ਅਤੇ 43ਵੀਂ ਸੋਧ ਨੇ ਨਿਆਇਕ ਪੁਨਰ ਨਿਰੀਖਣ ਪ੍ਰਣਾਲੀ ਦੀ ਸੰਵਿਧਾਨਿਕ ਉਚਿਤ ਨੂੰ ਸ਼ਕਤੀਸ਼ਾਲੀ ਕੀਤਾ ਹੈ। 42ਵੀਂ ਸੋਧ ਅਧੀਨਿਯਮ ਨਾਲ ਸਰਵਉੱਚ ਅਦਾਲਤ ਅਤੇ ਰਾਜ ਉੱਚ ਅਦਾਲਤਾਂ ਦੀਆਂ ਨਿਆਇਕ ਪੁਨਰ ਨਿਰੀਖਣ ਸ਼ਕਤੀਆਂ 'ਤੇ ਕਈ ਪ੍ਰਤੀਬੰਧ ਲਗਾਏ ਗਏ ਅਤੇ 43ਵੀਂ ਸੋਧ ਅਧੀਨਿਯਮ ਨਾਲ ਇਹ ਪ੍ਰਤੀਬੰਧ ਹਟਾ ਦਿੱਤਾ ਗਿਆ। ਇਸ ਪ੍ਰਕਿਰਿਆ ਵਿੱਚ, ਨਿਆਇਕ ਪੁਨਰ ਨਿਰੀਖਣ ਦੀ ਪ੍ਰਣਾਲੀ ਨੂੰ ਭਾਰਤੀ ਸੰਵਿਧਾਨਿਕ ਪ੍ਰਣਾਲੀ ਦੇ ਮੂਲਵਾਨ ਅਤੇ ਅਭਿੰਨ ਭਾਗ ਦੇ ਰੂਪ ਵਿੱਚ ਮਾਨਤਾ ਮਿਲੀ ਹੈ।

ਇਸ ਤਰ੍ਹਾਂ ਸਰਵਉੱਚ ਅਦਾਲਤ ਅਤੇ ਉੱਚ ਅਦਾਲਤਾਂ ਕੋਲ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਦੇ ਕਾਨੂੰਨਾਂ/ਹੁਕਮਾਂ/ਨਿਯਮਾਂ ਦੀ ਸੰਵਿਧਾਨਿਕ ਉਚਤਾ ਦਾ ਨਿਰੀਖਣ ਕਰਨ ਦੀ ਸ਼ਕਤੀ ਹੈ ਅਤੇ ਇਸ ਸ਼ਕਤੀ ਨੂੰ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਕਿਹਾ ਜਾਂਦਾ ਹੈ।

## 9.4 ਭਾਰਤ ਵਿੱਚ ਨਿਆਇਕ ਪੁਨਰ ਨਿਰੀਖਣ : ਵਿਸ਼ੇਸ਼ਤਾਵਾਂ (Judicial Review in India: Features)

ਭਾਰਤ ਵਿੱਚ ਨਿਆਇਕ ਪੁਨਰ ਨਿਰੀਖਣ ਪ੍ਰਣਾਲੀ ਦੀਆਂ ਹੇਠ ਲਿਖੀਆ ਮੁੱਖ ਵਿਸ਼ੇਸ਼ਤਾਵਾਂ ਹਨ:

1. ਸਰਵਉੱਚ ਅਦਾਲਤ ਅਤੇ ਰਾਜ ਉੱਚ ਅਦਾਲਤਾਂ ਦੋਵੇਂ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦਾ ਇਸਤੇਮਾਲ ਕਰਦੇ ਹਨ ਪਰ ਕਿਸੇ ਕਾਨੂੰਨ ਦੇ ਸੰਵਿਧਾਨਿਕ ਔਚਿਤਯ ਦਾ ਫੈਸਲਾ ਕਰਨ ਦੀ ਅਖੀਰਲੀ ਸ਼ਕਤੀ ਭਾਰਤ ਦੀ ਸਰਵਉੱਚ ਅਦਾਲਤ ਕੋਲ ਹੈ।

2. ਸਾਰੇ ਸੰਘੀ ਅਤੇ ਰਾਜ ਕਾਨੂੰਨਾਂ, ਕਾਰਜ ਪਾਲਿਕਾ ਹੁਕਮਾਂ ਅਤੇ ਸੰਵਿਧਾਨਿਕ ਸੋਧਾਂ ਦੇ ਸਬੰਧ ਵਿੱਚ ਨਿਆਇਕ ਪੁਨਰ ਨਿਰੀਖਣ ਕੀਤਾ ਜਾ ਸਕਦਾ ਹੈ।

3. ਸੰਵਿਧਾਨ ਦੀ 9ਵੀਂ ਸੂਚੀ ਵਿੱਚ ਦਰਜ ਅਧੀਨਿਯਮ ਦੇ ਸਬੰਧ ਵਿੱਚ ਨਿਆਇਕ ਪੁਨਰ ਨਿਰੀਖਣ ਨਹੀਂ ਕੀਤਾ ਜਾ ਸਕਦਾ।

*ਕੀ ਤੁਸੀਂ ਜਾਣਦੇ ਹੋ* ਨਿਆਇਕ ਪੁਨਰ ਨਿਰੀਖਣ ਕਾਨੂੰਨ ਦੇ ਪ੍ਰਸ਼ਨਾਂ 'ਤੇ ਹੀ ਲਾਗੂ ਹੁੰਦਾ ਹੈ। ਇਸ ਦਾ ਇਸਤੇਮਾਲ ਰਾਜਨੀਤਿਕ ਮੁੱਦਿਆਂ ਦੇ ਸਬੰਧ ਵਿੱਚ ਨਹੀਂ ਕੀਤਾ ਜਾ ਸਕਦਾ।

4. ਨਿਆਇਕ ਪੁਨਰ ਨਿਰੀਖਣ ਸਵਚਾਲਿਤ ਨਹੀਂ ਹੈ। ਸਰਵਉੱਚ ਅਦਾਲਤ ਕਾਨੂੰਨਾਂ 'ਤੇ ਨਿਆਇਕ ਪੁਨਰ ਨਿਰੀਖਣ ਕਰਨ ਦੀ ਕਾਰਵਾਈ ਖੁਦ ਆਪਣੇ ਆਪ ਨਹੀਂ ਕਰਦਾ। ਇਹ ਉਦੋਂ ਹੀ ਕਾਰਵਾਈ ਕਰਦਾ ਹੈ ਜਦੋਂ ਕਾਨੂੰਨਾਂ ਨੂੰ ਇਸ ਦੇ ਸਾਹਮਣੇ ਚੁਣੌਤੀ ਦਿੱਤੀ ਜਾਂਦੀ ਹੈ ਜਦੋਂ ਕਿਸੇ ਮੁੱਕਦਮੇ ਦੀ ਕਾਰਵਾਈ ਦੌਰਾਨ ਕਿਸੇ ਕਾਨੂੰਨ ਦੇ ਸੰਵਿਧਾਨਿਕ ਔਚਿਤਯ ਦਾ ਪ੍ਰਸ਼ਨ ਇਸ ਦੇ ਸਾਹਮਣੇ ਚੁੱਕਿਆ ਜਾਂਦਾ ਹੈ।

5. ਸਰਵਉੱਚ ਅਦਾਲਤ ਚੁਣੌਤੀ ਲਈ ਕਾਨੂੰਨਾਂ/ਹੁਕਮਾਂ ਦੇ ਪੁਨਰ ਨਿਰੀਖਣ ਤੋਂ ਬਾਅਦ ਇਹ ਫੈਸਲਾ ਕਰ ਸਕਦੀ ਹੈ:

(i) ਕਾਨੂੰਨ ਸੰਵਿਧਾਨਿਕ ਰੂਪ ਵਿੱਚ ਠੀਕ ਹੈ। ਇਸ ਮਾਮਲੇ ਵਿੱਚ ਕਾਨੂੰਨ ਪਹਿਲਾਂ ਦੀ ਤਰ੍ਹਾਂ ਲਾਗੂ ਰਹਿੰਦਾ ਹੈ, ਜਾਂ

**ਨੋਟ**

*(ii)* ਕਾਨੂੰਨ ਸੰਵਿਧਾਨਿਕ ਰੂਪ ਵਿੱਚ ਅਣਉਚਿਤ ਹੈ। ਇਸ ਸਬੰਧ ਵਿੱਚ ਕਾਨੂੰਨੀ ਫੈਸਲੇ ਦੀ ਮਿਤੀ ਨਾਲ ਲਾਗੂ ਹੋਣਾ ਬੰਦ ਹੋ ਜਾਂਦਾ ਹੈ, ਜਾਂ

*(iii)* ਕਾਨੂੰਨ ਦੇ ਕੇਵਲ ਕੁਝ ਹਿੱਸੇ ਜਾਂ ਇਕ ਹਿੱਸਾ ਅਣਉਚਿਤ ਹੈ। ਇਸ ਸਥਿਤੀ ਵਿੱਚ ਕੇਵਲ ਅਣਉਚਿਤ ਹਿੱਸਾ ਲਾਗੂ ਨਹੀਂ ਰਹਿੰਦਾ ਅਤੇ ਦੂਸਰੇ ਹਿੱਸੇ ਲਾਗੂ ਰਹਿੰਦੇ ਹਨ ਪਰ ਜੇਕਰ ਅਣਉਚਿਤ ਪਾਏ ਹਿੱਸੇ ਕਾਨੂੰਨ ਦੇ ਲਈ ਇੰਨੇ ਮਹੱਤਵਪੂਰਨ ਹੋਣ ਕਿ ਦੂਸਰੇ ਹਿੱਸੇ ਇਨ੍ਹਾਂ ਤੋਂ ਬਿਨਾਂ ਨਾ ਲਾਗੂ ਹੋ ਸਕਣ ਤਾਂ ਸਾਰੇ ਕਾਨੂੰਨਾਂ ਨੂੰ ਹੀ ਅਣਉਚਿਤ ਠਹਿਰਾਇਆ ਜਾਂਦਾ ਹੈ ਅਤੇ ਰੱਦ ਕਰ ਦਿੱਤਾ ਜਾਂਦਾ ਹੈ।

6. ਅਦਾਲਤ ਵੱਲੋਂ ਸੰਵਿਧਾਨਿਕ ਅਤੇ ਅਯੋਗ ਘੋਸ਼ਣਾ ਕਰਨ ਦੇ ਦਿਨ ਤੋਂ ਪਹਿਲਾਂ ਕਾਨੂੰਨ ਦੇ ਅਧਾਰ 'ਤੇ ਕੀਤੇ ਗਏ ਕੰਮ ਵਿਦਮਾਨ ਰਹਿੰਦੇ ਹਨ।

7. ਸਰਵਉੱਚ ਅਦਾਲਤ ਆਪਣੇ ਪਹਿਲੇ ਫੈਸਲਿਆਂ ਵਿੱਚ ਸੋਧ ਕਰ ਸਕਦੀ ਹੈ ਜਾਂ ਉਨ੍ਹਾਂ ਨੂੰ ਰੱਦ ਕਰ ਸਕਦੀ ਹੈ

8. **ਸਰਵਉੱਚ ਅਦਾਲਤ ਵੱਲੋਂ ਸਥਾਪਿਤ ਪ੍ਰਕਿਰਿਆ ਬਨਾਮ ਕਾਨੂੰਨ ਦੀ ਠੀਕ ਪ੍ਰਕਿਰਿਆ** (Procedure Established Law vs. Due Process of Law): ਭਾਰਤ ਵਿੱਚ ਨਿਆਇਕ ਪੁਨਰ ਨਿਰੀਖਣ ਜਿਸ ਸਿਧਾਂਤ ਦੇ ਆਧਾਰ 'ਤੇ ਸ਼ਾਸਿਤ ਕੀਤਾ ਜਾਂਦਾ ਹੈ ਉਹ ਹੈ: "ਕਾਨੂੰਨ ਵੱਲੋਂ ਸਥਾਪਿਤ ਪ੍ਰਕਿਰਿਆ" ਨਾ ਕਿ "ਕਾਨੂੰਨ ਦੀ ਉਚਿਤ ਪ੍ਰਕਿਰਿਆ ਨਾ ਕਿ "ਕਾਨੂੰਨ ਦੀ ਠੀਕ ਪ੍ਰਕਿਰਿਆ" ਜੋ ਅਮਰੀਕਾ ਵਿੱਚ ਲਾਗੂ ਹੈ। 'ਕਾਨੂੰਨ ਦੀ ਠੀਕ ਪ੍ਰਕਿਰਿਆ' ਅਧੀਨ ਨਿਆ ਪਾਲਿਕਾ ਕਾਨੂੰਨ ਦੀ ਸੰਵਿਧਾਨਿਕ ਦੀ ਪਰਖ ਕਰਨ ਲਈ ਦੋਹਰੀ ਪ੍ਰੀਖਿਆ ਕਰਦੀ ਹੈ। ਪਹਿਲਾਂ ਅਦਾਲਤ ਪਰਖ ਕਰਦੀ ਹੈ ਕਿ ਕੀਂ ਕਾਨੂੰਨ ਬਣਾਉਣ ਲਈ ਸੰਸਥਾ ਨੇ ਪ੍ਰਾਪਤ ਸ਼ਕਤੀਆਂ ਦੀਆਂ ਹੱਦਾਂ ਦੇ ਅੰਦਰ ਕਾਰਵਾਈ ਕੀਤੀ ਹੈ ਅਤੇ ਨਿਰਧਾਰਿਤ ਪ੍ਰਕਿਰਿਆ ਅਨੁਸਾਰ ਕੰਮ ਕੀਤਾ ਹੈ ਜਾਂ ਨਹੀਂ। ਦੂਸਰਾ ਅਦਾਲਤ ਪਰਖ ਕਰਨਾ ਹੈ ਕਿ ਕੀ ਕਾਨੂੰਨ ਪ੍ਰਕਿਰਿਆ ਨਿਆ ਦੇ ਉਦੇਸ਼ਾਂ ਨੂੰ ਪੂਰਾ ਕਰਦਾ ਹੈ ਕਿ ਕੀ ਇਹ ਠੀਕ ਕਾਨੂੰਨ ਹੈ ਜਾਂ ਨਹੀਂ। ਜੇਕਰ ਕਾਨੂੰਨ ਇਨ੍ਹਾਂ ਦੋਵਾਂ ਅਧਾਰਾਂ ਵਿੱਚੋਂ ਕਿਸੇ ਇਕ 'ਤੇ ਵੀ ਪੂਰਾ ਨਹੀਂ ਉਤਰਦਾ ਤਾਂ ਇਸ ਨੂੰ ਗੈਰ-ਸੰਵਿਧਾਨਿਕ ਮੰਨ ਕੇ ਰੱਦ ਕਰ ਦਿੱਤਾ ਜਾਂਦਾ ਹੈ। ਇਸ ਦੇ ਉਲਟ 'ਕਾਨੂੰਨ ਵੱਲੋਂ ਸਥਾਪਿਤ ਪ੍ਰਕਿਰਿਆ' ਦੇ ਸਿਧਾਂਤ ਦੇ ਅਧੀਨ ਵਰਗੇ ਭਾਰਤ ਦੇ ਸੰਵਿਧਾਨ ਵਿੱਚ ਦਰਜ ਕੀਤਾ ਗਿਆ ਹੈ ਅਦਾਲਤ ਕੇਵਲ ਇਹ ਤੈਅ ਕਰਦੀ ਹੈ ਕਿ ਕੀ ਕਾਨੂੰਨ ਬਣਾਉਣ ਵਾਲੀ ਸੰਸਥਾ ਨੇ ਸੰਵਿਧਾਨ ਵੱਲੋਂ ਦਿੱਤੀਆਂ ਗਈਆਂ ਸ਼ਕਤੀਆਂ ਦੇ ਅਨੁਸਾਰ ਕਾਨੂੰਨ ਬਣਾਇਆ ਹੈ ਅਤੇ ਨਿਰਧਾਰਿਤ ਪ੍ਰਕਿਰਿਆ ਦਾ ਪਾਲਣ ਕੀਤਾ ਹੈ ਜਾਂ ਨਹੀਂ। ਇਸ ਸਿਧਾਂਤ ਦੇ ਅਧੀਨ ਨਿਆਇਕ ਪੁਨਰ ਨਿਰੀਖਣ ਦਾ ਖੇਤਰ 'ਕਾਨੂੰਨ ਦੀ ਠੀਕ ਪ੍ਰਕਿਰਿਆ' ਸਿਧਾਂਤ ਦੇ ਅਧੀਨ ਖੇਤਰ ਨਾਲ ਸੀਮਿਤ ਹੁੰਦਾ ਹੈ। 'ਕਾਨੂੰਨ ਵੱਲੋਂ ਸਥਾਪਿਤ ਪ੍ਰਕਿਰਿਆ' ਅਧੀਨ, ਅਦਾਲਤ ਕੇਵਲ ਕਾਨੂੰਨ ਦਾ ਪੁਨਰ ਨਿਰੀਖਣ ਇਹ ਫੈਸਲਾ ਕਰਨ ਲਈ ਕਰਦਾ ਹੈ ਕਿ ਕੀ ਇਸ ਨੂੰ ਸੰਵਿਧਾਨ ਵੱਲੋਂ ਨਿਰਧਾਰਿਤ ਪ੍ਰਕਿਰਿਆ ਦੇ ਅਨੁਸਾਰ ਬਣਾਇਆ ਗਿਆ ਹੈ ਜਾਂ ਨਹੀਂ ਅਤੇ ਇਸ ਲਈ ਇਸ ਦਾ ਖੇਤਰ ਸੀਮਿਤ ਹੁੰਦਾ ਹੈ। ਗੋਪਾਲਨ ਬਨਾਮ ਮਦਰਾਸ ਰਾਜ ਮੁਕੱਦਮੇ ਵਿੱਚ ਦੋਸ਼ੀ ਵੱਲੋਂ ਇਹ ਵਿਚਾਰ ਦਿੱਤਾ ਗਿਆ ਕਿ 'ਕਾਨੂੰਨ ਵੱਲੋਂ ਸਥਾਪਿਤ' ਅਤੇ 'ਕਾਨੂੰਨ ਦੀ ਠੀਕ ਪ੍ਰਕਿਰਿਆ' ਵਿੱਚ ਕੋਈ ਫਰਕ ਨਹੀਂ ਹੁੰਦਾ ਪਰ ਭਾਰਤ ਦੇ ਅਟਾਰਨੀ ਜਨਰਲ ਨੇ ਇਹ ਵਿਚਾਰ ਦਿੱਤਾ ਕਿ ਕਾਨੂੰਨ ਵੱਲੋਂ ਸਥਾਪਿਤ ਪ੍ਰਕਿਰਿਆ ਦੀ ਗਰੰਟੀ 'ਯੋਗ ਵਿਧਾਨ ਪਾਲਿਕਾ' ਵੱਲੋਂ ਬਣਾਏ ਕਾਨੂੰਨ ਵੱਲੋਂ ਨਿਰਧਾਰਿਤ ਪ੍ਰਕਿਰਿਆ ਦੀ ਸੁਰੱਖਿਆ ਜਾਂ ਹੋਰ ਕੁਝ ਨਹੀਂ। ਅਦਾਲਤ ਅਟਾਰਨੀ ਜਨਰਲ ਵੱਲੋਂ ਪ੍ਰਗਟ ਕੀਤੇ ਗਏ ਵਿਚਾਰ ਨਾਲ ਸਹਿਮਤ ਹੋ ਗਏ। ਇਸ ਤਰ੍ਹਾਂ ਭਾਰਤ ਵਿੱਚ ਅਦਾਲਤ ਉਸ ਸਮੇਂ ਹੀ ਕਾਨੂੰਨ ਨੂੰ ਰੱਦ ਘੋਸ਼ਿਤ ਕਰ ਸਕਦਾ ਹੈ ਜਦੋਂ ਉਹ ਪਾਏ ਕਾਨੂੰਨ ਵਾਲੀ ਵਿਧਾਨ ਪਾਲਿਕਾ ਨੇ ਠੀਕ ਪ੍ਰਕਿਰਿਆ ਦਾ ਇਸਤੇਮਾਲ ਕਾਨੂੰਨ ਨਿਰਮਾਣ ਦੇ ਸਮੇਂ ਨਹੀਂ ਕੀਤਾ ਸੀ ਪਰ ਅਸਲੀ ਵਿਵਹਾਰ ਵਿੱਚ ਭਾਰਤ ਦੇ ਸਰਵਉੱਚ ਅਦਾਲਤ ਨੇ ਕਾਨੂੰਨ ਦੇ ਔਚਿਤਯ ਦਾ ਫੈਸਲਾ ਕਰਨ ਲਈ ਬਹੁਤ ਵਾਰ ਕਾਨੂੰਨਾਂ ਨੇ ਔਚਿਤਯ ਦੀ ਜਾਂਚ ਵਿਆਪਕ ਰੂਪ ਵਿੱਚ ਕੀਤੀ ਹੈ। ਇਸ ਨੇ ਕਦੀ ਵੀ ਸੰਵਿਧਾਨਿਕ ਸੋਧਾਂ ਜਾਂ ਕਾਨੂੰਨਾਂ ਵੱਲੋਂ ਮੌਲਿਕ ਅਧਿਕਾਰਾਂ 'ਤੇ ਸੰਸਦ ਵੱਲੋਂ ਲਗਾਏ ਪ੍ਰਤੀਬੰਧਾਂ ਦੇ ਔਚਿਤਯ ਦਾ ਪੁਨਰ ਨਿਰੀਖਣ ਕਰਨ ਵਿੱਚ ਝਿਜਕ ਨਹੀਂ ਦਿਖਾਈ।

'ਕਾਨੂੰਨ ਵੱਲੋਂ ਸਥਾਪਿਤ ਪ੍ਰਕਿਰਿਆ' ਦਾ ਪਾਲਣ ਕਰਦੇ ਹੋਏ ਅਤੇ 'ਕਾਨੂੰਨ ਦੀ ਠੀਕ ਪ੍ਰਕਿਰਿਆ' ਨੂੰ ਰੱਦ ਕਰਦੇ ਹੋਏ ਭਾਰਤੀ ਸੰਵਿਧਾਨ ਨਿਆਇਕ ਸਰਵਉੱਚਤਾ ਅਤੇ ਸੰਸਦੀ ਪ੍ਰਭੂਸੱਤਾ ਦੇ ਦੋਵਾਂ ਸਿਧਾਂਤਾਂ ਨੂੰ ਰੱਦ ਕਰਦਾ ਹੈ ਜਿਵੇਂ ਇਹ ਲਗਾਤਾਰ ਅਮਰੀਕਾ ਅਤੇ ਇੰਗਲੈਂਡ ਵਿੱਚ ਪ੍ਰਚੱਲਿਤ ਹਨ। ਇਹ ਕੇਵਲ ਮੱਧ ਮਾਰਗ ਗ੍ਰਹਿਣ ਕਰਦਾ ਹੈ। ਵਿਧਾਨ ਪਾਲਿਕਾ ਕੋਲ ਸਰਵਉੱਚਤਾ ਹੈ ਪਰ ਸੰਵਿਧਾਨ ਤੋਂ ਪ੍ਰਾਪਤ ਖੇਤਰ ਦੇ ਸਬੰਧ ਵਿੱਚ ਹੀ ਇਸ ਦਾ ਇਸਤੇਮਾਲ ਇਸ ਕਾਨੂੰਨ ਵੱਲੋਂ ਸਥਾਪਿਤ ਪ੍ਰਕਿਰਿਆ ਦੀਆਂ ਹੱਦਾਂ ਅੰਦਰ ਹੀ ਕਰਦੀ ਹੈ।

*ਟਾਸਕ* ਸਰਵਉੱਚ ਅਦਾਲਤ ਵਿਧਾਨ ਪਾਲਿਕਾ ਵੱਲੋਂ ਬਣਾਏ ਗਏ ਕਾਨੂੰਨਾਂ 'ਤੇ ਨਿਆਇਕ ਪੁਨਰ ਨਿਰੀਖਣ ਕਰ ਸਕਦਾ ਹੈ ਪਰ ਸੰਵਿਧਾਨਿਕ ਕਾਨੂੰਨਾਂ ਦੇ ਪਿੱਛੇ ਵਿਧਮਾਨ ਭਾਵਨਾ ਦਾ ਪੁਨਰ ਨਿਰੀਖਣ ਨਹੀਂ ਕਰ ਸਕਦਾ।

ਨੋਟ

9. ਕਿਸੇ ਕਾਨੂੰਨ ਨੂੰ ਰੱਦ ਘੋਸ਼ਿਤ ਕਰਦੇ ਹੋਏ, ਸਰਵਉੱਚ ਅਦਾਲਤ ਨੂੰ ਸੰਵਿਧਾਨ ਦੀਆਂ ਉਨ੍ਹਾਂ ਵਿਵਸਥਾਵਾਂ/ਜਿਨ੍ਹਾਂ ਦਾ ਕਾਨੂੰਨ ਉਲੰਘਣ ਕਰਦਾ ਹੈ, ਦੇ ਬਾਰੇ ਸਪੱਸ਼ਟ ਦੱਸਣਾ ਹੁੰਦਾ ਹੈ। ਇਸ ਨੂੰ ਉਸ ਕਾਨੂੰਨ ਦੇ ਸਮੇਂ ਅਤੇ ਅਸੰਵਿਧਾਨਕਤਾ ਨੂੰ ਸਿੱਧ ਕਰਨਾ ਹੁੰਦਾ ਹੈ ਜਿਸ ਨੂੰ ਰੱਦ ਕੀਤਾ ਹੁੰਦਾ ਹੈ।

## ਨਿਆਇਕ ਪੁਨਰ ਨਿਰੀਖਣ ਦਾ ਵਿਵਹਾਰ ਅਤੇ ਗੈਰ-ਸੰਵਿਧਾਨਕ ਘੋਸ਼ਿਤ ਕੀਤੇ ਵਿਧਾਨ ਦੀ ਹੱਦ (Working of Judicial Review and the Extent of Legislations Declared Unconstitutional)

1950 ਵਿੱਚ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਅੱਜ ਤੱਕ ਸਰਵਉੱਚ ਅਦਾਲਤ ਨੇ ਕਈ ਵਾਰ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦਾ ਇਸਤੇਮਾਲ ਕੀਤਾ ਹੈ। ਇਸ ਨੇ ਕੁਝ ਬਹੁਤ ਇਤਿਹਾਸਿਕ ਫੈਸਲੇ ਸੁਣਾਏ ਹਨ ਜਿਸ ਨੇ ਭਾਰਤ ਦੇ ਸੰਵਿਧਾਨਿਕ ਵਿਕਾਸ ਦੇ ਵਿਵਹਾਰ ਨੂੰ ਦਿਸ਼ਾ ਦਿੱਤੀ। ਭਾਰਤ ਵਿੱਚ ਸਮਾਜਿਕ-ਆਰਥਿਕ ਵਿਕਾਸ ਦੀ ਸੁਰੱਖਿਆ ਲਈ ਵਿਧਾਨ ਪਾਲਿਕਾ ਵੱਲੋਂ ਬਣਾਏ ਕਾਨੂੰਨਾਂ ਵਿਰੁੱਧ 'ਪ੍ਰਤੀਕਿਰਿਆਵਾਦੀ ਤੀਸਰੇ ਸਦਨ' ਦੇ ਰੂਪ ਵਿੱਚ ਕਾਰਵਾਈ ਕਰਨ ਤੋਂ ਬਿਨਾਂ, ਸਰਵਉੱਚ ਅਦਾਲਤ ਨੇ ਲੋਕਾਂ ਦੇ ਮੌਲਿਕ ਅਧਿਕਾਰਾਂ ਅਤੇ ਸੰਵਿਧਾਨ ਦੇ ਸੁਰੱਖਿਅਕ ਦੇ ਰੂਪ ਵਿੱਚ ਇਕ ਬਹੁਤ ਪ੍ਰਸ਼ਾਸਨਿਕ ਭੂਮਿਕਾ ਨਿਭਾਈ ਹੈ।

ਇਸ ਨੇ ਆਪਣੇ ਫੈਸਲਿਆਂ ਨੂੰ ਤਬਦੀਲ ਕਰਨ ਵਿੱਚ ਵੀ ਝਿਜਕ ਨਹੀਂ ਦਿਖਾਈ। ਜੇਕਰ ਇਸ ਨੇ ਦੇਖਿਆ ਕਿ ਉਨ੍ਹਾਂ ਵਿੱਚ ਕੋਈ ਤਰੁਟੀ ਹੋ ਗਈ ਜਾਂ ਉਨ੍ਹਾਂ ਦੇ ਸਬੰਧ ਵਿੱਚ ਇਹ ਜ਼ਰੂਰੀ ਹੋ ਗਿਆ ਸੀ ਕਿ ਲੋਕਾਂ ਦੀਆਂ ਸਮਾਜਿਕ ਆਰਥਿਕ ਜ਼ਰੂਰਤਾਂ ਅਤੇ ਵਾਤਾਵਰਣ ਵਿੱਚ ਪਰਿਵਰਤਨ ਦੇ ਕਾਰਨ ਪਹਿਲਾਂ ਦਿੱਤੇ ਗਏ ਫੈਸਲਿਆਂ ਵਿੱਚ ਸੋਧ ਕਰਨਾ ਜ਼ਰੂਰੀ ਸੀ। ਗੋਪਾਲਨ ਮੁਕੱਦਮਾ, ਰਮੇਸ਼ ਥਾਪਰ ਮੁਕੱਦਮਾ, ਕਮੇਸ਼ਵਰ ਪ੍ਰਸਾਦ ਮੁਕੱਦਮਾ, ਸੰਕਰੀ ਪ੍ਰਸ਼ਾਦ ਮੁਕੱਦਮਾ, ਚੰਪਾਕਮ ਦੋਰਾਆ ਰਾਜਨ ਮੁਕੱਦਮਾ, ਗੋਲਕ ਨਾਥ ਮੁਕੱਦਮਾ, ਕੇਸ਼ਵਾਨੰਦ ਭਾਰਤੀ ਮੁਕੱਦਮਾ, ਮਿਲਰਵਾ ਮਿਲਜ਼ ਮੁਕੱਦਮਾ ਅਤੇ ਕਈ ਹੋਰ ਮੁਕੱਦਮਿਆਂ ਵਿੱਚ, ਅਦਾਲਤ ਨੇ ਕਠੋਰਤਾ ਨਾਲ ਕਈ ਕਾਨੂੰਨਾਂ ਜਾਂ ਉਨ੍ਹਾਂ ਦੇ ਕਈ ਹਿੱਸਿਆਂ ਨੂੰ ਰੱਦ ਕੀਤਾ ਜਿਨ੍ਹਾਂ ਨੂੰ ਗੈਰ-ਸੰਵਿਧਾਨਕ ਪਾਇਆ ਸੀ। ਇਸ ਨੇ ਬਹੁਤ ਕਠੋਰ ਅਤੇ ਸਪੱਸ਼ਟ ਬਿਆਨ ਦਿੱਤਾ ਹੈ ਕਿ ਸੰਵਿਧਾਨ ਦੇ ਅਨੁਛੇਦ 368 ਦੇ ਅਧੀਨ ਪ੍ਰਕਿਰਿਆ ਦੇ ਅਨੁਸਾਰ ਸੰਸਦ ਕੋਲ ਸੰਵਿਧਾਨ ਵਿੱਚ ਸੋਧ ਕਰਨ ਦੀ ਸ਼ਕਤੀ ਹੈ ਪਰ ਇਹ ਸੰਵਿਧਾਨ ਦੀ ਮੌਲਿਕ ਰਚਨਾ ਨੂੰ ਵੀ ਬਦਲ ਸਕਦੀ ਹੈ। ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦਾ ਇਸਤੇਮਾਲ ਕਰਦੇ ਹੋਏ, ਸਰਵਉੱਚ ਅਦਾਲਤ ਨਿਆਇਕ ਸਰਵਉੱਚਤਾ ਦੇ ਸਿਧਾਂਤ ਦੀ ਵਕਾਲਤ ਕਰਨ ਵਿੱਚ ਨਹੀਂ ਪਿਆ। ਇਸ ਨੇ ਉਦਾਰ, ਸੁਤੰਤਰ ਅਤੇ ਨਿਰਪੱਖ ਨਿਆ ਪਾਲਿਕਾ ਦੇ ਰੂਪ ਵਿੱਚ ਉਦਾਰਤਾ ਭਰਪੂਰ ਕੰਮ ਕੀਤਾ ਹੈ। ਇਸ ਨੇ ਪ੍ਰਗਤੀਸ਼ਾਲੀ ਕਾਨੂੰਨਾਂ ਨੂੰ ਰੋਕਣ ਦਾ ਯਤਨ ਨਹੀਂ ਕੀਤਾ। ਇਸ ਨੇ ਭਾਰਤ ਦੇ ਲੋਕਾਂ ਲਈ ਸਮਾਜਿਕ ਅਤੇ ਆਰਥਿਕ ਨਿਆ ਦੀ ਪ੍ਰਾਪਤੀ ਲਈ ਆਪਣੀ ਭੂਮਿਕਾ ਨਿਭਾਈ ਹੈ। ਇਸ ਨੇ ਹਮੇਸ਼ਾ ਸਮਾਜ ਦੇ ਕਮਜ਼ੋਰ ਵਰਗ ਅਤੇ ਘੱਟ ਗਿਣਤੀ ਦੇ ਹਿੱਤਾਂ ਦੀ ਸੁਰੱਖਿਆ ਦੇ ਪੱਖ ਵਿੱਚ ਸੰਵਿਧਾਨਿਕ ਨਿਰਦੇਸ਼ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਪੈਰਵੀ ਕੀਤੀ ਹੈ।

ਜਦੋਂ ਸੰਸਦ ਨੇ ਸੰਵਿਧਾਨ ਦੀ ਨੌਵੀਂ ਸੂਚੀ ਵਿੱਚ ਜ਼ਿਆਦਾ ਤੋਂ ਜ਼ਿਆਦਾ ਕਾਨੂੰਨ ਸ਼ਾਮਿਲ ਕਰਕੇ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਨੂੰ ਸੀਮਿਤ ਕਰਨ ਦਾ ਯਤਨ ਕੀਤਾ ਤਾਂ ਸਰਵਉੱਚ ਅਦਾਲਤ ਨੇ ਸੰਸਦ ਦੀ ਇਸ ਕਾਰਵਾਈ 'ਤੇ ਰੋਕ ਲਗਾਉਣ ਲਈ ਗੋਲਕ ਨਾਥ ਮੁਕੱਦਮੇ ਵਿੱਚ ਇਹ ਫੈਸਲਾ ਦਿੱਤਾ ਕਿ ਮੌਲਿਕ ਅਧਿਕਾਰ ਪਵਿੱਤਰ ਸੀ ਅਤੇ ਸੰਸਦ ਇਨ੍ਹਾਂ ਨੂੰ ਸੀਮਿਤ ਜਾਂ ਖਤਮ ਕਰਨ ਲਈ ਸੰਵਿਧਾਨ ਵਿੱਚ ਸੋਧ ਨਹੀਂ ਕਰ ਸਕਦੀ ਸੀ ਪਰ ਬਾਅਦ ਵਿੱਚ ਕੇਸ਼ਵਾਨੰਦਾ ਭਾਰਤੀ ਮੁਕੱਦਮੇ ਵਿੱਚ ਇਸ ਨੇ ਗੋਲਕ ਨਾਥ ਮੁਕੱਦਮੇ ਵਿੱਚ ਦਿੱਤੇ ਆਪਣੇ ਫੈਸਲੇ ਨੂੰ ਬਦਲ ਦਿੱਤਾ, 24ਵੀਂ ਅਤੇ 25ਵੀਂ ਸੋਧ ਨੂੰ ਸਵੀਕਾਰ ਕਰਕੇ ਜਾਇਜ਼ ਕਰਾਰ ਦਿੱਤਾ ਪਰ ਅਨੁਛੇਦ 31 ਵਿੱਚ ਦਿੱਤੇ ਪਰਿਵਰਤਨਾਂ ਦੇ ਇਕ ਹਿੱਸੇ ਨੂੰ ਰੱਦ ਕਰ ਦਿੱਤਾ। ਆਪਣੇ ਮਿਨਰਵਾ ਮਿਲਜ਼ ਮੁਕੱਦਮੇ ਦੇ ਫੈਸਲੇ ਵਿੱਚ, ਸਰਵਉੱਚ ਅਦਾਲਤ ਨੇ ਮੌਲਿਕ ਅਧਿਕਾਰਾਂ (44ਵੀਂ ਸੋਧ ਅਧੀਨਿਯਮ) ਨਾਲ ਸਨਮਾਨਿਤ ਦੇ ਅਧਿਕਾਰ ਨੂੰ ਕੱਢਣ ਵਾਲਾ ਠੀਕ ਦੱਸਣਾ ਪਰ 42ਵੀਂ ਸੋਧ ਵੱਲੋਂ ਦਰਜ ਅਨੁਛੇਦ 31-ਸੀ ਦੀਆਂ ਕੁਝ ਵਿਵਸਥਾਵਾਂ ਨੂੰ ਰੱਦ ਕਰ ਦਿੱਤਾ। ਮੌਲਿਕ ਅਧਿਕਾਰਾਂ ਦੀ ਨਿਰਦੇਸ਼ਕ ਸਿਧਾਂਤਾਂ 'ਤੇ ਸ਼੍ਰੇਸ਼ਠਤਾ ਨੂੰ ਸਵੀਕਾਰ ਕਰਦੇ ਹੋਏ, ਸਰਵਉਚ ਅਦਾਲਤ ਭਾਗ IV ਵਿੱਚ ਦਿੱਤੇ ਕੁਝ ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਅਨੁਛੇਦ 14, 19 ਅਤੇ 31 ਵਿੱਚ ਸੋਧ ਕਰਨ ਦੀ ਸੰਸਦ ਦੀ ਸ਼ਕਤੀ ਨੂੰ ਸਵੀਕਾਰ ਵੀ ਕੀਤਾ। ਇਸ ਵਿੱਚ ਇਸ ਤਰ੍ਹਾਂ ਸਮਾਜਿਕ ਨਿਆ ਦੇ ਹਿੱਤ ਵਿੱਚ ਕੰਮ ਕੀਤਾ।

ਇਸ ਤਰ੍ਹਾਂ ਕਈ ਸਾਲਾਂ ਤੋਂ ਸਰਵਉੱਚ ਅਦਾਲਤਾਂ ਵਿੱਚ ਨਿਆਇਕ ਪੁਨਰ ਨਿਰੀਖਣ ਦੀ ਆਪਣੀ ਸ਼ਕਤੀ ਦਾ ਪ੍ਰਭਾਵਸ਼ਾਲੀ ਅਤੇ ਨਿਆਕਾਰੀ ਇਸਤੇਮਾਲ ਕੀਤਾ ਹੈ। ਇਸ ਵਿੱਚ ਇਸ ਦਾ ਇਸਤੇਮਾਲ ਵਿਗਿਆਨਿਕ ਅਤੇ ਕਾਰਜਕਾਰੀ ਖਾਤਮੇ ਵਿਰੁੱਧ ਲੋਕਾਂ ਦੇ ਅਧਿਕਾਰਾਂ ਅਤੇ ਸੁਤੰਤਰਤਾ ਦੀ ਸੁਰੱਖਿਆ ਲਈ ਅਤੇ ਸੰਵਿਧਾਨ ਦੀ ਵਿਆਖਿਆ ਅਤੇ ਸੁਰੱਖਿਆ ਲਈ ਕੀਤਾ ਹੈ।

## ਨਿਆਇਕ ਪੁਨਰ ਨਿਰੀਖਣ ਦਾ ਆਲੋਚਨਾਤਮਕ ਮੁਲਾਂਕਣ (Critical Appraisal of Judicial Review)

ਕੁਝ ਅਲੋਚਕਾਂ ਨੇ ਨਿਆਇਕ-ਪੁਨਰ ਨਿਰੀਖਣ ਦੇ ਵਿਰੁੱਧ ਮੁਸ਼ਕਿਲਾਂ ਪ੍ਰਗਟਾਈਆਂ ਹਨ।

1. **ਅਲੋਕਤੰਤਰੀ** (Undemocratic) : ਆਲੋਚਕ ਨਿਆਇਕ ਪੁਨਰ ਨਿਆਇਕ ਦੀ ਪ੍ਰਣਾਲੀ ਨੂੰ ਗੈਰ-ਲੋਕਤੰਤਰੀ ਪ੍ਰਣਾਲੀ ਮੰਨਦੇ ਹਨ ਜੋ ਅਦਾਲਤਾਂ ਨੂੰ ਰਾਸ਼ਟਰੀ ਜਨਮਤ ਅਤੇ ਲੋਕਾਂ ਦੀ ਪ੍ਰਭੂਸੱਤਾ ਪੂਰਨ ਇੱਛਾ ਦਾ ਪ੍ਰਤੀਨਿਧਤਾ ਕਰਨ ਵਾਲੀ ਵਿਧਾਨ ਪਾਲਿਕਾ ਵੱਲੋਂ ਪਾਸ ਕੀਤੇ ਕਾਨੂੰਨਾਂ ਦੀ ਕਿਸਮਤ ਦਾ ਫੈਸਲਾ ਕਰਨ ਯੋਗ ਬਣਾਉਂਦੀ ਹੈ।

ਨੋਟ

**2. ਸਪੱਸ਼ਟਤਾ ਦੀ ਕਮੀ** (Lack of Clarity)- ਭਾਰਤ ਦਾ ਸੰਵਿਧਾਨ ਦਾ ਪੁਨਰ ਨਿਰੀਖਣ ਦੀ ਪ੍ਰਣਾਲੀ ਦੀ ਸਪੱਸ਼ਟ ਵਿਆਖਿਆ ਨਹੀਂ ਕਰਦਾ। ਇਹ ਸ਼ਕਤੀ ਜ਼ਿਆਦਾਤਰ ਸੰਵਿਧਾਨ ਦੀਆਂ ਕਈ ਧਾਰਾਵਾਂ ਦੀ ਵਿਆਖਿਆ 'ਤੇ ਮਾਣ ਵਾਲੀਆਂ ਸ਼ਕਤੀਆਂ (Implied Powers) ਦੇ ਸਿਧਾਂਤ 'ਤੇ ਨਿਰਭਰ ਕਰਦੀਆਂ ਹਨ।

**3. ਪ੍ਰਸ਼ਾਸਨਿਕ ਸਮੱਸਿਆਵਾਂ ਦਾ ਸਰੋਤ** (Source of Administrative Problems)- ਇਹ ਪ੍ਰਣਾਲੀ ਸਮੱਸਿਆਵਾਂ ਦਾ ਇਕ ਸਰੋਤ ਰਹੀ ਹੈ, ਜਦ ਕਿਸੇ ਕਾਨੂੰਨ ਜਾਂ ਇਸ ਦਾ ਕਿਸੇ ਭਾਗ-ਭਾਗਾਂ ਨੂੰ ਸਰਵਉੱਚ ਅਦਾਲਤ ਵੱਲੋਂ ਗੈਰ-ਸੰਵਿਧਾਨਿਕ ਘੋਸ਼ਿਤ ਕਰਕੇ ਰੱਦ ਕੀਤਾ ਜਾਂਦਾ ਹੈ ਤਾਂ ਫੈਸਲਾ ਉਸ ਤਾਰੀਖ ਤੋਂ ਲਾਗੂ ਹੋ ਜਾਂਦਾ ਹੈ, ਜਿਸ ਦਿਨ ਇਹ ਦਿੱਤਾ ਜਾਂਦਾ ਹੈ। ਸਰਵਉੱਚ ਅਦਾਲਤਾਂ ਵੱਲੋਂ ਸੁਣੇ ਜਾਂਦੇ ਮੁਕੱਦਮੇ ਵਿੱਚ ਜਦ ਕਿਸੇ ਕਾਨੂੰਨ ਦੀ ਗੈਰ-ਸੰਵਿਧਾਨਿਕ ਦਾ ਪ੍ਰਸ਼ਨ ਉੱਠਦਾ ਹੈ ਤਾਂ ਹੀ ਪੁਨਰ ਨਿਰੀਖਣ ਕੀਤਾ ਜਾਂਦਾ ਹੈ। ਕਾਨੂੰਨ ਦੇ ਲਾਗੂ ਹੋਣ ਤੋਂ 5 ਜਾਂ 10 ਜਾਂ ਵਧੇਰੇ ਸਾਲਾਂ ਤੋਂ ਬਾਅਦ ਹੁਣ ਅਜਿਹਾ ਮੁਕੱਦਮਾ ਸਰਵਉੱਚ ਅਦਾਲਤ ਸਾਹਮਣੇ ਆ ਸਕਦਾ ਹੈ। ਇਸ ਤਰ੍ਹਾਂ ਜਦ ਅਦਾਲਤ ਇਸ ਨੂੰ ਰੱਦ ਕਰਦੀ ਹੈ ਤਾਂ ਇਹ ਪ੍ਰਸ਼ਾਸਨਿਕ ਸਮੱਸਿਆਵਾਂ ਪੈਦਾ ਕਰਦਾ ਹੈ। ਕਈ ਵਾਰ ਨਿਆਇਕ ਪੁਨਰ ਨਿਰੀਖਣ ਇਕ ਸਮੱਸਿਆ ਹੱਲ ਕਰਨ ਤੋਂ ਵਧੇਰੇ ਸਮੱਸਿਆ ਪੈਦਾ ਕਰ ਦਿੰਦਾ ਹੈ।

**4. ਪ੍ਰਤੀਕਿਰਿਆਵਾਦੀ** (Reactionary)- ਕਈ ਆਲੋਚਕ ਨਿਆਇਕ ਪੁਨਰ ਨਿਰੀਖਣ ਪ੍ਰਣਾਲੀ ਨੂੰ ਪ੍ਰਤੀਕਿਰਿਆਵਾਦੀ ਪ੍ਰਣਾਲੀ ਸਮਝਦੇ ਹਨ। ਉਹ ਸਮਝਦੇ ਹਨ ਕਿ ਕਿਸੇ ਦੇ ਸੰਵਿਧਾਨਿਕ ਔਚਿਤਯ ਦਾ ਫੈਸਲਾ ਕਰਦੇ ਸਮੇਂ, ਸਰਵਉੱਚ ਅਦਾਲਤ ਸਧਾਰਣ ਰੂਪ ਵਿੱਚ ਕਾਨੂੰਨੀ ਅਤੇ ਰੂੜੀਵਾਦੀ ਦ੍ਰਿਸ਼ਟੀਕੋਣ ਅਪਣਾਉਂਦੀ ਹੈ ਅਤੇ ਸਮਾਜਿਕ, ਆਰਥਿਕ ਵਿਕਾਸ ਨੂੰ ਬੜ੍ਹਾਵਾ ਦੇਣ ਲਈ ਵਿਧਾਨ ਪਾਲਿਕਾ ਵੱਲੋਂ ਨਿਰਮਿਤ ਪ੍ਰਗਤੀਸ਼ੀਲ ਕਾਨੂੰਨ ਰੱਦ ਕਰ ਦਿੰਦਾ ਹੈ। ਨਿਆਇਕ ਪ੍ਰੀਖਣ ਇਸ ਤਰ੍ਹਾਂ ਵਿਧਾਨ ਪਾਲਿਕਾ 'ਤੇ ਰੂੜੀਵਾਦੀ ਰੋਕ ਹੈ।

**5. ਦੇਰ ਕਰਨ ਵਾਲੀ ਪ੍ਰਣਾਲੀ** (Delaying System)- ਨਿਆਇਕ ਪੁਨਰ ਨਿਰੀਖਣ ਪ੍ਰਣਾਲੀ ਇਕ ਦੇਰੀ ਤੇ ਕੁਸ਼ਲਤਾ ਦਾ ਇਕ ਸਰੋਤ ਰਹੀ ਹੈ, ਜਦ ਇਕ ਕਾਨੂੰਨ ਹੋਂਦ ਵਿੱਚ ਆ ਜਾਂਦਾ ਹੈ ਤਾਂ ਕਈ ਵਾਰ ਲੋਕ ਅਤੇ ਵਿਸ਼ੇਸ਼ ਕਰਕੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਹੌਲੀ ਚੱਲਣ ਦਾ ਫੈਸਲਾ ਕਰਦੀਆਂ ਹਨ ਜਾਂ ਕਿਸੇ ਕਾਨੂੰਨ ਨੂੰ ਲਾਗੂ ਕਰਨ ਦੇ ਸਬੰਧ ਵਿੱਚ ਹੱਥ 'ਤੇ ਹੱਥ ਰੱਖ ਕੇ ਬੈਠ ਜਾਂਦੀਆਂ ਹਨ। ਉਹ ਉਦੋਂ ਤੱਕ ਇੰਤਜ਼ਾਰ ਕਰਨ ਨੂੰ ਪ੍ਰਾਥਮਿਕਤਾ ਦਿੰਦੀਆਂ ਹਨ, ਜਦ ਤੱਕ ਸਰਵਉੱਚ ਅਦਾਲਤ ਆਪਣੇ ਕਿਸੇ ਮੁਕੱਦਮੇ ਵਿੱਚ ਇਸ ਦੇ ਸੰਵਿਧਾਨਿਕ ਔਚਿਤਯ ਦਾ ਫੈਸਲਾ ਨਹੀਂ ਕਰ ਲੈਂਦਾ। ਨਿਆਇਕ ਪੁਨਰ ਨਿਰੀਖਣ ਦੀ ਪ੍ਰਕਿਰਿਆ ਆਪਣੇ ਆਪ ਵਿੱਚ ਇਕ ਹੌਲੀ ਅਤੇ ਦੇਰੀ ਕਰਨ ਵਾਲੀ ਪ੍ਰਕਿਰਿਆ ਹੈ। ਇਸ ਤਰ੍ਹਾਂ ਨਿਆਇਕ ਪੁਨਰ ਨਿਰੀਖਣ ਦੇਰੀ ਅਤੇ ਕੁਸ਼ਲਤਾ ਦਾ ਸਿਰਫ ਇਕ ਸਰੋਤ ਬਣਦੀ ਹੈ।

**6. ਸੰਸਦ ਨੂੰ ਗੈਰ ਜ਼ਿੰਮੇਵਾਰ ਬਣਾਉਂਦੀ ਹੈ** (Makes the Parliament Irresponsible)- ਆਲੋਚਕ ਅੱਗੇ ਵਿਚਾਰ ਦਿੰਦੇ ਹਨ ਕਿ ਨਿਆਇਕ ਪੁਨਰ ਨਿਰੀਖਣ ਦੀ ਪ੍ਰਣਾਲੀ ਸੰਸਦ ਨੂੰ ਕਈ ਵਾਰ ਗੈਰ-ਜ਼ਿੰਮੇਵਾਰ ਬਣਾਉਂਦੀ ਹੈ, ਕਿਉਂਕਿ ਇਹ ਕਿਸੇ ਕਾਨੂੰਨ ਨੂੰ ਪਾਸ ਕਰਦੇ ਸਮੇਂ ਇਹ ਸੋਚ ਲੈਂਦੀ ਹੈ ਕਿ ਸਰਵਉੱਚ ਅਦਾਲਤ ਆਪਣੇ ਆਪ ਇਸ ਦੀ ਸੰਵਿਧਾਨਿਕ-ਔਚਿਤਯ ਦਾ ਫੈਸਲਾ ਕਰ ਲਵੇਗੀ।

**7. ਨਿਆਇਕ ਨਿਰੰਕੁਸ਼ਤਾ** (Fear of Judicial Tyranny)- ਸਰਵਉੱਚ ਅਦਾਲਤ ਦੀ ਇਕ ਪਿੱਠ ਸੰਵਿਧਾਨਿਕ ਮੁਕੱਦਮਾ ਜੋ ਇਸ ਦੇ ਸਾਹਮਣੇ ਆਉਂਦਾ ਹੈ, ਨੂੰ ਸੁਣਦੀ ਹੈ ਅਤੇ ਸਧਾਰਣ ਬਹੁਮਤ ਨਾਲ ਇਸ ਦਾ ਫੈਸਲਾ ਕਰਦੀ ਹੈ, ਬਹੁਤ ਵਾਰ ਇਸ ਢੰਗ ਨਾਲ ਇਕ ਹੀ ਜੱਜ ਦਾ ਵਿਚਾਰ ਹੀ ਕਿਸੇ ਉਸ ਕਾਨੂੰਨ ਦੀ ਕਿਸਮਤ ਦਾ ਫੈਸਲਾ ਦਿੰਦਾ ਹੈ ਜੋ ਪ੍ਰਭੂਸੱਤਾਧਾਰੀ ਲੋਕਾਂ ਦੇ ਚੁਣੇ ਪ੍ਰਤੀਨਿਧੀਆਂ ਦੇ ਬਹੁਮਤ ਨਾਲ ਪਾਸ ਕੀਤਾ ਗਿਆ ਹੁੰਦਾ ਹੈ।

**8. ਸਰਵਉੱਚ ਅਦਾਲਤ ਵੱਲੋਂ ਆਪਣੇ ਹੀ ਫੈਸਲਿਆਂ ਨੂੰ ਤਬਦੀਲ ਕਰਨਾ** (Reversal of its own decisions by the Supreme Court)- ਇਹ ਦੇਖਿਆ ਗਿਆ ਹੈ ਕਿ ਕਈ ਮੌਕਿਆਂ 'ਤੇ ਸਰਵਉੱਚ ਅਦਾਲਤ ਆਪਣੇ ਫੈਸਲੇ ਨੂੰ ਖੁਦ ਹੀ ਰੱਦ ਕਰ ਦਿੰਦਾ ਹੈ ਅਤੇ ਤਬਦੀਲ ਕਰ ਦਿੰਦਾ ਹੈ। ਗੋਪਾਲ ਨਾਥਨ ਮੁਕੱਦਮੇ ਵਿੱਚ ਦਿੱਤੇ ਫੈਸਲੇ ਨੇ ਪਹਿਲੇ ਫੈਸਲਿਆਂ ਨੂੰ ਬਦਲ ਦਿੱਤਾ ਅਤੇ ਕੇਸ਼ਵਾਨੰਦ ਭਾਰਤੀ ਮੁਕੱਦਮੇ ਵਿੱਚ ਫੈਸਲੇ ਨੇ ਪਹਿਲਾਂ ਵਾਲੀ ਸਥਿਤੀ ਪੁਨਰ ਸਥਾਪਿਤ ਕਰ ਦਿੱਤੀ। ਉਸ ਨੇ ਇਕ ਕਾਨੂੰਨ ਨੂੰ ਪਹਿਲਾਂ ਸਹੀ ਠਹਿਰਾਇਆ, ਫਿਰ ਉਸ ਨੂੰ ਗਲਤ ਠਹਿਰਾਇਆ ਅਤੇ ਫਿਰ ਇਸ ਨੂੰ ਸਹੀ ਠਹਿਰਾਇਆ। ਅਜਿਹੇ ਪਰਿਵਰਤਨ ਉਸ ਦੀ ਇੱਕੋ ਜਿਹੇ ਮੁਕੱਦਮਿਆਂ ਵਿੱਚ ਅਲੱਗ-ਅਲੱਗ ਬੈਂਚਾਂ ਵੱਲੋਂ ਅਤੇ ਫੈਸਲਿਆਂ ਵਿੱਚ ਵਿਅਕਤੀਗਤ ਸੋਚ ਦੇ ਤੱਤ ਦਾ ਪ੍ਰਦਰਸ਼ਨ ਕਰਦੇ ਹਨ।

**9. ਅਦਾਲਤ ਦੇ ਸਨਮਾਨ 'ਤੇ ਤਣਾਅ ਦਾ ਇਕ ਸਰੋਤ** (A Source of Strain on the prestige of the court)- ਸਰਵਉੱਚ ਅਦਾਲਤ ਕਈ ਵਾਰ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦਾ ਇਸਤੇਮਾਲ ਕਰਦੇ ਹੋਏ ਰਾਜਨੀਤਿਕ ਚਰਚਾ ਦਾ ਕੇਂਦਰ ਬਣ ਜਾਂਦੀ ਹੈ। ਗੋਪਾਲ ਨਾਥਨ ਮੁਕੱਦਮੇ ਦੇ ਫੈਸਲੇ ਤੋਂ ਬਾਅਦ ਨਾਥ ਪਾਈ ਬਿੱਲ 'ਤੇ ਹੋਈ ਸੰਸਦ ਚਰਚਾ ਨੇ ਸਪੱਸ਼ਟ ਰੂਪ ਵਿੱਚ ਇਸ ਤੱਥ ਨੂੰ ਉਭਾਰਿਆ ਸੀ। ਨਿਆਇਕ ਪੁਨਰ ਨਿਰੀਖਣ ਅਦਾਲਤ ਦੇ ਸਨਮਾਨ ਨੂੰ ਘੱਟ ਕਰ ਸਕਦਾ ਹੈ ਅਤੇ ਇਸ ਨੂੰ ਰਾਜਨੀਤਿਕ ਚਰਚਾ ਦੇ ਅਖਾੜੇ ਵਿੱਚ ਲਿਆ ਸਕਦਾ ਹੈ।

ਨੋਟ

**10. ਨਿਆ ਪਾਲਿਕਾ ਅਤੇ ਸੰਸਦ ਦਰਮਿਆਨ ਗਤੀਵਿਧੀਆਂ ਦੀ ਸੰਭਾਵਨਾ** (Possibility of deadlocks between the judiciary and the parliament)- ਜਦ ਸਰਵਉੱਚ ਅਦਾਲਤ ਕਿਸੇ ਕਾਨੂੰਨ ਨੂੰ ਗੈਰ-ਸੰਵਿਧਾਨਿਕ ਘੋਸ਼ਿਤ ਕਰਕੇ ਰੱਦ ਕਰਦੀ ਹੈ ਤਾਂ ਸਿਰਫ ਸੰਸਦ ਸੰਵਿਧਾਨ ਦੀ ਸੋਧ ਨਾਲ ਜਾਂ ਹੋਰ ਕਾਨੂੰਨ ਬਣਾਉਣ ਦੇ ਫੈਸਲਿਆਂ ਨਾਲ ਇਸ 'ਤੇ ਕੰਟਰੋਲ ਕਰਨ ਦਾ ਯਤਨ ਕਰਦੀ ਹੈ। ਇਸ ਪ੍ਰਕਿਰਿਆ ਵਿੱਚ ਨਿਆ ਪਾਲਿਕਾ ਅਤੇ ਸੰਸਦ ਦਰਮਿਆਨ ਗਤੀਵਿਧੀਆਂ ਅਤੇ ਵਿਵਾਦ ਪੈਦਾ ਹੋ ਜਾਂਦੇ ਹਨ। ਮੌਲਿਕ ਅਧਿਕਾਰਾਂ (ਭਾਗ III) ਅਤੇ ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ (ਭਾਗ IV) ਦੇ ਦਰਮਿਆਨ ਸਬੰਧਾਂ ਦੇ ਮੁੱਦੇ 'ਤੇ ਸਰਵਉੱਚ ਅਦਾਲਤ ਅਤੇ ਸੰਸਦ ਦੇ ਦ੍ਰਿਸ਼ਟੀਕੋਣਾਂ ਅਤੇ ਵਿਵਹਾਰ 'ਚ ਫਰਕ ਨੇ ਦੋਵਾਂ ਦਰਮਿਆਨ ਗਤੀਰੋਧ ਪੈਦਾ ਕਰ ਦਿੱਤਾ ਸੀ। ਅਜਿਹੇ ਗਤੀਰੋਧ ਅਤੇ ਵਿਵਾਦ ਭਵਿੱਖ ਵੀ ਪੈਦਾ ਹੋ ਸਕਦੇ ਹਨ।

ਇਨ੍ਹਾਂ ਸਾਰੇ ਅਧਾਰਾਂ 'ਤੇ ਆਲੋਚਕਾਂ ਨੇ ਭਾਰਤ ਵਿੱਚ ਚੱਲ ਰਹੀ ਨਿਆਇਕ ਪੁਨਰ ਨਿਰੀਖਣ ਪ੍ਰਣਾਲੀ ਦੀ ਆਲੋਚਨਾ ਕੀਤੀ ਹੈ।

**ਨਿਆਇਕ ਪੁਨਰ ਨਿਰੀਖਣ ਦਾ ਔਚਿਤਯ (Justification of Judicial Review) :**

ਨਿਆ ਪਾਲਿਕਾ ਦੀ ਨਿਆਇਕ ਪੁਨਰ ਨਿਰੀਖਣ ਸ਼ਕਤੀ ਦੇ ਸਮਰਥਕ ਅਤੇ ਉਨ੍ਹਾਂ ਦੀ ਸੰਖਿਆ ਕਾਫੀ ਵਧੇਰੇ ਹੈ, ਆਲੋਚਕਾਂ ਦੇ ਵਿਚਾਰਾਂ ਨੂੰ ਸਹੀ ਨਹੀਂ ਮੰਨਦੇ। ਉਹ ਵਿਚਾਰ ਪੇਸ਼ ਕਰਦੇ ਹਨ ਕਿ ਨਿਆਇਕ ਪੁਨਰ ਨਿਰੀਖਣ ਭਾਰਤੀ ਉਦਾਰਵਾਦੀ ਲੋਕਤੰਤਰੀ ਅਤੇ ਸੰਘੀ ਰਾਜਨੀਤਿਕ ਪ੍ਰਣਾਲੀ ਦੀ ਇਕ ਜ਼ਰੂਰੀ ਵਿਸ਼ੇਸ਼ਤਾ ਹੈ, ਜਿਸ ਨੇ ਇਸ ਦੇ ਵਿਕਾਸ ਵਿੱਚ ਮਹੱਤਵਪੂਰਨ ਬਹੁਤ ਸਹਾਇਕ ਅਤੇ ਜ਼ਰੂਰੀ ਭੂਮਿਕਾ ਨਿਭਾਈ ਹੈ।

*(i)* ਇਹ ਸੰਵਿਧਾਨ ਦੀ ਸਰਵਉੱਚਤਾ ਸਥਾਪਿਤ ਕਰਨ ਲਈ ਜ਼ਰੂਰੀ ਹੈ ਅਤੇ ਪਿਛਲੇ ਲੱਗਭਗ 6 ਦਹਾਕਿਆਂ ਦੌਰਾਨ ਇਸ ਨੇ ਇਹ ਭੂਮਿਕਾ ਪ੍ਰਸ਼ਾਸਨ ਦੇ ਢੰਗ ਨਾਲ ਨਿਭਾਈ ਹੈ।

*(ii)* ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਵੱਲੋਂ ਸ਼ਕਤੀ ਦੇ ਸੰਭਾਵਿਤ ਦੁਰਉਪਯੋਗ ਨੂੰ ਰੋਕਣ ਲਈ ਨਿਆ ਪਾਲਿਕਾ ਦੀ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਜ਼ਰੂਰੀ ਹੈ। ਭਾਰਤ ਦੀ ਸਰਵਉੱਚ ਅਦਾਲਤ ਨੇ ਇਸ ਭੂਮਿਕਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ ਹੈ।

*(iii)* ਸੰਘੀ ਸੰਤੁਲਨ ਸਥਾਪਿਤ ਕਰਨ ਲਈ ਸੰਘ ਅਤੇ ਰਾਜਾਂ ਦਰਮਿਆਨ ਇਕ ਵਿਚਕਾਰਲੀ ਜਾਂ ਨਿਰਣਾਇਕ ਦੇ ਰੂਪ ਵਿੱਚ ਨਿਆ ਪਾਲਿਕਾ ਦੇ ਮਹੱਤਵ ਨਾਲ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਭਾਰਤ ਦੀ ਸਰਵਉੱਚ ਅਦਾਲਤ ਨੇ ਭਾਰਤੀ ਸੰਘ ਦੇ ਦੋਵਾਂ ਭਾਗਾਂ ਦਰਮਿਆਨ ਇਕ ਨਿਆਇਕ ਵਿਚਕਾਰਲੀ ਭੂਮਿਕਾ ਵਿੱਚ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦਾ ਇਸਤੇਮਾਲ ਨਾਲ ਸੰਘੀ ਸੰਤੁਲਨ ਨੂੰ ਕਾਇਮ ਰੱਖਣ ਵਿੱਚ ਬਹੁਤ ਵਧੇਰੇ ਸਹਾਇਤਾ ਕੀਤੀ ਹੈ।

*(iv)* ਨਿਆ ਪਾਲਿਕਾ ਨੂੰ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਪ੍ਰਦਾਨ ਕਰਨਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਸਰਕਾਰ ਦੇ ਤੀਸਰੇ ਅਤੇ ਸਭ ਤੋਂ ਕਮਜ਼ੋਰ ਇਸ ਅੰਗ ਨੂੰ ਦੂਸਰੇ ਦੋ ਭਾਗਾਂ ਦੀ ਤੁਲਨਾ ਵਿੱਚ ਕੁਝ ਸ਼ਕਤੀਸ਼ਾਲੀ ਬਣਾਇਆ ਜਾ ਸਕੇ। ਇਹ ਨਿਆ ਪਾਲਿਕਾ ਦੀ ਸੁਤੰਤਰਤਾ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਹੈ।

*(v)* ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਸਰਵਉੱਚ ਅਦਾਲਤ ਨੂੰ ਆਪਣੇ ਤਿੰਨ ਪ੍ਰਮੁੱਖ ਸੰਵਿਧਾਨਿਕ ਕਰਤਵ ਨਿਭਾਉਣ ਵਿੱਚ ਬਹੁਤ ਸਹਾਇਤਾ ਕਰਦੀ ਹੈ: (1) ਸੰਵਿਧਾਨ ਦੀ ਸਰਵਉੱਚਤਾ ਨੂੰ ਸਥਾਪਿਤ ਰੱਖਣ ਲਈ, (2) ਸੰਵਿਧਾਨ ਦੀ ਵਿਆਖਿਆ ਕਰਨ ਲਈ ਅਤੇ (3) ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਕਰਨ ਲਈ। ਨਿਆਇਕ ਪੁਨਰ ਨਿਰੀਖਣ ਮੌਲਿਕ ਅਧਿਕਾਰਾਂ ਦੀ ਵਿਧਾਨਕ ਅਤੇ ਕਾਰਜਕਾਰੀ ਉਲੰਘਣਾਵਾਂ ਵਿਰੁੱਧ ਸਰਵਉੱਚ ਅਦਾਲਤ ਨੂੰ ਇਕ ਉਪਚਾਰ ਯੰਤਰ ਦੇ ਰੂਪ ਵਿੱਚ ਕੰਮ ਕਰਨ ਦੇ ਯੋਗ ਬਣਾਉਂਦੀ ਹੈ।

*(vi)* ਸਰਵਉੱਚ ਅਦਾਲਤ ਵੱਲੋਂ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦੇ ਦੁਰਉਪਯੋਗ ਦੀ ਸੰਭਾਵਨਾ ਨੂੰ ਰੋਕਣ ਲਈ ਸੰਵਿਧਾਨ ਨੇ ਇਸ ਸ਼ਕਤੀ ਦੇ ਇਸਤੇਮਾਲ 'ਤੇ ਕਈ ਪ੍ਰਤੀਬੰਧ ਲਗਾਏ ਹਨ। ਇਸ ਗੱਲ ਨੂੰ ਭਰੋਸੇਯੋਗ ਬਣਾਉਣ ਲਈ ਸਰਵਉੱਚ ਅਦਾਲਤ ਕਿਤੇ ਉੱਚ ਵਿਧਾਨ ਪਾਲਿਕਾ ਜਾਂ ਉੱਚ ਕਾਰਜ ਪਾਲਿਕਾ ਬਣਨ ਦਾ ਯਤਨ ਨਾ ਕਰੇ, ਸੰਵਿਧਾਨ ਨਿਰਮਾਤਾਵਾਂ ਨੇ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ 'ਤੇ ਹੇਠ ਲਿਖੇ ਪ੍ਰਤੀਬੰਧ ਲਗਾਏ ਹਨ :

(ੳ) ਸੰਵਿਧਾਨ ਦੇ ਕਿਸੇ ਵੀ ਅਨੁਛੇਦ ਵਿੱਚ ਨਿਆਇਕ ਪੁਨਰ ਨਿਰੀਖਣ ਸ਼ਕਤੀ ਦੇ ਸਪੱਸ਼ਟ ਵਰਨਣ ਦਾ ਅਹਿਸਾਸ।

(ਖ) ਨਿਆਇਕ ਪੁਨਰ ਨਿਰੀਖਣ ਕੁਝ ਖੇਤਰਾਂ 'ਤੇ ਸੰਭਵ ਨਹੀਂ। ਸੰਸਦ ਸੰਵਿਧਾਨ ਦੀ 9ਵੀਂ ਸੂਚੀ ਵਿੱਚ ਸਮਾਜਿਕ, ਆਰਥਿਕ ਸੁਧਾਰਾਂ ਨੂੰ ਸੁਰੱਖਿਅ ਕਰਨ ਵਾਲੇ ਕਾਨੂੰਨ ਸ਼ਾਮਿਲ ਕਰ ਸਕਦੀ ਹੈ ਅਤੇ ਇਸ ਤਰ੍ਹਾਂ ਇਸ ਨੂੰ ਨਿਆਇਕ ਪੁਨਰ ਨਿਰੀਖਣ ਤੋਂ ਮੁਕਤ ਰੱਖ ਸਕਦੀ ਹੈ।

(ਗ) ਕਾਨੂੰਨ ਦੀ ਸਹੀ ਪ੍ਰਕਿਰਿਆ ਦੇ ਸਿਧਾਂਤ ਦੀ ਜਗ੍ਹਾ 'ਤੇ ਕਾਨੂੰਨ ਵੱਲੋਂ ਸਥਾਪਿਤ ਪ੍ਰਕਿਰਿਆ ਦੇ ਸਿਧਾਂਤ ਨੂੰ ਸਵੀਕਾਰ ਕਰਕੇ ਵੀ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ 'ਤੇ ਪ੍ਰਤੀਬੰਧ ਲਗਾਇਆ ਗਿਆ ਹੈ।

(ਘ) ਸਰਵਉੱਚ ਅਦਾਲਤ ਖੁਦ ਵੀ ਲਿਖਤੀ ਸੰਵਿਧਾਨ ਦੇ ਅਨੁਛੇਦਾਂ ਅਧੀਨ ਹਨ। ਸੰਸਦ ਸੰਵਿਧਾਨ ਵਿੱਚ ਸੋਧ ਕਰ ਸਕਦੀ ਹੈ ਅਤੇ ਬਹੁਤ ਸਾਰੇ ਖੇਤਰਾਂ ਵਿੱਚ ਭਾਰਤੀ ਸੰਵਿਧਾਨ ਇਕ ਲਚਕੀਲਾ ਸੰਵਿਧਾਨ ਹੈ।

ਨੋਟ

(ਙ) ਸੰਵਿਧਾਨ ਵਿੱਚ ਸਪੱਸ਼ਟ ਮੌਲਿਕ ਅਧਿਕਾਰਾਂ ਨੂੰ ਦਰਜ ਕਰਨਾ ਅਤੇ ਇਨ੍ਹਾਂ ਦੇ ਖੇਤਰ ਪ੍ਰਤੀ ਕੁਝ ਅਪਵਾਦਾਂ (Exceptions) ਨੂੰ ਸੰਵਿਧਾਨ ਵਿੱਚ ਲਿਖਣਾ ਵੀ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ 'ਤੇ ਪ੍ਰਤੀਬੰਧ ਲਗਾਉਣ ਵੱਲ ਕੀਤਾ ਗਿਆ ਯਤਨ ਹੈ।

(ਚ) ਸੰਘ ਅਤੇ ਰਾਜ ਵਿੱਚ ਸ਼ਕਤੀਆਂ ਦੀ ਵੰਡ, ਸੰਘ ਰਾਜ ਝਗੜਿਆਂ ਦੀ ਸੰਭਾਵਨਾ ਨੂੰ ਘੱਟ ਕਰਨ ਲਈ ਸਪੱਸ਼ਟ ਅਤੇ ਸੂਖਮ ਰੂਪ ਵਿੱਚ ਵਰਣਿਤ ਕੀਤਾ ਗਿਆ ਹੈ ਅਤੇ ਇਸ ਨਾਲ ਨਿਆਇਕ ਪੁਨਰ ਨਿਰੀਖਣ ਦੇ ਖੇਤਰ ਨੂੰ ਵੀ ਸੀਮਿਤ ਰੱਖਿਆ ਗਿਆ ਹੈ।

(ਛ) ਸੰਸਦ ਨਿਆਇਕ ਪੁਨਰ ਨਿਰੀਖਣ ਨਾਲ ਪੈਦਾ ਕੀਤੀਆਂ ਗਈਆਂ ਰੁਕਾਵਟਾਂ ਨੂੰ ਜ਼ਰੂਰੀ ਸੋਧਾਂ ਨਾਲ ਦੂਰ ਕਰ ਸਕਦੀ ਹੈ।

ਇਹ ਸਾਰੇ ਪ੍ਰਤੀਬੰਧ ਨਿਆਇਕ ਪੁਨਰ ਨਿਰੀਖਣ ਦੇ ਸੰਭਵ ਦੁਰਉਪਯੋਗ ਨੂੰ ਰੋਕ ਸਕਦੀ ਹੈ।

ਸਰਵਉੱਚ ਅਦਾਲਤ ਦੀ ਨਿਆਇਕ ਪੁਨਰ ਨਿਰੀਖਣ ਸ਼ਕਤੀ ਨੂੰ ਸੰਵਿਧਾਨ ਵਿੱਚ ਸ਼ਾਮਿਲ ਕਰਨਾ ਇਕ ਪ੍ਰਸ਼ੰਸਾਯੋਗ ਵਿਸ਼ੇਸ਼ਤਾ ਹੈ। ਇਹ ਇਕ ਉੱਤਮ ਵਿਵਸਥਾ ਹੈ ਅਤੇ ਇਸ ਦਾ ਇਸਤੇਮਾਲ ਅਦਾਲਤ ਵੱਲੋਂ ਆਪਣੀ ਸੰਵਿਧਾਨਿਕ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਕੀਤਾ ਗਿਆ ਹੈ। ਸਰਵਉੱਚ ਅਦਾਲਤ ਨੇ ਇਸ ਦਾ ਇਸਤੇਮਾਲ ਸਮਾਜਿਕ, ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਵਿੱਚ ਬਿਨਾਂ ਨੁਕਸਾਨ ਪਹੁੰਚਾਏ ਕੀਤਾ ਹੈ। ਜਿੱਥੇ ਕਿਤੇ ਇਸ ਨੇ ਅਨੁਭਵ ਕੀਤਾ ਕਿ ਫੈਸਲੇ ਵਿੱਚ ਕੋਈ ਗਲਤੀ ਹੋਈ ਸੀ ਜਾਂ ਸਧਾਰਣ ਲੋਕਾਂ ਦੇ ਹਿੱਤਾਂ 'ਤੇ ਹਾਨੀਕਾਰਕ ਪ੍ਰਭਾਵ ਪਿਆ ਸੀ ਤਾਂ ਇਸ ਨੇ ਆਪਣੇ ਫੈਸਲਿਆਂ ਨੂੰ ਬਦਲਣ ਵਿੱਚ ਕੋਈ ਝਿਜਕ ਨਹੀਂ ਦਿਖਾਈ। ਇਸ ਨੇ ਆਪਣੀ ਸੁਤੰਤਰਤਾ ਸਥਾਪਿਤ ਰੱਖੀ ਅਤੇ ਆਪਣੀ ਸ਼ਕਤੀ ਦੇ ਇਸਤੇਮਾਲ ਅਤੇ ਕੰਮ ਨੂੰ ਦ੍ਰਿੜਤਾ ਨਾਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ। ਕਈ ਵਾਰ ਨਿਆਇਕ ਪੁਨਰ ਨਿਰੀਖਣ ਪ੍ਰਣਾਲੀ ਨੇ ਕਈ ਵਿਵਾਦ ਵੀ ਪੈਦਾ ਕੀਤੇ ਹਨ ਪਰ ਇਨ੍ਹਾਂ ਦਾ ਸਰਕਾਰ ਦੇ ਦੂਸਰੇ ਦੋ ਅੰਗਾਂ ਅਤੇ ਸਰਵਉੱਚ ਅਦਾਲਤ ਦੋਵਾਂ ਵੱਲੋਂ ਸਮਝਦਾਰੀ ਵਾਲੇ ਦ੍ਰਿਸ਼ਟੀਕੋਣ ਨਾਲ ਹੱਲ ਕਰ ਲਿਆ ਗਿਆ ਹੈ।

ਇਸ ਤਰ੍ਹਾਂ ਨਿਆਇਕ ਪੁਨਰ ਨਿਰੀਖਣ ਦੀ ਪ੍ਰਣਾਲੀ ਨੂੰ ਜਾਰੀ ਰੱਖਣ ਦੇ ਪੱਖ ਵਿੱਚ ਔਚਿਤਯ ਅਤੇ ਨਿਆਇਕ ਪੁਨਰ ਨਿਰੀਖਣ ਸੰਵਿਧਾਨ ਦੇ ਚਾਲੂ ਹੋਣ ਸਮੇਂ ਤੋਂ ਲੈ ਕੇ ਅੱਜ ਤੱਕ ਵਿਵਹਾਰ ਵਿੱਚ ਹੈ। ਕੁਝ ਬੁੱਧੀਜੀਵੀਆਂ ਅਤੇ ਵਿਗਿਆਨੀਆਂ ਵੱਲੋਂ ਕਦੇ-ਕਦੇ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਨਾਲ ਲੈਸ ਇਕ ਨਵੀਂ ਅਤੇ ਅਲੱਗ ਸੰਵਿਧਾਨਿਕ ਪ੍ਰੀਸ਼ਦ ਬਣਾਉਣ ਦੀ ਮੰਗ ਕੀਤੀ ਗਈ ਹੈ ਪਰ ਸਰਵਉੱਚ ਅਦਾਲਤ ਵੱਲੋਂ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦੇ ਔਚਿਤਯ ਅਤੇ ਸਮਝਦਾਰੀ ਭਰੇ ਇਸਤੇਮਾਲ ਨੇ ਇਸ ਮੰਗ ਨੂੰ ਹਮੇਸ਼ਾਂ ਹੀ ਪ੍ਰਾਣਹੀਣ ਕਰ ਦਿੱਤਾ ਹੈ। ਸਧਾਰਣ ਸਹਿਮਤੀ ਨਿਆਇਕ ਪੁਨਰ ਨਿਰੀਖਣ ਦੀ ਪ੍ਰਣਾਲੀ ਦੇ ਬਣੇ ਰਹਿਣ ਦੇ ਪੱਖ ਵਿੱਚ ਹੈ। ਇਹ ਸਚਮੁੱਚ ਭਾਰਤ ਦੇ ਸੰਵਿਧਾਨ ਦੀ 'ਮੌਲਿਕ ਰਚਨਾ' ਦਾ ਇਕ ਮੂਲ ਭਾਗ ਹੈ।

**ਸਵ-ਮੁਲਾਂਕਣ (Self Assessment)**

ਹੇਠ ਲਿਖੇ ਕਥਨਾਂ ਵਿੱਚੋਂ ਸੱਚ/ਝੂਠ ਦੱਸੋ (Write True/False in the following statements):

8. ਅਨੁਛੇਦ 13 ਅਦਾਲਤ ਦੀ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਨੂੰ ਅਧਾਰ ਪ੍ਰਦਾਨ ਕਰਦਾ ਹੈ।
9. ਅਨੁਛੇਦ 124 (6) ਅਤੇ 219 ਅਧੀਨ ਸਰਵਉੱਚ ਅਦਾਲਤ ਅਤੇ ਉੱਚ ਅਦਾਲਤਾਂ ਦੇ ਜੱਜਾਂ ਨੂੰ ਲਗਾਤਾਰ ਕਾਨੂੰਨ ਵੱਲੋਂ ਸਥਾਪਿਤ ਸੰਵਿਧਾਨ ਪ੍ਰਤੀ ਨਿਸ਼ਠਾ ਦੀ ਸਹੁੰ ਚੁੱਕਣੀ ਪੈਂਦੀ ਹੈ।
10. ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਦੇ ਦੁਰਉਪਯੋਗ ਦੀ ਸੰਭਾਵਨਾ ਨੂੰ ਰੋਕਣ ਲਈ ਸੰਵਿਧਾਨ ਨੇ ਇਸ ਸ਼ਕਤੀ ਦੇ ਇਸਤੇਮਾਲ 'ਤੇ ਕੋਈ ਪ੍ਰਤੀਬੰਧ ਨਹੀਂ ਲਗਾਇਆ ਹੈ।

## 9.5 ਸਾਰ ਅੰਸ਼ (Summary)

- ਸਰਵਉੱਚ ਅਦਾਲਤ ਵੱਲੋਂ ਸੰਵਿਧਾਨ ਦੇ ਰੱਖਿਅਕ ਅਤੇ ਸੰਵਿਧਾਨ ਦੇ ਅਧਿਕਾਰਿਕ ਵਿਆਖਿਅਤਾ ਦੇ ਰੂਪ ਵਿੱਚ ਕੰਮ ਕੀਤਾ ਜਾਂਦਾ ਹੈ।
- ਸਰਵਉੱਚ ਅਦਾਲਤ ਨੂੰ ਸੰਵਿਧਾਨ ਦੀ ਧਾਰਾ 145 ਅਧੀਨ ਅਦਾਲਤ ਦੀ ਕਾਰਵਾਈ ਅਤੇ ਕਾਰਜ ਵਿਧੀ ਨੂੰ ਨਿਯਮਿਤ ਕਰਨ ਲਈ ਸਮੇਂ-ਸਮੇਂ 'ਤੇ ਨਿਯਮਾਂ ਨੂੰ ਬਣਾਉਣ ਦੀ ਸ਼ਕਤੀ ਦਿੱਤੀ ਗਈ ਹੈ।
- ਸੰਨ 1967 ਵਿੱਚ ਗੋਲਕ ਨਾਥ ਦੇ ਮੁਕੱਦਮੇ ਵਿੱਚ ਸਰਵਉੱਚ ਅਦਾਲਤ ਨੇ ਇਹ ਫੈਸਲਾ ਕੀਤਾ ਕਿ ਸੰਸਦ ਮੌਲਿਕ ਅਧਿਕਾਰਾਂ ਵਿੱਚ ਸੋਧ ਨਹੀਂ ਕਰ ਸਕਦੀ। 1973 ਵਿੱਚ ਕੇਸ਼ਵਾਨੰਦ ਭਾਰਤੀ ਦੇ ਮੁਕੱਦਮੇ ਵਿੱਚ ਫੈਸਲਾ ਦਿੱਤਾ ਕਿ ਸੰਸਦ ਮੌਲਿਕ ਅਧਿਕਾਰਾਂ ਵਿੱਚ ਸੋਧ ਕਰ ਸਕਦੀ ਹੈ।

**ਨੋਟ**

- 42ਵੀਂ ਸੋਧ ਨਾਲ ਇਹ ਵਿਵਸਥਾ ਕੀਤੀ ਗਈ ਕਿ ਅਜਿਹੇ ਵਿਅਕਤੀ ਨੂੰ ਉੱਚ ਅਦਾਲਤ ਦਾ ਜੱਜ ਨਿਯੁਕਤ ਕੀਤਾ ਜਾ ਸਕਦਾ ਹੈ, ਜੋ ਰਾਸ਼ਟਰਪਤੀ ਦੀ ਨਜ਼ਰ ਵਿੱਚ ਪ੍ਰਸਿੱਧ ਨਿਆ ਸ਼ਾਸਤਰੀ ਹੋਵੇ ਅਤੇ ਜੋ ਕਿਸੇ ਟ੍ਰਿਬਿਊਨਲ ਜਾਂ ਕੇਂਦਰੀ ਸਰਕਾਰ ਅਤੇ ਰਾਜ ਸਰਕਾਰ ਅਧੀਨ ਕਾਨੂੰਨ ਦੀ ਵਿਸ਼ੇਸ਼ ਜਾਣਕਾਰੀ ਰੱਖਣ ਵਾਲੇ ਅਹੁਦੇ 'ਤੇ 10 ਸਾਲ ਤੱਕ ਕੰਮ ਕਰ ਚੁੱਕਾ ਹੋਵੇ।
- ਭਾਰਤ ਦਾ ਸੰਵਿਧਾਨ ਦੇਸ਼ ਦਾ ਸਰਵਉੱਚ ਕਾਨੂੰਨ ਹੈ ਅਤੇ ਭਾਰਤ ਦੀ ਸਰਵਉੱਚ ਅਦਾਲਤ ਕੋਲ ਸੰਵਿਧਾਨ ਦੀ ਵਿਆਖਿਆ ਅਤੇ ਸੁਰੱਖਿਆ ਦੀ ਸਰਵਉੱਚ ਜ਼ਿੰਮੇਵਾਰੀ ਹੈ। ਇਹ ਲੋਕਾਂ ਦੇ ਮੌਲਿਕ ਅਧਿਕਾਰਾਂ ਦੇ ਰੱਖਿਅਕ ਦੇ ਰੂਪ ਵਿੱਚ ਵੀ ਕੰਮ ਕਰਦਾ ਹੈ।
- ਜਦ ਅਦਾਲਤ ਕਿਸੇ ਕਾਨੂੰਨ ਨੂੰ ਗੈਰ-ਸੰਵਿਧਾਨਿਕ ਘੋਸ਼ਿਤ ਕਰਕੇ ਰੱਦ ਕਰਦਾ ਹੈ ਤਾਂ ਉਸ ਨੂੰ ਇਹ ਸਪੱਸ਼ਟ ਕਰਨਾ ਪੈਂਦਾ ਹੈ ਕਿ ਇਸ ਕਾਨੂੰਨ ਕਿਸ ਸੰਵਿਧਾਨਿਕ ਅਨੁਛੇਦ ਦਾ ਉਲੰਘਣ ਕੀਤਾ ਹੈ। ਅਦਾਲਤ ਨੂੰ ਕਾਨੂੰਨ ਨੂੰ ਰੱਦ ਕਰਨ ਦੇ ਕਾਰਨਾਂ ਨੂੰ ਵੀ ਸਪੱਸ਼ਟ ਕਰਨਾ ਹੁੰਦਾ ਹੈ।
- ਨਿਆਇਕ ਪੁਨਰ ਨਿਰੀਖਣ ਪ੍ਰਣਾਲੀ ਇਕ ਦੇਰੀ ਅਤੇ ਅਕੁਸ਼ਲਤਾ ਦਾ ਇਕ ਸਰੋਤ ਰਹੀ ਹੈ। ਜਦ ਇਕ ਕਾਨੂੰਨ ਹੋਂਦ ਵਿੱਚ ਆਉਂਦਾ ਹੈ ਤਾਂ ਕਈ ਵਾਰ ਲੋਕ ਵਿਸ਼ੇਸ਼ ਕਰਕੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਹੌਲੀ ਚੱਲਣ ਦਾ ਫੈਸਲਾ ਕਰਦੀਆਂ ਹਨ ਜਾਂ ਕਿਸੇ ਕਾਨੂੰਨ ਨੂੰ ਲਾਗੂ ਕਰਨ ਦੇ ਸਬੰਧ ਵਿੱਚ ਹੱਥ 'ਤੇ ਹੱਥ ਰੱਖ ਕੇ ਬੈਠ ਜਾਂਦੀਆਂ ਹਨ।

## 9.6 ਸ਼ਬਦਕੋਸ਼ (Keywords)

- **ਪੁਨਰ ਨਿਰੀਖਣ** (**Review**): ਪੁਨਰ ਦੇਖਣਾ, ਦੁਬਾਰਾ ਜਾਂਚਣਾ।
- **ਪ੍ਰਮਾਦੇਸ਼** (**Mandamus**) : ਉੱਚ ਅਦਾਲਤ ਵੱਲੋਂ ਦਿੱਤਾ ਗਿਆ ਆਦੇਸ਼, ਉੱਚ ਅਦਾਲਤ ਵੱਲੋਂ ਦਿੱਤੀ ਗਈ ਆਖਿਆ।

## 9.7 ਅਭਿਆਸ ਪ੍ਰਸ਼ਨ (Review Questions)

1. ਭਾਰਤ ਦੀ ਸਰਵਉੱਚ ਅਦਾਲਤ ਦੀ ਰਚਨਾ ਦਾ ਵਰਨਣ ਕਰੋ।
2. ਉੱਚ ਅਦਾਲਤ ਦੀਆਂ ਸ਼ਕਤੀਆਂ ਅਤੇ ਸਥਿਤੀ ਦਾ ਵਰਨਣ ਕਰੋ।
3. ਨਿਆਇਕ ਪੁਨਰ ਨਿਰੀਖਣ ਤੋਂ ਤੁਸੀਂ ਕੀ ਸਮਝਦੇ ਹੋ?
4. ਨਿਆਇਕ ਪੁਨਰ ਨਿਰੀਖਣ ਦਾ ਆਲੋਚਨਾਤਮਕ ਮੁਲਾਂਕਣ ਕਰੋ।

**ਉੱਤਰ : ਸਵ ਮੁਲਾਂਕਣ** (**Answer : Self Assessment**)

| | |
|---|---|
| 1. 1935 ਦੇ ਅਧੀਨਿਯਮ | 2. 25 |
| 3. ਜੱਜ ਜੇ. ਸੀ. ਸ਼ਾਹ | 4. ਮੌਲਿਕ |
| 5. (ਬ) | 6. (ਸ) |
| 7. (ਅ) | 8. ਸੱਚ |
| 9. ਸੱਚ | 10. ਝੂਠ |

## 9.8 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਭਾਰਤੀ ਸ਼ਾਸਨ ਅਤੇ ਰਾਜਨੀਤੀ- ਪੀ. ਰਸਤੋਗੀ।
2. ਭਾਰਤੀ ਰਾਜਨੀਤਿਕ ਵਿਵਸਥਾ- ਐੱਨ. ਛਾਬੜਾ।

# ਇਕਾਈ-10: ਸਰਵਜਨਕ ਹਿੱਤ ਮੁਕੱਦਮਾ ਵਿਵਸਥਾ ਅਤੇ ਲੋਕ ਅਦਾਲਤ (Public Interest Litigation and Lok Adalats)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

10.1 ਸਰਵਜਨਕ ਹਿੱਤ ਮੁਕੱਦਮੇ ਪ੍ਰਬੰਧ: ਧਾਰਨਾਵਾਂ ਅਤੇ ਪ੍ਰਕਿਰਤੀ (Public Interest Litigation: Concept and Nature)

10.2 ਸਰਵਜਨਕ ਹਿੱਤ ਮੁਕੱਦਮੇ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ (Features of Public Interest Litigation)

10.3 ਲੋਕ ਅਦਾਲਤ ( Lok Adalats)

10.4 ਲੋਕ ਅਦਾਲਤਾਂ ਦਾ ਸੰਗਠਨ ਅਤੇ ਕੰਮ ਕਰਨ ਦਾ ਢੰਗ (Organisation and Method of Working of Lok Adalats)

10.5 ਭਾਰਤ ਵਿੱਚ ਨਿਆ ਪਾਲਿਕਾ ਦੀ ਸੁਤੰਤਰਤਾ: ਵਿਸ਼ੇਸ਼ਤਾਵਾਂ (Independence of Judiciary in India: Features)

10.6 ਸਾਰ ਅੰਸ਼ (Summary)

10.7 ਸ਼ਬਦਕੋਸ਼ (Keywords)

10.8 ਅਭਿਆਸ ਪ੍ਰਸ਼ਨ (Review Questions)

10.9 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਪੀ. ਆਈ. ਦੇ ਬਾਰੇ ਜਾਨਣ ਸਬੰਧੀ।
- ਪੀ. ਆਈ. ਦਲ ਦੀਆਂ ਵਿਸ਼ੇਸ਼ਤਾਵਾਂ ਦੱਸਣ ਸਬੰਧੀ।
- ਲੋਕ ਅਦਾਲਤ ਦੀਆਂ ਪ੍ਰੀਭਾਸ਼ਾਵਾਂ ਦੱਸਣ ਸਬੰਧੀ।
- ਲੋਕ ਅਦਾਲਤਾਂ ਦਾ ਕੰਮ ਦੱਸਣ ਸਬੰਧੀ।
- ਭਾਰਤ ਵਿੱਚ ਨਿਆ ਪਾਲਿਕਾ ਦੀਆਂ ਵਿਸ਼ੇਸ਼ਤਾਵਾਂ ਦੱਸਣ ਸਬੰਧੀ।

## ਜਾਣਕਾਰੀ (Introduction)

ਸਰਵਜਨਕ ਹਿੱਤ ਮੁਕੱਦਮੇ ਦਾ ਪ੍ਰਬੰਧ ਕਾਨੂੰਨ ਦੀ ਇਕ ਨਵੀਂ ਸ਼ਾਖਾ ਹੈ ਜੋ ਭਾਰਤ ਵਿੱਚ ਹੁਣ ਕਾਫੀ ਸਾਲਾਂ ਤੋਂ ਵਿਵਹਾਰ ਵਿੱਚ ਲਾਗੂ ਕੀਤੀ ਜਾ ਰਹੀ ਹੈ। ਲੋਕਾਂ ਨੂੰ ਨਿਆ ਦੇਣਾ ਨਿਆਇਕ ਪ੍ਰਣਾਲੀ ਦਾ ਇਕ ਮੁੱਖ ਇੱਥੋਂ ਤੱਕ ਕਿ ਪਹਿਲਾ ਉਦੇਸ਼ ਹੈ ਅਤੇ ਇਸ ਲਈ ਨਿਆਇਕ ਪ੍ਰਣਾਲੀ ਨੂੰ ਚੁਸਤ, ਕੁਸ਼ਲ ਅਤੇ ਜਿੱਥੋਂ ਤੱਕ ਸੰਭਵ ਹੋਵੇ, ਘੱਟ ਖਰਚੀਲਾ ਅਤੇ ਸਰਲ ਬਣਾਉਣਾ ਜ਼ਰੂਰੀ ਹੁੰਦਾ

ਨੋਟ

ਹੈ। ਸਰਵਜਨਕ ਹਿੱਤ ਪ੍ਰਣਾਲੀ ਜਿਸ ਦਾ ਲੋਕਪ੍ਰਿਯ ਨਾਮ ਪੀ. ਆਈ. ਐਲ. ਹੈ, ਨੂੰ ਸਿਰਫ ' ਨਵਾਂ ਕਾਨੂੰਨੀ ਕਸ਼ਿਤਿਜ' (New Legal Horizon) ਕਿਹਾ ਜਾਂਦਾ ਹੈ। ਇੱਥੇ ਇਨ੍ਹਾਂ ਚਾਰ ਉਦੇਸ਼ਾਂ ਨੂੰ ਪੂਰਾ ਕਰਨ ਲਈ ਅਪਨਾਈ ਗਈ ਹੈ। ਸ਼ੁਰੂ ਤੋਂ ਹੀ ਇਸ ਪ੍ਰਬੰਧ ਨੇ ਲੋਕਪ੍ਰਿਯਤਾ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਸ ਪ੍ਰਕਿਰਿਆ ਵਿੱਚ ਜਸਟਿਸ ਪੀ. ਐੱਨ. ਭਗਵਤੀ ਵਰਗੇ ਜੱਜਾਂ ਨੇ ਪ੍ਰਸ਼ੰਸਾਯੋਗ ਭੂਮਿਕਾ ਨਿਭਾਈ। ਇਸ ਦੇ ਫਲਸਰੂਪ ਅੱਜ ਇੱਥੇ ਪ੍ਰਬੰਧ ਭਾਰਤੀ ਨਿਆਇਕ ਪ੍ਰਬੰਧ ਵਿਵਸਥਾ ਦੇ ਇਕ ਮਹੱਤਵਪੂਰਨ ਅੰਗ ਦੇ ਰੂਪ ਵਿੱਚ ਵਿਕਸਿਤ ਹੋਈ ਹੈ।

## 10.1 ਸਰਵਜਨਕ ਹਿੱਤ ਮੁਕੱਦਮੇ ਪ੍ਰਬੰਧ: ਧਾਰਨਾਵਾਂ ਅਤੇ ਪ੍ਰਕਿਰਤੀ (Public Interest Litigation: Concept and Nature)

ਸਰਵਜਨਕ ਹਿੱਤ ਮੁਕੱਦਮੇ ਦੇ ਪ੍ਰਬੰਧ ਨੂੰ ਅਸੀਂ ਇਕ ਅਜਿਹੀ ਕਾਨੂੰਨੀ ਵਿਵਸਥਾ ਦੀ ਤਰ੍ਹਾਂ ਪ੍ਰੀਭਾਸ਼ਿਤ ਕਰ ਸਕਦੇ ਹਾਂ, ਜਿਸ ਵਿੱਚ ਕਾਨੂੰਨ ਦੀ ਅਦਾਲਤ ਕਿਸੇ ਸਰਵਜਨਕ ਜਾਂ ਸਧਾਰਣ ਹਿੱਤ ਨੂੰ ਸੁਰੱਖਿਆ ਲਈ ਕਾਰਵਾਈ ਅਤੇ ਮੁਕੱਦਮਾ ਸ਼ੁਰੂ ਕਰ ਸਕਦੀ ਹੈ। ਜਦੋਂ ਕਿਸੇ ਸਰਵਜਨਕ ਹਿੱਤ ਨੂੰ ਕੋਈ ਵਿਅਕਤੀ ਜਾਂ ਸੰਸਥਾ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੋਵੇ ਜਾਂ ਅਜਿਹਾ ਕਰਨ ਦਾ ਯਤਨ ਕਰ ਰਹੀ ਹੋਵੇ ਤਾਂ ਸਰਵਜਨਕ ਹਿੱਤ ਮੁਕੱਦਮਾ ਪ੍ਰਣਾਲੀ ਅਧੀਨ ਅਦਾਲਤ ਕਾਰਵਾਈ ਸ਼ੁਰੂ ਕਰ ਸਕਦੀ ਹੈ। ਆਪਣੇ ਇਕ ਫੈਸਲੇ ਵਿੱਚ ਭਾਰਤ ਦੀ ਸਰਵਉੱਚ ਅਦਾਲਤ ਨੇ ਸਰਵਜਨਕ ਹਿੱਤ ਮੁਕੱਦਮਾ ਪ੍ਰਬੰਧ ਨੂੰ ਇਸ ਤਰ੍ਹਾਂ ਪ੍ਰੀਭਾਸ਼ਿਤ ਕੀਤਾ ਹੈ: "ਇਕ ਅਜਿਹੇ ਸਰਵਜਨਕ ਹਿੱਤ ਜਾਂ ਆਮ ਹਿੱਤ ਨੂੰ ਲਾਗੂ ਕਰਵਾਉਣ ਲਈ ਅਦਾਲਤ ਵੱਲੋਂ ਕਾਨੂੰਨੀ ਕਾਰਵਾਈ ਦਾ ਅਰੰਭ ਕੀਤਾ ਜਾਣਾ ਜਿਸ ਵਿੱਚ ਜਨਤਾ ਜਾਂ ਜਨਤਾ ਦੇ ਕਿਸੇ ਵਰਗ ਦੇ ਹਿੱਤਾਂ ਦਾ ਉਲੰਘਣ ਕੀਤਾ ਜਾ ਰਿਹਾ ਹੋਵੇ ਜਾਂ ਉਸ ਨੂੰ ਹਾਨੀ ਪਹੁੰਚਾਈ ਜਾ ਰਹੀ ਹੋਵੇ। ਅਜਿਹੇ ਸਰਵਜਨਕ ਹਿੱਤ ਆਮ ਜਨਤਾ ਦੇ ਅਧਿਕਾਰਾਂ ਦੇ ਅਧਾਰ 'ਤੇ ਠੀਕ ਮੰਨੇ ਜਾਂਦੇ ਹਨ ਅਤੇ ਜੇਕਰ ਕਿਸੇ ਤਰ੍ਹਾਂ ਨਾਲ ਹਿੱਤਾਂ ਦੇ ਵਿਰੁੱਧ ਕੋਈ ਕੰਮ ਹੋ ਰਿਹਾ ਹੋਵੇ ਜਾਂ ਕੀਤਾ ਜਾਣ ਵਾਲਾ ਹੋਵੇ ਅਦਾਲਤ ਕਾਨੂੰਨੀ ਕਾਰਵਾਈ ਸ਼ੁਰੂ ਕਰਕੇ ਸਰਵਜਨਕ ਹਿੱਤ ਦੀ ਸੁਰੱਖਿਆ ਲਈ ਉਪਯੁਕਤ ਨਿਰਦੇਸ਼ ਦੇ ਸਕਦੇ ਹਨ, ਦੋਸ਼ੀਆਂ ਨੂੰ ਸਜ਼ਾ ਦੇ ਕੇ ਅਤੇ ਜਿਨ੍ਹਾਂ ਦੇ ਹਿੱਤਾਂ ਦਾ ਉਲੰਘਣ ਹੋਇਆ ਹੋਵੇ ਉਨ੍ਹਾਂ ਦੀ ਖਮਿਆਜ਼ਾ (Compensation) ਦੇ ਕੇ ਸਰਵਜਨਕ ਹਿੱਤਾਂ ਦੀ ਰੱਖਿਆ ਕਰ ਸਕਦੀ ਹੈ।

ਸਰਵਜਨਕ ਹਿੱਤ ਮੁਕਦਮੇ ਦੇ ਪ੍ਰਬੰਧ ਅਧੀਨ ਕੋਈ ਵੀ ਨਾਗਰਿਕ ਜਾਂ ਨਾਗਰਿਕਾਂ ਦਾ ਸਮੂਹ ਜਾਂ ਕੋਈ ਵੀ ਸੰਗਠਨ ਲਿਖਤੀ ਰੂਪ ਵਿੱਚ ਕਿਸੇ ਅਦਾਲਤ ਜਾਂ ਸਰਵਉੱਚ ਅਦਾਲਤ ਜਾਂ ਅਦਾਲਤ ਦੇ ਧਿਆਨ ਵਿੱਚ ਕੋਈ ਅਜਿਹਾ ਵਿਸ਼ਾ ਜਾਂ ਮੁੱਦਾ ਲਿਆ ਸਕਦਾ ਹੈ ਜੋ ਕਿ ਸਰਵਜਨਕ ਹਿੱਤ ਦੇ ਵਿਰੁੱਧ ਹੋਵੇ ਜਾਂ ਸਰਵਜਨਕ ਹਿੱਤ ਦਾ ਉਲੰਘਣ ਕਰ ਰਿਹਾ ਹੋਵੇ। ਕਿਸੇ ਵੀ ਅਜਿਹੀ ਸਰਕਾਰੀ ਨੀਤੀ ਜਾਂ ਆਦੇਸ਼ ਨੂੰ ਅਦਾਲਤ ਦੇ ਧਿਆਨ ਵਿੱਚ ਲਿਆਇਆ ਜਾ ਸਕਦਾ ਹੈ ਜੋ ਕਿ ਅਜਿਹਾ ਸਮਝਿਆ ਜਾਵੇ ਕਿ ਸਰਵਜਨਕ ਹਿੱਤਾਂ ਦਾ ਉਲੰਘਣ ਕਰ ਰਿਹਾ ਹੈ। ਜੇਕਰ ਅਦਾਲਤ ਇਸ ਲਿਖਤੀ ਰਿਪੋਰਟ ਵਿੱਚ ਲਿਖੇ ਗਏ ਵਿਚਾਰ ਨਾਲ ਸਹਿਮਤ ਹੁੰਦੀ ਹੈ ਤਾਂ ਉਸ ਰਿਪੋਰਟ ਨੂੰ ਇਕ ਪਟੀਸ਼ਨ ਮੰਨ ਕੇ ਇਕ ਮੁਕੱਦਮਾ ਸ਼ੁਰੂ ਕਰ ਸਕਦੀ ਹੈ ਅਤੇ ਜਿਸ ਸੰਸਥਾ ਜਾਂ ਸਰਕਾਰੀ ਵਿਭਾਗ ਵਿਰੁੱਧ ਦੋਸ਼ ਲਗਾਇਆ ਗਿਆ ਹੋਵੇ ਕਿ ਉਹ ਸਰਵਜਨਕ ਹਿੱਤਾਂ ਦਾ ਉਲੰਘਣ ਕਰ ਰਿਹਾ ਹੈ ਤਾਂ ਅਦਾਲਤ ਉਸ ਵਿਭਾਗ ਜਾਂ ਸੰਸਥਾ ਨੂੰ ਨੋਟਿਸ ਜਾਰੀ ਕਰਕੇ ਇਕ ਮੁਕੱਦਮਾ ਸ਼ੁਰੂ ਕਰ ਸਕਦੀ ਹੈ।

ਇੱਥੋਂ ਤੱਕ ਕਿ ਅਦਾਲਤ ਦੇ ਜੱਜ ਖੁਦ ਵੀ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਖ਼ਬਰਾਂ ਦੇ ਅਧਾਰ 'ਤੇ ਆਪਣੇ ਆਪ (Suo Moto) ਇਕ ਅਦਾਲਤੀ ਕਾਰਵਾਈ ਸ਼ੁਰੂ ਕਰ ਸਕਦੇ ਹਨ ਜੇਕਰ ਉਹ ਸਮਝਦੇ ਹਨ ਕਿ ਕਿਸੇ ਸਰਕਾਰੀ ਜਾਂ ਗੈਰ-ਸਰਕਾਰੀ ਨੀਤੀ ਜਾਂ ਕਾਰਵਾਈ ਨਾਲ ਆਮ ਜਨਤਾ ਦੇ ਹਿੱਤਾਂ ਨੂੰ ਹਾਨੀ ਪਹੁੰਚ ਰਹੀ ਹੈ। ਉਹ ਸਬੰਧਿਤ ਵਿਅਕਤੀ ਜਾਂ ਸੰਸਥਾ ਜਾਂ ਵਿਭਾਗ ਜਾਂ ਏਜੰਸੀ ਨੂੰ ਨੋਟਿਸ ਜਾਰੀ ਕਰਕੇ ਸਰਵਜਨਕ ਹਿੱਤ ਨੂੰ ਪਹੁੰਚਣ ਵਾਲੀ ਹਾਨੀ ਨੂੰ ਦੂਰ ਕਰਨ ਲਈ ਉਪਯੁਕਤ ਆਦੇਸ਼ ਜਾਰੀ ਕਰ ਸਕਦੇ ਹਨ ਅਤੇ ਅਦਾਲਤੀ ਕਾਰਵਾਈ ਸ਼ੁਰੂ ਕਰ ਸਕਦੇ ਹਨ। ਉਦਾਹਰਣ ਦੇ ਤੌਰ 'ਤੇ ਜਦੋਂ ਮਈ 1995 ਵਿੱਚ ਹਰਿਆਣਾ ਬਿਜਲੀ ਬੋਰਡ ਕਰਮਚਾਰੀਆਂ ਦੀ ਯੂਨੀਅਨ ਨੇ ਇਕਦਮ ਹੜਤਾਲ ਕਰ ਦਿੱਤੀ ਕਿਉਂਕਿ ਉਨ੍ਹਾਂ ਦੇ ਕਰਮਚਾਰੀ ਦੀ ਗਲਤ ਢੰਗ ਨਾਲ ਬਦਲੀ ਕਰ ਦਿੱਤੀ ਗਈ ਸੀ ਤਾਂ ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਦੇ ਮਾਣਯੋਗ ਜੱਜ ਸ਼੍ਰੀ ਵੀ. ਕੇ. ਝਾਂਜੀ ਨੇ ਆਪਣੇ ਆਪ ਕਾਰਵਾਈ ਸ਼ੁਰੂ ਕਰਦੇ ਹੋਏ ਚੰਡੀਗੜ੍ਹ ਦੇ ਗ੍ਰਹਿ ਸਕੱਤਰ, ਹਰਿਆਣਾ ਬਿਜਲੀ ਬੋਰਡ ਦੇ ਉੱਚ ਅਧਿਕਾਰੀਆਂ, ਸਬੰਧਿਤ ਅਧਿਕਾਰੀ ਅਤੇ ਯੂਨੀਅਨ ਦੇ ਲੀਡਰਾਂ ਨੂੰ ਆਪਣੀ ਅਦਾਲਤ ਵਿੱਚ ਬੁਲਾ ਲਿਆ। ਮਾਣਯੋਗ ਜੱਜ ਨੇ ਇਹ ਆਦੇਸ਼ ਦਿੱਤਾ ਕਿ ਬਿਜਲੀ ਸਪਲਾਈ ਇਕਦਮ ਵਿਵਸਥਿਤ ਕੀਤੀ ਜਾਵੇ ਅਤੇ ਸਬੰਧਿਤ ਕਰਮਚਾਰੀ ਦੇ ਵਿਰੁੱਧ ਜਲਦੀ ਤੋਂ ਜਲਦੀ ਛਾਣਬੀਣ ਕਰਕੇ ਉਸ ਦੇ ਕੇਸ ਦਾ ਫੈਸਲਾ ਕੀਤਾ ਜਾਵੇ।

ਉਨ੍ਹਾਂ ਨੇ ਇਹ ਫੈਸਲਾ ਦਿੱਤਾ ਕਿ ਜੇਕਰ ਯੂਨੀਅਨ ਅਤੇ ਕਰਮਚਾਰੀ ਆਪਣੇ ਨਿਯੋਗਤਾਵਾਂ ਤੋਂ ਨਿਆ ਪ੍ਰਾਪਤ ਨਾ ਕਰ ਸਕੇ ਤਾਂ ਉਨ੍ਹਾਂ ਨੂੰ ਅਦਾਲਤ ਕੋਲ ਆ ਕੇ ਨਿਆ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਸਪੱਸ਼ਟ ਰੂਪ ਵਿੱਚ ਮਾਣਯੋਗ ਜੱਜ ਨੇ ਆਮ ਜਨਤਾ ਦੇ ਹਿੱਤਾਂ ਦੀ ਰੱਖਿਆ ਕੀਤੀ। ਅਪ੍ਰੈਲ 1997 ਵਿੱਚ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਮੁਦਰਾ ਕੋਸ਼ ਪ੍ਰਧਾਨ ਸ਼੍ਰੀ ਸੀਤਾ ਰਾਮ ਦੇ ਵਿਰੁੱਧ ਇਕ ਸਰਵਜਨਕ ਹਿੱਤ ਮੁਕੱਦਮਾ ਸ਼ੁਰੂ ਕੀਤਾ ਗਿਆ ਕਿਉਂਕਿ ਉਨ੍ਹਾਂ ਦੇ ਵਿਰੁੱਧ ਇਹ ਦੋਸ਼ ਲਗਾਇਆ ਗਿਆ ਸੀ ਕਿ ਉਨ੍ਹਾਂ ਨੇ ਉਪਰੋਕਤ ਅਧਿਕਾਰੀ ਤੋਂ ਆਗਿਆ ਲਏ ਬਿਨਾਂ ਵਿਦੇਸ਼ੀ ਮੁਦਰਾ ਵਿੱਚ ਦਲ ਦੇ ਲਈ ਦਾਨ ਇਕੱਠਾ ਕੀਤਾ ਸੀ।

ਨੋਟ

ਇਸ ਤਰ੍ਹਾਂ ਸਰਵਜਨਕ ਹਿੱਤ ਮੁਕੱਦਮੇ ਦੇ ਪ੍ਰਬੰਧ ਵਿੱਚ ਕਿਸੇ ਆਮ ਹਿੱਤ ਦੇ ਉਲੰਘਣ ਵਿਰੁੱਧ ਕੋਈ ਵੀ ਨਾਗਰਿਕ ਜਾਂ ਨਾਗਰਿਕ ਸੰਗਠਨ ਜਾਂ ਨਾਗਰਿਕਾਂ ਦਾ ਸਮੂਹ ਅਦਾਲਤ ਦੇ ਸਾਹਮਣੇ ਇਕ ਪਟੀਸ਼ਨ ਪੇਸ਼ ਕਰ ਸਕਦਾ ਹੈ ਅਤੇ ਜੇਕਰ ਅਦਾਲਤ ਇਸ ਗੱਲ ਨਾਲ ਸਹਿਮਤ ਹੋ ਜਾਵੇ ਕਿ ਪਟੀਸ਼ਨ ਨਾਲ ਲਿਖੀ ਗਈ ਸ਼ਿਕਾਇਤ ਵਿੱਚ ਕੋਈ ਸੱਚਾਈ ਨਜ਼ਰ ਆਉਂਦੀ ਤਾਂ ਅਦਾਲਤ ਇਕ ਮੁਕੱਦਮਾ ਸ਼ੁਰੂ ਕਰਕੇ ਸਰਵਜਨਕ ਹਿੱਤ ਦੀ ਰੱਖਿਆ ਕਰਨ ਦਾ ਯਤਨ ਕਰ ਸਕਦੀ ਹੈ। ਸਭ ਤੋਂ ਚੰਗੀ ਗੱਲ ਇਹ ਹੈ ਕਿ ਸਰਵਜਨਕ ਹਿੱਤ ਮੁਕੱਦਮੇ ਦੇ ਪ੍ਰਬੰਧ ਵਿੱਚ ਕੋਈ ਵੀ ਅਦਾਲਤ ਆਪਣੇ ਆਪ (Suo moto) ਵੀ ਕਾਰਵਾਈ ਸ਼ੁਰੂ ਕਰ ਸਕਦਾ ਹੈ।

## 10.2 ਸਰਵਜਨਕ ਹਿੱਤ ਮੁਕੱਦਮੇ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ (Features of Public Interest Litigation)

ਸਰਵਜਨਕ ਹਿੱਤ ਮੁਕੱਦਮੇ ਦੇ ਪ੍ਰਬੰਧ ਅਤੇ ਲੋਕ ਅਦਾਲਤ

1. ਸਰਵਜਨਕ ਹਿੱਤ ਮੁਕੱਦਮੇ ਦੇ ਪ੍ਰਬੰਧ ਦਾ ਉਦੇਸ਼ ਹੈ ਸਰਵਜਨਕ ਹਿੱਤਾਂ ਦੀ ਰੱਖਿਆ ਅਤੇ ਇਨ੍ਹਾਂ ਦੇ ਸਬੰਧ ਵਿੱਚ ਕੀਤੀ ਜਾਣ ਵਾਲੀ ਜਾਂ ਸੰਭਾਵਿਤ ਕਾਰਵਾਈ ਜੋ ਕਿਸੇ ਸਰਵਜਨਕ ਹਿੱਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੋਵੇ, ਦੇ ਵਿਰੁੱਧ ਨਿਆਇਕ ਕਾਰਵਾਈ ਕਰਨਾ ਅਤੇ ਇਸ ਨਾਲ ਸਰਵਜਨਕ ਹਿੱਤ ਦੀ ਰੱਖਿਆ ਕਰਨਾ।
2. ਸਰਵਜਨਕ ਹਿੱਤ ਮੁਕੱਦਮੇ ਦੀ ਕਾਰਵਾਈ ਕੋਈ ਵੀ ਨਾਗਰਿਕ ਜਾਂ ਨਾਗਰਿਕਾਂ ਦਾ ਸਮੂਹ ਜਾਂ ਸੰਗਠਨ ਕਰ ਸਕਦਾ ਹੈ ਜੋ ਕਿ ਅਦਾਲਤ ਦੇ ਧਿਆਨ ਵਿੱਚ ਸਰਵਜਨਕ ਹਿੱਤ ਦੇ ਕਿਸੇ ਵੀ ਉਲੰਘਣ ਦਾ ਮਾਮਲਾ ਲਿਆਉਂਦਾ ਹੈ। ਇਕ ਸਧਾਰਣ ਪੱਤਰ ਨਾਲ ਅਦਾਲਤ ਦੇ ਸਾਹਮਣੇ ਕੋਈ ਅਜਿਹਾ ਮਾਮਲਾ ਰੱਖਿਆ ਜਾ ਸਕਦਾ ਹੈ ਅਤੇ ਜੇਕਰ ਅਦਾਲਤ ਠੀਕ ਸਮਝੇ ਤਾਂ ਉਸ ਪੱਤਰ ਨੂੰ ਇਕ ਪਟੀਸ਼ਨ ਮੰਨ ਕੇ ਅਦਾਲਤੀ ਕਾਰਵਾਈ ਸ਼ੁਰੂ ਕਰ ਸਕਦਾ ਹੈ।
3. ਅਦਾਲਤ ਦੇ ਜੱਜ ਆਪਣੇ ਆਪ ਵੀ ਅਖਬਾਰਾਂ ਵਿੱਚ ਪ੍ਰਕਾਸ਼ਿਤ ਰਿਪੋਰਟਾਂ ਜਾਂ ਸਰਵਜਨਕ ਸੂਚਨਾਵਾਂ ਦੇ ਅਧਾਰ ’ਤੇ ਜਾਂ ਕਿਸੇ ਹੋਰ ਰਿਪੋਰਟ ਦੇ ਅਧਾਰ ’ਤੇ ਵੀ ਅਦਾਲਤੀ ਕਾਰਵਾਈ ਸ਼ੁਰੂ ਕਰਕੇ ਸਰਵਜਨਕ ਹਿੱਤ ਦੀ ਰੱਖਿਆ ਲਈ ਯਤਨ ਕਰ ਸਕਦੇ ਹਨ।
4. ਸਰਵਜਨਕ ਹਿੱਤ ਮੁਕੱਦਮੇ ਦੀ ਕਾਰਵਾਈ ਸ਼ੁਰੂ ਕਰਨ ਲਈ ਕੋਈ ਉਪਚਾਰਿਕ ਪਟੀਸ਼ਨ ਦੀ ਜ਼ਰੂਰਤ ਨਹੀਂ ਹੁੰਦੀ। ਇਕ ਸਧਾਰਣ ਪਟੀਸ਼ਨ ਨਾਲ ਸਰਵਜਨਕ ਹਿੱਤ ਮੁਕੱਦਮੇ ਦੀ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ।
5. ਸਰਵਜਨਕ ਹਿੱਤ ਮੁਕੱਦਮੇ ਵਿੱਚ ਜਾਂ ਫੈਸਲੇ ਦੇਣ ਤੋਂ ਬਾਅਦ ਅਦਾਲਤ ਕਿਸੇ ਵਕੀਲ ਜਾਂ ਵਕੀਲਾਂ ਜਾਂ ਕੁਝ ਹੋਰ ਅਧਿਕਾਰੀਆਂ ਨੂੰ ਇਹ ਜ਼ਿੰਮੇਵਾਰੀ ਸੌਂਪ ਸਕਦਾ ਹੈ ਕਿ ਉਹ ਦੇਖੇ ਕਿ ਅਦਾਲਤ ਦਾ ਫੈਸਲਾ ਲਾਗੂ ਕੀਤਾ ਗਿਆ ਸੀ ਜਾਂ ਨਹੀਂ। ਅਦਾਲਤ ਕਿਸੇ ਲਿਖਤੀ ਸ਼ਿਕਾਇਤ ਦੇ ਵਿਰੁੱਧ ਛਾਣਬੀਣ ਕਰਨ ਲਈ ਵੀ ਜ਼ਿੰਮੇਵਾਰੀ ਕਿਸੇ ਅਧਿਕਾਰੀ ਨੂੰ ਨਹੀਂ ਸੌਂਪ ਸਕਦਾ ਅਤੇ ਛਾਣਬੀਣ ਦੀ ਰਿਪੋਰਟ ਮਿਲਣ ਤੋਂ ਬਾਅਦ ਉਪਯੁਕਤ ਅਦਾਲਤੀ ਕਾਰਵਾਈ ਸ਼ੁਰੂ ਕਰਕੇ ਸਰਵਜਨਕ ਹਿੱਤ ਦੀ ਰੱਖਿਆ ਦਾ ਯਤਨ ਕਰ ਸਕਦਾ ਹੈ।
6. ਜੇਕਰ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਕਿਸੇ ਸਰਕਾਰੀ ਨੀਤੀ ਜਾਂ ਅਧਿਕਾਰੀ ਦੇ ਚਰਿੱਤਰ ਤੋਂ ਹਾਨੀ ਪਹੁੰਚਦੀ ਹੋਵੇ ਤਾਂ ਅਜਿਹੇ ਵਿਅਕਤੀ ਨੂੰ ਮੁਆਵਜ਼ਾ (Compensation) ਦੇਣ ਦਾ ਆਦੇਸ਼ ਵੀ ਅਦਾਲਤ ਜਾਰੀ ਕਰ ਸਕਦੀ ਹੈ। ਅਦਾਲਤ ਹੀ ਇਹ ਫੈਸਲਾ ਕਰ ਸਕਦੀ ਹੈ ਕਿ ਮੁਆਵਜ਼ਾ ਕਿੰਨਾ ਅਤੇ ਕਿਸ ਰੂਪ ਵਿੱਚ ਦਿੱਤਾ ਜਾਵੇਗਾ। ਅਦਾਲਤ ਵੱਲੋਂ ਦਿੱਤਾ ਗਿਆ ਮੁਆਵਜ਼ਾ ਨਾ ਕੇਵਲ ਸਰਕਾਰ ਨੂੰ ਅਦਾ ਕਰਨਾ ਪੈ ਸਕਦੀ ਹੈ ਬਲਕਿ ਕਿਸੇ ਵੀ ਸਥਾਨਕ ਅਧਿਕਾਰੀ ਜਾਂ ਫਿਰ ਗੈਰ ਸਰਕਾਰੀ ਸੰਸਥਾ ਨੂੰ ਵੀ ਕਰਨਾ ਪੈ ਸਕਦਾ ਹੈ।

*ਕੀ ਤੁਸੀਂ ਜਾਣਦੇ ਹੋ*

ਸਰਵਜਨਕ ਹਿੱਤ ਮੁਕੱਦਮਾ ਪ੍ਰਣਾਲੀ ਇਕ ਸਰਲ ਨਿਆਇਕ ਪ੍ਰਣਾਲੀ ਹੈ ਜਿਸ ਅਧੀਨ ਸਧਾਰਣ ਨਾਗਰਿਕ ਬਿਨਾਂ ਜ਼ਿਆਦਾ ਉਪਚਾਰਿਕ ਕਾਗਜ਼ੀ ਕਾਰਵਾਈਆਂ ਨਾਲ ਸਰਵਜਨਕ ਹਿੱਤਾਂ ਨੂੰ ਸੁੱਰਖਿਅਤ ਕਰਵਾ ਸਕਦੇ ਹਨ।

ਇਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਨਾਲ ਸਰਵਜਨਕ ਹਿੱਤ ਮੁਕੱਦਮਾ ਪ੍ਰਣਾਲੀ ਇਕ ਨਵਾਂ ਅਤੇ ਕ੍ਰਾਂਤੀਕਾਰੀ ਨਿਆਇਕ ਉਪਕਰਣ ਬਣ ਕੇ ਉਭਰਿਆ ਹੈ ਜਿਸ ਨੇ ਸਾਡੇ ਨਿਆਇਕ ਪ੍ਰਬੰਧ ਨੂੰ ਲੋਕਾਂ ਦੇ ਹਿੱਤਾ ਦੀ ਸੁਰੱਖਿਆ ਕਰਨ ਦੇ ਜ਼ਿਆਦਾ ਯੋਗ ਬਣਾਇਆ ਹੈ। 1970 ਦੇ ਦਹਾਕੇ ਤੋਂ ਲੈ ਕੇ ਹੁਣ ਤੱਕ ਇਸ ਪ੍ਰਣਾਲੀ ਦੇ ਅਧੀਨ ਕਈ ਲੋਕਾਂ ਨੇ ਨਿਆ ਪ੍ਰਾਪਤ ਕੀਤਾ ਹੈ ਅਤੇ ਕਈਆਂ ਨੇ ਠੀਕ ਮੁਆਵਜ਼ਾ ਵੀ ਪ੍ਰਾਪਤ ਕੀਤਾ ਹੈ। ਸਧਾਰਣ ਰੂਪ ਵਿੱਚ ਜੱਜ ਕਾਰਵਾਈ ਇਕ ਕਾਫੀ ਲੰਮੀ ਦੇਰੀ ਕਰਨ ਵਾਲੀ ਕਾਰਵਾਈ

ਹੁੰਦੀ ਹੈ ਪਰ ਸਰਵਜਨਕ ਹਿੱਤ ਮੁਕੱਦਮਾ ਪ੍ਰਣਾਲੀ ਇਕ ਕੁਸ਼ਲ ਅਤੇ ਜਲਦੀ ਨਿਆ ਦੇਣ ਵਾਲੀ ਪ੍ਰਣਾਲੀ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ਅਤੇ ਇਸ ਨੂੰ ਭਾਰਤੀ ਨਿਆਇਕ ਪ੍ਰਬੰਧ ਦੀ ਇਕ ਨਵੀਂ ਅਤੇ ਚੰਗੀ ਪਹਿਲ ਕਿਹਾ ਜਾ ਸਕਦਾ ਹੈ।

**ਪ੍ਰਬੰਧ ਦਾ ਸੰਭਾਵਿਤ ਦੁਰਉਪਯੋਗ ਅਤੇ ਰੋਕਥਾਮ (Possible misuse of the System and Preventive Measures):** ਪਰ ਇਸ ਪ੍ਰਬੰਧ ਦਾ ਗਲਤ ਇਸਤੇਮਾਲ ਵੀ ਹੋ ਸਕਦਾ ਹੈ। ਕੁਝ ਵਿਅਕਤੀ ਆਪਣੇ ਵਿਸ਼ੇਸ਼ ਹਿੱਤ ਜਾਂ ਨਿੱਜੀ ਹਿੱਤਾਂ ਦੀ ਸੁਰੱਖਿਆ ਲਈ ਇਸ ਪ੍ਰਬੰਧ ਦਾ ਸਹਾਰਾ ਲੈਣ ਦਾ ਯਤਨ ਕਰ ਸਕਦੇ ਹਨ। ਉਹ ਇਸ ਦਾ ਇਸਤੇਮਾਲ ਵਿਅਕਤੀਗਤ ਜਾਂ ਰਾਜਨੀਤਿਕ ਉਦੇਸ਼ਾਂ ਦੀ ਪ੍ਰਾਪਤੀ ਲਈ ਕਰਨ ਦਾ ਯਤਨ ਕਰ ਸਕਦੇ ਹਨ। ਪਰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਰਵਜਨਕ ਹਿੱਤ ਮੁਕੱਦਮਾ ਪ੍ਰਬੰਧ ਕੇਵਲ ਉਸੇ ਸਥਿਤੀ ਵਿੱਚ ਲਾਗੂ ਹੋ ਸਕਦਾ ਹੈ ਜਦੋਂ ਕਿ ਸਰਵਜਨਕ ਹਿੱਤ ਦੀ ਸੁਰੱਖਿਆ ਕਰਨ ਦਾ ਮੁੱਦਾ ਹੋਵੇ। ਇਸ ਦਾ ਇਸਤੇਮਾਲ ਕਿਸੇ ਨਿੱਜੀ ਲਾਭ ਲਈ ਨਹੀਂ ਕੀਤਾ ਜਾ ਸਕਦਾ।

*ਨੋਟਸ* ਜਿਨ੍ਹਾਂ ਮਾਮਲਿਆਂ ਵਿੱਚ ਅਦਾਲਤਾਂ ਵਿੱਚ ਮੁਕੱਦਮੇ ਦੀ ਕਾਰਵਾਈ ਚੱਲ ਰਹੀ ਹੋਵੇ ਉਨ੍ਹਾਂ ਦੇ ਸਬੰਧ ਵਿੱਚ ਵੀ ਇਸ ਪ੍ਰਣਾਲੀ ਨੂੰ ਸ਼ੁਰੂ ਨਹੀਂ ਕੀਤਾ ਜਾ ਸਕਦਾ ਹੈ।

ਇਸ ਪ੍ਰਬੰਧ ਦੇ ਦੁਰਉਪਯੋਗ ਨੂੰ ਰੋਕਣ ਲਈ ਸਰਵਉੱਚ ਅਦਾਲਤ ਨੇ ਇਹ ਫੈਸਲਾ ਦਿੱਤਾ ਹੈ ਕਿ ਜੇਕਰ ਕੋਈ ਵਿਅਕਤੀ ਸਰਵਜਨਕ ਹਿੱਤ ਦੇ ਨਾਮ ਇਸ ਪ੍ਰਬੰਧ ਨਾਲ ਆਪਣੇ ਕਿਸੇ ਵਿਸ਼ੇਸ਼ ਜਾਂ ਨਿੱਜੀ ਹਿੱਤ ਦੀ ਪੂਰਤੀ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ। ਕੁਝ ਮਾਮਲਿਆਂ ਵਿੱਚ ਸਰਵਉੱਚ ਅਦਾਲਤ ਨੇ ਅਜਿਹਾ ਕੀਤਾ ਵੀ ਹੈ।

ਕਈ ਅਲੋਚਕ ਇਸ ਪ੍ਰਬੰਧ ਦੀ ਆਲੋਚਨਾ ਇਸ ਅਧਾਰ ’ਤੇ ਕਰਦੇ ਹਨ ਕਿ ਇਸ ਦੇ ਸਬੰਧ ਵਿੱਚ ਕੋਈ ਸਪੱਸ਼ਟ ਦਿਸ਼ਾ-ਨਿਰਦੇਸ਼ ਨਹੀਂ ਬਣਾਏ ਗਏ। ਅਦਾਲਤ ਇਸ ਪ੍ਰਬੰਧ ਦਾ ਇਸਤੇਮਾਲ ਕਰਕੇ ਆਪਣੀ ਮਨਮਰਜ਼ੀ ਕਰ ਸਕਦੀਆਂ ਹਨ ਅਤੇ ਕਾਰਜ ਪਾਲਿਕਾ ਦੇ ਅਧਿਕਾਰ ਖੇਤਰ ਦੀ ਉਲੰਘਣਾ ਕਰ ਸਕਦੇ ਹਨ। ਆਲੋਚਕ ਇਹ ਵੀ ਕਹਿੰਦੇ ਹਨ ਕਿ ਇਸ ਪ੍ਰਬੰਧ ਨਾਲ ਜੋ ਫੈਸਲਾ ਕੀਤਾ ਜਾਂਦਾ ਹੈ ਉਸ ਨੂੰ ਪੂਰਨ ਰੂਪ ਨਾਲ ਲਾਗੂ ਕਰਵਾਉਣ ਲਈ ਜ਼ਰੂਰੀ ਕਾਰਵਾਈ ਕਈ ਵਾਰ ਨਹੀਂ ਕਰਵਾਈ ਜਾਂਦੀ। ਉਦਾਹਰਣ ਦੇ ਤੌਰ ’ਤੇ ਬੰਧੂਆ ਮਜ਼ਦੂਰੀ ਦੇ ਮਾਮਲੇ ਵਿੱਚ ਬੰਧੂਆ ਮਜ਼ਦੂਰਾਂ ਨੂੰ ਇਸ ਪ੍ਰਬੰਧ ਦਾ ਇਸਤੇਮਾਲ ਕਰਕੇ ਸੁਤੰਤਰ ਤਾਂ ਕਰਵਾ ਲਿਆ ਜਾਂਦਾ ਹੈ ਪਰ ਉਨ੍ਹਾਂ ਦੀ ਰੋਜ਼ੀ ਰੋਟੀ ਦੇ ਸਾਧਨ ਦੇਣ ਦੇ ਸਬੰਧ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਅਤੇ ਸੁਤੰਤਰ ਹੋਏ ਬੰਧੂਆ ਮਜ਼ਦੂਰ ਦੁਬਾਰਾ ਫਿਰ ਬੰਧੂਆ ਮਜ਼ਦੂਰੀ ਦੇ ਸ਼ਿਕਾਰ ਹੋ ਜਾਂਦੇ ਹਨ।

ਅਸੀਂ ਇਸ ਗੱਲ ਨੂੰ ਸਵੀਕਾਰ ਕਰਦੇ ਹਾਂ ਕਿ ਸਰਵਜਨਕ ਹਿੱਤ ਮੁਕੱਦਮੇ ਦਾ ਪ੍ਰਬੰਧ ਇਕ ਨਵੀਂ ਪਹਿਲ ਹੈ ਜਿਸ ਦਾ ਹੌਲੀ-ਹੌਲੀ ਵਿਕਾਸ ਹੋ ਰਿਹਾ ਹੈ ਅਤੇ ਹੌਲੀ-ਹੌਲੀ ਇਹ ਪ੍ਰਬੰਧ ਲੋਕਪ੍ਰਿਯ ਹੋ ਰਿਹਾ ਹੈ। ਅਦਾਲਤ ਵੀ ਇਸ ਪ੍ਰਬੰਧ ਅਧੀਨ ਸਰਵਜਨਕ ਹਿੱਤਾ ਦੀ ਰੱਖਿਆ ਲਈ ਅੱਗੇ ਆ ਰਹੇ ਹਨ। ਖੁਦ ਸਮਾਜ ਸੇਵੀ ਸੰਗਠਨ ਅਤੇ ਗੈਰ-ਸਰਕਾਰੀ ਸੰਗਠਨ ਇਸ ਪ੍ਰਬੰਧ ਦਾ ਇਸਤੇਮਾਲ ਕਰਕੇ ਆਮ ਜਨਤਾ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ ਅੱਗੇ ਆ ਰਹੇ ਹਨ। ਸ਼੍ਰੀ ਐੱਚ. ਡੀ. ਸ਼ੈਰੀ ਵਰਗੇ ਵਿਅਕਤੀਆਂ ਨੇ ਇਸ ਪ੍ਰਬੰਧ ਦਾ ਲਾਭ ਉਠਾ ਕੇ ਕਈ ਸਰਵਜਨਕ ਹਿੱਤਾਂ ਦੀ ਸੁਰੱਖਿਆ ਕੀਤੀ ਹੈ। ਇਹ ਸਮਝਿਆ ਜਾਂਦਾ ਹੈ ਕਿ ਹੌਲੀ-ਹੌਲੀ ਇਹ ਪ੍ਰਬੰਧ ਵਿਕਸਿਤ ਹੋ ਜਾਵੇਗਾ ਅਤੇ ਸੰਭਾਵਿਤ ਖਤਰਿਆਂ ’ਤੇ ਕੰਟਰੋਲ ਪਾਉਣ ਲਈ ਉਪਯੁਕਤ ਯਤਨ ਕਰਨ ਵਿੱਚ ਸਫਲ ਹੋਵੇਗੀ। ਅਸਲ ਵਿੱਚ ਸਰਵਜਨਕ ਹਿੱਤ ਮੁਕਦਮੇ ਦੇ ਪ੍ਰਬੰਧ ਨੇ ਆਮ ਜਨਤਾ ਲਈ ਨਿਆ ਪ੍ਰਾਪਤ ਕਰਨ ਦਾ ਇਕ ਹੋਰ ਮਹੱਤਵਪੂਰਨ ਰਸਤਾ ਖੋਲ੍ਹਿਆ ਹੈ ਜਿਸ ਦਾ ਇਸਤੇਮਾਲ ਕਰਕੇ ਜਨਤਾ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨਾਲ ਨਾ ਕੇਵਲ ਆਪਣੇ ਸਾਂਝੇ ਹਿੱਤਾਂ ਦੀ ਸੁਰੱਖਿਆ ਕਰ ਸਕਦੀ ਹੈ ਬਲਕਿ ਜਿਨ੍ਹਾਂ ਹਿੱਤਾਂ ਨੂੰ ਹਾਨੀ ਪਹੁੰਚੀ ਹੋਵੇ ਉਸ ਦੇ ਸਬੰਧ ਵਿੱਚ ਉਪਯੁਕਤ ਨੁਕਸਾਨ ਦੀ ਪੂਰਤੀ ਵੀ ਪ੍ਰਾਪਤ ਕਰ ਸਕਦੀ ਹੈ। ਇਸ ਪ੍ਰਬੰਧ ਨੇ ਭਰੋਸੇਯੋਗ ਰੂਪ ਵਿੱਚ ਨਿਆ ਦੇਣ ਦੇ ਸਬੰਧ ਵਿੱਚ ਭਾਰਤੀ ਨਿਆਇਕ ਪ੍ਰਬੰਧ ਨੂੰ ਇਕ ਨਵੀਂ ਦ੍ਰਿੜਤਾ ਅਤੇ ਇਕ ਨਵੀਂ ਸ਼ਕਤੀ ਪ੍ਰਦਾਨ ਕੀਤੀ ਹੈ ਅਤੇ ਇਸ ਨਾਲ ਅਦਾਲਤਾਂ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਬਣਾਇਆ ਹੈ।

## ਸਵ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks):

1. ਸਰਵਜਨਕ ਹਿੱਤ ਮੁਕੱਦਮੇ ਦੇ ਪ੍ਰਬੰਧ ............. ਦੀ ਇਕ ਨਵੀਂ ਸ਼ਾਖਾ ਹੈ, ਜੋ ਭਾਰਤ ਵਿੱਚ ਹੁਣ ਕਾਫੀ ਸਾਲਾਂ ਤੋਂ ਵਿਵਹਾਰ ਵਿੱਚ ਲਾਗੂ ਕੀਤੀ ਜਾ ਰਹੀ ਹੈ।
2. ............. ਨੂੰ ਸਿਰਫ ‘ਨਵਾਂ ਕਾਨੂੰਨੀ ਕਸ਼ਿਤਿਜ’ ਕਿਹਾ ਜਾਂਦਾ ਹੈ।

**ਨੋਟ**

3. ਸਰਵਜਨਕ ਹਿੱਤ ਮੁਕੱਦਮਾ ਪ੍ਰਣਾਲੀ ਦੇ ਤਹਿਤ ਸਧਾਰਣ ਨਾਗਰਿਕ ਬਿਨਾਂ ਉਪਚਾਰਿਕ ............ਨਾਲ ਸਰਵਜਨਕ ਹਿੱਤਾਂ ਨੂੰ ਸੁਰੱਖਿਅਤ ਕਰਵਾ ਸਕਦੇ ਹਨ।

## 10.3 ਲੋਕ ਅਦਾਲਤ (Lok Adalats)

ਪਿਛਲੇ ਕੁਝ ਸਾਲਾਂ ਤੋਂ ਲੋਕ ਅਦਾਲਤਾਂ ਦੇ ਪ੍ਰਬੰਧ ਭਾਰਤ ਦੇ ਸਾਰੇ ਰਾਜਾਂ ਵਿੱਚ ਲੋਕਪ੍ਰਿਯ ਹੋ ਰਹੇ ਹਨ। ਲੋਕ ਅਦਾਲਤਾਂ ਪੂਰੇ ਰੂਪ ਨਾਲ ਨਾ ਤਾਂ ਨਿਆਇਕ ਪ੍ਰਬੰਧ ਦਾ ਹਿੱਸਾ ਹਨ ਅਤੇ ਨਾ ਹੀ ਉਨ੍ਹਾਂ ਨੂੰ ਬਹੁਤ ਕਾਨੂੰਨੀ ਮਾਨਤਾ ਪ੍ਰਾਪਤ ਹੈ ਪਰ ਇਹ ਨਿਆਇਕ ਪ੍ਰਬੰਧ ਦੀ ਸਹਾਇਕ ਏਜੰਸੀਆਂ ਦੇ ਰੂਪ ਵਿੱਚ ਕੰਮ ਕਰਕੇ ਲੋਕਾਂ ਨੂੰ ਜਲਦੀ ਘੱਟ ਖਰਚ 'ਤੇ ਨਿਆ ਉਪਲੱਬਧ ਕਰਵਾ ਰਹੇ ਹਨ। ਮੁਕੱਦਮੇਬਾਜ਼ੀ ਵਿੱਚ ਲੱਗੇ ਪੱਖਾਂ ਦਰਮਿਆਨ ਸੌਦੇਬਾਜ਼ੀ/ਦਰਮਿਆਨੀ ਕਰਵਾ ਕੇ ਅਤੇ ਉਨ੍ਹਾਂ ਵਿੱਚ ਪ੍ਰਸਪਰ ਸਮਝ ਪੈਦਾ ਕਰਕੇ ਲੋਕ ਅਦਾਲਤਾਂ ਉਨ੍ਹਾਂ ਦੇ ਝਗੜੇ ਦਾ ਨਿਪਟਾਰਾ ਕਰਦੀਆਂ ਹਨ। ਦੂਸਰੇ ਸ਼ਬਦਾਂ ਵਿੱਚ ਲੋਕ ਅਦਾਲਤਾਂ ਦਾ ਮੁੱਖ ਉਦੇਸ਼ ਹੈ ਅਦਾਲਤੀ ਝਗੜਿਆਂ ਨੂੰ ਵਿਰੋਧੀ ਪੱਖਾਂ ਵਿੱਚ ਸਹਿਮਤੀ ਪੈਦਾ ਕਰਕੇ ਨਿਪਟਾਇਆ ਜਾਵੇ। ਬਹੁਤ ਵਾਰ ਕਈ ਮੁਕੱਦਮੇ ਕਾਫੀ ਲੰਮੇ ਸਮੇਂ ਤੋਂ ਅਦਾਲਤਾਂ ਵਿੱਚ ਲਟਕ ਰਹੇ ਹੁੰਦੇ ਹਨ। ਲੋਕ ਅਦਾਲਤਾਂ ਦੇ ਮਾਧਿਅਮ ਨਾਲ ਇਨ੍ਹਾਂ ਨੂੰ ਘੱਟ ਤੋਂ ਘੱਟ ਸਮੇਂ ਵਿੱਚ ਨਿਪਟਾ ਲਿਆ ਜਾਂਦਾ ਹੈ। ਭਰੋਸੇਯੋਗ ਰੂਪ ਵਿੱਚ ਲੋਕ ਅਦਾਲਤਾਂ ਨੇ ਲੋਕਾਂ ਲਈ ਨਿਆ ਪ੍ਰਾਪਤ ਕਰਨਾ ਸਰਲ ਬਣਾਇਆ ਹੈ। ਕਾਫੀ ਲੰਮੇ ਸਮੇਂ ਤੋਂ ਖਮਿਆਜ਼ੇ ਦੀ ਦੀ ਉਮੀਦ ਕਰ ਰਹੇ ਲੋਕਾਂ ਲਈ ਇਹ ਸੰਭਵ ਬਣਾਇਆ ਗਿਆ ਹੈ ਕਿ ਉਹ ਆਪਣੇ ਨੁਕਸਾਨ ਦੀ ਭਰਵਾਈ ਲਈ ਮੁਆਵਜ਼ਾ ਪ੍ਰਾਪਤ ਕਰ ਸਕੇ। ਲੋਕ ਅਦਾਲਤ ਪ੍ਰਬੰਧ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਲੋਕ ਅਦਾਲਤਾਂ ਵੱਲੋਂ ਦਿੱਤੇ ਗਏ ਫੈਸਲਿਆਂ ਵਿਰੁੱਧ ਅਪੀਲ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਸ ਪ੍ਰਣਾਲੀ ਅਧੀਨ ਕਿਸੇ ਮੁਕੱਦਮੇ ਦੀ ਦੋਵਾਂ ਪੱਖਾਂ ਨੇ ਪ੍ਰਸਪਰ ਸਹਿਮਤੀ ਨਾਲ ਇਕ ਫੈਸਲਾ ਸਵੀਕਾਰ ਕੀਤਾ ਹੈ।

ਭਾਰਤ ਵਿੱਚ ਲੋਕ ਅਦਾਲਤ ਪ੍ਰਬੰਧ ਲੱਗਭਗ 30 ਸਾਲ ਪੁਰਾਣਾ ਹੈ ਅਤੇ ਇਸ ਪ੍ਰਬੰਧ ਨੂੰ ਸ਼ੁਰੂ ਕਰਨ ਵਿੱਚ ਭਾਰਤ ਦੇ ਇਕ ਸਾਬਕਾ ਚੀਫ ਜਸਟਿਸ ਸ਼੍ਰੀ ਪੀ. ਐੱਨ. ਭਗਵਤੀ ਨੇ ਵਡਮੁੱਲੀ ਭੂਮਿਕਾ ਨਿਭਾਈ ਹੈ। ਗਰੀਬ ਅਤੇ ਪਿਛੜੀ ਸ਼੍ਰੇਣੀ ਦੇ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਗੁਜਰਾਤ ਉੱਚ ਅਦਾਲਤ ਨੇ ਲੋਕ ਅਦਾਲਤ ਪ੍ਰਬੰਧ ਸ਼ੁਰੂ ਕੀਤਾ ਅਤੇ ਹੌਲੀ-ਹੌਲੀ ਭਾਰਤੀ ਸੰਘ ਦੇ ਸਾਰੇ ਰਾਜਾਂ ਨੇ ਇਸ ਨੂੰ ਅਪਣਾ ਲਿਆ। ਅੱਜ ਤੱਕ ਲੱਗਭਗ 12 ਲੱਖ ਮੁਕੱਦਮੇ ਵੱਖ-ਵੱਖ ਲੋਕ ਅਦਾਲਤਾਂ ਵੱਲੋਂ ਨਿਪਟਾਏ ਜਾਂ ਉਠਾਏ ਗਏ ਹਨ।

### ਲੋਕ ਅਦਾਲਤਾਂ ਦਾ ਕਾਨੂੰਨੀ ਅਤੇ ਸੰਵਿਧਾਨਿਕ ਆਧਾਰ
### (The Legal and Constitutional basis of Lok Adalats)

ਸੰਵਿਧਾਨ ਦੀ 43ਵੀਂ ਸੋਧ ਨਾਲ ਇਕ ਨਵਾਂ ਨਿਰਦੇਸ਼ਕ ਸਿਧਾਂਤ 39 (ਏ) ਅਪਨਾਇਆ ਗਿਆ ਜਿਸ ਨਾਲ ਰਾਜ ਨੂੰ ਇਹ ਨਿਰਦੇਸ਼ ਦਿੱਤਾ ਗਿਆ ਕਿ ਉਹ ਕਾਨੂੰਨ ਪ੍ਰਬੰਧ ਨੂੰ ਇਸ ਤਰ੍ਹਾਂ ਚਲਾਏ ਕਿ ਲੋਕਾਂ ਨੂੰ ਨਿਆ ਯਤਨ ਕਰਨ ਦੇ ਇਕ ਬਰਾਬਰ ਮੌਕੇ ਪ੍ਰਾਪਤ ਹੋਣ ਅਤੇ ਜ਼ਰੂਰਤਮੰਦਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਉਪਲੱਬਧ ਹੋਵੇ। ਇਸ ਨਿਰਦੇਸ਼ਕ ਸਿਧਾਂਤ ਦੇ ਅਧਾਰ 'ਤੇ ਸੰਘੀ ਸੰਸਦ 1987 ਵਿੱਚ Legal Services Authority Act ਪਾਸ ਕੀਤਾ ਜਿਸ ਅਧੀਨ ਕਈ ਕਾਨੂੰਨੀ ਸੇਵਾ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ, ਜਿਨ੍ਹਾਂ ਨੇ ਗਰੀਬਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਫੰਡ ਵੀ ਸਥਾਪਿਤ ਕੀਤਾ, ਜਿਸ ਨੂੰ ਕਿ ਰਾਸ਼ਟਰੀ, ਪ੍ਰਾਂਤਾਂ ਅਤੇ ਜ਼ਿਲ੍ਹਾ ਪੱਧਰ 'ਤੇ ਸਥਾਪਿਤ ਕੀਤਾ ਗਿਆ। ਅਜਿਹੀ ਕਾਨੂੰਨੀ ਸੰਸਥਾਵਾਂ ਨੂੰ ਇਹ ਵੀ ਉਦੇਸ਼ ਸੌਂਪਿਆ ਗਿਆ ਕਿ ਉਹ ਲੋਕ ਅਦਾਲਤਾਂ ਵੱਲੋਂ ਮੁਕੱਦਮਿਆਂ ਦਾ ਨਿਪਟਾਰਾ ਕਰਨ ਲਈ ਪ੍ਰਕਿਰਿਆ ਨੂੰ ਉਤਸ਼ਾਹਿਤ ਕਰੇ। ਬਾਅਦ ਵਿੱਚ ਅਲੱਗ-ਅਲੱਗ ਰਾਜਾਂ ਨੇ ਕਾਨੂੰਨ ਪਾਸ ਕਰਕੇ ਜਾਂ ਕਾਰਜ ਪਾਲਿਕਾ ਦੇ ਆਦੇਸ਼ਾਂ ਨਾਲ ਉਹ ਪ੍ਰਬੰਧ ਸਥਾਪਿਤ ਕੀਤੇ ਜਿਨ੍ਹਾਂ ਦੇ ਅਧਾਰ 'ਤੇ ਹਰੇਕ ਪ੍ਰਾਂਤ ਵਿੱਚ ਲੋਕ ਅਦਾਲਤਾਂ ਨੂੰ ਸੰਗਠਿਤ ਕੀਤਾ ਜਾਣਾ ਸੀ ਅਤੇ ਲੋਕ ਅਦਾਲਤਾਂ ਨੇ ਮੁਕੱਦਮਿਆਂ ਦਾ ਨਿਪਟਾਰਾ ਕਰਨਾ ਸੀ।

*ਟਾਸਕ* ਲੋਕ ਅਦਾਲਤ ਤੋਂ ਕੀ ਭਾਵ ਹੈ?

## 10.4 ਲੋਕ ਅਦਾਲਤਾਂ ਦਾ ਸੰਗਠਨ ਅਤੇ ਕੰਮ ਕਰਨ ਦਾ ਢੰਗ (Organisation and Method of Working of Lok Adalats)

ਕਿਸੇ ਵੀ ਲੋਕ ਅਦਾਲਤ ਦਾ ਸੰਗਠਨ ਪ੍ਰਾਂਤ, ਜ਼ਿਲ੍ਹਾ ਜਾਂ ਤਹਿਸੀਲ ਪੱਧਰ 'ਤੇ ਕੀਤਾ ਜਾ ਸਕਦਾ ਹੈ ਪਰ ਸਧਾਰਣ ਤੌਰ 'ਤੇ ਜ਼ਿਲ੍ਹਾ ਪੱਧਰ 'ਤੇ ਹੀ ਲੋਕ ਅਦਾਲਤਾਂ ਦਾ ਸੰਗਠਨ ਕੀਤਾ ਜਾਂਦਾ ਹੈ। ਇਨ੍ਹਾਂ ਲੋਕ ਅਦਾਲਤਾਂ ਵਿੱਚ ਇਕ ਨਿਆਇਕ ਅਧਿਕਾਰੀ ਅਤੇ

ਉਸ ਨਾਲ ਦੋ ਤੋਂ ਲੈ ਕੇ ਪੰਜ ਤੱਕ ਨਾਗਰਿਕ ਬੈਠਦੇ ਹਨ। ਕੋਈ ਵੀ ਸਮਾਜਿਕ ਕਾਰਜਕਰਤਾ, ਇਸਤਰੀ ਸੰਗਠਨਾਂ ਦੇ ਮੈਂਬਰ, ਸੇਵਾਮੁਕਤ ਅਧਿਕਾਰੀ, ਡਾਕਟਰ, ਵਕੀਲ, ਪ੍ਰੋਫੈਸਰ, ਪ੍ਰਿੰਸੀਪਲ, ਪੱਤਰਕਾਰ ਜਾਂ ਸਮਾਜਿਕ ਨੇਤਾ ਆਦਿ ਲੋਕ ਅਦਾਲਤ ਵਿੱਚ ਨਿਯੁਕਤ ਕੀਤੇ ਜਾ ਸਕਦੇ ਹਨ। ਇਹ ਵਿਅਕਤੀ ਯਤਨ ਕਰਦੇ ਹਨ ਕਿ ਮੁਕੱਦਮੇਬਾਜ਼ੀ ਵਿੱਚ ਉਲਝੇ ਹੋਏ ਪੱਖ ਆਪਸ ਵਿੱਚ ਸਹਿਮਤੀ ਨਾਲ ਲੋਕ ਅਦਾਲਤ ਦੇ ਸਾਹਮਣੇ ਆਪਣੇ ਮੁਕੱਦਮੇ ਨੂੰ ਲਿਆਉਣ ਅਤੇ ਲੋਕ ਅਦਾਲਤ ਵੱਲੋਂ ਨਿਆ ਪ੍ਰਾਪਤ ਕਰਨ। ਕਈ ਵਾਰ ਰਾਜ ਦੀ ਉੱਚ ਅਦਾਲਤ ਦੇ ਜੱਜਾਂ ਦੀ ਪ੍ਰਧਾਨਗੀ ਵਿੱਚ ਵੀ ਲੋਕ ਅਦਾਲਤਾਂ ਲਗਾਈਆਂ ਜਾਂਦੀਆਂ ਹਨ ਅਤੇ ਸਾਰੇ ਫੈਸਲੇ ਮੁਕੱਦਮਿਆਂ ਵਿੱਚ ਸ਼ਾਮਿਲ ਪੱਖਾਂ ਦਰਮਿਆਨ ਬਣਾ ਕੇ ਕੀਤੇ ਜਾਂਦੇ ਹਨ।

ਜਿੱਥੋਂ ਤੱਕ ਅਦਾਲਤਾਂ ਦੀ ਕਾਰਜ-ਪ੍ਰਣਾਲੀ ਦਾ ਪ੍ਰਸ਼ਨ ਹੈ ਇਸ ਸਬੰਧ ਵਿੱਚ ਕੁਝ ਨਿਯਮ ਅਪਣਾਏ ਗਏ ਹਨ:

(ਕ) ਲੋਕ ਅਦਾਲਤਾਂ ਵਿੱਚ ਕੇਵਲ ਉਹੀ ਮੁਕੱਦਮੇ ਆਉਂਦੇ ਹਨ ਜੋ ਕਿਸੇ ਨਾ ਕਿਸੇ ਨਿਆਇਕ ਅਦਾਲਤ ਵਿੱਚ ਚੱਲ ਰਹੇ ਹੁੰਦੇ ਹਨ।

(ਖ) ਮੁਕੱਦਮੇ ਵਿੱਚ ਸ਼ਾਮਿਲ ਪੱਖ ਇਕ ਪ੍ਰਾਥਨਾ-ਪੱਤਰ ਨਾਲ ਲੋਕ ਅਦਾਲਤ ਦੇ ਸਾਹਮਣੇ ਆਪਣਾ ਮੁਕੱਦਮਾ ਲਿਆ ਸਕਦੀ ਹੈ।

(ਗ) ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਕੰਮ ਕਰਨ ਲਈ ਸੰਗਠਿਤ ਲੋਕ ਅਦਾਲਤਾਂ ਸਬੰਧੀ ਜ਼ਿਲ੍ਹਾ ਸੈਸ਼ਨ ਜੱਜ ਨੂੰ ਜਾਣਕਾਰੀ ਹੁੰਦੀ ਹੈ।

(ਘ) ਲੋਕ ਅਦਾਲਤ ਜਿਸ ਦਿਨ ਬੈਠਣੀ ਹੁੰਦੀ ਹੈ ਉਸ ਸਬੰਧੀ ਸੂਚਨਾ ਸਬੰਧਿਤ ਪਾਰਟੀ ਨੂੰ ਦੇ ਦਿੱਤੀ ਜਾਂਦੀ ਹੈ ਅਤੇ ਨਿਰਧਾਰਿਤ ਸਮੇਂ 'ਤੇ ਇਸ ਮੁਕੱਦਮੇ ਵਿੱਚ ਸ਼ਾਮਿਲ ਪੱਖ ਲੋਕ ਅਦਾਲਤਾਂ ਵਿੱਚ ਬੈਠ ਕੇ ਪ੍ਰਸਪਰ ਸਹਿਮਤੀ ਨਾਲ ਨਿਆ ਪ੍ਰਾਪਤ ਕਰਦੀਆਂ ਹਨ।

(ਙ) ਜਦੋਂ ਲੋਕ ਅਦਾਲਤ ਇਕ ਸਹਿਮਤੀ ਬਣਾ ਕੇ ਕਿਸੇ ਮੁਕੱਦਮੇ ਦੇ ਫੈਸਲੇ ਦੀ ਘੋਸ਼ਣਾ ਕਰ ਦਿੰਦੀ ਹੈ ਤਾਂ ਇਸ ਦੀ ਸੂਚਨਾ ਨਿਆਇਕ ਅਧਿਕਾਰੀ ਨੂੰ ਦੇ ਦਿੱਤੀ ਜਾਂਦੀ ਹੈ।

(ਚ) ਲੋਕ ਅਦਾਲਤ ਦੇ ਫੈਸਲਿਆਂ ਨੂੰ ਕਿਉਂਕਿ ਮੁਕੱਦਮੇ ਵਿੱਚ ਸ਼ਾਮਿਲ ਸਾਰੇ ਪੱਖਾਂ ਨੇ ਸਵੀਕਾਰ ਕੀਤਾ ਹੁੰਦਾ ਹੈ ਇਸ ਲਈ ਇਸ ਦੇ ਵਿਰੁੱਧ ਕੋਈ ਅਪੀਲ ਨਹੀਂ ਕੀਤੀ ਜਾ ਸਕਦੀ।

(ਜ) ਲੋਕ ਅਦਾਲਤ ਦੀ ਕਾਰਜ-ਪ੍ਰਣਾਲੀ ਵਿੱਚ ਨਾ ਤਾਂ ਕਠੋਰਤਾ ਹੁੰਦੀ ਹੈ ਅਤੇ ਨਾ ਹੀ ਕਠੋਰ ਉਪਚਾਰਿਕਤਾ। ਫੈਸਲੇ ਪ੍ਰਸਪਰ ਸਹਿਮਤੀ ਅਤੇ ਸਹਿਯੋਗ ਦੀ ਭਾਵਨਾ ਦੇ ਆਧਾਰ 'ਤੇ ਪ੍ਰਸਪਰ ਸਮਝ ਬਣਾ ਲਏ ਜਾਂਦੇ ਹਨ।

(ਝ) ਸਧਾਰਣ ਤੌਰ 'ਤੇ ਲੋਕ ਅਦਾਲਤਾਂ ਦੇ ਬਰਾਬਰ ਹੇਠ ਲਿਖੇ ਰੂਪ ਦੇ ਮੁਕੱਦਮੇ ਜ਼ਿਆਦਾਤਰ ਆਉਂਦੇ ਹਨ-

*(i)* ਮੋਟਰ ਦੁਰਘਟਨਾ ਵਿੱਚ ਮੁਆਵਜ਼ੇ ਨਾਲ ਸਬੰਧਿਤ ਮੁਕੱਦਮੇ

*(ii)* ਵਿਆਹ ਅਤੇ ਤਲਾਕ ਨਾਲ ਸਬੰਧਿਤ ਮੁਕੱਦਮੇ

*(iii)* ਮਜ਼ਦੂਰਾਂ ਦੇ ਮੁਆਵਜ਼ੇ ਨਾਲ ਸਬੰਧਿਤ ਮੁਕੱਦਮੇ

ਪਰ ਜਿਨ੍ਹਾਂ ਮੁਕੱਦਮਿਆਂ ਵਿੱਚ ਸਰਕਾਰ ਇਕ ਪੱਖ ਹੋਵੇ, ਮੁਕੱਦਮੇ ਇਨ੍ਹਾਂ ਅਦਾਲਤਾਂ ਦੇ ਸਾਹਮਣੇ ਨਹੀਂ ਆ ਸਕਦੇ।

ਲੋਕ ਅਦਾਲਤਾਂ ਦੇ ਪ੍ਰਬੰਧ ਨੇ ਭਰੋਸੇਯੋਗ ਰੂਪ ਵਿੱਚ ਇਕ ਪ੍ਰਸ਼ੰਸਾਯੋਗ ਕੰਮ ਕੀਤਾ ਹੈ ਇਸ ਨੇ ਨਿਆਪਾਲਿਕਾ ਦੇ ਭਾਰ ਨੂੰ ਘਟਾਇਆ ਅਤੇ ਨਿਆ ਪ੍ਰਾਪਤੀ ਦੀ ਪ੍ਰਕਿਰਿਆ ਨੂੰ ਅਸਾਨ ਅਤੇ ਘੱਟ ਖਰਚੀਲਾ ਬਣਾਇਆ ਹੈ। ਅਦਾਲਤੀ ਫੈਸਲਿਆਂ ਵਿਰੁੱਧ ਅਪੀਲਾਂ ਕਰਨ ਦੀ ਪ੍ਰਕਿਰਿਆ ਨੂੰ ਘੱਟ ਕੀਤਾ ਹੈ। ਗਰੀਬਾਂ ਅਤੇ ਕਮਜੋਰ ਵਰਗ ਦੇ ਲੋਕਾਂ ਨੂੰ ਨਿਆ ਪ੍ਰਾਪਤ ਕਰਨ ਵਿੱਚ ਸਹਾਇਤਾ ਦਿੱਤੀ ਹੈ। ਸਹਿਮਤੀ ਅਤੇ ਸਹਿਯੋਗ ਦੀ ਸਥਾਪਨਾ ਵੱਲ ਇਕ ਚੰਗਾ ਯਤਨ ਕੀਤਾ ਹੈ, ਕਿਉਂਕਿ ਲੋਕ ਅਦਾਲਤਾਂ ਵਿੱਚ ਫੈਸਲੇ ਮੁਕੱਦਮਿਆਂ ਵਿੱਚ ਸ਼ਾਮਿਲ ਪੱਖਾਂ ਦੀ ਸਹਿਮਤੀ ਅਤੇ ਸਹਿਯੋਗ ਨਾਲ ਕੀਤੇ ਜਾਂਦੇ ਹਨ। ਇਸ ਤਰ੍ਹਾਂ ਕੋਈ ਵੀ ਪੱਖ ਆਪਣੇ ਆਪ ਨੂੰ ਹਾਰਿਆ ਪੱਖ ਮਹਿਸੂਸ ਨਹੀਂ ਕਰਦਾ। ਲੋਕ ਅਦਾਲਤਾਂ ਨੇ ਭਰੋਸੇਯੋਗ ਰੂਪ ਵਿੱਚ ਨਿਆਇਕ ਪ੍ਰਬੰਧ ਵਿੱਚ ਵਿਧਮਾਨ ਦੇਰੀ ਨੂੰ ਘੱਟ ਕਰਨ ਵਿੱਚ ਸਹਾਇਤਾ ਕੀਤੀ ਹੈ। ਜੋ ਲੋਕ ਅਦਾਲਤ ਪ੍ਰਬੰਧ ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਵਿਕਸਿਤ ਹੋ ਰਹੇ ਹਨ, ਉਸ ਨੂੰ ਅਸੀਂ ਇਕ ਚੰਗਾ ਅਤੇ ਜ਼ਰੂਰੀ ਨਿਆਇਕ ਵਿਕਾਸ ਕਹਿ ਸਕਦੇ ਹਾਂ। ਚਾਹੇ ਲੋਕ ਅਦਾਲਤਾਂ ਦੇ ਸਾਹਮਣੇ ਬਹੁਤ ਵੱਡੇ ਮੁਕੱਦਮੇ ਨਹੀਂ ਆਉਂਦੇ ਅਤੇ ਜ਼ਿਆਦਾਤਰ ਮੁਆਵਜ਼ੇ ਦੇ ਮੁਕੱਦਮੇ ਹੀ ਆਉਂਦੇ ਹਨ ਤਾਂ ਵੀ ਇਸ ਪ੍ਰਬੰਧ ਨੇ ਭਾਰਤੀ ਪ੍ਰਬੰਧ ਵਿੱਚ ਕੁਸ਼ਲਤਾ ਅਤੇ ਘੱਟ ਖਰਚੀਲਾਪਣ ਲਿਆਉਣ ਦਾ ਯਤਨ ਕੀਤਾ ਹੈ।

ਦੂਸਰੀ ਉਦਾਰ ਲੋਕਤੰਤਰੀ ਰਾਜਨੀਤਿਕ ਪ੍ਰਣਾਲੀਆਂ ਦੀ ਤਰ੍ਹਾਂ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਵੀ ਇਕ ਸੁਤੰਤਰ ਅਤੇ ਪ੍ਰਭਾਵਸ਼ਾਲੀ ਨਿਆ ਪਾਲਿਕਾ ਦੀ ਹੋਂਦ ਹੈ ਜਿਸ ਵਿੱਚ ਸਰਵਉੱਚ ਅਦਾਲਤ ਸ਼ੀਰਸ਼ 'ਤੇ, ਉੱਚ ਅਦਾਲਤ ਰਾਜ ਪੱਧਰ 'ਤੇ ਅਤੇ ਅਧੀਨ ਅਦਾਲਤ ਸਥਾਨਕ ਪੱਧਰ 'ਤੇ ਵਿਧਮਾਨ ਹਨ। ਭਾਰਤ ਦਾ ਸੰਵਿਧਾਨ ਇਸ ਉਦੇਸ਼ ਨੂੰ ਸੁਰੱਖਿਅਤ ਕਰਨ ਲਈ ਜ਼ਰੂਰੀ

ਸ਼ਰਤਾਂ ਦੇ ਰੂਪ ਵਿੱਚ ਸਾਰੇ ਅਜਿਹੇ ਗੁਣਾਂ ਨੂੰ, ਜੋ ਵਿਆਪਕ ਰੂਪ ਵਿੱਚ ਮਾਨਤਾ ਪ੍ਰਾਪਤ ਹਨ, ਆਪਣਾ ਕਰ ਨਿਆਇਕ ਪ੍ਰਣਾਲੀ ਦੀ ਸੁਤੰਤਰਤਾ ਨੂੰ ਭਰੋਸੇਯੋਗ ਬਣਾਉਂਦਾ ਹੈ। ਇਹ ਪੂਰਨ ਰੂਪ ਵਿੱਚ ਨਿਆ ਪਾਲਿਕਾ ਦੇ ਮਹੱਤਵ ਨੂੰ ਸੰਵਿਧਾਨ ਦੀ ਸੁਰੱਖਿਆ ਅਤੇ ਵਿਆਖਿਆਕਾਰ ਦੇ ਰੂਪ ਵਿੱਚ, ਲੋਕਾਂ ਦੀ ਸੁਤੰਤਰਤਾ ਅਤੇ ਮੌਲਿਕ ਅਧਿਕਾਰਾਂ ਦੇ ਰੱਖਿਅਕ ਦੇ ਰੂਪ ਵਿੱਚ ਸੰਘ ਅਤੇ ਰਾਜਾਂ ਦਰਮਿਆਨ ਸਾਰੇ ਝਗੜਿਆਂ ਦੇ ਸਬੰਧ ਵਿੱਚ ਇਕ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਪ੍ਰਬੰਧ ਦੇ ਰੂਪ ਵਿੱਚ ਸਥਾਪਿਤ ਕਰਦਾ ਹੈ। ਇਹ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਸ਼ਕਤੀਸ਼ਾਲੀ ਨਿਆ ਪਾਲਿਕਾ ਦੀ ਵਿਧਮਾਨਤਾ ਨੂੰ ਸੁਰੱਖਿਅਤ ਕਰਨ ਅਤੇ ਉਸ ਨੂੰ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਦੀ ਦਖਲਅੰਦਾਜ਼ੀ ਤੋਂ ਦੂਰ ਰੱਖਣ ਲਈ ਸਾਰੇ ਜ਼ਰੂਰੀ ਅਤੇ ਠੀਕ ਕਦਮ ਚੁੱਕਣ ਦਾ ਪ੍ਰਬੰਧ ਕਰਦਾ ਹੈ।

ਨੋਟ

**ਸਵ ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

4. ਨਿਰਦੇਸ਼ਕ ਸਿਧਾਂਤ ਦੇ ਅਧਾਰ 'ਤੇ ਸੰਘੀ ਸੰਸਦ ਨੇ 'ਲੀਗਲ ਸਰਵਿਸਿਜ਼ੇ ਅਥਾਰਟੀ ਐਕਟ' ਕਿਸ ਸਾਲ ਪਾਸ ਕੀਤਾ ਸੀ?
   (ਅ) ਸਾਲ 1986 (ਬ) ਸਾਲ 1976
   (ਸ) ਸਾਲ 1987 (ਦ) ਸਾਲ 1988
5. ਲੋਕ ਅਦਾਲਤਾਂ ਵਿੱਚ ਕਿਹੜੇ ਮੁਕੱਦਮੇ ਆਉਂਦੇ ਹਨ?
   (ਅ) ਜੋ ਨਿਆਇਕ ਅਦਾਲਤ ਵਿੱਚ ਨਹੀਂ ਚੱਲ ਰਹੇ ਹੁੰਦੇ ਹਨ।
   (ਬ) ਜੋ ਨਿਆਇਕ ਅਦਾਲਤ ਵਿੱਚ ਚੱਲ ਰਹੇ ਹੁੰਦੇ ਹਨ।
   (ਸ) (ਅ) ਅਤੇ (ਬ) ਦੋਨੋਂ
   (ਦ) ਨਾ ਤਾਂ (ਅ) ਅਤੇ ਨਾ ਤਾਂ (ਬ)
6. ਲੋਕ ਅਦਾਲਤਾਂ ਵਿੱਚ ਸਧਾਰਣ ਤੌਰ 'ਤੇ ਇਨ੍ਹਾਂ ਵਿੱਚੋਂ ਕਿਹੜਾ ਮੁਕੱਦਮਾ ਨਹੀਂ ਆਉਂਦਾ-
   (ਅ) ਮੋਟਰ ਦੁਰਘਟਨਾਵਾਂ ਵਿੱਚ ਮੁਆਵਜ਼ੇ ਨਾਲ ਸਬੰਧਿਤ ਮੁਕੱਦਮੇ
   (ਬ) ਹੱਤਿਆ ਸਬੰਧੀ ਮੁਕੱਦਮੇ
   (ਸ) ਵਿਆਹ ਸਬੰਧੀ ਮੁਕੱਦਮੇ
   (ਦ) ਮਜ਼ਦੂਰਾਂ ਦੇ ਮੁਆਵਜ਼ੇ ਸਬੰਧੀ ਮੁਕੱਦਮੇ

## 10.5 ਭਾਰਤ ਵਿੱਚ ਨਿਆ ਪਾਲਿਕਾ ਦੀ ਸੁਤੰਤਰਤਾ: ਵਿਸ਼ੇਸ਼ਤਾਵਾਂ (Independence of Judiciary in India: Features)

1. **ਨਿਆ ਪਾਲਿਕਾ ਦੀ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਤੋਂ ਪਹਿਲਕਰਨ (Separation of Judiciary from the Executive and Legislature)**: ਭਾਰਤ ਵਿੱਚ ਨਿਆ ਪਾਲਿਕਾ ਨਾ ਤਾਂ ਕਾਰਜ ਪਾਲਿਕਾ ਦੀ ਇਕ ਸ਼ਾਖਾ ਹੈ ਅਤੇ ਨਾ ਹੀ ਵਿਧਾਨ ਪਾਲਿਕਾ ਦੀ ਇਕ ਦਾਸੀ ਹੈ। ਸੰਵਿਧਾਨ ਅਧੀਨ ਇਸ ਦੀ ਸੁਤੰਤਰਤਾ ਪਹਿਚਾਣ ਅਤੇ ਹੋਂਦ ਹੈ। ਸਰਵਉੱਚ ਅਦਾਲਤ ਵੱਲੋਂ ਬਣਾਏ ਅਤੇ ਲਾਗੂ ਕੀਤੇ ਕਾਨੂੰਨਾਂ, ਆਦੇਸ਼ਾਂ, ਫੈਸਲਿਆਂ, ਨਿਯਮਾਂ ਅਤੇ ਨਿਰਦੇਸ਼ਾਂ ਦੇ ਅਧਾਰ 'ਤੇ ਕੰਮ ਕਰਦੀ ਹੈ। ਸੰਵਿਧਾਨ ਆਪਣੇ ਭਾਗ IV ਵਿੱਚ ਰਾਜ ਨੂੰ ਨਿਆ ਪਾਲਿਕਾ ਨੂੰ ਕਾਰਜ ਪਾਲਿਕਾ ਤੋਂ ਅਲੱਗ ਕਰਨ ਦਾ ਨਿਰਦੇਸ਼ ਦਿੰਦਾ ਹੈ ਅਤੇ ਇਸ ਦੀ ਪ੍ਰਾਪਤੀ ਉਪਯੁਕਤ ਕਾਨੂੰਨਾਂ ਵੱਲੋਂ ਪ੍ਰਾਪਤ ਵੀ ਕੀਤੀ ਜਾ ਚੁੱਕੀ ਹੈ।

2. **ਰਾਸ਼ਟਰਪਤੀ ਵੱਲੋਂ ਜੱਜਾਂ ਦੀ ਨਿਯੁਕਤੀ** (Appointment of Judges by the President): ਕਿਸੇ ਜੱਜ ਦੀ ਨਿਯੁਕਤੀ ਦਾ ਢੰਗ ਅਤੇ ਵਿਧੀ ਕਾਫੀ ਹੱਦ ਤੱਕ ਉਸ ਦੀ ਸੁਤੰਤਰਤਾ ਦਾ ਨਿਰਧਾਰਨ ਕਰਦੀ ਹੈ। ਸਰਵਉੱਚ ਅਦਾਲਤ ਅਤੇ ਉੱਚ ਅਦਾਲਤਾਂ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ। ਰਾਸ਼ਟਰਪਤੀ ਦੂਸਰੇ ਜੱਜਾਂ ਦੀ ਨਿਯੁਕਤੀ ਕਰਦੇ ਸਮੇਂ ਸਰਵਉੱਚ ਅਦਾਲਤ ਦੇ ਮੁੱਖ ਜੱਜ ਦੀ ਸਲਾਹ ਲੈਂਦਾ ਹੈ। ਮੁੱਖ ਜੱਜ ਦੀ ਨਿਯੁਕਤੀ ਦੇ ਮਾਮਲੇ ਵਿੱਚ ਸਧਾਰਣ ਰੂਪ ਵਿੱਚ ਇਸ ਉੱਚੇ ਅਹੁਦੇ ਲਈ ਸਭ ਤੋਂ ਵੱਡੇ ਜੱਜ ਨੂੰ ਨਿਯੁਕਤ ਕਰਨ ਦੇ ਵਿਵਹਾਰ ਦਾ ਪਾਲਣ ਕੀਤਾ ਜਾਂਦਾ ਹੈ। ਅਧੀਨ ਅਦਾਲਤਾਂ ਦੇ ਸਬੰਧ ਵਿੱਚ ਜੱਜ ਪੇਸ਼ਾਵਰ ਜੱਜ ਹੁੰਦੇ ਹਨ। ਉਨ੍ਹਾਂ ਦੀ ਭਰਤੀ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਨਾਲ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਨਿਯੁਕਤੀ ਤੋਂ ਪਹਿਲਾਂ ਉਨ੍ਹਾਂ ਨੂੰ ਯੋਗ ਪ੍ਰੀਖਣ ਦਿੱਤਾ ਜਾਂਦਾ ਹੈ।

ਨੋਟ

ਭਾਰਤ ਦੇ ਮੁੱਖ ਜੱਜ ਦੀ ਨਿਯੁਕਤੀ ਵਿੱਚ ਵੱਡੇ ਸਿਧਾਂਤ ਦੀ ਹੋਂਦ ਅਤੇ ਦੂਸਰੇ ਜੱਜਾਂ ਦੀ ਨਿਯੁਕਤੀ ਦੇ ਸਬੰਧ ਵਿੱਚ ਅਪਣਾਏ ਗਏ ਸੁਤੰਤਰ ਪ੍ਰਬੰਧ ਅਤੇ ਨਾਲ ਹੀ ਨਾਲ ਇਸ ਸਿਧਾਂਤ ਦੀ ਰਾਸ਼ਟਰਪਤੀ ਭਾਰਤ ਦੇ ਮੁੱਖ ਜੱਜ ਦੀ ਸਲਾਹ 'ਤੇ ਹੀ ਜੱਜਾਂ ਦੀ ਨਿਯੁਕਤੀ, ਬਦਲੀ ਅਤੇ ਤਰੱਕੀ ਦੇ ਸਬੰਧ ਵਿੱਚ ਨਿਰਭਰ ਕਰੇਗਾ, ਨੇ ਭਾਰਤ ਵਿੱਚ ਨਿਆ ਪਾਲਿਕਾ ਦੀ ਸੁਤੰਤਰਤਾ ਵੱਲ ਦ੍ਰਿੜ ਕੀਤਾ ਹੈ।

3. **ਉੱਚ ਯੋਗਤਾਵਾਂ** (High Qualification) ਜੱਜਾਂ ਲਈ ਉੱਚੀਆਂ ਅਤੇ ਵਿਸ਼ੇਸ਼ ਯੋਗਤਾਵਾਂ ਨਿਰਧਾਰਿਤ ਕਰਦਾ ਹੈ। ਜੱਜਾਂ ਦੇ ਅਹੁਦੇ ਲਈ ਯੋਗ ਵਿਅਕਤੀ ਭਾਰਤ ਦਾ ਨਾਗਰਿਕ ਹੋਣਾ ਚਾਹੀਦਾ ਹੈ, ਉਸ ਨੂੰ ਘੱਟੋ ਤੋਂ ਘੱਟ ਪੰਜ ਸਾਲ ਲਈ ਉੱਚ ਅਦਾਲਤ ਦੇ ਜੱਜ ਦੇ ਰੂਪ ਵਿੱਚ ਤਜ਼ਰਬਾ ਜ਼ਰੂਰੀ ਹੋਣਾ ਚਾਹੀਦਾ ਹੈ, ਜਾਂ ਉਹ ਉੱਚ ਅਦਾਲਤ ਦਾ ਘੱਟ ਤੋਂ ਘੱਟ ਦਸ ਸਾਲ ਲਈ ਵਕੀਲ ਰਹਿ ਚੁੱਕਾ ਹੋਣਾ ਚਾਹੀਦਾ ਹੈ ਜਾਂ ਫਿਰ ਉਹ ਇਕ ਵਿਲੱਖਣ ਕਾਨੂੰਨ ਸ਼ਾਸਤਰੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕੇਵਲ ਉਹੀ ਵਿਅਕਤੀ ਸਰਵਉੱਚ ਅਦਾਲਤ ਦੇ ਜੱਜਾਂ ਦੇ ਰੂਪ ਵਿੱਚ ਨਿਯੁਕਤ ਕੀਤੇ ਜਾ ਸਕਦੇ ਹਨ ਜੋ ਸੰਵਿਧਾਨ ਵੱਲੋਂ ਨਿਰਧਾਰਿਤ ਵਿਸ਼ੇਸ਼ ਯੋਗਤਾਵਾਂ ਅਤੇ ਤਜ਼ਰਬਾ ਰੱਖਦੇ ਹੋਣ।

4. **ਲੰਮਾ ਕਾਰਜਕਾਲ** (Long Tenure)–ਸੰਵਿਧਾਨ ਪ੍ਰਬੰਧ ਕਰਦਾ ਹੈ ਕਿ ਜੱਜ 65 ਸਾਲ ਦੀ ਉਮਰ ਹੋਣ ਤੱਕ ਆਪਣੇ ਅਹੁਦੇ 'ਤੇ ਰਹਿ ਸਕਦੇ ਹਨ। ਉਮਰ ਦੀ ਹੱਦ ਜੱਜਾਂ ਲਈ ਲੰਮੇ ਸਮੇਂ ਨੂੰ ਭਰੋਸੇਯੋਗ ਬਣਾਉਂਦੀ ਹੈ। ਫਿਰ ਵੀ ਇਕ ਸੇਵਾਮੁਕਤ ਜੱਜ ਨੂੰ, ਜੇਕਰ ਉਸ ਦੀਆਂ ਸੇਵਾਵਾਂ ਜ਼ਰੂਰੀ ਹੋਣ, ਤਾਂ ਰਾਸ਼ਟਰਪਤੀ ਦੀ ਮਨਜ਼ੂਰੀ ਨਾਲ ਮੁੱਖ ਜੱਜ ਵੱਲੋਂ ਉਸ ਨੂੰ ਪੁਨਰ ਨਿਯੁਕਤ ਕੀਤਾ ਜਾ ਸਕਦਾ ਹੈ।

5. **ਸੇਵਾ ਦੀ ਸੁਰੱਖਿਆ** (Security of Service)–ਨਿਆਪਾਲਿਕਾ ਦੀ ਸੁਤੰਤਰਤਾ ਦੀ ਸੁਰੱਖਿਆ ਲਈ ਜੱਜਾਂ ਲਈ ਸੇਵਾ ਦੀ ਸੁਰੱਖਿਆ ਇਕ ਜ਼ਰੂਰੀ ਜ਼ਰੂਰਤ ਹੁੰਦੀ ਹੈ। ਭਾਰਤ ਵਿੱਚ ਜੱਜ ਇਸ ਵਿਸ਼ੇਸ਼ ਅਧਿਕਾਰ ਦਾ ਇਸਤੇਮਾਲ ਕਰਦੇ ਹਨ। ਕਿਸੇ ਜੱਜ ਨੂੰ ਉਸ ਦੇ ਅਹੁਦੇ ਨਾਲ ਮਹਾਭਿਯੋਗ ਦੀ ਪ੍ਰਕਿਰਿਆ ਨਾਲ ਹੀ ਹਟਾਇਆ ਜਾ ਸਕਦਾ ਹੈ ਅਤੇ ਇਹ ਪ੍ਰਕਿਰਿਆ ਬਹੁਤ ਕਠੋਰ ਹੈ। ਰਾਸ਼ਟਰਪਤੀ ਵੱਲੋਂ ਕਿਸੇ ਜੱਜ ਨੂੰ ਕੇਵਲ ਉਦੋਂ ਹੀ ਹਟਾਇਆ ਜਾ ਸਕਦਾ ਹੈ, ਜਦੋਂ ਸੰਸਦ ਦੇ ਦੋਵੇਂ ਸਦਨ ਕੁੱਲ ਮੈਂਬਰਾਂ ਦੇ ਬਹੁਮਤ ਅਤੇ ਸਦਨ ਦੇ ਵਿਧਮਾਨ ਮੈਂਬਰਾਂ ਤੋਂ ਘੱਟ ਤੋਂ ਘੱਟ 2/3 ਮੈਂਬਰਾਂ ਦੇ ਬਹੁਮਤ ਨਾਲ ਮਹਾਭਿਯੋਗ ਦਾ ਪ੍ਰਸਤਾਵ ਪਾਸ ਕਰ ਦੇਵੇ। ਇਸ ਤਰ੍ਹਾਂ ਰਾਸ਼ਟਰਪਤੀ ਨੂੰ ਜੱਜਾਂ ਦੀ ਨਿਯੁਕਤੀ ਦਾ ਅਧਿਕਾਰ ਤਾਂ ਹੈ ਪਰ ਉਨ੍ਹਾਂ ਨੂੰ ਹਟਾਉਣ ਦਾ ਅਧਿਕਾਰ ਨਹੀਂ।

6. **ਜ਼ਿਆਦਾ ਤਨਖਾਹ** (High Salary)–ਸਰਵਉੱਚ ਅਦਾਲਤ ਦਾ ਹਰੇਕ ਜੱਜ 30,000 ਰੁਪਏ ਪ੍ਰਤੀ ਮਹੀਨਾ ਅਤੇ ਭਾਰਤ ਦਾ ਮੁੱਖ ਜੱਜ 33,000 ਰੁਪਏ ਪ੍ਰਤੀ ਮਹੀਨਾ ਤਨਖਾਹ ਲੈਂਦਾ ਹੈ। ਇਸ ਤੋਂ ਇਲਾਵਾ ਉਹ ਮੁਫਤ ਨਿਵਾਸ ਸਥਾਨ, ਡਾਕਟਰੀ ਸਹਾਇਤਾ ਸੁਵਿਧਾ ਅਤੇ ਕਈ ਹੋਰ ਭੱਤੇ ਦੇ ਅਧਿਕਾਰੀ ਹੁੰਦੇ ਹਨ। ਉਨ੍ਹਾਂ ਦੀ ਤਨਖਾਹ ਅਤੇ ਭੱਤਿਆਂ ਨੂੰ ਵਿੱਤੀ ਸੰਕਟਕਾਲ ਤੋਂ ਇਲਾਵਾ ਉਨ੍ਹਾਂ ਦੇ ਅਹੁਦੇ ਦੇ ਸਮੇਂ ਦੌਰਾਨ ਘੱਟ ਨਹੀਂ ਕੀਤਾ ਜਾ ਸਕਦਾ।

7. **ਸੇਵਾਮੁਕਤੀ ਤੋਂ ਬਾਅਦ ਵਕਾਲਤ ਦੀ ਮਨਾਹੀ** (Prohibition of Practice after Retirement)–ਸਰਵਉੱਚ ਅਦਾਲਤ ਦੇ ਇਕ ਸੇਵਾਮੁਕਤ ਜੱਜ ਨੂੰ ਭਾਰਤ ਵਿੱਚ ਕਿਸੇ ਅਦਾਲਤ ਜਾਂ ਅਧਿਕਾਰੀ ਦੇ ਸਾਹਮਣੇ ਵਕਾਲਤ ਕਰਨ ਦੀ ਮਨਾਹੀ ਹੈ। ਫਿਰ ਵੀ ਸਰਕਾਰ ਉਸ ਦੀਆਂ ਸੇਵਾਵਾਂ ਦਾ ਲਾਭ ਕਿਸੇ ਢੰਗ ਨਾਲ ਜਿਵੇਂ ਵੀ ਜ਼ਰੂਰੀ ਹੋਵੇ, ਲੈ ਸਕਦੀ ਹੈ, ਜਿਵੇਂ ਸ਼ੁਰੂਆਤੀ ਰੂਪ ਵਿੱਚ ਵਿਸ਼ੇਸ਼ ਪ੍ਰਯੋਜਨਾਂ ਦੇ ਲਈ ਸਥਾਪਿਤ ਆਯੋਗਾਂ ਜਾਂ ਜਾਂਚ ਪੜਤਾਲ ਆਯੋਗ ਦੇ ਲਈ ਉਨ੍ਹਾਂ ਦੀ ਨਿਯੁਕਤੀ ਕੀਤੀ ਜਾ ਸਕਦੀ ਹੈ।

8. **ਅਦਾਲਤ ਦੀ ਮਾਨਹਾਨੀ ਲਈ ਸਜ਼ਾ ਦੀ ਸ਼ਕਤੀ** (Power to punish for the Contempt of Court)–ਸਰਵਉੱਚ ਅਦਾਲਤ ਅਤੇ ਦੂਸਰੇ ਜੱਜਾਂ ਨੂੰ ਅਦਾਲਤ ਦੀ ਮਾਨਹਾਨੀ ਕਰਨ ਨਾਲ ਸਬੰਧਿਤ ਸਾਰੇ ਮੁਕੱਦਮਿਆਂ ਵਿੱਚ ਸਜ਼ਾ ਦੇਣ ਦੀ ਸ਼ਕਤੀ ਦਿੱਤੀ ਗਈ ਹੈ। ਅਦਾਲਤ ਦੀ ਮਾਨਹਾਨੀ ਅਧੀਨਿਯਮ, 1971 ਅਧੀਨ, ਸਰਵਉੱਚ ਅਦਾਲਤ ਕਿਸੇ ਵੀ ਵਿਅਕਤੀ ਜਾਂ ਸੰਸਥਾ ਨੂੰ ਸਜ਼ਾ ਦੇ ਸਕਦੀ ਹੈ ਜੋ ਅਦਾਲਤ ਦੀ ਮਾਨਹਾਨੀ ਦਾ ਦੋਸ਼ੀ ਪਾਇਆ ਜਾਂਦਾ ਹੈ। ਉਹ ਛੇ ਮਹੀਨੇ ਦੇ ਸਮੇਂ ਤੱਕ ਸਧਾਰਣ ਕੈਦ ਜਾਂ ਜ਼ੁਰਮਾਨਾ 2000 ਰੁਪਏ ਤੱਕ ਜਾਂ ਦੋਵੇਂ ਦੇ ਸਕਦਾ ਹੈ।

9. **ਵਿਸ਼ਾਲ ਅਧਿਕਾਰ ਖੇਤਰ ਅਤੇ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ** (Wide Jurisdiction and the Power of Judicial Review)–ਭਾਰਤ ਵਿੱਚ ਨਿਆ ਪਾਲਿਕਾ ਵਿਸ਼ਾਲ ਅਧਿਕਾਰ ਖੇਤਰ ਰੱਖਦੀ ਹੈ। ਇਹ ਸੰਵਿਧਾਨ ਦੀ ਸੁਰੱਖਿਆ ਅਤੇ ਵਿਆਖਿਆਕਾਰ, ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਅਤੇ ਰਾਜਾਂ ਦਰਮਿਆਨ ਕੰਮ ਕਰਦੀ ਹੈ। ਇਸ ਕੋਲ ਕਾਰਜ ਪਾਲਿਕਾ ਅਤੇ ਵਿਧਾਨ ਪਾਲਿਕਾ ਦੇ ਹਰੇਕ ਕਾਨੂੰਨ/ਆਦੇਸ਼ ਦੀ ਸੰਵਿਧਾਨਿਕ ਔਚਿਤਯ ਦੀ ਪਰਖ ਕਰਨ ਦੀ ਸ਼ਕਤੀ ਹੈ। ਇਹ ਸਰਕਾਰ ਦੇ ਦੂਸਰੇ ਅੰਗਾਂ ਦੇ ਕਿਸੇ ਵੀ ਢੰਗ ਅਧੀਨ ਨਹੀਂ ਹੈ। ਇਸ ਦੇ ਫੈਸਲੇ ਸਾਰਿਆਂ 'ਤੇ ਲਾਗੂ ਹੁੰਦੇ ਹਨ। ਅਜਿਹੀ ਸ਼ਕਤੀਸ਼ਾਲੀ ਸਥਿਤੀ ਨਿਆ ਪਾਲਿਕਾ ਨੂੰ ਆਪਣੀ ਸੁਤੰਤਰਤਾ ਬਣਾਈ ਰੱਖਣ ਵਿੱਚ ਸਹਾਇਤਾ ਕਰਦੀ ਹੈ।

ਇਸ ਤਰ੍ਹਾਂ ਭਾਰਤ ਦਾ ਸੰਵਿਧਾਨ ਉਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰਦਾ ਹੈ ਜੋ ਨਿਆ ਪਾਲਿਕਾ ਦੀ ਸੁਤੰਤਰਤਾ ਦੇ ਉਦੇਸ਼ ਦੀ ਪ੍ਰਾਪਤੀ ਲਈ ਜ਼ਰੂਰੀ ਹੈ। ਅਸਲ ਵਿੱਚ ਨਿਆ ਪਾਲਿਕਾ ਦੀ ਸੁਤੰਤਰਤਾ ਭਾਰਤੀ ਰਾਜਨੀਤਿਕ ਪ੍ਰਣਾਲੀ ਦੀ ਇਕ ਮਹੱਤਵਪੂਰਬਨ ਅਤੇ ਸ਼ੁਰੂਆਤੀ ਵਿਸ਼ੇਸ਼ਤਾ ਹੈ।

## ਨਿਆਇਕ ਵਿਵਹਾਰ (Judicial Behaviour)

ਨੋਟ

ਉਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਨਾਲ ਜੋ ਨਿਆ ਪਾਲਿਕਾ ਨੂੰ ਸੁਤੰਤਰਤਾ ਨਿਆ ਪਾਲਿਕਾ ਬਣਾਉਣ ਲਈ ਜ਼ਰੂਰੀ ਹਨ, ਭਾਰਤੀ ਨਿਆਇਕ ਪ੍ਰਣਾਲੀ ਨੇ ਇਕ ਸੁਤੰਤਰ, ਪ੍ਰਭਾਵਸ਼ਾਲੀ ਅਤੇ ਕੁਸ਼ਲ ਪ੍ਰਣਾਲੀ ਦੇ ਰੂਪ ਵਿੱਚ ਕੰਮ ਕੀਤਾ ਹੈ। ਭਾਰਤੀ ਨਿਆ ਪਾਲਿਕਾ ਆਪਣੀ ਸਥਿਤੀ ਅਤੇ ਉੱਚੀ ਜ਼ਿੰਮੇਵਾਰੀ ਪ੍ਰਤੀ ਹਮੇਸ਼ਾ ਸੁਚੇਤ ਰਹੀ ਹੈ। ਇਸ ਨੇ ਆਪਣੇ ਕੰਮਾਂ ਦੇ ਸਾਰੇ ਖੇਤਰਾਂ ਵਿੱਚ ਪ੍ਰਸ਼ਾਸਨਿਕ ਕੰਮ ਕੀਤਾ ਹੈ। ਇਸ ਨੇ ਸੰਵਿਧਾਨ ਨਿਰਮਾਤਾਵਾਂ ਵੱਲੋਂ ਪ੍ਰਗਟ ਕੀਤੇ ਗਏ ਭਰੋਸੇ ਨੂੰ ਠੀਕ ਠਹਿਰਾਇਆ ਹੈ। ਇਸ ਨੇ ਆਪਣੇ ਸੰਵਿਧਾਨ ਦੀ ਸੁਰੱਖਿਆ ਅਤੇ ਵਿਆਖਿਆ, ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਅਤੇ ਸੰਘ-ਰਾਜ ਝਗੜਿਆਂ ਨੂੰ ਨਿਪਟਾਉਣ ਲਈ ਜ਼ਰੂਰੀ ਭੂਮਿਕਾ ਉਪਯੁਕਤ ਢੰਗ ਨਾਲ ਨਿਭਾਈ ਹੈ। ਇਸ ਨੇ 'ਉਦਾਰਵਾਦੀ' ਨਿਆ ਪਾਲਿਕਾ ਦੇ ਰੂਪ ਵਿੱਚ ਕੰਮ ਕੀਤਾ ਹੈ ਜੋ ਸਮਾਜਿਕ ਪਰਿਵਰਤਨ ਦੀ ਪ੍ਰਕਿਰਿਆ ਵਿੱਚ ਅਣਉਚਿਤ ਰੁਕਾਵਟ ਪਾਉਣ ਤੋਂ ਬਿਨਾਂ ਕਾਨੂੰਨ ਬਣਾਈ ਰੱਖਣ ਪ੍ਰਤੀ ਵਚਨਬੱਧ ਰਹੀ ਹੈ। ਇਸ ਨੇ ਸਮਾਜਿਕ-ਆਰਥਿਕ ਨਿਆ ਦੀਆਂ ਜ਼ਰੂਰਤਾਂ ਅਤੇ ਸਰਵਜਨਕ ਹਿੱਤ ਵਿੱਚ ਆਪਣੇ ਫੈਸਲਿਆਂ ਨੂੰ ਬਦਲਣ ਜਾਂ ਰੱਦ ਕਰਨ ਵਿੱਚ ਕਦੀ ਝਿਜਕ ਨਹੀਂ ਦਿਖਾਈ, ਜਦੋਂ ਵੀ ਇਸ ਨੇ ਉਨ੍ਹਾਂ ਵਿੱਚ ਕੋਈ ਗਲਤੀ ਮਹਿਸੂਸ ਕੀਤੀ ਜਾਂ ਸੁਧਾਰ ਕਰਨ ਜਾਂ ਬਦਲਣ ਦੀ ਜ਼ਰੂਰਤ ਮਹਿਸੂਸ ਕੀਤੀ। ਪਿਛਲੇ ਸਾਲਾਂ ਵਿੱਚ ਇਸ ਨੇ ਕਈ ਸੰਵਿਧਾਨਿਕ, ਦੀਵਾਨੀ ਅਤੇ ਫੌਜਦਾਰੀ ਮੁਕੱਦਮਿਆਂ ਦਾ ਫੈਸਲਾ ਮਹੱਤਵਪੂਰਨ ਢੰਗ ਨਾਲ ਕੀਤਾ। ਸਰਵਉੱਚ ਅਦਾਲਤ ਨੇ ਅਜਿਹੇ ਅਹੁਦੇ ਵਰਗੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਸਬੰਧਾਂ ਵਿੱਚ ਸੁਤੰਤਰਤਾਪੂਰਨ ਆਪਣੇ ਫੈਸਲੇ ਦਿੱਤੇ ਹਨ। ਸ਼੍ਰੀਮਤੀ ਇੰਦਰਾ ਗਾਂਧੀ ਵਿਰੁੱਧ ਚੋਣ ਮੁਕੱਦਮੇ ਵਿੱਚ ਇਲਾਹਾਬਾਦ ਉੱਚ ਅਦਾਲਤ ਦਾ ਫੈਸਲਾ ਜਿਸ ਨੇ ਭਾਰਤ ਵਿੱਚ ਨਿਆਇਕ ਸੁਤੰਤਰਤਾ ਅਤੇ ਅਧਿਕਾਰ 'ਤੇ ਚਾਨਣਾ ਪਾਇਆ, ਇਹ ਯਾਦਗਾਰੀ ਫੈਸਲਾ ਸੀ। ਸ਼ਿਖਰ ਦੀ ਅਦਾਲਤ ਦੇ ਰੂਪ ਵਿੱਚ ਭਾਰਤ ਦੀ ਸਰਵਉੱਚ ਅਦਾਲਤ ਨੇ ਭਾਰਤੀ ਨਿਆਇਕ ਪ੍ਰਣਾਲੀ ਦੀ ਸ਼ਾਨ ਅਤੇ ਸੁਤੰਤਰਤਾ ਨੂੰ ਹਮੇਸ਼ਾ ਕਾਇਮ ਰੱਖਿਆ ਹੈ। ਬਿਨਾਂ ਨਿਆਇਕ ਸਰਵਉੱਚਤਾ ਦੇ ਸਿਧਾਂਤ ਨੂੰ ਅਪਣਾ ਕੇ ਸਰਵਉੱਚ ਅਦਾਲਤ ਨੇ ਹਮੇਸ਼ਾ ਹੀ ਸੰਵਿਧਾਨ ਦੀ ਵਿਆਖਿਆ ਅਤੇ ਸੁਰੱਖਿਆ ਕਰਨ ਵਿੱਚ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਭੂਮਿਕਾ ਨਿਭਾਈ ਹੈ। ਅਜਿਹਾ ਇਸ ਨੇ ਸੰਵਿਧਾਨ ਵੱਲੋਂ ਨਿਰਧਾਰਿਤ ਆਪਣੇ ਅਧਿਕਾਰ-ਖੇਤਰ ਅੰਦਰ ਰੱਦ ਕਰ ਦਿੱਤਾ ਹੈ। ਇਸ ਨੇ ਇਕ ਵਿਚਾਰਧਾਰਾਤਮਕ ਰੂਪ ਵਿੱਚ ਵਚਲਬੱਧ ਅਦਾਲਤ ਦੀ ਤਰ੍ਹਾਂ ਕੰਮ ਤਾਂ ਨਹੀਂ ਕੀਤਾ ਪਰ ਇਸ ਨਾਲ ਇਸ ਨੇ ਭਾਰਤੀ ਸਮਾਜ ਦੇ ਸਮਾਜਿਕ-ਆਰਥਿਕ ਪੁਨਰ ਨਿਰਮਾਣ ਕਰਨ ਦੀ ਪ੍ਰਕਿਰਿਆ ਵਿੱਚ ਕਦੀ ਵੀ ਵਿਰੋਧ ਪੈਦਾ ਨਹੀਂ ਕੀਤਾ। ਕਾਨੂੰਨਾਂ ਦੀ ਵਿਆਖਿਆ ਕਰਦੇ ਸਮੇਂ ਇਸ ਨੇ ਇਕ ਸਕਾਰਾਤਮਕ, ਰਚਨਾਤਮਕ ਅਤੇ ਦ੍ਰਿਸ਼ਟੀਕੋਣ ਅਪਣਾਇਆ ਹੈ।

ਸਮਕਾਲੀਨ ਸਮੇਂ ਵਿੱਚ ਨਿਆਇਕ ਸਰਗਰਮੀ ਭਾਰਤੀ ਰਾਜਨੀਤਿਕ ਪ੍ਰਣਾਲੀ ਦੀ ਅਸਲੀਅਤ ਬਣੀ ਹੈ। ਸਰਵਉੱਚ ਅਦਾਲਤ ਅਤੇ ਉੱਚ ਅਦਾਲਤਾਂ ਨੇ ਅੱਗੇ ਤੋਂ ਵੀ ਜ਼ਿਆਦਾ ਗਤੀਸ਼ੀਲ ਅਤੇ ਸਰਗਰਮ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ। ਇਹ ਹੁਣ ਸਰਵਜਨਕ ਹਿਤ ਅਤੇ ਅਧਿਕਾਰਾਂ ਦੀ ਸੁਰੱਖਿਆ ਵੱਲ ਜ਼ਿਆਦਾ ਤੋਂ ਜ਼ਿਆਦਾ ਸਰਗਰਮ ਬਣ ਰਹੀ ਹੈ। ਸਰਵਜਨਕ ਹਿੱਤ ਮੁਕੱਦਮਾ ਪ੍ਰਣਾਲੀ ਅਧੀਨ ਲੋਕਾਂ ਨੂੰ ਨਿਆ ਪ੍ਰਦਾਨ ਕਰਨ ਅਤੇ ਨਾਲ ਹੀ ਸਰਵਜਨਕ ਅਧਿਕਾਰਾਂ ਅਤੇ ਹਿੱਤਾਂ ਦੀ ਸੁਰੱਖਿਆ ਲਈ ਜੱਜ ਆਪਣੇ ਆਪ ਕਾਰਵਾਈ ਕਰ ਰਹੇ ਹਨ। ਲੋਕ ਅਦਾਲਤਾਂ ਨੇ ਵੀ ਨਿਆਇਕ ਗਤੀਸ਼ੀਲਤਾ ਦੀ ਪ੍ਰਕਿਰਿਆ ਨੂੰ ਸ਼ਕਤੀ ਦਿੱਤੀ ਹੈ। ਤੇਜ਼ ਗਤੀ ਦੀਆਂ ਅਦਾਲਤਾਂ ਦੇ ਪ੍ਰਬੰਧ ਨੇ ਨਿਆਇਕ ਦੇਰੀ ਦੀ ਤਰੁਟੀ ਨੂੰ ਕੁਝ ਘੱਟ ਕਰਨ ਦਾ ਕੰਮ ਕੀਤਾ ਹੈ।

## ਭਾਰਤ ਵਿੱਚ ਨਿਆਪਾਲਿਕਾ 'ਤੇ ਪ੍ਰਤੀਬੰਧ ਲਗਾਉਣ ਅਤੇ ਇਸ ਦੀ ਭੂਮਿਕਾ ਨੂੰ ਸੀਮਿਤ ਕਰਨ ਦੇ ਕੁਝ ਯਤਨ (Some Attempts at Limiting the Role Judiciary in India)

ਸਰਵਉੱਚ ਅਦਾਲਤ, ਉੱਚ ਅਦਾਲਤ ਅਤੇ ਹੋਰ ਜ਼ਿਲ੍ਹਾ ਪੱਧਰ ਦੀਆਂ ਅਦਾਲਤਾਂ ਸੰਵਿਧਾਨ ਵੱਲੋਂ ਰਚਿਤ ਅਤੇ ਬਾਅਦ ਵਿੱਚ ਸੰਵਿਧਾਨਿਕ ਕਾਨੂੰਨਾਂ ਵੱਲੋਂ ਬਣਾਈ ਗਈ ਨਿਆਇਕ ਪ੍ਰਣਾਲੀ ਦੇ ਅਨਿੱਖੜਵੇਂ ਭਾਗਾਂ ਦੇ ਰੂਪ ਵਿੱਚ ਕੰਮ ਕਰਦੇ ਹਨ ਅਤੇ ਅੱਜ ਵੀ ਕਰ ਰਹੇ ਹਨ। ਭਾਰਤੀ ਨਿਆ ਪਾਲਿਕਾ ਮਹੱਤਵਪੂਰਨ ਢੰਗ ਨਾਲ ਆਪਣੀ ਭੂਮਿਕਾ ਨਿਭਾਉਂਦੀ ਰਹੀ ਹੈ ਪਰ ਨਿਆ ਪਾਲਿਕਾ ਦੇ ਰਸਤੇ ਵਿੱਚ ਰੋੜੇ ਅਟਕਾਉਣ ਦੇ ਕੁਝ ਯਤਨ ਵੀ ਹੁੰਦੇ ਰਹੇ ਹਨ, ਚਾਹੇ ਇਹ ਯਤਨ ਪੂਰਨ ਰੂਪ ਵਿੱਚ ਸਫਲ ਨਹੀਂ ਹੋਏ। ਕਈ ਵਾਰ ਸਰਕਾਰ ਨੇ ਕਾਨੂੰਨ ਬਣਾ ਕੇ ਨਿਆ ਪਾਲਿਕਾ ਦੇ ਕੁਝ ਫੈਸਲਿਆਂ ਨੂੰ ਆਪਣੇ ਪੱਖ ਵਿੱਚ ਤਬਦੀਲ ਕਰਨ ਦੇ ਯਤਨ ਕੀਤੇ ਹਨ। ਹੇਠ ਲਿਖੇ ਤੱਥ ਨਿਆ ਪਾਲਿਕਾ ਦੀ ਕਾਰਵਾਈ ਵਿੱਚ ਰੁਕਾਵਟ ਪਾਉਣ ਦੇ ਯਤਨਾਂ 'ਤੇ ਚਾਨਣਾ ਪਾਉਂਦੇ ਹਨ:

1. ਸਰਵਉੱਚ ਅਦਾਲਤ ਵੱਲੋਂ ਕੀਤੀ ਗਈ ਵਿਆਖਿਆ ਵਿੱਚ ਉਦਾਰ ਪ੍ਰਵਿਰਤੀ ਹੋਣ ਦੇ ਬਾਵਜੂਦ, ਇਸ ਦੇ ਕਈ ਮਹੱਤਵਪੂਰਨ ਸੰਵਿਧਾਨਿਕ ਮੁੱਦਿਆਂ ਤੇ ਫੈਸਲਿਆਂ ਨੂੰ ਕਈ ਵਾਰ ਸਰਕਾਰ ਕਾਨੂੰਨ ਬਣਾ ਕੇ ਨਿਰਸਤ ਕੀਤਾ ਗਿਆ, ਜਿਵੇਂ ਟੀ. ਐੱਸ. ਰਾਜਗੋਪਾਲਨ ਆਯੰਗਰ ਨੇ ਸੰਵਿਧਾਨਿਕ ਸੋਧ ਦੀ ਉਦਾਹਰਣ ਨਾਲ ਸਪੱਸ਼ਟ ਕੀਤਾ ਹੈ। ਉਦਾਹਰਣ ਦੇ ਤੌਰ 'ਤੇ ਪਹਿਲੀ ਸੋਧ ਰਮੇਸ਼ ਥਾਪਰ ਬਨਾਮ ਮਦਰਾਸ ਰਾਜ ਅਤੇ ਮਦਰਾਸ ਬਨਾਮ ਚੰਦਰਕਮ ਦੋਰਾਈ ਰਾਜਨ ਮੁਕੱਦਮਿਆਂ ਵਿੱਚ ਅਦਾਲਤ ਦੇ ਫੈਸਲੇ ਵੱਲੋਂ ਪੇਸ਼ 'ਰੁਕਾਵਟ' ਨੂੰ ਦੂਰ ਕਰਨ ਲਈ ਕੀਤਾ ਗਿਆ ਸੀ। ਚੌਥੀ, 70ਵੀਂ, 25ਵੀਂ ਅਤੇ 26ਵੀਂ ਸੋਧ ਕਈ ਦੂਸਰੇ ਮੁਕੱਦਮਿਆਂ ਵਿੱਚ ਫੈਸਲਿਆਂ ਦੇ ਪ੍ਰਭਾਵ ਨੂੰ ਰੱਦ ਕਰਨ ਲਈ ਲਈਆਂ ਗਈਆਂ ਸਨ। 26ਵੀਂ ਸੋਧ ਮਾਧਵ ਰਾਵ ਸਿੰਧੀਆ ਬਨਾਮ ਭਾਰਤ ਸਰਕਾਰ (ਪ੍ਰਿਵੀ ਪਰਸਜ਼ ਮੁਕੱਦਮਾ) ਦੇ ਫੈਸਲੇ 'ਤੇ ਹਾਵੀ ਹੋਣ ਦੇ ਲਈ ਕੀਤੀ ਗਈ ਸੀ। ਇਲਾਹਾਬਾਦ ਉੱਚ ਅਦਾਲਤ ਦੇ ਫੈਸਲਿਆਂ ਤੋਂ

ਪੈਦਾ ਹੋਈਆਂ ਸਮੱਸਿਆਵਾਂ ਜਿਸ ਨਾਲ 1971 ਦੀਆਂ ਚੋਣਾਂ ਰਾਏ ਬਰੇਲੀ ਖੇਤਰ ਤੋਂ ਲੋਕ ਸਭਾ 'ਚ ਇੰਦਰਾ ਗਾਂਧੀ ਦੀਆਂ ਚੋਣਾਂ ਨੂੰ ਰੱਦ ਕਰ ਦਿੱਤਾ ਸੀ, ਨਾਲ ਨਿਪਟਣ ਲਈ 39ਵੀਂ ਸੋਧ ਕੀਤੀ ਗਈ ਸੀ।

2. ਨਿਆ ਪਾਲਿਕਾ 'ਤੇ ਹਾਵੀ ਹੋਣ ਲਈ 1976 ਵਿੱਚ 42ਵੀਂ ਸੋਧ ਕੀਤੀ ਗਈ ਸੀ। ਇਸ ਵਿੱਚ ਸੰਸਦੀ ਸਰਵਉੱਚਤਾ ਦਾ ਸਿਧਾਂਤ ਅਪਨਾਇਆ ਗਿਆ ਸੀ। ਸੰਵਿਧਾਨਿਕ ਸੋਧ ਨਿਆਇਕ ਪੁਨਰ ਨਿਰੀਖਣ ਦੇ ਖੇਤਰ ਤੋਂ ਬਾਹਰ ਰੱਖੇ ਗਏ ਸਨ, ਉੱਚ ਅਦਾਲਤਾਂ ਨੂੰ ਸੰਘੀ ਕਾਨੂੰਨਾਂ 'ਤੇ ਨਿਆਇਕ ਪੁਨਰ ਨਿਰੀਖਣ ਕਰਨ ਦੀ ਮਨਾਹੀ ਕੀਤੀ ਗਈ ਸੀ, 2/3 ਬਹੁਮਤ ਨਾਲ ਫੈਸਲਿਆਂ ਦਾ ਪ੍ਰਬੰਧ ਕਰਕੇ ਨਿਆਇਕ ਪੁਨਰ ਨਿਰੀਖਣ ਨੂੰ ਔਖਾ ਬਣਾ ਦਿੱਤਾ ਗਿਆ ਸੀ, 'ਕਿਸੇ ਹੋਰ ਉਦੇਸ਼ ਲਈ' ਵਿਅਕਤੀ ਦੀ ਗਵਾਹੀ 'ਤੇ ਉੱਚ ਅਦਾਲਤ ਵੱਲੋਂ ਆਦੇਸ਼ ਜਾਰੀ ਕਰਨ ਦੀ ਸ਼ਕਤੀ ਵਾਪਿਸ ਲੈ ਕੇ, ਦੂਸਰੇ ਹੋਰ ਸਬੰਧਾਂ ਵਿੱਚ, ਸਰਵਉੱਚ ਅਦਾਲਤ ਅਤੇ ਉੱਚ ਅਦਾਲਤਾਂ ਸਹਿਤ ਦੀਵਾਨੀ ਸੰਸਦ ਦੇ ਵੱਲੋਂ ਕਾਨੂੰਨ ਨਾਲ ਸਥਾਪਿਤ ਕੀਤਾ ਜਾਣਾ ਸੀ ਅਤੇ ਅਨੁਛੇਦ 227 ਅਧੀਨ ਉੱਚ ਅਦਾਲਤ ਦਾ ਪ੍ਰਸ਼ਾਸਨਿਕ ਟ੍ਰਿਬਿਊਨਲਾਂ 'ਤੇ ਨਿਗਰਾਨੀ ਕਰਨ ਦਾ ਅਧਿਕਾਰ ਖੇਤਰ ਵਾਪਿਸ ਲੈ ਲਿਆ ਗਿਆ ਸੀ। ਇਸ ਤਰ੍ਹਾਂ, ਨਿਆ ਪਾਲਿਕਾ ਨੂੰ ਦੂਸਰੇ ਦਰਜੇ ਦੀ ਸਥਿਤੀ ਵਿੱਚ ਪਿੱਛੇ ਲਿਜਾਣ ਦਾ ਯਤਨ ਕੀਤਾ ਗਿਆ ਸੀ ਪਰ ਕਿਸਮਤ ਨਾਲ ਸੰਵਿਧਾਨ ਦੀ 43ਵੀਂ ਸੋਧ ਨਾਲ ਅਜਿਹੇ ਯਤਨ ਨੂੰ ਰੱਦ ਕਰ ਦਿੱਤਾ ਗਿਆ।

3. 1951 ਵਿੱਚ ਸੰਵਿਧਾਨ ਦੀ ਪਹਿਲੀ ਸੋਧ ਨਾਲ ਸੰਵਿਧਾਨ ਵਿੱਚ 31-ਬੀ ਅਨੁਛੇਦ 9ਵੀਂ ਅਨੁਸੂਚੀ ਸ਼ਾਮਿਲ ਕੀਤੀ ਗਈ। ਇਸ ਅਨੁਸੂਚੀ ਵਿੱਚ ਅਜਿਹੇ ਕਾਨੂੰਨ ਸੂਚੀਬੱਧ ਕੀਤੇ ਗਏ ਜਿਨ੍ਹਾਂ 'ਤੇ ਨਿਆਇਕ ਪੁਨਰ ਨਿਰੀਖਣ ਨਹੀਂ ਹੋ ਸਕਦਾ ਸੀ। 1951 ਤੋਂ ਬਾਅਦ ਇਸ ਅਨੁਸੂਚੀ ਵਿੱਚ ਸ਼ਾਮਿਲ ਕਾਨੂੰਨਾਂ ਦੀ ਸੰਖਿਆ ਲਗਾਤਾਰ ਵਧਦੀ ਰਹੀ ਹੈ। ਹੁਣ ਇਸ ਵਿੱਚ 200 'ਚੋਂ ਵੀ ਜ਼ਿਆਦਾ ਕਾਨੂੰਨ ਸੂਚੀਬੱਧ ਕਰ ਦਿੱਤੇ ਗਏ ਹਨ। ਇਸ ਤਰ੍ਹਾਂ ਨਿਆ ਪਾਲਿਕਾ ਦਾ ਪੁਨਰ ਨਿਰੀਖਣ ਦੀ ਸ਼ਕਤੀ ਨੂੰ ਸੀਮਿਤ ਕੀਤਾ ਗਿਆ ਹੈ।

4. ਕਾਰਜ ਪਾਲਿਕਾ ਵੱਲੋਂ ਨਿਆਇਕ ਸੁਤੰਤਰਤਾ ਨੂੰ ਘੱਟ ਕਰਨ ਲਈ ਸਰਵਉੱਚ ਅਦਾਲਤ ਦੇ ਜੱਜਾਂ ਦੀ ਸੀਨੀਆਰਤਾ ਦਾ ਉਲੰਘਣ ਕਰਕੇ ਜੂਨੀਅਰ ਜੱਜਾਂ ਨੂੰ ਮੁੱਖ ਜੱਜ ਨਿਯੁਕਤ ਕਰਨਾ ਵੀ ਬਦਕਿਸਮਤੀ ਪੂਰਨ ਯਤਨ ਰਿਹਾ ਸੀ। 1973 ਵਿੱਚ ਜਸਟਿਸ ਏ. ਐੱਨ. ਰੇ ਨੂੰ ਤਿੰਨ ਸਭ ਤੋਂ ਵੱਡੇ ਜੱਜਾਂ-ਜਿਨ੍ਹਾਂ ਦੇ ਨਾਮ ਜਸਟਿਸ ਸ਼ੇਲਤ, ਜਸਟਿਸ ਹੇਗੜੇ ਅਤੇ ਜਸਟਿਸ ਗ੍ਰੋਵਰ ਸੀ, ਦੀ ਸੀਨੀਆਰਤਾ ਦਾ ਉਲੰਘਣ ਕਰਕੇ ਭਾਰਤ ਦਾ ਮੁੱਖ ਜੱਜ ਨਿਯੁਕਤ ਕੀਤਾ ਗਿਆ। ਇਸ ਤੋਂ ਬਾਅਦ ਜਦੋਂ ਜਸਟਿਸ ਐੱਚ. ਐੱਮ. ਬੇਗ ਨੂੰ ਭਾਰਤ ਦਾ ਮੁੱਖ ਜੱਜ ਨਿਯੁਕਤ ਕੀਤਾ ਗਿਆ ਸੀ ਤਾਂ ਜਸਟਿਸ ਐੱਚ. ਆਰ. ਖੰਨਾ ਦੀ ਸੀਨੀਆਰਤਾ ਦਾ ਉਲੰਘਣ ਕੀਤਾ ਗਿਆ। ਇਨ੍ਹਾਂ ਸਾਰੇ ਮਾਮਲਿਆਂ ਵਿੱਚ ਸੀਨੀਆਰਤਾ ਦਾ ਉਲੰਘਣ ਕੀਤੇ ਜੱਜ ਨੇ ਰੋਸ ਦੇ ਰੂਪ ਵਿੱਚ ਤਿਆਗ ਪੱਤਰ ਦੇ ਦਿੱਤਾ ਸੀ ਪਰ 1977 ਤੋਂ ਬਾਅਦ ਸੀਨੀਆਰਤਾ ਦੇ ਸਿਧਾਂਤ ਦਾ ਕੋਈ ਉਲੰਘਣ ਨਹੀਂ ਕੀਤਾ ਗਿਆ। ਅਜਿਹਾ ਲੱਗਦਾ ਹੈ ਕਿ ਸੀਨੀਆਰਤਾ ਸਿਧਾਂਤ ਨੂੰ ਸਾਰੀਆਂ ਨਿਯੁਕਤੀਆਂ ਅਤੇ ਸੇਵਾ ਮੁਕਤੀਆਂ ਵਿੱਚ ਪੂਰਨ ਰੂਪ ਵਿੱਚ ਸਵੀਕਾਰ ਕਰ ਲਿਆ ਗਿਆ ਹੈ। ਅਸਲ ਵਿੱਚ ਹੁਣ ਸਰਕਾਰ ਨੇ ਨਿਯੁਕਤ ਅਤੇ ਜੱਜਾਂ ਦੀ ਸੇਵਾਮੁਕਤੀ ਨਾਲ ਸਬੰਧਿਤ ਸਾਰੇ ਮਾਮਲਿਆਂ ਵਿੱਚ ਸੀਨੀਆਰਤਾ ਦੇ ਸਿਧਾਂਤ ਨੂੰ ਅਪਨਾਉਣ ਲਈ ਵਚਨਬੱਧ ਹੋਣ ਦੀ ਘੋਸ਼ਣਾ ਕੀਤੀ ਹੈ।

5. ਗੈਰ-ਸਹਿਯੋਗੀ ਜੱਜਾਂ ਨਾਲ ਨਿਪਟਣ ਲਈ ਉੱਚ ਅਦਾਲਤਾਂ ਦੇ ਜੱਜਾਂ ਦੀ ਇਕ ਉੱਚ ਅਦਾਲਤ ਤੋਂ ਦੂਸਰੀ ਉੱਚ ਅਦਾਲਤ ਵਿੱਚ ਬਦਲਾਅ ਨੂੰ ਵਿਵਹਾਰ ਵਿੱਚ ਲਿਆਂਦਾ ਜਾ ਰਿਹਾ ਹੈ। ਇਸ ਵਿਵਹਾਰ ਦੀ ਨਿਆ ਪਾਲਿਕਾ ਵੱਲੋਂ ਵਿਰੋਧਤਾ ਵੀ ਕੀਤੀ ਗਈ ਹੈ ਅਤੇ ਜਨਮਤ ਵੀ ਇਸ ਦੇ ਪੂਰਨ ਪੱਖ ਵਿੱਚ ਪ੍ਰਤੀਤ ਨਹੀਂ ਹੁੰਦਾ ਪਰ ਕਾਰਜ ਪਾਲਿਕਾ ਨੇ ਹਮੇਸ਼ਾ ਇਸ ਦਾ ਇਸਤੇਮਾਲ ਕੀਤਾ ਹੈ ਜਦਕਿ ਸਿਧਾਂਤਕ ਰੂਪ ਵਿੱਚ ਇਸ ਦਾ ਘੱਟ ਤੋਂ ਘੱਟ ਇਸਤੇਮਾਲ ਕੀਤੇ ਜਾਣ ਦੀ ਗੱਲ ਸਰਕਾਰ ਨੇ ਸਵੀਕਾਰ ਕੀਤੀ ਹੋਈ ਹੈ।

6. ਸੰਸਦ ਵਿੱਚ ਸਰਵਉੱਚ ਅਦਾਲਤ ਦੇ ਫੈਸਲਿਆਂ ਦੀ ਆਲੋਚਨਾ ਜਿਵੇਂ ਨਾਥ ਪਾਈ ਬਿੱਲ 1969 'ਤੇ ਚਰਚਾ ਵੀ ਨਿਆ ਪਾਲਿਕਾ ਦੇ ਸਨਮਾਨ ਨੂੰ ਘੱਟ ਕਰਨ ਦਾ ਇਕ ਯਤਨ ਸੀ।

7. ਸਰਵਉੱਚ ਅਦਾਲਤ ਅਤੇ ਸੰਸਦ ਦੇ ਵਿਚਾਰਾਂ ਵਿੱਚ ਅੰਤਰ, ਜੋ ਸੰਵਿਧਾਨ ਦੇ ਭਾਗ III ਅਤੇ ਭਾਗ IV ਦੇ ਸਬੰਧਾਂ ਦੇ ਮੁੱਦੇ 'ਤੇ ਸੀ ਦਾ ਇਸਤੇਮਾਲ ਸੰਸਦ ਦੇ ਕਈ ਮੈਂਬਰਾਂ ਵੱਲੋਂ ਨਿਆਇਕ ਨੂੰ 'ਪਿਛੜੀ' ਜਾਂ 'ਪ੍ਰਤੀਕਿਰਿਆਵਾਦੀ' ਸੰਸਥਾ ਦੇ ਰੂਪ ਵਿੱਚ ਕਹਿਣ ਲਈ ਕੀਤਾ ਗਿਆ ਸੀ ਪਰ ਜਨਮਤ ਦੇ ਸਧਾਰਣ ਰੂਪ ਵਿੱਚ ਕਦੇ ਵੀ ਇਸ ਦੋਸ਼ ਨੂੰ ਠੀਕ ਨਹੀਂ ਮੰਨਿਆ। ਸਰਵਉੱਚ ਅਦਾਲਤ ਨੇ ਵੀ ਸਮਾਜ ਦੀਆਂ ਇੱਛਾਵਾਂ ਅਤੇ ਸਮਾਜਿਕ-ਆਰਥਿਕ ਜ਼ਰੂਰਤਾਂ ਦੇ ਹਿੱਤ ਵਿੱਚ ਆਪਣੇ ਹਿੱਤ ਅਤੇ ਆਪਣੇ ਕਈ ਫੈਸਲਿਆਂ ਦੇ ਇਕ ਸਕਾਰਾਤਮਕ ਦ੍ਰਿਸ਼ਟੀਕੋਣ ਅਪਣਾ ਕੇ ਜਨਮਤ ਅਤੇ ਸੰਵਿਧਾਨਿਕ ਪ੍ਰਬੰਧਾਂ ਦੇ ਅਨੁਸਾਰ ਵਿਵਹਾਰ ਕੀਤਾ ਹੈ।

ਕਈ ਵਾਰ ਕਾਰਜ ਪਾਲਿਕਾ ਨੇ ਉੱਚ ਅਦਾਲਤ ਦੇ ਜੱਜਾਂ ਦੀ ਬਦਲੀ ਲਈ ਨੀਤੀ ਦਾ ਦੁਰਉਪਯੋਗ ਕੀਤਾ ਹੈ ਅਤੇ ਕਈ ਅਜਿਹੇ ਪਰਿਵਰਤਨ ਰਾਜਨੀਤਿਕ ਪਰਿਵਰਤਨ ਵੀ ਰਹੇ ਹਨ। ਕਈ ਵਾਰ ਸੇਵਾਮੁਕਤ ਜੱਜਾਂ ਨੂੰ ਗਵਰਨਰ ਵੀ ਨਿਯੁਕਤ ਕੀਤਾ ਗਿਆ ਹੈ। ਅਜਿਹੇ ਯਤਨਾਂ ਨਾਲ ਨਿਆਇਕ ਸੁਤੰਤਰਤਾ ਨੂੰ ਸੀਮਿਤ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਪਰ ਹੁਣ ਖੁਸ਼ਕਿਸਮਤੀ ਨਾਲ ਕਾਰਜ ਪਾਲਿਕਾ ਨੇ ਇਸ ਸਿਧਾਂਤ ਨੂੰ ਅਪਣਾ ਲਿਆ ਹੈ ਕਿ ਬਿਨਾਂ ਸਰਵਉੱਚ ਅਦਾਲਤ ਦੀ ਸਲਾਹ ਨਾਲ ਕੋਈ ਅਜਿਹਾ ਕੰਮ, ਨੀਤੀ ਅਤੇ ਬਦਲਾਅ ਨਹੀਂ ਕੀਤਾ ਜਾਵੇਗਾ ਜਿਸ ਨਾਲ ਨਿਆਇਕ ਸੁਤੰਤਰਤਾ ਸੀਮਿਤ ਹੁੰਦੀ ਹੋਵੇ। ਇਹ ਇਕ ਚੰਗਾ

ਲੱਛਣ ਹੈ ਅਤੇ ਇਹ ਨਿਆਪਾਲਿਕਾ ਦੀ ਸੁਤੰਤਰਤਾ ਅਤੇ ਸੁਤੰਤਰ ਵਿਵਹਾਰ ਨੂੰ ਬਣਾਈ ਰੱਖਣ ਵਿੱਚ ਕਾਫੀ ਸਹਾਇਕ ਸਿੱਧ ਹੋਇਆ ਹੈ।

ਇਨ੍ਹਾਂ ਯਤਨਾਂ ਦੇ ਬਾਵਜੂਦ ਜੋ ਕਾਰਜਪਾਲਿਕਾ ਅਤੇ ਵਿਧਾਨ ਪਾਲਿਕਾ ਵੱਲੋਂ ਕੀਤੇ ਗਏ ਹਨ, ਭਾਰਤ ਦੀ ਨਿਆ ਪਾਲਿਕਾ ਨੇ ਹਮੇਸ਼ਾ ਸੁਤੰਤਰ ਨਿਆ ਪਾਲਿਕਾ ਦੇ ਰੂਪ ਵਿੱਚ ਵਿਵਹਾਰ ਕੀਤਾ ਹੈ। ਨਾਗਰਿਕ ਦੇ ਮੌਲਿਕ ਅਧਿਕਾਰਾਂ ਅਤੇ ਸੰਵਿਧਾਨ ਦੀ ਰੱਖਿਆ ਲਈ ਤੇ ਸਾਰਿਆਂ ਨੂੰ ਨਿਆ ਦੇਣ ਲਈ ਭਾਰਤੀ ਨਿਆ ਪਾਲਿਕਾ ਨੇ ਵਚਨਬੱਧਤਾ ਨਾਲ ਆਪਣੇ ਸੰਵਿਧਾਨਿਕ ਜ਼ਿੰਮੇਵਾਰੀਆਂ ਨੂੰ ਨਿਭਾਇਆ ਹੈ। ਇਸ ਦੇ ਸੰਵਿਧਾਨ ਦੀ ਮੌਲਿਕ ਰਚਨਾ ਨੂੰ ਤਬਦੀਲ ਨਾ ਕਰਨ ਦੇ ਪੱਖ ਵਿੱਚ ਕੀਤੇ ਫੈਸਲੇ ਨੇ ਇਸ ਨੂੰ ਹੋਰ ਲੋਕਪ੍ਰਿਯ ਬਣਾ ਦਿੱਤਾ ਹੈ। ਇਸ ਨੇ ਪਿਛਲੇ ਕੁਝ ਸਮੇਂ ਵਿੱਚ ਸਰਵਜਨਕ ਹਿੱਤ ਮੁਕੱਦਮੇ ਦੀ ਪ੍ਰਣਾਲੀ ਦਾ ਵੱਡਾ ਕੰਮ ਹੱਥ ਵਿੱਚ ਲਿਆ ਹੈ। ਇਸ ਨੇ ਲੋਕਾਂ ਦੀ ਅਸਾਨ ਪਹੁੰਚ ਵਿੱਚ ਲਿਆਉਣ ਲਈ ਸਮਾਜਿਕ-ਆਰਥਿਕ ਨਿਆ ਦੇਣ ਲਈ ਨਵੇਂ ਢੰਗ ਇਸਤੇਮਾਲ ਕੀਤੇ ਹਨ। ਜਸਟਿਸ ਪੀ. ਐੱਨ. ਭਗਵਤੀ ਦੇ ਸ਼ਬਦਾਂ ਵਿੱਚ, "ਸਰਵਉੱਚ ਅਦਾਲਤ ਨੇ ਕਈ ਨਵੇਂ ਵਚਨਬੱਧਤਾ ਦਾ ਵਿਕਾਸ ਕੀਤਾ ਹੈ। ਇਸ ਨੇ ਹਿੱਸੇਦਾਰੀ ਨਿਆ ਪ੍ਰਬੰਧ ਨੂੰ ਅੱਗੇ ਵਧਾਇਆ ਹੈ। ਇਸ ਨੇ ਪ੍ਰਕਿਰਿਆ ਦੇ ਨਿਆਮੁਕਤ ਪੱਧਰ ਬਣਾਏ ਹਨ। ਇਸ ਨੇ ਨਿਆ ਨੂੰ ਨਾਗਰਿਕਾਂ ਦੀ ਪਹੁੰਚ 'ਚ ਅੱਗੇ ਤੋਂ ਜ਼ਿਆਦਾ ਪਹੁੰਚਾਇਆ ਹੈ।" ਜ਼ਰੂਰਤਮੰਦਾਂ ਅਤੇ ਗਰੀਬਾਂ ਲਈ ਮੁਫਤ ਕਾਨੂੰਨੀ ਸਹਾਇਤਾ, ਸਰਵਜਨਕ ਹਿੱਤ ਮੁਕੱਦਮਾ ਪ੍ਰਣਾਲੀ ਅਤੇ ਲੋਕ ਅਦਾਲਤਾਂ ਦੀ ਪ੍ਰਣਾਲੀ ਸਾਡੇ ਸਮੇਂ ਦਾ ਪ੍ਰਸ਼ਾਸਨਿਕ ਵਿਕਾਸ ਹੈ। ਭਾਰਤ ਵਿੱਚ ਨਿਆ ਪਾਲਿਕਾ ਨੇ ਨਾ ਕੇਵਲ ਆਪਣੀ ਸੁਤੰਤਰਤਾ ਵਿਧਮਾਨ ਰੱਖੀ ਹੈ ਬਲਕਿ ਸੰਵਿਧਾਨ ਦੀ ਪਵਿੱਤਰਤਾ ਨੂੰ ਵੀ ਕਾਇਮ ਰੱਖਿਆ ਹੈ ਅਤੇ ਲੋਕਾਂ ਦੇ ਮੌਲਿਕ ਅਧਿਕਾਰਾਂ, ਸੁਤੰਤਰਤਾ ਅਤੇ ਨਿਆ ਦੇ ਲਕਸ਼ਾਂ ਨੂੰ ਵੀ ਪੂਰੀ ਕੀਤਾ ਹੈ। ਸਰਵਉੱਚ ਅਦਾਲਤ ਨੇ ਕਦੇ ਵੀ ਕੇਂਦਰ ਸਰਕਾਰ ਅਤੇ ਇਨ੍ਹਾਂ ਦੇ ਕਰਮਚਾਰੀਆਂ, ਰਾਜ ਸਰਕਾਰ ਅਤੇ ਰਾਜ ਦੇ ਕਰਮਚਾਰੀਆਂ ਨੂੰ ਚੇਤਾਵਨੀ ਦੇਣ ਤੋਂ ਹਿਚਕਚਾਹਟ ਨਹੀਂ ਦਿਖਾਈ। ਉਚ ਅਦਾਲਤਾ ਨੇ ਵੀ ਸਰਵਉੱਚ ਅਦਾਲਤ ਦੀ ਉਦਾਹਰਣ ਦਾ ਹਮੇਸ਼ਾ ਪਾਲਣ ਕੀਤਾ ਹੈ। ਉਨ੍ਹਾਂ ਨੇ ਵੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਕੀਤੀਆਂ ਉਨ੍ਹਾਂ ਚੋਣਾਂ, ਭਰਤੀ, ਨਿਯੁਕਤੀਆਂ, ਅਧਿਕਾਰ-ਖੇਤਰਾਂ ਅਤੇ ਸੇਵਾ-ਮੁਕਤੀਆਂ ਨੂੰ ਇਕ ਪਾਸੇ ਰੱਖ ਦਿੱਤਾ ਜਿਨ੍ਹਾਂ ਨੇ ਦੇਸ਼ ਦੇ ਕਾਨੂੰਨਾਂ ਅਤੇ ਸੰਵਿਧਾਨ ਦੀਆਂ ਧਾਰਨਾਵਾਂ ਦੇ ਪ੍ਰਕਿਰਤਿਕ ਨਿਆ ਦੇ ਸਿਧਾਂਤ ਨੂੰ ਤੋੜਿਆ ਸੀ। ਅਸਲ ਵਿੱਚ ਉਸ ਨੇ ਨਿਆ ਪਾਲਿਕਾ ਨੇ ਪ੍ਰਸ਼ਾਸਨਿਕ ਢੰਗ ਨਾਲ ਆਪਣੀ ਜ਼ਰੂਰੀ ਭੂਮਿਕਾ ਨਿਭਾਈ ਹੈ। ਅੱਜ-ਕੱਲ੍ਹ ਇਕ ਨਵੀਂ ਸ਼ਕਤੀਸ਼ਾਲੀ ਨਿਆਇਕ ਸਰਗਰਮੀ ਨੂੰ ਸਰਵਉੱਚ ਅਦਾਲਤ ਦੇ ਨਾਲ-ਨਾਲ ਭਾਰਤ ਦੀਆਂ ਉੱਚ ਅਦਾਲਤਾਂ ਵੱਲੋਂ ਵਿਵਹਾਰ ਵਿੱਚ ਲਿਆਂਦਾ ਜਾ ਰਿਹਾ ਹੈ।

**ਸਵ-ਮੁਲਾਂਕਣ (Self Assessment)**

ਹੇਠ ਲਿਖੇ ਕਥਨਾਂ ਵਿੱਚੋਂ ਸੱਚ/ਝੂਠ ਦੱਸੋ (Write True/False in the following statements):

7. ਭਾਰਤ ਵਿੱਚ ਨਿਆ ਪਾਲਿਕਾ ਨਾ ਤਾਂ ਕਾਰਜਪਾਲਿਕਾ ਦੀ ਇਕ ਸ਼ਾਖਾ ਹੈ ਅਤੇ ਨਾ ਹੀ ਵਿਧਾਨ ਪਾਲਿਕਾ ਦੀ ਇਕ ਦਾਸੀ ਹੈ। ਸੰਵਿਧਾਨ ਅਧੀਨ ਇਸ ਦੀ ਸੁਤੰਤਰ ਪਹਿਚਾਣ ਅਤੇ ਹੋਂਦ ਹੈ।
8. ਕਿਸੇ ਜੱਜ ਨੂੰ ਉਸ ਦੇ ਅਹੁਦੇ ਤੋਂ ਮਹਾਭਿਯੋਗ ਦੀ ਪ੍ਰਕਿਰਿਆ ਨਾਲ ਹਟਾਇਆ ਜਾ ਸਕਦਾ ਹੈ।
9. ਨਿਆਪਾਲਿਕਾ 'ਤੇ ਹਾਵੀ ਹੋਣ ਲਈ 1976 ਵਿੱਚ 42ਵੀਂ ਸੋਧ ਕੀਤੀ ਗਈ ਸੀ। ਇਸ ਵਿੱਚ ਸੰਸਦੀ ਸਰਵਉੱਚਤਾ ਦਾ ਸਿਧਾਂਤ ਅਪਣਾਇਆ ਗਿਆ ਸੀ।
10. ਪੀ. ਆਈ. ਐੱਲ. ਦਾ ਪੂਰਾ ਨਾਮ Public Interest Litigation ਹੈ।

## 10.6 ਸਾਰ ਅੰਸ਼ (Summary)

- ਸਰਵਜਨਕ ਹਿੱਤ ਮੁਕੱਦਮੇ ਦੇ ਪ੍ਰਬੰਧ ਨੂੰ ਅਸੀਂ ਇਕ ਅਜਿਹੀ ਕਾਨੂੰਨੀ ਪ੍ਰਬੰਧ ਤਹਿਤ ਪ੍ਰੀਭਾਸ਼ਿਤ ਕਰ ਸਕਦੇ ਹਾਂ ਜਿਸ ਵਿੱਚ ਕਾਨੂੰਨ ਦੀ ਅਦਾਲਤ ਕਿਸੇ ਸਰਵਜਨਕ ਜਾਂ ਸਧਾਰਣ ਹਿੱਤ ਦੀ ਸੁਰੱਖਿਆ ਲਈ ਕਾਰਵਾਈ ਅਤੇ ਮੁਕੱਦਮਾ ਸ਼ੁਰੂ ਕਰ ਸਕਦੀ ਹੈ।
- ਸਰਵਜਨਕ ਹਿੱਤ ਮੁਕੱਦਮਾ ਪ੍ਰਬੰਧ ਇਕ ਨਵੀਂ ਪਹਿਲ ਹੈ ਜਿਸ ਦਾ ਹੌਲੀ-ਹੌਲੀ ਵਿਕਾਸ ਹੋ ਰਿਹਾ ਹੈ ਅਤੇ ਹੌਲੀ-ਹੌਲੀ ਇਹ ਪ੍ਰਬੰਧ ਲੋਕਪ੍ਰਿਯ ਹੋ ਰਿਹਾ ਹੈ।
- ਸੰਵਿਧਾਨ ਦੀ 42ਵੀਂ ਸੋਧ ਨਾਲ ਇਕ ਨਵਾਂ ਨਿਰਦੇਸ਼ ਸਿਧਾਂਤ 39 (ਏ) ਅਪਣਾਇਆ ਗਿਆ, ਜਿਸ ਨਾਲ ਰਾਜ ਨੂੰ ਇਹ ਨਿਰਦੇਸ਼ ਦਿੱਤਾ ਗਿਆ ਕਿ ਉਹ ਕਾਨੂੰਨ ਪ੍ਰਬੰਧ ਨੂੰ ਇਸ ਤਰ੍ਹਾਂ ਚਲਾਏ ਕਿ ਲੋਕਾਂ ਨੂੰ ਨਿਆ ਪ੍ਰਾਪਤ ਕਰਨ ਦੇ ਇਕ ਬਰਾਬਰ ਮੌਕੇ ਪ੍ਰਾਪਤ ਹੋਣ।
- ਲੋਕ ਅਦਾਲਤਾਂ ਦੇ ਪ੍ਰਬੰਧ ਨੇ ਭਰੋਸੇਯੋਗ ਰੂਪ ਵਿੱਚ ਇਕ ਪ੍ਰਸ਼ੰਸਾਯੋਗ ਕੰਮ ਕੀਤਾ ਹੈ ਇਸ ਨੇ ਨਿਆ ਪਾਲਿਕਾ ਦੇ ਭਾਰ ਨੂੰ ਘਟਾਇਆ ਅਤੇ ਨਿਆ ਪ੍ਰਾਪਤੀ ਦੀ ਪ੍ਰਕਿਰਿਆ ਨੂੰ ਆਸਾਨ ਅਤੇ ਘੱਟ ਖਰਚੀਲਾ ਬਣਾਇਆ ਹੈ।

ਨੋਟ

- ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਅਤੇ ਸੰਵਿਧਾਨ ਦੀ ਰੱਖਿਆ ਲਈ ਅਤੇ ਸਾਰਿਆਂ ਨੂੰ ਨਿਆ ਦੇਣ ਲਈ ਭਾਰਤੀ ਨਿਆ ਪਾਲਿਕਾ ਨੇ ਵਚਨਬੱਧਤਾ ਨਾਲ ਆਪਣੀਆਂ ਸੰਵਿਧਾਨਿਕ ਜ਼ਿੰਮੇਵਾਰੀਆਂ ਨੂੰ ਨਿਭਾਇਆ ਹੈ।
- ਸਰਵਉੱਚ ਅਦਾਲਤ ਨੇ ਕਦੇ ਵੀ ਕੇਂਦਰ ਸਰਕਾਰ ਅਤੇ ਇਨ੍ਹਾਂ ਦੇ ਕਰਮਚਾਰੀਆਂ, ਰਾਜ ਸਰਕਾਰ ਅਤੇ ਰਾਜ ਦੇ ਕਰਮਚਾਰੀਆਂ ਨੂੰ ਚੇਤਾਵਨੀ ਦੇਣ ਤੋਂ ਝਿਜਕ ਨਹੀਂ ਦਿਖਾਈ।

## 10.7 ਸ਼ਬਦਕੋਸ਼ (Keywords)

- **ਮੁਆਵਜ਼ਾ (Compensation):** ਨੁਕਸਾਨ ਦੇ ਬਦਲੇ ਕੁਝ ਚੰਗਾ ਦੇਣਾ।
- **ਡਿਕਰੀ (Decree):** ਵਾਦੀ ਨੂੰ ਸੰਪਤੀ ਆਦਿ 'ਤੇ ਅਧਿਕਾਰ ਦਿਵਾਉਣ ਵਾਲਾ ਆਦੇਸ਼, ਕਾਨੂੰਨ ਦਾ ਦਰਜਾ ਰੱਖਣ ਵਾਲਾ ਸ਼ਾਸਕ ਜਾਂ ਅਧਿਕਾਰੀ ਦਾ ਸ਼ਾਸਨ।

## 10.8 ਅਭਿਆਸ ਪ੍ਰਸ਼ਨ (Review Questions)

1. ਸਰਵਜਨਕ ਹਿੱਤ ਮੁਕੱਦਮੇ ਦਾ ਪ੍ਰਬੰਧ ਕੀ ਹੈ?
2. ਸਰਵਜਨਕ ਹਿੱਤ ਮੁਕੱਦਮੇ ਦੇ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ ਦੱਸੋ।
3. ਲੋਕ ਅਦਾਲਤ ਤੋਂ ਤੁਸੀਂ ਕੀ ਸਮਝਦੇ ਹੋ?
4. ਨਿਆ ਪਾਲਿਕਾ ਦੀ ਸੁਤੰਤਰਤਾ ਨੂੰ ਸਪੱਸ਼ਟ ਕਰੋ।

**ਉੱਤਰ : ਸਵ-ਮੁਲਾਂਕਣ (Answer: Self Assessment)**

| | |
|---|---|
| 1. ਕਾਨੂੰਨ | 2. ਪੀ. ਆਈ. ਐੱਲ. |
| 3. ਕਾਗਜ਼ੀ | 4. (ਸ) |
| 5. (ਅ) | 6. (ਬ) |
| 7. ਸੱਚ | 8. ਸੱਚ |
| 9. ਸੱਚ | 10. ਸੱਚ |

## 10.9 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਭਾਰਤੀ ਰਾਜਨੀਤਿਕ ਪ੍ਰਣਾਲੀ– ਯੂ. ਆਰ. ਘਈ।
2. ਭਾਰਤੀ ਸ਼ਾਸਨ ਅਤੇ ਰਾਜਨੀਤੀ– ਪੀ. ਰਸਤੋਗੀ।

ਨੋਟ

# ਇਕਾਈ-11: ਰਾਜ ਸਰਕਾਰ: ਰਾਜ-ਵਿਧਾਨ ਮੰਡਲ, ਰਾਜਪਾਲ, ਮੰਤਰੀ ਪ੍ਰੀਸ਼ਦ ਅਤੇ ਮੁੱਖ ਮੰਤਰੀ (State Government: State Legislature, Governor, Council of Ministers and Chief Minister)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

11.1 ਰਾਜ-ਵਿਧਾਨ ਮੰਡਲ ਦੇ ਕੰਮ ਅਤੇ ਸ਼ਕਤੀਆਂ (Functions and Powers of the State Legislature)

11.2 ਰਾਜ ਦਾ ਰਾਜਪਾਲ (Governor of a State)

11.3 ਰਾਜਪਾਲ ਦੀ ਭੂਮਿਕਾ (Role of Governor)

11.4 ਰਾਜ ਮੰਤਰੀ-ਪ੍ਰੀਸ਼ਦ (State Council of Ministers)

11.5 ਰਾਜ ਦਾ ਮੁੱਖ ਮੰਤਰੀ (State Chief Minister)

11.6 ਸਾਰ ਅੰਸ਼ (Summary)

11.7 ਸ਼ਬਦਕੋਸ਼ (Keywords)

11.8 ਅਭਿਆਸ ਪ੍ਰਸ਼ਨ (Review Questions)

11.9 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਅਧਿਆਏ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਰਾਜ-ਵਿਧਾਨ ਮੰਡਲ ਦੀ ਰਚਨਾ, ਕੰਮ ਅਤੇ ਸ਼ਕਤੀਆਂ ਦਾ ਵਰਨਣ ਕਰਨ ਸਬੰਧੀ।
- ਰਾਜਪਾਲ ਦੀ ਨਿਯੁਕਤੀ, ਕਾਰਜਕਾਲ, ਸ਼ਕਤੀ ਅਤੇ ਸਥਿਤੀ ਨੂੰ ਸਮਝਣ ਸਬੰਧੀ।
- ਰਾਜ ਮੰਤਰੀ-ਪ੍ਰੀਸ਼ਦ ਦੇ ਸੰਗਠਨ ਕੰਮ ਅਤੇ ਸਥਿਤੀ ਨੂੰ ਸਮਝਣ ਸਬੰਧੀ।
- ਰਾਜ ਦੇ ਮੁੱਖ ਮੰਤਰੀ ਦੀ ਨਿਯੁਕਤੀ, ਉਸ ਦੀਆਂ ਸ਼ਕਤੀਆਂ, ਕੰਮ ਅਤੇ ਸਥਿਤੀ ਦਾ ਵਰਨਣ ਕਰਨ ਸਬੰਧੀ।

## ਜਾਣਕਾਰੀ (Introduction)

ਸੰਵਿਧਾਨ ਨੇ ਦੇਸ਼ ਦੇ ਸਾਰੇ 25 ਰਾਜਾਂ ਲਈ ਇਕ ਵਿਧਾਨ ਮੰਡਲ ਦੀ ਸਥਾਪਨਾ ਕੀਤੀ ਹੈ।ਅਨੁਛੇਦ 168 ਦੇ ਅਨੁਸਾਰ, "ਹਰ ਰਾਜ ਦਾ ਇਕ ਵਿਧਾਨ ਮੰਡਲ ਹੋਵੇਗਾ, ਜਿਸ ਵਿੱਚ ਬਿਹਾਰ, ਮਹਾਰਾਸ਼ਟਰ, ਕਰਨਾਟਕ, ਜੰਮੂ-ਕਸ਼ਮੀਰ ਅਤੇ ਉੱਤਰ ਪ੍ਰਦੇਸ਼ ਦੇ ਰਾਜਾਂ ਵਿੱਚ ਦੋ ਸਦਨ ਹਨ ਹੋਰ ਰਾਜਾਂ ਵਿੱਚ ਇਕ ਸਦਨ ਹੈ।" ਸੰਵਿਧਾਨ ਦੇ ਅਨੁਛੇਦ 169 ਦੇ ਨਾਲ ਵਿਧਾਨ-ਪ੍ਰੀਸ਼ਦਾਂ (Legislative Council) ਦੇ ਗਠਨ (Creation) ਅਤੇ ਸਮਾਪਤੀ (Abolition) ਲਈ ਜੋ ਵਿਸ਼ੇਸ਼ ਪ੍ਰਕਿਰਿਆ ਤੈਅ ਕੀਤੀ ਗਈ ਹੈ, ਉਸ ਅਨੁਸਾਰ ਕਿਸੇ ਰਾਜ ਦੀ ਵਿਧਾਨ ਸਭਾ ਆਪਣੇ ਕੁੱਲ ਮੈਂਬਰਾਂ ਦੇ ਬਹੁਮਤ ਅਤੇ ਮੌਜੂਦਗੀ ਅਤੇ ਮਤਦਾਨ ਕਰਨ ਵਾਲੇ ਮੈਂਬਰਾਂ ਦੇ

**ਨੋਟ** ਦੋ ਤਿਹਾਈ ਬਹੁਮਤ ਨਾਲ ਆਪਣੇ ਰਾਜ ਲਈ ਸੰਸਦ ਦੀ ਮਨਜ਼ੂਰੀ ਲੈ ਕੇ ਵਿਧਾਨ-ਪ੍ਰੀਸ਼ਦ (Legislative Council) ਬਣਵਾ ਸਕਦੀ ਹੈ ਜਾਂ ਉਸ ਨੂੰ ਭੰਗ ਕਰਾ ਸਕਦੀ ਹੈ। ਇਸ ਲਈ ਸੰਵਿਧਾਨ ਵਿੱਚ ਸੋਧ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।

**ਵਿਧਾਨ ਸਭਾ (Legislative Assembly)**

**ਰਚਨਾ** (Composition)– ਵੱਖ-ਵੱਖ ਰਾਜਾਂ ਵਿੱਚ ਵਿਧਾਨ ਸਭਾ ਦੇ ਮੈਂਬਰਾਂ ਦੀ ਸੰਖਿਆ ਉਨ੍ਹਾਂ ਰਾਜਾਂ ਦੀ ਜਨ ਸੰਖਿਆ ਦੇ ਅਨੁਪਾਤ ’ਤੇ ਅਧਾਰਿਤ ਹੈ। ਕਿਸੇ ਵੀ ਵਿਧਾਨ ਸਭਾ ਦੇ ਮੈਂਬਰਾਂ ਦੀ ਸੰਖਿਆ ਜ਼ਿਆਦਾ ਤੋਂ ਜ਼ਿਆਦਾ 500 ਅਤੇ ਘੱਟ ਤੋਂ ਘੱਟ 60 ਰੱਖ ਗਈ ਹੈ ਪਰ 1976 ਵਿੱਚ 42ਵੀਂ ਸੋਧ ਕਾਨੂੰਨ ਨਾਲ 1971 ਦੀ ਜਨਗਣਨਾ ਦੇ ਅਧਾਰ ’ਤੇ ਹਰ ਵਿਧਾਨ ਸਭਾ ਦੀ ਜੋ ਮੈਂਬਰ ਸੰਖਿਆ ਤੈਅ ਕੀਤੀ ਗਈ ਹੈ, ਉਸ ਵਿੱਚ ਸਨ 2000 ਤੱਕ ਕੋਈ ਪਰਿਵਰਤਨ ਨਹੀਂ ਕੀਤਾ ਜਾ ਸਕਦਾ ਸੀ। ਇਸ ਸਮੇਂ ਹਰਿਆਣਾ ਵਿਧਾਨ ਸਭਾ ਦੀ ਮੈਂਬਰ ਸੰਖਿਆ 90 ਹੈ।

ਵਿਧਾਨ ਸਭਾ ਦੇ ਸਾਰੇ ਮੈਂਬਰਾਂ ਦੀ ਚੋਣ ਆਮ ਤੌਰ ’ਤੇ ਬਾਲਿਗ ਵੋਟ ਅਧਿਕਾਰ ਦੇ ਪ੍ਰਬੰਧ ਵਿੱਚ ਪ੍ਰਦੇਸ਼ਿਕ ਚੋਣ ਖੇਤਰਾਂ ਦੇ ਅਧਾਰ ’ਤੇ ਸੰਯੁਕਤ ਚੋਣ ਪ੍ਰਣਾਲੀ ਵੱਲੋਂ ਕੀਤਾ ਜਾਂਦਾ ਹੈ। ਪਹਿਲੇ ਵੋਟ ਦਾ ਅਧਿਕਾਰ 21 ਸਾਲ ਜਾਂ ਉਸ ਤੋਂ ਜ਼ਿਆਦਾ ਉਮਰ ਦੇ ਲੋਕਾਂ ਨੂੰ ਪ੍ਰਾਪਤ ਸੀ, ਹੁਣ ਉਸ ਨੂੰ ਘਟਾ ਕੇ 18 ਸਾਲ ਕਰ ਦਿੱਤਾ ਗਿਆ ਹੈ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਵਿਧਾਨ ਸਭਾਵਾਂ ਵਿੱਚ ਸਥਾਨ ਸੁਰੱਖਿਅਤ ਕੀਤੇ ਗਏ ਹਨ। ਜਿਨ੍ਹਾਂ ਰਾਜਾਂ ਵਿੱਚ ਏਂਗਲੋ-ਇੰਡੀਅਨ ਸਮੁਦਾਇ ਦੇ ਲੋਕ ਵਰਨਣਯੋਗ ਸੰਖਿਆ ਵਿੱਚ ਹੋਣ ਅਤੇ ਉਨ੍ਹਾ ਦਾ ਕੋਈ ਪ੍ਰਤੀਨਿਧੀ ਚੋਣ ਵਿੱਚੋਂ ਚੁਣ ਕੇ ਨਾ ਆ ਸਕਿਆ ਹੋਵੇ ਤਾਂ ਰਾਜਪਾਲ ਉਸ ਸਮੁਦਾਇ ਦੇ ਇਕ ਮੈਂਬਰ ਨੂੰ ਨਿਯੁਕਤ (Nominate) ਕਰ ਸਕਦਾ ਹੈ।

ਵਿਧਾਨ ਸਭਾ ਦਾ ਮੈਂਬਰ ਚੁਣੇ ਜਾਣ ਲਈ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ–

*(i)* ਉਹ ਭਾਰਤ ਦਾ ਨਾਗਰਿਕ ਹੋਵੇ,

*(ii)* ਉਸ ਦੀ ਉਮਰ 25 ਸਾਲ ਤੋਂ ਘੱਟ ਨਾ ਹੋਵੇ,

*(iii)* ਉਹ ਸਰਕਾਰੀ ਲਾਭ ਦੇ ਅਹੁਦੇ ’ਤੇ ਨਾ ਹੋਵੇ,

*(iv)* ਸਮੇਂ-ਸਮੇਂ ’ਤੇ ਸੰਸਦ ਵੱਲੋਂ ਨਿਸ਼ਚਿਤ ਕੀਤੀਆਂ ਗਈਆਂ ਯੋਗਤਾਵਾਂ ਨੂੰ ਪੂਰਾ ਕਰਦਾ ਹੋਵੇ,

*(v)* ਉਹ ਪਾਗਲ, ਕੋਹੜੀ ਜਾਂ ਦੀਵਾਲੀਆ ਨਾ ਹੋਵੇ,

*(vi)* ਅਨੁਸੂਚਿਤ ਜਾਤੀ ਜਾਂ ਜਨਜਾਤੀ ਲਈ ਸੁਰੱਖਿਅਤ ਸਥਾਨ ’ਤੇ ਚੁਣੇ ਜਾਣ ਲਈ ਉਸ ਜਾਤੀ ਦਾ ਮੈਂਬਰ ਹੋਣਾ ਜ਼ਰੂਰੀ ਹੈ।

ਲੋਕ ਸਭਾ ਦੀ ਤਰ੍ਹਾਂ ਹੀ ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਚੋਣ ਵੀ ਪੰਜ ਸਾਲ ਲਈ ਹੁੰਦੀ ਹੈ। 42ਵੀਂ ਸੋਧ ਕਾਨੂੰਨ ਨੇ ਇਨ੍ਹਾਂ ਦਾ ਸਮਾਂ ਵਧਾ ਕੇ 6 ਸਾਲ ਕਰ ਦਿੱਤਾ ਸੀ। ਪਰ 44ਵੀਂ ਸੰਵਿਧਾਨਿਕ ਸੋਧ ਨੇ ਇਹ ਸਮਾਂ ਫਿਰ 5 ਸਾਲ ਹੀ ਕਰ ਦਿੱਤਾ ਹੈ। ਇਸ ਸਮੇਂ ਤੋਂ ਪਹਿਲਾਂ ਵੀ ਵਿਧਾਨ ਸਭਾ ਭੰਗ ਕੀਤੀ ਜਾ ਸਕਦੀ ਹੈ।

ਰਾਜਪਾਲ ਨੂੰ ਵਿਧਾਨ ਸਭਾ ਦਾ ਅਧਿਵੇਸ਼ਨ ਕਿਸੇ ਵੀ ਸਮੇਂ ਬੁਲਾਉਣ ਦਾ ਅਧਿਕਾਰ ਹੈ ਪਰ ਦੋ ਅਧਿਵੇਸ਼ਨਾਂ ਵਿੱਚ ਛੇ ਮਹੀਨੇ ਤੋਂ ਜ਼ਿਆਦਾ ਦਾ ਸਮਾਂ ਨਹੀਂ ਬੀਤਣਾ ਚਾਹੀਦਾ। ਵਿਧਾਨ ਸਭਾ ਦਾ ਇਕ ਪ੍ਰਧਾਨ (Speaker) ਅਤੇ ਇਕ ਉੱਪ ਪ੍ਰਧਾਨ (Deputy Speaker) ਹੁੰਦਾ ਹੈ, ਜਿਨ੍ਹਾਂ ਦਾ ਕੰਮ ਸਦਨ ਵਿੱਚ ਸ਼ਾਂਤੀ ਬਣਾਏ ਰੱਖਣ ਅਤੇ ਸਦਨ ਦੇ ਕੰਮ ਨੂੰ ਸੁਚਾਰੂ ਰੂਪ ਨਾਲ ਚਲਾਉਣਾ ਹੈ। ਇਹ ਦੋਵੇਂ ਅਧਿਕਾਰੀ ਵਿਧਾਨ ਸਭਾ ਦੇ ਮੈਂਬਰਾਂ ਵੱਲੋਂ ਆਪਣੇ ਵਿੱਚੋਂ ਚੁਣੇ ਜਾਂਦੇ ਹਨ। ਮੈਂਬਰਾਂ ਨੂੰ ਤਨਖਾਹ, ਭੱਤੇ ਅਤੇ ਕਈ ਵਿਸ਼ੇਸ਼ ਅਧਿਕਾਰ ਪ੍ਰਦਾਨ ਕੀਤੇ ਗਏ ਹਨ।

*ਕੀ ਤੁਸੀਂ ਜਾਣਦੇ ਹੋ* ਭਾਰਤ ਦੇ 25 ਰਾਜਾਂ ਵਿੱਚੋਂ ਕੇਵਲ 5 ਰਾਜਾਂ ਵਿੱਚ ਵਿਧਾਨ-ਪ੍ਰੀਸ਼ਦ ਦੀ ਸਥਾਪਨਾ ਕੀਤੀ ਗਈ ਹੈ।

**ਵਿਧਾਨ-ਪ੍ਰੀਸ਼ਦ ਦੀ ਰਚਨਾ** (Composition of Legislative Council)–ਸੰਵਿਧਾਨ ਅਨੁਸਾਰ ਕਿਸੇ ਵੀ ਰਾਜ ਵਿੱਚ ਵਿਧਾਨ ਪ੍ਰੀਸ਼ਦ ਦੇ ਮੈਂਬਰਾਂ ਦੀ ਸੰਖਿਆ ਵਿਧਾਨ ਸਭਾ ਦੇ ਮੈਂਬਰਾਂ ਦੇ 1/3 ਤੋਂ ਜ਼ਿਆਦਾ ਅਤੇ 40 ਤੋਂ ਘੱਟ ਨਹੀਂ ਹੋ ਸਕਦੀ ਪਰ ਜੰਮੂ ਅਤੇ ਕਸ਼ਮੀਰ ਰਾਜ (ਜਿਸ ਨੂੰ ਸੰਵਿਧਾਨ ਵੱਲੋਂ ਵਿਸ਼ੇਸ਼ ਸਥਿਤੀ ਪ੍ਰਾਪਤ ਹੈ) ਵਿੱਚ ਵਿਧਾਨ ਪ੍ਰੀਸ਼ਦ ਦੇ ਕੁੱਲ 36 ਮੈਂਬਰ ਹਨ।

ਵਿਧਾਨ-ਪ੍ਰੀਸ਼ਦ ਦੇ ਮੈਂਬਰਾਂ ਦੀ ਚੋਣ ਹੇਠ ਲਿਖੇ ਤਰੀਕੇ ਨਾਲ ਕੀਤੀ ਜਾਂਦੀ ਹੈ–

1/3 ਮੈਂਬਰ ਰਾਜ ਦੀ ਵਿਧਾਨ ਸਭਾ ਵੱਲੋਂ ਚੁਣੇ ਜਾਂਦੇ ਹਨ।

1/3 ਮੈਂਬਰ ਰਾਜ ਵਿੱਚ ਸਥਾਪਿਤ ਸਥਾਨਕ ਸੰਸਥਾਵਾ (ਨਗਰ ਪਾਲਿਕਾ, ਪੰਚਾਇਤ, ਪੰਚਾਇਤ ਸੰਮਤੀ ਆਦਿ) ਦੇ ਮੈਂਬਰਾਂ ਵੱਲੋਂ ਚੁਣੇ ਜਾਂਦੇ ਹਨ।

1/12 ਮੈਂਬਰ ਰਾਜ ਵਿੱਚ ਰਹਿਣ ਵਾਲੇ ਘੱਟ ਤੋਂ ਘੱਟ ਤਿੰਨ ਸਾਲ ਪੁਰਾਣੇ ਸਥਾਨਕਾਂ (Graduates) ਵੱਲੋਂ ਚੁਣੇ ਜਾਂਦੇ ਹਨ।

1/12 ਮੈਂਬਰ ਰਾਜ ਦੀ ਮੱਧ ਵਰਗ ਅਤੇ ਉਸ ਤੋਂ ਉੱਚ ਪੱਧਰ ਦੀਆਂ ਸਿੱਖਿਆ ਸੰਸਥਾਵਾ ਦੇ ਘੱਟ ਤੋਂ ਘੱਟ ਤਿੰਨ ਸਾਲ ਪੁਰਾਣੇ ਅਧਿਆਪਕਾਂ ਵੱਲੋਂ ਚੁਣੇ ਜਾਂਦੇ ਹਨ।

ਬਾਕੀ 1/6 ਮੈਂਬਰ ਰਾਜ ਦੇ ਰਾਜਪਾਲ ਵੱਲੋਂ ਅਜਿਹੇ ਵਿਅਕਤੀ ਨਿਯੁਕਤ ਕੀਤੇ ਜਾਂਦੇ ਹਨ, ਜਿਨ੍ਹਾਂ ਨੇ ਸਾਹਿਤ, ਕਲਾ, ਵਿਗਿਆਨ, ਅਤੇ ਸਮਾਜ ਸੇਵਾ ਆਦਿ ਦੇ ਖੇਤਰਾਂ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਲਈ ਹੋਵੇ।

ਵਿਧਾਨ ਪ੍ਰੀਸ਼ਦ ਦਾ ਮੈਂਬਰ ਬਣਨ ਲਈ ਹੇਠ ਲਿਖੀਆਂ ਯੋਗਤਾਵਾਂ ਨਿਸ਼ਚਿਤ ਕੀਤੀਆਂ ਗਈਆਂ ਹਨ–

1. ਉਹ ਭਾਰਤ ਦਾ ਨਾਗਰਿਕ ਹੋਵੇ,
2. ਉਹ 30 ਸਾਲ ਦੀ ਉਮਰ ਪੂਰੀ ਕਰ ਚੁੱਕਿਆ ਹੋਵੇ,
3. ਉਹ ਕਿਸੇ ਸਰਕਾਰੀ ਲਾਭ ਦੇ ਅਹੁਦੇ ’ਤੇ ਨਾ ਹੋਵੇ,
4. ਉਸ ਵਿੱਚ ਉਹ ਸਾਰੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ ਜੋ ਸੰਸਦ ਦੇ ਕਾਨੂੰਨ ਵੱਲੋਂ ਨਿਸ਼ਚਿਤ ਕੀਤੀਆਂ ਗਈਆਂ ਹਨ।
5. ਉਸ ਵਿੱਚ ਅਜਿਹੀਆਂ ਅਯੋਗਤਾਵਾਂ ਨਹੀਂ ਹੋਣੀ ਚਾਹੀਦੀਆਂ ਜੋ ਕਾਨੂੰਨ ਵੱਲੋਂ ਨਿਸ਼ਚਿਤ ਕੀਤੀਆਂ ਗਈਆਂ ਹੋਣ।

ਵਿਧਾਨ ਪ੍ਰੀਸ਼ਦ ਇਕ ਸਥਾਈ ਸਦਨ ਹੈ ਅਤੇ ਇਸ ਦੇ ਮੈਂਬਰ 6 ਸਾਲ ਲਈ ਚੁਣੇ ਜਾਂਦੇ ਹਨ। ਵਿਧਾਨ ਪ੍ਰੀਸ਼ਦ ਦਾ ਵੀ ਇਕ ਸਭਾਪਤੀ (Chairman) ਅਤੇ ਇਕ ਉੱਪ ਸਭਾਪਤੀ (Deputy Chairman) ਹੁੰਦਾ ਹੈ, ਜਿਸ ਦੀ ਚੋਣ ਇਸ ਦੇ ਮੈਂਬਰ ਆਪਣੇ ਵਿੱਚੋਂ ਕਰਦੇ ਹਨ। ਸਭਾਪਤੀ ਸਦਨ ਦੀ ਪ੍ਰਧਾਨਗੀ ਕਰਦਾ ਹੈ ਅਤੇ ਅਨੁਸ਼ਾਸਨ ਨੂੰ ਬਣਾਏ ਰੱਖਦਾ ਹੈ। ਸਦਨ ਦੇ ਮੈਂਬਰਾਂ ਨੂੰ ਤਨਖਾਹ, ਭੱਤੇ ਅਤੇ ਕੁਝ ਵਿਸ਼ੇਸ਼ ਅਧਿਕਾਰ ਵੀ ਪ੍ਰਦਾਨ ਕੀਤੇ ਗਏ ਹਨ।

## 11.1 ਰਾਜ-ਵਿਧਾਨ ਮੰਡਲ ਦੇ ਕੰਮ ਅਤੇ ਸ਼ਕਤੀਆਂ (Functions and Powers of the State Legislature)

ਰਾਜ ਵਿਧਾਨ ਮੰਡਲ ਨੂੰ ਹੇਠ ਲਿਖੀਆਂ ਸ਼ਕਤੀਆਂ ਪ੍ਰਾਪਤ ਹਨ–

1. **ਵਿਧਾਨਕ ਸ਼ਕਤੀਆਂ** (Legislative Powers)– ਰਾਜ ਵਿਧਾਨ ਮੰਡਲ ਨੂੰ ਰਾਜ ਸੂਚੀ ਵਿੱਚ ਦਰਜ ਵਿਸ਼ਿਆਂ ’ਤੇ ਵੀ ਕਾਨੂੰਨ ਨਿਰਮਾਣ ਦਾ ਅਧਿਕਾਰ ਹੈ। ਇਸ ਦੇ ਨਾਲ ਹੀ ਇਸ ਨੂੰ ਸਾਂਝੀ ਸੂਚੀ ਵਿੱਚ ਦਰਜ ਵਿਸ਼ਿਆਂ ’ਤੇ ਵੀ ਨਿਰਮਾਣ ਦਾ ਅਧਿਕਾਰ ਹੈ। ਸਾਂਝੀ ਸੂਚੀ ਵਿੱਚ ਦਿੱਤੇ ਗਏ ਵਿਸ਼ੇ ਸੰਘ-ਸੰਸਦ ਅਤੇ ਰਾਜ ਵਿਧਾਨ ਮੰਡਲ ਦੇ ਸੰਯੁਕਤ ਖੇਤਰ ਅਧਿਕਾਰ ਵਿੱਚ ਜਾਂਦੇ ਹਨ। ਜਾਂ ਸਮਵਰਤੀ ਸੂਚੀ ਵਿੱਚ ਵਿਸ਼ਿਆਂ ਨਾਲ ਸਬੰਧਿਤ ਕਿਸੇ ਕਾਨੂੰਨ ਸਬੰਧੀ ਰਾਜ ਅਤੇ ਸੰਘ ਵਿੱਚ ਮਤਭੇਦ ਹੋਵੇ ਤਾਂ ਸੰਘ ਦਾ ਕਾਨੂੰਨ ਮੰਨਣਯੋਗ ਸਮਝਿਆ ਜਾਂਦਾ ਹੈ।

ਸਧਾਰਣ ਵਿਧਾਇਕ ਦੋਵਾਂ ਵਿੱਚੋਂ ਕਿਸੇ ਵੀ ਸਦਨ ਵਿੱਚ ਪੇਸ਼ ਕੀਤੇ ਜਾ ਸਕਦੇ ਹਨ ਪਰ ਵਿੱਤੀ ਵਿਧਾਇਕ ਪਹਿਲੇ ਵਿਧਾਨ ਸਭਾ ਵਿੱਚ ਹੀ ਪੇਸ਼ ਕੀਤੇ ਜਾ ਸਕਦੇ ਹਨ, ਵਿਧਾਨ ਪ੍ਰੀਸ਼ਦ ਵਿੱਚ ਨਹੀਂ। ਸਧਾਰਣ ਵਿਧਾਇਕ ਦੋਵਾਂ ਸਦਨਾਂ ਵੱਲੋਂ ਮਨਜ਼ੂਰ ਹੋਣ ਤੋਂ ਬਾਅਦ ਹੀ ਅਧੀਨਿਯਮ ਬਣਦਾ ਹੈ। ਵਿਧਾਨ ਪ੍ਰੀਸ਼ਦ ਵਿਧਾਇਕ ਨੂੰ ਵਿਧਾਨ ਸਭਾ ਤੋਂ ਪ੍ਰਾਪਤ ਕਰਨ ਦੀ ਮਿਤੀ ਤੋਂ ਕੇਵਲ 3 ਮਹੀਨੇ ਤੱਕ ਲਈ ਆਪਣੇ ਕੋਲ ਰੋਕ ਸਕਦੀ ਹੈ। ਇਸ ਸਮੇਂ ਦੇ ਬੀਤ ਜਾਣ ’ਤੇ ਉਸ ਵਿਧਾਇਕ ਨੂੰ ਉਸ ਦੇ ਮੂਲ ਸਵਰੂਪ ਵਿੱਚ ਰਾਜਪਾਲ ਕੋਲ ਉਸ ਦੀ ਮਨਜ਼ੂਰੀ ਲਈ ਭੇਜ ਦਿੱਤਾ ਜਾਂਦਾ ਹੈ। ਵਿਧਾਨ ਪ੍ਰੀਸ਼ਦ ਵੱਲੋਂ ਮਨਜ਼ੂਰ ਜਾਂ ਸੋਧ ਵਿਧਾਇਕ ਨੂੰ ਵਿਧਾਨ ਸਭਾ ਉਸ ਦੇ ਮੂਲ ਰੂਪ ਵਿੱਚ ਫਿਰ ਤੋਂ ਪਾਸ ਕਰਕੇ ਵਿਧਾਨ ਪ੍ਰੀਸ਼ਦ ਕੋਲ ਭੇਜ ਸਕਦੀ ਹੈ, ਜਿਸ ਨੂੰ ਵਿਧਾਨ ਪ੍ਰੀਸ਼ਦ ਇਕ ਮਹੀਨੇ ਤੱਕ ਰੋਕ ਸਕਦੀ ਹੈ ਪਰ ਇਸ ਸਮੇਂ ਦੇ ਖਤਮ ਹੋਣ ’ਤੇ ਜੇਕਰ ਵਿਧਾਨ ਪ੍ਰੀਸ਼ਦ ਉਸ ਨੂੰ ਪਾਸ ਨਹੀਂ ਕਰਦੀ ਤਾਂ ਅਜਿਹੇ ਬਿੱਲ ਨੂੰ ਵਿਧਾਨ ਮੰਡਲ ਦੇ ਦੋਵਾਂ ਸਦਨਾਂ ਵੱਲੋਂ ਮਨਜ਼ੂਰ ਸਮਝਿਆ ਜਾਂਦਾ ਹੈ ਅਤੇ ਉਸ ਨੂੰ ਰਾਜਪਾਲ ਦੇ ਮਨਜ਼ੂਰੀ ਲਈ ਭੇਜ ਦਿੱਤਾ ਜਾਂਦਾ ਹੈ। ਇਸ ਨੂੰ ਪਤਾ ਚੱਲਦਾ ਹੈ ਕਿ ਵਿਧਾਨ ਸਭਾ ਹੀ ਰਾਜ ਦਾ ਵਿਧਾਨ ਮੰਡਲ ਹੈ।

ਵਿਧਾਨ ਮੰਡਲ ਤੋਂ ਬਿੱਲ ਪਾਸ ਹੋ ਕੇ ਰਾਜਪਾਲ ਕੋਲ ਭੇਜਿਆ ਜਾਂਦਾ ਹੈ। ਰਾਜਪਾਲ ਨੂੰ ਨਿਸ਼ੇਦਾਧਿਕਾਰ (Veto Power) ਵੀ ਪ੍ਰਾਪਤ ਹੈ। ਉਹ ਬਿੱਲ ’ਤੇ ਇਕ ਵਾਰ ਆਪਣੀ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਸਕਦਾ ਹੈ ਪਰ ਜੇਕਰ ਵਿਧਾਨ ਮੰਡਲ ਉਸ ਬਿੱਲ

**ਨੋਟ**

ਨੂੰ ਦੁਬਾਰਾ ਪਾਸ ਕਰਕੇ ਭੇਜ ਦੇਵੇ ਤਾਂ ਰਾਜਪਾਲ ਨੂੰ ਆਪਣੀ ਮਨਜ਼ੂਰੀ ਜ਼ਰੂਰ ਦੇਣੀ ਪੈਂਦੀ ਹੈ। ਰਾਜਪਾਲ ਕਿਸੇ ਬਿੱਲ ਨੂੰ ਰਾਸ਼ਟਰਪਤੀ ਦੀ ਅਖੀਰਲੀ ਮਨਜ਼ੂਰੀ ਲਈ ਭੇਜ ਸਕਦਾ ਹੈ। ਕੁਝ ਬਿੱਲ ਤਾਂ ਜ਼ਰੂਰ ਹੀ ਰਾਜਪਾਲ ਨੂੰ ਰਾਸ਼ਟਰਪਤੀ ਦੇ ਕੋਲ ਭੇਜਣੇ ਪੈਂਦੇ ਹਨ।

2. **ਵਿੱਤੀ ਸ਼ਕਤੀਆਂ** (Financial Powers)– ਪ੍ਰਾਂਤੀ ਬਿੱਲ 'ਤੇ ਰਾਜ ਵਿਧਾਨ ਮੰਡਲ ਦਾ ਹੀ ਅਧਿਕਾਰ ਹੁੰਦਾ ਹੈ ਪਰ ਅਸਲ ਵਿੱਚ ਵਿਧਾਨ ਸਭਾ ਹੀ ਇਸ ਅਧਿਕਾਰ ਦਾ ਇਸਤੇਮਾਲ ਕਰਦੀ ਹੈ। ਧਨ ਬਿੱਲ ਕੇਵਲ ਪਹਿਲਾਂ ਵਿਧਾਨ ਸਭਾ ਵਿੱਚ ਹੀ ਪੇਸ਼ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਵਿਧਾਨ–ਪ੍ਰੀਸ਼ਦ ਵਿੱਚ ਪਹਿਲਾਂ ਪੇਸ਼ ਨਹੀਂ ਕੀਤਾ ਜਾ ਸਕਦਾ। ਵਿਧਾਨ ਸਭਾ ਨੂੰ ਪ੍ਰਾਂਤ ਦੇ ਵਿੱਤ 'ਤੇ ਪੂਰਾ ਅਧਿਕਾਰ ਹੁੰਦਾ ਹੈ। ਉਸ ਦੀ ਮਨਜ਼ੂਰੀ ਤੋਂ ਬਿਨਾਂ ਨਾ ਤਾਂ ਕੋਈ ਕਰ ਲਗਾਇਆ ਜਾ ਸਕਦਾ ਹੈ ਅਤੇ ਨਾ ਇਕ ਪੈਸਾ ਵੀ ਖਰਚ ਕੀਤਾ ਜਾ ਸਕਦਾ ਹੈ। ਧਨ ਵਿਧਾਇਕ ਮਨਜ਼ੂਰੀ ਹੋ ਜਾਣ ਤੋਂ ਬਾਅਦ ਵਿਧਾਨ ਪ੍ਰੀਸ਼ਦ ਕੋਲ ਭੇਜ ਦਿੱਤਾ ਜਾਂਦਾ ਹੈ ਪਰ ਵਿਧਾਨ ਪ੍ਰੀਸ਼ਦ ਦੀ ਮਨਜ਼ੂਰੀ ਜ਼ਰੂਰੀ ਨਹੀਂ ਹੁੰਦੀ।

*ਨੋਟਸ* ਵਿਧਾਨ ਪ੍ਰੀਸ਼ਦ ਧਨ ਵਿਧਾਇਕ ਦੇ ਕੋਲ ਹੋਣ ਵਿੱਚ 14 ਦਿਨ ਦੀ ਦੇਰੀ ਕਰ ਸਕਦੀ ਹੈ।

ਇਸ ਤੋਂ ਜ਼ਿਆਦਾ ਸਮੇਂ ਲਈ ਉਹ ਇਸ ਨੂੰ ਰੋਕ ਨਹੀਂ ਸਕਦੀ ਅਤੇ ਨਾ ਹੀ ਰੱਦ ਕਰ ਸਕਦੀ ਹੈ। ਵਿਧਾਨ ਪ੍ਰੀਸ਼ਦ ਵਿੱਚ ਪੇਸ਼ ਹੋਣ ਤੋਂ 14 ਦਿਨ ਬਾਅਦ ਰਾਜਪਾਲ ਦੇ ਹਸਤਾਖਰ ਹੋਣ 'ਤੇ ਕੋਈ ਵੀ ਧਨ ਵਿਧਾਇਕ ਵਿਧੀ ਬਣ ਜਾਂਦਾ ਹੈ, ਚਾਹੇ ਵਿਧਾਨ ਪ੍ਰੀਸ਼ਦ ਨੇ ਇਸ ਸਮੇਂ ਵਿੱਚ ਪਾਸ ਕਰ ਦਿੱਤਾ ਹੋਵੇ ਜਾਂ ਨਾ ਕੀਤਾ ਹੋਵੇ।

3. **ਕਾਰਜ ਪਾਲਿਕਾ 'ਤੇ ਕੰਟਰੋਲ** (Control Over the Executive)–ਪ੍ਰਾਂਤਾਂ ਵਿੱਚ ਸੰਸਦੀ ਪ੍ਰਬੰਧ ਦੇ ਅਨੁਕੂਲ ਕਾਰਜ ਪਾਲਿਕਾ ਨੂੰ ਵਿਧਾਨ ਪਾਲਿਕਾ ਪ੍ਰਤੀ ਜ਼ਿੰਮੇਵਾਰ ਬਣਾਇਆ ਗਿਆ ਹੈ। ਅਸਲ ਵਿੱਚ ਕਾਰਜ ਪਾਲਿਕਾ ਦੀ ਇਹ ਜ਼ਿੰਮੇਵਾਰੀ ਵਿਧਾਨ ਸਭਾ ਪ੍ਰਤੀ ਹੀ ਹੁੰਦੀ ਹੈ। ਮੰਤਰੀ ਆਪਣੇ ਅਹੁਦੇ 'ਤੇ ਉਦੋਂ ਤੱਕ ਰਹਿ ਸਕਦੇ ਹਨ, ਜਦੋਂ ਤੱਕ ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਬਹੁਮਤ ਦਾ ਵਿਸ਼ਵਾਸ ਪ੍ਰਾਪਤ ਰਹਿੰਦਾ ਹੈ। ਜਿਉਂ ਹੀ ਉਨ੍ਹਾਂ ਤੋਂ ਬਹੁਮਤ ਦਾ ਭਰੋਸਾ ਹਟ ਜਾਂਦਾ ਹੈ, ਉਨ੍ਹਾਂ ਦੇ ਵਿਰੁੱਧ ਬੇਭਰੋਸਗੀ ਦਾ ਪ੍ਰਸਤਾਵ ਪਾਸ ਕਰ ਦਿੱਤਾ ਜਾਂਦਾ ਹੈ ਤਾਂ ਉਹ ਤਿਆਗ ਪੱਤਰ ਦੇ ਦਿੰਦੇ ਹਨ। ਵਿਧਾਨ ਸਭਾ ਕੁਝ ਹੋਰ ਤਰ੍ਹਾਂ ਨਾਲ ਵੀ ਨੀਤੀ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਕੋਈ ਵੀ ਪ੍ਰਸ਼ਨ ਪੁੱਛ ਸਕਦਾ ਹੈ, ਉੱਤਰ ਨੂੰ ਸਪੱਸ਼ਟ ਕਰਨ ਲਈ ਪ੍ਰਸ਼ਨ ਵੀ ਪੁੱਛੇ ਜਾ ਸਕਦੇ ਹਨ। 'ਕੰਮ ਰੋਕੋ' ਪ੍ਰਸਤਾਵ ਪੇਸ਼ ਕਰਕੇ ਵੀ ਸਰਕਾਰ ਤੋਂ ਸਪੱਸ਼ਟੀਕਰਨ ਮੰਗਿਆ ਜਾ ਸਕਦਾ ਹੈ ਅਤੇ ਕਿਹਾ ਜਾ ਸਕਦਾ ਹੈ ਕਿ ਵਿਧਾਨ ਸਭਾ ਨੂੰ ਕਾਰਜਪਾਲਿਕਾ 'ਤੇ ਪੂਰਾ–ਪੂਰਾ ਕੰਟਰੋਲ ਪ੍ਰਾਪਤ ਹੈ।

4. **ਹੋਰ ਕੰਮ** (Other Functions)–

*(i)* ਰਾਜ ਵਿਧਾਨ ਮੰਡਲ ਦਾ ਹੇਠਲਾ ਸਦਨ (ਵਿਧਾਨ ਸਭਾ) ਰਾਸ਼ਟਰਪਤੀ ਦੀਆਂ ਚੋਣਾ ਵਿੱਚ ਹਿੱਸਾ ਲੈਂਦਾ ਹੈ।

*(ii)* ਰਾਜ ਦੇ ਸੰਸਦ ਦੇ ਉਪਰਲੇ ਸਦਨ (ਰਾਜ ਸਭਾ) ਵਿੱਚ ਚੁਣੇ ਜਾਣ ਵਾਲੇ ਮੈਂਬਰ ਵੀ ਵਿਧਾਨ ਸਭਾ ਦੇ ਮੈਂਬਰਾਂ ਵੱਲੋਂ ਚੁਣੇ ਜਾਂਦੇ ਹਨ।

*(iii)* ਜਦਕਿ ਸੰਵਿਧਾਨ ਵਿੱਚ ਸੋਧ ਕਰਨ ਦੀ ਸ਼ਕਤੀ ਅਤੇ ਉਸ ਵਿੱਚ ਪਹਿਲਕਦਮੀ ਕਰਨ ਦਾ ਅਧਿਕਾਰ ਸੰਸਦ ਨੂੰ ਹੀ ਪ੍ਰਾਪਤ ਹੈ, ਫਿਰ ਵੀ ਅਨੁਛੇਦ 368 ਦੇ ਅਨੁਸਾਰ ਸੰਵਿਧਾਨ ਦੇ ਅਨੁਛੇਦ 54, 55, 73, 162 ਅਤੇ 241 ਅਤੇ ਸਰਵਉੱਚ ਅਦਾਲਤ ਅਤੇ ਉੱਚ ਅਦਾਲਤਾਂ ਨਾਲ ਸਬੰਧਿਤ ਅਨੁਛੇਦਾਂ ਅਤੇ ਕੇਂਦਰ ਤੇ ਰਾਜਾਂ ਦੇ ਸਬੰਧਾ ਦਾ ਨਿਰਧਾਰਣ ਕਰਨ ਵਾਲੀ ਸੰਵਿਧਾਨਿਕ ਪ੍ਰਬੰਧਾਂ ਵਿੱਚ ਸੰਸਦ ਤਾਂ ਹੀ ਸੋਧ ਕਰ ਸਕਦੀ ਹੈ ਜਦੋਂ ਅਜਿਹੀ ਸੋਧ ਵਿਧਾਇਕ ਨੂੰ ਸੰਸਦ ਕੋਲ ਹੋਣ ਤੋਂ ਬਾਅਦ ਅੱਧੇ ਰਾਜਾਂ ਦੀ ਵਿਧਾਨ ਪਾਲਿਕਾ ਨੇ ਮਨਜ਼ੂਰ ਕਰ ਲਿਆ ਹੋਵੇ। ਵਿਧਾਨ ਪ੍ਰੀਸ਼ਦ ਨੂੰ ਇਸ ਮਾਮਲੇ ਵਿੱਚ ਵੀ ਕੋਈ ਸ਼ਕਤੀ ਪ੍ਰਾਪਤ ਨਹੀਂ ਹੈ।

*(iv)* ਵਿਧਾਨ ਜੇਕਰ ਵਿਧਾਨ ਪ੍ਰੀਸ਼ਦ ਨੂੰ ਬਣਾਉਣ ਦਾ ਪ੍ਰਸਤਾਵ ਜਾਂ ਖਤਮ ਕਰਨ ਦਾ ਪ੍ਰਸਤਾਵ ਪਾਸ ਕਰੇ ਤਾ ਇਸ ਪ੍ਰਸਤਾਵ ਦੇ ਅਧਾਰ 'ਤੇ ਸੰਸਦ ਕਾਨੂੰਨ ਬਣਾ ਕੇ ਵਿਧਾਨ ਪ੍ਰੀਸ਼ਦ ਦੀ ਸਥਾਪਨਾ ਜਾਂ ਖਾਤਮਾ ਕਰਦੀ ਹੈ।

**ਸਥਿਤੀ** (Position)– ਵਿਧਾਨ ਮੰਡਲ ਦੀਆਂ ਸ਼ਕਤੀਆਂ ਅਤੇ ਕੰਮਾਂ ਦੇ ਇਸ ਵਰਨਣ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਆਪਣੇ ਰਾਜ ਦੇ ਪ੍ਰਸ਼ਾਸਨ ਵਿੱਚ ਇਸ ਦਾ ਵੱਡਾ ਮਹੱਤਵਪੂਰਨ ਹੱਥ ਹੈ। ਰਾਜ ਵਿਧਾਨ ਮੰਡਲ ਦੀਆਂ ਸ਼ਕਤੀਆਂ ਦਾ ਅਸਲੀ ਰੂਪ ਵਿੱਚ ਇਸਤੇਮਾਲ ਵਿਧਾਨ ਸਭਾ ਹੀ ਕਰਦੀ ਹੈ। ਵਿਧਾਨ ਪ੍ਰੀਸ਼ਦ ਇਸ ਦੀ ਜਲਦਬਾਜ਼ੀ 'ਤੇ ਰੋਕ ਲਗਾ ਸਕਦੀ ਹੈ ਪਰ ਇਸ ਦੇ ਰਸਤੇ ਵਿੱਚ ਰੁਕਾਵਟ ਬਣ ਕੇ ਖੜ੍ਹੀ ਨਹੀਂ ਹੋ ਸਕਦੀ। ਇਸ ਵੱਲੋਂ ਪਾਸ ਕੀਤੇ ਕਿਸੇ ਸਧਾਰਣ ਵਿਧਾਇਕ ਨੂੰ 3 ਮਹੀਨੇ ਤੱਕ ਅਤੇ ਵਿੱਤੀ ਵਿਧਾਇਕ ਨੂੰ ਕੇਵਲ 14 ਦਿਨ ਤੱਕ ਵਿਧਾਨ ਪ੍ਰੀਸ਼ਦ ਰੋਕ ਸਕਦੀ ਹੈ। ਵਿੱਤੀ ਵਿਧਾਇਕ ਪਹਿਲਾਂ ਵਿਧਾਨ ਸਭਾ ਵਿੱਚ

**ਨੋਟ**

ਹੀ ਪੇਸ਼ ਕੀਤੇ ਜਾ ਸਕਦੇ ਹਨ, ਵਿਧਾਨ ਪ੍ਰੀਸ਼ਦ ਵਿੱਚ ਨਹੀਂ। ਕਾਰਜ ਪਾਲਿਕਾ ਵੀ ਕੇਵਲ ਇਸ ਪ੍ਰਤੀ ਜ਼ਿੰਮੇਵਾਰ ਹੈ, ਵਿਧਾਨ ਪ੍ਰੀਸ਼ਦ ਪ੍ਰਤੀ ਨਹੀਂ। ਸੱਚ ਤਾਂ ਇਹ ਹੈ ਕਿ ਵਿਧਾਨ ਪ੍ਰੀਸ਼ਦ ਦੀ ਹੋਂਦ ਹੀ ਵਿਧਾਨ ਸਭਾ ਦੀ ਆਪਣੀ ਇੱਛਾ 'ਤੇ ਨਿਰਭਰ ਰਹਿੰਦੀ ਹੈ, ਉਹ ਜਦੋਂ ਚਾਹੇ ਉਸ ਨੂੰ ਬਣਾ ਸਕਦੀ ਹੈ ਅਤੇ ਜਦੋਂ ਚਾਹੇ ਉਸ ਨੂੰ ਤੋੜ ਸਕਦੀ ਹੈ। ਇਸ ਨੂੰ ਇੰਨਾ ਮਹੱਤਵ ਦਿੱਤੇ ਜਾਣ ਦਾ ਕਾਰਨ ਇਹ ਹੈ ਕਿ ਇਸ ਦੀ ਚੋਣ ਰਾਜ ਦੀ ਜਨਤਾ ਵੱਲੋਂ ਸਰਵਜਨਕ ਵੋਟ ਦੇ ਅਧਾਰ 'ਤੇ ਪ੍ਰਤੱਖ ਰੂਪ ਵਿੱਚ ਹੁੰਦੀ ਹੈ ਅਤੇ ਇਹ ਉਸ ਦਾ ਪ੍ਰਤੀਨਿਧੀ ਸਦਨ ਹੈ।

ਪ੍ਰਾਂਤੀ ਸੰਵਿਧਾਨਿਕ ਪ੍ਰਬੰਧ ਵਿੱਚ ਰਾਜ ਵਿਧਾਨ ਮੰਡਲ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ ਪਰ ਇਸ ਦੀ ਸ਼ਕਤੀ ਕੇਂਦਰੀ ਸੰਸਦ ਦੇ ਮੁਕਾਬਲੇ ਕਾਫੀ ਘੱਟ ਹੁੰਦੀ ਹੈ। ਇਸ ਨੂੰ ਕੇਵਲ ਰਾਜ ਸੂਚੀ ਦੇ 66 ਵਿਸ਼ਿਆਂ ਅਤੇ ਸਾਂਝੀ ਸੂਚੀ ਦੇ 47 ਵਿਸ਼ਿਆਂ 'ਤੇ ਹੀ ਕਾਨੂੰਨ ਨਿਰਮਾਣ ਦਾ ਅਧਿਕਾਰ ਹੁੰਦਾ ਹੈ ਪਰ ਇਸ 'ਤੇ ਵੀ ਕਈ ਇਕ ਪ੍ਰਤੀਬੰਧ ਹਨ।

*(i)* ਰਾਜ ਸਭਾ 2/3 ਬਹੁਮਤ ਨਾਲ ਇਕ ਪ੍ਰਸਤਾਵ ਪਾਸ ਕਰਕੇ ਕਿਸੇ ਵੀ ਰਾਜ ਸੂਚੀ ਦੇ ਵਿਸ਼ੇ ਨੂੰ ਰਾਸ਼ਟਰੀ ਮਹੱਤਵ ਦਾ ਵਿਸ਼ਾ ਘੋਸ਼ਿਤ ਕਰ ਸਕਦੀ ਹੈ ਅਤੇ ਇਸ ਰੂਪ ਵਿੱਚ ਉਸ ਵਿਸ਼ੇ 'ਤੇ ਕਾਨੂੰਨ ਨਿਰਮਾਣ ਦਾ ਅਧਿਕਾਰ ਕੇਂਦਰੀ ਸੰਸਦ ਨੂੰ ਪ੍ਰਾਪਤ ਹੋ ਜਾਂਦਾ ਹੈ।

*(ii)* ਸਾਂਝੀ ਸੂਚੀ ਦੇ ਵਿਸ਼ਿਆਂ 'ਤੇ ਵੀ ਅਖੀਰਲਾ ਅਧਿਕਾਰ ਸੰਸਦ ਨੂੰ ਹੀ ਪ੍ਰਾਪਤ ਹੁੰਦਾ ਹੈ।

*(iii)* ਰਾਜਪਾਲ ਇਸ ਵੱਲੋਂ ਪਾਸ ਕਿਸੇ ਵੀ ਬਿੱਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਸੁਰੱਖਿਅਤ ਰੱਖ ਸਕਦਾ ਹੈ।

*(iv)* ਕੁਝ ਬਿੱਲ ਰਾਸ਼ਟਰਪਤੀ ਦੀ ਪੂਰਨ ਸਹਿਮਤੀ ਨਾਲ ਹੀ ਇਸ ਵਿੱਚ ਪੇਸ਼ ਕੀਤੇ ਜਾ ਸਕਦੇ ਹਨ।

*(v)* ਇਸ ਨਾਲ ਨਿਰਮਿਤ ਕਾਨੂੰਨਾਂ 'ਤੇ ਨਿਆਇਕ ਪੁਨਰਾਵਲੋਕਨ ਦਾ ਅਧਿਕਾਰ ਨਿਆ ਪਾਲਿਕਾ ਨੂੰ ਪ੍ਰਾਪਤ ਹੈ ਅਤੇ ਨਿਆ ਪਾਲਿਕਾ ਕਿਸੇ ਕਾਨੂੰਨ ਦੇ ਅਧਿਕਾਰ ਬਹੁਤ ਵੱਧ ਜਾਂਦੇ ਹਨ ਅਤੇ ਰਾਜ ਵਿਧਾਨ ਮੰਡਲ ਦੇ ਅਧਿਕਾਰ ਘੱਟ ਹੋ ਜਾਂਦੇ ਹਨ।

*(vi)* ਰਾਸ਼ਟਰਪਤੀ ਕਦੀ ਵੀ ਸੰਵਿਧਾਨਿਕ ਆਪਾਤਕਾਲ (Art. 356) ਦੀ ਘੋਸ਼ਣਾ ਕਰਕੇ ਇਸ ਨੂੰ ਭੰਗ ਕਰ ਸਕਦਾ ਹੈ।

ਇਨ੍ਹਾਂ ਸਾਰੇ ਪ੍ਰਤੀਬੰਧਾਂ ਕਾਰਨ ਰਾਜ ਵਿਧਾਨ ਮੰਡਲ ਦੀ ਸਥਿਤੀ ਕੇਂਦਰੀ ਸੰਸਦ ਦੇ ਮੁਕਾਬਲੇ ਕੁਝ ਕਮਜ਼ੋਰ ਹੈ ਪਰ ਇਸ ਦਾ ਇਹ ਭਾਵ ਨਹੀਂ ਕਿ ਇਸ ਦੀ ਸਥਿਤੀ ਮਹੱਤਵਹੀਣ ਹੈ। ਰਾਜ ਪ੍ਰਸ਼ਾਸਨ ਵਿੱਚ ਇਸ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ।

*ਟਾਸਕ* ਰਾਜ ਵਧਿਾਨਸਭਾ ਦੀਆਂ ਸ਼ਕਤੀਆਂ ਉੱਤੇ ਚਰਚਾ ਕੀਤ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

1. ਵਿਧਾਨ ਪ੍ਰੀਸ਼ਦ ਧਨ-ਵਿਧਾਇਕ ਕੋਲ ਹੋਣ ਵਿੱਚ ..............ਦੀ ਦੇਰ ਕਰ ਸਕਦੀ ਹੈ।
2. ..........ਵਿਧਾਇਕ ਕਿਸੇ ਵੀ ਸਦਨ ਵਿੱਚ ਪੇਸ਼ ਕੀਤੇ ਜਾ ਸਕਦੇ ਹਨ।
3. ਵਿਧਾਨ ਸਭਾ ਦਾ ਮੈਂਬਰ ਬਣਾਉਣ ਲਈ ਨਿਊਨਤਮ ਉਮਰ ਹੱਦ ...........ਹੈ।

## 11.2 ਰਾਜ ਦਾ ਰਾਜਪਾਲ (Governor of a State)

ਰਾਜਪਾਲ ਰਾਜ ਦੀ ਕਾਰਜ ਪਾਲਿਕਾ ਦਾ ਮੁਖੀਆ ਹੁੰਦਾ ਹੈ। ਇਸ ਦੀ ਰਾਜ ਵਿੱਚ ਉਹੀ ਸਥਿਤੀ ਹੁੰਦੀ ਹੈ ਜੋ ਕੇਂਦਰ ਵਿੱਚ ਰਾਸ਼ਟਰਪਤੀ ਨੂੰ ਪ੍ਰਾਪਤ ਹੈ ਪਰ ਉਸ ਦੀ ਸਥਿਤੀ ਇਕ ਢੰਗ ਨਾਲ, ਥੋੜ੍ਹੀ ਜਿਹੀ ਜ਼ਿਆਦਾ ਸ੍ਰੇਸ਼ਠ ਹੁੰਦੀ ਹੈ। ਭਾਰਤ ਦਾ ਰਾਸ਼ਟਰਪਤੀ ਸੰਘ ਦੀ ਕਾਰਜਪਾਲਿਕਾ ਦਾ ਨਾਮਾਤਰ ਮੁਖੀਆ ਹੁੰਦਾ ਹੈ ਅਤੇ ਉਸ ਨੂੰ ਆਪਣੀ ਇੱਛਾ ਅਨੁਸਾਰ ਕੰਮ ਕਰਨ ਦੀ ਸ਼ਕਤੀ ਨਹੀਂ ਪ੍ਰਾਪਤ ਹੁੰਦੀ ਕਿਉਂਕਿ ਉਸ ਨੂੰ ਲਗਾਤਾਰ ਸੰਘੀ ਮੰਤਰੀ ਪ੍ਰੀਸ਼ਦ ਦੀ ਸਲਾਹ ਅਨੁਸਾਰ ਕੰਮ ਕਰਨਾ ਹੁੰਦਾ ਹੈ। ਇਸ ਦੇ ਉਲਟ ਰਾਜ ਦਾ ਰਾਜਪਾਲ ਨੂੰ ਸੰਵਿਧਾਨਿਕ ਸੰਕਟਕਾਲ ਦੀ ਸਥਿਤੀ ਵਿੱਚ ਅਤੇ ਕੁਝ ਸਥਿਤੀਆਂ ਵਿੱਚ ਆਪਣੀ ਇੱਛਾ ਅਨੁਸਾਰ ਫੈਸਲਾ ਕਰਨ ਦਾ ਅਧਿਕਾਰ ਹੁੰਦਾ ਹੈ। ਸੰਵਿਧਾਨ ਨੇ ਰਾਜਪਾਲ ਨੂੰ ਕੁਝ ਸਵੈ-ਇਛੁੱਕ ਅਧਿਕਾਰ ਵੀ ਪ੍ਰਦਾਨ ਕੀਤੇ ਹਨ:

ਨੋਟ

1. **ਨਿਯੁਕਤੀ** (Appointment): ਅਨੁਛੇਦ 153 ਅਧੀਨ ਭਾਰਤ ਦਾ ਸੰਵਿਧਾਨ ਇਹ ਪ੍ਰਬੰਧ ਕਰਦਾ ਹੈ ਕਿ "ਹਰੇਕ ਰਾਜ ਦਾ ਇਕ ਰਾਜਪਾਲ ਹੋਵੇਗਾ।" ਪਰ ਨਾਲ ਹੀ ਇਹ ਪ੍ਰਬੰਧ ਵੀ ਕੀਤਾ ਗਿਆ ਹੈ ਕਿ ਇਕ ਵਿਅਕਤੀ ਦੋ ਜਾਂ ਇਸ ਤੋਂ ਜ਼ਿਆਦਾ ਰਾਜਾਂ ਦੇ ਰਾਜਪਾਲ ਦੇ ਰੂਪ ਵਿੱਚ ਕੰਮ ਕਰ ਸਕਦਾ ਹੈ।

ਜਦੋਂ ਸੰਵਿਧਾਨ ਨਿਰਮਾਣ ਸਭਾ ਵਿੱਚ ਰਾਜਪਾਲ ਦੇ ਅਹੁਦੇ ਦੇ ਪ੍ਰਬੰਧ ਸਬੰਧੀ ਵਿਚਾਰ ਕੀਤਾ ਜਾ ਰਿਹਾ ਸੀ ਤਾਂ ਰਾਜਪਾਲ ਦੀ ਨਿਯੁਕਤੀ ਲਈ ਕਈ ਪ੍ਰਸਤਾਵ ਪੇਸ਼ ਕੀਤੇ ਗਏ ਪਰ ਅੰਤ ਵਿੱਚ ਇਸ ਗੱਲ 'ਤੇ ਸਹਿਮਤ ਹੋ ਗਈ ਕਿ ਕਿਉਂਕਿ ਰਾਜਪਾਲ ਨੇ ਰਾਜ ਦੇ ਸੰਵਿਧਾਨਿਕ ਮੁਖੀਆਂ ਦੇ ਰੂਪ ਵਿੱਚ ਹੀ ਕੰਮ ਕਰਨਾ ਸੀ, ਇਸ ਲਈ ਰਾਜਪਾਲ ਦੀ ਰਾਸ਼ਟਰਪਤੀ ਵੱਲੋਂ ਨਿਯੁਕਤੀ ਦਾ ਪ੍ਰਬੰਧ ਕਰਨਾ ਸਭ ਤੋਂ ਉਪਯੁਕਤ ਗੱਲ ਹੋਵੇਗੀ। ਇਹ ਵੀ ਮਹਿਸੂਸ ਕੀਤਾ ਗਿਆ ਕਿ ਜੇਕਰ ਰਾਜਪਾਲ ਅਤੇ ਮੁੱਖ ਮੰਤਰੀ ਦੋਵੇਂ ਚੁਣੇ ਹੋਏ ਪ੍ਰਤੀਨਿਧੀ ਹੋਣਗੇ ਤਾਂ ਦੋਵਾਂ ਵਿੱਚ ਟਕਰਾਅ ਦੀ ਸੰਭਾਵਨਾ ਬਣ ਸਕਦੀ ਸੀ, ਕਿਉਂਕਿ ਇਕ ਚੁਣਿਆ ਰਾਜਪਾਲ ਨਾਮਾਤਰ ਦੇ ਸ਼ਾਸਕ ਦੇ ਰੂਪ ਵਿੱਚ ਕੰਮ ਕਰਨਾ ਪਸੰਦ ਨਹੀਂ ਕਰੇਗਾ। ਇਸ ਗੱਲ ਲਈ ਸਹਿਮਤੀ ਹੋਈ ਕਿ ਸੰਸਦੀ ਪ੍ਰਬੰਧ ਵਿੱਚ ਇਕ ਚੁਣੇ ਰਾਜਪਾਲ ਇਕ ਗੋਲ ਸੁਰਾਗ ਵਿੱਚ ਚੌਰਸ ਵਸਤੂ ਦੇ ਬਰਾਬਰ ਹੋਵੇਗਾ। ਇਹ ਵੀ ਪ੍ਰਸਤਾਵ ਪਾਸ ਕੀਤਾ ਗਿਆ ਸੀ ਕਿ ਰਾਜ ਦੇ ਵਿਧਾਨਕਾਰ ਚਾਰ ਮੈਂਬਰਾਂ, ਜੋ ਕਿ ਰਾਜ ਦੇ ਨਿਵਾਸੀ ਹੋਣ, ਦੇ ਇਕ ਪੈਨਲ ਦੀ ਚੋਣ ਕਰੇ ਅਤੇ ਦੇਸ਼ ਦਾ ਰਾਸ਼ਟਰਪਤੀ ਇਨ੍ਹਾਂ ਚਾਰਾਂ ਵਿੱਚੋਂ ਕਿਸੇ ਇਕ ਨੂੰ ਰਾਜਪਾਲ ਨਿਯੁਕਤ ਕਰੇ ਪਰ ਇਹ ਮਹਿਸੂਸ ਕੀਤਾ ਗਿਆ ਕਿ ਰਾਜ ਦੇ ਵਿਧਾਇਕਾਂ ਵੱਲੋਂ ਚਾਰ ਉਮੀਦਵਾਰਾਂ ਦਾ ਪੈਨਲ ਬਣਾਉਂਦੇ ਸਮੇਂ ਵਿਵਹਾਰ ਵਿੱਚ ਰਾਜਨੀਤੀ ਦੀ ਖੇਡ ਖੇਡੀ ਜਾ ਸਕਦੀ ਸੀ। ਇਸ ਨਾਲ ਰਾਜਪਾਲ ਨੂੰ ਸੰਘ ਅਤੇ ਰਾਜ ਵਿੱਚ ਇਕ ਸੰਪਰਕ ਸੂਤਰ ਬਣਾਉਣ ਦੀ ਜ਼ਰੂਰਤ ਪੈਦਾ ਹੋ ਜਾਵੇਗੀ।

ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਰਾਜਪਾਲ ਭਾਰਤ ਦੇ ਰਾਸ਼ਟਰਪਤੀ ਵੱਲੋਂ ਨਿਯੁਕਤ ਕੀਤਾ ਜਾਵੇਗਾ। ਇਸ ਦੇ ਅਨੁਸਾਰ ਸੰਵਿਧਾਨ ਦੇ ਅਨੁਛੇਦ 155 ਵਿੱਚ ਲਿਖਿਆ ਗਿਆ ਕਿ "ਰਾਜ ਦੇ ਰਾਜਪਾਲ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਆਪਣੇ ਹਸਤਾਖਰ ਅਤੇ ਮੋਹਰ ਨਾਲ ਜਾਰੀ ਆਦੇਸ਼ ਨਾਲ ਕੀਤੀ ਜਾਵੇਗੀ।"

2. **ਦੋ ਮਹੱਤਵਪੂਰਨ ਪ੍ਰੰਪਰਾਵਾਂ ਜਿਨ੍ਹਾਂ ਦੇ ਅਧਾਰ 'ਤੇ ਰਾਜਪਾਲ ਦੀ ਨਿਯੁਕਤੀ ਕੀਤੀ ਜਾਂਦੀ ਹੈ** (Two Important Conventions which govern the appointment of a Governor) : ਪਹਿਲੀ ਪ੍ਰੰਪਰਾ ਇਹ ਹੈ ਕਿ ਰਾਜਪਾਲ ਉਸ ਰਾਜ ਦਾ ਨਿਵਾਸੀ ਨਹੀਂ ਹੋਣਾ ਚਾਹੀਦਾ ਹੈ ਜਿਸ ਰਾਜ ਵਿੱਚ ਉਸ ਦੀ ਰਾਜਪਾਲ ਦੇ ਰੂਪ ਵਿੱਚ ਨਿਯੁਕਤੀ ਕੀਤੀ ਜਾਂਦੀ ਹੈ।

ਇਸ ਪ੍ਰੰਪਰਾ ਦਾ ਅਧਾਰ ਇਹ ਵਿਚਾਰ ਹੈ ਕਿ ਜੇਕਰ ਰਾਜਪਾਲ ਉਸ ਰਾਜ ਦਾ ਨਿਵਾਸੀ ਹੋਵੇਗਾ ਤਾਂ ਉਹ ਸੁਤੰਤਰਤਾ ਅਤੇ ਨਿਰਪੱਖ ਢੰਗ ਨਾਲ ਕੰਮ ਨਹੀਂ ਕਰ ਸਕੇਗਾ। ਉਸ ਦੀ ਰਾਜ ਵਿੱਚ ਆਪਣੀ ਰਾਜਨੀਤਿਕ ਪ੍ਰਤੀਬੱਧਤਾ ਹੋਵੇਗੀ ਅਤੇ ਇਸ ਗੱਲ ਦੀ ਹਰੇਕ ਸੰਭਾਵਨਾ ਵਿਧਮਾਨ ਹੋਵੇਗੀ ਕਿ ਉਹ ਰਾਜ ਦੇ ਅੰਦਰਲੇ ਮਾਮਲਿਆਂ ਅਤੇ ਰਾਜਨੀਤੀ ਵਿੱਚ ਦਖਲਅੰਦਾਜ਼ੀ ਕਰੇਗਾ, ਸਿਰਫ਼ ਰਾਸ਼ਟਰਪਤੀ ਵੱਲੋਂ ਇਸ ਪ੍ਰੰਪਰਾ ਦਾ ਸਨਮਾਨ ਕੀਤਾ ਜਾਂਦਾ ਹੈ ਪਰ ਇਸ ਪ੍ਰੰਪਰਾ ਨਾਲ ਸਬੰਧਿਤ ਕੁਝ ਮਤਭੇਦ ਵੀ ਰਹੇ ਹਨ, ਜਿਵੇਂ ਉਦਾਹਰਣ ਦੇ ਤੌਰ 'ਤੇ ਡਾ. ਐੱਚ. ਸੀ. ਮੁਖਰਜੀ ਨੂੰ ਉਨ੍ਹਾਂ ਦੇ ਪੈਤ੍ਰਕ ਰਾਜ ਪੱਛਮੀ ਬੰਗਾਲ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਸੀ। ਇਸੇ ਤਰ੍ਹਾਂ ਕੁਝ ਸਮੇਂ ਲਈ ਸ. ਉੱਜਲ ਸਿੰਘ ਪੰਜਾਬ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਸੀ। ਪੰਜਾਬ ਦੇ ਸਾਬਕਾ ਰਾਜਪਾਲ ਲੈਫਟੀਨੈਂਟ ਜਨਰਲ (ਰਿਟਾਇਰਡ) ਬੀ. ਕੇ. ਐੱਨ. ਛਿੱਬਰ ਵੀ ਪੰਜਾਬੀ ਸਨ ਪਰ ਉਨ੍ਹਾਂ ਨੂੰ ਪ੍ਰੰਪਰਾ ਦਾ ਮਤਭੇਦ ਕਹਿ ਕੇ ਅਪੇਕਸ਼ਿਤ ਕੀਤਾ ਜਾ ਸਕਦਾ ਹੈ।

ਰਾਜਪਾਲ ਨਿਯੁਕਤ ਕੀਤੇ ਜਾਣ ਦੇ ਸਬੰਧ ਵਿੱਚ ਦੂਸਰੀ ਪ੍ਰੰਪਰਾ ਇਹ ਹੈ ਕਿ ਕਿਸੇ ਵਿਸ਼ੇਸ਼ ਰਾਜ ਦਾ ਰਾਜਪਾਲ ਨਿਯੁਕਤ ਕਰਨ ਲਈ ਕਿਸੇ ਵਿਅਕਤੀ ਦੀ ਚੋਣ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਅਪੇਕਸ਼ਿਤ ਕਰ ਦਿੱਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ 1967 ਵਿੱਚ ਹਰਿਆਣਾ ਦੇ ਮੁੱਖ ਮੰਤਰੀ ਰਾਓ ਵਰਿੰਦਰ ਸਿੰਘ ਰਾਜਪਾਲ ਦੀ ਨਿਯੁਕਤੀ ਨਾਲ ਸਬੰਧਿਤ ਵਿਚਾਰਾਂ ਨੂੰ ਕੇਂਦਰ ਸਰਕਾਰ ਨੇ ਸਵੀਕਾਰ ਨਹੀਂ ਕੀਤਾ ਸੀ। ਬਿਹਾਰ ਦੇ ਮੁੱਖ ਮੰਤਰੀ ਮਹਾਮਾਇਆ ਪ੍ਰਸ਼ਾਦ ਸਿੰਘ ਨੇ ਸ਼੍ਰੀ ਐੱਨ. ਐੱਨ. ਕਾਨਗੋ ਦੀ ਬਿਹਾਰ ਵਿੱਚ ਰਾਜਪਾਲ ਦੇ ਰੂਪ ਵਿੱਚ ਨਿਯੁਕਤੀ ਦਾ ਵਿਰੋਧ ਕੀਤਾ ਸੀ ਪਰ ਕੇਂਦਰ ਨੇ ਮੁੱਖ ਮੰਤਰੀ ਦੀ ਸਲਾਹ ਨੂੰ ਸਵੀਕਾਰ ਨਹੀਂ ਕੀਤਾ ਸੀ। ਪੱਛਮੀ ਬੰਗਾਲ ਅਤੇ ਤਾਮਿਨਾਡੂ ਦੀਆਂ ਸਰਕਾਰਾਂ ਨੇ ਹਮੇਸ਼ਾ ਰਾਜਪਾਲ ਦੀ ਨਿਯੁਕਤੀ ਨਾਲ ਸਬੰਧਿਤ ਭੂਮਿਕਾ (ਸਿਫਾਰਿਸ਼ ਕਰਨ ਦੀ) 'ਤੇ ਜ਼ੋਰ ਦਿੱਤਾ ਹੈ।

ਪਰ ਹੁਣ ਇਹ ਸਥਾਈ ਰੂਪ ਵਿੱਚ ਫੈਸਲਾ ਕਰ ਲਿਆ ਗਿਆ ਹੈ ਕਿ ਰਾਜਪਾਲ ਦੀ ਨਿਯੁਕਤੀ ਕਰਦੇ ਸਮੇਂ ਕੇਂਦਰ ਹਮੇਸ਼ਾ ਸਬੰਧਿਤ ਰਾਜ ਦੀ ਮੰਤਰੀ ਪ੍ਰੀਸ਼ਦ ਦੀ ਸਲਾਹ ਲਵੇਗਾ ਅਤੇ ਜਿੱਥੋਂ ਤੱਕ ਹੋ ਸਕੇਗਾ, ਅਜਿਹੀ ਸਲਾਹ ਨੂੰ ਸਵੀਕਾਰ ਵੀ ਕਰੇਗਾ।

ਇਨ੍ਹਾਂ ਦੋ ਚੰਗੀਆਂ ਪ੍ਰੰਪਰਾਵਾਂ ਦੇ ਨਾਲ-ਨਾਲ ਦੇਸ਼ ਵਿੱਚ ਇਕ ਮਾੜੀ ਪ੍ਰੰਪਰਾ ਵੀ ਸ਼ਾਮਿਲ ਰਹੀ ਹੈ ਅਤੇ ਉਹ ਹੈ ਕਿ ਚੋਣਾਂ ਵਿੱਚ ਹਾਰੇ ਹੋਏ ਰਾਜਨੀਤਿਕ ਨੇਤਾਵਾਂ ਦੀ ਅਲੱਗ-ਅਲੱਗ ਰਾਜਾਂ ਦੇ ਰਾਜਪਾਲ ਦੇ ਰੂਪ ਵਿੱਚ ਨਿਯੁਕਤੀ ਕਰਨਾ। ਇਕ ਹੋਰ ਮਾੜੀ ਪ੍ਰੰਪਰਾ ਇਹ ਪੈ ਰਹੀ ਹੈ ਕਿ ਕੇਂਦਰ ਸਰਕਾਰ ਬਦਲਣ ਤੋਂ ਬਾਅਦ ਰਾਜਪਾਲਾਂ ਦਾ ਥੋਕ ਵਿੱਚ ਬਦਲਣਾ ਜਾਂ ਉਨ੍ਹਾਂ ਨੂੰ ਹਟਾਇਆ ਜਾਣਾ। ਜ਼ਰੂਰਤ ਇਸ ਗੱਲ ਦੀ ਹੈ ਇਨ੍ਹਾਂ ਗੱਲਾਂ ਤੋਂ ਉੱਪਰ ਉੱਠਿਆ ਜਾਵੇ ਅਤੇ ਯੋਗਤਾ ਦੇ ਅਧਾਰ 'ਤੇ ਹੀ ਰਾਜਪਾਲ ਦੀ ਨਿਯੁਕਤੀ ਕੀਤੀ ਜਾਵੇ।

**ਨੋਟ**

**3. ਰਾਜਪਾਲ ਦੇ ਅਹੁਦੇ ਲਈ ਯੋਗਤਾਵਾਂ** (Qualification for the office of the Governor): ਸੰਵਿਧਾਨ ਦਾ ਅਨੁਛੇਦ 157 ਇਹ ਸ਼ਰਤ ਰੱਖਦਾ ਹੈ ਕਿ ਕੋਈ ਵੀ ਵਿਅਕਤੀ ਰਾਜਪਾਲ ਦੀ ਨਿਯੁਕਤੀ ਲਈ ਯੋਗ ਨਹੀਂ ਹੋ ਸਕਦਾ ਜੋ ਕਿ ਭਾਰਤ ਦਾ ਨਾਗਰਿਕ ਨਾ ਹੋਵੇ ਅਤੇ ਜਿਸ ਦੀ ਉਮਰ 35 ਸਾਲ ਤੋਂ ਘੱਟ ਹੋਵੇ।

ਅਨੁਛੇਦ 158 ਕੁਝ ਹੋਰ ਯੋਗਤਾਵਾਂ ਦਾ ਵਰਨਣ ਰੱਖਦਾ ਹੈ : (1) ਰਾਜਪਾਲ ਸੰਸਦ ਦੇ ਕਿਸੇ ਵੀ ਸਦਨ ਦਾ ਜਾਂ ਕਿਸੇ ਰਾਜ ਦੀ ਵਿਧਾਨ ਸਭਾ ਦੇ ਮੈਂਬਰ ਨਹੀਂ ਹੋਣਾ ਚਾਹੀਦਾ ਹੈ, ਜੇਕਰ ਸੰਸਦ ਦੇ ਕਿਸੇ ਵੀ ਸਦਨ ਦੇ ਮੈਂਬਰ ਜਾਂ ਕਿਸੇ ਵੀ ਰਾਜ ਦੀ ਵਿਧਾਨ ਪਾਲਿਕਾ ਦੇ ਮੈਂਬਰ ਨੂੰ ਰਾਜਪਾਲ ਨਿਯੁਕਤ ਕੀਤਾ ਜਾਂਦਾ ਹੈ ਤਾਂ ਉਸੇ ਦਿਨ ਤੋਂ ਇਹ ਸਮਝਿਆ ਜਾਵੇਗਾ ਕਿ ਉਸ ਦੀ ਸਦਨ ਦੀ ਮੈਂਬਰਸ਼ਿਪ ਖਤਮ ਹੋ ਗਈ ਹੈ, ਜਿਸ ਦਿਨ ਤੋਂ ਉਹ ਰਾਜਪਾਲ ਦੇ ਰੂਪ ਵਿੱਚ ਅਹੁਦਾ ਸੰਭਾਲ ਲਵੇਗਾ। (2) ਰਾਜਪਾਲ ਕੋਈ ਲਾਭਦਾਇਕ ਅਹੁਦਾ ਗ੍ਰਹਿਣ ਨਹੀਂ ਕਰ ਸਕਦਾ। (3) ਉਹ ਕਿਸੇ ਵੀ ਅਦਾਲਤ ਵੱਲੋਂ ਘੋਸ਼ਿਤ ਦੀਵਾਲੀਆ ਨਹੀਂ ਹੋਣਾ ਚਾਹੀਦਾ।

ਜ਼ਿਆਦਾਤਰ ਸਰਵਜਨਕ ਜੀਵਨ ਵਿੱਚ ਚੰਗੇ ਵਿਅਕਤੀ ਅਤੇ ਮਾਨ-ਸਨਮਾਨ ਵਾਲੇ ਵਿਅਕਤੀ ਜਾਂ ਸਰਗਰਮ ਰਾਜਨੀਤੀ ਛੱਡ ਚੁੱਕੇ ਕਿਸੇ ਉੱਚ ਰਾਜਨੀਤਿਕ ਨੇਤਾ ਜਾਂ ਸੇਵਾਮੁਕਤ ਸਿਵਲ ਜਾਂ ਸੈਨਿਕ ਅਫਸਰਾਂ ਨੂੰ ਹੀ ਰਾਜਪਾਲ ਦੇ ਰੂਪ ਵਿੱਚ ਨਿਯੁਕਤ ਕੀਤਾ ਜਾਂਦਾ ਹੈ।

**4. ਤਨਖਾਹ ਅਤੇ ਭੱਤੇ** (Emolument and Allowances)– ਇਸ ਸਮੇਂ ਰਾਜਪਾਲ ਰੁਪਏ ਮਹੀਨਾਵਾਰ ਤਨਖਾਹ ਦੇ ਰੂਪ ਵਿੱਚ ਪ੍ਰਾਪਤ ਕਰਦਾ ਹੈ। ਬਿਨਾਂ ਕਿਰਾਏ ਦਾ ਮੁੱਖ ਸਰਕਾਰੀ ਨਿਵਾਸ ਅਤੇ ਸੰਚਾਰ ਤੇ ਆਵਾਜਾਈ ਦੀ ਸੁਵਿਧਾ ਮਿਲਦੀ ਹੈ। ਇਸ ਦੇ ਪੱਧਰ, ਕਰਤਵਾਂ ਅਤੇ ਅਹੁਦੇ ਦੀ ਸ੍ਰੇਸ਼ਠਤਾ ਨੂੰ ਦੇਖਦੇ ਹੋਏ ਅਲੱਗ-ਅਲੱਗ ਤਰ੍ਹਾਂ ਦੇ ਕਈ ਹੋਰ ਭੱਤੇ ਮਿਲਦੇ ਹਨ। ਰਾਜਪਾਲ ਦੇ ਅਹੁਦੇ ਦੇ ਸਬੰਧ ਵਿੱਚ ਕੀਤਾ ਜਾਣ ਵਾਲਾ ਖਰਚ, ਸਬੰਧਿਤ ਰਾਜ ਦੇ ਧਨ ਵਿੱਚੋਂ ਕੀਤਾ ਜਾਂਦਾ ਹੈ।

ਜਿੱਥੇ ਕਦੇ ਇਕ ਵਿਅਕਤੀ ਨੂੰ ਦੋ ਜਾਂ ਇਸ ਤੋਂ ਵਧੇਰੇ ਰਾਜਾਂ ਦਾ ਰਾਜਪਾਲ ਬਣਾਇਆ ਜਾਂਦਾ ਹੈ, ਉਹ ਉਸ ਨੂੰ ਮਿਲਣ ਵਾਲੀ ਤਨਖਾਹ ਅਤੇ ਭੱਤੇ ਰਾਸ਼ਟਰਪਤੀ ਦੇ ਆਦੇਸ਼ ਅਨੁਸਾਰ ਉਸੇ ਅਨੁਪਾਤ ਵਿੱਚ ਸਬੰਧਿਤ ਰਾਜਾਂ 'ਚ ਵੰਡ ਦਿੱਤੇ ਜਾਂਦੇ ਹਨ।

ਰਾਜਪਾਲ ਦੀ ਤਨਖਾਹ ਅਤੇ ਭੱਤੇ ਉਸ ਦੇ ਕਾਰਜਾਕਾਲ ਦੌਰਾਨ ਘੱਟ ਨਹੀਂ ਕੀਤੇ ਜਾ ਸਕੇ।

**5. ਕਾਰਜਕਾਲ** (Term)– ਰਾਜਪਾਲ ਦੀ ਨਿਯੁਕਤੀ 5 ਸਾਲ ਲਈ ਕੀਤੀ ਜਾਂਦੀ ਹੈ ਪਰ ਉਹ ਉਦੋਂ ਤੱਕ ਆਪਣੇ ਅਹੁਦੇ 'ਤੇ ਰਹਿ ਸਕਦਾ ਹੈ, ਜਦ ਤੱਕ ਕਿ ਰਾਸ਼ਟਰਪਤੀ ਚਾਹੇ। ਰਾਸ਼ਟਰਪਤੀ ਉਸ ਨੂੰ ਕਿਸੇ ਸਮੇਂ ਅਹੁਦੇ ਤੋਂ ਹਟਾ ਸਕਦਾ ਹੈ ਜਾਂ ਨੂੰ ਬਦਲ ਸਕਦਾ ਹੈ। ਇੱਥੋਂ ਤੱਕ ਕਿ 5 ਸਾਲ ਦਾ ਸਮਾਂ ਪੂਰਾ ਹੋਣ ਤੋਂ ਬਾਅਦ ਵੀ ਰਾਜ ਦਾ ਰਾਜਪਾਲ ਉਦੋਂ ਤੱਕ ਆਪਣੇ ਅਹੁਦੇ 'ਤੇ ਬਣਿਆ ਰਹਿ ਸਕਦਾ ਹੈ, ਜਦ ਤੱਕ ਕਿ ਉਸ ਦੀ ਜਗ੍ਹਾ ਨਵਾਂ ਨਿਯੁਕਤ ਹੋਇਆ ਵਿਅਕਤੀ ਆਪਣਾ ਅਹੁਦਾ ਨਹੀਂ ਸੰਭਾਲ ਲੈਂਦਾ। 1999 ਵਿੱਚ ਪੰਜਾਬ 'ਚ ਅਜਿਹਾ ਹੀ ਦੇਖਣ ਨੂੰ ਮਿਲਿਆ। ਪੁਰਾਣੇ ਸਮੇਂ ਵਿੱਚ ਹਰਿਆਣਾ ਅਤੇ ਪੱਛਮੀ ਬੰਗਾਲ ਦੇ ਰਾਜਪਾਲ ਦਾ ਅਹੁਦਾ ਅਸਥਾਈ ਰੂਪ ਵਿੱਚ ਖਾਲੀ ਹੋ ਜਾਂਦਾ ਹੈ ਜਾਂ ਉਸ ਦੀ ਮੌਤ ਕਾਰਨ ਖਾਲੀ ਹੋ ਜਾਂਦਾ ਹੈ ਤਾਂ ਰਾਜ ਦੀ ਉੱਚ ਅਦਾਲਤ ਦਾ ਜੱਜ ਕਾਰਜਵਾਹਕ ਰਾਜਪਾਲ ਦੇ ਰੂਪ ਵਿੱਚ ਕੰਮ ਕਰਦਾ ਹੈ। ਰਾਜਪਾਲ ਕਿਸੇ ਵੀ ਸਮੇਂ ਆਪਣੇ ਅਹੁਦੇ ਤੋਂ ਤਿਆਗ ਪੱਤਰ ਦੇ ਸਕਦਾ ਹੈ। ਜੂਨ 1991 ਵਿੱਚ ਪੰਜਾਬ ਦੇ ਰਾਜਪਾਲ ਜਨਰਲ (ਸੇਵਾਮੁਕਤ) ਓ. ਪੀ. ਮਲਹੋਤਰਾ ਨੇ ਪੰਜਾਬ ਵਿੱਚ ਚੋਣਾਂ ਰੱਦ ਕੀਤੇ ਜਾਣ ਦੇ ਵਿਰੋਧ ਵਿੱਚ ਆਪਣੇ ਅਹੁਦੇ ਤੋਂ ਤਿਆਗ ਪੱਤਰ ਦੇ ਦਿੱਤਾ ਸੀ। ਮਾਰਚ 1995 ਵਿੱਚ ਤਾਮਿਲਨਾਡੂ ਵਿਧਾਨ ਸਭਾ 'ਚ ਇਕ ਪ੍ਰਸਤਾਵ ਪਾਸ ਕਰਕੇ ਮੰਗ ਕੀਤੀ ਗਈ ਕਿ ਰਾਜਪਾਲ ਸ੍ਰੀ ਚੰਨਾ ਰੈਡੀ ਨੂੰ ਵਾਪਸ ਬੁਲਾਇਆ ਜਾਵੇ ਪਰ ਕੇਂਦਰ ਨੇ ਰਾਜ ਵਿਧਾਨ ਸਭਾ ਅਤੇ ਸਰਕਾਰ ਦੀ ਅਜਿਹੀ ਮੰਗ ਪੇਸ਼ ਕਰਨ ਦੇ ਅਧਿਕਾਰ ਨੂੰ ਸਵੀਕਾਰ ਨਹੀਂ ਕੀਤਾ ਸੀ।

**6. ਰਾਜਪਾਲ ਵੱਲੋਂ ਸਹੁੰ ਚੁੱਕਣਾ ਜਾਂ ਪ੍ਰਤੀਗਿਆ ਲੈਣਾ** (Oath or Affirmation by the Governor)– ਹਰੇਕ ਰਾਜਪਾਲ ਅਤੇ ਰਾਜਪਾਲ ਦੇ ਕਰਤਵ ਨਿਭਾ ਰਹੇ ਹਰੇਕ ਵਿਅਕਤੀ ਨੂੰ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ ਰਾਜਪਾਲ ਦੀ ਉੱਚ ਅਦਾਲਤ ਦੇ ਚੀਫ ਜਸਟਿਸ ਦੀ ਹਾਜ਼ਰੀ ਵਿੱਚ ਆਪਣੇ ਅਹੁਦੇ ਦੀ ਸਹੁੰ ਚੁੱਕਣੀ ਅਤੇ ਪ੍ਰਤੀਗਿਆ ਲੈਣੀ ਪੈਂਦੀ ਹੈ।

**7. ਰਾਜਪਾਲ ਦੀਆਂ ਕਾਨੂੰਨੀ ਛੂਟਾਂ** (Legar immunities of the Governor)– ਰਾਜ ਦੇ ਰਾਜਪਾਲ ਨੂੰ ਰਾਜ ਦਾ ਮੁਖੀਆ ਹੋਣ ਦੇ ਨਾਤੇ ਆਪਣੇ ਕੰਮ ਨਿਪਟਾਉਣ ਦੇ ਸਬੰਧ ਵਿੱਚ ਉਨ੍ਹਾਂ ਨੂੰ ਕੁਝ ਵਿਸ਼ੇਸ਼ ਕਾਨੂੰਨੀ ਛੂਟਾਂ ਪ੍ਰਾਪਤ ਹਨ। ਸੰਵਿਧਾਨ ਦੇ ਅਨੁਛੇਦ 361 ਅਧੀਨ ਰਾਸ਼ਟਰਪਤੀ, ਪ੍ਰਧਾਨ ਮੰਤਰੀ ਜਾਂ ਕਿਸੇ ਰਾਜ ਦਾ ਰਾਜਪਾਲ ਉਨ੍ਹਾਂ ਦੇ ਅਹੁਦੇ ਦੇ ਅਧਿਕਾਰਾਂ ਅਤੇ ਕਰਤਵਾਂ ਦਾ ਪਾਲਣ ਕਰਨ ਪ੍ਰਤੀ ਜਾਂ ਆਪਣੇ ਉਨ੍ਹਾਂ ਅਧਿਕਾਰਾਂ ਅਤੇ ਕਰਤਵਾਂ ਦਾ ਪਾਲਣ ਕਰਦੇ ਸਮੇਂ ਕੀਤੇ ਗਏ ਕਿਸੇ ਕੰਮ ਪ੍ਰਤੀ ਕਿਸੇ ਵੀ ਅਦਾਲਤ ਦੇ ਸਾਹਮਣੇ ਜ਼ਿੰਮੇਵਾਰ ਨਹੀਂ ਹੁੰਦਾ। ਇਸ ਤਰ੍ਹਾਂ ਉਸ ਦੇ ਕਾਰਜਕਾਲ ਦੌਰਾਨ ਰਾਜਪਾਲ ਵਿਰੁੱਧ ਕੋਈ ਵੀ ਫੌਜਦਾਰੀ ਜਾਂ ਸਿਵਲ ਕਾਰਵਾਈ ਨਹੀਂ ਕੀਤੀ ਜਾ ਸਕਦੀ। ਰਾਜਪਾਲ ਦੇ ਕਾਰਜਕਾਲ ਦੌਰਾਨ ਉਸ ਦੀ ਗ੍ਰਿਫਤਾਰੀ ਜਾਂ ਕੈਦ ਕਰਨ ਲਈ ਕਿਸੇ ਵੀ ਅਦਾਲਤ ਵੱਲੋਂ ਕੋਈ ਵੀ ਆਦੇਸ਼ ਜਾਰੀ ਨਹੀਂ ਕੀਤਾ ਜਾ ਸਕਦਾ।

### ਰਾਜਪਾਲ : ਸ਼ਕਤੀਆਂ ਅਤੇ ਕੰਮ (Governor : Powers and Functions)

ਰਾਜ ਦਾ ਮੁਖੀਆ ਹੋਣ ਦੇ ਨਾਤੇ ਰਾਜਪਾਲ ਨੂੰ ਬਹੁਤ ਸਾਰੀਆਂ ਸ਼ਕਤੀਆਂ ਅਤੇ ਸਨਮਾਨ ਮਿਲਦਾ ਹੈ, ਜਿਸ ਦੀ ਤੁਲਨਾ ਭਾਰਤ ਦੇ ਰਾਸ਼ਟਰਪਤੀ ਨੂੰ ਪ੍ਰਾਪਤ ਸ਼ਕਤੀਆਂ ਅਤੇ ਸਨਮਾਨ ਨਾਲ ਕੀਤੀ ਜਾ ਸਕਦੀ ਹੈ। ਜਿਵੇਂ ਕਿ ਡੀ. ਡੀ. ਬਸੁ ਲਿਖਦੇ ਹਨ,

ਨੋਟ

"ਰਾਜ ਦੇ ਰਾਜਪਾਲ ਦੀਆਂ ਸ਼ਕਤੀਆਂ ਦੇਸ਼ ਦੇ ਰਾਸ਼ਟਰਪਤੀ ਦੀਆਂ ਸ਼ਕਤੀਆਂ ਦੇ ਬਰਾਬਰ ਹੀ ਹਨ। ਫਰਕ ਕੇਵਲ ਇਹ ਹੈ ਕਿ ਰਾਜਪਾਲ ਕੋਲ ਕੋਈ ਕੂਟਨੀਤਿਕ (ਡਿਪਲੋਮੈਟਿਕ) ਸੈਨਿਕ ਜਾਂ ਸੰਕਟਕਾਲੀਨ ਸ਼ਕਤੀਆਂ ਨਹੀਂ ਹੁੰਦੀਆਂ।" ਪਰ ਜਦ ਕਿ ਭਾਰਤ ਦੇ ਰਾਸ਼ਟਰਪਤੀ ਕੋਲ ਕੋਈ ਸਵੈ-ਇਛੁੱਕ ਸ਼ਕਤੀਆਂ ਨਹੀਂ ਹੁੰਦੀਆਂ। ਰਾਜਪਾਲ ਕੋਲ ਕੁਝ ਸਵੈ-ਇਛੁੱਕ ਸ਼ਕਤੀਆਂ ਹੁੰਦੀਆਂ ਹਨ ਜੋ ਰਾਜ ਵਿੱਚ ਉਸ ਦੀ ਸਥਿਤੀ ਦ੍ਰਿੜ ਬਣਾਉਂਦੀ ਹੈ।

ਰਾਜਪਾਲ ਦੀਆਂ ਸ਼ਕਤੀਆਂ ਦਾ ਹੇਠ ਲਿਖੇ ਸਿਰਲੇਖਾਂ ਅਧੀਨ ਵਰਨਣ ਕੀਤਾ ਜਾ ਸਕਦਾ ਹੈ:

1. **ਕਾਰਜਕਾਰੀ ਸ਼ਕਤੀਆਂ** (Executive Powers)–ਰਾਜਪਾਲ ਰਾਜ ਦਾ ਮੁਖੀਆ ਹੁੰਦਾ ਹੈ। ਸੰਵਿਧਾਨ ਰਾਜ ਦੀ ਕਾਰਜ ਪਾਲਿਕ ਸ਼ਕਤੀਆਂ ਰਾਜਪਾਲ ਨੂੰ ਸੌਂਪਦਾ ਹੈ, ਜਿਸ ਦਾ ਇਸਤੇਮਾਲ ਉਸ ਨੇ ਪ੍ਰਤੱਖ ਰੂਪ ਵਿੱਚ ਜਾਂ ਆਪਣੇ ਅਧੀਨ ਕਰਮਚਾਰੀਆਂ ਵੱਲੋਂ ਕਰਨਾ ਹੁੰਦਾ ਹੈ। ਉਹ ਮੁੱਖ ਮੰਤਰੀ ਦੀ ਨਿਯੁਕਤੀ ਕਰਦਾ ਹੈ ਅਤੇ ਮੁੱਖ ਮੰਤਰੀ ਦੀ ਸਿਫਾਰਿਸ਼ 'ਤੇ ਹੋਰ ਮੰਤਰੀਆਂ ਨੂੰ ਨਿਯੁਕਤ ਕਰਦਾ ਹੈ। ਮੰਤਰੀ ਉਦੋਂ ਤੱਕ ਅਹੁਦੇ ਤੱਕ ਰਹਿ ਸਕਦੇ ਹਨ, ਜਦ ਤੱਕ ਰਾਜਪਾਲ ਚਾਹੇ। ਜੇਕਰ ਰਾਜਪਾਲ ਮਹਿਸੂਸ ਕਰੇ ਕਿ ਸਰਕਾਰ ਨੂੰ ਬਹੁਮਤ ਦਾ ਵਿਸ਼ਵਾਸ ਪ੍ਰਾਪਤ ਨਹੀਂ ਜਾਂ ਉਹ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀ ਤਾਂ ਉਹ ਰਾਜ ਦੇ ਮੁੱਖ ਮੰਤਰੀ ਨੂੰ ਅਹੁਦੇ ਤੋਂ ਹਟਾ ਸਕਦਾ ਹੈ, ਜਿਵੇਂ ਕਿ ਜੁਲਾਈ 1984 ਵਿੱਚ ਜੰਮੂ ਅਤੇ ਕਸ਼ਮੀਰ ਦੇ ਰਾਜਪਾਲ ਸ਼੍ਰੀ ਜਗਮੋਹਨ ਨੇ ਕੀਤਾ ਸੀ, ਜਦ ਉਨ੍ਹਾਂ ਨੇ ਡਾ. ਫਾਰੂਕ ਅਬਦੁੱਲਾ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਰਾਜ ਵਿੱਚ ਸਾਰੀਆਂ ਮਹੱਤਵਪੂਰਨ ਨਿਯੁਕਤੀਆਂ (ਐਡਵੋਕੇਟ ਜਨਰਲ, ਰਾਜ ਲੋਕ ਸੇਵਾ ਆਯੋਗ ਦਾ ਚੇਅਰਮੈਨ ਅਤੇ ਮੈਂਬਰ, ਵਿਸ਼ਵ ਵਿਦਿਆਲਾ ਦੇ ਉੱਪ ਕੁਲਪਤੀ) ਰਾਜਪਾਲ ਵੱਲੋਂ ਕੀਤੀਆਂ ਜਾਂਦੀਆਂ ਹਨ ਪਰ ਅਜਿਹਾ ਕਰਦੇ ਸਮੇਂ ਰਾਜ ਵਿੱਚ ਰਾਸ਼ਟਰਪਤੀ ਰਾਜ ਲਾਗੂ ਹੋਣ ਦੀ ਸਥਿਤੀ ਨੂੰ ਛੱਡ ਕੇ ਰਾਜਪਾਲ ਰਾਜ ਦੇ ਮੁੱਖ ਮੰਤਰੀ ਅਤੇ ਮੰਤਰੀ ਪ੍ਰੀਸ਼ਦ ਦੀਆਂ ਸਿਫਾਰਿਸ਼ਾਂ 'ਤੇ ਨਿਰਭਰ ਕਰਦਾ ਹੈ। ਮੁੱਖ ਮੰਤਰੀ ਨੂੰ ਰਾਜ ਦੇ ਪ੍ਰਸ਼ਾਸਨ ਅਤੇ ਮੰਤਰੀ ਪ੍ਰੀਸ਼ਦ ਵੱਲੋਂ ਲਏ ਗਏ ਫੈਸਲਿਆਂ ਤੋਂ ਰਾਜਪਾਲ ਨੂੰ ਸੂਚਿਤ ਕਰਦੇ ਰਹਿਣਾ ਪੈਂਦਾ ਹੈ। ਰਾਜਪਾਲ ਰਾਜ ਦੇ ਪ੍ਰਸ਼ਾਸਨ ਨਾਲ ਸਬੰਧਿਤ ਮੁੱਖ ਮੰਤਰੀ ਕੋਲੋਂ ਜਾਣਕਾਰੀ ਮੰਗ ਸਕਦਾ ਹੈ। ਉਹ ਮੰਤਰੀ ਕੋਲੋਂ ਇਹ ਮੰਗ ਕਰ ਸਕਦਾ ਹੈ ਕਿ ਮੰਤਰੀ ਪ੍ਰੀਸ਼ਦ ਵਿੱਚ ਫੈਸਲਾ ਲੈਣ ਤੋਂ ਪਹਿਲਾਂ ਕਿਸੇ ਮੰਤਰੀ ਨੇ ਕੋਈ ਫੈਸਲਾ ਲਿਆ ਹੋਵੇ ਤਾਂ ਉਸ 'ਤੇ ਮੰਤਰੀ ਪ੍ਰੀਸ਼ਦ ਵੱਲੋਂ ਵਿਚਾਰ ਕੀਤਾ ਜਾਵੇ। ਰਾਸ਼ਟਰਪਤੀ ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਸਮੇਂ ਰਾਜਪਾਲ ਤੋਂ ਸਲਾਹ ਵੀ ਲੈਂਦਾ ਹੈ। ਰਾਜਪਾਲ ਰਾਜ ਦੇ ਸਾਰੇ ਵਿਸ਼ਵ ਵਿਦਿਆਲਾ ਦੇ ਚਾਂਸਲਰ ਦੇ ਰੂਪ ਵਿੱਚ ਕੰਮ ਕਰਦਾ ਹੈ।

ਰਾਜ ਦਾ ਪ੍ਰਸ਼ਾਸਨ ਰਾਜਪਾਲ ਦੇ ਨਾਮ 'ਤੇ ਚਲਾਇਆ ਜਾਂਦਾ ਹੈ। ਉਹ ਉਨ੍ਹਾਂ ਸਾਰੇ ਵਿਸ਼ਿਆਂ ਜੋ ਕਿ ਰਾਜ ਦੀ ਵਿਧਾਨ ਪਾਲਿਕਾ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ, ਦਾ ਪ੍ਰਸ਼ਾਸਨ ਚੱਲਦਾ ਹੈ। ਉਹ ਮੰਤਰੀ ਪ੍ਰੀਸ਼ਦ ਦੇ ਕਾਰਜ ਵਿਵਹਾਰ ਨੂੰ ਸਹੀ ਢੰਗ ਨਾਲ ਚਲਾਉਣ ਲਈ ਨਿਯਮ ਬਣਾਉਂਦਾ ਹੈ। ਉਹ ਰਾਜ ਸਰਕਾਰ ਨੂੰ ਇਹ ਕਹਿ ਸਕਦਾ ਹੈ ਕਿ ਉਹ ਆਪਣੇ ਕਿਸੇ ਫੈਸਲੇ 'ਤੇ ਪੁਨਰ ਵਿਚਾਰ ਕਰੇ। ਅਸਮ ਅਤੇ ਸਿੱਕਮ ਦੇ ਰਾਜਪਾਲਾਂ ਨੂੰ ਅਨੁਸੂਚਿਤ ਕਬੀਲਿਆਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਵਿਸ਼ੇਸ਼ ਸ਼ਕਤੀਆਂ ਪ੍ਰਾਪਤ ਹਨ।

ਸਧਾਰਣ ਰੂਪ ਵਿੱਚ ਰਾਜਪਾਲ ਆਪਣੀਆਂ ਸਾਰੀਆਂ ਕਾਰਜ ਪਾਲਿਕਾ ਸ਼ਕਤੀਆਂ ਦਾ ਇਸਤੇਮਾਲ ਰਾਜ ਮੰਤਰੀ ਪ੍ਰੀਸ਼ਦ ਦੀ ਸਿਫਾਰਿਸ਼ ਅਨੁਸਾਰ ਕਰਦਾ ਹੈ। ਰਾਜਪਾਲ ਦੇ ਸਾਰੇ ਕੰਮਾਂ ਲਈ ਮੰਤਰੀ ਜ਼ਿੰਮੇਵਾਰ ਹੁੰਦੇ ਹਨ ਪਰ ਘੋਸ਼ਿਤ ਸੰਕਟਕਾਲ ਸਥਿਤੀ ਵਿੱਚ ਰਾਜਪਾਲ ਕਾਰਜਕਾਰਨੀ ਦਾ ਅਸੀ ਕਾਰਜ ਪਾਲਕ ਮੁਖੀਆ ਬਣ ਜਾਂਦਾ ਹੈ।

2. **ਵਿਧਾਨਕ ਸ਼ਕਤੀਆਂ** (Legislative Powers)– ਰਾਜਪਾਲ ਰਾਜ ਵਿਧਾਨ ਪਾਲਿਕਾ ਦਾ ਮੈਂਬਰ ਨਹੀਂ ਹੁੰਦਾ ਪਰ ਇਸ ਦੇ ਬਾਵਜੂਦ ਉਹ ਇਸ ਦਾ ਇਕ ਅੰਗ ਮੰਨਿਆ ਜਾਂਦਾ ਹੈ। ਰਾਜ ਵਿਧਾਨ ਪਾਲਿਕਾ ਵੱਲੋਂ ਪਾਸ ਕੀਤੇ ਗਏ ਬਿੱਲ ਉਦੋਂ ਹੀ ਕਾਨੂੰਨ ਬਣਦੇ ਹਨ, ਜਦ ਇਨ੍ਹਾਂ 'ਤੇ ਰਾਜਪਾਲ ਹਸਤਾਖਰ ਕਰ ਦਿੰਦਾ ਹੈ। ਉਹ ਰਾਜ ਵਿਧਾਨ ਸਭਾ ਦੇ ਅਧਿਵੇਸ਼ਨ ਬੁਲਾ ਸਕਦਾ ਹੈ ਅਤੇ ਉਨ੍ਹਾਂ ਨੂੰ ਰੱਦ ਕਰ ਸਕਦਾ ਹੈ। ਉਹ ਰਾਜ ਵਿਧਾਨ ਪਾਲਿਕਾ ਨੂੰ ਭੰਗ ਕਰ ਸਕਦਾ ਹੈ। ਸਧਾਰਣ ਰੂਪ ਵਿੱਚ ਉਸ ਵੱਲੋਂ ਇਨ੍ਹਾਂ ਸ਼ਕਤੀਆਂ ਦਾ ਇਸਤੇਮਾਲ ਰਾਜ ਦੇ ਮੁੱਖ ਮੰਤਰੀ ਦੀ ਸਲਾਹ ਨਾਲ ਕੀਤਾ ਜਾਂਦਾ ਹੈ। ਰਾਜ ਵਿਧਾਨ ਸਭਾ ਦਾ ਅਧਿਵੇਸ਼ਨ ਰਾਜਪਾਲ ਦੇ ਭਾਸ਼ਣ ਤੋਂ ਸ਼ੁਰੂ ਹੁੰਦਾ ਹੈ। ਉਹ ਆਮ ਚੋਣਾਂ ਤੋਂ ਬਾਅਦ ਵਿਧਾਨ ਪਾਲਿਕਾ ਦੇ ਪਹਿਲੇ ਅਧੀਵੇਸ਼ਨ ਵਿੱਚ ਭਾਸ਼ਣ ਦਿੰਦਾ ਹੈ ਅਤੇ ਵਿਧਾਨ ਪਾਲਿਕਾ ਦਾ ਹਰੇਕ ਸਾਲ ਦਾ ਪਹਿਲਾ ਅਧਿਵੇਸ਼ਨ ਰਾਜਪਾਲ ਦੇ ਪਹਿਲੇ ਅਧਿਵੇਸ਼ਨ ਵਿੱਚ ਭਾਸ਼ਣ ਦਿੰਦਾ ਹੈ ਅਤੇ ਵਿਧਾਨ ਪਾਲਿਕਾ ਦਾ ਹਰੇਕ ਸਾਲ ਦਾ ਪਹਿਲਾ ਅਧਿਵੇਸ਼ਨ ਰਾਜਪਾਲ ਦੇ ਭਾਸ਼ਣ ਤੋਂ ਸ਼ੁਰੂ ਹੁੰਦਾ ਹੈ, ਜੇਕਰ ਉਹ ਮਹਿਸੂਸ ਕਰੇ ਕਿ ਆਂਗਲ-ਭਾਰਤੀ ਭਾਈਚਾਰੇ ਨੂੰ ਰਾਜ ਵਿਧਾਨ ਸਭਾ ਵਿੱਚ ਸਹੀ ਪ੍ਰਤੀਨਿਧਤਾ ਨਹੀਂ ਮਿਲੀ ਤਾਂ ਉਹ ਇਸ ਭਾਈਚਾਰੇ ਦਾ ਮੈਂਬਰ ਰਾਜ ਵਿਧਾਨ ਸਭਾ ਵਿੱਚ ਚੁਣ ਸਕਦਾ ਹੈ। ਉਹ ਕਿਸੇ ਵੀ ਬਿੱਲ 'ਤੇ ਆਪਣੀ ਸਹਿਮਤੀ ਰੋਕ ਸਕਦਾ ਹੈ ਜਾਂ ਕਿਸੇ ਵੀ ਇਕ ਬਿੱਲ (ਵਿੱਤੀ ਬਿੱਲ ਨੂੰ ਛੱਡ ਕੇ) ਨੂੰ ਰਾਜ ਵਿਧਾਨ ਸਭਾ ਨੂੰ ਪੁਨਰ ਵਿਚਾਰ ਲਈ ਵਾਪਿਸ ਕਰ ਸਕਦਾ ਹੈ ਪਰ ਜੇਕਰ ਉਹ ਬਿੱਲ ਦੂਸਰੀ ਵਾਰ ਪਾਸ ਹੋ ਜਾਂਦਾ ਹੈ ਤਾਂ ਰਾਜਪਾਲ ਇਸ 'ਤੇ ਆਪਣੀ ਸਹਿਮਤੀ ਪ੍ਰਗਟ ਕਰਕੇ ਆਪਣੇ ਅਰਥਾਤ ਹਸਤਾਖਰ ਕਰਨ ਤੋਂ ਇਨਕਾਰ ਨਹੀਂ ਕਰ ਸਕਦਾ। ਉਹ ਰਾਜ ਵਿਧਾਨ ਪਾਲਿਕਾ ਵੱਲੋਂ ਪਾਸ ਕੁਝ ਬਿੱਲਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਪ੍ਰਾਪਤ ਕਰਨ ਲਈ ਸੁਰੱਖਿਅਤ ਰੱਖ ਸਕਦਾ ਹੈ। ਇਨ੍ਹਾਂ ਵਿੱਚੋਂ ਜ਼ਰੂਰੀ ਸੰਪਤੀ ਗ੍ਰਹਿਣ ਕਰਨ ਨਾਲ ਜਾਂ ਉੱਚ ਅਦਾਲਤ ਦੇ ਅਧਿਕਾਰਾਂ ਨੂੰ ਠੇਸ ਪਹੁੰਚਾਉਣ ਨਾਲ ਸਬੰਧਿਤ ਬਿੱਲ ਸ਼ਾਮਿਲ ਹੁੰਦੇ ਹਨ। ਜਦ ਰਾਜ ਵਿਧਾਨ ਪਾਲਿਕਾ ਦਾ ਅਧਿਵੇਸ਼ਨ ਨਾ ਚੱਲ ਰਿਹਾ ਹੋਵੇ

ਤਾਂ ਰਾਜਪਾਲ ਆਦੇਸ਼ ਜਾਰੀ ਕਰ ਸਕਦਾ ਹੈ। ਰਾਜਪਾਲ ਵੱਲੋਂ ਜਾਰੀ ਅਜਿਹੇ ਆਦੇਸ਼ ਦੀ ਸ਼ਕਤੀ ਉਸੇ ਤਰ੍ਹਾਂ ਹੀ ਹੁੰਦੀ ਹੈ ਜੋ ਕਿ ਵਿਧਾਨ ਸਭਾ ਵੱਲੋਂ ਪਾਸ ਕਾਨੂੰਨ ਦੀ ਹੁੰਦੀ ਹੈ। ਜਦ ਰਾਜ ਵਿਧਾਨ ਪਾਲਿਕਾ ਦਾ ਅਧਿਵੇਸ਼ਨ ਜਿਸ ਦਿਨ ਤੋਂ ਸ਼ੁਰੂ ਹੁੰਦਾ ਹੈ, ਉਸ ਤੋਂ 6 ਹਫਤੇ ਬਾਅਦ ਇਹ ਆਦੇਸ਼ ਲਾਗੂ ਨਹੀਂ ਰਹਿੰਦਾ, ਇਹ ਉਦੋਂ ਹੀ ਖਤਮ ਹੋ ਜਾਂਦਾ ਹੈ, ਜੇਕਰ ਰਾਜ ਵਿਧਾਨ ਪਾਲਿਕਾ ਇਸ ਆਦੇਸ਼ ਨੂੰ ਸਵੀਕਾਰ ਕਰਨ ਦਾ ਪ੍ਰਸਤਾਵ ਪਾਸ ਕਰ ਦਿੰਦੀ ਹੈ।

3. **ਵਿੱਤੀ ਸ਼ਕਤੀਆਂ** (Financial Powers)– ਰਾਜ ਵਿਧਾਨ ਪਾਲਿਕਾ ਵਿੱਚ ਇਕ ਵਿੱਤੀ ਬਿੱਲ ਰਾਜਪਾਲ ਦੀ ਪੂਰਨ ਮਨਜ਼ੂਰੀ ਲੈ ਕੇ ਹੀ ਪੇਸ਼ ਕੀਤਾ ਜਾ ਸਕਦਾ ਹੈ। ਉਹ ਸਾਲਾਨਾ ਬਜਟ ਵਿਧਾਨ ਪਾਲਿਕਾ ਵਿੱਚ ਪੇਸ਼ ਕਰਨ ਲਈ ਕਹਿੰਦਾ ਹੈ। ਰਾਜ ਦਾ ਆਕਸਮਿਕ ਘਟਨਾ ਫੰਡ (Contigency Fund) ਉਸ ਦੇ ਅਧਿਕਾਰ ਵਿੱਚ ਹੁੰਦਾ ਹੈ ਅਤੇ ਉਹ ਉਸ ਵਿੱਚੋਂ ਕਿਸੇ ਵੀ ਖਰਚ ਦੇ ਆਦੇਸ਼ ਦੇ ਸਕਦਾ ਹੈ ਅਤੇ ਬਾਅਦ ਵਿੱਚ ਇਸ ਦੀ ਮਨਜ਼ੂਰੀ ਰਾਜ ਵਿਧਾਨ ਸਭਾ ਕੋਲੋਂ ਪ੍ਰਾਪਤ ਕੀਤੀ ਜਾਂਦੀ ਹੈ। ਅਸਲ ਵਿੱਚ ਇਨ੍ਹਾਂ ਸਾਰੀਆਂ ਸ਼ਕਤੀਆਂ ਦਾ ਇਸਤੇਮਾਲ ਰਾਜਪਾਲ ਰਾਜ ਮੰਤਰੀ ਪ੍ਰੀਸ਼ਦ ਦੀ ਸਲਾਹ ਅਨੁਸਾਰ ਕਰਦਾ ਹੈ।

4. **ਨਿਆਇਕ ਸ਼ਕਤੀਆਂ** (Judicial Powers)– ਰਾਜਪਾਲ ਦੀਆਂ ਕੁਝ ਨਿਆਇਕ ਸ਼ਕਤੀਆਂ ਵੀ ਹਨ। ਉਹ ਜ਼ਿਲ੍ਹਾ ਜੱਜਾਂ ਅਤੇ ਹੋਰ ਨਿਆ ਅਧਿਕਾਰੀਆਂ ਦੀ ਚੋਣ, ਉਨ੍ਹਾਂ ਦੀਆਂ ਨਿਯੁਕਤੀਆਂ ਅਤੇ ਸੇਵਾ ਮੁਕਤੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਅਨੁਛੇਦ 161 ਅਧੀਨ ਰਾਜ ਦੀ ਕਾਰਜ ਪਾਲਿਕਾ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਕਿਸੇ ਵੀ ਵਿਸ਼ੇ ਨਾਲ ਸਬੰਧਿਤ ਕਿਸੇ ਵੀ ਕਾਨੂੰਨ ਦੇ ਉਲੰਘਣ ਕਾਰਨ ਦੋਸ਼ੀ ਠਹਿਰਾਏ ਅਤੇ ਕੈਦੀ ਬਣਾਏ ਕਿਸੇ ਵੀ ਵਿਅਕਤੀ ਦੀ ਸਜ਼ਾ ਨੂੰ ਮਾਫ ਕਰ ਸਕਦਾ ਹੈ, ਉਸ ਦੀ ਸਜ਼ਾ ਨੂੰ ਘੱਟ ਕਰ ਸਕਦਾ ਹੈ ਜਾਂ ਆਮ ਮਾਫੀ ਦੇ ਸਕਦਾ ਹੈ, ਜਾਂ ਉਸ ਦੀ ਕੈਦ ਦੀ ਸਜ਼ਾ ਨੂੰ ਰੱਦ, ਮਾਫ ਜਾਂ ਘੱਟ ਕਰ ਸਕਦਾ ਹੈ। ਰਾਸ਼ਟਰਪਤੀ ਸਬੰਧਿਤ ਰਾਜ ਦੀ ਉੱਚ ਅਦਾਲਤ ਦੇ ਚੀਫ ਜਸਟਿਸ ਅਤੇ ਹੋਰ ਜੱਜਾਂ ਦੀ ਨਿਯੁਕਤੀ ਸਮੇਂ ਉਸ ਰਾਜ ਦੇ ਰਾਜਪਾਲ ਨਾਲ ਵੀ ਸਲਾਹ ਕਰਦਾ ਹੈ।

5. **ਫੁਟਕਲ ਸ਼ਕਤੀਆਂ** (Miscellaneous Powers)– ਉਪਰੋਕਤ ਵਰਣਿਤ ਸ਼ਕਤੀਆਂ ਦੇ ਨਾਲ-ਨਾਲ ਰਾਜਪਾਲ ਕੁਝ ਹੋਰ ਕੰਮ ਵੀ ਕਰਦਾ ਹੈ। ਉਹ ਰਾਜ ਲੋਕ ਸੇਵਾ ਆਯੋਗ (ਐੱਸ. ਪੀ. ਐੱਸ. ਸੀ. ) ਤੋਂ ਸਾਲਾਨਾ ਰਿਪੋਰਟ ਪ੍ਰਾਪਤ ਕਰਦਾ ਹੈ ਅਤੇ ਇਸ 'ਤੇ ਟਿੱਪਣੀਆਂ ਲਈ ਇਸ ਨੂੰ ਮੰਤਰੀ ਪ੍ਰੀਸ਼ਦ ਕੋਲ ਪੇਸ਼ ਕਰਦਾ ਹੈ, ਫਿਰ ਉਹ ਇਹ ਰਿਪੋਰਟ ਅਤੇ ਇਸ 'ਤੇ ਮੰਤਰੀ ਪ੍ਰੀਸ਼ਦ ਦੀਆਂ ਟਿੱਪਣੀਆਂ ਵਿਧਾਨ ਸਭਾ ਦੇ ਸਪੀਕਰ ਦੇ ਹਵਾਲੇ ਕਰਦਾ ਹੈ ਤਾਂ ਕਿ ਉਹ ਇਸ ਨੂੰ ਵਿਧਾਨ ਸਭਾ ਵਿੱਚ ਰੱਖ ਸਕੇ। ਜੇਕਰ ਉਹ ਇਹ ਮਹਿਸੂਸ ਕਰਦਾ ਹੈ ਕਿ ਰਾਜ ਪ੍ਰਸ਼ਾਸਨ ਸੰਵਿਧਾਨ ਦੇ ਅਨੁਸਾਰ ਨਹੀਂ ਚਲਾਇਆ ਜਾ ਰਿਹਾ ਤਾਂ ਉਹ ਅਨੁਛੇਦ 356 ਅਧੀਨ ਰਾਸ਼ਟਰਪਤੀ ਰਾਜ ਲਾਗੂ ਹੋਣ ਦੀ ਸਥਿਤੀ ਵਿੱਚ ਰਾਜਪਾਲ ਰਾਜ ਪ੍ਰਸ਼ਾਸਨ ਦੇ ਅਸਲੀ ਮੁਖੀਆ ਦੇ ਰੂਪ ਵਿੱਚ ਕੰਮ ਕਰਦਾ ਹੈ। ਰਾਸ਼ਟਰਪਤੀ ਵੱਲੋਂ ਉਹ ਕਾਨੂੰਨ ਅਤੇ ਨੀਤੀਆਂ ਲਾਗੂ ਕਰਕੇ ਰਾਜ ਦਾ ਪ੍ਰਸ਼ਾਸਨ ਚਲਾਉਂਦਾ ਹੈ। ਰਾਸ਼ਟਰਪਤੀ ਦੇ ਰਾਜ ਦਾ ਅਸਲੀ ਅਰਥ ਰਾਜਪਾਲ ਦਾ ਸ਼ਾਸਨ ਹੁੰਦਾ ਹੈ। ਉਹ ਰਾਜ ਸਰਕਾਰ ਜਾਂ ਰਾਜ ਵਿਧਾਨ ਸਭਾ ਭੰਗ ਕਰਨ ਦਾ ਵੀ ਅਧਿਕਾਰ ਰੱਖਦਾ ਹੈ। ਅਨੁਛੇਦ 356 ਅਧੀਨ ਆਪਣੇ ਅਧਿਕਾਰਾਂ ਦਾ ਇਸਤੇਮਾਲ ਕਰਦੇ ਸਮੇਂ ਰਾਜਪਾਲ ਆਪਣੇ ਸਵ-ਵਿਵੇਕ ਤੋਂ ਵੀ ਕੰਮ ਕਰ ਸਕਦਾ ਹੈ।

### ਰਾਜਪਾਲ ਦੀ ਸਥਿਤੀ (Position of the Governor)

ਰਾਜਪਾਲ ਦੀਆਂ ਸ਼ਕਤੀਆਂ ਦੇ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਉਸ ਨੂੰ ਵਿਆਪਕ ਸ਼ਕਤੀਆਂ ਪ੍ਰਾਪਤ ਹਨ ਅਤੇ ਉਹ ਸੰਵਿਧਾਨਕ ਸ਼ਾਸਨ ਨਹੀਂ ਹੁੰਦਾ ਪਰ ਇਕ ਅਜਿਹੇ ਰਾਜ ਦਾ ਮੁਖੀਆ ਹੁੰਦੇ ਹੋਏ ਜੋ ਕਿ ਇਸ ਸੰਸਦੀ ਪ੍ਰਣਾਲੀ ਵਾਲਾ ਰਾਜ ਹੈ, ਰਾਜਪਾਲ ਸਧਾਰਣ ਸਥਿਤੀਆਂ ਵਿੱਚ ਨਾਮਾਤਰ ਦੀ ਸੰਵਿਧਾਨਿਕ ਕਾਰਵਾਈ ਦੇ ਰੂਪ ਵਿੱਚ ਹੀ ਕੰਮ ਕਰਦਾ ਹੈ। ਸੰਵਿਧਾਨ ਦੇ ਅਨੁਛੇਦ 74 (1) ਦੀ ਤਰ੍ਹਾਂ, ਅਨੁਛੇਦ 163 ਕਹਿੰਦਾ ਹੈ, "ਰਾਜਪਾਲ ਦੇ ਕੰਮਾਂ ਵਿੱਚ ਉਸ ਨੂੰ ਸਹਾਇਤਾ ਅਤੇ ਸਲਾਹ ਦੇਣ ਲਈ ਮੁੱਖ ਮੰਤਰੀ ਦੀ ਅਗਵਾਈ ਵਿੱਚ ਇਕ ਮੰਤਰੀ ਪ੍ਰੀਸ਼ਦ ਹੋਵੇਗਾ ਪਰ ਉਨ੍ਹਾਂ ਕੰਮਾਂ ਨੂੰ ਛੱਡ ਕੇ ਜਿਨ੍ਹਾਂ ਦੇ ਸਬੰਧ ਵਿੱਚ ਸੰਵਿਧਾਨ ਨੇ ਉਸ ਨੂੰ ਆਪਣੇ ਸਵ-ਵਿਵੇਕ ਦੇ ਅਨੁਸਾਰ ਕੰਮ ਕਰਨ ਦੀ ਸ਼ਕਤੀ ਸੌਂਪੀ ਹੋਈ ਹੈ।"

ਸੰਵਿਧਾਨ ਪੂਰਨ ਰੂਪ ਵਿੱਚ ਉਸ ਦੀਆਂ ਸਵ-ਵਿਵੇਕ ਦੀਆਂ ਸ਼ਕਤੀਆਂ ਦੀ ਹੱਦ ਨਿਰਧਾਰਿਤ ਨਹੀਂ ਕਰਦਾ। ਉਹ ਕੇਵਲ ਕੁਝ ਖੇਤਰਾਂ ਵਿੱਚ ਹੀ ਆਪਣੀਆਂ ਇੱਛਾਵਾਂ ਦੇ ਅਨੁਸਾਰ ਕੰਮ ਕਰ ਸਕਦਾ ਹੈ। ਉਹ ਸਧਾਰਣ ਤੌਰ 'ਤੇ ਮੰਤਰੀ ਪ੍ਰੀਸ਼ਦ ਦੀਆਂ ਸਿਫਾਰਿਸ਼ਾਂ ਦੇ ਅਨੁਸਾਰ ਰਾਜ ਦੇ ਸੰਵਿਧਾਨਿਕ ਮੁਖੀਆ ਦੇ ਰੂਪ ਵਿੱਚ ਕੰਮ ਕਰਦਾ ਹੈ। (ਮੰਤਰੀ ਪ੍ਰੀਸ਼ਦ) ਹੀ ਇਸ ਦੇ ਸਾਰੇ ਕੰਮਾਂ ਲਈ ਰਾਜ ਵਿਧਾਨ ਸਭਾ ਦੇ ਸਾਹਮਣੇ ਜ਼ਿੰਮੇਵਾਰ ਹੁੰਦਾ ਹੈ। ਸੰਵਿਧਾਨ ਨਿਰਮਾਤਾ ਰਾਜਪਾਲ ਨੂੰ ਰਾਜ ਦਾ ਨਾਮਾਤਰ ਦਾ ਮੁਖੀਆ ਰੱਖਣਾ ਚਾਹੁੰਦਾ ਸੀ। ਡਾ. ਅੰਬੇਦਕਰ ਨੇ ਸਪੱਸ਼ਟ ਕਿਹਾ ਸੀ, "ਰਾਜਪਾਲ ਦੀਆਂ ਸ਼ਕਤੀਆਂ ਇੰਨੀਆਂ ਨਾਮਾਤਰ ਅਤੇ ਉਸ ਦੀ ਸਥਿਤੀ ਇੰਨੀ ਸਜਾਵਟੀ ਹੈ ਕਿ ਰਾਜਪਾਲ ਦੀ ਚੋਣ ਕਰਵਾਉਣਾ ਲੋਕਾਂ ਦੇ ਪੈਸੇ ਦੀ ਬਰਬਾਦੀ ਹੀ ਹੋਵੇਗੀ।" ਏ. ਐੱਮ. ਮੁਨਸ਼ੀ ਦੇ ਵੀ ਅਜਿਹੇ ਹੀ ਵਿਚਾਰ ਸਨ। ਮਦਰਾਸ ਦੇ ਰਾਜਪਾਲ ਸ਼੍ਰੀ ਪ੍ਰਕਾਸ਼ ਨੇ ਆਪਣੀ ਸਥਿਤੀ ਬਿਆਨ ਕਰਦੇ ਹੋਏ ਇਕ ਵਾਰ ਕਿਹਾ ਸੀ, "ਮੈਨੂੰ ਪੂਰਾ ਵਿਸ਼ਵਾਸ ਹੈ।..........." ਐੱਚ. ਵੀ. ਕਾਮਥ ਕਹਿੰਦੇ ਹਨ, "ਰਾਜਪਾਲ ਅਧਿਕਾਰਿਕ ਰੂਪ ਵਿੱਚ ਇਕ ਪਾਸੇ ਮੁੱਖ ਮੰਤਰੀ ਦੇ ਬਰਾਬਰ ਹੁੰਦਾ ਹੈ।" ਕੁਝ ਵਿਸ਼ੇਸ਼ ਮੌਕਿਆਂ ਨੂੰ ਛੱਡ ਕੇ, ਰਾਜਪਾਲ ਲੱਗਭਗ ਹਮੇਸ਼ਾ ਹੀ ਆਪਣੇ ਮੰਤਰੀਆਂ ਦੀ ਸਲਾਹ ਅਤੇ ਨਿਰਦੇਸ਼ ਦੇ ਅਨੁਸਾਰ ਚੱਲਦਾ ਹੈ, ਜੋ ਕਿ ਸਮੂਹਿਕ ਰੂਪ ਵਿੱਚ ਰਾਜ ਵਿਧਾਨ ਸਭਾ ਦੇ ਸਾਹਮਣੇ ਜ਼ਿੰਮੇਵਾਰ ਹੁੰਦੇ ਹਨ। ਸੁਨੀਲ

ਨੋਟ

ਕੁਮਾਰ ਬੋਸ ਅਤੇ ਪੱਛਮੀ ਬੰਗਾਲ ਦੇ ਮੁੱਖ ਸਕੱਤਰ ਦੇ ਮਾਮਲੇ ਵਿੱਚ, ਕਲਕੱਤਾ ਉੱਚ ਅਦਾਲਤ ਨੇ ਕਿਹਾ ਸੀ, "ਸੰਵਿਧਾਨ ਦੇ ਅਨੁਸਾਰ ਰਾਜਪਾਲ ਕੇਵਲ ਰਾਜ ਦੇ ਮੰਤਰੀ ਪ੍ਰੀਸ਼ਦ ਦੇ ਅਨੁਸਾਰ ਹੀ ਕੰਮ ਕਰ ਸਕਦਾ ਹੈ।" ਇਸ ਤਰ੍ਹਾਂ ਰਾਜ ਦਾ ਰਾਜਪਾਲ ਮੌਲਿਕ ਰੂਪ ਵਿੱਚ ਰਾਜ ਦਾ ਨਾਮਾਤਰ ਮੁਖੀਆ ਹੁੰਦਾ ਹੈ।

**(ਕ) ਉਹ ਖੇਤਰ ਜਿਸ ਵਿੱਚ ਰਾਜਪਾਲ ਆਪਣੀ ਇੱਛਾ ਦੇ ਅਨੁਸਾਰ ਕੰਮ ਕਰ ਸਕਦਾ ਹੈ** (The areas in which the Governor acts under his discretion): ਪਰ ਰਾਜਪਾਲ ਨੂੰ ਰਾਜ ਦਾ ਨਾਮਾਤਰ ਮੁਖੀਆ ਬਣਾਉਣ ਦੇ ਬਾਵਜੂਦ ਸੰਵਿਧਾਨ ਉਸ ਨੂੰ ਕੁਝ ਸਵ-ਵਿਵੇਕ ਸ਼ਕਤੀਆਂ ਦਿੰਦਾ ਹੈ, ਜਿਸ ਦਾ ਇਸਤੇਮਾਲ ਉਹ ਰਾਜ ਦੀ ਮੰਤਰੀ ਪ੍ਰੀਸ਼ਦ ਦੀ ਸਿਫਾਰਿਸ਼ ਤੋਂ ਬਿਨਾਂ ਕਰ ਸਕਦਾ ਹੈ। ਅਸਮ ਦਾ ਰਾਜਪਾਲ ਰਾਜ ਵਿੱਚ ਅਨੁਸੂਚਿਤ (ਆਦਿਵਾਸੀ) ਖੇਤਰਾਂ ਦੀ ਸਥਿਤੀ ਸਬੰਧੀ ਰਿਪੋਰਟ ਰਾਸ਼ਟਰਪਤੀ ਨੂੰ ਭੇਜਦਾ ਹੈ। ਸਿੱਕਮ ਦੇ ਰਾਜਪਾਲ ਦੀ ਜ਼ਿੰਮੇਵਾਰੀ ਹੈ ਕਿ ਉਹ ਸਮਾਜ ਦੇ ਅਲੱਗ-ਅਲੱਗ ਵਰਗਾਂ ਦੇ ਸਮਾਜਿਕ-ਆਰਥਿਕ ਵਿਕਾਸ ਵੱਲ ਧਿਆਨ ਦੇਵੇ, ਰਾਜ ਦੇ ਅਮਨ ਅਤੇ ਕਾਨੂੰਨ ਬਣਾਈ ਰੱਖਣਾ ਵੀ ਉਸ ਦੀ ਜ਼ਿੰਮੇਵਾਰੀ ਬਣਾਈ ਗਈ ਹੈ।

ਹੇਠ ਲਿਖੇ ਖੇਤਰਾਂ ਵਿੱਚ ਰਾਜਪਾਲ ਆਪਣੇ ਸਵ-ਵਿਵੇਕ ਤੋਂ ਕੰਮ ਕਰ ਸਕਦਾ ਹੈ:

**(1) ਤ੍ਰਿਸ਼ੰਕੂ ਰਾਜ ਵਿਧਾਨ ਸਭਾ ਦੀ ਹੋਂਦ ਵਿੱਚ ਆਉਣ ਦੀ ਸਥਿਤੀ 'ਚ ਮੁੱਖ ਮੰਤਰੀ ਦੀ ਨਿਯੁਕਤੀ** (Selection of C.M. in case the State Legislative Assembly is a Hung House)- ਜਦੋਂ ਰਾਜ ਵਿਧਾਨ ਸਭਾ ਵਿੱਚ ਕਿਸੇ ਵੀ ਇਕ ਦਲ ਜਾਂ ਸਮੂਹ ਨੂੰ ਬਹੁਮਤ ਪ੍ਰਾਪਤ ਨਾ ਹੋਵੇ ਤਾਂ ਰਾਜਪਾਲ ਮੁੱਖ ਮੰਤਰੀ ਨਿਯੁਕਤ ਕਰਨ ਵਿੱਚ ਸਰਗਰਮ ਅਤੇ ਨਿਰਣਾਇਕ ਭੂਮਿਕਾ ਨਿਭਾਉਂਦਾ ਹੈ। ਉਦਾਹਰਣ ਦੇ ਤੌਰ 'ਤੇ ਅਜਿਹਾ ਮਦਰਾਸ ਅਤੇ ਟ੍ਰਾਵਨਕੋਰ ਕੋਚੀਨ ਵਿੱਚ 1952 ਵਿੱਚ, ਕੇਰਲ ਅਤੇ ਉੜੀਸਾ ਵਿੱਚ 1957 ਵਿੱਚ, ਪੱਛਮੀ ਬੰਗਾਲ ਅਤੇ ਉੜੀਸਾ ਵਿੱਚ 1970 ਵਿੱਚ, ਪੰਜਾਬ ਅਤੇ ਹਰਿਆਣਾ ਵਿੱਚ 1967 ਦੀਆਂ ਚੋਣਾਂ ਤੋਂ ਬਾਅਦ ਵਾਪਰਿਆ ਸੀ। 1952 ਵਿੱਚ ਮਦਰਾਸ ਦੇ ਰਾਜਪਾਲ ਸ਼੍ਰੀ ਪ੍ਰਕਾਸ਼ ਨੇ ਸ਼੍ਰੀ ਸੀ. ਰਾਜਗੋਪਾਲਚਾਰੀ ਨੂੰ ਇਸ ਤੱਥ ਦੇ ਬਾਵਜੂਦ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਚਾਹੇ ਕਿ ਉਸ ਨੂੰ ਰਾਜ ਵਿਧਾਨ ਸਭਾ ਵਿੱਚ ਬਹੁਮਤ ਪੇਸ਼ ਕਰਕੇ ਆਪਣਾ ਬਹੁਮਤ ਸਿੱਧ ਕਰਨ, ਪਰ 22 ਮਈ, 1982 ਨੂੰ ਉਨ੍ਹਾਂ ਨੇ ਸ਼੍ਰੀ ਭਜਨ ਲਾਲ ਨੂੰ ਰਾਜ ਦਾ ਮੁੱਖ ਮੰਤਰੀ ਬਣਾ ਦਿੱਤਾ। ਆਂਧਰਾ ਪ੍ਰਦੇਸ਼ ਵਿੱਚ ਰਾਜਪਾਲ ਨੇ 1987 ਵਿੱਚ ਸ਼੍ਰੀ ਐੱਨ. ਟੀ. ਰਾਮਾ ਰਾਓ ਦੀ ਸਰਕਾਰ ਭੰਗ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। 1996 ਵਿੱਚ ਯੂ. ਪੀ. ਦੇ ਰਾਜਪਾਲ ਰਮੇਸ਼ ਭੰਡਾਰੀ ਨੇ ਰਾਜ ਵਿਧਾਨ ਸਭਾ ਵਿੱਚ ਸਭ ਤੋਂ ਵੱਡੇ ਵਿਧਾਇਕ ਦਲ ਦੇ ਨੇਤਾ ਨੂੰ ਸਰਕਾਰ ਬਣਾਉਣ ਦਾ ਸੱਦਾ ਇਸ ਤੱਥ ਦੇ ਬਾਵਜੂਦ ਨਹੀਂ ਦਿੱਤਾ ਸੀ ਕਿ ਰਾਸ਼ਟਰਪਤੀ ਨੇ ਮਈ 1996 ਵਿੱਚ ਕੇਂਦਰ ਵਿੱਚ ਸਭ ਤੋਂ ਵੱਡੇ ਸੰਸਦੀ ਦਲ ਦੇ ਰੂਪ ਵਿੱਚ ਉਭਰੀ ਭਾਰਤੀ ਜਨਤਾ ਪਾਰਟੀ ਦੇ ਨੇਤਾ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੂੰ ਕੇਂਦਰ ਵਿੱਚ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਸੀ। ਇਸ ਤੋਂ ਪਤਾ ਲੱਗਦਾ ਹੇ ਕਿ ਤ੍ਰਿਸ਼ੰਕੂ ਰਾਜ ਵਿਧਾਨ ਸਭਾ ਹੋਂਦ ਵਿੱਚ ਆਉਣ ਦੀ ਸਥਿਤੀ ਵਿੱਚ ਰਾਜਪਾਲ ਆਪਣੀ ਇੱਛਾ ਅਨੁਸਾਰ ਮੁੱਖ ਮੰਤਰੀ ਨਿਯੁਕਤ ਕਰ ਸਕਦਾ ਹੈ।

**(2) ਮੰਤਰੀ ਪ੍ਰੀਸ਼ਦ ਨੂੰ ਭੰਗ ਕਰਨਾ** (Dismissal of Ministry)-ਜਦੋਂ ਸੱਤਾ ਵਿੱਚ ਵਿਧਮਾਨ ਦਲ ਬਹੁਮਤ ਗੁਆ ਬੈਠੇ ਜਾਂ ਦਲ ਵਿੱਚ ਵਿਦਰੋਹ ਹੋਣ ਜਾਂ ਫੁੱਟ ਪੈਣ ਦੇ ਕਾਰਨ ਇਸ ਦੇ ਬਹੁਮਤ ਗੁਆ ਬੈਠਣ ਦੀ ਸੰਭਾਵਨਾ ਹੋਵੇ ਤਾਂ ਰਾਜਪਾਲ ਰਾਜ ਸਰਕਾਰ ਨੂੰ ਭੰਗ ਕਰਨ ਲਈ ਆਪਣੇ ਅਧਿਕਾਰ ਦਾ ਇਸਤੇਮਾਲ ਕਰ ਸਕਦਾ ਹੈ। ਅਜਿਹਾ ਹਰਿਆਣਾ ਵਿੱਚ ਵਾਪਰਿਆ ਜਦੋਂ ਰਾਓ ਵਰਿੰਦਰ ਸਿੰਘ ਦੀ ਸਰਕਾਰ ਭੰਗ ਕਰ ਦਿੱਤੀ ਗਈ ਜਦੋਂ ਕਿ 78 ਮੈਂਬਰ ਸਦਨ ਵਿੱਚ ਉਸ ਨੂੰ 40 ਮੈਂਬਰਾਂ ਦਾ ਸਮਰਥਨ ਪ੍ਰਾਪਤ ਸੀ। ਰਾਓ ਵਰਿੰਦਰ ਸਿੰਘ ਨੇ ਇਸ ਕਾਰਵਾਈ ਨੂੰ ਉੱਚ ਅਦਾਲਤ ਵਿੱਚ ਚੁਣੌਤੀ ਦਿੱਤੀ, ਉੱਚ ਅਦਾਲਤ ਨੇ ਫੈਸਲਾ ਦਿੱਤਾ ਕਿ ਰਾਜਪਾਲ ਨੂੰ ਆਪਣੀ ਸ਼ਕਤੀ ਦਾ ਇਸਤੇਮਾਲ ਕਰਨ ਦਾ ਅਧਿਕਾਰ ਹੈ ਅਤੇ ਇਸ ਦਾ ਫੈਸਲਾ ਠੀਕ ਸੀ। ਅਕਤੂਬਰ 1970 ਵਿੱਚ ਯੂ. ਪੀ. ਵਿੱਚ ਚਰਨ ਸਿੰਘ ਦੀ ਸਰਕਾਰ ਨੂੰ ਭੰਗ ਕਰਨ ਦਾ ਕਾਰਨ ਵੀ ਰਾਜਪਾਲ ਵੱਲੋਂ ਆਪਣੇ ਸਵ-ਵਿਵੇਕ ਦੇ ਅਧਿਕਾਰ ਦਾ ਇਸਤੇਮਾਲ ਕਰਨਾ ਸੀ।

**(3) ਰਾਜ ਵਿਧਾਨ ਸਭਾ ਭੰਗ ਕਰਨਾ** (Dissolution of State Legislative Assembly)- ਰਾਜਪਾਲ ਰਾਜ ਵਿਧਾਨ ਸਭਾ ਭੰਗ ਕਰਨ ਲਈ ਆਦੇਸ਼ ਦੇਣ ਜਾਂ ਰਾਸ਼ਟਰਪਤੀ ਕੋਲ ਇਸ ਦੀ ਸਿਫਾਰਿਸ਼ ਕਰਨ ਸਮੇਂ ਆਪਣੀ ਇੱਛਾ ਅਨੁਸਾਰ ਕੰਮ ਕਰ ਸਕਦਾ ਹੈ। ਜਦੋਂ ਨਵੰਬਰ 1967 ਵਿੱਚ ਲਛਮਣ ਸਿੰਘ ਗਿੱਲ ਨੇ ਦਲ-ਬਦਲੀ ਕੀਤੀ ਸੀ ਅਤੇ ਜਨਤਾ ਪਾਰਟੀ ਸਥਾਪਿਤ ਕਰ ਲਈ ਸੀ ਤਾਂ ਪੰਜਾਬ ਦੇ ਰਾਜਪਾਲ ਨੇ ਮੁੱਖ ਮੰਤਰੀ ਗੁਰਨਾਮ ਸਿੰਘ ਦੀ ਸਿਫਾਰਿਸ਼ 'ਤੇ ਰਾਜ ਵਿਧਾਨ ਸਭਾ ਭੰਗ ਨਹੀਂ ਕੀਤੀ ਸੀ। ਪੰਜਾਬ ਵਿੱਚ ਦੂਸਰੀ ਵਾਰ ਜਦੋਂ ਪ੍ਰਕਾਸ਼ ਸਿੰਘ ਬਾਦਲ ਮੰਤਰੀ ਪ੍ਰੀਸ਼ਦ ਨੇ ਤਿਆਗ ਪੱਤਰ ਦਿੱਤਾ ਤਾਂ ਪਹਿਲੇ ਮੁੱਖ ਮੰਤਰੀ ਗੁਰਨਾਮ ਸਿੰਘ ਨੇ ਸਰਕਾਰ ਬਣਾਉਣ ਦਾ ਆਪਣਾ ਦਾਅਵਾ ਪੇਸ਼ ਕੀਤਾ। ਰਾਜਪਾਲ ਸ਼੍ਰੀ ਪਾਵਟੇ ਨੇ ਆਪਣੇ ਸਵ-ਵਿਵੇਕ ਨਾਲ ਕੰਮ ਕਰਦੇ ਹੋਏ ਰਾਜ ਵਿਧਾਨ ਸਭਾ ਭੰਗ ਕਰ ਦਿੱਤੀ। ਇਸ ਤਰ੍ਹਾਂ ਜੇਕਰ ਰਾਜਪਾਲ ਇਹ ਮਹਿਸੂਸ ਕਰੇ ਕਿ ਵਿਕਲਪਿਕ ਸਰਕਾਰ ਸਥਾਪਿਤ ਕੀਤੀ ਜਾ ਸਕਦੀ ਹੈ ਤਾਂ ਰਾਜਪਾਲ ਮੁੱਖ ਮੰਤਰੀ ਦੀ ਵਿਧਾਨ ਸਭਾ ਭੰਗ ਕਰਨ ਦੀ ਸਿਫਾਰਿਸ਼ ਸਵੀਕਾਰ ਕਰਨ ਤੋਂ ਇਨਕਾਰ ਵੀ ਕਰ ਸਕਦਾ ਹੈ।

**(4) ਰਾਸ਼ਟਰਪਤੀ ਨੂੰ ਰਾਜ ਵਿੱਚ ਸੰਕਟਕਾਲ ਸਥਿਤੀ ਲਾਗੂ ਕਰਨ ਦੀ ਸਿਫਾਰਿਸ਼ ਕਰਨੀ** (Advising the President for Promulgation of Emergency)-ਰਾਜਪਾਲ ਆਪਣੀ ਇੱਛਾ ਅਨੁਸਾਰ ਕੰਮ ਕਰਦੇ ਹੋਏ ਰਾਸ਼ਟਰਪਤੀ ਨੂੰ ਅਨੁਛੇਦ 356 ਦੇ

ਨੋਟ

ਅਧੀਨ ਰਾਜ ਵਿੱਚ ਸੰਕਟਕਾਲ ਸਥਿਤੀ ਲਾਗੂ ਕਰਨ ਦੀ ਸਿਫਾਰਿਸ਼ ਕਰ ਸਕਦਾ ਹੈ। ਉਹ ਹੀ ਇਹ ਫੈਸਲਾ ਕਰਦਾ ਹੈ ਕਿ ਕੀ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਵਿੱਚ ਅਸਫਲ ਹੋਈ ਹੈ ਜਾਂ ਨਹੀਂ। ਅਜਿਹਾ ਕਰਦੇ ਸਮੇਂ ਉਹ ਕੇਂਦਰ ਸਰਕਾਰ ਦੀ ਇੱਛਾ ਅਨੁਸਾਰ ਵਿਵਹਾਰ ਕਰ ਸਕਦਾ ਹੈ ਜਾਂ ਸੁਤੰਤਰ ਦਾ ਰਸਤਾ ਚੁਣ ਕੇ ਆਪਣਾ ਫੈਸਲਾ ਦੇ ਸਕਦਾ ਹੈ।

**(ਖ) ਰਾਜਪਾਲ ਇਕ ਸੁਨਹਿਰੀ ਜ਼ੀਰੋ ਨਹੀਂ** (Governor is not a Golden Zero)–ਇਸ ਤਰ੍ਹਾਂ ਰਾਜਪਾਲ ਕੇਵਲ ਨਾਮਾਤਰ ਦਾ ਹੀ ਮੁਖੀਆ ਨਹੀਂ ਹੁੰਦਾ। ਉਹ ਆਪਣੇ ਅਹੁਦੇ ਦੇ ਅਧੀਨ ਕੁਝ ਅਧਿਕਾਰ ਆਪਣੀ ਇੱਛਾ ਨਾਲ ਇਸਤੇਮਾਲ ਕਰ ਸਕਦਾ ਹੈ ਅਤੇ ਰਾਜ ਦੇ ਮੁੱਖ ਮੰਤਰੀ ਵੱਲੋਂ ਕੀਤੀਆਂ ਗਈਆਂ ਸਿਫਾਰਿਸ਼ਾਂ ਨਾਲ ਸੁਤੰਤਰ ਰਹਿ ਸਕਦਾ ਹੈ। ਸੰਵਿਧਾਨ ਸਭਾ ਵਿੱਚ ਬਹੁਤ ਸਾਰੇ ਮੈਂਬਰਾਂ ਨੇ ਰਾਜਪਾਲ ਨੂੰ ਸਵ-ਵਿਵੇਕ ਸ਼ਕਤੀਆਂ ਦੇਣ ਨੂੰ ਠੀਕ ਠਹਿਰਾਇਆ ਸੀ ਕਿਉਂਕਿ ਇਸ ਨਾਲ ਇਸ ਨੂੰ ਕੇਂਦਰ ਦਾ ਇਕ ਚੰਗਾ ਏਜੰਟ ਬਣਾਉਣ ਦੇ ਨਾਲ-ਨਾਲ ਉਸ ਨੂੰ ਰਾਜ ਦਾ ਮੁਖੀਆ ਬਣਾਉਣ ਲਈ ਵੀ ਸ੍ਰੇਸ਼ਠ ਸਮਝਿਆ ਗਿਆ। ਮਹਾਵੀਰ ਤਿਆਗੀ ਵਰਗੇ ਮੈਂਬਰਾਂ ਨੇ ਸਵ-ਵਿਵੇਕ ਸ਼ਕਤੀਆਂ ਦੀ ਜ਼ੋਰਦਾਰ ਵਕਾਲਤ ਕੀਤੀ ਸੀ। ਡਾ. ਬੀ. ਆਰ. ਅੰਬੇਦਕਰ ਨੇ ਵੀ ਸਪੱਸ਼ਟ ਰੂਪ ਵਿੱਚ ਕਿਹਾ ਸੀ ਕਿ ਰਾਜਪਾਲ ਨੂੰ ਸਵ-ਵਿਵੇਕ ਅਧਿਕਾਰ ਪ੍ਰਦਾਨ ਕਰਕੇ ਕਿਸੇ ਵੀ ਤਰ੍ਹਾਂ ਇਕ ਜ਼ਿੰਮੇਵਾਰੀ ਸਰਕਾਰ ਦੇ ਵਿਰੋਧ ਵਿੱਚ ਜਾਂ ਉਸ ਨੂੰ ਨਕਾਰਣ ਦੀ ਭਾਵਨਾ ਵਾਲਾ ਕੰਮ ਨਹੀਂ ਕੀਤਾ ਗਿਆ। ਇਹ ਵਿਚਾਰ ਮੌਲਾਨਾ ਮੋਹਾਨੀ, ਰੋਹਨੀ ਕੁਮਾਰ ਚੌਧਰੀ ਅਤੇ ਦੂਸਰੇ ਉਨ੍ਹਾਂ ਮੈਂਬਰਾਂ ਦੇ ਵਿਚਾਰਾਂ 'ਤੇ ਹਾਵੀ ਹੋ ਗਿਆ ਜੋ ਕਿ ਰਾਜਪਾਲ ਨੂੰ ਸਵ-ਵਿਵੇਕ ਸ਼ਕਤੀਆਂ ਦੇਣ ਦਾ ਵਿਰੋਧ ਕਰਦੇ ਸਨ ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਇਸ ਨਾਲ ਰਾਜਪਾਲ ਸੱਤਾਧਾਰੀ ਹੋ ਸਕਦਾ ਸੀ ਅਤੇ ਆਪਣੇ ਅਧਿਕਾਰਾਂ ਦਾ ਦੁਰਉਪਯੋਗ ਕਰ ਸਕਦਾ ਸੀ। ਬਹੁਮਤ ਦਾ ਵਿਚਾਰ ਇਹ ਸੀ ਕਿ ਰਾਜਪਾਲ ਨੂੰ ਹਟਾਉਣ ਦਾ ਅਸਾਨ ਢੰਗ (ਰਾਸ਼ਟਰਪਤੀ ਵੱਲੋਂ ਇਕ ਸਧਾਰਣ ਕਾਰਵਾਈ) ਉਸ ਵੱਲੋਂ ਇਨ੍ਹਾਂ ਅਧਿਕਾਰਾਂ ਦਾ ਦੁਰਉਪਯੋਗ ਕਰਨ ਦੇ ਵਿਰੁੱਧ ਇਕ ਸੰਤੁਸ਼ਟੀਜਨਕ ਗਰੰਟੀ ਸੀ। ਇਸ ਤਰ੍ਹਾਂ ਰਾਜ ਦੇ ਰਾਜਪਾਲ ਨੂੰ ਕੁਝ ਸਵ-ਵਿਵੇਕ ਸ਼ਕਤੀਆਂ ਦਿੱਤੀਆਂ ਗਈਆਂ।

**(ਗ) ਰਾਜ ਪ੍ਰਸ਼ਾਸਨ ਵਿੱਚ ਰਾਜਪਾਲ ਦੀ ਭੂਮਿਕਾ** (Governor's Role in State Administration)– ਇਸ ਤਰ੍ਹਾਂ ਸੰਵਿਧਾਨ ਰਾਜਪਾਲ ਨੂੰ ਰਾਜ ਦੇ ਪ੍ਰਸ਼ਾਸਨ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲਾ ਕਰਤਾ ਬਣਾਉਂਦਾ ਹੈ। ਇੱਥੋਂ ਤੱਕ ਕਿ ਸਧਾਰਣ ਸ਼ਕਤੀਆਂ ਵਿੱਚ ਜਦੋਂ ਉਹ ਰਾਜ ਦੇ ਨਾਮਾਤਰ ਮੁਖੀਆ ਦੇ ਰੂਪ ਵਿੱਚ ਕੰਮ ਕਰਦਾ ਹੈ ਤਾਂ ਵੀ ਉਹ ਆਪਣੀਆਂ ਕੁਝ ਸਵ-ਵਿਵੇਕ ਸ਼ਕਤੀਆਂ ਦਾ ਇਸਤੇਮਾਲ ਕਰ ਸਕਦਾ ਹੈ। ਅਪ੍ਰੈਲ 1995 ਵਿੱਚ ਤਾਮਿਲਨਾਡੂ ਦੇ ਰਾਜਪਾਲ ਨੇ ਡਾ. ਸੁਬਰਾਮਨਯਮ ਸਵਾਮੀ ਨੂੰ ਪ੍ਰਾਂਤ ਦਾ ਮੁੱਖ ਮੰਤਰੀ ਕੁਮਾਰੀ ਜੈਲਲਿਤਾ ਦੇ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਮੁਕੱਦਮਾ ਚਲਾਉਣ ਦੀ ਆਗਿਆ ਦੇ ਦਿੱਤੀ। ਇਹ ਕਾਰਵਾਈ ਬਹੁਤ ਹੀ ਜ਼ਿਆਦਾ ਵਾਦ-ਵਿਵਾਦ ਵਾਲੀ ਸੀ ਅਤੇ ਇਸ ਨਾਲ ਰਾਜਪਾਲ ਦਾ ਅਹੁਦਾ ਇਕ ਵਿਵਾਦਗ੍ਰਸਤ ਅਹੁਦਾ ਬਣ ਗਿਆ ਸੀ। ਤਾਮਿਲਨਾਡੂ ਵਿਧਾਨ ਸਭਾ ਨੇ ਪ੍ਰਸਤਾਵ ਪਾਸ ਕਰਕੇ ਮੰਗ ਕੀਤੀ ਕਿ ਰਾਜਪਾਲ ਨੂੰ ਵਾਪਿਸ ਬੁਲਾਇਆ ਜਾਵੇ। ਉਸ ਨੇ ਮੰਗ ਕੀਤੀ ਕਿ ਕੇਂਦਰ ਵਿਧਾਨ ਸਭਾ ਦੀ ਇਹ ਮੰਗ ਸਵੀਕਾਰ ਕਰ ਲਵੇ। ਕੇਂਦਰ ਲਈ ਇਸ ਸਬੰਧ ਵਿੱਚ ਸਪੱਸ਼ਟ ਸਟੈਂਡ ਲੈਣਾ ਅਸੰਭਵ ਹੋ ਗਿਆ ਅਤੇ ਇਸ ਕਾਰਨ ਸੰਵਿਧਾਨਿਕ ਸੰਕਟ ਪੈਦਾ ਹੋ ਗਿਆ। ਇਸ ਤਰ੍ਹਾਂ ਰਾਜਪਾਲ ਦਾ ਅਹੁਦਾ ਇਕ ਵਿਵਾਦ ਦਾ ਕਾਰਨ ਵੀ ਬਣ ਸਕਦਾ ਹੈ। ਅਨੁਛੇਦ 356 ਅਧੀਨ ਸੰਕਟਕਾਲ ਸਥਿਤੀ ਵਿੱਚ ਉਹ ਵੱਡੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸੰਕਟਕਾਲ ਸਥਿਤੀ ਲਾਗੂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਉਹ ਰਾਜ ਵਿੱਚ ਰਾਸ਼ਟਰਪਤੀ ਸ਼ਾਸਨ ਦੌਰਾਨ ਸਰਕਾਰ ਦਾ ਅਸਲ ਕਾਰਜ ਪਾਲਿਕਾ (ਸਰਕਾਰ) ਮੁਖੀਆ ਬਣ ਕੇ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। 1970 ਦੇ ਹਰਗੋਬਿੰਦ ਬਨਾਮ ਰਘੂਕੁਲ ਕੇਸ ਵਿੱਚ ਮੁੱਖ ਜੱਜ ਵਾਈ. ਪੀ. ਚੰਦਰਚੂੜ ਅਤੇ ਜੱਜ ਪੀ. ਐੱਨ. ਭਗਵਤੀ, ਐੱਨ. ਐੱਲ. ਅੰਤਾਵਾਲੀਆ, ਐੱਸ. ਮੁਰਤਜਾ ਫਜ਼ਲ ਅਲੀ ਅਤੇ ਆਰ. ਐੱਸ. ਪਾਠਦ 'ਤੇ ਅਧਿਕ੍ਰਿਤ ਸਰਵਉੱਚ ਅਦਾਲਤ ਦੇ ਸੰਵਿਧਾਨਿਕ ਬੈਂਚ ਨੇ ਇਹ ਪੂਰਨ ਰੂਪ ਵਿੱਚ ਸਪੱਸ਼ਟ ਕਰ ਦਿੱਤਾ ਕਿ "ਰਾਜਪਾਲ ਨੇ ਰਾਜ ਦੇ ਪ੍ਰਸ਼ਾਸਨ ਵਿੱਚ ਅਸਲ ਭੂਮਿਕਾ ਨਿਭਾਈ ਹੁੰਦੀ ਹੈ ਅਤੇ ਇੱਥੋਂ ਤੱਕ ਕਿ ਉਹ ਭਾਰਤ ਸਰਕਾਰ ਨਿਰਦੇਸ਼ਾਂ 'ਤੇ ਨਿਰਭਰ ਨਹੀਂ, ਨਾ ਹੀ ਉਹ ਆਪਣੇ ਕੰਮਾਂ ਅਤੇ ਕਰਤਵਾਂ ਨੂੰ ਨਿਭਾਉਣ ਦੇ ਢੰਗਾਂ ਪ੍ਰਤੀ ਸਰਕਾਰ ਦੇ ਸਾਹਮਣੇ ਜ਼ਿੰਮੇਵਾਰ ਹੁੰਦਾ ਹੈ ਅਤੇ ਉਸ ਦਾ ਅਹੁਦਾ ਇਕ ਸੁਤੰਤਰ ਸੰਵਿਧਾਨਿਕ ਅਹੁਦਾ ਹੈ।"

**(ਘ) ਰਾਜਪਾਲ ਕੇਂਦਰ ਅਤੇ ਰਾਜ ਸਰਕਾਰ ਦਰਮਿਆਨ ਇਕ ਸੰਪਰਕ ਸੂਤਰ ਦੇ ਰੂਪ ਵਿੱਚ** (Governor as a link between the Union and the State)– ਰਾਜਪਾਲ ਕੇਂਦਰ ਅਤੇ ਰਾਜ ਵਿੱਚ ਸੰਪਰਕ ਸੂਤਰ ਦੇ ਰੂਪ ਵਿੱਚ ਕੰਮ ਕਰਦਾ ਹੈ, ਸਧਾਰਣ ਸਮੇਂ ਵਿੱਚ ਰਾਜ ਦੇ ਨਾਮਾਤਰ ਅਤੇ ਸੰਵਿਧਾਨਿਕ ਮੁਖੀਆ ਦੇ ਰੂਪ ਵਿੱਚ ਅਤੇ ਜਦੋਂ ਰਾਜ ਅਨੁਛੇਦ 356 ਦੇ ਅਧੀਨ ਰਾਸ਼ਟਰਪਤੀ ਸ਼ਾਸਨ ਦੇ ਅਧੀਨ ਆਉਂਦਾ ਹੈ ਤਾ ਰਾਜ ਦੇ ਅਸਲ ਮੁਖੀਆ ਦੇ ਰੂਪ ਵਿੱਚ। ਇਨ੍ਹਾਂ ਤਿੰਨ ਭੂਮਿਕਾਵਾਂ ਦੇ ਕਾਰਨ ਹੀ ਕਈ ਵਾਰ ਰਾਜਪਾਲ ਇਕ ਵਿਵਾਦਗ੍ਰਸਤ ਵਿਅਕਤੀ ਬਣ ਜਾਂਦਾ ਹੈ। ਉਹ ਇਕ ਹੀ ਸਮੇਂ ਵਿੱਚ ਕੇਂਦਰ ਦੇ ਏਜੰਟ ਦੇ ਰੂਪ ਵਿੱਚ ਅਤੇ ਰਾਜ ਦੇ ਪ੍ਰਸ਼ਾਸਨ ਦੇ ਮੁਖੀਆ ਦੇ ਰੂਪ ਵਿੱਚ ਕੰਮ ਕਰਨ ਦਾ ਯਤਨ ਕਰਦਾ ਹੈ ਅਤੇ ਇਸ ਦੇ ਨਾਲ ਹੀ ਆਪਣੇ ਕੁਝ ਸਵ-ਵਿਵੇਕ ਅਧਿਕਾਰਾਂ ਦਾ ਵੀ ਇਸਤੇਮਾਲ ਕਰਦਾ ਹੈ। ਅਲੱਗ-ਅਲੱਗ ਰਾਜਾਂ ਦੇ ਅਲੱਗ-ਅਲੱਗ ਰਾਜਪਾਲ ਅਲੱਗ-ਅਲੱਗ ਸਮੇਂ 'ਤੇ ਵਿਵਾਦਾਂ ਦਾ ਕੇਂਦਰ ਬਣਦੇ ਰਹੇ ਹਨ। ਰਾਜਪਾਲ ਦੀ ਅਸਲ ਭੂਮਿਕਾ ਨਿਰਧਾਰਿਤ ਕਰਨ ਲਈ ਸਥਾਪਿਤ ਕੀਤੀਆਂ ਗਈਆਂ ਸੰਮਤੀਆਂ ਦੀਆਂ ਕਈ ਰਿਪੋਰਟਾਂ ਵਿੱਚ ਉਸ ਦੀ ਬਹੁਮੁਖੀ ਭੂਮਿਕਾ ਨੂੰ ਕੁਝ ਦਿਸ਼ਾ ਨਿਰਦੇਸ਼ ਦੇਣ ਲਈ ਵਿਵਹਾਰਿਕ ਕਦਮ ਸੁਣਾਏ ਹਨ ਪਰ ਇਸ ਦੇ ਬਾਵਜੂਦ ਰਾਜਪਾਲ ਦੇ ਅਹੁਦੇ ਉਸੇ ਤਰ੍ਹਾਂ ਹਨ, ਜਿਵੇਂ ਪਹਿਲਾਂ ਸਨ ਅਤੇ ਇਸ ਲਈ ਅੱਜ ਵੀ ਇੱਥੇ ਕੁਝ ਵਿਵਾਦਗ੍ਰਸਤ ਅਹੁਦਾ ਹੀ ਬਣਿਆ ਹੋਇਆ ਹੈ।

ਨੋਟ

## 11.3 ਰਾਜਪਾਲ ਦੀ ਭੂਮਿਕਾ (Role of Governor)

ਭਾਰਤ ਵਿੱਚ ਹਰੇਕ ਰਾਜ ਦਾ ਇਕ ਰਾਜਪਾਲ ਹੁੰਦਾ ਹੈ ਜੋ ਰਾਜ ਦੀ ਕਾਰਜ ਪਾਲਿਕਾ (ਸਰਕਾਰ) ਦਾ ਮੁਖੀਆ ਹੁੰਦਾ ਹੈ ਪਰ ਨਾਲ ਹੀ ਰਾਜ ਵਿੱਚ ਕੇਂਦਰ ਦੇ ਏਜੰਟ ਜਾਂ ਪ੍ਰਤੀਨਿਧੀ ਦੇ ਰੂਪ ਵਿੱਚ ਕੰਮ ਕਰਦਾ ਹੈ। ਰਾਜ ਦਾ ਮੁਖੀਆ ਹੋਣ ਦੇ ਨਾਤੇ ਉਸ ਕੋਲ ਵਿਆਪਕ ਕਾਰਵਾਈ ਸ਼ਕਤੀਆਂ ਹੁੰਦੀਆਂ ਹਨ ਜੋ ਕਿ ਬਿਨਾਂ ਸ਼ੱਕ ਉਸ ਵੱਲੋਂ ਮੰਤਰੀ ਪ੍ਰੀਸ਼ਦ ਅਤੇ ਮੁੱਖ ਮੰਤਰੀ ਦੀ ਸਲਾਹ ਦੇ ਅਨੁਸਾਰ ਇਸਤੇਮਾਲ ਕੀਤੀ ਜਾਂਦੀ ਹੈ। ਸਧਾਰਣ ਸਥਿਤੀਆਂ ਵਿੱਚ ਉਹ ਰਾਜ ਦੇ ਸੰਵਿਧਾਨਿਕ ਅਤੇ ਨਾਮਾਤਰ ਕਾਰਜ ਪਾਲਿਕਾ ਮੁਖੀਆ ਦੇ ਰੂਪ ਵਿੱਚ ਕੰਮ ਕਰਦਾ ਹੈ, ਜਿਵੇਂ ਕਿ ਰਾਜ ਵਿੱਚ ਲਾਗੂ ਸੰਸਦੀ ਰੂਪ ਦੀ ਸਰਕਾਰ ਦੇ ਕੰਮ ਵਿਵਹਾਰ ਲਈ ਜ਼ਰੂਰੀ ਹੁੰਦਾ ਹੈ।

ਪਰ ਰਾਜਪਾਲ ਕੁਝ ਅਸਲ ਅਧਿਕਾਰ ਵੀ ਰੱਖਦਾ ਹੈ ਜਿਨ੍ਹਾਂ ਦਾ ਇਸਤੇਮਾਲ ਉਹ ਆਪਣੀ ਇੱਛਾ ਜਾਂ ਸਵ-ਵਿਵੇਕ ਦੇ ਅਨੁਸਾਰ ਕਰ ਸਕਦਾ ਹੈ। ਜੇਕਰ ਕਿਸੇ ਵੀ ਇਕ ਦਲ ਜਾਂ ਗਠਬੰਧਨ ਸਮੂਹ ਨੂੰ ਰਾਜ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਨਾ ਹੋਵੇ ਤਾਂ ਮੁੱਖ ਮੰਤਰੀ ਦੀ ਨਿਯੁਕਤੀ ਵਿੱਚ ਰਾਜਪਾਲ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਉਹ ਕੁਝ ਵਿਸ਼ੇਸ਼ ਸਥਿਤੀਆਂ ਵਿੱਚ ਰਾਜ ਦੀ ਮੰਤਰੀ ਪ੍ਰੀਸ਼ਦ ਨੂੰ ਭੰਗ ਕਰ ਸਕਦਾ ਹੈ ਅਤੇ ਰਾਜ ਵਿਧਾਨ ਸਭਾ ਨੂੰ ਭੰਗ ਕਰ ਸਕਦਾ ਹੈ। ਉਹ ਰਾਜ ਸਰਕਾਰ ਦੇ ਕੰਮ ਦੇ ਸਬੰਧ ਵਿੱਚ ਰਾਸ਼ਟਰਪਤੀ ਦੀ ਰਿਪੋਰਟ ਭੇਜਦਾ ਹੈ। ਅਜਿਹੀਆਂ ਰਿਪੋਰਟਾਂ ਭੇਜਦੇ ਸਮੇਂ ਉਹ ਆਪਣੀ ਇੱਛਾ ਦੇ ਅਨੁਸਾਰ ਕੰਮ ਕਰਦਾ ਹੈ। ਸੰਵਿਧਾਨਿਕ ਮਸ਼ੀਨਰੀ ਦੀ ਅਸਫਲਤਾ ਦੀ ਸਥਿਤੀ ਵਿੱਚ ਉਹ ਰਾਜ ਦੀ ਮੰਤਰੀ ਪ੍ਰੀਸ਼ਦ ਨੂੰ ਭੰਗ ਕਰ ਸਕਦਾ ਹੈ ਅਤੇ ਵਿਕਲਪਿਕ ਸਰਕਾਰ ਸਥਾਪਿਤ ਕਰ ਸਕਦਾ ਹੈ ਜਿਵੇਂ ਕਿ ਪੰਜਾਬ ਦੇ ਰਾਜਪਾਲ ਨੇ 1967 ਵਿੱਚ ਗੁਰਨਾਮ ਸਿੰਘ ਦੀ ਮੰਤਰੀ ਪ੍ਰੀਸ਼ਦ ਭੰਗ ਕਰਕੇ ਲਛਮਣ ਸਿੰਘ ਗਿੱਲ ਦੀ ਸਰਕਾਰ ਸਥਾਪਿਤ ਕਰ ਦਿੱਤੀ ਸੀ। ਉਹ ਰਾਸ਼ਟਰਪਤੀ ਦੀ ਸਹਿਮਤੀ ਨਾਲ ਜਾਂ ਸਹਿਮਤੀ ਤੋਂ ਬਿਨਾਂ ਹੀ ਰਾਜ ਵਿਧਾਨ ਸਭਾ ਭੰਗ ਜਾਂ ਰੱਦ ਕਰ ਸਕਦਾ ਹੈ। ਜਦੋਂ ਰਾਜ ਵਿੱਚ ਸੰਕਟਕਾਲ ਸਥਿਤੀ ਅਨੁਛੇਦ (356) ਲਾਗੂ ਹੋਵੇ ਤਾਂ ਰਾਜਪਾਲ ਸਰਕਾਰ ਦੇ ਅਸਲ ਮੁਖੀਆ ਦੇ ਰੂਪ ਵਿੱਚ ਕੰਮ ਕਰਦਾ ਹੈ ਅਤੇ ਰਾਜ ਦਾ ਪ੍ਰਸ਼ਾਸਨ ਚਲਾਉਂਦਾ ਹੈ। ਉਹ ਰਾਜ ਵਿੱਚ ਰਾਸ਼ਟਰਪਤੀ ਦੇ ਏਜੰਟ ਦੇ ਰੂਪ ਵਿੱਚ ਕੰਮ ਕਰਦਾ ਹੈ। ਉਸ ਦੀ ਨਿਯੁਕਤੀ ਅਤੇ ਸੇਵਾਮੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ। ਉਹ ਰਾਸ਼ਟਰਪਤੀ ਦੀ ਇੱਛਾ ਤੱਕ ਆਪਣੇ ਅਹੁਦੇ 'ਤੇ ਰਹਿ ਸਕਦਾ ਹੈ। ਅਨੁਛੇਦ 200 ਦੇ ਅਧੀਨ ਉਹ ਰਾਜ ਵਿਧਾਨ ਸਭਾ ਵੱਲੋਂ ਪਾਸ ਕਿਸੇ ਪ੍ਰਾਂਤੀ ਬਿੱਲ ਨੂੰ ਰਾਸ਼ਟਰਪਤੀ ਦੇ ਹਸਤਾਖਰ ਲਈ ਰੋਕ ਸਕਦਾ ਹੈ। ਉਸ ਦਾ ਇਹ ਕਰਤਵ ਹੈ ਕਿ ਉਹ ਇਹ ਦੇਖੇ ਕਿ ਸੰਘੀ ਕਾਨੂੰਨ ਰਾਜ ਵਿੱਚ ਪੂਰੇ ਰੂਪ ਵਿੱਚ ਲਾਗੂ ਕੀਤੇ ਜਾ ਰਹੇ ਹਨ ਕਿ ਨਹੀਂ। ਉਹ ਰਾਜ ਸਰਕਾਰ ਵੱਲੋਂ ਕੀਤੀ ਜਾ ਰਹੀ ਕਿਸੇ ਉਲੰਘਣਾ ਨੂੰ ਰਾਸ਼ਟਰਪਤੀ ਦੇ ਧਿਆਨ ਵਿੱਚ ਲਿਆ ਸਕਦਾ ਹੈ। ਅਨੁਛੇਦ 355 ਉਸ ਨੂੰ ਇਹ ਭਰੋਸਾ ਬਣਾਉਣ ਲਈ ਕਹਿੰਦਾ ਹੈ ਕਿ ਰਾਜ ਸਰਕਾਰ ਸੰਵਿਧਾਨ ਦੇ ਪ੍ਰਬੰਧ ਅਨੁਸਾਰ ਚਲਾਈ ਜਾਵੇ।

**ਰਾਜਪਾਲ ਦੀ ਦੋਹਰੀ ਭੂਮਿਕਾ** (Dual Role of the Governor)–ਰਾਜ ਦੇ ਰਾਜਪਾਲ ਨੂੰ ਰਾਜ ਦੇ ਸੰਵਿਧਾਨਿਕ ਮੁਖੀਆ ਹੋਣ ਦੇ ਨਾਲ-ਨਾਲ ਕੇਂਦਰ ਦਾ ਪ੍ਰਤੀਨਿਧੀ ਹੋਣ ਦੀ ਦੋਹਰੀ ਭੂਮਿਕਾ ਨਿਭਾਉਣੀ ਪੈਂਦੀ ਹੈ। 1968 ਵਿੱਚ ਕੇਂਦਰ ਰਾਜ ਸਬੰਧਾਂ ਦਾ ਮੁਲਾਂਕਣ ਲੈਣ ਲਈ ਸਥਾਪਿਤ ਕੀਤੇ ਗਏ ਪ੍ਰਸ਼ਾਸਨਿਕ ਸੁਧਾਰ ਆਯੋਗ (ਏ. ਆਰ. ਸੀ.) ਨੇ ਕਿਹਾ, "ਰਾਜਪਾਲ ਜ਼ਿਆਦਾਤਰ ਰਾਜ ਦੇ ਇਕ ਅੰਗ ਦੇ ਰੂਪ ਵਿੱਚ ਕੰਮ ਕਰਦਾ ਹੈ ਪਰ ਇਸ ਦੇ ਨਾਲ ਹੀ ਉਸ ਨੂੰ ਕੇਂਦਰ ਨਾਲ ਵੀ ਸੰਪਰਕ ਰੱਖਣਾ ਪੈਂਦਾ ਹੈ। ਇਹ ਸੰਪਰਕ ਅਤੇ ਉਸ ਦੀ ਕੇਂਦਰ ਪ੍ਰਤੀ ਜ਼ਿੰਮੇਵਾਰੀ ਸੰਵਿਧਾਨ ਦੇ ਅਨੁਸਾਰ ਮੁੱਖ ਰੂਪ ਵਿੱਚ ਇਨ੍ਹਾਂ ਪ੍ਰਬੰਧਾਂ ਦਾ ਕਾਰਨ ਹੈ ਕਿ ਉਸ ਦੀ ਨਿਯੁਕਤੀ ਅਤੇ ਸੇਵਾਮੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ... ਇਸ ਲਈ ਇਹ ਸਪੱਸ਼ਟ ਹੈ ਕਿ ਸੰਵਿਧਾਨ ਨਿਰਮਾਣ ਕਰਨ ਵਾਲੇ ਇਹ ਨਹੀਂ ਚਾਹੁੰਦੇ ਸਨ ਕਿ ਰਾਜਪਾਲ ਰਾਜ ਪੱਧਰ 'ਤੇ ਸਰਕਾਰ ਦਾ ਕੇਵਲ ਇਕ ਅੰਗ ਹੀ ਬਣਿਆ ਰਹੇ। ਉਹ ਚਾਹੁੰਦੇ ਸਨ ਕਿ ਉਹ ਕੇਂਦਰ ਨਾਲ ਇਕ ਮਹੱਤਵਪੂਰਨ ਸੰਪਰਕ ਸੂਤਰ ਭਾਗੀ ਬਣੇ। ਇਸ ਤਰ੍ਹਾਂ ਦੀ ਭੂਮਿਕਾ ਭਾਰਤੀ ਸੰਵਿਧਾਨ ਦੀ ਇਕ ਮਹੱਤਵਪੂਰਨ ਅਤੇ ਅਨੋਖੀ ਵਿਸ਼ੇਸ਼ਤਾ ਹੈ ਜੋ ਰਾਜਪਾਲ ਦੀ ਭੂਮਿਕਾ ਨੂੰ ਨਿਸ਼ਚਿਤ ਹੀ ਮੁਸ਼ਕਿਲ ਬਣਾ ਦਿੰਦੀ ਹੈ। ਉਸ ਨੂੰ ਦੋਵਾਂ ਭੂਮਿਕਾਵਾਂ ਨਾਲ-ਨਾਲ ਨਿਭਾਉਣੀਆਂ ਪੈਂਦੀਆਂ ਹਨ ਅਤੇ ਇਨ੍ਹਾਂ ਨੂੰ ਨਿਭਾਉਣ ਵਿੱਚ ਕਿਸੇ ਇਕ ਵਿੱਚ ਥੋੜ੍ਹੀ ਜਿਹੀ ਅਸਫਲਤਾ ਉਸ ਨੂੰ ਮੁਸ਼ਕਿਲ ਵਿੱਚ ਪਾ ਸਕਦੀ ਹੈ। ਪ੍ਰਸ਼ਾਸਨਿਕ ਸੁਧਾਰ ਆਯੋਗ (ਏ. ਆਰ. ਸੀ.) ਨੇ ਰਾਜਪਾਲ ਦੀ ਅਜਿਹੀ ਦੋਹਰੀ ਭੂਮਿਕਾ 'ਤੇ ਟਿੱਪਣੀ ਕਰਦੇ ਹੋਏ ਕਿਹਾ ਸੀ ਕਿ "ਇਸ ਅਹੁਦੇ 'ਤੇ ਅਸਾਨੀ ਨਾਲ ਵਿਅਕਤੀ ਸਧਾਰਣ ਬੁੱਧੀ ਵਾਲਾ ਨਹੀਂ ਚਾਹੀਦਾ ਅਤੇ ਉਸ ਦਾ ਚਰਿੱਤਰ ਸਮਰੱਥ ਅਤੇ ਤਜ਼ਰਬਾ ਅਜਿਹਾ ਹੋਣਾ ਚਾਹੀਦਾ ਹੈ ਕਿ ਉਹ ਕੇਂਦਰ ਦੇ ਪ੍ਰਤੀ ਅਤੇ ਰਾਜ ਦੀ ਕਾਰਜ ਪਾਲਿਕਾ (ਸਰਕਾਰ) ਪ੍ਰਤੀ ਆਪਣੀ ਦੋਹਰੀ ਜ਼ਿੰਮੇਵਾਰੀ ਨਿਭਾਉਣ ਦੇ ਸਮਰੱਥ ਹੋਵੇ ਜਿਸ ਦਾ ਕਿ ਉਹ ਸੰਵਿਧਾਨਿਕ ਮੁਖੀਆ ਹੈ... ਉਸ ਦੇ ਚਰਿੱਤਰ ਦੇ ਇਸ ਪਹਿਲੂ 'ਤੇ ਦੂਸਰੇ ਪਹਿਲੂ ਦੀ ਕੀਮਤ 'ਤੇ ਜ਼ੋਰ ਗਲਤ ਹੋਵੇਗਾ ਅਤੇ ਇਸ ਦੀ ਭੂਮਿਕਾ ਨਿਭਾਉਣੀ ਦੋਵਾਂ ਪਹਿਲੂਆਂ ਦੀਆਂ ਸੰਭਾਵਨਾਵਾਂ ਅਤੇ ਹੱਦਾਂ ਦੀ ਠੀਕ ਵਿਆਖਿਆ ਕਰਨ 'ਤੇ ਨਿਰਭਰ ਕਰਦੀ ਹੈ।" ਇਕ ਰਾਜਪਾਲ ਨੂੰ ਕੇਂਦਰ ਅਤੇ ਰਾਜ ਦੋਵਾਂ ਨੂੰ ਸੰਤੁਸ਼ਟ ਕਰਨਾ ਪੈਂਦਾ ਹੈ। ਕੇਂਦਰ ਸਰਕਾਰ ਉਸ ਤੋਂ ਇਹ ਉਮੀਦ ਕਰਦੀ ਹੈ ਕਿ ਉਹ ਉਸ ਦੇ ਹਿੱਤਾਂ, ਕਈ ਵਾਰ ਰਾਜਨੀਤਿਕ ਹਿੱਤਾਂ ਦਾ ਪਾਲਣ ਕਰੇ ਅਤੇ ਰਾਜ ਸਰਕਾਰ ਇਹ ਚਾਹੁੰਦੀ ਹੈ ਕਿ ਉਹ ਹਮੇਸ਼ਾ ਮੁੱਖ ਮੰਤਰੀ ਅਤੇ ਮੰਤਰੀ ਪ੍ਰੀਸ਼ਦ ਦੀਆਂ ਇੱਛਾਵਾਂ ਦੇ ਅਨੁਸਾਰ ਕੰਮ ਕਰੇ। ਜਦੋਂ ਕੇਂਦਰ ਵਿੱਚ ਕਿਸੇ ਹੋਰ ਦਲ ਦਾ ਸ਼ਾਸਨ ਹੋਵੇ ਅਤੇ ਰਾਜ ਵਿੱਚ ਕੋਈ ਹੋਰ ਦਲ ਸ਼ਾਸਨ ਚਲਾ ਰਿਹਾ ਹੋਵੇ ਤਾਂ ਰਾਜਪਾਲ ਦੀ ਸਥਿਤੀ ਮੁਸ਼ਕਿਲ ਵਾਲੀ ਅਤੇ ਔਖੀ ਬਣ ਜਾਂਦੀ ਹੈ। ਰਾਜਪਾਲ ਦੇ ਅਹੁਦੇ ਦਾ 1950 ਤੋਂ ਲੈ ਕੇ ਕੰਮ ਵਿਵਹਾਰ ਦੀ ਸੰਖੇਪ ਸਮੀਖਿਆ ਇਸ ਬਿੰਦੂ ਨੂੰ ਸਪੱਸ਼ਟ ਰੂਪ ਵਿੱਚ ਪ੍ਰਗਟ ਕਰ ਦਿੰਦੀ ਹੈ:

ਨੋਟ

**ਰਾਜਪਾਲ ਦੇ ਅਹੁਦੇ ਦਾ 1950 ਤੋਂ ਲੈ ਕੇ ਹੁਣ ਤੱਕ ਦਾ ਕੰਮ ਵਿਵਹਾਰ** (Working of the Office of Governor since 1950): ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ 15 ਸਾਲਾਂ ਵਿੱਚ, ਜਦੋਂ ਕਾਂਗਰਸ ਕੇਂਦਰ ਅਤੇ ਲੱਗਭਗ ਸਾਰੇ ਰਾਜਾਂ ਵਿੱਚ ਸੱਤਾ ਵਿੱਚ ਸੀ, ਰਾਜਪਾਲਾਂ ਦੀ ਸਥਿਤੀ, ਭੂਮਿਕਾ ਅਤੇ ਕੰਮ ਵਿਵਹਾਰ ਨਾਲ ਸਬੰਧਿਤ ਕਦੇ ਕੋਈ ਵਿਸ਼ੇਸ਼ ਵਿਵਾਦ ਨਹੀਂ ਪੈਦਾ ਹੋਇਆ ਸੀ। ਸਨ 1964 ਤੱਕ ਪੰਡਿਤ ਨਹਿਰੂ ਦੀ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਵਿਧਮਾਨਤਾ, ਕਾਂਗਰਸ ਦੀ ਏਕਾਧਿਕਾਰ ਵਾਲੀ ਸਥਿਤੀ ਅਤੇ ਭੂਮਿਕਾ, ਸੁਤੰਤਰਤਾ ਦੇ ਸੰਗਰਾਮ ਦੇ ਮਹੱਤਵਪੂਰਨ ਨੇਤਾਵਾਂ ਦੀ ਰਾਜਪਾਲਾਂ ਦੇ ਰੂਪ ਵਿੱਚ ਨਿਯੁਕਤੀ ਅਤੇ ਭਾਰਤ ਦੇ ਸੰਘੀ ਢਾਂਚੇ ਵਿੱਚ ਰਾਜਨੀਤਿਕ ਏਕਾਤਮਕਤਾ (ਕੇਂਦਰ ਅਤੇ ਰਾਜਾਂ ਵਿੱਚ ਇਕ ਹੀ ਦਲ ਦੀ ਸਰਕਾਰ) ਦੀ ਹੋਂਦ ਕਾਰਨ ਰਾਜਪਾਲ ਦੀ ਭੂਮਿਕਾ ਵਿੱਚ ਸਬੰਧਿਤ ਵਿਵਾਦ ਪੈਦਾ ਹੋਣ ਦੀ ਘੱਟ ਹੀ ਸੰਭਾਵਨਾ ਸੀ। ਇਹ ਚੌਥੀਆਂ ਆਮ ਚੋਣਾਂ (1967), ਜਦੋਂ ਕਿ ਕੁਝ ਰਾਜਾਂ ਵਿੱਚ ਗੈਰ -ਕਾਂਗਰਸੀ ਸਰਕਾਰਾਂ ਹੋਂਦ ਵਿੱਚ ਆਈਆਂ ਅਤੇ ਕਾਂਗਰਸ ਨੂੰ ਕੇਂਦਰ ਵਿੱਚ ਧੱਕਾ ਲੱਗਾ, ਦੇ ਬਾਅਦ ਹੀ ਰਾਜਪਾਲ ਦੀ ਭੂਮਿਕਾ ਸਰਵਜਨਕ ਚਰਚਾ ਦਾ ਵਿਸ਼ਾ ਅਤੇ ਵਿਵਾਦ ਦਾ ਵਿਸ਼ਾ ਬਣਿਆ ਅਤੇ ਰਾਜਪਾਲ ਦਾ ਅਹੁਦਾ ਜ਼ਿਆਦਾ ਤੋਂ ਜ਼ਿਆਦਾ ਦਬਾਅ ਅਤੇ ਬੋਝ ਵਾਲਾ ਬਣਦਾ ਗਿਆ, ਜਿਸ ਬਾਰੇ ਸੰਵਿਧਾਨ ਨਿਰਮਾਤਾਵਾਂ ਨੇ ਕਦੇ ਸੋਚਿਆ ਵੀ ਨਹੀਂ ਸੀ। 1967 ਦੀਆਂ ਚੋਣਾਂ ਨੇ ਜਿਵੇਂ ਕਿ ਐੱਚ. ਐੱਮ. ਸੀਰਾਓ ਕਹਿੰਦੇ ਹਨ, ਨੇ ਤਿੰਨ ਤਰ੍ਹਾਂ ਦੀਆਂ ਸਥਿਤੀਆਂ ਪੈਦਾ ਕੀਤੀਆਂ :

(1) ਕਾਂਗਰਸ ਪਾਰਟੀ ਬਹੁਮਤ ਪ੍ਰਾਪਤ ਕਰ ਗਈ ਅਤੇ ਇਸ ਨੂੰ ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਮੈਸੂਰ (ਹੁਣ ਕਰਨਾਟਕ) ਵਿੱਚ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਗਿਆ।

(2) ਜਦੋਂ ਕਿ ਮਦਰਾਸ (ਚੇਨਈ) (ਜਿਸ ਨੂੰ ਹੁਣ ਤਾਮਿਲਨਾਡੂ ਕਿਹਾ ਜਾਂਦਾ ਹੈ) ਵਿੱਚ ਡੀ. ਐੱਮ. ਕੇ. ਅਤੇ ਕੇਰਲ ਵਿੱਚ ਵਾਮਪੰਥੀ ਦਲਾਂ ਦਾ ਗਠਬੰਧਨ ਸੱਤਾ ਵਿੱਚ ਆਇਆ।

(3) ਕੁਝ ਹੋਰ ਰਾਜਾਂ ਵਿੱਚ ਕੋਈ ਵੀ ਇਕ ਦਲ ਬਹੁਮਤ ਦੀ ਸਥਿਤੀ ਵਿੱਚ ਨਹੀਂ ਸੀ ਅਤੇ ਇਹ ਸਮੱਸਿਆ ਵੱਡੀ ਸੰਖਿਆ ਵਿੱਚ ਸੁਤੰਤਰ ਮੈਂਬਰਾਂ ਦੀ ਹੋਂਦ ਅਤੇ ਨਤੀਜੇ ਦੇ ਰੂਪ ਵਿੱਚ ਦਲਬਦਲੂਆਂ ਅਤੇ ਦਲਬਦਲੀ ਦੀ ਰਾਜਨੀਤੀ ਦੇ ਕਾਰਨ ਮੁਸ਼ਕਿਲ ਹੋ ਗਈ।

ਅਜਿਹੀ ਸਥਿਤੀ ਵਿੱਚ ਰਾਜਪਾਲ ਦੀ ਭੂਮਿਕਾ 'ਤੇ ਭਾਰੀ ਦਬਾਅ ਪੈ ਗਿਆ ਅਤੇ ਇਹ ਗੱਲ ਇਸ ਤੋਂ ਸਿੱਧ ਹੋ ਗਈ ਜਦੋਂ ਇੱਕੋ ਜਿਹੀ ਸਥਿਤੀ ਵਿੱਚ ਅਲੱਗ-ਅਲੱਗ ਰਾਜਪਾਲਾਂ ਨੇ ਅਲੱਗ-ਅਲੱਗ ਫੈਸਲੇ ਕੀਤੇ। ਕਾਂਗਰਸ ਸ਼ਾਸਿਤ ਰਾਜਾਂ ਦੇ ਰਾਜਪਾਲਾਂ ਦਾ ਵਿਵਹਾਰ ਉਨ੍ਹਾਂ ਰਾਜਾਂ ਦੇ ਰਾਜਪਾਲਾਂ ਦੇ ਵਿਵਹਾਰ ਤੋਂ ਅਲੱਗ ਸੀ ਜਿਨ੍ਹਾਂ ਵਿੱਚ ਦੂਸਰੇ ਰਾਜਨੀਤਿਕ ਦਲਾਂ ਦੀਆਂ ਸਾਂਝੀਆਂ ਸਰਕਾਰਾਂ ਵਿੱਚ ਸਨ। ਚੌਥੀਆਂ ਆਮ ਚੋਣਾਂ ਤੋਂ ਬਾਅਦ ਆਪਣੀ ਦੋਹਰੀ ਭੂਮਿਕਾ (ਕੇਂਦਰ ਦੇ ਏਜੰਟ ਦੇ ਰੂਪ ਵਿੱਚ ਰਾਜ ਪ੍ਰਸ਼ਾਸਨ ਦੇ ਮੁਖੀਆ ਦੇ ਰੂਪ ਵਿੱਚ) ਦੇ ਕਾਰਨ ਰਾਜਪਾਲ ਦਾ ਅਹੁਦਾ ਇਕ ਵਿਵਾਦਗ੍ਰਸਤ ਅਹੁਦਾ ਬਣ ਗਿਆ। ਕਈ ਪ੍ਰਾਂਤਾਂ ਦੇ ਰਾਜਪਾਲਾਂ ਨੇ ਆਪਣੇ-ਆਪਣੇ ਰਾਜ ਵਿੱਚ ਰਾਜ ਸਰਕਾਰ ਦੇ ਗਠਨ ਦੇ ਸਬੰਧ ਵਿੱਚ ਅਲੱਗ-ਅਲੱਗ ਤਰ੍ਹਾਂ ਦਾ ਕੰਮ ਕੀਤਾ। ਉਨ੍ਹਾਂ ਨੇ ਅਨੁਛੇਦ 365 ਦੇ ਅਧੀਨ ਵੀ ਅਲੱਗ-ਅਲੱਗ ਤਰ੍ਹਾਂ ਦੇ ਫੈਸਲੇ ਕੀਤੇ। ਕਿਤੇ ਤਾਂ ਰਾਜ ਸਰਕਾਰ ਦੇ ਨਾਲ-ਨਾਲ ਰਾਜ ਵਿਧਾਨ ਸਭਾਵਾਂ ਨੂੰ ਭੰਗ ਕਰ ਦਿੱਤਾ ਗਿਆ ਅਤੇ ਕਿਤੇ ਰਾਜ-ਵਿਧਾਨ ਸਭਾ ਨੂੰ ਰੱਦ ਹੀ ਕੀਤਾ ਗਿਆ। ਇਹ ਸਮਝਿਆ ਗਿਆ ਕਿ ਰਾਜਪਾਲਾਂ ਨੇ ਉਸ ਸਮੇਂ ਸੰਘੀ ਸਰਕਾਰ (ਸ਼੍ਰੀਮਤੀ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ) ਦੇ ਇਸ਼ਾਰਿਆਂ 'ਤੇ ਹੀ ਅਲੱਗ-ਅਲੱਗ ਫੈਸਲੇ ਲਏ ਸਨ। ਇਸੇ ਕਾਰਨ 1967 ਤੋਂ 1971 ਦੇ ਦੌਰਾਨ ਰਾਜਪਾਲ ਦਾ ਅਹੁਦਾ ਕਾਫੀ ਵਿਵਾਦਗ੍ਰਸਤ ਅਹੁਦਾ ਬਣ ਗਿਆ।

ਪਹਿਲਾਂ ਅਜਿਹੇ ਰਾਜਪਾਲ ਦੇ ਰਾਜਸਥਾਨ ਦੇ ਸ਼੍ਰੀ ਸੰਪੂਰਣਨੰਦ। 1967 ਦੀਆਂ ਚੋਣਾਂ ਵਿੱਚ ਕਾਂਗਰਸ ਆਪਣਾ ਬਹੁਮਤ ਦਾ ਪੱਧਰ ਗੁਆ ਬੈਠੀ ਪਰ ਰਾਜ ਵਿਧਾਨ ਸਭਾ ਵਿੱਚ ਸਭ ਤੋਂ ਵੱਡੀ ਦਲ ਦੇ ਰੂਪ ਵਿੱਚ ਉਭਰੀ। ਸ਼੍ਰੀ ਐੱਮ. ਐੱਲ. ਸਿੰਘ ਦੀ ਅਗਵਾਈ ਵਿੱਚ ਵਿਰੋਧੀ ਦਲਾਂ ਦਾ ਗਠਬੰਧਨ ਬਣਿਆ ਅਤੇ ਉਨ੍ਹਾਂ ਨੇ ਬਹੁਮਤ ਪ੍ਰਾਪਤ ਕਰ ਲਿਆ। ਇਸ ਦਾ ਰਾਸ਼ਟਰਪਤੀ ਐੱਸ. ਰਾਧਾਕ੍ਰਿਸ਼ਨਣ ਅੱਗੇ ਪ੍ਰਦਰਸ਼ਨ ਵੀ ਕੀਤਾ ਗਿਆ ਪਰ ਰਾਜਪਾਲ ਸੰਪੂਰਣਨੰਦ ਨੇ ਅਨੋਖਾ ਫੈਸਲਾ ਲਿਆ ਉਹ ਸੁਤੰਤਰ ਵਿਧਾਇਕਾਂ ਨੂੰ ਮਾਨਤਾ ਨਹੀਂ ਦਿੰਦੇ। ਕਿਉਂਕਿ ਕਾਂਗਰਸ ਦੇ ਨੇਤਾ ਮੋਹਨ ਲਾਲ ਸੁਖਾਡੀਆ ਨੇ ਸਰਕਾਰ ਬਣਾਉਣ ਵਿੱਚ ਅਸਮਰਥਨ ਪ੍ਰਗਟ ਕੀਤਾ ਸੀ, ਰਾਜਪਾਲ ਨੇ ਰਾਜ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਿਸ਼ ਕਰ ਦਿੱਤੀ, ਜੋ ਕਿ ਮਾਰਚ 1967 ਵਿੱਚ ਲਾਗੂ ਹੋ ਗਿਆ, ਪਰ ਇਹ ਕੇਵਲ ਇਕ ਮਹੀਨਾ ਹੀ ਲਾਗੂ ਰਿਹਾ। ਇਸ ਇਕ ਮਹੀਨੇ ਦੌਰਾਨ ਸ਼੍ਰੀ ਸੁਖਾਡੀਆ 'ਦਲ ਬਦਲੂਆਂ ' ਵੱਲੋਂ ਆਪਣੀ ਘੱਟ ਸੰਖਿਆ ਨੂੰ ਬਹੁਮਤ ਵਿੱਚ ਬਦਲਣ ਦੀ ਸਥਿਤੀ ਵਿੱਚ ਪਹੁੰਚ ਗਏ। ਇਸ ਤੋਂ ਬਾਅਦ ਰਾਜਪਾਲ ਨੇ ਰਾਜ ਵਿੱਚੋਂ ਰਾਸ਼ਟਰਪਤੀ ਰਾਜ ਖਤਮ ਕਰਨ ਦੀ ਸਿਫਾਰਿਸ਼ ਕੀਤੀ ਅਤੇ ਇਸ ਨਾਲ ਸੁਖਾਡੀਆ ਦੀ ਅਗਵਾਈ ਵਿੱਚ ਰਾਜ ਵਿੱਚ ਕਾਂਗਰਸ ਸਰਕਾਰ ਸਥਾਪਿਤ ਕਰਨ ਲਈ ਰਸਤਾ ਪੱਧਰਾ ਹੋ ਗਿਆ। ਰਾਜਪਾਲ ਦਾ ਅਜਿਹਾ ਵਿਵਹਾਰ ਸਚਮੁੱਚ ਹੀ ਅਨੈਤਿਕ ਅਤੇ ਪੱਖਪਾਤੀ ਸੀ ਅਤੇ ਇਸ ਕਾਰਨ ਕਾਂਗਰਸ ਵਿਰੋਧੀ ਅਤੇ ਰਾਜਪਾਲ ਵਿਰੋਧੀ ਪ੍ਰਦਰਸ਼ਨ ਵੀ ਹੋਏ ਸਨ।

ਕੇਂਦਰ ਦਾ ਪੱਖ ਕਰਨ ਵਾਲਾ ਦੂਸਰਾ ਰਾਜਪਾਲ ਪੱਛਮੀ ਬੰਗਾਲ ਦਾ ਸ਼੍ਰੀ ਧਰਮਵੀਰ ਬਣਿਆ। 1968 ਵਿੱਚ ਉਸ ਨੇ ਅਜੈ ਮੁਖਰਜੀ ਦੀ ਅਗਵਾਈ ਵਾਲੀ ਸੰਯੁਕਤ ਸਰਕਾਰ ਨੂੰ ਭੰਗ ਕਰ ਦਿੱਤਾ, ਜਦਕਿ ਇਹ ਬਹੁਮਤ ਵਿੱਚ ਸੀ। ਇਸ ਕਾਰਵਾਈ ਦਾ ਉਦੇਸ਼ "ਰਾਜਾਂ ਵਿੱਚ ਸਾਮਵਾਦੀਆਂ ਦੀ ਪ੍ਰਭੂਤਾ ਵਾਲੀ ਸਰਕਾਰ ਨੂੰ ਹਟਾਇਆ ਸੀ ਜਿਸ ਨੂੰ ਕਿ ਕੇਂਦਰ ਪਸੰਦ ਨਹੀਂ ਕਰਦਾ ਸੀ।"

**ਨੋਟ**

ਜਨਵਰੀ 1971 ਵਿੱਚ ਉੜੀਸਾ ਦੇ ਰਾਜਪਾਲ ਐੱਸ. ਐੱਸ. ਅੰਸਾਰੀ ਨੇ ਕੇਂਦਰ ਦਾ ਪੱਖ ਪੂਰਾ ਕਰਨ ਤੋਂ ਝਿਜਕ ਨਾ ਕੀਤੀ। ਜਦੋਂ ਸਿੰਘ ਦੇਵ ਮੰਤਰੀ ਪ੍ਰੀਸ਼ਦ ਨੇ ਤਿਆਗ ਪੱਤਰ ਦੇ ਦਿੱਤਾ ਅਤੇ ਰਾਜ ਵਿਧਾਨ ਸਭਾ ਭੰਗ ਕਰਨ ਦੀ ਸਿਫਾਰਿਸ਼ ਕੀਤੀ, ਉਸ ਨੇ ਤਿਆਗ ਪੱਤਰ ਸਵੀਕਾਰ ਕਰ ਲਿਆ ਪਰ ਮੁੱਖ ਮੰਤਰੀ ਨੂੰ ਨਿਗਰਾਨੀ ਮੁੱਖ ਮੰਤਰੀ ਬਣੇ ਰਹਿਣ ਦੇ ਲਈ ਨਾ ਕਿਹਾ। ਪ੍ਰਸ਼ਾਸਨ ਦੋ ਦਿਨ ਤੱਕ ਜ਼ੀਰੋ ਵਿੱਚ ਰਿਹਾ। ਰਾਜ ਵਿਧਾਨ ਸਭਾ ਨੂੰ ਰੱਦ ਸਥਿਤੀ ਵਿੱਚ ਰੱਖਿਆ ਗਿਆ। ਸ਼੍ਰੀ ਅੰਸਾਰੀ ਦੀ ਵਿਕਲਪਿਕ ਸਰਕਾਰ ਨੇ ਸੰਭਾਵਨਾਵਾਂ ਦਾ ਪਤਾ ਲਗਾਇਆ ਪਰ ਅਸਫਲ ਰਹੇ ਅਤੇ ਉਨ੍ਹਾਂ ਨੇ 20 ਜਨਵਰੀ 1971 ਨੂੰ ਰਾਜ ਵਿਧਾਨ ਸਭਾ ਭੰਗ ਕਰਨ ਦੀ ਸਿਫਾਰਿਸ਼ ਕਰ ਦਿੱਤੀ।

17 ਫਰਵਰੀ 1970 ਨੂੰ ਭਾਰਤੀ ਕ੍ਰਾਂਤੀ ਦਲ ਦੇ ਨੇਤਾ ਚੌਧਰੀ ਚਰਨ ਸਿੰਘ ਨੇ ਯੂ. ਪੀ. ਵਿੱਚ ਕਾਂਗਰਸ ਦੀ ਹਿੱਸੇਦਾਰੀ ਨਾਲ ਸਰਕਾਰ ਸਥਾਪਿਤ ਕੀਤੀ ਪਰ 26 ਸਤੰਬਰ ਨੂੰ ਮੁੱਖ ਮੰਤਰੀ ਚੌਧਰੀ ਚਰਨ ਸਿੰਘ ਨੇ ਰਾਜਪਾਲ ਕੋਲ ਕਾਂਗਰਸ ਪਾਰਟੀ ਨਾਲ ਸਬੰਧਿਤ 26 ਮੰਤਰੀਆਂ ਨੂੰ ਅਹੁਦੇ ਤੋਂ ਹਟਾਉਣ ਦੀ ਸਿਫਾਰਿਸ ਕੀਤੀ। ਇਸ ਦੇ ਉਲਟ ਰਾਜਪਾਲ ਨੇ ਚੌਧਰੀ ਚਰਨ ਸਿੰਘ ਨੂੰ ਤਿਆਗ ਪੱਤਰ ਦੇਣ ਲਈ ਕਹਿ ਦਿੱਤਾ। ਜਦੋਂ ਉਨ੍ਹਾਂ ਨੇ ਤਿਆਗ ਪੱਤਰ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਰਾਜਪਾਲ ਨੇ ਸਰਕਾਰ ਭੰਗ ਕਰ ਦਿੱਤੀ, ਜਦਕਿ ਇਕ ਤੱਥ ਹੈ ਕਿ ਮੁੱਖ ਮੰਤਰੀ ਚੌਧਰੀ ਚਰਨ ਸਿੰਘ ਨੇ ਰਾਜ ਵਿਧਾਨ ਸਭਾ ਵਿੱਚ ਆਪਣਾ ਬਹੁਮਤ ਸਿੱਧ ਕਰਨ ਦੀ ਪੇਸ਼ਕਸ਼ ਕੀਤੀ ਸੀ ਜਿਸ ਦਾ ਅਧਿਵੇਸ਼ਨ 6 ਅਕਤੂਬਰ 1970 ਨੂੰ ਹੋਣ ਵਾਲਾ ਸੀ। ਰਾਜ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਅਤੇ ਉਹ ਵੀ ਕੇਵਲ 16 ਦਿਨ ਲਈ ਜਿਸ ਤੋਂ ਬਾਅਦ ਕਾਂਗਰਸ ਦੇ ਨੇਤਾ ਸ਼੍ਰੀ ਕਮਲਾਪਤੀ ਤਿਰਪਾਠੀ ਨੂੰ ਰਾਜ ਦਾ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਗਿਆ। ਇਸ ਸਬੰਧ ਵਿੱਚ ਰਾਜਪਾਲ ਦੀ ਭੂਮਿਕਾ ਦੀ ਭਾਰੀ ਆਲੋਚਨਾ ਹੋਈ।

1967 ਵਿੱਚ ਪੰਜਾਬ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨੇ ਰਾਜ ਵਿਧਾਨ ਸਭਾ ਭੰਗ ਕਰਨ ਦੀ ਸਿਫਾਰਿਸ਼ ਕੀਤੀ। ਰਾਜਪਾਲ ਨੇ ਇਹ ਸਿਫਾਰਿਸ਼ ਸਵੀਕਾਰ ਨਾ ਕੀਤੀ ਪਰ ਬਾਅਦ ਵਿੱਚ ਜਦੋਂ ਮੁੱਖ ਮੰਤਰੀ ਲਛਮਣ ਸਿੰਘ ਗਿੱਲ, ਜੋ ਕਿ ਇਕ ਘੱਟ ਗਿਣਤੀ ਸਰਕਾਰ ਦੀ ਅਗਵਾਈ ਕਰਦੇ ਸਨ, ਨੇ ਰਾਜ ਵਿਧਾਨ ਸਭਾ ਭੰਗ ਕਰਨ ਦੀ ਸਿਫਾਰਿਸ਼ ਕੀਤੀ ਤਾਂ ਰਾਜਪਾਲ ਨੇ ਇਹ ਸਿਫਾਰਿਸ਼ ਮੰਨ ਲਈ। ਇਸ ਤਰ੍ਹਾਂ 1967-71 ਦੇ ਦੌਰਾਨ ਵਿਵਹਾਰ ਬਹੁਤ ਆਲੋਚਨਾ ਦਾ ਵਿਸ਼ਾ ਬਣਿਆ ਰਿਹਾ। ਇਕ ਰਾਜ ਦੇ ਰਾਜਪਾਲ ਦੀ ਅਸਲੀ ਭੂਮਿਕਾ ਸਬੰਧੀ ਚਰਚਾ ਅਤੇ ਵਿਵਾਦ ਵੱਧਦਾ ਹੀ ਗਿਆ। 1972 ਦੀਆਂ ਆਮ ਚੋਣਾਂ ਦੇ ਬਾਅਦ ਜ਼ਿਆਦਾਤਰ ਰਾਜਾਂ ਵਿੱਚ ਅਤੇ ਕੇਂਦਰ ਵਿੱਚ ਕਾਂਗਰਸ ਦੀਆਂ ਸਰਕਾਰਾਂ ਪੁਨਰ ਹੋਂਦ ਵਿੱਚ ਆਉਣ ਕਾਰਨ ਦੇਸ਼ ਦਾ ਰਾਜਨੀਤਿਕ ਵਾਤਾਵਰਨ ਬਦਲ ਗਿਆ ਜਿਸ ਨੇ ਰਾਜਪਾਲ ਦੀ ਭੂਮਿਕਾ ਵਿੱਚ ਪਰਿਵਰਤਨ ਕੀਤਾ। ਇਸ ਦੇ ਬਾਵਜੂਦ ਬਹੁਤ ਸਾਰੇ ਰਾਜਪਾਲਾਂ ਵੱਲੋਂ ਬਹੁਤ ਸਾਰੇ ਵਿਵਾਦਗ੍ਰਸਤ ਫੈਸਲੇ ਲੈਣ ਕਾਰਨ ਰਾਜਪਾਲ ਦੀ ਭੂਮਿਕਾ ਸਬੰਧੀ ਬਹਿਸ ਲਗਾਤਾਰ ਜਾਰੀ ਹੈ।

*ਕੀ ਤੁਸੀਂ ਜਾਣਦੇ ਹੋ*

ਮਾਰਚ 1973 ਵਿੱਚ ਉੜੀਸਾ ਦੇ ਰਾਜਪਾਲ ਸ਼੍ਰੀ ਬੀ. ਡੀ. ਜਤੀ ਵੱਲੋਂ ਸ਼੍ਰੀ ਬੀਜੂ ਪਟਨਾਇਕ ਨੂੰ ਸਰਕਾਰ ਬਣਾਉਣ ਦਾ ਮੌਕਾ ਦੇਣ ਦੇ ਮੁਕਾਬਲੇ ਰਾਜ ਵਿਧਾਨ ਸਭਾ ਭੰਗ ਕਰ ਦੇਣ ਦੇ ਕਾਰਨ ਉਨ੍ਹਾਂ ਦੀ ਬਹੁਤ ਜ਼ਿਆਦਾ ਆਲੋਚਨਾ ਹੋਈ।

ਦਸੰਬਰ 1981 ਵਿੱਚ ਕੇਰਲ ਦੇ ਰਾਜਪਾਲ ਨੇ ਕਾਂਗਰਸ ਦੇ ਨੇਤਾ ਕੇ. ਕਰੁਣਾਕਰਨ ਨੂੰ ਰਾਜ ਦਾ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਅਤੇ ਰਾਜ ਵਿੱਚ ਸਾਂਝੇ ਲੋਕਤੰਤਰੀ ਮੋਰਚੇ ਦੀ ਘੱਟ ਗਿਣਤੀ ਸਰਕਾਰ ਗਠਿਤ ਕਰ ਦਿੱਤੀ। ਇਸ ਫੈਸਲੇ ਦੇ ਵਿਰੁੱਧ ਜੋਰਦਾਰ ਰੋਸ ਪ੍ਰਗਟ ਕੀਤਾ। ਜਦੋਂ ਸਪੀਕਰ ਦੇ ਨਿਰਣਾਇਕ ਵੋਟ ਪਾਉਣ ਦੇ ਅਧਿਕਾਰ ਦਾ ਇਸਤੇਮਾਲ ਕਰਨ ਨਾਲ ਵੀ ਸਰਕਾਰ ਬਚ ਨਾ ਸਕੀ ਤਾਂ ਰਾਜਪਾਲ ਨੇ ਵਿਰੋਧੀ ਪੱਖ ਨੂੰ ਸਰਕਾਰ ਬਣਾਉਣ ਦਾ ਮੌਕਾ ਨਾ ਦਿੱਤਾ। ਇਸ ਦੀਆਂ ਸਾਰੀਆਂ ਵਿਰੋਧੀ ਦਲਾਂ ਨੇ ਕੜੀ ਆਲੋਚਨਾ ਕੀਤੀ। 1982 ਵਿੱਚ ਅਸਮ ਦੇ ਰਾਜਪਾਲ ਨੇ ਸ਼੍ਰੀ ਗੋਗੋਈ ਨੂੰ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਜਿਸ ਨੂੰ ਬਹੁਮਤ ਦਾ ਵਿਸ਼ਵਾਸ ਪ੍ਰਾਪਤ ਨਹੀਂ ਸੀ। ਉਸ ਨੇ ਵਿਰੋਧੀ ਪੱਖ ਦਾ ਦਾਅਵਾ ਸਵੀਕਾਰ ਨਾ ਕੀਤਾ ਕਿ ਉਨ੍ਹਾਂ ਨੂੰ 64 ਵਿਧਾਇਕਾਂ ਦਾ ਸਮਰਥਨ ਪ੍ਰਾਪਤ ਸੀ ਜਦੋਂ ਕਿ ਸ਼੍ਰੀ ਗੋਗੋਈ ਨੂੰ 84 ਵਿਧਾਇਕਾਂ ਦਾ ਹੀ ਸਮਰਥਨ ਪ੍ਰਾਪਤ ਸੀ। ਗੋਗੋਈ ਮੰਤਰੀ ਮੰਡਲ ਸੱਤਾ ਵਿੱਚ ਟਿਕ ਨਹੀਂ ਸਕੇ ਅਤੇ ਇਸ ਨੂੰ ਵਿਰੋਧੀ ਪੱਖ ਦਾ ਸਾਹਮਣਾ ਕਰਨ ਤੋਂ ਬਿਨਾਂ ਹੀ ਤਿਆਗ ਪੱਤਰ ਦੇਣਾ ਪਿਆ। ਵਾਮ ਲੋਕਤੰਤਰੀ ਮੋਰਚੇ ਨੇ ਗੈਰ-ਸੰਵਿਧਾਨਿਕ ਢੰਗ ਨਾਲ ਇਕ ਦਲ ਦਾ ਏਜੰਟ ਬਣ ਕੇ ਕੰਮ ਕਰਨ ਲਈ ਰਾਜਪਾਲ ਦੀ ਸਖਤ ਨਿੰਦਾ ਕੀਤੀ।

1982 ਵਿੱਚ, ਹਰਿਆਣਾ ਦੇ ਰਾਜਪਾਲ ਜੀ. ਡੀ. ਤਪਾਸੇ ਨੇ ਪੱਖਪਾਤੀ ਢੰਗ ਨਾਲ ਕੰਮ ਕਰਦੇ ਹੋਏ ਪਹਿਲਾਂ ਤਾਂ ਲੋਕ ਦਲ ਦੇ ਨੇਤਾ ਸ਼੍ਰੀ ਦੇਵੀ ਲਾਲ, ਜਿਨ੍ਹਾਂ ਨੂੰ ਭਾਜਪਾ ਦਾ ਸਮਰਥਨ ਪ੍ਰਾਪਤ ਸੀ, ਨੂੰ 24 ਮਈ, 1982 ਨੂੰ ਆਪਣਾ ਬਹੁਮਤ ਸਿੱਧ ਕਰਨ ਲਈ ਆਪਣੇ ਸਮਰਥਨ ਵਿਧਾਇਕ ਆਪਣੇ ਸਾਹਮਣੇ ਪੇਸ਼ ਕਰਨ ਲਈ ਕਿਹਾ ਪਰ ਫਿਰ 23 ਮਈ 1982 ਨੂੰ ਉਨ੍ਹਾਂ ਨੇ ਰਾਜ ਵਿਧਾਨ ਸਭਾ ਵਿੱਚ ਸਭ ਤੋਂ ਵੱਡੇ ਦਲ ਦੇ ਰੂਪ ਵਿੱਚ ਉਭਰੀ ਕਾਂਗਰਸ ਦੇ ਨੇਤਾ ਸ਼੍ਰੀ ਭਜਨ ਲਾਲ ਦੇ ਦਾਅਵੇ ਨੂੰ ਸਵੀਕਾਰ ਕਰਦੇ ਹੋਏ ਉਸ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ। ਚਾਹੇ ਕਿ ਸ਼੍ਰੀ ਭਜਨ ਲਾਲ ਨੂੰ ਆਪਣਾ ਬਹੁਮਤ ਸਿੱਧ ਕਰਨ ਲਈ 30 ਦਿਨ

**ਨੋਟ**

ਦਾ ਸਮਾਂ ਦਿੱਤਾ ਗਿਆ ਪਰ ਸ਼੍ਰੀ ਦੇਵੀ ਲਾਲ ਨੂੰ ਨਿਰਧਾਰਿਤ ਸਮੇਂ ਵਿੱਚ ਆਪਣਾ ਬਹੁਮਤ ਸਿੱਧ ਕਰਨ ਦਾ ਮੌਕਾ ਨਾ ਦੇਣ ਕਾਰਨ ਰਾਜਪਾਲ ਦਾ ਵਿਵਹਾਰ ਵਿਵਾਦਗ੍ਰਸਤ ਬਣ ਗਿਆ।

1983 ਵਿੱਚ ਕਰਨਾਟਕ ਅਤੇ ਸਿੱਕਮ ਦੇ ਰਾਜਪਾਲਾਂ ਦੇ ਵਿਵਹਾਰ ਨਾਲ ਉਨ੍ਹਾਂ ਦੀ ਪੱਖਪਾਤੀ ਅਤੇ ਵਿਵਾਦਗ੍ਰਸਤ ਭੂਮਿਕਾ ਦੀ ਝਲਕ ਮਿਲੀ। ਅਗਸਤ 1984 ਵਿੱਚ ਆਂਧਰਾ ਪ੍ਰਦੇਸ਼ ਦੇ ਰਾਜਪਾਲ ਸ਼੍ਰੀ ਰਾਮ ਲਾਲ ਨੇ ਮੁੱਖ ਮੰਤਰੀ ਸ਼੍ਰੀ ਐੱਨ. ਟੀ. ਰਾਮਾ ਰਾਓ ਨੂੰ ਸਦਨ ਵਿੱਚ ਆਪਣਾ ਬਹੁਮਤ ਸਿੱਧ ਕਰਨ ਦਾ ਮੌਕਾ ਦੇਣ ਤੋਂ ਬਿਨਾਂ ਹੀ ਅਹੁਦੇ ਤੋਂ ਹਟਾ ਦਿੱਤਾ, ਉਨ੍ਹਾਂ ਨੇ ਸ਼੍ਰੀ ਭਾਸਕਰ ਰਾਓ ਨੂੰ ਮੁੱਖ ਮੰਤਰੀ ਬਣਾ ਦਿੱਤਾ। ਰਾਜਪਾਲ ਦੇ ਇਸ ਵਿਵਹਾਰ ਕਾਰਨ ਇੰਨਾ ਸ਼ੋਰ-ਸ਼ਰਾਬਾ ਹੋਇਆ ਕਿ ਰਾਸ਼ਟਰਪਤੀ ਨੂੰ ਰਾਜਪਾਲ ਦੀ ਬਦਲੀ ਕਰਕੇ ਉਸ ਦੀ ਜਗ੍ਹਾ 'ਤੇ ਡਾ. ਸ਼ੰਕਰ ਦਿਆਲ ਸ਼ਰਮਾ ਨੂੰ ਰਾਜਪਾਲ ਨਿਯੁਕਤ ਕਰਨਾ ਪਿਆ। ਸ਼੍ਰੀ ਐੱਨ. ਟੀ. ਰਾਮਾ ਰਾਓ ਦੀ ਸਰਕਾਰ ਪੁਨਰ ਸਥਾਪਿਤ ਕਰ ਦਿੱਤੀ। ਅਪ੍ਰੈਲ 1989 ਵਿੱਚ ਕਰਨਾਟਕ ਦੇ ਰਾਜਪਾਲ ਨੇ ਸ਼੍ਰੀ ਐੱਸ. ਆਰ. ਬੋਮਈ ਦੀ ਸਰਕਾਰ ਨੂੰ ਬਹੁਮਤ ਸਿੱਧ ਕਰਨ ਦਾ ਠੀਕ ਮੌਕਾ ਦੇਣ ਤੋਂ ਬਿਨਾਂ ਹੀ ਭੰਗ ਕਰ ਦਿੱਤਾ ਪਰ ਨਾਲ ਹੀ ਰਾਜ ਵਿਧਾਨ ਸਭਾ ਭੰਗ ਕਰ ਦਿੱਤੀ।

ਇਸ ਤੋਂ ਵੀ ਜ਼ਿਆਦਾ 1971-2011 ਦੇ ਦੌਰਾਨ ਕੁਝ ਰਾਜਪਾਲ ਤਾਂ ਥੋਕ ਵਿੱਚ ਰਾਜ ਸਰਕਾਰਾਂ ਭੰਗ ਕਰਨ ਕਾਰਨ ਕੇਂਦਰ ਦੇ ਮੋਹਰੇ ਬਣ ਕੇ ਹੀ ਰਹਿ ਗਏ। ਕੇਂਦਰ ਸਰਕਾਰ ਨੇ ਆਪਣੀ ਇੱਛਾ ਅਨੁਸਾਰ ਰਾਜਪਾਲਾਂ ਦੀ ਨਿਯੁਕਤੀ ਕੀਤੀ, ਉਨ੍ਹਾਂ ਨੂੰ ਹਟਾਇਆ, ਬਦਲਿਆ ਅਤੇ ਉਨ੍ਹਾਂ ਦਾ ਬਦਲਾਅ ਕੀਤਾ। ਰਾਜਪਾਲ ਦਾ ਅਹੁਦਾ ਕਿਸੇ ਨਾ ਕਿਸੇ ਵਾਦ-ਵਿਵਾਦ ਦਾ ਕਾਰਨ ਬਣਿਆ ਰਿਹਾ। 1967 ਤੋਂ ਲੈ ਕੇ ਲਗਾਤਾਰ ਚੱਲੇ ਆਉਂਦੇ ਵਾਦ-ਵਿਵਾਦ ਕਾਰਨ, ਇਹ ਮੰਗ ਜ਼ੋਰ ਫੜ੍ਹ ਗਈ ਕਿ ਰਾਜਪਾਲ ਦਾ ਅਹੁਦਾ ਖਤਮ ਕੀਤਾ ਜਾਵੇ ਜਾਂ ਰਾਜਪਾਲ ਨੂੰ ਠੀਕ ਦਿਸ਼ਾ-ਨਿਰਦੇਸ਼ (ਇਕ ਸੰਹਿਤਾ) ਦਿੱਤੇ ਜਾਣ ਜਾਂ ਰਾਜਪਾਲ ਨੂੰ ਹਟਾਉਣ ਦੇ ਢੰਗ ਨੂੰ ਬਦਲਿਆ ਜਾਵੇ (ਤਾਂ ਕਿ ਉਸ ਨੂੰ ਕੇਂਦਰ ਤੋਂ ਸੁਤੰਤਰ ਬਣਾਇਆ ਜਾ ਸਕੇ) ਜਾਂ ਹੋਰ ਸੁਧਾਰ ਕੀਤੇ ਜਾਣ। ਅਸਲ ਵਿੱਚ ਗਵਰਨਰ ਦਾ ਅਹੁਦਾ ਹਾਲੇ ਵੀ ਇਕ ਵਿਵਾਦ ਦਾ ਕੇਂਦਰ ਬਣਿਆ ਹੋਇਆ ਹੈ। 1998-99 ਦੌਰਾਨ ਬਿਹਾਰ ਦੇ ਗਵਰਨਰ ਸ਼੍ਰੀ ਸੁੰਦਰ ਸਿੰਘ ਭੰਡਾਰੀ ਦਾ ਵਿਵਹਾਰ ਵਿਵਾਦਗ੍ਰਸਤ ਬਣਿਆ ਰਿਹਾ। ਉਸ ਤੋਂ ਪਹਿਲਾਂ 1996-97 ਦੇ ਦੌਰਾਨ ਯੂ. ਪੀ. ਦੇ ਗਵਰਨਰ ਸ਼੍ਰੀ ਰਮੇਸ਼ ਭੰਡਾਰੀ ਦਾ ਅਹੁਦਾ ਇਕ ਵੱਡੇ ਵਿਵਾਦ ਦਾ ਕਾਰਨ ਬਣਿਆ ਰਿਹਾ। 1999 ਵਿੱਚ ਪੱਛਮੀ ਬੰਗਾਲ ਦੇ ਨਵੇਂ ਗਵਰਨਰ ਦੀ ਨਿਯੁਕਤੀ ਸਮੇਂ ਵੀ ਇਕ ਵਿਵਾਦ ਖੜ੍ਹਾ ਹੋ ਗਿਆ। ਮਈ 2004 ਵਿੱਚ ਬਿਹਾਰ ਦੇ ਗਵਰਨਰ ਬੂਟਾ ਸਿੰਘ ਨੇ ਐੱਨ. ਡੀ. ਏ. ਦੇ ਨਿਤਿਸ਼ ਕੁਮਾਰ ਦੀ ਸਰਕਾਰ ਬਣਾਉਣ ਦਾ ਮੌਕਾ ਦਿੱਤੇ ਬਿਨਾਂ ਬਿਹਾਰ ਵਿਧਾਨ ਸਭਾ ਨੂੰ ਰਾਤੋ-ਰਾਤ ਭੰਗ ਕਰ ਦਿੱਤਾ। ਨਿਸ਼ਚਿਤ ਹੀ ਉਨ੍ਹਾਂ ਦਾ ਵਿਵਹਾਰ ਵਸਤੂਨਿਸ਼ਠ ਨਹੀਂ ਸੀ। ਕਰਨਾਟਕ ਦੇ ਰਾਜ ਪਾਲ ਹੰਸ ਰਾਜ ਭਾਰਦਵਾਜ 'ਤੇ ਵੀ ਦਲਗਤ ਭਾਵਨਾ ਨਾਲ ਪ੍ਰੇਰਿਤ ਹੋ ਕੇ ਕੰਮ ਕਰਨ ਦੇ ਦੋਸ਼ ਲੱਗੇ। ਗੁਜਰਾਤ ਦੀ ਵਰਤਮਾਨ ਰਾਜ ਪਾਲ ਕਮਲਾ ਬੈਨੀਵਾਲ ਵੱਲੋਂ ਰਾਜਪਾਲ ਦੀ ਨਿਯੁਕਤੀ ਵੀ ਵਿਵਾਦ ਦਾ ਕਾਰਨ ਬਣੀ। ਇਹ ਸਾਰੇ ਤੱਤ ਸਪੱਸ਼ਟ ਕਰਦੇ ਹਨ ਕਿ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਗਵਰਨਰ ਦਾ ਅਹੁਦਾ ਇਕ ਵਿਵਾਦਗ੍ਰਸਤ ਅਹੁਦਾ ਰਿਹਾ ਹੈ। ਇਸ ਵਿਵਾਦ ਪਿੱਛੇ ਮੁੱਖ ਕਾਰਨ ਇਹ ਰਿਹਾ ਹੈ ਕਿ ਰਾਜਪਾਲ ਨੂੰ ਇਕ ਦੋਹਰੀ ਭੂਮਿਕਾ ਨਿਭਾਉਣੀ ਪਈ ਹੈ-ਰਾਜ ਵਿੱਚ ਕੇਂਦਰ ਦੇ ਏਜੰਟ ਦੇ ਰੂਪ ਵਿੱਚ ਅਤੇ ਪ੍ਰਾਂਤ ਦੇ ਕਾਰਜ ਪਾਲਿਕਾ ਮੁਖੀਆ ਦੇ ਰੂਪ ਵਿੱਚ। ਇਸ ਦਾ ਇਕ ਹੋਰ ਮੁੱਖ ਕਾਰਨ ਇਹ ਵੀ ਹੈ ਕਿ ਕੇਂਦਰੀ ਸਰਕਾਰ ਆਪਣੇ ਸਮਰਥਕ ਰਾਜਨੀਤਿਕ ਨੇਤਾਵਾਂ ਦੀ ਨੀਤੀ 'ਤੇ ਚੱਲਦੀ ਰਹੀ ਹੈ। ਕੇਂਦਰ ਵਿੱਚ ਸਰਕਾਰ ਪਰਿਵਰਤਨ ਤੋਂ ਬਾਅਦ ਰਾਜਪਾਲਾਂ ਨੂੰ ਹਟਾਉਣ/ਪਰਿਵਰਤਨ ਕਰਨ ਦੀ ਪ੍ਰਕਿਰਿਆ ਇਹ ਸਪੱਸ਼ਟ ਦਿਖਾਉਂਦੀ ਹੈ ਕਿ ਰਾਜਪਾਲ ਦੇ ਅਹੁਦੇ ਨੂੰ ਇਕ ਰਾਜਨੀਤਿਕ ਰੂਪ ਪ੍ਰਾਪਤ ਹੋ ਚੁੱਕਾ ਹੈ ਅਤੇ ਰਾਜਪਾਲ ਆਪਣੇ ਉੱਚ ਅਹੁਦੇ 'ਤੇ ਬਿਰਾਜਮਾਨ ਹੋਣ ਦੇ ਬਾਵਜੂਦ ਰਾਜਨੀਤੀ ਵਿੱਚ ਸ਼ਾਮਿਲ ਰਹਿੰਦੇ ਹਨ ਅਤੇ ਕੇਂਦਰ ਸਰਕਾਰ ਰਾਜਪਾਲਾਂ ਵਿੱਚ ਰਾਜਨੀਤਿਕ ਭੂਮਿਕਾ ਦੀ ਉਮੀਦ ਵੀ ਕਰਦੀ ਹੈ। ਬਹੁਤ ਵਾਰ ਰਾਜਪਾਲ ਇਨ੍ਹਾਂ ਦੋਵਾਂ ਭੂਮਿਕਾਵਾਂ ਨੂੰ ਨਿਭਾਉਂਦੇ ਸਮੇਂ ਇਕ ਸੰਤੁਲਨ ਬਣਾਉਣ ਵਿੱਚ ਅਸਮਰਥ ਰਹਿੰਦਾ ਹੈ ਅਤੇ ਇਸੇ ਕਾਰਨ ਉਸ ਦਾ ਅਹੁਦਾ ਵਿਵਾਦਗ੍ਰਸਤ ਅਹੁਦਾ ਬਣ ਗਿਆ ਹੈ। ਅੱਜ ਵੀ ਗਵਰਨਰ ਦੇ ਅਹੁਦੇ ਦੇ ਸਬੰਧ ਵਿੱਚ ਕਈ ਸੁਧਾਰਾਂ ਦੀ ਮੰਗ ਕੀਤੀ ਜਾ ਰਹੀ ਹੈ ਕਿਉਂਕਿ ਇਹ ਜ਼ਰੂਰੀ ਸਮਝਿਆ ਜਾਂਦਾ ਹੈ ਕਿ ਗਵਰਨਰ ਅਹੁਦੇ ਨੂੰ ਵਿਵਾਦ ਰਹਿਤ ਬਣਾਇਆ ਜਾਵੇ। ਰਾਜਪਾਲਾਂ ਦੀ ਨਿਯੁਕਤੀ ਦੇ ਸਬੰਧ ਵਿੱਚ ਹੁਣ ਇਕ ਫੈਸਲਾ ਲਿਆ ਗਿਆ ਹੈ ਕਿ ਕਿਸੇ ਰਾਜ ਦਾ ਰਾਜਪਾਲ ਨਿਯੁਕਤ ਕਰਦੇ ਸਮੇਂ ਸੰਘ ਸਰਕਾਰ ਸਬੰਧਿਤ ਰਾਜ ਨੂੰ ਸਰਕਾਰ ਦੀ ਸਲਾਹ 'ਤੇ ਹਮੇਸ਼ਾ ਧਿਆਨ ਦੇਵੇਗਾ।

### ਰਾਜਪਾਲ ਦੀ ਭੂਮਿਕਾ ਦੇ ਬਾਰੇ ਰਾਜਾਮਨਾਰ ਸੰਮਤੀ ਦੀ ਰਿਪੋਰਟ
### (Role of Governor: Report of Rajamannar Committee)

ਰਾਜਾਮਨਾਰ ਸੰਮਤੀ ਨੇ ਆਪਣੀ ਰਿਪੋਰਟ ਵਿੱਚ ਇਹ ਸੁਝਾਅ ਦਿੱਤਾ ਕਿ ਰਾਸ਼ਟਰਪਤੀ ਨੂੰ ਚਾਹੀਦਾ ਹੈ ਕਿ ਰਾਜਪਾਲ ਨੂੰ ਨਿਰਦੇਸ਼ ਜਾਰੀ ਕਰੇ ਜਿਨ੍ਹਾਂ ਵੱਲੋਂ ਰਾਜਪਾਲ ਨੂੰ ਇਹ ਦਿਸ਼ਾ ਨਿਰਦੇਸ਼ ਜਾਂ ਸਿਧਾਂਤ ਦਿੱਤੇ ਜਾਣ ਜਿਨ੍ਹਾਂ ਅਨੁਸਾਰ ਰਾਜਪਾਲ ਆਪਣੇ ਖੁਦ ਸਵ-ਵਿਵੇਕ ਦੇ ਅਧਿਕਾਰਾਂ ਦਾ ਇਸਤੇਮਾਲ ਕਰਦੇ ਸਮੇਂ ਆਪਣੇ ਸਾਰੇ ਕੰਮ ਚੰਗੀ ਤਰ੍ਹਾਂ ਅਤੇ ਨਿਰਪੱਖਤਾ ਨਾਲ ਨਿਭਾਏ। ਇਸ ਤੋਂ ਅੱਗੇ, ਰਿਪੋਰਟ ਵਿੱਚ ਕਿਹਾ ਗਿਆ ਕਿ ਦਿਸ਼ਾ ਨਿਰਦੇਸ਼ਾਂ ਵਿੱਚ ਇਨ੍ਹਾਂ ਗੱਲਾਂ ਦਾ ਵਿਸ਼ੇਸ਼ ਰੂਪ ਵਿੱਚ ਵਰਨਣ ਹੋਣਾ ਚਾਹੀਦਾ ਹੈ ਕਿ-

(ੳ) ਰਾਜਪਾਲ ਨੂੰ ਉਸ ਨੇਤਾ ਨੂੰ ਹੀ ਮੁੱਖ ਮੰਤਰੀ ਨਿਯੁਕਤ ਕਰਨਾ ਚਾਹੀਦਾ ਹੈ ਜੋ ਰਾਜ ਵਿਧਾਨ ਸਭਾ ਵਿੱਚ ਪੂਰੇ ਬਹੁਮਤ ਵਾਲੇ ਦਲ ਦਾ ਨੇਤਾ ਹੋਵੇ।

ਨੋਟ

(ਖ) ਜਦੋਂ ਰਾਜਪਾਲ ਨੂੰ ਇਸ ਗੱਲ ਦਾ ਭਰੋਸਾ ਹੋਵੇ ਕਿ ਰਾਜ ਵਿਧਾਨ ਸਭਾ ਵਿੱਚ ਕਿਸੇ ਵੀ ਦਲ ਨੂੰ ਪੂਰਾ ਬਹੁਮਤ ਪ੍ਰਾਪਤ ਨਹੀਂ, ਇਸ ਨੂੰ ਆਪਣੇ ਆਪ ਵਿਧਾਨ ਸਭਾ ਦਾ ਅਧਿਵੇਸ਼ਨ ਬੁਲਾਉਣਾ ਚਾਹੀਦਾ ਹੈ ਜੋ ਕਿ ਮੁੱਖ ਮੰਤਰੀ ਦੀ ਚੋਣ ਅਤੇ ਇਸ ਤਰ੍ਹਾਂ ਚੁਣੇ ਗਏ ਵਿਅਕਤੀ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ।

(ਗ) ਮੁੱਖ ਮੰਤਰੀ ਵੱਲੋਂ ਕਿਸੇ ਵੀ ਮੰਤਰੀ ਨੂੰ ਅਹੁਦੇ ਤੋਂ ਹਟਾਉਣ ਦੀ ਸਿਫਾਰਿਸ਼ ਰਾਜਪਾਲ ਵੱਲੋਂ ਸਵੀਕਾਰ ਕੀਤੀ ਜਾਣੀ ਚਾਹੀਦੀ ਹੈ।

(ਘ) ਜਦੋਂ ਰਾਜਪਾਲ ਨੂੰ ਕਿਸੇ ਵੀ ਸਮੇਂ ਮਹਿਸੂਸ ਹੋਵੇ ਕਿ ਮੁੱਖ ਮੰਤਰੀ ਵਿਧਾਨ ਸਭਾ ਦੇ ਮੈਂਬਰਾਂ ਦੇ ਬਹੁਮਤ ਦਾ ਵਿਸ਼ਵਾਸ ਗੁਆ ਚੁੱਕਾ ਹੈ ਕਿ ਤਾਂ ਰਾਜਪਾਲ ਨੂੰ ਤੁਰੰਤ ਆਪਣੇ ਰੂਪ ਵਿੱਚ ਵਿਧਾਨ ਸਭਾ ਦਾ ਅਧਿਵੇਸ਼ਨ ਬੁਲਾਉਣਾ ਚਾਹੀਦਾ ਹੈ ਅਤੇ ਮੁੱਖ ਮੰਤਰੀ ਨੂੰ ਨਿਰਦੇਸ਼ ਦੇਣਾ ਚਾਹੀਦਾ ਹੈ।

(ਙ) ਜੇਕਰ ਮੁੱਖ ਮੰਤਰੀ ਭਰੋਸੇ ਦਾ ਪ੍ਰਸਤਾਵ ਪਾਸ ਕਰਵਾਉਣ ਵਿੱਚ ਅਸਫਲ ਹੋ ਜਾਂਦਾ ਹੈ ਤਾਂ ਰਾਜਪਾਲ ਨੂੰ ਚਾਹੀਦਾ ਹੈ ਕਿ ਉਹ ਮੁੱਖ ਮੰਤਰੀ ਅਤੇ ਉਸ ਦੀ ਅਗਵਾਈ ਵਾਲੀ ਮੰਤਰੀ ਪ੍ਰੀਸ਼ਦ ਨੂੰ ਭੰਗ ਕਰ ਦੇਵੇ ਪਰ ਉਹ ਸਿਫਾਰਿਸ਼ਾਂ ਸਵੀਕਾਰ ਨਹੀਂ ਕੀਤੀਆਂ ਗਈਆਂ।

**ਕੁਝ ਸੁਝਾਅ (Some Suggestions)**

ਰਾਜਪਾਲ ਦੇ ਅਹੁਦੇ ਨਾਲ ਸਬੰਧਿਤ ਸੰਵਿਧਾਨਿਕ ਪ੍ਰਬੰਧਾਂ ਵਿੱਚ ਸੋਧ ਲਈ ਕਈ ਹੋਰ ਸੁਝਾਅ ਦਿੱਤੇ ਜਾ ਸਕਦੇ ਹਨ ਜਿਵੇਂ–

*(i)* ਰਾਜਨੀਤੀ ਤੋਂ ਸੰਨਿਆਸ ਲੈ ਚੁੱਕੇ ਨੇਤਾਵਾਂ, ਸਰਗਰਮ ਰਾਜ ਨੇਤਾਵਾਂ, ਸਾਬਕਾ ਮੰਤਰੀਆਂ, ਸਾਬਕਾ ਮੁੱਖ ਮੰਤਰੀਆਂ, ਸੇਵਾਮੁਕਤ ਹੋਏ ਵਿਵਾਦਾਂ ਨਾਲ ਘਿਰੇ ਸਰਕਾਰੀ ਅਫਸਰਾਂ ਅਤੇ ਜੋ ਵਿਅਕਤੀ ਸੰਸਦੀ ਪ੍ਰਣਾਲੀ ਦੇ ਨਿਯਮਾਂ ਅਤੇ ਕਾਨੂੰਨਾਂ ਸਬੰਧੀ ਅਣਜਾਣ ਹੋਣ, ਨੂੰ ਰਾਜਪਾਲ ਦੇ ਅਹੁਦੇ 'ਤੇ ਨਿਯੁਕਤ ਕਦੇ ਨਹੀਂ ਕੀਤਾ ਜਾਣਾ ਚਾਹੀਦਾ।

ਰਾਜਪਾਲ ਦੀ ਨਿਯੁਕਤੀ ਸਮਾਜ ਸੇਵਕਾਂ, ਕਾਨੂੰਨ-ਸ਼ਾਸਤਰੀਆਂ, ਬੁੱਧੀਜੀਵੀਆਂ, ਰਾਜਨੀਤਿਕ ਸੂਝ-ਬੂਝ ਵਾਲੇ ਵਿਅਕਤੀਆਂ, ਵਕੀਲਾਂ, ਸੇਵਾਮੁਕਤ ਸੈਨਿਕ ਅਧਿਕਾਰੀਆਂ ਆਦਿ ਵਿੱਚ ਕੀਤੀ ਜਾਣੀ ਚਾਹੀਦੀ ਹੈ।

*(ii)* ਸੰਘ ਦੇ ਕੰਟਰੋਲ ਤੋਂ ਰਾਜਪਾਲਾਂ ਨੂੰ ਮੁਕਤ ਕਰਨ ਲਈ ਰਾਜਪਾਲ ਦੇ ਅਹੁਦੇ ਦਾ ਸਮਾਂ ਰਾਸ਼ਟਰਪਤੀ ਦੀ ਇੱਛਾ 'ਤੇ ਨਿਰਭਰ ਰਹਿਣ ਦੀ ਜਗ੍ਹਾ 'ਤੇ ਜਾਂ ਤਾਂ ਉਸ ਦੇ ਅਹੁਦੇ ਦਾ ਸਮਾਂ ਨਿਸ਼ਚਿਤ ਸਮੇਂ ਲਈ ਕਰ ਦੇਣਾ ਚਾਹੀਦਾ ਹੈ ਜਾਂ ਉਸ ਨੂੰ ਹਟਾਉਣ ਲਈ ਮਹਾਭਿਯੋਗ ਪ੍ਰਣਾਲੀ ਲਿਆਉਣ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ।

*(iii)* ਰਾਜਪਾਲ ਨੂੰ ਆਪਣੇ ਸਵ-ਵਿਵੇਕ ਅਧਿਕਾਰਾਂ ਦਾ ਇਸਤੇਮਾਲ ਰਾਜ ਪ੍ਰਸ਼ਾਸਨ ਦੀ ਕਾਰਜਕੁਸ਼ਲਤਾ ਦੇ ਹਿੱਤ ਵਿੱਚ ਅਤੇ ਲੋਕਤੰਤਰੀ ਪ੍ਰੰਪਰਾਵਾਂ ਦੇ ਅਨੁਸਾਰ ਵਸਤੂਨਿਸ਼ਠ ਰੂਪ ਵਿੱਚ ਕਰਨਾ ਚਾਹੀਦਾ ਹੈ।

*(iv)* ਇਕ ਰਾਜਪਾਲ ਨੂੰ 'ਕੇਂਦਰੀ ਰੇਖਾ' ਦੇ ਅਨੁਸਾਰ ਚੱਲਣ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ ਅਤੇ ਹਮੇਸ਼ਾ ਸੰਵਿਧਾਨ ਦੀਆਂ ਵਿਵਸਥਾਵਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ।

*(v)* ਸੰਘ ਸਰਕਾਰ ਨੂੰ ਰਾਜਪਾਲਾਂ ਨੂੰ ਅਪਮਾਨਜਨਕ ਢੰਗ ਨਾਲ ਅਹੁਦੇ ਤੋਂ ਹਟਾਉਣ ਦੀ ਕਾਰਵਾਈ ਤੋਂ ਸੰਕੋਚ ਕਰਨਾ ਚਾਹੀਦਾ ਹੈ। ਇਸ ਨੂੰ ਰਾਜਪਾਲਾਂ ਨੂੰ ਰਾਜਨੀਤਿਕ ਉਦੇਸ਼ਾਂ ਲਈ ਇਸਤੇਮਾਲ ਕਰਨ ਤੋਂ ਦੂਰ ਰਹਿਣਾ ਚਾਹੀਦਾ ਹੈ। ਰਾਜ ਸਰਕਾਰ ਦੇ ਪ੍ਰਸ਼ਾਸਨ ਵਿੱਚ ਰਾਜਪਾਲਾਂ ਦੇ ਅਹੁਦੇ ਨੂੰ ਇਸਤੇਮਾਲ ਕਰਕੇ ਕੇਂਦਰ ਦੀ ਦਖਲਅੰਦਾਜ਼ੀ ਦਾ ਹਮੇਸ਼ਾ ਹੀ ਉਲਟ ਪ੍ਰਭਾਵ ਹੁੰਦਾ ਹੈ। ਇਨ੍ਹਾਂ ਦਖਲਅੰਦਾਜ਼ੀਆਂ ਨੇ ਖੇਤਰੀ ਦਲਾਂ ਦੇ ਉਭਰਨ ਅਤੇ ਖੇਤਰਵਾਦ ਨੂੰ ਉਭਾਰਨ ਵਿੱਚ ਸਹਾਇਤਾ ਕੀਤੀ ਹੈ।

*(vi)* ਰਾਜ ਸਰਕਾਰਾਂ ਵਿਰੁੱਧ ਅਨੁਛੇਦ 356 ਦਾ ਇਸਤੇਮਾਲ ਮੁਸ਼ਕਿਲ ਬਣਾਇਆ ਜਾਣਾ ਚਾਹੀਦਾ ਹੈ। ਇਸ ਨਾਲ ਰਾਜਾਂ ਵਿੱਚ ਕੇਂਦਰ ਦੀ ਦਖਲਅੰਦਾਜ਼ੀ ਮੌਕੇ ਘੱਟ ਹੋ ਜਾਣਗੇ ਪਰ ਨਾਲ ਹੀ ਰਾਜਪਾਲ ਦੇ ਸਵ-ਵਿਵੇਕ ਅਧਿਕਾਰਾਂ ਦੇ ਇਸਤੇਮਾਲ ਦੇ ਮੌਕੇ ਵੀ ਘੱਟ ਕੀਤੇ ਜਾਣੇ ਚਾਹੀਦੇ ਹਨ।

*(vii)* ਸਧਾਰਣ ਰੂਪ ਵਿੱਚ ਰਾਜ ਦੀ ਕਾਰਜਪਾਲਿਕਾ (ਸਰਕਾਰ) ਦਾ ਸੰਵਿਧਾਨਿਕ ਅਤੇ ਨਾਮਾਤਰ ਦਾ ਮੁਖੀਆ ਹੋਣ ਕਾਰਨ ਰਾਜਪਾਲ ਨੂੰ ਰਾਜ ਦੇ ਮੁੱਖ ਮੰਤਰੀ ਦੀ ਸਲਾਹ ਦੇ ਅਨੁਸਾਰ ਕੰਮ ਕਰਨਾ ਚਾਹੀਦਾ ਹੈ।

*(viii)* ਸੰਘ ਰਾਜ ਸਬੰਧਾਂ ਦੇ ਖੇਤਰ ਵਿੱਚ ਰਾਜਪਾਲ ਨੂੰ ਰਾਜ ਦਾ ਮੁਖੀਆ ਹੋਣ ਦੇ ਨਾਤੇ ਜ਼ਿਆਦਾ ਤੋਂ ਜ਼ਿਆਦਾ ਸੰਭਵ ਹੱਦ ਤੱਕ ਰਾਜ ਦੇ ਸੁਰੱਖਿਅਤ ਕਰਨੇ ਚਾਹੀਦੇ ਹਨ ਅਤੇ ਰਾਜ ਵਿੱਚ ਕੇਂਦਰ ਦੇ ਏਜੰਟ ਦੇ ਰੂਪ ਵਿੱਚ ਕੰਮ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ।

*(ix)* ਕੇਂਦਰ ਵਿੱਚ ਸਰਕਾਰ ਬਦਲਣ ਦੇ ਨਾਲ ਹੀ ਰਾਜਪਾਲਾਂ ਦੇ ਬਦਲਣ ਦੇ ਵਿਵਹਾਰ ਕਾਰਨ ਇਸ ਅਹੁਦੇ 'ਤੇ ਇਕ ਵਿਸ਼ੇਸ਼ ਤਰ੍ਹਾਂ ਦਾ ਪੱਖਪਾਤੀ ਪ੍ਰਭਾਵ ਪਿਆ ਹੈ ਅਤੇ ਇਸ ਨਾਲ ਰਾਜਪਾਲਾਂ ਦੇ ਕੇਂਦਰ ਵਿੱਚ ਰਾਜਨੀਤਿਕ ਢਾਂਚੇ ਦੇ ਇਕ ਭਾਗ

**ਨੋਟ**

ਦਾ ਸਵਰੂਪ ਮਿਲਿਆ। ਇਸ ਨਾਲ ਰਾਜਪਾਲ ਦੇ ਅਹੁਦੇ ਦਾ ਪੱਧਰ ਘੱਟ ਹੋਇਆ ਹੈ ਅਤੇ ਇਸ ਦਾ ਰਾਜਨੀਤੀਕਰਣ ਹੋ ਗਿਆ ਹੈ। ਇਸ ਕਾਰਨ ਅਜਿਹੀ ਇਕ ਨੀਤੀ ਜਾਂ ਵਿਵਹਾਰ ਨੂੰ ਇਕਦਮ ਰੋਕ ਦੇਣਾ ਚਾਹੀਦਾ ਹੈ। ਰਾਸ਼ਟਰਪਤੀ ਨੂੰ ਇਸ ਸਬੰਧ ਵਿੱਚ ਆਪਣੇ ਅਹੁਦੇ ਦੇ ਆਧਾਰ 'ਤੇ ਕੰਮ ਕਰਨਾ ਚਾਹੀਦਾ ਹੈ ਅਤੇ ਸੰਘੀ ਮੰਤਰੀ ਪ੍ਰੀਸ਼ਦ ਨੂੰ ਅਜਿਹਾ ਨਾ ਕਰਨ ਦੀ ਸਲਾਹ ਅਤੇ ਨਿਰਦੇਸ਼ ਦੇਣਾ ਚਾਹੀਦਾ ਹੈ।

*(x)* ਸੰਵਿਧਾਨ ਦੇ ਅਨੁਛੇਦ 200 ਅਤੇ 201 ਜੋ ਰਾਜਪਾਲ ਨੂੰ ਰਾਜ ਦੇ ਕੁਝ ਤਰ੍ਹਾਂ ਦੇ ਬਿੱਲਾਂ ਨੂੰ ਰਾਸ਼ਟਰਪਤੀ ਦੀ ਸਹਿਮਤੀ ਲਈ ਸੁਰੱਖਿਅਤ ਕਰਨ ਦਾ ਅਧਿਕਾਰ ਦਿੰਦੇ ਹਨ, ਕੇਂਦਰ ਰਾਜ ਟਕਰਾਅ ਅਤੇ ਰਾਜਪਾਲ ਦੇ ਅਹੁਦੇ ਨੂੰ ਵਿਵਾਦਗ੍ਰਸਤ ਬਣਾਉਣ ਦਾ ਸਰੋਤ ਰਹੇ ਹਨ। ਇਸ ਲਈ ਇਨ੍ਹਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ।

*(xi)* ਸੇਵਾਮੁਕਤ ਰਾਜਪਾਲਾਂ ਦੇ ਸਰਗਰਮ ਰਾਜਨੀਤੀ ਵਿੱਚ ਪੁਨਰ ਸ਼ਾਮਿਲ ਹੋਣ ਦੇ ਵਿਵਹਾਰ 'ਤੇ ਸੰਵਿਧਾਨਿਕ ਪ੍ਰਤੀਬੰਧ ਲਗਾਉਣਾ ਚਾਹੀਦਾ ਹੈ। ਕਿਸੇ ਵੀ ਸੇਵਾਮੁਕਤ ਰਾਜਪਾਲ ਨੂੰ ਕੋਈ ਰਾਜਨੀਤਿਕ ਅਹੁਦਾ ਨਹੀਂ ਦਿੱਤਾ ਜਾਣਾ ਚਾਹੀਦਾ। ਇਹ ਸੁਝਾਅ ਅਤੇ ਘੱਟ ਤੋਂ ਘੱਟ ਇਨ੍ਹਾਂ ਵਿੱਚੋਂ ਕੁਝ ਸੁਝਾਅ ਰਾਜਪਾਲ ਦੇ ਅਹੁਦੇ ਨੂੰ ਉਨ੍ਹਾਂ ਵਿਵਾਦਾਂ ਅਤੇ ਟਕਰਾਅ ਤੋਂ ਮੁਕਤ ਕਰਨ ਦਾ ਸਮਰਥਨ ਰੱਖਦੇ ਹਨ ਜੋ ਕਿ ਪਿਛਲੇ ਲਗਭਗ ਛੇ ਦਹਾਕਿਆਂ ਤੋਂ ਇਸ ਅਹੁਦੇ ਨਾਲ ਜੁੜੇ ਚੱਲੇ ਆ ਰਹੇ ਹਨ। ਜ਼ਰੂਰਤ ਇਸ ਗੱਲ ਦੀ ਹੈ ਕਿ ਇਨ੍ਹਾਂ ਦੀ ਜ਼ਰੂਰਤ ਅਤੇ ਲਾਭ ਦਾ ਵਿਸ਼ਲੇਸ਼ਣ ਲਿਆ ਜਾਵੇ। ਇਸ ਦੌਰਾਨ ਹਰੇਕ ਰਾਜਪਾਲ ਨੂੰ ਖੁਦ ਇਨ੍ਹਾਂ ਵਿੱਚੋਂ ਕੁਝ ਸੁਝਾਅ ਅਤੇ ਉਨ੍ਹਾਂ ਸਿਧਾਂਤਾਂ ਦੇ ਰੂਪ ਵਿੱਚ ਵਿਵਹਾਰ ਸ਼ੁਰੂ ਕਰ ਦੇਣਾ ਚਾਹੀਦਾ ਹੈ, ਜਿਨ੍ਹਾਂ ਦੇ ਅਧਾਰ 'ਤੇ ਉਨ੍ਹਾਂ ਨੂੰ ਕੇਂਦਰ ਅਤੇ ਰਾਜਾਂ ਵਿੱਚ ਸੰਪਰਕ ਸੂਤਰ (ਰਾਜ ਵਿੱਚ ਕੇਂਦਰ ਦੇ ਏਜੰਟ ਦੇ ਰੂਪ ਵਿੱਚ ਨਹੀਂ) ਦੇ ਰੂਪ ਵਿੱਚ ਅਤੇ ਰਾਜ ਦੇ ਸੰਵਿਧਾਨਿਕ ਮੁਖੀਆ ਦੇ ਰੂਪ ਵਿੱਚ ਆਪਣੇ ਨਿਰਮਾਣ ਖੁਦ ਲੈਣੇ ਚਾਹੀਦੇ ਹਨ ਅਤੇ ਸੰਵਿਧਾਨ ਵੱਲੋਂ ਸਥਾਪਿਤ ਸੰਸਦੀ ਸਵਰੂਪ ਦੀ ਸਰਕਾਰ ਦੇ ਨਿਯਮਾਂ ਅਤੇ ਪ੍ਰੰਪਰਾਵਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ।

ਰਾਜਪਾਲ ਦੇ ਅਹੁਦੇ ਦੇ ਸਬੰਧ ਵਿੱਚ ਰਾਜਾਂ ਦੇ ਰਾਜਪਾਲਾਂ ਨੂੰ ਮਿਲ ਕੇ ਇਕ ਵਿਵਹਾਰ ਸੰਹਿਤਾ ਅਪਣਾਉਣੀ ਚਾਹੀਦੀ ਹੈ ਅਤੇ ਇਸ ਦੇ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਰਾਜਪਾਲ ਦਾ ਅਹੁਦਾ ਇਕ ਗੌਰਵਸ਼ਾਲੀ ਅਤੇ ਸਮਾਨਜਨਕ ਅਹੁਦਾ ਹੈ ਅਤੇ ਹਰੇਕ ਰਾਜ ਦੇ ਰਾਜਪਾਲ ਨੂੰ ਆਪਣੇ-ਆਪ ਸੰਵਿਧਾਨ ਵੱਲੋਂ ਨਿਰਧਾਰਿਤ ਵਿਵਹਾਰ ਦੇ ਅਨੁਸਾਰ ਨਿਰਪੱਖ ਅਤੇ ਵਸਤੂਨਿਸ਼ਠ ਰੂਪ ਵਿੱਚ ਕੰਮ ਕਰਨ ਲਈ ਅੱਗੇ ਆਉਂਣਾ ਚਾਹੀਦਾ ਹੈ। ਉਨ੍ਹਾਂ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਆਪਣੇ ਫੈਸਲੇ ਲੈਣੇ ਚਾਹੀਦੇ ਹਨ। ਅਜਿਹਾ ਕਰਕੇ ਉਹ ਭਾਰਤੀ ਸੰਸਦੀ ਲੋਕਤੰਤਰ ਅਤੇ ਸੰਘਾਤਮਕ ਵਿਵਸਥਾ ਨੂੰ ਸਫਲ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾ ਸਕਦੇ ਹਨ। ਹੁਣ ਉਪਚਾਰਿਕ ਰੂਪ ਵਿੱਚ ਇਹ ਫੈਸਲਾ ਕੀਤਾ ਗਿਆ ਹੈ ਕਿ ਕੇਂਦਰ ਕਿਸੇ ਰਾਜ ਦੇ ਰਾਜਪਾਲਾਂ ਦੀ ਨਿਯੁਕਤੀ ਕਰਦੇ ਸਮੇਂ ਸਬੰਧਿਤ ਰਾਜ ਦੇ ਮੁੱਖ ਮੰਤਰੀ ਅਤੇ ਮੰਤਰੀ ਪ੍ਰੀਸ਼ਦ ਦੀ ਸਲਾਹ ਅਨੁਸਾਰ ਫੈਸਲਾ ਲੈਣ ਦੇ ਹਰੇਕ ਸੰਭਵ ਯਤਨ ਕਰੇਗੀ ਅਤੇ ਕੇਂਦਰ ਲਈ ਅਜਿਹੀ ਸਲਾਹ ਲੈਣਾ ਜ਼ਰੂਰੀ ਹੋਵੇਗਾ। ਇਸ ਫੈਸਲੇ ਨਾਲ ਰਾਜਪਾਲ ਦੇ ਅਹੁਦੇ ਦੇ ਸਬੰਧ ਵਿੱਚ ਰਾਜ ਸਰਕਾਰ ਦਾ ਭਰੋਸਾ ਵਧੇਗਾ ਅਤੇ ਗਵਰਨਰ ਦੇ ਅਹੁਦੇ ਦੇ ਸਨਮਾਨ ਵਿੱਚ ਵਾਧਾ ਹੋਵੇਗਾ। ਸਭ ਤੋਂ ਵੱਡੀ ਜ਼ਰੂਰਤ ਇਹ ਹੈ ਕਿ ਰਾਜਪਾਲਾਂ ਨੂੰ ਖੁਦ ਅੱਗੇ ਆ ਕੇ ਆਪਣੇ ਅਹੁਦੇ ਦੇ ਉੱਚੇ ਸਨਮਾਨ ਨੂੰ ਬਣਾਈ ਰੱਖਣਾ ਚਾਹੀਦਾ ਹੈ ਅਤੇ ਕੋਈ ਵੀ ਫੈਸਲਾ ਕਿਸੇ ਵੀ ਰਾਜਨੀਤਿਕ ਪੱਖ ਨਾਲ ਪ੍ਰਭਾਵਿਤ ਹੋ ਕੇ ਨਹੀਂ ਕਰਨਾ ਚਾਹੀਦਾ। ਹਰੇਕ ਫੈਸਲੇ ਨਾਲ ਸਬੰਧਿਤ ਰਾਜ ਦੇ ਹਿੱਤ ਅਤੇ ਭਾਰਤੀ ਸੰਘ ਦੇ ਸਮੁਚਿਤ ਹਿੱਤ ਨੂੰ ਸਾਹਮਣੇ ਰੱਖ ਕੇ ਵਸਤੂਨਿਸ਼ਠ ਨਾਲ ਕੀਤਾ ਜਾਣਾ ਚਾਹੀਦਾ ਹੈ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

4. 'ਹਰੇਕ ਰਾਜ ਦਾ ਇਕ ਰਾਜਪਾਲ ਹੋਵੇਗਾ', ਇਹ ਪ੍ਰਬੰਧ ਸੰਵਿਧਾਨ ਦੇ ਕਿਸ ਅਨੁਛੇਦ ਵੱਲੋਂ ਕੀਤਾ ਗਿਆ ਹੈ?

   (ਅ) ਅਨੁਛੇਦ 152 (ਬ) ਅਨੁਛੇਦ 153

   (ਸ) ਅਨੁਛੇਦ 154 (ਦ) ਅਨੁਛੇਦ 159

5. ਮੁੱਖ ਮੰਤਰੀ ਦੀ ਨਿਯੁਕਤੀ ਕੌਣ ਕਰਦਾ ਹੈ?

   (ਅ) ਰਾਜਪਾਲ (ਬ) ਉੱਚ ਅਦਾਲਤ ਦਾ ਜੱਜ

   (ਸ) ਨਾ ਤਾਂ (ਅ) ਨਾ (ਬ) (ਦ) ਉਪਰੋਕਤ ਵਿੱਚੋਂ ਕੋਈ ਨਹੀਂ

6. ਰਾਜਪਾਲ ਨੂੰ ਉਸ ਨੇਤਾ ਨੂੰ ਹੀ ਮੁੱਖ ਮੰਤਰੀ ਨਿਯੁਕਤ ਕਰਨਾ ਚਾਹੀਦਾ-

   (ਅ) ਜਿਸ ਕੋਲ ਸਭ ਤੋਂ ਜ਼ਿਆਦਾ ਸੀਟਾਂ ਹੋਣ (ਬ) ਜਿਸ ਨੇ ਬਹੁਮਤ ਪ੍ਰਾਪਤ ਕੀਤਾ ਹੋਵੇ

   (ਸ) ਜਿਸ ਕੋਲ ਸਭ ਤੋਂ ਘੱਟ ਸੀਟਾਂ ਹੋਣ (ਦ) ਉਪਰੋਕਤ ਵਿੱਚੋਂ ਕੋਈ ਨਹੀਂ।

ਨੋਟ

## 11.4 ਰਾਜ ਮੰਤਰੀ-ਪ੍ਰੀਸ਼ਦ (State Council of Ministers)

ਭਾਰਤ ਦਾ ਸੰਵਿਧਾਨ ਰਾਜ ਪੱਧਰ 'ਤੇ ਵੀ ਸੰਸਦੀ ਰੂਪ ਦੀ ਸਰਕਾਰ ਸੰਗਠਿਤ ਕਰਨ ਦਾ ਪ੍ਰਬੰਧ ਕਰਦਾ ਹੈ। ਉਹ ਇਹ ਪ੍ਰਬੰਧ ਕਰਦਾ ਹੈ ਕਿ ਰਾਜ ਦਾ ਰਾਜਪਾਲ ਰਾਜ ਦੀ ਕਾਰਜਪਾਲਿਕਾ ਦਾ ਸੰਵਿਧਾਨਿਕ ਅਤੇ ਨਾਮਾਤਰ ਦਾ ਮੁਖੀਆ ਹੋਵੇਗਾ ਅਤੇ ਅਸਲੀ ਕਾਰਜ ਪਾਲਿਕਾ ਸ਼ਕਤੀਆਂ ਦਾ ਇਸਤੇਮਾਲ ਮੁੱਖ ਮੰਤਰੀ ਦੀ ਅਗਵਾਈ ਵਿੱਚ ਰਾਜ ਮੰਤਰੀ ਪ੍ਰੀਸ਼ਦ ਕਰੇਗੀ। ਅਨੁਛੇਦ 163 ਦੇ ਅਨੁਸਾਰ ਭਾਰਤ ਦਾ ਸੰਵਿਧਾਨ ਹਰੇਕ ਰਾਜ ਲਈ ਇਕ ਮੰਤਰੀ ਪ੍ਰੀਸ਼ਦ ਦਾ ਪ੍ਰਬੰਧ ਕਰਦਾ ਹੈ। ਇਹ ਕਹਿੰਦਾ ਹੈ, "ਰਾਜਪਾਲ ਦੀ ਸਵ-ਵਿਵੇਕ ਸ਼ਕਤੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਸ਼ਕਤੀਆਂ ਦੇ ਇਸਤੇਮਾਲ ਦੇ ਸਬੰਧ ਵਿੱਚ ਰਾਜਪਾਲ ਦੀ ਸਲਾਹ ਅਤੇ ਸਹਾਇਤਾ ਕਰਨ ਲਈ ਮੁੱਖ ਮੰਤਰੀ ਦੀ ਅਗਵਾਈ ਵਿੱਚ ਮੰਤਰੀ ਪ੍ਰੀਸ਼ਦ ਹੋਵੇਗੀ।" ਸਧਾਰਣ ਤੌਰ 'ਤੇ ਰਾਜਪਾਲ ਆਪਣੇ ਸਾਰੇ ਕੰਮ ਰਾਜ ਮੰਤਰੀ ਪ੍ਰੀਸ਼ਦ ਅਸਲ ਵਿੱਚ ਮੁੱਖ ਮੰਤਰੀ ਦੀ ਸਲਾਹ ਨਾਲ ਕਰਦਾ ਹੈ।

### ਸੰਗਠਨ (Organisation)

1. **ਰਾਜ ਦੀ ਮੰਤਰੀ ਪ੍ਰੀਸ਼ਦ ਦੀ ਰਚਨਾ** (Formation of a State Council of Ministers)- ਰਾਜ ਪੱਧਰ 'ਤੇ ਮੰਤਰੀ ਪ੍ਰੀਸ਼ਦ ਦਾ ਨਿਰਮਾਣ ਸੰਘੀ ਮੰਤਰੀ ਪ੍ਰੀਸ਼ਦ ਦੇ ਬਰਾਬਰ ਹੀ ਕੀਤਾ ਜਾਂਦਾ ਹੈ। ਸਧਾਰਣ ਚੋਣਾਂ ਤੋਂ ਬਾਅਦ ਜੋ ਦਲ ਰਾਜ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਕਰ ਲੈਂਦਾ ਹੈ, ਉਹ ਆਪਣਾ ਨੇਤਾ ਚੁਣਦਾ ਹੈ। ਇਸ 'ਤੇ ਰਾਜਪਾਲ ਉਸ ਨੂੰ ਮੁੱਖ ਮੰਤਰੀ ਨਿਯੁਕਤ ਕਰਦਾ ਹੈ ਜੋ ਆਪਣੇ ਮੰਤਰੀਆਂ ਦੀ ਸੂਚੀ ਤਿਆਰ ਕਰਦਾ ਹੈ ਅਤੇ ਅਜਿਹੀ ਸੂਚੀ ਰਾਜਪਾਲ ਨੂੰ ਦੇ ਦਿੰਦਾ ਹੈ। ਫਿਰ ਰਾਜਪਾਲ ਉਨ੍ਹਾਂ ਨੂੰ ਉਪਚਾਰਿਕ ਰੂਪ ਵਿੱਚ ਮੰਤਰੀ ਨਿਯੁਕਤ ਕਰ ਦਿੰਦਾ ਹੈ। ਸਧਾਰਣ ਰੂਪ ਵਿੱਚ ਮੰਤਰੀ ਪ੍ਰੀਸ਼ਦ ਦੇ ਸਾਰੇ ਮੰਤਰੀ ਰਾਜ ਵਿਧਾਨ ਪਾਲਿਕਾ ਦੇ ਮੈਂਬਰ ਹੀ ਹੁੰਦੇ ਹਨ ਅਤੇ ਬਹੁਮਤ ਪ੍ਰਾਪਤ ਦਲ ਜਾਂ ਗਠਬੰਧਨ ਦੇ ਦੋ ਮੈਂਬਰ ਹੁੰਦੇ ਹਨ ਪਰ ਆਪਣੇ ਮੰਤਰੀਆਂ ਦੀ ਟੀਮ ਤਿਆਰ ਕਰਦੇ ਸਮੇਂ ਮੁੱਖ ਮੰਤਰੀ ਉਸ ਵਿਅਕਤੀ ਨੂੰ ਵੀ ਮੰਤਰੀ ਬਣਾਉਣ ਦਾ ਫੈਸਲਾ ਕਰ ਸਕਦਾ ਹੈ ਜੋ ਰਾਜ ਵਿਧਾਨ ਸਭਾ ਦਾ ਮੈਂਬਰ ਨਹੀਂ ਵੀ ਹੁੰਦਾ ਪਰ ਅਜਿਹੇ ਵਿਅਕਤੀ ਨੂੰ ਆਪਣੇ ਮੰਤਰੀ ਦੇ ਰੂਪ ਵਿੱਚ ਨਿਯੁਕਤੀ ਤੋਂ 6 ਮਹੀਨੇ ਦੇ ਅੰਦਰ ਰਾਜ ਵਿਧਾਨ ਸਭਾ ਦਾ ਮੈਂਬਰ ਬਣਨਾ ਪੈਂਦਾ ਹੈ। ਜੇਕਰ ਉਹ ਅਜਿਹਾ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਉਸ ਨੂੰ ਆਪਣੇ ਮੰਤਰੀ ਦੇ ਅਹੁਦੇ ਤੋਂ ਤਿਆਗ ਪੱਤਰ ਦੇਣਾ ਪੈਂਦਾ ਹੈ। ਕੁਝ ਸਮੇਂ ਬਾਅਦ ਉਸ ਨੂੰ ਪੁਨਰ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ ਪਰ ਅਜਿਹਾ ਬਹੁਤ ਘੱਟ ਕੀਤਾ ਜਾਂਦਾ ਹੈ ਕਿਉਂਕਿ ਇਸ ਨੂੰ ਇਕ ਗੈਰ-ਲੋਕਤੰਤਰੀ ਅਤੇ ਘਟੀਆ ਗੱਲ ਸਮਝਿਆ ਜਾਂਦਾ ਹੈ। ਇੱਥੋਂ ਤੱਕ ਕਿ ਇਕ ਬਾਹਰੀ ਵਿਅਕਤੀ ਅਤੇ ਉਹ ਵਿਅਕਤੀ ਜੋ ਰਾਜ ਵਿਧਾਨ ਸਭਾ ਦਾ ਮੈਂਬਰ ਨਹੀਂ, ਨੂੰ ਮੁੱਖ ਮੰਤਰੀ ਵੀ ਨਿਯੁਕਤ ਕੀਤਾ ਜਾ ਸਕਦਾ ਹੈ ਬਸ਼ਰਤੇ ਕਿ ਉਹ ਰਾਜ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਕਰਨ ਵਾਲੇ ਦਲ ਜਾਂ ਸਮੂਹ ਨੂੰ ਨੇਤਾ ਚੁਣਿਆ ਗਿਆ ਹੋਵੇ। ਅਜਿਹਾ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਜੋ ਕਿ ਉਸ ਸਮੇਂ ਸੰਸਦ ਦੇ ਮੈਂਬਰ ਸਨ, ਦੇ ਮੁੱਦੇ ਵਿੱਚ ਵਾਪਰਿਆ, ਜਦੋਂ ਉਨ੍ਹਾਂ ਨੂੰ ਨਵੰਬਰ 1966 ਵਿੱਚ ਪੰਜਾਬ ਦਾ ਮੁੱਖ ਮੰਤਰੀ ਨਿਯੁਕਤ ਕੀਤਾ ਗਿਆ ਸੀ। ਇਸ ਤਰ੍ਹਾਂ ਸ਼ੇਖ ਅਬਦੁੱਲਾ ਨੂੰ ਇਕ ਵਾਰ ਰਾਜ ਵਿਧਾਨ ਸਭਾ ਦਾ ਮੈਂਬਰ ਨਾ ਹੋਣ ਦੇ ਬਾਵਜੂਦ ਜੰਮੂ ਅਤੇ ਕਸ਼ਮੀਰ ਦਾ ਨਿਯੁਕਤ ਕੀਤਾ ਗਿਆ ਸੀ। ਸ਼੍ਰੀ ਐੱਨ. ਡੀ. ਤਿਵਾਰੀ ਇਸੇ ਤਰ੍ਹਾਂ 1987 ਵਿੱਚ ਯੂ. ਪੀ. ਦੇ ਮੁੱਖ ਮੰਤਰੀ ਬਣੇ ਸਨ। ਪਰ ਅਜਿਹੇ ਮੁੱਖ ਮੰਤਰੀ ਨੂੰ 6 ਮਹੀਨੇ ਦੇ ਅੰਦਰ-ਅੰਦਰ ਰਾਜ ਵਿਧਾਨ ਸਭਾ ਜਾਂ ਰਾਜ ਵਿਧਾਨ ਪ੍ਰੀਸ਼ਦ ਦੀ ਮੈਂਬਰਸ਼ਿਪ ਪ੍ਰਾਪਤ ਕਰਨੀ ਪੈਂਦੀ ਹੈ। ਜੇਕਰ ਉਹ ਅਜਿਹਾ ਨਹੀਂ ਕਰ ਸਕਦਾ ਤਾਂ ਉਸ ਨੂੰ ਮੁੱਖ ਮੰਤਰੀ ਅਹੁਦੇ ਤੋਂ ਇਕਦਮ ਤਿਆਗ ਪੱਤਰ ਦੇਣਾ ਪੈਂਦਾ ਹੈ।

ਸਧਾਰਣ ਰੂਪ ਵਿੱਚ ਮੁੱਖ ਮੰਤਰੀ ਰਾਜ ਵਿਧਾਨ ਸਭਾ ਵਿੱਚੋਂ ਬਣਾਇਆ ਜਾਂਦਾ ਹੈ ਚਾਹੇ ਕਿ ਅਜਿਹਾ ਕੋਈ ਸੰਵਿਧਾਨਿਕ ਪ੍ਰਬੰਧ ਨਹੀਂ ਹੈ। ਮੁੱਖ ਮੰਤਰੀ ਅਤੇ ਉਸ ਦੀ ਮੰਤਰੀ ਪ੍ਰੀਸ਼ਦ ਦੇ ਸੰਗਠਨ ਸਮੇਂ ਉਦੋਂ ਕੁਝ ਮੁਸ਼ਕਿਲਾਂ ਪੇਸ਼ ਨਹੀਂ ਆਉਂਦੀਆਂ ਜਦੋਂ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਿਸੇ ਵੀ ਇਕ ਦਲ ਜਾਂ ਗਠਬੰਧਨ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਹੋ ਜਾਦਾ ਹੈ ਪਰ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਿਸੇ ਵੀ ਇਕ ਦਲ ਨੂੰ ਬਹੁਮਤ ਪ੍ਰਾਪਤ ਨਾ ਹੋਣ ਦੀ ਸਥਿਤੀ ਵਿੱਚ ਰਾਜਪਾਲ ਆਪਣੀ ਸਵੈ-ਇਛੁੱਕ ਸ਼ਕਤੀ ਦਾ ਇਸਤੇਮਾਲ ਕਰ ਸਕਦਾ ਹੈ ਅਤੇ ਉਸ ਦਲ ਦੇ ਕਿਸੇ ਵੀ ਨੇਤਾ ਨੂੰ ਮੁੱਖ ਮੰਤਰੀ ਨਿਯੁਕਤ ਕਰ ਸਕਦਾ ਹੈ ਜਿਸ ਸਬੰਧੀ ਸਮਝਿਆ ਜਾਂਦਾ ਹੋਵੇ ਕਿ ਉਹ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਕਰਨ ਦੇ ਸਮਰੱਥ ਹੋਵੇਗਾ। ਸਧਾਰਣ ਰੂਪ ਵਿੱਚ ਰਾਜਪਾਲ ਅਜਿਹੇ ਢੰਗ ਨਾਲ ਨਿਯੁਕਤ ਕੀਤੇ ਗਏ ਮੁੱਖ ਮੰਤਰੀ ਨੂੰ ਇਕ ਨਿਰਧਾਰਿਤ ਸਮੇਂ ਅੰਦਰ ਜਿਵੇਂ ਕਿ ਇਕ ਮਹੀਨੇ ਜਾਂ 15 ਦਿਨ ਵਿੱਚ, ਆਪਣਾ ਬਹੁਮਤ ਸਿੱਧ ਕਰਨ ਲਈ ਕਹਿੰਦਾ ਹੈ। ਜੂਨ 1995 ਵਿੱਚ ਕੁਮਾਰੀ ਮਾਇਆਵਤੀ ਦੀ ਅਗਵਾਈ ਵਿੱਚ ਬੀ. ਐੱਸ. ਪੀ. ਸਰਕਾਰ ਨੇ ਮੁਲਾਇਮ ਸਿੰਘ ਯਾਦਵ ਦੀ ਬਸਪਾ ਸਪਾ ਗਠਬੰਧਨ ਦੀ ਸਰਕਾਰ ਦੀ ਜਗ੍ਹਾ 'ਤੇ ਸੱਤਾ ਪ੍ਰਾਪਤ ਕਰ ਲਈ। ਕੁਮਾਰੀ ਮਾਇਆਵਤੀ ਦੀ ਸਰਕਾਰ ਦੀ ਅਗਵਾਈ ਵਿੱਚ ਆਉਣ ਦਾ ਕਾਰਨ ਭਾਜਪਾ ਵੱਲੋਂ ਬਾਹਰ ਰਹਿ ਕੇ ਇਸ ਦਾ ਸਮਰਥਨ ਕਰਨ ਦਾ ਫੈਸਲਾ ਲੈਣਾ ਸੀ। ਬਾਅਦ ਵਿੱਚ ਕੁਮਾਰੀ ਮਾਇਆਵਤੀ ਨੇ ਯੂ. ਪੀ. ਵਿਧਾਨ ਸਭਾ ਦੇ ਅਧਿਵੇਸ਼ਨ ਵਿੱਚ ਆਪਣਾ ਬਹੁਮਤ ਸਿੱਧ ਕਰ ਦਿੱਤਾ ਅਤੇ ਇਸ ਤਰ੍ਹਾਂ ਆਪਣੀ ਸਰਕਾਰ ਨੂੰ ਸਮਾਂ ਪ੍ਰਦਾਨ ਕਰ ਲਿਆ। ਸਧਾਰਣ ਰੂਪ ਵਿੱਚ ਅਜਿਹਾ ਹੀ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਦੋ ਜਾਂ ਇਸ ਤੋਂ ਜ਼ਿਆਦਾ ਸਮੂਹ ਗਠਬੰਧਨ ਕਰ ਲੈਂਦੇ ਹਨ, ਜਿਸ ਨੂੰ ਸਧਾਰਣ ਰੂਪ ਵਿੱਚ ਸਾਂਝਾ ਮੋਰਚਾ ਕਿਹਾ ਜਾਂਦਾ ਹੈ ਅਤੇ ਆਪਣਾ ਨੇਤਾ ਚੁਣ ਲੈਂਦੇ ਹਨ ਅਤੇ ਇਸ ਦੀ ਸੂਚਨਾ ਰਾਜਪਾਲ ਨੂੰ ਦੇ ਦਿੱਤੀ ਜਾਂਦੀ ਹੈ ਕਿ ਇਸ ਸਮੂਹ

ਨੂੰ ਜਾਂ ਤਾਂ ਬਹੁਮਤ ਦਾ ਸਮਰਥਨ ਵਿਧਾਨ ਸਭਾ ਵਿੱਚ ਪ੍ਰਾਪਤ ਹੋ ਗਿਆ ਹੈ ਜਾਂ ਫਿਰ ਵਿਧਾਨ ਸਭਾ ਦੇ ਕੁਝ ਰਾਜਨੀਤਿਕ ਦਲਾਂ, ਸਮੂਹਾਂ ਜਾਂ ਮੈਂਬਰਾਂ ਨੇ ਇਸ ਸਾਂਝੇ ਸਮੂਹ ਨੂੰ ਸਮਰਥਨ ਦੇਣ ਦਾ ਫੈਸਲਾ ਕਰ ਲਿਆ ਹੈ। ਇਸ ਸਥਿਤੀ ਵਿੱਚ ਇਸ ਸਮੂਹ ਦੇ ਨੇਤਾ ਨੂੰ ਰਾਜਪਾਲ ਵੱਲੋਂ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਜਾਂਦਾ ਹੈ। ਮਈ 2002 ਵਿੱਚ ਯੂ. ਪੀ. ਵਿੱਚ ਬੀ. ਐੱਸ. ਪੀ.-ਬੀ. ਜੇ. ਪੀ. ਗਠਬੰਧਨ ਦੀ ਨੇਤਾ ਕੁਮਾਰੀ ਮਾਇਆਵਤੀ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਗਿਆ ਅਤੇ ਉਸ ਨੂੰ ਯੂ. ਪੀ. ਵਿਧਾਨ ਸਭਾ ਵਿੱਚ ਬਹੁਮਤ ਸਿੱਧ ਕਰਨ ਲਈ ਕਿਹਾ ਗਿਆ। ਕੁਮਾਰੀ ਮਾਇਆਵਤੀ ਦੀ ਅਗਵਾਈ ਵਾਲੀ ਸਾਂਝੀ ਸਰਕਾਰ ਨੇ ਇਹ ਸ਼ਰਤ ਪੂਰੀ ਕਰ ਦਿੱਤੀ ਅਤੇ ਉਸ ਦੀ ਸਰਕਾਰ ਸਹੀ ਰੂਪ ਵਿੱਚ ਸੱਤਾਧਾਰੀ ਸਰਕਾਰ ਬਣੀ। ਅੱਜ-ਕੱਲ੍ਹ ਸਧਾਰਣ ਰੂਪ ਵਿੱਚ ਵਾਰ-ਵਾਰ ਅਲੱਗ-ਅਲੱਗ ਰਾਜਾਂ ਵਿੱਚ ਇਸ ਢੰਗ ਨਾਲ ਮੁੱਖ ਮੰਤਰੀਆਂ ਦੀ ਨਿਯੁਕਤੀ ਹੋ ਰਹੀ ਹੈ। ਮਈ 2004 ਨੂੰ ਕਰਨਾਟਕ ਵਿੱਚ ਕਾਂਗਰਸ ਅਤੇ ਜਨਤਾ ਦਲ (ਐੱਸ) ਵਿੱਚ ਗਠਬੰਧਨ ਹੋਣ ਤੋਂ ਬਾਅਦ ਹੀ ਰਾਜ ਸਰਕਾਰ ਨੂੰ ਸੰਗਠਿਤ ਕੀਤਾ ਜਾ ਸਕੇ। ਨਿਯਮ ਤਾਂ ਇਹ ਹੈ ਕਿ ਜਿਸ ਦਲ ਨੂੰ ਬਹੁਮਤ ਪ੍ਰਾਪਤ ਹੋਵੇ ਉਸ ਦੇ ਨੇਤਾ ਨੂੰ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਜਾਂਦਾ ਹੈ ਪਰ ਜਦੋਂ ਕਿਸੇ ਦਲ ਨੂੰ ਬਹੁਮਤ ਪ੍ਰਾਪਤ ਨਾ ਹੋਵੇ ਤਾਂ ਕਿਸੇ ਅਜਿਹੇ ਦਲ ਜਾਂ ਸਮੂਹ ਦੇ ਨੇਤਾ ਨੂੰ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਜਾਂਦਾ ਹੈ ਜੋ ਕਿ ਵਿਧਾਨ ਸਭਾ ਵਿੱਚ ਬਹੁਮਤ ਸਿੱਧ ਕਰਨ ਦੇ ਯੋਗ ਸਮਝਿਆ ਜਾਂਦਾ ਹੈ। ਰਾਜਪਾਲ ਅਜਿਹੇ ਮੁੱਖ ਮੰਤਰੀ ਇਸ ਸ਼ਰਤ ਨੂੰ ਪੂਰਾ ਕਰਨ ਤੋਂ ਬਾਅਦ ਹੀ ਆਪਣੇ ਅਹੁਦੇ 'ਤੇ ਬਣਿਆ ਰਹਿੰਦਾ ਹੈ ਅਤੇ ਰਾਜ ਵਿੱਚ ਆਪਣੇ ਵੱਲੋਂ ਗਠਿਤ ਸਰਕਾਰ ਨੂੰ ਚਲਾ ਸਕਦਾ ਹੈ। ਜੇਕਰ ਕੋਈ ਵੀ ਦਲ ਸਰਕਾਰ ਨਾ ਬਣਾ ਸਕੇ ਤਾਂ ਗਵਰਨਰ ਅਨੁਛੇਦ 356 ਅਧੀਨ ਸੰਕਟਕਾਲ ਦੀ ਘੋਸ਼ਣਾ ਕਰਕੇ ਰਾਜ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਵਾ ਦਿੰਦਾ ਹੈ। ਫਰਵਰੀ 2005 ਵਿੱਚ ਬਿਹਾਰ ਵਿੱਚ ਅਜਿਹਾ ਹੀ ਹੋਇਆ।

ਰਾਜ ਵਿੱਚ ਮੰਤਰੀ ਪ੍ਰੀਸ਼ਦ ਦਾ ਗਠਨ ਮੁੱਖ ਮੰਤਰੀ ਦੀ ਨਿਯੁਕਤੀ ਤੋਂ ਸ਼ੁਰੂ ਹੁੰਦਾ ਹੈ ਅਤੇ ਸਰਕਾਰ ਬਣਾਉਣਾ ਮੁੱਖ ਮੰਤਰੀ ਦੀ ਹੀ ਜ਼ਿੰਮੇਵਾਰੀ ਹੁੰਦੀ ਹੈ। ਮੁੱਖ ਮੰਤਰੀ ਆਪਣੀ ਸੋਚ ਅਤੇ ਸਮਝ ਨਾਲ ਮੰਤਰੀ ਪ੍ਰੀਸ਼ਦ ਦਾ ਗਠਨ ਕਰਦਾ ਹੈ। ਜੇਕਰ ਉਹ ਇਕ ਸਾਂਝੇ ਮੋਰਚੇ ਦੀ ਸਰਕਾਰ ਦਾ ਮੁੱਖ ਮੰਤਰੀ ਹੋਵੇ ਤਾਂ ਉਸ ਨੂੰ ਸਾਂਝੇ ਮੋਰਚੇ ਦੇ ਅਲੱਗ-ਅਲੱਗ ਘਟਕਾਂ ਦੇ ਨੇਤਾਵਾਂ ਦੇ ਮੰਤਰੀ ਪ੍ਰੀਸ਼ਦ ਵਿੱਚ ਸ਼ਾਮਿਲ ਕਰਨਾ ਪੈਂਦਾ ਹੈ ਪਰ ਜੇਕਰ ਮੁੱਖ ਮੰਤਰੀ ਕੋਲ ਵਿਧਾਨ ਸਭਾ ਵਿੱਚ ਸਪੱਸ਼ਟ ਬਹੁਮਤ ਹੋਵੇ ਤਾਂ ਉਹ ਆਪਣੇ ਰਾਜਨੀਤਿਕ ਦਲ ਦੇ ਨੇਤਾਵਾਂ ਵਿੱਚੋਂ ਹੀ ਮੰਤਰੀ ਨਿਯੁਕਤ ਕਰਦਾ ਹੈ। ਉਹ ਕਿਸੇ ਅਜਿਹੇ ਵਿਅਕਤੀ ਨੂੰ ਵੀ ਮੰਤਰੀ ਨਿਯੁਕਤ ਕਰ ਸਕਦਾ ਹੈ ਜੋ ਕਿ ਰਾਜ ਵਿਧਾਨ ਪਾਲਿਕਾ ਦਾ ਮੈਂਬਰ ਨਹੀਂ ਹੁੰਦਾ ਪਰ ਅਜਿਹੇ ਮੰਤਰੀ ਨੂੰ 6 ਮਹੀਨੇ ਅੰਦਰ ਰਾਜ ਵਿਧਾਨ ਪਾਲਿਕਾ ਦੀ ਮੈਂਬਰਸ਼ਿਪ ਪ੍ਰਾਪਤ ਕਰਨੀ ਜ਼ਰੂਰੀ ਹੁੰਦੀ ਹੈ ਨਹੀਂ ਤਾਂ ਉਸ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ। ਮੁੱਖ ਮੰਤਰੀ ਹੀ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਦਾ ਹੈ ਅਤੇ ਮੰਤਰੀ ਪ੍ਰੀਸ਼ਦ ਨੂੰ ਰੂਪ ਪ੍ਰਦਾਨ ਕਰਦਾ ਹੈ।

2. **ਮੰਤਰੀ ਪ੍ਰੀਸ਼ਦ ਵਿੱਚ ਮੰਤਰੀਆਂ ਦੀਆਂ ਸ਼੍ਰੇਣੀਆਂ** (Categories of Ministers in the Council of Ministers)- ਮੰਤਰੀ ਪ੍ਰੀਸ਼ਦ ਵਿੱਚ ਮੰਤਰੀਆਂ ਦੀਆਂ ਹੇਠ ਲਿਖੀਆਂ ਸ਼੍ਰੇਣੀਆਂ ਹੁੰਦੀਆਂ ਹਨ:

**(ੳ)** **ਕੈਬਨਿਟ ਮੰਤਰੀ** (Cabinet Ministers)- ਕੈਬਨਿਟ ਮੰਤਰੀ ਉਹ ਹੁੰਦੇ ਹਨ ਜਿਨ੍ਹਾਂ ਨੂੰ ਕੈਬਨਿਟ ਦਾ ਦਰਜਾ ਦਿੱਤਾ ਜਾਂਦਾ ਹੈ। ਉਨ੍ਹਾਂ ਕੋਲ ਵਿੱਤ, ਗ੍ਰਹਿ, ਸਿੱਖਿਆ ਆਦਿ ਵਰਗੇ ਮਹੱਤਵਪੂਰਨ ਵਿਭਾਗਾਂ ਦਾ ਸੁਤੰਤਰ ਚਾਰਜ ਹੁੰਦਾ ਹੈ। ਉਹ ਰਾਜ ਦੀਆਂ ਨੀਤੀਆਂ ਨਿਰਧਾਰਿਤ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਉਨ੍ਹਾਂ ਨੂੰ ਮੁੱਖ ਮੰਤਰੀ ਦੇ ਬਹੁਤ ਨਜ਼ਦੀਕ ਸਹਿਯੋਗੀ ਸਮਝਿਆ ਜਾਂਦਾ ਹੈ। ਸਧਾਰਣ ਰੂਪ ਵਿੱਚ ਸੱਤਾਧਾਰੀ ਦਲ ਦੇ ਮਹੱਤਵਪੂਰਨ ਨੇਤਾਵਾਂ ਨੂੰ ਹੀ ਕੈਬਨਿਟ ਮੰਤਰੀ ਬਣਾਇਆ ਜਾਂਦਾ ਹੈ।

**(ਅ)** **ਰਾਜ ਮੰਤਰੀ** (State Ministers)- ਇਨ੍ਹਾਂ ਨੂੰ ਮੰਤਰੀ ਪ੍ਰੀਸ਼ਦ ਵਿੱਚ ਦੂਸਰਾ ਦਰਜਾ ਮਿਲਦਾ ਹੈ, ਇਹ ਕੈਬਨਿਟ ਬੈਠਕਾਂ ਵਿੱਚ ਸ਼ਾਮਿਲ ਨਹੀਂ ਹੁੰਦੀਆਂ ਅਤੇ ਸਧਾਰਣ ਰੂਪ ਵਿੱਚ ਨੀਤੀ ਨਿਰਮਾਣ ਦੀ ਪ੍ਰਕਿਰਿਆ ਵਿੱਚ ਹਿੱਸਾ ਨਹੀਂ ਲੈਂਦੇ। ਉਹ ਕੈਬਨਿਟ ਮੰਤਰੀਆਂ ਦੀ ਸਹਾਇਤਾ ਕਰਦੇ ਹਨ ਅਤੇ ਉਨ੍ਹਾਂ ਨੂੰ ਕੈਬਨਿਟ ਮੰਤਰੀਆਂ ਦੇ ਸਬੰਧਿਤ ਵਿਭਾਗਾਂ ਨਾਲ ਜੋੜਿਆ ਜਾਂਦਾ ਹੈ। ਕੁਝ ਮੁੱਦਿਆਂ ਵਿੱਚ ਉਨ੍ਹਾ ਨੂੰ ਕੁਝ ਵਿਭਾਗਾਂ ਦੇ ਸੁਤੰਤਰ ਚਾਰਜ ਵੀ ਦਿੱਤੇ ਜਾ ਸਕਦੇ ਹਨ।

**(ੲ)** **ਉੱਪ-ਮੰਤਰੀ** (Deputy Ministers)- ਇਹ ਮੰਤਰੀਆਂ ਦੀ ਤੀਸਰੀ ਸ਼੍ਰੇਣੀ ਵਿੱਚ ਆਉਂਦੇ ਹਨ। ਇਹ ਮੰਤਰੀ ਪ੍ਰੀਸ਼ਦ ਪੌੜੀ ਦਾ ਸਭ ਤੋਂ ਹੇਠਲਾ ਡੰਡਾ ਹੁੰਦਾ ਹੈ। ਉਨ੍ਹਾਂ ਨੂੰ ਕਿਸੇ ਵੀ ਵਿਭਾਗ ਦਾ ਸੁਤੰਤਰ ਚਾਰਜ ਨਹੀਂ ਦਿੱਤਾ ਜਾਂਦਾ। ਉਹ ਮੰਤਰੀਆਂ ਦੇ ਸਹਾਇਕ ਹੁੰਦੇ ਹਨ। ਇਨ੍ਹਾਂ ਨੂੰ ਜਾਂ ਤਾਂ ਕੈਬਨਿਟ ਮੰਤਰੀ ਜਾਂ ਰਾਜ ਮੰਤਰੀ ਜਾਂ ਦੋਵਾਂ 'ਚੋਂ ਉੱਪ ਮੰਤਰੀ ਨਹੀਂ ਨਿਯੁਕਤ ਕੀਤਾ ਜਾਂਦਾ।

**(ਸ)** **ਸੰਸਦੀ ਸਕੱਤਰ** (Parliamentary Secretaries)- ਬਹੁਤ ਵਾਰ ਮੁੱਖ ਮੰਤਰੀ ਆਪਣੇ ਦਲ ਜਾਂ ਗਠਬੰਧਨ ਦੇ ਨੇਤਾਵਾਂ ਨੂੰ ਸੰਸਦੀ ਸਕੱਤਰ ਨਿਯੁਕਤ ਕਰ ਦਿੰਦਾ ਹੈ। ਸੰਸਦੀ ਸਕੱਤਰ ਮੰਤਰੀ ਪ੍ਰੀਸ਼ਦ ਦੀ ਰਾਜ ਵਿਧਾਨ ਪਾਲਿਕਾ ਵਿੱਚ ਸਹਾਇਤਾ ਕਰਦੇ ਹਨ ਪਰ ਅੱਜ-ਕੱਲ੍ਹ ਇਨ੍ਹਾਂ ਦੀ ਭੂਮਿਕਾ ਅਤੇ ਮਹੱਤਵ ਅੱਗੇ ਨਾਲੋਂ ਜ਼ਿਆਦਾ ਹੋ ਗਿਆ। ਦਲ ਬਦਲੀ ਕਾਨੂੰਨ ਅਧੀਨ ਹੁਣ ਇਹ ਨਿਰਧਾਰਿਤ ਕੀਤਾ ਗਿਆ ਹੈ ਕਿ ਰਾਜ ਮੰਤਰੀ ਪ੍ਰੀਸ਼ਦ ਵਿੱਚ ਮੰਤਰੀਆਂ ਦੀ ਜ਼ਿਆਦਾ ਤੋਂ ਜ਼ਿਆਦਾ ਸੰਖਿਆ, ਵਿਧਾਨ ਸਭਾ ਦੀ ਮੈਂਬਰਸ਼ਿਪ ਦੇ 15% ਤੋਂ ਜ਼ਿਆਦਾ ਹੋ ਸਕਦੀ ਹੈ। ਇਸ ਵਿੱਚ

ਨੋਟ

ਰਾਜ ਮੰਤਰੀ ਪ੍ਰੀਸ਼ਦਾਂ ਦਾ ਅਕਾਰ ਛੋਟਾ ਹੋ ਗਿਆ ਹੈ। ਇਸ ਸਥਿਤੀ ਵਿੱਚ ਆਪਣੇ ਦਲ ਦੇ ਮੈਂਬਰਾਂ/ਨੇਤਾਵਾਂ ਦੇ ਦਬਾਅ (ਮੰਤਰੀ ਬਣਾਏ ਜਾਣ ਦੀ ਇੱਛਾ ਦੇ ਦਬਾਅ) ਨੂੰ ਘੱਟ ਕਰਨ ਲਈ ਮੁੱਖ ਮੰਤਰੀ ਨੇ ਕਈ ਇਕ ਸਕੱਤਰਾਂ ਨੂੰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ ਹੈ।

3. **ਕਾਰਜਕਾਲ** (Tenure)– ਸਿਧਾਂਤਕ ਰੂਪ ਵਿੱਚ ਮੰਤਰੀ ਰਾਜਪਾਲ ਦੀ ਇੱਛਾ ਤੱਕ ਆਪਣੇ ਅਹੁਦੇ ’ਤੇ ਰਹਿੰਦੇ ਹਨ। ਅਸਲ ਵਿਵਹਾਰ ਵਿੱਚ ਇਸ ਦਾ ਅਰਥ ਇਹ ਹੈ ਕਿ ਉਹ ਉਦੋਂ ਤੱਕ ਮੰਤਰੀ ਬਣੇ ਰਹਿੰਦੇ ਹਨ ਜਦੋਂ ਤੱਕ ਮੁੱਖ ਮੰਤਰੀ ਚਾਹੁੰਦਾ ਹੈ। ਮੁੱਖ ਮੰਤਰੀ ਕਿਸੇ ਵੀ ਮੰਤਰੀ ਨੂੰ ਤਿਆਗ ਪੱਤਰ ਦੇਣ ਲਈ ਕਹਿ ਸਕਦਾ ਹੈ ਅਤੇ ਮੁੱਖ ਮੰਤਰੀ ਦੀ ਇਹ ਇੱਛਾ ਹਮੇਸ਼ਾ ਹੀ ਸਬੰਧਿਤ ਮੰਤਰੀ ਵੱਲੋਂ ਪੂਰੀ ਕੀਤੀ ਜਾਂਦੀ ਹੈ। ਜੇਕਰ ਉਹ ਵਿਰੋਧ ਕਰਦਾ ਹੈ ਤਾਂ ਮੁੱਖ ਮੰਤਰੀ ਰਾਜਪਾਲ ਨੂੰ ਉਸ ਨੂੰ ਅਹੁਦੇ ਤੋਂ ਹਟਾਉਣ ਦੀ ਸਿਫਾਰਿਸ਼ ਕਰ ਸਕਦਾ ਹੈ। ਰਾਜਪਾਲ ਹਮੇਸ਼ਾ ਹੀ ਮੁੱਖ ਮੰਤਰੀ ਦੀ ਸਿਫਾਰਿਸ਼ ਸਵੀਕਾਰ ਕਰ ਲੈਂਦਾ ਹੈ। ਮੁੱਖ ਮੰਤਰੀ ਰਾਜਪਾਲ ਨੂੰ ਆਪਣੇ ਖੁਦ ਦਾ ਤਿਆਗ ਪੱਤਰ ਦੇ ਕੇ ਮੰਤਰੀ ਪ੍ਰੀਸ਼ਦ ਭੰਗ ਕਰਨ ਦਾ ਕਾਰਨ ਬਣ ਸਕਦਾ ਹੈ। ਇਕ ਮੰਤਰੀ ਉਦੋਂ ਤੱਕ ਮੰਤਰੀ ਰਹਿ ਸਕਦਾ ਹੈ ਜਦੋਂ ਤੱਕ ਕਿ ਮੁੱਖ ਮੰਤਰੀ ਉਸ ਨੂੰ ਰੱਖਣਾ ਚਾਹੁੰਦਾ ਹੈ ਜਾਂ ਫਿਰ ਜਦੋਂ ਤੱਕ ਉਸ ਨੂੰ ਮੁੱਖ ਮੰਤਰੀ ਦਾ ਭਰੋਸਾ ਪ੍ਰਾਪਤ ਰਹਿੰਦਾ ਹੈ। ਮੁੱਖ ਮੰਤਰੀ ਕਿਸੇ ਵੀ ਸਮੇਂ ਕਿਸੇ ਵੀ ਮੰਤਰੀ ਨੂੰ ਮੰਤਰੀ ਪ੍ਰੀਸ਼ਦ ਵਿੱਚੋਂ ਕੱਢ ਸਕਦਾ ਹੈ। ਉਹ ਮੰਤਰੀਆਂ ਤੋਂ ਤਿਆਗ ਪੱਤਰ ਦੀ ਮੰਗ ਕਰ ਸਕਦਾ ਹੈ, ਕਿਉਂਕਿ ਮੰਤਰੀਆਂ ਨੂੰ ਦੇਣੇ ਹੀ ਪੈਂਦੇ ਹਨ। ਮੁੱਖ ਮੰਤਰੀ ਦੇ ਵਿਭਾਗ ਬਦਲ ਸਕਦਾ ਹੈ, ਕੁਝ ਮੰਤਰੀਆਂ ਨੂੰ ਕੱਢ ਸਕਦਾ ਹੈ ਅਤੇ ਨਵੇਂ ਮੰਤਰੀ ਸ਼ਾਮਿਲ ਕਰ ਸਕਦਾ ਹੈ।

ਮੰਤਰੀ ਵਿਅਕਤੀਗਤ ਰੂਪ ਵਿੱਚ ਰਾਜ ਵਿਧਾਨ ਸਭਾ ਦੇ ਸਾਹਮਣੇ ਜ਼ਿੰਮੇਵਾਰ ਹੁੰਦੇ ਹਨ। ਜੇਕਰ ਵਿਧਾਨ ਸਭਾ ਕਿਸੇ ਮੰਤਰੀ, ਜਿਸ ਵੱਲੋਂ ਉਸ ਵਿਭਾਗ ਦੇ ਕੰਮ ਵਿਵਹਾਰ ਵਿੱਚ ਕੋਈ ਮੁਕਾਬਲਾ ਕੀਤਾ ਜਾਂਦਾ ਹੈ ਜਿਸ ਦਾ ਕਿ ਉਹ ਮੁਖੀਆ ਹੈ, ਦੇ ਵਿਰੁੱਧ ਨਿੰਦਾ ਪ੍ਰਸਤਾਵ ਜਾਂ ਭਰੋਸੇਯੋਗ ਪ੍ਰਸਤਾਵ ਜਾਂ ਕਟੌਤੀ ਪ੍ਰਸਤਾਵ ਪਾਸ ਕਰ ਦਿੰਦੀ ਹੈ ਤਾਂ ਮੰਤਰੀ ਨੂੰ ਆਪਣੇ ਅਹੁਦੇ ਤੋਂ ਤਿਆਗ ਪੱਤਰ ਦੇਣਾ ਹੀ ਪੈਂਦਾ ਹੈ। ਇਕ ਮੰਤਰੀ ਉਦੋਂ ਤੱਕ ਹੀ ਮੰਤਰੀ ਬਣਿਆ ਰਹਿ ਸਕਦਾ ਹੈ ਜਦੋਂ ਤੱਕ ਕਿ ਰਾਜ ਵਿਧਾਨ ਸਭਾ ਵਿੱਚ ਬਹੁਮਤ ਦਾ ਉਸ ’ਤੇ ਭਰੋਸਾ ਰਹੇ।

ਰਾਜ ਦੀ ਮੰਤਰੀ ਪ੍ਰੀਸ਼ਦ ਰਾਜ ਵਿਧਾਨ ਸਭਾ ਦੇ ਸਾਹਮਣੇ ਸਮੂਹਿਕ ਰੂਪ ਵਿੱਚ ਜ਼ਿੰਮੇਵਾਰ ਹੁੰਦੀ ਹੈ। ਜੇਕਰ ਵਿਧਾਨ ਸਭਾ ਮੰਤਰੀ ਪ੍ਰੀਸ਼ਦ ਦੇ ਵਿਰੁੱਧ ਜਾਂ ਇਸ ਦੇ ਮੁਖੀਆ ਮੁੱਖ ਮੰਤਰੀ ਵਿਰੁੱਧ ਬੇਭਰੋਸਗੀ ਦਾ ਪ੍ਰਸਤਾਵ ਪਾਸ ਕਰ ਦਿੰਦੀ ਹੈ ਜਾਂ ਸਰਕਾਰ ਦੇ ਕਿਸੇ ਬਿੱਲ ਨੂੰ ਰੱਦ ਕਰ ਦਿੰਦੀ ਹੈ ਜਾਂ ਸਰਕਾਰ ਦੇ ਬਜਟ ’ਤੇ ਰੱਦ ਕਰ ਦਿੰਦੀ ਹੈ ਜਾਂ ਸਰਕਾਰ ਦੀ ਕਿਸੇ ਨੀਤੀ ਨੂੰ ਰੱਦ ਕਰ ਦਿੰਦੀ ਹੈ ਜਾਂ ਸਰਕਾਰ ਦੇ ਨਿਧੀਆਂ ਵਿੱਚ ਕਟੌਤੀ ਕਰ ਦਿੰਦੀ ਹੈ ਤਾਂ ਸੰਪੂਰਨ ਮੰਤਰੀ ਪ੍ਰੀਸ਼ਦ ਤਿਆਗ ਪੱਤਰ ਦੇ ਦਿੰਦਾ ਹੈ। ਮੰਤਰੀ ਪ੍ਰੀਸ਼ਦ ਉਦੋਂ ਤੱਕ ਅਹੁਦੇ ’ਤੇ ਬਣੀ ਰਹਿੰਦੀ ਹੈ, ਜਦੋਂ ਤੰਕ ਕਿ ਉਸ ਨੂੰ ਰਾਜ ਵਿਧਾਨ ਸਭਾ ਵਿੱਚ ਬਹੁਮਤ ਦਾ ਭਰੋਸਾ ਅਤੇ ਸਮਰਥਨ ਪ੍ਰਾਪਤ ਰਹਿੰਦਾ ਹੈ। ਕੋਈ ਵੀ ਮੰਤਰੀ ਕਿਸੇ ਵੀ ਸਮੇਂ ਖੁਦ ਤਿਆਗ ਪੱਤਰ ਦੇ ਸਕਦਾ ਹੈ।

4. **ਤਨਖਾਹ ਅਤੇ ਭੱਤੇ** (Salary and Allowances)–ਮੰਤਰੀਆਂ ਦੇ ਤਨਖਾਹ ਅਤੇ ਭੱਤੇ ਰਾਜ ਵਿਧਾਨ ਪਾਲਿਕਾ ਵੱਲੋਂ ਨਿਰਧਾਰਿਤ ਕੀਤੇ ਜਾਂਦੇ ਹਨ ਅਤੇ ਇਸ ਲਈ ਇਹ ਅਲੱਗ-ਅਲੱਗ ਰਾਜਾਂ ਵਿੱਚ ਅਲੱਗ-ਅਲੱਗ ਹੁੰਦੇ ਹਨ ਪਰ ਇਨ੍ਹਾਂ ਦੀ ਤਨਖਾਹ ਰਾਜ ਦੀ ਸੰਚਿਤ ਨਿਧੀ ਨਾਲ ਦਿੱਤੀ ਜਾਂਦੀ ਹਨ ਅਤੇ ਇਸ ਲਈ ਇਹ ਵਿਧਾਨ ਸਭਾ ਤੋਂ ਪਾਸ ਨਹੀਂ ਕਰਵਾਉਣੇ ਪੈਂਦੇ।

### ਰਾਜ ਮੰਤਰੀ-ਪ੍ਰੀਸ਼ਦ ਦੀਆਂ ਸ਼ਕਤੀਆਂ ਅਤੇ ਕੰਮ
### (Powers and Functions of the State Council of Ministers)

ਰਾਜ ਦੀ ਮੰਤਰੀ ਪ੍ਰੀਸ਼ਦ ਪੱਧਰ ’ਤੇ ਅਸਲ ਕਾਰਜ ਪਾਲਿਕਾ (ਸਰਕਾਰ) ਹੁੰਦੀ ਹੈ। ਇਹ ਵਿਆਪਕ ਅਤੇ ਅਸਲ ਕਾਰਵਾਈ ਦਾ ਇਸਤੇਮਾਲ ਕਰਦੀ ਹੈ। ਰਾਜਪਾਲ ਰਾਜ ਦਾ ਨਾਮਾਤਰ ਦਾ ਮੁਖੀਆ ਹੁੰਦਾ ਹੈ। ਰਾਜ ਦਾ ਪ੍ਰਸ਼ਾਸਨ ਮੰਤਰੀ ਪ੍ਰੀਸ਼ਦ ਵੱਲੋਂ ਉਸ ਦੇ ਨਾਮ ’ਤੇ ਚਲਾਇਆ ਜਾਂਦਾ ਹੈ। ਉਸ ਦੇ ਸਾਰੀਆਂ ਕਾਰਵਾਈਆਂ ਅਧਿਕਾਰ, ਕੇਵਲ ਉਸ ਤੋਂ ਬਿਨਾਂ ਜੋ ਕਿ ਸੰਵਿਧਾਨ ਨੇ ਰਾਜਪਾਲ ਨੂੰ ਉਸ ਦੇ ਸਵ-ਵਿਵੇਕ ਦੇ ਰੂਪ ਵਿੱਚ ਅਧਿਕਾਰ ਵਿਸ਼ੇਸ਼ ਰੂਪ ਵਿੱਚ ਦਿੱਤੇ ਹਨ, ਰਾਜ ਦੀ ਮੰਤਰੀ ਪ੍ਰੀਸ਼ਦ ਵੱਲੋਂ ਇਸਤੇਮਾਲ ਕੀਤੇ ਜਾਂਦੇ ਹਨ। ਰਾਜਪਾਲ ਸਧਾਰਣ ਰੂਪ ਵਿੱਚ ਮੰਤਰੀ ਪ੍ਰੀਸ਼ਦ ਵਿਸ਼ੇਸ਼ ਰੂਪ ਵਿੱਚ ਰਾਜ ਦੇ ਮੁੱਖ ਮੰਤਰੀ ਦੀ ਸਲਾਹ ਅਤੇ ਸਿਫਾਰਿਸ਼ ਦੇ ਅਨੁਸਾਰ ਕੰਮ ਕਰਦਾ ਹੈ।

ਰਾਜ ਦੀ ਮੰਤਰੀ ਪ੍ਰੀਸ਼ਦ ਦੀ ਵਿਸ਼ੇਸ਼ ਅਤੇ ਮੁੱਖ ਸ਼ਕਤੀਆਂ ਅਤੇ ਕੰਮਾਂ ਦਾ ਹੇਠ ਲਿਖੇ ਸਿਰਲੇਖਾਂ ਅਨੁਸਾਰ ਵਰਨਣ ਕੀਤਾ ਜਾ ਸਕਦਾ ਹੈ:

**(1) ਰਾਜ ਨੀਤੀਆਂ ਦਾ ਨਿਰਮਾਣ ਕਰਨਾ** (Formulation of State Policies)– ਮੰਤਰੀ ਪ੍ਰੀਸ਼ਦ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਰਾਜ ਦੀਆਂ ਨੀਤੀਆਂ ਦਾ ਨਿਰਮਾਣ ਕਰੇ ਅਤੇ ਨਿਰਧਾਰਣ ਕਰੇ। ਸਾਰੀਆਂ ਨੀਤੀਆਂ ਦਾ ਨਿਰਮਾਣ ਕਰੇ ਅਤੇ ਮੁੱਦਿਆਂ ’ਤੇ ਇਸ ਵੱਲੋਂ ਵਿਚਾਰ ਕੀਤਾ ਜਾਂਦਾ ਹੈ ਅਤੇ ਫੈਸਲੇ ਕੀਤੇ ਜਾਂਦੇ ਹਨ। ਜਦੋਂ ਕਿ ਸਿਧਾਂਤਕ ਰੂਪ ਵਿੱਚ ਨੀਤੀ ਨਿਰਮਾਣ ਕਰਨਾ ਸਮੁੱਚੀ ਮੰਤਰੀ ਪ੍ਰੀਸ਼ਦ ਦਾ ਕੰਮ ਹੈ ਪਰ ਵਿਵਹਾਰ ਵਿੱਚ ਕੇਵਲ ਕੈਬਨਿਟ ਹੀ ਇਸ ਕੰਮ ਨੂੰ ਸਮੂਹਿਕ ਰੂਪ ਵਿੱਚ ਸੰਪੂਰਣ ਕਰਦੀ ਹੈ। ਇਸ ਤੋਂ ਵੀ ਜ਼ਿਆਦਾ ਹਰੇਕ ਨੀਤੀ ’ਤੇ ਮੁੱਖ ਮੰਤਰੀ ਦੇ ਵਿਚਾਰਾਂ, ਸੋਚ ਅਤੇ ਧਾਰਨਾਵਾਂ ਦੀ ਛਾਪ ਹੁੰਦੀ ਹੈ।

ਨੋਟ

**(2) ਪ੍ਰਸ਼ਾਸਨ ਚਲਾਉਣਾ** (Running of Administration)– ਮੰਤਰੀ ਪ੍ਰੀਸ਼ਦ ਦਾ ਦੂਸਰਾ ਸਭ ਤੋਂ ਮਹੱਤਵਪੂਰਨ ਕੰਮ ਰਾਜ ਦਾ ਪ੍ਰਸ਼ਾਸਨ ਚਲਾਉਣਾ ਹੈ। ਮੰਤਰੀ ਸਰਕਾਰ ਦੀਆਂ ਨੀਤੀਆ ਅਤੇ ਵਿਧਾਨ ਪਾਲਿਕਾ ਵੱਲੋਂ ਮਨਜ਼ੂਰ ਨੀਤੀਆਂ ਦੇ ਅਨੁਸਾਰ ਰਾਜ ਦਾ ਪ੍ਰਸ਼ਾਸਨ ਚਲਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਉਨ੍ਹਾਂ ਦਾ ਇਹ ਕਰਤਵ ਹੁੰਦਾ ਹੈ ਕਿ ਉਹ ਇਹ ਦੇਖੇ ਅਤੇ ਭਰੋਸੇਯੋਗ ਬਣਾਏ ਕਿ ਰਾਜ ਦਾ ਪ੍ਰਸ਼ਾਸਨ ਸਰਕਾਰ ਦੀਆਂ ਨੀਤੀਆਂ ਅਨੁਸਾਰ ਚੱਲ ਰਿਹਾ ਹੈ। ਮੰਤਰੀਆਂ ਕੋਲ ਇਕ ਜਾਂ ਇਕ ਤੋਂ ਜ਼ਿਆਦਾ ਵਿਭਾਗ ਹੁੰਦੇ ਹਨ. ਦਾ ਪ੍ਰਸ਼ਾਸਨ ਸਰਕਾਰ ਦੀਆਂ ਨੀਤੀਆਂ ਅਨੁਸਾਰ ਚੱਲ ਰਿਹਾ ਹੈ। ਮੰਤਰੀਆਂ ਕੋਲ ਇਕ ਜਾਂ ਇਕ ਤੋਂ ਜ਼ਿਆਦਾ ਵਿਭਾਗ ਹੁੰਦੇ ਹਨ, ਜਿਨ੍ਹਾਂ 'ਤੇ ਉਨ੍ਹਾਂ ਦਾ ਕੰਟਰੋਲ ਹੁੰਦਾ ਹੈ ਅਤੇ ਹਰੇਕ ਮੰਤਰੀ ਆਪਣੇ ਵਿਭਾਗ/ਵਿਭਾਗਾਂ ਦਾ ਪ੍ਰਸ਼ਾਸਨ ਠੀਕ ਢੰਗ ਨਾਲ ਚਲਾਉਣ ਲਈ ਜ਼ਿੰਮੇਵਾਰ ਹੁੰਦੇ ਹਨ।

**(3) ਤਾਲਮੇਲ ਕੰਮ** (Co-ordination Functions)– ਕੈਬਨਿਟ ਅਲੱਗ–ਅਲੱਗ ਸਰਕਾਰੀ ਵਿਭਾਗਾਂ ਦੇ ਕੰਮਾਂ ਵਿੱਚ ਤਾਲਮੇਲ ਭਰੋਸੇਯੋਗ ਬਣਾਉਣ ਲਈ ਵੀ ਜ਼ਿੰਮੇਵਾਰ ਹੁੰਦੇ ਹਨ। ਵਿਭਾਗਾਂ ਵਿੱਚ ਤਾਲਮੇਲ ਤੋਂ ਬਿਨਾਂ, ਸਰਕਾਰ ਸੁਭਾਵਿਕ ਢੰਗ ਨਾਲ ਨਹੀਂ ਚਲਾਈ ਜਾ ਸਕਦੀ। ਕੈਬਨਿਟ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਅਲੱਗ–ਅਲੱਗ ਵਿਭਾਗਾਂ ਵਿੱਚ ਪੈਦਾ ਹੋਣ ਵਾਲੇ ਟਕਰਾਅ ਅਤੇ ਵਿਰੋਧਾਂ ਨੂੰ ਦੂਰ ਕਰੇ। ਸਾਰੇ ਮੰਤਰੀ ਕੈਬਨਿਟ ਦੇ ਫੈਸਲਿਆਂ ਨੂੰ ਸਵੀਕਾਰ ਕਰਨ ਦੇ ਲਈ ਪਾਬੰਦ ਹੁੰਦੇ ਹਨ।

**(4) ਨਿਯੁਕਤੀਆਂ ਕਰਨ ਦਾ ਅਧਿਕਾਰ** (Appointment-making Powers)– ਕੈਬਨਿਟ ਰਾਜ ਵਿੱਚ ਮਹੱਤਵਪੂਰਨ ਨਿਯੁਕਤੀਆਂ ਕਰਦੀ ਹੈ। ਐਡਵੋਕੇਟ ਜਨਰਲ, ਰਾਜ ਦੀ ਵਿਸ਼ਵ–ਵਿਦਿਆਲਾ ਦੇ ਉੱਪ ਕੁਲਪਤੀਆਂ ਜਾਂ ਪ੍ਰੋ. ਉੱਪਕੁਲਪਤੀਆਂ, ਰਾਜ ਲੋਕ ਸੇਵਾ ਆਯੋਗ (ਐੱਸ. ਪੀ. ਐੱਸ. ਸੀ.) ਦੇ ਚੇਅਰਮੈਨ ਅਤੇ ਮੈਂਬਰ, ਅਲੱਗ–ਅਲੱਗ ਨਿਯਮਾਂ ਅਤੇ ਬੋਰਡਾਂ ਦੇ ਚੇਅਰਮੈਨ ਆਦਿ ਸਾਰਿਆਂ ਦੀਆਂ ਨਿਯੁਕਤੀਆਂ ਰਾਜ ਦੀ ਮੰਤਰੀ ਪ੍ਰੀਸ਼ਦ ਦੀ ਸਿਫਾਰਿਸ਼ 'ਤੇ ਰਾਜਪਾਲ ਵੱਲੋਂ ਕੀਤੀਆਂ ਜਾਂਦੀਆਂ ਹਨ।

**(5) ਕਾਨੂੰਨ-ਨਿਰਮਾਣ ਵਿੱਚ ਭੂਮਿਕਾ** (Role in Law-Making)– ਕਾਨੂੰਨ ਨਿਰਮਾਣ ਕਰਨਾ ਰਾਜ ਦੀ ਵਿਧਾਨ ਪਾਲਿਕਾ ਦਾ ਕੰਮ ਹੁੰਦਾ ਹੈ ਪਰ ਰਾਜ ਮੰਤਰੀ ਪ੍ਰੀਸ਼ਦ ਵੀ ਇਸ ਵਿਵਹਾਰ ਵਿੱਚ ਮਹੱਤਵਪੂਰਨ ਅਤੇ ਮੁੱਖ ਭੂਮਿਕਾ ਅਦਾ ਕਰਦੀ ਹੈ। ਇਹ ਮੰਤਰੀ ਪ੍ਰੀਸ਼ਦ ਹੀ ਹੁੰਦੀ ਹੈ ਜੋ ਵਿਧਾਨ ਪਾਲਿਕਾ ਦੇ ਪ੍ਰੋਗਰਾਮ ਦਾ ਨਿਰਧਾਰਣ ਕਰਦੀ ਹੈ। ਜ਼ਿਆਦਾਤਰ ਬਿੱਲ, ਲਗਭਗ 95% ਮੰਤਰੀਆਂ ਵੱਲੋਂ ਰਾਜ ਵਿਧਾਨ ਪਾਲਿਕਾ ਵਿੱਚ ਪੇਸ਼ ਕੀਤੇ ਅਤੇ ਪਾਸ ਕਰਵਾਏ ਜਾਂਦੇ ਹਨ ਕਿਉਂਕਿ ਉਸ ਨੂੰ ਬਹੁ ਸੰਖਿਆ ਮੈਂਬਰਾਂ ਦਾ ਸਮਰਥਨ ਪ੍ਰਾਪਤ ਹੁੰਦਾ ਹੈ। ਇਕ ਨਿੱਜੀ ਮੈਂਬਰ ਬਿੱਲ ਕੋਲ ਹੋਣ ਦੇ ਮੌਕੇ ਬਹੁਤ ਘੱਟ ਹੁੰਦੇ ਹਨ, ਜੇਕਰ ਉਸ ਦੀ ਮੰਤਰੀ ਪ੍ਰੀਸ਼ਦ ਦਾ ਸਮਰਥਨ ਪ੍ਰਾਪਤ ਨਾ ਹੋਵੇ। ਜਦੋਂ ਰਾਜ ਵਿਧਾਨ ਪਾਲਿਕਾ ਦਾ ਅਧਿਵੇਸ਼ਨ ਨਾ ਚੱਲ ਰਿਹਾ ਹੋਵੇ ਤਾ ਮੰਤਰੀ ਪ੍ਰੀਸ਼ਦ ਰਾਜਪਾਲ ਤੋਂ ਆਦੇਸ਼ ਜਾਰੀ ਕਰਵਾ ਕੇ ਕਾਨੂੰਨ ਨਿਰਮਾਣ ਦੀਆਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦਾ ਹੈ। ਅਜਿਹੇ ਆਦੇਸ਼ਾਂ ਵਿੱਚ ਕਾਨੂੰਨੀ ਸ਼ਕਤੀ ਹੁੰਦੀ ਹੈ ਅਤੇ ਇਨ੍ਹਾਂ ਨੂੰ ਵਿਧਾਨ ਪਾਲਿਕਾ ਦਾ ਅਧਿਵੇਸ਼ਨ ਸ਼ੁਰੂ ਹੋਣ 'ਤੇ ਕਾਨੂੰਨ ਵਿੱਚ ਬਦਲਿਆ ਜਾ ਸਕਦਾ ਹੈ। ਇਸ ਤਰ੍ਹਾਂ ਵਿਵਹਾਰਿਕ ਉਦੇਸ਼ਾਂ ਲਈ ਮੰਤਰੀ ਪ੍ਰੀਸ਼ਦ ਰਾਜ ਦੀ ਕਾਨੂੰਨ ਨਿਰਮਾਣ ਪ੍ਰਕਿਰਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਕਿਉਂਕਿ ਮੰਤਰੀ ਪ੍ਰੀਸ਼ਦ ਨੂੰ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਹੁੰਦਾ ਹੈ ਇਸ ਲਈ ਮੰਤਰੀ ਪ੍ਰੀਸ਼ਦ ਦੀ ਇੱਛਾ ਤੋਂ ਬਿਨਾਂ ਵਿਧਾਨ ਪਾਲਿਕਾ ਵਿੱਚ ਕੋਈ ਵੀ ਕਾਨੂੰਨ ਪਾਸ ਨਹੀਂ ਹੋ ਸਕਦਾ। ਮੰਤਰੀ ਪ੍ਰੀਸ਼ਦ ਦੇ ਮੈਂਬਰ ਅਤੇ ਮੰਤਰੀ ਵੀ ਰਾਜ ਵਿਧਾਨ ਪਾਲਿਕਾ ਦੇ ਮੈਂਬਰ ਹੁੰਦੇ ਹਨ ਅਤੇ ਕਾਨੂੰਨ ਨਿਰਮਾਣ ਦੀ ਪ੍ਰਕਿਰਿਆ ਵਿੱਚ ਸਰਗਰਮ ਅਤੇ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਰਾਜਪਾਲ ਮੰਤਰੀ ਪ੍ਰੀਸ਼ਦ ਦੀ ਸਿਫਾਰਿਸ਼ 'ਤੇ ਹੀ ਕਿਸੇ ਬਿੱਲ 'ਤੇ ਹਸਤਾਖਰ ਕਰਦਾ ਹੈ ਅਤੇ ਉਸ ਨੂੰ ਕਾਨੂੰਨ ਦਾ ਰੂਪ ਦਿੰਦਾ ਹੈ। ਸਧਾਰਣ ਰੂਪ ਵਿੱਚ ਰਾਜਪਾਲ ਮੰਤਰੀ ਪ੍ਰੀਸ਼ਦ ਦੀ ਸਲਾਹ 'ਤੇ ਹੀ ਰਾਜ ਵਿਧਾਨ ਪਾਲਿਕਾ ਦੀ ਬੈਠਕ ਬੁਲਾਉਂਦਾ ਹੈ, ਬੈਠਕ ਨੂੰ ਰੱਦ ਕਰਦਾ ਹੈ ਜਾਂ ਰਾਜ ਵਿਧਾਨ ਪਾਲਿਕਾ ਨੂੰ ਭੰਗ ਕਰਦਾ ਹੈ।

**(6) ਵਿੱਤੀ ਕੰਮ** (Financial Functions)– ਮੰਤਰੀ ਪ੍ਰੀਸ਼ਦ ਰਾਜ ਦੇ ਵਿੱਤ 'ਤੇ ਕੰਟਰੋਲ ਰੱਖਦੀ ਹੈ। ਅਸਲ ਵਿੱਚ ਕੈਬਨਿਟ ਹੀ ਰਾਜ ਦੀ ਵਿੱਤੀ ਨੀਤੀ ਨਿਰਧਾਰਿਤ ਕਰਦੀ ਹੈ। ਕੈਬਨਿਟ ਦੇ ਵਿਕਾਸ ਦੀਆਂ ਸਾਰੀਆਂ ਨੀਤੀਆਂ ਅਤੇ ਯੋਜਨਾਵਾਂ ਬਣਾਉਂਦੀ ਅਤੇ ਲਾਗੂ ਕਰਦੀ ਹੈ। ਇਹ ਰਾਜ ਵਿਧਾਨ ਸਭਾ ਵੱਲੋਂ ਪਾਸ ਨੀਤੀਆਂ ਅਤੇ ਬਜਟ ਦੇ ਅਨੁਸਾਰ ਰਾਜ ਦਾ ਵਿੱਤੀ ਪ੍ਰਬੰਧ ਚਲਾਉਂਦੀ ਹੈ। ਵਿੱਤੀ ਮੰਤਰੀ, ਜੋ ਕਿ ਬਜਟ ਤਿਆਰ ਕਰਨ ਅਤੇ ਪੇਸ਼ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ, ਕੈਬਨਿਟ ਦਾ ਮੈਂਬਰ ਹੁੰਦਾ ਹੈ। ਰਾਜ ਦੇ ਵਿੱਤੀ ਮੁੱਦਿਆਂ ਦਾ ਨਿਪਟਾਰਾ ਕੈਬਨਿਟ ਦੇ ਫੈਸਲਿਆਂ ਦੇ ਅਨੁਸਾਰ ਕੀਤਾ ਜਾਂਦਾ ਹੈ। ਵਿਧਾਨ ਪਾਲਿਕਾ ਵਿੱਚ ਵਿੱਤ ਬਿੱਲ ਕੇਵਲ ਮੰਤਰੀ ਹੀ ਪੇਸ਼ ਕਰ ਸਕਦੇ ਹਨ। ਮੰਤਰੀ ਪ੍ਰੀਸ਼ਦ ਹੀ ਰਾਜ ਦੇ ਬਜਟ ਅਨੁਸਾਰ ਪ੍ਰਸ਼ਾਸਨ ਚਲਾਉਂਦੀ ਹੈ। ਸਿਧਾਂਤਕ ਰੂਪ ਵਿੱਚ ਰਾਜ ਦੇ ਵਿੱਤ 'ਤੇ ਰਾਜ ਵਿਧਾਨ ਸਭਾ ਦਾ ਕੰਟਰੋਲ ਹੁੰਦਾ ਹੈ, ਵਿਵਹਾਰ ਵਿੱਚ ਮੰਤਰੀ ਪ੍ਰੀਸ਼ਦ ਹੀ ਰਾਜ ਦੇ ਵਿੱਤ 'ਤੇ ਕੰਟਰੋਲ ਕਰਦੀ ਹੈ।

### ਮੰਤਰੀ ਪ੍ਰੀਸ਼ਦ ਅਤੇ ਰਾਜਪਾਲ : ਸਬੰਧ
### (The Council of Ministers and the Governor: Relation)

ਕੇਂਦਰ ਅਤੇ ਰਾਜ ਪੱਧਰਾਂ 'ਤੇ ਸੰਸਦੀ ਪ੍ਰਣਾਲੀ ਅਪਣਾਉਣ ਕਾਰਨ ਇਕ ਰਾਜ ਦੇ ਰਾਜਪਾਲ ਅਤੇ ਰਾਜ ਮੰਤਰੀ ਪ੍ਰੀਸ਼ਦ ਵਿੱਚ ਸਬੰਧ ਉਸੇ ਤਰ੍ਹਾਂ ਹੀ ਹੁੰਦੇ ਹਨ ਜਿਵੇਂ ਭਾਰਤ ਦੇ ਰਾਸ਼ਟਰਪਤੀ ਅਤੇ ਸੰਘੀ ਮੰਤਰੀ ਪ੍ਰੀਸ਼ਦ ਵਿੱਚ ਹੁੰਦੇ ਹਨ। ਰਾਜਪਾਲ ਵੀ ਰਾਜ ਦਾ ਨਾਮਾਤਰ ਦਾ ਕਾਰਜਪਾਲਿਕਾ ਮੁਖੀਆ ਹੁੰਦਾ ਹੈ ਅਤੇ ਉਸ ਕੋਲ ਵੀ ਨਾਮਾਤਰ ਦੇ ਕਰਮਚਾਰੀ ਅਧਿਕਾਰ ਹੁੰਦੇ ਹਨ। ਦੂਸਰੇ

ਨੋਟ

ਪਾਸੇ ਰਾਜ ਦੀ ਮੰਤਰੀ ਪ੍ਰੀਸ਼ਦ ਰਾਜ ਦੀ ਅਸਲ ਕਾਰਜ ਪਾਲਿਕਾ ਹੁੰਦੀ ਹੈ, ਰਾਜਪਾਲ ਅਤੇ ਮੰਤਰੀ ਪ੍ਰੀਸ਼ਦ ਰਾਜ ਦੀ ਕਾਰਜ ਪਾਲਿਕਾ ਦੇ ਦੋ ਹਿੱਸੇਦਾਰ ਹੁੰਦੇ ਹਨ ਜਿੱਥੇ ਸਾਰੇ ਕੰਮ ਰਾਜਪਾਲ ਦੇ ਨਾਮ 'ਤੇ ਮੰਤਰੀ ਪ੍ਰੀਸ਼ਦ ਵੱਲੋਂ ਕੀਤੇ ਜਾਂਦੇ ਹਨ। ਸੰਵਿਧਾਨ ਦੇ ਅਨੁਛੇਦ 163 ਇੱਥੇ ਪ੍ਰਬੰਧ ਕਰਦਾ ਹੈ ਕਿ ਰਾਜ ਦੀ ਮੰਤਰੀ ਪ੍ਰੀਸ਼ਦ ਰਾਜਪਾਲ ਨੂੰ ਉਸ ਦੇ ਕੰਮ ਨਿਪਟਾਉਣ ਲਈ ਸਹਾਇਤਾ ਅਤੇ ਸਲਾਹ ਦੇਵੇਗੀ, ਸਿਵਾਏ ਉਸ ਸਥਿਤੀ ਵਿੱਚ ਜਦੋਂ ਕਿ ਰਾਜਪਾਲ ਨੇ ਆਪਣੀ ਸਵ-ਵਿਵੇਕ ਦੀਆਂ ਸ਼ਕਤੀਆਂ ਅਨੁਸਾਰ ਕੰਮ ਕਰਨਾ ਹੁੰਦਾ ਹੈ। ਸ਼ਕਤੀਆਂ ਰਾਜਪਾਲ ਨੂੰ ਦਿੱਤੀਆਂ ਗਈਆਂ ਹਨ ਪਰ ਇਨ੍ਹਾਂ ਦਾ ਇਸਤੇਮਾਲ ਉਹ ਮੰਤਰੀਆਂ ਦੀ ਸਲਾਹ ਨਾਲ ਕਰਦਾ ਹੈ। ਮੁੱਖ ਮੰਤਰੀ ਅਤੇ ਹੋਰ ਮੰਤਰੀ ਰਾਜਪਾਲ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ। ਉਹ ਉਦੋਂ ਤੱਕ ਅਹੁਦੇ 'ਤੇ ਰਹਿੰਦੇ ਹਨ ਜਦੋਂ ਤੱਕ ਰਾਜਪਾਲ ਚਾਹੁੰਦਾ ਹੈ। ਰਾਜਪਾਲ ਨੂੰ ਇਕ ਮੰਤਰੀ ਅਤੇ ਸੰਪੂਰਨ ਮੰਤਰੀ ਪ੍ਰੀਸ਼ਦ ਨੂੰ ਹੀ ਭੰਗ ਕਰਨ ਦਾ ਅਧਿਕਾਰ ਹੁੰਦਾ ਹੈ। ਸਿਧਾਂਤਕ ਰੂਪ ਵਿੱਚ ਮੰਤਰੀ ਰਾਜਪਾਲ ਅਧੀਨ ਕੰਮ ਕਰਦੇ ਹਨ। ਸਰਕਾਰ ਵੱਲੋਂ ਕੀਤੀ ਜਾਣ ਵਾਲੀ ਹਰੇਕ ਕਾਰਜਕਾਰੀ ਕਾਰਵਾਈ ਰਾਜਪਾਲ ਦੇ ਨਾਮ 'ਤੇ ਕੀਤੀ ਜਾਂਦੀ ਹੈ।

ਤਾਂ ਵੀ ਰਾਜ ਪ੍ਰਸ਼ਾਸਨ ਦੇ ਅਸਲ ਵਿਵਹਾਰ ਵਿੱਚ ਇਸ ਦੇ ਉਲਟ ਗੱਲ ਸੱਚ ਹੈ-ਰਾਜਪਾਲ ਹੀ ਹੈ ਜੋ ਸਲਾਹ ਦਿੰਦਾ ਹੈ ਅਤੇ ਮੰਤਰੀ ਪ੍ਰੀਸ਼ਦ ਫੈਸਲਾ ਕਰਦਾ ਹੈ। ਮੁੱਖ ਮੰਤਰੀ ਅਤੇ ਮੰਤਰੀਆਂ ਦੀ ਚੋਣ ਵਿੱਚ ਰਾਜਪਾਲ ਦਾ ਕੋਈ ਵਿਸ਼ੇਸ਼ ਹੱਥ ਨਹੀਂ ਹੁੰਦਾ। ਜੇਕਰ ਇਕ ਹੀ ਦਲ ਨੂੰ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਹੋਵੇ ਤਾਂ ਰਾਜਪਾਲ ਨੂੰ ਉਸ ਦਲ ਦੇ ਨੇਤਾ ਬੁਲਾਉਣਾ ਅਤੇ ਉਸ ਨੂੰ ਮੁੱਖ ਮੰਤਰੀ ਨਿਯੁਕਤ ਕਰਨਾ ਹੀ ਪੈਂਦਾ ਹੈ ਫਿਰ ਸਾਰੇ ਬਾਕੀ ਮੰਤਰੀ ਮੁੱਖ ਮੰਤਰੀ ਵੱਲੋਂ ਚੁਣੇ ਜਾਂਦੇ ਹਨ ਅਤੇ ਰਾਜਪਾਲ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ। ਪਰ ਕਿਸੇ ਵੀ ਇਕ ਦਲ ਵੱਲੋਂ ਬਹੁਮਤ ਪ੍ਰਾਪਤ ਨਾ ਕਰਨ ਦੀ ਸਥਿਤੀ ਵਿੱਚ ਰਾਜਪਾਲ ਆਪਣੀ ਕੁਝ ਇੱਛਾ ਦਾ ਇਸਤੇਮਾਲ ਕਰਕੇ ਮੰਤਰੀ ਪ੍ਰੀਸ਼ਦ ਦਾ ਗਠਨ ਕਰ ਸਕਦਾ ਹੈ ਜਾਂ ਜੇਕਰ ਇਕ ਸਰਕਾਰ ਵਿਧਾਨ ਸਭਾ ਵਿੱਚ ਭਰੋਸੇ ਦਾ ਵੋਟ ਪ੍ਰਾਪਤ ਕਰਨ ਵਿੱਚ ਅਸਫਲ ਰਹਿੰਦੀ ਹੈ ਤਾਂ ਰਾਜਪਾਲ ਆਪਣੇ ਸਵ-ਵਿਵੇਕ ਅਧਿਕਾਰ ਦਾ ਇਸਤੇਮਾਲ ਕਰਦੇ ਹੋਏ ਜਾਂ ਤਾਂ ਕਿਸੇ ਵੀ ਹੋਰ ਨੇਤਾ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਸਕਦਾ ਹੈ ਜਾਂ ਰਾਜ ਵਿਧਾਨ ਸਭਾ ਭੰਗ ਕਰ ਸਕਦਾ ਹੈ।

ਸਧਾਰਣ ਰੂਪ ਵਿੱਚ ਰਾਜਪਾਲ ਸਾਰਿਆਂ ਮੁੱਦਿਆਂ 'ਤੇ ਮੰਤਰੀ ਪ੍ਰੀਸ਼ਦ ਦੀ ਸਿਫਾਰਸ਼ ਦੇ ਅਨੁਸਾਰ ਕੰਮ ਕਰਦਾ ਹੈ, ਸਿਵਾਏ ਉਨ੍ਹਾਂ ਸ਼ਕਤੀਆਂ ਦੇ ਜਿਨ੍ਹਾਂ ਦੇ ਸਬੰਧ ਵਿੱਚ ਸੰਵਿਧਾਨ ਨੇ ਉਸ ਨੂੰ ਸਵ-ਵਿਵੇਕ ਸ਼ਕਤੀਆਂ ਦਿੱਤੀਆਂ ਹਨ। ਰਾਜ ਵਿੱਚ ਰਾਜਪਾਲ ਦੀ ਸਥਿਤੀ ਕੇਂਦਰ ਵਿੱਚ ਰਾਸ਼ਟਰਪਤੀ ਵਰਗੀ ਨਹੀਂ ਹੈ, ਕਿਉਂਕਿ ਸੰਵਿਧਾਨ ਨੇ ਉਸ ਨੂੰ ਕੁਝ ਸਵ-ਵਿਵੇਕ ਦੀਆਂ ਸ਼ਕਤੀਆਂ ਦਿੱਤੀਆਂ ਹਨ (ਜਿਵੇਂ ਕਿ ਰਾਜ ਸਰਕਾਰ ਨੂੰ ਭੰਗ ਕਰਨਾ, ਰਾਜ ਵਿਧਾਨ ਸਭਾ ਨੂੰ ਭੰਗ ਕਰਨਾ ਅਤੇ ਧਾਰਾ 356 ਅਧੀਨ ਮਿਲੇ ਅਧਿਕਾਰ) ਇਸ ਕਾਰਨ ਹੀ ਡੀ. ਡੀ. ਬਸੂ ਨੇ ਰਾਜਪਾਲ ਅਤੇ ਰਾਜ ਮੰਤਰੀ ਪ੍ਰੀਸ਼ਦ ਨਾਲ ਸਬੰਧੀਆਂ ਅਤੇ ਉਨ੍ਹਾਂ ਦੀ ਰਾਸ਼ਟਰਪਤੀ ਅਤੇ ਸੰਘੀ ਮੰਤਰੀ ਪ੍ਰੀਸ਼ਦ ਵਿੱਚ ਸਬੰਧਾਂ ਨਾਲ ਤੁਲਨਾ ਕਰਦੇ ਹੋਏ ਹੱਲ ਵਿੱਚ ਕਿਹਾ ਹੈ ਕਿ," ਸਧਾਰਣ ਤੌਰ 'ਤੇ ਰਾਜਪਾਲ ਅਤੇ ਉਸ ਦੇ ਮੰਤਰੀਆਂ ਵਿੱਚ ਸਬੰਧ ਉਵੇਂ ਹੀ ਹੁੰਦੇ ਹਨ ਜਿਵੇਂ ਰਾਸ਼ਟਰਪਤੀ ਅਤੇ ਉਸ ਦੇ ਮੰਤਰੀਆਂ ਵਿੱਚ ਹੁੰਦੇ ਹਨ, ਮਹੱਤਵਪੂਰਨ ਫਰਕ ਇਹ ਹੈ ਕਿ ਜਦੋਂ ਕਿ ਸੰਵਿਧਾਨ ਨੇ ਰਾਸ਼ਟਰਪਤੀ ਨੂੰ ਕੋਈ ਸਵ-ਵਿਵੇਕ ਅਧਿਕਾਰ ਨਹੀਂ ਦਿੱਤੇ, ਰਾਜਪਾਲ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਆਪਣੇ ਸਵ-ਵਿਵੇਕ ਅਧਿਕਾਰਾਂ ਦਾ ਇਸਤੇਮਾਲ ਕਰਦੇ ਹੋਏ ਕੰਮ ਕਰ ਸਕਦਾ ਹੈ।"

ਇਸ ਤੋਂ ਅੱਗੇ ਸੰਵਿਧਾਨ ਕਈ ਅਜਿਹੇ ਢੰਗ ਪ੍ਰਦਾਨ ਕਰਦਾ ਹੈ, ਜਿਨ੍ਹਾਂ ਨਾਲ ਰਾਜਪਾਲ ਰਾਜ ਦੇ ਪ੍ਰਸ਼ਾਸਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਮੰਤਰੀ ਪ੍ਰੀਸ਼ਦ ਦੇ ਫੈਸਲਿਆਂ ਸਬੰਧੀ ਰਾਜਪਾਲ ਨੂੰ ਜਾਣਕਾਰੀ ਦੇਵੇ। ਦੂਸਰਾ ਰਾਜਪਾਲ ਨੂੰ ਇਹ ਅਧਿਕਾਰ ਹੁੰਦਾ ਹੈ ਕਿ ਉਹ ਰਾਜ ਪ੍ਰਸ਼ਾਸਨ ਨਾਲ ਸਬੰਧਿਤ ਕਿਸੇ ਵੀ ਮੁੱਦੇ ਸਬੰਧੀ ਮੁੱਖ ਮੰਤਰੀ ਤੋਂ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ ਅਤੇ ਮੁੱਖ ਮੰਤਰੀ ਦਾ ਇਹ ਕਰਤਵ ਹੁੰਦਾ ਹੈ ਕਿ ਉਹ ਸਾਰੀ ਜਾਣਕਾਰੀ ਰਾਜਪਾਲ ਨੂੰ ਦੇਵੇ। ਤੀਸਰਾ, ਰਾਜਪਾਲ ਨੂੰ ਇਹ ਵੀ ਅਧਿਕਾਰ ਹੈ ਕਿ ਉਹ ਇਕ ਮੰਤਰੀ ਵੱਲੋਂ ਲਏ ਗਏ ਫੈਸਲੇ ਨੂੰ ਵਿਚਾਰ ਲਈ ਸੰਪੂਰਨ ਮੰਤਰੀ ਪ੍ਰੀਸ਼ਦ ਦੇ ਸਾਹਮਣੇ ਪੇਸ਼ ਕਰਨ ਦੇ ਲਈ ਕਹਿ ਸਕਦਾ ਹੈ। ਅਸਲ ਵਿੱਚ ਰਾਜਪਾਲ ਮੰਤਰੀਆਂ ਨੂੰ ਸਲਾਹ, ਚੇਤਾਵਨੀ ਅਤੇ ਉਤਸ਼ਾਹ ਦੇ ਸਕਦਾ ਹੈ।

**ਸਿੱਟਾ (Conclusion)**- ਮੰਤਰੀ ਪ੍ਰੀਸ਼ਦ ਅਸਲ ਕਾਰਜ ਪਾਲਿਕਾ ਹੋਣ ਕਾਰਨ ਰਾਜ ਵਿੱਚ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਸਥਿਤੀ ਰੱਖਦੀ ਹੈ। ਇਹ ਰਾਜ ਵਿੱਚ ਸਭ ਤੋਂ ਦ੍ਰਿੜ ਅਤੇ ਸ਼ਕਤੀਸ਼ਾਲੀ ਸੰਸਥਾ ਹੈ। ਅਸਲ ਰੂਪ ਵਿੱਚ ਮੰਤਰੀ ਪ੍ਰੀਸ਼ਦ ਰਾਜਪਾਲ ਨੂੰ ਦਿੱਤੇ ਗਏ ਸਾਰੇ ਅਧਿਕਾਰਾਂ ਦਾ ਇਸਤੇਮਾਲ ਕਰਦੇ ਹੋਏ ਰਾਜ ਦਾ ਪ੍ਰਸ਼ਾਸਨ ਚਲਾਉਂਦੀ ਹੈ ਪਰ ਅਨੁਛੇਦ 356 ਅਧੀਨ ਸੰਕਟਕਾਲ ਸਥਿਤੀ ਸਮੇਂ ਰਾਜਪਾਲ ਰਾਜ ਵਿੱਚ ਸੁਤੰਤਰ ਰੂਪ ਵਿੱਚ ਰਾਜ ਮੰਤਰੀ ਪ੍ਰੀਸ਼ਦ ਦੀ ਹੋਂਦ ਤੋਂ ਬਿਨਾਂ ਰਾਜ ਦਾ ਪ੍ਰਸ਼ਾਸਨ ਚਲਾਉਂਦਾ ਹੈ।

### ਸਵ-ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚ ਸੱਚ/ਝੂਠ ਦੱਸੋ (Write True/False in the following statements):

7. ਸਧਾਰਣ ਤੌਰ 'ਤੇ ਰਾਜਪਾਲ ਆਪਣੇ ਸਾਰੇ ਕੰਮ ਰਾਜ ਮੰਤਰੀ ਪ੍ਰੀਸ਼ਦ ਅਸਲ ਵਿੱਚ ਮੁੱਖ ਮੰਤਰੀ ਦੀ ਸਲਾਹ ਨਾਲ ਕਰਦਾ ਹੈ।
8. ਰਾਜ ਦੀ ਮੰਤਰੀ ਪ੍ਰੀਸ਼ਦ ਰਾਜ ਪੱਧਰ 'ਤੇ ਅਸਲ ਕਾਰਜ ਪਾਲਿਕਾ (ਸਰਕਾਰ) ਨਹੀਂ ਹੁੰਦੀ।
9. ਮੁੱਖ ਮੰਤਰੀ ਅਤੇ ਮੰਤਰੀਆਂ ਦੀ ਚੋਣ ਵਿੱਚ ਰਾਜਪਾਲ ਦਾ ਵਿਸ਼ੇਸ ਹੱਥ ਹੁੰਦਾ ਹੈ।

ਨੋਟ

## 11.5 ਰਾਜ ਦਾ ਮੁੱਖ ਮੰਤਰੀ (State Chief Minister)

ਕੇਂਦਰ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਤਰ੍ਹਾਂ ਰਾਜ ਵਿੱਚ ਮੁੱਖ ਮੰਤਰੀ ਦਾ ਅਹੁਦਾ ਵੀ ਬਹੁਤ ਮਹੱਤਵਪੂਰਨ ਹੈ। ਮੁੱਖ ਮੰਤਰੀ ਰਾਜ ਸਰਕਾਰ ਨੂੰ ਚਲਾਉਣ ਵਾਲਾ ਸਭ ਤੋਂ ਸ਼ਕਤੀਸ਼ਾਲੀ ਨੇਤਾ ਹੁੰਦਾ ਹੈ। ਉਹ ਰਾਜ ਦੀ ਮੰਤਰੀ ਪ੍ਰੀਸ਼ਦ ਦਾ ਮੁਖੀਆ ਹੁੰਦਾ ਹੈ ਜੋ ਕਿ ਅਸਲ ਕਾਰਜ ਪਾਲਿਕਾ ਹੈ। ਇਸ ਤਰ੍ਹਾਂ ਮੁੱਖ ਮੰਤਰੀ ਨੂੰ ਰਾਜ ਸਰਕਾਰ ਦਾ ਅਸਲੀ ਕਾਰਜ ਪਾਲਿਕਾ ਮੁਖੀਆ ਕਿਹਾ ਜਾ ਸਕਦਾ ਹੈ ਅਤੇ ਇਸ ਰੂਪ ਵਿੱਚ ਉਹ ਵਿਆਪਕ ਅਤੇ ਅਸਲੀ ਸ਼ਕਤੀਆਂ ਦਾ ਇਸਤੇਮਾਲ ਕਰਦਾ ਹੈ। ਆਪਣੇ ਰਾਜ ਦੇ ਨੇਤਾ ਬਹੁਮਤ ਪ੍ਰਾਪਤ ਦਲ ਦੇ ਨੇਤਾ ਰਾਜ ਮੰਤਰੀ ਪ੍ਰੀਸ਼ਦ ਦੇ ਮੁਖੀਆ, ਰਾਜਪਾਲ ਦੇ ਮੁੱਖ ਸਲਾਹਕਾਰ ਅਤੇ ਰਾਜ ਦੇ ਲੋਕਾਂ ਦੇ ਪ੍ਰਤੀਨਿਧੀ ਹੋਣ ਦੇ ਨਾਤੇ ਮੁੱਖ ਮੰਤਰੀ ਰਾਜ ਦੇ ਪ੍ਰਸ਼ਾਸਨ ਵਿੱਚ ਮੁੱਖ ਅਤੇ ਸ਼ਕਤੀਸ਼ਾਲੀ ਭੂਮਿਕਾ ਨਿਭਾਉਂਦਾ ਹੈ। ਉਹ ਬਰਾਬਰ ਵਿਅਕਤੀਆਂ ਵਿੱਚੋਂ ਪਹਿਲਾਂ ਨਹੀਂ ਹਨ। ਅਨੁਛੇਦ 163 ਉਸ ਨੂੰ ਸਪੱਸ਼ਟ ਰੂਪ ਵਿੱਚ ਰਾਜ ਦੀ ਮੰਤਰੀ ਪ੍ਰੀਸ਼ਦ ਦੇ ਮੁਖੀਆ ਦਾ ਦਰਜਾ ਦਿੰਦਾ ਹੈ। ਉਸ ਦਾ ਰਾਜ ਦੇ ਰਾਜਨੀਤਿਕ ਪ੍ਰਬੰਧ ਵਿੱਚ ਭੂਮਿਕਾ ਅਤੇ ਦਰਜਾ ਕਾਫੀ ਹੱਦ ਤੱਕ ਉਸੇ ਤਰ੍ਹਾਂ ਹੀ ਹੈ ਜਿਵੇਂ ਕਿ ਕੇਂਦਰ ਵਿੱਚ ਪ੍ਰਧਾਨ ਮੰਤਰੀ ਦਾ ਹੁੰਦਾ ਹੈ।

**(ਕ) ਮੁੱਖ ਮੰਤਰੀ ਦੀ ਨਿਯੁਕਤੀ ਦਾ ਢੰਗ (Method of Appointment of Chief Minister)** : ਸੰਵਿਧਾਨਿਕ ਰੂਪ ਵਿੱਚ ਅਤੇ ਕਾਨੂੰਨੀ ਰੂਪ ਵਿੱਚ ਮੁੱਖ ਮੰਤਰੀ ਦੀ ਨਿਯੁਕਤੀ ਰਾਜਪਾਲ ਵੱਲੋਂ ਕੀਤੀ ਜਾਂਦੀ ਹੈ। ਸੰਵਿਧਾਨ ਦਾ ਅਨੁਛੇਦ 164 (1) ਘੋਸ਼ਣਾ ਕਰਦਾ ਹੈ "ਮੁੱਖ ਮੰਤਰੀ ਰਾਜਪਾਲ ਵੱਲੋਂ ਨਿਯੁਕਤ ਕੀਤਾ ਜਾਵੇਗਾ।" ਪਰ ਇਸ ਦਾ ਅਰਥ ਇਹ ਨਹੀਂ ਕਿ ਰਾਜਪਾਲ ਮੁੱਖ ਮੰਤਰੀ ਦੀ ਨਿਯੁਕਤੀ ਕਰਨ ਲਈ ਸੁਤੰਤਰ ਹੁੰਦਾ ਹੈ। ਅਸਲ ਵਿੱਚ ਰਾਜਪਾਲ ਕੋਲ ਆਮ ਤੌਰ 'ਤੇ ਕੋਈ ਵਿਕਲਪ ਨਹੀਂ ਹੁੰਦਾ ਕਿਉਂਕਿ ਚੋਣਾਂ ਤੋਂ ਬਾਅਦ ਜੋ ਦਲ ਰਾਜ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਕਰਦਾ ਹੈ ਉਹ ਆਪਣਾ ਨੇਤਾ ਚੁਣ ਸਕਦਾ ਹੈ ਅਤੇ ਇਸ ਦੀ ਸੂਚਨਾ ਰਾਜਪਾਲ ਨੂੰ ਦਿੰਦਾ ਹੈ। ਇਸ 'ਤੇ ਰਾਜਪਾਲ ਉਪਚਾਰਿਕ ਰੂਪ ਵਿੱਚ ਉਸ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੰਦਾ ਹੈ, ਉਸ ਨੂੰ ਮੁੱਖ ਮੰਤਰੀ ਨਿਯੁਕਤ ਕਰਦਾ ਹੈ ਅਤੇ ਉਸ ਨੂੰ ਆਪਣੀ ਸਰਕਾਰ (ਮੰਤਰੀ ਪ੍ਰੀਸ਼ਦ) ਸੰਗਠਿਤ ਕਰਨ ਲਈ ਕਹਿੰਦਾ ਹੈ। ਉਦਾਹਰਣ ਦੇ ਤੌਰ 'ਤੇ 2005 ਵਿੱਚ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਨੂੰ ਬਹੁਮਤ ਪ੍ਰਾਪਤ ਹੋਇਆ ਅਤੇ ਉਸ ਦੇ ਨੇਤਾ ਸ਼੍ਰੀ ਭੁਪਿੰਦਰ ਸਿੰਘ ਹੁੱਡਾ ਨੂੰ ਹਰਿਆਣਾ ਦੇ ਗਵਰਨਰ ਨੇ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਅਤੇ ਉਸ ਨੇ ਆਪਣੇ ਮੰਤਰੀ ਪ੍ਰੀਸ਼ਦ ਦਾ ਗਠਨ ਕੀਤਾ। ਰਾਜ ਵਿਧਾਨ ਸਭਾਵਾਂ ਦੀਆਂ ਆਮ ਚੋਣਾਂ ਤੋਂ ਬਾਅਦ ਹਰੇਕ ਰਾਜ ਦਾ ਗਵਰਨਰ ਅਜਿਹਾ ਹੀ ਵਿਵਹਾਰ ਅਪਣਾਉਂਦਾ ਹੈ। ਰਾਜਪਾਲ ਵੱਲੋਂ ਇਕ ਰਾਜ ਦਾ ਮੁੱਖ ਮੰਤਰੀ ਨਿਯੁਕਤ ਕਰਨ ਦੇ ਸਬੰਧ ਵਿੱਚ ਇਹ ਵਿਵਹਾਰ ਇਕ ਪ੍ਰੰਪਰਾ ਬਣ ਗਈ ਹੈ ਅਤੇ ਰਾਜਪਾਲ ਵਿਧਾਨ ਪਾਲਿਕਾ ਵਿੱਚ ਬਹੁਮਤ ਪ੍ਰਾਪਤ ਦਲ ਦੇ ਨੇਤਾ ਨੂੰ ਹੀ ਮੁੱਖ ਮੰਤਰੀ ਨਿਯੁਕਤ ਕਰਦਾ ਹੈ।

ਪਰ ਜਦ ਕਿਸੇ ਵੀ ਦਲ ਨੂੰ ਰਾਜ ਵਿਧਾਨ ਸਭਾ ਵਿੱਚ ਸਪੱਸ਼ਟ ਬਹੁਮਤ ਨਹੀਂ ਮਿਲਦਾ ਤਾਂ ਸਧਾਰਣ ਰੂਪ ਵਿੱਚ ਰਾਜਪਾਲ ਸਭ ਤੋਂ ਵੱਡੇ ਦਲ ਦੇ ਨੇਤਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੰਦਾ ਹੈ। ਜ਼ਿਆਦਾਤਰ ਮੁੱਦਿਆਂ ਵਿੱਚ ਜੇਕਰ ਇਕ ਦਲ ਨੂੰ ਰਾਜ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਨਹੀਂ ਹੁੰਦਾ ਤਾਂ ਦੋ ਜਾਂ ਤਿੰਨ ਦਲ ਮਿਲ ਕੇ ਸਾਂਝਾ ਮੋਰਚਾ ਜਾਂ ਸਾਂਝਾ ਸਮੂਹ ਜਾਂ ਗਠਬੰਧਨ ਬਣਾ ਲੈਂਦੇ ਹਨ, ਇਸ ਤੋਂ ਬਾਅਦ ਇਹ ਗਠਬੰਧਨ ਸਮੂਹ ਨੇਤਾ ਚੁਣਦਾ ਹੈ ਅਤੇ ਰਾਜਪਾਲ ਨੂੰ ਇਸ ਦੇ ਨਾਮ ਦੀ ਸੂਚੀ ਦੇ ਦਿੰਦਾ ਹੈ। ਇਸ 'ਤੇ ਰਾਜਪਾਲ ਇਸ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੰਦਾ ਹੈ। ਅਜਿਹੀ ਸਥਿਤੀ ਵਿੱਚ ਰਾਜਪਾਲ ਮੁੱਖ ਮੰਤਰੀ ਦੀ ਚੋਣ ਵਿੱਚ ਕੁਝ ਸਵ-ਵਿਵੇਕ ਅਧਿਕਾਰ ਰੱਖਦਾ ਹੈ। ਉਦਾਹਰਣ ਦੇ ਤੌਰ 'ਤੇ ਜਦ ਨਵੰਬਰ 1967 ਵਿੱਚ ਲਛਮਣ ਸਿੰਘ ਗਿੱਲ ਦੀ ਅਗਵਾਈ ਵਿੱਚ 16 ਅਕਾਲੀ ਵਿਧਾਇਕ ਦਲ ਬਦਲੀ ਕਰ ਗਏ ਤਾਂ ਸੇਵਾਮੁਕਤ ਹੋ ਰਹੇ ਮੁੱਖ ਮੰਤਰੀ ਗੁਰਨਾਮ ਸਿੰਘ ਨੇ ਰਾਜਪਾਲ ਨੂੰ ਮੰਤਰੀ ਪ੍ਰੀਸ਼ਦ ਭੰਗ ਕਰਨ ਦੀ ਸਿਫਾਰਿਸ਼ ਕੀਤੀ ਪਰ ਰਾਜਪਾਲ ਨੇ ਇਹ ਸਿਫਾਰਿਸ਼ ਸਵੀਕਾਰ ਨਾ ਕੀਤੀ ਅਤੇ ਘੱਟ ਗਿਣਤੀ ਸਮੂਹ ਦੇ ਨੇਤਾ ਲਛਮਣ ਸਿੰਘ ਗਿੱਲ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ। ਇਸ ਤਰ੍ਹਾਂ ਜਦ ਜੂਨ 1971 ਵਿੱਚ ਕੁਝ ਅਕਾਲੀ ਵਿਧਾਇਕ ਬਾਦਲ ਸਰਕਾਰ ਤੋਂ ਦਲ ਬਦਲੀ ਕਰ ਗਏ ਤਾਂ ਉਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਭੰਗ ਕਰਨ ਦੀ ਸਿਫਾਰਿਸ਼ ਕੀਤੀ ਪਰ ਦੂਸਰੇ ਪਾਸੇ ਗੁਰਨਾਮ ਸਿੰਘ ਨੇ ਦਾਅਵਾ ਕੀਤਾ ਕਿ ਉਸ ਨੂੰ ਦਲ ਬਦਲੀ ਕਰਕੇ ਆਏ ਵਿਧਾਇਕਾਂ ਅਤੇ ਕਾਂਗਰਸ ਪਾਰਟੀ ਦਾ ਸਮਰਥਨ ਪ੍ਰਾਪਤ ਸੀ। ਉਸ ਨੇ ਦਾਅਵਾ ਕੀਤਾ ਕਿ ਉਸ ਨੂੰ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਸੀ ਅਤੇ ਰਾਜਪਾਲ ਨੂੰ ਪ੍ਰਾਰਥਨਾ ਕੀਤੀ ਕਿ ਕੀ ਉਸ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਜਾਵੇ ਪਰ ਰਾਜਪਾਲ ਨੇ ਉਸ ਦੇ ਦਾਅਵੇ ਨੂੰ ਸਵੀਕਾਰ ਨਾ ਕੀਤਾ। 1967 ਦੀਆਂ ਸਧਾਰਣ ਚੋਣਾਂ ਤੋਂ ਬਾਅਦ ਬਹੁਤ ਸਾਰੇ ਰਾਜਾਂ ਦੇ ਰਾਜਪਾਲਾਂ ਨੇ ਰਾਜ ਸਰਕਾਰਾਂ ਸਥਾਪਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਉਦੇਸ਼ ਦੀ ਪ੍ਰਾਪਤੀ ਲਈ ਅਲੱਗ-ਅਲੱਗ ਰਾਜਪਾਲਾਂ ਨੇ ਅਲੱਗ-ਅਲੱਗ ਢੰਗ ਅਪਣਾਏ। ਰਾਜਪਾਲ ਵੱਲੋਂ ਅਨੋਖਾ ਢੰਗ ਅਪਣਾਉਣ ਦੀ ਇਕ ਉਦਾਹਰਣ ਯੂ. ਪੀ. ਦੇ ਰਾਜਪਾਲ ਰਮੇਸ਼ ਭੰਡਾਰੀ ਦੀ ਦਿੱਤੀ ਜਾ ਸਕਦੀ ਹੈ, ਜਿਸ ਨੇ ਯੂ. ਪੀ. ਰਾਜ ਵਿਧਾਨ ਸਭਾ ਵਿੱਚ ਸਭ ਤੋਂ ਵੱਡੇ ਦਲ ਦੇ ਰੂਪ ਵਿੱਚ ਉਭਰੀ ਭਾਜਪਾ ਨੂੰ ਬਹੁਮਤ ਸਿੱਧ ਕਰਨ ਦਾ ਮੌਕਾ ਨਾ ਦੇ ਕੇ ਪੱਖਪਾਤੀ ਢੰਗ ਨਾਲ ਸਰਕਾਰ ਬਣਾਉਣ ਦਾ ਫੈਸਲਾ ਕੀਤਾ।

ਅਜਿਹੇ ਕੁਝ ਮੌਕਿਆਂ ਨੂੰ ਛੱਡ ਕੇ ਜਿਵੇਂ ਤ੍ਰਿਸ਼ੰਕੂ ਵਿਧਾਨ ਸਭਾ ਹੋਂਦ ਵਿੱਚ ਆਈ, ਜਦ ਦਲ ਬਦਲੀ/ਪਾਰਟੀਆਂ ਵਿੱਚ ਵੰਡ ਕਾਰਨ ਰਾਜ ਵਿੱਚ ਰਾਜਨੀਤਿਕ ਸਥਿਰਤਾ ਵਾਲੀ ਸਥਿਤੀ ਹੋਵੇ, ਰਾਜਪਾਲ ਮੁੱਖ ਮੰਤਰੀ ਦੀ ਨਿਯੁਕਤੀ ਵਿੱਚ ਅਸਲੀ ਭੂਮਿਕਾ ਨਿਭਾ

ਨੋਟ

ਸਕਦਾ ਹੈ। ਸਧਾਰਣ ਰੂਪ ਵਿੱਚ ਉਸ ਨੂੰ ਰਾਜ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਕਰਨ ਵਾਲੀ ਪਾਰਟੀ/ਸਮੂਹ ਦੇ ਨੇਤਾ ਨੂੰ ਮੁੱਖ ਮੰਤਰੀ ਨਿਯੁਕਤ ਕਰਨਾ ਪੈਂਦਾ ਹੈ। ਇੱਥੋਂ ਤੱਕ ਕਿ ਜਦ ਬਹੁਮਤ ਵਾਲੇ ਦਲ ਉਸ ਵਿਅਕਤੀ ਨੂੰ ਆਪਣਾ ਨੇਤਾ ਚੁਣ ਲੈਂਦੇ ਹਨ ਜੋ ਕਿਸੇ ਵੀ ਸਦਨ ਦਾ ਮੈਂਬਰ ਨਹੀਂ ਹੁੰਦਾ ਤਾਂ ਰਾਜਪਾਲ ਨੂੰ ਉਸ ਨੇਤਾ ਨੂੰ ਹੀ ਮੁੱਖ ਮੰਤਰੀ ਨਿਯੁਕਤ ਕਰਨਾ ਪੈਂਦਾ ਹੈ। 1980 ਵਿੱਚ ਏ. ਆਰ. ਆਂਤੁਲੇ ਅਤੇ ਜਗਨਨਾਥ ਪਹਾੜੀਆ ਨੂੰ ਕ੍ਰਮਵਾਰ ਗੁਜਰਾਤ ਅਤੇ ਰਾਜਸਥਾਨ ਦਾ ਮੁੱਖ ਮੰਤਰੀ ਨਿਯੁਕਤ ਕੀਤਾ ਗਿਆ, ਜਦ ਕਿ ਦੋਵੇਂ ਰਾਜ ਵਿਧਾਨ ਪਾਲਿਕਾਵਾਂ ਦੇ ਮੈਂਬਰ ਨਹੀਂ ਸਨ। ਰਾਜਪਾਲ ਸਥਿਰ ਸਥਿਤੀ ਜਾਂ ਸੰਕਟ ਸਮੇਂ ਮੁੱਖ ਮੰਤਰੀ ਦੀ ਚੋਣ ਕਰਦੇ ਸਮੇਂ ਆਪਣੇ ਸਵੈ-ਇੱਛੁਕ ਅਧਿਕਾਰ ਦਾ ਇਸਤੇਮਾਲ ਕਰ ਸਕਦਾ ਹੈ।

(ਖ) **ਕਾਰਜਕਾਲ** (Tenure)- ਸਿਧਾਂਤਕ ਰੂਪ ਵਿੱਚ ਇਕ ਮੁੱਖ ਮੰਤਰੀ ਉਦੋਂ ਤੱਕ ਆਪਣੇ ਅਹੁਦੇ 'ਤੇ ਰਹਿੰਦਾ ਹੈ, ਜਦ ਤੱਕ ਰਾਜਪਾਲ ਉਸ ਨੂੰ ਉਸ ਅਹੁਦੇ 'ਤੇ ਰੱਖਣਾ ਚਾਹੁੰਦਾ ਹੈ ਪਰ ਅਸਲੀ ਵਿਵਹਾਰ ਵਿੱਚ ਮੁੱਖ ਮੰਤਰੀ ਉਦੋਂ ਤੱਕ ਆਪਣੇ ਅਹੁਦੇ 'ਤੇ ਬਣਿਆ ਰਹਿੰਦਾ ਹੈ, ਜਦ ਤੱਕ ਕਿ ਉਹ ਰਾਜ ਵਿਧਾਨ ਸਭਾ ਵਿੱਚ ਬਹੁਮਤ ਵਾਲੇ ਦਲ/ਸਮੂਹ ਦਾ ਨੇਤਾ ਬਣਿਆ ਰਹਿੰਦਾ ਹੈ, ਜੇਕਰ ਉਸ ਕੋਲ ਬਹੁਮਤ ਵਾਲਾ ਸਮਰਥਨ ਖਤਮ ਹੋ ਜਾਵੇ ਤਾਂ ਰਾਜਪਾਲ ਉਸ ਨੂੰ ਅਹੁਦੇ ਤੋਂ ਹਟਾ ਸਕਦਾ ਹੈ। ਰਾਜਪਾਲ ਵਿਧਾਨ ਸਭਾ ਉਸ ਵਿਰੁੱਧ ਬੇਭਰੋਸਗੀ ਦਾ ਪ੍ਰਸਤਾਵ ਪਾਸ ਕੀਤਾ ਸਮਝਿਆ ਜਾਂਦਾ ਹੈ ਅਤੇ ਮੰਤਰੀ ਪ੍ਰੀਸ਼ਦ ਨੂੰ ਤੁਰੰਤ ਤਿਆਗ ਪੱਤਰ ਦੇਣਾ ਪੈਂਦਾ ਹੈ। ਦੂਸਰੇ ਸ਼ਬਦਾਂ ਵਿੱਚ ਮੁੱਖ ਮੰਤਰੀ ਦੇ ਤਿਆਗ ਪੱਤਰ ਨੂੰ ਜਾਂ ਵਿਧਾਨ ਸਭਾ ਵੱਲੋਂ ਮੁੱਖ ਮੰਤਰੀ ਨੂੰ ਬੇਭਰੋਸਗੀ ਨਾਲ ਹਟਾਏ ਜਾਣ ਨੂੰ ਸਾਰੇ ਮੰਤਰੀ ਪ੍ਰੀਸ਼ਦ ਨੂੰ ਹਟਾਇਆ ਜਾਣਾ ਮੰਨਿਆ ਜਾਂਦਾ ਹੈ ਅਤੇ ਸਾਰਾ ਮੰਤਰੀ ਪ੍ਰੀਸ਼ਦ ਇਕ ਟੀਮ ਵਾਂਗ ਵਿਵਹਾਰ ਕਰਦੇ ਹੋਏ ਆਪਣਾ ਤਿਆਗ ਪੱਤਰ ਦੇ ਦਿੰਦਾ ਹੈ। ਇਕ ਵਾਰ ਨਿਯੁਕਤ ਹੋਣ ਤੋਂ ਬਾਅਦ ਮੁੱਖ ਮੰਤਰੀ ਜ਼ਿਆਦਾ ਤੋਂ ਜ਼ਿਆਦਾ 5 ਸਾਲ ਤੱਕ (ਰਾਜ ਵਿਧਾਨ ਸਭਾ ਦੇ ਕਾਰਜਕਾਲ ਤੱਕ) ਮੁੱਖ ਮੰਤਰੀ ਬਣਿਆ ਰਹਿ ਸਕਦਾ ਹੈ, ਬਸ਼ਰਤੇ ਕਿ ਉਸ ਨੂੰ ਰਾਜ ਵਿਧਾਨ ਸਭਾ ਵਿੱਚ ਲਗਾਤਾਰ ਬਹੁਮਤ ਦਾ ਸਮਰਥਨ ਪ੍ਰਾਪਤ ਰਹੇ। ਜੇਕਰ ਨਵੀਆਂ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਦਾ ਰਾਜਨੀਤਿਕ ਦਾ ਪੁਨਰ ਬਹੁਮਤ ਪ੍ਰਾਪਤ ਕਰ ਲੈਂਦਾ ਹੈ ਤਾਂ ਵੀ ਮੁੱਖ ਮੰਤਰੀ ਦੀ ਨਿਯੁਕਤੀ ਪੁਨਰ ਕੀਤੀ ਜਾਂਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਮੁੱਖ ਮੰਤਰੀ ਦੇ ਅਹੁਦੇ ਦਾ ਕਾਰਜਕਾਲ ਪੰਜ ਸਾਲ ਹੁੰਦਾ ਹੈ ਪਰ ਉਹ ਵਾਰ-ਵਾਰ ਮੁੱਖ ਮੰਤਰੀ ਬਣ ਸਕਦਾ ਹੈ। ਜੇਕਰ ਉਸ ਦੇ ਦਲ ਨੂੰ ਵਿਧਾਨ ਸਭਾ ਵਿੱਚ ਵਾਰ-ਵਾਰ ਬਹੁਮਤ ਮਿਲੇ ਅਤੇ ਉਸ ਦਾ ਦਲ ਉਸ ਨੂੰ ਵਾਰ-ਵਾਰ ਆਪਣੇ ਨੇਤਾ ਚੁਣ ਲਵੇ। ਸ਼੍ਰੀ ਜੋਤੀ ਬਸੂ ਲੱਗਭਗ 25 ਤੋਂ ਵਧੇਰੇ ਸਾਲਾਂ ਤੱਕ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬਣੇ ਰਹੇ, ਕਿਉਂਕਿ ਪੱਛਮੀ ਬੰਗਾਲ ਦੀ ਰਾਜ ਵਿਧਾਨ ਸਭਾ ਵਿੱਚ ਸੀ. ਪੀ. ਐੱਮ. ਗਠਬੰਧਨ ਦੇ ਮੁੱਖ ਮੰਤਰੀ ਬਣੇ ਰਹੇ, ਕਿਉਂਕਿ ਪੱਛਮੀ ਬੰਗਾਲ ਦੀ ਰਾਜ ਵਿਧਾਨ ਸਭਾ ਵਿੱਚ ਸੀ. ਪੀ. ਐੱਮ. ਗਠਬੰਧਨ ਨੂੰ ਵਾਰ-ਵਾਰ ਬਹੁਮਤ ਪ੍ਰਾਪਤ ਹੁੰਦਾ ਰਿਹਾ ਅਤੇ ਵਾਰ-ਵਾਰ ਇਸ ਗਠਬੰਧਨ ਨੇ ਸ਼੍ਰੀ ਜੋਤੀ ਬਸੂ ਨੂੰ ਆਪਣਾ ਨੇਤਾ ਚੁਣਿਆ ਸੀ।

### ਮੁੱਖ ਮੰਤਰੀ ਦੀਆਂ ਸ਼ਕਤੀਆਂ ਅਤੇ ਕੰਮ (Powers and Functions of a Chief Minister)

ਰਾਜ ਦੇ ਮੁੱਖ ਮੰਤਰੀ ਨੂੰ ਕਾਨੂੰਨੀ ਰੂਪ ਵਿੱਚ ਘੱਟ ਅਤੇ ਵਿਵਹਾਰਿਕ ਵਿੱਚ ਜ਼ਿਆਦਾ ਸ਼ਕਤੀਆਂ ਮਿਲੀਆਂ ਹੋਈਆਂ ਹਨ। ਉਹ ਰਾਜ ਦੀ ਸਰਕਾਰ ਦਾ ਅਸਲੀ ਕਾਰਜ ਪਾਲਿਕਾ ਮੁਖੀਆ ਹੁੰਦਾ ਹੈ। ਉਸ ਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਹੇਠ ਲਿਖੇ ਸਿਰਲੇਖਾਂ ਅਧੀਨ ਵਰਨਣ ਕੀਤਾ ਜਾ ਸਕਦੈ ਹੈ :

1. **ਮੰਤਰੀ ਪ੍ਰੀਸ਼ਦ ਦਾ ਨਿਰਮਾਣ** (Formation of the Council of Ministers)- ਮੁੱਖ ਮੰਤਰੀ ਨੂੰ ਆਪਣੀ ਇੱਛਾ ਦੀ ਮੰਤਰੀ ਪ੍ਰੀਸ਼ਦ ਨਿਰਮਿਤ ਕਰਨ ਦੀ ਸ਼ਕਤੀ ਪ੍ਰਾਪਤ ਹੈ। ਸੰਵਿਧਾਨ ਉਸ ਨੂੰ ਕਾਨੂੰਨੀ ਰੂਪ ਵਿੱਚ ਆਪਣੀ ਇੱਛਾ ਦੇ ਮੰਤਰੀ ਚੁਣਨ ਦਾ ਅਧਿਕਾਰ ਦਿੰਦਾ ਹੈ। ਸੰਵਿਧਾਨ ਦਾ ਅਨੁਛੇਦ 164 (1) ਇਹ ਵਿਵਸਥਾ ਕਰਦਾ ਹੈ ਕਿ, "ਦੂਸਰੇ ਮੰਤਰੀ ਮੁੱਖ ਮੰਤਰੀ ਦੀ ਸਿਫਾਰਿਸ਼ 'ਤੇ ਰਾਜਪਾਲ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ।" ਮੁੱਖ ਮੰਤਰੀ ਵਿਸ਼ੇਸ਼ ਰੂਪ ਵਿੱਚ ਉਦੋਂ ਜਦ ਉਸ ਦੇ ਦਲ ਨੂੰ ਰਾਜ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਹੋਵੇ, ਆਪਣੀ ਇੱਛਾ ਦੇ ਮੰਤਰੀ ਚੁਣਨ ਲਈ ਪੂਰਨ ਰੂਪ ਵਿੱਚ ਸੁਤੰਤਰ ਹੁੰਦਾ ਹੈ। ਉਹ ਕਿਸੇ ਵੀ ਮੈਂਬਰ ਜਾਂ ਗੈਰ-ਮੈਂਬਰ ਨੂੰ ਮੰਤਰੀ ਨਿਯੁਕਤ ਕਰ ਸਕਦਾ ਹੈ ਅਤੇ ਉਸ ਨੂੰ ਕੋਈ ਵੀ ਵਿਭਾਗ ਦੇ ਸਕਦਾ ਹੈ। ਹੁਣ ਦਲ ਬਦਲੀ ਕਾਨੂੰਨ ਨਾਲ ਇਹ ਨਿਰਧਾਰਿਤ ਕੀਤਾ ਜਾਂਦਾ ਹੈ ਕਿ ਉਸ ਦੀ ਮੰਤਰੀ ਪ੍ਰੀਸ਼ਦ ਵਿੱਚ ਵਿਧਾਨ ਸਭਾ ਦੀ ਕੁਲ ਮੈਂਬਰ ਸੰਖਿਆ ਦੇ 15% ਤੋਂ ਵਧੇਰੇ ਮੰਤਰੀ ਨਹੀਂ ਹੋ ਸਕਦੇ। ਇਸ ਦੇ ਨਾਲ-ਨਾਲ ਬਹੁਤ ਸਾਰੀਆਂ ਵਿਵਹਾਰਕ ਹੱਦਾਂ ਵੀ ਸ਼ਾਮਿਲ ਹਨ। ਮੰਤਰੀ ਦੀ ਚੋਣ ਕਰਦੇ ਸਮੇਂ ਉਸ ਨੂੰ ਕਈ ਤਰ੍ਹਾਂ ਦੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ, ਉਸ ਨੂੰ ਰਾਜ ਦੇ ਅਲੱਗ-ਅਲੱਗ ਵਰਗਾਂ ਨੂੰ ਵੀ ਪ੍ਰਤੀਨਿਧਤਾ ਦੇਣੀ ਪੈਂਦੀ ਹੈ। ਇਸ ਤਰ੍ਹਾਂ ਇਕ ਜਾਂ ਦੋ ਮੰਤਰੀ ਅਨੁਸੂਚਿਤ ਜਾਤੀਆਂ ਵਿੱਚੋਂ ਵੀ ਲੈਣੇ ਪੈਂਦੇ ਹਨ। ਇਸ ਤੋਂ ਵੱਧ ਕੇ ਗੱਲ ਇਹ ਹੈ ਕਿ ਮੁੱਖ ਮੰਤਰੀ ਆਪਣੇ ਦਲ ਜਾਂ ਹਿੱਸੇਦਾਰੀ ਦਲਾਂ ਦੇ ਪ੍ਰਮੁੱਖ ਨੇਤਾਵਾਂ ਦੇ ਦਾਅਵਿਆਂ ਦੀ ਉਲੰਘਣਾ ਨਹੀਂ ਕਰ ਸਕਦਾ। ਕੁਝ ਮੁੱਦਿਆਂ ਵਿੱਚ ਉਸ ਨੂੰ ਉਸ ਵਿਅਕਤੀ ਨੂੰ ਵੀ ਮੰਤਰੀ ਬਣਾਉਣਾ ਪੈਂਦਾ ਹੈ ਜੋ ਕਿ ਰਾਜ ਦੀ ਵਿਧਾਨ ਪਾਲਿਕਾ ਦਾ ਮੈਂਬਰ ਨਹੀਂ ਹੁੰਦਾ। ਅਜਿਹੇ ਮੰਤਰੀ ਨੂੰ 6 ਮਹੀਨੇ ਅੰਦਰ ਰਾਜ ਦੀ ਵਿਧਾਨ ਪਾਲਿਕਾ ਦਾ ਮੈਂਬਰ ਬਣਾਉਣਾ ਪੈਂਦਾ ਹੈ। ਸਾਂਝੀ ਸਰਕਾਰ ਜਾਂ ਗਠਬੰਧਨ ਸਰਕਾਰ ਦੀ ਪ੍ਰਸਥਿਤੀ ਵਿੱਚ ਮੁੱਖ ਮੰਤਰੀ ਨੂੰ ਗਠਬੰਧਨ ਵਿੱਚ ਸ਼ਾਮਿਲ ਅਲੱਗ-ਅਲੱਗ ਦਲਾਂ ਦੇ ਨੇਤਾਵਾਂ ਨੂੰ ਮੰਤਰੀ ਬਣਾਉਣਾ ਪੈਂਦਾ ਹੈ। ਜ਼ਿਆਦਾਤਰ ਹਿੱਸੇਦਾਰੀ ਦਲਾਂ ਦੇ ਮੰਤਰੀ ਸਬੰਧਿਤ ਦਲਾਂ ਵੱਲੋਂ ਹੀ ਚੁਣੇ ਜਾਂਦੇ ਹਨ ਅਤੇ ਮੁੱਖ ਮੰਤਰੀ ਉਨ੍ਹਾਂ ਨੂੰ ਆਪਣੀ ਸਰਕਾਰ ਵਿੱਚ ਲੈਂਦਾ ਹੈ। ਰਾਜ ਦੇ ਰਾਜਪਾਲ ਦੀ ਸਰਕਾਰ ਬਣਾਉਣ ਵਿੱਚ ਕੋਈ ਵਿਸ਼ੇਸ਼ ਭੂਮਿਕਾ ਨਹੀਂ ਹੁੰਦਾ। ਇਹ ਮੁੱਖ ਮੰਤਰੀ ਦੀ ਇੱਛਾ 'ਤੇ ਹੀ ਨਿਰਭਰ ਹੁੰਦੀ ਹੈ।

**2. ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਕਰਨਾ** (Distribution of Portfolios among the Ministers)– ਮੰਤਰੀਆਂ ਦੀ ਨਿਯੁਕਤੀ ਤੋਂ ਬਾਅਦ ਮੁੱਖ ਮੰਤਰੀ ਸਾਹਮਣੇ ਜੋ ਮਹੱਤਵਪੂਰਨ ਕੰਮ ਹੁੰਦਾ ਹੈ, ਉਹ ਹੈ ਆਪਣੇ ਸਾਥੀ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਨਾ। ਉਹ ਇਹ ਫੈਸਲਾ ਕਰਦਾ ਹੈ ਕਿ ਕਿਹੜਾ ਕੈਬਨਿਟ ਮੰਤਰੀ ਹੋਵੇਗਾ, ਕਿਹੜਾ ਰਾਜ ਮੰਤਰੀ ਅਤੇ ਕਿਹੜਾ ਉੱਪ ਮੰਤਰੀ ਹੋਵੇਗਾ। ਇਹ ਵਿਭਾਗਾਂ ਦੀ ਵੰਡ ਕਰਦਾ ਹੈ। ਅਜਿਹਾ ਕਰਦੇ ਸਮੇਂ ਉਸ ਨੂੰ ਆਪਣੇ ਮੰਤਰੀਆਂ ਦੀ ਸੀਨੀਆਰਤਾ ਅਤੇ ਰਾਜਨੀਤਿਕ ਦਰਜੇ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ। ਵਿੱਤ ਵਿਭਾਗ ਵਰਗੇ ਮਹੱਤਵਪੂਰਨ ਵਿਭਾਗ ਵੰਡਦੇ ਸਮੇਂ ਪੂਰਨ ਸਹਿਯੋਗ ਵਿਅਕਤੀਆਂ ਦੀ ਚੋਣ ਕਰਨੀ ਪੈਂਦੀ ਹੈ। ਕੁਝ ਵਿਭਾਗ ਉਹ ਆਪਣੇ ਕੋਲ ਰੱਖਦਾ ਹੈ। ਜੇਕਰ ਮੁੱਖ ਮੰਤਰੀ ਚਾਹੇ ਤਾਂ ਉਹ ਮੰਤਰੀਆਂ ਦੇ ਵਿਭਾਗਾਂ ਵਿੱਚ ਕਦੇ ਵੀ ਫੇਰਬਦਲ ਕਰ ਸਕਦਾ ਹੈ।

ਮੁੱਖ ਮੰਤਰੀ ਨੂੰ ਜਦ ਵੀ ਉਹ ਚਾਹੇ, ਆਪਣੇ ਮੰਤਰੀ ਪ੍ਰੀਸ਼ਦ ਦੇ ਪੁਨਰਗਠਨ ਦਾ ਅਧਿਕਾਰ ਹੁੰਦਾ ਹੈ। ਉਹ ਰਾਜ ਦਾ ਪ੍ਰਸ਼ਾਸਨ ਸਹੀ ਢੰਗ ਨਾਲ ਚਲਾਉਣ ਲਈ ਆਪਣੇ ਮੰਤਰੀਆਂ ਦੀ ਟੀਮ ਨੂੰ ਬਦਲ ਸਕਦਾ ਹੈ। ਉਹ ਕਿਸੇ ਵੀ ਮੰਤਰੀ ਨੂੰ ਤਿਆਗ ਪੱਤਰ ਦੇਣ ਲਈ ਕਹਿ ਸਕਦਾ ਹੈ। ਅਸਲ ਵਿੱਚ ਇਸ ਸਬੰਧ 'ਚ ਮੁੱਖ ਮੰਤਰੀ ਨੂੰ ਆਪਣਾ ਵਿਚਾਰ ਕੇਵਲ ਪ੍ਰਗਟ ਹੀ ਕਰਨਾ ਹੁੰਦਾ ਹੈ। ਸਬੰਧਿਤ ਮੰਤਰੀ ਆਪਣਾ ਤਿਆਗ ਪੱਤਰ ਪੇਸ਼ ਕਰ ਦਿੰਦਾ ਹੈ। ਜੇਕਰ ਮੰਤਰੀ ਉਸ ਦੀ ਨਹੀਂ ਮੰਨਦਾ ਅਤੇ ਆਪਣੀ ਇੱਛਾ ਪ੍ਰਗਟ ਕਰਦਾ ਹੈ ਤਾਂ ਮੁੱਖ ਮੰਤਰੀ ਆਪਣਾ ਤਿਆਗ ਪੱਤਰ ਦੇ ਕੇ ਸਾਰੇ ਮੰਤਰੀ ਪ੍ਰੀਸ਼ਦ ਵਿੱਚ ਫੇਰਬਦਲ ਕਰ ਸਕਦਾ ਹੈ ਅਤੇ ਫਿਰ ਨਵਾਂ ਮੰਤਰੀ ਪ੍ਰੀਸ਼ਦ ਬਣਾ ਸਕਦਾ ਹੈ। ਮੁੱਖ ਮੰਤਰੀ ਮੰਤਰੀ ਪ੍ਰੀਸ਼ਦ ਦਾ ਅਸਲੀ ਨਿਰਮਾਤਾ, ਪਰਿਵਰਤਨ ਕਰਤਾ ਅਤੇ ਉਸ ਨੂੰ ਭੰਗ ਕਰਨ ਵਾਲਾ ਹੁੰਦਾ ਹੈ। ਉਹ ਕਿਸੇ ਮੰਤਰੀ ਨੂੰ ਰਾਜਪਾਲ ਵੱਲੋਂ ਅਹੁਦੇ ਤੋਂ ਅਲੱਗ ਵੀ ਕਰਵਾ ਸਕਦਾ ਹੈ। ਮੰਤਰੀ ਮੁੱਖ ਮੰਤਰੀ ਦੀ ਇੱਛਾ ਅਨੁਸਾਰ ਹੀ ਕੰਮ ਕਰਦੇ ਹਨ।

**3. ਮੰਤਰੀ ਪ੍ਰੀਸ਼ਦ ਦਾ ਪ੍ਰਧਾਨ** (Chairman of the Council of Ministers) – ਮੰਤਰੀ ਪ੍ਰੀਸ਼ਦ ਦੀ ਬੈਠਕ ਦੀ ਪ੍ਰਧਾਨਗੀ ਰਾਜਪਾਲ ਨਹੀਂ, ਬਲਕਿ ਮੁੱਖ ਮੰਤਰੀ ਕਰਦਾ ਹੈ। ਮੁੱਖ ਮੰਤਰੀ ਮੰਤਰੀ ਪ੍ਰੀਸ਼ਦ ਦੀ ਹਰੇਕ ਬੈਠਕ ਦਾ ਏਜੰਡਾ ਤਿਆਰ ਕਰਦਾ ਹੈ ਅਤੇ ਉਸ ਦੀ ਸੂਚਨਾ ਮੰਤਰੀਆਂ ਨੂੰ ਦੇ ਦਿੰਦਾ ਹੈ। ਉਹ ਕੈਬਨਿਟ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ। ਉਸ ਨੂੰ ਕਿਸੇ ਵੀ ਸਮੇਂ ਕੈਬਨਿਟ ਦੀ ਬੈਠਕ ਸੱਦਣ ਦਾ ਅਧਿਕਾਰ ਹੁੰਦਾ ਹੈ। ਬੈਠਕ ਦਾ ਪ੍ਰਧਾਨ ਹੋਣ ਦੇ ਨਾਤੇ ਉਹ ਬੈਠਕ ਵਿੱਚ ਹੋਣ ਵਾਲੇ ਸਲਾਹ-ਮਸ਼ਵਰੇ ਅਤੇ ਲਏ ਜਾਣ ਵਾਲੇ ਫੈਸਲਿਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਰਾਜ ਕੈਬਨਿਟ ਦੇ ਹਰੇਕ ਫੈਸਲੇ 'ਤੇ ਉਸ ਦੇ ਵਿਚਾਰਾਂ, ਸੋਚ ਅਤੇ ਧਾਰਨਾਵਾਂ ਦੀ ਸਹੁੰ ਹੁੰਦੀ ਹੈ। ਉਹ ਤਿਆਗ ਪੱਤਰ ਦੇਣ ਦੀ ਧਮਕੀ ਦੇ ਕੇ ਕਿਸੇ ਵੀ ਫੈਸਲੇ ਨੂੰ ਵੀਟੋ ਕਰ ਸਕਦਾ ਹੈ। ਅਸਲ ਵਿੱਚ ਮੰਤਰੀ ਕਦੇ ਵੀ ਉਸ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ।

**4. ਰਾਜਪਾਲ ਅਤੇ ਮੰਤਰੀ ਪ੍ਰੀਸ਼ਦ ਦਰਮਿਆਨ ਮੁੱਖ ਸੰਪਰਕ ਸੂਤਰ** (The Chief Link between the Governor and the Council of Ministers)– ਮੁੱਖ ਮੰਤਰੀ ਰਾਜਪਾਲ ਅਤੇ ਮੰਤਰੀ ਪ੍ਰੀਸ਼ਦ ਦਰਮਿਆਨ ਮੁੱਖ ਸੰਪਰਕ ਸੂਤਰ ਹੁੰਦਾ ਹੈ। ਇਹ ਉਸ ਦਾ ਕਰਤਵ ਹੁੰਦਾ ਹੈ ਕਿ ਉਹ ਰਾਜ ਦੇ ਪ੍ਰਸ਼ਾਸਨ ਅਤੇ ਕਾਨੂੰਨ ਬਣਾਉਣ ਦੇ ਪ੍ਰਸਤਾਵਾਂ ਦੇ ਸਬੰਧ ਵਿੱਚ ਮੰਤਰੀ ਪ੍ਰੀਸ਼ਦ ਦੇ ਸਾਰੇ ਫੈਸਲਿਆਂ ਦੀ ਸੂਚਨਾ ਰਾਜਪਾਲ ਨੂੰ ਦੇਵੇ। ਉਸ ਨੂੰ ਪ੍ਰਸ਼ਾਸਨ ਅਤੇ ਕਾਨੂੰਨੀ ਪ੍ਰਸਤਾਵਾਂ ਨਾਲ ਸਬੰਧਿਤ ਅਜਿਹੀ ਸਾਰੀ ਜਾਣਕਾਰੀ ਦੇਣੀ ਪੈਂਦੀ ਹੈ, ਜਿਸ ਦੀ ਰਾਜਪਾਲ ਵੱਲੋਂ ਮੰਗ ਕੀਤੀ ਜਾਵੇ। ਉਸ ਨੂੰ ਕਿਸੇ ਵੀ ਉਸ ਮੁੱਦੇ ਨੂੰ ਮੰਤਰੀ ਪ੍ਰੀਸ਼ਦ ਵਿੱਚ ਵਿਚਾਰ ਲਈ ਰੱਖਣਾ ਪੈਂਦਾ ਹੈ, ਜਿਸ ਨਾਲ ਸਬੰਧਿਤ ਕਿਸੇ ਮੰਤਰੀ ਨੇ ਵਿਅਕਤੀਗਤ ਰੂਪ ਵਿੱਚ ਫੈਸਲਾ ਲਿਆ ਹੋਵੇ ਅਤੇ ਰਾਜਪਾਲ ਚਾਹੁੰਦਾ ਹੋਵੇ ਕਿ ਉਸ ਨੂੰ ਸਾਰੇ ਮੰਤਰੀ ਪ੍ਰੀਸ਼ਦ ਸਾਹਮਣੇ ਰੱਖਿਆ ਜਾਵੇ। ਰਾਜਪਾਲ ਬਾਕੀ ਮੰਤਰੀਆਂ ਦੇ ਮੁਕਾਬਲੇ ਮੁੱਖ ਮੰਤਰੀ ਦੀ ਸਲਾਹ ਅਤੇ ਸਿਫਾਰਿਸ਼ ਨੂੰ ਪਹਿਲ ਦਿੰਦਾ ਹੈ। ਅਸਲ ਵਿੱਚ ਬਾਕੀ ਮੰਤਰੀ ਮੁੱਖ ਮੰਤਰੀ ਦੀ ਸਲਾਹ ਨਾਲ ਹੀ ਰਾਜਪਾਲ ਨੂੰ ਮਿਲਦੇ ਹਨ।

**5. ਮੁੱਖ ਤਾਲਮੇਲ ਕਰਤਾ ਦੇ ਰੂਪ ਵਿੱਚ ਭੂਮਿਕਾ** (Role as the Chief Co-ordinator)– ਮੁੱਖ ਮੰਤਰੀ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸਰਕਾਰ ਦੇ ਅਲੱਗ ਵਿਭਾਗਾਂ ਵਿੱਚ ਕੰਮ 'ਚ ਤਾਲਮੇਲ ਰੱਖੇ। ਉਸ ਨੂੰ ਇਹ ਭਰੋਸੇਯੋਗ ਬਣਾਉਣਾ ਪੈਂਦਾ ਹੈ ਕਿ ਸਾਰੇ ਮੰਤਰੀ ਇਕ ਟੀਮ ਦੇ ਰੂਪ ਵਿੱਚ ਕੰਮ ਕਰਨ ਅਤੇ ਇਕ-ਦੂਸਰੇ ਦੀ ਸਹਾਇਤਾ ਕਰਨ। ਇਹ ਉਸ ਦਾ ਕਰਤਵ ਹੁੰਦਾ ਹੈ ਕਿ ਉਹ ਇਹ ਦੇਖੇ ਕਿ ਸਰਕਾਰ ਦਾ ਕੋਈ ਵੀ ਇਕ ਵਿਭਾਗ ਦੂਸਰੇ ਵਿਭਾਗ ਦੇ ਕੰਮਾਂ ਨੂੰ ਨੁਕਸਾਨ ਨਾ ਪਹੁੰਚਾਵੇ। ਉਸ ਨੂੰ ਇਹ ਵੀ ਭਰੋਸੇਯੋਗ ਬਣਾਉਣਾ ਪੈਂਦਾ ਹੈ ਕਿ ਸਰਕਾਰ ਦੇ ਸਾਰੇ ਵਿਭਾਗ ਇਕ ਟੀਮ ਦੇ ਰੂਪ ਵਿੱਚ ਕੰਮ ਕਰਨ ਅਤੇ ਰਾਜ ਦੇ ਹਿੱਤ ਵਿੱਚ ਇਕ-ਦੂਸਰੇ ਦੀ ਸਹਾਇਤਾ ਨੂੰ ਜਾਣ। ਉਹ ਦੋ ਜਾਂ ਇਸ ਤੋਂ ਜ਼ਿਆਦਾ ਵਿਭਾਗਾਂ ਵਿੱਚ ਕਿਸੇ ਵੀ ਟਕਰਾਅ ਜਾਂ ਝਗੜੇ ਦਾ ਹੱਲ ਕਰਦਾ ਹੈ। ਇਸ ਦੇ ਫੈਸਲੇ ਉਸ ਦੇ ਮੰਤਰੀਆਂ ਦੇ ਫੈਸਲਿਆਂ ਦੀ ਜਗ੍ਹਾ ਲੈ ਲੈਂਦੇ ਹਨ, ਜੇਕਰ ਕਿਸੇ ਮੰਤਰੀ ਜਾਂ ਮੁੱਖ ਮੰਤਰੀ ਵਿੱਚ ਅਸਹਿਮਤੀ ਬਣੀ ਰਹਿੰਦੀ ਹੈ ਤਾਂ ਸਬੰਧਿਤ ਮੰਤਰੀ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ।

**6. ਰਾਜ ਵਿਧਾਨ ਸਭਾ ਦੇ ਨੇਤਾ ਦੇ ਰੂਪ ਵਿੱਚ ਭੂਮਿਕਾ** (Role as a Leader of the State Legislative Assembly) – ਮੁੱਖ ਮੰਤਰੀ ਨਾ ਕੇਵਲ ਆਪਣੇ ਦਲ ਦਾ ਬਲਕਿ ਰਾਜ ਵਿਧਾਨ ਸਭਾ ਦਾ ਵੀ ਨੇਤਾ ਹੁੰਦਾ ਹੈ। ਬਹੁਮਤ ਪ੍ਰਾਪਤ ਦਲ ਦਾ ਨੇਤਾ ਹੋਣ ਦੇ ਨੇਤਾ ਉਸ ਨੂੰ ਇਹ ਪੱਧਰ ਮਿਲਦਾ ਹੈ। ਇਸ ਸਥਿਤੀ ਵਿੱਚ ਉਹ ਸਦਨ ਨੂੰ ਸਹੀ ਦਿਸ਼ਾ ਵੱਲ ਲੈ ਜਾਂਦਾ ਹੈ, ਉਹ ਸਰਕਾਰ ਦੇ ਪ੍ਰਮੁੱਖ ਮੁਖੀ ਦੇ ਰੂਪ ਵਿੱਚ ਕੰਮ ਕਰਦਾ ਹੈ ਅਤੇ ਸਰਕਾਰ ਵੱਲੋਂ ਮਹੱਤਵਪੂਰਨ ਫੈਸਲਿਆਂ ਅਤੇ ਨੀਤੀਆਂ ਦੀ ਘੋਸ਼ਣਾ ਕਰਦਾ ਹੈ।

ਨੋਟ

ਇਹ ਉਸ ਦਾ ਕਰਤਵ ਹੈ ਕਿ ਜੇਕਰ ਉਸ ਦੇ ਸਾਥੀ ਕੈਬਨਿਟ ਮੰਤਰੀ ਨੂੰ ਵਿਰੋਧੀ ਪੱਖ ਦੇ ਸਾਹਮਣੇ ਪ੍ਰਸ਼ਨਾਂ ਨਾਲ ਘੇਰ ਲੈਂਦੇ ਹਨ ਤਾਂ ਉਹ ਉਸ ਦੀ ਸਹਾਇਤਾ ਕਰੇ। ਉਹ ਸਰਕਾਰ ਦੀਆਂ ਨੀਤੀਆਂ ਦੇ ਪੱਖ ਵਿੱਚ ਖੜ੍ਹਾ ਹੋਣ ਵਾਲਾ ਅਤੇ ਉਨ੍ਹਾਂ ਦਾ ਬਚਾਅ ਤੇ ਰੱਖਿਆ ਵਾਲਾ ਮੁੱਖ ਨੇਤਾ ਹੁੰਦਾ ਹੈ। ਉਹ ਰਾਜ ਵਿਧਾਨ ਸਭਾ ਕੋਲੋਂ ਆਪਣੇ ਅਤੇ ਆਪਣੇ ਮੰਤਰੀ ਪ੍ਰੀਸ਼ਦ ਦੇ ਵਿਚਾਰ ਸਵੀਕਾਰ ਕਰਵਾਉਣ ਲਈ ਵੀ ਆਪਣੀ ਸ਼ਕਤੀ ਦਾ ਇਸਤੇਮਾਲ ਕਰ ਸਕਦਾ ਹੈ।

7. **ਨਿਯੁਕਤੀਆਂ ਕਰਨ ਦੀਆਂ ਸ਼ਕਤੀਆਂ** (Appointment making Powers)

*ਨੋਟਸ* ਸਾਰੀਆਂ ਪ੍ਰਮੁੱਖ ਨਿਯੁਕਤੀਆਂ ਅਤੇ ਤਰੱਕੀਆਂ ਮੁੱਖ ਮੰਤਰੀ ਦੀ ਸਿਫਾਰਿਸ਼ 'ਤੇ ਰਾਜਪਾਲ ਵੱਲੋਂ ਕੀਤੀਆਂ ਜਾਂਦੀਆਂ ਹਨ।

ਮੰਤਰੀਆਂ ਨੂੰ ਆਪਣੀਆਂ ਸਿਫਾਰਿਸ਼ਾਂ ਸਵੀਕਾਰ ਕਰਵਾਉਣ ਲਈ ਮੁੱਖ ਮੰਤਰੀ 'ਤੇ ਨਿਰਭਰ ਕਰਨਾ ਪੈਂਦਾ ਹੈ। ਇਸ ਤਰ੍ਹਾਂ ਮੁੱਖ ਮੰਤਰੀ ਸੁਵਿਧਾਵਾਂ ਪ੍ਰਦਾਨ ਕਰਨ ਅਤੇ ਲਾਭ ਪਹੁੰਚਾਉਣ ਦੀ ਵਿਆਖਿਆ ਸ਼ਕਤੀ ਰੱਖਦਾ ਹੈ।

8. **ਰਾਜ ਵਿਧਾਨ ਸਭਾ ਭੰਗ ਕਰਨ ਦੀ ਸ਼ਕਤੀ** (Power of getting the State Legislature Dissolved)– ਮੁੱਖ ਮੰਤਰੀ ਜੇਕਰ ਇਹ ਮਹਿਸੂਸ ਕਰੇ ਕਿ ਰਾਜ ਸਰਕਾਰ ਨੂੰ ਸੰਵਿਧਾਨ ਦੀਆਂ ਵਿਵਸਥਾਵਾਂ ਦੇ ਅਨੁਸਾਰ ਨਹੀਂ ਚਲਾਇਆ ਜਾ ਸਕਦਾ ਜਾਂ ਉਸ ਵੱਲੋਂ ਬਹੁਮਤ ਗੁਆ ਬੈਠਣ ਦੀ ਸੰਭਾਵਨਾ ਹੈ ਤਾਂ ਅਜਿਹੀ ਸਥਿਤੀ ਵਿੱਚ ਉਹ ਰਾਜਪਾਲ ਨੂੰ ਰਾਜ ਵਿਧਾਨ ਸਭਾ ਭੰਗ ਕਰਨ ਦੀ ਸਿਫਾਰਿਸ਼ ਕਰ ਸਕਦਾ ਹੈ। ਸਧਾਰਣ ਰੂਪ ਵਿੱਚ ਅਜਿਹੀ ਸਿਫਾਰਿਸ਼ ਮੁੱਖ ਮੰਤਰੀ ਵੱਲੋਂ ਰਾਜਨੀਤਿਕ ਸਥਿਤੀ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਜੇਕਰ ਮੁੱਖ ਮੰਤਰੀ ਨੂੰ ਬਹੁਮਤ ਦਾ ਵਿਸ਼ਵਾਸ ਪ੍ਰਾਪਤ ਹੋਵੇ ਤਾਂ ਰਾਜਪਾਲ ਅਜਿਹੀ ਸਲਾਹ ਨੂੰ ਮੰਨਣ ਲਈ ਵਚਨਬੱਧ ਹੁੰਦਾ ਹੈ।

9. **ਕੇਂਦਰ ਰਾਜ ਸਬੰਧਾਂ ਵਿੱਚ ਭੂਮਿਕਾ** (Role in Centre-State Relations) – ਰਾਜ ਪ੍ਰਸ਼ਾਸਨ ਦਾ ਅਸਲੀ ਮੁਖੀਆ ਹੋਣ ਦੇ ਨਾਤੇ ਮੁੱਖ ਮੰਤਰੀ ਦੀ ਇਹ ਪ੍ਰਮੁੱਖ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਕੇਂਦਰ ਨਾਲ ਚੰਗੇ ਸਬੰਧ ਬਣਾਈ ਰੱਖੇ। ਉਸ ਨੂੰ ਕੇਂਦਰੀ ਗ੍ਰਾਂਟ ਅਤੇ ਸਹਾਇਤਾ ਜੋ ਕਿ ਰਾਜ ਵਿੱਚ ਵਿਕਾਸ ਕੰਮਾਂ ਲਈ ਬਹੁਤ ਮਹੱਤਵਪੂਰਨ ਸਮਝੀ ਜਾਂਦੀ ਹੈ। ਪ੍ਰਾਪਤ ਕਰਨ ਲਈ ਆਪਣੇ ਅਹੁਦੇ ਦਾ ਇਸਤੇਮਾਲ ਕਰਨਾ ਪੈਂਦਾ ਹੈ। ਕੇਂਦਰ ਸਰਕਾਰ ਵਿਸ਼ੇਸ਼ ਰੂਪ ਵਿੱਚ ਪ੍ਰਧਾਨ ਮੰਤਰੀ ਨਾਲ ਉਸ ਦੇ ਚੰਗੇ ਸਬੰਧ ਰਾਜ ਲਈ ਬਹੁਤ ਸਹਾਇਕ ਸਿੱਧ ਹੋ ਸਕਦੇ ਹਨ। ਜਦ ਉਹ ਉਸੇ ਦਲ ਨਾਲ ਸਬੰਧਿਤ ਹੋਵੇ ਜੋ ਕਿ ਕੇਂਦਰ ਵਿੱਚ ਸੱਤਾ 'ਚ ਹੋਵੇ ਤਾਂ ਉਹ ਰਾਜ ਦੇ ਹਿੱਤਾਂ ਦੀ ਰੱਖਿਆ ਅਤੇ ਪ੍ਰਾਪਤੀ ਲਈ ਆਪਣਾ ਪ੍ਰਭਾਵ ਇਸਤੇਮਾਲ ਕਰ ਸਕਦਾ ਹੈ। ਜੇਕਰ ਉਹ ਉਸ ਦਲ ਨਾਲ ਸਬੰਧ ਨਹੀਂ ਰੱਖਦਾ ਜੋ ਕਿ ਕੇਂਦਰ ਵਿੱਚ ਸੱਤਾ 'ਚ ਹੁੰਦੀ ਹੈ ਤਾਂ ਉਸ ਨੂੰ ਇਕ ਚੰਗੇ ਮੁਖੀ, ਕਈ ਵਾਰ ਸਖਤ ਮੁਖੀ ਦੇ ਰੂਪ ਵਿੱਚ ਕੰਮ ਕਰਨਾ ਪੈਂਦਾ ਹੈ। ਜਿਵੇਂ ਕਿ ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਸ਼੍ਰੀ ਬਸੂ ਕਰਦੇ ਰਹੇ ਸਨ।

### ਮੁੱਖ ਮੰਤਰੀ ਦੀ ਸਥਿਤੀ (Position of the Chief Minister)

ਇਕ ਰਾਜ ਦੇ ਮੁੱਖ ਮੰਤਰੀ ਦੀ ਰਾਜ ਪ੍ਰਸ਼ਾਸਨ ਵਿੱਚ ਬਹੁਤ ਸ਼ਕਤੀ ਹੁੰਦੀ ਹੈ। ਉਹ ਰਾਜ ਦੀ ਮੰਤਰੀ ਪ੍ਰੀਸ਼ਦ ਬਣਾਉਂਦਾ ਹੈ ਜੋ ਕਿ ਹਮੇਸ਼ਾ ਹੀ ਉਸ ਦੀ ਅਗਵਾਈ ਵਿੱਚ ਕੰਮ ਕਰਦੀ ਹੈ। ਉਹ ਉਸ ਦੇ ਜਨਮ ਅਤੇ ਮੌਤ ਦਾ ਕੇਂਦਰੀ ਬਿੰਦੂ। ਮੰਤਰੀ ਪ੍ਰੀਸ਼ਦ ਬਣਾਉਣ ਦਾ ਕੰਮ ਮੁੱਖ ਮੰਤਰੀ ਦੀ ਨਿਯੁਕਤੀ ਨਾਮਜ਼ਦਗੀ ਨਾਲ ਸ਼ੁਰੂ ਹੁੰਦਾ ਹੈ। ਰਾਜਪਾਲ ਮੰਤਰੀ ਬਣਾਉਂਦੇ ਸਮੇਂ ਉਸ ਦੀ ਸਿਫਾਰਿਸ਼ ਸਵੀਕਾਰ ਕਰਦਾ ਹੈ। ਉਹ ਰਾਜਪਾਲ ਦਾ ਮੁੱਖ ਸਲਾਹਕਾਰ ਹੁੰਦਾ ਹੈ। ਰਾਜ ਵਿਧਾਨ ਸਭਾ ਵਿੱਚ ਬਹੁਮਤ ਵਾਲੇ ਦਲ ਦਾ ਨੇਤਾ ਹੁੰਦਾ ਹੈ ਅਤੇ ਆਪਣੇ ਦਲ ਦਾ ਸਭ ਤੋਂ ਮਹੱਤਵਪੂਰਨ ਨੇਤਾ ਹੁੰਦਾ ਹੈ ਅਤੇ ਸਾਰੇ ਰਾਜ ਦੀ ਪ੍ਰਤੀਨਿਧਤਾ ਕਰਦਾ ਹੈ। ਉਹ ਲਾਭ ਪਹੁੰਚਾਉਣ ਦੇ ਵਿਆਪਕ ਅਧਿਕਾਰ ਰੱਖਦਾ ਹੈ। ਸਧਾਰਣ ਰੂਪ ਵਿੱਚ ਰਾਜਪਾਲ ਉਸ ਦੀ ਸਲਾਹ ਅਤੇ ਸਿਫਾਰਿਸ਼ 'ਤੇ ਕੰਮ ਕਰਦਾ ਹੈ। ਮੁੱਖ ਮੰਤਰੀ ਰਾਜ ਦੀਆਂ ਨੀਤੀਆਂ ਦਾ ਮੁੱਖ ਨਿਰਮਾਣ ਕਰਤਾ ਹੁੰਦਾ ਹੈ ਅਤੇ ਉਹੀ ਉਸ ਨੂੰ ਲਾਗੂ ਕਰਦਾ ਹੈ। ਰਾਜ ਦਾ ਪ੍ਰਸ਼ਾਸਨ ਉਸ ਦੀ ਅਗਵਾਈ ਵਿੱਚ ਕੰਮ ਕਰਦਾ ਹੈ। ਉਸ ਦੀ ਰਾਜ ਵਿੱਚ ਸਥਿਤੀ ਉਸੇ ਤਰ੍ਹਾਂ ਹੀ ਹੁੰਦੀ ਹੈ, ਜਿਵੇਂ ਕੇਂਦਰ ਵਿੱਚ ਪ੍ਰਧਾਨ ਮੰਤਰੀ ਦੀ। ਉਸ ਦਾ ਅਹੁਦਾ ਇਕ ਸ਼ਕਤੀਸ਼ਾਲੀ ਅਹੁਦਾ ਜਾਂ ਕਹਿ ਲਓ ਤਾਂ ਰਾਜ ਵਿੱਚ ਸਭ ਤੋਂ ਸ਼ਕਤੀਸ਼ਾਲੀ ਅਹੁਦਾ ਹੁੰਦਾ ਹੈ ਪਰ ਉਸ ਦੇ ਅਹੁਦੇ ਦੀ ਅਸਲੀ ਸ਼ਕਤੀ ਕਈ ਤੱਥਾਂ 'ਤੇ ਨਿਰਭਰ ਕਰਦੀ ਹੈ :

***(i)* ਪਾਰਟੀ ਸਥਿਤੀ** (Party Set-up)– ਉਸ ਨੂੰ ਇਕ ਉਸ ਦਲ ਦਾ ਸਮਰਥਨ ਜੋ ਕਿ ਰਾਜ ਵਿਧਾਨ ਸਭਾ ਵਿੱਚ ਬਹੁਮਤ ਵਾਲਾ ਦਲ ਹੈ, ਪ੍ਰਾਪਤ ਹੋਣ ਦੀ ਸਥਿਤੀ ਵਿੱਚ ਮੁੱਖ ਮੰਤਰੀ ਆਪਣੇ ਅਧਿਕਾਰਾਂ ਦਾ ਇਸਤੇਮਾਲ ਨਿਰਣਾਇਕ ਅਤੇ ਸ਼ਕਤੀਸ਼ਾਲੀ ਢੰਗ ਨਾਲ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ ਰਾਜਪਾਲ ਲੱਗਭਗ ਹਰੇਕ ਖੇਤਰ ਵਿੱਚ ਉਸ ਦੀ ਸਿਫਾਰਿਸ਼ ਮੰਨਣ ਦਾ ਪਾਬੰਦ

ਨੋਟ

ਹੁੰਦਾ ਹੈ ਪਰ ਇੱਥੇ ਵੀ ਜ਼ਿਆਦਾਤਰ ਉਸ ਦੀਆਂ ਵਿਅਕਤੀਗਤ ਯੋਗਤਾਵਾਂ 'ਤੇ ਨਿਰਭਰ ਕਰਦਾ ਹੈ, ਉਹ ਉਂਨਾ ਕਮਜ਼ੋਰ ਵੀ ਹੋ ਸਕਦਾ ਹੈ, ਜਿੰਨਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਸੀ ਪਰ ਜਦੋਂ 'ਸਾਂਝੇ ਮੋਰਚੇ' ਜਾਂ ਇਕ 'ਸਾਂਝੀ ਸਰਕਾਰ' ਜਾਂ ਗਠਬੰਧਨ' ਦਾ ਨੇਤਾ ਹੈ ਅਤੇ ਆਪਣੇ ਗਠਬੰਧਨ ਜਾਂ ਮੋਰਚੇ ਦੀ ਹਿੱਸੇਦਾਰੀ 'ਤੇ ਨਿਰਭਰ ਕਰਦਾ ਹੈ ਤਾਂ ਉਸ ਨੂੰ ਕਾਫੀ ਕਮਜ਼ੋਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਨੂੰ ਆਪਣਾ ਜ਼ਿਆਦਾਤਰ ਸਮਾਂ ਆਪਣੇ ਮੋਰਚੇ/ਗਠਬੰਧਨ ਨੂੰ ਇਕਜੁੱਟ ਰੱਖਣ ਵਿੱਚ ਲਗਾਉਣਾ ਪੈ ਸਕਦਾ ਹੈ। ਇਸ ਦੇ ਮੰਤਰੀ ਪ੍ਰੀਸ਼ਦ ਨੇ ਰਾਜਨੀਤਿਕ ਏਕਸਵਰਤਾ ਦੀ ਕਮੀ ਉਸ ਦੇ ਕਮਜ਼ੋਰ ਹੋਣ ਦਾ ਸਰੋਤ ਬਣ ਸਕਦੀ ਹੈ। ਰਾਜ ਵਿਧਾਨ ਸਭਾ ਵਿੱਚ ਪੂਰਨ ਅਤੇ ਚੰਗੇ ਬਹੁਮਤ ਦੀ ਕਮੀ ਉਸ ਦੀਆਂ ਸਮਰੱਥਾਵਾਂ, ਸਰੋਤਾਂ ਅਤੇ ਯੋਗਤਾਵਾਂ 'ਤੇ ਬਹੁਤ ਮਾੜਾ ਪ੍ਰਭਾਵ ਪਾਉਂਦੀ ਹੈ ਪਰ ਜੇਕਰ ਉਸ ਵਿੱਚ ਚੰਗੇ ਗੁਣ ਤੇ ਯੋਗਤਾਵਾਂ ਹੋਣ ਤਾਂ ਉਹ ਆਪਣਾ ਦ੍ਰਿੜ ਪ੍ਰਭਾਵ ਦਿਖਾ ਸਕਦਾ ਹੈ।

***(ii)* ਕੇਂਦਰ ਵਿੱਚ ਸੱਤਾਧਾਰੀ ਦਲ ਦਾ ਸਵਰੂਪ** (Nature of the party in power at the centre)– ਭਾਰਤ ਏਕਾਤਮਕਤਾ ਦੀ ਭਾਵਨਾ ਵਾਲਾ ਇਕ ਸੰਘ ਹੈ ਅਤੇ ਇਸ ਲਈ ਰਾਜਾਂ ਨੂੰ ਕਈ ਤਰ੍ਹਾਂ ਨਾਲ ਕੇਂਦਰ 'ਤੇ ਨਿਰਭਰ ਰਹਿਣਾ ਪੈਂਦਾ ਹੈ। ਕੇਂਦਰ ਨਾਲ ਸਦਭਾਵਨਾ ਵਾਲੇ ਅਤੇ ਸਹਿਯੋਗ ਵਾਲੇ ਸਬੰਧ ਇਕ ਰਾਜ ਸਰਕਾਰ ਲਈ ਸ਼ਕਤੀ ਦਾ ਸਰੋਤ ਬਣਦੇ ਹਨ। ਜੇਕਰ ਕੇਂਦਰ ਵਿੱਚ ਵੀ ਉਸੇ ਦਲ ਦੀ ਸਰਕਾਰ ਹੋਵੇ, ਜਿਸ ਨਾਲ ਰਾਜ ਦਾ ਮੁੱਖ ਮੰਤਰੀ ਸਬੰਧ ਰੱਖਦਾ ਹੈ ਤਾਂ ਮੁੱਖ ਮੰਤਰੀ ਨੂੰ ਕੇਂਦਰੀ ਸਹਾਇਤਾ ਕਰਨ ਵਿੱਚ ਅਸਾਨੀ ਰਹਿੰਦੀ ਹੈ, ਉਹ ਕੇਂਦਰ ਕੋਲੋਂ ਆਪਣੇ ਪੱਖ ਵਿੱਚ ਫੈਸਲੇ ਕਰਵਾਉਣ ਵਿੱਚ ਆਪਣੀ ਦਲੀਲ, ਸਥਿਤੀ ਅਤੇ ਪ੍ਰਭਾਵ ਨੂੰ ਇਸਤੇਮਾਲ ਕਰ ਸਕਦਾ ਹੈ ਅਤੇ ਬਸ਼ਰਤੇ ਕਿ ਉਹ ਕਮਜ਼ੋਰ ਵਿਅਕਤੀਤਵ ਵਾਲਾ ਨਾ ਹੋਵੇ ਅਤੇ ਆਪਣੇ ਦਲ ਵਿੱਚ ਵਧੇਰੇ ਚੰਗੇ ਪ੍ਰਭਾਵ ਵਾਲਾ ਨੇਤਾ ਹੋਵੇ। ਜੇਕਰ ਕੇਂਦਰ ਵਿੱਚ ਕਿਸੇ ਵੀ ਹੋਰ ਦਲ ਦੀ ਸਰਕਾਰ ਹੋਵੇ ਅਤੇ ਰਾਜ ਵਿੱਚ ਕਿਸੇ ਹੋਰ ਦਲ ਦੀ ਤਾਂ ਉਸ ਰਾਜ ਦੇ ਮੁੱਖ ਮੰਤਰੀ ਨੂੰ ਰਾਜ ਦੇ ਰਾਜਪਾਲ ਵੱਲੋਂ ਕੇਂਦਰ ਦੇ ਪ੍ਰਤੱਖ ਅਤੇ ਅਪ੍ਰਤੱਖ ਦਬਾਅ ਅਧੀਨ ਕੰਮ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਮੁੱਖ ਮੰਤਰੀ ਦਾ ਵਿਅਕਤੀਤਵ ਅਤੇ ਚਰਿੱਤਰ ਰਾਜ ਪ੍ਰਸ਼ਾਸਨ ਵਿੱਚ ਉਸ ਦੀ ਭੂਮਿਕਾ ਨੂੰ ਨਿਰਧਾਰਿਤ ਕਰਦੇ ਹਨ।

***(iii)* ਰਾਜ ਦੇ ਰਾਜਪਾਲ ਦਾ ਵਿਅਕਤੀਤਵ ਅਤੇ ਭੂਮਿਕਾ** (The Personality and role of the Governor of the State) – ਰਾਜਪਾਲ ਰਾਜ ਦਾ ਨਾਮਾਤਰ ਦਾ ਸੰਵਿਧਾਨਿਕ ਮੁਖੀਆ ਹੁੰਦਾ ਹੈ ਪਰ ਇਸ ਦੇ ਨਾਲ ਹੀ ਸੰਵਿਧਾਨ ਨੇ ਇਸ ਨੂੰ ਕੁਝ ਅਸਲੀ ਅਤੇ ਸਵ-ਵਿਵੇਕ ਸ਼ਕਤੀਆਂ ਵੀ ਦਿੱਤੀਆਂ ਹਨ। ਉਹ ਇਹ ਗੱਲ ਨਿਰਧਾਰਿਤ ਕਰਨ ਵਾਲਾ 'ਇਕ ਜੱਜ' ਹੁੰਦਾ ਹੈ ਕਿ ਕੀ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਸਹੀ ਢੰਗ ਨਾਲ ਕੰਮ ਕਰ ਰਹੀ ਹੈ ਕਿ ਨਹੀਂ ਅਤੇ ਅਸਫਲ ਹੈ ਕਿ ਨਹੀਂ ਜਾਂ ਟੁੱਟਣ ਹੀ ਵਾਲੀ ਹੈ ਜਾਂ ਨਹੀਂ। ਜਦ ਰਾਜ ਵਿਧਾਨ ਸਭਾ ਵਿੱਚ ਕਿਸੇ ਵੀ ਇਕ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਾ ਹੋਵੇ ਤਾਂ ਉਸ ਸਮੇਂ ਰਾਜਪਾਲ ਰਾਜ ਦੇ ਪ੍ਰਸ਼ਾਸਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਉਹ ਉਸ ਮੁੱਖ ਮੰਤਰੀ ਨੂੰ ਅਹੁਦੇ ਤੋਂ ਹਟਾ ਸਕਦਾ ਹੈ ਜੋ ਉਸ ਦੇ ਵਿਚਾਰ ਵਿੱਚ ਰਾਜ ਵਿਧਾਨ ਸਭਾ 'ਚ ਬਹੁਮਤ ਦਾ ਵਿਸ਼ਵਾਸ ਗੁਆ ਚੁੱਕਾ ਹੋਵੇ। ਉਹ ਮੁੱਖ ਮੰਤਰੀ ਨੂੰ ਸਦਨ ਵਿੱਚ ਆਪਣਾ ਬਹੁਮਤ ਸਿੱਧ ਕਰਨ ਲਈ ਕਹਿ ਸਕਦਾ ਹੈ ਜਾਂ ਅਜਿਹਾ ਆਦੇਸ਼ ਹੋਰ ਢੰਗ ਨਾਲ ਦੇ ਸਕਦਾ ਹੈ। ਉਹ ਅਨੁਛੇਦ 356 ਅਧੀਨ ਰਾਸ਼ਟਰਪਤੀ ਨੂੰ ਰਾਜ ਦੀ ਸੰਕਟਕਾਲ ਸਥਿਤੀ ਲਾਗੂ ਕਰਨ ਦੀ ਸਿਫਾਰਿਸ਼ ਸੁਤੰਤਰ ਰੂਪ ਵਿੱਚ ਕਰ ਸਕਦਾ ਹੈ। ਇੱਥੋਂ ਤੱਕ ਕਿ ਰਾਸ਼ਟਰਪਤੀ ਦੀ ਸਹਿਮਤੀ ਦੀ ਇੰਤਜ਼ਾਰ ਤੋਂ ਬਿਨਾਂ ਹੀ ਉਹ ਰਾਜ ਵਿਧਾਨ ਸਭਾ ਭੰਗ ਕਰ ਸਕਦਾ ਹੈ ਅਤੇ ਰਾਜ ਸਰਕਾਰ ਨੂੰ ਅਹੁਦੇ ਤੋਂ ਹਟਾ ਸਕਦਾ ਹੈ। ਕਿਸੇ ਵੀ ਗੱਲ ਨੂੰ ਨਾ ਮੰਨਣ ਵਾਲਾ ਅਤੇ ਸੱਤਾ ਦੀ ਭੁੱਖ ਰਾਜਪਾਲ ਮੁੱਖ ਮੰਤਰੀ ਲਈ ਮੁਸੀਬਤ ਦਾ ਕਾਰਨ ਬਣ ਸਕਦੀ ਹੈ। ਗੈਰ-ਸਹਾਇਕ ਰਾਜਪਾਲ ਦੀ ਹੋਂਦ ਕਾਰਨ ਮੁੱਖ ਮੰਤਰੀ ਦੇ ਅਧਿਕਾਰਾਂ 'ਤੇ ਸੱਟ ਲੱਗ ਸਕਦੀ ਹੈ ਪਰ ਅਜਿਹੀ ਸਥਿਤੀ ਵਿੱਚ ਵੀ ਮੁੱਖ ਮੰਤਰੀ ਦੀਆਂ ਵਿਅਕਤੀਗਤ ਯੋਗਤਾਵਾਂ ਉਸ ਦਾ ਆਪਣੇ ਦਲ/ਸਮੂਹ ਨੂੰ ਰਾਜ ਵਿਧਾਨ ਸਭਾ ਵਿੱਚ ਇਕਜੁੱਟ ਰਹਿਣ ਦੀ ਸਮਰੱਥਾ, ਉਸ ਦੀ ਆਪਣੇ ਮੰਤਰੀ ਪ੍ਰੀਸ਼ਦ ਵਿੱਚ ਏਕਤਾ ਅਤੇ ਇਕਜੁੱਟਤਾ ਦੀ ਭਾਵਨਾ ਸਥਾਪਿਤ ਰੱਖਣ ਦਾ ਸਮਰੱਥਾ ਅਤੇ ਉਸ ਨੂੰ ਪ੍ਰਾਪਤ ਬਹੁਮਤ ਦਾ ਸਮਰਥਨ ਉਸ ਦੇ ਬਹੁਮੁੱਲੇ ਗੁਣ ਬਣ ਸਕਦੇ ਹਨ। 1984 ਵਿੱਚ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ. ਟੀ. ਰਾਮਾ ਰਾਓ ਰਾਜਪਾਲ ਰਾਮ ਲਾਲ ਦੀ ਤੁਲਨਾ ਵਿੱਚ ਵਧੇਰੇ ਦ੍ਰਿੜ ਵਿਅਕਤੀ ਸਿੱਧ ਹੋਏ ਸਨ। ਮੁੱਖ ਮੰਤਰੀ ਰਾਜ ਦੇ ਰਾਜਪਾਲ ਦੇ ਸਬੰਧ ਵਿੱਚ ਆਪਣੀ ਸਥਿਤੀ ਸ਼ਕਤੀਸ਼ਾਲੀ ਬਣਾਉਣ ਲਈ ਆਪਣੇ ਲੋਕਪ੍ਰਿਯ ਅਧਾਰ ਦਾ ਪ੍ਰਭਾਵਸ਼ਾਲੀ ਢੰਗ ਨਾਲ ਇਸਤੇਮਾਲ ਕਰ ਸਕਦਾ ਹੈ।

ਸਿੱਟੇ ਦੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਰਾਜ ਪ੍ਰਸ਼ਾਸਨ ਵਿੱਚ ਮੁੱਖ ਮੰਤਰੀ ਦਾ ਅਹੁਦਾ ਇਕ ਸ਼ਕਤੀਸ਼ਾਲੀ ਅਹੁਦਾ ਹੈ ਪਰ ਇਸ ਅਹੁਦੇ ਦਾ ਵਿਵਹਾਰ ਮੁੱਖ ਮੰਤਰੀ ਦਾ ਅਹੁਦਾ ਧਾਰਨ ਕਰਨ ਵਾਲੇ ਵਿਅਕਤੀ ਦੇ ਗੁਣਾਂ ਅਤੇ ਯੋਗਤਾਵਾਂ 'ਤੇ ਬਹੁਤ ਹੱਦ ਤੱਕ ਨਿਰਭਰ ਕਰਦੇ ਹਨ, ਜਦ ਤੱਕ ਮੁੱਖ ਮੰਤਰੀ ਨੂੰ ਆਪਣੇ ਦਲ ਦੇ ਬਹੁਮਤ ਦਾ ਵਿਸ਼ਵਾਸ ਪ੍ਰਾਪਤ ਰਹਿੰਦਾ ਹੈ ਅਤੇ ਜਦ ਤੱਕ ਉਸ ਦੇ ਦਲ ਨੂੰ ਰਾਜ ਵਿਧਾਨ ਸਭਾ ਵਿੱਚ ਸਪੱਸ਼ਟ ਬਹੁਮਤ ਪ੍ਰਾਪਤ ਰਹਿੰਦਾ ਹੈ ਤਾਂ ਉਸ ਦਾ ਅਹੁਦਾ ਸ਼ਕਤੀਸ਼ਾਲੀ ਅਹੁਦੇ ਦੇ ਰੂਪ ਵਿੱਚ ਕੰਮ ਕਰਦਾ ਹੈ ਪਰ ਜਦ ਵਿਧਾਨ ਸਭਾ ਵਿੱਚ ਉਸ ਦੇ ਦਲ ਨੂੰ ਬਹੁਮਤ ਪ੍ਰਾਪਤ ਨਾ ਹੋਵੇ ਅਤੇ ਉਹ ਸਾਂਝੇ ਮੋਰਚੇ ਦੀ ਸਰਕਾਰ ਦਾ ਮੁੱਖ ਮੰਤਰੀ ਹੋਵੇ ਤਾਂ ਉਸ ਦੀ ਸਥਿਤੀ ਕੁਝ ਕਮਜ਼ੋਰ ਰਹਿੰਦੀ ਹੈ ਪਰ ਇੱਥੇ ਵੀ ਕੁਝ ਮੁੱਖ ਮੰਤਰੀ ਦੇ ਗੁਣਾਂ ਅਤੇ ਯੋਗਤਾਵਾਂ 'ਤੇ ਨਿਰਭਰ ਕਰਦਾ ਹੈ। ਅਸਲ ਵਿੱਚ ਰਾਜ ਦਾ ਰਾਜਨੀਤਿਕ ਵਾਤਾਵਰਨ, ਰਾਜ ਦੇ ਗਵਰਨਰ ਦਾ ਵਿਅਕਤੀਤਵ, ਉਸ ਦੇ ਆਪਣੇ ਦਲ ਵਿੱਚ ਏਕਤਾ, ਆਪਣੇ ਦਲ ਦੀ ਸਥਿਤੀ ਆਦਿ ਤੱਕ ਤੱਤ ਮੁੱਖ ਮੰਤਰੀ ਦੇ ਅਹੁਦੇ ਦੇ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ। ਇਕ ਸ਼ਕਤੀਸ਼ਾਲੀ ਵਿਅਕਤੀ ਹੀ ਸ਼ਕਤੀਸ਼ਾਲੀ ਮੁੱਖ ਮੰਤਰੀ ਸਿੱਧ ਹੁੰਦਾ ਹੈ ਅਤੇ ਉਸ ਦੇ ਗੁਣਾਂ 'ਤੇ ਰਾਜ ਪ੍ਰਸ਼ਾਸਨ ਦੀ ਦ੍ਰਿੜਤਾ, ਯੋਗਤਾ ਅਤੇ ਕੁਸ਼ਲਤਾ ਨਿਰਭਰ ਕਰਦੀ ਹੈ।

ਨੋਟ

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

10. ਅਨੁਛੇਦ 163 ਸਪੱਸ਼ਟ ਰੂਪ ਵਿੱਚ ............... ਨੂੰ ਰਾਜ ਦੀ ਮੰਤਰੀ ਪ੍ਰੀਸ਼ਦ ਦੇ ਮੁਖੀਆ ਦਾ ਦਰਜਾ ਦਿੰਦਾ ਹੈ।
11. ਮੁੱਖ ਮੰਤਰੀ ਨੂੰ ਜਦ ਵੀ ਚਾਹੇ ਆਪਣੇ ..................... ਦੇ ਪੁਨਰਗਠਨ ਦਾ ਵੀ ਅਧਿਕਾਰ ਹੁੰਦਾ ਹੈ।
12. ਮੁੱਖ ਮੰਤਰੀ ਮੰਤਰੀ ਪ੍ਰੀਸ਼ਦ ਦੀ ਬੈਠਕ ਦਾ .................. ਤਿਆਰ ਕਰਦਾ ਹੈ ਅਤੇ ਉਸ ਦੀ ਸੂਚਨਾ ਮੰਤਰੀਆਂ ਨੂੰ ਦਿੰਦਾ ਹੈ।

## 11.6 ਸਾਰ ਅੰਸ਼ (Summary)

- ਸੰਵਿਧਾਨ ਨੇ ਦੇਸ਼ ਦੇ ਸਾਰੇ 25 ਰਾਜਾਂ ਲਈ ਇਕ ਵਿਧਾਨ ਮੰਡਲ ਦੀ ਸਥਾਪਨਾ ਕੀਤੀ ਹੈ। ਅਨੁਛੇਦ 168 ਦੇ ਅਨੁਸਾਰ, "ਹਰ ਰਾਜ ਦਾ ਇਕ ਵਿਧਾਨ ਮੰਡਲ ਹੋਵੇਗਾ, ਜਿਸ ਵਿੱਚ ਬਿਹਾਰ, ਮਹਾਰਾਸ਼ਟਰ, ਕਰਨਾਟਕ, ਜੰਮੂ–ਕਸ਼ਮੀਰ ਅਤੇ ਉੱਤਰ ਪ੍ਰਦੇਸ਼ ਦੇ ਰਾਜਾਂ ਵਿੱਚ ਦੋ ਸਦਨ ਹਨ ਅਤੇ ਹੋਰ ਰਾਜਾਂ ਵਿੱਚ ਇਕ ਸਦਨ ਹੈ।"
- ਵਿਧਾਨ ਮੰਡਲ ਨੂੰ ਰਾਜ ਸੂਚੀ ਵਿੱਚ ਦਰਜ ਵਿਸ਼ਿਆਂ 'ਤੇ ਵੀ ਕਾਨੂੰਨ ਨਿਰਮਾਣ ਦਾ ਅਧਿਕਾਰ ਹੈ। ਇਸ ਦੇ ਨਾਲ ਹੀ ਇਸ ਨੂੰ ਸਾਂਝੀ ਸੂਚੀ ਵਿੱਚ ਦਰਜ ਵਿਸ਼ਿਆਂ 'ਤੇ ਵੀ ਕਾਨੂੰਨ ਨਿਰਮਾਣ ਦਾ ਅਧਿਕਾਰ ਹੈ।
- ਵਿਧਾਨ ਮੰਡਲ ਕੋਲੋਂ ਬਿੱਲ ਪਾਸ ਹੋ ਕੇ ਰਾਜਪਾਲ ਕੋਲ ਭੇਜਿਆ ਜਾਂਦਾ ਹੈ। ਰਾਜਪਾਲ ਨੂੰ ਨਿਸ਼ੇਦ ਅਧਿਕਾਰ (Veto Power) ਵੀ ਪ੍ਰਾਪਤ ਹੈ।
- ਰਾਜਪਾਲ ਰਾਜ ਦੀ ਕਾਰਜ ਪਾਲਿਕਾ ਦਾ ਮੁਖੀਆ ਹੁੰਦਾ ਹੈ। ਇਸ ਦੀ ਰਾਜ ਵਿੱਚ ਉਹੀ ਸਥਿਤੀ ਹੁੰਦੀ ਹੈ, ਜਿਹੜੀ ਕੇਂਦਰ ਵਿੱਚ ਰਾਸ਼ਟਰਪਤੀ ਨੂੰ ਪ੍ਰਾਪਤ ਹੈ।
- ਰਾਜਪਾਲ ਨਿਯੁਕਤ ਕੀਤੇ ਜਾਣ ਦੇ ਸਬੰਧ ਵਿੱਚ ਦੂਸਰੀ ਪ੍ਰੰਪਰਾ ਇਹ ਹੈ ਕਿ ਕਿਸੇ ਵਿਸ਼ੇਸ਼ ਰਾਜ ਦਾ ਰਾਜਪਾਲ ਨਿਯੁਕਤ ਕਰਨ ਲਈ ਕਿਸੇ ਵਿਅਕਤੀ ਦੀ ਚੋਣ ਨੂੰ ਆਖਰੀ ਰੂਪ ਦੇਣ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਉਪੇਕਸ਼ਿਤ ਕਰ ਦਿੱਤਾ ਜਾਂਦਾ ਹੈ।
- ਭਾਰਤ ਵਿੱਚ ਹਰੇਕ ਰਾਜ ਦਾ ਇਕ ਰਾਜਪਾਲ ਹੁੰਦਾ ਹੈ ਜੋ ਰਾਜ ਦੀ ਕਾਰਜ ਪਾਲਿਕਾ (ਸਰਕਾਰ) ਦਾ ਮੁਖੀਆ ਹੁੰਦਾ ਹੈ ਪਰ ਨਾਲ ਹੀ ਰਾਜ ਵਿੱਚ ਕੇਂਦਰ ਦੇ ਏਜੰਟ ਜਾਂ ਪ੍ਰਤੀਨਿਧੀ ਦੇ ਰੂਪ ਵਿੱਚ ਕੰਮ ਕਰਦਾ ਹੈ।
- ਭਾਰਤ ਦਾ ਸੰਵਿਧਾਨ ਰਾਜ ਪੱਧਰ 'ਤੇ ਵੀ ਸੰਸਦੀ ਸਵਰੂਪ ਦੀ ਸਰਕਾਰ ਗਠਿਤ ਕਰਨ ਦੀ ਵਿਵਸਥਾ ਕਰਦਾ ਹੈ। ਉਹ ਇਹ ਵਿਵਸਥਾ ਕਰਦਾ ਹੈ ਕਿ ਰਾਜ ਦਾ ਰਾਜਪਾਲ ਰਾਜ ਦੀ ਕਾਰਜ ਪਾਲਿਕਾ ਦਾ ਸੰਵਿਧਾਨਿਕ ਅਤੇ ਨਾਮਾਤਰ ਦਾ ਮੁਖੀਆ ਹੋਵੇਗਾ ਅਤੇ ਅਸਲੀ ਕਾਰਜ ਪਾਲਿਕਾ ਸ਼ਕਤੀਆਂ ਦਾ ਇਸਤੇਮਾਲ ਮੁੱਖ ਮੰਤਰੀ ਦੀ ਅਗਵਾਈ ਵਿੱਚ ਰਾਜ ਮੰਤਰੀ ਪ੍ਰੀਸ਼ਦ ਕਰੇਗੀ।
- ਸਧਾਰਣ ਰੂਪ ਵਿੱਚ ਰਾਜਪਾਲ ਅਜਿਹੇ ਢੰਗ ਨਾਲ ਨਿਯੁਕਤ ਕੀਤੇ ਗਏ ਮੁੱਖ ਮੰਤਰੀ ਨੂੰ ਇਕ ਨਿਰਧਾਰਿਤ ਸਮੇਂ ਅੰਦਰ, ਜਿਵੇਂ ਕਿ ਇਕ ਮਹੀਨੇ ਜਾਂ 15 ਦਿਨ ਵਿੱਚ ਆਪਣਾ ਬਹੁਮਤ ਸਿੱਧ ਕਰਨ ਲਈ ਕਹਿੰਦਾ ਹੈ।
- ਮੰਤਰੀ ਸਰਕਾਰ ਦੀਆਂ ਨੀਤੀਆਂ ਅਤੇ ਵਿਧਾਨ ਪਾਲਿਕਾ ਵੱਲੋਂ ਮਨਜ਼ੂਰ ਨੀਤੀਆਂ ਅਨੁਸਾਰ ਰਾਜ ਦਾ ਪ੍ਰਸ਼ਾਸਨ ਚਲਾਉਣ ਲਈ ਜ਼ਿੰਮੇਵਾਰ ਹੁੰਦੇ ਹਨ।
- ਮੁੱਖ ਮੰਤਰੀ ਨੂੰ ਆਪਣੀ ਇੱਛਾ ਦੀ ਮੰਤਰੀ ਪ੍ਰੀਸ਼ਦ ਨਿਰਮਿਤ ਕਰਨ ਦੀ ਸ਼ਕਤੀ ਪ੍ਰਾਪਤ ਹੈ। ਸੰਵਿਧਾਨ ਉਸ ਨੂੰ ਕਾਨੂੰਨੀ ਰੂਪ ਵਿੱਚ ਆਪਣੀ ਇੱਛਾ ਦੇ ਮੰਤਰੀ ਚੁਣਨ ਦਾ ਅਧਿਕਾਰ ਦਿੰਦਾ ਹੈ।
- ਇਕ ਰਾਜ ਦੇ ਮੁੱਖ ਮੰਤਰੀ ਦੀ ਰਾਜ ਪ੍ਰਸ਼ਾਸਨ ਵਿੱਚ ਬਹੁਤ ਸ਼ਕਤੀਸ਼ਾਲੀ ਸਥਿਤੀ ਹੁੰਦੀ ਹੈ। ਉਹ ਰਾਜ ਦੀ ਮੰਤਰੀ ਪ੍ਰੀਸ਼ਦ ਬਣਾਉਂਦਾ ਹੈ ਜੋ ਕਿ ਹਮੇਸ਼ਾ ਹੀ ਉਸ ਦੀ ਅਗਵਾਈ ਵਿੱਚ ਕੰਮ ਕਰਦੀ ਹੈ। ਉਹ ਇਸ ਦੇ ਜਨਮ ਅਤੇ ਮੌਤ ਦਾ ਕੇਂਦਰੀ ਬਿੰਦੂ ਹੈ।

## 11.7 ਸ਼ਬਦਕੋਸ਼ (Keywords)

- **ਰਾਜਪਾਲ (Governor)** : ਰਾਜ ਦਾ ਪ੍ਰਧਾਨ ਸ਼ਾਸਕ ਗਵਰਨਰ।
- **ਮੁੱਖ ਮੰਤਰੀ (Chief Minister)** : ਰਾਜ ਦਾ ਸਭ ਤੋਂ ਵੱਡਾ ਮੰਤਰੀ (ਜਿਵੇਂ ਦਿੱਲੀ ਦਾ ਮੁੱਖ ਮੰਤਰੀ)।

## 11.8 ਅਭਿਆਸ ਪ੍ਰਸ਼ਨ (Review Questions)

ਨੋਟ

1. ਰਾਜ ਦੇ ਵਿਧਾਨ ਮੰਡਲ ਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਵਰਨਣ ਕਰੋ।
2. ਭਾਰਤ ਵਿੱਚ ਰਾਜ ਦੀ ਰਾਜਨੀਤੀ ਵਿੱਚ ਰਾਜਪਾਲ ਦੀ ਭੂਮਿਕਾ ਦਾ ਵਰਨਣ ਕਰੋ।
3. ਰਾਜਪਾਲ ਦੀਆਂ ਸ਼ਕਤੀਆਂ ਦਾ ਕੰਮਾਂ ਦਾ ਵਰਨਣ ਕਰੋ।
4. ਮੰਤਰੀ ਪ੍ਰੀਸ਼ਦ ਦੀਆਂ ਸ਼ਕਤੀਆਂ ਦਾ ਵਰਨਣ ਕਰੋ।
5. ਰਾਜ ਦੇ ਮੁੱਖ ਮੰਤਰੀ ਦੀ ਨਿਯੁਕਤੀ ਕਿਵੇਂ ਕੀਤੀ ਜਾਂਦੀ ਹੈ? ਉਸ ਦੇ ਕੰਮਾਂ ਅਤੇ ਸ਼ਕਤੀਆਂ ਦਾ ਵਰਨਣ ਕਰੋ?

**ਉੱਤਰ: ਸਵ ਮੁਲਾਂਕਣ (Answer : Self Assessment)**

| | |
|---|---|
| 1. 14 | 2. ਸਧਾਰਣ |
| 3. 25 ਸਾਲ | 4. (ਬ) |
| 5. (ਅ) | 6. (ਬ) |
| 7. ਸੱਚ | 8. ਝੂਠ |
| 9. ਝੂਠ | 10. ਮੁੱਖ ਮੰਤਰੀ |
| 11. ਪੁਨਰਗਠਨ | 12. ਏਜੰਡਾ |

## 11.9 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਭਾਰਤੀ ਸ਼ਾਸਨ ਅਤੇ ਰਾਜਨੀਤੀ- ਪੀ. ਰਸਤੋਗੀ।
2. ਭਾਰਤੀ ਰਾਜਨੀਤਿਕ ਪ੍ਰਣਾਲੀ-ਯੂ. ਆਰ. ਘਈ।

ਨੋਟ

# ਇਕਾਈ-12: ਭਾਰਤੀ ਸੰਘਵਾਦ
# (Indian Federalism)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

12.1 ਭਾਰਤੀ ਸੰਘਵਾਦ ਦਾ ਰੂਪ (Nature of Indian Federalism)

12.2 ਸੰਘਾਤਮਕ ਵਿਸ਼ੇਸ਼ਤਾਵਾਂ (Federal Features)

12.3 ਏਕਾਤਮਕ ਵਿਸ਼ੇਸ਼ਤਾਵਾਂ (Unitary Features)

12.4 ਭਾਰਤੀ ਕੇਂਦਰ ਨੂੰ ਜ਼ਿਆਦਾ ਸ਼ਕਤੀਸ਼ਾਲੀ ਬਣਾਉਣ ਦੇ ਕਾਰਨ (Reasons to Make Centre More Powerful)

12.5 ਭਾਰਤੀ ਸੰਵਿਧਾਨ ਵਿੱਚ ਸਹਿਕਾਰੀ ਸੰਘਵਾਦ (Co-operative Federalism in Indian Constitution)

12.6 ਸਾਰ ਅੰਸ਼ (Summary)

12.7 ਸ਼ਬਦਕੋਸ਼ (Keywords)

12.8 ਅਭਿਆਸ ਪ੍ਰਸ਼ਨ (Review Questions)

12.9 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਭਾਰਤੀ ਸੰਘਵਾਦ ਦੇ ਅਰਥ ਨੂੰ ਜਾਨਣ ਸਬੰਧੀ।
- ਭਾਰਤੀ ਸੰਘਵਾਦ ਦਾ ਰੂਪ ਜਾਨਣ ਸਬੰਧੀ।
- ਸਰਕਾਰੀ ਸੰਘਵਾਦ ਦੇ ਅਰਥ ਅਤੇ ਤੱਤ ਨੂੰ ਸਮਝਣ ਸਬੰਧੀ।

## ਜਾਣਕਾਰੀ (Introduction)

ਸੰਸਾਰ ਦੇ ਹਰੇਕ ਰਾਜ ਦਾ ਸੰਵਿਧਾਨ ਸੰਘਵਾਦ ਸੰਵਿਧਾਨ (Federal Constitution) ਜਾਂ ਏਕਾਤਮਕ ਸੰਵਿਧਾਨ (Unitary Constitution) ਹੁੰਦਾ ਹੈ। ਸੰਘਾਤਮਕ ਸੰਵਿਧਾਨ ਉਹ ਸੰਵਿਧਾਨ ਹੁੰਦਾ ਹੈ ਜਿਸ ਵੱਲੋਂ ਦੋਹਰੀ ਸ਼ਾਸਨ ਵਿਵਸਥਾ ਕੀਤੀ ਜਾਂਦੀ ਹੈ ਅਤੇ ਜਿਸ ਵਿੱਚ ਕੇਂਦਰ ਅਤੇ ਇਕਾਈਆਂ ਵਿੱਚ ਸ਼ਕਤੀਆਂ ਦੀ ਵੰਡ ਹੁੰਦੀ ਹੈ। ਏਕਾਤਮਕ ਸੰਵਿਧਾਨ ਉਹ ਹੁੰਦਾ ਹੈ ਜਿਸ ਨਾਲ ਇਕੱਲੀ ਸ਼ਾਸਨ ਵਿਵਸਥਾ ਦੀ ਸਥਾਪਨਾ ਕੀਤੀ ਜਾਂਦੀ ਹੈ ਅਤੇ ਜਿਸ ਵਿੱਚ ਸ਼ਾਸਨ ਦੀਆਂ ਸਾਰੀਆਂ ਸ਼ਕਤੀਆਂ ਕੇਂਦਰ ਕੋਲ ਹੁੰਦੀਆਂ ਹਨ।

## 12.1 ਭਾਰਤੀ ਸੰਘਵਾਦ ਦਾ ਰੂਪ (Nature of Indian Federalism)

ਭਾਰਤੀ ਸੰਵਿਧਾਨ ਦੀ ਅਨੁਪਮ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਸੰਘਾਤਮਕ ਅਤੇ ਏਕਾਤਮਕ ਦੋਨਾਂ ਤਰ੍ਹਾਂ ਦੇ ਸੰਵਿਧਾਨਾਂ ਦੇ ਗੁਣ ਅਤੇ ਲੱਛਣ ਮੌਜੂਦ ਹਨ। ਦੇਖਿਆ ਜਾਵੇ ਤਾਂ ਇਸ ਵਿੱਚ ਸੰਘਾਤਮਕ ਸ਼ਾਸਨ ਪ੍ਰਣਾਲੀ ਦੇ ਸਾਰੇ ਮੁੱਖ ਲੱਛਣ ਮੌਜੂਦ ਹਨ ਪਰ ਇਸ ਗੱਲ

**ਨੋਟ**

ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੰਵਿਧਾਨ ਦੇ ਹਰੇਕ ਪੰਨੇ 'ਤੇ ਏਕਾਤਮਕ ਭਾਵਨਾ ਅੰਕਿਤ ਹੈ। ਇਸ ਕਾਰਨ ਭਾਰਤੀ ਸੰਵਿਧਾਨ ਦੀ ਪ੍ਰਕਿਰਤੀ ਸਬੰਧੀ ਪ੍ਰਸ਼ਨ ਇਕ ਬਹੁਤ ਰੋਚਕ ਚਰਚਾ ਦਾ ਵਿਸ਼ਾ ਬਣ ਗਿਆ ਹੈ। ਕੁਝ ਵਿਅਕਤੀ ਤਾਂ ਸੰਘਾਤਮਕ ਰਾਜ ਕਹਿੰਦੇ ਹਨ ਤਾਂ ਕੁਝ ਇਸ ਨੂੰ ਏਕਾਤਮਕ ਪ੍ਰਸ਼ਨ ਇਕ ਬਹੁਤ ਰੋਚਕ ਚਰਚਾ ਦਾ ਵਿਸ਼ਾ ਬਣ ਗਿਆ ਹੈ। ਕੁਝ ਵਿਅਕਤੀ ਇਸ ਨੂੰ ਸੰਘਾਤਮਕ ਰਾਜ ਕਹਿੰਦੇ ਹਨ ਤਾਂ ਕੁਝ ਇਸ ਨੂੰ ਏਕਾਤਮਕ ਭਾਵਨਾ ਵਾਲਾ ਸੰਘਾਤਮਕ ਸੰਵਿਧਾਨ ਕਹਿੰਦੇ ਹਨ। ਉਨ੍ਹਾਂ ਦੇ ਅਨੁਸਾਰ,"ਭਾਰਤੀ ਸੰਵਿਧਾਨ ਦਾ ਢਾਂਚਾ ਤਾਂ ਸੰਘਾਤਮਕ ਹੈ ਪਰ ਭਾਵਨਾ ਪੂਰਨ ਤੌਰ 'ਤੇ ਏਕਾਤਮਕ ਹੈ।" ("Indian Constitution Provides for a Federal Structure with unitary spirit.")

ਸੰਵਿਧਾਨ ਦੀ ਧਾਰਾ (1) ਵਿੱਚ ਭਾਰਤ ਨੂੰ ਰਾਜ ਦਾ ਸੰਘ (Union of States) ਕਿਹਾ ਗਿਆ ਹੈ। ਇਸ ਵਿੱਚ 'ਸੰਘੀ ਰਾਜ' (Federation) ਦੇ ਸ਼ਬਦ ਦਾ ਕਿਤੇ ਵੀ ਇਸਤੇਮਾਲ ਨਹੀਂ ਕੀਤਾ ਗਿਆ। ਇਸ ਦੇ ਦੋ ਕਾਰਨ ਸਮਝੇ ਜਾਂਦੇ ਹਨ। ਪਹਿਲਾਂ ਤਾਂ ਸਾਡੇ ਇੱਥੇ 'ਰਾਜਾਂ ਦੇ ਸੰਘ' ਦਾ ਨਿਰਮਾਣ ਸੁਤੰਤਰ ਰਾਜਾਂ ਦੇ ਆਪਸੀ ਸਮਝੌਤਿਆਂ ਦਾ ਫਲ ਨਹੀਂ ਹੈ ਜਿਵੇਂ ਕਿ ਸੰਯੁਕਤ ਰਾਜ ਅਮਰੀਕਾ (U.S.A) ਦਾ ਸੰਘੀ ਰਾਜ ਹੈ। ਸਾਡੇ ਦੇਸ਼ ਵਿੱਚ 'ਰਾਜਾਂ ਦੇ ਸੰਘ' ਦਾ ਨਿਰਮਾਣ ਕੈਨੇਡਾ (Canada) ਸੰਘੀ ਰਾਜ ਦੀ ਤਰ੍ਹਾਂ ਹੋਇਆ ਹੈ। ਇੱਥੇ ਏਕਾਤਮਕ ਰਾਜ ਨੂੰ ਭੰਗ ਕਰਕੇ ਉਸ ਦੀ ਜਗ੍ਹਾ 'ਤੇ ਰਾਜਾਂ ਦਾ ਨਵੇਂ ਸਿਰੇ ਤੋਂ ਪੁਨਰਗਠਨ ਕੀਤਾ ਗਿਆ ਅਤੇ ਕੇਂਦਰ ਅਤੇ ਰਾਜਾਂ ਦੇ ਖੇਤਰ ਅਧਿਕਾਰ ਸੰਵਿਧਾਨਿਕ ਅਧਾਰ 'ਤੇ ਸ਼ਕਤੀਆਂ ਦੀ ਵੰਡ ਕਰਕੇ ਨਿਸ਼ਚਿਤ ਕੀਤਾ ਗਿਆ। ਦੂਸਰੇ ਸਾਡੇ ਸੰਵਿਧਾਨ ਵਿੱਚ ਪੂਰਵ ਸੋਵੀਅਤ ਸੰਘ ਦੀ ਤਰ੍ਹਾਂ ਰਾਜਾਂ ਨੂੰ ਸੰਘ ਤੋਂ ਅਲੱਗ ਆਉਣ ਦਾ ਅਧਿਕਾਰ ਪ੍ਰਾਪਤ ਨਹੀਂ ਹੈ। ਇਸ ਢੰਗ ਨਾਲ ਬਣਾਏ ਗਏ 'ਰਾਜਾਂ ਦੇ ਸੰਘ' ਵਿੱਚ ਕੇਂਦਰ ਦਾ ਸ਼ਕਤੀਸ਼ਾਲੀ ਹੋਣਾ ਸੁਭਾਵਿਕ ਗੱਲ ਸੀ।

ਸ਼ੁਰੂ ਵਿੱਚ ਜਦੋਂ ਸੰਵਿਧਾਨ ਲਾਗੂ ਹੋਇਆ ਤਾਂ ਭਾਰਤ ਦੇ 'ਰਾਜਾਂ ਦੇ ਸੰਘ' ਵਿੱਚ ਚਾਰ ਸ਼੍ਰੇਣੀਆਂ ਵਿੱਚ ਵੰਡੇ ਹੋਏ 29 ਰਾਜ ਸਨ-ਭਾਗ 'ਕ' ਵਿੱਚ 10, ਭਾਗ 'ਖ' ਵਿੱਚ 8, ਭਾਗ 'ਗ' ਵਿੱਚ 10 ਅਤੇ ਭਾਗ 'ਘ' ਵਿੱਚ ਇਕ। ਪਰ 1956 ਵਿੱਚ ਭਾਰਤ ਦੇ ਸੰਵਿਧਾਨ ਵਿੱਚ ਹੋਈ 7ਵੀਂ ਸੋਧ ਦੇ ਅਧੀਨ ਰਾਜਾਂ ਦਾ ਪੁਨਰਗਠਨ ਕੀਤਾ ਗਿਆ ਅਤੇ ਚਾਰ ਸ਼੍ਰੇਣੀਆਂ ਵਾਲੇ ਰਾਜਾਂ ਦਾ ਅੰਤਰ ਖਤਮ ਕਰਕੇ ਉਸ ਦੀ ਜਗ੍ਹਾ 'ਤੇ ਦੋ ਤਰ੍ਹਾਂ ਦੀਆਂ ਇਕਾਈਆਂ ਦੀ ਵਿਵਸਥਾ ਕੀਤੀ ਗਈ, ਇਕ 'ਰਾਜ' (States) ਅਤੇ ਦੂਸਰੇ ਕੇਂਦਰੀ ਖੇਤਰ (Union Terriories) ਇਸ ਸਮੇਂ 25 ਰਾਜ ਅਤੇ 7 ਕੇਂਦਰੀ ਖੇਤਰ ਹਨ।

ਅਸਲ ਵਿੱਚ ਭਾਰਤੀ ਸੰਵਿਧਾਨ ਦੀ ਪ੍ਰਕਿਰਤੀ ਸਬੰਧੀ ਇਸ ਵਿਚਾਰ-ਭੇਦ ਦਾ ਮੁੱਖ ਸਰੋਤ ਸੰਵਿਧਾਨ ਹੀ ਹੈ। ਭਾਰਤੀ ਸੰਵਿਧਾਨ ਵਿੱਚ ਭਾਰਤ ਨੂੰ ਨਾ ਤਾਂ ਸੰਘਾਤਮਕ ਅਤੇ ਨਾ ਹੀ ਏਕਾਤਮਕ ਸੰਵਿਧਾਨ ਕਿਹਾ ਗਿਆ ਹੈ। ਸਗੋਂ ਇਸ ਨੂੰ 'ਰਾਜਾਂ ਦਾ ਸੰਘ' (Union of States) ਕਿਹਾ ਗਿਆ ਹੈ। ਸੰਵਿਧਾਨ ਵਿੱਚ ਅਜਿਹੇ ਸ਼ਬਦਾਂ ਦਾ ਇਸਤੇਮਾਲ ਕਰਨ ਦੇ ਉਦੇਸ਼ਾਂ ਨੂੰ ਸਪੱਸ਼ਟ ਕਰਦੇ ਹੋਏ **ਡਾ. ਅੰਬੇਜਕਰ** ਨੇ ਕਿਹਾ, "ਭਾਰਤ ਨੂੰ ਰਾਜਾਂ ਦੇ ਸੰਘ ਦਾ ਨਾਮ ਦੇਣਾ ਲਾਭਦਾਇਕ ਹੈ। ਅਜਿਹੇ ਨਾਮਕਰਣ ਨਾਲ ਦੋ ਤੱਤ ਸਪੱਸ਼ਟ ਹੁੰਦੇ ਹਨ। ਪਹਿਲਾ, ਭਾਰਤ ਵਿੱਚ ਸੰਘੀ ਸ਼ਾਸਨ ਵਿਵਸਥਾ ਦੀ ਸਥਾਪਨਾ ਕਿਸੇ ਸਮਝੌਤੇ ਦਾ ਨਤੀਜਾ ਨਹੀਂ ਅਤੇ ਦੂਸਰਾ, ਭਾਰਤ ਵਿੱਚ ਸੰਘੀ ਇਕਾਈਆਂ ਨੂੰ ਸੰਘ ਛੱਡਣ ਦਾ ਅਧਿਕਾਰ ਨਹੀਂ ਅਤੇ ਸਾਡਾ ਸੰਘ ਇਕ ਸਥਾਈ ਅਤੇ ਅਟੁੱਟ ਸੰਘ ਹੈ।" ਸੰਵਿਧਾਨ ਦੇ ਅਨੁਸਾਰ ਭਾਰਤ ਇਕ 'ਰਾਜਾਂ ਦਾ ਸੰਘ' ਹੈ। ਇਸ ਦੀ ਸੰਘਾਤਮਕ ਅਤੇ ਏਕਾਤਮਕ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਕੇ ਹੀ ਅਸੀਂ ਇਸ ਦੀ ਅਸਲ ਪ੍ਰਕਿਰਤੀ ਦੇ ਕਿਸੇ ਸਪੱਸ਼ਟ ਨਤੀਜੇ 'ਤੇ ਪਹੁੰਚ ਸਕਦੇ ਹਾਂ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

1. ਭਾਰਤੀ ਸੰਵਿਧਾਨ ਦੀ ਅਨੁਪਮ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਸੰਘਾਤਮਕ ਅਤੇ .........ਦੋਵੇਂ ਤਰ੍ਹਾਂ ਦੇ ਸੰਵਿਧਾਨਾਂ ਦੇ ਗੁਣ ਅਤੇ ਲੱਛਣ ਮੌਜੂਦ ਹਨ।
2. ਸੰਵਿਧਾਨ ਜਦੋਂ ਲਾਗੂ ਹੋਇਆ ਸੀ, ਉਦੋਂ ਭਾਰਤ ਦੇ 'ਰਾਜਾਂ ਦੇ ਸੰਘ' ਵਿੱਚ ਚਾਰ ਸ਼੍ਰੇਣੀਆਂ ਵਿੱਚ ਵੰਡੇ ਹੋਏ............. ਰਾਜ ਸਨ।
3. ਸੰਘੀ ਸਰਕਾਰ ਦਾ ਸੰਵਿਧਾਨ ......... ਹੁੰਦਾ ਹੈ।

## 12.2 ਸੰਘਾਤਮਕ ਵਿਸ਼ੇਸ਼ਤਾਵਾਂ (Federal Features)

ਭਾਰਤੀ ਸੰਵਿਧਾਨ ਵਿੱਚ ਲੱਗਭਗ ਉਹ ਸਾਰੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ ਜੋ ਕਿ ਇਕ ਸੰਘਾਤਮਕ ਸੰਵਿਧਾਨ, ਜਿਵੇਂ ਕਿ ਅਮਰੀਕਾ ਦੇ ਸੰਵਿਧਾਨ ਵਿੱਚ ਪਾਈ ਜਾਂਦੀ ਹੈ। ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਜਾਨਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਸੰਘਾਤਮਕ ਰਾਜ ਦੀ ਸਪੱਸਟ ਪਰਿਭਾਸ਼ਾ ਅਤੇ ਲੱਛਣਾਂ ਨੂੰ ਜਾਣ ਲਈਏ। ਸਧਾਰਣ ਸ਼ਬਦਾਂ ਵਿੱਚ ਸੰਘੀ ਸ਼ਾਸਨ ਵਿਵਸਥਾ ਤੋਂ ਭਾਵ ਉਹ ਵਿਵਸਥਾ ਹੈ ਜਿਸ ਵਿੱਚ ਸੰਘੀ ਸਰਕਾਰ ਅਤੇ ਪ੍ਰਾਂਤੀ ਸਰਕਾਰਾਂ ਵਿੱਚ ਇਕ ਲਿਖਤੀ ਸੰਵਿਧਾਨ ਵੱਲੋਂ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਭਾਰਤ ਵਿੱਚ ਸੰਘੀ ਸ਼ਾਸਨ ਵਿਵਸਥਾ ਦੀਆਂ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ-

ਨੋਟ

1. **ਦੋਹਰੀ ਸ਼ਾਸਨ ਵਿਵਸਥਾ** (Dual Polity): ਭਾਰਤੀ ਸੰਵਿਧਾਨ ਦੋਹਰੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕਰਦਾ ਹੈ। ਇਕ ਪਾਸੇ ਕੇਂਦਰੀ ਸਰਕਾਰ ਕੰਮ ਕਰਦੀ ਹੈ ਅਤੇ ਦੂਸਰੇ ਪਾਸੇ ਰਾਜਾਂ ਵਿੱਚ ਰਾਜ ਸਰਕਾਰਾਂ ਕੰਮ ਕਰਦੀਆਂ ਹਨ। ਦੋਵਾਂ ਦਾ ਖੇਤਰ ਅਧਿਕਾਰ ਅਲੱਗ-ਅਲੱਗ ਹੈ। ਕੇਂਦਰੀ ਸਰਕਾਰ ਦੇ ਮੁੱਖ ਅੰਗ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੰਤਰੀ ਪ੍ਰੀਸ਼ਦ ਅਤੇ ਸੰਸਦ ਹਨ। ਰਾਜ ਸਰਕਾਰਾਂ ਦੇ ਮੁੱਖ ਅੰਗ ਗਵਰਨਰ, ਮੁੱਖ ਮੰਤਰੀ, ਮੰਤਰੀ ਪ੍ਰੀਸ਼ਦ ਅਤੇ ਰਾਜ ਵਿਧਾਨ ਮੰਡਲ ਹਨ। ਦੋਵਾਂ ਸਰਕਾਰਾਂ ਦੇ ਵਿਧਾਨਕ, ਪ੍ਰਸ਼ਾਸਨਿਕ ਅਤੇ ਵਿੱਤੀ ਸਬੰਧ ਸੰਵਿਧਾਨ ਵੱਲੋਂ ਨਿਰਧਾਰਿਤ ਕੀਤੇ ਗਏ ਹਨ। ਕੇਂਦਰੀ ਸੰਸਦ ਰਾਜਾਂ ਦੀਆ ਹੱਦਾਂ ਵਿੱਚ ਪਰਿਵਰਤਨ ਕਰ ਸਕਦੀ ਹੈ, ਉਨ੍ਹਾਂ ਦੇ ਨਾਮ ਬਦਲ ਸਕਦੀ ਹੈ, ਇਕ ਜਾਂ ਦੋ ਰਾਜਾਂ ਦਾ ਕੁਝ ਖੇਤਰ ਕੱਟ ਕੇ ਰਾਜ ਦਾ ਨਿਰਮਾਣ ਕਰ ਸਕਦੀ ਹੈ ਪਰ ਉਹ ਰਾਜਾਂ ਨੂੰ ਖਤਮ ਕਰਕੇ ਦੇਸ਼ ਵਿੱਚ ਏਕਾਤਮਕ ਸ਼ਾਸਨ ਸਥਾਪਿਤ ਨਹੀਂ ਕਰ ਸਕਦੀ।

2. **ਸ਼ਕਤੀਆਂ ਦੀ ਵੰਡ** (Division of Powers): ਸੰਘੀ ਸ਼ਾਸਨ ਵਿਵਸਥਾ ਵਿੱਚ ਕੇਂਦਰੀ ਜਾਂ ਸੰਘੀ ਸਰਕਾਰ ਅਤੇ ਪ੍ਰਾਂਤੀ ਸਰਕਾਰਾਂ ਵਿੱਚ ਸੱਤਾ ਦੀ ਵੰਡ ਹੁੰਦੀ ਹੈ। ਇਸ ਨੂੰ ਸੱਤਾ ਵੰਡ ਦੇ ਕਾਰਨ ਹੀ ਸੰਘ ਰਾਜ ਦਾ ਇਕ ਲਿਖਤੀ ਸੰਵਿਧਾਨ ਹੋਣਾ ਜ਼ਰੂਰੀ ਹੁੰਦਾ ਹੈ। ਭਾਰਤੀ ਸੰਵਿਧਾਨ ਵੱਲੋਂ ਸੰਪੂਰਨ ਸ਼ਕਤੀਆਂ ਨੂੰ ਤਿੰਨ ਸੂਚੀਆਂ (Lists) ਵਿੱਚ ਵੰਡਿਆ ਗਿਆ ਹੈ। ਉਹ ਹਨ-*(i)* ਸੰਘੀ ਸੂਚੀ (Union List) ਇਸ ਵਿੱਚ 97 ਵਿਸ਼ੇ ਹਨ। ਇਨ੍ਹਾਂ ਵਿਸ਼ਿਆਂ 'ਤੇ ਕਾਨੂੰਨ ਨਿਰਮਾਣ ਦਾ ਅਧਿਕਾਰ ਕੇਂਦਰੀ ਜਾਂ ਸੰਘੀ ਸਰਕਾਰ ਨੂੰ ਹੈ, *(ii)* ਰਾਜ ਸੂਚੀ *(iii)* ਇਸ ਵਿੱਚ 66 ਵਿਸ਼ੇ ਹਨ। ਇਨ੍ਹਾਂ ਵਿਸ਼ਿਆਂ 'ਤੇ ਕਾਨੂੰਨ ਨਿਰਮਾਣ ਦਾ ਜ਼ਿਆਦਾਤਰ ਰਾਜ ਸਰਕਾਰਾਂ ਨੂੰ ਹੈ, ਅਤੇ *(iv)* ਸਾਂਝੀ ਸੂਚੀ (Concurrent List) ਇਸ ਵਿੱਚ ਵਿੱਚ 47 ਵਿਸ਼ੇ ਹਨ। ਇਨ੍ਹਾਂ ਵਿਸ਼ਿਆਂ 'ਤੇ ਕੇਂਦਰੀ ਅਤੇ ਪ੍ਰਾਂਤੀ ਸਰਕਾਰਾਂ ਦੋਵਾਂ ਨੂੰ ਕਾਨੂੰਨ ਨਿਰਮਾਣ ਦਾ ਅਧਿਕਾਰ ਹੈ। ਬਾਕੀ ਵਿਸ਼ੇ (Residuary Subjects) ਜੋ ਇਨ੍ਹਾਂ ਤਿੰਨਾਂ ਸੂਚੀਆਂ ਵਿੱਚ ਨਹੀਂ ਹਨ, ਉਨ੍ਹਾਂ 'ਤੇ ਕਾਨੂੰਨ ਨਿਰਮਾਣ ਦਾ ਅਧਿਕਾਰ ਕੇਂਦਰ ਨੂੰ ਹੈ। ਕੇਂਦਰ ਅਤੇ ਪ੍ਰਾਂਤ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਪੂਰੇ ਰੂਪ ਵਿੱਚ ਸੁਤੰਤਰ ਹਨ।

3. **ਸੁਤੰਤਰ ਨਿਆ ਪਾਲਿਕਾ** (Independent Judiciary): ਕਿਉਂਕਿ ਸੰਘਾਤਮਕ ਸੰਵਿਧਾਨ ਵਿੱਚ ਕੇਂਦਰ ਅਤੇ ਪ੍ਰਾਂਤਾਂ ਵਿੱਚ ਸ਼ਕਤੀਆਂ ਦੀ ਵੰਡ ਹੁੰਦੀ ਹੈ ਅਤੇ ਉਨ੍ਹਾਂ ਵਿੱਚ ਝਗੜੇ ਪੈਦਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਅਤੇ ਸੰਘੀ ਵਿਵਸਥਾ ਵਿੱਚ ਇਕ 'ਸੁਤੰਤਰ ਨਿਆ ਪਾਲਿਕਾ' ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਭਾਰਤੀ ਸੰਵਿਧਾਨ ਵੱਲੋਂ ਇਕ ਪੂਰੇ ਰੂਪ ਨਾਲ ਸੁਤੰਤਰ ਨਿਆਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ ਜਿਸ ਨੂੰ ਕੇਂਦਰ ਅਤੇ ਪ੍ਰਾਂਤਾਂ ਦੇ ਆਪਸੀ ਝਗੜਿਆਂ ਦਾ ਨਿਆ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਸੰਵਿਧਾਨ ਦੀ ਵਿਆਖਿਆ ਕਰਨ ਦਾ ਅਧਿਕਾਰ ਨਿਆ ਪਾਲਿਕਾ ਨੂੰ ਹੈ। ਨਿਆ ਪਾਲਿਕਾ ਕਿਸੇ ਵੀ ਕੇਂਦਰੀ ਜਾਂ ਪ੍ਰਾਂਤੀ ਕਾਨੂੰਨ ਨੂੰ ਗੈਰ-ਸੰਵਿਧਾਨਕ ਘੋਸ਼ਿਤ ਕਰਕੇ ਰੱਦ ਕਰ ਸਕਦੀ ਹੈ। ਨਿਆ ਪਾਲਿਕਾ ਕੇਂਦਰੀ ਸਰਕਾਰ ਜਾਂ ਪ੍ਰਾਂਤੀ ਸਰਕਾਰਾਂ ਦੀ ਦਖਲਅੰਦਾਜ਼ੀ ਤੋਂ ਮੁਕਤ ਹਨ।

4. **ਦੋ-ਸਦਨਾਤਮਕ ਵਿਧਾਨ ਪਾਲਿਕਾ** (Bicameral Legislature): ਭਾਰਤੀ ਸੰਸਦ ਦੇ ਇਕ ਸੰਘੀ ਸੰਸਦ ਦੇ ਬਰਾਬਰ ਦੋ ਸਦਨ ਹਨ-ਲੋਕ ਸਭ (Lok Sabha) ਅਤੇ ਰਾਜ ਸਭਾ (Rajya Sabha) ਲੋਕ ਸਭਾ ਹੇਠਲਾ ਸਦਨ ਹੈ ਅਤੇ ਭਾਰਤੀ ਜਨਤਾ ਵੱਲੋਂ ਪ੍ਰਤੱਖ ਰੂਪ ਵਿੱਚ ਚੁਣੇ ਪ੍ਰਤੀਨਿਧੀ ਇਸ ਸਦਨ ਦੇ ਮੈਂਬਰ ਹੁੰਦੇ ਹਨ। ਰਾਜ ਸਭਾ ਉਪਰਲਾ ਸਦਨ ਹੈ ਅਤੇ ਪ੍ਰਾਂਤੀ ਵਿਧਾਨ ਪਾਲਿਕਾ ਵੱਲੋਂ ਚੁਣੇ ਇਸ ਸਦਨ ਦੇ ਮੈਂਬਰ ਹੁੰਦੇ ਹਨ।

5. **ਲਿਖਤੀ ਸੰਵਿਧਾਨ** (Written Constitution): ਇੰਗਲੈਂਡ ਵਿੱਚ ਏਕਾਤਮਕ ਸਰਕਾਰ ਹੈ ਅਤੇ ਉੱਥੇ ਦਾ ਸੰਵਿਧਾਨ ਲਿਖਤੀ ਨਹੀਂ ਹੈ ਪਰ ਅਮਰੀਕਾ, ਆਸਟ੍ਰੇਲੀਆ, ਕੈਨੇਡਾ, ਸਵਿਟਜ਼ਰਲੈਂਡ ਆਦਿ ਰਾਜਾਂ ਵਿੱਚ ਸ਼ਾਸਨ ਵਿਵਸਕਾ ਅਪਨਾਈ ਗਈ ਹੈ ਅਤੇ ਇਨ੍ਹਾਂ ਸਾਰੇ ਦੇਸ਼ਾਂ ਦੇ ਸੰਵਿਧਾਨ ਲਿਖਤੀ ਹਨ। ਭਾਰਤ ਵੀ ਇਕ ਸੰਘੀ ਰਾਜ ਹੈ ਅਤੇ ਇਸ ਦਾ ਸੰਵਿਧਾਨ ਵਿਸਤ੍ਰਿਤ ਰੂਪ ਵਿੱਚ ਲਿਖਤੀ ਹੈ। ਇਸ ਵਿੱਚ 395 ਅਨੁਛੇਦ ਅਤੇ 10 ਅਨੁਸੂਚੀਆਂ ਹਨ। ਕੇਂਦਰ ਅਤੇ ਰਾਜਾਂ ਦੇ ਪ੍ਰਸਪਰ ਸਬੰਧਾਂ ਦਾ ਵਰਨਣ ਸੰਵਿਧਾਨ ਵਿੱਚ ਵਿਸਥਾਰਪੂਰਵਕ ਢੰਗ ਨਾਲ ਕੀਤਾ ਗਿਆ ਹੈ। ਸੰਘਾਤਮਕ ਸ਼ਾਸਨ ਵਿੱਚ ਕੇਂਦਰ ਅਤੇ ਇਕਾਈਆਂ ਦੇ ਪ੍ਰਸਪਰ ਝਗੜਿਆਂ ਦੀ ਸੰਭਾਵਨਾ ਰਹਿੰਦੀ ਹੈ, ਲਿਖਤੀ ਸੰਵਿਧਾਨ ਵਿੱਚ ਇਨ੍ਹਾਂ ਝਗੜਿਆਂ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ ਅਤੇ ਜੇਕਰ ਝਗੜੇ ਪੈਦਾ ਵੀ ਹੋਣ ਤਾਂ ਉਸ ਦਾ ਨਿਪਟਾਰਾ ਦੇਸ਼ ਦੀ ਸਰਵਉੱਚ ਅਦਾਲਤ ਵੱਲੋਂ ਲਿਖਤੀ ਸੰਵਿਧਾਨ ਦੇ ਅਨੁਸਾਰ ਕੀਤਾ ਜਾਂਦਾ ਹੈ।

*ਕੀ ਤੁਸੀਂ ਜਾਣਦੇ ਹੋ* ਸੰਘੀ ਸਰਕਾਰ ਦਾ ਸੰਵਿਧਾਨ ਲਿਖਤੀ ਹੁੰਦਾ ਹੈ। ਏਕਾਤਮਕ ਸਰਕਾਰ ਦਾ ਸੰਵਿਧਾਨ ਲਿਖਤੀ ਵੀ ਹੋ ਸਕਦਾ ਹੈ।

6. **ਕਠੋਰ ਸੰਵਿਧਾਨ** (Rigid Constitution): ਸੰਘਾਤਮਕ ਸ਼ਾਸਨ ਪ੍ਰਣਾਲੀ ਵਿੱਚ ਰਾਜ ਦਾ ਸੰਵਿਧਾਨ ਕਠੋਰ ਹੁੰਦਾ ਹੈ। ਸੰਵਿਧਾਨ ਇਸ ਲਈ ਕਠੋਰ ਬਣਾਇਆ ਜਾਂਦਾ ਹੈ ਤਾਂ ਕਿ ਕੇਂਦਰ ਜਾਂ ਇਕਾਈਆਂ ਉਸ ਵਿੱਚ ਆਪਣੀ ਇੱਛਾ ਅਨੁਸਾਰ ਮਨਮਰਜ਼ੀ ਨਾਲ ਪਰਿਵਰਤਨ ਨਾ ਕਰ ਸਕਣ। ਕਠੋਰ ਸੰਵਿਧਾਨ ਵਿੱਚ ਸੰਵਿਧਾਨਿਕ ਕਾਨੂੰਨ ਨੂੰ ਸਧਾਰਣ ਕਾਨੂੰਨ ਦੇ ਮੁਕਾਬਲੇ ਸਰਵਉੱਚਤਾ

**ਨੋਟ**

ਪ੍ਰਾਪਤ ਹੁੰਦੀ ਹੈ ਅਤੇ ਸਧਾਰਣ ਕਾਨੂੰਨ ਦੇ ਬਦਲਣ ਦੀਆਂ ਵਿਧੀਆਂ ਅਲੱਗ-ਅਲੱਗ ਹੁੰਦੀਆਂ ਹਨ। ਸਾਡਾ ਸੰਵਿਧਾਨ ਇਕ ਕਠੋਰ ਸੰਵਿਧਾਨ ਹੈ ਜਦਕਿ ਇਹ ਉਂਨਾ ਕਠੋਰ ਨਹੀਂ ਜਿੰਨਾ ਕਿ ਅਮਰੀਕਾ ਦਾ ਸੰਵਿਧਾਨ ਹੈ। ਸੰਵਿਧਾਨ ਵਿੱਚ ਸੋਧ ਕਰਨ ਦੀ ਪ੍ਰਕਿਰਿਆ ਦਾ ਵਰਨਣ ਸੰਵਿਧਾਨ ਦੇ ਅਨੁਛੇਦ 368 ਵਿੱਚ ਦਿੱਤਾ ਗਿਆ ਹੈ। ਸੰਵਿਧਾਨ ਦੀਆਂ ਜ਼ਿਆਦਾਤਰ ਧਾਰਾਵਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਬਦਲਣ ਲਈ ਸੋਧ ਦਾ ਪ੍ਰਸਤਾਵ ਸੰਸਦ ਦੇ ਹਰੇਕ ਸਦਨ ਵੱਲੋਂ ਆਪਣੇ ਕੁੱਲ ਮੈਂਬਰਾਂ ਦੇ ਪੂਰਨ ਬਹੁਮਤ ਨਾਲ ਅਤੇ ਮੌਜੂਦ ਅਤੇ ਵੋਟ ਦੇ ਰਹੇ ਮੈਂਬਰਾਂ ਦੇ 2/3 ਬਹੁਮਤ ਨਾਲ ਪਾਸ ਹੋਣਾ ਚਾਹੀਦਾ ਹੈ। ਸੰਵਿਧਾਨ ਦੇ ਅਨੁਛੇਦ 368 ਵਿੱਚ ਕੁਝ ਅਜਿਹੇ ਮਹੱਤਵਪੂਰਨ ਵਿਸ਼ਿਆਂ ਦਾ ਵੀ ਵਰਨਣ ਹੈ ਜਿਨ੍ਹਾਂ ਨੂੰ ਬਦਲਣ ਲਈ ਸੰਸਦ ਦੇ ਹਰੇਕ ਸਦਨ ਦੇ ਕੁੱਲ ਮੈਂਬਰਾਂ ਦੇ ਪੂਰੇ ਬਹੁਮਤ ਅਤੇ ਹਾਜ਼ਰੀ ਅਤੇ ਵੋਟ ਦੇ ਰਹੇ ਮੈਂਬਰਾਂ ਦੇ 2/3 ਬਹੁਮਤ ਤੋਂ ਇਲਾਵਾ ਘੱਟ ਤੋਂ ਘੱਟ ਅੱਧੇ ਰਾਜ ਵਿਧਾਨ ਮੰਡਲਾਂ ਦੀ ਮਨਜ਼ੂਰੀ ਪ੍ਰਾਪਤ ਕਰਨੀ ਜ਼ਰੂਰੀ ਹੈ। ਇਨ੍ਹਾਂ ਵਿਸ਼ਿਆਂ ਵਿੱਚ ਰਾਸ਼ਟਰਪਤੀ ਦੀ ਚੋਣ ਦਾ ਸਮਾਂ ਸੰਘੀ ਸਰਕਾਰ ਅਤੇ ਰਾਜ ਸਰਕਾਰਾਂ ਦੀ ਵਿਧਾਨਕ ਕਾਰਜ ਪਾਲਿਕਾ ਅਤੇ ਨਿਆ ਸਬੰਧੀ ਸ਼ਕਤੀਆਂ ਦੀ ਹੱਦ, ਰਾਜਾਂ ਦੀ ਸੰਸਦ ਵਿੱਚ ਪ੍ਰਤੀਨਿਧਤਾ, ਅਨੁਛੇਦ 368 ਵਿੱਚ ਦਿੱਤੀ ਗਈ ਸੋਧ ਪ੍ਰਕਿਰਿਆ ਦੇ ਵਿਸ਼ੇ ਆਦਿ ਸ਼ਾਮਿਲ ਹਨ।

7. **ਸੰਵਿਧਾਨ ਦੀ ਸਰਵਉੱਚਤਾ** (Supremacy of Constitution): ਸੰਘਾਤਮਕ ਸ਼ਾਸਨ ਪ੍ਰਣਾਲੀ ਵਿੱਚ ਦੇਸ਼ ਦਾ ਸੰਵਿਧਾਨ ਕਾਨੂੰਨ ਹੁੰਦਾ ਹੈ। ਅਮਰੀਕਾ ਦੇ ਸੰਵਿਧਾਨ ਦੀ ਤਰ੍ਹਾਂ ਭਾਰਤੀ ਸੰਵਿਧਾਨ ਦੇਸ਼ ਦਾ ਸਰਵਉੱਚ ਕਾਨੂੰਨ ਹੈ। ਕੋਈ ਵਿਅਕਤੀ ਸੰਸਥਾ, ਸਰਕਾਰੀ ਅਧਿਕਾਰੀ ਜਾਂ ਸਰਕਾਰ ਸੰਵਿਧਾਨ ਜਾਂ ਸੰਵਿਧਾਨ ਅਧੀਨ ਬਣਾਇਆ ਗਿਆ ਕਾਨੂੰਨ ਹੈ। ਕੋਈ ਵਿਅਕਤੀ ਸੰਸਥਾ, ਸਰਕਾਰੀ ਅਧਿਕਾਰੀ ਜਾਂ ਸਰਕਾਰ ਸੰਵਿਧਾਨ ਜਾਂ ਸੰਵਿਧਾਨ ਦੇ ਅਧੀਨ ਬਣਾਏ ਗਏ ਕਾਨੂੰਨਾਂ ਦੇ ਵਿਰੁੱਧ ਨਹੀਂ ਚੱਲ ਸਕਦੇ। ਸੰਸਦ ਅਤੇ ਰਾਜ ਵਿਧਾਨ ਮੰਡਲ ਕੋਈ ਅਜਿਹਾ ਕਾਨੂੰਨ ਨਹੀਂ ਬਣਾ ਸਕਦੇ ਜੋ ਸੰਵਿਧਾਨ ਦਾ ਕਿਸੇ ਤਰ੍ਹਾਂ ਉਲੰਘਣ ਕਰਦਾ ਹੋਵੇ। ਜੇਕਰ ਉਹ ਅਜਿਹਾ ਕਾਨੂੰਨ ਪਾਸ ਕਰਦੇ ਹਨ ਤਾਂ ਦੇਸ਼ ਦੀ ਸਰਵਉੱਚ ਅਦਾਲਤ ਅਤੇ ਰਾਜਾਂ ਦੀਆਂ ਉੱਚ ਅਦਾਲਤਾਂ ਉਨ੍ਹਾਂ ਨੂੰ ਨਜਾਇਜ਼ ਘੋਸ਼ਿਤ ਕਰ ਸਕਦੇ ਹਨ। ਇਸੇ ਤਰ੍ਹਾਂ ਸੰਘੀ ਕਾਰਜ ਪਾਲਿਕਾ ਜਾਂ ਰਾਜ ਕਾਰ ਜਪਾਲਿਕਾ ਕੋਈ ਅਜਿਹਾ ਆਦੇਸ਼ ਅਤੇ ਆਦੇਸ਼ ਜਾਰੀ ਨਹੀਂ ਕਰ ਸਕਦੀ ਜੋ ਸੰਵਿਧਾਨ ਦੇ ਵਿਰੁੱਧ ਹੋਵੇ। ਨਿਆ ਪਾਲਿਕਾ ਅਜਿਹੇ ਅਧਿਆਦੇਸ਼ਾਂ ਅਤੇ ਆਦੇਸ਼ਾਂ ਨੂੰ ਗੈਰ ਸੰਵਿਧਾਨਿਕ ਘੋਸ਼ਿਤ ਕਰ ਸਕਦੀ ਹੈ। ਸਰਵਉੱਚ ਅਦਾਲਤ ਅਤੇ ਉੱਚ ਅਦਾਲਤਾਂ ਨੂੰ ਨਿਆਇਕ ਪੁਨਰ ਨਿਰੀਖਣ (Judicial Review) ਦੀ ਸ਼ਕਤੀ ਪ੍ਰਾਪਤ ਹੈ। ਭਾਰਤ ਵਿੱਚ ਸਾਰੀਆਂ ਉੱਚ ਅਦਾਲਤਾ ਨੂੰ ਆਪਣਾ ਅਹੁਦਾ ਗ੍ਰਹਿਣ ਕਰਨ ਤੋਂ ਪਹਿਲਾਂ ਇਹ ਸਹੁੰ ਚੁੱਕਣੀ ਪੈਂਦੀ ਹੈ ਕਿ ਉਹ ਸੰਵਿਧਾਨ ਦਾ ਸਨਮਾਨ ਕਰੇਗਾ, ਉਸ ਦੇ ਅਨੁਸਾਰ ਆਪਣੇ ਕਰਤਵਾਂ ਦਾ ਪਾਲਣ ਕਰਨਗੇ ਅਤੇ ਸੰਵਿਧਾਨ ਨੂੰ ਬਣਾਈ ਰੱਖਣਗੇ ਅਤੇ ਉਸ ਦੀ ਰੱਖਿਆ ਕਰਨਗੇ। ਇਨ੍ਹਾਂ ਸਾਰੀਆਂ ਗੱਲਾਂ ਨਾਲ ਸੰਵਿਧਾਨ ਦੀ ਸਰਵਉੱਚਤਾ ਸਿੱਧ ਹੁੰਦੀ ਹੈ।

8. **ਕੇਂਦਰ ਅਤੇ ਇਕਾਈਆਂ ਵਿੱਚ ਸਹਿਯੋਗ ਤੇ ਤਾਲਮੇਲ** (Co-operation and Co-ordination between the Centre and the States): ਕਿਸੇ ਵੀ ਸੰਘ ਦੇ ਕੇਂਦਰ ਅਤੇ ਰਾਜ ਸਰਕਾਰਾਂ ਦੇ ਫੈਸਲੇ ਲਈ ਸਹਿਯੋਗ ਅਤੇ ਤਾਲਮੇਲ ਦਾ ਸ਼ਾਸਨ-ਤੰਤਰ ਦਾ ਹੋਣਾ ਜ਼ਰੂਰੀ ਹੈ। ਭਾਰਤੀ ਸੰਵਿਧਾਨ ਵਿੱਚ ਵੀ ਅੰਤਰ ਰਾਜ ਸਹਿਯੋਗ (Inter-state Co-operation) ਲਈ ਵਿਵਸਥਾ ਹੈ। ਸਮੇਂ-ਸਮੇਂ 'ਤੇ ਕੇਂਦਰ ਵੱਲੋਂ ਮੁੱਖ ਮੰਤਰੀਆਂ ਅਤੇ ਰਾਜਪਾਲਾਂ ਦੇ ਸੰਮੇਲਨ ਬੁਲਾਏ ਜਾਂਦੇ ਹਨ। ਉਪਰੋਕਤ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤ ਦੇ ਸੰਵਿਧਾਨ ਵਿੱਚ ਅਮਰੀਕਾ, ਕੈਨੇਡਾ, ਸਵਿਟਜ਼ਰਲੈਂਡ ਦੀ ਤਰ੍ਹਾਂ ਸੰਘੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਹੈ।

*ਟਾਸਕ* ਸੰਘਾਤਮਕ ਸ਼ਾਸਨ ਵਿਵਸਥਾ 'ਤੇ ਆਪਣੇ ਵਿਚਾਰ ਪੇਸ਼ ਕਰੋ।

ਇਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਦੇਖਦੇ ਹੋਏ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਸ਼ਾਸਨ ਵਿਵਸਥਾ ਨਿਸ਼ਚਿਤ ਹੀ ਸੰਘਾਤਮਕ ਸ਼ਾਸਨ ਵਿਵਸਥਾ ਹੈ,"ਭਾਰਤੀ ਸੰਵਿਧਾਨ ਵੱਲੋਂ ਦੋਹਰੀ ਸ਼ਾਸਨ ਵਿਵਸਥਾ (Dual Polity) ਦੀ ਸਥਾਪਨਾ ਕੀਤੀ ਗਈ ਹੈ।"

ਆਲੋਚਕਾਂ ਦਾ ਕਹਿਣਾ ਹੈ ਕਿ ਭਾਰਤ ਦਾ ਸੰਵਿਧਾਨ ਬਾਹਰੀ ਰੂਪ ਨਾਲ ਤਾਂ ਸੰਘਾਤਮਕ ਸ਼ਾਸਨ ਦੀ ਵਿਵਸਥਾ ਕਰਦਾ ਹੈ ਪਰ ਇਸ ਵਿੱਚ ਉਸ ਗੱਲ ਦੀ ਕਮੀ ਹੈ ਜਿਸ ਨੂੰ ਸੰਘੀ ਸ਼ਾਸਨ ਦੀ 'ਆਤਮਾ' ਕਿਹਾ ਜਾ ਸਕਦਾ ਹੈ ਅਤੇ ਉਹ ਹੈ 'ਰਾਜਾਂ ਦੀ ਸਵਾਯਤਤਾ' (Autonomy of States) ਕੇਂਦਰ ਦੇ ਮੁਕਾਬਲੇ ਰਾਜਾਂ ਦੀ ਸਥਿਤੀ ਬਹੁਤ ਕਮਜ਼ੋਰ ਹੈ ਅਤੇ ਉਹ ਜ਼ਿਆਦਾਤਰ ਮਾਮਲਿਆਂ ਵਿੱਚ ਕੇਂਦਰੀ ਸਰਕਾਰ 'ਤੇ ਨਿਰਭਰ ਹਨ।

### ਸਵ-ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

4. ਸੰਘੀ ਸੂਚੀ ਵਿੱਚ ਕਿੰਨੇ ਵਿਸ਼ੇ ਸ਼ਾਮਿਲ ਹਨ?

   (ਅ) 98  (ਬ) 99  (ਸ) 97  (ਦ) 102

ਨੋਟ

5. ਇੰਗਲੈਂਡ ਵਿੱਚ ਸਰਕਾਰ ਹੈ–

(ਅ) ਏਕਾਤਮਕ (ਬ) ਸੰਘਾਤਮਕ

(ਸ) ਨਾ (ਅ) ਨਾ (ਬ) (ਦ) ਉਪਰੋਕਤ ਵਿੱਚੋਂ ਕੋਈ ਨਹੀਂ

6. ਸਰਵਉੱਚ ਅਦਾਲਤਾਂ ਅਤੇ ਉੱਚ ਅਦਾਲਤਾਂ ਨੂੰ ਪ੍ਰਾਪਤ ਹੈ–

(ਅ) ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ (ਬ) ਮਹਾਂਭਿਯੋਗ ਦੀ ਸ਼ਕਤੀ

(ਸ) ਰਾਜਪਾਲ ਨੂੰ ਅਹੁਦੇ ਤੋਂ ਹਟਾਉਣ ਦੀ ਸ਼ਕਤੀ (ਦ) ਉਪਰੋਕਤ ਵਿੱਚੋਂ ਕੋਈ ਨਹੀਂ

## 12.3 ਏਕਾਤਮਕ ਵਿਸ਼ੇਸ਼ਤਾਵਾਂ (Unitary Features)

ਭਾਰਤੀ ਸੰਵਿਧਾਨ ਵਿੱਚ ਸੰਘਾਤਮਕ ਸ਼ਾਸਨ-ਪ੍ਰਣਾਲੀ ਦੇ ਗੁਣਾਂ ਦੇ ਨਾਲ-ਨਾਲ ਏਕਾਤਮਕ ਸ਼ਾਸਨ ਪ੍ਰਣਾਲੀ ਦੇ ਗੁਣ ਮੌਜੂਦ ਹਨ। ਸੰਵਿਧਾਨ ਵਿੱਚ ਸੋਧ ਕੀਤੇ ਬਿਨਾਂ ਸ਼ਾਸਨ ਨੂੰ ਸੰਘਾਤਮਕ ਸਰਕਾਰ ਨਾਲੋਂ ਏਕਾਤਮਕ ਸਰਕਾਰ ਵਿੱਚ ਤਬਦੀਲ ਕੀਤਾ ਜਾਂਦਾ ਹੈ। **ਡਾ. ਜੈਨਿਗਸ** ਦੇ ਅਨੁਸਾਰ, "ਭਾਰਤ ਇਕ ਕੇਂਦਰੀ ਪ੍ਰਵਿਰਤੀ ਵਾਲਾ ਸੰਘ ਹੈ।" ("India is a Federation with strong centralising tendency.") ਇਸੇ ਤਰ੍ਹਾਂ **ਕੇ. ਐਮ. ਮੁਨਸ਼ੀ** (K.M. Munshi) ਦਾ ਕਹਿਣਾ ਹੈ, "ਭਾਰਤ ਇਕ ਸੰਘਾਤਮਕ ਰਾਜ ਨਹੀਂ ਹੈ ਸਗੋਂ ਇਕ ਸੰਘ ਹੈ। ਕੇਂਦਰੀ ਸਰਕਾਰ ਸ਼ਕਤੀਆਂ ਵਾਲੀ ਸੰਘਾਤਮਕ ਸਰਕਾਰ ਨਹੀਂ ਹੈ।" ("India is not a Federation but a Union. The centre is not a Federal Government of plenary powers.") ਭਾਰਤ ਵਿੱਚ ਸਰਕਾਰ ਦਾ ਸੰਘੀ ਢਾਂਚਾ ਹੁੰਦੇ ਹੋਏ ਵੀ ਏਕਾਤਮਕ ਸਰਕਾਰ ਵੱਲ ਝੁਕਾਅ ਹੈ। ਭਾਰਤੀ ਸੰਵਿਧਾਨ ਵਿੱਚ ਹੇਠ ਲਿਖੀਆਂ ਏਕਾਤਮਕ ਸਰਕਾਰ ਦੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ–

1. **ਸ਼ਕਤੀਸ਼ਾਲੀ ਕੇਂਦਰ** (Strong Centre)–ਸ਼ਕਤੀਆਂ ਦੀ ਵੰਡ ਕੇਂਦਰ ਅਤੇ ਪ੍ਰਾਂਤਾਂ ਵਿੱਚ ਕਰਦੇ ਸਮੇਂ ਕੇਂਦਰ ਨੂੰ ਜ਼ਿਆਦਾ ਸ਼ਕਤੀਸ਼ਾਲੀ ਬਣਾਉਣ ਦਾ ਯਤਨ ਕੀਤਾ ਗਿਆ ਹੈ। ਜ਼ਿਆਦਾਤਰ ਮਹੱਤਵਪੂਰਨ ਵਿਸ਼ੇ ਸੰਘੀ ਸੂਚੀ ਵਿੱਚ ਹੀ ਰੱਖੇ ਗਏ ਹਨ। ਸੰਘੀ ਸੂਚੀ ਵਿੱਚ 97 ਵਿਸ਼ੇ ਹਨ, ਜਦੋਂ ਕਿ ਰਾਜ ਸੂਚੀ ਵਿੱਚ 66 ਵਿਸ਼ੇ ਹਨ। ਸਮਵਰਤੀ ਸੂਚੀ ਵਿੱਚ 47 ਵਿਸ਼ੇ ਹਨ, ਜਦੋਂਕਿ ਅਸਲ ਵਿੱਚ ਇਨ੍ਹਾਂ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦੀ ਸ਼ਕਤੀ ਕੇਂਦਰ ਅਤੇ ਰਾਜਾਂ ਦੋਵਾਂ ਕੋਲ ਹੈ ਪਰ ਜੇਕਰ ਦੋਵਾਂ ਦੇ ਕਾਨੂੰਨਾਂ ਵਿੱਚ ਮਤਭੇਦ ਹੋ ਜਾਵੇਗਾ ਤਾਂ ਅਜਿਹੀ ਸਥਿਤੀ ਵਿੱਚ ਕੇਂਦਰ ਦਾ ਕਾਨੂੰਨ ਮੰਨਿਆ ਜਾਵੇਗਾ ਅਤੇ ਸਰਕਾਰ ਵੱਲੋਂ ਨਿਰਮਿਤ ਕੀਤਾ ਗਿਆ ਕਾਨੂੰਨ ਰੱਦ ਕਰ ਦਿੱਤਾ ਜਾਵੇਗਾ। ਬਾਕੀ ਸ਼ਕਤੀਆਂ ਵੀ ਕੇਂਦਰ ਦੇ ਕੋਲ ਹਨ, ਰਾਜਾਂ ਦੇ ਕੋਲ ਨਹੀਂ, ਜਦੋਂ ਕਿ ਅਮਰੀਕਾ, ਸਵਿਟਜ਼ਰਲੈਂਡ, ਆਸਟ੍ਰੇਲੀਆ ਆਦਿ ਦੇ ਸੰਵਿਧਾਨਾਂ ਵਿੱਚ ਬਾਕੀ ਬਚੀਆਂ ਸ਼ਕਤੀਆਂ ਰਾਜਾਂ ਦੇ ਕੋਲ ਹਨ। ਉਨ੍ਹਾਂ ਉਪਯੁਕਤ ਕਾਰਨਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤ ਵਿੱਚ ਸਰਕਾਰ ਦਾ ਢਾਂਚਾ ਸੰਘੀ ਹੁੰਦੇ ਹੋਏ ਵੀ ਏਕਾਤਮਕ ਸਰਕਾਰ ਵੱਲ ਜ਼ਿਆਦਾ ਝੁਕਾਅ ਹੈ।

2. **ਇਕੱਲੀ ਨਾਗਰਿਕਤਾ** (Single Citizenship)– ਭਾਰਤੀ ਸੰਵਿਧਾਨ ਵਿੱਚ ਦੋਹਰੀ ਨਾਗਰਿਕਤਾ ਦੇ ਸਿਧਾਂਤ ਨੂੰ ਨਹੀਂ ਅਪਣਾਇਆ ਗਿਆ। ਭਾਰਤ ਦੇ ਹਰੇਕ ਨਿਵਾਸੀ ਨੂੰ ਚਾਹੇ ਉਹ ਪੰਜਾਬ ਦਾ ਨਿਵਾਸੀ ਹੈ ਜਾਂ ਮਦਰਾਸ ਦਾ ਨਿਵਾਸੀ ਹੈ, ਇਕ ਹੀ ਨਾਗਰਿਕਤਾ ਅਤੇ ਭਾਰਤੀ ਨਾਗਰਿਕਤਾ ਪ੍ਰਾਪਤ ਹੈ। ਇਕ ਸ਼ੁੱਧ ਸੰਘ, ਜਿਵੇਂ ਕਿ ਅਮਰੀਕਾ ਵਿੱਚ ਦੋਹਰੀ ਨਾਗਰਿਕਤਾ ਦਾ ਸਿਧਾਂਤ ਅਪਣਾਇਆ ਜਾਂਦਾ ਹੈ ਅਤੇ ਹਰੇਕ ਨਿਵਾਸੀ ਨੂੰ ਦੋ ਨਾਗਰਿਕਤਾਵਾਂ ਪ੍ਰਾਪਤ ਹੁੰਦੀਆਂ ਹਨ। ਇਕ ਤਾਂ ਸੰਘ ਦੀ ਨਾਗਰਿਕਤਾ ਅਤੇ ਦੂਸਰੀ ਉਸ ਪ੍ਰਾਂਤ ਦੀ ਨਾਗਰਿਕਤਾ ਜਿਸ ਪ੍ਰਾਂਤ ਦਾ ਉਹ ਰਹਿਣ ਵਾਲਾ ਹੋਵੇ। ਭਾਰਤ ਵਿੱਚ ਇਕੱਲੀ ਨਾਗਰਿਕਤਾ ਵਾਲੀ ਦੋਹਰੀ ਸ਼ਾਸਨ ਵਿਵਸਥਾ ਦੀ ਸਥਾਪਨਾ ਕੀਤੀ ਗਈ ਹੈ।

3. **ਇਕੱਲੀ ਨਿਆ ਪਾਲਿਕਾ** (Single Judiciary)– ਭਾਰਤ ਵਿੱਚ ਸੰਘੀ ਢਾਂਚਾ ਅਪਣਾ ਕੇ ਵੀ ਨਿਆ ਪਾਲਿਕਾ ਦਾ ਸੰਗਠਨ ਏਕਾਤਮਕ ਅਧਾਰ 'ਤੇ ਕੀਤਾ ਗਿਆ ਹੈ।

*ਨੋਟਸ* ਅਮਰੀਕਾ ਸੰਘ ਵਿੱਚ ਦੋਹਰੀ ਨਿਆ ਵਿਵਸਥਾ ਹੈ। ਉੱਥੇ ਹਰੇਕ ਸੰਘੀ ਇਕਾਈ ਦੀ ਆਪਣੀ ਅਲੱਗ ਵਿਵਸਥਾ ਹੈ ਅਤੇ ਸੰਪੂਰਨ ਅਮਰੀਕੀ ਸੰਘ ਦੀ ਇਕ ਸਾਂਝੀ ਨਿਆ ਵਿਵਸਥਾ ਹੈ ਜਿਸ ਨੂੰ ਸੰਘੀ ਨਿਆ ਪਾਲਿਕਾ ਕਿਹਾ ਜਾਂਦਾ ਹੈ

4. **ਸਾਂਝੀਆਂ ਅਖਿਲ ਭਾਰਤੀ ਸੇਵਾਵਾਂ** (Common All India Services)– ਏਕਾਤਮਕ ਰਾਜ ਦੀ ਤਰ੍ਹਾਂ ਭਾਰਤ ਵਿੱਚ ਸਾਂਝੀਆਂ ਅਖਿਲ ਭਾਰਤੀ ਸੇਵਾਵਾਂ ਦੀ ਵਿਵਸਥਾ ਕੀਤੀ ਗਈ ਹੈ। I.A.S., I.P.S. ਆਦਿ ਸੇਵਾਵਾਂ ਕੇਂਦਰ ਅਤੇ ਸਾਰੇ ਪ੍ਰਾਂਤਾਂ ਦੀਆਂ

ਨੋਟ

ਸਾਂਝੀਆਂ ਹਨ। ਫਿਰ ਰਾਜ ਸਭਾ (Rajya Sabha) ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਹੀ ਨਵੀਆਂ ਅਖਿਲ ਭਾਰਤੀ ਸੇਵਾਵਾਂ ਦੀ ਸਥਾਪਨਾ ਕਰ ਸਕਦੀ ਹੈ। ਅਜਿਹਾ ਰਾਜ ਸਭਾ 2/3 ਬਹੁਮਤ ਨਾਲ ਇਕ ਪ੍ਰਸਤਾਵ ਪਾਸ ਕਰਕੇ ਕਰ ਸਕਦੀ ਹੈ।

5. **ਸਾਂਝਾ ਨਿਯੰਤਰਕ ਅਤੇ ਮਹਾਲੇਖਾ ਪ੍ਰੀਖਿਆ** (Common Comptoller and Auditor General)– ਸੰਵਿਧਾਨ ਦੀ ਧਾਰਾ 148 ਅਧੀਨ ਭਾਰਤ ਵਿੱਚ ਇਕ ਕੰਟਰੋਲ ਅਤੇ ਮਹਾਲੇਖਾ ਪ੍ਰੀਖਿਆ ਦੀ ਨਿਯੁਕਤੀ ਦੀ ਵਿਵਸਥਾ ਕੀਤੀ ਗਈ ਹੈ। ਇਸ ਦੀ ਨਿਯੁਕਤੀ ਭਾਰਤ ਦਾ ਰਾਸ਼ਟਰਪਤੀ ਕਰਦਾ ਹੈ ਅਤੇ ਇਸ ਦਾ ਮੁੱਖ ਕਰਤਵ ਇਹ ਹੈ ਕਿ ਉਹ ਕੇਂਦਰੀ ਸਰਕਾਰ ਅਤੇ ਪ੍ਰਾਂਤੀ ਸਰਕਾਰਾਂ ਵੱਲੋਂ ਕੀਤੇ ਗਏ ਖਰਚ ਦੀ ਜਾਂਚ-ਪੜਤਾਲ ਕਰੇ। ਦੂਸਰੇ ਦੇਸ਼ਾਂ ਵਿੱਚ ਭਾਰਤੀ ਸੰਵਿਧਾਨ ਦੇ ਅਧੀਨ ਇਕ ਸੰਘੀ ਅਧਿਕਾਰਾਂ ਨੂੰ ਪ੍ਰਾਂਤਾਂ ਦੇ ਧਨ ਦੇ ਨਿਰੀਖਣ ਦਾ ਅਧਿਕਾਰ ਦਿੱਤਾ ਗਿਆ ਹੈ।

6. **ਸਾਂਝਾ ਚੋਣ ਆਯੋਗ** (Common Election Commission)– ਭਾਰਤੀ ਸੰਵਿਧਾਨ ਅਧੀਨ ਕੇਂਦਰੀ ਸਰਕਾਰ ਅਤੇ ਪ੍ਰਾਂਤੀ ਸਰਕਾਰਾਂ ਲਈ ਚੋਣ ਪ੍ਰਬੰਧ ਕਰਨ ਲਈ ਇਕ ਸਾਂਝੇ ਚੋਣ ਆਯੋਗ ਦੀ ਵਿਵਸਥਾ ਕੀਤੀ ਗਈ ਹੈ। ਇਸ ਚੋਣ ਆਯੋਗ ਦੇ ਪ੍ਰਧਾਨ ਦੀ ਨਿਯੁਕਤੀ ਭਾਰਤ ਦਾ ਰਾਸ਼ਟਰਪਤੀ ਕਰਦਾ ਹੈ। ਇਹੀ ਚੋਣ ਆਯੋਗ ਕੇਂਦਰੀ ਸੰਸਦ ਅਤੇ ਪ੍ਰਾਂਤੀ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਨਿਰੀਖਣ, ਨਿਰਦੇਸ਼ ਅਤੇ ਕੰਟਰੋਲ ਕਰਦਾ ਹੈ।

7. **ਇਕੱਲਾ ਸੰਵਿਧਾਨ** (Single Constitution)– ਸੰਯੁਕਤ ਰਾਜ ਅਮਰੀਕਾ ਅਤੇ ਸਵਿਟਜ਼ਰਲੈਂਡ ਵਰਗੇ ਸੰਘੀ ਰਾਜਾਂ ਦੇ ਸੰਵਿਧਾਨਾਂ ਵਿੱਚ ਇਕਾਈਆਂ ਨੂੰ ਆਪਣਾ ਅਲੱਗ ਸੰਵਿਧਾਨ ਬਣਾਉਣ ਅਤੇ ਸੋਧ ਕਰਨ ਦਾ ਅਧਿਕਾਰ ਪ੍ਰਾਪਤ ਹੈ ਪਰ ਭਾਰਤ ਦੇ 'ਰਾਜਾਂ ਦੇ ਸੰਘ' ਵਿੱਚ ਇਕਾਈਆਂ ਨੂੰ ਅਜਿਹਾ ਅਧਿਕਾਰ ਪ੍ਰਾਪਤ ਨਹੀਂ ਹੈ। ਇਕ ਹੀ ਸੰਵਿਧਾਨ ਵਿੱਚ ਕੇਂਦਰ ਅਤੇ ਰਾਜਾਂ ਦੀਆਂ ਸ਼ਾਸਨ ਪ੍ਰਣਾਲੀਆਂ ਦਾ ਵਰਨਣ ਕੀਤਾ ਗਿਆ ਹੈ ਅਤੇ ਰਾਜ ਸਰਕਾਰਾਂ ਨੂੰ ਆਪਣੀ ਇੱਛਾ ਅਨੁਸਾਰ ਰਾਜਾਂ ਦੇ ਸੰਵਿਧਾਨ ਵਿੱਚ ਪਰਿਵਰਤਨ ਕਰਨ ਦਾ ਅਧਿਕਾਰ ਨਹੀਂ ਹੈ। ਕੇਵਲ ਇਕ ਰਾਜ ਜੰਮੂ-ਕਸ਼ਮੀਰ ਨੇ ਆਪਣਾ ਅਲੱਗ ਸੰਵਿਧਾਨ ਬਣਾਇਆ ਹੈ।

8. **ਨਵੇਂ ਰਾਜਾਂ ਦਾ ਨਿਰਮਾਣ ਅਤੇ ਪੁਰਾਣੇ ਰਾਜਾਂ ਦੀਆਂ ਹੱਦਾਂ ਵਿੱਚ ਪਰਿਵਰਤਨ** (Creation of new States and changes in the boundaries of old States)– ਸੰਵਿਧਾਨ ਵਿੱਚ ਕੇਂਦਰੀ ਸੰਸਦ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਕਾਨੂੰਨ ਪਾਸ ਕਰਕੇ ਕਿਸੇ ਇਕ ਜਾਂ ਇਕ ਤੋਂ ਜ਼ਿਆਦਾ ਰਾਜਾਂ ਦਾ ਕੁਝ ਕੱਟ ਕੇ ਨਵੇਂ ਰਾਜ ਦਾ ਨਿਰਮਾਣ ਕਰ ਸਕਦੀ ਹੈ। ਕੇਂਦਰੀ ਸੰਸਦ ਕਿਸੇ ਵੀ ਰਾਜ ਦਾ ਖੇਤਰ ਵਧਾ ਸਕਦੀ ਹੈ, ਘੱਟ ਕਰ ਸਕਦੀ ਹੈ, ਰਾਜ ਦੀਆਂ ਹੱਦਾਂ ਤਬਦੀਲ ਕਰ ਸਕਦੀ ਹੈ ਅਤੇ ਜਾਂ ਉਸ ਦਾ ਨਾਮ ਬਦਲ ਸਕਦੀ ਹੈ। ਇਸ ਤਰ੍ਹਾਂ ਦੀ ਵਿਵਸਥਾ ਸੰਘਾਤਮਕ ਰਾਜ ਦੇ ਸਭ ਦੇ ਮੰਨਣ ਯੋਗ ਸਿਧਾਂਤਾਂ ਦੇ ਵਿਰੁੱਧ ਹੈ।

9. **ਸੰਕਟਕਾਲੀਨ ਵਿਵਸਥਾਵਾਂ** (Emergency Provision)–ਸੰਕਟਕਾਲ ਦੇ ਸਮੇਂ ਭਾਰਤ ਦੇ ਸੰਵਿਧਾਨ ਦਾ ਸੰਘਾਤਮਕ ਰੂਪ ਏਕਾਤਮਕ ਵਿੱਚ ਬਦਲ ਜਾਂਦਾ ਹੈ। ਜਦੋਂ ਕਦੀ ਰਾਸ਼ਟਰਪਤੀ ਯੁੱਧ, ਬਾਹਰੀ ਹਮਲਿਆਂ ਜਾਂ ਵੱਡੇ ਪੈਮਾਨੇ 'ਤੇ ਅੰਦਰਲੀ ਗੜਬੜ ਕਾਰਨ ਆਪਾਤਕਾਲ ਹੀ ਘੋਸ਼ਿਤ ਕਰਦਾ ਹੈ ਤਾਂ ਉਸ ਸਮੇਂ ਰਾਜਾਂ ਦੀਆਂ ਸਰਕਾਰਾਂ ਦੀ ਮੈਂਬਰਸ਼ਿਪ ਪ੍ਰਤੀਬੰਧਿਤ ਹੋ ਜਾਂਦੀ ਹੈ। ਕੇਂਦਰੀ ਸੰਸਦ ਰਾਜ ਸੂਚੀ ਵਿੱਚ ਦਿੱਤੇ ਗਏ ਕਿਸੇ ਵੀ ਵਿਸ਼ੇ 'ਤੇ ਕਾਨੂੰਨ ਬਣਾ ਸਕਦੀ ਹੈ ਅਤੇ ਰਾਜ ਸਰਕਾਰਾਂ ਨੂੰ ਕੇਂਦਰੀ ਸਰਕਾਰ ਦੇ ਆਦੇਸ਼ਾਂ ਅਨੁਸਾਰ ਕੰਮ ਕਰਨੇ ਪੈਂਦੇ ਹਨ। ਸੰਕਟਕਾਲ ਦੇ ਸਮੇਂ ਰਾਸ਼ਟਰਪਤੀ ਕੇਂਦਰ ਅਤੇ ਰਾਜਾਂ ਵਿੱਚ ਰਾਜਸਵ ਦੇ ਸਾਧਨਾਂ ਦੀ ਵੰਡ ਵਿੱਚ ਵੀ ਪਰਿਵਰਤਨ ਕਰ ਸਕਦਾ ਹੈ। ਉਸ ਨੂੰ ਲੋਕਾਂ ਦੇ ਮੌਲਿਕ ਅਧਿਕਾਰ ਰੱਦ ਕਰਨ ਦਾ ਅਧਿਕਾਰ ਵੀ ਪ੍ਰਾਪਤ ਹੋ ਜਾਂਦਾ ਹੈ।

10. **ਰਾਜਾਂ ਵਿੱਚ ਸੰਵਿਧਾਨਿਕ ਵਿਵਸਥਾ ਦਾ ਅਸਫਲ ਹੋ ਜਾਣਾ** (Failure of Constitutional Machinery in the States)– ਜਦੋਂ ਕਦੀ ਰਾਸ਼ਟਰਪਤੀ ਨੂੰ ਗਵਰਨਰ ਦੀ ਰਿਪੋਰਟ ਮਿਲਣ 'ਤੇ ਜਾਂ ਕਿਸੇ ਹੋਰ ਸਾਧਨ ਵੱਲੋਂ ਇਹ ਭਰੋਸਾ ਹੋ ਜਾਵੇ ਕਿ ਕਿਸੇ ਰਾਜ ਦਾ ਪ੍ਰਸ਼ਾਸਨ ਸੰਵਿਧਾਨ ਦੇ ਅਨੁਸਾਰ ਨਹੀਂ ਚਲਾਇਆ ਜਾ ਸਕਦਾ ਤਾਂ ਉਹ ਰਾਜ ਵਿੱਚ ਸੰਵਿਧਾਨਿਕ ਵਿਵਸਥਾ ਅਸਫਲ ਹੋ ਜਾਣ ਦੀ ਘੋਸ਼ਣਾ ਕਰ ਸਕਦਾ ਹੈ। ਉਦੋਂ ਉਸ ਰਾਜ ਵਿੱਚ ਰਾਸ਼ਟਰਪਤੀ ਸ਼ਾਸਨ (President's Rule) ਲਾਗੂ ਹੋ ਜਾਂਦਾ ਹੈ। ਰਾਜ ਦਾ ਗਵਰਨਰ ਸੰਵਿਧਾਨਿਕ ਮੁਖੀਆ ਦੇ ਤੌਰ ਨਹੀਂ ਬਲਕਿ ਰਾਸ਼ਟਰਪਤੀ ਦੇ ਏਜੰਟ ਦੇ ਤੌਰ 'ਤੇ ਕੰਮ ਕਰਦਾ ਹੈ। ਉਹ ਰਾਜ ਦੇ ਪ੍ਰਸ਼ਾਸਨ ਦੇ ਸਬੰਧ ਵਿੱਚ ਰਾਸ਼ਟਰਪਤੀ ਵੱਲੋਂ ਦਿੱਤੇ ਗਏ ਆਦੇਸ਼ਾਂ ਦਾ ਪਾਲਣ ਕਰਦਾ ਹੈ। ਉਸ ਰਾਜ ਦਾ ਮੰਤਰੀ ਮੰਡਲ ਭੰਗ ਕਰ ਦਿੱਤਾ ਜਾਂਦਾ ਹੈ ਅਤੇ ਵਿਧਾਨ ਸਭਾ ਨੂੰ ਜਾਂ ਤਾਂ ਤੋੜ ਦਿੱਤਾ ਜਾਂਦਾ ਹੈ ਜਾਂ ਕੁਝ ਸਮੇਂ ਲਈ ਰੱਦ ਕਰ ਦਿੰਦਾ ਜਾਂਦਾ ਹੈ। ਇਸ ਵਿਵਸਥਾ ਵਿੱਚ ਕੇਂਦਰੀ ਸੰਸਦ ਉਸ ਰਾਜ ਲਈ ਕਾਨੂੰਨ ਬਣਾਉਂਦੀ ਹੈ ਅਤੇ ਬਜਟ ਪਾਸ ਕਰਦੀ ਹੈ। ਅਜਿਹੀ ਸਥਿਤੀ ਵਿੱਚ ਉਸ ਰਾਜ ਦੀ ਸਵਾਯਤਤਾ ਖਤਮ ਹੋ ਜਾਂਦੀ ਹੈ।

11. **ਸਧਾਰਣ ਸਥਿਤੀ ਵਿੱਚ ਵੀ ਕੇਂਦਰ ਜ਼ਿਆਦਾ ਸ਼ਕਤੀਆਂ ਪ੍ਰਾਪਤ ਕਰ ਸਕਦਾ ਹੈ** (Powers of the Centre can be increased even in normal times)– ਸਧਾਰਣ ਸਥਿਤੀ ਵਿੱਚ ਵੀ ਸੰਸਦ ਨੂੰ ਰਾਜ ਸੂਚੀ 'ਤੇ ਕਾਨੂੰਨ ਨਿਰਮਾਣ ਦਾ ਅਧਿਕਾਰ ਪ੍ਰਾਪਤ ਹੋ ਸਕਦਾ ਹੈ। ਸੰਵਿਧਾਨ ਦੀ ਧਾਰਾ 249 ਦੇ ਅਨੁਸਾਰ ਜੇਕਰ ਰਾਜ ਸਭਾ (Rajya Sabha) ਦੋ-ਤਿਹਾਈ ਬਹੁਮਤ ਨਾਲ ਇਕ ਪ੍ਰਸਤਾਵ ਪਾਸ ਕਰਕੇ ਇਹ ਘੋਸ਼ਿਤ ਕਰ ਦੇਵੇ ਕਿ ਰਾਜ ਸੂਚੀ ਦਾ ਫਲਾਣਾ ਵਿਸ਼ਾ ਰਾਸ਼ਟਰੀ ਮਹੱਤਵ ਦਾ ਹੋ ਗਿਆ ਹੈ ਤਾ ਉਸ ਵਿਸ਼ੇ 'ਤੇ ਕਾਨੂੰਨ ਨਿਰਮਾਣ ਦਾ ਅਧਿਕਾਰ ਕੁਝ ਸਮੇਂ ਲਈ ਕੇਂਦਰੀ ਸੰਸਦ ਨੂੰ ਪ੍ਰਾਪਤ ਹੋ ਜਾਂਦਾ ਹੈ।

12. **ਰਾਜਾਂ ਦੇ ਕੁਝ ਬਿੱਲਾਂ ਲਈ ਰਾਸ਼ਟਰਪਤੀ ਦੀ ਮਨਜ਼ੂਰੀ ਦੀ ਜ਼ਰੂਰਤ** (President's Assent is Required for Centain state Bills)– ਸਾਡੇ ਸੰਵਿਧਾਨ ਵਿੱਚ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ ਕੁਝ ਬਿੱਲਾਂ ਨੂੰ ਕਾਨੂੰਨ ਦਾ ਰੂਪ ਦੇਣ ਲਈ

**ਨੋਟ**

ਰਾਸ਼ਟਰਪਤੀ ਦੀ ਮਨਜ਼ੂਰੀ ਪ੍ਰਾਪਤ ਕਰਨੀ ਹੁੰਦੀ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਪ੍ਰਾਂਤੀ ਸਰਕਾਰ ਕਿਸੇ ਵਿਅਕਤੀ ਜਾਂ ਸੰਸਥਾ ਦੀ ਸੰਪਤੀ 'ਤੇ ਸਰਵਜਨਕ ਹਿੱਤ ਲਈ ਅਧਿਕਾਰ ਕਰਨਾ ਚਾਹੇ ਤਾਂ ਅਜਿਹੇ ਕੰਮ ਲਈ ਬਿੱਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਪ੍ਰਾਪਤ ਕਰਨੀ ਹੁੰਦੀ ਹੈ। ਇਸ ਤੋਂ ਇਲਾਵਾ ਪ੍ਰਾਂਤੀ ਗਵਰਨਰ ਇਹ ਸਮਝੇ ਕਿ ਪ੍ਰਾਂਤੀ ਵਿਧਾਨ ਪਾਲਿਕਾ ਵੱਲੋਂ ਪਾਸ ਇਕ ਬਿੱਲ ਵਿੱਚ ਪ੍ਰਾਂਤੀ ਹਾਈਕੋਰਟ ਦੇ ਅਧਿਕਾਰ ਖੇਤਰ ਵਿੱਚ ਪਰਿਵਰਤਨ ਕਰਨ ਦਾ ਯਤਨ ਕੀਤਾ ਗਿਆ ਹੈ ਤਾਂ ਉਹ ਉਸ ਬਿੱਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਸੁਰੱਖਿਅਤ ਰੱਖ ਸਕਦਾ ਹੈ।

13. **ਰਾਜਾਂ ਦੇ ਗਵਰਨਰ ਦਾ ਰਾਸ਼ਟਰਪਤੀ ਵੱਲੋਂ ਨਿਯੁਕਤ ਕੀਤਾ ਜਾਣਾ ਅਤੇ ਹਟਾਇਆ ਜਾਣਾ** (Appointment and Removal of State Governors by the President)– ਗਵਰਨਰ ਜੋ ਰਾਜਾਂ ਦੇ ਸੰਵਿਧਾਨਿਕ ਮੁਖੀਆ ਹੁੰਦੇ ਹਨ ਰਾਸ਼ਟਰਪਤੀ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ ਅਤੇ ਉਸ ਦੇ ਪ੍ਰਸਾਦਪਰਯੰਤ ਆਪਣੇ ਅਹੁਦੇ 'ਤੇ ਰਹਿੰਦੇ ਹਨ। ਉਨ੍ਹਾਂ ਨੂੰ ਹਟਾਇਆ ਜਾਂ ਬਦਲਣ ਦਾ ਅਧਿਕਾਰ ਵੀ ਰਾਸ਼ਟਰਪਤੀ ਨੂੰ ਹੈ। ਸੰਯੁਕਤ ਰਾਜ ਅਮਰੀਕਾ ਦੀ ਤਰ੍ਹਾਂ ਉਨ੍ਹਾਂ ਦੀ ਚੋਣ ਰਾਜ ਵਿੱਚ ਰਹਿਣ ਵਾਲੇ ਲੋਕਾਂ ਵੱਲੋਂ ਨਹੀਂ ਕੀਤੀ ਜਾਂਦੀ। ਉਹ ਕੇਂਦਰੀ ਸਰਕਾਰ ਦੇ ਪ੍ਰਤੀਨਿਧੀ ਸਮਝੇ ਜਾਂਦੇ ਹਨ ਅਤੇ ਕੇਂਦਰੀ ਸਰਕਾਰ ਨੂੰ ਰਾਜਾਂ ਦੀਆਂ ਸਥਿਤੀਆਂ ਸਬੰਧੀ ਸੂਚਿਤ ਕਰਦੇ ਰਹਿੰਦੇ ਹਨ। ਕੇਂਦਰੀ ਸਰਕਾਰ ਉਨ੍ਹਾਂ ਵੱਲੋਂ ਰਾਜਾਂ ਦੇ ਪ੍ਰਸ਼ਾਸਨ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰ ਸਕਦੀ ਹੈ। ਦੇਖਣ ਵਿੱਚ ਆਇਆ ਹੈ ਕਿ ਜਦੋਂ ਕਦੀ ਕਿਸੇ ਰਾਜ ਦੀ ਵਿਧਾਨ ਸਭਾ ਵਿੱਚ ਕਿਸੇ ਵੀ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਾ ਹੋਵੇ ਤਾਂ ਉੱਥੇ ਰਲੇ-ਮਿਲੇ ਮੰਤਰੀ ਮੰਡਲ ਦੀ ਸਥਾਪਨਾ ਕਰਨ ਵਿੱਚ ਕੇਂਦਰੀ ਸਰਕਾਰ ਗਵਰਨਰ ਵੱਲੋਂ ਕਾਫੀ ਹੱਦ ਤੱਕ ਦਖਲਅੰਦਾਜ਼ੀ ਕਰ ਸਕਦੀ ਹੈ। ਅਜਿਹਾ ਪੰਜਾਬ, ਬੰਗਾਲ, ਬਿਹਾਰ, ਕੇਰਲ ਅਤੇ ਉੱਤਰ ਪ੍ਰਦੇਸ਼ ਦੇ ਰਾਜਾਂ ਵਿੱਚ ਹੋਇਆ ਹੈ।

14. **ਇਕਾਈਆਂ ਨੂੰ ਸੰਘ ਤੋਂ ਅਲੱਗ ਹੋਣ ਦਾ ਅਧਿਕਾਰ ਨਹੀਂ** (No Right to Secede from the Union)– ਪੂਰਵ ਸੋਵੀਅਤ ਸੰਘ ਦੇ ਸੰਵਿਧਾਨ ਵਿੱਚ ਇਕਾਈਆਂ ਨੂੰ 'ਆਮ-ਫੈਸਲੇ ਦੇ ਅਧਿਕਾਰ' (Right to self-determination) ਦੇ ਅਧਾਰ 'ਤੇ ਸੰਘ ਦੇ ਪਹਿਲਾਂ ਹੋਣ, ਅਲੱਗ ਵਿਦੇਸ਼ੀ ਸੰਬੰਧ ਸਥਾਪਿਤ ਕਰਨ ਅਤੇ ਅਲੱਗ ਸੈਨਾਵਾਂ ਰੱਖਣ ਦੇ ਅਧਿਕਾਰ ਪ੍ਰਾਪਤ ਹਨ। ਪਰ ਭਾਰਤ ਵਿੱਚ ਸੰਘ ਦੀਆਂ ਇਕਾਈਆਂ ਨੂੰ ਇਹ ਅਧਿਕਾਰ ਪ੍ਰਾਪਤ ਨਹੀਂ ਹੈ।

15. **ਰਾਜ ਸਭਾ ਵਿੱਚ ਬਰਾਬਰ ਪ੍ਰਤੀਨਿਧਤਾ ਦਾ ਨਾ ਹੋਣਾ** (No Equal Representation in the Council of States)–ਸੰਘੀ ਦੇਸ਼ਾਂ, ਜਿਵੇਂ-ਅਮਰੀਕਾ ਅਤੇ ਸਵਿਟਜ਼ਰਲੈਂਡ ਵਿੱਚ ਸੰਸਦ ਦੇ ਉੱਪ ਸਦਨ ਦੇ ਸਾਰੇ ਛੋਟੇ-ਵੱਡੇ ਰਾਜਾਂ ਨੂੰ ਬਰਾਬਰ ਪ੍ਰਤੀਨਿਧਤਾ ਪ੍ਰਦਾਨ ਕੀਤੀ ਜਾਂਦੀ ਹੈ ਪਰ ਭਾਰਤ ਦੇ ਉਪਰਲੇ ਸਦਨ ਰਾਜ ਸਭਾ ਵਿੱਚ ਸਾਰੇ ਪ੍ਰਾਂਤਾਂ ਨੂੰ ਬਰਾਬਰ ਪ੍ਰਤੀਨਿਧਤਾ ਪ੍ਰਦਾਨ ਨਹੀਂ ਕੀਤੀ ਗਈ। ਰਾਜ ਸਭਾ ਵਿੱਚ ਪ੍ਰਾਂਤਾਂ ਦੇ ਪ੍ਰਤੀਨਿਧੀਆਂ ਦੀ ਸੰਖਿਆ ਪ੍ਰਾਂਤਾਂ ਦੀ ਜਨ ਸੰਖਿਆ ਦੇ ਅਧਾਰ 'ਤੇ ਨਿਸ਼ਚਿਤ ਕੀਤੀ ਗਈ ਹੈ। ਜ਼ਿਆਦਾ ਜਨ ਸੰਖਿਆ ਵਾਲੇ ਪ੍ਰਾਂਤਾਂ ਨੂੰ ਰਾਜ ਸਭਾ ਵਿੱਚ ਜ਼ਿਆਦਾ ਪ੍ਰਤੀਨਿਧਤਾ ਪ੍ਰਾਪਤ ਹੈ ਅਤੇ ਘੱਟ ਜਨ ਸੰਖਿਆ ਵਾਲੇ ਪ੍ਰਾਂਤਾਂ ਨੂੰ ਘੱਟ ਪ੍ਰਤੀਨਿਧਤਾ ਪ੍ਰਾਪਤ ਹੈ। ਉੱਤਰ ਪ੍ਰਦੇਸ਼ ਰਾਜ ਸਪਾ ਵਿੱਚ 34 ਪ੍ਰਤੀਨਿਧੀ ਭੇਜਦਾ ਹੈ ਜਦੋਂ ਕਿ ਹਰਿਆਣਾ ਨੂੰ ਕੇਵਲ 5 ਪ੍ਰਤੀਨਿਧੀ ਭੇਜਣ ਦਾ ਅਧਿਕਾਰ ਪ੍ਰਾਪਤ ਹੈ। ਇਸ ਤਰ੍ਹਾਂ ਜ਼ਿਆਦਾ ਜਨ ਸੰਖਿਆ ਵਾਲੇ ਪ੍ਰਾਂਤਾਂ ਦਾ ਕੇਂਦਰੀ ਸਰਕਾਰ 'ਤੇ ਜ਼ਿਆਦਾ ਕੰਟਰੋਲ ਹੋਣਾ ਸੁਭਾਵਿਕ ਹੈ। ਇਸ ਦੇ ਉਲਟ ਅਮਰੀਕਾ ਦੇ 50 ਰਾਜ ਹਨ ਅਤੇ ਉਪਰਲੇ ਸਦਨ ਸੀਨੇਟ ਦੀ ਕੁੱਲ ਸੰਖਿਆ 100 ਹੈ। ਹਰੇਕ ਰਾਜ ਨੂੰ ਦੋ-ਦੋ ਪ੍ਰਤੀਨਿਧੀ ਭੇਜਣ ਦਾ ਅਧਿਕਾਰ ਪ੍ਰਾਪਤ ਹੈ।

16. **ਬੁਨਿਆਦੀ ਗੱਲਾਂ ਵਿੱਚ ਇਕਰੂਪਤਾ** (Uniformity in Basic Matters)– **ਡਾ. ਅੰਬੇਦਕਰ** ਦਾ ਕਹਿਣਾ ਹੈ, "ਕਿਸੇ ਹੱਦ ਤੱਕ ਜੇਕਰ ਦੇਸ਼ ਵਿੱਚ ਵੱਖ-ਵੱਖ ਵੀ ਰਹੇ ਤਾਂ ਵੀ ਕੋਈ ਗੱਲ ਨਹੀਂ। ਜੇਕਰ ਸਥਾਨਕ ਜ਼ਰੂਰਤਾਂ ਦੇ ਅਨੁਸਾਰ ਕਾਨੂੰਨ ਅਤੇ ਸ਼ਾਸਨ ਦੇ ਨਿਯਮਾਂ ਵਿੱਚ ਕੁਝ ਵਿਭਿੰਨਤਾ ਰਹੇ ਤਾਂ ਵੀ ਉਸ ਨੂੰ ਸਹਿਣ ਕੀਤਾ ਜਾ ਸਕਦਾ ਹੈ ਪਰ ਜਦੋਂ ਵਿਭਿੰਨਤਾ ਹੱਦ ਤੋਂ ਵੱਧ ਜਾਂਦੀ ਹੈ ਤਾਂ ਇਸ ਨਾਲ ਸੰਘਾਤਮਕ ਰਾਜਾਂ ਵਿੱਚ ਪੂਰਨ ਸਥਿਤੀ ਛਾ ਜਾਂਦੀ ਹੈ।

ਭਾਰਤ ਦੀ ਅਜਿਹੀ ਸਥਿਤੀ ਤੋਂ ਸੁਰੱਖਿਆ ਕਰਨ ਲਈ ਸੰਵਿਧਾਨ ਨੇ ਅਖਿਲ ਭਾਰਤੀ ਪ੍ਰਸ਼ਾਸਨਿਕ ਸੇਵਾ, ਇਕ ਬਰਾਬਰ ਦੀਵਾਨੀ ਅਤੇ ਫੌਜਦਾਰੀ ਕਾਨੂੰਨ ਅਤੇ ਇਕ ਹੀ ਤਰ੍ਹਾਂ ਦੀ ਨਿਆ ਪਾਲਿਕਾ ਦੀ ਵਿਵਸਕਾ ਕੀਤੀ ਹੈ। ਸਾਡੇ ਦੇਸ਼ ਵਿੱਚ ਵਿੱਤੀ ਵਿਸ਼ਿਆਂ ਵਿੱਚ ਵੀ ਇਕਰੂਪਤਾ ਲਿਆਉਣ ਲਈ ਕੰਟਰੋਲ ਅਤੇ ਮਹਾਲੇਖਾ ਪ੍ਰੀਖਣ (Comptroller and Audito General) ਦੀ ਵਿਵਸਥਾ ਕੀਤੀ ਗਈ ਹੈ। ਇਹ ਅਹੁਦਾ ਅਧਿਕਾਰੀ ਕੇਂਦਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਦੇ ਬਿੱਲ 'ਤੇ ਨਿਗਰਾਨੀ ਰੱਖਦਾ ਹੈ। ਭਾਰਤ ਵਿੱਚ ਚੋਣ ਆਯੋਗ ਦੀ ਵੀ ਵਿਵਸਥਾ ਕੀਤੀ ਗਈ ਹੈ ਅਤੇ ਮੁੱਖ ਚੋਣ ਕਮਿਸ਼ਨਰ ਦੀਆਂ ਵਿਧਾਨ ਸਭਾਵਾਂ ਅਤੇ ਵਿਧਾਨ ਪ੍ਰੀਸ਼ਦਾਂ, ਸੰਸਦ ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਦੀ ਚੋਣ 'ਤੇ ਨਿਗਰਾਨੀ ਰੱਖਦਾ ਹੈ। ਉਹ ਇਨ੍ਹਾਂ ਚੋਣਾਂ ਨੂੰ ਕਰਵਾਉਂਦਾ ਹੈ ਅਤੇ ਪ੍ਰਾਂਤਾਂ ਦੀਆਂ ਚੋਣਾਂ ਅਤੇ ਉੱਪ ਰਾਸ਼ਟਰਪਤੀ ਦੀ ਚੋਣ 'ਤੇ ਨਿਗਰਾਨੀ ਰੱਖਦਾ ਹੈ। ਉਹ ਇਨ੍ਹਾਂ ਚੋਣਾਂ ਨੂੰ ਕਰਵਾਉਂਦਾ ਹੈ ਅਤੇ ਪ੍ਰਾਂਤਾਂ ਦੇ ਚੋਣ ਕਮਿਸ਼ਨਰਾਂ ਨੂੰ ਇਸ ਸਬੰਧੀ ਕਿਸੇ ਤਰ੍ਹਾਂ ਦਾ ਨਿਰਦੇਸ਼ ਵੀ ਦੇ ਸਕਦਾ ਹੈ।

17. **ਰਾਜ ਸਰਕਾਰਾਂ ਲਈ ਕੇਂਦਰ ਦਾ ਆਦੇਸ਼ ਮੰਨਣਾ ਜ਼ਰੂਰੀ** (States must abide the Directions of the Centre)– ਭਾਰਤੀ ਸੰਵਿਧਾਨ ਵੱਲੋਂ ਅਜਿਹੀ ਵਿਵਸਥਾ ਕੀਤੀ ਗਈ ਹੈ ਕਿ ਪ੍ਰਾਂਤਾਂ ਦੀਆਂ ਸਰਕਾਰਾਂ ਕੇਂਦਰ ਦੇ ਆਦੇਸ਼ ਨੂੰ ਮੰਨਣ ਲਈ ਵਚਨਬੱਧ ਹਨ। ਧਾਰਾ 256 ਦੇ ਅਨੁਸਾਰ, "ਹਰੇਕ ਰਾਜ ਨੂੰ ਆਪਣੀ ਕਾਰਵਾਈ ਸ਼ਕਤੀ ਦਾ ਇਸਤੇਮਾਲ ਇਸ ਤਰ੍ਹਾਂ ਕਰਨਾ ਚਾਹੀਦਾ ਹੈ, ਜਿਸ ਨਾਲ ਸੰਸਦ ਵੱਲੋਂ ਅਨਿਯਮਿਤ ਕਾਨੂੰਨਾਂ ਦਾ ਪਾਲਣ ਜ਼ਰੂਰੀ ਹੋਵੇ। ਇਸ ਧਾਰਾ ਵਿੱਚ ਇਹ ਵੀ ਕਿਹਾ ਗਿਆ

ਹੈ ਕਿ ਇਸ ਸਬੰਧ ਵਿੱਚ ਕੇਂਦਰੀ ਕਾਰਜਕਾਰਣੀ ਰਾਜ ਸਰਕਾਰਾਂ ਨੂੰ ਆਦੇਸ਼ ਵੀ ਜਾਰੀ ਕਰ ਸਕਦੀ ਹੈ।" ਧਾਰਾ 257 ਵਿੱਚ ਕਿਹਾ ਗਿਆ ਹੈ ਕਿ "ਰਾਜ ਸਰਕਾਰਾਂ ਆਪਣੀ ਕਾਰਜਕਾਰੀ ਸ਼ਕਤੀ ਦਾ ਇਸਤੇਮਾਲ ਅਜਿਹੇ ਢੰਗ ਨਾਲ ਕਰੇਗੀ, ਜਿਸ ਨਾਲ ਕੇਂਦਰ ਸਰਕਾਰ ਦੀ ਕਾਰਜਕਾਰੀ ਸ਼ਕਤੀਆਂ ਵਿੱਚ ਕੋਈ ਰੁਕਾਵਟ ਨਾ ਪਵੇ। ਕੇਂਦਰ ਸਰਕਾਰ ਇਸ ਉਦੇਸ਼ ਲਈ ਰਾਜ ਸਰਕਾਰ ਨੂੰ ਆਦੇਸ਼ ਦੇ ਸਕਦੀ ਹੈ।"

18. **ਸੰਵਿਧਾਨ ਵਿੱਚ ਸੋਧ** (Amendment in the Constitution)- ਸੰਵਿਧਾਨ ਵਿੱਚ ਸੋਧ ਦੇ ਸਬੰਧ ਵਿੱਚ ਵੀ ਸੰਘ ਨੂੰ ਰਾਜਾਂ ਦੇ ਮੁਕਾਬਲੇ ਜ਼ਿਆਦਾ ਸ਼ਕਤੀ ਪ੍ਰਾਪਤ ਹੈ। ਸੰਵਿਧਾਨ ਵਿੱਚ ਸੋਧ ਦਾ ਪ੍ਰਸਤਾਵ ਕੇਵਲ ਸੰਸਦ ਵੱਲੋਂ ਹੀ ਕੀਤਾ ਜਾ ਸਕਦਾ ਹੈ, ਰਾਜ ਇਸ ਸਬੰਧ ਵਿੱਚ ਪਹਿਲ ਨਹੀਂ ਕਰ ਸਕਦਾ। ਸੰਵਿਧਾਨ ਦੀਆਂ ਕਈ ਧਾਰਾਵਾਂ ਤਾਂ ਅਜਿਹੀਆਂ ਹਨ ਜਿਨ੍ਹਾਂ ਵਿੱਚ ਸੰਸਦ ਕੇਵਲ ਆਪਣੇ ਸਧਾਰਣ ਬਹੁਮਤ ਨਾਲ ਹੀ ਸੋਧ ਕਰ ਸਕਦੀ ਹੈ ਅਤੇ ਕੁਝ ਹੋਰ ਧਾਰਾਵਾਂ ਸੰਸਦ ਦੇ ਦੋਵੇਂ ਸਦਨ ਆਪਣੇ ਦੋ-ਤਿਹਾਈ ਬਹੁਮਤ ਨਾਲ ਬਦਲ ਸਕਦੇ ਹਨ। ਸੰਵਿਧਾਨ ਵਿੱਚ ਕੇਵਲ ਕੁਝ ਹੀ ਵਿਸ਼ੇ ਅਜਿਹੇ ਹਨ ਜਿਨ੍ਹਾਂ ਵਿੱਚ ਸੋਧ ਕਰਨ ਲਈ ਅੱਧੇ ਰਾਜਾਂ ਦੇ ਵਿਧਾਨ ਮੰਡਲਾਂ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੈ। ਇਸ ਤਰ੍ਹਾਂ ਭਾਰਤ ਵਿੱਚ ਰਾਜਾਂ ਨੂੰ ਸੰਵਿਧਾਨਿਕ ਸੋਧ ਵਿੱਚ ਕੋਈ ਸੁਤੰਤਰ ਸ਼ਕਤੀ ਪ੍ਰਾਪਤ ਨਹੀਂ ਹੈ।

ਅਮਰੀਕਾ ਅਤੇ ਸਵਿਟਜ਼ਰਲੈਂਡ ਵਿੱਚ ਇਕਾਈਆਂ ਨੂੰ ਵੀ ਸੋਧ ਦਾ ਪ੍ਰਸਤਾਵ ਪੇਸ਼ ਕਰਨ ਦਾ ਅਧਿਕਾਰ ਪ੍ਰਾਪਤ ਹੈ। ਭਾਰਤ ਵਿੱਚ ਪ੍ਰਾਂਤ ਆਪਣੇ ਸ਼ਾਸਨ ਪ੍ਰਬੰਧ ਨਾਲ ਸਬੰਧਿਤ ਪ੍ਰਸਤਾਵ ਵੀ ਪੇਸ਼ ਨਹੀਂ ਕਰ ਸਕਦੇ। ਇਹ ਗੱਲ ਸੰਘਾਤਮਕ ਸ਼ਾਸਨ ਪ੍ਰਣਾਲੀ ਦੇ ਉਲਟ ਹੈ।

19. **ਰਾਜਾਂ ਦੀ ਕਮਜ਼ੋਰ ਸਥਿਤੀ** (Weak Finance Position of States)- ਭਾਰਤ ਦੇ ਸੰਵਿਧਾਨ ਵਿੱਚ ਕੇਂਦਰ ਅਤੇ ਰਾਜਾਂ ਦਰਮਿਆਨ ਜੋ ਰਾਜਸਵ ਦੇ ਸਰੋਤਾਂ (Sources of Revenue) ਦੀ ਵੰਡ ਕੀਤੀ ਗਈ ਹੈ ਉਸ ਵਿੱਚ ਵੀ ਕੇਂਦਰੀਕਰਨ ਦੀ ਪ੍ਰਵਿਰਤੀ ਉਸੇ ਤਰ੍ਹਾਂ ਹੀ ਪਾਈ ਜਾਂਦੀ ਹੈ ਜਿਵੇਂ ਕਿ ਸ਼ਕਤੀਆਂ ਦੀ ਵੰਡ ਵਿੱਚ। ਰਾਜ ਸਰਕਾਰਾਂ ਦੀ ਆਮਦਨ ਦੇ ਸਾਧਨ ਪ੍ਰਯਾਪਤ ਨਹੀਂ ਹਨ ਅਤੇ ਉਹ ਆਪਣੇ ਲੋਕ-ਭਲਾਈ ਦੇ ਕੰਮਾਂ ਨੂੰ ਸੰਪਨ ਕਰਨ ਲਈ ਕੇਂਦਰੀ ਸਰਕਾਰ ਦੀ ਆਰਥਿਕ ਸਹਾਇਤਾ 'ਤੇ ਨਿਰਭਰ ਰਹਿੰਦੀ ਹੈ। ਕੇਂਦਰੀ ਸਰਕਾਰ ਤੋਂ ਆਰਥਿਕ ਸਹਾਇਤਾ ਪ੍ਰਾਪਤ ਕਰਨ ਕਾਰਨ ਉਹ ਕੇਂਦਰ ਦੇ ਨਿਰਦੇਸ਼ਾਂ ਅਨੁਸਾਰ ਕੰਮ ਕਰਦੀਆਂ ਹਨ। ਉਹ ਸੁਤੰਤਰ ਨੀਤੀਆਂ ਦਾ ਨਿਰਮਾਣ ਨਹੀਂ ਕਰ ਸਕਦੀਆਂ।

20. **ਆਰਥਿਕ ਅਤੇ ਸਮਾਜਿਕ ਨਿਯੋਜਨ** (Economic and Social Planning)- ਇਹ ਵਿਸ਼ੇ ਸਮਵਰਤੀ ਸੂਚੀ ਵਿੱਚ ਸ਼ਾਮਿਲ ਹੈ। ਪਰ ਇਹ ਕੰਮ ਵੀ ਕੇਂਦਰੀ ਸਰਕਾਰ ਨੇ ਪੂਰੇ ਤੌਰ 'ਤੇ ਆਪਣੇ ਜ਼ਿੰਮੇ ਲੈ ਲਿਆ ਹੈ। ਦੇਸ਼ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਯੋਜਨਾਵਾਂ ਬਣਾਉਣ ਦਾ ਕੰਮ ਨਿਯੋਜਨ ਆਯੋਗ (Planning Commission) ਕਰਦਾ ਹੈ। ਨਿਯੋਜਨ ਆਯੋਗ ਕੇਵਲ ਕੇਂਦਰੀ ਸਰਕਾਰ ਦੀਆਂ ਯੋਜਨਾਵਾਂ ਹੀ ਨਹੀਂ ਬਣਾਉਂਦਾ ਬਲਕਿ ਪੰਜ ਸਾਲਾ ਯੋਜਨਾਵਾਂ ਵਿੱਚ ਰਾਜਾਂ ਦੇ ਵਿਕਾਸ ਦੀਆਂ ਯੋਜਨਾਵਾਂ ਵੀ ਤਿਆਰ ਕਰਦਾ ਹੈ। ਇਸ ਸਬੰਧੀ ਵੀ ਕੇਂਦਰੀਕਰਨ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਭਾਰਤ ਦਾ ਪ੍ਰਧਾਨ ਮੰਤਰੀ ਨਿਯੋਜਨ ਆਯੋਗ ਦਾ ਪ੍ਰਧਾਨ ਹੈ। ਨਿਯੋਜਨ ਆਯੋਗ ਕੇਂਦਰੀ ਸਰਕਾਰ ਦੇ ਅਧੀਨ ਕੰਮ ਕਰਦਾ ਹੈ।

21. **ਕੇਂਦਰ ਦੇ ਰਾਜਾਂ ਵਿੱਚ ਸ਼ਸ਼ਸਤਰ ਫੋਰਸ ਭੇਜਣ ਦੀ ਸ਼ਕਤੀ** (Centre's Powers to Deploy Armed Forces in the States)- 42ਵੀਂ ਸੋਧ ਨਾਲ ਸੰਵਿਧਾਨ ਵਿੱਚ ਇਕ ਨਵਾਂ ਅਨੁਛੇਦ 257-A ਸ਼ਾਮਿਲ ਕਰਕੇ ਇਹ ਵਿਵਸਥਾ ਕੀਤੀ ਗਈ ਹੈ ਕਿ ਭਾਰਤ ਸਰਕਾਰ ਨੂੰ ਕਾਨੂੰਨ ਅਤੇ ਵਿਵਸਕਾ ਦੀ ਗੰਭੀਰ ਸਥਿਤੀ ਨਾਲ ਨਿਪਟਣ ਲਈ ਕਿਸੇ ਵੀ ਰਾਜ ਵਿੱਚ ਸਸ਼ਸਤਰ ਜਾਂ ਪੁਲਿਸ ਫੋਰਸ ਭੇਜਣ ਦਾ ਅਧਿਕਾਰ ਹੋਵੇਗਾ। ਅਜਿਹੀ ਫੋਰਸ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਕੰਮ ਕਰੇਗੀ ਅਤੇ ਉਸ 'ਤੇ ਰਾਜ ਸਰਕਾਰ ਜਾਂ ਉਸ ਦੇ ਅਧੀਨ ਅਧਿਕਾਰੀ ਨੂੰ ਨਿਗਰਾਨੀ ਜਾਂ ਕੰਟਰੋਲ ਰੱਖਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਸੰਸਦ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਕਾਨੂੰਨ ਬਣਾ ਕੇ ਅਜਿਹੀ ਸਸ਼ਸਤਰ ਜਾਂ ਪੁਲਿਸ ਫੋਰਸ ਦੀਆਂ ਸ਼ਕਤੀਆਂ, ਵਿਸ਼ੇਸ਼ ਅਧਿਕਾਰੀਆਂ ਅਤੇ ਜ਼ਿੰਮੇਵਾਰੀਆਂ ਨੂੰ ਨਿਸ਼ਚਿਤ ਕਰੇ।

22. **ਅਨੁਸੂਚਿਤ ਜਨਜਾਤੀਆਂ ਅਤੇ ਪੱਛੜੇ ਵਰਗ ਦਾ ਕਲਿਆਣ ਰਾਸ਼ਟਰਪਤੀ ਦੇ ਖੇਤਰ ਅਧਿਕਾਰ ਵਿੱਚ** (Welfare of Scheduled Tribes and Backward Classes under the Jurisdiction of President)- ਅਨੁਸੂਚਿਤ ਜਨਜਾਤੀਆਂ ਅਤੇ ਪੱਛੜੇ ਵਰਗ ਦੇ ਕਲਿਆਣ ਨਾਲ ਸਬੰਧਿਤ ਵਿਸ਼ੇ ਨੂੰ ਰਾਸ਼ਟਰਪਤੀ ਦੀ ਵਿਸ਼ੇਸ਼ ਦੇਖ-ਰੇਖ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਦੀ ਸਥਿਤੀ ਦੀ ਜਾਂਚ ਪੜਤਾਲ ਲਈ ਉਹ ਇਕ ਆਯੋਗ ਨਿਯੁਕਤ ਕਰ ਸਕਦਾ ਹੈ ਅਤੇ ਉਸ ਆਯੋਗ ਦੀ ਰਿਪੋਰਟ ਦੇ ਅਨੁਸਾਰ ਪ੍ਰਾਂਤੀ ਸਰਕਾਰਾਂ ਨੂੰ ਇਸ ਸਬੰਧ ਵਿੱਚ ਆਦੇਸ਼ ਜਾਰੀ ਕਰ ਸਕਦਾ ਹੈ।

23. **ਵਿਧਾਨ ਪ੍ਰੀਸ਼ਦ ਦੀ ਸਮਾਪਤੀ** (Abolition of Legislative Council)- ਭਾਰਤੀ ਸੰਵਿਧਾਨ ਵੱਲੋਂ ਪ੍ਰਾਂਤਾਂ ਦੇ ਵਿਧਾਨ ਮੰਡਲਾਂ ਦੇ ਵੀ ਸੰਸਦ ਦੀ ਤਰ੍ਹਾਂ ਦੋ ਸਦਨ ਹੋ ਸਕਦੇ ਹਨ ਪਰ ਜੇਕਰ ਕਿਸੇ ਪ੍ਰਾਂਤ ਦੀ ਵਿਧਾਨ ਸਭਾ ਵੋਟ ਦੇਣ ਵਾਲੇ ਹਾਜ਼ਰ ਮੈਂਬਰਾਂ ਦੇ 2/3 ਬਹੁਮਤ ਨਾਲ ਅਤੇ ਕੁੱਲ ਮੈਂਬਰਾਂ ਦੇ ਸਪੱਸ਼ਟ ਬਹੁਮਤ ਨਾਲ ਵਿਧਾਨ ਪ੍ਰੀਸ਼ਦ ਨੂੰ ਖਤਮ ਕਰਨ ਦਾ ਪ੍ਰਸਤਾਵ ਪਾਸ ਕਰ ਦੇਵੇ ਤਾਂ ਸੰਸਦ ਉਸ ਨੂੰ ਕਾਨੂੰਨ ਬਣਾ ਕੇ ਖਤਮ ਵੀ ਕਰ ਸਕਦੀ ਹੈ। ਅਜਿਹਾ ਹੀ ਜੇਕਰ ਕਿਸੇ ਪ੍ਰਾਂਤ ਵਿੱਚ ਵਿਧਾਨ ਪ੍ਰੀਸ਼ਦ ਨਾ ਹੋਵੇ ਅਤੇ ਅਜਿਹਾ ਹੀ ਇਕ ਪ੍ਰਸਤਾਵ ਵਿਧਾਨ ਸਭਾ ਪਾਸ ਕਰ ਦੇਵੇ ਤਾਂ ਸੰਸਦ ਵਿਧਾਨ ਪ੍ਰੀਸ਼ਦ ਨੂੰ ਬਣਾ ਵੀ ਸਕਦੀ ਹੈ।

ਨੋਟ

24. **ਰਾਸ਼ਟਰਪਤੀ ਵਿਕਾਸ ਪ੍ਰੀਸ਼ਦ** (National Development Council)– ਅਜਿਹੀਆਂ ਰਾਸ਼ਟਰੀ ਸੰਸਥਾਵਾਂ ਦੀ ਸਥਾਪਨਾ ਨਾਲ ਕੇਂਦਰੀ ਸਰਕਾਰ ਦੇ ਆਰਥਿਕ ਖੇਤਰ ਦੇ ਕੰਟਰੋਲ ਵਿੱਚ ਵਿਸ਼ੇਸ਼ ਵਾਧਾ ਹੋਇਆ ਹੈ।

25. **ਕੇਂਦਰੀ ਖੇਤਰਾਂ ਦਾ ਸ਼ਾਸਨ ਕੇਂਦਰੀ ਸਰਕਾਰ ਦੇ ਅਧੀਨ ਹੈ** (Administration of Union Territories under the Control of the Centre)– ਕੇਂਦਰੀ ਖੇਤਰਾਂ ਦਾ ਪ੍ਰਸ਼ਾਸਨ ਸਿੱਧਾ ਕੇਂਦਰੀ ਸਰਕਾਰ ਕਰਦੀ ਹੈ ਜੋ ਸੰਘੀ ਵਿਵਸਥਾ ਦੇ ਮੰਨੇ ਹੋਏ ਸਿਧਾਂਤਾਂ ਦੇ ਵਿਰੁੱਧ ਹੈ।

26. **ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ** (Appointment of the Judges of the High Courts are made by the President)–ਰਾਜ ਭਾਰਤ ਸੰਘ ਦੀ ਇਕਾਈ ਹੈ ਅਤੇ ਉੱਚ ਅਦਾਲਤ ਰਾਜ ਦੀ ਸਭ ਤੋਂ ਵੱਡੀ ਅਦਾਲਤ ਹੁੰਦੀ ਹੈ। ਸਾਰੇ ਰਾਜਾਂ ਦੀਆਂ ਉੱਚ ਅਦਾਲਤਾਂ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਹੁੰਦੀ ਹੈ। ਇਹ ਜੱਜ ਇਕ ਨਿਸ਼ਚਿਤ ਸਮੇਂ ਤੱਕ ਕੰਮ ਕਰਨ ਤੋਂ ਬਾਅਦ ਸਰਵਉੱਚ ਅਦਾਲਤ ਵਿੱਚ ਨਿਯੁਕਤ ਕੀਤੇ ਜਾਂਦੇ ਹਨ।

27. **ਅੰਤਰ ਰਾਜ ਵਿਵਾਦਾਂ ਦਾ ਨਿਪਟਾਰਾ** (Settlement of Inter-State Disputes)– ਦੋ ਜਾਂ ਦੋ ਤੋਂ ਜ਼ਿਆਦਾ ਰਾਜਾਂ ਵਿੱਚ ਵਿਵਾਦ ਦਾ ਹੱਲ ਕੱਢਣ ਲਈ ਕੇਂਦਰ ਸਰਕਾਰ ਕੋਈ ਵੀ ਫਾਰਮੂਲਾ ਪੇਸ਼ ਕਰਕੇ ਉਸ ਨੂੰ ਲਾਗੂ ਕਰਵਾ ਸਕਦੀ ਹੈ। ਅਜਿਹੇ ਮਾਮਲਿਆਂ ਨੂੰ ਤੈਅ ਕਰਨ ਲਈ ਸੰਵਿਧਾਨ ਨੇ ਰਾਸ਼ਟਰਪਤੀ ਨੂੰ ਅੰਤਰਰਾਜੀ ਪ੍ਰੀਸ਼ਦ (Inter-State Council) ਬਣਾਉਣ ਦੀ ਸ਼ਕਤੀ ਦਿੱਤੀ ਹੈ।

**ਸਿੱਟਾ** (Conclusion)– ਉਪਯੁਕਤ ਅਧਿਐਨ ਤੋਂ ਸਾਫ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਸੰਵਿਧਾਨ ਵਿੱਚ ਸੰਘਾਤਮਕ ਸ਼ਾਸਨ ਦੀਆਂ ਵਿਸ਼ੇਸ਼ਤਾਵਾਂ ਹਨ ਅਤੇ ਸੰਵਿਧਾਨ ਵਿੱਚ ਅਜਿਹੇ ਲੱਛਣ ਹਨ ਜਿਸ ਨਾਲ ਭਾਰਤੀ ਸੰਵਿਧਾਨ ਦਾ ਏਕਾਤਮਕ ਸਰਕਾਰ ਵੱਲ ਝੁਕਾਅ ਸਪੱਸ਼ਟ ਦਿਖਾਈ ਦਿੰਦਾ ਹੈ। ਸਾਡੇ ਸੰਵਿਧਾਨ ਨਿਰਮਾਤਾ ਸੰਘਾਤਮਕ ਸ਼ਾਸਨ ਪ੍ਰਣਾਲੀ ਦੇ ਨਾਲ–ਨਾਲ ਕੇਂਦਰ ਨੂੰ ਇੰਨਾ ਸ਼ਕਤੀਸ਼ਾਲੀ ਬਣਾਉਣਾ ਚਾਹੁੰਦੇ ਸਨ ਤਾਂ ਕਿ ਕਿਸੇ ਵੀ ਸਥਿਤੀ ਦਾ ਸਾਹਮਣਾ ਕੀਤਾ ਜਾ ਸਕੇ। **ਸ਼੍ਰੀ ਪੀ. ਟੀ. ਚਾਕੋ** ਨੇ ਕਿਹਾ ਹੈ, "ਸੰਵਿਧਾਨ ਦਾ ਇਕ ਬਾਹਰੀ ਰੂਪ ਸੰਘਾਤਮਕ ਹੋਵੇਗਾ, ਪਰ ਅਸਲ ਵਿੱਚ ਇਸ 'ਚ ਏਕਾਤਮਕ ਸਰਕਾਰ ਦੀ ਸਥਾਪਨਾ ਕੀਤੀ ਗਈ ਹੈ।" ("What the Consititution would establish will be a federation in form but in substance a unitary consititution.")

ਅੰਤ ਵਿੱਚ ਸਾਨੂੰ **ਪ੍ਰੋ. ਅਲੈਗਜ਼ੈਂਡਰੋਵਿਕਸ** (Prof. Alexandrowics) ਨਾਲ ਸਹਿਮਤ ਹੋਣਾ ਪੈਂਦਾ ਹੈ, "ਭਾਰਤ ਬਿਨਾਂ ਸ਼ੱਕ ਇਕ ਸੰਘਾਤਮਕ ਰਾਜ ਹੈ ਜਿਸ ਵਿੱਚ ਪ੍ਰਭੂਸੱਤਾ ਦੇ ਤੱਤਾਂ ਨੂੰ ਕੇਂਦਰ ਅਤੇ ਰਾਜਾਂ ਦੇ ਦਰਮਿਆਨ ਵੰਡਿਆ ਗਿਆ ਹੈ।" ("India is undoubtedly a federation in which attributes of Sovereignty are shared between the centre and the states.")

### ਸਵ-ਮੁਲਾਂਕਣ (Self Assessment)

ਹੇਠ ਲਿਖੇ ਕਥਨਾਂ ਵਿੱਚ ਸੱਚ/ਝੂਠ ਦੱਸੋ (Write True/False in the following statements):

7. ਸਾਰੇ ਰਾਜਾਂ ਦੀਆਂ ਉੱਚ ਅਦਾਲਤਾਂ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਨਹੀਂ ਕਰਦਾ।
8. ਸੰਕਟਕਾਲ ਦੇ ਸਮੇਂ ਭਾਰਤ ਦੇ ਸੰਵਿਧਾਨ ਦਾ ਸੰਘਾਤਮਕ ਰੂਪ ਏਕਾਤਮਕ ਵਿੱਚ ਵਧਾਇਆ ਜਾਂਦਾ ਹੈ।
9. ਅਮਰੀਕਾ ਵਿੱਚ ਦੋਹਰੀ ਨਿਆ ਵਿਵਸਥਾ ਹੈ।

## 12.4 ਭਾਰਤੀ ਕੇਂਦਰ ਨੂੰ ਜ਼ਿਆਦਾ ਸ਼ਕਤੀਸ਼ਾਲੀ ਬਣਾਉਣ ਦੇ ਕਾਰਨ (Reasons to Make Centre More Powerful)

ਭਾਰਤ ਵਿੱਚ ਸੰਘੀ ਸ਼ਾਸਨ ਪ੍ਰਣਾਲੀ ਨੂੰ ਅਪਣਾਇਆ ਗਿਆ ਹੈ ਪਰ ਕੀ ਕਾਰਨ ਹੈ ਕਿ ਸੰਵਿਧਾਨ ਨਿਰਮਾਤਾਵਾਂ ਨੇ ਸੰਘਵਾਦ ਦੇ ਵਿਰੁੱਧ ਕੇਂਦਰ ਨੂੰ ਇੰਨਾ ਸ਼ਕਤੀਸ਼ਾਲੀ ਬਣਾਇਆ ਹੈ। ਇੱਥੇ ਇਕ ਅਟਲ ਸੱਚਾਈ ਹੈ ਕਿ ਸ਼ਕਤੀਸ਼ਾਲੀ ਕੇਂਦਰ ਸੰਘਵਾਦ ਦੇ ਸਿਧਾਂਤਾਂ ਦੇ ਵਿਰੁੱਧ ਹੈ ਪਰ ਸਾਡੇ ਸੰਵਿਧਾਨ ਨਿਰਮਾਤਾਵਾ ਨੇ ਕੇਂਦਰ ਨੂੰ ਜਾਣਬੁਝ ਕੇ ਸ਼ਕਤੀਸ਼ਾਲੀ ਬਣਾਇਆ ਸੀ। ਸ਼ਕਤੀਸ਼ਾਲੀ ਕੇਂਦਰ ਬਣਾਉਣ ਦੇ ਮੁੱਖ ਕਾਰਨ ਹੇਠ ਲਿਖੇ ਸਨ–

1. **ਇਤਿਹਾਸਿਕ ਤਜ਼ਰਬਾ** (Historical Experience): ਭਾਰਤ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਕਦੀ ਵੀ ਭਾਰਤ ਦੀ ਕੇਂਦਰੀ ਸਰਕਾਰ ਕਮਜ਼ੋਰ ਪੈ ਗਈ ਸੀ ਉਦੋਂ ਦੇਸ਼ ਨੂੰ ਬਹੁਤ ਸ਼ਰਮਸਾਰ ਦਿਨ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਭਾਰਤੀ ਇਤਿਹਾਸ ਦੇ ਪੰਨੇ ਅਜਿਹੀਆਂ ਘਟਨਾਵਾਂ ਨਾਲ ਭਰੇ ਹੋਏ ਹਨ ਜਦੋਂ ਕੇਂਦਰ ਸਰਕਾਰ ਦੀ ਕਮਜ਼ੋਰੀ ਦੇ ਕਾਰਨ ਵਿਦੇਸ਼ੀ ਹਮਲਾਵਰਾਂ ਨੇ ਭਾਰਤ ਦੇ ਧਨ ਅਤੇ ਗੌਰਵ ਦੀ ਖੂਬ ਲੁੱਟ ਕੀਤੀ ਸੀ। ਭਾਰਤ ਦਾ ਅੰਗਰੇਜ਼ਾਂ ਦੇ ਅਧੀਨ ਹੋ ਜਾਣਾ ਵੀ

ਨੋਟ

ਉਸ ਸਮੇਂ ਦੀ ਮੁਗਲ ਕੇਂਦਰੀ ਸਰਕਾਰ ਦੀ ਕਮਜ਼ੋਰੀ ਦਾ ਹੀ ਕਾਰਨ ਸੀ। ਖੂਨ ਨਾਲ ਪ੍ਰਾਪਤ ਕੀਤੀ ਗਈ ਭਾਰਤ ਦੀ ਸੁਤੰਤਰਤਾ ਨੂੰ ਸੁਰੱਖਿਅਤ ਰੱਖਣ ਲਈ ਅਤੇ ਰਾਸ਼ਟਰ ਨੂੰ ਵਿਕੇਂਦਰੀਕਰਨ ਦੀਆਂ ਸ਼ਕਤੀਆਂ ਤੋਂ ਬਚਾਉਣ ਲਈ ਸ਼ਕਤੀਸ਼ਾਲੀ ਕੇਂਦਰ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ।

2. **ਆਰਥਿਕ ਅਤੇ ਸਮਾਜਿਕ ਉੱਨਤੀ ਲਈ ਸ਼ਕਤੀਸ਼ਾਲੀ ਕੇਂਦਰ ਦੀ ਜ਼ਰੂਰਤ** (Need of Strong Centre for Economic and Social Progress): ਭਾਰਤ ਦੀ ਰਾਜਨੀਤਿਕ ਸੁਤੰਤਰਤਾ, ਆਰਥਿਕ ਅਤੇ ਸਮਾਜਿਕ ਸੁਤੰਤਰਤਾ ਤੋਂ ਬਿਨਾਂ ਵਿਅਰਥ ਸੀ (Political Liberty is meaningless without social and economic liberty)। ਸਾਡੇ ਦੇਸ਼ ਵਾਸੀਆਂ ਦਾ ਪੱਧਰ ਬਹੁਤ ਹੇਠਲਾ ਸੀ। ਦੇਸ਼ ਵਿੱਚ ਆਰਥਿਕ ਉੱਨਤੀ ਸੰਭਵ ਬਣਾਉਣ ਦੇ ਲਈ ਆਰਥਿਕ ਯੋਜਨਾਵਾਂ ਸ਼ੁਰੂ ਕਰਨਾ ਜ਼ਰੂਰੀ ਸੀ। ਪੁਰਾਣੀਆਂ ਵਿਚਾਰਧਾਰਾਵਾਂ ਅਤੇ ਰੀਤੀ-ਰਿਵਾਜ਼ਾਂ ਨੂੰ ਬਦਲਣ ਅਤੇ ਜਨ ਕਲਿਆਣ ਲਈ ਰਾਸ਼ਟਰੀ ਪੱਧਰ 'ਤੇ ਕਈ ਸਮਾਜਿਕ ਯੋਜਨਾਵਾਂ ਲਾਗੂ ਕਰਨ ਦੀ ਜ਼ਰੂਰਤ ਸੀ।

3. **ਦੇਸ਼ ਦੀਆਂ ਵੱਖ-ਵੱਖ ਸਮੱਸਿਆਵਾਂ ਨੂੰ ਹੱਲ ਕਰਨ ਲਈ ਸ਼ਕਤੀਸ਼ਾਲੀ ਕੇਂਦਰ ਦੀ ਸਥਾਪਨਾ** (Need of a Strong Centre to Solve Various Problems of the Country)- ਜਦੋਂ ਸੰਵਿਧਾਨ ਬਣਾਇਆ ਜਾ ਰਿਹਾ ਸੀ, ਉਸ ਸਮੇਂ ਭਾਰਤ ਬਹੁਤ ਗੰਭੀਰ ਦਸ਼ਾ ਵਿੱਚੋਂ ਗੁਜ਼ਰ ਰਿਹਾ ਸੀ। ਦੇਸ਼ ਦੀ ਵੰਡ ਤੋਂ ਬਾਅਦ ਜੋ ਖੂਨ ਵਗਿਆ, ਉਸ ਤੋਂ ਪ੍ਰਭਾਵਿਤ ਹੋਣਾ ਸੁਭਾਵਿਕ ਹੀ ਸੀ। ਸੰਪ੍ਰਦਾਇਕ ਦੰਗੇ, ਕਸ਼ਮੀਰ ਦੀ ਸਮੱਸਿਆ, ਵਿਸਥਾਪਿਤਾ ਦਾ ਪੁਨਰ ਸਥਾਪਨ, ਦੇਸ਼ ਨੂੰ ਬਾਹਰੀ ਹਮਲਿਆਂ ਤੋਂ ਬਚਾਉਣਾ, ਦੇਸ਼ ਦੀ ਨਸ਼ਟ ਹੋਈ ਅਰਥਵਿਵਸਥਾ ਦਾ ਕੰਮ, ਇਕ ਸ਼ਕਤੀਸ਼ਾਲੀ ਕੇਂਦਰ ਵੱਲੋਂ ਹੀ ਸਫਲਤਾਪੂਰਵਕ ਕੀਤਾ ਜਾ ਸਕਦਾ ਸੀ।

4. **ਭਾਰਤ ਦੀ ਅਖੰਡਤਾ ਨੂੰ ਡਰ** (Danger to Unity of India)- ਅੰਗਰੇਜ਼ਾਂ ਦੀ 'ਫੁੱਟ ਪਾਓ ਅਤੇ ਰਾਜ ਕਰੋ' (Divide and Rule) ਦੀ ਨੀਤੀ ਦੇ ਕਾਰਨ ਹੀ ਭਾਰਤ ਭਿਆਨਕ ਸੰਪ੍ਰਦਾਇਕ ਦੰਗਿਆਂ ਦਾ ਸ਼ਿਕਾਰ ਹੋਇਆ ਸੀ। ਇਸ ਲਈ ਰਾਸ਼ਟਰੀ ਏਕਤਾ ਨੂੰ ਸਥਿਰ ਰੱਖਣ ਲਈ ਵੀ ਇਕ ਸ਼ਕਤੀਸ਼ਾਲੀ ਕੇਂਦਰ ਦੀ ਜ਼ਰੂਰਤ ਸੀ। ਭਾਰਤ ਸਦੀਆਂ ਤੱਕ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਰਿਹਾ ਪਰ ਅੰਗਰੇਜ਼ਾਂ ਦੇ ਰਾਜ ਵਿੱਚ ਸੰਯੁਕਤ ਹੋਇਆ। ਵਿਦੇਸ਼ੀ ਸ਼ਾਸਨ ਪ੍ਰਤੀ ਨਫਰਤ ਦੇ ਕਾਰਨ ਭਾਰਤੀ ਇਕ ਸਾਂਝੇ ਮੰਚ 'ਤੇ ਇਕੱਠੇ ਹੋਏ। ਸਾਡੇ ਸੰਵਿਧਾਨ ਨਿਰਮਾਤਾ ਉਸ ਰਾਸ਼ਟਰੀ ਏਕਤਾ ਨੂੰ ਬਣਾਈ ਰੱਖਣਾ ਚਾਹੁੰਦੇ ਸਨ। ਵਿਸ਼ੇਸ਼ ਕਰਕੇ ਇਸ ਦੀ ਜ਼ਰੂਰਤ ਨੂੰ ਉਦੋਂ ਹੋਰ ਵੀ ਜ਼ਿਆਦਾ ਮਹਿਸੂਸ ਕੀਤਾ ਗਿਆ, ਜਦੋਂ ਬ੍ਰਿਟਿਸ਼ ਸ਼ਾਸਨ ਦੇ ਅੰਤ ਵਿੱਚ ਵਿਘਟਨਕਾਰੀ ਤੱਤ ਉਭਰ ਰਹੇ ਸਨ। ਸਾਡੇ ਰਾਸ਼ਟਰੀ ਨੇਤਾ ਇਸ ਵਿਨਾਸ਼ ਨੂੰ ਮਹਿਸੂਸ ਕਰ ਚੁੱਕੇ ਸਨ। ਉਨ੍ਹਾਂ ਨੇ ਦੂਰ-ਦ੍ਰਿਸ਼ਟੀ ਤੋਂ ਕੰਮ ਲੈਂਦੇ ਹੋਏ ਭਾਰਤੀ ਇਤਿਹਾਸ ਤੋਂ ਪਾਠ ਸਿੱਖਦੇ ਹੋਏ ਰਾਸ਼ਟਰੀ ਏਕਤਾ ਬਣਾਈ ਰੱਖਣ ਲਈ ਇਕ ਸ਼ਕਤੀਸ਼ਾਲੀ ਕੇਂਦਰ ਦਾ ਸੰਕਲਪ ਕੀਤਾ।

5. **ਸ਼ਕਤੀਸ਼ਾਲੀ ਕੇਂਦਰ ਸਮੇਂ ਦੀ ਮੰਗ** (Strong Centre is the Need of the Time)- ਸੰਵਿਧਾਨ ਨਿਰਮਾਤਾ ਉਸ ਅਸਲੀਅਤ ਤੋਂ ਚੰਗੀ ਤਰ੍ਹਾਂ ਜਾਣੂ ਸਨ ਕਿ ਸ਼ਕਤੀਸ਼ਾਲੀ ਕੇਂਦਰ ਸਮੇਂ ਦੀ ਮੰਗ ਹੈ। ਅਮਰੀਕਾ, ਸਵਿਟਜ਼ਰਲੈਂਡ, ਆਸਟ੍ਰੇਲੀਆ ਆਦਿ ਦੀਆਂ ਉਦਾਹਰਣਾਂ ਉਨ੍ਹਾਂ ਦੇ ਸਾਹਮਣੇ ਸਨ। ਉਨ੍ਹਾਂ ਦੇਸ਼ਾਂ ਨੇ ਸੰਵਿਧਾਨ ਵੱਲੋਂ ਕੇਂਦਰ ਨੂੰ ਕੁਝ ਸੀਮਿਤ ਸ਼ਕਤੀਆਂ ਪ੍ਰਦਾਨ ਕਰਕੇ ਕਮਜ਼ੋਰ ਰਾਜ ਸਥਾਪਿਤ ਕੀਤੇ ਸਨ ਪਰ ਸਮੇਂ ਦੇ ਬੀਤਣ ਨਾਲ ਇਨ੍ਹਾਂ ਦੇਸ਼ਾਂ ਦੀਆਂ ਕੇਂਦਰੀ ਸਰਕਾਰਾਂ ਨੇ ਇੰਨੀਆਂ ਜ਼ਿਆਦਾ ਸ਼ਕਤੀਆਂ ਗ੍ਰਹਿਣ ਕਰ ਲਈਆਂ ਸਨ ਕਿ ਕੁਝ ਆਲੋਚਕ ਇਸ ਸੰਘਵਾਦ ਸਿਧਾਂਤ ਦਾ ਘੋਰ ਉਲੰਘਣ ਦੱਸਦੇ ਹਨ। ਸਾਡੇ ਸੰਵਿਧਾਨ ਨਿਰਮਾਤਾ ਇਸ ਗੱਲ ਤੋਂ ਜਾਣੂ ਸਨ ਕਿ ਜੇਕਰ ਭਾਰਤ ਵਿੱਚ ਕਮਜ਼ੋਰ ਕੇਂਦਰ ਵੀ ਸਥਾਪਿਤ ਕਰ ਦਿੱਤਾ ਜਾਵੇ ਤਾਂ ਸਮਾਂ ਬੀਤਣ ਦੇ ਨਾਲ ਇਹ ਕਮਜ਼ੋਰ ਕੇਂਦਰ ਹੋਰ ਕਈ ਸ਼ਕਤੀਆਂ ਜ਼ਰੂਰ ਹੀ ਗ੍ਰਹਿਣ ਕਰੇਗਾ। ਕਿਉਂਕਿ ਸ਼ਕਤੀਸ਼ਾਲੀ ਕੇਂਦਰ ਵਰਤਮਾਨ ਸਮੇਂ ਦੀ ਜ਼ਰੂਰੀ ਮੰਗ ਹੈ।

6. **ਸ਼ਕਤੀਸ਼ਾਲੀ ਕੇਂਦਰ ਦੀ ਪ੍ਰੰਪਰਾ** (Tradition of Strong Centre)- ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਕਾਲ ਤੋਂ ਹੀ ਸ਼ਕਤੀਸ਼ਾਲੀ ਕੇਂਦਰ ਦੀ ਸਥਾਪਨਾ ਹੋ ਚੁੱਕੀ ਸੀ। 1935 ਦੇ ਐਕਟ ਤੋਂ ਪਹਿਲਾਂ ਦੇਸ਼ ਵਿੱਚ ਏਕਾਤਮਕ ਸਰਕਾਰ ਚੱਲ ਰਹੀ ਸੀ। ਭਲੇ ਹੀ 1935 ਦੇ ਐਕਟ ਵੱਲੋਂ ਪ੍ਰਾਂਤੀ ਸਵਸ਼ਾਸਨ (Provincial Autonomy) ਦੀ ਸਥਾਪਨਾ ਕਰ ਦਿੱਤੀ ਗਈ, ਪਰ ਫਿਰ ਵੀ ਕੇਂਦਰ ਨੂੰ ਸ਼ਕਤੀਸ਼ਾਲੀ ਬਣਾਈ ਰੱਖਿਆ ਗਿਆ ਸੀ। ਇਸ ਤਰ੍ਹਾਂ ਸੁਤੰਤਰ ਭਾਰਤ ਵਿੱਚ ਸ਼ਕਤੀਸ਼ਾਲੀ ਕੇਂਦਰ ਦੀ ਪ੍ਰੰਪਰਾ ਬਣਾਈ ਰੱਖਣਾ ਨਿਆਸੰਗਤ ਸਮਝਿਆ ਗਿਆ।

7. **ਭਾਰਤੀ ਰਿਆਸਤਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਸ਼ਕਤੀਆਂ ਕੇਂਦਰ ਦੀ ਜ਼ਰੂਰਤ** (Need of Strong Centre to Solve the Problems of Pricely States)- ਉਸ ਸਮੇਂ ਦੀ ਸਥਿਤੀ ਦੇ ਅਨੁਸਾਰ ਅਤੇ ਭਾਰਤੀ ਰਿਆਸਤਾਂ ਦੇ ਸ਼ਾਸਨ ਦਾ ਅੰਤ ਕਰਨ ਲਈ ਵੀ ਸ਼ਕਤੀਸ਼ਾਲੀ ਕੇਂਦਰ ਦੀ ਜ਼ਰੂਰਤ ਸੀ। 1947 ਦੇ ਸੁਤੰਤਰ ਐਕਟ ਵੱਲੋਂ ਦੇਸ਼ੀ ਰਿਆਸਤਾਂ ਨੂੰ ਪੂਰਨ ਸੁਤੰਤਰ ਰਹਿਣ ਦਾ ਅਧਿਕਾਰ ਪ੍ਰਦਾਨ ਕੀਤਾ ਗਿਆ ਸੀ ਜੋ ਕਿ ਭਾਰਤ ਦੀ ਸੁਤੰਤਰਤਾ ਲਈ ਘਾਤਕ ਸਿੱਧ ਹੋ ਸਕਦਾ ਸੀ। ਅਸਲ ਵਿੱਚ ਕੇਂਦਰ ਨੂੰ ਸ਼ਕਤੀਸ਼ਾਲੀ ਬਣਾਉਣਾ ਜ਼ਰੂਰੀ ਸੀ ਤਾਂ ਕਿ ਉਨ੍ਹਾਂ ਰਿਆਸਤਾਂ ਨੂੰ ਭਾਰਤ ਵਿੱਚ ਵਿਕਸਿਤ ਕੀਤਾ ਜਾ ਸਕੇ।

8. **ਕੁਝ ਸੰਵਿਧਾਨ ਨਿਰਮਾਤਾ ਏਕਾਤਮਕ ਸ਼ਾਸਨ ਦੇ ਪੱਖ ਵਿੱਚ** (Some Constitution makers were in favour of Unitary Government)- ਜਿਸ ਸਮੇਂ ਪਾਰਤ ਦੇ ਨਵੇਂ ਸੰਵਿਧਾਨ ਦਾ ਨਿਰਮਾਣ ਕੀਤਾ ਜਾ ਰਿਹਾ ਸੀ, ਉਸ ਸਮੇਂ ਵੀ ਕੁਝ ਵਿਚਾਰਕ

ਨੋਟ

ਦੇਸ਼ ਵਿੱਚ ਏਕਾਤਮਕ ਸਰਕਾਰ ਸਥਾਪਿਤ ਕਰਨ ਦੇ ਪੱਖ ਵਿੱਚ ਸਨ। ਉਨ੍ਹਾਂ ਸਾਰੀਆਂ ਸਥਿਤੀਆਂ ਵਿਚਾਰਧਾਰਾਵਾਂ ਅਤੇ ਦਸ਼ਾ ਤੋਂ ਪ੍ਰਭਾਵਿਤ ਹੋ ਕੇ ਸੰਵਿਧਾਨ ਨਿਰਮਾਤਾਵਾਂ ਨੇ ਇਕ ਦਰਮਿਆਨਾ ਰਸਤਾ ਅਪਨਾਉਣ ਦਾ ਯਤਨ ਕੀਤਾ। ਇਹੀ ਕਾਰਨ ਹੈ ਕਿ ਸਾਡਾ ਸੰਵਿਧਾਨ ਸੰਘਾਤਮਕ ਹੁੰਦੇ ਹੋਏ ਵੀ ਕੇਂਦਰ ਵੱਲ ਝੁਕਿਆ ਹੋਇਆ ਹੈ।

**ਸਿੱਟਾ** (Conclusion)– ਉਪਯੁਕਤ ਅਧਿਐਨ ਤੋਂ ਸਾਫ ਸਪੱਸ਼ਟ ਹੋ ਜਾਂਦਾ ਹੈ ਕਿ ਇਕ ਸ਼ਕਤੀਸ਼ਾਲੀ ਕੇਂਦਰ ਦੀ ਸਥਾਪਨਾ ਕਰਨਾ ਸਮੇਂ ਦੀ ਮੰਗ ਸੀ। ਜੇਕਰ ਅਸੀਂ ਭਾਰਤੀ ਸੰਵਿਧਾਨ ਨੂੰ ਸੁਤੰਤਰ ਭਾਰਤ ਦੀ ਵਿਵਹਾਰਿਕ ਸ਼ਾਸਨ ਪੱਦਤੀ ਦੀ ਕਸੌਟੀ 'ਤੇ ਰੱਖੀਏ ਤਾਂ ਸਾਨੂੰ ਇੱਥੇ ਇਹ ਮੰਨਣਾ ਪਵੇਗਾ ਕਿ ਭਾਰਤ ਵਿੱਚ ਸੰਘਾਤਮਕ ਵਿਵਸਥਾ ਹੈ। ਚੌਥੀਆਂ ਆਮ ਚੋਣਾਂ ਵਿੱਚ ਪਹਿਲੇ ਕੇਂਦਰ ਅਤੇ ਸਿਰਫ ਸਾਰੇ ਪ੍ਰਾਂਤਾਂ ਵਿੱਚ (ਕੇਰਲ ਵਿੱਚ ਕੁਝ ਸਮੇਂ ਨੂੰ ਛੱਡ ਕੇ) ਕਾਂਗਰਸ ਪਾਰਟੀ ਦੀ ਹੀ ਸਰਕਾਰ ਸੀ। ਇਸ ਕਾਰਨ ਕੇਂਦਰ ਕਾਫੀ ਸ਼ਕਤੀਸ਼ਾਲੀ ਹੋ ਗਿਆ ਅਤੇ ਸੰਘਾਤਮਕ ਵਿਵਸਥਾ ਚੱਲਦੀ ਰਹੀ। ਇਸ ਤੋਂ ਇਲਾਵਾ 1950 ਤੋਂ ਲੈ ਕੇ 1966 ਤੱਕ ਤਾ ਰਾਜਨੀਤਿਕ ਅਗਵਾਈ ਵੀ ਬਹੁਤ ਪ੍ਰਭਾਵਸ਼ਾਲੀ ਸੀ। ਕੇਂਦਰ ਵਿੱਚ ਜਵਾਹਰ ਲਾਲ ਨਹਿਰੂ, ਪਟੇਲ, ਪੰਤ, ਆਜ਼ਾਦ ਅਤੇ ਰਫੀ ਅਹਿਮਦ ਕਿਦਵਈ ਆਦਿ ਦੀ ਅਗਵਾਈ ਕਾਰਨ ਕੇਂਦਰ ਬਹੁਤ ਸ਼ਕਤੀਸ਼ਾਲੀ ਸੀ ਪਰ ਚੌਥੀਆਂ ਆਮ ਚੋਣਾਂ ਤੋਂ ਬਾਅਦ ਭਾਰਤ ਦੀ ਸੰਘਾਤਮਕ ਸ਼ਾਸਨ ਪ੍ਰਣਾਲੀ ਦਾ ਰੂਪ ਉਭਰਿਆ। ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਸ਼ਾਂਤੀ ਸਮੇਂ ਭਾਰਤ ਵਿੱਚ ਸੰਘਾਤਮਕ ਸ਼ਾਸਨ ਪ੍ਰਣਾਲੀ ਹੈ ਅਤੇ ਪ੍ਰਾਂਤਾਂ ਨੂੰ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਕਰਨ ਦੀ ਪੂਰੀ ਸੁਤੰਤਰਤਾ ਪ੍ਰਾਪਤਾ ਹੈ ਪਰ ਅਸਧਾਰਣ ਪ੍ਰਸਥਿਤੀਆਂ ਵਿੱਚ ਕੇਂਦਰੀ ਸਰਕਾਰ ਨੂੰ ਵਿਸ਼ੇਸ਼ ਸ਼ਕਤੀਆਂ ਦਿੱਤੀਆਂ ਗਈਆਂ ਹਨ ਤਾਂ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਿਆ ਜਾ ਸਕੇ। ਸੰਕਟਕਾਲ ਦੇ ਖਾਤਮੇ ਦੇ ਨਾਲ ਹੀ ਪ੍ਰਾਂਤਾਂ ਨੂੰ ਦੁਬਾਰਾ ਸਾਰੀਆਂ ਸ਼ਕਤੀਆਂ ਸੌਂਪ ਦਿੱਤੀਆਂ ਜਾਂਦੀਆਂ ਹਨ ਅਤੇ ਭਾਰਤ ਦੇ ਸੰਘਾਤਮਕ ਵਿਵਸਥਾ ਦੇ ਨਾਲ-ਨਾਲ ਸ਼ਕਤੀਸ਼ਾਲੀ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ। ਅੰਤ ਵਿੱਚ **ਪੰਡਿਤ ਜਵਾਹਰ ਲਾਲ ਨਹਿਰੂ** ਦਾ ਕਹਿਣਾ ਠੀਕ ਹੈ ਕਿ "ਅਸੀਂ ਇਸ ਵਿਚਾਰ ਤੋਂ ਸਹਿਮਤ ਹਾਂ ਕਿ ਕਮਜ਼ੋਰ ਕੇਂਦਰੀ ਸ਼ਕਤੀ ਦੀ ਵਿਵਸਥਾ ਦੇਸ਼ ਦੇ ਹਿੱਤਾਂ ਲਈ ਹਾਨੀਕਾਰਕ ਸਿੱਧ ਹੋਵੇਗੀ। ਇਹ ਸ਼ਾਂਤੀ ਸਥਾਪਿਤ ਕਰਨ, ਸੰਯੁਕਤ ਹਿੱਤਾਂ ਦੇ ਮਹੱਤਵਪੂਰਨ ਵਿਸ਼ਿਆਂ ਵਿੱਚ ਸਮਨਵਯ ਪੈਦਾ ਕਰਨ ਅਤੇ ਅੰਤਰਰਾਸ਼ਟਰੀ ਖੇਤਰਾਂ ਨਾਲ ਸਾਰੇ ਦੇਸ਼ ਦੀ ਪ੍ਰਤੀਨਿਧਤਾ ਕਰਨ ਦੇ ਅਯੋਗ ਹੋਵੇਗੀ।" ("We are unanimosuly of the view that it would be injurious to the interests of the country to provide for a week central authority which would be incapable of ensuring peace, of co-ordinating vital matters of common concern and speaking effectively for the whole country in the international sphere.")

## 12.5 ਭਾਰਤੀ ਸੰਵਿਧਾਨ ਵਿੱਚ ਸਹਿਕਾਰੀ ਸੰਘਵਾਦ (Co-operative Federalism in Indian Constitution)

ਭਾਰਤੀ ਸੰਵਿਧਾਨ ਵਿੱਚ ਇਕ ਅਜਿਹੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕੀਤੀ ਹੈ ਜੋ ਨਾ ਤਾਂ ਸ਼ੁੱਧ ਰੂਪ ਵਿੱਚ ਸੰਘਾਤਮਕ ਹੈ ਅਤੇ ਨਾ ਹੀ ਏਕਾਤਮਕ। **ਆਸਟਿਨ** ਦੇ ਅਨੁਸਾਰ ਭਾਰਤ ਵਿੱਚ ਜਿਸ ਤਰ੍ਹਾਂ ਦੀ ਸੰਘੀ ਵਿਵਸਥਾ ਅਪਨਾਈ ਗਈ ਹੈ, ਉਸ ਨੂੰ ਉਨ੍ਹਾਂ ਨੇ ਸਰਕਾਰੀ ਜਾਂ ਸਹਿਯੋਗੀ ਸੰਘਵਾਦ ਦਾ ਨਾਮ ਦਿੱਤਾ ਹੈ। ਸਰਕਾਰੀ ਸੰਘਵਾਦ ਦੀ ਵਿਚਾਰਧਾਰਾ ਦਾ ਵਿਕਾਸ ਦੂਸਰੇ ਮਹਾਂ ਯੁੱਧ ਤੋਂ ਬਾਅਦ ਹੋਇਆ ਹੈ। ਜਦ ਕਿ ਇਸ ਦੀਆਂ ਜੜ੍ਹਾਂ ਪਹਿਲਾਂ ਤੋਂ ਮੌਜੂਦ ਸਨ। ਭਾਰਤ ਦੀ ਸੰਵਿਧਾਨ ਸਭਾ ਪਹਿਲੀ ਸਭਾ ਹੈ, ਜਿਸ ਨੇ ਇਸ ਵਿਚਾਰਧਾਰਾ ਨੂੰ ਅਪਨਾਇਆ ਹੈ। **ਮਾਰਿਸ ਜੋਨਸ** ਨੇ ਭਾਰਤ ਦੀ ਸੰਘਵਾਦ ਦੀ ਵਿਵਸਥਾ ਨੂੰ ਸੌਦੇਬਾਜ਼ੀ ਦਾ ਸੰਘਵਾਦ ਕਿਹਾ ਹੈ। ਉਨ੍ਹਾਂ ਅਨੁਸਾਰ ਇਹ ਸਹਿਕਾਰੀ ਸੰਘਵਾਦ ਦਾ ਰੂਪ ਹੈ।

**ਸਹਿਕਾਰੀ ਸੰਘਵਾਦ ਦਾ ਅਰਥ** (Meaning of Co-operative Federalism)– **ਆਸਟਿਨ** (Austin) ਦਾ ਕਹਿਣਾ ਹੈ, "ਸਹਿਕਾਰੀ ਸੰਘਵਾਦ ਇਕ ਅਜਿਹੀ ਵਿਵਸਥਾ ਹੈ, ਜਿਸ ਵਿੱਚ ਕੇਂਦਰੀ ਸਰਕਾਰ ਸ਼ਕਤੀਸ਼ਾਲੀ ਹੁੰਦੀ ਹੈ ਪਰ ਰਾਜ ਸਰਕਾਰਾਂ ਵੀ ਆਪਣੇ-ਆਪਣੇ ਖੇਤਰ ਵਿੱਚ ਕਮਜ਼ੋਰ ਨਹੀਂ ਹੁੰਦੀਆਂ। ("Co-operative federalism produces a strong Central Government, yet it not necessarily results in weak provincial governments.") ਸਹਿਕਾਰੀ ਸੰਘਵਾਦ ਦੀ ਇਕ ਮੁੱਖ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਸੰਘ ਅਤੇ ਰਾਜ ਸਰਕਾਰਾਂ ਇਕ-ਦੂਸਰੇ ਦੀਆਂ ਪੂਰਕ ਹੁੰਦੀਆਂ ਹਨ ਅਤੇ ਦੋਵੇਂ ਇਕ-ਦੂਸਰੇ 'ਤੇ ਨਿਰਭਰ ਕਰਦੀਆਂ ਹਨ। ਸੰਘ ਅਤੇ ਰਾਜ ਸਰਕਾਰਾਂ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਰਾਸ਼ਟਰ ਦੇ ਸਧਾਰਣ ਲੱਛਣਾਂ ਦੀ ਪ੍ਰਾਪਤੀ ਲਈ ਕਰਦੇ ਹਨ। ਸਹਿਕਾਰੀ ਸੰਘਵਾਦ ਵਿੱਚ ਕੇਂਦਰ ਅਤੇ ਰਾਜ ਇਕ-ਦੂਸਰੇ ਦੇ ਸੰਘਰਸ਼ਾਂ ਵਿੱਚ ਨਾਂਹ ਫੜ੍ਹ ਕੇ ਜਨਤਾ ਦੀ ਸੇਵਾ ਕਰਨ ਵਾਲੀ ਸੰਸਥਾ ਮੰਗਦੇ ਹਨ। ਇਸ ਵਿੱਚ ਸੰਘ ਅਤੇ ਰਾਜਾਂ ਵਿੱਚ ਪ੍ਰਸ਼ਾਸਨ 'ਚ ਸਹਿਯੋਗ, ਨੀਤੀਆਂ ਦਾ ਸਮਨਵਯ ਅਤੇ ਸੰਪੂਰਨ ਰਾਸ਼ਟਰ ਦੀ ਆਮਦਨ ਅਤੇ ਪ੍ਰਕਿਰਤਿਕ ਸਾਧਨਾਂ ਦੀ ਵੰਡ ਆਸਾਨ ਹੋ ਜਾਂਦੀ ਹੈ। ਸਹਿਕਾਰੀ ਸੰਘਵਾਦ ਇਕ ਅਜਿਹੀ ਵਿਵਸਥਾ ਹੈ, ਜਿਸ ਵਿੱਚ ਕੇਂਦਰ ਅਤੇ ਪ੍ਰਾਂਤਾਂ ਦਾ ਲੱਛਣ ਜਨ ਕਲਿਆਣ ਹੁੰਦਾ ਹੈ, ਉਹ ਆਪਸ ਵਿੱਚ ਟਕਰਾਅ ਦੀ ਨੀਤੀ ਨੂੰ ਛੱਡ ਕੇ ਸਹਿਯੋਗ ਦੀ ਨੀਤੀ ਅਪਣਾਉਂਦੇ ਹਨ। ਇਸ ਤਰ੍ਹਾਂ ਨਾਲ ਇਸ ਵਿਵਸਥਾ ਅਧੀਨ ਕੇਂਦਰੀ ਸਰਕਾਰ ਅਤੇ ਪ੍ਰਾਂਤੀ ਸਰਕਾਰਾਂ ਦੀ ਸਾਂਝੇਦਾਰੀ ਹੁੰਦੀ ਹੈ। ਇਸ ਅਧਾਰ 'ਤੇ ਅਸੀਂ ਸਹਿਕਾਰੀ ਸੰਘਵਾਦ ਨੂੰ ਕੇਂਦਰੀਕਰਨ (Centralisation) ਅਤੇ ਵਿਕੇਂਦਰੀਕਰਨ (De-centralisation) ਦੇ ਵਿਚਕਾਰਲੀ ਸਥਿਤੀ ਕਹਿ ਸਕਦੇ ਹਾਂ।

ਨੋਟ

ਸੰਸਾਰ ਦੇ ਕਿਸੇ ਵੀ ਰਾਜ ਵਿੱਚ ਸ਼ੁੱਧ ਸੰਘਵਾਦ ਦਾ ਰੂਪ ਦਿਖਾਈ ਨਹੀਂ ਦਿੰਦਾ। ਅਮਰੀਕਾ, ਸਵਿਟਜ਼ਰਲੈਂਡ, ਆਸਟ੍ਰੇਲੀਆ ਆਦਿ ਰਾਜਾਂ ਦੇ ਸੰਵਿਧਾਨਾਂ ਵਿੱਚ ਸਹਿਕਾਰੀ ਸੰਘਵਾਦ ਦੇ ਕੁਝ ਲੱਛਣ ਸਪੱਸ਼ਟ ਦਿਖਾਈ ਦਿੰਦੇ ਹਨ।

### ਭਾਰਤੀ ਸੰਵਿਧਾਨ ਵਿੱਚ ਸਹਿਕਾਰੀ ਸੰਘਵਾਦ ਦੇ ਤੱਤ (Elements of Co-operative Federalism in Indian Constitution)

ਭਾਰਤੀ ਸੰਘਵਾਦ ਨੂੰ ਸਹਿਕਾਰੀ ਸੰਘਵਾਦ ਦੀ ਸੰਗਿਆ ਦੇਣਾ ਨਿਆ ਸੰਗਤ ਹੈ, ਕਿਉਂਕਿ ਕੁਝ ਅਪਵਾਦਾਂ ਨੂੰ ਛੱਡ ਕੇ ਬਾਕੀ ਸਾਰੇ ਸੰਘਵਾਦ ਦੀਆਂ ਵਿਸ਼ੇਸ਼ਤਾਵਾਂ ਭਾਰਤੀ ਸੰਘੀ ਪੱਦਤੀ ਵਿੱਚ ਪਾਈਆਂ ਜਾਂਦੀਆਂ ਹਨ। **ਪ੍ਰੋ. ਮਾਰਿਸ ਜੋਨਸ** (Prof. Morris Jones) ਨੇ ਭਾਰਤੀ ਸੰਘਵਾਦ ਨੂੰ ਸੌਦੇਬਾਜ਼ੀ 'ਤੇ ਅਧਾਰਿਤ ਸੰਘਵਾਦ ਕਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਸੰਘੀ ਵਿਵਸਥਾ ਸਹਿਕਾਰੀ ਸੰਘਵਾਦ ਦਾ ਰੂਪ ਹੈ। **ਮਾਰਿਸ ਜੋਨਸ** (Morris Jones) ਦੇ ਅਨੁਸਾਰ, "ਸੰਵਿਧਾਨ ਵਿੱਚ ਕੇਂਦਰ ਅਤੇ ਰਾਜਾਂ ਦੇ ਅਲੱਗ-ਅਲੱਗ ਖੇਤਰ ਨਿਰਧਾਰਿਤ ਕੀਤੇ ਗਏ ਹਨ, ਉਹ ਵਿਵਹਾਰ ਵਿੱਚ ਦੋਵਾਂ ਦਰਮਿਆਨ ਸਹਿਕਾਰੀ ਸੌਦੇਬਾਜ਼ੀ ਦਾ ਸਬੰਧ ਹੈ।" ("Whereas the emphasis in the constitution is on demarcation that of practical relations is on co-operative bargaining.") ਨਵੇਂ ਭਾਰਤੀ ਸੰਵਿਧਾਨ ਵਿੱਚ ਸਹਿਕਾਰੀ ਸੰਘਵਾਦ ਦੇ ਹੇਠ ਲਿਖੇ ਤੱਤ ਪਾਏ ਜਾਂਦੇ ਹਨ।

1. **ਇਕੱਲਾ ਸੰਵਿਧਾਨ** (Single Constitution)- ਭਾਰਤ ਵਿੱਚ ਪ੍ਰਾਂਤਾਂ ਦੇ ਅਲੱਗ-ਅਲੱਗ ਸੰਵਿਧਾਨ ਨਹੀਂ ਹਨ। ਜੰਮੂ-ਕਸ਼ਮੀਰ ਨੂੰ ਛੱਡ ਕੇ ਬਾਕੀ ਸਾਰੇ ਪ੍ਰਾਂਤਾਂ ਵਿੱਚ ਭਾਰਤ ਦਾ ਸੰਵਿਧਾਨ ਇਕ ਹੀ ਹੈ। ਇਸ ਤਰ੍ਹਾਂ ਸਾਰੇ ਪ੍ਰਾਂਤਾਂ ਦੀਆਂ ਸਮਾਜਿਕ, ਆਰਥਿਕ ਅਤੇ ਸੰਸਕ੍ਰਿਤਿਕ ਅਵਸਥਾਵਾਂ ਵੱਖ—ਵੱਖ ਹੁੰਦੇ ਹੋਏ ਵੀ ਸਾਰੇ ਪ੍ਰਾਂਤਾਂ ਅਤੇ ਭਾਰਤ ਲਈ ਇਕ ਹੀ ਸੰਵਿਧਾਨ ਦਾ ਨਿਰਮਾਣ ਕਰਨਾ ਸਹਿਕਾਰੀ ਸੰਘਵਾਦ ਦੀ ਇਕ ਉਦਾਹਰਣ ਹੈ।

2. **ਇਕੱਲੀ ਨਾਗਰਿਕਤਾ** (Single Citizenship)-ਸੰਘਾਤਮਕ ਦੇਸ਼ਾਂ ਵਿੱਚ ਨਾਗਰਿਕਾਂ ਨੂੰ ਦੋਹਰੀ ਨਾਗਰਿਕਤਾ ਪ੍ਰਦਾਨ ਕੀਤੀ ਜਾਂਦੀ ਹੈ। ਜਿਵੇਂ-ਅਮਰੀਕਾ ਵਿੱਚ ਨਾਗਰਿਕਾਂ ਨੂੰ ਦੋਹਰੀ ਨਾਗਰਿਕਤਾ ਪ੍ਰਦਾਨ ਕੀਤੀ ਗਈ ਹੈ, ਉਹ ਆਪਣੇ ਰਾਜ ਦੇ ਨਾਗਰਿਕ ਅਖਵਾਉਂਦੇ ਹਨ ਅਤੇ ਸਾਰੇ ਦੇਸ਼ ਦੇ ਵੀ। ਪਰ ਭਾਰਤ ਵਿੱਚ ਇੰਗਲੈਂਡ ਵਾਂਗ ਲੋਕਾਂ ਨੂੰ ਇਕ ਹੀ ਨਾਗਰਿਕਤਾ ਪ੍ਰਦਾਨ ਕੀਤੀ ਗਈ ਹੈ। ਇਕੱਲੀ ਨਾਗਰਿਕਤਾ ਕੇਂਦਰ ਅਤੇ ਪ੍ਰਾਂਤਾਂ ਵਿੱਚ ਟਕਰਾਅ ਨੂੰ ਹੀ ਖਤਮ ਨਹੀਂ ਕਰਦੀ, ਸਗੋਂ ਇਸ ਵਿੱਚ ਆਪਸੀ ਸਹਿਯੋਗ ਨੂੰ ਵੀ ਵਿਕਸਿਤ ਕਰਦੀ ਹੈ।

3. **ਇਕੱਲੀ ਨਿਆ ਵਿਵਸਥਾ** (Single Judicial System)- ਸੰਘੀ ਵਿਵਸਥਾ ਵਿੱਚ ਸਿਰਫ ਦੋਹਰੀ ਨਿਆ ਵਿਵਸਥਾ ਨੂੰ ਅਪਣਾਇਆ ਜਾਂਦਾ ਹੈ, ਜਿਵੇਂ-ਅਮਰੀਕਾ ਵਿੱਚ ਸੰਘ ਸਰਕਾਰ ਦੀ ਅਲੱਗ ਅਤੇ ਰਾਜ ਸਰਕਾਰਾਂ ਦੀ ਅਲੱਗ ਨਿਆਇਕ ਵਿਵਸਥਾ ਹੈ ਪਰ ਭਾਰਤ ਵਿੱਚ ਸੰਗਠਿਤ ਇਕੱਲੀ ਨਿਆ ਪ੍ਰਣਾਲੀ ਹੈ। ਭਾਰਤ ਵਿੱਚ ਉੱਚ ਵਿਵਸਥਾ ਦੇ ਸਿਖਰ 'ਤੇ ਉਚਤਮ-ਨਿਊਨਤਮ ਨੂੰ ਸਥਾਪਿਤ ਕੀਤਾ ਗਿਆ ਹੈ। ਪ੍ਰਾਂਤਾਂ ਲਈ ਉੱਚ ਅਦਾਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ ਜੋ ਕਿ ਸਰਵਉੱਚ ਅਦਾਲਤ ਅਧੀਨ ਕੰਮ ਕਰਦੇ ਹਨ। ਇਕੱਲੀ ਨਿਆ ਵਿਵਸਥਾ ਭਾਰਤ ਵਿੱਚ ਸਹਿਕਾਰੀ ਸੰਘਵਾਦ ਦਾ ਪ੍ਰਤੀਕ ਮੰਨੀ ਜਾਂਦੀ ਹੈ।

4. **ਰਾਜਪਾਲ ਦਾ ਅਹੁਦਾ** (The Office of the Governor)- ਭਾਰਤ ਵਿੱਚ ਪ੍ਰਾਂਤਾਂ ਦੇ ਰਾਜਪਾਲਾਂ ਦੀ ਨਿਯੁਕਤੀ ਕੇਂਦਰੀ ਸਰਕਾਰ ਦੀ ਸਲਾਹ ਅਨੁਸਾਰ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ। ਰਾਜਪਾਲ ਕੇਂਦਰ ਸਰਕਾਰ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਅਤੇ ਪ੍ਰਾਂਤ ਦੇ ਸੰਵਿਧਾਨ ਪ੍ਰਧਾਨ ਦੇ ਰੂਪ ਵਿੱਚ ਕੰਮ ਕਰਦਾ ਹੈ। ਰਾਜਪਾਲ ਸ਼ਾਂਤੀ ਕਾਲੀਨ ਸਥਿਤੀ ਵਿੱਚ ਨਾਮਾਤਰ ਦਾ ਪ੍ਰਧਾਨ ਹੁੰਦਾ ਹੈ। ਪਰ ਸੰਕਟਕਾਲੀਨ ਸਥਿਤੀ ਵਿੱਚ ਅਸਲੀ ਪ੍ਰਧਾਨ ਬਣ ਜਾਂਦਾ ਹੈ। ਰਾਜ ਸੰਵਿਧਾਨ ਸਥਿਤੀ ਦੇ ਅਸਫਲ ਹੋਣ ਦੀ ਸੂਚਨਾ ਰਾਸ਼ਟਰਪਤੀ ਨੂੰ ਭੇਜਦਾ ਹੈ। ਇਸ ਤਰ੍ਹਾਂ ਰਾਜਪਾਲ ਦਾ ਅਹੁਦਾ ਕੇਂਦਰ ਅਤੇ ਪ੍ਰਾਂਤ ਵਿੱਚ ਸਹਿਯੋਗ ਸਥਾਪਿਤ ਕਰਨ ਲਈ ਉਪਯੋਗੀ ਸਿੱਧ ਹੁੰਦਾ ਹੈ।

5. **ਰਾਜਾਂ-ਪ੍ਰਾਂਤਾਂ ਵਿੱਚ ਰਾਸ਼ਟਰਪਤੀ ਸ਼ਾਸਨ** (President's Rule in the States)- ਸੰਵਿਧਾਨ ਵੱਲੋਂ ਪ੍ਰਾਂਤਾਂ ਦਾ ਆਪਣਾ ਅਲੱਗ ਖੇਤਰ ਅਧਿਕਾਰ ਨਿਸ਼ਚਿਤ ਕੀਤਾ ਗਿਆ ਹੈ ਪਰ ਪ੍ਰਾਂਤਾਂ ਦੀ ਸੰਵਿਧਾਨਿਕ ਪੱਦਤੀ ਨੂੰ ਸਫਲ ਬਣਾਉਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੈ। ਕਿਸੇ ਵੀ ਪ੍ਰਾਂਤ ਵਿੱਚ ਸੰਵਿਧਾਨਿਕ ਵਿਵਸਥਾ ਅਸਫਲ ਹੋ ਜਾਣ 'ਤੇ ਉੱਥੋਂ ਦਾ ਪ੍ਰਸ਼ਾਸਨ ਕੇਂਦਰੀ ਸਰਕਾਰ ਆਪਣੇ ਹੱਥਾਂ ਵਿੱਚ ਲੈ ਲੈਂਦੀ ਹੈ। ਸੰਵਿਧਾਨ ਦੀ ਇਹ ਵਿਵਸਥਾ ਸਹਿਕਾਰੀ ਸੰਘਵਾਦ ਦਾ ਜ਼ਰੂਰੀ ਤੱਤ ਹੈ।

6. **ਸੰਕਟਕਾਲੀਨ ਘੋਸ਼ਣਾਵਾਂ** (Emergency Proclamations)- ਕੇਂਦਰੀ ਸਰਕਾਰ ਹੀ ਸੰਕਟਕਾਲੀਨ ਘੋਸ਼ਣਾ ਕਰ ਸਕਦੀ ਹੈ। ਧਾਰਾ 352 ਅਧੀਨ ਰਾਸ਼ਟਰਪਤੀ ਬਾਹਰੀ ਹਮਲਿਆਂ ਜਾਂ ਯੁੱਧ ਜਾਂ ਅੰਦਰੂਨੀ ਸ਼ਸਤਰ ਵਿਦਰੋਹ ਹੋ ਜਾਣ ਕਾਰਨ ਸੰਕਟਕਾਲ ਦੀ ਘੋਸ਼ਣਾ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ ਕਿਸੇ ਪ੍ਰਾਂਤ ਜਾਂ ਸਾਰੇ ਭਾਰਤ ਦਾ ਸ਼ਾਸਨ ਰਾਸ਼ਟਰਪਤੀ ਆਪਣੇ ਹੱਥ ਵਿੱਚ ਲੈ ਸਕਦਾ ਹੈ। ਧਾਰਾ 360 ਅਧੀਨ ਰਾਸ਼ਟਰਪਤੀ ਵਿੱਤੀ ਸੰਕਟ ਦਾ ਸਾਹਮਣਾ ਕਰਨ ਲਈ ਵਿੱਤੀ ਸੰਕਟ ਦੀ ਘੋਸ਼ਣਾ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ ਰਾਸ਼ਟਰਪਤੀ ਪ੍ਰਾਂਤੀ ਸਰਕਾਰਾਂ ਨੂੰ ਜ਼ਰੂਰੀ ਨਿਰਦੇਸ਼ ਦੇ ਸਕਦਾ ਹੈ। ਕੇਂਦਰੀ ਸਰਕਾਰ ਅਤੇ ਪ੍ਰਾਂਤੀ ਸਰਕਾਰਾਂ ਮਿਲ ਕੇ ਹੀ ਸੰਕਟਕਾਲ ਦਾ ਸਾਹਮਣਾ ਕਰ ਸਕਦੀਆਂ ਹਨ। ਇਸ ਪੱਦਤੀ ਨੂੰ ਸਹਿਕਾਰੀ ਸੰਘਵਾਦ ਦਾ ਜ਼ਰੂਰੀ ਤੱਤ ਕਿਹਾ ਜਾਂਦਾ ਹੈ।

ਨੋਟ

**7. ਰਾਜਾਂ ਦੇ ਖੇਤਰ ਅਧਿਕਾਰ ਵਿੱਚ ਦਖਲਅੰਦਾਜ਼ੀ** (Interference in States Jurisdiction)– ਸੰਵਿਧਾਨ ਨਾਲ ਰਾਜ ਸੂਚੀ 'ਤੇ ਕਾਨੂੰਨ ਬਣਾਉਣ ਦੀ ਸ਼ਕਤੀ ਪ੍ਰਾਂਤੀ ਵਿਧਾਨ ਮੰਡਲਾਂ ਨੂੰ ਦੇ ਦਿੱਤੀ ਗਈ ਹੈ ਪਰ ਇਸ ਦੇ ਨਾਲ ਹੀ ਇਹ ਹੱਲ ਵੀ ਹੈ ਕਿ ਕੁਝ ਪ੍ਰਸਥਿਤੀਆਂ ਵਿੱਚ ਕੇਂਦਰੀ ਸੰਸਦ ਰਾਜ ਸੂਚੀ ਵਿੱਚ ਅੰਕਿਤ ਵਿਸ਼ਿਆਂ 'ਤੇ ਕਾਨੂੰਨ ਬਣਾ ਸਕਦੀ ਹੈ। ਕੇਂਦਰੀ ਸੰਸਦ ਉਸ ਸਮੇਂ ਅਜਿਹਾ ਕਰਦੀ ਹੈ, ਜਦ ਰਾਜ ਸਭਾ 2 ਤਿਹਾਈ ਬਹੁਮਤ ਨਾਲ ਇਹ ਪ੍ਰਸਤਾਵ ਪਾਸ ਕਰ ਦੇਵੇ ਕਿ ਰਾਜ ਸੂਚੀ ਵਿੱਚ ਦਿੱਤਾ ਗਿਆ ਵਿਸ਼ਾ ਰਾਸ਼ਟਰ ਦੇ ਹਿੱਤ ਵਿੱਚ ਹੈ ਤਾਂ ਕੇਂਦਰੀ ਸੰਸਦ ਉਸ ਵਿਸ਼ੇ 'ਤੇ ਕਾਨੂੰਨ ਬਣਾ ਸਕਦੀ ਹੈ। ਦੋ ਜਾਂ ਦੋ ਤੋਂ ਪ੍ਰਾਂਤਾਂ ਦੇ ਵਿਧਾਨ ਮੰਡਲਾਂ ਵੱਲੋਂ ਬੇਨਤੀ ਕੀਤੇ ਜਾਣ 'ਤੇ ਰਾਜ ਸੂਚੀ ਵਿੱਚ ਵਰਨਣ ਕੀਤੇ ਗਏ ਕਿਸੇ ਵਿਸ਼ੇ 'ਤੇ ਕੇਂਦਰੀ ਸੰਸਦ ਕਾਨੂੰਨ ਬਣਾ ਸਕਦੀ ਹੈ।

**8. ਯੋਜਨਾ ਆਯੋਗ** (Planning Commission)– ਸੰਵਿਧਾਨ ਵੱਲੋਂ ਇਕ ਯੋਜਨਾ ਆਯੋਗ ਦੀ ਵਿਵਸਥਾ ਕੀਤੀ ਗਈ ਹੈ। ਪ੍ਰਧਾਨ ਮੰਤਰੀ ਇਸ ਆਯੋਗ ਦਾ ਪ੍ਰਧਾਨ ਹੁੰਦਾ ਹੈ। ਯੋਜਨਾ ਆਯੋਗ ਕੇਂਦਰ ਅਤੇ ਪ੍ਰਾਂਤਾਂ ਲਈ ਵਿਕਾਸਸ਼ੀਲ ਯੋਜਨਾਵਾਂ ਬਣਾਉਂਦਾ ਹੈ ਅਤੇ ਉਨ੍ਹਾਂ ਨੂੰ ਆਪਣੀ ਮਨਜ਼ੂਰੀ ਪ੍ਰਦਾਨ ਕਰਦਾ ਹੈ। ਯੋਜਨਾ ਆਯੋਗ ਵਧੇਰੇ ਪੱਛੜੇ ਹੋਏ ਖੇਤਰਾਂ ਦੇ ਵਿਕਾਸ ਲਈ ਵਿਸ਼ੇਸ਼ ਧਿਆਨ ਦਿੰਦਾ ਹੈ। ਕੇਂਦਰ ਵੱਲੋਂ ਯੋਜਨਾਵਾਂ ਦੇ ਬਣਾਉਣ ਵਿੱਚ ਪ੍ਰਾਂਤਾਂ ਦਾ ਸਹਿਯੋਗ ਪ੍ਰਾਪਤ ਕਰਨਾ ਭਾਰਤ ਸਹਿਕਾਰੀ ਸੰਘਵਾਦ ਦਾ ਪ੍ਰਤੀਕ ਹੈ।

**9. ਵਿੱਤੀ ਆਯੋਗ** (Finance Commission)– ਸੰਵਿਧਾਨ ਵੱਲੋਂ ਹਰੇਕ 5 ਸਾਲਾਂ ਬਾਅਦ ਰਾਸ਼ਟਰਪਤੀ ਇਕ ਵਿੱਤ ਆਯੋਗ ਨਿਯੁਕਤ ਕਰਦਾ ਹੈ। ਇਹ ਆਯੋਗ ਕੇਂਦਰ ਵੱਲੋਂ ਪ੍ਰਾਂਤਾਂ ਵਿੱਚ ਧਨ ਦੀ ਵੰਡ ਸਬੰਧੀ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਅਜਿਹੀਆਂ ਸਿਫਾਰਿਸ਼ਾਂ ਕਰਦਾ ਹੈ, ਜਿਸ ਦੇ ਫਲਸਰੂਪ ਕੇਂਦਰ ਅਤੇ ਪ੍ਰਾਂਤਾਂ ਵਿੱਚ ਵਿੱਤੀ ਸੰਤੁਲਨ ਬਣਿਆ ਰਹੇ ਤਾਂ ਕਿ ਪ੍ਰਾਂਤਾਂ ਨੂੰ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਜ਼ਰੂਰੀ ਧਨ ਉਪਲੱਬਧ ਹੋ ਸਕੇ।

**10. ਰਾਸ਼ਟਰੀ ਵਿਕਾਸ ਪ੍ਰੀਸ਼ਦ** (National Development Council)– ਦੇਸ਼ ਦੇ ਵਿਕਾਸ ਨੂੰ ਨਿਸ਼ਚਿਤ ਬਣਾਉਣ ਲਈ ਅਤੇ ਪ੍ਰਾਂਤਾਂ ਦਾ ਸਹਿਯੋਗ ਪ੍ਰਾਪਤ ਦੇ ਨਿਸ਼ਾਨੇ ਨਾਲ ਇਕ ਰਾਸ਼ਟਰੀ ਵਿਕਾਸ ਪ੍ਰੀਸ਼ਦ ਦੀ ਸਥਾਪਨਾ ਕੀਤੀ ਗਈ ਹੈ। ਇਸ ਪ੍ਰੀਸ਼ਦ ਵਿੱਚ ਕੇਂਦਰੀ ਮੰਤਰੀ ਮੰਡਲ ਦੇ ਮੈਂਬਰ ਯੋਜਨਾ ਆਯੋਗ ਦੇ ਮੈਂਬਰ ਅਤੇ ਪ੍ਰਾਂਤਾਂ ਦੇ ਮੁੱਖ ਮੰਤਰੀ ਸ਼ਾਮਿਲ ਹੁੰਦੇ ਹਨ। ਇਹ ਪ੍ਰੀਸ਼ਦ ਯੋਜਨਾ ਆਯੋਗ ਦੇ ਫੈਸਲਿਆਂ ਦਾ ਵੀ ਸਮਰਥਨ ਕਰਦੀ ਹੈ। ਰਾਸ਼ਟਰੀ ਵਿਕਾਸ ਪ੍ਰੀਸ਼ਦ ਵਿੱਚ ਭਾਰਤ ਦਾ ਪ੍ਰਧਾਨ ਮੰਤਰੀ ਅਤੇ ਪ੍ਰਾਂਤਾਂ ਵਿੱਚ ਮੁੱਖ ਮੰਤਰੀ ਯੋਜਨਾ ਦੇ ਵੱਖ-ਵੱਖ ਪੱਖਾਂ ਦੀ ਵਿਵਹਾਰਿਕਤਾ 'ਤੇ ਸਲਾਹ-ਮਸ਼ਵਰੇ ਕਰਦੇ ਹਨ। ਇਸ ਤਰ੍ਹਾਂ ਇਹ ਪ੍ਰੀਸ਼ਦ ਕੇਂਦਰ ਅਤੇ ਪ੍ਰਾਂਤਾਂ ਵਿੱਚ ਆਪਸੀ ਸਹਿਯੋਗ ਵਿਕਸਿਤ ਕਰਨ ਦਾ ਇਕ ਸਹਾਇਤ ਸਾਧਨ ਹੈ।

**11. ਅੰਤਰਜਾਤੀ ਪ੍ਰੀਸ਼ਦ** (Inter-State Council)– ਸੰਵਿਧਾਨ ਵੱਲੋਂ ਇਹ ਵੀ ਹੱਲ ਕੀਤਾ ਗਿਆ ਹੈ ਕਿ ਰਾਸ਼ਟਰਪਤੀ ਵੱਲੋਂ ਅੰਤਰਜਾਤੀ ਵਿਵਾਦਾਂ ਨੂੰ ਸੁਲਝਾਉਣ ਲਈ ਅਤੇ ਸਰਵਜਨਕ ਹਿੱਤਾਂ ਲਈ ਅੰਤਰਜਾਤੀ ਪ੍ਰੀਸ਼ਦ ਦੀ ਸਥਾਪਨਾ ਕੀਤੀ ਗਈ ਹੈ। ਇਹ ਪ੍ਰੀਸ਼ਦ ਪ੍ਰਾਂਤਾਂ ਵਿੱਚ ਆਪਸੀ ਸਹਿਯੋਗ ਨੂੰ ਸਥਾਪਿਤ ਕਰਨ ਦਾ ਕੰਮ ਕਰਦੀ ਹੈ ਅਤੇ ਕੇਂਦਰ ਤੇ ਪ੍ਰਾਂਤਾਂ ਵਿੱਚ ਆਪਸੀ ਸਹਿਯੋਗ ਨੂੰ ਸਥਾਪਿਤ ਕਰਨ ਵਿੱਚ ਵੀ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੰਵਿਧਾਨ ਦਾ ਇਹ ਹੱਲ ਭਾਰਤ ਦੇ ਸਹਿਕਾਰੀ ਸੰਘਵਾਦ ਨੂੰ ਦਰਸਾਉਂਦਾ ਹੈ।

**12. ਚੋਣ ਆਯੋਗ** (Election Commission)– ਸੰਵਿਧਾਨ ਵੱਲੋਂ ਸਾਰੇ ਦੇਸ਼ ਲਈ ਇਕ ਹੀ ਚੋਣ ਆਯੋਗ ਹੱਲ ਕੀਤਾ ਗਿਆ ਹੈ। ਇਹੀ ਆਯੋਗ ਕੇਂਦਰ ਅਤੇ ਪ੍ਰਾਂਤਾਂ ਦੀਆਂ ਚੋਣਾਂ ਦਾ ਪ੍ਰਬੰਧ ਕਰਦਾ ਹੈ। ਇਸ ਕਾਰਨ ਕੇਂਦਰ ਅਤੇ ਪ੍ਰਾਂਤਾਂ ਵਿੱਚ ਆਪਸੀ ਸਹਿਯੋਗ ਵਿਕਸਿਤ ਹੁੰਦਾ ਹੈ।

**13. ਅਖਿਲ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ** (All India Administrative Services)– ਭਾਰਤੀ ਪ੍ਰਾਂਤਾਂ ਵਿੱਚ ਉੱਚ ਪ੍ਰਸ਼ਾਸਨਿਕ ਅਹੁਦਿਆਂ 'ਤੇ ਕੰਮ ਕਰਨ ਵਾਲੇ ਅਧਿਕਾਰੀ ਅਖਿਲ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਦੇ ਮੈਂਬਰ ਹੁੰਦੇ ਹਨ। ਇਨ੍ਹਾਂ ਅਧਿਕਾਰੀਆਂ ਦੀ ਨਿਯੁਕਤੀ ਸੰਘੀ ਲੋਕ ਸੇਵਾ ਆਯੋਗ (Union Public Service Commission) ਦੀਆਂ ਸਿਫਾਰਿਸ਼ਾਂ 'ਤੇ ਕੇਂਦਰੀ ਸਰਕਾਰ ਵੱਲੋਂ ਕੀਤੀ ਜਾਂਦੀ ਹੈ ਅਤੇ ਇਹ ਯੋਜਨਾਵਾਂ ਕੇਂਦਰੀ ਸਰਕਾਰ ਅਧੀਨ ਹੁੰਦੀਆਂ ਹਨ ਅਤੇ ਇਨ੍ਹਾਂ ਅਧਿਕਾਰੀਆਂ ਦੀ ਉੱਨਤੀ, ਸੇਵਾਮੁਕਤੀ ਅਤੇ ਹੋਰ ਕਈ ਸੇਵਾ ਸ਼ਰਤਾਂ ਸੰਘੀ ਸਰਕਾਰ ਵੱਲੋਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਹ ਸੇਵਾਵਾਂ ਵੀ ਕੇਂਦਰ ਅਤੇ ਪ੍ਰਾਂਤਾਂ ਵਿੱਚ ਆਪਸੀ ਸਹਿਯੋਗ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

**14. ਖੇਤਰੀ ਪ੍ਰੀਸ਼ਦ** (Zonal Council)– ਸੰਵਿਧਾਨ ਦੀ ਧਾਰਾ 263 ਦੇ ਅਨੁਸਾਰ ਕੇਂਦਰੀ ਸਰਕਾਰ ਦੀ ਇਹ ਜ਼ਿੰਮੇਵਾਰੀ ਘੋਸ਼ਿਤ ਕੀਤੀ ਗਈ ਹੈ ਕਿ ਉਹ ਰਾਜਾਂ ਦੇ ਪ੍ਰਸਪਰ ਮਤਭੇਦਾਂ ਨੂੰ ਖਤਮ ਕਰਨ ਲਈ ਉਨ੍ਹਾਂ ਵਿੱਚ ਸਮਨਵਯ ਸਥਾਪਿਤ ਕਰੇਗੀ। ਕਈ ਵਾਰ ਕੇਂਦਰ ਅਤੇ ਪ੍ਰਾਂਤਾਂ ਵਿੱਚ ਵਿਰੋਧੀ ਦਲਾਂ ਦੀਆਂ ਸਰਕਾਰਾਂ ਹੋਣ 'ਤੇ ਟਕਰਾਅ ਦੀ ਸਥਿਤੀ ਪੈਦਾ ਹੋ ਸਕਦੀ ਹੈ, ਜਿਸ ਕਾਰਨ ਕੇਂਦਰ ਅਤੇ ਪ੍ਰਾਂਤਾਂ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਇਨ੍ਹਾਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਅਤੇ ਕੇਂਦਰ ਤੇ ਪ੍ਰਾਂਤਾਂ ਵਿੱਚ ਆਪਸੀ ਸਹਿਯੋਗ ਸਥਾਪਿਤ ਕਰਨ ਲਈ ਖੇਤਰੀ ਪ੍ਰੀਸ਼ਦਾਂ ਦੀ ਸਥਾਪਨਾ ਕੀਤੀ ਗਈ ਹੈ। ਇਸ ਸਬੰਧ ਵਿੱਚ ਸਮੇਂ-ਸਮੇਂ 'ਤੇ ਕਈ ਸੰਗਠਨਾਂ ਅਤੇ ਪ੍ਰੀਸ਼ਦਾਂ ਨੂੰ ਸਥਾਪਿਤ ਕੀਤਾ ਗਿਆ ਹੈ। ਪ੍ਰਾਂਤਾਂ ਅਤੇ ਕੇਂਦਰ ਦਰਮਿਆਨ ਰਾਜਨੀਤਿਕ, ਆਰਥਿਕ ਅਤੇ ਪ੍ਰਸ਼ਾਸਨਿਕ ਸਹਿਯੋਗ ਨੂੰ ਬੜ੍ਹਾਵਾ ਦੇਣ ਵਿੱਚ ਖੇਤਰੀ ਪ੍ਰੀਸ਼ਦ ਕਾਫੀ ਉਪਯੋਗੀ ਸਿੱਧ ਹੋਈਆਂ ਹਨ।

ਨੋਟ

**ਸਿੱਟਾ** (Conclusion)– ਉਪਯੁਕਤ ਪ੍ਰਧਾਨ ਤੋਂ ਸਾਨੂੰ ਸਾਫ ਸਪੱਸ਼ਟ ਪਤਾ ਲੱਗ ਜਾਂਦਾ ਹੈ ਕਿ ਭਾਰਤ ਵਿੱਚ ਸਹਿਕਾਰੀ ਸੰਘਵਾਦ ਦੀ ਸਥਾਪਨਾ ਕੀਤੀ ਗਈ ਹੈ ਪਰ ਆਲੋਚਕਾਂ ਦੇ ਇਸ ਵਿਚਾਰ ਦਾ ਖੰਡਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੇਂਦਰ ਅਤੇ ਪ੍ਰਾਂਤਾਂ ਦੇ ਆਪਸੀ ਸਬੰਧਾਂ ਦੇ ਅਧਾਰ 'ਤੇ ਭਾਰਤੀ ਸੰਘ ਨੂੰ ਸਹਿਕਾਰੀ ਸੰਘਵਾਦ ਕਹਿਣਾ ਨਿਆ ਸੰਗਤ ਨਹੀਂ ਹੈ। ਕਿਉਂਕਿ ਹਰੇਕ ਖੇਤਰ ਵਿੱਚ ਪ੍ਰਾਂਤਾਂ ਦੀ ਤੁਲਨਾ 'ਚ ਕੇਂਦਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਇਆ ਗਿਆ ਹੈ। ਅਜਿਹੀ ਸਥਿਤੀ ਵਿੱਚ ਭਾਰਤੀ ਪ੍ਰਣਾਲੀ ਨੂੰ ਸਹਿਯੋਗੀ ਸੰਘਵਾਦ (Co-operative Federation) ਦਾ ਨਾਮ ਦੇਣਾ ਨਿਆ ਸੰਗਤ ਪ੍ਰਤੀਤ ਨਹੀਂ ਹੁੰਦਾ। ਭਾਰਤ ਵਿੱਚ ਕੇਂਦਰ ਸਰਕਾਰ ਇੰਨੀ ਵਧੇਰੇ ਸ਼ਕਤੀਸ਼ਾਲੀ ਬਣਦੀ ਜਾ ਰਹੀ ਹੈ ਕਿ ਭਾਰਤ ਨੂੰ ਕੇਂਦਰੀਕਰਨ ਸੰਘਵਾਦ (Centralised Federation) ਅਤੇ ਏਕਾਤਮਕ ਸੰਘਵਾਦ (Unitarian Federation) ਕਿਹਾ ਵਧੇਰੇ ਨਿਆ ਸੰਗਤ ਹੈ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

10. ਯੋਜਨਾ ਆਯੋਗ ਦੀ ਵਿਵਸਥਾ ..................... ਵੱਲੋਂ ਕੀਤੀ ਗਈ ਹੈ।
11. ਭਾਰਤ ਵਿੱਚ ਗਠਿਤ ................... ਨਿਆ ਪ੍ਰਣਾਲੀ ਹੈ।
12. ਭਾਰਤ ਵਿੱਚ ........................ ਵਾਂਗ ਲੋਕਾਂ ਨੂੰ ਇਕ ਹੀ ਨਾਗਰਿਕਤਾ ਪ੍ਰਦਾਨ ਕੀਤੀ ਗਈ ਹੈ।

## 12.6 ਸਾਰ ਅੰਸ਼ (Summary)

- ਭਾਰਤੀ ਸੰਵਿਧਾਨ ਦੀ ਅਨੁਪਮ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਸੰਘਾਤਮਕ ਅਤੇ ਏਕਾਤਮਕ ਦੋਵਾਂ ਤਰ੍ਹਾਂ ਦੇ ਸੰਵਿਧਾਨਾਂ ਦੇ ਗੁਣ ਅਤੇ ਲੱਛਣ ਮੌਜੂਦ ਹਨ।
- ਭਾਰਤੀ ਸੰਵਿਧਾਨ ਵਿੱਚ ਭਾਰਤ ਵਿੱਚ ਨਾ ਤਾਂ ਸੰਘਾਤਮਕ ਅਤੇ ਨਾ ਹੀ ਏਕਾਤਮਕ ਸੰਵਿਧਾਨ ਕਿਹਾ ਗਿਆ ਹੈ ਪਰ ਇਸ ਨੂੰ 'ਰਾਜਾਂ ਦਾ ਸੰਘਵਾਦ' (Union of States) ਕਿਹਾ ਗਿਆ ਹੈ।
- ਭਾਰਤੀ ਸੰਵਿਧਾਨ ਵਿੱਚ ਲੱਗਭਗ ਉਹ ਸਾਰੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ ਜੋ ਕਿ ਇਕ ਸੰਘਾਤਮਕ ਸੰਵਿਧਾਨ, ਜਿਵੇਂ ਕਿ ਅਮਰੀਕਾ ਦੇ ਸੰਵਿਧਾਨ ਵਿੱਚ ਪਾਈਆਂ ਜਾਂਦੀਆਂ ਹਨ।
- ਸੰਘਾਤਮਕ ਸ਼ਾਸਨ ਪ੍ਰਣਾਲੀ ਵਿੱਚ ਰਾਜ ਦਾ ਸੰਵਿਧਾਨ ਕਠੋਰ ਹੁੰਦਾ ਹੈ। ਸੰਵਿਧਾਨ ਇਸ ਲਈ ਕਠੋਰ ਬਣਾਇਆ ਜਾਂਦਾ ਹੈ ਤਾਂ ਕਿ ਕੇਂਦਰ ਜਾਂ ਇਕਾਈਆਂ ਇਸ ਵਿੱਚ ਆਪਣੀ ਇੱਛਾ ਅਨੁਸਾਰ ਮਨਮਰਜ਼ੀ ਢੰਗ ਨਾਲ ਪਰਿਵਰਤਨ ਨਾ ਕਰ ਸਕਣ।
- ਭਾਰਤੀ ਸੰਵਿਧਾਨ ਨੇ ਇਕ ਅਜਿਹੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕੀਤੀ ਹੈ ਜੋ ਨਾ ਤਾਂ ਸ਼ੁੱਧ ਰੂਪ ਵਿੱਚ ਸੰਘਾਤਮਕ ਹੈ ਅਤੇ ਨਾ ਹੀ ਏਕਾਤਮਕ।
- ਸੰਵਿਧਾਨ ਦੀ ਧਾਰਾ 263 ਦੇ ਅਨੁਸਾਰ ਕੇਂਦਰੀ ਸਰਕਾਰ ਦੀ ਜ਼ਿੰਮੇਵਾਰੀ ਘੋਸ਼ਿਤ ਕੀਤੀ ਗਈ ਹੈ ਕਿ ਉਹ ਰਾਜਾਂ ਦੇ ਪ੍ਰਸਪਰ ਮਤਭੇਦਾਂ ਨੂੰ ਖਤਮ ਕਰਨ ਲਈ ਉਨ੍ਹਾਂ ਵਿੱਚ ਸਮਨਵਯ ਸਥਾਪਿਤ ਕਰੇਗੀ।

## 12.7 ਸ਼ਬਦਕੋਸ਼ (Keywords)

- **ਏਕਾਤਮਕ (Unitary)**: ਜੋ ਮਿਲ ਕੇ ਇਕ ਹੋ ਗਿਆ ਹੋਵੇ, ਵੱਖ-ਵੱਖ।
- **ਸੰਘਰਸ਼ (Struggle)**: ਟਕਰਾਅ (ਜਿਵੇਂ ਦੋ ਦਲਾਂ ਵਿੱਚ ਸੰਘਰਸ਼, ਸੰਪ੍ਰਦਾ, ਹੋੜ੍ਹ, ਚੇਸ਼ਠਾ)।

## 12.8 ਅਭਿਆਸ ਪ੍ਰਸ਼ਨ (Review Questions)

1. ਭਾਰਤੀ ਸੰਘਵਾਦ ਤੋਂ ਤੁਸੀਂ ਕੀ ਜਾਣਦੇ ਹਨ।
2. ਭਾਰਤੀ ਸੰਘਵਾਦ ਦੇ ਸਵਰੂਪ ਦੀ ਵਿਆਖਿਆ ਕਰੋ।
3. ਭਾਰਤ ਵਿੱਚ ਸੰਘੀ ਵਿਵਸਥਾ ਦੀਆਂ ਵਿਸ਼ੇਸ਼ਤਾਵਾਂ ਦੱਸੋ।
4. ਭਾਰਤੀ ਕੇਂਦਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਣ ਪਿੱਛੇ ਕੀ ਕਾਰਨ ਹੈ?
5. ਭਾਰਤੀ ਸੰਵਿਧਾਨ ਵਿੱਚ ਸਹਿਕਾਰੀ ਸੰਘਵਾਦ ਦੇ ਤੱਤਾਂ ਦੀ ਵਿਆਖਿਆ ਕਰੋ।

ਨੋਟ

**ਉੱਤਰ : ਸਵ ਮੁਲਾਂਕਣ (Answer : Self Assessment)**

| | |
|---|---|
| 1. ਏਕਾਤਮਕ | 2. 29 |
| 3. ਲਿਖਤੀ | 4. (ਸ) |
| 5. (ਅ) | 6. (ਅ) |
| 7. ਝੂਠ | 8. ਸੱਚ |
| 9. ਸੱਚ | 10. ਸੰਵਿਧਾਨ |
| 11. ਇਕੱਲੀ | 12. ਇੰਗਲੈਂਡ |

## 12.9 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਭਾਰਤੀ ਰਾਜਨੀਤਿਕ ਵਿਵਸਥਾ- ਐੱਨ. ਛਾਬੜਾ।
2. ਭਾਰਤੀ ਰਾਜਨੀਤਿਕ ਪ੍ਰਣਾਲੀ- ਯੂ. ਆਰ. ਘਈ।

# ਇਕਾਈ-13: ਸੰਘ-ਰਾਜ ਸਬੰਧ-ਵਿਧਾਨਕ, ਪ੍ਰਸ਼ਾਸਨਿਕ ਅਤੇ ਵਿੱਤੀ ਰਾਜਨੀਤੀ

# (Centre-States Relations-Legislative, Administrative and Financial Politics)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

13.1 ਸੰਘ ਅਤੇ ਰਾਜਾਂ ਵਿੱਚ ਵਿਧਾਨਕ ਸਬੰਧ (Legislative Relations between the Union and States)

13.1.1 ਸੰਘ ਸੂਚੀ-97 ਵਿਸ਼ਾ (The Union List-97 Subjects)

13.1.2 ਰਾਜ ਸੂਚੀ-66 ਸੂਚੀ (State List-66 Subjects)

13.1.3 ਸਮਵਰਤੀ ਸੂਚੀ-47 ਸੂਚੀ (Concurrent List-47 Subjects)

13.1.4 ਬਾਕੀ ਸ਼ਕਤੀਆਂ (Residuary Powers)

13.2 ਸੰਘ ਅਤੇ ਰਾਜਾਂ ਵਿੱਚ ਪ੍ਰਸ਼ਾਸਨਿਕ ਸਬੰਧ (Administrative Relations between the Union and the States)

13.3 ਸੰਘ ਅਤੇ ਰਾਜਾਂ ਵਿੱਚ ਵਿੱਤੀ ਸਬੰਧ (Financial Relations between the Union and the States)

13.4 ਭਾਰਤੀ ਸੰਘੀ ਪ੍ਰਣਾਲੀ ਦੇ ਤਣਾਅ ਖੇਤਰ (Tension Areas of Indian Federal System Formation)

13.5 ਸੰਘ-ਰਾਜ ਸਬੰਧਾਂ ਦੀ ਪੁਨਰ ਰਚਨਾ ਲਈ ਪ੍ਰਸਤਾਵ (Proposal for Centre-State Re-Formation)

13.6 ਸਰਕਾਰੀਆ ਆਯੋਗ (1983-88) ਦੀਆਂ ਸਿਫਾਰਿਸ਼ਾਂ (The Recommendations of Sarkaria Commission (1983-88))

13.7 ਸਾਰ ਅੰਸ਼ (Summary)

13.8 ਸ਼ਬਦਕੋਸ਼ (Keywords)

13.9 ਅਭਿਆਸ ਪ੍ਰਸ਼ਨ (Review Questions)

13.10 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਆਨ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਲਈ ਯੋਗ ਹੋਣਗੇ :

- ਸੰਘ ਸੂਚੀ ਦੇ ਵੱਖ-ਵੱਖ ਵਿਸ਼ਿਆਂ ਨੂੰ ਜਾਨਣ ਸਬੰਧੀ।

ਨੋਟ

- ਰਾਜ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ ਨੂੰ ਜਾਨਣ ਸਬੰਧੀ।
- ਸਮਵਰਤੀ ਸੂਚੀ ਵਿੱਚ ਕਥਿਤ ਵਿਸ਼ਿਆਂ ਨੂੰ ਜਾਨਣ ਸਬੰਧੀ।
- ਸੰਘ ਅਤੇ ਕੇਂਦਰ ਵਿੱਚ ਸਬੰਧਾਂ ਦਾ ਵਰਨਣ ਕਰਨ ਸਬੰਧੀ।

## ਜਾਣਕਾਰੀ (Introduction)

ਭਾਰਤੀ ਸੰਵਿਧਾਨ ਵੱਲੋਂ ਦੋਹਰੀ ਸ਼ਾਸਨ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ ਜਿਸ ਵਿੱਚ ਸੰਘ ਕੇਂਦਰ ਵਿੱਚ ਅਤੇ ਰਾਜ ਘੇਰੇ ਵਿੱਚ ਮੌਜੂਦ ਹਨ ਅਤੇ ਹਰੇਕ ਨੂੰ ਸੰਵਿਧਾਨ ਵੱਲੋਂ ਨਿਰਧਾਰਿਤ ਵਿਸ਼ਿਆਂ ਦੇ ਸਬੰਧ ਵਿੱਚ ਸੱਤਾ ਇਸਤੇਮਾਲ ਦੀਆਂ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਸੰਵਿਧਾਨ ਵੱਲੋਂ ਸੰਘ ਅਤੇ ਰਾਜਾਂ ਨੂੰ ਦਿੱਤੀਆਂ ਜਾਣ ਵਾਲੀਆਂ ਸ਼ਕਤੀਆਂ ਦੀ ਸਾਫ ਅਤੇ ਸਪੱਸ਼ਟ ਵੰਡ ਕੀਤੀ ਗਈ ਹੈ। ਸੰਵਿਧਾਨ ਦੇ ਦੋ ਭਾਗ XI ਅਤੇ XII (ਅਨੁਛੇਦ 245 ਤੋਂ 263) ਸੰਘ ਅਤੇ ਰਾਜਾਂ ਦੇ ਵਿਚਕਾਰ ਸਬੰਧਾਂ ਦੇ ਨਿਯਤ ਕਰਨਾ ਨੂੰ ਸਮਰਪਿਤ ਹਨ। ਭਾਗ XI ਵਿੱਚ ਭਾਰਤ ਸੰਘ ਦੇ ਇਨ੍ਹਾਂ ਦੋ ਹਿੱਸਿਆਂ ਵਿੱਚ ਵਿਧਾਨਕ ਅਤੇ ਪ੍ਰਸ਼ਾਸਨਿਕ ਸਬੰਧਾਂ ਦੀ ਚਰਚਾ ਕੀਤੀ ਗਈ ਹੈ ਅਤੇ ਭਾਗ XII ਵਿੱਚ ਵਿੱਤੀ ਸਬੰਧਾਂ ਦਾ ਵਰਨਣ ਕੀਤਾ ਗਿਆ। ਅਜਿਹਾ ਵਰਨਣ ਸੰਵਿਧਾਨ ਦੇ ਇਕ ਉਦੇਸ਼ ਦ੍ਰਿੜ ਅਤੇ ਸ਼ਕਤੀਸ਼ਾਲੀ ਕੇਂਦਰ ਨਾਲ ਸੰਘਾਤਮਕ ਵਿਵਸਥਾ ਦੀ ਸਥਾਪਨਾ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਦਾ ਹੈ ਅਤੇ ਇਹ ਰਾਜਾਂ ਦੇ ਸੰਘ ਭਾਰਤ ਦੀ ਪ੍ਰਕਿਰਤੀ ਨੂੰ ਪ੍ਰਗਟ ਕਰਦਾ ਹੈ। ਡੀ. ਐੱਨ. ਬੈਨਰਜੀ ਦੇ ਅਨੁਸਾਰ, "ਸਾਡੇ ਸੰਵਿਧਾਨ ਦੇ ਅਰੰਭਿਕ ਅਧਾਰ ਖੇਤਰਵਾਦ ਅਤੇ ਸਥਾਨਕ ਵਫਾਦਾਰੀ ਦੀਆਂ ਮੰਗਾਂ ਅਤੇ ਏਕਾਤਮਕਤਾ ਦੀ ਜ਼ਰੂਰਤ ਦਰਮਿਆਨ ਸਮਝੌਤਾ ਹੈ। ਇਸੇ ਕਾਰਨ ਸਾਡੇ ਸੰਵਿਧਾਨ ਵਿੱਚ ਸੰਘਵਾਦ ਅਤੇ ਏਕਾਤਮਕਤਾ ਦੋਵਾਂ ਦੀਆਂ ਕੁਝ-ਕੁਝ ਵਿਸ਼ੇਸ਼ਤਾਵਾਂ ਹਨ। ਭਾਰਤੀ ਸੰਵਿਧਾਨ ਨਾ ਤਾਂ ਪੂਰੀ ਤਰ੍ਹਾਂ ਸੰਘੀ ਹੈ ਅਤੇ ਨਾ ਹੀ ਏਕਾਤਮਕ। ਇਸ ਦਾ ਸੁਭਾਅ ਅਰਥ ਸੰਘੀ ਹੈ, ਕਹਿਣ ਦਾ ਭਾਵ ਇਹ ਹੈ ਕਿ ਇਸ ਦਾ ਸਵਰੂਪ ਸੰਘਾਤਮਕ ਹੈ ਪਰ ਕੁਝ ਵਿਸ਼ੇਸ਼ ਸਥਿਤੀਆਂ ਵਿੱਚ ਇਹ ਨਿਸ਼ਚਿਤ ਏਕਾਤਮਕ ਸੁਭਾਅ ਵਾਲਾ ਰਾਜ ਹੈ। ਇਸ ਕਥਨ ਦੀ ਪੁਸ਼ਟੀ ਉਦੋਂ ਹੋ ਜਾਂਦੀ ਹੈ ਜਦੋਂ ਅਸੀਂ ਸੰਘ ਅਤੇ ਰਾਜਾਂ ਦੇ ਵਿਚਕਾਰ ਸ਼ਕਤੀਆਂ ਦੀ ਵੰਡ ਵਿਵਸਥਾ ਅਤੇ ਇਨ੍ਹਾਂ ਦੇ ਵਿਧਾਨਕ, ਪ੍ਰਸ਼ਾਸਨਿਕ ਅਤੇ ਵਿੱਤੀ ਸਬੰਧਾਂ ਦੀ ਪ੍ਰਕਿਰਤੀ ਦਾ ਵਿਸ਼ਲੇਸ਼ਣ ਕਰਦੇ ਹਨ।

## 13.1 ਸੰਘ ਅਤੇ ਰਾਜਾਂ ਵਿੱਚ ਵਿਧਾਨਕ ਸਬੰਧ Legislative Relations between the Union and States)

ਸੰਵਿਧਾਨ ਦੇ ਭਾਗ XI ਵਿੱਚ ਸੰਘ ਅਤੇ ਰਾਜਾਂ ਵਿਚਕਾਰ ਵਿਧਾਨਕ ਸ਼ਕਤੀਆਂ ਦੀ ਵੰਡ ਦਾ ਵਿਸਥਾਰ ਵਰਨਣ ਕੀਤਾ ਗਿਆ ਹੈ। ਅਜਿਹਾ ਕਹਿੰਦੇ ਸਮੇਂ ਅਮਰੀਕੀ ਸੰਵਿਧਾਨ ਦੇ ਅਨੁਸਾਰ ਕੰਮ ਨਹੀਂ ਕੀਤਾ ਗਿਆ। ਅਮਰੀਕੀ ਸੰਘ ਵਿੱਚ ਸੰਵਿਧਾਨ ਸੰਘ ਸਰਕਾਰ ਲਈ ਕੁਝ ਸ਼ਕਤੀਆਂ ਨਿਰਧਾਰਿਤ ਕੀਤੀਆਂ ਗਈਆਂ ਹਨ ਅਤੇ ਬਾਕੀ ਸ਼ਕਤੀਆਂ ਰਾਜਾਂ ਨੂੰ ਦਿੱਤੀਆਂ ਗਈਆਂ ਹਨ। ਇਸ ਦੇ ਉਲਟ ਭਾਰਤੀ ਸੰਵਿਧਾਨ ਕੈਨੇਡਾ ਦੇ ਸੰਵਿਧਾਨ ਦੇ ਰੂਪ ਹਨ। ਕੈਨੇਡਾ ਦੇ ਸੰਵਿਧਾਨ ਦੇ 91ਵੇਂ ਅਨੁਛੇਦ ਵਿੱਚ ਅਲੱਗ-ਅਲੱਗ ਵਿਸ਼ਿਆਂ ਦੀਆਂ ਤਿੰਨ ਹਿੱਸਿਆਂ 31 ਵਿਸ਼ਿਆਂ ਵਾਲੀ ਡੋਮੀਨਿਅਨ ਸੂਚੀ, 16 ਵਿਸ਼ਿਆਂ ਵਾਲੀ ਪ੍ਰਾਂਤੀ ਸੂਚੀ ਅਤੇ 3 ਵਿਸ਼ਿਆਂ ਵਾਲੀ ਸਮਵਰਤੀ ਸੂਚੀ ਵਿੱਚ ਵੰਡਿਆ ਗਿਆ ਹੈ। ਇਸ ਤੋਂ ਇਲਾਵਾ ਇਸ ਸੰਵਿਧਾਨ ਅਨੁਸਾਰ ਬਾਕੀ ਸ਼ਕਤੀਆਂ ਸੰਯੁਕਤ ਰਾਜ ਅਮਰੀਕਾ, ਆਸਟ੍ਰੇਲੀਆ, ਸਵਿਟਜ਼ਰਲੈਂਡ ਅਤੇ ਜਰਮਨੀ ਦੇ ਸੰਵਿਧਾਨਾਂ ਦੇ ਉਲਟ ਕੇਂਦਰ ਨੂੰ ਸੌਂਪੀਆਂ ਗਈਆਂ। ਭਾਰਤੀ ਸੰਵਿਧਾਨ ਵਿੱਚ ਵੀ ਅੱਲਗ-ਅਲੱਗ ਵਿਸ਼ਿਆਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ ਹੈ: ਜੋ ਇਸ ਤਰ੍ਹਾਂ ਹੈ-

*I.* ਸੰਘੀ ਸੂਚੀ, ਇਸ ਵਿੱਚ 97 ਵਿਸ਼ੇ ਹਨ ਜਿਨ੍ਹਾਂ 'ਤੇ ਸੰਘੀ ਸੰਸਦ ਕਾਨੂੰਨ ਬਣਾ ਸਕਦੀ ਹੈ।

*II.* ਰਾਜ ਸੂਚੀ, ਇਸ ਵਿੱਚ 66 ਵਿਸ਼ੇ ਹਨ ਜਿਨ੍ਹਾਂ 'ਤੇ ਰਾਜ ਵਿਧਾਨ ਸਭਾਵਾਂ ਕਾਨੂੰਨ ਬਣਾ ਸਕਦੀਆਂ ਹਨ।

*III.* ਸਮਵਰਤੀ ਸੂਚੀ, ਇਸ ਵਿੱਚ 47 ਵਿਸ਼ੇ ਹਨ ਜਿਨ੍ਹਾਂ 'ਤੇ ਸੰਘ ਅਤੇ ਰਾਜ ਦੋਵੇਂ ਹੀ ਕਾਨੂੰਨ ਬਣਾ ਸਕਦੇ ਹਨ।

*IV.* ਬਾਕੀ ਸ਼ਕਤੀਆਂ (Residuary Powers) ਅਤੇ ਇਨ੍ਹਾਂ ਤਿੰਨਾਂ ਸੂਚੀਆਂ ਤੋਂ ਇਲਾਵਾ ਹੋਰ ਵਿਸ਼ੇਸ਼ ਕੇਂਦਰਾਂ ਨੂੰ ਸੌਂਪੇ ਗਏ ਹਨ।

*ਨੋਟਸ* ਸੰਘੀ ਸੂਚੀ ਸੂਚੀਆਂ ਤੋਂ ਵੱਡੀ ਹੈ ਇਸ ਵਿੱਚ 97 ਵਿਸ਼ੇ ਸ਼ਾਮਿਲ ਹਨ ਜਿਨ੍ਹਾਂ 'ਤੇ ਸੰਘੀ ਸੰਸਦ ਸੰਵਿਧਾਨ ਵੱਲੋਂ ਨਿਸ਼ਚਿਤ ਪ੍ਰਕਿਰਿਆ ਅਨੁਸਾਰ ਪਾਸ ਕਰ ਸਕਦੀ ਹੈ।

ਨੋਟ

### 13.1.1 ਸੰਘ ਸੂਚੀ-97 ਵਿਸ਼ਾ (The Union List-97 Subjects)

ਸੰਘੀ ਸੂਚੀ ਵਿੱਚ ਇਸ ਸਮੇਂ ਪ੍ਰਭਾਵੀ ਰੂਪ ਵਿੱਚ 98 ਵਿਸ਼ੇ ਸ਼ਾਮਿਲ ਹਨ। 7ਵੀਂ ਸੋਧ ਨਾਲ ਵਿਸ਼ੇ 33 ਨੂੰ ਹਟਾ ਦਿੱਤਾ ਗਿਆ ਸੀ, ਪਰ 6ਵੀਂ ਸੋਧ ਨਾਲ ਇਕ ਹੋਰ ਨਵਾਂ ਵਿਸ਼ਾ 92-ਏ ਅਤੇ 42ਵੀਂ ਸੋਧ ਨਾਲ ਇਕ ਹੋਰ ਵਿਸ਼ਾ 2-ਏ ਸੰਘੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਸੀ। ਇਸ ਤਰ੍ਹਾਂ ਕੁੱਲ ਮਿਲਾ ਕੇ ਸੰਘੀ ਸੂਚੀ ਵਿੱਚ 98 ਪ੍ਰਭਾਵੀ ਵਿਸ਼ੇ ਹਨ।

ਸੰਘੀ ਸੂਚੀ ਦੇ ਮੁੱਖ ਵਿਸ਼ੇ ਹਨ : ਸੁਰੱਖਿਆ, ਵਿਦੇਸ਼ੀ ਮਾਮਲੇ, ਮੁੱਦਰਾ ਅਤੇ ਸਿੱਕਾ, ਯੁੱਧ ਅਤੇ ਸ਼ਾਂਤੀ, ਪ੍ਰਮਾਣੂ ਊਰਜਾ, ਰਾਸ਼ਟਰੀ ਸਰੋਤ, ਨਿਵਾਰਕ ਨਜ਼ਰਬੰਦੀ, ਰੇਲਵੇ, ਡਾਕ ਅਤੇ ਤਾਰ, ਨਾਗਰਿਕਤਾ, ਹਵਾਈ ਜਹਾਜ਼ ਅਤੇ ਸਮੁੰਦਰੀ ਆਵਾਜਾਈ, ਵਿਦੇਸ਼ੀ ਵਪਾਰ, ਅੰਤਰਰਾਜੀ ਵਪਾਰ ਅਤੇ ਕਾਰੋਬਾਰ, ਬੈਂਕਿੰਗ, ਬੀਮਾ, ਰਾਸ਼ਟਰੀ ਰਾਜ ਮਾਰਗ, ਅਧਿਕਾਰ ਪੱਤਰ ਅਤੇ ਸੁਰੱਖਿਆ ਅਧਿਕਾਰ, ਜਨਗਣਨਾ, ਚੋਣਾਂ, ਉੱਚ ਸਿੱਖਿਆ ਦੀਆਂ ਸੰਸਥਾਵਾ ਆਦਿ। ਸੰਘੀ ਸੰਸਦ ਕੋਲ ਇਨ੍ਹਾਂ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦੀਆਂ ਸ਼ਕਤੀਆਂ ਹਨ, ਅਨੁਛੇਦ 246 ਵਿੱਚ ਸਪੱਸ਼ਟ ਲਿਖਿਆ ਗਿਆ ਹੈ ਕਿ ਸੰਘੀ ਸੰਸਦ ਕੋਲ ਹੀ 7ਵੀਂ ਅਨੁਸੂਚੀ ਦੀ ਪਹਿਲੀ ਸੂਚੀ (ਸੰਘੀ ਸੂਚੀ) ਵਿੱਚ ਦਰਜ ਸਾਰੇ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦੀ ਪੂਰੀ ਸ਼ਕਤੀ ਹੈ।

### 13.1.2 ਰਾਜ ਸੂਚੀ-66 ਸੂਚੀ (State List-66 Subjects)

ਰਾਜ ਸੂਚੀ ਵਿੱਚ ਉਨ੍ਹਾਂ ਵਿਸ਼ਿਆਂ ਦਾ ਵਰਨਣ ਕੀਤਾ ਗਿਆ ਹੈ ਜਿਨ੍ਹਾਂ 'ਤੇ ਹਰੇਕ ਰਾਜ ਦੀ ਵਿਧਾਨ ਪਾਲਿਕਾ ਬਣਾ ਸਕਦੀ ਹੈ ਅਤੇ ਅਜਿਹੇ ਕਾਨੂੰਨ ਸਬੰਧਿਤ ਰਾਜ ਦੇ ਖੇਤਰ ਵਿੱਚ ਲਾਗੂ ਹੁੰਦੇ ਹਨ। ਰਾਜ ਸੂਚੀ ਦੇ ਮੁੱਖ ਵਿਸ਼ੇ ਹਨ: ਸਰਵਜਨਕ ਵਿਵਸਥਾ, ਪੁਲਿਸ ਰਾਜ ਅਦਾਲਤ ਫਰੀ, ਸ਼ਰਾਬ, ਅੰਗਹੀਣਾਂ ਅਤੇ ਬੇਰੋਜ਼ਗਾਰਾਂ ਨੂੰ ਆਰਥਿਕ ਸਹਾਇਤਾ, ਲਾਇਬ੍ਰੇਰੀ, ਸੰਚਾਰ ਸਾਧਨ, ਖੇਤੀ ਪਸ਼ੂ-ਪਾਲਣ, ਪਾਣੀ ਦੀ ਪੂਰਤੀ, ਸਿੰਚਾਈ ਅਤੇ ਨਹਿਰਾਂ, ਮਛਲੀ ਪਾਲਣ, ਸੜਕ ਯਾਤਰਾ ਕਰ ਅਤੇ ਮਾਲ ਕਰ, ਨਿਰਯਾਤ ਕਰ ਆਦਿ। ਕੁਝ ਸਥਿਤੀਆਂ ਵਿੱਚ ਕੁਝ ਅਪਵਾਦਾਂ ਨੂੰ ਛੱਡ ਕੇ ਹਰੇਕ ਰਾਜ ਵਿਧਾਨ ਪਾਲਿਕਾ ਕੋਲ ਸੱਤਵੀਂ ਅਨੁਸੂਚੀ ਦੀ ਸੂਚੀ II (ਰਾਜ ਰੂਪ ਵਿੱਚ 66 ਵਿਸ਼ੇ ਸ਼ਾਮਿਲ ਹਨ) ਸੱਤਵੀਂ ਸੋਧ ਨਾਲ ਵਿਸ਼ੇ 36 ਨੂੰ ਹਟਾ ਦਿੱਤਾ ਗਿਆ ਸੀ ਅਤੇ ਸੰਵਿਧਾਨ ਦੀ 42ਵੀਂ ਸੋਧ ਅਨੁਸਾਰ ਵਿਸ਼ੇ 11, 19, 20, ਅਤੇ 29 ਨੂੰ ਇਸ ਸੂਚੀ ਤੋਂ ਹਟਾ ਦਿੱਤਾ ਗਿਆ ਸੀ।

### 13.1.3 ਸਮਵਰਤੀ ਸੂਚੀ-47 ਸੂਚੀ (Concurrent List-47 Subjects)

ਸੰਘੀ ਸੰਸਦ ਅਤੇ ਹੋਰ ਰਾਜ ਵਿਧਾਨ ਪਾਲਿਕਾਵਾਂ ਦੋਵਾਂ ਕੋਲ ਹੀ 7ਵੀਂ ਅਨੁਸੂਚੀ ਦੀ ਸੂਚੀ III ਅਤੇ ਸਮਵਰਤੀ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ ਦੇ ਸਬੰਧ ਵਿੱਚ ਕਾਨੂੰਨ ਬਣਾਉਣ ਦੀ ਸ਼ਕਤੀ ਹੁੰਦੀ ਹੈ। ਇਸ ਸੂਚੀ ਦੇ ਮੁੱਖ ਵਿਸ਼ੇ ਇਸ ਤਰ੍ਹਾਂ ਹਨ: ਫੌਜਦਾਰੀ ਕਾਨੂੰਨ, ਫੌਜਦਾਰੀ ਪ੍ਰਕਿਰਿਆ, ਖੇਤੀ ਵਾਲੀ ਜ਼ਮੀਨ ਤੋਂ ਇਲਾਵਾ ਕਿਸੇ ਹੋਰ ਜ਼ਮੀਨ ਦਾ ਬਦਲਾਅ, ਠੇਕਾ ਵਿਵਸਥਾ, ਸਜ਼ਾ ਯੋਗ ਦੁਰਵਿਹਾਰ, ਨਿਵਾਰਕ ਹਿਰਾਸਤ, ਵਿਆਹ ਤਲਾਕ, ਨੀਲਾਮੀ ਅਤੇ ਦੀਵਾਲੀਆਪਨ, ਟਰੱਸਟੀ, ਨਿਆ ਪ੍ਰਬੰਧ, ਗਵਾਹੀ ਅਤੇ ਸਹੁੰ, ਸਿਵਲ ਪ੍ਰਕਿਰਿਆ, ਅਦਾਲਤ ਦੀ ਮਾਨਹਾਨੀ, ਪਾਗਲਪਨ, ਜਾਨਵਰਾਂ 'ਤੇ ਹੁੰਦੇ ਅੱਤਿਆਚਾਰ ਉੱਪਰ ਰੋਕ, ਜੰਗਲਾਂ, ਜੰਗਲੀ ਜਾਨਵਰਾਂ ਅਤੇ ਪੰਛੀਆਂ ਦੀ ਸੁਰੱਖਿਆ, ਜਨਸੰਖਿਆ 'ਤੇ ਕੰਟਰੋਲ ਅਤੇ ਪਰਿਵਾਰ ਨਿਯੋਜਨ, ਵਪਾਰ ਸੰਘ, ਸਿੱਖਿਆ, ਮਜ਼ਦੂਰ ਭਲਾਈ, ਦੇਸ਼ ਦੀ ਅੰਦਰੂਨੀ ਹਵਾਈ ਜਹਾਜ਼ ਅਤੇ ਸਮੁੰਦਰੀ ਆਵਾਜਾਈ, ਭੋਜਨ ਪਦਾਰਥ, ਕੀਮਤਾਂ 'ਤੇ ਕੰਟਰੋਲ ਸਟਾਮ ਫਰੀ ਆਦਿ। ਸਮਵਰਤੀ ਸੂਚੀ ਵਿੱਚ ਹੁਣ ਅਸਲ ਰੂਪ ਵਿੰਚ 52 ਵਿਸ਼ੇ ਸ਼ਾਮਿਲ ਹਨ ਕਿਉਂਕਿ ਸੰਵਿਧਾਨ ਦੀ 42ਵੀਂ ਸੋਧ ਨਾਲ ਵਿਸ਼ਾ 11-ਏ 17-ਏ, 17-ਬੀ, 20ਏ, ਅਤੇ 33-ਏ ਇਸ ਵਿੱਚ ਸ਼ਾਮਿਲ ਕੀਤੇ ਗਏ।

### 13.1.4 ਬਾਕੀ ਸ਼ਕਤੀਆਂ (Residuary Powers)

ਸੰਵਿਧਾਨ ਦੇ ਅਨੁਛੇਦ 248 ਅਧੀਨ ਕਾਨੂੰਨ ਨਿਰਮਾਣ ਦੀਆਂ ਬਾਕੀ ਸ਼ਕਤੀਆਂ ਸੰਘ ਨੂੰ ਸੌਂਪੀਆਂ ਗਈਆਂ ਹਨ। ਇਸ ਅਨੁਛੇਦ ਦੇ ਅਨੁਸਾਰ,"ਸੰਸਦ ਕੋਲ ਸਮਵਰਤੀ ਸੂਚੀ ਜਾਂ ਰਾਜ ਵਿੱਚ ਸ਼ਾਮਿਲ ਨਾ ਕੀਤੇ ਗਏ ਕਿਸੇ ਵੀ ਮਾਮਲੇ ਨਾਲ ਸਬੰਧਿਤ ਕੋਈ ਵੀ ਕਾਨੂੰਨ ਬਣਾਉਣ ਦਾ ਵਿਸ਼ੇਸ਼ ਅਧਿਕਾਰ ਬਣਾਉਣ ਅਤੇ ਹੋਰ ਕਰ ਲਾਗੂ ਕਰਨਾ ਸ਼ਾਮਿਲ ਹੈ।"

ਇਸ ਤਰ੍ਹਾਂ ਭਾਰਤੀ ਸੰਵਿਧਾਨ ਵਿੱਚ ਸੰਘ ਰਾਜਾਂ ਵਿਚਕਾਰ ਸ਼ਕਤੀਆਂ ਦੀ ਨਿਸ਼ਚਿਤ ਅਤੇ ਸਪੱਸ਼ਟ ਵੰਡ ਕੀਤੀ ਗਈ ਹੈ ਅਤੇ ਅਜਿਹਾ ਕਰਦੇ ਸਮੇਂ ਇਸ ਨੇ ਕੈਨੇਡਾ ਦੇ ਸੰਵਿਧਾਨ ਨੂੰ ਇਕ ਮਾਡਲ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ। ਵਿਧਾਨਕ ਸਬੰਧਾਂ ਦੇ ਸਬੰਧ ਵਿੱਚ ਸੰਘ ਦੀ ਸ੍ਰੇਸ਼ਠ ਸਥਿਤੀ (The Superior Position of the Union in respect of Legislative Relations)

ਸੰਘ ਅਤੇ ਹਰੇਕ ਰਾਜ ਲਈ ਵਿਧਾਨਕ ਸ਼ਕਤੀਆਂ ਵਾਲੇ ਇਕ ਅਲੱਗ ਅਤੇ ਸਵਾਯਤ ਖੇਤਰ ਦੀ ਹੱਦਬੰਦੀ ਕਰਦੇ ਸਮੇਂ ਸ਼ਕਤੀਆਂ ਦੀ ਵੰਡ ਵਿੱਚ ਸੰਵਿਧਾਨ ਵਿੱਚ ਸਪੱਸ਼ਟ ਰੂਪ ਵਿੱਚ ਸੰਘ ਦੇ ਪੱਖ ਵਿੱਚ ਝੁਕਾਅ ਪ੍ਰਤੀਤ ਹੁੰਦਾ ਹੈ। ਕਈ ਵਿਵਸਥਾਵਾਂ ਨਾਲ ਭਾਰਤੀ ਸੰਵਿਧਾਨ ਏਕਾਤਮਕ ਭਾਵਨਾ ਸਿੱਧ ਹੁੰਦੀ ਹੈ। ਹੇਠ ਲਿਖੇ ਤੱਤ ਇਸ ਗੱਲ ਵੱਲ ਸਪੱਸ਼ਟ ਸੰਕੇਤ ਕਰਦੇ ਹਨ ਕਿ ਵਿਧਾਨਕ ਸਬੰਧਾਂ ਦੇ ਘੇਰੇ ਅੰਦਰ ਸੰਘ ਨੂੰ ਜ਼ਿਆਦਾ ਸ਼ਕਤੀਸ਼ਾਲੀ ਅਤੇ ਸ੍ਰੇਸ਼ਠ ਸਥਿਤੀ ਪ੍ਰਾਪਤ ਹੈ।

ਨੋਟ

**1. ਸਭ ਤੋਂ ਵੱਡੀ ਸੰਘੀ ਸੂਚੀ (Longest Union List)**

ਸੰਘੀ ਸੂਚੀ 97 ਵਿਸ਼ਿਆਂ ਵਾਲੀਆਂ ਤਿੰਨ ਸੂਚੀਆਂ ਵਿੱਚੋਂ ਸਭ ਤੋਂ ਵੱਡੀ ਸੂਚੀ ਹੈ ਜਿਸ ਵਿੱਚ ਪ੍ਰਭਾਵੀ 98 ਵਿਸ਼ੇ ਸ਼ਾਮਿਲ ਹਨ। ਇਸ ਵਿੱਚ ਰਾਸ਼ਟਰੀ ਅਤੇ ਉੱਚ ਮਹੱਤਵ ਦੇ ਸਾਰੇ ਵਿਸ਼ੇ ਸ਼ਾਮਿਲ ਹਨ।

**2. ਸਮਵਰਤੀ ਵਿਸ਼ਿਆਂ ਦੇ ਸਬੰਧ ਵਿੱਚ ਸੰਘੀ ਕਾਨੂੰਨਾਂ ਨੂੰ ਰਾਜ ਕਾਨੂੰਨ ਤੋਂ ਜ਼ਿਆਦਾ ਪਹਿਲ** (Primacy of the Union Laws over State Laws in respect of Concurrent Subjects): ਸੰਘੀ ਸੰਸਦ ਅਤੇ ਹਰੇਕ ਰਾਜ ਵਿਧਾਨ ਸਭਾ ਸਮਵਰਤੀ ਸੂਚੀ ਦੇ ਵਿਸ਼ਿਆਂ 'ਤੇ ਕਾਨੂੰਨ ਬਣਾ ਸਕਦੀ ਹੈ ਪਰ ਕਿਸੇ ਸਮਵਰਤੀ ਵਿਸ਼ੇ 'ਤੇ ਸੰਘ ਦੇ ਇਕ ਕਾਨੂੰਨ ਅਤੇ ਕਿਸੇ ਰਾਜ ਦੇ ਇਕ ਕਾਨੂੰਨ ਵਿੱਚ ਝਗੜੇ ਪੈਦਾ ਹੋ ਜਾਣ ਦੀ ਸਥਿਤੀ ਵਿੱਚ ਸੰਘ ਦੇ ਕਾਨੂੰਨ ਨੂੰ ਰਾਜ ਕਾਨੂੰਨ ਦੀ ਤੁਲਨਾ ਵਿੱਚ ਪਹਿਲ ਦਿੱਤੀ ਜਾਂਦੀ ਹੈ। ਅਨੁਛੇਦ 254 ਵਿੱਚ ਇਹ ਸਪੱਸ਼ਟ ਦਰਸਾਇਆ ਗਿਆ ਹੈ ਕਿ ਕੇਵਲ ਇਕ ਹੀ ਸਥਿਤੀ ਵਿੱਚ ਇਸ ਸਿਧਾਂਤ ਦੇ ਉਲਟ ਚੱਲਿਆ ਜਾ ਸਕਦਾ ਹੈ, ਉਹ ਇਹ ਹੈ ਕਿ ਜੇਕਰ ਕਿਸੇ ਰਾਜ ਵਿਧਾਨ ਪਾਲਿਕਾ ਵੱਲੋਂ ਕਿਸੇ ਸਮਵਰਤੀ ਵਿਸ਼ੇ ਨਾਲ ਸਬੰਧਿਤ ਕੋਈ ਕਾਨੂੰਨ ਪਾਸ ਕੀਤਾ ਗਿਆ ਹੋਵੇ ਅਤੇ ਅਜਿਹਾ ਕਾਨੂੰਨ ਰਾਸ਼ਟਰਪਤੀ ਦੀ ਸਹਿਮਤੀ ਪ੍ਰਾਪਤ ਕਰਕੇ ਹੀ ਕਾਨੂੰਨ ਬਣਿਆ ਹੋਵੇ ਤਾਂ ਉਸ ਸਥਿਤੀ ਵਿੱਚ ਰਾਜ ਕਾਨੂੰਨ ਵਿਵਹਾਰ ਵਿੱਚ ਲਾਗੂ ਰਹੇਗਾ ਇਹ ਕਾਨੂੰਨ ਜਾਂ ਇਸ ਦਾ ਕੋਈ ਹਿੱਸਾ ਸੰਘ ਦੇ ਕਾਨੂੰਨ ਦੇ ਉਲਟ ਕਿਉਂ ਨਾ ਹੋਵੇ।

ਇੱਥੇ ਇਸ ਗੱਲ ਦੀ ਵਿਵਸਥਾ ਵੀ ਕੀਤੀ ਗਈ ਹੈ ਕਿ ਕੋਈ ਵੀ ਸੱਤਾ ਜਾਂ ਸੰਸਥਾ ਸੰਸਦ ਨੂੰ ਅਜਿਹੇ ਮਾਮਲੇ ਦੇ ਸਬੰਧ ਵਿੱਚ ਕੋਈ ਕਾਨੂੰਨ ਬਣਾਉਣ, ਕਾਨੂੰਨ ਵਿੱਚ ਵਾਧਾ ਕਰਨ ਸੋਧ ਕਰਨ, ਪਰਿਵਰਤਨ ਕਰਨ ਜਾਂ ਰਾਜ ਵਿਧਾਨ ਸਭਾ ਵੱਲੋਂ ਬਣਾਏ ਗਏ ਕਾਨੂੰਨ ਨੂੰ ਖੰਡਿਤ ਕਰਨ ਤੋਂ ਰੋਕ ਨਹੀਂ ਸਕਦੀ। ਇਸ ਤਰ੍ਹਾਂ ਅਸੀਂ ਸਪੱਸ਼ਟ ਰੂਪ ਵਿੱਚ ਇਹ ਕਹਿ ਸਕਦੇ ਹਾਂ ਕਿ ਸਮਵਰਤੀ ਸੂਚੀ ਦੇ ਵਿਸ਼ਿਆਂ ਵਿੱਚ ਸੰਘ ਨੂੰ ਸ੍ਰੇਸ਼ਠਤਾ ਪ੍ਰਾਪਤ ਹੈ।

**3. ਬਾਕੀ ਸ਼ਕਤੀਆਂ ਸੰਘੀ ਸੰਸਦ ਦੇ ਕੋਲ ਹਨ** (Residuary Powers are with Union Parliament): ਸੰਘੀ ਸੂਚੀ ਵਿੱਚ 97 (98) ਵਿਸ਼ੇ ਸ਼ਾਮਿਲ ਕਰਨ ਤੋਂ ਬਾਅਦ ਅਤੇ ਸਮਵਰਤੀ ਵਿਸ਼ਿਆਂ ਦੇ ਸਬੰਧ ਵਿੱਚ ਸੰਘੀ ਕਾਨੂੰਨਾਂ ਨੂੰ ਪਹਿਲ ਦੇਣ ਤੋਂ ਬਾਅਦ ਸੰਵਿਧਾਨ ਵਿੱਚ ਅਨੁਛੇਦ 248 ਦੇ ਅਧੀਨ ਬਾਕੀ ਸ਼ਕਤੀਆਂ/ਵਿਸ਼ੇ ਸੰਘੀ ਸੰਸਦ ਦੇ ਪੂਰਨ ਅਧਿਕਾਰ ਖੇਤਰ ਵਿੱਚ ਸ਼ਾਮਿਲ ਕੀਤੇ ਗਏ ਹਨ।

**4. ਰਾਜ ਸੂਚੀ ਦੇ ਸਬੰਧ ਸੰਘੀ ਸੰਸਦ ਦੇ ਅਧਿਕਾਰ** (Union Parliament's Rights in respect of the Objects of State List): ਹਰੇਕ ਰਾਜ ਵਿਧਾਨਪਾਲਿਕਾ ਨੂੰ ਰਾਜ ਸੂਚੀ ਦੇ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦਾ ਅਧਿਕਾਰ ਹੈ ਪਰ ਇੱਥੇ ਵੀ ਕੁਝ ਅਪਵਾਦ ਹਨ ਜਿਨ੍ਹਾਂ ਦੇ ਅਨੁਸਾਰ ਸੰਸਦ ਨੂੰ ਅਲੱਗ-ਅਲੱਗ ਮਾਮਲਿਆਂ ਵਿੱਚ ਰਾਜ ਸੂਚੀਆਂ ਨਾਲ ਸਬੰਧਿਤ ਕਾਨੂੰਨ ਬਣਾਉਣ ਦੀ ਸ਼ਕਤੀ ਮਿਲ ਜਾਂਦੀ ਹੈ।

(ਕ) **ਰਾਸ਼ਟਰੀ ਹਿੱਤ ਵਿੱਚ ਕੇਂਦਰੀ ਕਾਨੂੰਨ** (Central Legislation in National Interest): ਅਨੁਛੇਦ 249 ਦੇ ਅਧੀਨ ਰਾਜ ਸਭਾ ਆਪਣੇ ਮੌਜੂਦ ਅਤੇ ਮਤਦਾਨ ਕਰ ਰਹੇ ਮੈਂਬਰਾਂ ਦੇ 2/3 ਬਹੁਮਤ ਦੇ ਸਮਰਥਨ ਨਾਲ ਇਕ ਪ੍ਰਸਤਾਵ ਪਾਸ ਕਰਕੇ ਕਿਸੇ ਰਾਜ ਵਿਸ਼ੇ ਨੂੰ ਰਾਸ਼ਟਰੀ ਮਹੱਤਵ ਵਾਲਾ ਵਿਸ਼ਾ ਘੋਸ਼ਿਤ ਕਰ ਸਕਦੀ ਹੈ। ਅਜਿਹੀ ਸਥਿਤੀ ਵਿੱਚ ਸੰਘੀ ਸੰਸਦ ਨੂੰ ਇਸ ਵਿਸ਼ੇ 'ਤੇ ਕਾਨੂੰਨ ਬਣਾਉਣ ਲਈ ਇਕ ਸਾਲ ਦੇ ਸਮੇਂ ਲਈ ਸ਼ਕਤੀ ਮਿਲ ਜਾਂਦੀ ਹੈ। ਰਾਜ ਸਭਾ ਪ੍ਰਸਤਾਵ ਵਾਰ-ਵਾਰ ਪਾਸ ਕਰ ਸਕਦੀ ਹੈ ਅਤੇ ਕਿਸੇ ਰਾਜ ਵਿਸ਼ੇ ਨਾਲ ਸਬੰਧਿਤ ਸੰਸਦ ਦੀ ਕਾਨੂੰਨ ਨਿਰਮਾਣ ਦੀਆਂ ਸ਼ਕਤੀਆਂ ਵਿੱਚ ਵਾਧਾ ਕਰ ਸਕਦੀ ਹੈ। ਅਜਿਹਾ ਸੰਘ ਦਾ ਕਾਨੂੰਨ ਰਾਜ ਸਭਾ ਦੇ ਪ੍ਰਸਤਾਵ ਦਾ ਸਮਾਂ ਖਤਮ ਹੋਣ ਤੋਂ ਬਾਅਦ ਛੇ ਮਹੀਨੇ ਦੇ ਸਮੇਂ ਲਈ ਲਾਗੂ ਰਹਿ ਸਕਦਾ ਹੈ।

(ਖ) **ਰਾਸ਼ਟਰੀ ਸੰਕਟਕਾਲੀਨ ਸਮੇਂ ਦੌਰਾਨ ਕੇਂਦਰੀ ਕਾਨੂੰਨ ਨਿਰਮਾਣ** (Central Lesqislation during National Emergency): ਜਦੋਂ ਅਨੁਛੇਦ 352 ਅਧੀਨ ਦੇਸ਼ ਵਿੱਚ ਸੰਕਟਕਾਲ ਸਥਿਤੀ ਦੀ ਘੋਸ਼ਣਾ ਹੋ ਜਾਂਦੀ ਹੈ, ਉਦੋਂ ਸੰਸਦ ਦੋ ਰਾਜ ਸੂਚੀਆਂ ਦੇ ਵਿਸ਼ਿਆਂ 'ਤੇ ਵੀ ਕਾਨੂੰਨ ਬਣਾਉਣ ਦੀ ਸ਼ਕਤੀ ਮਿਲ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਰਾਜ ਸੂਚੀ ਸਮਵਰਤੀ ਸੂਚੀ ਵਿੱਚ ਬਦਲ ਜਾਂਦੀ ਹੈ। ਸੰਕਟਕਾਲ ਦੇ ਸਮੇਂ ਦੌਰਾਨ ਸੰਸਦ ਵੱਲੋਂ ਬਣਾਏ ਗਏ ਕਾਨੂੰਨਾਂ ਨੂੰ ਕਿਸੇ ਰਾਜ ਵਿਧਾਨ ਪਾਲਿਕਾ ਵੱਲੋਂ ਬਣਾਏ ਗਏ ਕਾਨੂੰਨ ਦੇ ਮੁਕਾਬਲੇ ਪਹਿਲ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਕਿਸੇ ਵਿਸ਼ੇ 'ਤੇ ਨਿਰਮਿਤ ਸੰਘੀ ਕਾਨੂੰਨ ਸੰਕਟਕਾਲ ਸਮੇਂ ਖਤਮ ਹੋਣ ਤੋਂ ਬਾਅਦ ਵੀ ਛੇ ਮਹੀਨੇ ਦੇ ਸਮੇਂ ਤੱਕ ਲਾਗੂ ਰਹਿੰਦੇ ਹਨ।

(ਗ) **ਸੰਵਿਧਾਨਿਕ ਸੰਕਟਕਾਲ ਸਮੇਂ ਦੌਰਾਨ ਕੇਂਦਰੀ ਕਾਨੂੰਨ ਨਿਰਮਾਣ** (Central Legislation during a Constitutional Emergency): ਜਦੋਂ ਰਾਸ਼ਟਰਪਤੀ ਅਨੁਛੇਦ 356 ਅਧੀਨ ਕਿਸੇ ਰਾਜ ਜਾਂ ਰਾਜਾਂ ਵਿੱਚ ਸੰਵਿਧਾਨਿਕ ਸੰਕਟਵਾਲ ਦੀ ਸਥਿਤੀ ਘੋਸ਼ਿਤ ਕਰ ਦਿੰਦਾ ਹੈ ਤਾਂ ਰਾਜ ਵਿਧਾਨ ਪਾਲਿਕਾ/ਵਿਧਾਨ ਪਾਲਿਕਾ ਭੰਗ ਜਾਂ ਰੱਦ ਕਰ ਦਿੱਤੀ ਜਾਂਦੀ ਹੈ ਅਤੇ ਸੰਘੀ ਸੰਸਦ ਕੋਲ ਸਬੰਧਿਤ ਰਾਜ/ਰਾਜਾਂ ਦੇ ਸਬੰਧ ਵਿੱਚ ਰਾਜ ਸੂਚੀ ਦੇ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦੀ

**ਨੋਟ**

ਸ਼ਕਤੀ ਆ ਜਾਂਦੀ ਹੈ। ਸੰਸਦ ਚਾਹੇ ਤਾਂ ਉਸ ਰਾਜ ਦੀਆਂ ਵਿਧਾਨਕ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪ ਸਕਦੀ ਹੈ। (ਅਨੁਛੇਦ 375 (1) ਜਾਂ ਇਹ ਸ਼ਕਤੀਆਂ ਕਿਸੇ ਹੋਰ ਅਧਿਕਾਰੀ ਨੂੰ ਸੌਂਪਣ ਦਾ ਅਧਿਕਾਰ ਰਾਸ਼ਟਰਪਤੀ ਨੂੰ ਦੇ ਸਕਦਾ ਹੈ।

*ਕੀ ਤੁਸੀਂ ਜਾਣਦੇ ਹੋ*

ਸੰਸਦ ਜਾਂ ਰਾਸ਼ਟਰਪਤੀ ਜਾਂ ਕਿਸੇ ਹੋਰ ਅਧਿਕਾਰੀ ਵੱਲੋਂ ਸੰਵਿਧਾਨਿਕ ਸੰਕਟਕਾਲ ਦੇ ਸਮੇਂ ਦੌਰਾਨ ਬਣਾਏ ਗਏ ਕਾਨੂੰਨ ਉਦੋਂ ਤੱਕ ਲਾਗੂ ਰਹਿੰਦੇ ਹਨ ਜਦੋਂ ਤੱਕ ਕਿ ਯੋਗ ਵਿਧਾਨ ਪਾਲਿਕਾ ਜਾਂ ਹੋਰ ਅਧਿਕਾਰੀ ਇਨ੍ਹਾਂ ਨੂੰ ਖਤਮ ਜਾਂ ਬਦਲ ਨਹੀਂ ਦਿੰਦਾ ਜਾਂ ਇਨ੍ਹਾਂ ਵਿੱਚ ਕੋਈ ਸੋਧ ਨਹੀਂ ਕਰ ਦਿੰਦਾ।

**(ਘ) ਰਾਸ਼ਟਰਪਤੀ ਦੀ ਸਹਿਮਤੀ ਕੁਝ ਰਾਜ ਬਿੱਲਾਂ ਨੂੰ ਪੇਸ਼ ਕਰਨ ਦੀ ਵਿਵਸਥਾ** (Introduction of some State Bills with Presidential Permission): ਰਾਸ਼ਟਰਪਤੀ ਦੀ ਪੂਰਨ-ਸਹਿਮਤੀ ਨਾਲ ਹੀ ਰਾਜ ਵਿਧਾਨ ਪਾਲਿਕਾ ਵਿੱਚ ਕੁਝ ਵਿਸ਼ੇਸ਼ ਤਰ੍ਹਾਂ ਦੇ ਬਿੱਲਾਂ, ਜਿਵੇਂ ਕਿ ਰਾਜ ਅੰਦਰ ਜਾਂ ਕਿਤੇ ਹੋਰ ਵਪਾਰ ਨਾਲ ਸਬੰਧਿਤ ਬਿੱਲ ਨੂੰ ਪੇਸ਼ ਕੀਤਾ ਜਾ ਸਕਦਾ ਹੈ।

**(ਙ) ਰਾਸ਼ਟਰਪਤੀ ਦੀ ਮਨਜ਼ੂਰੀ ਲਈ ਕੁਝ ਰਾਜ ਬਿੱਲਾਂ ਦੇ ਰਾਖਵੇਂਕਰਨ ਦੀ ਵਿਵਸਥਾ** (Reservation of certain State Bills for Presidential Assent) : ਕੁਝ ਵਿਸ਼ੇਸ਼ ਤਰ੍ਹਾਂ ਦੇ ਬਿੱਲ ਜਿਵੇਂ ਕਿ ਉੱਚ ਅਦਾਲਤ ਦਾ ਅਧਿਕਾਰ ਖੇਤਰ ਅਤੇ ਪ੍ਰਭਾਵ (ਅਨੁਛੇਦ 200), ਸਰਵਜਨਕ ਹਿੱਤ ਵਿੱਚ ਕਿਸੇ ਸੰਪਤੀ ਦਾ ਪ੍ਰਬੰਧ ਕਰਨਾ, ਉਪਯੁਕਤ ਪ੍ਰਬੰਧ ਲਈ ਦੋ ਜਾਂ ਜ਼ਿਆਦਾ ਨਿਗਮਾਂ ਨੂੰ ਜੋੜਨਾ, ਅੰਤਰਰਾਜੀ ਨਦੀ ਜਾਂ ਨਦੀ ਘਾਟੀ ਤੋਂ ਪੈਦਾ ਹੋਣ ਵਾਲੀ ਜਾਂ ਨਿਰਮਿਤ ਕੀਤੀ ਗਈ ਬਿਜਲੀ ਅਤੇ ਪਾਣੀ 'ਤੇ ਲਾਗੂ ਕਰਨਾ ਆਦਿ ਬਿੱਲ ਰਾਜਪਾਲ ਵੱਲੋਂ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਰਾਖਵੇਂ ਰੱਖੇ ਜਾਂਦੇ ਹਨ। ਇੱਥੋਂ ਤੱਕ ਕਿ ਸਮਵਰਤੀ ਸੂਚੀ ਦੇ ਨਾਲ ਸਬੰਧਿਤ ਕੁਝ ਮਾਮਲੇ ਵੀ ਰਾਜਪਾਲ ਵੱਲੋਂ ਰਾਸ਼ਟਰਪਤੀ ਦੀ ਮਨਜ਼ੂਰੀ ਦੇ ਲਈ ਰਾਖਵੇਂ ਰੱਖੇ ਜਾ ਸਕਦੇ ਹਨ। ਰਾਸ਼ਟਰਪਤੀ ਅਜਿਹੀ ਸਥਿਤੀ ਵਿੱਚ ਬਿੱਲ ਨੂੰ ਜਾਂ ਤਾਂ ਮਨਜ਼ੂਰੀ ਦੇ ਸਕਦਾ ਹੈ ਜਾਂ ਰਾਜ ਵਿਧਾਨ ਸਭਾ ਨੂੰ ਪੁਨਰ ਵਿਚਾਰ ਦੇ ਲਈ ਰਾਸ਼ਟਰਪਤੀ ਦੇ ਕੋਲ ਭੇਜਿਆ ਜਾਂਦਾ ਹੈ ਪਰ ਰਾਸ਼ਟਰਪਤੀ ਵੱਲੋਂ ਇਸ ਨੂੰ ਆਪਣੀ ਮਨਜ਼ੂਰੀ ਦੇਣੀ ਜ਼ਰੂਰੀ ਨਹੀਂ ਹੁੰਦੀ। ਰਾਸ਼ਟਰਪਤੀ ਵੱਲੋਂ ਬਿੱਲ ਨੂੰ ਮਨਜ਼ੂਰੀ ਨਾ ਦਿੱਤੇ ਜਾਣ 'ਤੇ ਇਹ ਰੱਦ ਹੋ ਜਾਂਦਾ ਹੈ। ਰਾਸ਼ਟਰਪਤੀ ਅਜਿਹੇ ਬਿੱਲ ਨੂੰ ਨਾਮਨਜ਼ੂਰ ਉਦੋਂ ਕਰਦਾ ਹੈ ਜਦੋਂ ਰਾਸ਼ਟਰਪਤੀ ਨੂੰ ਲੱਗੇ ਕਿ ਉਸ ਦੇ ਨਿਰਦੇਸ਼ਾਂ ਦਾ ਰਾਜ ਵਿਧਾਨ ਪਾਲਿਕਾ ਵੱਲੋਂ ਪਾਲਣ ਨਹੀਂ ਕੀਤਾ ਗਿਆ। ਇਸ ਪ੍ਰਣਾਲੀ ਅਧੀਨ ਹੀ ਕੇਵਲ ਸਿੱਖਿਆ ਬਿੱਲ, 1959, ਉਦਯੋਗਿਕ ਝਗੜੇ (ਪੱਛਮੀ ਬੰਗਾਲ) ਬਿੱਲ, 1969, ਹਿੰਦੂ ਉਤਰਾਧਿਕਾਰੀ ਬਿੱਲ (ਹਰਿਆਣਾ ਸੋਧ)1979, ਕੇਰਲ ਭੂਮੀ ਸੁਧਾਰ ਦੂਸਰੇ ਸੋਧ ਬਿੱਲ 1980 ਅਤੇ ਕਈ ਹੋਰ ਰਾਜ ਬਿੱਲ ਰੱਦ ਕੀਤੇ ਗਏ ਹਨ।

**(ਚ) ਦੋ ਜਾਂ ਜ਼ਿਆਦਾ ਰਾਜਾਂ ਦੀ ਸੰਪਤੀ ਨਾਲ ਕੇਂਦਰੀ ਕਾਨੂੰਨ ਨਿਰਮਾਣ** (Central Legislation with the consent of two or more States): ਜੇਕਰ ਦੋ ਜਾਂ ਜ਼ਿਆਦਾ ਰਾਜਾਂ ਦੀਆਂ ਵਿਧਾਨ ਪਾਲਿਕਾਵਾਂ ਸੰਘੀ ਸੰਸਦ ਨੂੰ ਰਾਜ ਸੂਚੀ ਦੇ ਕਿਸੇ ਵਿਸ਼ੇ/ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦੀ ਪ੍ਰਾਰਥਨਾ ਕਰਨ ਤਾਂ ਸੰਘੀ ਸੰਸਦ ਉਨ੍ਹਾਂ ਦੇ ਕਾਨੂੰਨ ਨਿਰਮਿਤ ਕਰ ਸਕਦੀ ਹੈ। ਇਸ ਉਦੇਸ਼ ਲਈ ਸਬੰਧਿਤ ਰਾਜ ਵਿਧਾਨ ਪਾਲਿਕਾਵਾਂ ਨੂੰ ਇਕ ਪ੍ਰਸਤਾਵ ਪਾਸ ਕਰਨਾ ਪੈਂਦਾ ਹੈ। ਇਕ ਵਾਰ ਸੰਸਦ ਅਜਿਹਾ ਕਾਨੂੰਨ ਬਣਾ ਲਵੇ ਤਾਂ ਦੂਸਰੀਆਂ ਰਾਜ ਵਿਧਾਨ ਪਾਲਿਕਾਵਾਂ ਵੀ ਪ੍ਰਸਤਾਵ ਪਾਸ ਕਰਕੇ ਅਜਿਹੇ ਕਾਨੂੰਨਾਂ ਨੂੰ ਅਪਣਾ ਸਕਦੀਆਂ ਹਨ।

**(ਛ) ਅੰਦਰਰਾਸ਼ਟਰੀ ਸਮਝੌਤਿਆਂ ਨੂੰ ਵਿਵਹਾਰਿਕ ਰੂਪ ਦੇਣ ਲਈ ਕੇਂਦਰੀ ਕਾਨੂੰਨ ਨਿਰਮਾਣ** (Central Legislation for giving effect to International Agreements):ਸੰਵਿਧਾਨ ਦੇ ਅਨੁਛੇਦ 253 ਦੇ ਅਧੀਨ ਸੰਘੀ ਸੰਸਦ ਕੋਲ ਕਿਸੇ ਹੋਰ ਦੇਸ਼ ਨਾਲ ਕੋਈ ਸੰਧੀ, ਸਮਝੌਤਾ ਜਾਂ ਸੰਵਿਦਾ ਲਾਗੂ ਕਰਵਾਉਣ ਜਾਂ ਕੋਈ ਅੰਤਰਰਾਸ਼ਟਰੀ ਸੰਧੀ ਲਾਗੂ ਕਰਨ ਲਈ ਸਾਰੇ ਭਾਰਤ ਲਈ ਜਾਂ ਉਸ ਦੇ ਕਿਸੇ ਹਿੱਸੇ ਲਈ ਕਾਨੂੰਨ ਨਿਰਮਾਣ ਕਰਨ ਦੀ ਸ਼ਕਤੀ ਹੁੰਦੀ ਹੈ।

ਇਹ ਸਾਰੀਆਂ ਵਿਸ਼ੇਸ਼ਤਾਵਾਂ ਇਸ ਤੱਤ 'ਤੇ ਚਾਨਣਾ ਪਾਉਂਦੀਆਂ ਹਨ ਕਿ ਸੰਘੀ ਸੰਸਦ ਸੰਵਿਧਾਨ ਦੀਆਂ ਕੁਝ ਨਿਰਧਾਰਿਤ ਅਲੱਗ-ਅਲੱਗ ਧਾਰਾਵਾਂ ਦੇ ਅਨੁਸਾਰ ਕੁਝ ਵਿਸ਼ੇਸ਼ ਸਥਿਤੀਆਂ ਵਿੱਚ ਰਾਜ ਸੂਚੀ ਦੇ ਵਿਸ਼ਿਆਂ 'ਤੇ ਵੀ ਆਪਣੀ ਕਾਨੂੰਨ ਨਿਰਮਾਣ ਸ਼ਕਤੀ ਦਾ ਇਸਤੇਮਾਲ ਕਰ ਸਕਦੀਆਂ ਹਨ। ਜੇ. ਆਰ. ਸਿਵਾਚ ਦੇ ਅਨੁਸਾਰ, "ਰਾਜ ਸੂਚੀ ਦੇ ਲਗਭਗ 13 ਵਿਸ਼ੇ ਸੰਘੀ ਸੂਚੀ ਵੱਲੋਂ ਕੰਟਰੋਲ ਕੀਤੇ ਜਾਂਦੇ ਹਨ ਅਤੇ ਰਾਜ ਸੂਚੀ ਦੇ 4 ਵਿਸ਼ੇ ਸਮਵਰਤੀ ਸੂਚੀ ਦੇ ਵਿਸ਼ਿਆਂ ਵੱਲੋਂ ਕੰਟਰੋਲ ਕੀਤੇ ਜਾਂਦੇ ਹਨ।"

ਨੋਟ

5. **ਸੰਘ ਦੇ ਕਾਨੂੰਨਾਂ ਦਾ ਉੱਚਾ ਪੱਧਰ** (Superior Status of Union Laws): ਸੰਵਿਧਾਨ ਦੇ ਅਨੁਛੇਦ 251 ਵਿੱਚ ਇਸ ਗੱਲ ਦੀ ਵਿਵਸਥਾ ਕੀਤੀ ਗਈ ਹੈ ਕਿ ਸੰਘ ਦੇ ਕਾਨੂੰਨ ਅਤੇ ਰਾਜ ਕਾਨੂੰਨ ਵਿੱਚ ਕੋਈ ਝਗੜਾ ਪੈਦਾ ਹੋ ਜਾਣ ਦੀ ਸਥਿਤੀ, ਸੰਘ ਦੇ ਕਾਨੂੰਨਾਂ ਨੂੰ ਰਾਜ ਦੇ ਕਾਨੂੰਨ ਤੋਂ ਪਹਿਲ ਦਿੱਤੀ ਜਾਵੇਗੀ। ਇਹ ਵਿਵਸਥਾ ਸੰਘੀ ਸੰਸਦ ਵੱਲੋਂ ਬਣਾਏ ਗਏ ਕਾਨੂੰਨਾਂ ਨੂੰ ਨਿਸ਼ਚਿਤ ਰੂਪ ਵਿੱਚ ਉੱਚਾ ਸਥਾਨ ਪ੍ਰਦਾਨ ਕਰਦੀ ਹੈ।

6. **ਸੰਸਦ ਕੋਲ ਰਾਜ ਵਿਧਾਨ ਪ੍ਰੀਸ਼ਦ ਨੂੰ ਸਥਾਪਿਤ ਜਾਂ ਖਤਮ ਕਰਨ ਦੀ ਸ਼ਕਤੀ ਹੈ** (Parliament's Power to establish or abolish State Legislative Council): ਸੰਵਿਧਾਨ ਦੇ ਅਨੁਸਾਰ ਕਿਸੇ ਰਾਜ ਵਿੱਚ ਇਕ ਸਦਨੀ ਵਿਧਾਨ ਸਭਾ ਜਾਂ ਦੋ ਸਦਨੀ ਵਿਧਾਨ ਪਾਲਿਕਾ ਹੋ ਸਕਦੀ ਹੈ। ਜੇਕਰ ਕੋਈ ਰਾਜ ਦੋ ਸਦਨੀ ਵਿਧਾਨ ਪਾਲਿਕਾ ਚਾਹੁੰਦਾ ਹੈ ਅਤੇ ਉਸ ਉਦੇਸ਼ ਲਈ ਉਪਰਲੀ ਸਦਨ ਅਤੇ ਰਾਜ ਵਿਧਾਨ ਪ੍ਰੀਸ਼ਦ ਦੀ ਸਥਾਪਨਾ ਕਰਨਾ ਚਾਹੁੰਦਾ ਹੈ ਤਾਂ ਉਸ ਉਦੇਸ਼ ਲਈ ਰਾਜ ਨੂੰ ਪ੍ਰਸਤਾਵ ਪਾਸ ਕਰਕੇ ਸੰਘੀ ਸੰਸਦ ਨੂੰ ਕਾਨੂੰਨ ਨਿਰਮਾਣ ਕਰਨ ਦੀ ਬੇਨਤੀ ਕਰਨੀ ਪੈਂਦੀ ਹੈ। ਜੇਕਰ ਕੋਈ ਰਾਜ ਆਪਣੀ ਵਿਧਾਨ ਸਭਾ ਦੇ ਉਪਰਲੇ ਸਦਨ ਨੂੰ ਖਤਮ ਕਰਨਾ ਚਾਹੁੰਦਾ ਹੈ ਤਾਂ ਇਸ ਦਾ ਰਾਜ ਵਿਧਾਨ ਸਭਾ ਨੂੰ ਪ੍ਰਸਤਾਵ ਪਾਸ ਕਰਨਾ ਪੈਂਦਾ ਹੈ ਅਤੇ ਸੰਘੀ ਸੰਸਦ ਨੂੰ ਉਪਯੁਕਤ ਕਾਰਵਾਈ ਕਰਨ ਦੀ ਮੰਗ ਪੇਸ਼ ਕਰਨੀ ਪੈਂਦੀ ਹੈ। ਕੇਵਲ ਸੰਘੀ ਸੰਸਦ ਹੀ ਰਾਜ ਵਿਧਾਨ ਸਭਾਵਾਂ ਦੇ ਉਪਰਲੇ ਸਦਨਾਂ ਦੀ ਸਥਾਪਨਾ ਕਰ ਸਕਦੀ ਹੈ ਜਾਂ ਉਨ੍ਹਾਂ ਨੂੰ ਖਤਮ ਕਰ ਸਕਦੀ ਹੈ।

7. **ਸੰਸਦ ਦੀਆਂ ਰਾਜਾਂ ਦੀਆਂ ਹੱਦਾਂ ਨਿਸ਼ਚਿਤ ਕਰਨ/ਤਬਦੀਲ ਕਰਨ ਦੀ ਸ਼ਕਤੀ** (Parliament's power to determine/change the boundaries of the states): ਸੰਸਦ ਕੋਲ ਰਾਜਾਂ ਦੀਆਂ ਹੱਦਾਂ ਤਬਦੀਲ ਕਰਨ ਦੀ ਸ਼ਕਤੀ ਹੋਣ ਕਾਰਨ ਇਹ ਰਾਜ ਵਿਧਾਨ ਸਭਾ 'ਤੇ ਵਿਧਾਨਕ ਰੂਪ ਵਿੱਚ ਹਾਵੀ ਹੁੰਦੀ ਹੈ ਕਿਉਂਕਿ ਰਾਜ ਵਿਧਾਨ ਪਾਲਿਕਾ ਵੱਲੋਂ ਬਣਾਏ ਗਏ ਕਾਨੂੰਨ ਕੇਵਲ ਰਾਜ ਦੇ ਭੂ-ਖੇਤਰ ਵਿੱਚ ਹੀ ਲਾਗੂ ਹੁੰਦੇ ਹਨ। ਉਦਾਹਰਣ ਦੇ ਤੌਰ 'ਤੇ ਜਦੋਂ ਸੰਵਿਧਾਨਿਕ ਸੋਧ ਨਾਲ ਵਿਚਕਾਰਲੇ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚੋਂ ਲਗਾਤਾਰ ਛੱਤੀਸਗੜ੍ਹ ਉਤਰਾਂਚਲ ਅਤੇ ਝਾਰਖੰਡ ਨੂੰ ਅਲੱਗ-ਅਲੱਗ ਰਾਜ ਬਣਾ ਦਿੱਤਾ ਗਿਆ ਤਾ ਇਸ ਨਾਲ ਪਹਿਲੇ ਤਿੰਨ ਰਾਜਾਂ ਦੇ ਅਧਿਕਾਰ ਖੇਤਰ ਖੁਦ ਹੀ ਸੀਮਿਤ ਹੋ ਗਏ।

8. **ਸੰਸਦ ਕੋਲ ਸੰਘੀ ਪ੍ਰਦੇਸ਼ਾਂ ਲਈ ਕਾਨੂੰਨ ਬਣਾਉਣ ਦੀ ਸ਼ਕਤੀ** (Parliament's power to Legislate for the Union Territories) : ਭਾਰਤੀ ਸੰਘ ਵਿੱਚ 28 ਰਾਜਾਂ ਦੇ ਨਾਲ-ਨਾਲ 7 ਸੰਘੀ ਪ੍ਰਦੇਸ਼ (Union Territories) ਵੀ ਸ਼ਾਮਿਲ ਹਨ, ਕਿਉਂਕਿ ਹਰੇਕ ਸੰਘੀ ਪ੍ਰਦੇਸ਼ ਦੇ ਕੋਲ ਆਪਣੀ ਵਿਧਾਨ ਸਭਾ ਨਹੀਂ ਹੁੰਦੀ, ਇਸ ਲਈ ਸੰਸਦ ਕੋਲ ਅਜਿਹੇ ਸਾਰੇ ਸੰਘੀ ਖੇਤਰਾਂ ਲਈ ਸਾਰੇ ਵਿਸ਼ਿਆਂ 'ਤੇ ਕਾਨੂੰਨ ਪਾਸ ਕਰਨ ਦੀ ਸ਼ਕਤੀ ਹੁੰਦੀ ਹੈ।

ਇਹ ਸਾਰੇ ਤੱਥ ਸੰਘ ਅਤੇ ਰਾਜਾਂ ਵਿਚਕਾਰ ਵਿਧਾਨਕ ਸਬੰਧਾਂ ਦੇ ਘੇਰੇ ਵਿੱਚ ਸੰਘ ਦੀ ਸ੍ਰੇਸ਼ਠ ਸਥਿਤੀ ਦੀ ਪੁਸ਼ਟੀ ਵੱਲ ਸੰਕੇਤ ਕਰਦੇ ਹਨ। ਇਹ ਵਿਸ਼ੇਸ਼ਤਾ ਭਾਰਤੀ ਸੰਘ ਪ੍ਰਣਾਲੀ ਵਿੱਚ ਮੌਜੂਦ ਏਕਾਤਮਕ ਭਾਵਨਾ ਨੂੰ ਪ੍ਰਗਟ ਕਰਦੀ ਹੈ।

**ਸਵ-ਮੁਲਾਂਕਣ (Self Assessment):**

ਖਾਲੀ ਥਾਵਾਂ ਭਰੋ (Fill in the blanks):

1. ਸਮਵਰਤੀ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ 'ਤੇ ਕੇਂਦਰ ਅਤੇ ...........ਦੋਵੇਂ ਕਾਨੂੰਨ ਬਣਾ ਸਕਦੇ ਹਨ।
2. ਪੁਲਿਸ, ਖੇਤੀ, ਪਸ਼ੂ ਪਾਲਣ ਆਦਿ ...........ਸੂਚੀ ਦੇ ਵਿਸ਼ੇ ਹਨ।
3. ਭਾਰਤੀ ਸੰਘ ਵਿੱਚ 28 ਰਾਜਾਂ ਦੇ ਨਾਲ-ਨਾਲ ........ਸੰਘੀ ਪ੍ਰਦੇਸ਼ ਵੀ ਸ਼ਾਮਿਲ ਹਨ।

*ਟਾਸਕ* ਸੰਘ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ 'ਤੇ ਆਪਣੇ ਵਿਚਾਰ ਪੇਸ਼ ਕਰੋ।

## 13.2 ਸੰਘ ਅਤੇ ਰਾਜਾਂ ਵਿੱਚ ਪ੍ਰਸ਼ਾਸਨਿਕ ਸਬੰਧ (Administrative Relations between the Union and the States)

ਸੰਘ ਅਤੇ ਰਾਜਾਂ ਵਿਚਕਾਰ ਪ੍ਰਸ਼ਾਸਨਕ ਸਬੰਧਾਂ ਦੀ ਪ੍ਰਕਿਰਤੀ ਦਾ ਪ੍ਰੀਖਣ ਇਸ ਤਰ੍ਹਾਂ ਹੈ-

ਪ੍ਰਸ਼ਾਸਨਿਕ ਸਬੰਧਾਂ ਦੇ ਖੇਤਰ ਵਿੱਚ ਵੀ ਭਾਰਤੀ ਸੰਵਿਧਾਨ ਵੱਲੋਂ ਸੰਘ ਨੂੰ ਵਿਸ਼ੇਸ਼ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ। ਹਰੇਕ ਰਾਜ ਦੀ ਆਪਣੀ ਸਰਕਾਰ ਅਤੇ ਸ਼ਾਸਨ ਵਿਵਸਥਾ ਹੁੰਦੀ ਹੈ ਜੋ ਰਾਜ ਸੂਚੀ ਵਿੱਚ ਦਰਜ ਵਿਸ਼ਿਆਂ ਦੇ ਸਬੰਧ ਵਿੱਚ ਕਾਨੂੰਨ

ਨੋਟ

ਨਿਰਮਾਣ ਅਤੇ ਪ੍ਰਸ਼ਾਸਨਿਕ ਸ਼ਕਤੀਆਂ ਦਾ ਇਸਤੇਮਾਲ ਆਪਣੇ-ਆਪਣੇ ਰਾਜ ਦੇ ਖੇਤਰ ਵਿੱਚ ਕਰਦੀ ਹੈ। ਸੰਘੀ ਸਰਕਾਰ ਕੋਲ ਸੰਘੀ ਸੂਚੀ ਦੇ ਵਿਸ਼ਿਆਂ ਅਤੇ ਬਾਕੀ ਵਿਸ਼ਿਆਂ ਦੇ ਪ੍ਰਸ਼ਾਸਨ ਦਾ ਪੂਰਨ ਅਧਿਕਾਰ ਹੁੰਦਾ ਹੈ। ਸੰਵਿਧਾਨ ਵਿੱਚ ਸਮਵਰਤੀ ਸੂਚੀ ਦੇ ਵਿਸ਼ਿਆਂ 'ਤੇ ਸੰਘ ਅਤੇ ਰਾਜਾਂ ਦੋਵਾਂ ਨੂੰ ਸਮਵਰਤੀ ਪ੍ਰਸ਼ਾਸਕ ਅਧਿਕਾਰ ਸੌਂਪੇ ਗਏ ਹਨ।

ਸੰਵਿਧਾਨ ਦੇ ਭਾਗ XI, ਆਦੇਸ਼ II, ਅਨੁਛੇਦ 256 ਤੋਂ 263 ਤੱਕ ਸੰਘ ਅਤੇ ਰਾਜਾ ਦੇ ਵਿਚਕਾਰ ਪ੍ਰਸ਼ਾਸਨਿਕ ਸਬੰਧਾਂ ਦਾ ਵਰਨਣ ਕੀਤਾ ਗਿਆ ਹੈ। ਜਦੋਂ ਅਸੀਂ ਇਨ੍ਹਾਂ ਵਿਵਸਥਾਵਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਪ੍ਰਸ਼ਾਸਨਿਕ ਸਬੰਧਾਂ ਦੇ ਖੇਤਰ ਵਿੱਚ ਵੀ ਸੰਘ ਨੂੰ ਸਧਾਰਣ ਸ਼ਕਤੀਆਂ ਵਿੱਚ ਵੀ ਸ੍ਰੇਸ਼ਠਤਾ ਪ੍ਰਾਪਤ ਹੈ ਅਤੇ ਸੰਕਟਕਾਲ ਸਮੇਂ ਦੌਰਾਨ ਤਾਂ ਸਬੰਧਾ ਦੇ ਖੇਤਰ ਵਿੱਚ ਵੀ ਸੰਘ ਨੂੰ ਸਧਾਰਣ ਸਥਿਤੀਆਂ ਦੀ ਵੀ ਸ੍ਰੇਸ਼ਠਤਾ ਪ੍ਰਾਪਤ ਹੈ ਅਤੇ ਸੰਕਟਕਾਲ ਦੇ ਸਮੇਂ ਦੌਰਾਨ ਤਾਂ ਇਸ ਨੂੰ ਬਹੁਤ ਜ਼ਿਆਦਾ ਪ੍ਰਸ਼ਾਸਨਿਕ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਹੇਠ ਲਿਖੇ ਤੱਥ ਇਸ ਗੱਲ ਦੀ ਪੁਸ਼ਟੀ ਕਰਦੇ ਹਨ-

1. **ਰਾਜਪਾਲ ਦੀ ਨਿਯੁਕਤੀ ਅਤੇ ਭੂਮਿਕਾ** (Appointment Role of Governor): ਹਰੇਕ ਰਾਜ ਦਾ ਇਕ ਰਾਜਪਾਲ ਹੁੰਦਾ ਹੈ ਜੋ ਰਾਜ ਦੇ ਮੁਖੀਆ ਦੇ ਰੂਪ ਵਿੱਚ ਕੰਮ ਕਰਦਾ ਹੈ। ਰਾਜਪਾਲ ਨੂੰ ਨਿਯੁਕਤ ਕਰਨ, ਬਦਲੀ ਕਰਨ ਜਾਂ ਹਟਾ ਦੇਣ ਦੀ ਸ਼ਕਤੀ ਰਾਸ਼ਟਰਪਤੀ ਕੋਲ ਹੁੰਦੀ ਹੈ। ਰਾਜਪਾਲ ਦੀ ਨਿਯੁਕਤੀ ਕਰਦੇ ਸਮੇਂ ਰਾਸ਼ਟਰਪਤੀ ਰਾਜ ਮੰਤਰੀ ਪ੍ਰੀਸ਼ਦ ਦੀ ਸਲਾਹ ਲੈ ਸਕਦਾ ਹੈ ਪਰ ਇਹ ਸਲਾਹ ਸਵੀਕਾਰ ਕਰਨ ਲਈ ਮਜ਼ਬੂਰ ਨਹੀਂ ਹੁੰਦਾ, ਜਦ ਕਿ ਹੁਣ ਆਮ ਸਹਿਮਤੀ ਨਾਲ ਇਹ ਨਿਯਮ ਸਵੀਕਾਰ ਕਰ ਲਿਆ ਗਿਆ ਹੈ ਕਿ ਰਾਜਪਾਲ ਦੀ ਨਿਯੁਕਤੀ ਸਮੇਂ ਕੇਂਦਰ ਜ਼ਰੂਰ ਹੀ ਸਬੰਧਿਤ ਰਾਜ ਦੇ ਮੰਤਰੀ ਪ੍ਰੀਸ਼ਦ ਤੋਂ ਸਲਾਹ ਲਵੇਗੀ ਅਤੇ ਉਸ ਦੀਆਂ ਇੱਛਾਵਾਂ ਨੂੰ ਸਨਮਾਨ ਦੇਵੇਗੀ। ਰਾਜਪਾਲ ਦੋ ਤਰ੍ਹਾਂ ਨਾਲ ਕੰਮ ਕਰਦਾ ਹੈ- *(i)* ਉਹ ਰਾਜ ਵਿੱਚ ਕੇਂਦਰ ਦੇ ਏਜੰਟ ਦੇ ਰੂਪ ਵਿੱਚ ਕੰਮ ਕਰਦਾ ਹੈ, ਅਤੇ *(ii)* ਰਾਜ ਦੇ ਪ੍ਰਸ਼ਾਸਨ ਦੇ ਮੁਖੀਆ ਦੇ ਰੂਪ ਵਿਚ ਕੰਮ ਕਰਦਾ ਹੈ। ਸਧਾਰਣ ਤੌਰ 'ਤੇ ਉਹ ਸੰਵਿਧਾਨਿਕ ਮੁਖੀਆ ਦੇ ਰੂਪ ਵਿੱਚ ਕੰਮ ਕਰਦਾ ਹੈ ਪਰ ਸੰਵਿਧਾਨਿਕ ਸੰਕਟਕਾਲ ਸਮੇਂ ਉਹ ਰਾਜ ਦੇ ਪ੍ਰਸ਼ਾਸਨ ਦਾ ਅਸਲੀ ਮੁਖੀਆ (ਅਨੁਛੇਦ 356 ਅਧੀਨ) ਬਣ ਜਾਂਦਾ ਹੈ। ਰਾਸ਼ਟਰਪਤੀ ਸੰਕਟਕਾਲ ਸਮੇਂ ਦੌਰਾਨ ਰਾਸ਼ਟਰਪਤੀ ਰਾਜਪਾਲ ਨੂੰ ਕੋਈ ਵੀ ਨਿਰਦੇਸ਼ ਜਾਂ ਆਦੇਸ਼ ਦਾ ਪਾਲਣ ਕਰਨਾ ਰਾਜਪਾਲ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ। ਕਈ ਰਾਜ ਰਾਜਪਾਲ ਕੇਂਦਰ ਦੇ ਏਜੰਟ ਦੇ ਰੂਪ ਵਿੱਚ ਜ਼ਿਆਦਾ ਅਤੇ ਰਾਜ ਪ੍ਰਸ਼ਾਸਨ ਦੇ ਮੁਖੀਆ ਦੇ ਰੂਪ ਵਿੱਚ ਕੰਮ ਕਰਦਾ ਹੈ। ਮਾਰਚ 2005 ਵਿੱਚ ਝਾਰਖੰਡ ਦੇ ਰਾਜਪਾਲ ਨੇ ਅਤੇ ਮਈ 2005 ਵਿੱਚ ਬਿਹਾਰ ਦੇ ਰਾਜਪਾਲ ਨੇ ਕੇਂਦਰ ਦੇ ਪੱਖ ਦੇ ਅਧਾਰ 'ਤੇ ਹੀ ਆਪਣੇ ਫੈਸਲੇ ਦਿੱਤੇ।

2. **ਰਾਜਾਂ ਦਾ ਸੰਘ ਦੇ ਪ੍ਰਤੀ ਕਰਤਵ** (Obiligation of the States towards the Union): ਸੰਵਿਧਾਨ ਦੇ ਅਨੁਛੇਦ 256 ਵਿੱਚ ਦਰਜ ਹੈ ਕਿ- "ਹਰੇਕ ਰਾਜ ਦੀ ਕਾਰਜ ਪਾਲਿਕਾ ਸ਼ਕਤੀ ਸੰਸਦ ਵੱਲੋਂ ਬਣਾਏ ਗਏ ਕਾਨੂੰਨਾਂ ਦਾ ਪਾਲਣ ਭਰੋਸੇਯੋਗ ਬਣਾਉਣ ਵਾਲੇ ਢੰਗ ਨਾਲ ਇਸਤੇਮਾਲ ਕੀਤੀ ਜਾਵੇਗੀ ਅਤੇ ਸੰਘ ਦੀ ਕਾਰਜ ਪਾਲਿਕਾ ਸ਼ਕਤੀ ਰਾਜ ਨੂੰ ਅਜਿਹੇ ਨਿਰਦੇਸ਼ ਦੇ ਸਕੇਗੀ ਜੋ ਭਾਰਤ ਸਰਕਾਰ ਨੂੰ ਅਜਿਹੇ ਉਦੇਸ਼ ਲਈ ਜ਼ਰੂਰ ਪ੍ਰਤੀਤ ਹੋਣਗੇ।"

3. **ਕੁਝ ਵਿਸ਼ੇਸ਼ ਸਥਿਤੀਆਂ ਵਿੱਚ ਰਾਜਾਂ 'ਤੇ ਸੰਘ ਦਾ ਕੰਟਰੋਲ** (Control of the Union over States in certain conditions): ਅਨੁਛੇਦ 257 ਅਧੀਨ ਇਸ ਗੱਲ ਦੀ ਵਿਵਸਥਾ ਕੀਤੀ ਗਈ ਹੈ ਕਿ ਹਰੇਕ ਰਾਜ ਦੀ ਕਾਰਜਕਾਰੀ ਸ਼ਕਤੀ ਦਾ ਇਸਤੇਮਾਲ ਇਸ ਢੰਗ ਨਾਲ ਕੀਤਾ ਜਾਵੇਗਾ ਕਿ ਇਹ ਸੰਘ ਦੀ ਕਾਰਜਕਾਰੀ ਸ਼ਕਤੀ ਦੇ ਇਸਤੇਮਾਲ ਵਿੱਚ ਰੁਕਾਵਟ ਨਾ ਪਾਵੇ ਜਾਂ ਫਿਰ ਸੰਘੀ ਕਾਰਜ ਪਾਲਿਕਾ ਸ਼ਕਤੀ ਦੇ ਸਫਲਤਾ ਦੇ ਰਸਤੇ ਵਿੱਚ ਰੁਕਾਵਟ ਪਾਉਣ ਜਾਂ ਪੱਖਪਾਤ ਨਾ ਕਰੇ। ਸੰਘ ਰਾਜ ਨੂੰ ਅਜਿਹੇ ਨਿਰਦੇਸ਼ ਦੇ ਸਕਦਾ ਹੈ ਜੋ ਭਾਰਤ ਸਰਕਾਰ ਨੂੰ ਇਸ ਉਦੇਸ਼ ਲਈ ਜ਼ਰੂਰ ਪ੍ਰਤੀਤ ਹੋਣਗੇ।

4. **ਸੰਘ ਦੀ ਨਿਰਦੇਸ਼ ਦੇਣ ਦੀ ਸ਼ਕਤੀ** (Union's Power to give Directions): ਅਜਿਹੇ ਸੰਚਾਰ ਸਾਧਨਾਂ ਦਾ ਜੋ ਕਿ ਰਾਸ਼ਟਰੀ ਅਤੇ ਸੈਨਿਕ ਮਹੱਤਵ ਦੇ ਘੋਸ਼ਿਤ ਕੀਤੇ ਜਾਂਦੇ ਹਨ, ਨਿਰਮਾਣ ਅਤੇ ਰੱਖ-ਰਖਾਵ ਕਰਨ ਲਈ ਸੰਘ ਕੋਈ ਵੀ ਨਿਰਦੇਸ਼ ਕਿਸੇ ਰਾਜ ਨੂੰ ਦੇ ਸਕਦਾ ਹੈ ਅਤੇ ਅਜਿਹਾ ਕਰਨਾ ਸੰਘ ਦੀ ਕਾਰਜ ਪਾਲਿਕਾ ਸ਼ਕਤੀ ਵਿੱਚ ਸ਼ਾਮਿਲ ਹੈ।

5. **ਰੇਲਵੇ ਦੀ ਸੁਰੱਖਿਆ** (Protection of Railways): ਅਨੁਛੇਦ 257 ਦੇ ਅਨੁਸਾਰ, "ਸੰਘ ਦੇ ਕੋਲ ਰਾਜ ਦੇ ਅੰਤਰ ਰੇਲਵੇ ਦੀ ਸੁਰੱਖਿਆ ਲਈ ਚੁੱਕੇ ਜਾਣ ਵਾਲੇ ਕਦਮਾਂ ਦੇ ਸਬੰਧ ਵਿੱਚ ਰਾਜਾਂ ਨੂੰ ਨਿਰਦੇਸ਼ ਦੇਣ ਦੀ ਸ਼ਕਤੀ ਹੁੰਦੀ ਹੈ।"

6. **ਰਾਸ਼ਟਰਪਤੀ ਕੋਲ ਸੰਘ ਦੀਆਂ ਸ਼ਕਤੀਆਂ ਦੀ ਜ਼ਿੰਮੇਵਾਰੀ ਕਿਸੇ ਰਾਜ ਨੂੰ ਸੌਂਪਣ ਦੀ ਸ਼ਕਤੀ ਹੈ** (Power of the President to vest responsibility in respect of Union Powers with the State): ਰਾਸ਼ਟਰਪਤੀ, ਰਾਜ ਸਰਕਾਰ ਦੀ ਸਹਿਮਤੀ ਨਾਲ ਉਸ ਰਾਜ ਦੀ ਸਰਕਾਰ ਜਾਂ ਉਸ ਦੇ ਅਧਿਕਾਰੀਆਂ ਨੂੰ ਕੁਝ ਸ਼ਰਤਾਂ ਸਹਿਤ ਜਾਂ ਸ਼ਰਤਾਂ ਤੋਂ ਬਿਨਾਂ ਸੰਘ ਦੀਆਂ ਕਾਰਜਕਾਰੀ ਸ਼ਕਤੀਆਂ ਦੇ ਇਸਤੇਮਾਲ ਦੇ ਸਬੰਧ ਨੂੰ ਜ਼ਰੂਰ ਅਤੇ ਜ਼ਰੂਰੀ ਜ਼ਿੰਮੇਵਾਰੀ ਸੌਂਪ ਸਕਦਾ ਹੈ।

7. **ਰਾਜ ਆਪਣੇ ਕੁਝ ਕੰਮ ਸੰਘ ਨੂੰ ਸੌਂਪ ਸਕਦਾ ਹੈ** (A State can entrust some functions to the Union): ਅਨੁਛੇਦ 258-ਏ ਵਿੱਚ ਇਸ ਗੱਲ ਦੀ ਵਿਵਸਥਾ ਹੈ ਕਿ ਰਾਜ ਸਰਕਾਰ ਦੀ ਸਹਿਮਤੀ ਨਾਲ ਰਾਜਪਾਲ ਰਾਜ ਦੀ ਕਾਰਜਕਾਰੀ ਸ਼ਕਤੀ ਦੇ ਘੇਰੇ ਵਿੱਚ ਪੈਂਦੇ ਕੁਝ ਵਿਸ਼ਿਆਂ ਦੇ ਸਬੰਧ ਵਿੱਚ ਕੋਈ ਕੰਮ ਭਾਰਤ ਸਰਕਾਰ ਨੂੰ ਜਾਂ ਇਸ ਦੇ ਅਧਿਕਾਰੀਆ ਨੂੰ ਸ਼ਰਤਾਂ ਸਹਿਤ ਜਾਂ ਸ਼ਰਤਾਂ ਤੋਂ ਬਿਨਾਂ ਸੌਂਪ ਸਕਦਾ ਹੈ।

**8. ਅੰਤਰਰਾਜੀ ਨਦੀਆਂ ਜਾਂ ਨਦੀ ਘਾਟੀਆਂ ਨਾਲ ਸਬੰਧਿਤ ਝਗੜਿਆਂ ਦੇ ਨਿਪਟਾਰੇ ਦੀ ਸੰਘ ਦੀ ਸ਼ਕਤੀ** (Union's power of Adjudication of Disputes realting to Inter-state rivers or River Valleys): ਅਨੁਛੇਦ 262 ਦੇ ਅਨੁਸਾਰ ਅੰਤਰਰਾਜੀ ਨਦੀ ਜਾਂ ਨਦੀ ਘਾਟੀ ਪਾਣੀ ਦੀ ਵੰਡ, ਇਸਤੇਮਾਲ ਜਾਂ ਕੰਟਰੋਲ ਦੇ ਝਗੜੇ ਲਈ ਸੰਘ ਸਰਕਾਰ ਕਾਨੂੰਨ ਨਿਰਮਾਣ ਕਰਕੇ ਆਪਣਾ ਫੈਸਲਾ ਦੇ ਸਕਦੀ ਹੈ।

**9. ਰਾਜ ਵਿੱਚ ਕੇਂਦਰੀ ਸੰਪਤੀ ਦੀ ਸੁਰੱਖਿਆ** (Protection of Central Property in State): ਰਾਜ ਦੇ ਖੇਤਰ ਵਿੱਚ ਕੇਂਦਰੀ ਸੰਪਤੀਆਂ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਰਾਜ ਸਰਕਾਰਾਂ ਦੀ ਹੁੰਦੀ ਹੈ। ਸੰਘ ਕਿਸੇ ਰਾਜ ਵਿੱਚ ਸੰਘੀ ਸੰਪਤੀ ਦੀ ਸੁਰੱਖਿਆ ਲਈ ਕੇਂਦਰੀ ਰਿਜ਼ਰਵ ਪੁਲਿਸ ਜਾਂ ਕੋਈ ਹੋਰ ਅਰਧ-ਸੈਨਿਕ ਬਲ ਜਿਵੇਂ ਕਿ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਭੇਜ ਸਕਦਾ ਹੈ।

**10. ਅਖਿਲ ਭਾਰਤੀ ਸੇਵਾਵਾਂ ਨਾਲ ਸਬੰਧਿਤ ਵਿਵਸਥਾਵਾਂ** (Provisions regarding All India Services): ਭਾਰਤੀ ਪ੍ਰਸ਼ਾਸਨਿਕ ਸੇਵਾ ਅਤੇ ਭਾਰਤੀ ਪੁਲਿਸ ਸੇਵਾ ਦੇ ਅਧਿਕਾਰੀਆਂ ਦੀ ਭਰਤੀ ਸੰਘ ਲੋਕ ਸੇਵਾ ਆਯੋਗ ਵੱਲੋਂ ਕੀਤੀ ਜਾਂਦੀ ਹੈ ਪਰ ਇਨ੍ਹਾਂ ਨੂੰ ਰਾਜਾਂ ਵਿੱਚ ਨਿਯੁਕਤ ਕੀਤਾ ਜਾਂਦਾ ਹੈ।

*ਨੋਟਸ* ਅਖਿਲ ਭਾਰਤੀ ਲੋਕ ਸੇਵਾ ਦੇ ਅਧਿਕਾਰੀ ਹੀ ਰਾਜ ਪ੍ਰਸ਼ਾਸਨ ਵਿੱਚ ਸਾਰੇ ਉੱਚ ਪ੍ਰਸ਼ਾਸਨਿਕ ਅਹੁਦਿਆਂ 'ਤੇ ਨਿਯੁਕਤ ਹੁੰਦੇ ਹਨ।

ਉਨ੍ਹਾਂ ਦੇ ਵਿਵਹਾਰ ਨੂੰ ਸੰਘ ਦੇ ਗ੍ਰਹਿ ਮੰਤਰਾਲੇ ਵੱਲੋਂ ਕੰਟਰੋਲ ਕੀਤਾ ਜਾਂਦਾ ਹੈ।

**11. ਸੰਘ ਕੋਲ ਅਖਿਲ ਭਾਰਤੀ ਸੇਵਾ ਸਥਾਪਿਤ ਕਰਨ ਜਾਂ ਖਤਮ ਕਰਨ ਦੀ ਸ਼ਕਤੀ** (Union's Power to create or abolish an All India Service): ਅਨੁਛੇਦ 312 ਦੇ ਅਨੁਸਾਰ ਰਾਜ ਸਭਾ ਨੂੰ ਕੋਈ ਨਵੀਂ ਅਖਿਲ ਭਾਰਤੀ ਸੇਵਾ ਸਥਾਪਿਤ ਕਰਨ ਜਾਂ ਕਿਸੇ ਮੌਜੂਦ ਅਖਿਲ ਭਾਰਤੀ ਸੇਵਾ ਨੂੰ ਖਾਤਮੇ ਦੀ ਸ਼ਕਤੀ ਦਿੱਤੀ ਗਈ ਹੈ। ਰਾਜ ਸਭਾ ਅਜਿਹਾ 2/3 ਬਹੁਮਤ ਨਾਲ ਪ੍ਰਸਤਾਵ ਪਾਸ ਕਰਕੇ ਕਰ ਸਕਦੀ ਹੈ।

**12. ਸੰਘ ਦੀਆਂ ਤਾਲਮੇਲ ਸ਼ਕਤੀਆਂ** (Union's Co-ordination Powers): ਭਾਰਤੀ ਸੰਘ ਦੇ ਸਾਰੇ ਰਾਜਾਂ ਵਿੱਚ ਤਾਲਮੇਲ ਸਥਾਪਿਤ ਕਰਨ ਲਈ ਰਾਸ਼ਟਰਪਤੀ ਅਨੁਛੇਦ 263 ਦੇ ਅਧੀਨ ਇਕ ਅੰਤਰਰਾਜੀ ਪ੍ਰੀਸ਼ਦ ਦੀ ਸਥਾਪਨਾ ਕਰ ਸਕਦਾ ਹੈ। ਜੇਕਰ ਕਿਸੇ ਸਮੇਂ ਭਾਰਤ ਦੇ ਰਾਸ਼ਟਰਪਤੀ ਨੂੰ ਇਹ ਲੱਗੇ ਕਿ ਸਰਵਜਨਕ ਹਿੱਤ ਲਈ ਅੰਤਰਰਾਜੀ ਪ੍ਰੀਸ਼ਦ ਦੀ ਸਥਾਪਨਾ ਨਾਲ ਸੁਰੱਖਿਆ ਕੀਤੀ ਜਾ ਸਕਦੀ ਹੈ ਤਾਂ ਰਾਸ਼ਟਰਪਤੀ ਇਸ ਪ੍ਰੀਸ਼ਦ ਨੂੰ ਹੇਠ ਲਿਖੇ ਕਰਤਵ ਸੌਂਪ ਸਕਦਾ ਹੈ-(ਕ) ਰਾਜਾਂ ਵਿੱਚ ਪੈਦਾ ਹੋਏ ਝਗੜਿਆਂ ਦੀ ਜਾਂਚ ਕਰਨਾ ਅਤੇ ਸਲਾਹ ਦੇਣਾ,(ਖ) ਉਨ੍ਹਾਂ ਵਿਸ਼ਿਆਂ ਸਬੰਧੀ ਜਾਂਚ ਪੜਤਾਲ ਅਤੇ ਸਲਾਹ-ਮਸ਼ਵਰਾ ਕਰਨਾ ਜਿਨ੍ਹਾਂ ਵਿੱਚ ਕੁਝ ਜਾਂ ਸਾਰੇ ਰਾਜਾਂ ਜਾਂ ਸੰਘ ਜਾਂ ਇਕ ਜਾਂ ਜ਼ਿਆਦਾ ਰਾਜਾਂ ਦਾ ਸਾਂਝਾ ਹਿੱਤ ਹੋਵੇ ਜਾਂ (ਗ) ਕਿਸੇ ਅਜਿਹੇ ਲਈ ਸੁਝਾਅ ਦੇਣਾ ਅਤੇ ਵਿਸ਼ੇਸ਼ ਰੂਪ ਵਿੱਚ ਉਸ ਵਿਸ਼ੇ ਦੇ ਸਬੰਧ ਵਿੱਚ ਨੀਤੀ ਅਤੇ ਕਾਰਵਾਈ ਵਿੱਚ ਸ੍ਰੇਸ਼ਠ ਤਾਲਮੇਲ ਲਈ ਸਿਫਾਰਿਸ਼ਾਂ ਕਰਨੀਆਂ। ਰਾਸ਼ਟਰਪਤੀ ਵੱਲੋਂ ਅਜਿਹੀ ਪ੍ਰੀਸ਼ਦ ਦੀ ਸਥਾਪਨਾ ਕਰਨਾ ਕਾਨੂੰਨ ਹੁੰਦਾ ਹੈ ਅਤੇ ਉਹ ਹੀ ਇਸ ਵੱਲੋਂ ਨਿਭਾਏ ਜਾਣ ਵਾਲੇ ਕਰਤਵਾਂ ਦੀ ਪ੍ਰਕਿਰਤੀ ਅਤੇ ਇਸ ਦੇ ਸੰਗਠਨ ਅਤੇ ਪ੍ਰਕਿਰਿਆ ਨੂੰ ਪ੍ਰੀਭਾਸ਼ਿਤ ਕਰ ਸਕਦਾ ਹੈ।

**13. ਸਰਵਜਨਕ ਅਧੀਨਿਯਮ, ਰਿਕਾਰਡਾਂ ਅਤੇ ਨਿਆ ਨਾਲ ਸਬੰਧਿਤ ਕਾਰਵਾਈਆਂ ਲਾਗੂ ਕਰਨਾ** (Application of Public Acts, Records and Judicial Proceedings): ਸੰਵਿਧਾਨ ਦੇ ਅਨੁਛੇਦ 261 ਵਿੱਚ ਦਰਜ ਹੈ ਕਿ "ਸੰਘ ਅਤੇ ਹਰੇਕ ਰਾਜ ਦੇ ਸਰਵਜਨਕ ਅਧੀਨਿਯਮਾਂ, ਰਿਕਾਰਡਾਂ ਅਤੇ ਨਿਆ ਨਾਲ ਸਬੰਧਿਤ ਕਾਰਵਾਈਆਂ 'ਤੇ ਸਾਰੇ ਭਾਰਤ ਵਿੱਚ ਪੂਰਾ ਭਰੋਸਾ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਹੋਵੇਗੀ।"

ਇਸ ਦੇ ਨਾਲ ਹੀ ਸੰਸਦ ਕਾਨੂੰਨ ਨਾਲ ਨਿਸ਼ਚਿਤ ਕਰਦੀ ਹੈ ਕਿ ਕਿਸ ਢੰਗ ਨਾਲ ਕਿਹੜੀਆਂ ਸ਼ਰਤਾਂ ਅਧੀਨ ਇਹ ਅਧੀਨਿਯਮ, ਰਿਕਾਰਡ ਅਤੇ ਕਾਰਵਾਈਆਂ ਪੂਰੀਆਂ ਕੀਤੀਆਂ ਜਾਣਗੀਆਂ ਅਤੇ ਇਨ੍ਹਾਂ ਨੂੰ ਪ੍ਰਭਾਵੀ ਬਣਾਇਆ ਜਾਵੇਗਾ।

**14. ਕਿਸੇ ਰਾਜ ਵਿੱਚ ਸੰਵਿਧਾਨਿਕ ਸੰਕਟਕਾਲ ਦੀ ਸਥਿਤੀ ਦਾ ਲਾਗੂ ਹੋਣਾ ਅਤੇ ਰਾਸ਼ਟਰਪਤੀ ਰਾਜ ਦੀ ਵਿਵਸਥਾ** (Constitutional Emergency in a state/states and Provison for President's Rule): ਅਨੁਛੇਦ 356 ਦੇ ਅਧੀਨ, ਰਾਸ਼ਟਰਪਤੀ ਆਪਣੇ ਫੈਸਲੇ ਅਤੇ ਹੌਸਲੇ ਜਾਂ ਰਾਜ ਦੇ ਰਾਜਪਾਲ ਦੀ ਸਿਫਾਰਸ਼ 'ਤੇ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਦੇ ਅਸਫਲ ਰਹਿਣ ਦੀ ਸਥਿਤੀ ਵਿੱਚ ਅਜਿਹੇ ਰਾਜ ਵਿੱਚ ਸੰਵਿਧਾਨਿਕ ਸੰਕਟਕਾਲ ਦੀ ਸਥਿਤੀ ਦੀ ਘੋਸ਼ਣਾ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ ਸਬੰਧਿਤ ਰਾਜ ਦੀ ਕਾਰਜ ਪਾਲਿਕਾ ਭੰਗ ਹੋ ਜਾਂਦੀ ਹੈ। ਰਾਜ ਰਾਸ਼ਟਰਪਤੀ ਦੇ ਸ਼ਾਸਨ ਅਧੀਨ ਆ ਜਾਂਦਾ ਹੈ ਅਤੇ ਰਾਜ ਦਾ

ਨੋਟ

ਰਾਜਪਾਲ ਅਸਲੀ ਕਾਰਜ ਪਾਲਿਕਾ ਦੇ ਰੂਪ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ। ਰਾਜ ਪ੍ਰਸ਼ਾਸਨ ਸਿੱਧਾ ਕੇਂਦਰ ਦੀ ਨਿਗਰਾਨੀ, ਨਿਰਦੇਸ਼ਨ ਅਤੇ ਕੰਟਰੋਲ ਅਧੀਨ ਆ ਜਾਂਦਾ ਹੈ।

**15. ਬਾਹਰੀ ਹਮਲਿਆਂ ਅਤੇ ਅੰਦੂਰਨੀ ਵਿਦਰੋਹ ਨਾਲ ਰਾਜਾਂ ਦੀ ਸੁਰੱਖਿਆ ਕਰਨਾ ਸੰਘ ਦਾ ਕਰਤਵ ਹੈ** (Duty of the Union to Protect States Against External Aggression and Internal Disturbances): ਅਨੁਛੇਦ 355 ਦੇ ਅਨੁਸਾਰ, "ਸੰਘ ਦਾ ਕਰਤਵ ਹੈ ਕਿ ਉਹ ਹਰੇਕ ਰਾਜ ਦੀ ਬਾਹਰੀ ਹਮਲਿਆਂ ਅਤੇ ਅੰਦਰਲੇ ਵਿਦਰੋਹ ਤੋਂ ਸੁਰੱਖਿਆ ਕਰੇ ਅਤੇ ਇਹ ਭਰੋਸੇਯੋਗ ਬਣਾਏ ਕਿ ਹਰੇਕ ਰਾਜ ਸਰਕਾਰ ਸੰਵਿਧਾਨ ਦੀਆਂ ਵਿਵਸਥਾਵਾਂ ਅਨੁਸਾਰ ਚੱਲਦੀ ਰਹੇ।"

ਜਦੋਂ ਰਾਸ਼ਟਰਪਤੀ ਅਨੁਛੇਦ 352 ਅਧੀਨ ਰਾਸ਼ਟਰੀ ਸੰਕਟਕਾਲ ਦੀ ਘੋਸ਼ਣਾ ਕਰ ਦਿੰਦਾ ਹੈ ਤਾਂ ਸੰਘ ਦੀ ਕਾਰਜਕਾਰੀ ਸ਼ਕਤੀ ਸਾਰੇ ਰਾਜਾਂ 'ਤੇ ਲਾਗੂ ਹੋ ਜਾਂਦੀ ਹੈ ਅਤੇ ਸੰਘ ਕਿਸੇ ਰਾਜ ਦੀ ਕਾਰਜ ਪਾਲਿਕਾ ਸ਼ਕਤੀ ਨੂੰ ਇਸਤੇਮਾਲ ਕਰਨ ਦੇ ਢੰਗ ਨਾਲ ਸਬੰਧਿਤ ਨਿਰਦੇਸ਼ ਦੇ ਸਕਦਾ ਹੈ।

**16. ਕਿਸੇ ਰਾਜ ਵੱਲੋਂ ਸੰਘ ਦੇ ਕਾਰਜ ਪਾਲਿਕਾ ਨਿਰਦੇਸ਼ਾਂ ਦਾ ਪਾਲਣ ਕਰਨ ਤੋਂ ਅਸਮਰੱਥ ਰਹਿਣ 'ਤੇ ਉਸ ਰਾਜ ਵਿੱਚ ਸੰਵਿਧਾਨਿਕ ਸਥਿਤੀ ਦੀ ਘੋਸ਼ਣਾ ਕੀਤੀ ਜਾ ਸਕਦੀ ਹੈ** (Failure to give effect to the union executive's directions by any state can invite a declaration of constitutional emergency in the state) : ਸੰਵਿਧਾਨ ਦੇ ਅਨੁਛੇਦ 356 ਅਨੁਸਾਰ ਜਦੋਂ ਕੋਈ ਰਾਜ ਸੰਘ ਦੀ ਕਾਰਜਕਾਰੀ ਸ਼ਕਤੀ ਅਨੁਸਾਰ ਦਿੱਤੇ ਨਿਰਦੇਸ਼ ਤੋਂ ਸਹਿਮਤੀ ਰੱਖਣ ਜਾਂ ਉਸ ਨੂੰ ਲਾਗੂ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ ਤਾਂ ਰਾਸ਼ਟਰਪਤੀ ਕਾਨੂੰਨੀ ਰੂਪ ਵਿੱਚ ਇਹ ਸਮਝ ਲੈਂਦਾ ਹੈ ਕਿ ਅਜਿਹੀ ਸਥਿਤੀ ਪੈਦਾ ਹੋ ਗਈ, ਜਦ ਕਿ ਰਾਜ ਸਰਕਾਰ ਸੰਵਿਧਾਨ ਦੀਆਂ ਵਿਵਸਥਾਵਾਂ ਦੇ ਅਨੁਰੂਪ ਨਹੀਂ ਚੱਲ ਸਕਦੀ ਅਤੇ ਉਸ ਵਿੱਚ ਧਾਰਾ 356 ਅਧੀਨ ਸੰਕਟਕਾਲ ਦੀ ਸਥਿਤੀ ਲਾਗੂ ਕੀਤੀ ਜਾ ਸਕਦੀ ਹੈ। ਇਸ ਵਿਵਸਥਾ ਦਾ ਇਸਤੇਮਾਲ ਸੰਘ ਵੱਲੋਂ ਕਿਸੇ ਗੈਰ-ਸਹਿਯੋਗੀ ਰਾਜ ਵਿਰੁੱਧ ਕੀਤਾ ਜਾ ਸਕਦਾ ਹੈ।

**17. ਮੁੱਖ ਮੰਤਰੀਆਂ ਵਿਰੁੱਧ ਜਾਂਚ ਆਯੋਗ ਨਿਯੁਕਤ ਕਰਨ ਦੀ ਸ਼ਕਤੀ** (Power to Appoint Inquiry Commissions against Chief Ministers): ਇਕ ਹੋਰ ਅਵਸਥਾ ਜੋ ਸੰਘ ਸਰਕਾਰ ਨੂੰ ਰਾਜ ਪ੍ਰਸ਼ਾਸਨ 'ਤੇ ਸੰਯੁਕਤ ਰੂਪ ਵਿੱਚ ਪ੍ਰਸ਼ਾਸਨਿਕ ਕੰਟਰੋਲ ਰੱਖਣ ਦਾ ਅਧਿਕਾਰ ਦਿੰਦੀ ਹੈ ਉਹ ਭ੍ਰਿਸ਼ਟਾਚਾਰ ਦੇ ਦੋਸ਼ੀ ਕੰਮਾਂ ਦੀ ਪੜਤਾਲ ਲਈ ਰਾਜਾਂ ਦੇ ਮੁੱਖ ਮੰਤਰੀਆਂ ਵਿਰੁੱਧ ਜਾਂਚ ਆਯੋਗਾਂ ਦੀ ਨਿਯੁਕਤੀ ਕਰਨ ਦੀ ਵਿਵਸਥਾ ਹੈ। ਉਦਾਹਰਣ ਦੇ ਤੌਰ 'ਤੇ 1963 ਵਿੱਚ ਪਹਿਲੀ ਵਾਰ ਸੰਘ ਸਰਕਾਰ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵਿਰੁੱਧ ਕੁਝ ਦੋਸ਼ਾਂ ਦੀ ਜਾਂਚ ਲਈ ਦਾਸ ਆਯੋਗ ਨਿਯੁਕਤ ਕੀਤਾ ਸੀ। ਉਸ ਤੋਂ ਬਾਅਦ ਕਈ ਅਜਿਹੇ ਆਯੋਗ ਬਣਾਏ ਗਏ-ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਰੁੱਧ ਛਾਂਗਨੀ ਆਯੋਗ (1972), ਤਾਮਿਲਨਾਡੂ ਦੇ ਮੁੱਖ ਮੰਤਰੀ ਕਰੁਣਾਨਿਧੀ ਵਿਰੁੱਧ ਦੁਰਮਨ ਆਯੋਗ (1979) ਆਦਿ। 1981 ਵਿੱਚ ਸੰਘ ਸਰਕਾਰ ਵੱਲੋਂ ਤਾਮਿਲਨਾਡੂ ਅਤੇ ਕੇਰਲ ਵਿੱਚ ਸਿਪਰਿਟ ਸਕੈਂਡਲ ਦੀ ਜਾਂਚ ਲਈ ਰੇ ਆਯੋਗ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਸੰਘ ਸਰਕਾਰ ਨੇ ਮੁੰਬਈ ਬੰਬ ਕਾਂਡ ਅਤੇ ਸੰਪ੍ਰਦਾਇਕ ਦੰਗੇ (1993) ਦੀ ਜਾਂਚ ਪੜਤਾਲ ਲਈ ਸ਼੍ਰੀ ਕ੍ਰਿਸ਼ਨਾ ਆਯੋਗ ਦੀ ਸਥਾਪਨਾ ਕੀਤੀ। ਅਸਲ ਵਿੱਚ ਇਸ ਆਯੋਗ ਦਾ ਕੰਮ ਸੀ ਮਹਾਰਾਸ਼ਟਰ ਦੀ ਸ਼ਿਵ ਸੈਨਾ ਸਰਕਾਰ ਸਬੰਧੀ ਕੰਮ ਵਿਵਹਾਰ ਦੀ ਜਾਂਚ ਪੜਤਾਲ। ਇਸ ਤਰ੍ਹਾਂ ਰਾਜਾਂ ਦੇ ਮੁੱਖ ਮੰਤਰੀਆਂ ਦੇ ਵਿਰੁੱਧ ਦੋਸ਼ੀ ਦੁਰਵਿਵਹਾਰ ਅਤੇ ਉਲੰਘਣਾ ਦੇ ਕਿਸੇ ਵਿਸ਼ੇਸ਼ ਮਾਮਲੇ/ਮਾਮਲਿਆਂ ਦੀ ਜਾਂਚ ਲਈ ਆਯੋਗ ਨਿਯੁਕਤ ਕਰਨਾ ਸੰਘ ਸਰਕਾਰ ਦੇ ਹੱਥ ਵਿੱਚ ਇਕ ਅਜਿਹਾ ਲੀਵਰ ਹੈ ਜਿਸ ਦਾ ਇਸਤੇਮਾਲ ਇਹ ਆਪਣੀ ਇੱਛਾ ਨਾਲ ਕਰਦਾ ਹੈ ਅਤੇ ਇਸ ਦਾ ਇਸਤੇਮਾਲ ਰਾਜ ਦੀ ਸਰਕਾਰ ਦੇ ਵਿਵਹਾਰ ਨੂੰ ਪ੍ਰਭਾਵਿਤ ਕਰਨ ਲਈ ਕਰ ਸਕਦਾ ਹੈ।

ਇਹ ਸਾਰੇ ਤੱਤ ਇਸ ਗੱਲ ਵੱਲ ਸਪੱਸ਼ਟ ਸੰਕੇਤ ਕਰਦੇ ਹਨ ਕਿ ਸੰਵਿਧਾਨ ਵਿੱਚ ਸੰਘ ਅਤੇ ਰਾਜਾਂ ਦੇ ਵਿਚਕਾਰ ਪ੍ਰਸ਼ਾਸਕੀ ਸਬੰਧਾਂ ਦੇ ਖੇਤਰ ਵਿੱਚ ਵੀ ਸੰਘ ਪ੍ਰਸ਼ਾਸਨ ਨੂੰ ਜ਼ਿਆਦਾ ਮਹੱਤਵ ਪ੍ਰਾਪਤ ਹੈ। ਇਹ ਵਿਸ਼ੇਸ਼ਤਾਵਾਂ ਭਾਰਤੀ ਸੰਵਿਧਾਨ ਦੀ ਏਕਾਤਮਕ ਭਾਵਨਾ ਨੂੰ ਪ੍ਰਗਟ ਕਰਦੀਆਂ ਹਨ। ਇਨ੍ਹਾਂ ਵਿਵਸਥਾਵਾਂ ਦਾ ਇਸਤੇਮਾਲ ਸੰਘ ਸਰਕਾਰ ਵੱਲੋਂ ਕੇਵਲ ਕੇਂਦਰੀ ਨੀਤੀਆਂ ਨਾਲ ਪ੍ਰਭਾਵਸ਼ਾਲੀ ਪ੍ਰਸ਼ਾਸਨ ਚਲਾਉਣ ਲਈ ਹੀ ਨਹੀਂ ਕੀਤਾ ਜਾਂਦਾ ਹੈ, ਸਗੋਂ ਰਾਜਾਂ 'ਤੇ ਕੁਝ ਕੰਟਰੋਲ ਰੱਖਣ ਲਈ ਨਿਯਮਿਤ ਢੰਗ ਨਾਲ ਕੀਤਾ ਜਾਂਦਾ ਹੈ। ਰਾਜਾਂ ਦੀ ਸਵਾਯਤਤਾ ਦੀ ਮੰਗ ਦਾ ਇਕ ਉਦੇਸ਼ ਇਹ ਹੈ ਕਿ ਪ੍ਰਸ਼ਾਸਕੀ ਖੇਤਰ ਵਿੱਚ ਸੰਘ ਦੀ ਵਧੇਰੇ ਭੂਮਿਕਾ ਨੂੰ ਘੱਟ ਕੀਤਾ ਜਾਵੇ ਅਤੇ ਰਾਜਾਂ ਨੂੰ ਅੰਦਰਲੇ ਪ੍ਰਸ਼ਾਸਨ ਦੀ ਸਵਾਯਤਤਾ ਸੌਂਪੀ ਜਾਵੇ।

### ਸਵ-ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

4. ਰਾਜਪਾਲ ਨੂੰ ਨਿਯੁਕਤ ਕਰਨ, ਬਦਲਣ ਜਾਂ ਉਸ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਦੇਣ ਦੀ ਸ਼ਕਤੀ ਕਿਸ ਕੋਲ ਹੁੰਦੀ ਹੈ?

   (ਅ) ਮੁੱਖ ਮੰਤਰੀ　　(ਬ) ਉੱਚ ਅਦਾਲਤ ਦਾ ਜੱਜ

   (ਸ) ਪ੍ਰਧਾਨ ਮੰਤਰੀ　　(ਦ) ਰਾਸ਼ਟਰਪਤੀ

ਨੋਟ

5. ਸੰਘ ਅਤੇ ਰਾਜਾਂ ਵਿਚਕਾਰ ਪ੍ਰਸ਼ਾਸਕੀ ਸਬੰਧਾਂ ਦਾ ਵਰਨਣ ਕਿਨ੍ਹਾਂ ਅਨੁਛੇਦਾਂ ਨਾਲ ਕੀਤਾ ਗਿਆ ਹੈ?
   (ਅ) ਅਨੁਛੇਦ 257 ਤੋਂ 264 (ਬ) ਅਨੁਛੇਦ 256 ਤੋਂ 263
   (ਸ) ਅਨੁਛੇਦ 258 ਤੋਂ 269 (ਦ) ਅਨੁਛੇਦ 270 ਤੋਂ 275
6. ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵਿਰੁੱਧ ਦੋਸ਼ਾਂ ਦੀ ਜਾਂਚ ਲਈ ਕਿਸ ਆਯੋਗ ਦੀ ਸਥਾਪਨਾ ਕੀਤੀ ਗਈ ਸੀ?
   (ਅ) ਸਰਕਾਰੀਆ ਆਯੋਗ (ਬ) ਛਾਂਗਨੀ ਆਯੋਗ
   (ਸ) ਦਾਸ ਆਯੋਗ (ਦ) ਰੇ-ਆਯੋਗ

## 13.3 ਸੰਘ ਅਤੇ ਰਾਜਾਂ ਵਿੱਚ ਵਿੱਤੀ ਸਬੰਧ (Financial Relations between the Union and the States)

ਭਾਰਤੀ ਸੰਵਿਧਾਨ ਦੇ ਭਾਗ XII, ਅਧਿਆਇ 1 ਵਿੱਚ ਵਿਸਥਾਰ ਸਹਿਤ ਸੰਘ ਅਤੇ ਰਾਜਾਂ ਵਿਚਕਾਰ ਵਿੱਤੀ ਸਬੰਧਾਂ ਦੀਆਂ ਵਿਵਸਥਾਵਾਂ ਦਾ ਵਰਨਣ ਕੀਤਾ ਗਿਆ ਹੈ। ਇਸ ਵਿੱਚ ਇਸ ਅਤਿ ਮਹੱਤਵਪੂਰਨ ਵਿਸ਼ੇ ਅਤੇ ਮੁੱਦੇ ਨੂੰ ਸੁਲਝਾਉਣ ਅਤੇ ਉਸ ਨੂੰ ਨਿਪਟਾਉਣ ਦਾ ਇਕ ਸਾਹਸੀ ਅਤੇ ਵਿਸਤ੍ਰਿਤ ਯਤਨ ਕੀਤਾ ਗਿਆ ਹੈ। ਉਨ੍ਹਾਂ ਸਾਰੇ ਵਿਸ਼ਿਆਂ ਦੀ ਜੋ ਸੰਘ ਅਤੇ ਰਾਜਾਂ ਵਿਚਕਾਰ ਰਾਜਸਵ ਦੀ ਵੰਡ ਅਤੇ ਹੋਰ ਵਿੱਤੀ ਸਬੰਧਾਂ ਨਾਲ ਜੁੜੇ ਹਨ, ਵਿੱਚ ਕੀਤੀ ਗਈ ਹੈ। ਸੰਵਿਧਾਨ ਦੇ ਅਨੁਸਾਰ ਰਾਜਸਵ ਦੀ ਵੰਡ ਹੇਠ ਲਿਖੇ ਨਿਯਮਾਂ ਅਨੁਸਾਰ ਕੀਤਾ ਗਿਆ ਹੈ:

**1. ਕੇਂਦਰ ਵੱਲੋਂ ਲਗਾਏ ਗਏ ਕਰ ਅਤੇ ਹਟੈਕਸ** (Taxes and Duties Levied by the Centre)- ਸੰਵਿਧਾਨ ਵੱਲੋਂ ਸੰਘ ਨੂੰ ਕੁਝ ਵਿਸ਼ੇਸ਼ ਟੈਕਸ ਪੂਰਨ ਰੂਪ ਵਿੱਚ ਸੌਂਪੇ ਗਏ ਹਨ, ਜਿਨ੍ਹਾਂ ਵਿੱਚ ਆਯਾਤ ਟੈਕਸ, ਆਮਦਨ ਕਰ, ਤੰਬਾਕੂ, ਪਟਸਨ ਆਦਿ 'ਤੇ ਆਬਕਾਰੀ ਟੈਕਸ, ਨਿਗਮ ਕਰ, ਸੰਪਤੀ ਦੀ ਲਾਗਤ 'ਤੇ ਕਰ, ਖੇਤੀ ਯੋਗ ਜ਼ਮੀਨ ਤੋਂ ਇਲਾਵਾ ਹੋਰ ਸੰਪਤੀ ਦੇ ਸਬੰਧ ਵਿੱਚ ਸੰਪਤੀ ਕਰ, ਰੇਲਵੇ, ਡਾਕ ਅਤੇ ਤਾਰ, ਟੈਲੀਫ਼ੋਨ, ਵਾਇਰਲੈੱਸ, ਪ੍ਰਸਾਰਣ ਅਤੇ ਸੰਚਾਰ ਦੇ ਦੂਸਰੇ ਢੰਗ, ਸੰਘੀ ਸੰਪਤੀ ਅਤੇ ਇਸ ਦੀ ਆਮਦਨ ਦਾ ਸੰਘ ਦਾ ਸਰਵਜਨਕ ਕਰਜ਼ਾ, ਵਿਦੇਸ਼ੀ ਮੁਦਰਾ, ਸਿੱਕਾ ਸੰਘੀ ਸੂਚੀ ਵਿੱਚ ਸ਼ਾਮਿਲ ਮਦਾਂ ਅਤੇ ਕਰ ਸ਼ਾਮਿਲ ਹਨ।

**2. ਰਾਜ ਵੱਲੋਂ ਲਗਾਏ ਗਏ ਇਸਤੇਮਾਲ ਕੀਤੇ ਜਾਣ ਵਾਲੇ ਕਰ ਅਤੇ ਟੈਕਸ** (Taxes and duties Levied and used by the states)- ਰਾਜਸਵ ਦੇ ਕੁਝ ਸਰੋਤ ਰਾਜਾਂ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਹਨ, ਇਨ੍ਹਾਂ ਵਿੱਚ ਭੂਮੀ ਲਗਾਨ ਤੋਂ ਹੋਣ ਵਾਲੀ ਸਰਕਾਰੀ ਆਮਦਨ, ਸੰਘੀ ਸੂਚੀ ਵਿੱਚ ਸ਼ਾਮਿਲ ਦਸਤਾਵੇਜ਼ਾਂ ਤੋਂ ਇਲਾਵਾ ਸਟੈਂਪ ਟੈਕਸ, ਉਤਰਾਧਿਕਾਰਿਤਾ ਫੀਸ ਅਤੇ ਖੇਤੀ ਯੋਗ ਜ਼ਮੀਨ ਨਾਲ ਸਬੰਧਿਤ ਕਰ, ਸੜਕਾਂ ਅਤੇ ਦੇਸ਼ ਵਿੱਚ ਸਮੁੰਦਰੀ ਜਹਾਜ਼ਾਂ ਨਾਲ ਸਮਾਨ ਅਤੇ ਯਾਤਰੀਆਂ 'ਤੇ ਲਗਾਇਆ ਗਿਆ ਕਰ, ਬਿਜਲੀ ਦੀ ਖਪਤ ਅਤੇ ਬਿਜਲੀ 'ਤੇ ਲੱਗਾ ਕਰ ਅਤੇ ਚੁੰਗੀ ਕਰ, ਮਨੁੱਖੀ ਇਸਤੇਮਾਲ ਲਈ ਸ਼ਰਾਬ 'ਤੇ ਲੱਗਾ ਟੈਕਸ, ਮਨੋਰੰਜਨ 'ਤੇ ਕਰ ਆਦਿ 'ਤੇ ਲੱਗੇ ਕਰ ਸ਼ਾਮਿਲ ਹਨ।

**3. ਸੰਘ ਵੱਲੋਂ ਲਗਾਏ ਗਏ ਪ੍ਰੰਤੂ ਰਾਜ ਵੱਲੋਂ ਇਕੱਠੇ ਅਤੇ ਪ੍ਰਯੋਗ ਕੀਤੇ ਜਾਣ ਵਾਲੇ ਕਰ, ਅਨੁਛੇਦ 268** (Taxes Levied by the union but collected and Appropriated by states (Art. 268))- ਹੇਠ ਲਿਖੇ ਸਰੋਤਾਂ ਤੋਂ ਹੋਣ ਵਾਲੀ ਸਰਕਾਰੀ ਆਮਦਨ ਰਾਜਾਂ ਵੱਲੋਂ ਇਕੱਠੀ ਅਤੇ ਪ੍ਰਯੋਗ ਕੀਤੀ ਜਾਂਦੀ ਹੈ :

(ਕ) ਵੀਨਿਯਮ ਬਿੱਲਾਂ, ਚੈੱਕਾਂ, ਪ੍ਰਨੋਟ, ਉਧਾਰ ਦੇਣ ਦੇ ਬਿੱਲ, ਕਰਜ਼ਾ ਪੱਤਰ, ਬੀਮਾ ਨੀਤੀਆਂ, ਸ਼ੇਅਰਾਂ ਦੀ ਤਬਦੀਲੀ ਆਦਿ 'ਤੇ ਸਟੰਪ ਟੈਕਸ।

(ਖ) ਡਾਕਟਰੀ, ਅਲਕੋਹਲ ਭਰਪੂਰ ਸ਼ਿੰਗਾਰ ਵਸਤੂਆਂ, ਪਾਸਤ ਆਦਿ 'ਤੇ ਆਬਕਾਰੀ ਕਰ।

ਅਜਿਹੀਆਂ ਸਾਰੀਆਂ ਵਸਤੂਆਂ 'ਤੇ ਕਰ ਸੰਘੀ ਸਰਕਾਰ ਲਗਾਉਂਦੀ ਹੈ ਪਰ ਇਨ੍ਹਾਂ ਦੀ ਵਸੂਲੀ ਰਾਜਾਂ ਵੱਲੋਂ ਕੀਤੀ ਜਾਂਦੀ ਹੈ ਅਤੇ ਉਹ ਹੀ ਉਸ ਤੋਂ ਹੋਣ ਵਾਲੀ ਆਮਦਨ ਦਾ ਇਸਤੇਮਾਲ ਕਰਦੇ ਹਨ। ਰਾਜਾਂ ਦੀ ਆਮਦਨ ਦਾ ਇਹ ਇਕ ਮੁੱਖ ਵਿੱਤੀ ਸਰੋਤ ਹੈ।

**4. ਸੰਘ ਵੱਲੋਂ ਲਗਾਏ ਗਏ ਇਕੱਠੇ ਕੀਤੇ ਜਾਣ ਵਾਲੇ ਕਰ ਪਰ ਜੋ ਬਾਅਦ ਵਿੱਚ ਰਾਜਾਂ ਨੂੰ ਸੌਂਪ ਦਿੱਤੇ ਜਾਂਦੇ ਹਨ (ਅਨੁਛੇਦ 269)** (Taxes levied and collected by the Union but assigned to States (Art. 269): ਕੁਝ ਮੱਦਿਆਂ 'ਤੇ ਕਰ ਸੰਘ ਵੱਲੋਂ ਲਗਾਏ ਜਾਂਦੇ ਅਤੇ ਇਕੱੋ ਕੀਤੇ ਜਾਂਦੇ ਹਨ ਪਰ ਇਹ ਉਨ੍ਹਾਂ ਰਾਜਾਂ ਨੂੰ ਹੀ ਸੌਂਪ ਦਿੱਤੇ ਜਾਂਦੇ ਹਨ ਜਿੱਥੇ ਕਿ ਇਹ ਇਕੱਠੇ ਕੀਤੇ ਗਏ ਹੋਣੇ। ਇਨ੍ਹਾਂ ਵਿੱਚ ਰੇਲਵੇ ਨਾਲ ਮਾਲ ਦੀ ਢੁਆਈ ਅਤੇ ਰੇਲ ਯਾਤਰਾ, ਸਮੁੰਦਰੀ ਯਾਤਰਾ ਜਾਂ ਹਵਾਈ ਯਾਤਰਾ ਵੱਲੋਂ ਬਰਾਬਰ ਅਤੇ ਯਾਤਰੀਆਂ 'ਤੇ ਲੱਗਾ ਕਿਰਾਇਆ ਕਰ, ਖੇਤੀ ਯੋਗ ਜ਼ਮੀਨ ਦੇ ਇਲਾਵਾ ਕਿਸੇ ਹੋਰ ਸੰਪਤੀ ਦੇ ਸਬੰਧ ਵਿੱਚ ਸੰਪਤੀ ਕਰ ਸ਼ਾਮਿਲ ਹਨ।

ਨੋਟ

**5. ਸੰਘ ਵੱਲੋਂ ਲਗਾਏ ਅਤੇ ਇਕੱਠੇ ਕੀਤੇ ਜਾਣ ਵਾਲੇ ਕਰ ਪਰ ਜੋ ਸੰਘ ਅਤੇ ਰਾਜਾਂ ਦੇ ਵਿਚਕਾਰ ਵੰਡ ਦਿੱਤੇ ਜਾਂਦੇ ਹਨ (ਅਨੁਛੇਦ 270)** (Taxes leved and collected by the Union and Distributed between the Union and the States (Art.270)): ਕੁਝ ਵਿਸ਼ੇਸ਼ ਅਨੁਛੇਦ ਅਜਿਹੇ ਹਨ ਜਿਨ੍ਹਾਂ 'ਤੇ ਕਰ ਕੇਂਦਰ ਵੱਲੋਂ ਲਗਾਏ ਅਤੇ ਇਕੱਠੇ ਕੀਤੇ ਜਾਂਦੇ ਹਨ, ਪਰ ਇੱਥੇ ਰਾਜਾਂ ਤੋਂ ਵੰਡ ਲਏ ਜਾਂਦੇ ਹਨ, ਕਰ ਵੰਡ ਦੀ ਅਨੁਪਾਤ ਦਾ ਫੈਸਲਾ ਨਿਯਮਾਂ ਅਤੇ ਕਾਨੂੰਨਾਂ ਦੇ ਅਨੁਸਾਰ ਕੀਤਾ ਜਾਂਦਾ ਹੈ। ਅਜਿਹੇ ਕੁਝ ਮੁੱਦੇ ਹਨ: ਖੇਤੀ ਨਾਲ ਹੋਣ ਵਾਲੀ ਆਮਦਨ ਤੋਂ ਇਲਾਵਾ ਬਾਕੀ ਆਮਦਨ ਕਰ, ਡਾਕਟਰੀ ਅਤੇ ਸ਼ਿੰਗਾਰ ਵਸਤੂਆਂ ਤੋਂ ਇਲਾਵਾ ਦੂਸਰੇ ਮੁੱਦਿਆਂ 'ਤੇ ਆਬਕਾਰੀ ਕਰ। ਇਸ ਧਾਰਾ ਵਿੱਚ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਸੰਘ ਦੀ ਤਨਖਾਹ ਦੀ ਰਕਮ ਦੀ ਕਟੌਤੀ ਕਰਨ ਤੋਂ ਬਾਅਦ ਬਾਕੀ ਆਮਦਨ ਕਰ ਸੰਘ ਅਤੇ ਰਾਜਾਂ ਅਤੇ ਅਲੱਗ-ਅਲੱਗ ਰਾਜਾਂ ਵਿਚਕਾਰ ਵਿੱਤ ਆਯੋਗ ਦੀ ਰਿਪੋਰਟ ਦੇ ਅਧਾਰ 'ਤੇ ਰਾਸ਼ਟਰਪਤੀ ਦੇ ਆਦੇਸ਼ਾਂ ਅਨੁਸਾਰ ਵੰਡ ਦੇਣ ਦੀ ਵਿਵਸਥਾ ਵੀ ਕੀਤੀ ਗਈ ਹੈ।

**6. ਰਾਜਾਂ ਨੂੰ ਮਿਲਣ ਵਾਲੀ ਕੇਂਦਰ ਸਹਾਇਤਾ** (Central Grants-in-aid to the States): ਰਾਜਾਂ ਦੀ ਸਰਕਾਰੀ ਆਮਦਨ ਦੇ ਸਰੋਤ ਇਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਾਫੀ ਨਹੀਂ ਹੁੰਦੇ। ਇਸ ਲਈ ਸੰਵਿਧਾਨ ਵਿੱਚ ਸੰਘ ਵੱਲੋਂ ਰਾਜਾਂ ਨੂੰ ਸਹਾਇਤਾ ਪ੍ਰਣਾਲੀ ਅਧੀਨ ਸਹਾਇਤਾ ਦੇਣ ਦੀ ਵਿਵਸਥਾ ਕੀਤੀ ਗਈ ਹੈ। ਇਸ ਦੇ ਅਨੁਸਾਰ ਸੰਸਦ ਕਾਨੂੰਨ ਵੱਲੋਂ ਜ਼ਰੂਰਤਮੰਦ ਰਾਜਾਂ ਨੂੰ ਸਹਾਇਤਾ ਗ੍ਰਾਂਟ ਦਿੱਤੀ ਜਾ ਸਕਦੀ ਹੈ। ਸਹਾਇਤਾ ਰਾਸ਼ੀ ਦਾ ਫੈਸਲਾ ਸੰਸਦ ਵੱਲੋਂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਰਾਜ ਆਪਣੇ ਬਾਕੀ ਪ੍ਰੋਜੈਕਟ ਦੇ ਲਈ ਕਰਜ਼ਾ ਲੈਣ ਲਈ ਅਰਜ਼ੀ ਦੇ ਸਕਦੇ ਹਨ। ਸੰਵਿਧਾਨ ਵਿੱਚ ਅਨੁਸੂਚਿਤ ਕਬੀਲਿਆਂ ਅਤੇ ਪੱਛੜੇ ਵਰਗ ਦੇ ਲੋਕਾਂ ਦੇ ਕਲਿਆਣ ਲਈ ਸ਼ੁਰੂ ਕੀਤੀਆਂ ਯੋਜਨਾਵਾ ਲਈ ਸਹਾਇਤਾ ਦੇਣ ਦੀ ਵੀ ਵਿਵਸਥਾ ਹੈ। ਅਸਮ, ਬਿਹਾਰ, ਉੜੀਸਾ ਅਤੇ ਪੱਛਮੀ ਬੰਗਾਲ, ਪਟਸਨ ਅਤੇ ਪਟਸਨ ਤੋਂ ਬਣਨ ਵਾਲੇ ਉਤਪਾਦਾਂ 'ਤੇ ਲੱਗੇ ਨਿਰਯਾਤ ਕਰ ਦੇ ਇਵਜ਼ ਵਿੱਚ ਸਹਾਇਤਾ ਕਰਦੇ ਹਨ।

**7. ਸੰਘ ਸਰਕਾਰ ਕੋਲ ਕਰਜ਼ਾ ਲੈਣ ਦੀ ਸ਼ਕਤੀ ਹੁੰਦੀ ਹੈ** (Union Government's Power to Raise Loans): ਸੰਘ ਸਰਕਾਰ ਕੋਲ ਭਾਰਤੀ ਸੰਚਿਤ ਨਿਧੀ ਦੀ ਜ਼ਮਾਨਤ 'ਤੇ ਕਰਜ਼ਾ ਲੈਣ ਦੀ ਸ਼ਕਤੀ ਹੈ ਪਰ ਇਸ 'ਤੇ ਸੰਸਦ ਦੇ ਕਾਨੂੰਨਾਂ (ਅਨੁਛੇਦ 292) ਵੱਲੋਂ ਸਮੇਂ-ਸਮੇਂ 'ਤੇ ਲਾਗੂ ਪ੍ਰਤੀਬੰਧ ਲਾਗੂ ਹੁੰਦੇ ਹਨ। ਰਾਜ ਵੀ ਭਾਰਤੀ ਖੇਤਰ ਵਿੱਚ ਆਪਣੀ ਸੰਚਿਤ ਨਿਧੀ ਦੀ ਜ਼ਮਾਨਤ 'ਤੇ ਕਰਜ਼ਾ ਲੈ ਸਕਦੇ ਹਨ ਪਰ ਰਾਜ ਵਿਦੇਸ਼ਾਂ ਤੋਂ ਕਰਜ਼ਾ ਨਹੀਂ ਲੈ ਸਕਦੇ। ਭਾਰਤ ਸਰਕਾਰ ਵੀ ਕਿਸੇ ਰਾਜ ਨੂੰ ਕਰਜ਼ਾ ਦੇ ਸਕਦੀ ਹੈ। ਅਨੁਛੇਦ 292 (3) ਦੇ ਅਨੁਸਾਰ ਕਰਜ਼ਾ ਲੈਣ ਦੇ ਸਬੰਧ ਵਿੱਚ ਇਕ ਹੋਰ ਪ੍ਰਤੀਬੰਧ ਲਗਾਇਆ ਗਿਆ ਹੈ, "ਕੋਈ ਵੀ ਰਾਜ ਉਂਨੀ ਦੇਰ ਤੱਕ ਭਾਰਤ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਕਰਜ਼ਾ ਨਹੀਂ ਲੈ ਸਕਦਾ ਜਦੋਂ ਤੱਕ ਸੰਘ ਵੱਲੋਂ ਰਾਜ ਨੂੰ ਪਹਿਲੇ ਦਿੱਤੇ ਗਏ ਕਰਜ਼ੇ ਦਾ ਬਕਾਇਆ ਦੇਣਾ ਹਾਲੇ ਬਾਕੀ ਹੋਵੇ।"

**8. ਵਿੱਤੀ ਸੰਕਟਕਾਲ ਦੀ ਸਥਿਤੀ ਅਤੇ ਸੰਘ ਦੀਆਂ ਸ਼ਕਤੀਆਂ** (Financial Emergency and Powers of the Union): ਅਨੁਛੇਦ 360 ਅਧੀਨ ਵਿੱਤੀ ਸੰਕਟਕਾਲ ਦੀ ਸਥਿਤੀ ਦੀ ਘੋਸ਼ਣਾ ਕਰਦੇ ਸਮੇਂ ਰਾਸ਼ਟਰਪਤੀ ਸੰਘ ਅਤੇ ਰਾਜਾਂ ਵਿਚਕਾਰ ਰਾਜਸਵ ਦੀ ਵੰਡ ਨਾਲ ਸਬੰਧਿਤ ਹੋਰ ਰਾਜਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨਾਲ ਸਬੰਧਿਤ ਵਿਵਸਥਾਵਾਂ ਨੂੰ ਰੱਦ ਕਰ ਸਕਦਾ ਹੈ। ਅਜਿਹੇ ਸੰਕਟਕਾਲ ਦੌਰਾਨ ਰਾਜਾਂ ਕੋਲ ਕੇਵਲ ਰਾਜ ਸੂਚੀ ਵਿੱਚ ਸ਼ਾਮਿਲ ਕਰਾਂ ਨਾਲ ਹੋਣ ਵਾਲੀ ਸਰਕਾਰੀ ਆਮਦਨ ਹੀ ਰਹਿ ਸਕਦੀ ਹੈ ਅਤੇ ਬਾਕੀ ਸਰੋਤਾਂ ਦਾ ਕੰਟਰੋਲ ਕੇਂਦਰ ਦੀ ਇੱਛਾ ਅਨੁਸਾਰ ਕੀਤਾ ਜਾ ਸਕਦਾ ਹੈ। ਸੰਘ ਰਾਜ ਵਿਧਾਨ ਸਭਾਵਾਂ ਨੂੰ ਆਪਣੇ ਬਜਟ ਦੇ ਪ੍ਰਸਤਾਵ ਅਤੇ ਦੂਸਰੇ ਸਰੋਤਾ ਦਾ ਬਿਊਰਾ ਰਾਸ਼ਟਰਪਤੀ ਦੇ ਵਿਚਾਰ ਲਈ ਭੇਜਣ ਲਈ ਕਹਿ ਸਕਦਾ ਹੈ। ਵਿੱਤੀ ਸੰਕਟਕਾਲ ਵਿੱਚ ਸਮੇਂ ਰਾਜ ਦੇ ਕਰਮਚਾਰੀਆਂ ਅਤੇ ਜੱਜਾਂ ਦੀ ਆਮਦਨ ਵੀ ਰਾਸ਼ਟਰਪਤੀ ਵੱਲੋਂ ਘੱਟ ਕੀਤੀ ਜਾ ਸਕਦੀ ਹੈ।

**9. ਭਾਰਤੀ ਲੇਖਾ ਪ੍ਰੀਖਿਅਕ ਅਤੇ ਕੰਟਰੋਲਰ ਵੱਲੋਂ ਰਾਜਾਂ 'ਤੇ ਕੰਟਰੋਲ ਦੀ ਵਿਵਸਥਾ** (System of Control over States through the Comptroller and Auditor General of India): ਭਾਰਤੀ ਮੁੱਖ ਲੇਖਾ ਪ੍ਰੀਖਿਆ ਅਧਿਕਾਰੀ ਅਤੇ ਪ੍ਰੀਖਿਅਕ ਸੰਘ ਅਤੇ ਰਾਜਾਂ ਦੋਵਾਂ ਦੇ ਖਾਤਿਆਂ ਦੀ ਲੇਖਾ ਪੜਤਾਲ ਅਤੇ ਰੱਖ-ਰਖਾਵ ਲਈ ਜ਼ਿੰਮੇਵਾਰ ਹੁੰਦਾ ਹੈ। ਉਹ ਕੇਂਦਰ ਸਰਕਾਰ ਦਾ ਅਧਿਕਾਰੀ ਹੁੰਦਾ ਹੈ ਜਿਸ ਦੀ ਨਿਯੁਕਤੀ ਭਾਰਤ ਦੇ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ। ਉਸ ਦੀਆਂ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਦਾ ਫੈਸਲਾ ਸੰਸਦ ਵੱਲੋਂ ਕੀਤਾ ਜਾਂਦਾ ਹੈ। ਰਾਜਾਂ ਵੱਲੋਂ ਆਪਣੇ ਅਤੇ ਇਨ੍ਹਾਂ ਦੀ ਲੇਖਾ ਪੜਤਾਲ ਲਈ ਉਸ ਦੇ ਆਦੇਸ਼ਾਂ ਅਤੇ ਫੈਸਲੇ ਦਾ ਪਾਲਣ ਕਰਨਾ ਪੈਂਦਾ ਹੈ।

**10. ਵਿੱਤੀ ਆਯੋਗ** (The Finance Commission): ਸੰਵਿਧਾਨ ਦੇ ਅਨੁਛੇਦ ਅਨੁਸਾਰ 280 ਵੱਲੋਂ ਰਾਸ਼ਟਰਪਤੀ ਨੂੰ ਪੰਜ ਸਾਲ ਦੇ ਅੰਤਰਾਲ ਤੋਂ ਬਾਅਦ ਜਾਂ ਫਿਰ ਜਦੋਂ ਵੀ ਰਾਸ਼ਟਰਪਤੀ ਠੀਕ ਸਮਝੇ, ਇਕ ਵਿੱਤੀ ਆਯੋਗ ਸਥਾਪਿਤ ਕਰਨ ਦੀ ਸ਼ਕਤੀ ਦਿੱਤੀ ਗਈ ਹੈ। ਆਯੋਗ ਕੋਲ ਰਾਜਾਂ ਅਤੇ ਕੇਂਦਰ ਵਿਚਕਾਰ ਕਰਾਂ ਨਾਲ ਹੋਣ ਵਾਲੀ ਆਮਦਨ ਦੀ ਵੰਡ ਲਈ ਸਿਫਾਰਿਸ਼ਾਂ ਕਰਨ ਦੀ ਸ਼ਕਤੀ ਹੁੰਦੀ ਹੈ। ਇਹ ਰਾਜਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਅਤੇ ਵਿੱਤੀ ਸਹਾਇਤਾ ਦੇ ਢੰਗ ਦਾ ਫੈਸਲਾ ਵੀ ਕਰਦਾ ਹੈ। ਵਿੱਤ ਆਯੋਗ ਹੀ ਸੰਘ ਅਤੇ ਰਾਜਾਂ ਵਿੱਚ ਆਮਦਨ ਅਤੇ ਕਰਾਂ ਦੀ ਵੰਡ ਬਾਰੇ ਫੈਸਲਾ ਦਿੰਦਾ ਹੈ।

**11. ਕੇਂਦਰੀਕ੍ਰਿਤ ਨਿਯੋਜਨ** (Centralised Planning):ਭਾਰਤ ਵਿੱਚ ਪ੍ਰਚੱਲਿਤ ਕੇਂਦਰੀਕ੍ਰਿਤ ਨਿਯੋਜਨ ਦੀ ਪ੍ਰਣਾਲੀ ਵੀ ਰਾਜਾਂ 'ਤੇ ਵੱਧਦੇ ਕੇਂਦਰੀ ਕੰਟਰੋਲ ਨੂੰ ਦ੍ਰਿੜ ਅਤੇ ਪ੍ਰਗਟ ਕਰਦੀ ਹੈ। ਯੋਜਨਾ ਆਯੋਗ ਇਕ ਕੇਂਦਰੀ ਸੰਸਥਾ ਹੈ ਜੋ ਰਾਜਾਂ ਲਈ ਵਿਕਾਸ

**ਨੋਟ**

ਯੋਜਨਾਵਾਂ ਬਣਾਉਂਦਾ ਹੈ ਅਤੇ ਸਰੋਤਾਂ ਨਾਲ ਸਬੰਧਿਤ ਯੋਜਨਾਵਾਂ ਅਤੇ ਲਕਸ਼ ਰਾਜਾਂ ਲਈ ਨਿਰਧਾਰਿਤ ਕਰਦਾ ਹੈ। ਰਾਜ ਆਪਣੇ ਅਧਿਕਾਰ ਖੇਤਰ ਵਿੱਚ ਭਾਰੀ ਅਤੇ ਪੂੰਜੀ ਨਿਵੇਸ਼ ਨੂੰ ਸਥਾਪਿਤ ਕਰਨ ਲਈ ਕੇਂਦਰ 'ਤੇ ਨਿਰਭਰ ਹੁੰਦੇ ਹਨ।

ਬੈਂਕਾਂ, ਜੀਵਨ ਬੀਮਾ ਅਤੇ ਸਧਾਰਣ ਬੀਮੇ ਦੇ ਰਾਸ਼ਟਰੀਕਰਨ ਤੋਂ ਬਾਅਦ, ਵਿੱਤੀ ਪ੍ਰਬੰਧ ਵਿੱਚ ਸੰਘ ਦੀ ਭੂਮਿਕਾ ਕਈ ਗੁਣਾ ਵੱਧ ਗਈ ਹੈ।

ਪੰਚਾਇਤੀ ਰਾਜ ਕਾਨੂੰਨ ਵੱਲੋਂ ਸੰਘ ਸਰਕਾਰ ਨੇ 73ਵੀਂ ਸੰਵਿਧਾਨਿਕ ਸੋਧ ਨਾਲ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਕੁਝ ਜ਼ਿਆਦਾ ਵਿੱਤੀ ਸਰੋਤ ਅਤੇ ਸ਼ਕਤੀਆਂ ਦਿੱਤੀਆਂ ਹਨ। ਇਸ ਨਾਲ ਜ਼ਿਲ੍ਹਾ ਨਿਯੋਜਨ ਬੋਰਡ ਵੀ ਸ਼ਕਤੀਸ਼ਾਲੀ ਹੋਏ ਹਨ।

ਵਿੱਤੀ ਸਬੰਧਾਂ ਦਾ ਉਪਯੁਕਤ ਲੇਖਾ-ਜੋਖਾ ਵੀ ਵਿੱਤੀ ਸਬੰਧਾਂ ਦੇ ਸਬੰਧ ਵਿੱਚ ਸੰਘ ਦੀ ਰਾਜਾਂ ਦੀ ਸ੍ਰੇਸ਼ਠਤਾ ਪ੍ਰਗਟ ਕਰਦਾ ਹੈ। ਰਾਜ ਵਿੱਤੀ ਸਹਾਇਤਾ ਅਤੇ ਕਰਜ਼ਾ ਲੈਣ ਲਈ ਸੰਘ 'ਤੇ ਨਿਰਭਰ ਰਹਿੰਦੇ ਹਨ। ਸੰਘ ਦੀ ਆਮਦਨ ਦੇ ਸਰੋਤ ਰਾਜਾਂ ਦੀ ਆਮਦਨ ਦੇ ਸਰੋਤਾਂ ਤੋਂ ਜ਼ਿਆਦਾ ਹਨ। ਅਨੁਛੇਦ 360 ਸੰਘ ਨੂੰ ਵਿੱਤੀ ਸੰਕਟਕਾਲ ਦੀ ਸਥਿਤੀ ਦੀ ਘੋਸ਼ਣਾ ਕਰਨ ਦੀ ਸ਼ਕਤੀ ਵਿੱਤ ਆਯੋਗ ਨਿਯੁਕਤ ਕਰਨ ਦੀ ਸ਼ਕਤੀ ਅਤੇ ਸੰਘ ਦੇ ਵਿੱਤੀ ਸਰੋਤਾਂ ਸਹਿਤ ਉਨ੍ਹਾਂ ਦੇ ਨਿਯੋਜਨ ਦੀ ਸ਼ਕਤੀ, ਸੰਘ ਨੂੰ ਭਾਰਤ ਵਿੱਚ ਰਾਜਾਂ ਦੀ ਤੁਲਨਾ ਵਿੱਚ ਸ੍ਰੇਸ਼ਠਤਾ ਪ੍ਰਦਾਨ ਕਰਦਾ ਹੈ। ਪੱਛਮੀ ਬੰਗਾਲ ਬਨਾਮ ਭਾਰਤੀ ਸੰਘ ਦੇ ਮੁਕੱਦਮੇ ਵਿੱਚ ਸਰਵਉੱਚ ਅਦਾਲਤ ਨੇ ਕਿਹਾ ਕਿ "ਵਿੱਤੀ ਮਾਮਲਿਆਂ ਵਿੱਚ ਚਾਹੇ ਰਾਜਾਂ ਅਤੇ ਸੰਘ ਕੋਲ ਆਪਣੀ-ਆਭਦੀ ਸੰਖਿਤ ਨਿਧੀਆਂ ਹੁੰਦੀਆਂ ਹਨ ਪਰ ਰਾਜਾਂ ਨੂੰ ਵੰਡ ਕੀਤੇ ਗਏ ਕਰਾਂ ਵਿੱਚ ਨਿਧੀਆਂ ਦੀ ਪ੍ਰਾਪਤੀ ਅਤੇ ਵਿੱਤੀ ਸਹਾਇਤਾ ਲਈ ਸੰਘ 'ਤੇ ਨਿਰਭਰ ਕਰਨਾ ਪੈਂਦਾ ਹੈ। ਰਾਜਾਂ ਦੇ ਵਿਸ਼ਿਆਂ 'ਤੇ ਵਿੱਤੀ ਖੇਤਰ ਵਿੱਚ ਸੰਘ ਦਾ ਕੋਈ ਪ੍ਰਤੱਖ ਕੰਟਰੋਲ ਤਾਂ ਨਹੀਂ ਹੈ ਪਰ ਰਾਜਾਂ ਦੇ ਖੇਤਰ ਵਿੱਚ ਹਮੇਸ਼ਾ ਹੀ ਅਪ੍ਰਤੱਖ ਸੰਘੀ ਦਬਾਅ ਬਣਿਆ ਰਹਿੰਦਾ ਹੈ। ਸੰਘ ਵਿੱਤੀ ਮਾਮਲਿਆਂ ਵਿੱਚ ਹਮੇਸ਼ਾ ਹੀ ਰਾਜਾਂ ਨੂੰ ਇਸ ਦੀ ਸਲਾਹ ਲੈਣ ਲਈ ਮਜਬੂਰ ਕਰ ਸਕਦਾ ਹੈ। ਇਹ ਸਪੱਸ਼ਟ ਹੈ ਕਿ ਰਾਜ ਵਿੱਤੀ ਸਹਾਇਤਾ ਲਈ ਸੰਘ 'ਤੇ ਨਿਰਭਰ ਕਰਦੇ ਹਨ ਕਿਉਂਕਿ "ਕਰ ਲਗਾਉਣ ਦੀ ਨਿਸ਼ਚਿਤ ਹੱਦ ਕਾਰਨ ਉਨ੍ਹਾ ਨੂੰ ਸਰੋਤ ਪ੍ਰਾਪਤ ਨਹੀਂ ਹੁੰਦੇ।"

ਇਨ੍ਹਾਂ ਤਿੰਨ ਖੇਤਰਾਂ ਵਿਧਾਨਕ, ਪ੍ਰਸ਼ਾਸਕੀ ਅਤੇ ਵਿੱਤੀ ਖੇਤਰਾਂ ਵਿੱਚ ਸੰਘ ਅਤੇ ਰਾਜਾਂ ਦੇ ਸਬੰਧ ਭਾਰਤੀ ਸੰਘੀ ਪ੍ਰਣਾਲੀ ਵਿੱਚ ਏਕਾਤਮਕ ਭਾਵਨਾ ਨੂੰ ਮੁੱਖ ਰੂਪ ਵਿੱਚ ਪ੍ਰਗਟ ਕਰਦੇ ਹਨ। ਪੁਰਾਣੇ ਸਮੇਂ ਵਿੱਚ ਸੰਘੀ ਪ੍ਰਣਾਲੀ ਦਾ ਵਿਵਹਾਰ ਕੇਂਦਰਵਾਦ ਦੀ ਵੱਧਦੀ ਹੋਈ ਪ੍ਰਵਿਰਤੀ ਵੱਲ ਸੰਕੇਤ ਕਰਦਾ ਰਿਹਾ ਹੈ। ਰਾਜ ਸੂਚੀ ਵਿੱਚ ਪ੍ਰਭਾਵੀ ਮੌਲਿਕ 66 ਵਿਸ਼ਿਆਂ ਦੀ ਜਗ੍ਹਾ ਹੁਣ ਕੇਵਲ 61 ਵਿਸ਼ੇ ਹਨ। ਸੰਘੀ ਸੂਚੀ ਵਿੱਚ 98 ਵਿਸ਼ੇ ਸ਼ਾਮਿਲ ਹਨ, ਕਿਉਂਕਿ ਇਸ ਵਿੱਚ ਇਕ ਤੋਂ ਇਲਾਵਾ ਵਿਸ਼ਾ ਵੀ ਸ਼ਾਮਿਲ ਹੈ ਅਤੇ ਸਮਵਰਤੀ ਸੂਚੀ, ਜਿਸ 'ਤੇ ਸੰਘ ਦਾ ਮੁੱਖ ਅਧਿਕਾਰ ਹੈ, ਵਿੱਚ ਵੀ ਅਸਲੀਅਤ ਤੋਂ 5 ਜ਼ਿਆਦਾ ਵਿਸ਼ੇ ਭਾਵ 52 ਵਿਸ਼ੇ ਹੁਣ ਸ਼ਾਮਿਲ ਹਨ। ਸੰਘ ਸਰਕਾਰ ਕਈ ਵਾਰ ਰਾਜਾਂ ਨਾਲ 'ਵੱਡੇ ਭਰਾ' (Big Brother) ਵਾਲਾ ਵਿਵਹਾਰ ਕਰਦੀ ਹੈ। ਰਾਜ ਵਿਸ਼ੇਸ਼ ਤੌਰ 'ਤੇ ਵਿੱਤੀ ਮਾਮਲਿਆਂ ਵਿੱਚ ਸਵਯਤਤਾ ਦੀ ਮੰਗ ਕਰਦੇ ਰਹੇ ਹਨ। ਭਾਰਤੀ ਸੰਘਾਤਮਕ ਵਿਵਸਥਾ ਵਿੱਚ ਸੰਘ ਅਤੇ ਰਾਜਾਂ ਦੀ ਸਥਿਤੀ ਟਕਰਾਅ ਵਾਲੀ ਵੀ ਬਣੀ ਰਹੀ ਹੈ। ਕਈ ਮੁੱਦਿਆਂ 'ਤੇ ਸੰਘ ਅਤੇ ਰਾਜਾਂ ਦੇ ਅਲੱਗ-ਅਲੱਗ ਅਤੇ ਵਿਰੋਧੀ ਵਿਚਾਰ ਰਹੇ ਹਨ। ਸਮੇਂ ਦੀ ਮੰਗ ਇਹ ਹੈ ਕਿ ਭਾਰਤ ਨੂੰ ਇਕ ਪ੍ਰਸਪਰ ਸਹਿਯੋਗੀ ਸੰਘ ਬਣਾਇਆ ਜਾਵੇ। ਸਰਕਾਰੀਆ ਆਯੋਗ ਨੇ ਕੁਝ ਸੁਧਾਰਾਂ ਦੀ ਸਿਫਾਰਿਸ਼ ਕਰਦੇ ਹੋਏ ਸ਼ਕਤੀਸ਼ਾਲੀ ਕੇਂਦਰ ਦੀ ਜ਼ਰੂਰਤ ਨੂੰ ਤਾ ਸਵੀਕਾਰ ਕੀਤਾ ਹੈ ਪਰ ਨਾਲ ਹੀ ਇਸ ਨੇ ਸੰਘ ਅਤੇ ਰਾਜਾਂ ਵੱਲੋਂ ਪ੍ਰਸਪਰ ਸਹਿਯੋਗੀ ਢੰਗ ਨਾਲ ਭਾਰਤੀ ਪ੍ਰਣਾਲੀ ਦਾ ਪ੍ਰਬੰਧ ਚਲਾਉਣ ਦੀ ਸਿਫਾਰਿਸ਼ ਕੀਤੀ ਹੈ। ਸਿਹਤ, ਸ਼ਕਤੀਸ਼ਾਲੀ ਅਤੇ ਸਵਾਯਤਤਾ ਪ੍ਰਾਪਤ ਰਾਜਾਂ ਦੀ ਸਰਗਰਮ ਹੋਂਦ ਭਾਰਤੀ ਸੰਘ ਦੀ ਏਕਤਾ ਅਤੇ ਸ਼ਕਤੀ ਲਈ ਜ਼ਰੂਰੀ ਹੈ।

## 13.4 ਭਾਰਤੀ ਸੰਘੀ ਪ੍ਰਣਾਲੀ ਦੇ ਤਣਾਅ ਖੇਤਰ (Tension Areas of Indian Federal System Formation)

ਲਗਭਗ ਛੇ ਦਹਾਕਿਆਂ ਦੇ ਸਮੇਂ ਤੋਂ ਭਾਰਤ ਵਿੱਚ, 'ਏਕਾਤਮਕ ਸੰਘਵਾਦ' ਜਾਂ 'ਸ਼ਕਤੀਸ਼ਾਲੀ ਕੇਂਦਰ ਦੀ ਹੋਂਦ ਵਾਲੀ ਸੰਘੀ ਰਚਨਾ' ਹੀ ਕੰਮ ਕਰ ਰਹੀ ਹੈ ਪਰ ਇੰਨਾ ਲੰਮਾ ਸਮਾਂ ਬੀਤਣ 'ਤੇ ਵੀ ਭਾਰਤ ਵਿੱਚ ਪ੍ਰਸਪਰ ਸਹਿਯੋਗੀ ਅਤੇ ਆਦਰਸ਼ ਸੰਘਵਾਦ ਪ੍ਰਣਾਲੀ ਵਿਕਸਿਤ ਨਹੀਂ ਹੋ ਸਕੀ। ਸੰਘ ਸਰਕਾਰ ਲੱਗਭਗ ਹਮੇਸ਼ਾ ਹੀ ਸੰਵਿਧਾਨਿਕ ਵਿਵਸਥਾਵਾਂ ਅਨੁਸਾਰ ਆਪਣੀ ਸ੍ਰੇਸ਼ਠ ਸਥਿਤੀ ਸਥਾਪਿਤ ਰੱਖਣ ਅਤੇ ਆਪਣੀ ਭੂਮਿਕਾ ਨੂੰ ਉੱਤਮ ਠਹਿਰਾਉਣ ਵਿੱਚ ਯਤਨਸ਼ੀਲ ਰਹੀ ਹੈ। ਕਈ ਵਾਰ ਕੇਂਦਰ ਵਿੱਚ ਸੱਤਾਧਾਰੀ ਦਲ ਨੇ ਆਪਣੇ ਦਲ ਦੇ ਹਿੱਤਾਂ ਲਈ ਇਸ ਪ੍ਰਣਾਲੀ ਨੂੰ ਆਪਣੀ ਇੱਛਾ ਅਨੁਸਾਰ ਇਸਤੇਮਾਲ ਕਰਨ ਦਾ ਯਤਨ ਕੀਤਾ ਹੈ, ਵਿਸ਼ੇਸ਼ ਰੂਪ ਵਿੱਚ ਉਨ੍ਹਾਂ ਰਾਜਾਂ ਦੇ ਸਬੰਧ ਵਿੱਚ ਜਿਨ੍ਹਾਂ ਵਿੱਚ ਕਿਸੇ ਹੋਰ ਦਲ ਦਾ ਸ਼ਾਸਨ ਸੀ। ਰਾਜਾਂ ਨੇ ਵੀ ਕਈ ਵਾਰ ਆਪਣੇ ਖੇਤਰੀ ਹਿੱਤਾਂ ਦੀ ਪ੍ਰਾਪਤੀ ਲਈ ਨਫਰਤ ਭਰੀ ਅਤੇ ਟਕਰਾਅਪੂਰਨ ਪ੍ਰਵਿਰਤੀ ਅਪਣਾਈ। ਅਜਿਹੇ ਰਾਜਾਂ ਇੱਥੋਂ ਤੱਕੇ ਕਿ ਸਮੇਂ-ਸਮੇਂ 'ਤੇ ਖੇਤਰੀ ਦਲ ਸੱਤਾ ਵਿੱਚ ਆਏ, ਰਾਜਾਂ ਲਈ ਹੋਰ ਜ਼ਿਆਦਾ ਅਧਿਕਾਰਾਂ ਦੀ ਮੰਗ ਕੀਤੀ। ਭਾਰਤੀ ਸੰਘੀ ਪ੍ਰਣਾਲੀ ਵਿੱਚ ਰਾਜਾਂ ਦੀ ਸਵਯਤਤਾ ਦੀ ਮੰਗ ਵੀ ਹਮੇਸ਼ਾ ਮੌਜੂਦ ਰਹੀ ਹੈ।

ਇਕ ਪਾਸੇ ਸੰਘ ਸਰਕਾਰ ਅਤੇ ਸ਼ਕਤੀਸ਼ਾਲੀ ਕੇਂਦਰ ਦੀਆਂ ਧਾਰਨਾਵਾਂ ਅਤੇ ਦੂਸਰੇ ਪਾਸੇ ਰਾਜ ਸਰਕਾਰਾਂ ਦੀ ਸਵਯਤਤਾ ਦੇ

**ਨੋਟ**

ਸਮਰਥਕਾਂ ਵਿੱਚ ਵਿਵਾਦ ਹੋਣ ਕਾਰਨ ਭਾਰਤੀ ਸੰਘੀ ਪ੍ਰਣਾਲੀ ਦਾ ਵਾਤਾਵਰਣ ਕਈ ਵਾਰ ਟਕਰਾਅ ਵਾਲਾ ਬਣਿਆ ਰਿਹਾ ਹੈ ਜਿਸ ਵਿੱਚ ਕਈ ਤਣਾਅ ਖੇਤਰ ਅਤੇ ਮੁੱਦੇ ਮੌਜੂਦ ਰਹੇ ਹਨ। ਕੁਝ ਮੁੱਖ ਤਣਾਅਪੂਰਨ ਮੁੱਦਿਆਂ ਜਾਂ ਖੇਤਰਾਂ ਦਾ ਸੰਖੇਪ ਵਿਸ਼ਲੇਸ਼ਣ ਹੇਠ ਲਿਖੇ ਰੂਪ ਵਿੱਚ ਕੀਤਾ ਜਾ ਸਕਦਾ ਹੈ। ਰਾਜ ਮੁੱਖ ਰੂਪ ਵਿੱਚ ਸੰਘ ਅਤੇ ਰਾਜਾਂ ਦੇ ਸਬੰਧਾਂ ਵਾਲੇ ਸਾਰਿਆਂ ਖੇਤਰਾਂ ਵਿੱਚ ਕੇਂਦਰੀ ਪਿਤ੍ਰਵਾਦ (Central Paternalism) ਵਿਰੁੱਧ ਆਵਾਜ਼ ਉਠਾਉਂਦੇ ਰਹੇ ਹਨ–

1. **ਰਾਜਸਵ ਦੇ ਸਰੋਤ ਅਤੇ ਵਿੱਤੀ ਸਬੰਧ** (Revenue Resources and Financial Relations): ਭਾਰਤੀ ਸੰਵਿਧਾਨ ਵੱਲੋਂ ਕੀਤੀ ਗਈ ਵਿੱਤੀ ਸਰੋਤਾਂ ਦੀ ਵੰਡ ਅਤੇ ਵਿੱਤੀ ਸਬੰਧਾਂ ਦੀ ਪ੍ਰਣਾਲੀ ਤਣਾਅ ਪੈਦਾ ਕਰਨ ਵਾਲੇ ਮੁੱਖ ਖੇਤਰ ਰਹੇ ਹਨ। ਰਾਜ ਆਪਣੇ ਘੱਟ ਸਰੋਤਾਂ ਕਾਰਨ ਅਤੇ ਕਰ ਲਾਗੂ ਕਰਨ ਦੇ ਸੀਮਿਤ ਖੇਤਰ ਕਾਰਨ ਆਪਣੇ ਆਪ ਨੂੰ ਸੰਘ 'ਤੇ ਨਿਰਭਰ ਸਮਝਦੇ ਰਹੇ ਹਨ। ਉਹ ਸਹਾਇਤਾ ਰਾਸ਼ੀ ਲਈ ਅਤੇ ਕਰਾਂ ਨਾਲ ਹੋਣ ਵਾਲੀ ਆਮਦਨ ਦੀ ਪ੍ਰਾਪਤੀ ਲਈ ਸੰਘ ਵੱਲੋਂ ਇਕੱਠੇ ਕੀਤੇ ਗਏ ਕਰਾਂ 'ਤੇ ਨਿਰਭਰ ਰਹੇ ਹਨ। ਜਦਕਿ ਸੰਵਿਧਾਨ ਵੱਲੋਂ ਨਿਰਧਾਰਿਤ ਰਾਜਾਂ ਦੇ ਵਿੱਤੀ ਸਰੋਤਾਂ 'ਤੇ ਸੰਘ ਦਾ ਕੋਈ ਪ੍ਰਤੱਖ ਕੰਟਰੋਲ ਨਹੀਂ ਹੁੰਦਾ ਪਰ ਸੰਘ ਹਮੇਸ਼ਾ ਹੀ ਰਾਜਾਂ 'ਤੇ ਅਪ੍ਰਤੱਖ ਢੰਗਾਂ ਨਾਲ ਦਬਾਅ ਪਾ ਰਿਹਾ ਹੈ। "ਸੰਘ ਹਮੇਸ਼ਾ ਹੀ ਰਾਜਾਂ ਨੂੰ ਵਿੱਤੀ ਸਬੰਧਾਂ ਦੇ ਮਾਮਲੇ ਵਿੱਚ ਇਸ ਨੂੰ ਸਮਰਥਨ ਲੈਣ ਲਈ ਮਜਬੂਰ ਕਰਦਾ ਰਿਹਾ ਹੈ।" ਜਿਸ ਢੰਗ ਨਾਲ ਰਾਜਾਂ ਨੂੰ ਸਹਾਇਤਾ ਰਾਸ਼ੀ ਦਿੰਦੇ ਸਮੇਂ ਕੇਂਦਰੀ ਸਰਕਾਰ ਵੱਲੋਂ ਵਿਵਹਾਰ ਕੀਤਾ ਜਾਂਦਾ ਰਿਹਾ ਹੈ, ਉਹ ਵੀ ਰਾਜਾਂ ਵਿੱਚ ਪ੍ਰਤੀਕਿਰਿਆ ਪੈਦਾ ਕਰਨ ਦਾ ਮਹੱਤਵਪੂਰਨ ਸਰੋਤ ਰਿਹਾ ਹੈ। ਰਾਜ ਇਸ ਨੂੰ ਉਨ੍ਹਾਂ ਦੀ ਸਵਾਯਤ 'ਤੇ ਗੰਭੀਰ ਪ੍ਰਤੀਬੰਧ ਸਮਝਦੇ ਰਹੇ ਹਨ। ਉਹ ਰਾਜ ਇੱਥੇ ਕੇਂਦਰ ਵਿੱਚ ਸੱਤਾਰੂੜ ਦਲ ਤੋਂ ਇਲਾਵਾ ਕਈ ਹੋਰ ਦਲ ਸੱਤਾ ਵਿੱਚ ਹੁੰਦਾ ਹੈ, ਉੱਥੇ ਦੀ ਸਿਰਫ ਸਰਕਾਰ ਹੀ ਆਮਦਨ ਦੀ ਵੰਡ ਅਤੇ ਸਹਾਇਤਾ ਰਾਸ਼ੀ ਦੀ ਪ੍ਰਾਪਤੀ ਦੇ ਮਾਮਲੇ ਵਿੱਚ ਕੇਂਦਰ ਦੀ ਪੱਖਪਾਤ ਪੂਰਨ ਪ੍ਰਵਿਰਤੀ ਅਤੇ ਮਤਰੇਈ ਮਾਂ ਵਾਲੇ ਵਿਵਹਾਰ ਦੀ ਸ਼ਿਕਾਇਤ ਕਰਦੀ ਹੈ। ਪੁਰਾਣੇ ਸਮੇਂ ਵਿੱਚ ਆਂਧਰਾ ਪ੍ਰਦੇਸ਼ ਵਿੱਚ ਐੱਨ. ਟੀ. ਰਾਮਾ ਰਾਓ, ਪੱਛਮੀ ਬੰਗਾਲ ਵਿੱਚ ਜੋਤੀ ਬਸੂ, ਕਰਨਾਟਕ ਵਿੱਚ ਰਾਮ ਕ੍ਰਿਸ਼ਨ ਹੇਗੜੇ, ਤਾਮਿਲਨਾਡੂ ਵਿੱਚ ਕਰੁਣਾਨਿਧੀ ਨੇ ਹਮੇਸ਼ਾ ਹੀ ਕਾਂਗਰਸ ਵੱਲੋਂ ਸ਼ਾਸਿਤ ਕੇਂਦਰ ਵੱਲੋਂ ਉਨ੍ਹਾਂ ਨਾਲ ਸਬੰਧਿਤ ਰਾਜਾਂ ਵਿੱਚ ਪੱਖਪਾਤ ਪੂਰਨ ਪ੍ਰਵਿਰਤੀ ਅਪਨਾਉਣ ਵਿਰੁੱਧ ਆਵਾਜ਼ ਉਠਾਈ ਸੀ। ਰਾਜ ਸਰਕਾਰਾਂ ਦੀ ਇਹ ਲਗਾਤਾਰ ਸ਼ਿਕਾਇਤ ਰਹੀ ਹੈ ਕਿ ਕੇਂਦਰ ਵਿੱਚ ਸੱਤਾਰੂੜ ਦਲ ਵੱਲੋਂ ਦਲੀ ਹਿੱਤਾਂ ਲਈ ਆਪਣੀ ਉੱਤਮ ਵਿੱਤੀ ਸ਼ਕਤੀ ਦਾ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ। ਯੋਜਨਾ ਬਣਾਉਣ ਦੇ ਖੇਤਰ ਵਿੱਚ ਰਾਜਾਂ ਕੋਲ ਕੋਈ ਸਵਾਯਤਤਾ ਨਹੀਂ ਅਤੇ ਇਸ ਲਈ ਇਨ੍ਹਾਂ ਨੂੰ ਸੰਘ 'ਤੇ ਨਿਰਭਰ ਕਰਨਾ ਪੈਂਦਾ ਹੈ। ਰਾਜਾਂ ਨੂੰ ਸਰੋਤਾਂ ਅਤੇ ਸਹਾਇਤਾ ਰਾਸ਼ੀ ਦੀ ਵੰਡ ਕਰਦੇ ਸਮੇਂ ਯੋਜਨਾ ਆਯੋਗ ਅਤੇ ਵਿੱਤ ਆਯੋਗ ਸਧਾਰਣ ਰੂਪ ਵਿੱਚ ਕੇਂਦਰੀ ਨਿਰਦੇਸ਼ਾਂ 'ਤੇ ਹੀ ਚੱਲਦੇ ਰਹੇ ਹਨ। ਬਾਜ਼ਾਰੀ ਕਰਜ਼ੇ ਤੋਂ ਹੋਣ ਵਾਲੀ ਆਪਣੀ ਆਮਦਨ ਦਾ 80 ਤੋਂ 90 ਪ੍ਰਤੀਸ਼ਤ ਭਾਗ ਕੇਂਦਰ ਵੱਲੋਂ ਰੱਖਿਆ ਜਾਂਦਾ ਹੈ ਅਤੇ ਬਾਕੀ 10 ਤੋਂ 20 ਪ੍ਰਤੀਸ਼ਤ ਭਾਗ ਰਾਜਾਂ ਦੇ ਲਈ ਛੱਡ ਦਿੱਤਾ ਜਾਂਦਾ ਹੈ। ਸ਼੍ਰੀਮਤੀ ਅਰੁਣ ਚਾਲਨ ਦੇ ਅਨੁਸਾਰ, "ਭਾਰਤੀ ਸੰਘ ਦੀ ਰਾਜਾਂ 'ਤੇ ਸ਼ਕਤੀਸ਼ਾਲੀ ਵਿੱਤੀ ਜਕੜ ਹੈ। ਦੇਸ਼ ਦੇ ਵਿੱਤੀ ਸਬੰਧਾਂ ਵਿੱਚ ਕੇਂਦਰ ਹੀ ਆਧਾਰਭੂਤ ਫੈਸਲਾ ਕਰਦਾ ਹੈ ਅਤੇ ਉਹੀ ਅਖੀਰਲੇ ਹੁੰਦੇ ਹਨ।" ਰਾਜਾਂ ਵੱਲੋਂ ਵਿਕਾਸ ਯੋਜਨਾਵਾਂ ਨੂੰ ਠੀਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਜ਼ਿਆਦਾ ਵਿੱਤੀ ਸਰੋਤਾਂ ਅਤੇ ਜ਼ਿਆਦਾ ਵਿੱਤੀ ਸਵਾਯਤਤਾ ਦੀ ਮੰਗ ਕੀਤੀ ਜਾਂਦੀ ਹੈ। ਉਹ ਸੰਘ ਨੂੰ ਕਰਾਂ ਤੋਂ ਹੋਣ ਵਾਲੀ ਕੁੱਲ ਸਰਕਾਰੀ ਆਮਦਨ ਵਿੱਚੋਂ ਰਾਜਾਂ ਦਾ ਕੇਵਲ 25 ਪ੍ਰਤੀਸ਼ਤ ਜਾਂ ਇਸ ਤੋਂ ਵੀ ਘੱਟ ਹਿੱਸਾ ਹੋਣ ਨਾਲ ਨਾਰਾਜ਼ ਰਹੇ ਹਨ। ਦੂਸਰੇ ਪਾਸੇ ਸੰਘ ਸਰਕਾਰ ਵਰਤਮਾਨ ਵਿਵਸਥਾ ਨੂੰ ਠੀਕ ਠਹਿਰਾਉਂਦੀ ਰਹੀ ਹੈ ਅਤੇ ਰਾਜਾਂ 'ਤੇ ਆਪਣੇ ਸਰੋਤ ਗੈਰ-ਉਤਪਾਦਨਸ਼ੀਲ ਨਿਵੇਸ਼ਾਂ 'ਤੇ ਲਗਾਏ ਅਤੇ ਆਪਣੇ ਸਰੋਤਾਂ ਦੇ ਏਕੀਕਰਨ ਵਿੱਚ ਅਯੋਗਤਾ ਦੇ ਵਿਵਹਾਰ ਦਾ ਇਲਜ਼ਾਮ ਲਗਾਉਂਦੀ ਹੈ ਜੋ ਰਾਜਾਂ ਦੇ ਵਿੱਤੀ ਗੈਰ-ਜ਼ਿੰਮੇਵਾਰੀ ਭਰਪੂਰ ਵਿਵਹਾਰ ਨੂੰ ਪ੍ਰਗਟ ਕਰਦਾ ਰਿਹਾ ਹੈ। ਇਹ ਵੀ ਵਿਚਾਰ ਦਿੱਤਾ ਜਾਂਦਾ ਰਿਹਾ ਹੈ ਕਿ ਕੇਂਦਰ 'ਤੇ ਸੰਘ ਦੇ ਪ੍ਰਸ਼ਾਸਨ ਤੋਂ ਇਲਾਵਾ ਅੰਦਰੂਨੀ ਸੁਰੱਖਿਆ, ਅੰਦਰੂਨੀ ਅਤੇ ਵਿਦੇਸ਼ੀ ਕਰਜ਼ਿਆਂ ਦੀ ਵਿਵਸਥਾ ਕਰਨ, ਭੋਜਨ ਅਤੇ ਖਾਦਾਂ 'ਤੇ ਦਿੱਤੀਆਂ ਜਾਣ ਵਾਲੀਆਂ ਛੂਟਾਂ ਸਹਿਤ ਦੇਸ਼ ਦੀ ਰੱਖਿਆ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਤਰ੍ਹਾਂ ਸੰਘ ਅਤੇ ਰਾਜਾਂ ਵਿਚਕਾਰ ਸਰਕਾਰੀ ਆਮਦਨ ਅਤੇ ਵਿੱਤੀ ਸਰੋਤਾਂ ਦੀ ਵੰਡ ਵਿੱਚ ਅਤੇ ਵਿੱਤੀ ਸਬੰਧਾਂ ਵਿੱਚ ਤਣਾਅ ਬਣਿਆ ਰਿਹਾ ਹੈ।

2. **ਰਾਜਪਾਲ ਦੀ ਭੂਮਿਕਾ** (Role of Governor) ਸੰਵਿਧਾਨ ਦੇ ਅਨੁਸਾਰ ਰਾਜਪਾਲ ਦੀ ਦੋਹਰੀ ਭੂਮਿਕਾ ਨਿਸ਼ਚਿਤ ਕੀਤੀ ਗਈ ਹੈ ਰਾਜ ਵਿੱਚ ਸੰਘ ਦੇ ਏਜੰਟ ਦੇ ਰੂਪ ਵਿੱਚ ਅਤੇ ਰਾਜ ਦੇ ਸੰਵਿਧਾਨਿਕ ਮੁਖੀਆ ਦੇ ਰੂਪ ਵਿੱਚ। ਆਪਣੀ ਪਹਿਲੀ ਭੂਮਿਕਾ ਦੇ ਅਨੁਸਾਰ ਰਾਜਪਾਲ ਭਰੋਸੇਯੋਗ ਬਣਾਉਂਦਾ ਹੈ ਕਿ ਰਾਜ ਸਰਕਾਰ ਸੰਵਿਧਾਨਿਕ ਵਿਵਸਥਾਵਾਂ ਦੇ ਅਨੁਸਾਰ ਕੰਮ ਕਰੇ। ਇਸ ਦੇ ਨਾਲ-ਨਾਲ ਕੇਂਦਰ ਦੇ ਅਧਿਕਾਰਾਂ ਦੀ ਰੱਖਿਆ ਲਈ ਵੀ ਕੰਮ ਕਰਦਾ ਹੈ। ਉਸ ਦੀ ਅਜਿਹੀ ਭੂਮਿਕਾ ਸਿਰਫ ਉਸ ਨੂੰ ਰਾਜ ਸਰਕਾਰ ਦੀ ਦ੍ਰਿਸ਼ਟੀ ਵਿੱਚ ਸਮਰੱਥ ਬਣਾ ਦਿੰਦੀ ਹੈ। ਰਾਜਪਾਲ ਨੂੰ ਨਿਯੁਕਤ ਕਰਨ ਦੀ ਵਿਵਸਥਾ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ ਅਤੇ ਰਾਸ਼ਟਰਪਤੀ ਇਸ ਸਬੰਧ ਵਿੱਚ ਹਮੇਸ਼ਾ ਹੀ ਸੰਘੀ ਕੈਬਨਿਟ ਦੀ ਸਲਾਹ 'ਤੇ ਵਿਵਹਾਰ ਕਰਦਾ ਹੈ। ਇਸ ਦੇ ਨਤੀਜੇ ਵਜੋਂ ਰਾਜਪਾਲ ਕੇਂਦਰ ਵਿੱਚ ਅਧੀਕ੍ਰਿਤ ਦਲ ਦਾ ਏਜੰਟ ਬਣ ਜਾਂਦਾ ਹੈ। ਰਾਜਪਾਲ ਦੇ ਅਹੁਦੇ ਦੀਆਂ ਰਾਜਨੀਤਿਕ ਨਿਯੁਕਤੀਆਂ ਕੇਂਦਰ ਵੱਲੋਂ ਰਾਜਨੀਤਿਕ ਵਿਅਕਤੀਆਂ ਨੂੰ ਰਾਜਾਂ ਦਾ ਰਾਜਪਾਲ ਬਣਾ ਦਿੰਦੀਆਂ ਹਨ ਅਤੇ ਕੁਝ ਰਾਜਪਾਲਾਂ ਦੀ ਪੱਖਪਾਤ ਪੂਰਨ ਪ੍ਰਵਿਰਤੀ ਇਹ ਸਾਰੇ ਸੰਘ ਅਤੇ ਰਾਜਾਂ ਵਿਚਕਾਰ ਟਕਰਾਅ ਪੈਦਾ ਕਰਨ ਵਾਲੇ ਕਾਰਕ ਰਹੇ ਹਨ। ਰਾਜ ਦੇ ਸੰਵਿਧਾਨਿਕ ਮੁਖੀਆ ਦੇ ਰੂਪ ਵਿੱਚ ਕੰਮ ਕਰਦੇ ਸਮੇਂ ਰਾਜਪਾਲ ਸਿਰਫ ਸੰਘ ਸਰਕਾਰ ਅਤੇ ਰਾਜ ਸਰਕਾਰ ਵਿਚਕਾਰ ਰਾਜਨੀਤਿਕ ਖੇਡ ਵਿੱਚ ਸ਼ਾਮਿਲ ਹੋ ਜਾਂਦਾ ਰਿਹਾ ਹੈ। ਇਹ ਵਿਸ਼ੇਸ਼ ਕਰਕੇ ਉਦੋਂ ਹੁੰਦਾ ਰਿਹਾ ਹੈ ਜਦੋਂ ਰਾਜ ਸਰਕਾਰ ਉਸ ਦਲ ਦੀ ਹੋਵੇ ਜੋ ਕੇਂਦਰ ਵਿੱਚ ਸੱਤਾ 'ਚ

ਨੋਟ

ਨਾ ਹੋਵੇ। ਜੰਮੂ ਕਸ਼ਮੀਰ ਵਿੱਚ ਸ਼੍ਰੀ ਜਗਮੋਹਨ (1998), ਆਂਧਰਾ ਪ੍ਰਦੇਸ਼ ਵਿੱਚ ਸ਼੍ਰੀ ਰਾਮ ਲਾਲ (1984), ਅਸਮ ਦੇ ਰਾਜਪਾਲ (1990), ਕਰਨਾਟਕ ਦੇ ਰਾਜਪਾਲ (1990) ਉੱਤਰ ਪ੍ਰਦੇਸ਼ ਦੇ ਰਾਜਪਾਲ ਸ਼੍ਰੀ ਰਮੇਸ਼ ਭੰਡਾਰੀ (1996) 2005 ਵਿੱਚ ਝਾਰਖੰਡ ਦੇ ਅਤੇ ਬਿਹਾਰ ਦੇ ਰਾਜਪਾਲਾਂ ਦੇ ਵਿਵਹਾਰ ਹੱਦ ਤੱਕ ਪੱਖਪਾਤ ਪੂਰਨ ਪ੍ਰਵਿਰਤੀ ਦਿਖਾਈ ਦਿੱਤੀ। 1984 ਵਿੱਚ ਕਸ਼ਮੀਰ ਅਤੇ ਆਂਧਰਾ ਪ੍ਰਦੇਸ਼ ਦੇ ਰਾਜਪਾਲਾਂ ਨੇ 1989 ਵਿੱਚ ਕਰਨਾਟਕ ਦੇ ਰਾਜਪਾਲ ਅਤੇ 2005 ਵਿੱਚ ਝਾਰਖੰਡ ਦੇ ਰਾਜਪਾਲ ਨੇ ਰਾਜਾਂ ਵਿੱਚ ਰਾਜਪਾਲਾਂ ਦੀ ਭੂਮਿਕਾ ਦੇ ਸਬੰਧ ਵਿੱਚ ਫੈਲੇ ਵਿਵਾਦ ਵਿੱਚ ਬਲਦੀ 'ਤੇ ਘਿਓ ਪਾਉਣ ਦਾ ਕੰਮ ਕੀਤਾ । ਰਾਜਾਂ ਦੇ ਕਈ ਬਿੱਲਾਂ ਦੇ ਸਬੰਧਾਂ ਵਿੱਚ ਰਾਸ਼ਟਰਪਤੀ ਦੀ ਸਹਿਮਤੀ ਪ੍ਰਾਪਤ ਕਰਨ (ਅਨੁਛੇਦ 200) ਵਿੱਚ ਰਾਜਪਾਲ ਦੀ ਭੂਮਿਕਾ ਵੀ ਕਈ ਵਾਰ ਪੱਖਪਾਤੀ ਅਤੇ ਗੈਰ ਜ਼ਿੰਮੇਵਾਰਾਨਾ ਰਹੀ ਹੈ। ਤਾਮਿਲਨਾਡੂ ਦੀ ਮੁੱਖ ਮੰਤਰੀ ਕੁਮਾਰੀ ਜੈਲਲਿਤਾ ਵਿਰੁੱਧ ਪੁਲਿਸ ਕਾਰਵਾਈ ਸ਼ੁਰੂ ਕਰਵਾਉਣ ਦੇ ਸਬੰਧ ਵਿੱਚ ਉੱਥੋਂ ਦੇ ਰਾਜਪਾਲ ਸ਼੍ਰੀ ਚੇਨਾ ਰੇਡੀ ਦੀ ਭੂਮਿਕਾ ਬੜੀ ਵਿਵਾਦਗ੍ਰਸਤ ਰਹੀ ਸੀ। ਤਾਮਿਲਨਾਡੂ ਵਿਧਾਨ ਸਭਾ ਨੇ ਤਾਂ ਸ਼੍ਰੀ ਰੈਡੀ ਨੂੰ ਵਾਪਿਸ ਬੁਲਾਉਣ ਦਾ ਪ੍ਰਸਤਾਵ ਹੀ ਪਾਸ ਕਰ ਦਿੱਤਾ ਸੀ। 1996-97 ਦੇ ਦੌਰਾਨ ਉੱਤਰ ਪ੍ਰਦੇਸ਼ ਦੇ ਰਾਜਪਾਲ ਰਮੇਸ਼ ਭੰਡਾਰੀ ਦਾ ਚਰਿੱਤਰ ਵੀ ਵਿਵਾਦ ਪੂਰਨ ਰਿਹਾ। ਰਾਜਪਾਲਾਂ ਦੇ ਅਜਿਹੇ ਵਿਵਹਾਰ ਸੰਘ ਅਤੇ ਰਾਜਾਂ ਦੇ ਸਬੰਧਾਂ ਵਿੱਚ ਤਣਾਅ ਦਾ ਸਰੋਤ ਰਹੇ ਹਨ।

ਕਈ ਵਾਰ ਰਾਜਪਾਲਾਂ ਦੀ ਨਿਯੁਕਤੀ ਦੇ ਮੁੱਦੇ 'ਤੇ ਸੰਘ ਅਤੇ ਰਾਜਾਂ ਵਿਚਕਾਰ ਵਿਵਾਦ ਪੈਦਾ ਹੋ ਜਾਂਦਾ ਰਿਹਾ ਹੈ। ਰਾਜ ਸਰਕਾਰ ਕਿਸੇ ਵਿਸ਼ੇਸ਼ ਵਿਅਕਤੀ ਨੂੰ ਰਾਜਪਾਲ ਸਵੀਕਾਰ ਕਰਨ ਵਿੱਚ ਨਾਰਾਜ਼ਗੀ ਨੂੰ ਪ੍ਰਗਟ ਕਰਦੀ ਹੈ। ਜਿਵੇਂ ਕਿ ਪੱਛਮੀ ਬੰਗਾਲ ਦੀ ਸਾਂਝੇ ਮੁਰਚੇ ਦੀ ਸਰਕਾਰ ਕਦੀ ਵੀ ਰਾਜਪਾਲ ਧਰਮਵੀਰ ਨੂੰ ਸਵੀਕਾਰ ਕਰਨ ਅਤੇ ਉਸ ਨੂੰ ਸਹਿਣ ਕਰਨ ਲਈ ਤਿਆਰ ਨਹੀਂ ਸੀ।

ਰਾਜਪਾਲ ਦੀਆਂ ਸਵੈ-ਇਛੁੱਕ ਸ਼ਕਤੀਆਂ (Discretionary Powers), ਜਿਨ੍ਹਾਂ ਵਿੱਚ ਅਨੁਛੇਦ 356 ਦੀਆਂ ਵਿਵਸਥਾਵਾਂ ਅਧੀਨ ਰਾਸ਼ਟਰਪਤੀ ਨੂੰ ਰਾਜ ਸਰਕਾਰ ਭੰਗ ਕਰਨ ਦੀ ਸਿਫਾਰਿਸ਼ ਕਰਨ ਦੀ ਸ਼ਕਤੀ ਸ਼ਾਮਿਲ ਹੈ, ਵੀ ਸੰਘ ਅਤੇ ਰਾਜਾਂ ਵਿੱਚ ਵਿਰੋਧ ਦਾ ਇਕ ਸਰੋਤ ਰਹੀਆਂ ਹਨ। ਮਈ 2005 ਵਿੱਚ ਬਿਹਾਰ ਦੇ ਰਾਜਪਾਲ ਸ਼੍ਰੀ ਬੂਟਾ ਸਿੰਘ ਵੱਲੋਂ ਰਾਜ ਵਿਧਾਨ ਸਭਾ ਨੂੰ ਭੰਗ ਕੀਤੇ ਜਾਣ ਦੀ ਸਿਫਾਰਿਸ਼ ਨੇ ਵੀ ਕਾਫੀ ਵਿਵਾਦ ਨੂੰ ਜਨਮ ਦਿੱਤਾ। ਅਲੱਗ-ਅਲੱਗ ਰਾਜਪਾਲਾਂ ਵਿੱਚ ਸੱਤਾਰੂੜ ਦਲ/ਦਲਾਂ ਦੇ ਬਹੁਮਤ ਦੇ ਮੁੱਦੇ ਦਾ ਫੈਸਲਾ ਕਰਨ ਲਈ ਅਲੱਗ-ਅਲੱਗ ਮਾਪਦੰਡਾਂ ਦਾ ਇਸਤੇਮਾਲ ਕੀਤਾ ਹੈ। ਸਧਾਰਣ ਰੂਪ ਵਿੱਚ ਰਾਜਪਾਲ ਸੁਤੰਤਰ ਅਤੇ ਨਿਰਪੱਖ ਰੈਫਰੀ ਦੀ ਭੂਮਿਕਾ ਨਹੀਂ ਨਿਭਾਉਂਦੇ ਰਹੇ। ਉਹ ਕੇਂਦਰੀ ਏਜੰਟ ਦੇ ਰੂਪ ਵਿੱਚ ਕੰਮ ਕਰਦੇ ਰਹੇ ਹਨ ਅਤੇ ਆਪਣੇ ਵਾਧੇ ਨੂੰ ਨਿਰਪੱਖ ਢੰਗ ਨਾਲ ਨਹੀਂ ਇਸਤੇਮਾਲ ਕਰਦੇ ਰਹੇ। ਇਸ ਸਾਰੀ ਪ੍ਰਕਿਰਿਆ ਵਿੱਚ ਉਹ ਖੁਦ ਵਿਵਾਦਗ੍ਰਸਤ ਹੋ ਜਾਂਦੇ ਰਹੇ ਹਨ। ਬੀਤੇ ਸਮੇਂ ਵਿੱਚ ਰਾਜਾਂ ਦੇ ਰਾਜਪਾਲਾਂ ਵੱਲੋਂ ਸਰਕਾਰ ਵੱਲੋਂ ਅਨੁਛੇਦ 356 ਦੇ ਦੁਰਉਪਯੋਗ ਨੇ ਵੀ ਰਾਜਪਾਲ ਦੇ ਅਹੁਦੇ ਨੂੰ ਵਿਵਾਦਗ੍ਰਸਤ ਬਣਾਈ ਰੱਖਿਆ। ਕਾਂਗਰਸ ਵੱਲੋਂ ਨਿਯੁਕਤ ਕੀਤੇ ਗਏ ਰਾਜਪਾਲਾਂ ਨੇ ਸੰਘ ਦੀ ਸਰਕਾਰ ਦੀ ਅਗਵਾਈ ਵਿੱਚ ਕਈ ਵਾਰ ਗੈਰ-ਕਾਂਗਰਸੀ ਰਾਜ ਸਰਕਾਰਾਂ ਦੇ ਮੁੱਖ ਮੰਤਰੀਆਂ ਵਿਰੁੱਧ ਪੱਖਪਾਤੀ ਪ੍ਰਵਿਰਤੀ ਅਪਨਾਈ। ਅਜਿਹਾ ਕੁਝ ਕੇਂਦਰ ਵਿੱਚ ਜਨਤਾ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਰਾਜਪਾਲਾਂ ਵੱਲੋਂ ਮਾਰਚ, 1977-1979 ਅਤੇ ਨਵੰਬਰ 1989 ਤੋਂ ਜੂਨ 1991 ਵਿੱਚ ਕੀਤਾ ਗਿਆ। 1996-97 ਦੌਰਾਨ ਉੱਤਰ ਪ੍ਰਦੇਸ਼ ਦੇ ਰਾਜਪਾਲ ਸ਼੍ਰੀ ਰਮੇਸ਼ ਭੰਡਾਰੀ ਦਾ ਵਿਵਹਾਰ ਵੀ ਨਿਰਪੱਖ ਨਹੀਂ ਸੀ। ਅਸਲ ਵਿੱਚ ਗੁਜਰਾਤ ਅਤੇ ਉੱਤਰ ਪ੍ਰਦੇਸ਼ ਦੇ ਸਬੰਧ ਵਿੱਚ ਪਹਿਲੀ ਸਾਂਝੀ ਮੋਰਚਾ ਸਰਕਾਰ ਨੇ ਪ੍ਰਧਾਨ ਮੰਤਰੀ ਸ਼੍ਰੀ ਐੱਚ. ਡੀ. ਦੇਵਗੌੜਾ ਅਧੀਨ ਅਨੁਛੇਦ 356 ਦਾ ਠੀਕ ਇਸਤੇਮਾਲ ਕੀਤਾ। 1967 ਦੀਆਂ ਚੌਥੀਆ ਚੋਣਾਂ ਤੋਂ ਬਾਅਦ ਰਾਜਪਾਲ ਰਾਜ ਦੇ ਮੁੱਖ ਮੰਤਰੀਆਂ ਨੂੰ ਸੱਤਾ ਤੋਂ ਹਟਾਉਣ ਦੀ ਦੌੜ ਵਿੱਚ ਕੇਂਦਰੀ ਏਜੰਟ ਬਣ ਗਈਆਂ ਹਨ। ਅਜਿਹੀਆਂ ਸਥਿਤੀਆਂ ਵਿੱਚ ਉਨ੍ਹਾਂ ਨੇ ਕੇਂਦਰ ਵੱਲੋਂ ਨਿਸ਼ਚਿਤ ਕੀਤੇ ਗਏ ਜਾਂ ਜ਼ਰੂਰੀ ਲਕਸ਼ਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਤਰ੍ਹਾਂ ਨਾਲ ਕੰਮ ਕੀਤਾ। ਰਾਜ ਵਿੱਚ 'ਨਾ ਪਸੰਦ ਪਾਰਟੀ' ਦੀ ਸਰਕਾਰ ਵਿਰੁੱਧ ਅਨੁਛੇਦ 356 ਦੇ ਇਸਤੇਮਾਲ ਵਿੱਚ ਸੰਘ ਦੀ ਸਹਾਇਤਾ ਕਰਨ ਵਿੱਚ ਰਾਜਪਾਲ ਦੀ ਭੂਮਿਕਾ ਨੇ ਅਤੇ ਸੰਵਿਧਾਨਿਕ ਸੰਕਟਕਾਲ ਦੇ ਸਮੇਂ ਵਿੱਚ ਉਸ ਵੱਲੋਂ ਰਾਜ ਦੇ ਪ੍ਰਸ਼ਾਸਨ ਚਲਾਉਣ ਨੇ ਵੀ ਰਾਜਪਾਲ ਦੇ ਅਹੁਦੇ ਨੂੰ ਵਿਵਾਦਗ੍ਰਸਤ ਬਣਾ ਦਿੱਤਾ। ਕਈ ਰਾਜਪਾਲਾਂ ਵੱਲੋਂ ਰਾਜ ਵਿਧਾਨ ਸਭਾਵਾਂ ਨੂੰ ਰੱਦ ਕਰਨ/ਭੰਗ ਕਰਨ ਦੇ ਮੁੱਦੇ 'ਤੇ ਨਿਭਾਈ ਗਈ ਪੱਖਪਾਤ ਦੀ ਭੂਮਿਕਾ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਰਾਜ ਸਧਾਰਣ ਰੂਪ ਵਿੱਚ ਰਾਜਪਾਲ ਨੂੰ 'ਬਾਹਰੀ ਸ਼ਕਤੀ ਨਾਲ ਸ਼ਾਸਨ ਕਰਨ ਵਾਲਾ ਸ਼ਾਸਕ' ਸਮਝਦੇ ਰਹੇ ਹਨ ਅਤੇ ਇਸ ਲਈ ਉਸ ਨੂੰ ਥੋਪਿਆ ਗਿਆ ਅਣਇਛੁੱਕ ਵਿਅਕਤੀ ਸਮਝਿਆ ਜਾਂਦਾ ਰਿਹਾ ਹੈ। ਰਾਜ ਚਾਹੁੰਦੇ ਹਨ ਕਿ ਰਾਜਪਾਲ ਹਮੇਸ਼ਾ ਮੁੱਖ ਮੰਤਰੀ ਦੀ ਸਲਾਹ ਅਨੁਸਾਰ ਕੰਮ ਕਰੇ ਅਤੇ ਰਾਜ ਦੇ ਲੋਕਾਂ ਨੂੰ ਆਪਣੇ ਰਾਜਪਾਲ ਦੀ ਚੋਣ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਘੱਟ ਤੋਂ ਘੱਟ ਇਸ ਗੱਲ ਦੀ ਵਿਵਸਥਾ ਹੋਣੀ ਚਾਹੀਦੀ ਹੈ ਕਿ ਸੰਘ ਸਰਕਾਰ ਦੀ ਆਪਣੀ ਇੱਛਾ ਅਨੁਸਾਰ ਰਾਜ ਦੇ ਰਾਜਪਾਲਾਂ ਨੂੰ ਨਿਯੁਕਤ ਕਰਨ, ਉਨ੍ਹਾਂ ਦੀ ਬਦਲੀ ਕਰਨ ਅਤੇ ਉਨ੍ਹਾਂ ਨੂੰ ਸੇਵਾਮੁਕਤ ਕਰਨ ਦੀ ਸ਼ਕਤੀ 'ਤੇ ਜ਼ਰੂਰ ਕੁਝ ਰੋਕ ਹੋਣੀ ਚਾਹੀਦੀ ਹੈ। ਮਈ 2004 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਯੂ. ਪੀ. ਏ. ਸਰਕਾਰ ਦਾ ਕਈ ਰਾਜਾਂ ਦੇ ਰਾਜਪਾਲਾਂ ਨੂੰ ਇਕੱਠੇ ਸੇਵਾਮੁਕਤ ਕਰਨ ਦਾ ਫੈਸਲਾ ਠੀਕ ਨਹੀਂ ਸੀ। ਇਸ ਤੋਂ ਇਹ ਸਪੱਸ਼ਟ ਦਿਖਾਈ ਦਿੱਤਾ ਕਿ ਕੇਂਦਰ ਸਰਕਾਰ ਆਪਣੀ ਪਸੰਦ ਦੇ ਰਾਜਪਾਲਾਂ ਨੂੰ ਹੀ ਨਿਯੁਕਤ ਕਰਨਾ ਚਾਹੁੰਦੀ ਸੀ।

3. **ਅਨੁਛੇਦ 356 ਦਾ ਦੁਰਉਪਯੋਗ** (Misuse of Article 356): ਅਨੁਛੇਦ 356 ਦੇ ਅਨੁਸਾਰ, ਰਾਸ਼ਟਰਪਤੀ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਅਸਫਲ ਹੋਣ ਦੀ ਸਥਿਤੀ ਵਿੱਚ ਕਿਸੇ ਰਾਜ ਸਰਕਾਰ ਦੀ ਕਿਸਮਤ ਦਾ ਫੈਸਲਾ ਕਰ ਸਕਦੀ ਹੈ। ਅਸਲ ਵਿੱਚ ਰਾਸ਼ਟਰਪਤੀ ਨੇ ਆਪਣੇ ਸਾਰੇ ਫੈਸਲੇ ਸੰਘ ਸਰਕਾਰ ਦੀ ਸਲਾਹ ਅਨੁਸਾਰ ਕਰਨੇ ਹੁੰਦੇ

**ਨੋਟ**

ਹਨ ਅਤੇ ਰਾਜਪਾਲ ਦੀ ਰਿਪੋਰਟ ਦਾ ਮਹੱਤਵ ਘੱਟ ਨਹੀਂ ਹੁੰਦਾ। ਕਈ ਵਾਰ ਸੰਘ ਸਰਕਾਰ ਵੱਲੋਂ ਵੀ ਰਾਜਪਾਲ ਤੋਂ ਰਿਪੋਰਟ ਦੀ ਮੰਗ ਕਰ ਲਈ ਜਾਂਦੀ ਹੈ। ਕੋਈ ਰਾਜ ਸਰਕਾਰ ਉਦੋਂ ਭੰਗ ਕਰ ਦਿੱਤੀ ਜਾਂਦੀ ਹੈ ਜਦੋਂ ਰਾਸ਼ਟਰਪਤੀ ਅਨੁਛੇਦ 356 ਅਧੀਨ ਰਾਜ ਵਿੱਚ ਸੰਵਿਧਾਨਿਕ ਸੰਕਟਕਾਲ ਸਥਿਤੀ ਦੀ ਘੋਸ਼ਣਾ ਕਰ ਦੇਵੇ। ਉਦੋਂ ਤੱਕ ਸੰਘ ਨੇ ਲੱਗਭਗ 105 ਵਾਰ ਇਸ ਅਨੁਛੇਦ ਦਾ ਇਸਤੇਮਾਲ ਕੀਤਾ ਹੈ ਅਤੇ ਜ਼ਿਆਦਾਤਰ ਮਾਮਲਿਆਂ ਵਿੱਚ ਇਸ ਅਨੁਛੇਦ ਦਾ ਇਸਤੇਮਾਲ ਰਾਜਨੀਤਿਕ ਹਿੱਤਾਂ ਲਈ ਕੀਤਾ ਜਾਂਦਾ ਰਿਹਾ ਹੈ ਅਤੇ ਇਹ ਕਿ ਉਸ ਰਾਜ ਸਰਕਾਰ ਨੂੰ ਰੱਦ ਕਰਨ ਲਈ ਕੀਤੀ ਜਾਂਦੀ ਰਹੀ ਹੈ, ਜਿੱਥੇ ਕਿ ਵਿਰੋਧੀ ਦਲ ਜਾਂ ਕੋਈ ਵਿਰੋਧੀ ਨੇਤਾ ਸ਼ਾਸਨ ਚਲਾ ਰਿਹਾ ਹੁੰਦਾ ਸੀ ਜਾਂ ਰਾਜ ਵਿੱਚ ਸਰਕਾਰ ਗਠਨ ਕਰਨ ਦਾ ਯਤਨ ਕਰ ਰਿਹਾ ਹੁੰਦਾ ਸੀ ਅਤੇ ਜੋ ਕੇਂਦਰ ਵਿੱਚ ਅਗਵਾਈ ਵਾਲੇ ਸ਼ਾਸਨ ਦਲ ਦੇ ਲਈ ਅਣਇੱਛੁਕ ਅਤੇ ਅਸਹਿਣਯੋਗ ਦਲ ਜਾਂ ਨੇਤਾ ਮੰਨਿਆ ਜਾਂਦਾ ਸੀ। 11 ਮਾਰਚ 1994 ਨੂੰ ਸਰਵਉੱਚ ਅਦਾਲਤ ਨੇ ਫੈਸਲਾ ਦਿੱਤਾ ਸੀ ਕਿ ਰਾਸ਼ਟਰਪਤੀ ਘੋਸ਼ਣਾ ਅਧੀਨ ਅਨੁਛੇਦ 356 ਦਾ ਇਸਤੇਮਾਲ ਅਧੀਨ 1988 ਵਿੱਚ ਨਾਗਾਲੈਂਡ ਅਤੇ 1989 ਵਿੱਚ ਕਰਨਾਟਕ ਅਤੇ 1991 ਵਿੱਚ ਮੇਘਾਲਿਆ ਦੀਆਂ ਰਾਜ ਵਿਧਾਨ ਸਭਾਵਾਂ ਭੰਗ ਕਰਨਾ ਗੈਰ-ਸੰਵਿਧਾਨਿਕ ਸੀ। ਮਈ 2005 ਵਿੱਚ ਬਿਹਾਰ ਦੇ ਰਾਜਪਾਲ ਬੂਟਾ ਸਿੰਘ ਦਾ ਰਾਜ ਵਿਧਾਨ ਸਭਾ ਭੰਗ ਕਰਨ ਦਾ ਫੈਸਲਾ ਨਿਸ਼ਚਿਤ ਹੀ ਰਾਜਨੀਤੀ ਤੋਂ ਪ੍ਰਭਾਵਿਤ ਸੀ। ਅਨੁਛੇਦ 356 ਰਾਜਾਂ ਦੀ ਸਵਾਯਤਤਾ 'ਤੇ ਲਗਾਤਾਰ ਮੌਜੂਦ ਖਤਰਾ ਪ੍ਰਤੀਤ ਹੁੰਦਾ ਹੈ-ਇਹ ਸੰਘ ਦੇ ਹੱਥਾਂ ਵਿੱਚ ਇਕ ਅਜਿਹਾ ਸ਼ਸਤਰ ਹੈ, ਜਿਸ ਦੇ ਇਸਤੇਮਾਲ ਨਾਲ ਸੰਘ ਕਿਸੇ ਰਾਜ ਸਰਕਾਰ ਨੂੰ ਸੱਤਾ ਤੋਂ ਅਲੱਗ ਕਰ ਸਕਦਾ ਹੈ। ਰਾਜ ਚਾਹੁੰਦਾ ਹੈ ਕਿ ਸੰਵਿਧਾਨਿਕ ਸੋਧ ਨਾਲ ਇਸ 'ਸੱਤਾਧਾਰੀ ਅਨੁਛੇਦ' ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਜਦੋਂ ਤੱਕ ਇਹ ਹੋਂਦ ਵਿੱਚ ਰਹੇਗਾ, ਰਾਜ ਕਦੇ ਵੀ ਸੱਚੇ ਅਰਥਾਂ ਵਿੱਚ ਸਵਾਯਤਤਾ ਪ੍ਰਾਪਤ ਨਹੀਂ ਕਰ ਸਕਦੇ ਅਤੇ ਉਹ ਖੁਦ ਨੂੰ ਕੇਂਦਰ ਦੇ ਦਬਾਅ ਵਿੱਚ ਸੁਤੰਤਰਤਾ ਮਹਿਸੂਸ ਨਹੀਂ ਕਰ ਸਕਦੇ। ਟੀ. ਡੀ. ਪੀ., ਡੀ ਐੱਮ. ਕੇ., ਏ. ਜੀ. ਪੀ., ਸੀ. ਪੀ. ਆਈ., ਸੀ. ਪੀ. ਐੱਮ., ਐੱਸ. ਏ. ਡੀ. ਅਤੇ ਕੁਝ ਹੋਰ ਦਲ ਇਸ ਵਿਵਾਦਗ੍ਰਸਤ ਅਤੇ ਸੰਘ ਵਿਰੋਧੀ ਅਨੁਛੇਦ ਨੂੰ ਖਤਮ ਕਰਨ ਦੀ ਵਕਾਲਤ ਕਰਦੇ ਰਹੇ ਹਨ।

4. **ਸੰਵਿਧਾਨ ਵਿੱਚ ਸੋਧ ਕਰਨ ਦੀ ਸ਼ਕਤੀ ਦਾ ਦਰਉਪਯੋਗ** (Misuse of Power to Amend the Constitution): ਕੇਵਲ ਸੰਘ ਸਰਕਾਰ ਕੋਲ ਹੀ ਸੰਵਿਧਾਨਿਕ ਸੋਧ ਕਰਨ ਦੀ ਵਿਆਪਕ ਸ਼ਕਤੀ ਹੈ। ਕੇਵਲ ਕੁਝ ਸੋਧ ਕਰਨ ਲਈ ਘੱਟ ਤੋਂ ਘੱਟ ਅੱਧੀਆਂ ਰਾਜ ਵਿਧਾਨ ਸਭਾਵਾਂ ਦੀ ਮਨਜ਼ੂਰੀ ਜ਼ਰੂਰ ਹੁੰਦੀ ਹੈ। ਸੰਘ ਕੋਲ ਆਪਣੀਆਂ ਸ਼ਕਤੀਆਂ ਵਧਾਉਣ ਲਈ ਸੰਵਿਧਾਨ ਵਿੱਚ ਸੋਧ ਕਰਨ ਦੀ ਸ਼ਕਤੀ ਹੈ ਅਤੇ ਪਿਛਲੇ ਸਮੇਂ ਵਿੱਚ ਕੁਝ ਅਜਿਹੀਆਂ ਹੀ ਸੋਧਾਂ ਕਰਨ ਦੇ ਕਾਰਨ ਰਾਜਾਂ ਨੂੰ ਉਪਲੱਬਧ ਸ਼ਕਤੀਆਂ ਦਾ ਖੇਤਰ ਕੁਝ ਸੀਮਿਤ ਹੋ ਗਿਆ ਹੈ। ਰਾਜ ਸੂਚੀ ਵਿੱਚ ਪਹਿਲੇ 66 ਵਿਸ਼ੇ ਸ਼ਾਮਿਲ ਸਨ ਪਰ ਹੁਣ ਇਸ ਵਿੱਚ ਪ੍ਰਭਾਵੀ ਰੂਪ ਵਿੱਚ 61 ਵਿਸ਼ੇ ਰਹਿ ਗਏ ਹਨ। ਸੰਘੀ ਸੂਚੀ ਵਿੱਚ 1 ਅਤੇ ਸਮਵਰਤੀ ਸੂਚੀ ਵਿੱਚ 5 ਨਵੇਂ ਵਿਸ਼ੇ ਸ਼ਾਮਿਲ ਕੀਤੇ ਗਏ ਹਨ। ਸੰਘ ਦੇ 98 ਵਿਸ਼ਿਆਂ ਅਤੇ ਸਮਵਰਤੀ 52 ਵਿਸ਼ਿਆਂ, ਜਿਨ੍ਹਾਂ 'ਤੇ ਸੰਘ ਨੂੰ ਪਹਿਲ ਪ੍ਰਾਪਤ ਹੈ ਅਤੇ ਕਈ ਬਾਕੀ ਵਿਸ਼ਿਆਂ ਸਹਿਤ ਸੰਘ ਜ਼ਿਆਦਾ ਸ਼ਕਤੀਸ਼ਾਲੀ ਕੇਂਦਰ ਦੇ ਰੂਪ ਵਿੱਚ ਭਾਰਤੀ ਸੰਘਾਤਮਕ ਵਿਵਸਥਾ ਵਿੱਚ ਕੰਮ ਕਰਦਾ ਰਿਹਾ ਹੈ। ਸੰਵਿਧਾਨ ਵੱਲੋਂ ਸੰਘ ਨੂੰ ਸੰਘ ਰਾਜ ਸਬੰਧਾਂ ਦੇ ਸਬੰਧ ਵਿੱਚ ਤਿੰਨਾਂ ਖੇਤਰਾਂ ਵਿਧਾਨਕ, ਪ੍ਰਸ਼ਾਸਨਿਕ ਅਤੇ ਵਿੱਤੀ ਵਿੱਚ ਜ਼ਿਆਦਾ ਮਹੱਤਵਪੂਰਨ ਅਤੇ ਵਿਆਪਕ ਭੂਮਿਕਾ ਦਿੱਤੀ ਗਈ ਹੈ। ਭਾਰਤੀ ਸੰਘੀ ਪ੍ਰਣਾਲੀ ਦੇ ਕੰਮ ਵਿਵਹਾਰ ਨੇ ਸੰਘ ਨੂੰ ਰਾਜਾਂ ਤੋਂ ਜ਼ਿਆਦਾ ਸ਼ਕਤੀਸ਼ਾਲੀ ਬਣਾ ਦਿੱਤਾ ਹੈ ਅਤੇ ਇਸ ਪ੍ਰਕਿਰਿਆ ਵਿੱਚ ਸੰਵਿਧਾਨਿਕ ਸੋਧ ਸੰਸਦੀ ਕਾਨੂੰਨ, ਕੇਂਦਰੀ ਨੀਤੀਆਂ, ਕੇਂਦਰੀਕ੍ਰਿਤ ਨਿਯੋਜਨ ਅਤੇ ਨਿਆਇਕ ਫੈਸਲਿਆਂ ਨੇ ਸੰਘ ਲਈ ਸਹਾਇਕ ਭੂਮਿਕਾ ਨਿਭਾਈ ਹੈ। ਰਾਜ ਸੰਘ ਨੂੰ ਹੋਰ ਜ਼ਿਆਦਾ ਸ਼ਕਤੀ ਦੇਣ ਦਾ ਵਿਰੋਧ ਕਰਦੇ ਰਹੇ ਹਨ। ਰਾਜ ਵਿਕੇਂਦਰੀਕਰਨ ਚਾਹੁੰਦੇ ਹਨ ਅਤੇ ਉਹ ਚਾਹੁੰਦੇ ਹਨ ਕਿ ਰਾਜਾਂ ਨੂੰ ਜ਼ਿਆਦਾ ਸਰੋਤ ਅਤੇ ਸ਼ਕਤੀਆਂ ਦਿੱਤੀਆਂ ਜਾਣ।

5. **ਰਾਜਾਂ ਵਿੱਚ ਕੇਂਦਰੀ ਬਲਾਂ ਨੂੰ ਲਗਾਇਆ ਜਾਣਾ** (Deployment of Central Forces in the States): ਸੰਘ ਅਤੇ ਰਾਜਾਂ ਵਿੱਚ ਵਿਵਾਦ ਦਾ ਇਕ ਹੋਰ ਮਹੱਤਵਪੂਰਨ ਮੁੱਦਾ ਸੰਘ ਵੱਲੋਂ ਰਾਜਾਂ ਵਿੱਚ ਕੇਂਦਰੀ ਬਲਾਂ-ਸੀ. ਆਰ. ਪੀ. ਐੱਫ., ਬੀ. ਐੱਸ. ਐੱਫ. , ਆਈ. ਟੀ. ਬੀ. ਪੀ., ਪੀ. ਆਈ. ਐੱਸ. ਐੱਫ. ਬਲੈਕ ਕੈਟ ਕਮਾਂਡੋਜ਼ ਆਦਿ ਨੂੰ ਲਗਾਇਆ ਜਾਂਦਾ ਰਿਹਾ ਹੈ। ਰਾਜ ਵਿੱਚ ਸੰਕਟ ਦੇ ਸਮੇਂ ਦੌਰਾਨ ਜਿਵੇਂ ਕਿ ਸੰਪ੍ਰਦਾਇਕ ਦੰਗਿਆਂ ਜਾਂ ਹੜਤਾਲਾਂ ਦੇ ਸਮੇਂ ਰਾਜ ਖੁਦ ਸੰਘ ਤੋਂ ਕੇਂਦਰੀ ਬਲਾਂ ਦੀ ਜ਼ਰੂਰੀ ਮੰਗ ਕਰਦੇ ਹਨ ਅਤੇ ਸਿਰਫ ਘੱਟ ਸੰਖਿਆ ਵਿੱਚ ਜਾਂ ਇਨ੍ਹਾਂ ਨੂੰ ਦੇਰ ਨਾਲ ਭੇਜੇ ਜਾਣ ਦੀ ਸ਼ਿਕਾਇਤ ਕਰਦੇ ਰਹੇ ਹਨ ਪਰ ਕਈ ਵਾਰ ਜਦੋਂ ਕਦੀ ਸੰਘ ਕੇਂਦਰੀ ਸੰਪਤੀ ਦੀ ਰੱਖਿਆ ਕਰਨ ਲਈ ਜਾਂ ਸਰਵਜਨਕ ਵਿਵਸਥਾ ਬਣਾਈ ਰੱਖਣ ਲਈ ਰਾਜਾਂ ਵਿੱਚ ਕੇਂਦਰੀ ਬਲਾਂ ਦੀ ਨਿਯੁਕਤੀ ਕਰਦਾ ਹੈ ਤਾਂ ਰਾਜ ਸਰਕਾਰਾਂ ਵਿਸ਼ੇਸ਼ ਰੂਪ ਵਿੱਚ ਉਨ੍ਹਾਂ ਰਾਜਾਂ ਦੀ ਇੱਥੇ ਕੇਂਦਰ ਵਿੱਚ ਸੱਤਾਰੂੜ ਦਲ ਤੋਂ ਇਲਾਵਾ ਕੋਈ ਹੋਰ ਦਲ ਦੇ ਹੱਥ ਵਿੱਚ ਕੰਟਰੋਲ ਹੋਵੇ, ਇਸ ਫੈਸਲੇ ਦਾ ਦ੍ਰਿੜ ਵਿਰੋਧ ਕਰਦੇ ਹਨ। ਪੱਛਮੀ ਬੰਗਾਲ ਇੱਥੋਂ ਤੱਕ ਕਿ ਲੰਮੇ ਸਮੇਂ ਤੋਂ ਵਾਮ-ਪੰਥੀ ਦਲ ਸੱਤਾ ਵਿੱਚ ਹਨ, ਨੇ ਹਮੇਸ਼ਾ ਹੀ ਕੇਂਦਰੀ ਬਲਾਂ ਦੀ ਨਿਯੁਕਤੀ ਦਾ ਵਿਰੋਧ ਕੀਤਾ ਹੈ। 1968 ਅਤੇ 1969 ਵਿੱਚ ਕੇਰਲ ਸਰਕਾਰ ਵੱਲੋਂ ਰੇਲਵੇ ਕਰਮਚਾਰੀਆਂ ਦੀ ਹੜਤਾਲ ਨਾਲ ਪੈਦਾ ਹੋਈ ਸਥਿਤੀ ਨਾਲ ਨਿਪਟਣ ਲਈ ਅਤੇ ਕੇਂਦਰੀ ਸੰਪਤੀ ਦੀ ਰੱਖਿਆ ਲਈ ਸੰਘ ਵੱਲੋਂ ਸੀ. ਆਰ. ਪੀ. ਐੱਫ. ਦੀ ਨਿਯੁਕਤੀ ਦੀ ਜ਼ੋਰਦਾਰ ਨਿੰਦਾ ਕੀਤੀ ਗਈ ਸੀ। ਪੰਜਾਬ ਵਿੱਚ ਗੁਰਨਾਮ ਸਿੰਘ ਸਰਕਾਰ ਨੇ ਰਾਜ ਸਰਕਾਰ ਦੀ ਸਲਾਹ ਤੋਂ ਬਿਨਾਂ ਸੀ. ਆਰ. ਪੀ. ਐੱਫ. ਦੀ ਨਿਯੁਕਤੀ ਦੀ ਨਿੰਦਾ ਕੀਤੀ ਸੀ। ਕਈ ਨੇਤਾਵਾਂ ਵੱਲੋਂ ਵੀ ਰਾਜਾਂ ਵਿੱਚ ਅੱਤਵਾਦ 'ਤੇ ਕਾਬੂ ਪਾਉਣ ਲਈ ਕੇਂਦਰੀ ਬਲਾਂ ਦਾ ਇਸਤੇਮਾਲ ਕਰਨ ਦੀ ਨਿੰਦਾ ਕੀਤੀ

ਜਾਂਦੀ ਰਹੀ ਹੈ ਪਰ ਕੇਂਦਰ ਰਾਜਾਂ ਦੀ ਸਲਾਹ ਜਾਂ ਸਹਿਮਤੀ ਨਾਲ ਜਾਂ ਇਸ ਤੋਂ ਬਿਨਾਂ ਰਾਜਾਂ ਵਿੱਚ ਸੀ. ਆਰ. ਪੀ. ਐੱਫ. ਭੇਜਣ ਦੇ ਅਧਿਕਾਰ ਦਾ ਲਗਾਤਾਰ ਇਸਤੇਮਾਲ ਕਰਦਾ ਰਿਹਾ ਹੈ। ਇਹ ਵੀ ਤਣਾਅ ਦਾ ਇਕ ਖੇਤਰ ਬਣਿਆ ਰਿਹਾ ਹੈ।

**6. ਰਾਜਾਂ ਵੱਲੋਂ ਸੰਘ ਕਾਨੂੰਨਾਂ ਨੂੰ ਲਾਗੂ ਨਾ ਕਰਨ ਦਾ ਮੁੱਦਾ** (The Issue of Non-implementation of Union Laws by the States): ਸੰਵਿਧਾਨ ਦੇ ਅਨੁਸਾਰ ਰਾਜ ਸਰਕਾਰਾਂ ਦਾ ਆਪਣੇ-ਆਪਣੇ ਰਾਜ ਦੇ ਭੂ-ਖੇਤਰਾਂ ਵਿੱਚ ਸੰਘ ਦੇ ਕਾਨੂੰਨ ਲਾਗੂ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਉਦੇਸ਼ ਲਈ ਸੰਘ ਰਾਜਾਂ ਨੂੰ ਨਿਰਦੇਸ਼ ਵੀ ਜਾਰੀ ਕਰ ਸਕਦਾ ਹੈ। ਰਾਜਾਂ ਦੀ ਇਹ ਸੰਵਿਧਾਨਿਕ ਜ਼ਿੰਮੇਵਾਰੀ ਹੈ ਕਿ ਉਹ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਇਸ ਢੰਗ ਨਾਲ ਕਰਨ ਜੋ ਸੰਘ ਦੇ ਕਾਨੂੰਨ ਲਾਗੂ ਕਰਨ ਵਿੱਚ ਸਹਾਇਤ ਸਿੱਧ ਹੋਵੇ। ਕਈ ਵਾਰ ਰਾਜ ਸਰਕਾਰਾਂ ਸੰਘ ਵੱਲੋਂ ਬਣਾਏ ਕਿਸੇ ਵਿਸ਼ੇਸ਼ ਕਾਨੂੰਨ ਨੂੰ ਲਾਗੂ ਕਰਨ ਦੇ ਪੱਖ ਵਿੱਚ ਨਹੀਂ ਹੁੰਦੀ ਜੋ ਉਨ੍ਹਾਂ ਅਨੁਸਾਰ ਉਸ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਰੁਕਾਵਟ ਪੈਦਾ ਕਰਨ ਵਾਲੀ ਸਮਝਿਆ ਜਾਂਦਾ ਹੈ। 1968 ਵਿੱਚ ਕੇਰਲ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਕਰਮਚਾਰੀਆਂ ਵੱਲੋਂ ਕੀਤੀ ਗਈ ਹੜਤਾਲ ਰੋਕਣ ਲਈ ਸੰਘ ਵੱਲੋਂ ਜਾਰੀ ਕੀਤੀਆਂ ਗਈਆਂ ਜ਼ਰੂਰੀ ਸੇਵਾਵਾਂ ਅਧਿਆਦੇਸ਼ (Essential Services Ordinance) ਨੂੰ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਸੀ। 1979 ਵਿੱਚ ਬਿਹਾਰ, ਗੁਜਰਾਤ, ਹਰਿਆਣਾ, ਹਿਮਾਚਲ, ਰਾਜਸਥਾਨ (ਸਾਰੀਆਂ ਜਨਤਾ ਪਾਰਟੀ ਦੀਆਂ ਸਰਕਾਰਾਂ), ਤਾਮਿਲਨਾਡੂ (ਏ. ਆਈ. ਏ., ਡੀ. ਐੱਮ. ਕੇ. ਸਰਕਾਰ), ਤ੍ਰਿਪੁਰਾ ਅਤੇ ਪੱਛਮੀ ਬੰਗਾਲ (ਵਾਮਪੰਥੀ ਸਰਕਾਰਾਂ), ਵਿੱਚ ਉਕਤ ਧਨ ਅਤੇ ਕਾਲਾ ਬਾਜ਼ਾਰੀ ਰੋਕਣ ਲਈ ਕੇਂਦਰ ਵਿੱਚ ਚਰਨ ਸਿੰਘ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਨਿਵਾਰਕ ਨਜ਼ਰਬੰਦੀ ਅਧਿਆਦੇਸ਼ (Preventive Detention Ordinance) ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਰਾਜ ਸਰਕਾਰਾਂ ਦੀਆਂ ਅਜਿਹੀਆਂ ਗਤੀਵਿਧੀਆਂ ਤੋਂ ਕੇਂਦਰ ਰਾਜ ਵਿਵਾਦ ਹੋਰ ਗਹਿਰੇ ਹੁੰਦੇ ਰਹੇ ਹਨ। ਸੰਘ ਸਰਕਾਰ ਕੋਲ ਅਨੁਛੇਦ 365 ਅਧੀਨ ਕਿਸੇ ਰਾਜ ਵਿੱਚ ਅਜਿਹੀ ਸਥਿਤੀ ਨਾਲ ਅਤੇ ਸੰਵਿਧਾਨਿਕ ਮਸ਼ੀਨਰੀ ਦੀ ਅਸਫਲਤਾ ਨਾਲ ਨਿਪਟਣ ਦੀ ਸ਼ਕਤੀ ਹੁੰਦੀ ਹੈ ਅਤੇ ਇਸ ਤਰ੍ਹਾਂ ਉਹ ਅਨੁਛੇਦ 356 ਅਧੀਨ ਸੰਵਿਧਾਨਿਕ ਸੰਕਟਕਾਲ ਦੀ ਸਥਿਤੀ ਲਾਗੂ ਕਰਨ ਲਈ ਮਜਬੂਰ ਹੁੰਦਾ ਰਿਹਾ ਹੈ। 1990 ਵਿੱਚ ਤਾਮਿਲਨਾਡੂ 'ਚ ਡੀ. ਐੱਮ. ਕੇ. ਸਰਕਾਰ ਦੇ ਰੱਦ ਕਰਨ ਦਾ ਫੈਸਲਾ ਇਸੇ ਅਧਾਰ 'ਤੇ ਕੀਤਾ ਗਿਆ ਸੀ। ਇਹ ਮਹਿਸੂਸ ਕੀਤਾ ਗਿਆ ਸੀ ਕਿ ਡੀ. ਐੱਮ. ਕੇ. ਸਰਕਾਰ ਸ਼੍ਰੀਲੰਕਾ ਦੇ ਉਨ੍ਹਾਂ ਤਾਮਿਲ ਉਗਰਵਾਦੀਆਂ ਵਿਰੁੱਧ ਕੇਂਦਰੀ ਕਾਨੂੰਨ ਲਾਗੂ ਨਹੀਂ ਕਰ ਰਹੀ ਸੀ ਜੋ ਤਾਮਿਲਨਾਡੂ ਵਿੱਚ ਰਹਿ ਰਹੇ ਸਨ। ਕੇਂਦਰ ਦੇ ਅਜਿਹੇ ਫੈਸਲਿਆਂ ਦਾ ਹਮੇਸ਼ਾ ਰਾਜਾਂ ਵੱਲੋਂ ਵਿਰੋਧ ਕੀਤਾ ਜਾਂਦਾ ਰਿਹਾ ਹੈ।

**7. ਰਾਜਾਂ ਵਿਰੁੱਧ ਭੇਦਭਾਵ** (Discrimination Against States): ਰਾਜ ਦੋ ਕੇਂਦਰੀ ਏਜੰਸੀਆਂ ਯੋਜਨਾ ਆਯੋਗ ਅਤੇ ਵਿੱਤ ਆਯੋਗ ਵੱਲੋਂ ਰਾਜਸਵ ਦੀ ਵੰਡ ਅਤੇ ਕੇਂਦਰੀ ਸਹਾਇਤਾ ਰਾਸ਼ੀ ਦੇਣ ਦੇ ਮੁੱਦੇ 'ਤੇ ਵੀ ਨਾਰਾਜ਼ ਰਹੇ ਹਨ। ਸੰਘ ਸਰਕਾਰ 'ਤੇ ਕੁਝ ਰਾਜਾਂ ਦੇ ਪੱਖ ਵਿੱਚ ਅਤੇ ਕੁਝ ਰਾਜਾਂ ਵਿਰੁੱਧ ਭੇਦਭਾਵ ਕਰਨ ਦਾ ਦੋਸ਼ ਲਗਾਇਆ ਜਾਂਦਾ ਰਿਹਾ ਹੈ। ਉਨ੍ਹਾਂ ਰਾਜਾਂ ਵਿਰੁੱਧ ਜਿੱਥੇ 'ਵਿਰੋਧੀ' ਦਲ ਸ਼ਾਸਨ ਕਰਦੇ ਸਨ, ਇਹ ਦੋਸ਼ ਲਗਾਇਆ ਜਾਂਦਾ ਹੈ ਕਿ ਵੱਡੇ ਉਦਯੋਗਾਂ ਦੀ ਸਥਾਪਨਾ ਕਰਨ ਦਾ ਫੈਸਲਾ ਕਰਦੇ ਸਮੇਂ ਕੇਂਦਰ ਨੇ ਕੁਝ ਰਾਜਾਂ ਜਿਵੇਂ ਕਿ ਪੰਜਾਬ, ਹਰਿਆਣਾ, ਹਿਮਾਚਲ ਅਤੇ ਜੰਮੂ-ਕਸ਼ਮੀਰ ਨੂੰ ਕਥਿਤ ਰੂਪ ਵਿੱਚ ਜ਼ਰੂਰੀ ਕੀਤਾ ਸੀ। ਪੰਜਾਬ ਵਿੱਚ ਇੱਥੋਂ ਦੀ ਪ੍ਰਤੀ ਵਿਅਕਤੀ ਆਮਦਨ ਸਭ ਤੋਂ ਵਧੇਰੇ ਹੈ, ਉੱਥੇ ਕੇਰਲ ਦੋ ਵੱਡੇ ਉਦਯੋਗ-ਨੰਗਲ ਫਰਟੀਲਾਈਜ਼ਰ ਅਤੇ ਰੇਲ ਕੋਚ ਫੈਕਟਰੀ ਹੀ ਸਥਾਪਿਤ ਕੀਤੇ ਗਏ ਹਨ। ਰਾਜ ਵਿੱਚ ਅੱਤਵਾਦ ਨਾਲ ਨਿਪਟਣ ਲਈ ਪੰਜਾਬ ਨੂੰ ਦਿੱਤੇ ਗਏ ਕਰਜ਼ੇ ਨੂੰ ਮਾਫ ਕਰਨ ਵਿੱਚ ਕੀਤੀ ਗਈ ਝਿਜਕ ਅਤੇ ਦੇਰੀ ਦੀ ਪੰਜਾਬ ਦੀ ਐੱਸ. ਏ. ਡੀ., ਬੀ. ਜੇ. ਪੀ. ਸਰਕਾਰ ਵੱਲੋਂ ਕੜੀ ਆਲੋਚਨਾ ਕੀਤੀ ਗਈ ਅਤੇ ਇਸ ਨੂੰ ਕੇਂਦਰ ਦਾ ਸੌਤੇਲੀ ਮਾਂ ਵਾਲਾ ਵਤੀਰਾ ਕਿਹਾ ਗਿਆ ਹੈ। ਦੱਖਣੀ ਰਾਜਾਂ ਵਿਸ਼ੇਸ਼ ਤੌਰ 'ਤੇ ਤਾਮਿਲਨਾਡੂ ਵੱਲੋਂ ਕਈ ਮੌਕਿਆਂ 'ਤੇ 1967, 1975 ਅਤੇ 1982 ਵਿੱਚ ਕੇਂਦਰੀ ਪੂਲ ਵੱਲੋਂ ਭੋਜਨ (ਚਾਵਲ) ਦੀ ਘੱਟ ਸਪਲਾਈ ਦੀ ਸ਼ਿਕਾਇਤ ਕੀਤੀ ਗਈ ਸੀ। ਪੱਛਮੀ ਬੰਗਾਲ ਸਰਕਾਰ (ਵਾਮ ਮੋਰਚੇ ਦੀ ਸਰਕਾਰ) ਵੱਲੋਂ 1980 ਦੇ ਦਹਾਕੇ ਦੌਰਾਨ ਕੰਮ ਪ੍ਰਤੀ ਭੋਜਨ ਪ੍ਰੋਗਰਾਮ ਅਧੀਨ ਇੱਥੋਂ ਦੀ ਜਨਤਾ ਨੂੰ ਦਿੱਤੇ ਜਾਣ ਵਾਲੇ ਭੋਜਨ ਵਿੱਚ ਕੇਂਦਰੀ ਭੇਦਭਾਵ ਦਾ ਦ੍ਰਿੜ ਵਿਰੋਧ ਕੀਤਾ ਗਿਆ ਸੀ। ਵਿੱਤੀ ਆਯੋਗ ਨੇ ਵੀ ਸ਼ਾਇਦ ਹੀ ਕਦੇ ਰਾਜਾਂ ਨੂੰ ਕੁੱਲ ਸਰਕਾਰੀ ਆਮਦਨੀ ਦੇ 30 ਪ੍ਰਤੀਸ਼ਤ ਤੋਂ ਵਧੇਰੇ ਦੀ ਮਨਜ਼ੂਰੀ ਦਿੱਤੀ ਹੋਵੇ। ਯੋਜਨਾ ਆਯੋਗ ਨੇ ਹਮੇਸ਼ਾ ਹੀ ਸੰਘ ਦੀ ਲੰਮੀ ਬਾਂਹ ਬਣ ਕੇ ਕੰਮ ਕੀਤਾ ਹੈ। ਰਾਸ਼ਟਰੀ ਨਿਯੋਜਨ ਨਾਲ ਸੰਘ ਦੀ ਭੂਮਿਕਾ ਨੂੰ ਹਮੇਸ਼ਾ ਵਧਾਇਆ ਗਿਆ ਹੈ ਅਤੇ ਇਸ ਨਾਲ ਰਾਜਾਂ ਦੀ ਭੂਮਿਕਾ ਨੂੰ ਘਟਾਉਣ ਦਾ ਯਤਨ ਕੀਤਾ ਗਿਆ ਹੈ। ਇਸ ਨੇ ਸੰਘ ਦਾ ਰਾਜਾਂ 'ਤੇ ਕੰਟਰੋਲ ਤਾਂ ਵਧਾਇਆ ਹੈ। ਰਾਜ ਵਿਸ਼ਿਆਂ ਨੂੰ ਰਾਸ਼ਟਰੀ ਯੋਜਨਾਵਾਂ ਨਾਲ ਸੰਘ ਵੱਲੋਂ ਹੜੱਪ ਲਿਆ ਗਿਆ ਹੈ। ਉਦਾਹਰਣ ਦੇ ਤੌਰ 'ਤੇ ਸਮੁਦਾਇਕ ਵਿਕਾਸ ਪ੍ਰੋਗਰਾਮ ਇਕ ਰਾਜ ਵਿਸ਼ਾ ਹੈ ਪਰ ਇਸ ਨੂੰ ਕੇਂਦਰ ਵੱਲੋਂ ਕੰਟਰੋਲ ਪ੍ਰੋਗਰਾਮ ਅਧੀਨ ਚਲਾਇਆ ਜਾਂਦਾ ਹੈ। ਕਈ ਰਾਜਾਂ ਦੀਆਂ ਸਰਕਾਰਾਂ ਨੇ ਇਹ ਵੀ ਦੋਸ਼ ਲਗਾਇਆ ਹੈ ਕਿ 73ਵੀਂ ਅਤੇ 74ਵੀਂ ਸੋਧ ਨਾਲ ਸੰਘ ਵੱਲੋਂ ਪੰਚਾਇਤਾਂ ਅਤੇ ਸ਼ਹਿਰੀ ਸਥਾਨਕ ਸਰਕਾਰਾਂ ਦੀਆਂ ਸ਼ਕਤੀਆਂ ਅਤੇ ਵਿੱਤੀ ਸਾਧਨ ਸੌਂਪਣ ਵਿੱਚ ਰਾਜਾਂ ਦੇ ਅਧਿਕਾਰ ਨੂੰ ਸੀਮਿਤ ਕੀਤਾ ਹੈ। ਕੇ. ਸੰਥਾਨਮ ਕਹਿੰਦੇ ਹਨ, "ਨਿਯੋਜਨ ਵਿੱਚ ਸੰਘਵਾਦ 'ਤੇ ਅਧਿਕਾਰ ਕਰ ਲਿਆ ਹੈ ਅਤੇ ਸਾਡਾ ਦੇਸ਼ ਕਈ ਤਰ੍ਹਾਂ ਦੀ ਏਕਾਤਮਕ ਵਿਵਸਥਾ ਦੇ ਰੂਪ ਵਿੱਚ ਕੰਮ ਕਰ ਰਿਹਾ ਹੈ। ਰਾਸ਼ਟਰੀ ਵਿਕਾਸ ਕੌਂਸਲ ਵੀ ਆਪਣੀ ਭੂਮਿਕਾ ਨਿਭਾਉਣ ਵਿੱਚ ਅਸਫਲ ਰਹੀ ਹੈ। ਰਾਜਾਂ ਨੂੰ ਕੇਂਦਰੀ ਸਹਾਇਤਾ ਦੇਣ ਵਿੱਚ ਹਮੇਸ਼ਾ ਭੇਦਭਾਵ ਕੀਤਾ ਜਾਂਦਾ ਰਿਹਾ ਹੈ। ਭਾਰਤੀ ਸੰਘਵਾਦ ਵਿੱਚ ਇਹ ਇਕ ਤਣਾਅ ਦਾ ਖੇਤਰ ਬਣ ਰਿਹਾ ਹੈ।"

ਨੋਟ

**8. ਰਾਜਾਂ ਵਿੱਚ ਹੋਣ ਵਾਲੀਆਂ ਚੋਣਾਂ ਅਤੇ ਰਾਜ ਵਿਧਾਨ ਸਭਾ ਦੀਆਂ ਉੱਪ ਚੋਣਾਂ ਨੂੰ ਭੇਦਭਾਵ ਪੂਰਨ ਢੰਗ ਨਾਲ ਰੱਦ ਕਰਨ ਦਾ ਮੁੱਦਾ** (Discriminatory postponement of Elections and By-elections to State Assemblies)– ਭਾਰਤ ਵਿੱਚ ਚੋਣ ਕਰਵਾਉਣ ਦੀ ਜ਼ਿੰਮੇਵਾਰੀ ਚੋਣ ਆਯੋਗ ਦੀ ਹੁੰਦੀ ਹੈ ਜੋ ਇਕ ਸੁਤੰਤਰ ਸੰਵਿਧਾਨਿਕ ਆਯੋਗ ਹੈ, ਜਿਸ ਕੋਲ ਸੰਵਿਧਾਨ ਕੋਲ ਸੰਵਿਧਾਨ ਵੱਲੋਂ ਦਿੱਤੀਆਂ ਗਈਆਂ ਸ਼ਕਤੀਆਂ ਹੁੰਦੀਆਂ ਹਨ ਪਰ ਕਈ ਵਾਰ ਸੰਘ ਸਰਕਾਰ ਵੱਲੋਂ ਰਾਜਾਂ ਵਿੱਚ ਪੱਖਪਾਤੀ ਅਧਾਰ ’ਤੇ ਵਿਧਾਨ ਸਭਾ ਚੋਣਾਂ ਅਤੇ ਉੱਪ ਚੋਣਾਂ ਰੱਦ ਕਰਨ ਲਈ ਚੋਣ ਆਯੋਗ ’ਤੇ ਦਬਾਅ ਪਾਇਆ ਜਾਂਦਾ ਰਿਹਾ ਹੈ। ਚੋਣ ਆਯੋਗ ਪੱਛਮੀ ਬੰਗਾਲ ਵਿਧਾਨ ਸਭਾ ਦੀਆਂ ਉੱਪ ਚੋਣਾਂ 23 ਨਵੰਬਰ 1980 ਨੂੰ ਰਾਜ ਸਰਕਾਰ ਦੀ ਬੇਨਤੀ ’ਤੇ ਕਰਵਾਉਣ ਲਈ ਸਹਿਮਤ ਸੀ ਪਰ ਕਾਂਗਰਸ ਸ਼ਾਸਿਤ ਕੇਂਦਰ ਦੇ ਦਬਾਅ ਅਧੀਨ ਉੱਪ ਚੋਣਾਂ ਰੱਦ ਕਰਨੀਆਂ ਪਈਆਂ ਸਨ। ਇਸ ਤਰ੍ਹਾਂ ਸੰਘ ਸਰਕਾਰ ਨੇ ਕਈ ਵਾਰ ਰਾਜਾਂ ਵਿੱਚ ਇਕ ਵਾਸ਼ਿਤ ਚੋਣ ਕਲੰਡਰ ਅਨੁਸਾਰ ਚੋਣਾਂ ਗਠਿਤ ਕਰਵਾਉਣ ਲਈ ਚੋਣ ਆਯੋਗ ’ਤੇ ਪ੍ਰਭਾਵ ਪਾਉਣ ਦਾ ਯਤਨ ਕੀਤਾ ਹੈ। ਪੰਜਾਬ ਵਿੱਚ ਕੇਂਦਰ ਦੇ ਦਬਾਅ ਅਧੀਨ ਵੀ ਚੋਣ ਆਯੋਗ ਵੱਲੋਂ ਜੂਨ 1991 ਦੀਆਂ ਚੋਣਾਂ ਰੱਦ ਕੀਤੀਆਂ ਗਈਆਂ ਸਨ, ਜਿਸ ਦਾ ਇਕ ਰਾਜਨੀਤਿਕ ਦਲਾਂ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ।

**9. ਸੰਘ ਵੱਲੋਂ ਰੇਡੀਓ ਅਤੇ ਟੀ. ਵੀ. ਦਾ ਵਧੇਰੇ ਇਸਤੇਮਾਲ** (Over use of Radio and T. V. by the Union)– ਰੇਡੀਓ ਅਤੇ ਟੈਲੀਵਿਜ਼ਨ ਸੰਚਾਰ ਦੇ ਦੋ ਸ਼ਕਤੀਸ਼ਾਲੀ ਸਦਨ ਹਨ, ਜਿਨ੍ਹਾਂ ’ਤੇ ਕੇਂਦਰ ਦਾ ਕੰਟਰੋਲ ਹੈ। ਸੰਘ ਸਰਕਾਰ ਖੁਦ ਤਾਂ ਇਸ ਦਾ ਇਸਤੇਮਾਲ ਆਪਣੀ ਨੀਤੀਆਂ ਦਾ ਪ੍ਰਚਾਰ ਕਰਨ ਲਈ ਕਰ ਸਕਦੀ ਹੈ ਪਰ ਇਹ ਕਿਸੇ ਵਿਸ਼ੇਸ਼ ਰਾਜ ਜਾਂ ਸਰਕਾਰਾਂ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਵੱਲ ਆਲੋਚਕ ਪ੍ਰਵਿਰਤੀ ਅਪਨਾਉਣ ਜਾਂ ਉਨ੍ਹਾਂ ਗੈਰ-ਉਤਸ਼ਾਹਿਤ ਕਰਨ ਲਈ ਇਨ੍ਹਾਂ ਸਾਧਨਾਂ ’ਤੇ ਪ੍ਰਭਾਵ ਪਾ ਸਕਦੀ ਹੈ। ਰਾਜ ਦੇ ਨੇਤਾਵਾਂ, ਮੁੱਖ ਮੰਤਰੀਆਂ ਅਤੇ ਹੋਰ ਮੰਤਰੀਆਂ ਨੂੰ ਖ਼ਬਰਾਂ ਦੇ ਬੁਲਿਟਨ ਵਿੱਚ ਜਿਸ ਦੀ ਜ਼ਰੂਰਤ ਹੋਵੇ ਕੀਤਾ ਜਾ ਸਕਦਾ ਹੈ ਜਾਂ ਉਨ੍ਹਾਂ ਨੂੰ ਰਾਜ ਦੇ ਖੇਤਰ ਵਿੱਚ ਸਬੰਧਿਤ ਰਾਜ ਦੇ ਲੋਕਾਂ ਨੂੰ ਰੇਡੀਓ ਅਤੇ ਟੀ. ਵੀ. ਸਟੇਸ਼ਨਾਂ ਨਾਲ ਸੰਬੋਧਨ ਕਰਨ ਦਾ ਮੌਕਾ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਜੂਨ 1983 ਵਿੱਚ ਆਲ ਇੰਡੀਆ ਰੇਡੀਓ ਹੈਦਰਾਬਾਦ ਵਿੱਚ ਮੁੱਖ ਮੰਤਰੀ ਐੱਨ. ਟੀ. ਰਾਮਾਰਾਓ ਨੂੰ ਰੇਡੀਓ ਭਾਸ਼ਣ ਦੀ ਆਗਿਆ ਨਹੀਂ ਦਿੱਤੀ ਸੀ। ਰੇਡੀਓ ਅਤੇ ਟੀ. ਵੀ. ਸਟੇਸ਼ਨ ਰਾਜ ਦੇ ਮੰਤਰੀਆਂ ਵੱਲੋਂ ਇਨ੍ਹਾਂ ਸੰਚਾਰ ਸਾਧਨਾਂ ’ਤੇ ਦਿੱਤੇ ਜਾਣ ਵਾਲੇ ਭਾਸ਼ਣ ਵਿੱਚ ਵੱਢ-ਟੁੱਕ ਕਰਨੀ ਜਾਂ ਸੈਂਸਰ ਲਗਾਉਣਾ ਚਾਹੁੰਦੇ ਸਨ, ਜਦ ਕਿ ਸਬੰਧਿਤ ਮੰਤਰੀ ਆਪਣੇ ਭਾਸ਼ਣ ਵਿੱਚ ਵੱਢ-ਟੁੱਕ ਕਰਨ ਲਈ ਤਿਆਰ ਨਹੀਂ ਹੁੰਦੇ। ਇਸ ਤਰ੍ਹਾਂ ਸੰਚਾਰ ਸਾਧਨਾਂ ਦਾ ਇਸਤੇਮਾਲ ਵੀ ਸੰਘ ਰਾਜ ਸਬੰਧਾਂ ਵਿੱਚ ਤਣਾਅ ਦਾ ਖੇਤਰ ਰਿਹਾ ਹੈ।

**10. ਅਖਿਲ ਭਾਰਤੀ ਸੇਵਾਵਾਂ** (All India Services)– ਅਖਿਲ ਭਾਰਤੀ ਸੇਵਾਵਾਂ ਆਈ. ਏ. ਐੱਸ. ਅਤੇ ਆਈ. ਪੀ. ਐੱਸ. ਦੇ ਅਧਿਕਾਰੀ ਰਾਜ ਪ੍ਰਸ਼ਾਸਨ ਵਿੱਚ ਸਾਰੇ ਪ੍ਰਮੁੱਖ ਅਹੁਦਿਆਂ ’ਤੇ ਕੰਮ ਕਰਦੇ ਹਨ। ਉਨ੍ਹਾਂ ਦੀ ਭਰਤੀ ਸੰਘ ਲੋਕ ਸੇਵਾ ਆਯੋਗ ਵੱਲੋਂ ਕੀਤੀ ਜਾਂਦੀ ਹੈ ਅਤੇ ਸੰਘ ਦੇ ਗ੍ਰਹਿ ਮੰਤਰਾਲੇ ਵੱਲੋਂ ਉਨ੍ਹਾਂ ਨੂੰ ਅਲੱਗ-ਅਲੱਗ ਰਾਜ ਵੰਡੇ ਜਾਂਦੇ ਹਨ। ਉਨ੍ਹਾਂ ਦੇ ਵਿਵਹਾਰ (ਚਰਿੱਤਰ) ’ਤੇ ਕੇਂਦਰੀ ਕਾਨੂੰਨਾਂ ਦਾ ਕੰਟਰੋਲ ਹੁੰਦਾ ਹੈ ਅਤੇ ਰਾਜ ਸਰਕਾਰਾਂ ਉਨ੍ਹਾਂ ਵਿਰੁੱਧ ਬਹੁਤ ਘੱਟ ਕਾਰਵਾਈ ਕਰ ਸਕਦੀ ਹੈ। ਸੰਘ ਸਰਕਾਰ ਉਨ੍ਹਾਂ ਨੂੰ ਆਪਣੇ ਫੈਸਲੇ ਲਾਗੂ ਕਰਵਾਉਣ ਲਈ ਨਿਰਦੇਸ਼ ਜਾਰੀ ਕਰ ਸਕਦੀ ਹੈ। ਅਜਿਹੇ ਨਿਰਦੇਸ਼ ਦਾ ਉਸ ਰਾਜ ਸਰਕਾਰ, ਜਿੱਥੋਂ ਦੇ ਉਹ ਪ੍ਰਸ਼ਾਸਕ ਹੁੰਦੇ ਹਨ, ਦੀਆਂ ਨੀਤੀਆਂ/ਪ੍ਰੋਗਰਾਮਾਂ/ਨਿਰਦੇਸ਼ਾਂ ਨਾਲ ਵਿਰੋਧ ਕੀਤਾ ਜਾ ਸਕਦਾ ਹੈ ਜਾਂ ਕਈ ਵਾਰ ਕੀਤਾ ਗਿਆ ਹੈ। 1968 ਵਿੱਚ ਕੇਰਲ ਸਰਕਾਰ ਨੇ ਜਦ ਜ਼ਰੂਰੀ ਸੇਵਾਵਾਂ ਅਧਿਆਦੇਸ਼ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਸੰਘ ਸਰਕਾਰ ਨੇ ਨਿਰਦੇਸ਼ਾਂ ਨੂੰ ਕੈਬਨਿਟ ਸਕੱਤਰ ਅਤੇ ਆਈ. ਜੀ. ਪੁਲਿਸ ਵੱਲੋਂ ਲਾਗੂ ਕਰਵਾਇਆ ਗਿਆ ਅਤੇ ਰਾਜ ਵਿੱਚ ਸੀ. ਆਰ. ਪੀ. ਐੱਫ. ਨੂੰ ਤਾਇਨਾਤ ਕੀਤਾ ਗਿਆ ਸੀ। ਇਸੇ ਤਰ੍ਹਾਂ ਜਦ ਤਾਮਿਲਨਾਡੂ ਸਰਕਾਰ ਹਿੰਦੀ ਵਿਰੋਧੀ ਅੰਦੋਲਨਾਂ ਸਮੇਂ ਉਨ੍ਹਾਂ ਵਿਅਕਤੀਆਂ ਵਿਰੁੱਧ ਕਾਰਵਾਈ ਕਰਨ ਲਈ ਤਿਆਰ ਨਹੀਂ ਸੀ, ਜਿਨ੍ਹਾਂ ਨੇ ਹਿੰਦੀ ਵਿੱਚ ਲਿਖੇ ਬੋਰਡ ਖਰਾਬ ਕਰ ਦਿੱਤੇ ਸਨ, ਉਦੋਂ ਸੰਘ ਸਰਕਾਰ ਦੇ ਨਿਰਦੇਸ਼ਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਆਈ. ਏ. ਐੱਸ. ਅਤੇ ਆਈ. ਪੀ. ਐੱਸ. ਅਧਿਕਾਰੀਆਂ ਦਾ ਇਸਤੇਮਾਲ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸੰਘ ਸਰਕਾਰ ਵੱਲੋਂ ਰਾਜ ਦੇ ਰਾਜਪਾਲ ਦਾ ਇਸਤੇਮਾਲ ਮੁੱਖ ਮੰਤਰੀ ’ਤੇ ਨਜ਼ਰ ਰੱਖਣ ਲਈ ਕੀਤਾ ਜਾਂਦਾ ਰਿਹਾ ਹੈ। ਇਹ ਕਥਿਤ ਦੋਸ਼ ਲਗਾਇਆ ਗਿਆ ਹੈ ਕਿ ਉੱਤਰ ਪ੍ਰਦੇਸ਼ ਦੇ ਰਾਜਪਾਲ ਡਾ. ਐੱਮ. ਐੱਨ. ਬਹੁਗੁਣਾ ਅਤੇ ਉਸ ਦੇ ਦੂਸਰੇ ਮੰਤਰੀਆਂ ’ਤੇ ਨਜ਼ਰ ਰੱਖਣ ਦਾ ਕੰਮ ਸੌਂਪਿਆ ਗਿਆ ਸੀ। ਇਸ ਲਈ ਸੰਘ ਵੱਲੋਂ ਰਾਜਾਂ ਵਿੱਚ ਆਪਣੇ ਨਿਰਦੇਸ਼ਾਂ ਦੇ ਪਾਲਣ ਲਈ ਅਖਿਲ ਭਾਰਤੀ ਸੇਵਾਵਾਂ ਦਾ ਇਸਤੇਮਾਲ ਵੀ ਸੰਘ ਰਾਜ ਸਬੰਧਾਂ ਵਿੱਚ ਤਣਾਅ ਦਾ ਬਿੰਦੂ ਰਿਹਾ ਹੈ।

**11. ਮੁੱਖ ਮੰਤਰੀਆਂ ਵਿਰੁੱਧ ਜਾਂਚ ਆਯੋਗ ਦੀ ਨਿਯੁਕਤੀ** (Appointment of Enquiry Commissions Against the Chief Ministers)– ਇਕ ਹੋਰ ਵਿਸ਼ੇਸ਼ਤਾ ਜਿਸ ’ਤੇ ਰਾਜਾਂ ਨੂੰ ਇਤਰਾਜ਼ ਰਿਹਾ ਹੈ, ਉਹ ਇਹ ਹੈ ਕਿ ਸੰਘ ਸਰਕਾਰ ਕੋਲ ਰਾਜਾਂ ਨੂੰ ਮੁੱਖ ਮੰਤਰੀਆਂ ਵਿਰੁੱਧ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੋਈਆਂ ਤਰੁਟੀਆਂ ਅਤੇ ਚਲਾਉਣ ਦੇ ਕੰਮਾਂ ਵਿੱਚ ਕਥਿਤ ਦੋਸ਼ਾਂ ਦੀ ਜਾਂਚ ਲਈ ਜਾਂਚ ਆਯੋਗ ਨਿਯੁਕਤ ਕਰਨ ਦੀ ਸ਼ਕਤੀ ਹੁੰਦੀ ਹੈ। ਉਦਾਹਰਣ ਦੇ ਤੌਰ ’ਤੇ 1963 ਵਿੱਚ ਸੰਘ ਸਰਕਾਰ ਨੇ ਪਹਿਲੀ ਵਾਰ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵਿਰੁੱਧ ਕੁਝ ਦੋਸ਼ਾਂ ਦੀ ਜਾਂਚ ਲਈ ਦਾਸ ਆਯੋਗ ਨਿਯੁਕਤ ਕੀਤਾ ਸੀ, ਉਸ ਤੋਂ ਬਾਅਦ ਕਈ ਰਾਜਾਂ ਦੇ ਮੁੱਖ ਮੰਤਰੀਆਂ ਵੱਲੋਂ ਕੀਤੀਆਂ ਗਈਆਂ ਅਨਿਯਮਿਤਤਾਵਾਂ ਦੀ ਜਾਂਚ ਲਈ ਅਜਿਹੇ ਕਈ ਆਯੋਗਾਂ ਦੀ ਨਿਯੁਕਤੀ ਕੀਤੀ ਗਈ। ਸ. ਪ੍ਰਕਾਸ਼ ਸਿੰਘ ਬਾਦਲ (ਪੰਜਾਬ) ਵਿਰੁੱਧ ਛਾਂਗਨੀ ਆਯੋਗ 1972, ਸ਼੍ਰੀ ਕਰੁਣਾਨਿਧੀ (ਤਾਮਿਲਨਾਡੂ)

ਨੋਟ

ਵਿਰੁੱਧ ਸਰਕਾਰੀਆ ਆਯੋਗ 1976, ਸ਼੍ਰੀ ਵੇਨੇਗਲ ਰਾਓ (ਆਂਧਰਾ ਪ੍ਰਦੇਸ਼) ਵਿਰੁੱਧ ਵਿਮਲ ਦਲਾਲ ਆਯੋਗ, ਸ਼੍ਰੀ ਸੇਨ ਗੁਪਤਾ (ਤ੍ਰਿਪੁਰਾ) ਵਿਰੁੱਧ ਦੁਰਮਨ ਆਯੋਗ (1979) ਅਤੇ ਕਈ ਹੋਰ। ਰਾਜ ਦੇ ਪ੍ਰਸ਼ਾਸਨ ਵਿੱਚ ਉੱਚ ਅਹੁਦਿਆਂ 'ਤੇ ਕੰਮ ਕਰ ਰਹੇ ਲੋਕ ਸੇਵਕਾਂ (IAS, IPS, ਅਧਿਕਾਰੀਆਂ) ਵਿਰੁੱਧ ਅਨੁਸ਼ਾਸਨੀ ਕਾਰਵਾਈ ਸੰਘ ਸਰਕਾਰ ਹੀ ਕਰ ਸਕਦੀ ਹੈ। ਅਜਿਹੇ ਅਧਿਕਾਰੀਆਂ ਦੇ ਕੰਮਾਂ ਦੀ ਜਾਂਚ-ਪੜਤਾਲ ਵੀ ਕੇਂਦਰ ਸਰਕਾਰ ਕਰਦੀ ਹੈ।

12. **ਅੰਤਰਰਾਜੀ ਝਗੜੇ ਅਤੇ ਸੰਘ** (Inter-State Disputes and the Union)- ਸੰਘ ਸਰਕਾਰ ਵੱਲੋਂ ਵਿਸ਼ੇਸ਼ ਅਤੇ ਵੱਡੇ ਅੰਤਰਰਾਜੀ ਝਗੜਿਆਂ ਦੇ ਨਿਪਟਾਰੇ ਵਿੱਚ ਦੇਰੀ ਕਰਨ ਜਾਂ ਅਸਫਲ ਰਹਿਣ ਤੋਂ ਵੀ ਸੰਘ ਰਾਜ ਸਬੰਧਾਂ ਵਿੱਚ ਤਣਾਅ ਪੈਦਾ ਹੁੰਦਾ ਰਿਹਾ ਹੈ। ਪੰਜਾਬ ਅਤੇ ਹਰਿਆਣਾ ਵਿਚਕਾਰ ਚੰਡੀਗੜ੍ਹ ਅਤੇ ਹਿੰਦੀ ਭਾਸ਼ਾਈ ਖੇਤਰਾਂ ਨੂੰ ਹਰਿਆਣਾ ਨੂੰ ਦੇਣ ਅਤੇ ਪੰਜਾਬੀ ਭਾਸ਼ੀ ਖੇਤਰਾਂ ਨੂੰ ਪੰਜਾਬ ਨੂੰ ਸੌਂਪੇ ਜਾਣ ਦੇ ਮੁੱਦੇ ਇਕ ਵਿਵਾਦ ਦਾ ਖੇਤਰ ਬਣਿਆ ਰਿਹਾ ਹੈ। ਮਹਾਰਾਸ਼ਟਰ ਅਤੇ ਕਰਨਾਟਕ ਵਿੱਚ, ਕਰਨਾਟਕ ਅਤੇ ਤਾਮਿਲਨਾਡੂ ਵਿੱਚ ਅਤੇ ਅਸਮ ਤੇ ਮਣੀਪੁਰ ਵਿੱਚ ਹੱਦਬੰਦੀ ਦਾ ਝਗੜਾ, ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਵਿੱਚ ਕ੍ਰਿਸ਼ਨਾ ਅਤੇ ਕਾਵੇਰੀ ਦੇ ਪਾਣੀਆਂ, ਗੁਜਰਾਤ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿੱਚ ਨਰਮਦਾ ਦੇ ਪਾਣੀ, ਕਰਨਾਟਕ ਅਤੇ ਤਾਮਿਲਨਾਡੂ ਵਿੱਚ ਕਾਵੇਰੀ ਦੇ ਪਾਣੀ ਅਤੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਰਾਵੀ, ਬਿਆਸ ਪਾਣੀ ਦੀ ਵੰਡ ਸਬੰਧਿਤ ਅੰਤਰਜਾਤੀ ਝਗੜੇ ਤਣਾਅ ਪੈਦਾ ਕਰਨ ਵਾਲੇ ਕਾਰਨ ਬਣੇ ਹਨ।

13. **ਰਾਜਾਂ ਦੀ ਸਵਾਯਤਤਾ ਦੀ ਮੰਗ** (Demand for State Autonomy)- ਰਾਜਾਂ ਅਨੁਸਾਰ ਸੰਵਿਧਾਨ ਵੱਲੋਂ ਸੰਘੀ ਢਾਂਚੇ ਦੀ ਰੂਪਰੇਖਾ ਵਿੱਚ ਸੰਘ ਨੂੰ ਦਿੱਤੀਆਂ ਗਈਆਂ ਵਧੇਰੇ ਸ਼ਕਤੀਆਂ ਗਈਆਂ ਅਤੇ ਰਾਜਾਂ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਵਿੱਚ ਇਕ ਜ਼ਰੂਰੀ ਸੰਤੁਲਨ ਨਹੀਂ ਬਣਾਇਆ ਗਿਆ। ਸੰਘੀ ਢਾਂਚਾ ਏਕਾਤਮਕ ਭਾਵਨਾ ਨਾਲ ਕੰਮ ਕਰਦਾ ਹੈ। ਸੰਵਿਧਾਨ ਲਾਗੂ ਹੋਣ ਤੋਂ ਲੈ ਕੇ ਅੱਜ ਤੱਕ ਕਈ ਵਾਰ ਕੇਂਦਰ ਸਰਕਾਰ ਨੇ ਸੰਘ ਰਾਜ ਸਬੰਧਾਂ ਨੂੰ ਆਪਣੇ ਪੱਖ ਵਿੱਚ ਪ੍ਰਭਾਵਿਤ ਕਰਨ ਦੇ ਅਣਉਚਿਤ ਕੀਤੇ ਹਨ। ਇਸ ਤੋਂ ਉਲਟ ਰਾਜ ਜ਼ਿਆਦਾ ਤੋਂ ਜ਼ਿਆਦਾ ਸਵਾਯਤਤਾ ਦੀ ਮੰਗ ਕਰਦੇ ਹਨ। ਕੁਝ ਖੇਤਰੀ ਰਾਜਨੀਤਿਕ ਦਲਾਂ ਜਿਵੇਂ ਕਿ ਪੰਜਾਬ ਵਿੱਚ ਅਕਾਲੀ ਦਲ, ਤਾਮਿਲਨਾਡੂ ਵਿੱਚ ਡੀ. ਐੱਮ. ਕੇ., ਏ. ਡੀ. ਐੱਮ. ਕੇ., ਅਸਮ ਵਿੱਚ ਏ. ਜੀ. ਪੀ. ਅਤੇ ਕੁਝ ਹੋਰ ਦਲ ਇਹ ਮੰਗ ਕਰਦੇ ਰਹੇ ਹਨ ਕਿ ਕੇਂਦਰ ਕੋਲ ਕੇਵਲ 4 ਜਾਂ 5 ਪ੍ਰਮੁੱਖ ਵਿਸ਼ੇ ਜਿਵੇਂ ਸੁਰੱਖਿਆ, ਵਿਦੇਸ਼ੀ ਮਾਮਲੇ ਆਦਿ ਹੀ ਹੋਣੇ ਚਾਹੀਦੇ ਹਨ। ਜੁਲਾਈ 2000 ਵਿੱਚ ਜੰਮੂ ਅਤੇ ਕਸ਼ਮੀਰ ਵਿਧਾਨ ਸਭਾ ਨੇ ਤਾਂ ਸਵਾਯਤਤਾ ਦੇ ਪੱਖ ਵਿੱਚ ਇਕ ਪ੍ਰਸਤਾਵ ਵੀ ਪਾਸ ਕਰ ਦਿੱਤਾ। ਕੁਝ ਹੋਰ ਰਾਜ ਆਪਣੇ ਲਈ ਵਧੇਰੇ ਵਿੱਤੀ ਸਰੋਤ, ਵਿਕਾਸ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਦੀਆਂ ਸ਼ਕਤੀਆਂ ਅਤੇ ਬੈਂਕਿੰਗ 'ਤੇ ਕੰਟਰੋਲ ਆਦਿ ਦੀ ਮੰਗ ਕਰਦੇ ਰਹੇ ਹਨ। ਉਨ੍ਹਾਂ ਅਨੁਸਾਰ ਭਾਰਤ ਸੰਘ ਵਿੱਚ ਸ਼ਕਤੀਸ਼ਾਲੀ ਰਾਜਾਂ ਦੀ ਹੋਂਦ ਸਮਕਾਲੀਨ ਸਮੇਂ ਦੀ ਵੱਡੀ ਜ਼ਰੂਰਤ ਹੈ। 1947 ਵਿੱਚ ਦੇਸ਼ ਦੀ ਵੰਡ ਸਮੇਂ ਸੰਘੀ ਢਾਂਚੇ ਵਿੱਚ ਬਹੁਤ ਸ਼ਕਤੀਸ਼ਾਲੀ ਕੇਂਦਰ ਨੂੰ ਅਪਨਾਉਣ ਦੀ ਜ਼ਰੂਰਤ ਸੀ ਪਰ ਹੁਣ ਜਦ ਕਿ ਸਮਾਂ ਬਦਲ ਗਿਆ ਹੈ, ਰਾਜਾਂ ਨੂੰ ਵਧੇਰੇ ਸ਼ਕਤੀਆਂ ਅਤੇ ਸਰੋਤ ਦੇਣ ਲਈ ਇਸ ਪ੍ਰਣਾਲੀ ਵਿੱਚ ਸੋਧਾਂ ਕੀਤੇ ਜਾਣ ਦੀ ਜ਼ਰੂਰਤ ਹੈ।

14. **ਕੇਂਦਰ ਵਿੱਚ ਨਵੀਂ ਸੱਤਾਧਾਰੀ ਪਾਰਟੀ ਦੇ ਆਉਣ ਤੋਂ ਬਾਅਦ ਰਾਜ ਵਿਧਾਨ ਸਭਾਵਾਂ ਦਾ ਭੰਗ ਕੀਤਾ ਜਾਣਾ** (Dissolution of State Assemblies after change of Guards at the Centre)- ਸੰਘ ਅਤੇ ਰਾਜਾਂ ਵਿੱਚ ਇਕ ਹੋਰ ਤਣਾਅ ਦਾ ਖੇਤਰ ਕੇਂਦਰ ਵਿੱਚ ਸ਼ਾਸਕ ਪਾਰਟੀ ਬਦਲਣ ਤੋਂ ਬਾਅਦ ਵਿਆਪਕ ਪੱਧਰ 'ਤੇ ਰਾਜ ਵਿਧਾਨ ਸਭਾਵਾਂ ਨੂੰ ਭੰਗ ਕਰਨ ਦੀ ਨੀਤੀ ਰਹੀ ਹੈ। 1977 ਵਿੱਚ ਜਨਤਾ ਪਾਰਟੀ ਦੀ ਸਰਕਾਰ ਕੇਂਦਰ ਵਿੱਚ ਸੱਤਾ 'ਚ ਆਈ ਤਾਂ ਇਸ ਨੇ 9 ਰਾਜ ਵਿਧਾਨ ਸਭਾਵਾਂ ਨੂੰ ਵਿਆਪਕ ਪੱਧਰ 'ਤੇ ਭੰਗ ਕਰਕੇ ਇਕ ਉਦਾਹਰਣ ਕਾਇਮ ਕੀਤੀ। 1980 ਵਿੱਚ ਕਾਂਗਰਸ ਨੇ ਪੁਨਰ ਸੱਤਾ 'ਚ ਆਉਣ ਤੋਂ ਬਾਅਦ ਉਹੀ ਕੁਝ ਕੀਤਾ ਜੋ ਇਸ ਜਨਤਾ ਪਾਰਟੀ ਨੇ 1977 ਵਿੱਚ ਕੀਤਾ ਸੀ। ਕੇਂਦਰ ਨੇ 1988 ਵਿੱਚ ਨਾਗਾਲੈਂਡ ਵਿਧਾਨ ਸਭਾ, 1989 ਵਿੱਚ ਕਰਨਾਟਕ ਵਿਧਾਨ ਸਭਾ ਅਤੇ 1991 ਵਿੱਚ ਮੇਘਾਲਿਆ ਵਿਧਾਨ ਸਭਾ ਭੰਗ ਕੀਤੀ ਸੀ। ਬਾਅਦ ਵਿੱਚ ਅਨੁਛੇਦ 356 ਅਧੀਨ ਅਜਿਹੀਆਂ ਕਾਰਵਾਈਆਂ ਨੂੰ ਸਰਵਉੱਚ ਅਦਾਲਤ ਦੇ 5 ਮੈਂਬਰੀ ਸੰਵਿਧਾਨ ਬੈਂਚ ਵੱਲੋਂ ਗੈਰ-ਸੰਵਿਧਾਨਿਕ ਠਹਿਰਾਇਆ ਗਿਆ।

ਅਨੁਛੇਦ 356 ਅਧੀਨ ਰਾਜ ਵਿਧਾਨ ਸਭਾਵਾਂ ਨੂੰ ਰੱਦ ਕਰਨ ਜਾਂ ਭੰਗ ਕਰਨ ਦੀ ਕਾਰਵਾਈ ਰਾਜਾਂ ਵਿੱਚ ਤਣਾਅ ਪੈਦਾ ਕਰਨ ਦਾ ਸਰੋਤ ਰਹੀ ਹੈ। ਇਸ ਕਾਰਵਾਈ ਨਾਲ ਰਾਜ ਸਮਝਦੇ ਹਨ ਕਿ ਕੇਂਦਰੀ ਪੱਧਰ 'ਤੇ ਸੱਤਾ ਦੇ ਸੰਘਰਸ਼ ਵਿੱਚ ਉਲਝੇ ਰਾਸ਼ਟਰੀ ਦਲ ਵਿਚਕਾਰ ਰਾਜਨੀਤਿਕ ਖੇਡ ਵਿੱਚ ਉਸ ਦਾ ਇਸਤੇਮਾਲ ਮੋਹਰਿਆਂ ਦੇ ਰੂਪ ਵਿੱਚ ਕੀਤਾ ਜਾਂਦਾ ਰਿਹਾ ਹੈ।

ਇਹ ਸਾਰੇ ਮੁੱਦੇ ਸੰਘ ਰਾਜ ਸਬੰਧਾਂ ਦੇ ਪ੍ਰਮੁੱਖ ਤਣਾਅ ਦੇ ਮੁੱਦੇ ਹਨ। ਅਜਿਹੇ ਕਈ ਮੁੱਦਿਆਂ ਵਿੱਚ ਭਾਰਤੀ ਸੰਘ ਦਾ ਸੁਭਾਅ ਵਿਵਾਦਗ੍ਰਸਤ ਅਤੇ ਟਕਰਾਅ ਵਾਲਾ ਬਣਾਈ ਰੱਖਿਆ। ਰਾਜ ਵੱਲੋਂ ਵਧੇਰੇ ਵਿੱਤੀ ਸਰੋਤਾਂ ਅਤੇ ਸ਼ਕਤੀਆਂ ਦੀ ਮੰਗ ਅੱਜ ਦੇ ਵਾਤਾਵਰਨ ਵਿੱਚ ਸਹੀ ਤਾਂ ਹੈ ਪਰ ਕੁਝ ਰਾਜਾਂ ਦੇ ਗੈਰ-ਜ਼ਿੰਮੇਵਾਰਾਨਾ ਦ੍ਰਿਸ਼ਟੀਕੋਣ ਨੂੰ ਵੀ ਜ਼ਰੂਰੀ ਨਹੀਂ ਕੀਤਾ ਜਾ ਸਕਦਾ, ਵਿਸ਼ੇਸ਼ ਰੂਪ ਵਿੱਚ ਉਦੋਂ ਜਦੋਂ ਕੋਈ ਸਥਾਨਕ ਦਲ ਸ਼ਾਸਨ ਸੱਤਾ ਦਾ ਇਸਤੇਮਾਲ ਕਰ ਰਿਹਾ ਹੋਵੇ। ਇਸੇ ਤਰ੍ਹਾਂ ਅਜਿਹੀਆਂ ਕਾਰਵਾਈਆਂ ਨੂੰ ਕੇਂਦਰੀ ਸ਼ਾਸਨ ਵੱਲੋਂ ਸੰਵਿਧਾਨਿਕ ਵਿਵਸਥਾਵਾਂ ਦੇ ਰਾਜਨੀਤਿਕ ਅਤੇ ਪੱਖਪਾਤੀ ਇਸਤੇਮਾਲ ਨੂੰ ਵੀ ਜ਼ਰੂਰੀ ਨਹੀਂ ਕੀਤਾ ਜਾ ਸਕਦਾ। ਸੰਘ ਅਤੇ ਰਾਜਾਂ ਦੋਵਾਂ ਨੂੰ ਹੀ ਪ੍ਰਸਪਰ ਸਹਿਯੋਗੀ ਸੰਘਵਾਦ ਦੇ ਸਿਧਾਂਤ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਰਾਸ਼ਟਰੀ

ਨੋਟ

ਅਤੇ ਖੇਤਰੀ ਮਹੱਤਵ ਵਾਲੇ ਵਿਸ਼ਿਆਂ 'ਤੇ ਪ੍ਰਸਪਰ ਸਹਿਯੋਗ ਦੀ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਹੈ। ਭਾਰਤੀ ਸੰਘ ਦੇ ਦੋਵੇਂ ਹਿੱਸੇਦਾਰਾਂ ਨੂੰ ਆਪਣੀਆਂ ਮੰਗਾਂ ਅਤੇ ਨੀਤੀਆਂ ਦਾ ਵਿਰੋਧ ਕਰਨ ਦੀ ਜਗ੍ਹਾ 'ਤੇ ਅਨੁਕੂਲਤਾ ਲਿਆਉਣ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਸਹਿਯੋਗ ਦੀ ਭਾਵਨਾ ਨੂੰ ਦ੍ਰਿੜ ਕਰਨਾ ਚਾਹੀਦਾ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਬੀਤੇ ਅਨੁਭਵ ਦੇ ਅਧਾਰ 'ਤੇ ਨਿਰਮਾਣ, ਰਾਸ਼ਟਰੀ ਏਕਤਾ ਅਤੇ ਰਾਸ਼ਟਰੀ ਅਖੰਡਤਾ ਦੀਆਂ ਜ਼ਰੂਰਤਾਂ ਤੋਂ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕੀਤੇ ਬਿਨਾਂ ਸੰਘਾਤਮਕ ਵਿਵਸਥਾ ਅਧੀਨ ਸੰਘ ਅਤੇ ਰਾਜਾਂ ਦੇ ਸਬੰਧੀਆਂ ਦੇ ਸਬੰਧ ਵਿੱਚ ਕੁਝ ਜ਼ਰੂਰੀ ਸੋਧ ਕੀਤੀ ਜਾਣੀ ਚਾਹੀਦੀ ਹੈ। ਸ਼ਕਤੀਸ਼ਾਲੀ ਕੇਂਦਰ ਦੀ ਜ਼ਰੂਰਤ ਇਤਿਹਾਸਿਕ ਜ਼ਰੂਰਤ ਹੈ ਪਰ ਇਸ ਦੇ ਨਾਲ ਹੀ ਰਾਜਾਂ ਨੂੰ ਜ਼ਿਆਦਾ ਵਿੱਤੀ ਸਰੋਤ ਅਤੇ ਸ਼ਕਤੀਆਂ ਨਾਲ ਰਾਜਾਂ ਦੀਆਂ ਇੱਛਾਵਾ ਅਤੇ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਸੰਘ ਵੱਲੋਂ ਰਾਜਾਂ ਵਿਰੁੱਧ ਸ਼ਕਤੀਆਂ ਦਾ ਦੁਰਉਪਯੋਗ ਨਾ ਕਰਨ ਦੀ ਵੀ ਜ਼ਰੂਰਤ ਹੈ। ਸੰਘ ਅਤੇ ਰਾਜਾਂ ਨੂੰ ਮਿਲ ਕੇ ਸਹਿਯੋਗੀ ਸੰਘਵਾਦ ਦੀ ਭਾਵਨਾ ਦੇ ਅਧਾਰ 'ਤੇ ਰਾਸ਼ਟਰੀ ਹਿੱਤ ਦੀਆ ਜ਼ਰੂਰਤਾਂ ਨੂੰ ਧਿਆਨ 'ਚ ਰੱਖਦੇ ਹੋਏ ਆਪਣੇ ਸਬੰਧਾਂ ਵਿੱਚ ਇਕ ਸੰਤੁਲਨ ਬਣਾਈ ਰੱਖਣ ਦਾ ਲਗਾਤਾਰ ਯਤਨ ਕਰਨਾ ਚਾਹੀਦਾ ਹੈ। ਉਂਝ ਸਾਂਝੀ ਰਾਜਨੀਤਿਕ ਦੇ ਉਦਭਵ ਨੇ ਇਹ ਜ਼ਰੂਰ ਬਣਾ ਦਿੱਤਾ ਹੈ ਕਿ ਸਾਰੇ ਭਾਰਤੀ ਦਲਾਂ ਅਤੇ ਉਨ੍ਹਾਂ ਦੇ ਗਠਬੰਧਨਾਂ ਨੂੰ ਇਕ ਸਕਾਰਾਤਮਕ ਦ੍ਰਿਸ਼ਟੀਕੋਣ ਅਪਣਾ ਕੇ ਕੰਮ ਕਰਨਾ ਚਾਹੀਦਾ ਹੈ। ਅੱਜ ਕੋਈ ਵੀ ਰਾਜਨੀਤਿਕ ਦਲ ਚੋਣਾਂ ਵਿੱਚ ਇਕੱਲਾ ਬਹੁਮਤ ਪ੍ਰਾਪਤ ਕਰਨ ਦੀ ਸਥਿਤੀ ਵਿੱਚ ਨਹੀਂ ਹੈ। ਰਾਸ਼ਟਰੀ ਪੱਧਰ ਦੇ ਦਲਾਂ ਨੂੰ ਸੱਤਾ ਪ੍ਰਾਪਤੀ ਲਈ ਖੇਤਰੀ ਪੱਧਰ ਦੇ ਦਲਾਂ ਦੇ ਲਗਾਤਾਰ ਸਮਰਥਨ ਅਤੇ ਸਹਿਯੋਗ ਦੀ ਜ਼ਰੂਰਤ ਹੈ ਅਤੇ ਖੇਤਰੀ ਦਲ ਰਾਸ਼ਟਰੀ ਪੱਧਰ ਦੇ ਦਲਾਂ ਨਾਲ ਜੁੜ ਕੇ ਕੇਂਦਰ ਵਿੱਚ ਸੱਤਾ ਦੇ ਹਿੱਸੇਦਾਰ ਬਣ ਸਕਦੇ ਹਨ। ਅਜਿਹੀ ਸਥਿਤੀ ਵਿੱਚ ਇਹ ਜ਼ਰੂਰੀ ਹੈ ਕਿ ਸਾਰੇ ਰਾਜਨੀਤਿਕ ਦਲ ਇਕ ਸਹਿਯੋਗੀ ਸੰਘਵਾਦ ਦੀ ਭਾਵਨਾ ਨੂੰ ਅਪਣਾਉਣ ਅਤੇ ਇਸ ਦੇ ਅਨੁਸਾਰ ਹੀ ਆਪਣੇ ਵਿਵਹਾਰ ਨੂੰ ਨਿਯਮਿਤ ਕਰਨ।

## 13.5 ਸੰਘ-ਰਾਜ ਸਬੰਧਾਂ ਦੀ ਪੁਨਰ ਰਚਨਾ ਲਈ ਪ੍ਰਸਤਾਵ (Proposal for Centre-State Re-formation)

ਭਾਰਤੀ ਸੰਵਿਧਾਨ ਵਿੱਚ ਸੰਘਵਾਦ ਵਿਵਸਥਾ ਦੇ ਨਾਲ–ਨਾਲ ਏਕਾਤਮਕਵਾਦ ਦੀ ਵਿਸ਼ੇਸ਼ ਵਿਵਸਥਾ ਕੀਤੀ ਗਈ ਹੈ। ਇਸ ਵਿੱਚ ਸੰਘੀ ਪ੍ਰਣਾਲੀ 'ਚ ਬਹੁਤ ਸ਼ਕਤੀਸ਼ਾਲੀ ਕੇਂਦਰ ਦੀ ਵਿਵਸਥਾ ਕੀਤੀ ਗਈ ਹੈ। ਕੇਂਦਰ ਰਾਜ ਸਬੰਧੀਆਂ ਦੇ ਸਾਰੇ ਖੇਤਰਾਂ ਵਿਧਾਨਕ ਪ੍ਰਸ਼ਾਸਨਿਕ ਅਤੇ ਵਿੱਤੀ ਖੇਤਰਾਂ ਵਿੱਚ ਸੰਵਿਧਾਨ ਭਾਗ (XI ਅਤੇ XII) ਵਿੱਚ ਅਜਿਹੀ ਪ੍ਰਣਾਲੀ ਦੀ ਵਿਵਸਥਾ ਹੈ ਜੋ ਸੰਘ ਨੂੰ ਰਾਜਾਂ ਤੋਂ ਜ਼ਿਆਦਾ ਸ਼ਕਤੀ ਅਤੇ ਸ੍ਰੇਸ਼ਠਤਾ ਪ੍ਰਦਾਨ ਕਰਦੀ ਹੈ।

ਭਾਰਤੀ ਸੰਘੀ ਪ੍ਰਣਾਲੀ ਵਿੱਚ ਕੇਂਦਰ ਦੀ ਸ਼ਕਤੀਸ਼ਾਲੀ ਸਥਿਤੀ 'ਸੱਚੇ ਸੰਘਵਾਦ' ਜਾਂ 'ਸਵਾਇਤ ਰਾਜ' ਜਾਂ ਸ਼ਕਤੀਸ਼ਾਲੀ ਕੇਂਦਰ ਸਹਿਤ ਸ਼ਕਤੀਸ਼ਾਲੀ ਰਾਜਾਂ' ਦੇ ਸਮਰਥਕਾਂ ਲਈ ਆਲੋਚਨਾ ਦਾ ਵਿਸ਼ਾ ਰਹੀ ਹੈ। ਕਈ ਖੇਤਰੀ ਰਾਜਨੀਤਿਕ ਦਲਾਂ ਜਿਵੇਂ ਪੰਜਾਬ ਵਿੱਚ ਅਕਾਲੀ ਦਲ, ਤਾਮਿਲਨਾਡੂ ਵਿੱਚ ਡੀ. ਐੱਮ. ਕੇ., ਅਸਮ ਵਿੱਚ ਏ. ਜੀ. ਪੀ., ਆਂਧਰਾ ਪ੍ਰਦੇਸ਼ ਵਿੱਚ ਤੇਲਗੂ ਦੇਸ਼ਮ ਆਦਿ ਅਤੇ ਵਾਮਪੰਥੀ ਦਲਾਂ ਦੇ ਕੁਝ ਭਾਗ ਵੀ ਰਾਜਾਂ ਲਈ ਜ਼ਿਆਦਾ ਸ਼ਕਤੀਆਂ ਵਿਸ਼ੇਸ਼ ਰੂਪ ਵਿੱਚ ਵਿੱਤੀ ਅਤੇ ਨਿਯੋਜਨ ਦੇ ਖੇਤਰ ਵਿੱਚ ਜ਼ਿਆਦਾ ਸ਼ਕਤੀਆਂ ਦੀ ਮੰਗ ਕਰਦੇ ਰਹੇ ਹਨ। ਇਨ੍ਹਾਂ ਨੇ ਇਸ ਦਿਸ਼ਾ ਵਿੱਚ ਕੁਝ ਦ੍ਰਿੜ ਯਤਨ ਵੀ ਕੀਤੇ ਹਨ। ਰਾਜਮਨਾਰ ਰਿਪੋਰਟ 1972, ਆਨੰਦਪੁਰ ਸਾਹਿਬ ਦਾ ਪ੍ਰਸਤਾਵ (1973) ਅਤੇ ਕੇਂਦਰ ਰਾਜ ਸਬੰਧਾਂ 'ਤੇ ਪੱਛਮੀ ਬੰਗਾਲ ਸਰਕਾਰ ਦਾ ਯਾਦ ਪੱਤਰ ਇਸ ਦਿਸ਼ਾ ਵਿੱਚ ਸ਼ਾਮਿਲ ਪੱਥਰ ਸਿੱਧ ਹੋਏ ਹਨ। 1983 ਵਿੱਚ ਭਾਰਤ ਸਰਕਾਰ ਵੱਲੋਂ ਸੰਘਵਾਦ ਸਬੰਧੀਆਂ ਦੇ ਪੂਰੇ ਖੇਤਰ ਦੀ ਸਮੀਖਿਆ ਲਈ ਸਰਕਾਰੀਆ ਆਯੋਗ ਨਿਯੁਕਤ ਕੀਤਾ ਗਿਆ। ਇਸ ਦੀਆਂ ਸਿਫਾਰਿਸ਼ਾਂ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕੀਤਾ ਹੈ।

ਕੇਂਦਰ ਰਾਜ ਸਬੰਧਾਂ ਵਿੱਚ ਸੰਭਵ ਸੋਧ ਦੀ ਪ੍ਰਕਿਰਤੀ ਦਾ ਵਿਸ਼ਲੇਸ਼ਣ ਕਰਨ ਲਈ ਇਨ੍ਹਾਂ ਸਾਰੇ ਯਤਨਾਂ ਦਾ ਸੰਖੇਪ ਵਿੱਚ ਅਧਿਐਨ ਕਰਨਾ ਜ਼ਰੂਰੀ ਹੈ।

### I ਰਾਜਮਨਾਰ ਸੰਮਤੀ ਰਿਪੋਰਟ 1972 (Rajmannar Committee Report, 1972)

1969 ਵਿੱਚ ਤਾਮਿਲਨਾਡੂ ਵਿੱਚ ਡੀ. ਐੱਮ. ਕੇ. ਸਰਕਾਰ ਨੇ ਸੰਘ ਰਾਜ ਸਬੰਧਾਂ ਦੇ ਪੂਰੇ ਖੇਤਰ ਦੀ ਸਮੀਖਿਆ ਲਈ ਇਕ ਸੰਮਤੀ ਰਾਜਮਨਾਰ ਸੰਮਤੀ ਨਿਯੁਕਤ ਕੀਤੀ। ਇਸ ਸੰਮਤੀ ਨੇ ਆਪਣੀ ਰਿਪੋਰਟ ਵਿੱਚ ਸੰਵਿਧਾਨ ਦੀਆਂ ਕਈ ਵਿਵਸਥਾਵਾ ਅਨੁਛੇਦ 249, 257, 275, 282 352, 360 ਅਤੇ 365 ਦੀ ਪੁਨਰ ਰਚਨਾ ਕਰਨ ਦੀਆਂ ਸਿਫਾਰਿਸ਼ਾਂ ਹੇਠ ਲਿਖੀਆਂ ਸਨ :

1. ਇਕ ਅੰਤਰਰਾਜੀ ਸੰਸਦ ਸਥਾਪਿਤ ਕਰਨ ਦੀ ਸਿਫਾਰਿਸ਼ ਕੀਤੀ ਗਈ ਅਤੇ ਇੱਥੇ ਕਿਹਾ ਗਿਆ ਕਿ ਸੰਘੀ ਸੰਸਦ ਨੂੰ ਇਕ ਤੋਂ ਜ਼ਿਆਦਾ ਰਾਜਾਂ ਦੇ ਹਿੱਤਾਂ ਦੇ ਸਬੰਧ ਵਿੱਚ ਇਸ ਪ੍ਰੀਸ਼ਦ ਨਾਲ ਸਲਾਹ ਕਰਨੀ ਚਾਹੀਦੀ ਹੈ।
2. ਵਿੱਤ ਆਯੋਗ ਇਕ ਸਥਾਈ ਹੋਣੀ ਚਾਹੀਦੀ ਹੈ ਅਤੇ ਰਾਜ ਕੇਂਦਰ 'ਤੇ ਘੱਟ ਨਿਰਭਰ ਹੋਣਾ ਚਾਹੀਦਾ ਹੈ। ਰਾਜਾਂ ਨੂੰ ਵਿੱਤੀ ਸਵਾਯਤਤਾ ਪ੍ਰਾਪਤ ਹੋਣੀ ਚਾਹੀਦੀ ਹੈ ਅਤੇ ਇਹ ਸ਼ਕਤੀਸ਼ਾਲੀ ਹੋਣੀ ਚਾਹੀਦੀ ਹੈ।

ਨੋਟ

3. ਰਾਜਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਸੰਘੀ ਸੂਚੀ ਦੇ ਕਈ ਵਿਸ਼ਿਆਂ ਨੂੰ ਰਾਜ ਸੂਚੀ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਂਦਾ ਹੈ।
4. ਯੋਜਨਾ ਆਯੋਗ ਇਕ ਸਵਾਯਤਤਾ ਪ੍ਰਾਪਤ ਸੰਸਥਾ ਹੋਣੀ ਚਾਹੀਦੀ ਹੈ। ਯੋਜਨਾ ਆਯੋਗ ਵਿੱਚ ਕੇਂਦਰ ਦੀ ਭੂਮਿਕਾ ਘਟਾਈ ਜਾਣੀ ਚਾਹੀਦੀ ਹੈ।
5. ਰਾਜ ਵਿੱਚ ਰਾਜਪਾਲ ਦੇ ਅਹੁਦੇ ਸਬੰਧੀ ਰਾਜਮਨਾਰ ਰਿਪੋਰਟ ਨੇ ਸਿਫਾਰਿਸ਼ ਕੀਤੀ ਕਿ ਰਾਜਪਾਲ ਦੀ ਨਿਯੁਕਤੀ ਰਾਜ ਕੈਬਨਿਟ ਦੀ ਸਹਿਮਤੀ ਨਾਲ ਹੋਣੀ ਚਾਹੀਦੀ ਹੈ। ਜੇਕਰ ਇਹ ਸੰਭਵ ਹੋਵੇ ਤਾਂ ਇਕ ਉੱਚ ਸ਼ਕਤੀ ਵਾਲੀ ਸੰਸਥਾ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਜ਼ਿੰਮੇਵਾਰੀ ਉਸ ਨੂੰ ਸੌਂਪ ਦੇਣੀ ਚਾਹੀਦੀ ਹੈ। ਰਾਜਪਾਲਾਂ ਦੇ ਵਿਵਹਾਰ ਨੂੰ ਨਿਰਪੱਖ ਬਣਾਉਣ ਲਈ ਰਾਜਪਾਲ ਦੇ ਰੂਪ ਵਿੱਚ ਉਨ੍ਹਾਂ ਦੀ ਸੇਵਾਮੁਕਤੀ ਤੋਂ ਬਾਅਦ ਉਨ੍ਹਾਂ ਨੂੰ ਹੋਰ ਅਹੁਦਿਆਂ 'ਤੇ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ।
6. ਰਾਜਪਾਲ ਦੀ ਇੱਛਾ ਤੱਕ ਰਾਜ ਮੰਤਰੀ ਮੰਡਲ ਦੇ ਬਣੇ ਰਹਿਣ ਦੀ ਵਿਵਸਥਾ ਖਤਮ ਕੀਤੀ ਜਾਣੀ ਚਾਹੀਦੀ ਹੈ।
7. ਸਾਰੇ ਰਾਜਾਂ ਦੀ ਚਾਹੇ ਉਹ ਵੱਡੇ ਜਾਂ ਛੋਟੇ ਰਾਜ ਸਭਾ ਵਿੱਚ ਅਸਲੀ ਸ਼ੁੱਧ ਸੰਘੀ ਸਿਧਾਂਤ ਦੇ ਅਧਾਰ 'ਤੇ ਇਕ ਬਰਾਬਰ ਪ੍ਰਤੀਨਿਧਤਾ ਪ੍ਰਾਪਤ ਹੋਣੀ ਚਾਹੀਦੀ ਹੈ।
8. ਹਰੇਕ ਰਾਜ ਦੀ ਉੱਚ ਅਦਾਲਤ ਨੂੰ ਆਪਣੇ ਰਾਜ ਨਾਲ ਸਾਰੇ ਮੁਕੱਦਮਿਆਂ ਦੇ ਸਬੰਧ ਵਿੱਚ ਅਖੀਰਲਾ ਅਧਿਕਾਰ ਹੋਣਾ ਚਾਹੀਦਾ ਹੈ। ਕੇਵਲ ਸੰਵਿਧਾਨਿਕ ਮੁਕੱਦਮੇ ਹੀ ਇਸ ਦੇ ਅਪਵਾਦ ਹੋਣੇ ਚਾਹੀਦੇ ਹਨ।
9. ਅੰਗਰੇਜ਼ੀ ਨੂੰ ਕੇਂਦਰ ਅਤੇ ਰਾਜਾਂ ਵਿਚਕਾਰ ਸੰਪਰਕ ਭਾਸ਼ਾ ਦੇ ਰੂਪ ਵਿੱਚ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ।
10. ਸਰਵਉੱਚ ਅਦਾਲਤ ਨੂੰ ਸਾਰੇ ਅੰਤਰਰਾਜੀ ਜਲ ਵਿਵਾਦ ਨਿਪਟਾਉਣ ਦੀ ਸ਼ਕਤੀ ਦਿੱਤੀ ਜਾਣੀ ਚਾਹੀਦੀ ਹੈ।
11. ਭਾਰਤ ਸੰਘ ਵਿੱਚ ਜੰਮੂ ਅਤੇ ਕਸ਼ਮੀਰ ਦਾ ਵਿਸ਼ੇਸ਼ ਪੱਧਰ ਸਥਾਪਿਤ ਰੱਖਿਆ ਜਾਣਾ ਚਾਹੀਦਾ ਹੈ।

ਡੀ. ਐੱਮ. ਕੇ. ਸਰਕਾਰ ਨੇ ਇਹ ਰਿਪੋਰਟ ਕੇਂਦਰ ਸਰਕਾਰ ਨੂੰ ਪੇਸ਼ ਕੀਤੀ ਪਰ ਇਸ ਦੀਆਂ ਸਿਫਾਰਿਸ਼ਾਂ ਕੇਂਦਰੀ ਨੇਤਾਵਾਂ ਵੱਲੋਂ ਮਨਜ਼ੂਰੀ ਨਹੀਂ ਹੋਈ। ਇਹ ਮਹਿਸੂਸ ਕੀਤਾ ਗਿਆ ਕਿ ਭਾਰਤ ਵਰਗੇ ਬਹੁਲਵਾਦੀ ਰਾਜ ਲਈ ਸੰਵਿਧਾਨ ਵਿੱਚ ਨਿਸ਼ਚਿਤ ਕੀਤੇ ਅਨੁਸਾਰ ਸ਼ਕਤੀਸ਼ਾਲੀ ਕੇਂਦਰ ਦੀ ਹੋਂਦ ਬਹੁਤ ਜ਼ਰੂਰੀ ਸੀ। ਰਾਸ਼ਟਰੀ ਯੋਜਨਾਵਾਂ ਵੱਲੋਂ ਸਮਾਜਿਕ ਆਰਥਿਕ ਵਿਕਾਸ ਦੀ ਜ਼ਰੂਰਤ ਲਈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਸਥਾਪਿਤ ਰੱਖਣ ਦੀ ਜ਼ਰੂਰਤ ਲਈ ਭਾਰਤੀ ਰਾਜਨੀਤੀ ਵਿੱਚ ਸ਼ਕਤੀਸ਼ਾਲੀ ਕੇਂਦਰ ਦਾ ਹੋਣਾ ਪੂਰੀ ਤਰ੍ਹਾਂ ਠੀਕ ਸੀ।

### II. ਆਨੰਦਪੁਰ ਸਾਹਿਬ ਪ੍ਰਸਤਾਵ, 1973 (The Anandpur Sahib Resolution, 1973)

ਰਾਜਾਂ ਨੂੰ ਸਵਾਯਤਤਾ ਦੀ ਜ਼ਰੂਰਤ ਲਈ ਆਵਾਜ਼ ਉਠਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਇਕ ਪ੍ਰਸਤਾਵ ਤਿਆਰ ਕੀਤਾ ਅਤੇ ਪਾਸ ਕੀਤਾ। 1973 ਵਿੱਚ ਆਨੰਦਪੁਰ ਸਾਹਿਬ ਵਿੱਚ 18ਵੀਂ ਅਖਿਲ ਭਾਰਤੀ ਕਾਨਫਰੰਸ ਵਿੱਚ ਪਾਸ ਕੀਤੇ ਗਏ ਪ੍ਰਸਤਾਵ ਦੇ ਅਸਲੀ ਰੂਪ ਸਬੰਧੀ ਕੁਝ ਤੱਤਾਂ ਦੀ ਸਪੱਸ਼ਟ ਜਾਣਕਾਰੀ ਨਹੀਂ ਹੈ ਕਿਉਂਕਿ ਅਲੱਗ-ਅਲੱਗ ਅਕਾਲੀ ਨੇਤਾਵਾ ਅਤੇ ਉਨ੍ਹਾਂ ਗੁਟਾਂ ਵੱਲੋਂ ਅਲੱਗ-ਅਲੱਗ ਦਸਤਾਵੇਜ਼ ਅਤੇ ਵਿਚਾਰ ਪ੍ਰਕਾਸ਼ਿਤ ਕੀਤੇ ਗਏ। ਅਸੀਂ ਇੱਥੇ ਉਹ ਹਿੰਦੀ ਰੂਪਾਂਤਰ ਦੇ ਰਹੇ ਹਾਂ ਜਿਸ ਦੀ ਪੁਸ਼ਟੀ ਸ਼੍ਰੀ ਲੌਂਗੋਵਾਲ ਵੱਲੋਂ 23-10-82 ਨੂੰ ਕੀਤੀ ਗਈ ਸੀ (ਹਿੰਦੋਸਤਾਨ ਟਾਈਮਜ਼ ਵੱਲੋਂ 11 ਨਵੰਬਰ 1982 ਨੂੰ ਪ੍ਰਕਾਸ਼ਿਤ ਕੀਤੇ ਅਨੁਸਾਰ)।

ਅਕਤੂਬਰ 16-17, 1973 ਨੂੰ ਅਪਨਾਏ ਗਏ ਸ਼੍ਰੀ ਆਨੰਦਪੁਰ ਸਾਹਿਬ ਪ੍ਰਸਤਾਵ ਦੀ ਨੀਤੀ ਅਤੇ ਪ੍ਰੋਗਰਾਮ (Policy and Programme of Sri Anandpur Sahib Resolution adopted on October 16-17, 1973)

#### (ਕ) ਸਿਧਾਂਤ (Principles)

1. ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਸਭ ਤੋਂ ਮਹੱਤਵਪੂਰਨ ਸੰਸਥਾ ਹੈ ਅਤੇ ਇਸ ਨੂੰ ਉਨ੍ਹਾਂ ਦੀ ਪ੍ਰਤੀਨਿਧਤਾ ਅਤੇ ਅਗਵਾਈ ਕਰਨ ਦਾ ਪੂਰਾ ਅਧਿਕਾਰ ਹੈ। ਇਸ ਸੰਗਠਨ ਦਾ ਅਧਾਰ ਪ੍ਰਸਪਰ ਸਬੰਧ, ਮਨੁੱਖ ਦੀਆਂ ਇੱਛਾਵਾਂ ਅਤੇ ਦਰਸ਼ਨ ਨਾਲ ਉਨ੍ਹਾਂ ਦੇ ਸਬੰਧਿਤ ਹਨ।
2. ਇਹ ਸਿਧਾਂਤ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਨਾਮ ਜੱਪੋ (ਪ੍ਰਮਾਤਮਾ ਦੀ ਪੂਜਾ ਕਰੋ) , ਕਿਰਤ ਕਰੋ ਔਖੀ (ਮਿਹਨਤ ਕਰੋ) ਅਤੇ

ਨੋਟ

**(ਖ) ਉਦੇਸ਼ (Aims)**

ਸ਼੍ਰੋਮਣੀ ਅਕਾਲੀ ਦਲ ਹੇਠ ਲਿਖੇ ਉਦੇਸ਼ਾਂ ਦੀ ਪੂਰਤੀ ਲਈ ਯਤਨ ਕਰੇਗਾ :

1. ਧਰਮ ਅਤੇ ਸਿੱਖ ਮਤ ਦਾ ਪ੍ਰਚਾਰ ਅਤੇ ਨਾਸਤਿਕਤਾ ਦੀ ਨਿੰਦਾ।
2. ਪੰਥ ਦੀ ਸੁਤੰਤਰ ਹੋਂਦ ਸਥਾਪਿਤ ਰੱਖਣਾ ਅਤੇ ਅਜਿਹੇ ਵਾਤਾਵਰਣ ਦਾ ਨਿਰਮਾਣ ਕਰਨਾ ਜਿੱਥੇ ਸਿੱਖੀ ਭਾਵਨਾਵਾਂ ਪੂਰੀ ਤਰ੍ਹਾਂ ਵਿਕਸਿਤ ਹੋ ਸਕਣ।
3. ਬਰਾਬਰ ਆਰਥਿਕ ਢਾਂਚੇ ਸੰਪਤੀ ਵਿੱਚ ਵਾਧਾ ਅਤੇ ਸਾਰੀ ਤਰ੍ਹਾਂ ਦੇ ਸ਼ੋਸ਼ਣ ਦਾ ਅੰਤ ਕਰਕੇ ਗਰੀਬੀ ਅਤੇ ਭੁੱਖ ਨੂੰ ਖਤਮ ਕਰਨਾ।
4. ਸਿੱਖ ਧਾਰਮਿਕ ਗ੍ਰੰਥਾਂ 'ਤੇ ਚੱਲਦੇ ਹੋਏ ਨਿਰਪੱਖਤਾ ਛੂਤ-ਛਾਤ ਅਤੇ ਜਾਤੀਵਾਦ ਦਾ ਖਾਤਮਾ।
5. ਬਿਮਾਰੀ ਅਤੇ ਰੋਗਾਂ ਦਾ ਖਾਤਮਾ, ਨਸ਼ਿਆਂ 'ਤੇ ਪ੍ਰਤੀਬੰਧ ਤਾਂ ਕਿ ਲੋਕਾਂ ਨੂੰ ਰਾਸ਼ਟਰ ਦੀ ਰੱਖਿਆ ਲਈ ਪ੍ਰੇਰਿਤ ਕੀਤਾ ਜਾ ਸਕੇ।

**ਭਾਗ-I (Part-I)**

ਸ਼੍ਰੋਮਣੀ ਅਕਾਲੀ ਦਲ ਦੇ ਵਿਚਾਰ ਅਨੁਸਾਰ ਸਿੱਖਾਂ ਵਿੱਚ ਧਾਰਮਿਕ ਭਾਵਨਾ ਪੈਦਾ ਕਰਨਾ ਉਨ੍ਹਾਂ ਦਾ ਮੁੱਖ ਕਰਤਵ ਹੈ ਜਿਸ 'ਤੇ ਕਿ ਉਹ ਮਾਣ ਕਰ ਸਕਣ। ਇਸ ਮਨੋਰਥ ਦੀ ਪ੍ਰਾਪਤੀ ਲਈ ਅਕਾਲੀ ਦਲ ਹੇਠ ਲਿਖੇ ਪ੍ਰੋਗਰਾਮ ਸ਼ੁਰੂ ਕਰੇਗਾ:

1. ਪ੍ਰਮਾਤਮਾ ਇਕ ਹੈ, ਦੇ ਸਿਧਾਂਤ ਦਾ ਪ੍ਰਚਾਰ, ਦਸ ਗੁਰੂਆਂ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਰੋਸਾ ਅਤੇ ਉਨ੍ਹਾਂ ਦੇ ਦਰਸ਼ਨ ਦਾ ਪ੍ਰਚਾਰ ਕਰਨਾ ਅਤੇ ਸਿੱਖਾਂ ਵਿੱਚ ਉਨ੍ਹਾਂ ਨੂੰ ਲਾਗੂ ਕਰਨਾ।
2. ਸਿੱਖ ਧਰਮ, ਦਰਸ਼ਨ ਮਤ (ਸਿਧਾਂਤ) ਅਤੇ ਲੰਗਰ ਆਦਿ ਦੇ ਸਫਲਤਾਪੂਰਵਕ ਪ੍ਰਚਾਰ ਲਈ ਸਿੱਖ ਮਿਸ਼ਨਰੀ ਕਾਲਜਾਂ ਵੱਲੋਂ ਚੰਗੇ ਪ੍ਰਚਾਰਕ, ਗਾਇਕ, ਢਾਡੀ ਅਤੇ ਕਵੀ ਪੈਦਾ ਕੀਤੇ ਜਾਣ ਤਾਂ ਕਿ ਪ੍ਰਚਾਰਕ ਭਾਰਤ ਵਿੱਚ ਅਤੇ ਵਿਦੇਸ਼ਾਂ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ, ਸਕੂਲਾਂ ਅਤੇ ਕਾਲਜਾਂ ਆਦਿ ਵਿੱਚ ਸੁਤੰਤਰ ਰੂਪ ਵਿੱਚ ਪ੍ਰਚਾਰ ਕਰ ਸਕਣ।
3. ਅੰਮ੍ਰਿਤ ਪ੍ਰਚਾਰ ਦਾ ਕੰਮ ਵੱਡੇ ਪੱਧਰ 'ਤੇ ਵਿਸ਼ੇਸ਼ ਰੂਪ ਵਿੱਚ ਸਕੂਲਾਂ ਅਤੇ ਕਾਲਜਾਂ ਵਿੱਚ ਸ਼ੁਰੂ ਕੀਤਾ ਜਾਵੇਗਾ। ਇਸ ਉਦੇਸ਼ ਲਈ ਅਧਿਐਨ ਲਈ ਕਾਲਜਾਂ ਦੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੂੰ ਸੰਗਠਿਤ ਕੀਤਾ ਜਾਵੇਗਾ।
4. ਸਿੱਖਾਂ ਵਿੱਚ ਦਸਵੰਧ ਦੀ ਭਾਵਨਾ (ਆਮਦਨ ਦਾ ਦਸਵਾਂ ਭਾਗ ਦਾਨ ਕਰਨ ਦੀ ਭਾਵਨਾ) ਵਿਕਸਿਤ ਕੀਤੀ ਜਾਵੇਗੀ।
5. ਸਿੱਖ ਇਤਿਹਾਸਕਾਰਾਂ, ਬੁੱਧੀਜੀਵੀਆਂ, ਲੇਖਕਾਂ, ਪ੍ਰਚਾਰਕਾਂ, ਗ੍ਰੰਥੀਆਂ ਆਦਿ ਨੂੰ ਆਦਰ ਅਤੇ ਸਨਮਾਨ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਪ੍ਰੀਖਣ ਅਤੇ ਕੰਮ ਲਈ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।
6. ਗੁਰਦੁਆਰਾ ਪ੍ਰਸ਼ਾਸਨ ਨੂੰ ਸਰਵ ਅਤੇ ਇਕ ਸਵਰੂਪ ਬਣਾਉਣ ਦੇ ਲਈ ਕਰਮਚਾਰੀਆਂ ਦੇ ਪ੍ਰੀਖਣ ਲਈ ਪ੍ਰਬੰਧ ਕੀਤੇ ਜਾਣਗੇ, ਗੁਰਦੁਆਰਿਆਂ ਦੇ ਭਵਨਾਂ ਦਾ ਰੱਖ-ਰਖਾਵ ਕੀਤਾ ਜਾਵੇਗਾ ਅਤੇ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਜ਼ਰੂਰੀ ਨਿਰਦੇਸ਼ ਜਾਰੀ ਕੀਤੇ ਜਾਣਗੇ।
7. ਗ੍ਰੰਥਾਂ ਦੀ ਠੀਕ ਛਪਾਈ ਅਤੇ ਨਵੇਂ ਸਿੱਖ ਇਤਿਹਾਸ ਦੀ ਖੋਜ, ਗ੍ਰੰਥਾਂ ਦਾ ਅਨੁਵਾਦ ਅਤੇ ਸਿੱਖੀ ਸਿਧਾਂਤਾਂ ਦੇ ਸਾਫ ਅਤੇ ਸਪੱਸ਼ਟ ਸਾਹਿਤ ਦੀ ਰਚਨਾ ਕੀਤੀ ਜਾਵੇਗੀ।
8. ਇਕ ਨਵਾਂ ਅਖਿਲ ਗੁਰਦੁਆਰਾ ਐਕਟ ਬਣਾਉਣ ਲਈ ਸੰਘਰਸ਼ ਕੀਤਾ ਜਾਵੇਗਾ, ਜਿਸ ਅਧੀਨ ਦੇਸ਼ ਵਿੱਚ ਸਾਰੇ ਗੁਰਦੁਆਰਿਆਂ ਦਾ ਵਿਵਸਥਿਤ ਪ੍ਰਬੰਧ ਕੀਤਾ ਜਾਵੇਗਾ ਅਤੇ ਇਹ ਯਤਨ ਕੀਤਾ ਜਾਵੇਗਾ ਕਿ ਉਦਾਸੀਆਂ, ਨਿਰਮਲ ਆਦਿ ਪ੍ਰਾਚੀਨ ਮਰਿਯਾਦਾਵਾਂ ਨੂੰ ਸਿੱਖ ਸਮਾਜ ਦਾ ਅਟੁੱਟ ਅੰਗ ਬਣਾਇਆ ਜਾਵੇ।
9. ਧਾਰਮਿਕ ਪ੍ਰਚਾਰ ਦੇ ਸਾਂਝੇ ਸਾਧਨਾਂ ਨਾਲ ਲਾਭ ਪ੍ਰਾਪਤ ਕਰਨ ਲਈ ਸੰਸਾਰ ਦੇ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਇਕ ਸੂਤਰ ਵਿੱਚ ਸੰਗਠਿਤ ਕੀਤਾ ਜਾਵੇਗਾ।
10. ਸ਼੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰੇ ਜੋ ਪੰਥ ਤੋਂ ਅਲੱਗ ਕੀਤੇ ਗਏ ਹਨ, ਦੇ 'ਖੁੱਲ੍ਹੇ ਦਰਸ਼ਨ ਦੀਦਾਰ' ਦੀ ਵਿਵਸਥਾ ਕੀਤੀ ਜਾਵੇਗਾ।

**ਨੋਟ** ਪੰਥ ਦੇ ਰਾਜਨੀਤਿਕ ਉਦੇਸ਼ ਦਸਮ ਗੁਰੂ ਦੇ ਨਿਰਦੇਸ਼ਾਂ 'ਤੇ ਅਧਾਰਿਤ ਹਨ ਜੋ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਅਤੇ ਖਾਲਸਾ ਪੰਥ ਦੇ ਮਨ ਵਿੱਚ ਅੰਕਿਤ ਹਨ। ਇਸ ਦਾ ਉਦੇਸ਼ ਹੈ: 'ਖਾਲਸਾ ਜੀ ਦਾ ਬੋਲ ਬਾਲਾ'।

1. (ਕ) ਉਹ ਖੇਤਰ ਜੋ ਕਿ ਪੰਜਾਬ ਤੋਂ ਜਾਣਬੁੱਝ ਕੇ ਅਲੱਗ ਕੀਤੇ ਗਏ ਹਨ ਜਿਵੇਂ ਕਿ ਗੁਰਦੁਆਰਾ ਜ਼ਿਲ੍ਹੇ ਤੋਂ ਡਲਹੌਜ਼ੀ, ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਜ਼ਿਲ੍ਹੇ ਵਿੱਚੋਂ ਅੰਬਾਲਾ ਸ਼ਹਿਰ, ਹੁਸ਼ਿਆਰਪੁਰ ਜ਼ਿਲ੍ਹੇ ਤੋਂ ਊਨਾ ਤਹਿਸੀਲ ਨਾਲਾਗੜ੍ਹ ਦਾ ਪਿੰਡ 'ਦੇਸ਼', ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ, ਗੂਹਲਾ ਅਤੇ ਟੋਹਾਨਾ ਸਬ ਤਹਿਸੀਲਾਂ, ਹਿਸਾਰ ਜ਼ਿਲ੍ਹੇ ਦਾ ਰਤਿਆ ਬਲਾਕ ਅਤੇ ਸਿਰਸਾ ਤਹਿਸੀਲ, ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਦੀਆਂ 6 ਤਹਿਸੀਲਾਂ ਅਤੇ ਪੰਜਾਬੀ ਬੋਲਦੇ ਸਿੱਖ ਰਿਹਾਇਸ਼ੀ ਖੇਤਰਾਂ ਨੂੰ ਤੁਰੰਤ ਪੰਜਾਬ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਇਨ੍ਹਾਂ ਦਾ ਪ੍ਰਸ਼ਾਸਨ ਇਕ ਇਕਾਈ ਅਧੀਨ ਚਲਾਇਆ ਜਾਵੇ।

   (ਖ) ਪੰਜਾਬ ਅਤੇ ਦੂਸਰੇ ਰਾਜਾਂ ਵਿੱਚ ਕੇਂਦਰੀ ਸੁਰੱਖਿਆ, ਵਿਦੇਸ਼ੀ ਮਾਮਲੇ, ਡਾਕ ਅਤੇ ਤਾਰ, ਮੁਦਰਾ ਅਤੇ ਰੇਲਵੇ ਤੱਕ ਹੀ ਸੀਮਿਤ ਰੱਖੇ ਜਾਣੇ ਚਾਹੀਦੇ ਹਨ। ਬਾਕੀ ਸਾਰੇ ਵਿਭਾਗ ਪੰਜਾਬ ਦੇ ਪ੍ਰਤੱਖ ਕੰਟਰੋਲ ਅਧੀਨ ਹੋਣੇ ਚਾਹੀਦੇ ਹਨ।

   (ਗ) ਪੰਜਾਬ ਤੋਂ ਬਾਹਰ ਨਿਵਾਸ ਕਰ ਰਹੇ ਘੱਟ ਸੰਖਿਅਕ ਸਿੱਖ ਸਮੁਦਾਇ ਦੇ ਹਿੱਤਾਂ ਦੀ ਸੁਰੱਖਿਆ ਲਈ ਪ੍ਰਭਾਵਸ਼ਾਲੀ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਉਹ ਕਿਸੇ ਭੇਦਭਾਵ ਦਾ ਸ਼ਿਕਾਰ ਨਾ ਹੋਵੇ।

2. ਸ਼੍ਰੋਮਣੀ ਅਕਾਲੀ ਦਲ ਭਾਰਤੀ ਸੰਵਿਧਾਨ ਨੂੰ ਠੀਕ ਅਰਥਾਂ ਵਿੱਚ ਸੰਘੀ ਬਣਾਉਣ ਦਾ ਯਤਨ ਕਰੇਗਾ ਅਤੇ ਇਹ ਵੀ ਯਤਨ ਕਰੇਗਾ ਕਿ ਕੇਂਦਰ ਵਿੱਚ ਸਾਰੇ ਰਾਜਾਂ ਨੂੰ ਬਰਾਬਰ ਪ੍ਰਤੀਨਿਧਤਾ ਪ੍ਰਾਪਤ ਹੋਵੇ।

3. ਸ਼੍ਰੋਮਣੀ ਅਕਾਲੀ ਦਲ ਦੇ ਅਨੁਸਾਰ ਕਾਂਗਰਸ ਸਰਕਾਰ ਦੀ ਵਿਦੇਸ਼ੀ ਨੀਤੀ ਦੇਸ਼ ਅਤੇ ਸਾਰੇ ਰਾਸ਼ਟਰ ਲਈ ਬੇਕਾਰ ਅਤੇ ਹਾਨੀਕਾਰਕ ਸੀ। ਇਹ ਸਾਰੀਆਂ ਗੁਆਂਢੀ ਰਾਜਾਂ, ਵਿਸ਼ੇਸ਼ ਰੂਪ ਵਿੱਚ ਉਹ ਜਿੱਥੇ ਸਿੱਖ ਰਹਿੰਦੇ ਹਨ ਜਾਂ ਜਿੱਥੇ ਸਿੱਖਾਂ ਦੇ ਧਾਰਮਿਕ ਸਥਾਨ ਹਨ, ਨਾਲ ਚੰਗੇ ਸਬੰਧ ਸਥਾਪਿਤ ਕਰਨ ਲਈ ਸੰਘਰਸ਼ ਕਰੇਗੀ। ਸਾਡੀ ਵਿਦੇਸ਼ ਨੀਤੀ ਕਿਸੇ ਹੋਰ ਦੇਸ਼ ਦੀ ਵਿਦੇਸ਼ੀ ਨੀਤੀ ਦੀ ਨਕਲ ਨਹੀਂ ਹੋਣੀ ਚਾਹੀਦੀ।

4. ਕੇਂਦਰ ਅਤੇ ਰਾਜਾਂ ਵਿੱਚ ਸਿੱਖ ਕਰਮਚਾਰੀਆਂ ਦੇ ਲਈ ਨਿਆ ਭਰੋਸੇਯੋਗ ਬਣਾਇਆ ਜਾਵੇਗਾ ਅਤੇ ਅਨਿਆ ਵਿਰੁੱਧ ਆਵਾਜ਼ ਉਠਾਉਣੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਦਾ ਇਕ ਮਹੱਤਵਪੂਰਨ ਹਿੱਸਾ ਹੋਵੇਗਾ। ਵਿਸ਼ੇਸ਼ ਰੂਪ ਵਿੱਚ ਸੁਰੱਖਿਆ ਸੇਵਾਵਾਂ ਵਿੱਚ ਸਿੱਖੀ ਪ੍ਰੰਪਰਾਵਾਂ ਸਥਾਪਿਤ ਰੱਖਣ ਦੇ ਯਤਨ ਕੀਤੇ ਜਾਣਗੇ ਅਤੇ ਸਿੱਖ ਸੈਨਿਕਾਂ ਦੀਆਂ ਮੰਗਾਂ ਨੂੰ ਲਗਾਤਾਰ ਧਿਆਨ ਵਿੱਚ ਰੱਖਿਆ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਕ੍ਰਿਪਾਨ ਸਿੱਖ ਸੈਨਿਕਾਂ ਦੀ ਵਰਦੀ ਦਾ ਇਕ ਅਖੰਡ ਹਿੱਸਾ ਬਣ ਜਾਵੇ।

5. ਸਾਬਕਾ ਸੈਨਿਕਾਂ ਨੂੰ ਪੁਨਰ ਸਥਾਪਨਾ ਲਈ ਜ਼ਰੂਰੀ ਅਤੇ ਉਤਪਾਦਕ ਵਾਤਾਵਰਨ ਰਚਿਤ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਜ਼ਰੂਰੀ ਸੁਵਿਧਾਵਾਂ ਅਤੇ ਅਧਿਕਾਰ ਦਿੱਤੇ ਜਾਣਗੇ ਤਾਂ ਕਿ ਉਹ ਸਵੈ ਮਾਣ ਵਾਲਾ ਜੀਵਨ ਬਤੀਤ ਕਰ ਸਕਣ।

6. ਸ਼੍ਰੋਮਣੀ ਅਕਾਲੀ ਦਲ ਅਨੁਸਾਰ ਹਰੇਕ ਪੁਰਸ਼ ਜਾਂ ਮਹਿਲਾ ਨੂੰ ਜਿਸ ਨੂੰ ਅਦਾਲਤ ਵੱਲੋਂ ਸਜ਼ਾ ਨਾ ਦਿੱਤੀ ਗਈ ਹੋਵੇ, ਲਾਇਸੈਂਸ ਤੋਂ ਬਿਨਾਂ ਇਕ ਹਥਿਆਰ ਰੱਖਣ ਦੀ ਆਗਿਆ ਹੋਣੀ ਚਾਹੀਦੀ ਹੈ।

7. ਸ਼੍ਰੋਮਣੀ ਅਕਾਲੀ ਦਲ ਅਨੁਸਾਰ ਸਰਵਜਨਕ ਸਥਾਨਾਂ 'ਤੇ ਤਬਾਕੂ ਪੀਣ ਅਤੇ ਖਾਣ 'ਤੇ ਰੋਕ ਅਤੇ ਨਸ਼ਾਬੰਦੀ ਨੀਤੀ ਲਾਗੂ ਹੋਣੀ ਚਾਹੀਦੀ ਹੈ।

ਇਸ ਪ੍ਰਸਤਾਵ ਵਿੱਚ ਕੀਤੀਆਂ ਗਈਆਂ ਸਿਫਾਰਿਸ਼ਾਂ ਮੁੱਖ ਰੂਪ ਵਿੱਚ ਪੰਜਾਬ ਦੇ ਸਿੱਖਾਂ ਨਾਲ ਸਬੰਧਿਤ ਸਨ।

### III. ਕੇਂਦਰ-ਰਾਜ ਸਬੰਧਾਂ 'ਤੇ ਪੱਛਮੀ ਬੰਗਾਲ ਸਰਕਾਰ ਦਾ ਸਮਰਥਣ ਪੱਤਰ (1977) (West Bengal Memorandum on Centre-State Relation (1977))

ਦਸੰਬਰ 1977 ਵਿੱਚ ਪੱਛਮੀ ਬੰਗਾਲ ਮੰਤਰੀ ਮੰਡਲ ਨੇ ਕੇਂਦਰ ਰਾਜ ਸਬੰਧਾਂ 'ਤੇ ਇਕ ਯਾਦ ਪੱਤਰ ਜਾਰੀ ਕੀਤਾ ਅਤੇ ਇਹ ਕੇਂਦਰ ਵੱਲੋਂ ਰਾਜ ਸਰਕਾਰਾਂ ਵਿਸ਼ੇਸ਼ ਰੂਪ ਵਿੱਚ ਗੈਰ ਕਾਂਗਰਸੀ ਸਰਕਾਰਾਂ ਵੱਲੋਂ ਸ਼ਾਸਿਤ ਰਾਜਾਂ ਨੂੰ ਪੂੰਜੀ ਅਤੇ ਦੂਸਰੇ ਸਰੋਤ ਦੇਣ ਤੋਂ ਇਨਕਾਰ ਕਰਕੇ ਦਬਾਅ ਪਾਇਆ ਗਿਆ। ਇਸ ਦੀ ਰੂਪ-ਰੇਖਾ ਰਾਜ ਪ੍ਰਸ਼ਾਸਨ ਵਿੱਚ ਕੇਂਦਰੀ ਹਸਤਾਖਰ ਦਾ ਵਿਰੋਧ ਕਰਨ ਅਤੇ ਸੰਵਿਧਾਨ ਦੀਆਂ ਕਈ ਵਿਵਸਥਾਵਾਂ ਦੇ ਦੁਰਉਪਯੋਗ ਦੇ ਵਿਰੋਧ ਵਿੱਚ ਤਿਆਰ ਕੀਤੀ ਗਈ। ਜਦ ਕਿ ਇਸ ਵਿੱਚ ਰਾਜਾਂ ਦੇ ਲਈ ਜ਼ਿਆਦਾ ਸਵਾਯਤਤਾ ਦੀ ਮੰਗ ਪ੍ਰਤੱਖ ਰੂਪ ਵਿੱਚ ਨਹੀਂ ਕੀਤੀ ਗਈ ਪਰ ਯਾਦ ਪੱਤਰ ਦੇ ਸਵਰੂਪ ਅਤੇ ਭਾਸ਼ਾ ਵਿੱਚ ਇਹ ਮੰਗ ਸਪੱਸ਼ਟ ਦਿਖਾਈ ਦਿੰਦੀ ਹੈ।

ਇਸ ਯਾਦ ਪੱਤਰ ਦੀਆਂ ਮੁੱਖ ਵਿਸ਼ੇਸ਼ਤਾਵਾ ਹੇਠ ਲਿਖੀਆਂ ਹਨ: **ਨੋਟ**

**ਪ੍ਰਸਤਾਵ** (Preamble): "ਭਾਸ਼ਾਈ, ਸੰਸਕ੍ਰਿਤਿਕ ਅਤੇ ਹੋਰ ਵਿਭਿੰਨਤਾਵਾਂ ਦੇ ਢਾਂਚੇ ਵਿੱਚ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਸੁਰੱਖਿਆ ਕੇਂਦਰ ਰਾਜ ਸਬੰਧਾਂ ਦਾ ਇਕ ਮਹੱਤਵਪੂਰਨ ਪ੍ਰਸ਼ਨ ਹੈ। ਭਾਰਤ ਵਿੱਚ ਨਿਵਾਸ ਕਰ ਰਹੇ ਕਈ ਭਾਸ਼ਾਈ ਅਤੇ ਸੰਸਕ੍ਰਿਤਿਕ ਸਮੂਹ ਵਿਦੇਸ਼ੀ ਜ਼ੰਜ਼ੀਰਾਂ ਨਾਲ ਸੁਤੰਤਰਤਾ ਪ੍ਰਾਪਤ ਕਰਨ ਲਈ ਸੁਤੰਤਰਤਾ ਤੋਂ ਪਹਿਲਾਂ ਹੀ ਆਪਣੀ ਇੱਛਾ ਅਨੁਸਾਰ ਸਾਂਝੇ ਲਕਸ਼ਾਂ ਲਈ ਇਕੱਠੇ ਹੋ ਗਏ ਸਨ। ਅੱਜ ਵੀ ਉਹ ਸਾਮਰਾਜਵਾਦੀ ਦਖਲਅੰਦਾਜ਼ੀ ਤੋਂ ਮੁਕਤ ਰਹਿ ਕੇ ਪ੍ਰਕਿਰਤਿਕ ਸਰੋਤਾਂ ਦੇ ਪੂਰੇ ਵਿਕਾਸ ਲਈ ਅਤੇ ਸਮ੍ਰਿਧ ਜੀਵਨ ਬਤੀਤ ਕਰਨ ਲਈ ਅਤੇ ਸਮਾਜਿਕ ਆਰਥਿਕ, ਭਾਸ਼ਾਈ ਤੇ ਸੰਸਕ੍ਰਿਤਿਕ ਜ਼ਰੂਰਤਾਂ ਦੀ ਪੂਰਤੀ ਲਈ ਸਾਂਝੇ ਲਕਸ਼ਾਂ ਦੀ ਪ੍ਰਾਪਤੀ ਦੀ ਪ੍ਰਕਿਰਿਆ ਵਿੱਚ ਇਕੱਠੇ ਹਨ। ਇਨ੍ਹਾਂ ਸਾਂਝੇ ਲਕਸ਼ਾਂ ਦੀ ਪ੍ਰਾਪਤੀ ਲਈ ਰਾਜਨੀਤਿਕ ਦਲਾਂ ਅਤੇ ਜਨਤਾ ਅਨੇਕਤਾ ਵਿੱਚ ਏਕਤਾ ਦੀ ਜ਼ਰੂਰਤ ਦੀ ਪਹਿਚਾਣ ਕਰਕੇ ਕੇਂਦਰ ਅਤੇ ਰਾਜ ਸਰਕਾਰਾਂ 'ਤੇ ਆਸ਼ਰਿਤ ਹਨ।"

### ਮੁੱਖ ਵਿਸ਼ੇਸ਼ਤਾਵਾਂ (Main Features)

1. **ਕੇਂਦਰ ਰਾਜਾਂ ਦੇ ਅਧਿਕਾਰ ਖੇਤਰ ਵਿੱਚ ਗੈਰ-ਜ਼ਰੂਰੀ ਦਖਲਅਦਾਜ਼ੀ ਕਰ ਰਿਹਾ ਹੈ** (Centre is building in roads into State's Sphere)–ਭਾਰਤੀ ਸੰਵਿਧਾਨ ਮੁੱਖ ਰੂਪ ਵਿੱਚ ਏਕਾਤਮਕ ਪ੍ਰਕਿਰਤੀ ਦਾ ਹੈ। ਇਸ ਦੇ ਅਨੁਸਾਰ ਕੇਂਦਰ ਨੂੰ ਰਾਜਾਂ ਦੀ ਸਵਾਯਤਤਾ ਦੇ ਮੂਲ 'ਤੇ ਜ਼ਿਆਦਾ ਸ਼ਕਤੀਆਂ ਦਿੱਤੀਆਂ ਗਈਆਂ ਹਨ। ਇਸੇ ਕਾਰਨ ਹੀ 'ਸਮਵਰਤੀ ਸੂਚੀ' 47 ਮਦਾਂ ਸ਼ਾਮਿਲ ਕੀਤੀਆਂ ਗਈਆਂ ਹਨ। ਸੰਵਿਧਾਨ ਲਾਗੂ ਹੋਣ ਤੋਂ ਬਾਅਦ ਇਹੀ ਕੋਸ਼ਿਸ਼ ਜਾਰੀ ਰਹੀ ਹੈ ਕਿ ਰਾਜਾਂ ਦੀਆਂ ਸ਼ਕਤੀਆਂ ਦੇ ਰਸਤੇ ਵਿੱਚ ਜ਼ਿਆਦਾ ਦਖਲਅੰਦਾਜ਼ੀ ਕਰਨ ਦਾ ਦੋਸ਼ੀ ਰਿਹਾ ਹੈ ਅਤੇ ਅੱਜ ਵੀ ਹੈ।

2. **ਕੇਂਦਰ ਜ਼ਿਆਦਾ ਸ਼ਕਤੀਸ਼ਾਲੀ ਬਣ ਰਿਹਾ ਹੈ** (Centre has been becoming unusually more powerful)– ਪਿਛਲੇ ਦੋ ਦਹਾਕਿਆਂ ਦੌਰਾਨ ਇਕ ਪਾਸੇ ਤਾਂ ਰਾਜਾਂ ਨੂੰ ਜ਼ਿਆਦਾ ਸਵਾਇਤ ਬਣਾਉਣ ਲਈ ਠੀਕ ਅਤੇ ਪ੍ਰਭਾਵਸ਼ਾਲੀ ਸ਼ਕਤੀਆਂ ਦੇਣ ਦੀ ਮੰਗ ਵਧ ਰਹੀ ਹੈ ਤਾਂ ਦੂਸਰੇ ਪਾਸੇ ਰਾਜਾਂ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਦੀ ਹੱਦਬੰਦੀ ਕਰਨ ਅਤੇ ਉਥੋਂ ਦੀਆਂ ਸਰਕਾਰਾਂ ਦੀ ਲੋਕਤੰਤਰੀ ਕਾਰਜਸ਼ੀਲਤਾ ਨੂੰ ਖਤਮ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਸ ਉਦੇਸ਼ ਲਈ ਗੈਰ ਕਾਂਗਰਸੀ ਸਰਕਾਰਾਂ ਅਤੇ ਹਰੇਕ ਢੰਗ ਨਾਲ ਕੇਂਦਰ ਦੀ ਸ਼ਕਤੀ ਵੱਲੋਂ ਉਪਚਾਰਿਕ ਦਬਾਅ ਪਾ ਕੇ ਜਾਂ ਧਨ ਅਤੇ ਦੂਸਰੇ ਸਰੋਤ ਦੇਣ ਤੋਂ ਇਨਕਾਰ ਕਰਕੇ ਅਪ੍ਰੱਤਖ ਢੰਗ ਨਾਲ ਦਬਾਅ ਪਾਇਆ ਗਿਆ ਅਤੇ ਕਾਂਗਰਸ ਪਾਰਟੀ ਦੇ ਮੁੱਖ ਮੰਤਰੀਆਂ ਅਤੇ ਸੰਗਠਨ ਤੇ ਸ਼ਾਸਨ ਵੱਲੋਂ ਦਬਾਅ ਪਾਇਆ ਗਿਆ। ਪਿਛਲੇ ਦਸ ਸਾਲਾਂ ਦੌਰਾਨ ਕੇਂਦਰ ਦੀਆਂ ਰਾਜਾਂ ਦੇ ਕਾਨੂੰਨ ਅਤੇ ਵਿਵਸਥਾ, ਰਾਜ ਵਿਸ਼ੇ 'ਤੇ ਕੇਂਦਰੀ ਪੁਲਿਸ ਬਲ ਸੀਮਾ ਸੁਰੱਖਿਆ ਬਲ, ਉਦਯੋਗਿਕ ਸੁਰੱਖਿਆ ਬਲ ਆਦਿ ਦੀ ਸਥਾਪਨਾ ਵੱਲੋਂ ਪਕੜ ਵਧੀ ਹੈ। ਸੰਵਿਧਾਨ ਦੀ 42ਵੀਂ ਸੋਧ ਵੱਲੋਂ ਸਿੱਖਿਆ ਦੇ ਰਾਜ ਵਿਸ਼ੇ ਨੂੰ ਸਮਵਰਤੀ ਸੂਚੀ ਵਿੱਚ ਸ਼ਾਮਿਲ ਕਰ ਲਿਆ ਗਿਆ। ਇਹ ਪ੍ਰਕਿਰਿਆ ਹੁਣ ਇਸ ਹੱਦ ਤੱਕ ਪਹੁੰਚ ਚੁੱਕੀ ਹੈ ਕਿ ਰਾਜਾਂ ਨੂੰ ਕੇਂਦਰ ਦੇ ਇਕ ਮੰਤਰਾਲੇ ਅਧੀਨ ਵਿਭਾਗਾਂ ਦੇ ਬਰਾਬਰ ਦਰਜਾ ਦੇਣ ਦਾ ਖਤਰਾ ਪੈਦਾ ਹੋ ਗਿਆ ਹੈ।

3. **ਅਸਲ ਸੰਘਵਾਦ ਦੀ ਜ਼ਰੂਰਤ** (Need for True Federalism)– ਤਬਦੀਲ ਰਾਜਨੀਤਿਕ ਵਾਤਾਵਰਨ ਵਿੱਚ ਕੇਂਦਰ ਰਾਜ ਸਬੰਧਾਂ ਦੇ ਮੁੱਦੇ ਨੂੰ ਨਵਾਂ ਮਹੱਤਵ ਪ੍ਰਾਪਤ ਹੋਇਆ ਹੈ। ਕੇਂਦਰ ਵਿੱਚ ਅਤੇ ਅਲੱਗ-ਅਲੱਗ ਰਾਜਾਂ ਵਿੱਚ ਅਲੱਗ-ਅਲੱਗ ਦਲ ਸੱਤਾ ਵਿੱਚ ਹਨ। ਲੋਕਾਂ ਦੀਆਂ ਲੋਕਤੰਤਰੀ ਇੱਛਾਵਾ ਦੀ ਪੂਰਤੀ ਲਈ ਸੰਘੀ ਸਿਧਾਂਤਾਂ ਨੂੰ ਠੀਕ ਅਰਥਾਂ ਵਿੱਚ ਸਮਝਿਆ ਅਤੇ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਬਹੁਦਲੀ ਲੋਕਤੰਤਰੀ ਪ੍ਰਥਾ ਜਿਊਂਦੀ ਰਹਿ ਸਕੇ।

4. **ਸ਼ਕਤੀਸ਼ਾਲੀ ਰਾਜ ਵਿਵਸਥਾ ਸ਼ਕਤੀਸ਼ਾਲੀ ਕੇਂਦਰ ਦੇ ਅਨੁਕੂਲ ਹੈ** (Strong States are Compatible with Strong Centre)–ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਨਸਲ, ਧਰਮ, ਭਾਸ਼ਾ ਅਤੇ ਸੰਸਕ੍ਰਿਤੀ ਵਿੱਚ ਕਈ ਵਿਭਿੰਨਤਾਵਾਂ ਹਨ, ਰਾਸ਼ਟਰੀ ਅਖੰਡਤਾ ਕੇਵਲ ਸੁਚੇਤ, ਸਵੈ-ਇਛੁੱਕ ਯਤਨਾਂ ਨਾਲ ਹੀ ਸਥਾਪਿਤ ਰੱਖੀ ਜਾ ਸਕਦੀ ਹੈ। ਸ਼ਕਤੀਆਂ ਸੌਂਪ ਦੇਣ ਨਾਲ ਖੰਡਿਤ ਕਰਨ ਵਾਲੀਆਂ ਪ੍ਰਵਿਰਤੀਆਂ ਉਤਸ਼ਾਹਿਤ ਹੋਣ ਦੇ ਮੁਕਾਬਲੇ ਰੁਕ ਜਾਂਦੀਆਂ ਹਨ। ਇਕ ਸ਼ਕਤੀਸ਼ਾਲੀ ਅਤੇ ਏਕੀਕ੍ਰਿਤ ਭਾਰਤ ਵਿੱਚ ਅਲੱਗ-ਅਲੱਗ ਰਾਜਾਂ ਦੇ ਲੋਕਾਂ ਦੀਆਂ ਲੋਕਤੰਤਰੀ ਇੱਛਾਵਾਂ ਦਾ ਆਦਰ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਤੋਂ ਨਫਰਤ ਨਹੀਂ ਕੀਤੀ ਜਾਣੀ ਚਾਹੀਦੀ। ਨਿਸ਼ਚਿਤ ਹੀ ਸਾਨੂੰ ਸ਼ਕਤੀਸ਼ਾਲੀ ਰਾਜਾਂ ਦੀ ਜ਼ਰੂਰਤ ਹੈ ਪਰ ਅਸੀਂ ਕਮਜ਼ੋਰ ਕੇਂਦਰ ਵੀ ਨਹੀਂ ਚਾਹੁੰਦੇ। ਸ਼ਕਤੀਸ਼ਾਲੀ ਰਾਜਾਂ ਦੀ ਧਾਰਨਾ ਜ਼ਰੂਰੀ ਨਹੀਂ ਕਿ ਸ਼ਕਤੀਸ਼ਾਲੀ ਕੇਂਦਰ ਦੇ ਵਿਰੋਧ ਵਿੱਚ ਹੀ ਹੋਵੇ ਪਰ ਇਸ ਲਈ ਇਹ ਜ਼ਰੂਰੀ ਹੈ ਕਿ ਸੱਤਾ ਦੇ ਖੇਤਰਾਂ ਨੂੰ ਸਪੱਸ਼ਟ ਰੂਪ ਵਿੱਚ ਨਿਸ਼ਚਿਤ ਕਰ ਲਿਆ ਜਾਵੇ।

5. **ਬਾਕੀ ਸ਼ਕਤੀਆਂ ਰਾਜਾਂ ਨੂੰ ਸੌਂਪ ਦੇਣੀਆਂ ਚਾਹੀਦੀਆਂ ਹਨ** (Residuary should be Transferred to States)– ਸੰਘ ਦੀਆਂ ਬਾਕੀ ਸ਼ਕਤੀਆਂ ਕੇਂਦਰ ਦੇ ਮੁਕਾਬਲੇ ਰਾਜਾਂ ਕੋਲ ਹੋਣੀਆਂ ਚਾਹੀਦੀਆ ਹਨ, ਕੇਂਦਰ ਕੋਲ ਨਹੀਂ। ਇਸ ਉਦੇਸ਼ ਲਈ ਅਨੁਛੇਦ 248 ਵਿੱਚ ਸੋਧ ਕੀਤੀ ਜਾਣੀ ਚਾਹੀਦੀ ਹੈ।

6. **ਅਨੁਛੇਦ 249 ਦਾ ਖਾਤਮਾ** (Abolition of Article 249)–ਅਨੁਛੇਦ 249 ਜਿਸ ਅਧੀਨ ਸੰਸਦ ਨੂੰ ਰਾਸ਼ਟਰੀ ਹਿੱਤ ਲਈ ਰਾਜ ਸੂਚੀ ਦੇ ਵਿਸ਼ੇ 'ਤੇ ਕਾਨੂੰਨ ਬਣਾਉਣ ਦੀ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ, ਨੂੰ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ।

ਨੋਟ

**7. ਕੇਂਦਰ ਦਾ ਮੁੱਖ ਕੰਮ ਮਹੱਤਵਪੂਰਨ ਰਾਸ਼ਟਰੀ ਵਿਸ਼ਿਆਂ ਦਾ ਪ੍ਰਸ਼ਾਸਨ ਅਤੇ ਸਮੰਜਸਯ ਪੈਦਾ ਕਰਨਾ ਹੈ** (Co-ordination as the Chief function of the Centre alongwith the administration of important National Subjects)–ਰਾਜਾਂ ਦੇ ਅਧਿਕਾਰ ਖੇਤਰ ਵਿੱਚ ਵਾਧਾ ਕਰਦੇ ਹੋਏ ਅਸੀਂ ਸੰਘ ਸੱਤਾ ਨੂੰ ਦ੍ਰਿੜ ਬਣਾਉਣ ਅਤੇ ਇਸ ਨੂੰ ਸੁਰੱਖਿਅਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਕਿਉਂਕਿ ਕਈ ਵਿਸ਼ੇ ਅਜਿਹੇ ਹਨ ਜਿਨ੍ਹਾਂ ਨੂੰ ਕੇਵਲ ਸੰਘ ਸੱਤਾ ਹੀ ਕੰਟਰੋਲ ਕਰ ਸਕਦੀ ਹੈ ਉਨ੍ਹਾਂ ਨੂੰ ਕੰਟਰੋਲ ਕਰਨਾ ਕਿਸੇ ਇਕ ਰਾਜ ਦੇ ਵਸ ਦੀ ਗੱਲ ਨਹੀਂ। ਇਨ੍ਹਾਂ ਵਿਸ਼ਿਆਂ ਵਿੱਚ ਸੁਰੱਖਿਆ, ਵਿਦੇਸ਼ੀ ਮਾਮਲੇ, ਵਿਦੇਸ਼ੀ ਵਪਾਰ, ਮੁਦਰਾ, ਸੰਚਾਰ ਸਾਧਨ ਅਤੇ ਆਰਥਿਕ ਸਮੰਜਸਯ ਆਉਂਦੇ ਹਨ। ਕੇਂਦਰ ਦੀ ਭੂਮਿਕਾ ਤਾਲਮੇਲ ਬਿਠਾਉਣ ਦੀ ਹੋਣੀ ਚਾਹੀਦੀ ਹੈ। ਨਿਯੋਜਨ, ਕੀਮਤਾਂ, ਤਨਖਾਹ ਆਦਿ ਨਿਸ਼ਚਿਤ ਕਰਨ ਦੇ ਮਾਮਲੇ ਵਿੱਚ ਕੇਂਦਰ ਨੂੰ ਕੇਵਲ ਸਮੰਜਸਯ ਹੀ ਨਹੀਂ ਕਰਨਾ ਚਾਹੀਦਾ, ਬਲਕਿ ਆਮ ਨਿਰਦੇਸ਼ ਵੀ ਜਾਰੀ ਕਰਨੇ ਚਾਹੀਦੇ ਹਨ।

**8. ਵਿੱਤੀ ਢਾਂਚੇ ਵਿੱਚ ਪਰਿਵਰਤਨ** (Changes in the Financial Structure)– ਨਿਯੋਜਨ ਅਤੇ ਆਰਥਿਕ ਸਮੰਜਸਯ ਦੇ ਮਾਮਲੇ ਵਿੱਚ ਕੇਂਦਰ ਨੂੰ ਰਾਸ਼ਟਰੀ ਵਿਕਾਸ ਪ੍ਰੀਸ਼ਦ ਵੱਲੋਂ ਦਿੱਤੇ ਆਮ ਦਿਸ਼ਾ ਨਿਰਦੇਸ਼ 'ਤੇ ਚੱਲਣਾ ਚਾਹੀਦਾ ਹੈ ਇਸ ਵਿੱਚ ਕੇਂਦਰ ਦੇ ਨਾਲ–ਨਾਲ ਰਾਜਾਂ ਨੂੰ ਵੀ ਪ੍ਰਤੀਨਿਧਤਾ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸ ਮਾਮਲੇ ਵਿੱਚ ਨਾ ਹੀ ਪ੍ਰੀਸ਼ਦ ਅਤੇ ਨਾ ਹੀ ਨਿਯੋਜਨ ਆਯੋਗ ਨੂੰ ਸੰਵਿਧਾਨ ਵੱਲੋਂ ਵਿਸ਼ੇਸ਼ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ। ਇਸ ਅੰਤਰ ਨੂੰ ਇਕ ਅਲੱਗ ਧਾਰਾ ਦੀ ਰਚਨਾ ਕਰਕੇ ਭਰਿਆ ਜਾ ਸਕਦਾ ਹੈ ਜਿਸ ਵਿੱਚ ਇਹ ਸਪੱਸ਼ਟ ਦੱਸਿਆ ਹੋਵੇ ਕਿ ਯੋਜਨਾ ਆਯੋਗ ਦੀ ਰਚਨਾ ਦਾ ਫੈਸਲਾ ਰਾਸ਼ਟਰੀ ਵਿਕਾਸ ਪ੍ਰੀਸ਼ਦ ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਵਿਕਾਸ ਉਦੇਸ਼ਾਂ ਲਈ ਕਰਜ਼ਾ ਅਤੇ ਗ੍ਰਾਂਟਾਂ ਦੇਣਾ ਇਸ ਸਮੇਂ ਯੋਜਨਾ ਆਯੋਗ ਦਾ ਸਿਰਫ ਇਕ ਅਧਿਕਾਰ ਹੈ। ਇਸ ਲਈ ਇਹ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿ ਰਾਜ ਆਯੋਗ ਦੇ ਪ੍ਰਬੰਧ ਦੇ ਢੰਗ ਸਬੰਧੀ ਕੋਈ ਵਿਚਾਰ ਪੇਸ਼ ਕੀਤਾ ਜਾਵੇ ਪਰ ਵਿਦੇਸ਼ੀ ਸਬੰਧ, ਸੁਰੱਖਿਆ, ਸੰਚਾਰ, ਮੁਦਰਾ ਅਤੇ ਸਬੰਧਿਤ ਮਾਮਲੇ ਜ਼ਰੂਰੀ ਰੂਪ ਵਿੱਚ ਕੇਂਦਰ ਦੇ ਅਧਿਕਾਰ ਖੇਤਰ ਅਧੀਨ ਹੀ ਹੋਣੇ ਚਾਹੀਦੇ ਹਨ। ਕੇਂਦਰ ਨੂੰ ਰਾਜਾਂ ਦੇ ਆਪਣੇ ਢੰਗ ਨਾਲ ਵਿਕਾਸ ਕਰਨ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਉਨ੍ਹਾ ਨੂੰ ਜ਼ਿਆਦਾ ਸ਼ਕਤੀਆਂ ਅਤੇ ਸਰੋਤ ਪ੍ਰਦਾਨ ਕਰਵਾਉਣੇ ਚਾਹੀਦੇ ਹਨ।

ਉਦਯੋਗਿਕ ਅਤੇ ਬਿਜਲੀ ਜਾਂ ਸਿੰਚਾਈ ਯੋਜਨਾਵਾਂ ਜੋ ਇਕ ਰਾਜ ਤੋਂ ਜ਼ਿਆਦਾ ਰਾਜਾਂ ਨਾਲ ਸਬੰਧਿਤ ਹੋਵੇ, ਨੂੰ ਸੰਘੀ ਸੂਚੀ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਬਹੁ ਰਾਜ ਪ੍ਰੋਜੈਕਟਾਂ ਦੇ ਸਬੰਧ ਵਿੱਚ ਸਾਂਝੀ ਨੀਤੀ ਅਪਣਾਈ ਜਾ ਸਕੇ ਅਤੇ ਸਾਂਝਾ ਅਖੀਰਲਾ ਫੈਸਲਾ ਕੀਤਾ ਜਾ ਸਕੇ। ਇਨ੍ਹਾਂ ਯੋਜਨਾਂਵਾਂ ਦੀ ਰਚਨਾ ਸੰਘ ਦੀ ਸਰਕਾਰ ਵੱਲੋਂ ਹੋਵੇ ਪਰ ਇਨ੍ਹਾਂ ਨੂੰ ਲਾਗੂ ਕਰਨ ਅਤੇ ਸੰਪੂਰਨ ਕਰਨ ਦਾ ਕੰਮ ਰਾਜ ਸਰਕਾਰਾਂ ਵੱਲੋਂ ਹੋਣਾ ਚਾਹੀਦਾ ਹੈ।

**9. ਕਾਨੂੰਨ ਵਿਵਸਥਾ ਦਾ ਅਧਿਕਾਰ ਕੇਵਲ ਰਾਜਾਂ ਦੇ ਕੋਲ ਹੋਣਾ ਚਾਹੀਦਾ ਹੈ** (Law and Order should be the exclusive concern of States)– ਸੰਘ ਸਰਕਾਰ ਵੱਲੋਂ ਰਾਜਾਂ ਦੇ ਪ੍ਰਬੰਧ ਲਈ ਕੇਂਦਰੀ ਸੁਰੱਖਿਆ ਬਲ ਜਾਂ ਹੋਰ ਪੁਲਿਸ ਬਲਾਂ ਨੂੰ ਭੇਜੇ ਜਾਣ ਦਾ ਅਧਿਕਾਰ ਖਤਮ ਕਰ ਦੇਣਾ ਚਾਹੀਦਾ ਹੈ। ਕਾਨੂੰਨ ਅਤੇ ਵਿਵਸਥਾ ਅਤੇ ਪੁਲਿਸ ਪ੍ਰਕਰਣ ਵਿਸ਼ਾ ਪੂਰੇ ਰੂਪ ਵਿੱਚ ਰਾਜ ਦੇ ਅਧਿਕਾਰ ਖੇਤਰ ਵਿੱਚ ਹੋਣਾ ਚਾਹੀਦਾ ਹੈ ਅਤੇ ਕੇਂਦਰ ਨੂੰ ਆਪਣੇ ਵੱਲੋਂ ਬਣਾਏ ਗਏ ਵਿਸ਼ੇਸ਼ ਬਲਾਂ ਨਾਲ ਰਾਜਾਂ ਦੇ ਪ੍ਰਬੰਧ ਵਿੱਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ।

**10. ਸਰਕਾਰੀ ਆਮਦਨ ਦੀ ਵੰਡ ਵਿੱਚ ਜ਼ਰੂਰੀ ਪਰਿਵਰਤਨ ਅਤੇ ਵਿੱਤ ਆਯੋਗ** (Changes involving the distribution of Revenues and Finance Commission): ਵਿੱਤ ਆਯੋਗ ਅਤੇ ਸਰਕਾਰੀ ਆਮਦਨ ਦੀ ਵੰਡ ਨਾਲ ਸਬੰਧਿਤ ਧਾਰਾਵਾਂ ਵਿੱਚ ਸੋਧ ਕੀਤੀ ਜਾਣੀ ਚਾਹੀਦੀ ਹੈ ਅਤੇ ਵਿੱਤ ਆਯੋਗ ਵੱਲੋਂ ਅਲੱਗ–ਅਲੱਗ ਰਾਜਾਂ ਨੂੰ ਕੇਂਦਰ ਵੱਲੋਂ ਸਾਰੇ ਸਰੋਤਾਂ ਤੋਂ ਇਕੱਠੀ ਕੀਤੀ ਗਈ ਸਰਕਾਰੀ ਆਮਦਨ 75 ਪ੍ਰਤੀਸ਼ਤ ਹਿੱਸਾ ਵੰਡ ਦੇਣਾ ਚਾਹੀਦਾ ਹੈ। ਰਾਜਾਂ ਦੀਆਂ ਭਿਖਾਰੀਆਂ ਵਰਗੀ ਆਰਥਿਕ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਇਹ ਬਹੁਤ ਜ਼ਰੂਰੀ ਹੈ ਕਿ:

(ਕ) ਕੇਂਦਰ ਅਤੇ ਰਾਜਾਂ ਦੇ ਵਿਚਕਾਰ ਸਰਕਾਰੀ ਆਮਦਨ ਦੀ ਅਨੁਪਾਤਿਕ ਵੰਡ ਦਾ ਫੈਸਲਾ ਕਰਨ ਦੀ ਜ਼ਿੰਮੇਵਾਰੀ ਵਿੱਤ ਆਯੋਗ ਦੀ ਨਹੀਂ ਹੋਣਾ ਚਾਹੀਦੀ ਬਲਕਿ ਇਸ ਦਾ ਕੰਮ ਕੇਵਲ ਕੇਂਦਰ ਵੱਲੋਂ ਕੁੱਲ ਵਿੱਤੀ ਪ੍ਰਾਪਤੀ, ਜਿਸ ਦਾ 75 ਪ੍ਰਤੀਸ਼ਤ ਹਿੱਸਾ ਰਾਜਾਂ ਨੂੰ ਵੰਡ ਦੇਣਾ ਚਾਹੀਦਾ ਹੈ, ਵਿੱਚੋਂ ਹਰੇਕ ਰਾਜ ਦੇ ਹਿੱਸੇ ਦਾ ਅਨੁਪਾਤ ਨਿਸ਼ਚਿਤ ਕਰਨਾ ਹੀ ਹੋਣਾ ਚਾਹੀਦਾ ਹੈ।

(ਖ) ਅਨੁਛੇਦ 280 ਦੀ ਧਾਰਾ 3, ਉਪ ਧਾਰਾ (ਏ) ਜਿਸ ਵਿੱਚ "ਕਰਾਂ ਤੋਂ ਹੋਣ ਵਾਲੀ ਕੁੱਲ ਆਮਦਨ ਨੂੰ ਸੰਘ ਅਤੇ ਰਾਜਾਂ ਵਿਚਕਾਰ ਵੰਡ ਕਰਨ" ਦੀ ਵਿਵਸਥਾ ਦਰਜ ਹੈ, ਨੂੰ ਖਤਮ ਕਰ ਦੇਣਾ ਚਾਹੀਦਾ ਹੈ ਅਤੇ ਪੂਰਨ ਧਾਰਾ ਨੂੰ ਪੁਨਰ ਤਿਆਰ ਕਰਨਾ ਚਾਹੀਦਾ ਹੈ। ਨਵੀਂ ਧਾਰਾ ਵਿੱਚ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਰਾਜਾਂ ਵਿਚਕਾਰ ਉਨ੍ਹਾਂ ਦੇ ਵਿਵਸਥਿਤ ਅਨੁਪਾਤਿਕ ਹਿੱਸਿਆਂ ਦੀ ਸਿਫਾਰਿਸ਼ ਰਾਸ਼ਟਰਪਤੀ ਨੂੰ ਕਰਨਾ ਹੀ, ਇਸ ਆਯੋਗ ਦਾ ਕਰਤਵ ਹੋਣਾ ਚਾਹੀਦਾ ਹੈ।

(ਗ) ਹਰੇਕ ਰਾਜ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਕਰ ਲਗਾਉਣ ਦੀ ਜ਼ਿਆਦਾ ਸ਼ਕਤੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਉਸ ਕੋਲ ਸਬੰਧਿਤ ਮਾਮਲਿਆਂ ਵਿੱਚ ਕਰਜ਼ਾ ਲੈਣ ਦੀ ਸੀਮਾ ਨਿਸ਼ਚਿਤ ਕਰਨ ਦੀ ਵੀ ਸ਼ਕਤੀ ਹੋਣੀ ਚਾਹੀਦੀ ਹੈ।

ਨੋਟ

ਸੰਘ ਸਰਕਾਰ ਵੱਲੋਂ ਅਨੁਛੇਦ 280, ਧਾਰਾ 2 ਅਤੇ 3 ਦੇ ਅਨੁਸਾਰ ਵਿਸ਼ੇਸ਼ ਵਿਸ਼ਿਆਂ ਵਿੱਚ ਰਾਜਾਂ ਦੀ ਸੰਪਤੀ ਅਤੇ ਆਮਦਨ ਤੇ ਕਰ ਲਗਾਉਣ ਦਾ ਅਧਿਕਾਰ ਖਤਮ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸੰਘ ਦੇ ਵਿੱਤ ਮੰਤਰਾਲੇ ਵੱਲੋਂ ਧਾਰਾ 302 ਵਿੱਚ ਦਰਜ ਪ੍ਰਾਵਧਾਨ ਦੇ ਅਨੁਸਾਰ ਰਾਜ ਦੇ ਆਪਣੇ ਅੰਦਰ ਕਿਤੇ ਵੀ ਵਪਾਰ 'ਤੇ ਪ੍ਰਤੀਬੰਦ ਲਗਾਉਣ ਅਤੇ ਦਖਲਅੰਦਾਜ਼ੀ ਕਰਨ ਦਾ ਅਧਿਕਾਰ ਖਤਮ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਲਕਸ਼ਾਂ ਦੀ ਪ੍ਰਾਪਤੀ ਲਈ, ਸੰਘ, ਰਾਜ ਅਤੇ ਸਮਵਰਤੀ ਸੂਚੀਆਂ ਵਾਲੀ ਸਤਵੀਂ ਅਨੁਸੂਚੀ ਨੂੰ ਸਹੀ ਢੰਗ ਨਾਲ ਸੋਧਿਆ ਜਾਣਾ ਚਾਹੀਦਾ ਹੈ।

**11. ਅਨੁਛੇਦ 356, 357, 360, 200 ਅਤੇ 201 ਦਾ ਅੰਤ** (Deletion of Articles 356, 357, 360, 200 and 201): ਅਨੁਛੇਦ 356 ਅਤੇ 357 ਜੋ ਰਾਸ਼ਟਪਰਪਤੀ ਨੂੰ ਰਾਜ ਸਰਕਾਰ ਜਾਂ ਰਾਜ ਵਿਧਾਨ ਮੰਡਲ ਜਾਂ ਦੋਵਾਂ ਨੂੰ ਰੱਦ ਕਰਨ ਦਾ ਅਧਿਕਾਰ ਦਿੰਦੀਆਂ ਹਨ ਨੂੰ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ।

(ਕ) ਅਨੁਛੇਦ 360 ਜੋ ਰਾਸ਼ਟਰਪਤੀ ਨੂੰ ਵਿੱਤੀ ਅਸਥਿਰਤਾ ਜਾਂ ਭਾਰਤੀ ਵਿੱਤੀ ਅਸਥਿਰਤਾ ਦੇ ਖਤਰੇ ਦੇ ਅਧਾਰ 'ਤੇ ਪ੍ਰਸ਼ਾਸਨ ਵਿੱਚ ਵਿੱਤੀ ਸੰਕਟਕਾਲ ਦੇ ਨਾਮ 'ਤੇ ਦਖਲਅੰਦਾਜ਼ੀ ਕਰਨ ਦਾ ਅਧਿਕਾਰ ਦਿੰਦਾ ਹੈ, ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ।

(ਖ) ਅਨੁਛੇਦ 200 ਅਤੇ 201 ਜਿਸ ਅਨੁਸਾਰ ਰਾਜਪਾਲ ਰਾਜ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਕੁਝ ਬਿੱਲਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਰਾਖਵੇਂ ਰੱਖ ਸਕਦਾ ਹੈ, ਨੂੰ ਵੀ ਖਤਮ ਕਰ ਦੇਣਾ ਚਾਹੀਦਾ ਹੈ।

**12. ਰਾਜ ਸਭਾ ਵਿੱਚ ਸਾਰੇ ਰਾਜਾਂ ਨੂੰ ਪ੍ਰਤੱਖ ਚੋਣ ਵੱਲੋਂ ਬਰਾਬਰ ਪ੍ਰਤੀਨਿਧਤਾ ਪ੍ਰਾਪਤ ਹੋਣੀ ਚਾਹੀਦੀ ਹੈ** (Equal Representation to all States in Rajya Sabha through Direct Election)– ਸੰਘ ਦੀਆਂ ਸੰਘਟਕ ਇਕਾਈਆਂ ਵਿੱਚ ਬਰਾਬਰਤਾ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਅਤੇ ਰਾਜਾਂ ਦੀ ਸਵਾਯਤਤਾ ਸਥਾਪਿਤ ਰੱਖਣ ਲਈ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਰਾਜ ਸਭਾ ਦੀਆਂ ਚੋਣਾਂ ਜਨਤਾ ਵੱਲੋਂ ਪ੍ਰਤੱਖ ਢੰਗ ਨਾਲ ਲੋਕ ਸਭਾ ਚੋਣਾਂ ਦੇ ਸਮੇਂ ਹੀ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਰਾਜ ਸਭਾ ਵਿੱਚ ਸਾਰੇ ਰਾਜਾਂ ਨੂੰ ਇਕ ਬਰਾਬਰ ਪ੍ਰਤੀਨਿਧਤਾ ਪ੍ਰਾਪਤ ਹੋਣੀ ਚਾਹੀਦੀ ਹੈ। ਕੇਵਲ ਤਿੰਨ ਮਿਲੀਅਨ (ਤੀਹ ਲੱਖ) ਤੋਂ ਘੱਟ ਜਨਸੰਖਿਆ ਵਾਲੇ ਰਾਜ ਅਪਵਾਦ ਹੋਣਗੇ। ਦੋਵਾਂ ਸਦਨਾਂ ਨੂੰ ਇਕ ਬਰਾਬਰ ਸ਼ਕਤੀਆਂ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ।

**13. ਸੰਘ ਸੇਵਾਵਾਂ ਨੂੰ ਰਾਜ ਸੇਵਾਵਾਂ ਤੋਂ ਅਲੱਗ ਰੱਖਣਾ ਚਾਹੀਦਾ ਹੈ** (Separation of Union Services from State Services)– ਅਖਿਲ ਭਾਰਤੀ ਸੇਵਾਵਾਂ ਜਿਵੇਂ ਕਿ ਆਈ. ਏ. ਐੱਸ, ਆਈ. ਪੀ. ਐੱਸ. ਆਦਿ ਜਿਸ ਦੇ ਅਧਿਕਾਰੀ ਰਾਜਾਂ ਵਿੱਚ ਨਿਯੁਕਤ ਕੀਤੇ ਜਾਂਦੇ ਹਨ ਪਰ ਜੋ ਕੇਂਦਰ ਸਰਕਾਰ ਦੇ ਨਿਰੀਖਣ ਅਤੇ ਅਨੁਸ਼ਾਸਨਿਕ ਕੰਟਰੋਲ ਅਧੀਨ ਹੁੰਦੇ ਹਨ, ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਕੇਵਲ ਸੰਘ ਸੇਵਾਵਾਂ ਹੀ ਮੌਜੂਦ ਰਹਿਣੀਆ ਚਾਹੀਦੀਆਂ ਹਨ।

**14. ਸੋਧ ਪ੍ਰਕਿਰਿਆ ਵਿੱਚ ਪਰਿਵਰਤਨ** (Changes in the Amendment Procedure): ਅਨੁਛੇਦ 368 ਵਿੱਚ ਅਜਿਹੀ ਸੋਧ ਕੀਤੀ ਜਾਣੀ ਚਾਹੀਦੀ ਹੈ ਕਿ ਸੰਵਿਧਾਨ ਵਿੱਚ ਕਿਸੇ ਵੀ ਸੋਧ ਨੂੰ ਸੰਸਦ ਦੇ ਹਰੇਕ ਸਦਨ ਦੇ 2/3 ਮੈਂਬਰਾਂ ਨੂੰ ਵੋਟ ਸਹਿਤ ਬਹੁਮਤ ਪ੍ਰਾਪਤ ਹੋਵੇ। ਦੋ ਤਿਹਾਈ ਸਮਰਥਨ ਤੋਂ ਬਿਨਾਂ ਕੋਈ ਸੋਧ ਕਰਨਾ ਸੰਭਵ ਨਾ ਹੋਵੇ।

**15. ਰਾਜਾਂ ਦੀਆਂ ਹੱਦਾਂ ਨੂੰ ਤਬਦੀਲ ਕਰਨ ਦੇ ਸੰਸਦ ਦੇ ਅਧਿਕਾਰ ਵਿੱਚ ਸੋਧ ਹੋਣੀ ਚਾਹੀਦੀ ਹੈ** (Parliament's Right to change the Boundaries of States should be Amended)– ਸੰਵਿਧਾਨ ਦੇ ਅਨੁਛੇਦ 3 ਜਿਸ ਅਨੁਸਾਰ ਸੰਸਦ ਕਿਸੇ ਰਾਜ ਦੇ ਖੇਤਰ ਵਿੱਚ ਖੁਦ ਹੀ ਤਬਦੀਲ ਕਰ ਸਕਦੀ ਹੈ, ਵਿੱਚ ਠੀਕ ਸੋਧ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਭਰੋਸੇਯੋਗ ਬਣਾਇਆ ਜਾਣਾ ਚਾਹੀਦਾ ਹੈ ਕਿ ਕਿਸੇ ਵੀ ਰਾਜ ਦਾ ਨਾਮ ਅਤੇ ਖੇਤਰ ਸਬੰਧਿਤ ਰਾਜ ਵਿਧਾਨ ਸਭਾ ਦੀ ਵਿਸ਼ੇਸ਼ ਸਹਿਮਤੀ ਤੋਂ ਬਿਨਾਂ ਸੰਸਦ ਵੱਲੋਂ ਪਰਿਵਰਤਨ ਨਾ ਕੀਤਾ ਜਾ ਸਕੇ। ਹੱਦਬੰਦੀ ਦੇ ਮਾਮਲੇ ਵਿੱਚ ਦੋ ਜਾਂ ਜ਼ਿਆਦਾ ਰਾਜਾਂ ਵਿੱਚ ਪੈਦਾ ਹੋਏ ਵਿਰੋਧ ਦੇ ਮਾਮਲੇ ਵਿੱਚ ਸੰਵਿਧਾਨ ਵਿੱਚ ਰਾਜਾਂ ਦੇ ਵਿਚਕਾਰ ਦੂਸਰੇ ਵਿਰੋਧੀ ਨੂੰ ਨਿਪਟਾਉਣ ਲਈ ਪਹਿਲਾਂ ਬਣਾਈਆਂ ਗਈਆਂ ਵਿਵਸਥਾਵਾਂ ਦੇ ਅਨੁਸਾਰ ਹੀ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ।

**16. ਅੰਗਰੇਜ਼ੀ ਅਤੇ ਦੂਸਰੀਆਂ ਭਾਸ਼ਾਵਾਂ ਦਾ ਇਸਤੇਮਾਲ** (Use of English as well as Other Languages): ਅੱਠਵੀਂ ਅਨੁਸੂਚੀ ਵਿੱਚ ਦਰਜ ਕੀਤੀਆਂ ਗਈਆਂ ਧਾਰਾਵਾਂ ਵਿੱਚ ਕੇਂਦਰ ਅਤੇ ਰਾਜ ਪੱਧਰ ਸਰਕਾਰਾਂ ਨੂੰ ਕੰਮ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ। ਕਿਸੇ ਵੀ ਭਾਰਤੀ ਨਾਗਰਿਕ ਨੂੰ ਸਰਕਾਰ ਦੀ ਕਿਸੇ ਵੀ ਸ਼ਾਖਾ ਵਿੱਚ ਉਚਤਮ ਪੱਧਰ 'ਤੇ ਆਪਣਾ ਵਿਵਹਾਰ ਅਤੇ ਲੈਣ-ਦੇਣ ਲਈ ਆਪਣੀ ਮਾਤਰ ਭਾਸ਼ਾ ਦਾ ਇਸਤੇਮਾਲ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। 'ਅੰਗਰੇਜ਼ੀ ਨੂੰ ਸੰਘ ਦੇ ਸਾਰੇ ਕਾਰਜਕਾਲ ਉਦੇਸ਼ਾਂ ਲਈ ਹਿੰਦੀ ਦੇ ਨਾਲ-ਨਾਲ ਇਸਤੇਮਾਲ ਕਰਨਾ ਜਾਰੀ ਰੱਖਣਾ ਚਾਹੀਦਾ ਹੈ ਪਰ ਕੇਵਲ ਉਦੋਂ ਹੀ ਜਦੋਂ ਗੈਰ ਹਿੰਦੀ ਖੇਤਰ ਅਜਿਹਾ ਕਰਨ ਦੀ ਇੱਛਾ ਰੱਖਦਾ ਹੋਵੇ। ਇਸ ਦੇ ਨਾਲ ਹੀ ਅੱਠਵੀਂ ਸੂਚੀ ਵਿੱਚ ਸੋਧ ਕਰਕੇ ਕੁਝ ਹੋਰ ਵਿਸ਼ੇਸ਼ ਭਾਸ਼ਾਵਾਂ ਜਿਵੇਂ ਕਿ ਨੇਪਾਲੀ ਨੂੰ ਇਸ ਵਿੱਚ ਸ਼ਾਮਿਲ ਕੀਤਾ ਜਾਣਾ ਜ਼ਰੂਰੀ ਹੈ।

ਸੰਵਿਧਾਨ ਦੇ ਅਨੁਛੇਦ 370 ਵਿੱਚ ਵਰਣਿਤ ਭਾਰਤੀ ਸੰਘ ਵਿੱਚ ਜੰਮੂ ਅਤੇ ਕਸ਼ਮੀਰ ਨੂੰ ਦਿੱਤਾ ਗਿਆ ਵਿਸ਼ੇਸ਼ ਪੱਧਰ ਸਥਾਪਿਤ

ਨੋਟ

ਰੱਖਣਾ ਚਾਹੀਦਾ ਹੈ। ਇਸ ਯਾਦ ਪੱਤਰ ਦਾ ਮੁੱਖ ਉਦੇਸ਼ ਸੀ ਰਾਜ ਪ੍ਰਸ਼ਾਸਨ ਵਿੱਚ ਕੇਂਦਰੀ ਦਖਲਅੰਦਾਜ਼ੀ 'ਤੇ ਪ੍ਰਤੀਬੰਧ ਲਗਾਉਣ ਦੀ ਜ਼ਰੂਰਤ ਅਤੇ ਰਾਜਾਂ ਨੂੰ ਜ਼ਿਆਦਾ ਸ਼ਕਤੀਆਂ ਦੇਣ ਲਈ ਭਾਰਤੀ ਸੰਘੀ ਪ੍ਰਣਾਲੀ ਨੂੰ ਯੁੱਧ ਰੂਪ ਵਿੱਚ ਸੰਘੀ ਬਣਾਉਣ ਦੀ ਜ਼ਰੂਰਤ 'ਤੇ ਚਾਨਣਾ ਪਾਉਣਾ ਸੀ। ਇਸ ਯਾਦ ਪੱਤਰ ਅਤੇ ਰਾਜਮਨਾਰ ਰਿਪੋਰਟ ਨਾਲ ਕਈ ਬਰਾਬਰਤਾਵਾਂ ਸਨ। ਕੇਂਦਰ ਸਰਕਾਰ ਨੇ ਇਸ ਯਾਦ ਪੱਤਰ ਨੂੰ ਵੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।

**ਸਵ-ਮੁਲਾਂਕਣ (Self Assessment)**

ਹੇਠ ਲਿਖਿਆਂ ਵਿੱਚੋਂ ਸੱਚ/ਝੂਠ ਦੱਸੋ (Write True/False in the following statements):

7. ਕੁਝ ਵਿਸ਼ੇਸ਼ ਅਨੁਛੇਦ ਅਜਿਹੇ ਹਨ ਜਿਨ੍ਹਾਂ 'ਤੇ ਕਰ ਰਾਜ ਅਤੇ ਕੇਂਦਰ ਵੱਲੋਂ ਲਗਾਏ ਅਤੇ ਇਕੱਠੇ ਕੀਤੇ ਜਾਂਦੇ ਹਨ।
8. ਸੰਘ ਸਰਕਾਰ ਦੇ ਕੋਲ ਸੰਚਿਤ ਨਿਧੀ ਦੀ ਜ਼ਮਾਨਤ 'ਤੇ ਕਰਜ਼ਾ ਲੈਣ ਦੀ ਸ਼ਕਤੀ ਹੈ ਪਰ ਇਸ 'ਤੇ ਸੰਸਦ ਦੇ ਕਾਨੂੰਨਾਂ (ਅਨੁਛੇਦ 292) ਵੱਲੋਂ ਸਮੇਂ-ਸਮੇਂ 'ਤੇ ਲਾਗੂ ਪ੍ਰਤੀਬੰਧ ਲਾਗੂ ਹੁੰਦੇ ਹਨ।
9. ਸੰਵਿਧਾਨ ਅਨੁਸਾਰ ਰਾਜਪਾਲ ਦੀ ਦੋਹਰੀ ਭੂਮਿਕਾ ਨਿਸ਼ਚਿਤ ਕੀਤੀ ਗਈ ਹੈ, ਰਾਜ ਵਿੱਚ ਸੰਘ ਦੇ ਏਜੰਟ ਦੇ ਰੂਪ ਵਿੱਚ ਅਤੇ ਰਾਜ ਦੇ ਸੰਵਿਧਾਨਿਕ ਮੁਖੀਆ ਦੇ ਰੂਪ ਵਿੱਚ।

## 13.6 ਸਰਕਾਰੀਆ ਆਯੋਗ (1983-88) ਦੀਆਂ ਸਿਫਾਰਿਸ਼ਾਂ [The Recommendations of Sarkaria Commission (1983-88)]

ਰਾਜਾਂ ਦੀ ਵੱਧਦੀ ਹੋਈ ਸਵਾਯਤਤਾ ਦੀ ਮੰਗ ਨੂੰ ਦੇਖਦੇ ਹੋਏ ਅਤੇ ਕੇਂਦਰ ਰਾਜ ਸਬੰਧਾਂ ਦੀ ਸਮੀਖਿਆ ਲਈ ਸੰਘ ਸਰਕਾਰ ਨੇ 1983 ਵਿੱਚ ਸਰਕਾਰੀਆ ਆਯੋਗ ਨਿਯੁਕਤ ਕੀਤਾ। ਸ਼੍ਰੀ ਡਾ. ਐੱਸ. ਸਰਕਾਰੀਆ (ਸੇਵਾਮੁਕਤ) ਇਸ ਆਯੋਗ ਦੇ ਚੇਅਰਮੈਨ ਨਿਯੁਕਤ ਕੀਤੇ ਗਏ ਅਤੇ ਸ਼੍ਰੀ ਬੀ ਸ਼ਿਵਾਰਮਾਨ, ਮੰਤਰੀ ਮੰਡਲ ਸਕੱਤਰ, ਸ਼੍ਰੀ ਐੱਸ. ਆਰ. ਸੇਨ, ਆਈ ਬੀ. ਆਰ. ਡੀ. ਸਾਬਕਾ ਭੂਤਪੂਰਵ ਕਾਰਵਾਈ ਨਿਰਦੇਸ਼ਕ ਅਤੇ ਰਾਮਾ ਸੁਬਰਾਮਨਯਮ (ਮੈਂਬਰ ਸਕੱਤਰ), ਇਸ ਦੇ ਨਿਯੁਕਤ ਕੀਤੇ ਗਏ ਮੈਂਬਰ ਸਨ।

ਸਰਕਾਰੀਆ ਆਯੋਗ ਦਾ ਕੰਮ ਸੰਘ ਅਤੇ ਰਾਜਾਂ ਵਿਚਕਾਰ ਸ਼ਕਤੀਆਂ, ਕੰਮ ਅਤੇ ਸਾਰੇ ਖੇਤਰਾਂ ਵਿੱਚ ਜ਼ਿੰਮੇਵਾਰੀਆਂ ਦੇ ਸਬੰਧਾਂ ਵਿੱਚ ਵਰਤਮਾਨ ਪ੍ਰਬੰਧਾਂ ਦੇ ਵਿਵਹਾਰ ਦਾ ਪ੍ਰੀਖਣ ਅਤੇ ਸਮੀਖਿਆ ਕਰਨਾ ਅਤੇ ਅਜਿਹੇ ਪਰਿਵਰਤਨਾਂ ਜਾਂ ਦੂਸਰੇ ਯਤਨਾਂ ਦੀ ਸਿਫਾਰਿਸ਼ ਕਰਨਾ ਸੀ ਜੋ ਕਿ ਉਪਯੁਕਤ ਅਤੇ ਜ਼ਰੂਰੀ ਹੋਵੇ। ਇਸ ਕੰਮ ਵਿੱਚ ਆਯੋਗ ਤੋਂ ਇਹ ਉਮੀਦ ਰੱਖੀ ਗਈ ਕਿ ਉਹ ਸਾਲਾਂ ਤੱਕ ਕੀਤੇ ਗਏ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਧਿਆਨ ਵਿੱਚ ਰੱਖੇਗਾ ਅਤੇ ਸੰਵਿਧਾਨ ਦੀ ਰੂਪ ਰੇਖਾ ਅਤੇ ਮੌਲਿਕ ਰਚਨਾ ਨੂੰ ਠੀਕ ਸਨਮਾਨ ਦੇਵੇਗਾ, ਜਿਸ ਦੀ ਰਚਨਾ ਸੰਵਿਧਾਨ ਨਿਰਮਾਤਾਵਾਂ ਨੇ ਦੇਸ਼ ਦੀ ਸੁਤੰਤਰਤਾ ਦੀ ਰੱਖਿਆ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਜੋ ਲੋਕਾਂ ਦੇ ਕਲਿਆਣ ਲਈ ਅਤਿ ਮਹੱਤਵਪੂਰਨ ਸੀ, ਦੇ ਲਈ ਬੜੀ ਮਿਹਨਤ ਨਾਲ ਕੀਤੀ ਸੀ।

**ਸਰਕਾਰੀਆ ਆਯੋਗ ਦੀ ਰਿਪੋਰਟ** (Report of Sarkaria Commission): ਸਰਕਾਰੀਆ ਆਯੋਗ ਨਾ ਦਿੱਤੇ ਗਏ ਨਿਰਦੇਸ਼ਾਂ ਦੇ ਅਨੁਸਾਰ ਕੇਂਦਰ ਰਾਜ ਸਬੰਧਾਂ ਦੇ ਸਾਰੇ ਪਹਿਲੂਆਂ ਦੀ ਸਮੀਖਿਆ ਕਰਨ ਤੋਂ ਬਾਅਦ ਆਪਣੀ ਇਕ ਰਿਪੋਰਟ ਤਿਆਰ ਕਰਕੇ ਅਕਤੂਬਰ 1987 ਵਿੱਚ ਸੰਘ ਸਰਕਾਰ ਨੂੰ ਸੌਂਪ ਦਿੱਤੀ। ਇਸ ਦੀਆਂ ਮੁੱਖ ਸਿਫਾਰਿਸ਼ਾਂ ਸਬੰਧੀ ਜਨਵਰੀ 1988 ਵਿੱਚ ਹੀ ਪਤਾ ਲੱਗਾ। ਇਸ ਆਯੋਗ ਦੀਆਂ ਕੁਝ ਮੁੱਖ ਸਿਫਾਰਿਸ਼ਾਂ ਹੇਠ ਲਿਖੀਆਂ ਹਨ:

**1. ਸ਼ਕਤੀਸ਼ਾਲੀ ਕੇਂਦਰ ਜਾਰੀ ਰਹਿਣਾ ਚਾਹੀਦਾ ਹੈ** (Strong Centre should continue): ਸਰਕਾਰੀਆ ਆਯੋਗ ਨੇ ਸ਼ਕਤੀਸ਼ਾਲੀ ਕੇਂਦਰ ਦੀ ਹੋਂਦ ਦੀ ਵਕਾਲਤ ਕੀਤੀ। ਇਸ ਆਯੋਗ ਨੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੇ ਹਿੱਤ ਵਿੱਚ ਕੇਂਦਰ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਵਿੱਚ ਕਟੌਤੀ ਕਰਨ ਦੀ ਮੰਗ ਨੂੰ ਦ੍ਰਿੜਤਾ ਨਾਲ ਰੱਦ ਕਰ ਦਿੱਤਾ। "ਸਾਨੂੰ ਮੁੱਖ ਰੂਪ ਵਿੱਚ ਸ਼ਕਤੀਸ਼ਾਲੀ ਕੇਂਦਰ ਦੀ ਜ਼ਰੂਰਤ ਹੈ ਅਤੇ ਇਸ ਸਬੰਧੀ ਕੋਈ ਸ਼ੱਕ ਨਹੀਂ ਹੈ। ਇਸ ਤੋਂ ਬਿਨਾਂ ਸਭ ਕੁਝ ਖਤਮ ਹੋ ਜਾਵੇਗਾ।" (We absolutely need to have a strong centre and there is no doubt about it. Without that everything will wither away.) ਆਯੋਗ ਸੰਵਿਧਾਨ ਦੀ ਵਿਵਸਥਾ ਵਿੱਚ ਗੰਭੀਰ ਪਰਿਵਰਤਨ ਕਰਨ ਦੇ ਪੱਖ ਵਿੱਚ ਨਹੀਂ ਸੀ। ਇਸ ਨੇ ਸਵੀਕਾਰ ਕੀਤਾ ਕਿ ਸੰਵਿਧਾਨ ਨੇ ਦੁੱਖਦਾਈ ਸਥਿਤੀਆਂ ਵਿੱਚ ਵੀ ਵੱਖਵਾਦ ਵਾਲੇ ਸਮਾਜ ਦੇ ਦਾਅਵਿਆਂ ਅਤੇ ਪ੍ਰਤੀਕੂਲ ਸ਼ਕਤੀਆਂ ਦਾ ਸਾਹਮਣਾ ਕਰਦੇ ਹੋਏ ਠੀਕ ਅਤੇ ਚੰਗੇ ਢੰਗ ਨਾਲ ਕੰਮ ਕੀਤਾ ਸੀ ਪਰ ਇਸ ਦੇ ਨਾਲ ਹੀ ਰਿਪੋਰਟ ਵਿੱਚ ਨਾ ਜ਼ਰੂਰੀ ਕੇਂਦਰਵਾਦ 'ਤੇ ਰੋਕ ਦੇ ਮਹੱਤਵ ਨੂੰ ਵੀ ਸਵੀਕਾਰ ਕੀਤਾ ਗਿਆ।

**2. ਰਾਜ ਸੂਚੀ ਦੇ ਕੁਝ ਵਿਸ਼ਿਆਂ ਨੂੰ ਸਮਵਰਤੀ ਸੂਚੀ ਵਿੱਚ ਸ਼ਾਮਿਲ ਕਰਨ ਦੀ ਮੰਗ ਰੱਦ ਕਰ ਦਿੱਤੀ ਗਈ** (Rejection of demand for the Transfer of Some Subjects of the State List to the Concurrent List): ਆਯੋਗ ਨੇ ਕੁਝ ਰਾਜ ਵਿਸ਼ਿਆਂ ਨੂੰ ਸਮਵਰਤੀ ਸੂਚੀ ਵਿੱਚ ਸ਼ਾਮਿਲ ਕਰਨ ਦੀ ਮੰਗ ਰੱਦ ਕਰ ਦਿੱਤੀ। ਦੂਸਰੇ ਪਾਸੇ ਉਨ੍ਹਾਂ ਕਿਹਾ ਕਿ ਸਮਵਰਤੀ ਵਿਸ਼ਿਆਂ

ਨੋਟ

'ਤੇ ਕੇਂਦਰ ਨੂੰ ਰਾਜਾਂ ਨਾਲ ਸਲਾਹ ਕਰਨੀ ਚਾਹੀਦੀ ਹੈ। ਆਯੋਗ ਕੇਂਦਰ ਦੀਆਂ ਰਾਜਾਂ ਵਿੱਚ ਸਸ਼ਤਰ ਬਲਾਂ ਦੀ ਨਿਯੁਕਤੀ ਕਰਨ ਦੀਆਂ ਸ਼ਕਤੀਆਂ 'ਤੇ ਪ੍ਰਤੀਬੰਧ ਲਗਾਉਣ ਦੇ ਪੱਖ ਵਿੱਚ ਨਹੀਂ ਸੀ ਚਾਹੇ ਕਿ ਆਯੋਗ ਕਿਸੇ ਰਾਜ ਜਾਂ ਕੁਝ ਰਾਜਾਂ ਵਿੱਚ ਬਲਾਂ ਦੀ ਨਿਯੁਕਤੀ ਤੋਂ ਪਹਿਲਾਂ ਸਬੰਧਿਤ ਰਾਜ ਸਰਕਾਰਾਂ ਨਾਲ ਸਲਾਹ ਕਰਨ ਦੇ ਪੱਖ ਵਿੱਚ ਸੀ।

3. **ਸਹਿਯੋਗ ਸੰਘਵਾਦ ਦਾ ਸਮਰਥਨ** (Support for Co-operative Federalism): ਰਿਪੋਰਟ ਵਿੱਚ ਕੇਂਦਰ ਅਤੇ ਰਾਜਾਂ ਵਿਚਕਾਰ ਜ਼ਿਆਦਾ ਸਹਿਯੋਗ ਭਰਿਆ ਵਾਤਾਵਰਨ ਪੈਦਾ ਕਰਨ ਦਾ ਸਮਰਥਨ ਕੀਤਾ ਗਿਆ। ਆਯੋਗ ਭਾਰਤੀ ਕੇਂਦਰ ਰਾਜ ਸਬੰਧਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਚੱਲੇ ਆ ਰਹੇ ਵਿਰੋਧ ਦਾ ਅੰਤ ਚਾਹੁੰਦਾ ਸੀ। ਇਹ ਕੇਵਲ ਕੇਂਦਰ ਅਤੇ ਰਾਜਾਂ ਵਿਚਕਾਰ ਲਗਾਤਾਰ ਸਲਾਹ ਨਾਲ ਅਤੇ ਕੇਂਦਰ ਵੱਲੋਂ ਆਪਣੇ ਆਪ ਫੈਸਲੇ ਨਾ ਲਏ ਜਾਣ 'ਤੇ ਹੀ ਸੰਭਵ ਹੋ ਸਕਦਾ ਸੀ। ਆਯੋਗ ਯੋਜਨਾਵਾਂ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੇ ਮਾਮਲੇ ਵਿੱਚ ਵੀ ਕੇਂਦਰ ਅਤੇ ਰਾਜਾਂ ਵਿਚਕਾਰ ਜ਼ਿਆਦਾ ਸਹਿਯੋਗ ਪੈਦਾ ਕਰਨਾ ਚਾਹੁੰਦਾ ਸੀ। ਆਯੋਗ ਉਸ ਢੰਗ ਦਾ ਆਲੋਚਕ ਸੀ, ਜਿਸ ਵੱਲੋਂ ਬੀਤੇ ਸਮੇਂ ਦੀਆਂ ਸਰਕਾਰਾਂ ਨੇ ਲੋਕਤੰਤਰੀ ਪ੍ਰਵਿਰਤੀਆਂ ਅਤੇ ਪ੍ਰੰਪਰਾਵਾਂ ਨਾਲ ਖਿਲਵਾੜ ਕੀਤਾ ਸੀ ਅਤੇ ਆਪਣੀਆਂ ਸੰਕੀਰਣਤਾਵਾਂ ਨੂੰ ਕਈ ਵਾਰ ਸਮਝਦਾਰੀ ਨਾਲ ਉੱਚਾ ਸਥਾਨ ਦਿੱਤਾ ਸੀ ਅਤੇ ਥੋੜ੍ਹੇ ਸਮੇਂ ਦੇ ਲਾਭਾਂ ਨੂੰ ਲੰਮੇ ਸਮੇਂ ਤੱਕ ਚਲਾਉਣ ਵਾਲੇ ਲਾਭ ਦੇਣ ਵਾਲੀਆਂ ਨੀਤੀਆਂ ਤੋਂ ਉੱਪਰ ਰੱਖਿਆ ਸੀ।

4. **ਰਾਜਪਾਲ ਦੇ ਅਹੁਦੇ ਨਾਲ ਸਬੰਧਿਤ ਸਿਫਾਰਿਸ਼ (Recommendation regarding the Office of Governor)**: ਰਿਪੋਰਟ ਵਿੱਚ ਰਾਜਪਾਲ ਦੇ ਅਹੁਦੇ ਨੂੰ ਖਤਮ ਕਰਨ ਦੀ ਮੰਗ ਨੂੰ ਰੱਦ ਕੀਤਾ ਗਿਆ। ਇਸ ਨੇ ਇਹ ਸੁਝਾਅ ਵੀ ਰੱਦ ਕਰ ਦਿੱਤਾ ਕਿ ਰਾਜਪਾਲਾਂ ਦੀ ਚੋਣ ਰਾਜਾਂ ਵੱਲੋਂ ਦਿੱਤੇ ਗਏ ਨਾਵਾਂ ਦੀ ਸੂਚੀ ਵਿੱਚੋਂ ਹੋਣੀ ਚਾਹੀਦੀ ਹੈ। ਇਸ ਆਯੋਗ ਦੇ ਵਿਚਾਰ ਅਨੁਸਾਰ ਸਰਗਰਮ ਰਾਜਨੀਤਿਕ ਨੇਤਾਵਾਂ ਨੂੰ ਰਾਜਪਾਲ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ। ਜਦੋਂ ਰਾਜ ਅਤੇ ਕੇਂਦਰ ਵਿੱਚ ਅਲੱਗ-ਅਲੱਗ ਦਲ ਸੱਤਾਰੂੜ ਹੋਣ ਤਾਂ ਉਸ ਸਥਿਤੀ ਵਿੱਚ ਰਾਜਪਾਲ ਕੇਂਦਰ ਵਿੱਚ ਸੱਤਾਰੂੜ ਦਲ ਨਾਲ ਸਬੰਧਿਤ ਨਹੀਂ ਹੋਣਾ ਚਾਹੀਦਾ। ਇਸ ਦੇ ਨਾਲ ਹੀ ਰਾਜਪਾਲ ਨੂੰ ਸੇਵਾ ਮੁਕਤੀ ਤੋਂ ਬਾਅਦ ਕਿਸੇ ਨੂੰ ਲਾਭ ਪ੍ਰਾਪਤ ਕਰਨਾ ਵਾਲੇ ਅਹੁਦੇ 'ਤੇ ਨਿਯੁਕਤ ਕਰਨ ਦੀ ਆਗਿਆ ਨਹੀਂ ਹੋਣੀ ਚਾਹੀਦੀ।

5. **ਮੁੱਖ ਮੰਤਰੀ ਦੀ ਨਿਯੁਕਤੀ ਦੇ ਮੁੱਦੇ ਨਾਲ ਸਬੰਧਿਤ ਸਿਫਾਰਿਸ਼ (Recommendation regarding the issue of Appointment of Chief Minister)**: ਸਰਕਾਰੀਆ ਰਿਪੋਰਟ ਅਨੁਸਾਰ ਰਾਜ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਦਲ ਦੇ ਨੇਤਾ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ। ਜੇਕਰ ਰਾਜ ਵਿਧਾਨ ਸਭਾ ਵਿੱਚ ਕਿਸੇ ਵੀ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਾ ਹੋਵੇ ਤਾਂ ਉਹ ਵਿਅਕਤੀ ਜੋ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਕਰ ਸਕੇ, ਨੂੰ ਰਾਜਪਾਲ ਵੱਲੋਂ ਮੁੱਖ ਮੰਤਰੀ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਮਾਮਲਿਆਂ ਵਿੱਚ ਮੁੱਖ ਮੰਤਰੀ ਲਈ 30 ਦਿਨਾਂ ਦੇ ਅੰਦਰ-ਅੰਦਰ ਵਿਧਾਨ ਸਭਾ ਵਿੱਚ ਆਪਣਾ ਬਹੁਮਤ ਸਿੱਧ ਕਰਕੇ ਵਿਸ਼ਵਾਸ ਮਤ ਪ੍ਰਾਪਤ ਕਰਨਾ ਜ਼ਰੂਰੀ ਹੋਣਾ ਚਾਹੀਦਾ ਹੈ।

6. **ਰਾਜ ਵਿਧਾਨ ਪਾਲਿਕਾ ਦਾ ਅਧਿਵੇਸ਼ਨ ਬੁਲਾਉਣ ਨਾਲ ਸਬੰਧਿਤ ਸਿਫਾਰਿਸ਼ (Recommendation regarding summoning of the sessions of the State Legislature)**: ਸਧਾਰਣ ਰੂਪ ਵਿੱਚ ਰਾਜਪਾਲ ਨੂੰ ਕੇਵਲ ਰਾਜ ਸਰਕਾਰ ਦੀਆਂ ਸਿਫਾਰਿਸ਼ਾਂ 'ਤੇ ਰਾਜ ਵਿਧਾਨ ਸਭਾ ਦੇ ਅਧਿਵੇਸ਼ਨ ਬੁਲਾਉਣੇ ਚਾਹੀਦੇ ਹਨ ਪਰ ਵਿਸ਼ੇਸ਼ ਸਥਿਤੀਆਂ ਅਧੀਨ ਰਾਜ ਵਿਧਾਨ ਪਾਲਿਕਾ ਦੇ ਅਧਿਵੇਸ਼ਨ ਬੁਲਾਉਣ ਵਿੱਚ ਆਪਣੀ ਇੱਛਾ ਨਾਲ ਵੀ ਫੈਸਲਾ ਕਰ ਸਕਦਾ ਹੈ।

7. **ਵਿੱਤੀ ਯੋਜਨਾ ਵਿੱਚ ਪਰਿਵਰਤਨ (Changes in Financial Schemes)**: ਰਿਪੋਰਟ ਦੇ ਅਨੁਸਾਰ ਆਯੋਗ ਸੰਵਿਧਾਨ ਵੱਲੋਂ ਵਿੱਤੀ ਸਰੋਤਾਂ ਦੀ ਵੰਡ ਨੂੰ ਯੋਜਨਾ ਵਿੱਚ ਵੱਡੇ ਪਰਿਵਰਤਨ ਕਰਨ ਦੀ ਮੰਗ ਨਾਲ ਸਹਿਮਤ ਨਹੀਂ ਸੀ ਪਰ ਇਹ ਨਿਗਮਿਤ ਕਰ ਅਤੇ ਖੇਪ ਕਰ (ਨਾਲ ਭੇਜਣ 'ਤੇ ਕਰ) ਅਤੇ ਵਿਗਿਆਪਨ ਅਤੇ ਬ੍ਰਾਡਕਾਸਟਿੰਗ 'ਤੇ ਲੱਗੇ ਕਰ ਵਿੱਚ ਹਿੱਸੇਦਾਰੀ ਦੇ ਮਾਮਲੇ ਜ਼ਰੂਰ ਸੁਧਾਰ ਕਰਨ ਦੇ ਪੱਖ ਵਿੱਚ ਸੀ।

8. **ਅਨੁਛੇਦ 356 ਨਾਲ ਸਬੰਧਿਤ ਸਿਫਾਰਿਸ਼ (Recommendation regarding Article 356)**: ਸਰਕਾਰੀਆ ਰਿਪੋਰਟ ਅਨੁਸਾਰ ਸੰਵਿਧਾਨ ਦੇ ਅਨੁਛੇਦ 356 ਜੋ ਰਾਜ ਵਿੱਚ ਸੰਵਿਧਾਨਿਕ ਸਰਕਾਰ ਦੇ ਅਸਫਲ ਰਹਿਣ ਦੇ ਅਧਾਰ 'ਤੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਵਿਵਸਥਾ ਕਰਦਾ ਹੈ, ਨੂੰ ਰੱਦ ਕਰਨ ਦੀ ਮੰਗ ਅਣਉਚਿਤ ਹੈ ਪਰ ਨਾਲ ਹੀ ਕੇਂਦਰ ਵੱਲੋਂ ਇਸ ਦੇ ਦੁਰਉਪਯੋਗ 'ਤੇ ਪ੍ਰਤੀਬੰਧ ਲਗਾਉਣ ਦੇ ਲਈ ਹੇਠ ਲਿਖੇ ਕਦਮ ਚੁੱਕੇ ਜਾਣੇ ਚਾਹੀਦੇ ਹਨ:

*(i)* ਅਨੁਛੇਦ 356 ਦਾ ਇਸਤੇਮਾਲ ਬਹੁਤ ਘੱਟ ਕੀਤਾ ਜਾਣਾ ਚਾਹੀਦਾ ਹੈ।

*(ii)* ਰਾਜ ਵਿੱਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਦੇ ਕਾਰਨਾਂ ਨੂੰ ਸੰਕਟਕਾਲ ਦੀ ਸਥਿਤੀ ਦੀ ਘੋਸ਼ਣਾ ਵਿੱਚ ਸਪੱਸ਼ਟ ਰੂਪ ਵਿੱਚ ਲਿਖਿਆ ਜਾਣਾ ਚਾਹੀਦਾ ਹੈ।

*(iii)* ਰਾਜ ਵਿਧਾਨ ਸਭਾ ਉਦੋਂ ਤੱਕ ਰੱਦ ਨਹੀਂ ਕੀਤੀ ਜਾਣੀ ਚਾਹੀਦੀ ਜਦੋਂ ਤੱਕ ਕਿ ਸੰਕਟਕਾਲ ਘੋਸ਼ਣਾ ਸੰਸਦ ਵੱਲੋਂ ਸਵੀਕਾਰ ਨਾ ਹੋ ਜਾਵੇ।

ਨੋਟ

(iv) ਅਨੁਛੇਦ 356 ਅਧੀਨ ਕੇਂਦਰ ਵੱਲੋਂ ਸੰਕਟਕਾਲ ਦੀ ਸਥਿਤੀ ਲਾਗੂ ਕਰਨ ਤੋਂ ਪਹਿਲਾਂ ਵਿਕਲਪਿਕ ਸਰਕਾਰ ਬਣਾਉਣ ਦੀਆਂ ਸਾਰੀਆਂ ਸੰਭਾਵਨਾਵਾਂ ਦੀ ਜਾਂਚ ਹੋਣੀ ਚਾਹੀਦੀ ਹੈ।

**9. ਤਿੰਨ-ਭਾਸ਼ਾਈ ਫਾਰਮੂਲੇ ਦਾ ਸਮਰਥਨ (Three-Language Formula Favoured):** ਸਰਕਾਰੀਆ ਆਯੋਗ ਦੀ ਰਿਪੋਰਟ ਵਿੱਚ ਸਾਰੇ ਭਾਰਤ 'ਚ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕਰਨ ਦਾ ਸਮਰਥਨ ਕੀਤਾ ਗਿਆ ਹੈ। ਇਸ ਦੇ ਅਨੁਸਾਰ ਭਾਸ਼ਾਈ ਘੱਟ ਗਿਣਤੀ ਆਯੋਗ (Linguistic Minorities Commission) ਨੂੰ ਸਰਗਰਮ ਬਣਾਉਣ ਲਈ ਵਿਸ਼ੇਸ਼ ਕਦਮ ਚੁੱਕੇ ਜਾਣੇ ਚਾਹੀਦੇ ਹਨ।

**10. ਅਖਿਲ ਭਾਰਤੀ ਸੇਵਾਵਾਂ ਦੀ ਹੋਂਦ ਕਾਇਮ ਰਹਿਣੀ ਚਾਹੀਦੀ ਹੈ (Retention of All India Services):** ਰਿਪੋਰਟ ਵਿੱਚ ਅਖਿਲ ਭਾਰਤੀ ਸੇਵਾਵਾਂ 'ਤੇ ਰੋਕ ਲਗਾਉਣ ਦੀ ਮੰਗ ਇਸ ਅਧਾਰ 'ਤੇ ਰੱਦ ਕੀਤੀ ਗਈ ਹੈ ਕਿ ਇਸ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਭਾਰੀ ਸੱਟ ਲੱਗੇਗੀ।

**11. ਸੰਚਾਰ ਸਾਧਨਾ ਦੀ ਸਵਾਯਤਤਾ (Autonomy of Mass Media)** :ਇਸ ਆਯੋਗ ਦੀ ਰਿਪੋਰਟ ਅਨੁਸਾਰ ਰੇਡੀਓ ਅਤੇ ਟੀ. ਵੀ. 'ਤੇ ਕੇਂਦਰੀ ਕੰਟਰੋਲ ਵਿੱਚ ਛੂਟ ਦਿੱਤੀ ਜਾਣੀ ਚਾਹੀਦੀ ਹੈ ਅਤੇ ਰੋਜ਼ਾਨਾ ਵਿਵਹਾਰ ਵਿੱਚ ਸੱਤਾ ਦਾ ਜ਼ਿਆਦਾ ਵਿਕੇਂਦਰੀਕਰਨ ਦੀਆਂ ਇੱਛਾਵਾਂ ਵਿੱਚ ਸਮਾਯੋਜਨ ਲਈ ਯਤਨ ਕਰਨਾ ਚਾਹੀਦਾ ਹੈ। ਇਕ ਸਾਂਝੇ ਸ਼ਬਦ ਸੰਗ੍ਰਹਿ ਦੀ ਰਚਨਾ ਲਈ ਇਨ੍ਹਾਂ ਬ੍ਰਾਡਕਾਸਟ ਦੇ ਲਈ ਸਧਾਰਣ ਹਿੰਦੋਸਤਾਨੀ ਅਤੇ ਖੇਤਰੀ ਭਾਸ਼ਾ ਦੇ ਆਮ ਇਸਤੇਮਾਲ ਕੀਤੇ ਜਾਣ ਵਾਲੇ ਸ਼ਬਦਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

**12. ਫੁਟਕਲ ਸਿਫਾਰਿਸ਼ਾਂ (Miscellaneous Recommendations):** ਸਰਕਾਰੀਆ ਰਿਪੋਰਟ ਵਿੱਚ ਕਈ ਹੋਰ ਸੁਝਾਅ ਵੀ ਪੇਸ਼ ਕੀਤੇ ਗਏ ਹਨ ਜਿਵੇਂ ਕਿ : *(i)* ਇਸ ਵਿੱਚ ਸਿਫਾਰਿਸ਼ ਕੀਤੀ ਗਈ ਕਿ ਕਿਸੇ ਵੀ ਜੱਜ ਦੀ ਤਬਦੀਲੀ ਉਸ ਦੀ ਸਹਿਮਤੀ ਨਾਲ ਕੀਤੀ ਜਾਵੇ, *(ii)* ਕਿਸੇ ਵੀ ਰਾਜ ਦੇ ਮੁੱਖ ਮੰਤਰੀ ਵਿਰੁੱਧ ਜਾਂ ਰਾਜ ਸਰਕਾਰ ਦੇ ਕਿਸੇ ਸਾਬਕਾ ਮੰਤਰੀ ਵਿਰੁੱਧ ਉਦੋਂ ਤੱਕ ਜਾਂਚ ਆਯੋਗ ਨਿਯੁਕਤ ਨਾ ਕੀਤਾ ਜਾਵੇ, ਜਦ ਤੱਕ ਸੰਸਦ ਦੇ ਦੋਵੇਂ ਸਦਨ ਅਜਿਹੀ ਮੰਗ ਨਾ ਕਰਨ, *(iii)* ਕਿਸੇ ਰਾਜ ਮੰਤਰੀ ਦੇ ਵਿਵਹਾਰ ਦੀ ਜਾਂਚ ਲਈ ਕੋਈ ਜਾਂਚ ਆਯੋਗ ਨਿਯੁਕਤ ਨਾ ਕੀਤਾ ਜਾਵੇ, ਜਦ ਤੱਕ ਕਿ ਅਜਿਹੇ ਪ੍ਰਸਤਾਵ ਦੀ ਮਨਜ਼ੂਰੀ ਅੰਤਰ ਸਰਕਾਰੀ ਪ੍ਰੀਸ਼ਦ ਨਾ ਦੇ ਦੇਵੇ।

ਸੰਘ ਸਰਕਾਰ ਨੂੰ ਸਰਕਾਰੀਆ ਆਯੋਗ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਦੀਆਂ ਇਹ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ। ਭਾਤ ਸਰਕਾਰ ਨੇ ਅਜੇ ਤੱਕ ਰਿਪੋਰਟ 'ਤੇ ਕੋਈ ਕਾਰਵਾਈ ਨਹੀਂ ਕੀਤੀ। ਗੈਰ-ਕਾਂਗਰਸੀ ਨੇਤਾਵਾਂ ਨੇ ਇਸ ਰਿਪੋਰਟ ਨੂੰ ਜਨਵਰੀ 1988 ਵਿੱਚ ਨਵੀਂ ਦਿੱਲੀ ਵਿੱਚ ਹੋਈ ਬੈਠਕ 'ਚ ਰੱਦ ਕਰ ਦਿੱਤਾ ਸੀ। ਖੇਤਰੀ ਦਲ ਨੇ ਵੀ ਇਸ ਰਿਪੋਰਟ ਦੀਆਂ ਸਿਫਾਰਿਸ਼ਾਂ ਨੂੰ ਸਵੀਕਾਰ ਨਹੀਂ ਕੀਤਾ, ਕਿਉਂਕਿ ਇਹ ਉਨ੍ਹਾਂ ਦੀ ਸਵਾਯਤਤਾ ਦੀ ਮੰਗ ਪੂਰੀ ਕਰਨ ਤੋਂ ਅਸਮਰੱਥ ਸੀ।

## ਅਲੱਗ-ਅਲੱਗ ਰਿਪੋਰਟਾਂ ਦੀ ਸਮੀਖਿਆ ਅਤੇ ਉਹ ਸੁਝਾਅ, ਜਿਨ੍ਹਾਂ 'ਤੇ ਆਮ ਸਹਿਮਤੀ ਪ੍ਰਾਪਤ ਹੋ ਸਕਦੀ ਹੈ। (Review of various reports and suggestions on which there can be a consensus)

ਕੇਂਦਰ ਰਾਜ ਸਬੰਧਾਂ ਦੀ ਵਰਤਮਾਨ ਰਚਨਾ ਵਿੱਚ ਕੀਤੇ ਜਾ ਸਕਣ ਵਾਲੇ ਸੰਭਵ ਅਤੇ ਵਾਂਛਿਤ ਪਰਿਵਰਤਨਾਂ ਦੀ ਪ੍ਰਕਿਰਤੀ 'ਤੇ ਸਲਾਹ-ਮਸ਼ਵਰੇ ਲਈ ਰਾਜ ਮਨਾਰ ਰਿਪੋਰਟ, ਅਨੰਦਪੁਰ ਸਾਹਿਬ ਦਾ ਪ੍ਰਸਤਾਵ, ਪੱਛਮੀ ਬੰਗਾਲ ਸਰਕਾਰ ਦਾ ਯਾਦ ਪੱਤਰ ਅਤੇ ਸਰਕਾਰੀਆ ਆਯੋਗ ਦੀ ਰਿਪੋਰਟ ਨੂੰ ਅਧਾਰ ਬਣਾਇਆ ਜਾ ਸਕਦਾ ਹੈ, ਕਿਉਂਕਿ ਬਹੁਤ ਸਾਰੇ ਰਾਜ ਵਧੇਰੇ ਸ਼ਕਤੀਆਂ ਦੀ ਮੰਗ ਕਰ ਰਹੇ ਹਨ ਅਤੇ ਕਈ ਰਾਜਨੀਤਿਕ ਦਲਾਂ ਨੇ ਰਾਜਾਂ ਦੀ ਵਧੇਰੇ ਸਵਾਯਤਤਾ ਦਿੱਤੇ ਜਾਣ ਦਾ ਸਮਰਥਨ ਕੀਤਾ ਹੈ। ਇਸ ਲਈ ਕੇਂਦਰ ਰਾਜ ਸਬੰਧਾਂ ਦੇ ਮੁੱਦੇ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਕੋਈ ਵੀ ਅਜਿਹੀ ਮੰਗ ਲਈ ਸਹਿਮਤ ਨਹੀਂ ਹੋ ਸਕਦਾ, ਜਿਸ ਨਾਲ ਭਾਰਤ ਦੀ ਰਾਸ਼ਟਰਪਤੀ ਦੇ ਰੂਪ ਵਿੱਚ ਏਕਤਾ ਅਤੇ ਅਖੰਡਤਾ ਨੂੰ ਕੋਈ ਸੱਟ ਲੱਗੇ ਅਤੇ ਨਾ ਹੀ ਕੋਈ ਸੰਘ ਸਰਕਾਰ ਵੱਲੋਂ ਇਨ੍ਹਾਂ ਉਦੇਸ਼ਾਂ ਦੇ ਨਾਮ 'ਤੇ ਸ਼ਕਤੀਆਂ ਦਾ ਦੁਰਉਪਯੋਗ ਕਰਨ 'ਤੇ ਸਹਿਮਤ ਹੋ ਸਕਦਾ ਹੈ। ਇਸ ਦੇ ਨਾਲ ਹੀ, ਜਦ ਕਿ ਸੰਘ ਦੀਆਂ ਸ਼ਕਤੀਆਂ ਨੂੰ 4 ਜਾਂ 5 ਵਿਸ਼ਿਆਂ ਤੱਕ ਹੀ ਸੀਮਿਤ ਕਰਨ ਦੀ ਮੰਗ ਨੂੰ ਕੋਈ ਸਵੀਕਾਰ ਨਹੀਂ ਕਰ ਸਕਦਾ, ਜਦ ਕਿ ਰਾਜਾਂ ਨੂੰ ਵਧੇਰੇ ਸ਼ਕਤੀਆਂ ਦੇਣ ਦੀ ਮੰਗ ਨੂੰ ਵੀ ਜ਼ਰੂਰੀ ਨਹੀਂ ਕੀਤਾ ਜਾ ਸਕਦਾ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਕੇਂਦਰ ਅਤੇ ਰਾਜਾਂ ਵਿਚਕਾਰ ਸਹਿਯੋਗ, ਜ਼ਿੰਮੇਵਾਰੀ ਅਤੇ ਸਮਝੌਤੇ ਦੀ ਭਾਵਨਾ ਪੈਦਾ ਕੀਤੀ ਜਾਵੇ। ਸ਼ਕਤੀਸ਼ਾਲੀ ਰਾਜਾਂ ਦੇ ਨਾਲ-ਨਾਲ ਸ਼ਕਤੀਸ਼ਾਲੀ ਕੇਂਦਰ ਦਾ ਸਿਧਾਂਤ ਸਹੀ ਜਾਪਦਾ ਹੈ ਪਰ ਅੱਜ ਦੇ ਸਮੇਂ ਵਿੱਚ ਕੇਂਦਰੀ ਸਰਕਾਰ ਵਧੇਰੇ ਸ਼ਕਤੀਸ਼ਾਲੀ ਹੋਣਾ ਹਰੇਕ ਸੰਘਾਤਮਕ ਰਾਜ ਦੀ ਸੁਭਾਵਿਕ ਜ਼ਰੂਰਤ ਬਣੀ ਹੋਈ ਹੈ।

ਮਿੱਤਰਤਾ ਭਰਪੂਰ ਅਤੇ ਸਹਿਯੋਗੀ ਕੇਂਦਰ ਰਾਜ ਸਬੰਧਾਂ ਨੂੰ ਉਤਸ਼ਾਹਿਤ ਕਰਨ ਲਈ ਪੁਨਰ ਰਚਨਾ ਕਰਨ ਲਈ ਸੰਵਿਧਾਨ ਵਿੱਚ ਸੋਧਾਂ ਕਰਨ ਲਈ ਕੁਝ ਵਿਵਸਥਾਵਾਂ ਦੇ ਸਬੰਧ ਵਿੱਚ ਅਲੱਗ-ਅਲੱਗ ਰਿਪੋਰਟਾਂ ਅਤੇ ਪ੍ਰਸਤਾਵਾਂ ਦੀਆਂ ਸਾਂਝੀਆਂ ਵਿਸ਼ੇਸ਼ਤਾਵਾਂ ਦੇ ਅਧਾਰ 'ਤੇ ਹੇਠ ਲਿਖੇ ਸੁਝਾਵਾਂ 'ਤੇ ਵਿਚਾਰ ਕੀਤਾ ਜਾ ਸਕਦਾ ਹੈ :

(1) ਰਾਜਾਂ ਵਿੱਚ ਹੱਦਾਂ ਨਿਰਧਾਰਿਤ ਕਰਨ ਦੇ ਸਬੰਧ ਵਿੱਚ ਸੰਘ ਦੀ ਸ਼ਕਤੀ ਵਿੱਚ ਸੋਧ ਕਰਨ ਦੀ ਜ਼ਰੂਰਤ ਸਾਰੇ ਰਾਜਾਂ ਦੇ ਰਾਸ਼ਟਰੀ ਹਿੱਤ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖ ਕੇ ਹੀ ਕੰਮ ਕਰਨਾ ਚਾਹੀਦਾ ਹੈ।

(2) ਅਨੁਛੇਦ 356 ਵਿੱਚ ਪਰਿਵਰਤਨ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਕੇਂਦਰ ਵੱਲੋਂ ਉਸ ਦਾ ਵਾਰ-ਵਾਰ ਅਤੇ ਆਸਾਨ ਇਸਤੇਮਾਲ ਨੂੰ ਪ੍ਰਤੀਬੰਧ ਲਗਾਇਆ ਜਾ ਸਕੇ।

(3) ਰਾਜਪਾਲ ਲਈ ਉਸ ਦੇ ਕੰਮਾਂ ਨਾਲ ਸਬੰਧਿਤ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਜਾਣੇ ਚਾਹੀਦੇ ਹਨ। ਰਾਜਪਾਲ ਨੂੰ ਮੁੱਖ ਮੰਤਰੀ ਦੀ ਨਿਯੁਕਤੀ ਅਤੇ ਰਾਜ ਵਿਧਾਨ ਸਭਾ ਰੱਦ ਕਰਨ ਅਤੇ ਅਣ-ਇਛੁੱਕ ਸ਼ਕਤੀਆਂ ਨੂੰ ਵਪਾਰਕ ਰੂਪ ਦਿੰਦੇ ਸਮੇਂ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੱਲਣਾ ਚਾਹੀਦਾ ਹੈ।

(4) ਕਰਾਂ ਦੀ ਵੰਡ ਵਿੱਚ ਰਾਜਾਂ ਨੂੰ ਵਧੇਰੇ ਹਿੱਸਾ ਦੇਣਾ ਜਾਣਾ ਚਾਹੀਦਾ ਹੈ।

(5) ਯੋਜਨਾ ਆਯੋਗ ਤੋਂ ਇਲਾਵਾ ਸੰਵਿਧਾਨਿਕ ਅਧਿਕਾਰ ਦੀ ਹੱਦਬੰਦੀ ਅਤੇ ਯੋਜਨਾ ਆਯੋਗ ਦੀ ਤੁਲਨਾ ਵਿੱਚ ਰਾਸ਼ਟਰੀ ਵਿਕਾਸ ਪ੍ਰੀਸ਼ਦ ਦੀ ਭੂਮਿਕਾ ਨੂੰ ਦ੍ਰਿੜ ਬਣਾਉਣਾ ਚਾਹੀਦਾ ਹੈ।

(6) ਕਰਾਂ ਦੀ ਵੰਡ ਕਰਨ ਵਾਲੀ ਸੂਚੀ ਵਿੱਚ ਨਿਗਮ ਕਰ ਵੀ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ।

(7) ਸੰਘ ਅਤੇ ਰਾਜ ਸਰਕਾਰਾਂ ਵਿਚਕਾਲ ਸਲਾਹ-ਮਸ਼ਵਰੇ ਲਈ ਇਕ ਸੰਸਥਾ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਰਾਸ਼ਟਰੀ ਵਿਕਾਸ ਪ੍ਰੀਸ਼ਦ ਨੂੰ ਦ੍ਰਿੜ ਅਤੇ ਸਰਗਰਮ ਬਣਾ ਕੇ ਉਸ ਨੂੰ ਕਾਨੂੰਨੀ ਦਰਜਾ ਦਿੱਤਾ ਜਾ ਸਕਦਾ ਹੈ ਜਾਂ ਨਿਸ਼ਚਿਤ ਸ਼ਕਤੀਆਂ ਅਤੇ ਕਾਨੂੰਨੀ ਦਰਜੇ ਵਾਲੀ ਅੰਤਰਜਾਤੀ ਤਾਲਮੇਲ ਪ੍ਰੀਸ਼ਦ ਦੀ ਸਥਾਪਨਾ ਕੀਤੀ ਜਾ ਸਕਦੀ ਹੈ ਜਾਂ ਫਿਰ ਕੇਂਦਰ ਰਾਜ ਸਬੰਧਾਂ ਵਿੱਚ ਅਨੁਕੂਲ ਵਿਸਤਾਰਿਤ ਭੂਮਿਕਾ ਵਾਲੀ ਰਾਸ਼ਟਰੀ ਪ੍ਰਧਾਨਗੀ ਪ੍ਰੀਸ਼ਦ (National Presidential Council) ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਦੂਸਰੇ ਸ਼ਬਦਾਂ ਵਿੱਚ ਕੇਂਦਰ ਰਾਜ ਸਬੰਧਾਂ ਵਿੱਚ ਸਹਿਯੋਗ ਅਤੇ ਸਮੰਜਸਯ ਪੈਦਾ ਕਰਨ ਲਈ ਇਕ ਨਵੀਂ ਸੰਸਥਾ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ।

(8) ਰਾਜਪਾਲ ਦਾ ਅਹੁਦਾ ਨਿਯੁਕਤ ਕੀਤਾ ਨਹੀਂ, ਸਗੋਂ ਚੁਣਿਆ ਹੋਇਆ ਹੋਣਾ ਚਾਹੀਦਾ ਹੈ ਤਾਂ ਕਿ ਸੰਘ ਦੇ ਕਠੋਰ ਕੰਟਰੋਲ ਤੋਂ ਇਹ ਅਹੁਦੇ ਤੋਂ ਸੁਤੰਤਰ ਹੋਵੇ। ਵਿਕਲਪਿਕ ਰੂਪ ਵਿੱਚ ਉਸ ਦੀ ਨਿਯੁਕਤੀ ਦੀ ਰਾਜ ਮੰਤਰੀ ਪ੍ਰੀਸ਼ਦ ਵੱਲੋਂ ਪੁਸ਼ਟੀ ਕੀਤੀ ਜਾਣੀ ਚਾਹੀਦੀ ਹੈ।

(9) ਰਾਜਪਾਲ ਦੇ ਅਹੁਦੇ 'ਤੇ ਰਾਜਨੀਤਿਕ ਨਿਯੁਕਤੀਆਂ ਕਰਨ ਦੀ ਪ੍ਰਥਾ ਖਤਮ ਹੋਣੀ ਚਾਹੀਦੀ ਹੈ। ਕੋਈ ਵਿਅਕਤੀ ਜੋ ਰਾਜਪਾਲ ਦੇ ਰੂਪ ਵਿੱਚ ਇਕ ਵਾਰ ਸੇਵਾ ਕਰ ਚੁੱਕਿਆ ਹੋਵੇ, ਉਸ ਨੂੰ ਰਾਜ ਵਿੱਚ ਦੁਬਾਰਾ ਇਸੇ ਅਹੁਦੇ 'ਤੇ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ।

(10) ਰਾਸ਼ਟਰਪਤੀ ਵੱਲੋਂ ਰਾਸ਼ਟਰਪਤੀ ਸ਼ਾਸਨ ਲਾਗੂ ਕੀਤਾ ਜਾ ਸਕਦਾ ਹੈ ਪਰ ਇਹ ਸੰਘੀ ਮੰਤਰੀ ਪ੍ਰੀਸ਼ਦ ਦੀ ਸਲਾਹ 'ਤੇ ਨਹੀਂ, ਬਲਕਿ ਫੈਸਲੇ ਵਿੱਚ ਰਾਸ਼ਟਰਪਤੀ ਦੀ ਹਿੱਸੇਦਾਰੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

(11) ਅਨੁਛੇਦ 356 ਦੇ ਸਬੰਧ ਵਿੱਚ ਰਾਸ਼ਟਰਪਤੀ ਰਾਜਪਾਲ ਜਾਂ ਸੰਘੀ ਮੰਤਰੀ ਪ੍ਰੀਸ਼ਦ ਦੇ ਮੰਤਰੀਆਂ ਦੀ ਸਿਫਾਰਿਸ਼ ਨਾਲ ਸੰਤੁਸ਼ਟ ਨਹੀਂ ਹੁੰਦਾ ਤਾਂ ਮਾਮਲਾ ਸਲਾਹ-ਮਸ਼ਵਰੇ ਲਈ ਸਰਵਉੱਚ ਅਦਾਲਤ ਨੂੰ ਜਾਂ ਕਿਸੇ ਹੋਰ ਸਲਾਹਕਾਰ ਸੰਮਤੀ ਨੂੰ ਸੌਂਪ ਸਕਦਾ ਹੈ।

(12) ਹਿੰਦੀ ਜਾਂ ਅੰਗਰੇਜ਼ੀ ਜਾਂ ਕਿਸੇ ਹੋਰ ਖੇਤਰੀ ਭਾਸ਼ਾ ਸਹਿਤ ਕੇਂਦਰ ਅਤੇ ਰਾਜਾਂ ਵਿਚਕਾਰ ਸੰਚਾਰ ਦਾ ਨਿਸ਼ਚਿਤ ਮਾਧਿਅਮ ਹੋਣਾ ਚਾਹੀਦਾ ਹੈ।

(13) ਸਰਵਜਨਕ ਨਿਗਮਾਂ ਅਤੇ ਰਾਸ਼ਟਰ ਦੀ ਆਮਦਨੀ ਦਾ 40% ਭਾਗ ਰਾਜਾਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ।

(14) ਸੰਘ ਸਰਕਾਰ ਨੂੰ ਅਖਿਲ ਭਾਰਤੀ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਫਿਰ ਸੰਘ ਦਿਸ਼ਾ-ਨਿਰਦੇਸ਼ਾਂ ਤੇ ਨਿਗਰਾਨੀ ਅਧੀਨ ਇਨ੍ਹਾਂ ਨੂੰ ਲਾਗੂ ਕਰਨ ਲਈ ਰਾਜ ਸਰਕਾਰਾਂ ਨੂੰ ਸਹੀ ਸ਼ਕਤੀਆਂ ਦਿੱਤੀਆਂ ਚਾਹੀਦੀਆਂ ਹਨ।

ਇਹ ਕੁਝ ਸੁਝਾਅ ਹਨ, ਜਿਨ੍ਹਾਂ 'ਤੇ ਸੰਵਿਧਾਨਿਕ ਵਿਵਸਥਾਵਾਂ ਅਧੀਨ ਹੀ ਕੇਂਦਰ ਰਾਜ ਸਬੰਧਾਂ ਵਿੱਚ ਸਮੰਜਸਯ ਪੈਦਾ ਕਰਨ ਲਈ ਵਿਚਾਰ ਕੀਤਾ ਜਾ ਸਕਦਾ ਹੈ। ਬਹੁਤ ਵਧੇਰੇ ਸ਼ਕਤੀਸ਼ਾਲੀ ਕੇਂਦਰ ਅਤੇ ਕਮਜ਼ੋਰ ਰਾਜ ਜਾਂ ਕਮਜ਼ੋਰ ਕੇਂਦਰ ਅਤੇ ਸ਼ਕਤੀਸ਼ਾਲੀ ਰਾਜ ਦੋਵੇਂ ਹੀ ਹਾਨੀਕਾਰਕ ਪ੍ਰਸਤਾਵ ਹਨ। ਇਨ੍ਹਾਂ ਦੋ ਚਰਮ ਸੀਮਾਵਾਂ ਨੂੰ ਛੱਡ ਕੇ ਸੁਧਾਰ ਕੀਤੇ ਜਾਣੇ ਚਾਹੀਦੇ ਹਨ। ਜ਼ਰੂਰਤ ਇਸ ਗੱਲ ਦੀ ਗੱਲ ਹੈ ਕਿ ਸਹਿਯੋਗੀ ਸੰਘਵਾਦ ਵਿਕਸਿਤ ਕੀਤਾ ਜਾਵੇ ਅਤੇ ਵਿਵਾਦਗ੍ਰਸਤ ਤੇ ਟਕਰਾਅ ਵਾਲੇ ਸੰਘਵਾਦ 'ਤੇ ਪ੍ਰਤੀਬੰਧ ਲਗਾਇਆ ਜਾਵੇ।

ਸਾਂਝੀ ਰਾਜਨੀਤੀ ਦੇ ਇਸ ਯੁੱਗ ਵਿੱਚ ਇੱਥੋਂ ਦੇ ਹੁਣ ਕਈ ਰਾਜਨੀਤਿਕ ਦਲ ਕੇਂਦਰ ਅਤੇ ਰਾਜਾਂ ਵਿੱਚ ਸੱਤਾ ਦਾ ਇਸਤੇਮਾਲ ਕਰ ਰਹੇ ਹਨ ਅਤੇ ਵਿਸ਼ੇਸ਼ ਤੌਰ 'ਤੇ ਕੇਂਦਰ ਵਿੱਚ ਰਾਸ਼ਟਰਪਤੀ ਪੱਧਰ ਦੇ ਰਾਜਨੀਤਿਕ ਦਲਾਂ ਦੇ ਨਾਲ-ਨਾਲ ਖੇਤਰੀ ਰਾਜਨੀਤਿਕ ਦਲ

ਨੋਟ

ਵੀ ਸੱਤਾਧਾਰੀ ਬਣੇ ਹੋਏ ਹਨ। ਇਸ ਗੱਲ ਦੀ ਜ਼ਰੂਰਤ ਹੈ ਕਿ ਮੌਜੂਦ ਰਾਜਨੀਤਿਕ ਵਾਤਾਵਰਨ ਦਾ ਲਾਭ ਲੈ ਕੇ ਸਾਰੇ ਰਾਜਨੀਤਿਕ ਦਲ ਮਿਲ ਕੇ ਮੌਜੂਦ ਕੇਂਦਰ ਅਤੇ ਰਾਜਾਂ ਵਿਚਕਾਲ ਸਬੰਧਾਂ ਸਬੰਧੀ ਇਕ ਆਮ ਸਹਿਮਤੀ ਬਣਾ ਲੈਣ ਅਤੇ ਇਸ ਦੇ ਅਧਾਰ ’ਤੇ ਭਾਰਤੀ ਸੰਵਿਧਾਨ ਦੀ ਮੌਲਿਕ ਰਚਨਾ ਦਾ ਸਨਮਾਨ ਕਰਦੇ ਹੋਏ ਸੰਘ ਰਾਜ ਸਬੰਧਾਂ ਦਾ ਪੁਨਰ ਨਿਰਧਾਰਣ ਕੀਤਾ ਜਾਣਾ ਚਾਹੀਦਾ ਹੈ। ਸ਼ਕਤੀਸ਼ਾਲੀ ਕੇਂਦਰ ਦੇ ਨਾਲ-ਨਾਲ ਸ਼ਕਤੀਸ਼ਾਲੀ ਰਾਜ ਮਿਲ ਕੇ ਹੀ ਭਾਰਤ ਦਾ ਤੇਜ਼ੀ ਨਾਲ ਸਮਾਜਿਕ-ਆਰਥਿਕ ਵਿਕਾਸ ਕਰਨ ਦਾ ਸਰੋਤ ਬਣ ਸਕਦੇ ਹਨ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

10. ਸਰਕਾਰੀਆ ਆਯੋਗ ਦੀ ਨਿਯੁਕਤੀ...................... ਵਿੱਚ ਕੀਤੀ ਗਈ ਸੀ।
11. ਸਰਕਾਰੀਆ ਰਿਪੋਰਟ ਅਨੁਸਾਰ ਰਾਜ ਵਿਧਾਨ ਸਭਾ ਵਿੱਚ ਬਹੁਮਤ ਦਲ ਦੇ ਨੇਤਾ ਨੂੰ ............... ਨਿਯੁਕਤ ਕੀਤਾ ਜਾਣਾ ਚਾਹੀਦ ਹੈ।
12. ਸਰਕਾਰੀਆ ਆਯੋਗ ਅਨੁਸਾਰ ਰਾਜਪਾਲ ਦਾ ਅਹੁਦਾ ਨਿਯੁਕਤ ਕੀਤਾ ਨਹੀਂ ਬਲਕਿ .................. ਹੋਣਾ ਚਾਹੀਦਾ ਹੈ।

## 13.7 ਸਾਰ ਅੰਸ਼ (Summary)

- ਸੰਵਿਧਾਨ ਦੇ ਭਾਗ XI ਵਿੱਚ ਸੰਘ ਅਤੇ ਰਾਜਾਂ ਵਿਚਕਾਰ ਵਿਧਾਨਕ ਸ਼ਕਤੀਆਂ ਦੀ ਵੰਡ ਦਾ ਵਿਸਤ੍ਰਿਤ ਵਰਨਣ ਕੀਤਾ ਗਿਆ ਹੈ।
- ਸੰਘੀ ਸੰਸਦ ਅਤੇ ਹਰੇਕ ਰਾਜ ਵਿਧਾਨ ਸਭਾ ਸਮਵਰਤੀ ਸੂਚੀ ਦੇ ਵਿਸ਼ਿਆਂ ’ਤੇ ਕਾਨੂੰਨ ਬਣਾ ਸਕਦੀ ਹੈ ਪਰ ਕਿਸੇ ਸਮਵਰਤੀ ਵਿਸ਼ੇ ’ਤੇ ਸੰਘ ਦੇ ਇਕ ਕਾਨੂੰਨ ਅਤੇ ਕਿਸੇ ਰਾਜ ਦੇ ਇਕ ਕਾਨੂੰਨ ਵਿੱਚ ਝਗੜਾ ਪੈਦਾ ਹੋਣ ਜਾਣ ਦੀ ਸਥਿਤੀ ਵਿੱਚ ਸੰਘ ਦੇ ਕਾਨੂੰਨ ਨੂੰ ਰਾਜ ਕਾਨੂੰਨ ਦੀ ਤੁਲਨਾ ਵਿੱਚ ਪਹਿਲ ਦਿੱਤੀ ਜਾਂਦੀ ਹੈ।
- ਜਦ ਰਾਸ਼ਟਰਪਤੀ ਅਨੁਛੇਦ 352 ਅਧੀਨ ਰਾਸ਼ਟਰੀ ਸੰਕਟਕਾਲ ਦੀ ਘੋਸ਼ਣਾ ਕਰ ਦਿੰਦਾ ਹੈ ਤਾਂ ਸੰਘ ਦੀ ਕਾਰਜਕਾਰੀ ਸ਼ਕਤੀ ਸਾਰੇ ਰਾਜਾਂ ’ਤੇ ਲਾਗੂ ਹੋ ਜਾਂਦੀ ਹੈ ਅਤੇ ਸੰਘ ਕਿਸੇ ਰਾਜ ਦੀ ਕਾਰਜ ਪਾਲਿਕਾ ਸ਼ਕਤੀ ਨੂੰ ਇਸਤੇਮਾਲ ਕਰਨ ਦੇ ਢੰਗ ਨਾਲ ਸਬੰਧਿਤ ਨਿਰਦੇਸ਼ ਦੇ ਸਕਦਾ ਹੈ।
- ਸੰਘ ਸਰਕਾਰ ਕੋਲ ਭਾਰਤੀ ਸੰਚਿਤ ਨਿਧੀ ਦੀ ਜ਼ਮਾਨਤ ’ਤੇ ਕਰਜ਼ਾ ਲੈਣ ਦੀ ਸ਼ਕਤੀ ਹੈ ਪਰ ਇਸ ’ਤੇ ਸੰਸਦ ਦੇ ਕਾਨੂੰਨਾਂ (ਅਨੁਛੇਦ 292) ਨਾਲ ਸਮੇਂ-ਸਮੇਂ ’ਤੇ ਲਾਗੂ ਪ੍ਰਤੀਬੰਧ ਹੁੰਦੇ ਹਨ। ਰਾਜ ਵੀ ਭਾਰਤੀ ਖੇਤਰ ਵਿੱਚ ਆਪਣੀ ਸੰਚਿਤ ਨਿਧੀ ਦੀ ਜ਼ਮਾਨਤ ’ਤੇ ਕਰਜ਼ਾ ਲੈ ਸਕਦੇ ਹਨ ਪਰ ਰਾਜ ਵਿਦੇਸ਼ੀਆਂ ਕੋਲੋਂ ਕਰਜ਼ਾ ਨਹੀਂ ਲੈ ਸਕਦੇ। ਭਾਰਤ ਸਰਕਾਰ ਵੀ ਕਿਸੇ ਰਾਜ ਨੂੰ ਕਰਜ਼ਾ ਦੇ ਸਕਦੀ ਹੈ।
- ਭਾਰਤੀ ਸੰਘਾਤਮਕ ਵਿਵਸਥਾ ਵਿੱਚ ਸੰਸਦ ਅਤੇ ਰਾਜਾਂ ਦੀ ਸਥਿਤੀ ਟਕਰਾਅ ਵਾਲੀ ਵੀ ਬਣੀ ਰਹੀ ਹੈ। ਕਈ ਮੁੱਦਿਆਂ ’ਤੇ ਸੰਘ ਅਤੇ ਰਾਜਾਂ ਤੇ ਅਲੱਗ-ਅਲੱਗ ਤੇ ਵਿਰੋਧੀ ਰਹੇ ਹਨ।

## 13.8 ਸ਼ਬਦਕੋਸ਼ (Keywords)

- **ਸਿਫਾਰਿਸ਼ (Recommendation)**: ਖੁਸ਼ਾਮਦ, ਚਾਪਲੂਸੀ (ਜਿਵੇਂ ਨੌਕਰੀ ਲਈ ਸਿਫਾਰਿਸ਼ ਕਰਨਾ) ਯੋਗਤਾ ਆਦਿ ਦੀ ਵਿਆਖਿਆ ਕਰਨਾ।
- **ਆਯੋਗ (Commission)**: ਨਿਯੁਕਤੀ, ਕਮਿਸ਼ਨ, ਕੰਮ ਦੇਣਾ।

## 13.9 ਅਭਿਆਸ ਪ੍ਰਸ਼ਨ (Review Questions)

1. “ਭਾਰਤ ਦਾ ਸੰਵਿਧਾਨ ਨਾ ਪੂਰਨ ਤੌਰ ’ਤੇ ਏਕਾਤਮਕ ਹੈ, ਨਾ ਪੂਰਨ ਤੌਰ ’ਤੇ ਸੰਘਾਤਮਕ, ਬਲਕਿ ਦੋਵਾਂ ਦਾ ਮਿਸ਼ਰਣ ਹੈ” ਕੀ ਤੁਸੀਂ ਇਸ ਕਥਨ ਤੋਂ ਸਹਿਮਤ ਹੋ? ਵਰਨਣ ਕਰੋ।
2. ਸਹਿਕਾਰੀ ਸੰਘਵਾਦ ਕੀ ਹੈ? ਇਸ ਦੇ ਕਿਹੜੇ-ਕਿਹੜੇ ਕਲ ਹਨ।

3. ਸੰਘ ਅਤੇ ਰਾਜਾਂ ਵਿਚਕਾਲ ਵਿਧਾਨਕ ਅਤੇ ਵਿੱਤੀ ਸਬੰਧਾਂ ਦਾ ਸੰਖੇਪ ਵਰਨਣ ਕਰੋ। **ਨੋਟ**
4. ਹੇਠ ਲਿਖੇ 'ਤੇ ਸੰਖੇਪ ਨੋਟ ਲਿਖੋ–
   (i) ਰਾਜ ਮਨਾਰ ਰਿਪੋਰਟ 1972
   (ii) ਅਨੰਦਪੁਰ ਸਾਹਿਬ ਦਾ ਪ੍ਰਸਤਾਵ 1973
   (iii) ਸਰਕਾਰੀਆ ਆਯੋਗ ਦੀਆਂ ਸਿਫਾਰਿਸ਼ਾਂ 1988

**ਉੱਤਰ : ਸਵ ਮੁਲਾਂਕਣ (Answer : Self Assessment)**

| | |
|---|---|
| 1. ਰਾਜ | 2. ਰਾਜ |
| 3. 7 | 4. (ਦ) |
| 5. (ਬ) | 6. (ਸ) |
| 7. ਝੂਠ | 8. ਸੱਚ |
| 9. ਸੱਚ | 10. 1983 |
| 11. ਮੁੱਖ ਮੰਤਰੀ | 12. ਚੋਣ |

## 13.10 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਭਾਰਤੀ ਰਾਜਨੀਤਿਕ ਪ੍ਰਣਾਲੀ–ਯੂ. ਆਰ. ਘਈ।
2. ਭਾਰਤੀ ਰਾਜਨੀਤਿਕ ਵਿਵਸਥਾ– ਐੱਨ. ਛਾਬੜਾ।

ਨੋਟ

# ਇਕਾਈ-14: ਭਾਰਤੀ ਰਾਜਨੀਤਿਕ ਦਲ (Indian Political Parties)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

14.1 ਭਾਰਤੀ ਦਲ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ (Characteristics of Party System in India)

14.2 ਭਾਰਤੀ ਰਾਜਨੀਤਿਕ ਵਿਵਸਥਾ ਦੀ ਦਲੀ ਪ੍ਰਣਾਲੀ ਦੀ ਭੂਮਿਕਾ (Role of Party System in Indian Political System)

14.3 ਭਾਰਤੀ ਰਾਸ਼ਟਰੀ ਰਾਜਨੀਤਿਕ ਦਲ (Indian National Political Parties)

14.3.1 ਭਾਰਤੀ ਰਾਸ਼ਟਰੀ ਕਾਂਗਰਸ (ਆਈ) (Indian National Congress (I))

14.3.2 ਭਾਰਤੀ ਜਨਤਾ ਪਾਰਟੀ (Bhartiya Janta Party)

14.3.3 ਭਾਰਤੀ ਸਾਮਵਾਦੀ ਦਲ (Communist Party of India)

14.4 ਭਾਰਤੀ ਖੇਤਰੀ ਰਾਜਨੀਤਿਕ ਦਲ (Indian Regional Political Party)

14.4.1 ਸ਼੍ਰੋਮਣੀ ਅਕਾਲੀ ਦਲ (Shiromani Akali Dal)

14.4.2 ਇੰਡੀਅਨ ਨੈਸ਼ਨਲ ਲੋਕ ਦਲ (Indian National Lok Dal)

14.4.3 ਦ੍ਰਵਿੜ ਮੁਨੇਤਰ ਕੜਗਮ ਡੀ. ਐੱਮ. ਕੇ. (Dravida Munnetra Kargam-DMK)

14.4.4 ਆਲ ਇੰਡੀਆ ਅੰਨਾ ਦ੍ਰਵਿੜ ਮੁਨੇਤਰ ਕੜਗਮ (AIADMK)

14.4.5 ਤੇਲਗੂ ਦੇਸਮ ਪਾਰਟੀ (Telgu Desam Party)

14.5 ਸਾਰ ਅੰਸ਼ (Summary)

14.6 ਸ਼ਬਦਕੋਸ਼ (Keywords)

14.7 ਅਭਿਆਸ ਪ੍ਰਸ਼ਨ (Review Questions)

14.8 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਭਾਰਤੀ ਰਾਜਨੀਤਿਕ ਦਲ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰਨ ਸਬੰਧੀ।
- ਭਾਰਤੀ ਰਾਜਨੀਤਿਕ ਵਿਵਸਥਾ ਵਿੱਚ ਭੂਮਿਕਾ ਦਾ ਵਰਨਣ ਕਰਨ ਸਬੰਧੀ।
- ਭਾਰਤੀ ਰਾਜਨੀਤਿਕ ਦਲਾਂ ਦੀ ਵਿਆਖਿਆ ਕਰਨ ਸਬੰਧੀ।
- ਭਾਰਤੀ ਖੇਤਰੀ ਰਾਜਨੀਤਿਕ ਦਲਾਂ ਦੀ ਵਿਆਖਿਆ ਕਰਨ ਸਬੰਧੀ।

## ਜਾਣਕਾਰੀ (Introductions)

"ਭਾਰਤ ਜਿਸ ਦਲੀ ਵਿਵਸਥਾ ਦਾ ਵਿਕਾਸ ਹੋਇਆ ਹੈ, ਉਹ ਨਾ ਕੇਵਲ ਲੋਕਤੰਤਰੀ ਸੰਸਥਾਵਾਂ ਦੇ ਪ੍ਰਤੀਕੂਲ ਹੈ, ਬਲਕਿ ਸਾਡੇ ਦੇਸ਼ ਵਿੱਚ ਸਥਾਪਿਤ ਲੋਕਤੰਤਰ ਲਈ ਵੀ ਖਤਰਾ ਹੈ। – ਆਰ. ਏ. ਗੋਪਾਲਨ

ਨੋਟ

ਆਧੁਨਿਕ ਲੋਕਤੰਤਰੀ ਸ਼ਾਸਨ ਪ੍ਰਣਾਲੀ ਲਈ ਰਾਜਨੀਤਿਕ ਦਲਾਂ ਦਾ ਹੋਣਾ ਜ਼ਰੂਰੀ ਹੈ। ਰਾਜਨੀਤਿਕ ਦਲ ਦੇਸ਼ ਵਿੱਚ ਰਾਸ਼ਟਰੀ ਮਹੱਤਵ ਦੇ ਵਿਸ਼ਿਆਂ 'ਤੇ ਜਨਮਤ ਤਿਆਰ ਕਰਦੇ ਹਨ, ਲੋਕਾਂ ਨੂੰ ਰਾਜਨੀਤਿਕ ਸਿੱਖਿਆ ਪ੍ਰਦਾਨ ਕਰਦੇ ਹਨ ਅਤੇ ਸਥਾਈ ਸਰਕਾਰ ਦੀ ਸਥਾਪਨਾ ਕਰਦੇ ਹਨ। ਰਾਜਨੀਤਿਕ ਦਲਾਂ ਦੇ ਅਧਾਰ 'ਤੇ ਹੀ ਦ੍ਰਿੜ ਵਿਰੋਧੀ ਦਲ ਦੀ ਸਥਾਪਨਾ ਹੋ ਸਕਦੀ ਹੈ ਜੋ ਸਰਕਾਰ ਨੂੰ ਮਨਮਰਜ਼ੀ ਕਰਨ ਤੋਂ ਰੋਕਦਾ ਹੈ। ਅਸਲ ਵਿੱਚ ਕੋਈ ਵੀ ਲੋਕਤੰਤਰੀ ਦੇਸ਼ ਬਿਨਾਂ ਰਾਜਨੀਤਿਕ ਦਲਾਂ ਦੇ ਸ਼ਾਸਨ ਨਹੀਂ ਚਲਾ ਸਕਦਾ ਹੈ। ਇਸ ਤੋਂ ਇਲਾਵਾ ਰਾਜਨੀਤਿਕ ਦਲਾਂ ਤੋਂ ਬਿਨਾਂ ਸ਼ਕਤੀਸ਼ਾਲੀ ਵਿਰੋਧੀ ਦਲ ਦਾ ਨਿਰਮਾਣ ਵੀ ਬਹੁਤ ਔਖਾ ਹੈ। ਇਸ ਤੋਂ ਬਿਨਾਂ ਲੋਕਤੰਤਰ ਦਾ ਸਫਲ ਹੋਣਾ ਅਸੰਭਵ ਹੈ, ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਲੋਕਤੰਤਰ ਦੀ ਸਫਲਤਾ ਲਈ ਰਾਜਨੀਤਿਕ ਦਲਾਂ ਦਾ ਹੋਣਾ ਜ਼ਰੂਰੀ ਹੈ। ਇਸ ਗੱਲ ਦਾ ਸਮਰਥਨ ਕਰਦੇ ਹੋਏ **ਬ੍ਰਾਈਸ** ਨੇ ਲਿਖਿਆ ਹੈ ਕਿ "ਰਾਜਨੀਤਿਕ ਦਲ ਜ਼ਰੂਰੀ ਹੈ। ਕੋਈ ਵੀ ਸੁਤੰਤਰ ਦੇਸ਼ ਤੋਂ ਬਿਨਾਂ ਨਹੀਂ ਰਹਿ ਸਕਦਾ। ਕਿਸੇ ਵਿਅਕਤੀ ਨੇ ਇਹ ਵੀ ਦਿਖਾਇਆ ਕਿ ਉਨ੍ਹਾਂ ਤੋਂ ਬਿਨਾਂ ਲੋਕਤੰਤਰ ਕਿਵੇਂ ਚੱਲ ਸਕਦਾ ਹੈ? ਇਹ ਵੋਟਰਾਂ ਦੀ ਭੀੜ ਦੀ ਅਰਾਜਕਤਾ ਵਿੱਚੋਂ ਵਿਵਸਥਾ ਪੈਦਾ ਕਰਦੇ ਹਨ। ਦਲ ਜੇਕਰ ਕੁਝ ਬੁਰਾਈਆਂ ਪੈਦਾ ਕਰਦੇ ਹਨ ਤਾਂ ਦੂਸਰੀਆਂ ਬੁਰਾਈਆਂ ਨੂੰ ਦੂਰ ਅਤੇ ਘੱਟ ਕਰਦੇ ਹਨ।" ("Parties are Inevitable. No Free Country has been without them. No one has shown how representative Government could be worked without them. They bring order out of choas of multitude of voters. If parties cause some evils, they avert and mitigate others.")

ਪ੍ਰੋ. ਮੁਨਰੋ ਅਨੁਸਾਰ, "ਸੁਤੰਤਰ ਰਾਜਨੀਤਿਕ ਦਲ ਹੀ ਲੋਕਤੰਤਰੀ ਸਰਕਾਰ ਦਾ ਦੂਸਰਾ ਨਾਮ ਹੈ।" ਭਾਰਤੀ ਰਾਜਨੀਤਿਕ ਵਿਵਸਥਾ ਦੇਖਣ ਵਿੱਚ ਪੱਛਮੀ ਵਿਵਸਥਾ ਲੱਗਦੀ ਹੈ, ਜੇਕਰ ਅਸੀਂ ਆਪਣੀ ਵਿਵਸਥਾ ਦਾ ਗਹਿਰਾ ਅਧਿਐਨ ਕਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਸਾਡੀ ਵਿਵਸਥਾ ਅਸਲ ਵਿੱਚ ਪੱਛਮੀ ਅਤੇ ਭਾਰਤੀ ਵਿਵਸਥਾ ਦਾ ਮਿਸ਼ਰਣ ਹੈ। **ਪ੍ਰੋ. ਨਾਰਮਨ ਡੀ. ਪਾਮਰ** (Narman D. Palmer) ਦੇ ਅਨੁਸਾਰ, "ਭਾਰਤੀ ਰਾਜਨੀਤਿਕ ਵਿਵਸਥਾ ਅਜੇ ਵੀ ਨਿਰਮਾਣ ਦੀ ਸਥਿਤੀ ਵਿੱਚ ਹੈ ਅਤੇ ਉਸ ਦਾ ਆਖਰੀ ਰੂਪ ਅਜੇ ਸਪੱਸ਼ਟ ਨਹੀਂ ਹੋ ਸਕਿਆ। ਭਾਰਤੀ ਰਾਜਨੀਤੀ ਦਾ ਭਾਰਤੀਕਰਣ ਅਜੇ ਜਾਰੀ ਹੈ।" ਭਾਰਤੀ ਦੀ ਰਾਜਨੀਤੀ ਦਾ ਸਵਰੂਪ ਹੋਰ ਵਿਕਾਸਸ਼ੀਲ ਦੇਸ਼ਾਂ ਵਾਂਗ ਪ੍ਰੰਪਰਾ ਅਤੇ ਆਧੁਨਿਕਤਾ ਦਰਮਿਆਨ ਸੰਘਰਸ਼ ਅਤੇ ਸਮੰਨਵਯ ਦਾ ਸਵਰੂਪ ਰਿਹਾ ਹੈ। ਭਾਰਤੀ ਸੰਵਿਧਾਨ ਦੇ ਲਾਗੂ ਹੋਣ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਦੇਸ਼ ਵਿੱਚ ਬਹੁਦਲੀ ਵਿਵਸਥਾ (Multiple Party System) ਹੀ ਰਹੀ ਹੈ। ਸੰਨ 1977 ਦੀਆਂ ਆਮ ਚੋਣਾਂ ਤੋਂ ਬਾਅਦ ਇਹ ਉਮੀਦ ਕੀਤੀ ਜਾਣ ਲੱਗੀ ਸੀ ਕਿ ਜਲਦੀ ਹੀ ਭਾਰਤੀ ਰਾਜਨੀਤੀ ਵਿੱਚ 'ਰਾਜਨੀਤਿਕ ਧਰੁਵੀਕਰਨ' (Political Polarisation) ਦੀ ਸਥਿਤੀ ਆ ਜਾਵੇਗੀ ਜਾਂ ਕੁਝ ਹੱਦ ਤੱਕ ਭਾਰਤ ਵਿੱਚ ਦੋ-ਦਲੀ ਵਿਵਸਥਾ ਸਥਾਪਿਤ ਹੋ ਜਾਵੇਗੀ ਪਰ ਕੁਝ ਹੀ ਸਮੇਂ ਤੋਂ ਬਾਅਦ ਇਨ੍ਹਾਂ ਇੱਛਾਵਾਂ 'ਤੇ ਪਾਣੀ ਫਿਰ ਗਿਆ ਅਤੇ ਸੰਨ 1979 ਵਿੱਚ ਜਨਤਾ ਪਾਰਟੀ ਦੇ ਵਿਘਟਨ ਦੇ ਨਾਲ ਦੇਸ਼ ਵਿੱਚ ਦੁਬਾਰਾ ਪੁਰਾਣੀ ਸਥਿਤੀ ਬਹੁ-ਦਲੀ ਪ੍ਰਣਾਲੀ ਸਥਾਪਿਤ ਹੋ ਗਈ।

## 14.1 ਭਾਰਤੀ ਦਲ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ (Characteristics of Party System in India)

ਭਾਰਤੀ ਦਲ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਹੇਠ ਲਿਖੇ ਸਿਰਲੇਖਾਂ ਅਧੀਨ ਕੀਤਾ ਜਾ ਸਕਦਾ ਹੈ–

1. **ਸਪੱਸ਼ਟ ਸੰਵਿਧਾਨਿਕ ਵਿਵਸਥਾ ਦਾ ਅਹਿਸਾਸ** (Absence of Specific Constitutional Provision)– ਭਾਰਤੀ ਸੰਵਿਧਾਨ ਨੇ ਦੇਸ਼ 'ਚ ਸੰਸਦੀ ਲੋਕਤੰਤਰ ਦੀ ਸਥਾਪਨਾ ਕੀਤੀ ਹੈ। ਸੰਸਦੀ ਸ਼ਾਸਨ ਪ੍ਰਣਾਲੀ ਦਾ ਸਫਲ ਸੰਚਾਲਨ ਕਰਨ ਲਈ ਰਾਜਨੀਤਿਕ ਦਲਾਂ ਦਾ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ ਪਰ ਸੰਵਿਧਾਨ ਵਿੱਚ ਰਾਜਨੀਤਿਕ ਦਲਾਂ ਦੀ ਵਿਵਸਥਾ ਦੇ ਵਿਸ਼ੇ ਵਿੱਚ ਮੂਲਤ: ਕੋਈ ਵੀ ਧਾਰਾ ਜਾਂ ਅਨੁਛੇਦ ਸ਼ਾਮਿਲ ਨਹੀਂ ਕੀਤਾ ਗਿਆ ਸੀ। ਫਿਰ ਵੀ ਭਾਰਤੀ ਰਾਜਨੀਤਿਕ ਵਿਵਸਥਾ ਵਿੱਚ ਤਿੰਨ ਮੁੱਖ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਤੋਂ ਰਾਜਨੀਤਿਕ ਦਲਾਂ ਦਾ ਦੇਸ਼ ਵਿੱਚ ਕਿਰਿਆਸ਼ੀਲ ਹੋਣਾ ਜ਼ਰੂਰੀ ਹੋ ਗਿਆ ਹੈ। ਸਭ ਤੋਂ ਪਹਿਲਾਂ ਭਾਰਤੀ ਸੰਵਿਧਾਨ ਦੇ ਭਾਗ ਤਿੰਨ ਵਿੱਚ ਮੌਲਿਕ ਅਧਿਕਾਰਾਂ ਨਾਲ ਸਬੰਧਿਤ ਅਧਿਆਇ ਵਿੱਚ ਅਨੁਛੇਦ 19 (ਗ) ਦੇ ਦੌਰਾਨ ਦੇਸ਼ ਸਾਰੇ ਨਾਗਰਿਕਾਂ ਨੂੰ "ਸਮੁਦਾਇ ਜਾਂ ਸੰਘ ਕਾਇਮ ਕਰਨ ਦੀ ਸੁਤੰਤਰਤਾ ਦਾ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ। ਰਾਜਨੀਤੀ ਦਲਾਂ ਨੂੰ ਗਠਿਤ ਕਰਨ ਦੀ ਸੁਤੰਤਰਤਾ ਦਾ ਮੌਲਿਕ ਅਧਿਕਾਰ" ਪ੍ਰਦਾਨ ਕੀਤਾ ਗਿਆ ਹੈ। ਰਾਜਨੀਤਿਕ ਦਲਾਂ ਨੂੰ ਗਠਿਤ ਕਰਨ ਦੀ ਸੁਤੰਤਰਤਾ ਦਾ ਮੌਲਿਕ ਅਧਿਕਾਰ ਵੀ ਨਾਗਰਿਕਾਂ ਨੂੰ ਇਸ ਵਿਵਸਥਾ ਨਾਲ ਸਵਤ: ਪ੍ਰਾਪਤ ਹੋ ਜਾਂਦਾ ਹੈ। ਦੂਸਰੇ ਸੰਵਿਧਾਨ ਦੇ ਭਾਗ 15 ਵਿੱਚ ਇਕ ਸੁਤੰਤਰਤਾ ਅਤੇ ਨਿਰਪੱਖ ਚੋਣ ਆਯੋਗ ਨੂੰ ਕਾਇਮ ਕਰਨ ਦੀ ਸਪੱਸ਼ਟ ਵਿਵਸਥਾ ਕੀਤੀ ਗਈ ਹੈ। ਭਾਰਤ ਵਰਗੇ ਵੱਡੇ ਦੇਸ਼ ਵਿੱਚ ਲੋਕਤੰਤ੍ਰਿਕ ਵਿਵਸਥਾ ਅਧੀਨ ਸੰਸਦੀ ਸ਼ਾਸਨ ਪ੍ਰਣਾਲੀ ਦਾ ਸਫਲ ਸੰਚਾਲਨ ਕਰਨ ਨਾਲ ਸਬੰਧਿਤ ਇਹ ਚੋਣ ਰਾਜਨੀਤਿਕ ਦਲਾਂ ਦੀ ਮੌਜੂਦਗੀ ਤੋਂ ਬਿਨਾਂ ਪੂਰੀਆਂ ਨਹੀਂ ਕਰਵਾਈਆਂ ਜਾ ਸਕਦੀਆਂ ਹਨ। ਤੀਸਰੇ ਸੰਨ 1985 ਵਿੱਚ ਸੰਸਦ ਵੱਲੋਂ ਪਾਸ ਕੀਤੇ ਗਏ 52ਵੀਂ ਸੋਧ ਕਾਨੂੰਨ ਨੇ ਸਰਬ ਸੰਮਤੀ ਨਾਲ ਦਲ ਬਦਲ 'ਤੇ ਸੰਵਿਧਾਨਕ ਰੂਪ ਨਾਲ ਰੋਕ ਲਗਾ ਦਿੱਤੀ ਹੈ ਅਤੇ ਇਸ ਦਾ ਅਰਥ ਇਹੀ ਹੈ ਕਿ ਸੰਵਿਧਾਨ ਵਿੱਚ ਪ੍ਰਕਾਰੰਤਰ ਨਾਲ ਰਾਜਨੀਤਿਕ ਦਲਾਂ ਦੀ ਹੋਂਦ ਨੂੰ ਲਿਖਤੀ ਰੂਪ ਵਿੱਚ ਵੀ ਮਨਜ਼ੂਰ ਕਰ ਲਿਆ ਗਿਆ ਹੈ।

ਨੋਟ

2. **ਬਹੁ-ਦਲੀ ਪ੍ਰਣਾਲੀ** (Multi-Party System)–ਭਾਰਤ ਵਿੱਚ ਚੀਨ ਦੀ ਤਰ੍ਹਾਂ ਇਕ ਦਲੀ ਪ੍ਰਣਾਲੀ ਨਹੀਂ ਹੈ ਅਤੇ ਨਾ ਹੀ ਅਮਰੀਕਾ ਅਤੇ ਇੰਗਲੈਂਡ ਦੀ ਤਰ੍ਹਾਂ ਦੋ–ਦਲੀ ਪ੍ਰਣਾਲੀ ਹੈ, ਪਰ ਸਾਡੇ ਇੱਥੇ ਸਵਿਟਜ਼ਰਲੈਂਡ ਦੀ ਤਰ੍ਹਾਂ ਬਹੁ ਦਲੀ ਪ੍ਰਣਾਲੀ ਹੈ। 1971 ਦੀਆਂ ਚੋਣਾਂ ਵਿੱਚ ਲੱਗਭਗ 24 ਦਲਾਂ ਨੇ ਸੰਸਦ ਵਿੱਚ ਪ੍ਰਵੇਸ਼ ਕੀਤਾ। ਸੰਨ 1980 ਵਿੱਚ ਜਦੋਂ 9 ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ ਤਾਂ ਉਸ ਸਮੇਂ 8 ਰਾਜਨੀਤਿਕ ਦਲਾਂ ਨੇ ਚੋਣਾ ਵਿੱਚ ਭਾਗ ਲਿਆ। ਸੰਨ 1980 ਲੋਕ ਸਭਾ ਦੇ ਸਮੇਂ ਦੌਰਾਨ ਚੋਣਾਂ ਸਮੇਂ ਮਾਨਤਾ ਪ੍ਰਾਪਤ ਦਲਾਂ ਦੀ ਕੁੱਲ ਸੰਖਿਆ 32 ਸੀ। ਸੰਨ 1984 ਦੀਆਂ ਚੋਣਾਂ ਸਮੇਂ 25 ਅਤੇ ਸੰਨ 1989 ਦੀਆਂ ਚੋਣਾਂ ਸਮੇਂ 29 ਸੀ। ਮਈ, ਜੂਨ 1991 ਦੇ ਸਮੇਂ ਦੌਰਾਨ ਲੋਕ ਸਭਾ ਦੀਆਂ ਚੋਣਾਂ ਸਮੇਂ ਰਾਜਨੀਤਿਕ ਦਲਾਂ ਦੀ ਸੰਖਿਆ ਵਿੱਚ ਹੋਰ ਵੀ ਵਾਧਾ ਹੋਇਆ ਹੈ। ਭਾਰਤ ਵਿੱਚ ਖੇਤਰੀ ਦਲਾਂ ਵਿੱਚ ਵੀ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ। ਭਾਰਤ ਦੀ ਬਹੁ–ਦਲੀ ਪ੍ਰਣਾਲੀ ਦੇਸ਼ ਲਈ ਬਹੁਤ ਖਤਰਨਾਕ ਹੈ, ਇਸ ਨਾਲ ਰਾਸ਼ਟਰੀ ਏਕਤਾ ਅਤੇ ਅਖੰਡਤਾ ਨੂੰ ਧੱਕਾ ਲੱਗਦਾ ਹੈ ਅਤੇ ਸਥਿਰ ਤੇ ਦ੍ਰਿੜ ਸਰਕਾਰ ਦੀ ਸਥਾਪਨਾ ਵੀ ਨਹੀਂ ਹੋ ਸਕਦੀ। **ਆਰ. ਏ. ਗੋਪਾਲਨ** ਦੇ ਅਨੁਸਾਰ, "ਵਿੱਚ ਜਿਸ ਦਲੀ ਵਿਵਸਥਾ ਦਾ ਵਿਕਾਸ ਹੋਇਆ, ਉਹ ਨਾ ਕੇਵਲ ਲੋਕਤੰਤਰੀ ਸੰਸਥਾਵਾਂ ਦੇ ਪ੍ਰਤੀਕੂਲ ਹੈ, ਬਲਕਿ ਸਾਡੇ ਦੇਸ਼ ਵਿੱਚ ਸਥਾਪਿਤ ਲੋਕਤੰਤਰ ਲਈ ਵੀ ਖਤਰਾ ਹੈ।" ("The party system which has emerged in out country is not only incompatible with the particular democratic institutions we have adopted, but also constitutes a clear danger to the survival of democracy in the country.")

3. **ਇਕ ਰਾਜਨੀਤਿਕ ਦਲ ਦੀ ਪ੍ਰਧਾਨਤਾ** (Domination of the One Political Party)– ਭਾਰਤੀ ਦਲੀ ਵਿਵਸਥਾ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਸਿਰਫ ਇਕ ਦਲ ਦੀ ਪ੍ਰਧਾਨਤਾ ਰਹੀ ਹੈ। ਸੰਨ 1967 ਦੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਦਲ ਦੀ ਕੇਂਦਰ ਅਤੇ ਰਾਜਾਂ ਵਿੱਚ ਪੂਰਨ ਰੂਪ ਨਾਲ ਪ੍ਰਧਾਨਤਾ ਰਹੀ ਹੈ। 1967 ਦੀਆਂ ਚੋਣਾਂ ਵਿੱਚ ਲੱਗਭਗ ਅੱਧੇ ਦਰਜਨ ਰਾਜਾਂ ਵਿੱਚ ਕਾਂਗਰਸ ਨੂੰ ਬਹੁਮਤ ਪ੍ਰਾਪਤ ਨਾ ਹੋ ਸਕਣ ਕਾਰਨ ਉੱਤਰ ਪ੍ਰਦੇਸ਼, ਪੰਜਾਬ, ਹਰਿਆਣਾ, ਪੱਛਮੀ ਬੰਗਾਲ, ਉੜੀਸਾ, ਬਿਹਾਰ ਅਤੇ ਰਾਜਸਥਾਨ ਆਦਿ ਵਿੱਚ ਗੈਰ–ਕਾਂਗਰਸ ਅਤੇ ਸੰਯੁਕਤ ਮੋਰਚੇ ਦੀਆਂ ਸਰਕਾਰਾਂ ਬਣੀਆਂ ਪਰ ਉਹ ਵਧੇਰੇ ਸਮੇਂ ਤੱਕ ਨਾ ਚੱਲ ਸਕੀਆਂ। ਸੰਨ 1971 ਦੀਆਂ ਆਮ ਚੋਣਾਂ ਵਿੱਚ ਕਾਂਗਰਸ (ਆਈ) ਨੂੰ ਬਹੁਤ ਭਾਰੀ ਸਫਲਤਾ ਮਿਲੀ ਅਤੇ ਲੋਕ ਸਭਾ ਵਿੱਚ ਉਸ ਨੂੰ 352 ਸਥਾਨ ਪ੍ਰਾਪਤ ਹੋਏ ਪਰ ਆਪਾਤ ਸਥਿਤੀ ਦੌਰਾਨ ਕੀਤੇ ਗਏ ਅੱਤਿਆਚਾਰਾਂ ਕਾਰਨ 1977 ਵਿੱਚ ਹੋਣ ਵਾਲੀਆਂ ਚੋਣਾਂ ਦੌਰਾਨ ਕਾਂਗਰਸ ਨੂੰ ਕੁੱਲ 153 ਸਥਾਨ ਪ੍ਰਾਪਤ ਹੋਏ। ਇਨ੍ਹਾਂ ਚੋਣਾਂ ਵਿੱਚ ਜਨਤਾ ਪਾਰਟੀ ਨੂੰ 272 ਅਤੇ ਕਾਂਗਰਸ ਫਾਰ ਡੈਮੋਕ੍ਰੇਸੀ ਨੂੰ 28 ਸਥਾਨ ਪ੍ਰਾਪਤ ਹੋਏ। ਇਸ ਤਰ੍ਹਾਂ ਪਹਿਲੀ ਵਾਰ ਕੇਂਦਰ ਵਿੱਚ ਗੈਰ–ਕਾਂਗਰਸੀ ਸਰਕਾਰ ਬਣੀ ਅਤੇ ਇਹ ਲੱਗਣ ਲੱਗਾ ਕਿ ਇਕ ਦਲ ਦੀ ਪ੍ਰਭੂਤਾ ਹਮੇਸ਼ਾ ਲਈ ਖਤਮ ਹੋ ਗਈ ਹੈ। ਜੂਨ 1977 'ਚ 10 ਰਾਜਾਂ ਵਿੱਚ ਵੀ ਚੋਣਾਂ ਹੋਈਆਂ, ਜਿਨ੍ਹਾਂ ਵਿੱਚ 7 ਜਨਤਾ ਪਾਰਟੀ ਦੀਆਂ ਸਰਕਾਰਾਂ ਬਣੀਆਂ ਪਰ ਜਨਤਾ ਪਾਰਟੀ ਦੀ ਆਪਸੀ ਫੁੱਟ ਕਾਰਨ ਪ੍ਰਧਾਨ ਮੰਤਰੀ ਮੋਰਾਰ ਜੀ ਦੇਸਾਈ ਨੇ ਆਪਣਾ ਤਿਆਗ ਪੱਤਰ ਦੇ ਦਿੱਤਾ ਅਤੇ ਉਨ੍ਹਾਂ ਦੀ ਜਗ੍ਹਾ 'ਤੇ ਚੌਧਰੀ ਚਰਨ ਸਿੰਘ ਪ੍ਰਧਾਨ ਮੰਤਰੀ ਬਣੇ ਪਰ ਚੌਧਰੀ ਚਰਨ ਸਿੰਘ ਨਾਲ ਲੋਕ ਸਭਾ ਦਾ ਬਹੁਮਤ ਨਹੀਂ ਸੀ, ਇਸ ਲਈ 20 ਅਪ੍ਰੈਲ 1979 ਨੂੰ ਉਨ੍ਹਾਂ ਨੇ ਆਪਣਾ ਤਿਆਗ ਪੱਤਰ ਦੇ ਦਿੱਤਾ ਅਤੇ ਰਾਸ਼ਟਰਪਤੀ ਨੂੰ ਲੋਕ ਸਭਾ ਭੰਗ ਕਰਨ ਦੀ ਸਲਾਹ ਦਿੱਤੀ। ਸੰਨ 1980 ਵਿੱਚ ਲੋਕ ਸਭਾ ਦੀਆਂ ਚੋਣਾਂ ਹੋਈਆਂ, ਜਿਸ ਵਿੱਚ ਕਾਂਗਰਸ (ਆਈ) ਨੂੰ ਭਾਰੀ ਸਫਲਤਾ ਮਿਲੀ। ਇਸ ਵਿੱਚ ਕਾਂਗਰਸ (ਆਈ) ਨੂੰ 352, ਜਨਤਾ ਪਾਰਟੀ ਨੂੰ 31 ਅਤੇ ਲੋਕ ਸਭਾ ਨੂੰ 41 ਸਥਾਨ ਪ੍ਰਾਪਤ ਹੋਏ। ਅਜਿਹੀ ਸਥਿਤੀ ਵਿੱਚ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਦਲ–ਬਦਲ ਕਾਰਨ ਕਾਂਗਰਸ (ਆਈ) ਦੀਆਂ ਸਰਕਾਰਾਂ ਸਥਾਪਿਤ ਹੋ ਗਈਆਂ। ਮਈ 1980 ਵਿੱਚ 9 ਰਾਜਾਂ ਵਿੱਚ ਚੋਣਾਂ ਹੋਈਆਂ, ਜਿਸ ਵਿੱਚ ਤਾਮਿਲਨਾਡੂ ਨੂੰ ਛੱਡ ਕੇ ਬਾਕੀ ਸਾਰੇ ਰਾਜਾਂ ਵਿੱਚ ਹੀ ਕਾਂਗਰਸ ਨੂੰ ਸਫਲਤਾ ਮਿਲੀ ਅਤੇ ਇਸ ਦਲ ਦੀਆਂ ਸਰਕਾਰਾਂ ਬਣੀਆਂ। ਦਸੰਬਰ 1984 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਇਸ ਦਲ ਨੂੰ ਭਾਰੀ ਸਫਲਤਾ ਮਿਲੀ। ਇਸ ਨੂੰ ਲੋਕ ਸਭਾ ਵਿੱਚ ਲੱਗਭਗ 400 ਸਥਾਨ ਪ੍ਰਾਪਤ ਹੋਏ। ਇਸ ਤਰ੍ਹਾਂ ਇਕ ਵਾਰ ਫਿਰ ਕਾਂਗਰਸ (ਆਈ) ਦਾ ਪ੍ਰਭੂਤਵ ਸਥਾਪਿਤ ਹੋ ਗਿਆ ਪਰ 1989 ਅਤੇ 1991 ਵਿੱਚ ਲੋਕ ਸਭਾ ਚੋਣਾਂ 'ਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਹੀਂ ਹੋਇਆ।

4. **ਦਲਾਂ ਦਾ ਢਿੱਲਾ ਸੰਗਠਨ** (Loose Organization of Political Parties)– ਭਾਰਤ ਦੇ ਜ਼ਿਆਦਾਤਰ ਦਲਾਂ ਦਾ ਸੰਗਠਨ ਬਹੁਤ ਢਿੱਲਾ ਹੈ ਅਤੇ ਮੈਂਬਰਾਂ ਵਿੱਚ ਅਨੁਸ਼ਾਸਨ ਦਾ ਅਹਿਸਾਸ ਹੈ। ਜ਼ਿਆਦਾਤਰ ਦਲੀ ਨੇਤਾ ਆਪਣੇ ਸਵਾਰਥ ਦੀ ਪੂਰਤੀ ਲਈ ਦਲੀ ਅਨੁਸ਼ਾਸਨ ਦੀ ਪ੍ਰਵਾਹ ਨਹੀਂ ਕਰਦੇ, ਜੇਕਰ ਕਿਸੇ ਮੈਂਬਰ ਨੂੰ ਆਮ ਚੋਣਾਂ ਦੀ ਟਿਕਟ ਨਹੀਂ ਮਿਲਦੀ ਤਾਂ ਉਹ ਦਲ ਤੋਂ ਤਿਆਗ ਪੱਤਰ ਦੇ ਕੇ ਦਲ ਦੇ ਉਮੀਦਵਾਰ ਵਿਰੁੱਧ ਹੀ ਚੋਣਾਂ ਵਿੱਚ ਖੜ੍ਹਾ ਹੋ ਜਾਂਦਾ ਹੈ। ਕਈ ਵਾਰ ਤਾਂ ਅਜਿਹਾ ਮੈਂਬਰ ਆਪਣਾ ਅਲੱਗ ਦਲ ਬਣਾ ਲੈਂਦਾ ਹੈ। ਸੰਨ 1982 ਵਿੱਚ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਜਿਹੇ ਅਨੇਕਾਂ ਉਦਾਹਰਣ ਮਿਲਦੇ ਹਨ, ਜਦ ਕਾਂਗਰਸ (ਆਈ) ਦੇ ਅਨੇਕਾਂ ਮੈਂਬਰਾਂ ਨੇ ਦਲ 'ਚੋਂ ਤਿਆਗ ਪੱਤਰ ਦੇ ਕੇ ਦਲ ਦੇ ਉਮੀਦਵਾਰਾਂ ਵਿਰੁੱਧ ਚੋਣਾਂ ਲੜੀਆਂ। ਇਹ ਗੱਲ ਹੋਰ ਵੀ ਵਧੇਰੇ ਮਾੜੀ ਹੈ ਕਿ ਅਜਿਹੇ ਮੈਂਬਰਾਂ ਨੂੰ ਕਈ ਵਾਰ ਇਸੇ ਦਲ ਵਿੱਚ ਲੈ ਲਿਆ ਜਾਂਦਾ ਹੈ, ਜਿਸ ਵਿੱਚੋਂ ਉਨ੍ਹਾਂ ਨੂੰ ਕੱਢ ਦਿੱਤਾ ਗਿਆ ਸੀ। ਅਜਿਹੀਆਂ ਪ੍ਰਸਥਿਤੀਆਂ ਵਿੱਚ ਮੈਂਬਰਾਂ ਕੋਲੋਂ ਅਨੁਸ਼ਾਸਨ ਦੀ ਉਮੀਦ ਕਰਨਾ ਬੇਕਾਰ ਹੈ। ਇਹ ਵੀ ਸਾਡੀ ਦਲੀਲ ਵਿਵਸਥਾ ਦੀ ਇਕ ਵੱਡੀ ਬੁਰਾਈ ਹੈ।

5. **ਅਵਸਰਵਾਦ ਦੀ ਪ੍ਰਵਿਰਤੀ** (Trend of Opportunism)– ਭਾਰਤੀ ਰਾਜਨੀਤੀ ਵਿੱਚ ਅਵਸਰਵਾਦ ਹਮੇਸ਼ਾ ਹੀ ਮੌਜੂਦ ਰਹੀ ਹੈ ਅਤੇ ਤਾਂ ਹੀ ਹਾਲ ਦੇ ਸਾਲਾਂ ਵਿੱਚ ਇਹ ਲਗਾਤਾਰ ਉਗਰ ਰੂਪ ਧਾਰਨ ਕਰਦੀ ਜਾ ਰਹੀ ਹੈ। ਸੰਨ 1980 ਵਿੱਚ ਕੇਰਲ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ (ਆਈ) ਅਤੇ ਜਨਤਾ ਦਲ ਨੇ ਇਕ-ਦੂਸਰੇ ਨਾਲ ਮਿਲ ਕੇ ਚੋਣਾਂ ਲੜੀਆਂ, ਜਦ ਕਿ ਲੋਕ ਸਭਾ ਵਿੱਚ ਇਹ ਦੋਵੇਂ ਦਲ ਇਕ-ਦੂਸਰੇ ਦੇ ਵਿਰੋਧੀ ਹਨ। ਪੰਜਾਬ ਵਿੱਚ ਅਕਾਲੀ ਦਲ ਅਤੇ ਜਨਸੰਘ ਨੇ ਮਿਲ ਕੇ ਸਰਕਾਰ ਦੀ ਸਥਾਪਨਾ ਕੀਤੀ ਸੀ। ਇਸੇ ਤਰ੍ਹਾਂ ਕਾਂਗਰਸ (ਆਈ) ਨੇ ਤਾਮਿਲਨਾਡੂ ਵਿੱਚ ਡੀ. ਐੱਮ. ਕੇ ਨਾਲ ਗਠਬੰਧਨ ਕੀਤਾ, ਜਦ ਕਿ ਕੁਝ ਹੀ ਸਾਲ ਪਹਿਲਾਂ ਸੰਕਟ ਸਮੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਤਾਮਿਲਨਾਡੂ ਦੀ ਡੀ. ਐੱਮ. ਕੇ. ਸਰਕਾਰ ਨੂੰ ਤੋੜਿਆ ਸੀ। ਇਸ ਤਰ੍ਹਾਂ ਅਕਾਲੀ ਦਲ ਦੇ ਨੇਤਾ ਪ੍ਰਕਾਸ਼ ਸਿੰਘ ਬਾਦਲ ਅਤੇ ਤਲਵੰਡੀ, ਜੰਮੂ-ਕਸ਼ਮੀਰ ਦੀਆਂ ਚੋਣਾਂ ਵਿੱਚ ਡਾ. ਫਾਰੂਕ ਅਬਦੁੱਲਾ ਦੇ ਦਲ "ਨੈਸ਼ਨਲ ਕਾਨਫਰੰਸ" ਦੇ ਪੱਖ ਵਿੱਚ ਕੰਮ ਕਰਨ ਲਈ ਗਏ ਸਨ। ਇਸ ਤਰ੍ਹਾਂ ਦੇ ਅਵਸਰਵਾਦ ਹੋਰ ਵੀ ਕਈ ਉਦਾਹਰਣ ਮਿਲਦੇ ਹਨ। ਜਿਵੇਂ ਨਵੰਬਰ 1990 ਤੱਤਕਾਲੀਨ ਸੱਤਾਰੂੜ੍ਹ ਜਨਤਾ ਦਲ ਵਿੱਚ ਹੋਈ ਫੁੱਟ ਅਤੇ ਉਸ ਤੋਂ ਬਾਅਦ ਚੰਦਰ ਸ਼ੇਖਰ ਦੀ ਅਗਵਾਈ ਵਿੱਚ ਜਨਤਾ ਦਲ (ਐੱਸ) ਦਾ ਹੋਂਦ ਵਿੱਚ ਆਉਣਾ ਅਤੇ ਕੇਂਦਰ ਸਰਕਾਰ ਗਠਿਤ ਕਰਨਾ ਇਸੇ ਅਵਸਰਵਾਦ ਦੀ ਮੁੱਖ ਉਦਾਹਰਣ ਹੈ।

6. **ਪੰਜੀਕਰਣ ਦੀ ਜ਼ਰੂਰਤ** (Compulsory Registration of the Political Parties)– ਦਸੰਬਰ 1988 ਵਿੱਚ ਸੰਸਦ ਵੱਲੋਂ ਜਨ ਪ੍ਰਤੀਨਿਧਤਾ ਕਾਨੂੰਨ ਸੰਨ 1951 ਵਿੱਚ ਸੋਧ ਕਰ ਦਿੱਤੇ ਜਾਣ ਨਾਲ ਹੁਣ ਸਾਰੇ ਪ੍ਰਦੇਸ਼ਿਕ ਜਾਂ ਰਾਸ਼ਟਰੀ ਪੱਧਰ 'ਤੇ ਕਿਰਿਆਸ਼ੀਲ ਰਾਜਨੀਤਿਕ ਦਲ ਨੂੰ ਭਾਰਤ ਦੇ ਚੋਣ ਆਯੋਗ ਕੋਲ ਆਪਣਾ ਪੰਜੀਕਰਣ ਕਰਵਾਉਣਾ ਜ਼ਰੂਰੀ ਕਰ ਦਿੱਤਾ ਹੈ। ਪੰਜੀਕਰਣ ਕਰਵਾਉਂਦੇ ਸਮੇਂ ਰਾਜਨੀਤਿਕ ਦਲਾਂ ਨੂੰ ਭਾਰਤ ਦੇ ਸੰਵਿਧਾਨ ਅਤੇ ਉਸ ਦੇ ਉਦੇਸ਼ ਜਾਂ ਪ੍ਰਸਤਾਵਨਾ ਵਿੱਚ ਦਿੱਤੇ ਗਏ ਪੰਥ-ਨਿਰਪੱਖਤਾ, ਲੋਕਤੰਤਰ ਅਤੇ ਸਮਾਜਵਾਦ ਪ੍ਰਤੀ ਆਪਣੀ ਨਿਸ਼ਠਾ ਦੀ ਘੋਸ਼ਣਾ ਕਰਨਾ ਜ਼ਰੂਰੀ ਹੈ ਅਤੇ ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਬਣਾਈ ਰੱਖਣ ਦਾ ਸੰਕਲਪ ਉਨ੍ਹਾਂ ਨੂੰ ਪ੍ਰਗਟ ਕਰਨਾ ਹੁੰਦਾ ਹੈ।

7. **ਸੰਪ੍ਰਦਾਇਕ ਅਤੇ ਖੇਤਰੀ ਦਲਾਂ ਦਾ ਹੋਣਾ** (Communal and Regional Parties)– ਭਾਰਤੀ ਦਲੀ ਪ੍ਰਣਾਲੀ ਦੀ ਹੋਰ ਵਿਸ਼ੇਸ਼ਤਾ ਸੰਪ੍ਰਦਾਇਕ ਅਤੇ ਖੇਤਰੀ ਦਲਾਂ ਦਾ ਹੋਣਾ ਹੈ। ਮੁਸਲਿਮ ਲੀਗ, ਅਕਾਲੀ ਦਲ, ਹਿੰਦੂ ਮਹਾ ਸਭਾ ਅਤੇ ਦ੍ਰਾਵਿੜ ਮੁਨੇਤਰ ਗੜ੍ਹਗਮ (D.M.K.) ਆਦਿ ਪ੍ਰਮੁੱਖ ਹਨ, ਜਦ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਇਨ੍ਹਾਂ ਦਲਾਂ ਨੂੰ ਵਧੇਰੇ ਸਫਲਤਾ ਨਹੀਂ ਮਿਲੀ ਪਰ ਫਿਰ ਵੀ ਇਹ ਦਲ ਰਾਸ਼ਟਰੀ ਏਕਤਾ, ਅਖੰਡਤਾ ਅਤੇ ਲੋਕਤੰਤਰ ਲਈ ਖਤਰਾ ਬਣੇ ਹੋਏ ਹਨ।

*ਨੋਟਸ* ਸੰਪ੍ਰਦਾਇਕ ਦਲਾਂ ਦੇ ਨਾਲ-ਨਾਲ ਕਈ ਖੇਤਰੀ ਦਲਾਂ ਨੂੰ ਵੀ ਸੰਗਠਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਜੰਮੂ ਅਤੇ ਕਸ਼ਮੀਰ ਦੀ ਨੈਸ਼ਨਲ ਕਾਨਫਰੰਸ, ਆਂਧਰਾ ਪ੍ਰਦੇਸ਼ ਦੀ ਤੇਲਗੂ ਦੇਸਮ, ਤਾਮਿਲਨਾਡੂ ਦੀ ਡੀ. ਐੱਮ. ਕੇ. ਅਤੇ ਏ. ਡੀ. ਐੱਮ. ਕੇ., ਪੰਜਾਬ ਵਿੱਚ ਅਕਾਲੀ ਦਲ, ਉੜੀਸਾ ਵਿੱਚ ਉਤਕਲ ਕਾਂਗਰਸ ਅਤੇ ਬਿਹਾਰ ਵਿੱਚ ਝਾਰਖੰਡ ਦਲ ਆਦਿ ਪ੍ਰਮੁੱਖ ਹਨ।

ਇਨ੍ਹਾਂ ਵਿੱਚ ਤੇਲਗੂ ਦੇਸਮ, ਆਂਧਰਾ ਪ੍ਰਦੇਸ਼ ਵਿੱਚ ਸੱਤਾਰੂੜ ਦਲ ਦੇ ਰੂਪ ਵਿੱਚ ਵੀ ਮੌਜੂਦ ਹੈ। ਇਹ ਵਿਵਸਥਾ ਰਾਸ਼ਟਰੀ ਹਿੱਤਾਂ ਦੇ ਬਹੁਤ ਪ੍ਰਤੀਕੂਲ ਹੈ, ਕਿਉਂਕਿ ਅਜਿਹੇ ਦਲ ਰਾਸ਼ਟਰੀ ਹਿੱਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਖੇਤਰੀ ਮੰਗਾਂ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਵਿੱਚ ਖੇਤਰੀ ਭਾਵਨਾਵਾਂ ਨੂੰ ਉਭਾਰਦੇ ਹਨ।

8. **ਸਪੱਸ਼ਟ ਵਿਚਾਰਧਾਰਾ ਦਾ ਅਹਿਸਾਸ** (Absence of Clear-cut Ideology)– ਰਾਜਨੀਤਿਕ ਦਲਾਂ ਦਾ ਅਧਾਰ ਉਨ੍ਹਾਂ ਦੀ ਸੁਨਿਸ਼ਚਿਤ ਰਾਜਨੀਤਿਕ ਵਿਚਾਰਧਾਰਾ, ਆਦਰਸ਼, ਸਿਧਾਂਤ ਅਤੇ ਪ੍ਰੋਗਰਾਮ ਹੁੰਦੇ ਹਨ ਪਰ ਭਾਰਤੀ ਰਾਜਨੀਤਿਕ ਵਿਵਸਥਾ ਵਿੱਚ ਉਸ ਦਾ ਪੂਰਨ ਤੌਰ 'ਤੇ ਅਹਿਸਾਸ ਹੈ। ਜ਼ਿਆਦਾ ਰਾਜਨੀਤਿਕ ਦਲ ਕਾਂਗਰਸ ਵਿੱਚੋਂ ਨਿਕਲੇ ਹੋਏ ਨੇਤਾਵਾਂ ਦੇ ਵਿਅਕਤੀਤਵ 'ਤੇ ਅਧਾਰਿਤ ਹੈ ਅਤੇ ਇੰਦਰ-ਕਾਂਗਰਸ (ਸ), ਜਨਤਾ ਦਲ, ਜਨਤਾ ਪਾਰਟੀ, ਜਨਤਾ ਦਲ (ਸ), ਅਤੇ ਲੋਕ ਦਲ (ਬ) ਵਿੱਚ ਵਿਚਾਰਕ ਅਤੇ ਸਿਧਾਂਤਕ ਵਿਭਿੰਨਤਾ ਦੀ ਥਾਂ ਉਨ੍ਹਾਂ ਵਿੱਚ ਬਰਾਬਰਤਾ ਵਧੇਰੇ ਹਨ। ਸੁਨਿਸ਼ਚਿਤ ਰਾਜਨੀਤਿਕ ਸਿਧਾਂਤਾਂ 'ਤੇ ਚੱਲਣ ਵਾਲਾ ਕਮਿਊਨਿਸਟ ਅੰਦੋਲਨ ਵੀ ਆਪਣੇ ਨੇਤਾਵਾਂ ਦੇ ਵਿਅਕਤੀਆਂ ਦੀ ਟਕਰਾਅ ਵਾਲੀ ਸਥਿਤੀ ਦਾ ਸ਼ਿਕਾਰ ਬਣਾ ਕੇ ਅਨੇਕਾਂ ਗੁੱਟਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਵਿੱਚ ਮਾਕਪਾ ਅਤੇ ਮਾਕਪਾ ਦੋ ਪ੍ਰਮੁੱਖ ਪ੍ਰਭਾਵਸ਼ਾਲੀ ਦਲ ਹਨ। ਸੋਵੀਅਤ ਸੰਘ ਸਮੇਤ ਪੂਰਬੀ ਯੂਰਪ ਤੋਂ ਕਮਿਊਨਿਸਟ ਵਿਵਸਥਾ ਦਾ ਅੰਤ ਹੋ ਜਾਣ ਨਾਲ ਉਨ੍ਹਾਂ ਸਾਹਮਣੇ ਗਹਿਰਾ ਵਿਚਾਰਕ ਸੰਕਟ ਖੜ੍ਹਾ ਹੋ ਗਿਆ ਹੈ। ਸਿਰਫ ਇਕ ਭਾਰਤੀ ਜਨਤਾ ਪਾਰਟੀ (ਭਾਜਪਾ) ਹੀ ਆਪਣੀ ਸਪੱਸ਼ਟ ਰਾਜਨੀਤਿਕ ਵਿਚਾਰਧਾਰਾ ਵਾਲਾ ਗੈਰ ਕਾਂਗਰਸੀ ਦਲ ਅੱਜ ਦੇਸ਼ ਦੀ ਰਾਜਨੀਤੀ ਵਿੱਚ ਮੌਜੂਦ ਹੈ।

9. **ਮਾਨਤਾ ਪ੍ਰਾਪਤ ਵਿਰੋਧੀ ਦਲ** (Recognised Opposition Party)– ਸੰਨ 1977 ਵਿੱਚ 6ਵੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮਾਨਤਾ ਪ੍ਰਾਪਤ ਕੋਈ ਰਾਜਨੀਤਿਕ ਦਲ ਹੋਂਦ ਵਿੱਚ ਨਹੀਂ ਸੀ, ਇਸ ਦਾ ਕਾਰਨ ਇਹ ਸੀ ਕਿ ਉਸ ਦੌਰਾਨ ਵਿਰੋਧੀ ਧਿਰ

**ਨੋਟ**

ਦੇ ਕਿਸੇ ਵੀ ਇਕ ਰਾਜਨੀਤਿਕ ਦਲ ਨੂੰ ਲੋਕ ਸਭਾ ਦੇ ਕੁੱਲ ਮੈਂਬਰ ਸੰਖਿਆ ਦੇ 10ਵੇਂ ਭਾਗ ਦੇ ਬਰਾਬਰ ਜਗ੍ਹਾ ਉਸ ਸਦਨ ਵਿੱਚ ਪ੍ਰਾਪਤ ਨਹੀਂ ਸੀ। 1977 ਵਿੱਚ ਕੇਂਦਰ 'ਚ ਪਹਿਲੀ ਵਾਰ ਗੈਰ-ਕਾਂਗਰਸੀ ਸਰਕਾਰ ਗਠਿਤ ਹੋਣ 'ਤੇ ਵਿਰੋਧੀ ਧਿਰ ਨੇਤਾ ਦੀ ਤਨਖਾਹ ਅਤੇ ਭੱਤਿਆਂ ਨਾਲ ਸਬੰਧਿਤ ਕਾਨੂੰਨ ਪਾਸ ਕੀਤਾ ਗਿਆ ਅਤੇ ਕਾਂਗਰਸ ਦੇ ਤੱਤਕਾਲੀਨ ਨੇਤਾ ਯਸ਼ਵੰਤ ਰਾਏ ਚੌਹਾਨ ਨੂੰ ਵਿਰੋਧੀ ਧਿਰ ਦਾ ਮਾਨਤਾ ਪ੍ਰਾਪਤ ਨੇਤਾ ਦਾ ਅਹੁਦਾ ਦੇ ਕੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਦੀਆਂ ਸੁਵਿਧਾਵਾਂ ਦਿੱਤੀਆਂ ਗਈਆਂ ਪਰ 1980 ਅਤੇ 1984 ਦੀਆਂ ਸੰਸਦੀ ਚੋਣਾਂ ਵਿੱਚ ਤਾਂ ਇਕ ਵਾਰ ਫਿਰ ਕੇਂਦਰ ਨੇ ਇਕ ਦਲ ਦਾ ਪੂਰਨ ਪ੍ਰਭੂਤਵ ਕਾਇਮ ਹੋਣ ਦੀ ਆਸਥਾ ਕਾਇਮ ਹੋ ਗਈ। ਇੱਥੋਂ ਤੱਕ ਕਿ ਸੰਨ 1989 ਦੀਆਂ ਚੋਣਾਂ ਨਾਲ ਲੋਕ ਸਭਾ ਵਿੱਚ ਮਾਨਤਾ ਪ੍ਰਾਪਤ ਵਿਰੋਧੀ ਦਲ ਦੇ ਰੂਪ ਵਿੱਚ ਉੱਭਰ ਆਇਆ ਸੀ ਪਰ ਸੰਨ 1989 ਦੀਆਂ ਚੋਣਾਂ ਨਾਲ ਲੋਕ ਸਭਾ ਵਿੱਚ ਮਾਨਤਾ ਪ੍ਰਾਪਤ ਵਿਰੋਧੀ ਦਲ ਫਿਰ ਤੋਂ ਹੋਂਦ ਵਿੱਚ ਆ ਗਿਆ ਸੀ। ਉਸ ਸਮੇਂ ਕਾਂਗਰਸ (ਆਈ) ਦੇ ਨੇਤਾ ਰਾਜੀਵ ਗਾਂਧੀ ਵਿਰੋਧੀ ਧਿਰ ਦੇ ਨੇਤਾ ਸਨ। ਮਈ 1991 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਗੌਰਵ ਭਾਜਪਾ ਨੂੰ ਪ੍ਰਾਪਤ ਹੋਇਆ ਹੈ ਅਤੇ ਸ਼੍ਰੀ ਅਟਲ ਬਿਹਾਰੀ ਵਾਜਪਾਈ ਵਿਰੋਧੀ ਧਿਰ ਦੇ ਮਾਨਤਾ ਪ੍ਰਾਪਤ ਨੇਤਾ ਬਣੇ।

10. **ਇਕ ਦਲ ਦੀ ਪ੍ਰਮੁੱਖਤਾ ਦੇ ਯੁੱਗ ਦਾ ਅੰਤ** (End of one party Era)– ਸੰਨ 1947 ਤੋਂ ਨਵੰਬਰ 1989 ਦੇ 42 ਸਾਲਾਂ ਦੌਰਾਨ ਮਾਰਚ 1977 ਤੋਂ ਦਸੰਬਰ, 1979 ਦੇ ਲੱਗਭਗ ਪੌਣੇ ਤਿੰਨ ਸਾਲ ਨੂੰ ਛੱਡ ਕੇ ਕੇਂਦਰ ਵਿੱਚ ਕਾਂਗਰਸ ਪਾਰਟੀ ਦਾ ਇਕ ਛਤਰ ਬਣਿਆ ਰਿਹਾ ਪਰ ਨਵੰਬਰ 1989 ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਇਕ ਦਲ ਦੀ ਪ੍ਰਮੁੱਖਤਾ ਦਾ ਯੁੱਗ ਖਤਮ ਹੁੰਦਾ ਦਿਖਾਈ ਦੇ ਰਿਹਾ ਹੈ। ਮਈ 1991 ਦੀਆਂ ਲੋਕ ਸਭਾ ਚੋਣਾਂ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਅਤੇ ਕਾਂਗਰਸ (ਆਈ) ਦੇ ਪ੍ਰਧਾਨ ਰਾਜੀਵ ਗਾਂਧੀ ਦੀ ਬੇਰਹਿਮੀ ਨਾਲ ਹੱਤਿਆ ਹੁਣ ਕੇਂਦਰ ਵਿੱਚ ਇਕ ਦਲ ਦੀ ਪ੍ਰਮੁੱਖਤਾ ਦੀਆਂ ਸਰਕਾਰਾਂ ਦਾ ਯੁੱਗ ਵਾਪਿਸ ਆਉਂਦਾ ਦਿਖਾਈ ਨਹੀਂ ਦੇ ਰਿਹਾ। 10ਵੀਂ ਲੋਕ ਸਭਾ ਚੋਣਾਂ ਨਤੀਜਿਆਂ ਵਿੱਚ ਤਾਂ ਕਿਸੇ ਵੀ ਇਕ ਰਾਜਨੀਤਿਕ ਦਲ ਨੂੰ ਪੂਰਨ ਬਹੁਮਤ ਤੱਕ ਪ੍ਰਾਪਤ ਨਹੀਂ ਹੋ ਸਕਿਆ ਸੀ ਅਤੇ ਪੀ. ਵੀ. ਨਰਸਿਮ੍ਹਾ ਰਾਓ ਦੀ ਅਗਵਾਈ ਵਿੱਚ ਘੱਟ ਗਿਣਤੀ ਸਰਕਾਰ ਦਾ ਗਠਨ ਕੀਤਾ ਗਿਆ ਸੀ। ਇਸੇ ਲਈ 1996 ਤੋਂ ਹੁਣ ਤੱਕ ਕੇਂਦਰ ਵਿੱਚ ਗਠਬੰਧਨ ਸਰਕਾਰਾਂ ਵੀ ਸੱਤਾ ਵਿੱਚ ਆਈਆਂ ਹਨ।

11. **ਦਲ ਬਦਲ** (Defections)– ਭਾਰਤ ਦੀ ਦਲੀ ਵਿਵਸਥਾ ਵਿੱਚ ਦਲ ਬਦਲ ਦੀ ਪ੍ਰਵਿਰਤੀ ਇਕ ਸ਼ਰਾਪ ਰਹੀ ਹੈ, ਜਿਵੇਂ 1957 ਅਤੇ 1967 ਦਰਮਿਆਨ 542 ਵਾਰ ਦਲ ਬਦਲੇ ਗਏ ਸਨ, ਇਹ ਦਲ ਬਦਲ ਦੀ ਪ੍ਰਵਿਰਤੀ ਰਾਸ਼ਟਰ ਲਈ ਬਹੁਤ ਖਤਰਨਾਕ ਸਿੱਧ ਹੋ ਰਹੀ ਸੀ। ਸਮੇਂ-ਸਮੇਂ 'ਤੇ ਇਸ ਵਿਰੁੱਧ ਕਾਨੂੰਨ ਬਣਾਉਣ ਲਈ ਅਨੇਕਾਂ ਯਤਨ ਕੀਤੇ ਗਏ ਪਰ ਕੋਈ ਵਿਸ਼ੇਸ਼ ਸਫਲਤਾ ਪ੍ਰਾਪਤ ਨਹੀਂ ਹੋਈ। ਸਾਬਕਾ ਪ੍ਰਧਾਨ ਮੰਤਰੀ ਸਵ. ਸ਼੍ਰੀ ਰਾਜੀਵ ਗਾਂਧੀ ਨੇ ਸੰਵਿਧਾਨ ਦੀ 52ਵੀਂ ਸੋਧ ਨਾਲ ਦਲ ਬਦਲ ਦੀ ਕਾਨੂੰਨੀ ਰੋਕ ਲਗਾ ਕੇ ਇਕ ਚੰਗਾ ਕਦਮ ਚੁੱਕਿਆ ਸੀ ਪਰ ਹੁਣ ਦਲ ਬਦਲ ਦੀ ਬੁਰਾਈ ਪੂਰੀ ਤਰ੍ਹਾਂ ਖਤਮ ਨਹੀਂ ਹੋਈ। ਅਜੇ ਵੀ ਦਲ ਬਦਲ ਦੇ ਕਈ ਉਦਾਹਰਣ ਮਿਲਦੇ ਹਨ।

12. **ਗੁੱਟਬੰਦੀ** (Factionalism) ਭਾਰਤੀ ਰਾਜਨੀਤੀ ਵਿਵਸਥਾ ਦੀ ਇਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਗੁੱਟਬੰਦੀ ਦਾ ਬੋਲਬਾਲਾ, ਵਿਸ਼ੇਸ਼ ਕਰਕੇ ਉੱਤਰੀ ਭਾਰਤ ਦੇ ਰਾਜਾਂ ਵਿੱਚ ਹੈ। ਸਾਰੇ ਰਾਜਨੀਤਿਕ ਦਲਾਂ ਵਿੱਚ ਛੋਟੇ-ਛੋਟੇ ਗੁੱਟ ਦੇਖੇ ਜਾਂਦੇ ਹਨ। ਸਿਰਫ ਇਕ ਉਹ ਗੁੱਟ ਜੋ ਸੱਤਾ ਵਿੱਚ ਹੈ ਅਤੇ ਦੂਸਰਾ ਅਸੰਤੁਸ਼ਟ ਗੁੱਟ। ਇਹ ਸਾਰੇ ਗੁੱਟ ਚੋਣਾਂ ਸਮੇਂ ਆਪਸ ਵਿੱਚ ਹੀ ਇਕ-ਦੂਸਰੇ ਦਾ ਵਿਰੋਧ ਕਰਦੇ ਹਨ। ਇਸ ਤਰ੍ਹਾਂ ਦੀ ਪ੍ਰਵਿਰਤੀ ਲੱਗਭਗ ਸਾਰੇ ਦਲਾਂ ਵਿੱਚ ਪਾਈ ਜਾਂਦੀ ਹੈ। **ਡਾ. ਇਕਬਾਲ** ਦੇ ਅਨੁਸਾਰ, "ਭਾਰਤ ਵਿੱਚ ਅਨੇਕਾਂ ਅਖਿਲ ਭਾਰਤੀ ਦਲ ਹਨ ਜੋ ਉੱਪਰੋਂ ਇਕ ਇਕਾਈ ਹੁੰਦੇ ਹੋਏ ਵੀ, ਉਨ੍ਹਾਂ ਵਿੱਚ ਅੰਦਰੂਨੀ ਗੁੱਟਬੰਦੀ ਹੈ।" ਗੁੱਟਬੰਦੀ ਕਾਰਨ ਰਾਜ ਪੱਧਰ 'ਤੇ ਅਨੇਕਾਂ ਸਰਕਾਰਾਂ ਦਾ ਖਾਤਮਾ ਹੋਇਆ। ਗੁੱਟਬੰਦੀ ਕਾਰਨ ਜਨਵਰੀ 1978 ਵਿੱਚ ਕਾਂਗਰਸ ਦੀ ਵੰਡ ਹੋਈ ਅਤੇ ਕਾਂਗਰਸ (ਆਈ) ਦੀ ਸਥਾਪਨਾ ਹੋਈ। ਸੰਨ 1979 ਵਿੱਚ ਜਨਤਾ ਪਾਰਟੀ ਦੀ ਸਥਾਪਨਾ ਹੋਈ। ਗੁੱਟਬੰਦੀ ਕਾਰਨ ਹੀ 1990 ਵਿੱਚ ਜਨਤਾ ਦਲ ਦੀ ਵੰਡ ਹੋਈ ਸੀ। ਵੀ. ਪੀ. ਸਿੰਘ ਦੀ ਸਰਕਾਰ ਡਿੱਗੀ ਅਤੇ ਚੰਦਰ ਸ਼ੇਖਰ ਨੇ ਸਰਕਾਰ ਬਣਾਈ ਅਤੇ ਲੋਕ ਸਭਾ ਨੂੰ ਭੰਗ ਕਰਨਾ ਪਿਆ ਸੀ, ਮੱਧ ਵਿਧੀ ਚੋਣਾਂ ਹੋਈਆਂ।

*ਨੋਟਸ* ਗੁੱਟਬੰਦੀ ਭਾਰਤੀ ਰਾਜਨੀਤਿਕ ਵਿਵਸਥਾ ਦੀ ਮਹੱਤਵਪੂਰਨ ਬੁਰਾਈ ਹੈ।

13. **ਸੁਤੰਤਰ ਮੈਂਬਰ** (Independent Members)– ਭਾਰਤ ਵਿੱਚ ਅਨੇਕਾਂ ਦਲਾਂ ਦੇ ਹੁੰਦੇ ਹੋਏ ਵੀ ਸੰਸਦ ਅਤੇ ਪ੍ਰਾਂਤੀ ਵਿਧਾਨ ਸਭਾਵਾਂ ਵਿੱਚ ਸੁਤੰਤਰ ਮੈਂਬਰਾਂ ਦੀ ਸੰਖਿਆ ਬਹੁਤ ਪਾਈ ਜਾਂਦੀ ਹੈ। ਇਹ ਨਿਰਦਲੀ ਉਮੀਦਵਾਰ ਚੋਣਾਂ ਵਿੱਚ ਚੁਣੇ ਵੀ ਜਾਂਦੇ ਹਨ। 1977 ਵਿੱਚ ਲੋਕ ਸਭਾ 'ਚ 9, 1980 ਵਿੱਚ 8 ਅਤੇ 1984 ਵਿੱਚ 3 ਮੈਂਬਰ ਚੁਣੇ ਗਏ ਸਨ। ਪ੍ਰਾਂਤਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਨਿਰਦਲੀ ਉਮੀਦਵਾਰਾਂ ਦਾ ਪ੍ਰਭਾਵ ਵਧੇਰੇ ਰਹਿੰਦਾ ਹੈ। ਸਾਡੇ ਦੇਸ਼ ਵਿੱਚ ਇਸ ਤਰ੍ਹਾਂ ਦੀ ਦਲੀ ਵਿਵਸਥਾ ਲੋਕਤੰਤਰ

ਲਈ ਹਾਨੀਕਰਕ ਹੈ। **ਨਾਰਮਨ ਡਿਪਾਮਰ** ਦੇ ਅਨੁਸਾਰ, "ਹੁਣ ਤੱਕ ਇਕ ਮੈਂਬਰ ਦਲੀ ਵਿਵਸਥਾ ਉੱਭਰ ਕੇ ਨਹੀਂ ਆਈ ਅਤੇ ਨੇੜਲੇ ਭਵਿੱਖ ਵਿੱਚ ਅਜਿਹਾ ਹੋ ਸਕਣਾ ਔਖਾ ਪ੍ਰਤੀਤ ਹੁੰਦਾ ਹੈ। **ਨੋਟ**

**14. ਰਾਸ਼ਟਰੀ ਰਾਜਨੀਤਿਕ ਦਲਾਂ ਦੀ ਘੱਟ ਸੰਖਿਆ** (Less number of national political parties) –ਭਾਰਤੀ ਚੋਣ ਆਯੋਗ ਵੱਲੋਂ ਸਾਲ 1993 ਵਿੱਚ 6 ਰਾਜਨੀਤਿਕ ਦਲਾਂ ਨੂੰ ਰਾਸ਼ਟਰੀ ਦਲਾਂ ਦੇ ਰੂਪ ਵਿੱਚ ਮਾਨਤਾ ਪ੍ਰਦਾਨ ਕੀਤੀ ਗਈ, ਜਦ ਕਿ ਇਨ੍ਹਾਂ ਵਿੱਚੋਂ ਦੋ ਦਲਾਂ– (1) ਜਨਤਾ ਦਲ (ਬੋਮਮਈ), (2) ਜਨਤਾ ਦਲ (ਅਜਿੱਤ) ਨੂੰ ਸਥਾਈ ਮਾਨਤਾ ਪ੍ਰਦਾਨ ਕੀਤੀ ਗਈ ਹੈ।

ਚੋਣ ਆਯੋਗ ਨੇ 6 ਰਾਸ਼ਟਰੀ ਰਾਜਨੀਤਿਕ ਦਲਾਂ ਨੂੰ ਮਾਨਤਾ ਪ੍ਰਾਪਤ ਕੀਤੀ ਸੀ ਜੋ ਹੇਠ ਲਿਖੀ ਹੈ–

1. ਭਾਰਤੀ ਰਾਸ਼ਟਰੀ ਕਾਂਗਰਸ (ਆਈ) (Indian National Congress (I) )
2. ਭਾਰਤੀ ਸਾਮਵਾਦੀ ਦਲ (Communist Party of India)
3. ਭਾਰਤੀ ਸਾਮਵਾਦੀ ਦਲ (ਮਾਰਕਸਵਾਦੀ) [(Communist Party of India (Marxist)]
4. ਭਾਰਤੀ ਜਨਤਾ ਪਾਰਟੀ (Bhartiya Janta Party)
5. ਜਨਤਾ ਦਲ (Janta Dal) ਬੋਮਮਈ
6. ਜਨਤਾ ਦਲ (Janta Dal) ਅਜਿੱਤ

**15. ਵਿਅਕਤੀ ਦਾ ਮਹੱਤਵ** (Importance of Personality)– ਭਾਰਤੀ ਰਾਜਨੀਤਿਕ ਦਲਾਂ ਵਿੱਚ ਵਿਅਕਤੀਤਵ ਦੇ ਮਹੱਤਵ ਦੀ ਕੁਝ ਵਿਸ਼ੇਸ਼ ਥਾਂ ਹੈ ਅਤੇ ਹਰੇਕ ਰਾਜਨੀਤਿਕ ਦਲ ਵਿੱਚ ਕੋਈ ਨਾ ਕੋਈ ਰਾਜਨੀਤਿਕ ਜ਼ਰੂਰ ਮੌਜੂਦ ਹੈ, ਜਿਸ ਦੇ ਇਰਧ-ਗਿਰਧ ਉਸ ਦਲ ਦਾ ਸਾਰਾ ਪ੍ਰੋਗਰਾਮ ਘੁੰਮਦਾ ਹੈ। **ਮੋਰਿਸ ਜੋਨਸ** (Morris Jones) ਦੇ ਅਨੁਸਾਰ ਪਿਛਲੇ ਕਈ ਦਹਾਕਿਆਂ ਵਿੱਚ 'ਅਸਧਾਰਣ ਰਾਸ਼ਟਰੀ ਅਗਵਾਈ' (Extra-Ordinary National Leadership) ਭਾਰਤ ਨੂੰ ਪ੍ਰਾਪਤ ਹੋਇਆ ਹੈ। ਆਜ਼ਾਦੀ ਪ੍ਰਾਪਤੀ ਤੋਂ ਬਾਅਦ ਪੰ. ਜਵਾਹਰ ਲਾਲ ਨਹਿਰੂ ਦੀ ਵਿਸ਼ੇਸ਼ ਅਤੇ ਸਲਾਹੁਣਯੋਗ ਭੂਮਿਕਾ ਰਹੀ ਹੈ। ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਨੇ ਥੋੜ੍ਹੇ ਸਮੇਂ ਵਿੱਚ ਹੀ ਆਪਣੇ ਨਾਮ ਅਤੇ ਕੰਮਾਂ ਨੂੰ ਚਾਰ ਚੰਨ ਲਗਾ ਦਿੱਤੇ ਸਨ। 1966 ਤੋਂ ਨਵੰਬਰ 1984 ਤੱਕ (ਮਾਰਚ 1977 ਤੋਂ ਦਸੰਬਰ 1979 ਤੱਕ ਦੇ ਸਮੇਂ ਨੂੰ ਛੱਡ ਕੇ) ਸ਼੍ਰੀਮਤੀ ਇੰਦਰਾ ਤੋਂ ਬਾਅਦ ਰਾਜੀਵ ਗਾਂਧੀ ਨੇ ਰਾਸ਼ਟਰ ਨੇਤਾ ਦੇ ਰੂਪ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। 21 ਜੂਨ 1991 ਨੂੰ ਸ਼੍ਰੀ ਵੀ. ਪੀ. ਨਰਸਿਮ੍ਹਾ ਰਾਓ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ। ਭਾਰਤ ਦੀਆਂ ਵਰਤਮਾਨ ਪ੍ਰਸਥਿਤੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਡੇ ਪ੍ਰਧਾਨ ਮੰਤਰੀ ਜੀ ਵਿਸ਼ੇਸ਼ ਭੂਮਿਕਾ ਨਿਭਾ ਰਹੇ ਹਨ।

**16. ਜਨਤਾ ਦੇ ਨਾਲ ਘੱਟ ਸੰਪਰਕ** (Less contact with the Masses)– ਭਾਰਤੀ ਦਲ ਪ੍ਰਣਾਲੀ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਦਲ ਜਨਤਾ ਨਾਲ ਸੰਪਰਕ ਬਣਾ ਕੇ ਨਹੀਂ ਰੱਖਦੇ। ਇਹ ਕਿੰਨੀ ਹੈਰਾਨੀ ਦਾ ਵਿਸ਼ਾ ਹੈ ਕਿ ਭਾਰਤ ਵਿੱਚ ਕਈ ਦਲ ਤਾਂ ਬਰਸਾਤੀ ਹਨ, ਡੱਡੂਆਂ ਵਾਂਗ ਚੋਣਾਂ ਸਮੇਂ ਹੋਂਦ ਵਿੱਚ ਆਉਂਦੇ ਹਨ ਅਤੇ ਚੋਣਾਂ ਤੋਂ ਬਾਅਦ ਸਿਰਫ ਗਾਇਬ ਹੋ ਜਾਂਦੇ ਹਨ। ਜਦ ਚੋਣਾਂ ਨਜ਼ਦੀਕ ਹੁੰਦੀਆਂ ਹਨ, ਉਦੋਂ ਸਾਰੇ ਰਾਜਨੀਤਿਕ ਦਲਾਂ ਦੇ ਨੇਤਾ ਜਨਤਾ ਨਾਲ ਸੰਪਰਕ ਬਣਾਈ ਰੱਖਣ ਦੇ ਮਹੱਤਵ 'ਤੇ ਜ਼ੋਰ ਦਿੰਦੇ ਹਨ ਅਤੇ ਜਿਵੇਂ ਹੀ ਚੋਣਾਂ ਖਤਮ ਹੋ ਜਾਂਦੀਆਂ ਹਨ ਤਾਂ ਉਹ ਇਸ ਮਹੱਤਵ ਨੂੰ ਭੁੱਲ ਜਾਂਦੇ ਹਨ। ਪਿੰਡਾਂ ਦੇ ਜ਼ਿਆਦਾਤਰ ਲੋਕਾਂ ਨੂੰ ਤਾਂ ਦਲਾਂ ਦੇ ਨਾਮ ਤੱਕ ਵੀ ਪਤਾ ਨਹੀਂ ਹੁੰਦੇ। ਜਦ ਤੱਕ ਰਾਜਨੀਤਿਕ ਦਲਾਂ ਦਾ ਸਿੱਧਾ ਸੰਪਰਕ ਜਨਤਾ ਨਾਲ ਸਥਾਪਿਤ ਨਹੀਂ ਹੁੰਦਾ, ਉਦੋਂ ਤੱਕ ਭਾਰਤੀ ਦਲੀ ਪ੍ਰਣਾਲੀ ਸਫਲਤਾਪੂਰਵਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਹੀਂ ਕਰ ਸਕਦੀ।

**17. ਰਾਜਨੀਤਿਕ ਦਲਾਂ ਵਿੱਚ ਲੋਕ ਅੰਤਰ ਦਾ ਅਹਿਸਾਸ** (Lack of Democracy within Political Parites)- ਭਾਰਤੀ ਰਾਜਨੀਤਿਕ ਦਲਾਂ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਰਾਜਨੀਤਿਕ ਦਲਾਂ ਦਾ ਅੰਦਰਲਾ ਢਾਂਚਾ ਲੋਕਤੰਤ੍ਰਿਕ ਸਿਧਾਂਤਾਂ ਅਤੇ ਮੁੱਲਾਂ 'ਤੇ ਅਧਾਰਿਤ ਨਹੀਂ ਹੈ। ਰਾਜਨੀਤਿਕ ਦਲਾਂ ਦੀਆਂ ਆਪਣੀਆਂ ਸੰਗਠਨਾਤਮਕ ਚੋਣਾਂ ਸਾਲਾਂ ਤੱਕ ਨਹੀਂ ਹੁੰਦੀਆਂ। ਅਪ੍ਰੈਲ 1992 ਵਿੱਚ 22 ਸਾਲਾਂ ਤੋਂ ਬਾਅਦ ਕਾਂਗਰਸ (ਆਈ) ਦੀਆਂ ਸੰਗਠਨਾਤਮਕ ਚੋਣਾਂ ਹੋਈਆਂ ਹਨ, ਸੰਗਠਨਾਤਮਕ ਚੋਣਾਂ ਨਾ ਹੋਣ ਨਾਲ ਭਾਵ ਸਾਰੇ ਦਲਾਂ ਵਿੱਚ ਦਲੀਏ ਤਾਨਾਸ਼ਾਹੀ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ, ਜਦੋਂ ਤੱਕ ਰਾਜਨੀਤਿਕ ਦਲਾਂ ਵਿੱਚ ਅੰਦਰਲੀ ਪ੍ਰਜਾਤੰਤਰ ਦੀ ਸਥਾਪਨਾ ਨਹੀਂ ਹੁੰਦੀ, ਉਦੋਂ ਤੱਕ ਰਾਸ਼ਟਰ ਦੀ ਰਾਜਨੀਤੀ ਵਿੱਚ ਲੋਕਤੰਤ੍ਰਿਕ ਸਿਧਾਂਤਾਂ 'ਤੇ ਅਤੇ ਮੁੱਲਾਂ ਦੀ ਸਥਾਪਨਾ ਹੋਣਾ ਅਸੰਭਵ ਹੈ।

**18. ਰਾਜਨੀਤਿਕ ਦਲਾਂ ਵਿੱਚ ਸਿਧਾਂਤਹੀਣ ਸਮਝੌਤੇ** (Non-Principal Alliance of Political Parties)– ਭਾਰਤੀ ਦਲੀ ਪ੍ਰਣਾਲੀ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਅਤੇ ਦੋਸ਼ ਇਹ ਹੈ ਕਿ ਰਾਜਨੀਤਿਕ ਦਲ ਆਪਣੇ ਸਵਾਰਥਾਂ ਦੀ ਪੂਰਤੀ ਲਈ ਸਿਧਾਂਤਹੀਣ ਸਮਝੌਤੇ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ ਤਾਂ ਕਿ ਸੱਤਾ ਦੀ ਪ੍ਰਾਪਤੀ ਹੋ ਜਾਵੇ। ਜਨਵਰੀ 1980 ਦੀਆਂ ਲੋਕ ਸਭਾ ਚੋਣਾਂ ਵਿੱਚ ਲੱਗਭਗ ਸਾਰੇ ਦਲਾਂ ਨੇ ਸਿਧਾਂਤਹੀਣ ਸਮਝੌਤੇ ਕੀਤੇ। ਮਾਰਚ 1987 ਵਿੱਚ ਕਾਂਗਰਸ (ਆਈ) ਨੈਸ਼ਨਲ ਕਾਨਫਰੰਸ (ਫ) ਨਾਲ ਚੋਣ ਗਠਬੰਧਨ ਕੀਤਾ ਗਿਆ ਅਤੇ ਮਿਲੀ ਜੁਲੀ ਸਰਕਾਰ ਬਣਾਈ। 1989 ਦੀਆਂ ਚੋਣਾਂ ਮੌਕੇ ਜਨਤਾ ਦਲ ਨੇ ਮਾਰਕਸਵਾਦੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਨਾਲ ਗਠਬੰਧਨ ਕੀਤਾ। 1991 ਦੀਆਂ ਲੋਕ ਸਭਾ ਚੋਣਾਂ ਮੌਕੇ ਲੱਗਭਗ ਸਾਰੇ ਦਲਾਂ ਨੇ ਅਵਸਰਵਾਦੀ ਸਮਝੌਤੇ ਕੀਤੇ।

ਨੋਟ

**19. ਰਾਜਨੀਤਿਕ ਦਲਾਂ ਵੱਲੋਂ ਕਾਲੇ ਧਨ ਦਾ ਆਯੋਗ** (Sue of Black Money by Partical Parties)– ਚੋਣਾਂ ਲਗਾਤਾਰ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ, ਇਸ ਲਈ ਚੋਣਾਂ ਹੁਣ ਵਿਅਰਥ ਹੋ ਗਈਆਂ ਹਨ। ਰਾਜਨੀਤਿਕ ਦਲ ਵੱਡੀਆਂ–ਵੱਡੀਆਂ ਕੰਪਨੀਆਂ ਅਤੇ ਪੂੰਜੀਪਤੀਆਂ ਤੋਂ ਧਨ ਇਕੱਠਾ ਕਰਦੇ ਹਨ, ਬਦਲੇ ਵਿੱਚ ਇਹ ਮਾਰਗ ਸ਼ਾਸਨ ਅਤੇ ਰਾਜਨੀਤਿਕ ਦਲਾਂ ਕੋਲੋਂ ਵਧੇਰੇ ਲਾਭ ਉਠਾਉਂਦੇ ਹਨ। ਸਰਕਾਰ ਵੱਲੋਂ ਕੰਪਨੀਆਂ 'ਤੇ ਰਾਜਨੀਤਿਕ ਦਲਾਂ ਨੂੰ ਚੰਦਾ ਦੇਣ 'ਤੇ ਰੋਕ ਲਗਾਉਣ ਦਾ ਕੋਈ ਵੀ ਅਸਰ ਨਹੀਂ ਪੈਂਦਾ। ਹੁਣ ਉਹ ਕਾਲਾ ਧਨ ਰਾਜਨੀਤਿਕ ਦਲਾਂ ਦੇ ਚੰਦੇ ਦੇ ਰੂਪ ਵਿੱਚ ਦਿੰਦੇ ਹਨ। ਫਲਸਰੂਪ ਇਮਾਨਦਾਰ ਪਰ ਸਾਧਨਹੀਣ ਵਿਅਕਤੀ ਚੋਣਾਂ ਲੜਨ ਦੀ ਗੱਲ ਸੋਚ ਵੀ ਨਹੀਂ ਸਕਦਾ। ਸੰਨ 1989 ਦੀਆਂ ਚੋਣਾਂ ਵਿੱਚ ਇੰਦਰਾ ਕਾਂਗਰਸ ਨੇ ਚੋਣ ਪ੍ਰਚਾਰ ਲਈ ਇਕ ਪ੍ਰਾਈਵੇਟ ਕੰਪਨੀ ਨੂੰ 75 ਕਰੋੜ ਦਾ ਠੇਕਾ ਇਕੱਲੇ ਦਿੱਤਾ ਸੀ।

**20. ਰਾਜਨੀਤਿਕ ਦਲਾਂ ਵਿੱਚ ਸੇਵਾ-ਭਾਵਨਾ ਦਾ ਅਹਿਸਾਸ** (Lack of Public Service Spirit in Political Parties)– ਹੁਣ ਰਾਜਨੀਤਿਕ ਦਲਾਂ ਲਈ ਰਾਜਨੀਤਿਕ ਖੇਤਰ ਅਤੇ ਸਰਵਜਨਕ ਜੀਵਨ ਸਮਾਜਿਕ ਸੇਵਾ ਦਾ ਇਕ ਪਵਿੱਤਰ ਸਾਧਨ ਨਾ ਰਹਿ ਕੇ ਸੱਤਾ 'ਤੇ ਅਧਿਕਾਰ ਜਮਾਉਣ ਦਾ ਇਕ ਉਪਕਰਣ ਬਣ ਗਿਆ ਹੈ ਅਤੇ ਸਿਧਾਂਤਾਂ ਦੀ ਬਲੀ ਚੜ੍ਹਾ ਕੇ ਵੀ ਕੁਰਸੀ ਹਥਿਆਉਣ ਵਿੱਚ ਰਾਜਨੀਤਿਕ ਦਲਾਂ ਨੂੰ ਕੋਈ ਸੰਕੋਚ ਨਹੀਂ ਹੈ।

**ਸਿੱਟਾ** (Conclusion) ਉਪਯੁਕਤ ਅਧਿਐਨ ਤੋਂ ਸਪੱਸ਼ਟ ਪਤਾ ਲੱਗ ਜਾਂਦਾ ਹੈ ਕਿ ਭਾਰਤੀ ਦਲੀ ਵਿਵਸਥਾ ਦਾ ਵਿਕਾਸ ਠੀਕ ਢੰਗ ਨਾਲ ਨਹੀਂ ਹੋ ਰਿਹਾ। ਇਸ ਵਿੱਚ ਅਨੇਕਾਂ ਅਜਿਹੀਆਂ ਕੰਪਨੀਆਂ ਹਨ ਜੋ ਲੋਕਤੰਤਰ ਲਈ ਘਾਤਕ ਸਿੱਧ ਹੋ ਸਕਦੀਆਂ ਹਨ। 1952 ਤੋਂ ਲੈ ਕੇ ਹੁਣ ਤੱਕ ਭਾਰਤੀ ਦਲ ਪ੍ਰਣਾਲੀ ਵਿੱਚ ਇੰਨੇ ਵਧੇਰੇ ਪਰਿਵਰਤਨ ਹੋਏ ਹਨ ਕਿ ਇਸ ਦਲੀ ਪ੍ਰਣਾਲੀ ਦੇ ਸਵਰੂਪ ਦੇ ਵਿਸ਼ੇ ਵਿੱਚ ਇੰਨਾ ਕਹਿਣਾ ਹੀ ਨਿਆ ਸੰਗਤ ਹੈ ਕਿ ਭਾਰਤੀ ਦਲੀ ਪ੍ਰਣਾਲੀ ਦਾ ਸਵਰੂਪ ਅਸਲ ਵਿੱਚ ਭਾਰਤੀ ਹੀ ਹੈ, ਕਿਉਂਕਿ ਇਹ ਦਲੀ ਪ੍ਰਣਾਲੀ ਭਾਰਤ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਦੀ ਉਪਜ ਹੈ। ਮਈ–ਜੂਨ 1996 ਵਿੱਚ ਹੋਈਆਂ ਲੋਕ ਸਭਾ ਚੋਣਾਂ ਨੇ ਭਾਰਤੀ ਦਲੀ ਪ੍ਰਣਾਲੀ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਹੁਣ ਭਾਰਤ ਵਿੱਚ ਹੀ ਧ੍ਰਵੀ ਬਹੁਦਲੀ ਵਿਵਸਥਾ (Bt Polau Mu etc. Party System) ਸਥਾਪਿਤ ਹੋ ਗਿਆ ਹੈ। ਕਾਂਗਰਸ (ਆਈ) ਅਤੇ ਭਾਜਪਾ ਦੋ ਧ੍ਰਵਾਂ ਦੇ ਰੂਪ ਵਿੱਚ ਉਭਰੇ ਹਨ। ਭਾਰਤੀ ਲੋਕਤੰਤਰ ਦੀ ਸਫਲਤਾ ਲਈ ਇਹ ਜ਼ਰੂਰੀ ਹੈ ਕਿ ਭਾਰਤ ਵਿੱਚ ਇੰਗਲੈਂਡ ਅਤੇ ਅਮਰੀਕਾ ਵਾਂਗ ਦੋ–ਦਲੀ ਵਿਵਸਥਾ ਵਿਕਸਿਤ ਹੋਵੇ। ਅੰਤ ਵਿੱਚ **ਪ੍ਰੋ. ਪਾਮਰ** (Prof. Palmer) ਦੇ ਅਨੁਸਾਰ, "ਰਾਜਨੀਤਿਕ ਢਾਂਚੇ ਦਾ ਅਜੇ ਵਿਕਾਸ ਹੋ ਰਿਹਾ ਹੈ ਅਤੇ ਉਸ ਦਾ ਆਖਰੀ ਸਵਰੂਪ ਕੀ ਹੋਵੇਗਾ, ਅਜੇ ਸਪੱਸ਼ਟ ਨਹੀਂ ਹੈ। ("The Indian political structure is still in the process of becoming and its final shape is still not so clear as one might assume.")

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks):

1. ਭਾਰਤ ਵਿੱਚ ................... ਪ੍ਰਣਾਲੀ ਹੈ।
2. 1977 ਵਿੱਚ ਜਨਤਾ ਪਾਰਟੀ ਨੂੰ ਬਹੁਮਤ ਪ੍ਰਾਪਤ ਹੋਇਆ, ਜਦ ਕਿ ..................... ਨੇ ਵਿਰੋਧੀ ਦਲ ਦੇ ਰੂਪ ਵਿੱਚ ਕੰਮ ਕੀਤਾ।
3. ਰਾਜਨੀਤਿਕ ਦਲ ਜਨਤਾ ਅਤੇ ................... ਵਿਚਕਾਰ ਕੜੀ ਦਾ ਕੰਮ ਕਰਦੀ ਹੈ।

## 14.2 ਭਾਰਤੀ ਰਾਜਨੀਤਿਕ ਵਿਵਸਥਾ ਦੀ ਦਲੀ ਪ੍ਰਣਾਲੀ ਦੀ ਭੂਮਿਕਾ (Role of Party System in Indian Political System)

ਭਾਰਤ ਵਿੱਚ ਸੰਸਦੀ ਸ਼ਾਸਨ ਪ੍ਰਣਾਲੀ ਨੂੰ ਅਪਣਾਇਆ ਗਿਆ ਹੈ। ਸਾਰੇ ਦੇਸ਼ਾਂ ਦੀ ਲੋਕਤੰਤਰੀ ਅਤੇ ਸੰਸਦੀ ਸ਼ਾਸਨ ਪ੍ਰਣਾਲੀ ਦੀ ਸਫਲਤਾ ਰਾਜਨੀਤਿਕ ਦਲਾਂ 'ਤੇ ਹੀ ਨਿਰਭਰ ਕਰਦੀ ਹੈ। ਭਾਰਤੀ ਰਾਜਨੀਤੀ ਅਤੇ ਸ਼ਾਸਨ ਵਿੱਚ ਰਾਜਨੀਤਿਕ ਦਲ ਹੇਠ ਲਿਖੀ ਭੂਮਿਕਾ ਨਿਭਾ ਰਹੀ ਹੈ।

**1. ਜਨਮਤ ਦਾ ਨਿਰਮਾਣ ਕਰਨਾ** (Formation of Public Opinion) – ਲੋਕਤੰਤਰ ਸਰਕਾਰ ਵਿੱਚ ਸ਼ਾਸਨ ਦੀ ਅੰਤਿਮ ਸ਼ਕਤੀ ਜਨਤਾ ਵਿੱਚ ਸ਼ਾਮਿਲ ਰਹਿੰਦੀ ਹੈ। ਸਾਰੇ ਰਾਜਨੀਤਿਕ ਦਲ ਜਨਤਾ ਨੂੰ ਆਪਣੇ ਪੱਖ ਵਿੱਚ ਕਰਨ ਲਈ ਜਨਮਤ ਦਾ ਨਿਰਮਾਣ ਕਰਦੇ ਹਨ। ਭਾਰਤ ਵਿੱਚ ਜ਼ਿਆਦਾਤਰ ਲੋਕ ਅਨਪੜ੍ਹ ਹਨ ਅਤੇ ਉਹ ਦੇਸ਼ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕਦੇ। ਭਾਰਤੀ ਰਾਜਨੀਤਿਕ ਦਲ ਆਮ ਜਨਤਾ ਸਾਹਮਣੇ ਦੇਸ਼ ਦੀਆਂ ਸਮੱਸਿਆਵਾਂ ਨੂੰ ਸਪੱਸ਼ਟ ਰੂਪ ਵਿੱਚ ਦੇਖਦੇ ਹਨ ਅਤੇ ਉਨ੍ਹਾਂ ਦਾ ਹੱਲ ਕਰਨ ਲਈ ਆਪਣੇ ਸੁਝਾਅ ਵੀ ਦਿੰਦੇ ਹਨ, ਜਿਸ ਨਾਲ ਜਨਮਤ ਦੇ ਨਿਰਮਾਣ ਵਿੱਚ ਬਹੁਤ ਸਹਾਇਤਾ ਮਿਲਦੀ ਹੈ।

2. **ਚੋਣਾਂ ਲੜਨੀਆਂ** (To Contest Election)– ਭਾਰਤ ਵਿੱਚ ਅਪ੍ਰੱਤਕ ਲੋਕਤੰਤਰ ਦੀ ਸਥਾਪਨਾ ਕੀਤੀ ਗਈ ਹੈ। ਇਸ ਪ੍ਰਣਾਲੀ ਵਿੱਚ ਸ਼ਾਸਨ ਜਨਤਾ ਵੱਲੋਂ ਚੁਣੇ ਪ੍ਰਤੀਨਿਧੀਆਂ ਵੱਲੋਂ ਚਲਾਇਆ ਜਾਂਦਾ ਹੈ। ਹਰੇਕ ਰਾਜਨੀਤਿਕ ਦਲ ਦਾ ਉਦੇਸ਼ ਸ਼ਾਂਤੀਪੂਰਵਕ ਉਪਾਵਾਂ ਨਾਲ ਸਰਕਾਰ 'ਤੇ ਕੰਟਰੋਲ ਪ੍ਰਾਪਤ ਕਰਨਾ ਹੁੰਦਾ ਹੈ। ਰਾਜਨੀਤਿਕ ਦਲ ਚੋਣਾਂ ਵਿੱਚ ਆਪਣੇ ਉਮੀਦਵਾਰ ਖੜ੍ਹਾ ਕਰਦੇ ਹਨ ਅਤੇ ਉਨ੍ਹਾਂ ਨੂੰ ਸਫਲ ਬਣਾਉਣ ਦਾ ਹਰੇਕ ਸੰਭਵ ਯਤਨ ਕਰਦੇ ਹਨ। ਉਹ ਆਪਣਾ ਇਕ ਚੋਣ ਘੋਸ਼ਣਾ ਪੱਤਰ (Election Mani-Festo) ਤਿਆਰ ਕਰਦੇ ਹਨ, ਜਿਸ ਦਾ ਜਨਤਾ ਵਿੱਚ ਪ੍ਰਚਾਰ ਕਰਦੇ ਹਨ।

3. **ਸਰਕਾਰ ਬਣਾਉਣਾ** (To Form Government)– ਜਿਸ ਰਾਜਨੀਤਿਕ ਦਲ ਨੂੰ ਚੋਣਾਂ ਵਿੱਚ ਬਹੁਮਤ ਪ੍ਰਾਪਤ ਹੋ ਜਾਂਦਾ ਹੈ, ਉਹ ਸਰਕਾਰ ਦਾ ਨਿਰਮਾਣ ਕਰਦਾ ਹੈ। ਸੰਨ 1980 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ (ਆਈ) ਨੂੰ ਬਹੁਮਤ ਪ੍ਰਾਪਤ ਹੋਇਆ ਅਤੇ ਉਸ ਦਲ ਨੇ ਸ਼੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਵਿੱਚ ਸਰਕਾਰ ਦੀ ਸਥਾਪਨਾ ਕੀਤੀ ਸੀ। ਸ਼ਾਸਨ ਨੂੰ ਆਪਣੇ ਹੱਥਾਂ ਵਿੱਚ ਲੈਣ ਤੋਂ ਬਾਅਦ ਉਹ ਦਲ ਆਪਣੀ ਨੀਤੀ ਨੂੰ ਜੋ ਉਸ ਨੇ ਚੋਣਾਂ ਸਮੇਂ ਜਨਤਾ ਦੇ ਸਾਹਮਣੇ ਰੱਖੀ ਸੀ, ਰਾਸ਼ਟਰਪਤੀ ਹਿੱਤ ਲਈ ਚਲਾਉਣ ਦਾ ਯਤਨ ਕਰਦਾ ਹੈ। ਸੰਨ 1984 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ (ਆਈ) ਨੂੰ ਬਹੁਮਤ ਪ੍ਰਾਪਤ ਹੋਇਆ ਅਤੇ ਉਸ ਦਲ ਨੇ ਸ਼੍ਰੀ ਰਾਜੀਵ ਗਾਂਧੀ ਦੀ ਅਗਵਾਈ ਵਿੱਚ ਸਰਕਾਰ ਦੀ ਸਥਾਪਨਾ ਕੀਤੀ ਸੀ। 1989 'ਚ ਲੋਕ ਸਭਾ ਚੋਣਾਂ ਵਿੱਚ ਕਿਸੇ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਹੀਂ ਹੋਇਆ ਸੀ। ਪਰ ਸ਼੍ਰੀ ਵੀ. ਪੀ. ਸਿੰਘ ਨੂੰ ਮਜਬੂਰ ਹੋ ਕੇ ਤਿਆਗ ਪੱਤਰ ਦੇਣਾ ਪਿਆ ਅਤੇ ਸ਼੍ਰੀ ਚੰਦਰ ਸ਼ੇਖਰ ਦੀ ਅਗਵਾਈ ਵਿੱਚ ਸਰਕਾਰ ਬਣੀ ਅਤੇ ਉਨ੍ਹਾਂ ਨੂੰ ਵੀ ਮਜਬੂਰ ਹੋ ਕੇ ਤਿਆਗ ਪੱਤਰ ਦੇਣਾ ਪਿਆ ਅਤੇ ਲੋਕ ਸਭਾ ਦੀਆਂ ਮੱਧ ਵਿਧੀ ਚੋਣਾਂ ਹੋਈਆਂ। ਕਿਸੇ ਵੀ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਹੀਂ ਹੋਇਆ, ਪਰ 21 ਜੂਨ 1991 ਨੂੰ ਸ਼੍ਰੀ ਪੀ. ਵੀ. ਨਰਸਿਮ੍ਹਾ ਰਾਓ ਦੀ ਅਗਵਾਈ ਵਿੱਚ ਸਰਕਾਰ ਬਣਾਈ ਗਈ ਅਤੇ ਉਹ ਗੰਭੀਰ ਸਥਿਤੀ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

4. **ਵਿਧਾਨ ਮੰਡਲ ਵਿੱਚ ਅਨੁਸ਼ਾਸਨ ਸਥਾਪਿਤ ਕਰਨਾ** (Discipline in Legislature)- ਵਿਧਾਨ ਮੰਡਲ ਦੇ ਮੈਂਬਰ ਬਿਨਾਂ ਕਿਸੇ ਅਗਵਾਈ ਅਤੇ ਸੰਗਠਨ ਦੇ ਸੁਚਾਰੂ ਰੂਪ ਨਾਲ ਕੰਮ ਨਹੀਂ ਕਰ ਸਕਦੇ ਅਤੇ ਇਹ ਅਗਵਾਈ ਉਨ੍ਹਾਂ ਨੂੰ ਰਾਜਨੀਤਿਕ ਦਲਾਂ ਵੱਲੋਂ ਹੀ ਪ੍ਰਦਾਨ ਕੀਤੀ ਜਾਂਦੀ ਹੈ। ਇਕ ਹੀ ਦਲ ਦੇ ਮੈਂਬਰ ਆਪਣੇ ਆਪ ਨੂੰ ਦਲ ਦੇ ਕਿਸੇ ਯੋਗ ਅਤੇ ਪ੍ਰਭਾਵਸ਼ਾਲੀ ਨੇਤਾ ਦੀ ਅਗਵਾਈ ਵਿੱਚ ਸੰਗਠਿਤ ਕਰਦੇ ਹਨ ਅਤੇ ਦਲ ਦੇ ਆਦੇਸ਼ਾ ਅਨੁਸਾਰ ਹੀ ਵਿਧਾਨ ਮੰਡਲ ਵਿੱਚ ਕੰਮ ਕਰਦੇ ਹਨ। ਇਸ ਤਰ੍ਹਾਂ ਦੇ ਅਨੁਸ਼ਾਸਨ ਦੇ ਅਹਿਸਾਸ ਵਿੱਚ ਵਿਧਾਨ ਮੰਡਲ ਮੈਂਬਰਾਂ ਦੇ ਝਗੜਿਆਂ ਦਾ ਕੇਂਦਰ ਬਣ ਜਾਵੇਗਾ।

5. **ਲੋਕਾਂ ਨੂੰ ਰਾਜਨੀਤਿਕ ਸਿੱਖਿਆ ਪ੍ਰਦਾਨ ਕਰਨਾ** (Political Education to the People)–+ਰਾਜਨੀਤਿਕ ਦਲ ਲੋਕਾਂ ਨੂੰ ਸਿੱਖਿਆ ਦੇਣ ਦਾ ਮਹੱਤਵਪੂਰਨ ਕੰਮ ਕਰਦੇ ਹਨ। ਹਰੇਕ ਦਲ ਦੇਸ਼ ਦੀਆਂ ਵੱਖ-ਵੱਖ ਸਮੱਸਿਆਵਾਂ 'ਤੇ ਆਪਣੇ ਦ੍ਰਿਸ਼ਟੀਕੋਣ ਨਾਲ ਵਿਚਾਰ ਕਰਦਾ ਹੈ ਅਤੇ ਉਨ੍ਹਾਂ ਦੇ ਹੱਲ ਲਈ ਤਰੀਕੇ ਨਿਸ਼ਚਿਤ ਕਰਦਾ ਹੈ। ਉਸ ਤੋਂ ਬਾਅਦ ਹਰੇਕ ਦਲ ਆਪਣੇ ਦ੍ਰਿਸ਼ਟੀਕੋਣ ਦਾ ਲੋਕਾਂ ਵਿੱਚ ਪ੍ਰਚਾਰ ਕਰਦਾ ਹੈ, ਜਿਸ ਨਾਲ ਜਨਤਾ ਨੂੰ ਇਹ ਪਤਾ ਚੱਲਦਾ ਹੈ ਕਿ ਦੇਸ਼ ਦੇ ਸਾਹਮਣੇ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਹਨ ਅਤੇ ਉਨ੍ਹਾਂ ਦਾ ਕੀ ਹੱਲ ਸੰਭਵ ਹੈ। ਇਸ ਨਾਲ ਜੋ ਅਨਪੜ੍ਹ ਹਨ ਅਤੇ ਅਖ਼ਬਾਰਾਂ ਆਦਿ ਨਹੀਂ ਪੜ੍ਹ ਸਕਦੇ, ਦੇਸ਼ ਅਤੇ ਉਨ੍ਹਾਂ ਦੀ ਸਮੱਸਿਆਵਾ ਸਬੰਧੀ ਵਿੱਚ ਜਾਣਕਾਰੀ ਪ੍ਰਾਪਤ ਕਰ ਲੈਂਦੇ ਹਨ। ਇਸ ਨਾਲ ਉਨ੍ਹਾਂ ਦੀ ਦੇਸ਼ ਅਤੇ ਸਰਕਾਰ ਵਿੱਚ ਰੁਚੀ ਵੱਧਦੀ ਹੈ।

6. **ਵਿਰੋਧੀ ਦਲ ਦਾ ਨਿਰਮਾਣ ਕਰਨਾ** (To Form Opposition)– ਜੋ ਰਾਜਨੀਤਿਕ ਦਲ ਚੋਣਾਂ ਵਿੱਚ ਹਾਰ ਜਾਂਦਾ ਹੈ, ਉਹ ਵਿਰੋਧੀ ਦਲ ਦਾ ਨਿਰਮਾਣ ਕਰਦਾ ਹੈ। 1977 ਵਿੱਚ ਜਨਤਾ ਨੂੰ ਬਹੁਮਤ ਪ੍ਰਾਪਤ ਹੋਇਆ ਅਤੇ ਉਸ ਦੀ ਸਰਕਾਰ ਬਣੀ, ਜਦੋਂ ਕਿ ਕਾਂਗਰਸ (ਆਈ) ਨੇ ਵਿਰੋਧੀ ਦਲ ਦੇ ਰੂਪ ਵਿੱਚ ਕੰਮ ਕੀਤਾ। ਮਈ-ਜੂਨ 1991 ਨੂੰ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਿਸੇ ਵੀ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਹੀਂ ਹੋਇਆ ਸੀ ਪਰ ਕਾਂਗਰਸ ਨੇ ਸਰਕਾਰ ਨੂੰ ਬਣਾਇਆ ਭਾਰਤੀ ਜਨਤਾ ਪਾਰਟੀ ਨੂੰ ਲੋਕ ਸਭਾ ਵਿੱਚ ਵਿਰੋਧੀ ਦਲ ਦੇ ਰੂਪ ਵਿੱਚ ਮਾਨਤਾ ਪ੍ਰਦਾਨ ਕੀਤੀ ਗਈ। ਵਿਰੋਧੀ ਦਲ ਸਰਕਾਰ ਨੂੰ ਅੱਤਿਆਚਾਰੀ ਬਣਨ ਤੋਂ ਰੋਕਦਾ ਹੈ ਅਤੇ ਜੇਕਰ ਸਰਕਾਰ ਮਨਮਰਜ਼ੀ ਕਰਦੀ ਹੈ ਅਤੇ ਜਨਤਾ ਦੀ ਭਲਾਈ ਦੀ ਪ੍ਰਵਾਹ ਨਹੀਂ ਕਰਦੀ, ਉਦੋਂ ਵਿਰੋਧੀ ਦਲ ਸਰਕਾਰ ਵਿਰੁੱਧ ਬੇਭਰੋਸਗੀ ਪ੍ਰਸਤਾਵ ਪਾਸ ਕਰਕੇ ਉਸ ਨੂੰ ਹਟਾ ਸਕਦੀ ਹੈ। ਲੋਕਤੰਤਰ ਦੀ ਸਫਲਤਾ ਸੰਗਠਿਤ ਵਿਰੋਧੀ ਦਲ 'ਤੇ ਵੀ ਨਿਰਭਰ ਕਰਦੀ ਹੈ। ਵਿਰੋਧੀ ਦਲ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦੇ ਹਨ।

7. **ਜਨਤਾ ਅਤੇ ਸਰਕਾਰ ਵਿੱਚ ਕੜੀ ਦਾ ਕੰਮ ਕਰਨਾ** (To serve as Link between the People and the Government)– ਭਾਰਤੀ ਰਾਜਨੀਤਿਕ ਦਲ ਜਨਤਾ ਅਤੇ ਸਰਕਾਰ ਵਿੱਚ ਸਬੰਧ ਬਣਾਈ ਰੱਖਦਾ ਹੈ। ਉਹ ਸਰਕਾਰ ਦੀਆਂ ਨੀਤੀਆਂ ਅਤੇ ਕੰਮਾਂ ਦਾ ਜਨਤਾ ਵਿੱਚ ਖੂਬ ਪ੍ਰਚਾਰ ਕਰਦੇ ਹਨ ਅਤੇ ਇਸ ਸਬੰਧੀ ਉਨ੍ਹਾਂਨੂੰ ਜਾਣਕਾਰੀ ਦਿੰਦੇ ਹਨ। ਇਸ ਤੋਂ ਇਲਾਵਾ ਰਾਜਨੀਤਿਕ ਦਲ ਜਨਤਾ ਦੀਆਂ ਸ਼ਿਕਾਇਤਾਂ ਨੂੰ ਸਰਕਾਰ ਤੱਕ ਪਹੁੰਚਾਉਂਦੇ ਹਨ। ਰਾਜਨੀਤਿਕ ਦਲ ਸਰਕਾਰ ਦੇ ਕਾਨੂੰਨਾਂ ਅਤੇ ਨੀਤੀਆਂ ਦਾ ਗਹਿਰਾ ਅਧਿਐਨ ਕਰਦੇ ਹਨ ਅਤੇ ਉਨ੍ਹਾ ਦੀਆਂ ਇੱਛਾਵਾਂ ਅਤੇ ਬੁਰਾਈਆਂ ਨੂੰ ਜਨਤਾ ਦੇ ਸਾਹਮਣੇ ਰੱਖਦੇ ਹਨ। ਇਸ ਤਰ੍ਹਾਂ ਦਲ ਜਨਤਾ ਅਤੇ ਸਰਕਾਰ ਨੂੰ ਇਕ ਦੂਸਰੇ ਦੇ ਨਜ਼ਦੀਕ ਲਿਆਉਣ ਦਾ ਕੰਮ ਕਰਦੇ ਹਨ।

ਨੋਟ

**8. ਦਲ ਸਰਕਾਰ ਦੇ ਵੱਖ-ਵੱਖ ਅੰਗਾਂ ਵਿੱਚ ਸਹਿਯੋਗ ਸਥਾਪਿਤ ਕਰਦੇ ਹਨ** (They create Co-operation Among various of the Government)– ਰਾਜਨੀਤਿਕ ਦਲ ਸਰਕਾਰ ਦੇ ਵੱਖ-ਵੱਖ ਅੰਗਾਂ ਅਤੇ ਵਿਭਾਗਾਂ ਵਿੱਚ ਪ੍ਰਸਪਰ ਸਹਿਯੋਗ ਪੈਦਾ ਕਰਦੇ ਹਨ ਜੋ ਸਰਕਾਰ ਦੇ ਸਫਲਤਾਪੂਰਵਕ ਚਲਾਉਣ ਲਈ ਬਹੁਤ ਜ਼ਰੂਰੀ ਹੈ। ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਦਲ ਦੇ ਅਧਾਰ 'ਤੇ ਵਿਧਾਨ ਮੰਡਲ ਅਤੇ ਕਾਰਜ ਪਾਲਿਕਾ ਵਿੱਚ ਸਹਿਯੋਗ ਪੈਦਾ ਹੁੰਦਾ ਹੈ, ਜਿਸ ਦੇ ਨਤੀਜੇ ਵਜੋਂ ਚੰਗੇ ਕਾਨੂੰਨਾਂ ਦਾ ਪਾਸ ਹੋਣਾ ਸੰਭਵ ਹੁੰਦਾ ਹੈ। ਸਰਕਾਰ ਦੇ ਇਨ੍ਹਾਂ ਦੋਵਾਂ ਅੰਗਾਂ ਵਿੱਚ ਗਤੀਰੋਧ ਪੈਦਾ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਕਿਉਂਕਿ ਉਸੇ ਦਲ ਦਾ ਸਰਕਾਰ 'ਤੇ ਵੀ ਕੰਟਰੋਲ ਹੁੰਦਾ ਹੈ ਜਿਸ ਨੂੰ ਵਿਧਾਨ ਮੰਡਲ ਵਿੱਚ ਬਹੁਮਤ ਦਾ ਸਮਰਥਨ ਪ੍ਰਾਪਤ ਹੁੰਦਾ ਹੈ।

**9. ਸ਼ਾਂਤੀਪੂਰਵਕ ਢੰਗ ਨਾਲ ਸਰਕਾਰ ਵਿੱਚ ਪਰਿਵਰਤਨ** (Peaceful Change in Government)– ਰਾਜਨੀਤਿਕ ਦਲ ਹੀ ਦੇਸ਼ ਵਿੱਚ ਸਰਕਾਰ ਦਾ ਸ਼ਾਂਤੀਪੂਰਵਕ ਢੰਗ ਨਾਲ ਪਰਿਵਰਤਨ ਸੰਭਵ ਬਣਾਉਂਦੇ ਹਨ। ਸੰਕਟ ਦੀ ਸਥਿਤੀ ਦੌਰਾਨ ਜਦੋਂ ਸ਼੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਨੇ ਲੋਕਾਂ 'ਤੇ ਅੱਤਿਆਚਾਰ ਕੀਤੇ ਤਾਂ 1977 ਦੀਆਂ ਚੋਣਾਂ ਵਿੱਚ ਲੋਕਾਂ ਨੇ ਉਸ ਨੂੰ ਹਰਾ ਕੇ ਜਨਤਾ ਪਾਰਟੀ ਦੇ ਹੱਥਾਂ ਵਿੱਚ ਸੱਤਾ ਸੌਂਪ ਦਿੱਤੀ। ਜਦੋਂ ਜਨਤਾ ਪਾਰਟੀ ਆਪਣੀ ਫੁੱਟ ਦੇ ਕਾਰਨ ਦੇਸ਼ ਨੂੰ ਸਥਾਈ ਸਰਕਾਰ ਨਹੀਂ ਦੇ ਸਕੀ ਤਾਂ 1980 ਦੀਆਂ ਚੋਣਾਂ ਵਿੰਚ ਜਨਤਾ ਨੇ ਉਸ ਦੇ ਵਿਰੁੱਧ ਮਤਦਾਨ ਕਰਕੇ ਉਸ ਨੂੰ ਹਟਾ ਦਿੱਤਾ। ਇਸ ਤਰ੍ਹਾਂ ਇਹ ਪਰਿਵਰਤਨ ਪੂਰੇ ਰੂਪ ਨਾਲ ਸ਼ਾਂਤਮਈ ਤਰੀਕੇ ਨਾਲ ਹੋਇਆ। ਰਾਜਨੀਤਿਕ ਦਲਾਂ ਦੇ ਅਹਿਸਾਸ ਵਿੱਚ ਅਜਿਹੇ ਪਰਿਵਰਤਨ ਲਈ ਕ੍ਰਾਂਤੀ ਦਾ ਸਹਾਰਾ ਲੈਣਾ ਪੈਂਦਾ ਹੈ ਜਿਸ ਨਾਲ ਦੇਸ਼ ਵਿੱਚ ਜਾਨ ਅਤੇ ਮਾਲ ਦੀ ਬਹੁਤ ਹਾਨੀ ਹੁੰਦੀ ਹੈ।

**10. ਕੇਂਦਰ ਅਤੇ ਇਕਾਈਆਂ ਵਿੱਚ ਤਾਲਮੇਲ ਕਰਨਾ** (To Create Harmony between Centre and the Units)– ਭਾਰਤ ਵਿੱਚ ਸੰਘੀ ਵਿਵਸਥਾ ਨੂੰ ਅਪਣਾਇਆ ਗਿਆ ਹੈ, ਜਿਸ ਵਿੱਚ ਸ਼ਕਤੀਆਂ ਦੀ ਵੰਡ ਕੇਂਦਰ ਅਤੇ ਪ੍ਰਾਂਤਾਂ ਵਿੱਚ ਕੀਤੀ ਜਾਂਦੀ ਹੈ। ਸ਼ਕਤੀਆਂ ਦੀ ਵੰਡ ਹੋਣ ਨਾਲ ਕਈ ਵਾਰ ਕੇਂਦਰ ਅਤੇ ਪ੍ਰਾਂਤਾਂ ਵਿੱਚ ਤਣਾਅਪੂਰਨ ਸਥਿਤੀ ਪੈਦਾ ਹੋ ਸਕਦੀ ਹੈ। ਸਾਡੇ ਦੇਸ਼ ਵਿੱਚ ਰਾਜਨੀਤਿਕ ਦਲਾਂ ਨੇ ਹਮੇਸ਼ਾ ਇਸ ਗਤੀਰੋਧ ਨੂੰ ਪੂਰਾ ਕਰਨ ਦਾ ਹਰ ਸੰਭਵ ਯਤਨ ਕੀਤਾ ਹੈ। ਜਦੋਂ ਸਾਡੇ ਦੇਸ਼ ਵਿੱਚ ਕੇਂਦਰ ਅਤੇ ਪ੍ਰਾਂਤਾਂ ਵਿੱਚ ਕਾਂਗਰਸ ਦਲ ਦੀਆਂ ਸਰਕਾਰਾਂ ਸਨ, ਉਸ ਸਮੇਂ ਦੋਵਾਂ ਵਿੱਚ ਬਹੁਤ ਹੀ ਚੰਗੇ ਸਬੰਧ ਸਨ ਪਰ 1967 ਵਿੱਚ ਚੌਥੀਆਂ ਆਮ ਚੋਣਾਂ ਤੋਂ ਬਾਅਦ ਕੁਝ ਪ੍ਰਾਂਤਾਂ ਵਿੱਚ ਗੈਰ ਕਾਂਗਰਸ ਸਰਕਾਰਾਂ ਬਣੀਆਂ, ਜਿਸ ਨਾਲ ਦੋਵਾਂ ਵਿੱਚ ਤਣਾਅਪੂਰਨ ਸਥਿਤੀ ਪੈਦਾ ਹੋਈ। ਸਾਡੇ ਦੇਸ਼ ਦੇ ਕੁਝ ਪ੍ਰਾਂਤ ਕਾਫੀ ਸਮੇਂ ਤੋਂ ਇਹ ਮੰਗ ਕਰ ਰਹੇ ਹਨ ਕਿ ਪ੍ਰਾਂਤਾਂ ਦੀਆਂ ਸ਼ਕਤੀਆਂ ਵਿੱਚ ਵਾਧਾ ਕੀਤਾ ਜਾਵੇ ਅਤੇ ਉਹ More Provincial Autonomy) ਚਾਹੁੰਦੇ ਹਨ। ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ ਤਾਂ ਹੀ ਬਣੀ ਰਹਿ ਸਕਦੀ ਹੈ ਜਦੋਂ ਕੇਂਦਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਆਪਸ ਵਿੱਚ ਤਾਲਮੇਲ ਨੂੰ ਬਣਾਈ ਰੱਖਣ ਅਤੇ ਰਾਸ਼ਟਰ ਦੇ ਹਿੱਤ ਵਿੱਚ ਕੰਮ ਕਰੇ। ਸਾਰੇ ਰਾਜਨੀਤਿਕ ਦਲਾਂ ਦਾ ਇਹੀ ਮੁੱਖ ਉਦੇਸ਼ ਹੋਣਾ ਚਾਹੀਦਾ ਹੈ।

**11. ਸਮਾਜਿਕ ਅਤੇ ਆਰਥਿਕ ਸੁਧਾਰ** (Social and Economic Reforms)– ਸਿਰਫ ਸਾਰੇ ਦੇਸ਼ਾਂ ਵਿੱਚ ਰਾਜਨੀਤਿਕ ਦਲ ਸਮਾਜਿਕ ਅਤੇ ਆਰਥਿਕ ਸੁਧਾਰਾਂ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਉਂਦੇ ਹਨ। ਰਾਜਨੀਤਿਕ ਦਲ ਲੋਕਾਂ ਵਿੱਚ ਪ੍ਰਚੱਲਿਤ ਬੁਰੇ ਰੀਤੀ-ਰਿਵਾਜ਼ਾਂ ਨੂੰ ਖਤਮ ਕਰਕੇ ਨਵੇਂ ਸੁਧਾਰ ਲਿਆਉਣ ਦਾ ਯਤਨ ਕਰਦੇ ਹਨ। ਸਾਡੇ ਸਾਬਕਾ ਪ੍ਰਧਾਨ ਮੰਤਰੀ ਸਵ. ਸ਼੍ਰੀ ਰਾਜੀਵ ਗਾਂਧੀ ਨੇ ਦਹੇਜ ਪ੍ਰਥਾ, ਜਾਤੀ ਪ੍ਰਥਾ ਅਤੇ ਸਤੀ ਪ੍ਰਥਾ ਆਦਿ ਬੁਰਾਈਆਂ ਦੇ ਵਿਰੋਧ ਵਿੱਚ ਵੱਡੇ ਪੈਮਾਨੇ 'ਤੇ ਅਭਿਆਨ ਚਲਾਇਆ ਸੀ। ਸਾਡੇ ਦੇਸ਼ ਵਿੱਚ ਛੂਆ-ਛੂਤ ਨੂੰ ਪੂਰਨ ਰੂਪ ਨਾਲ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions):

4. ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ ਕਦੋਂ ਹੋਈ ਸੀ?

   (ਅ) 1885 (ਬ) 1884

   (ਸ) 1886 (ਦ) 1857

5. ਭਾਰਤੀ ਜਨਤਾ ਪਾਰਟੀ ਦਾ ਨਿਰਮਾਣ ਕਦੋਂ ਹੋਇਆ ਸੀ?

   (ਅ) 16 ਅਪ੍ਰੈਲ 1980 (ਬ) 6 ਅਗਸਤ 1980

   (ਸ) 6 ਅਪ੍ਰੈਲ 1980 (ਦ) 15 ਅਗਸਤ 1980

6. ਭਾਰਤ ਵਿੱਚ ਸਾਮਵਾਦੀ ਦਲ ਦੀ ਸਥਾਪਨਾ ਕਦੋਂ ਹੋਈ ਸੀ?

   (ਅ) 1925 (ਬ) 1923

   (ਸ) 1948 (ਦ) 1924

7. ਭਾਰਤੀ ਸਾਮਵਾਦੀ ਦਲ ਦੀ ਵੰਡ ਕਦੋਂ ਹੋਈ ਸੀ?

   (ੳ) 1965 (ਬ) 1964

   (ਸ) 1968 (ਦ) 1962

## 14.3 ਭਾਰਤੀ ਰਾਸ਼ਟਰੀ ਰਾਜਨੀਤਿਕ ਦਲ (Indian National Political Parties)

ਭਾਰਤੀ ਸ਼ਾਸਨ ਅਤੇ ਰਾਜਨੀਤੀ ਵਿੱਚ ਰਾਜਨੀਤਿਕ ਦਲ ਆਪਣੀ ਸ਼ਲਾਘਾਯੋਗ ਅਤੇ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ ਇਨ੍ਹਾਂ ਤੋਂ ਬਿਨਾਂ ਭਾਰਤੀ ਲੋਕਤੰਤਰ ਅਤੇ ਸੰਸਦੀ ਸ਼ਾਸਨ ਪ੍ਰਣਾਲੀ ਸਫਲ ਨਹੀਂ ਹੋ ਸਕਦੀ। ਕੁਝ ਮੁੱਖ ਰਾਸ਼ਟਰੀ ਰਾਜਨੀਤਿਕ ਦਲ ਇਸ ਤਰ੍ਹਾਂ ਹਨ–

### 14.3.1 ਭਾਰਤੀ ਰਾਸ਼ਟਰੀ ਕਾਂਗਰਸ (ਆਈ) Indian National Congress (I)

ਇਕ ਅੰਗਰੇਜ਼ ਸਿਵਲ ਅਧਿਕਾਰੀ ਏ. ਓ. ਡ਼ੂਮ ਵੱਲੋਂ 1885 ਵਿੱਚ ਕਾਂਗਰਸ ਦਾ ਜਨਮ ਹੋਇਆ। ਉਦੋਂ ਤੋਂ ਲੈ ਕੇ ਸੁਤੰਤਰਤਾ ਪ੍ਰਾਪਤੀ ਤੱਕ ਇਸ ਦਲ ਨੇ ਲਗਾਤਾਰ ਸੁਤੰਤਰਤਾ ਦੀ ਲੜਾਈ ਬ੍ਰਿਟਿਸ਼ ਸਰਕਾਰ ਵਿਰੁੱਧ ਲੜੀ। ਅਜ਼ਾਦੀ ਤੋਂ ਬਾਅਦ 1947 ਤੋਂ ਲੈ ਕੇ 1977 ਤੱਕ ਕੇਂਦਰ ਵਿੱਚ ਕਾਗਰਸ ਦਲ ਦੀ ਸਰਕਾਰ ਰਹੀ ਹੈ। ਨਵੰਬਰ 1969 ਵਿੱਚ ਕਾਂਗਰਸ ਦਲ ਵਿੱਚ ਫੁੱਟ ਪੈ ਗਈ ਅਤੇ ਇਸ ਦੇ ਦੋ ਦਲ "ਸੱਤਾਧਾਰੀ ਕਾਂਗਰਸ" ਅਤੇ "ਸੰਗਠਨ ਕਾਂਗਰਸ" ਬਣ ਗਏ। ਦਸੰਬਰ 1978 ਵਿੱਚ ਕਾਂਗਰਸ ਦੀ ਫਿਰ ਤੋਂ ਵੰਡ ਹੋ ਗਈ। ਇਕ ਦਲ ਕਾਂਗਰਸ ਕਹਾਉਂਦਾ ਅਤੇ ਦੂਸਰਾ ਕਾਂਗਰਸ (ਆਈ), ਪਰ ਦੋਨਾਂ ਹੀ ਦਲਾਂ ਦਾ ਸੰਗਠਨ ਅਤੇ ਪ੍ਰੋਗਰਾਮ ਇੱਕੋ ਜਿਹਾ ਹੀ ਹੈ। ਜਨਵਰੀ 1980 ਦੇ ਸੱਤਵੀਂ ਲੋਕ ਸਭਾ ਚੋਣਾ ਵਿੱਚ ਕਾਂਗਰਸ (ਆਈ) ਸੱਤਾ ਵਿੱਚ ਆਈ। 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ ਅਤੇ ਇਸ ਤੋਂ ਬਾਅਦ ਸ਼੍ਰੀ ਰਾਜੀਵ ਗਾਂਧੀ ਦੇਸ਼ ਦੇ ਪ੍ਰਧਾਨ ਮੰਤਰੀ ਬਣੇ। ਉਸ ਦੀ ਅਗਵਾਈ ਵਿੱਚ ਅੱਠਵੀਂ ਲੋਕ ਸਭਾ ਦੀਆਂ ਚੋਣਾਂ ਪੂਰੀਆਂ ਹੋਈਆਂ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਇਤਿਹਾਸਿਕ ਸਫਲਤਾ ਪ੍ਰਾਪਤ ਹੋਈ। ਨੌਵੀਂ ਲੋਕ ਸਭਾ ਦੀਆਂ ਚੋਣਾਂ 1989 ਵਿੱਚ ਹੋਈਆਂ ਜਿਸ ਵਿੱਚ ਕਾਂਗਰਸ ਆਈ ਬਹੁਮਤ ਵਿੱਚ ਨਹੀਂ (ਆਈ) ਅਤੇ ਜਨਤਾ ਦਲ ਨੇ ਸਰਕਾਰ ਬਣਾਈ। 1991 ਵਿੱਚ ਦਸਵੀਂ ਲੋਕ ਸਭਾ ਦੇ ਮੱਧ ਵਿਧੀ ਚੋਣਾ ਹੋਈਆਂ। ਲੋਕ ਸਭਾ ਦੇ ਇਸ ਚੋਣ ਅਭਿਆਨ ਵਿੱਚ ਸ਼੍ਰੀ ਰਾਜੀਵ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ। 21 ਜੂਨ 1991 ਨੂੰ ਸ਼੍ਰੀ ਪੀ. ਵੀ. ਨਰਸਿਮ੍ਹਾ ਰਾਓ ਨੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਸਹੁੰ ਚੁੱਕੀ ਸੀ।

**ਕਾਂਗਰਸ (ਆਈ) ਦਾ ਸਮਾਜਿਕ ਅਧਾਰ** (Social Base of the Congress (I))– ਸੁਤੰਤਰਤਾ ਦੇ ਸਮੇਂ ਸਭ ਤੋਂ ਮਹੱਤਵਪੂਰਨ ਰਾਜਨੀਤਿਕ ਦਲ ਕਾਂਗਰਸ ਪਾਰਟੀ ਸੀ। ਹੋਰ ਦਲ ਜਿਵੇਂ ਕਿ ਮੁਸਲਿਮ ਲੀਗ, ਹਿੰਦੂ ਮਹਾਂਸਭਾ, ਸਾਮਵਾਦੀ ਦਲ ਨਾ ਹੋਣ ਦੇ ਬਰਾਬਰ ਸਨ। ਕਾਂਗਰਸ ਕਿਸੇ ਵਿਸ਼ੇਸ਼ ਵਰਗ ਦੀ ਪਾਰਟੀ ਨਾ ਹੋ ਕੇ ਸਾਰੇ ਵਰਗਾਂ ਅਤੇ ਸਾਰੇ ਲੋਕਾਂ ਦੀ ਪਾਰਟੀ ਸੀ। ਕਾਂਗਰਸ ਪਾਰਟੀ ਵਿੱਚ ਕਿਸਾਨ, ਜ਼ਿਮੀਂਦਾਰ, ਮਜ਼ਦੂਰ, ਉਦਯੋਗਿਕ, ਹਿੰਦੂ, ਮੁਸਲਿਮ, ਇਸਾਈ, ਸਿੱਖ, ਸ਼ਹਿਰੀ, ਪੇਂਡੂ ਆਦਿ ਸਾਰਿਆਂ ਲਈ ਸਥਾਨ ਸੀ ਅਤੇ ਅੱਜ ਵੀ ਕਾਂਗਰਸ (ਆਈ) ਹੀ ਇਕ ਅਜਿਹੀ ਪਾਰਟੀ ਹੈ ਜਿਸ ਨੂੰ ਸਾਰੇ ਵਰਗਾਂ, ਸਾਰੇ ਧਰਮਾਂ ਅਤੇ ਹਿੱਤਾਂ ਦੇ ਲੋਕਾਂ ਦਾ ਸਮਰਥਨ ਪ੍ਰਾਪਤ ਹੈ। ਕਾਂਗਰਸ (ਆਈ) ਦਾ ਚੋਣ ਚਿੰਨ 'ਹੱਥ' ਹੈ।

**ਦਸਵੀਂ ਲੋਕ ਸਭਾ ਸਮੇਂ ਘੋਸ਼ਿਤ ਕਾਂਗਰਸ (ਆਈ) ਦਾ ਚੋਣ ਘੋਸ਼ਣਾ ਪੱਤਰ** (Election Manifesto of the Congress (I) at the time of Tenth Lok Sabha Elections)

ਇਸ ਮੌਕੇ 'ਤੇ ਤੱਤਕਾਲੀਨ ਕਾਂਗਰਸ (ਆਈ) ਪ੍ਰਧਾਨ ਰਾਜੀਵ ਗਾਂਧੀ ਨੇ ਸਮਾਜਿਕ ਅਤੇ ਆਰਥਿਕ ਪੁਨਰ ਨਿਰਮਾਣ ਸਬੰਧੀ 6 ਅਧਿਆਇਆਂ, 52 ਸੂਤਰਾਂ ਅਤੇ 64 ਪੁਸਤਕਾਂ ਵਾਲਾ ਇਕ ਬਹੁਤ ਵਿਆਪਕ ਚੋਣ ਘੋਸ਼ਣਾ ਪੱਤਰ ਪ੍ਰਕਾਸ਼ਿਤ ਕੀਤਾ ਸੀ। ਇਸ ਸਬੰਧ ਵਿੱਚ ਇਹ ਯਾਦ ਰੱਖਣਯੋਗ ਹੈ ਕਿ ਸੰਨ 1980 ਦੀਆਂ ਚੋਣਾਂ ਸਮੇਂ ਕਾਂਗਰਸ (ਆਈ) ਦਾ ਚੋਣ ਘੋਸ਼ਣਾ ਪੱਤਰ ਕੇਵਲ 24 ਪੰਨਿਆਂ ਦਾ ਹੀ ਸੀ।

1. **ਰਾਜਨੀਤਿਕ ਪ੍ਰੋਗਰਾਮ** (Political Programmes)– ਆਪਣੇ ਰਾਜਨੀਤਿਕ ਪ੍ਰੋਗਰਾਮ ਸਬੰਧੀ ਦਸਤਾਵੇਜ ਵਿੱਚ ਕਾਂਗਰਸ (ਆਈ) ਨੇ ਲੋਕਤੰਤਰ, ਸਮਾਜਵਾਦ, ਪੰਥ-ਨਿਰਪੱਖਤਾ ਅਤੇ ਗੁੱਟ ਨਿਰਪੱਖਤਾ 'ਤੇ ਇਕ ਵਾਰ ਫਿਰ ਆਪਣੀ ਅਟੁੱਟ ਨਿਸ਼ਠਾ ਪ੍ਰਗਟ ਕੀਤੀ ਹੈ। ਉਸ ਵਿੱਚ ਕਿਹਾ ਗਿਆ ਹੈ ਕਿ–

   *(i)* ਕਾਂਗਰਸ (ਆਈ) ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਲਈ ਪ੍ਰਭਾਵੀ ਕਦਮ ਚੁੱਕੇਗੀ ਅਤੇ ਵਿਘਟਨਕਾਰੀ ਸ਼ਕਤੀਆਂ 'ਤੇ ਅੰਕੁਸ਼ ਲਗਾਏਗੀ। ਪੰਜਾਬ ਵਿੱਚ ਸੰਵਿਧਾਨ ਦੇ ਦਾਇਰੇ ਅਧੀਨ ਉਗਰਵਾਦੀ ਤੱਤਾਂ ਨਾਲ ਵਾਰਤਾਲਾਪ ਕਰਨ ਦੀ ਉਸ ਨੇ ਸਿਧਤਾ ਪ੍ਰਦਰਸ਼ਿਤ ਕੀਤੀ ਹੈ ਪਰ ਸ਼ਰਤ ਇਹ ਹੈ ਕਿ ਉਗਰਵਾਦੀ ਹਿੰਸਾ ਦਾ ਰਸਤਾ ਛੱਡ ਕੇ ਵਾਰਤਾ ਦੀ ਮੇਜ 'ਤੇ ਆਉਣ। ਕਸ਼ਮੀਰ ਵਿੱਚ ਰਾਜ ਵਿਧਾਨ ਸਭਾ ਦੀ ਹੋਂਦ ਵਿੱਚ

ਆਉਣ ਤੱਕ ਜਨ ਸੰਮਤੀਆਂ ਦਾ ਗਠਨ ਕਰਕੇ ਰਾਜ ਦੀਆਂ ਸਮੱਸਿਆਵਾਂ ਦੇ ਹੱਲ ਵਿੱਚ ਜਨਤਾ ਦਾ ਸਹਿਯੋਗ ਪ੍ਰਾਪਤ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ।

*(ii)* (ਆਈ) ਨੇ ਚੁਣਾਵੀ ਹਿੰਸਾ, ਧਨ ਸ਼ਕਤੀ ਦੇ ਇਸਤੇਮਾਲ ਅਤੇ ਜਾਤੀ ਤੇ ਸੰਪ੍ਰਦਾਇਕ ਸਮੱਸਿਆਵਾਂ ਦੇ ਹੱਲ ਲਈ ਬਹਿਸ ਸ਼ੁਰੂ ਕਰਨ ਦਾ ਪ੍ਰਸਤਾਵ ਕੀਤਾ ਹੈ ਜਿਸ ਨਾਲ ਇਨ੍ਹਾਂ ਮਾਮਲਿਆਂ 'ਤੇ ਸਾਰਿਆਂ ਦੀ ਮਨਜ਼ੂਰੀ ਪ੍ਰਾਪਤ ਕੀਤੀ ਜਾ ਸਕੇ।

*(iii)* ਭਵਿੱਖ ਵਿੱਚ ਹੋਣ ਵਾਲੀਆਂ ਚੋਣਾ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦਾ ਇਸਤੇਮਾਲ ਕਰਨ ਅਤੇ ਵੋਟਰਾਂ ਨੂੰ ਪਹਿਚਾਣ ਪੱਤਰ (Identity Cards) ਦਿੱਤੇ ਜਾਣ ਦੀ ਵਿਵਸਥਾ ਸ਼ੁਰੂ ਕਰਨ ਦਾ ਵਚਨ ਦਿੱਤਾ ਗਿਆ ਹੈ।

*(iv)* ਸਰਕਾਰ ਬਣਨ ਦੇ 100 ਦਿਨਾਂ ਦੇ ਅੰਦਰ ਪੰਚਾਇਤੀ ਰਾਜ ਅਤੇ ਨਗਰ ਪਾਲਿਕਾ ਵਿਧਾਇਕਾਂ ਨੂੰ ਪਾਸ ਕਰਕੇ ਸੱਤਾ ਵਿਕੇਂਦਰੀਕਰਨ ਕਰਨ ਦਾ ਵਾਅਦਾ ਕੀਤਾ ਗਿਆ ਹੈ।

*(v)* ਇਸ ਸਮੇਂ ਦੌਰਾਨ ਹਰੇਕ ਸਵਾਇਤ ਸੰਸਥਾ ਅਤੇ ਸਥਾਨਕ ਸਵਸ਼ਾਸਨ ਦੀਆਂ ਸਾਰੀਆਂ ਇਕਾਈਆਂ ਸਹਿਤ ਹਰੇਕ ਪ੍ਰਸ਼ਾਸਨਿਕ ਯੂਨਿਟ ਵਿੱਚ ਮਹਿਲਾਵਾਂ ਲਈ 30% ਸਥਾਨ ਰਾਖਵੇਂ ਕੀਤੇ ਜਾਣ ਦੀ ਘੋਸ਼ਣਾ ਕੀਤੀ ਗਈ ਹੈ ਅਤੇ ਉਨ੍ਹਾ ਦੇ ਅਧਿਕਾਰਾਂ ਨੂੰ ਸੁਰੱਖਿਅਤ ਬਣਾਉਣ ਲਈ ਇਕ ਆਯੁਕਤ ਕਰਨ ਦਾ ਨਿਸ਼ਚੇ ਪ੍ਰਗਟ ਕੀਤਾ ਗਿਆ ਹੈ।

*(vi)* ਰਾਮ ਜਨਮ ਭੂਮੀ ਮਾਮਲੇ ਵਿੱਚ ਸਮੱਸਿਆ ਦੇ ਹੱਲ ਲਈ ਆਪਸੀ ਗੱਲਬਾਤ ਅਤੇ ਉਸ ਦੇ ਸਫਲ ਨਾ ਹੋਣ 'ਤੇ ਅਦਾਲਤੀ ਫੈਸਲੇ ਨਾ ਮੰਨਣ ਦਾ ਸੁਝਾਅ ਪੇਸ਼ ਕੀਤਾ ਗਿਆ ਹੈ। ਮਸਜਿਦ ਦੇ ਢਾਂਚੇ ਨੂੰ ਤੋੜੇ ਬਿਨਾਂ ਮੰਦਿਰ ਨਿਰਮਾਣ ਦਾ ਵਚਨ ਦਿੱਤਾ ਗਿਆ ਹੈ।

*(vii)* ਚੋਣ ਘੋਸ਼ਣਾ ਪੱਤਰ ਵਿੱਚ 15 ਅਗਸਤ 1947 ਨੂੰ ਉਪਾਸਨਾ ਜਾਂ ਪੂਜਾ ਸਥਾਨਾਂ ਦੀ ਤੱਤਕਾਲੀਨ ਸਥਿਤੀ ਨੂੰ ਯਥਾਵਤ ਬਣਾਈ ਰੱਖਣ ਦੀ ਘੋਸ਼ਣਾ ਕੀਤੀ ਗਈ ਹੈ।

*(viii)* ਸੰਪ੍ਰਦਾਇਕ ਝਗੜਿਆਂ ਦਾ ਜਲਦੀ ਨਿਪਟਾਰਾ ਕਰਨ ਲਈ ਵਿਸ਼ੇਸ਼ ਅਦਾਲਤਾਂ ਕਾਇਮ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

*(ix)* ਸੰਪ੍ਰਦਾਇਕ ਦੰਗਿਆਂ ਨੂੰ ਕੁਚਲਣ ਜਾਂ ਉਨ੍ਹਾਂ 'ਤੇ ਕਾਬੂ ਪਾਉਣ ਲਈ ਸਾਰੇ ਸੰਪ੍ਰਦਾਵਾਂ ਦਾ ਵਿਸ਼ੇਸ਼ ਸੁਰੱਖਿਆ ਬਲ ਗਠਿਤ ਕੀਤਾ ਜਾਵੇਗਾ।

*(x)* ਸੰਪ੍ਰਦਾਇਕ ਦੰਗਿਆਂ ਤੋਂ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਮੁਆਵਜ਼ਾ ਦਿਵਾਉਣ ਦੀ ਕਾਨੂੰਨੀ ਵਿਵਸਥਾ ਕੀਤੀ ਜਾਵੇਗੀ।

*(xi)* ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨ ਜਾਤੀ ਸਬੰਧੀ ਆਯੋਗ ਨੂੰ ਸੰਵਿਧਾਨਿਕ ਮਾਨਤਾ ਦੇ ਕੇ ਉਸ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਅਤੇ ਸ਼ਕਤੀ ਸੰਪਨ ਬਣਾਇਆ ਜਾਵੇਗਾ।

*(xii)* ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਦੇ ਵਿਕਾਸ ਲਈ ਵਿੱਤੀ ਅਤੇ ਵਿਕਾਸ ਨਿਗਮ ਸਥਾਪਿਤ ਕੀਤਾ ਜਾਵੇਗਾ।

*(xiii)* ਡਾ. ਭੀਮ ਰਾਓ ਅੰਬੇਦਕਰ ਵਿਸ਼ਵ ਵਿਦਿਆਲਾ ਨਾਲ ਸਬੰਧਿਤ ਯੋਜਨਾ ਨੂੰ ਲਾਗੂ ਕਰਕੇ ਲਖਨਊ ਵਿੱਚ ਇਕ ਵਿਸ਼ਵ ਵਿਦਿਆਲਾ ਕਾਇਮ ਕੀਤੀ ਜਾਵੇਗਾ।

*(xiv)* ਪੱਛੜੇ ਵਰਗ ਦੇ ਕਲਿਆਣ ਲਈ ਵੀ ਇਕ ਪੱਛੜੇ ਵਰਗ ਵਿਕਾਸ ਨਿਗਮ ਸਥਾਪਿਤ ਕੀਤਾ ਜਾਵੇਗਾ।

*(xv)* ਮੰਡਲ ਆਯੋਗ ਦਾ ਨਾਮ ਨਾ ਲੈਂਦੇ ਹੋਏ ਵੀ ਚੋਣ ਘੋਸ਼ਣਾ ਪੱਤਰ ਵਿੱਚ ਆਰਥਿਕ ਦ੍ਰਿਸ਼ਟੀ ਤੋਂ ਪੱਛੜੇ ਲੋਕਾਂ ਲਈ ਰਾਖਵੇਂ ਕੀਤੇ ਜਾਣ ਦਾ ਸਪੱਸ਼ਟ ਸ਼ਬਦਾਂ ਵਿੱਚ ਵਾਅਦਾ ਕੀਤਾ ਗਿਆ ਹੈ।

*(xvi)* ਅਸਮ ਦਾ ਤੇਜ਼ ਗਤੀ ਨਾਲ ਵਿਕਾਸ ਕਰਨ ਦਾ ਸਪੱਸ਼ਟ ਭਰੋਸਾ ਦਿੱਤਾ ਗਿਆ ਹੈ।

*(xvii)* ਪ੍ਰੈੱਸ ਦੀ ਸੁਤੰਤਰਤਾ ਨੂੰ ਬਣਾਈ ਰੱਖਣ ਦਾ ਵਾਅਦਾ ਕੀਤਾ ਗਿਆ ਹੈ ਅਤੇ ਆਕਾਸ਼ਵਾਣੀ ਅਤੇ ਦੂਰਦਰਸ਼ਨ ਦੀ ਸਵਾਯਤਤਾ ਨਾਲ ਸਬੰਧਿਤ ਪ੍ਰਸਾਰ ਭਾਰਤੀ ਵਿਧਾਇਕ ਨੂੰ ਪਾਸ ਕਰਨ ਦੀ ਘੋਸ਼ਣਾ ਕੀਤੀ ਗਈ ਹੈ। ਨਾਲ ਹੀ ਇਹ ਕਿਹਾ ਗਿਆ ਹੈ ਕਿ ਕਾਂਗਰਸ ਸਰਕਾਰ ਇਕ ਸਾਲ ਦੇ ਅੰਦਰ ਨਿੱਜੀ ਖੇਤਰ ਦੀਆਂ ਕੰਪਨੀਆਂ ਨੂੰ ਵੀ ਪ੍ਰਸਾਰਣ ਅਤੇ ਦੂਰਦਰਸ਼ਨ ਪ੍ਰੋਗਰਾਮਾਂ ਨੂੰ ਪੇਸ਼ ਕਰਨ ਦਾ ਅਧਿਕਾਰ ਦੇ ਕੇ ਸਿਹਤ ਪ੍ਰਤੀਸਪ੍ਰਦਾ ਨੂੰ ਉਤਸ਼ਾਹਿਤ ਕਰੇਗੀ।

*(xviii)* ਦੋ ਸਾਲ ਦੇ ਅੰਦਰ ਕਾਂਗਰਸ ਸਰਕਾਰ ਯੋਜਨਾ ਦੇ ਕੰਮ ਨੂੰ ਪੂਰੀ ਤਰ੍ਹਾਂ ਵਿਕੇਂਦਰਿਤ ਕਰ ਦੇਵੇਗੀ ਜਿਸ ਨਾਲ ਨਗਰ ਪਾਲਿਕਾ ਅਤੇ ਪੰਚਾਇਤ ਖੁਦ ਹੀ ਯੋਜਨਾਵਾਂ ਬਣਾ ਕੇ ਉਨ੍ਹਾਂ ਨੂੰ ਲਾਗੂ ਕਰਨ ਦਾ ਅਧਿਕਾਰ ਪ੍ਰਾਪਤ ਕਰ ਲਵੇਗੀ।

*(xix)* ਘੱਟ ਗਿਣਤੀ ਦੇ ਵਿਅਕਤੀਗਤ ਕਾਨੂੰਨ ਵਿੱਚ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਪੁਲਿਸ ਅਤੇ ਸਰਕਾਰੀ ਸੇਵਾਵਾਂ ਵਿੱਚ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਰੋਜ਼ਗਾਰ ਦੇ ਮੌਕੇ ਦੇਣ ਲਈ ਸਥਾਨ ਸੁਰੱਖਿਅਤ ਕੀਤੇ ਜਾਣਗੇ।

2. **ਆਰਥਿਕ ਪ੍ਰੋਗਰਾਮ** (Economic Programme)- ਕਾਂਗਰਸ (ਆਈ) ਨੇ ਆਰਥਿਕ ਖੇਤਰ ਵਿੱਚ ਵੀ ਦੇਸ਼ ਦੀ ਜਨਤਾ ਦੇ ਸਾਹਮਣੇ ਅਤਿ ਲੁਭਾਵਣਾ ਚਿੱਤਰ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਪੇਸ਼ ਕੀਤਾ ਹੈ, ਜਿਸ ਦੀਆਂ ਮੁੱਖ ਗੱਲਾਂ ਹੇਠ ਲਿਖੀਆਂ ਹਨ-

*(i)* ਕਾਂਗਰਸ (ਆਈ) ਨੇ ਲੱਕ ਤੋੜਵੀਂ ਮਹਿੰਗਾਈ ਦੇ ਵਿਰੁੱਧ ਅਭਿਆਨ ਛੇੜਣ ਦੀ ਘੋਸ਼ਣਾ ਕੀਤੀ ਹੈ ਅਤੇ ਨਮਕ, ਮਿੱਟੀ ਦੇ ਤੇਲ, ਬਨਸਤਪਤੀ ਘਿਓ, ਡੀਜ਼ਲ, ਸਟੋਵ, ਸੂਤੀ ਧੋਤੀਆਂ ਅਤੇ ਸਾੜੀਆਂ, ਅਖਬਾਰੀ ਕਾਗਜ਼ ਆਦਿ ਰੋਜ਼ਾਨਾ ਜੀਵਨ ਦੀਆਂ ਵਸਤੂਆਂ ਦੀ ਕੀਮਤ ਜੁਲਾਈ 1990 ਦੇ ਪੱਧਰ ਤੱਕ ਲਿਆਉਣ ਦਾ 100 ਦਿਨ ਦੇ ਅੰਦਰ ਸਪੱਸ਼ਟ ਵਚਨ ਦਿੱਤਾ ਗਿਆ ਹੈ।

*(ii)* ਕਰ ਢਾਂਚੇ ਦਾ ਜ਼ਿਆਦਾ ਤਰਕਸੰਗਤ ਬਣਾਉਣ ਦਾ ਵਾਅਦਾ ਕਰਦੇ ਹੋਏ ਪ੍ਰਤੱਖ ਕਰਾਂ ਦੇ ਮਾਮਲੇ ਵਿੱਚ ਇਕ ਸਾਲ ਅਤੇ ਅਪ੍ਰਤੱਖ ਕਰਾਂ ਦੇ ਮਾਮਲੇ ਵਿੱਚ ਪੰਜ ਸਾਲ ਲਈ ਕਰ ਪ੍ਰਣਾਲੀ ਲਾਗੂ ਕਰਨ ਦਾ ਸੁਝਾਅ ਹੈ।

*(iii)* ਪ੍ਰਸ਼ਾਸਨ ਵਿੱਚ ਹੋਣ ਵਾਲੀ ਫਜ਼ੂਲਖਰਚੀ ’ਤੇ ਰੋਕ ਲਗਾਈ ਜਾਵੇਗੀ। ਸਰਵਜਨਕ ਉਤਪਾਦਨ ਦੇ ਖੇਤਰ ਨੂੰ ਜ਼ਿਆਦਾ ਕਾਰਜਕੁਸ਼ਲ ਬਣਾਇਆ ਜਾਵੇਗਾ। ਜੇਕਰ ਮੁਨਾਫੇ ਦੀ ਰਕਮ ਨੂੰ ਹੇਠਲੇ ਅਤੇ ਵਿਚਕਾਰਲੇ ਵਰਗ ਦੇ ਲਿਆਉਣ ਨਾਲ ਸਬੰਧਿਤ ਰਿਹਾਇਸ਼ੀ ਮਕਾਨਾਂ, ਸਕੂਲ ਦੇ ਭਵਨਾਂ, ਸਾਫ ਪਾਣੀ ਦੀਆਂ ਯੋਜਨਾਵਾਂ, ਸੜਕਾਂ ਅਤੇ ਪੁਲਾਂ ਦੇ ਨਿਰਮਾਣ ਆਦਿ ਅਤੇ ਪ੍ਰੰਪਰਾਗਤ ਤਰੀਕਿਆਂ ਨਾਲ ਪ੍ਰਾਪਤ ਹੋਣ ਵਾਲੀ ਊਰਜਾ ਦੇ ਉਤਪਾਦਨ ’ਤੇ ਖਰਚ ਕੀਤਾ ਜਾਵੇਗਾ ਤਾਂ ਮੁਨਾਫੇ ’ਤੇ ਲੱਗਣ ਵਾਲਾ ਟੈਕਸ ਮਾਫ ਹੋ ਜਾਵੇਗਾ।

*(iv)* ਘਾਟੇ ਦੀ ਅਰਥਵਿਵਸਥਾ ’ਤੇ ਰੋਕ ਲਗਾਈ ਜਾਵੇਗੀ ਅਤੇ ਸਰਕਾਰ ਬਣਾਉਣ ਦੇ ਸੌ ਦਿਨ ਦੇ ਅੰਦਰ ਘੱਟ ਬਚਤ ਰਕਮ ’ਤੇ ਵਿਆਜ ਦੀ ਦਰ ਵਧਾ ਦਿੱਤੀ ਜਾਵੇਗੀ।

*(v)* ਉਦਯੋਗਿਕ ਖੇਤਰ ਵਿੱਚ ਕਾਨੂੰਨੀ ਕੰਟਰੋਲ ਨੂੰ ਢਿੱਲਾ ਕੀਤਾ ਜਾਵੇਗਾ ਅਤੇ ਜਿਨ੍ਹਾਂ ਖੇਤਰਾਂ ਵਿੱਚ ਗੈਰ ਸਰਕਾਰੀ ਖੇਤਰ ਨੇ ਆਰਥਿਕ ਸਫਲਤਾ ਦੇ ਕੀਰਤੀਮਾਨ ਕਾਇਮ ਕੀਤੇ ਹਨ ਉਨ੍ਹਾਂ ਵਿੱਚੋਂ ਸਰਵਜਨਕ ਉਪਕਰਮਾਂ (Public Undertakings) ਨੂੰ ਬੰਦ ਕਰ ਦਿੱਤਾ ਜਾਵੇਗਾ। ਤਿੰਨ ਸਾਲਾਂ ਵਿੱਚ ਸਰਵਜਨਕ ਖੇਤਰ ਦਾ ਨਕਸ਼ਾ ਬਦਲ ਦਿੱਤਾ ਜਾਵੇਗਾ ਅਤੇ ਨਿਰਯਾਤ ਵਧਾਉਣ ਵਾਲੇ ਉਦਯੋਗਾਂ ਵਿੱਚ ਵਿਦੇਸ਼ੀ ਪੂੰਜੀ ਦੇ ਨਿਵੇਸ਼ ਨੂੰ ਵਧਾ ਦਿੱਤਾ ਜਾਵੇਗਾ।

*(vi)* ਹਰੇਕ ਪੱਛੜੇ ਹੋਏ ਜ਼ਿਲ੍ਹੇ ਵਿੱਚ ਇਕ ਉਦਯੋਗਿਕ ਕੇਂਦਰ ਕਾਇਮ ਕੀਤਾ ਜਾਵੇਗਾ। ਬੂਟ, ਚਮੜਾ, ਨਾਰੀਅਲ ਆਦਿ ’ਤੇ ਅਧਾਰਿਤ ਉਦਯੋਗਾਂ ਨੂੰ ਵਿਸ਼ੇਸ਼ ਸਹਾਇਤਾ ਦਿੱਤੀ ਜਾਵੇਗੀ।

*(vii)* ਸਰਕਾਰ ਬਣਨ ਤੋਂ ਇਕ ਸਾਲ ਅੰਦਰ ਜਵਾਹਰ ਰੋਜ਼ਗਾਰ ਯੋਜਨਾ ਅਧੀਨ ਰੋਜ਼ੀ-ਰੋਟੀ ਦੇ ਸਾਧਨ ਵੱਡੇ ਪੈਮਾਨੇ ’ਤੇ ਉਪਲੱਬਧ ਕਰਾਏ ਜਾਣਗੇ ਅਤੇ ਹਰੇਕ ਪੰਚਾਇਤ ਨੂੰ ਉਸ ਵਿੱਚ ਹਿੱਸੇਦਾਰ ਬਣਾਇਆ ਜਾਵੇਗਾ। ਹਰੇਕ ਸਾਲ ਇਕ ਕਰੋੜ ਰੋਜ਼ਗਾਰ ਦੇ ਮੌਕੇ ਉਪਲੱਬਧ ਕਰਾਏ ਜਾਣਗੇ। ਖੇਤੀ ਅਤੇ ਉਦਯੋਗਿਕ ਖੇਤਰਾਂ ਵਿੱਚ ਪੂੰਜੀ ਨਿਵੇਸ਼ ਨੂੰ ਵਧਾ ਕੇ ਅਤੇ ਜ਼ਿਆਦਾ ਲੋਕਾਂ ਨੂੰ ਰੋਜ਼ੀ-ਰੋਟੀ ਮੁਹੱਈਆ ਕਰਵਾਈ ਜਾਵੇਗੀ।

*(viii)* ਨਿਸ਼ਚਿਤ ਰੋਜ਼ੀ-ਰੋਟੀ ਦੀ ਵਿਵਸਥਾ ਕੀਤੀ ਜਾਵੇਗੀ। ਰਾਜਮਾਰਗਾਂ ਅਤੇ ਪੁਲਾਂ ਦੇ ਨਿਰਮਾਣ ਕੰਮ ਨੂੰ ਬੜ੍ਹਾਵਾ ਦਿੱਤਾ ਜਾਵੇਗਾ। ਗੈਰ ਸਰਕਾਰੀ ਖੇਤਰਾਂ ਨੂੰ ਉਨ੍ਹਾ ਵਿੱਚ ਹਿੱਸੇਦਾਰ ਬਣਾਇਆ ਜਾਵੇਗਾ ਅਤੇ ਸਰਵਜਨਕ ਤੇ ਨਿੱਜੀ ਖੇਤਰ ਦੇ ਬੈਂਕਾਂ ਨੂੰ ਵਿਦੇਸ਼ੀ ਪੂੰਜੀ ਇਕੱਠੀ ਕਰਨ ’ਚ ਸਹਾਇਤਾ ਦਿੱਤੀ ਜਾਵੇਗੀ।

*(ix)* ਖੇਤੀ ਖੇਤਰ ਦੇ ਵਿਕਾਸ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਫਸਲ ਅਤੇ ਪਸ਼ੂਆਂ ਦਾ ਬੀਮਾ ਕਰਵਾਇਆ ਜਾਵੇਗਾ। ਖੇਤੀ ਖੇਤਰ ਨੂੰ ਜ਼ਿਆਦਾ ਧਨ ਅਤੇ ਸਾਧਨ ਦਿੱਤੇ ਜਾਣਗੇ। ਖੇਤੀ ਦੇ ਹਰ ਕਰਜ਼ੇ ਦੀ ਵਿਆਜ ਦਰ ਘੱਟ ਕੀਤੀ ਜਾਵੇਗੀ। ਭੂਮੀ ਸਬੰਧੀ ਰਿਕਾਰਡ ਪੂਰੀ ਤਰ੍ਹਾਂ ਠੀਕ ਕੀਤੇ ਜਾਣਗੇ ਅਤੇ ਸਿੰਚਾਈ ਦੀਆਂ ਸੁਵਿਧਾਵਾਂ ਦਾ ਵੱਡੇ ਪੈਮਾਨੇ ’ਤੇ ਵਿਸਥਾਰ ਕੀਤਾ ਜਾਵੇਗਾ। ਪ੍ਰਤੀਸ਼ਤ 10 ਲੱਖ ਖੂਹ ਪੁੱਟੇ ਜਾਣਗੇ।

*(x)* ਸਰਕਾਰ ਬਣਨ ਤੋਂ ਇਕ ਸਾਲ ਦੇ ਅੰਦਰ ਖੇਤੀ ਉਤਪਾਦਨ ਦੀਆਂ ਕੀਮਤਾਂ ਤੈਅ ਕਰਨ ਲਈ ਇਕ ਵਿਵਹਾਰਿਕ ਫਾਰਮੂਲਾ ਤਿਆਰ ਕੀਤਾ ਜਾਵੇਗਾ ਅਤੇ ਉਸ ਨੂੰ ਲਾਗੂ ਕੀਤਾ ਜਾਵੇਗਾ।

*(xi)* ਉਤਪਾਦਨ ਦੇ ਖੇਤਰ ਵਿੱਚ ਕਿਸੇ ਇਕ ਵਿਅਕਤੀ ਜਾਂ ਕੰਪਨੀ ਦਾ ਏਕਾਧਿਕਾਰ ਨਹੀਂ ਰਹੇਗਾ ਅਤੇ ਅਸੈਨਿਕ ਵਸਤੂਆਂ ਦੇ ਉਤਪਾਦਨ ਵਿੱਚ ਏਕਾਧਿਕਾਰ ਦੀ ਵਿਵਸਥਾ ਖਤਮ ਕਰ ਦਿੱਤੀ ਜਾਵੇਗੀ।

*(xii)* ਹੱਥਾਂ ਨਾਲ ਖਿੱਚੇ ਜਾਣ ਵਾਲੇ ਰਿਕਸ਼ਾ ਨੂੰ ਸਾਈਕਲ ਰਿਕਸ਼ਾ ਵਿੱਚ ਬਦਲ ਦਿੱਤਾ ਜਾਵੇਗਾ ਅਤੇ ਰਿਕਸ਼ਾ ਚਾਲਕਾਂ ਨੂੰ ਉਨ੍ਹਾਂ 'ਤੇ ਮਾਲਕਾਨਾ ਹੱਕ ਪ੍ਰਾਪਤ ਹੋਵੇਗਾ।

3. **ਅੰਤਰਰਾਸ਼ਟਰੀ ਖੇਤਰ ਸਬੰਧੀ** (Policy Related to International Field) (ਆਈ) ਦਾ ਚੋਣ ਘੋਸ਼ਣਾ ਪੱਤਰ ਵਿੱਚ ਨਿਵੇਸ਼ ਨੀਤੀ ਅਤੇ ਅੰਤਰਰਾਸ਼ਟਰੀ ਮਾਮਲਿਆਂ ਵਿੱਚ ਭਾਰਤ ਪ੍ਰੰਪਰਾਗਤ ਗੁੱਟ ਨਿਰਪੱਖਤਾ ਅਤੇ ਸ਼ਾਂਤੀਪੂਰਨ ਸਹਿ-ਹੋਂਦ 'ਤੇ ਇਕ ਵਾਰ ਫਿਰ ਦ੍ਰਿੜਤਾ ਨਾਲ ਆਸਥਾ ਪ੍ਰਗਟ ਕੀਤੀ ਗਈ ਹੈ। ਉਸ ਨਾਲ ਸਬੰਧਿਤ ਮੁੱਖ ਬਿੰਦੂ ਹੇਠ ਲਿਖੇ ਹਨ-

*(i)* ਸੰਸਾਰ ਦੇ ਸਾਰੇ ਦੇਸ਼ਾਂ ਤੋਂ ਇਲਾਵਾ ਗਵਾਂਢੀ ਰਾਜਾਂ ਨਾਲ ਭਾਰਤ ਦੇ ਪ੍ਰਗਾੜ ਸਬੰਧਾਂ ਨੂੰ ਜ਼ਿਆਦਾ ਮਜ਼ਬੂਤ ਬਣਾ ਕੇ ਦਕਸ਼ੇਸ (SAARC) ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ।

*(ii)* ਜੁਲਾਈ 1987 ਦੇ ਭਾਰਤ ਸ਼੍ਰੀਲੰਕਾ ਸਮਝੌਤੇ ਦਾ ਪਾਲਣ ਕਰਨ ਦਾ ਪੂਰਾ ਅਭਿਵਚਨ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਦੱਖਣੀ ਏਸ਼ੀਆ ਦੇ ਸੰਸਦਾਂ ਲਈ ਇਕ ਮੰਚ ਦਾ ਨਿਰਮਾਣ ਕਰਕੇ ਉਨ੍ਹਾਂ ਵਿੱਚ ਗਹਿਰਾ ਸਬੰਧ ਕਾਇਮ ਕਰਨ ਦਾ ਵਾਅਦਾ ਕੀਤਾ ਗਿਆ ਹੈ।

*(iii)* ਯੂਰਪ ਆਰਥਿਕ ਸਮੁਦਾਇ ਨਾਲ ਪ੍ਰਗਾੜ ਮੈਤਰੀ ਸਬੰਧ ਕਾਇਮ ਕਰਨ ਅਤੇ ਪੱਛਮੀ ਏਸ਼ੀਆ ਵਿੱਚ ਇਜ਼ਰਾਇਲ ਵੱਲੋਂ ਖੋਹੇ ਗਏ ਅਰਬ ਪ੍ਰਦੇਸ਼ਾਂ ਨੂੰ ਉਨ੍ਹਾਂ ਨੂੰ ਵਾਪਿਸ ਦੇ ਕੇ ਉਸ ਖੇਤਰ ਵਿੱਚ ਸਥਾਈ ਸ਼ਾਂਤੀ ਕਾਇਮ ਕਰਨ ਲਈ ਕਾਂਗਰਸ (ਆਈ) ਹੈ।

*(iv)* ਸੰਯੁਕਤ ਰਾਸ਼ਟਰ ਸੰਘ ਵਿੱਚ ਉਸ ਨੇ ਆਪਣੀ ਗਹਿਰੀ ਨਿਸ਼ਠਾ ਕੀਤੀ ਹੈ ਅਤੇ ਉਸ ਨੂੰ ਜ਼ਿਆਦਾ ਮਜ਼ਬੂਤ ਬਣਾ ਕੇ ਸੰਸਾਰ ਵਿੱਚ ਰੰਗ ਭੇਦ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਯਤਨਸ਼ੀਲ ਬਣੇ ਰਹਿਣ ਦਾ ਉਸ ਨੇ ਸੰਕਲਪ ਪ੍ਰਗਟ ਕੀਤਾ ਹੈ।

*(v)* ਸੁਰੱਖਿਆ ਦੇ ਖੇਤਰ ਵਿੱਚ ਉਹ ਭਾਰਤ ਦੀ ਪ੍ਰੰਪਰਾਗਤ ਨੀਤੀ ਦਾ ਸਮਰਥਨ ਕਰਦੇ ਹੋਏ ਦੇਸ਼ ਵਿੱਚ ਸੈਨਿਕ ਉਤਪਾਦਨ ਨੂੰ ਵਧਾਉਣ ਅਤੇ ਰਾਸ਼ਟਰ ਦੀ ਸੁਰੱਖਿਆ ਨਾਲ ਸਬੰਧਿਤ ਸਾਰੇ ਤਰ੍ਹਾਂ ਦੇ ਉਪਕਰਨਾਂ ਅਤੇ ਸੈਨਿਕ ਸਮੱਗਰੀ ਵਿੱਚ ਆਤਮ ਨਿਰਭਰ ਬਣਾਉਣ ਦੀ ਨੀਤੀ ਨੂੰ ਲਾਗੂ ਕਰਨ ਦਾ ਵਚਨ ਦਿੰਦਾ ਹੈ।

ਭਾਰਤ ਪਹਿਲਾਂ ਦੀ ਤਰ੍ਹਾਂ ਅਣੂ ਬੰਬ ਬਣਾਉਣ ਦੀ ਪ੍ਰਤੀਸਪ੍ਰਦਾ ਵਿੱਚ ਨਹੀਂ ਉਲਝੇਗਾ ਅਤੇ ਅਣੂ ਸ਼ਕਤੀ ਦਾ ਵਿਕਾਸ ਮਨੁੱਖੀ ਕਲਿਆਣ ਅਤੇ ਸ਼ਾਂਤੀਪੂਰਨ ਕੰਮਾਂ ਵਿੱਚ ਹੀ ਕੀਤਾ ਜਾਵੇਗਾ।

4. **ਹੋਰ ਮੁੱਖ ਹੱਲ** (Other Important Provisions)- ਰਾਜਨੀਤਿਕ, ਆਰਥਿਕ ਅਤੇ ਵਿਦੇਸ਼ ਨੀਤੀ ਤੇ ਸੁਰੱਖਿਆ ਨੀਤੀਆਂ ਤੋਂ ਇਲਾਵਾ ਕਾਂਗਰਸ (ਆਈ) ਚੋਣ ਘੋਸ਼ਣਾ ਪੱਤਰ ਵਿੱਚ ਕੁਝ ਹੋਰ ਮੁੱਖ ਗੱਲਾਂ ਕਹੀਆਂ ਗਈਆਂ ਹਨ, ਜੋ ਕਿ ਹੇਠ ਲਿਖੀਆਂ ਹਨ-

*(i)* ਤਿੰਨ ਸਾਲਾਂ ਦੇ ਅੰਦਰ ਅਜਿਹੇ ਸਾਰੇ ਦੀਵਾਨੀ ਅਤੇ ਫੌਜਦਾਰੀ ਮੁਕੱਦਮੇ ਨਿਪਟਾ ਦਿੱਤੇ ਜਾਣਗੇ ਜੋ ਕਿ ਪੰਜ ਸਾਲ ਜਾਂ ਉਸ ਤੋਂ ਜ਼ਿਆਦਾ ਸਮੇਂ ਵਿੱਚ ਚੱਲਦੇ ਆ ਰਹੇ ਹਨ।

*(ii)* ਸੱਤਾ ਸੰਭਾਲਣ ਤੋਂ ਇਕ ਸਾਲ ਦੇ ਅੰਦਰ ਉੱਚ ਅਦਾਲਤ ਵਿੱਚ ਖਾਲੀ ਸਾਰੇ ਅਹੁਦਿਆਂ ਨੂੰ ਭਰ ਦਿੱਤਾ ਜਾਵੇਗਾ ਜਿਸ ਨਾਲ ਛੇਤੀ ਨਿਆ ਪ੍ਰਾਪਤ ਕਰਨਾ ਆਸਾਨ ਹੋ ਜਾਵੇਗਾ। ਬਰਾਬਰ ਅਹੁਦੇ ਅਤੇ ਬਰਾਬਰ ਪੈਨਸ਼ਨ ਦੀ ਸਾਬਕਾ ਸੈਨਿਕਾਂ ਦੀ ਮੰਗ ਦਾ ਸਨਮਾਨ ਕੀਤਾ ਜਾਵੇਗਾ। ਸਰਵਜਨਕ ਉਪਕ੍ਰਮਾਂ ਵਿੱਚ ਨਿਦੇਸ਼ਕ ਮੰਡਲ ਤੱਕ ਦੇ ਸਾਰੇ ਅਹੁਦੇ ਭਰ ਦਿੱਤੇ ਜਾਣਗੇ।

*(iii)* ਜਨਮ -ਦਰ ਘਟਾਉਣ ਅਤੇ ਪਰਿਵਾਰ ਨਿਯੋਜਨ ਕਰਨ ਦੇ ਪ੍ਰਭਾਵੀ ਤਰੀਕੇ ਕੀਤੇ ਜਾਣਗੇ ਪਰ ਉਸ ਲਈ ਜ਼ੋਰ ਇਸਤੇਮਾਲ ਨਹੀਂ ਕੀਤਾ ਜਾਵੇਗਾ।

*(iv)* ਵਿਗਿਆਨਿਕਾਂ ਨੂੰ ਵਿਸ਼ੇਸ਼ਤਾ ਪ੍ਰਾਪਤ ਕਰਨ ਲਈ ਹਰ ਸੰਭਵ ਉਤਸ਼ਾਹ ਦਿੱਤਾ ਜਾਵੇਗਾ।

*(v)* ਸਿੱਖਿਆ ਦਾ ਸਮਤਾਮੂਲਕ ਅਧਾਰ ਦਾ ਨਿਯੋਜਨ ਕੀਤਾ ਜਾਵੇਗਾ ਅਤੇ ਸਿੱਖਿਆ ਨੀਤੀ ਵਿੱਚ ਸੁਧਾਰ ਕਰਕੇ ਉਸ ਨੂੰ ਰੋਜ਼ਗਾਰ ਮੁੱਖ ਬਣਾਇਆ ਜਾਵੇਗਾ।

*(vi)* ਹਰੇਕ ਪਰਿਵਾਰ ਵਿੱਚ ਘੱਟ ਤੋਂ ਘੱਟ ਇਕ ਵਿਯਸਕ ਮੈਂਬਰ ਦੀ ਆਮਦਨ ਪੱਧਰ ਦੇ ਅਨੁਸਾਰ ਰੋਜ਼ਗਾਰ ਜ਼ਰੂਰ ਦਿੱਤਾ ਜਾਵੇਗਾ।

**ਮੁਲਾਂਕਣ** (Evaluation)- ਇਸ ਵਿੱਚ ਜ਼ਰਾ ਵੀ ਸ਼ੱਕ ਨਹੀਂ ਹੈ ਕਿ 10ਵੀਂ ਲੋਕ ਸਭਾ ਦੀਆਂ ਚੋਣਾਂ ਦੇ ਸਮੇਂ ਕਾਂਗਰਸ (ਆਈ) ਨੇ ਆਪਣੇ ਘੋਸ਼ਣਾ ਪੱਤਰ ਵਿੱਚ ਵਧੇਰੇ ਲੁਭਾਉਣੇ ਵਾਅਦੇ ਦੇਸ਼ ਦੇ ਵੋਟਰਾਂ ਸਾਹਮਣੇ ਰੱਖੇ।

1991, 1996, 1998, 1999, 2004 ਅਤੇ 2009 ਦੀਆਂ ਲੋਕ ਸਭਾ ਚੋਣਾਂ ਵਿੱਚ ਜਾਰੀ ਕੀਤੇ ਗਏ ਘੋਸ਼ਣਾ ਪੱਤਰਾਂ ਵਿੱਚ ਕੋਈ ਵਿਸ਼ੇਸ਼ ਬਦਲਾਅ ਨਹੀਂ ਆਇਆ ਪਰ 2004 ਅਤੇ 2009 ਵਿੱਚ ਆਮ ਆਦਮੀ 'ਤੇ ਜ਼ੋਰ ਦਿੱਤਾ ਗਿਆ ਹੈ।

ਨੋਟ

### 14.3.2 ਭਾਰਤੀ ਜਨਤਾ ਪਾਰਟੀ (Bhartiya Janta Party)

ਜੁਲਾਈ 1979 ਵਿੱਚ ਜਨਤਾ ਪਾਰਟੀ ਦੀ ਵੰਡ ਦੋਹਰੀ ਮੈਂਬਰਸ਼ਿਪ ਦੇ ਪ੍ਰਸ਼ਨ 'ਤੇ ਹੋਈ ਸੀ, ਜਿਸ ਦੇ ਫਲਸਰੂਪ 6 ਅਪ੍ਰੈਲ 1980 ਨੂੰ ਭਾਰਤੀ ਜਨਤਾ ਪਾਰਟੀ ਬਣੀ ਅਤੇ ਉਸ ਸਮੇਂ ਇਹ ਮੰਗ ਕੀਤੀ ਗਈ ਕਿ ਜਨਤਾ ਪਾਰਟੀ ਵਿੱਚ ਸ਼ਾਮਿਲ ਸਾਬਕਾ ਜਨ ਸੰਘ ਦੇ ਮੈਂਬਰ ਆਪਣਾ ਸਬੰਧ ਰਾਸ਼ਟਰੀ ਸਵੈ ਸੇਵਕ ਸੰਘ ਨਾਲੋਂ ਪੂਰੀ ਤਰ੍ਹਾਂ ਤੋੜ ਲਵੇ ਪਰ ਉਨ੍ਹਾਂ ਨੇ ਇਸ ਨੂੰ ਮੰਨਣ ਤੋਂ ਇਨਕਾਰ ਕੀਤਾ ਅਤੇ ਜਦੋਂ 19 ਮਾਰਚ 1980 ਨੂੰ ਜਨਤਾ ਪਾਰਟੀ ਦੇ ਕੇਂਦਰੀ ਸੰਸਦੀ ਬੋਰਡ ਨੇ ਇਸ ਇੱਛਾ ਦਾ ਇਕ ਪ੍ਰਸਤਾਵ ਪਾਸ ਕੀਤਾ ਉਦੋਂ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ ਅਤੇ ਨਾਨਾਜੀ ਦੇਸ਼ਮੁੱਖ ਨੇ ਦਲ ਦਾ ਰਾਸ਼ਟਰੀ ਅਧਿਵੇਸ਼ਨ ਬੁਲਾਉਣ ਦੀ ਮੰਗ ਕੀਤੀ ਪਰ ਪਾਰਟੀ ਵਾਜਪਾਈ ਦੀ ਮੈਂਬਰਸ਼ਿਪ ਵਿੱਚ ਭਾਰਤੀ ਜਨਤਾ ਪਾਰਟੀ ਦਾ ਗਠਨ ਕਰ ਦਿੱਤਾ ਗਿਆ।

ਇਸ ਸਬੰਧ ਵਿੱਚ ਇਹ ਤੱਥ ਧਿਆਨ ਦੇਣ ਯੋਗ ਹੈ ਕਿ ਜਦੋਂ 1975-77 ਦੇ ਅਣਪਛਾਤੇ ਸੰਕਟਕਾਲ ਦੌਰਾਨ ਸਾਰੇ ਰਾਸ਼ਟਰਵਾਦੀ ਗੈਰ-ਕਾਂਗਰਸੀ ਦਲਾਂ ਦਾ ਵਿਲਯ ਕਰਕੇ ਜਨਤਾ ਪਾਰਟੀ ਦਾ ਗਠਨ ਕਰਨ ਦੀ ਗੱਲਬਾਤ ਚੱਲ ਰਹੀ ਸੀ, ਉਦੋਂ ਜਨ ਸੰਘ ਦੇ ਮੁਖੀਆਂ ਨੇ ਖੁਦ ਇਹ ਗੱਲ ਚੁੱਕਦੇ ਹੋਏ ਸਪੱਸ਼ਟ ਸ਼ਬਦਾਂ ਵਿੱਚ ਇਹ ਕਿਹਾ ਸੀ ਕਿ ਉਸ ਦੇ ਮੈਂਬਰ ਸਵੈ ਸੇਵਕ ਸੰਘ ਨਾਲ ਆਪਣਾ ਸਬੰਧ ਕਦੀ ਨਹੀਂ ਤੋੜਣਗੇ। ਜੇਕਰ ਹੋਰ ਦਲਾਂ ਨੂੰ ਇਹ ਵਿਵਸਥਾ ਮਨਜ਼ੂਰ ਹੋਵੇ ਤਾ ਵੀ ਜਨ ਸੰਘ ਪ੍ਰਸਤਾਵਿਤ ਜਨਤਾ ਪਾਰਟੀ ਵਿੱਚ ਆਪਣਾ ਵਿਲਯ ਕਰੇਗਾ। ਉਸ ਸਮੇਂ ਲੋਕ ਦਲ, ਸਮਾਜਵਾਦੀ ਜਾਂ ਕਾਂਗਰਸ (ਸ) ਆਦਿ ਵਿੱਚੋਂ ਕਿਸੇ ਨੇ ਇਸ ਮਾਮਲੇ ਨੂੰ ਨਹੀਂ ਉਠਾਇਆ ਅਤੇ ਜਨ ਸੰਘ ਮੁਖੀਆਂ ਦੀ ਗੱਲ ਉਨ੍ਹਾਂ ਨੇ ਮੰਨ ਲਈ। ਇਸ ਤੋਂ ਬਾਅਦ ਸੰਨ 1979 ਵਿੱਚ ਜਨਤਾ ਪਾਰਟੀ 'ਚ ਸੱਤਾ ਜਾਂ ਅਗਵਾਈ ਦੀ ਲੜਾਈ ਸਮੇਂ ਚਰਨ ਸਿੰਘ -ਰਾਜ ਨਾਰਾਇਣ ਐਂਡ ਕੰਪਨੀ ਨੇ ਜਨ ਸੰਘ ਮੈਂਬਰਾਂ ਦੀ ਇਸ ਦੋਹਰੀ ਮੈਂਬਰਸ਼ਿਪ ਦਾ ਮਾਮਲਾ ਉਠਾਇਆ ਉਦੋਂ ਪੁਰਾਣੇ ਸਮਾਜਵਾਦੀ ਨੇਤਾਵਾਂ ਸਹਿਤ ਜਗਜੀਵਨ ਰਾਮ ਅਤੇ ਚੰਦਰ ਸ਼ੇਖਰ ਆਦਿ ਨੇ ਉਨ੍ਹਾ ਦਾ ਸਾਥ ਨਹੀ ਦਿੱਤਾ ਸੀ। ਭਾਰਤੀ ਜਨਤਾ ਪਾਰਟੀ ਦਾ ਪਹਿਲਾ ਰਾਸ਼ਟਰੀ ਅਧਿਵੇਸ਼ਨ 27 ਦਸੰਬਰ 1980 ਨੂੰ ਬੰਬਈ ਵਿੱਚ ਹੋਇਆ। ਇਸ ਸੰਮੇਲਨ ਵਿੱਚ 55 ਹਜ਼ਾਰ ਪ੍ਰਤੀਨਿਧੀਆਂ ਨੇ ਹਿੱਸਾ ਲਿਆ, ਜਿਸ ਵਿੱਚ 6 ਹਜ਼ਾਰ ਤੋਂ ਜ਼ਿਆਦਾ ਇਸਤਰੀਆਂ ਸਨ, ਜੋ ਕਿ ਆਪਣੇ ਆਪ ਵਿੱਚ ਸੁਤੰਤਰਤਾ ਤੋਂ ਬਾਅਦ ਕਿਸੇ ਰਾਜਨੀਤਿਕ ਦਲ ਲਈ ਇਕ ਕੀਰਤੀਮਾਨ ਹੀ ਹੈ।

**ਪਾਰਟੀ ਦੀ ਮੈਂਬਰਸ਼ਿਪ** (Membership of Party)- ਪਾਰਟੀ ਦੇ ਸੰਵਿਧਾਨ ਦੀ ਧਾਰਾ 7 ਅਨੁਸਾਰ ਕੋਈ ਵੀ ਭਾਰਤੀ ਨਾਗਰਿਕ ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਵਧੇਰੇ ਹੋਵੇ ਅਤੇ ਜੋ ਸੰਵਿਧਾਨ ਦੀ ਧਾਰਾ 2 ਨੂੰ ਸਵੀਕਾਰ ਕਰਦਾ ਹੋਵੇ, ਮੈਂਬਰਸ਼ਿਪ ਦੇ ਫਾਰਮ (Annexure) ਵਿੱਚ ਲਿਖਤੀ ਘੋਸ਼ਣਾ ਕਰਨ 'ਤੇ ਅਤੇ ਨਿਸ਼ਚਿਤ ਟੈਕਸ ਦੇਣ 'ਤੇ ਪਾਰਟੀ ਦਾ ਮੈਂਬਰ ਬਣ ਸਕਦਾ ਹੈ। ਭਾਰਤੀ ਜਨਤਾ ਪਾਰਟੀ ਦੀ ਮੈਂਬਰਸ਼ਿਪ ਲੱਗਭਗ 55 ਲੱਖ ਹੈ, ਜਦੋਂ ਕਿ ਜਨ ਸੰਘ ਦੀ ਮੈਂਬਰ ਸੰਖਿਆ ਕਦੀ ਵੀ 12 ਲੱਖ ਤੋਂ ਉਪਰ ਨਹੀਂ ਗਈ ਸੀ।

**ਨਿਸ਼ਾਨਾ ਅਤੇ ਉਦੇਸ਼** (Aim and Objects)-ਪਾਰਟੀ ਦੇ ਸੰਵਿਧਾਨ ਦੀ ਧਾਰਾ 2 ਵਿੱਚ ਕਿਹਾ ਗਿਆ ਹੈ-"ਪਾਰਟੀ ਰਾਸ਼ਟਰੀ ਸਮਨਵਯ, ਲੋਕਤੰਤਰ, ਸਕਾਰਾਤਮਕ, ਧਰਮ ਨਿਰਪੱਖ, ਗਾਂਧੀਵਾਦੀ ਸਮਾਜਵਾਦ ਅਤੇ ਮੂਲਾਂ 'ਤੇ ਅਧਾਰਿਤ ਰਾਜਨੀਤੀ ਲਈ ਕਿਰਤ ਸੰਕਲਪ ਹੈ। ਪਾਰਟੀ ਆਰਥਿਕ ਅਤੇ ਰਾਜਨੀਤਿਕ ਸੱਦੇ ਦੇ ਵਿਕੇਂਦਰੀਕਰਨ ਵਿੱਚ ਭਰੋਸਾ ਰੱਖਦੀ ਹੈ। ("The Party shall be committed to furthering national integration, democracy, Positive Secularism, Gandhian Socialism and value based politics. The party stands for decentralisation of economic and political power.)

(1) ਇਸ ਤਰ੍ਹਾ ਦੇ ਘੋਸ਼ਣਾ ਪੱਤਰ ਵਿੱਚ ਪੰਜ ਸਿਧਾਂਤਾਂ-ਰਾਸ਼ਟਰੀ ਸਮਨਵਯ, ਲੋਕਤੰਤਰ, ਸਕਾਰਾਤਮਕ, ਧਰਮ ਨਿਰਪੱਖਤਾ ਗਾਂਧੀਵਾਦੀ ਸਮਾਜਵਾਦ ਅਤੇ ਮੂਲਾਂ 'ਤੇ ਅਧਾਰਿਤ ਰਾਜਨੀਤੀ ਪ੍ਰਤੀ ਨਿਸ਼ਠਾ ਪ੍ਰਗਟ ਕੀਤੀ ਗਈ ਹੈ।

(2) ਭਾਰਤੀ ਜਨਤਾ ਪਾਰਟੀ ਨੇ ਵੱਡੇ ਰਾਜਾਂ ਦੀ ਜਗ੍ਹਾ 'ਤੇ ਨਿਯੋਜਿਤ ਵਿਕਾਸ ਅਤੇ ਕੁਸ਼ਲ ਪ੍ਰਸ਼ਾਸਨ ਦੀ ਦ੍ਰਿਸ਼ਟੀ ਨਾਲ ਛੋਟੇ ਰਾਜਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

(3) ਸਕਾਰਾਤਮਕ ਧਰਮ ਨਿਰਪੱਖਤਾ ਦੇ ਨਿਚੋੜ ਨੂੰ ਸਪੱਸ਼ਟ ਕਰਦੇ ਹੋਏ ਦਲ ਨੇ ਇਹ ਘੋਸ਼ਣਾ ਕੀਤੀ ਕਿ ਇਸ ਦਾ ਅਰਥ ਕੇਵਲ ਧਾਰਮਿਕ ਸਹਿਣਸ਼ੀਲਤਾ ਹੀ ਨਹੀਂ ਸਗੋਂ ਨੈਤਿਕ ਮੂਲਾਂ ਦਾ ਸਨਮਾਨ ਵੀ ਹੈ। ਘੋਸ਼ਣਾ ਪੱਤਰ ਵਿੱਚ ਕਾਂਗਰਸ ਦੇ ਧਰਮ ਨਿਰਪੱਖਤਾ ਸਿਧਾਂਤ ਦੀ ਆਲੋਚਨਾ ਕਰਦੇ ਹੋਏ ਕਿਹਾ ਗਿਆ ਕਿ ਉਹ ਗੈਰ-ਨੈਤਿਕ, ਮੌਕਾਪ੍ਰਸਤ ਅਤੇ ਲੋਕਾਂ ਲਈ ਧੋਖਾ ਹੈ ਕਿਉਂਕਿ ਇਸ ਨੇ ਸੰਪ੍ਰਦਾਇਕਤਾ ਨੂੰ ਬੜ੍ਹਾਵਾ ਦਿੱਤਾ ਹੈ।

(4) ਦਲ ਚੋਣ ਪ੍ਰਣਾਲੀ ਵਿੱਚ ਸੁਧਾਰਾਂ ਦਾ ਸਮਰਥਕ ਹੈ। ਵੋਟ ਪਾਉਣ ਲਈ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨ ਦੇ ਪੱਖ ਵਿੱਚ ਹੈ।

(5) ਦਲ-ਬਦਲ ਨੂੰ ਖਤਮ ਕਰਨ ਲਈ ਕਾਨੂੰਨ ਪਾਸ ਕਰਨ ਦਾ ਸਮਰਥਨ ਕਰਦਾ ਹੈ।

(6) ਭਾਰਤੀ ਜਨਤਾ ਪਾਰਟੀ ਵੱਖ-ਵੱਖ ਵਰਗਾਂ ਲਈ ਨੌਕਰੀਆਂ ਵਿੱਚ ਸਥਾਨ ਸੁਰੱਖਿਅਤ ਕਰਨ ਦੀ ਵਰਤਮਾਨ ਵਿਵਸਥਾ

ਨੋਟ

ਵਿੱਚ ਪਰਿਵਰਤਨ ਦੇ ਪੱਖ 'ਚ ਹੈ। ਇਸ ਦਲ ਦੀ ਨੀਤੀ ਦੇ ਅਨੁਸਾਰ ਆਰਥਿਕ ਦ੍ਰਿਸ਼ਟੀ ਤੋਂ ਗਰੀਬ ਵਿਅਕਤੀ ਨੂੰ ਸੁਰੱਖਿਆ ਮਿਲਣੀ ਚਾਹੀਦੀ ਹੈ।

(7) ਆਰਥਿਕ ਖੇਤਰ ਵਿੱਚ ਭਾਰਤੀ ਜਨਤਾ ਪਾਰਟੀ ਗਾਂਧੀਵਾਦੀ ਟਰੱਸਟੀਸ਼ਿਪ ਪ੍ਰਣਾਲੀ (Trusteeship System) ਦਾ ਪ੍ਰੀਖਣ ਕਰਨ ਦਾ ਭੂਮੀ ਸੁਧਾਰਾਂ ਅਤੇ ਵਿਕੇਂਦਰੀਕਰਨ ਦੀ ਨੀਤੀ ਦਾ ਸਮਰਥਨ ਕਰਦੀ ਹੈ।

(8) ਦੇਸ਼ ਨੂੰ ਆਤਮ-ਨਿਰਭਰ ਬਣਾਉਣ ਲਈ ਵਿਧਾਇਕ ਅਤੇ ਤਕਨੀਕੀ ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤਾ ਜਾਵੇ।

(9) ਪਾਰਟੀ ਦੇ ਘੋਸ਼ਣਾ ਪੱਤਰ ਵਿੱਚ ਇਹ ਵੀ ਕਿਹਾ ਗਿਆ ਕਿ ਦਲ ਉਨ੍ਹਾਂ ਦਲਾਂ ਨੂੰ ਛੱਡ ਕੇ ਜੋ ਪ੍ਰਦੇਸ਼ ਵਿੱਚ ਵਫਾਦਾਰੀ (Extra Territorial Loyalities) ਰਚਦੇ ਹਨ, ਬਾਕੀ ਸਾਰੇ ਦਲਾਂ ਨੂੰ ਕਾਂਗਰਸ (ਆਈ) ਦੇ ਭ੍ਰਿਸ਼ਟਾਚਾਰ ਅਤੇ ਰਾਸ਼ਟਰ ਵਿਰੋਧੀ ਨੀਤੀਆਂ ਦਾ ਮੁਕਾਬਲਾ ਕਰਨ ਲਈ ਸਮਰਥਨ ਦੇਣ ਲਈ ਤਿਆਰ ਹੈ।

**ਭਾਰਤੀ ਜਨਤਾ ਪਾਰਟੀ ਦਾ ਸਮਾਜਿਕ ਅਧਾਰ** (Social Base of Bhartiya Janta Party)- ਭਾਰਤੀ ਜਨਤਾ ਪਾਰਟੀ ਇਕ ਰਾਸ਼ਟਰਵਾਦੀ ਦਲ ਹੈ। ਇਸ ਵਿੱਚ ਜ਼ਰਾ ਵੀ ਸ਼ੱਕ ਨਹੀਂ ਹੈ ਕਿ ਇਸ ਪਾਰਟੀ ਵਿੱਚ ਰਾਸ਼ਟਰ ਸਵੈ ਸੇਵਕ ਸੰਘ ਦੇ ਮੈਂਬਰਾਂ ਦਾ ਪ੍ਰਭੂਤਵ ਹੈ ਪਰ ਇਸ ਦਾ ਭਾਵ ਇਹ ਨਹੀਂ ਹੈ ਕਿ ਇਸ ਪਾਰਟੀ ਦਾ ਸਮਾਜਿਕ ਅਧਾਰ ਕੇਵਲ ਰਾਸ਼ਟਰੀ ਸਵੈ ਸੇਵਕ ਤੱਕ ਹੀ ਸੀਮਿਤ ਹੈ। ਸ਼ੁਰੂ ਵਿੱਚ ਇਸ ਪਾਰਟੀ ਵਿੱਚ ਘੱਟ ਗਿਣਤੀ, ਮੁਸਲਮਾਨ, ਇਸਾਈਆਂ, ਹਰੀਜਨਾਂ ਅਤੇ ਜਨਜਾਤੀਆਂ ਦੀ ਪ੍ਰਤੀਨਿਧਤਾ ਘੱਟ ਸੀ ਪਰ ਬਾਅਦ ਵਿੱਚ ਇਨ੍ਹਾਂ ਵਿੱਚ ਵੀ ਪਾਰਟੀ ਦੇ ਪ੍ਰਭਾਵ ਵਿੱਚ ਵਾਧਾ ਹੋਇਆ ਹੈ। ਸਰਕਾਰੀ ਕਰਮਚਾਰੀ ਅਤੇ ਸਿੱਖਿਅਤ ਵਰਗ ਭਾਰਤੀ ਜਨਤਾ ਪਾਰਟੀ ਦੇ ਮਹਾਨ ਸਮਰਥਕ ਹਨ। ਮਜਦੂਰਾਂ ਵਿੱਚ ਇਸ ਦਾ ਸਮਰਥਨ ਵੱਧਦਾ ਜਾ ਰਿਹਾ ਹੈ। ਭਾਰਤੀ ਮਜ਼ਦੂਰ ਸੰਘ ਜਿਸ ਦੀ ਮੈਂਬਰਸ਼ਿਪ 20 ਲੱਖ ਤੋਂ ਜ਼ਿਆਦਾ ਹੈ, ਭਾਰਤੀ ਜਨਤਾ ਪਾਰਟੀ ਦੇ ਸਮਰਥਕ ਹਨ। ਮੱਧ ਵਰਗ ਦੇ ਵਪਾਰੀ ਵੀ ਇਸ ਦੇ ਸਮਰਥਕ ਹਨ। ਕਮਲ ਦਾ ਫੁੱਲ ਪਾਰਟੀ ਦਾ ਚੋਣ ਨਿਸ਼ਾਨ ਹੈ।

6 ਅਪ੍ਰੈਲ 1980 ਨੂੰ ਪਾਰਟੀ ਦਾ ਗਠਨ ਹੋਣ ਤੋਂ ਬਾਅਦ ਉਸ ਨੇ ਸੰਨ 1984 ਦੀਆਂ ਚੋਣਾਂ ਵਿੱਚ ਹਿੱਸਾ ਲਿਆ। ਪਰ ਬਹੁਕੋਣੀ ਮੁਕਾਬਲਿਆਂ ਵਿੱਚ ਉਸ ਦੇ ਸਾਰੇ ਮੋਹਰੇ ਸਿਰਫ ਪਿਟ ਗਏ ਅਤੇ ਉਸ ਨੂੰ ਲੋਕ ਸਭਾ ਵਿੱਚ ਸਿਰਫ 2 ਸਥਾਨ ਪ੍ਰਾਪਤ ਹੋਏ। ਕਈ ਸਮੀਖਿਆਵਾਂ ਨੇ ਉਸ ਸਮੇਂ ਭਾਜਪਾ ਦੇ ਅੰਤ ਦੀ ਘੋਸ਼ਣਾ ਕਰ ਦਿੱਤੀ ਪਰ ਅਜਿਹਾ ਕਹਿੰਦੇ ਸਮੇਂ ਉਹ ਦੇਸ਼ ਵਿੱਚ ਮੌਜੂਦ ਉਸ ਦੇ ਠੋਸ ਵੋਟ ਬੈਂਕ ਨੂੰ ਭੁੱਲ ਬੈਠੇ। ਨਵੰਬਰ 1989 ਦੀਆਂ ਲੋਕ ਸਭਾ ਚੋਣਾ ਵਿੱਚ ਉਸ ਦੀ ਭੁੱਲ ਸਾਹਮਣੇ ਆ ਗਈ, ਕਿਉਂਕਿ ਉਨ੍ਹਾਂ ਚੋਣਾ ਵਿੱਚ ਭਾਜਪਾ ਨੂੰ 88 ਸਥਾਨ ਪ੍ਰਾਪਤ ਹੋ ਗਏ ਸਨ। ਉਸ ਤੋਂ ਬਾਅਦ ਗਠਿਤ ਵੀ. ਪੀ ਸਿੰਘ ਦੀ ਜਨਤਾ ਦਲ ਰਾਸ਼ਟਰੀ ਮੋਰਚਾ ਸਰਕਾਰ ਦੇ ਗਠਨ ਵਿੱਚ ਉਸ ਦੀ ਮਹੱਤਵਪੂਰਨ ਭੂਮਿਕਾ ਸੀ ਅਤੇ ਇਸ ਲਈ ਜਦੋਂ ਅਕਤੂਬਰ 1990 ਵਿੱਚ ਭਾਜਪਾ ਨੇ ਰਾਮ ਜਨਮ ਭੂਮੀ ਮਾਮਲੇ 'ਤੇ ਸਰਕਾਰ ਨੇ ਆਪਣਾ ਸਮਰਥਨ ਵਾਪਿਸ ਲੈ ਲਿਆ ਤਾਂ ਵੀ.ਪੀ. ਸਿੰਘ ਸਰਕਾਰ ਮੂਧੇ ਮੂੰਹ ਡਿੱਗ ਗਈ। ਮਈ-ਜੂਨ 1991 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ 119 ਸਥਾਨ ਇਕੱਲੇ ਆਪਣੇ ਬਲਬੂਤੇ 'ਤੇ ਮਿਲੇ ਅਤੇ ਉਹ ਮੁੱਖ ਵਿਰੋਧੀ ਦਲ ਬਣ ਗਿਆ।

ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਅਤੇ ਪ੍ਰੋਗਰਾਮ (Policies and Programmes of B.J.P.)

ਦਸਵੀਂਆਂ ਲੋਕ ਸਭਾ ਚੋਣਾਂ ਸਮੇਂ ਜਾਰੀ ਕੀਤੇ ਗਏ 31 ਪੰਨਿਆਂ ਵਾਲੇ ਚੋਣ ਘੋਸ਼ਣਾ ਪੱਤਰ ਵਿੱਚ ਭਾਜਪਾ ਨੇ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮ ਦਾ ਵਿਸਥਾਰ ਵਰਨਣ ਦੇਸ਼ ਵਾਸੀਆਂ ਨੂੰ ਦਿੱਤਾ ਸੀ। ਇਸ ਵਿੱਚ ਰਾਸ਼ਟਰ ਦੀ ਸਨਾਤਨ ਪੰਥ-ਨਿਰਪੱਖਤਾਵਾਦੀ ਪ੍ਰੰਪਰਾ ਨੂੰ ਬਣਾਏ ਰੱਖ ਕੇ 'ਰਾਮ ਅਤੇ ਇਨਸਾਫ' ਸਾਰੇ ਦੇਸ਼ ਵਾਸੀਆਂ ਨੂੰ ਦਿਵਾਉਣ ਦਾ ਭਰੋਸਾ ਦਿੱਤਾ ਗਿਆ ਹੈ। ਦੂਸਰੇ ਸ਼ਬਦਾਂ ਵਿੱਚ ਭਾਜਪਾ ਦਾ ਲਕਸ਼ ਦੇਸ਼ ਵਿੱਚ ਰਾਜ-ਰਾਜ ਕਾਇਮ ਕਰਨਾ ਹੈ।

**1. ਰਾਜਨੀਤਿਕ ਪ੍ਰੋਗਰਾਮ** (Political Programmes)-ਭਾਜਪਾ ਨੇ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਹੇਠ ਲਿਖੇ ਰਾਜਨੀਤਿਕ ਪ੍ਰੋਗਰਾਮ ਨੂੰ ਸੱਤਾ ਵਿੱਚ ਆਉਣ 'ਤੇ ਲਾਗੂ ਕਰਨ ਦਾ ਭਰੋਸਾ ਦੇਸ਼ਵਾਸੀਆਂ ਨੂੰ ਦਿੱਤਾ ਹੈ-

*(i)* ਭਾਜਪਾ ਅਯੁੱਧਿਆ ਵਿੱਚ ਰਾਮ-ਜਨਮ ਭੂਮੀ 'ਤੇ ਸ਼੍ਰੀ ਰਾਮ ਲੱਲਾ ਦੇ ਮੰਦਿਰ ਨਿਰਮਾਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਕਿਉਂਕਿ ਇਹ ਰਾਸ਼ਟਰੀ ਆਤਮ-ਵਿਸ਼ਵਾਸ, ਰਾਸ਼ਟਰੀ ਅਸੀਮਤਾ ਅਤੇ ਸੰਸਕ੍ਰਿਤਿਕ ਵਿਰਾਸਤ ਨਾਲ ਜੁੜਿਆ ਪ੍ਰਸ਼ਨ ਹੈ ਅਤੇ ਮਜ਼੍ਹਬ ਦਾ ਉਸ ਨਾਲ ਕੋਈ ਸਬੰਧ ਨਹੀਂ ਹੈ। ਉਸ ਨੇ ਸਪੱਸ਼ਟ ਸ਼ਬਦਾਂ ਵਿੱਚ ਇਹ ਘੋਸ਼ਣਾ ਕੀਤੀ ਹੈ ਕਿ ਇਸ ਦੇਸ਼ ਦੀ ਪਹਿਚਾਣ ਰਾਮ ਨਾਲ ਹੈ, ਬਾਬਰ ਨਾਲ ਨਹੀਂ ਅਤੇ ਉਸ ਨੇ ਵਿਵਾਦਗ੍ਰਸਤ ਮਸਜ਼ਿਦ ਦੇ ਢਾਂਚੇ ਤੋਂ ਕੰਟਰੋਲ ਹਟਾ ਕੇ ਮੰਦਿਰ ਬਣਾਉਣ ਦਾ ਸੰਕਲਪ ਪ੍ਰਗਟ ਕੀਤਾ ਹੈ।

*(ii)* ਭਾਜਪਾ ਸੰਵਿਧਾਨ ਦੇ ਅਨੁਛੇਦ 30 ਵਿੱਚ ਸਮੁਚਿਤ ਸੋਧ ਕਰਨ ਦੀ ਪੱਖਧਾਰ ਹੈ ਜਿਸ ਨਾਲ ਇਸ ਅਨੁਛੇਦ ਦੀ ਆੜ ਵਿੱਚ ਦੇਸ਼ ਅੰਦਰ ਘੱਟ ਸੰਖਿਆ ਵੱਲੋਂ ਸੰਚਾਲਿਤ ਕੁਝ ਇਕ ਸਿੱਖਿਅਕ ਸੰਸਥਾਵਾਂ ਵਿੱਚ ਚੱਲਣ ਵਾਲੀ ਰਾਸ਼ਟਰੀ ਹਿੱਤ ਪੂਰਨ ਕਾਰਵਾਈਆਂ ਦੀ ਪੂਰੀ ਰੋਕਥਾਮ ਕੀਤੀ ਜਾ ਸਕੇ।

*(iii)* ਪੰਥ ਨਿਰਪੱਖ ਰਾਜ ਵਿੱਚ ਬਹੁ ਗਿਣਤੀ ਅਤੇ ਘੱਟ ਗਿਣਤੀ ਦੀ ਸ਼ਬਦਾਵਲੀ ਗਲਤ ਹੈ। ਇਸ ਦੇਸ਼ ਵਿੱਚ ਰਹਿਣ ਵਾਲੇ ਸਾਰੇ ਨਿਵਾਸੀ ਇਕ ਜਨ ਹਨ ਅਤੇ ਭਾਰਤ ਇਕ ਰਾਸ਼ਟਰ ਹੈ। ਇਹ ਵੱਖ-ਵੱਖ ਰਾਸ਼ਟਰੀਅਤਾ ਦਾ ਜਮਘਟ ਨਹੀਂ ਹੈ ਅਤੇ ਉਸ ਨੇ ਘੱਟ ਸੰਖਿਆ ਆਯੋਗ ਨੂੰ ਭੰਗ ਕਰਕੇ ਉਸ ਦੀ ਜਗ੍ਹਾ 'ਤੇ ਮਨੁੱਖੀ ਅਧਿਕਾਰ ਆਯੋਗ (Human Rights Commission) ਕਾਇਮ ਕਰਨ ਦਾ ਨਿਸ਼ਚਾ ਪ੍ਰਗਟ ਕੀਤਾ ਹੈ।

*(iv)* ਇਕ ਰਾਸ਼ਟਰ ਅਤੇ ਇਕ ਜਨ (One Nation, One People) ਦੀ ਇਸ ਮਾਨਤਾ ਦੇ ਅਧਾਰ 'ਤੇ ਭਾਜਪਾ ਨੇ ਇਕ ਵਿਧੀ ਆਯੋਗ ਗਠਿਤ ਕਰਨ ਦਾ ਭਰੋਸਾ ਦਿੱਤਾ ਹੈ ਜੋ ਕਿ ਦੇਸ਼ ਦੇ ਸਾਰੇ ਨਿਵਾਸੀਆਂ ਲਈ ਇਕ ਬਰਾਬਰ ਨਾਗਰਿਕ ਕਾਨੂੰਨ (Uniform Civil Code) ਬਣਾਏਗਾ।

*(v)* ਕੇਂਦਰ ਰਾਜ ਸਬੰਧਾਂ ਨੂੰ ਸਿਹਤਮੰਦ ਰੂਪ ਨਾਲ ਨਿਸ਼ਚਿਤ ਕਰਨ ਲਈ ਸਰਕਾਰੀਆ ਆਯੋਗ ਦੀਆਂ ਸਿਫਾਰਿਸ਼ਾਂ ਲਾਗੂ ਕੀਤੀਆਂ ਜਾਣਗੀਆਂ। ਉਤਰਾਂਚਲ ਅਤੇ ਵਨਾਚਲ ਦੇ ਨਵੇਂ ਰਾਜ ਕਾਇਮ ਕੀਤੇ ਜਾਣਗੇ। ਜੰਮੂ-ਕਸ਼ਮੀਰ ਵਿੱਚ ਲੱਦਾਖ, ਜੰਮੂ ਅਤੇ ਘਾਟੀ ਤੇ ਮਹਾਰਾਸ਼ਟਰ ਵਿੱਚ ਮਰਾਠਵਾੜਾ ਅਤੇ ਵਿਦਰਭ ਲਈ ਅਧਿਕਾਰ ਸੰਪਨ ਖੇਤਰੀ ਪ੍ਰੀਸ਼ਦਾਂ ਗਠਿਤ ਕੀਤੀਆਂ ਜਾਣਗੀਆਂ।

*(vi)* ਭਾਰਤੀ ਸੰਵਿਧਾਨ ਦੀ ਧਾਰਾ 370 ਨੂੰ ਛੇਤੀ ਖਤਮ ਕਰ ਦਿੱਤਾ ਜਾਵੇਗਾ ਕਿਉਂਕਿ ਉਹ ਅਲਗਾਵਵਾਦ ਨੂੰ ਉਤਸ਼ਾਹ ਦਿੰਦਾ ਹੈ। ਇਸ ਦੇ ਨਾਲ ਹੀ ਕਸ਼ਮੀਰ ਘਾਟੀ ਤੋਂ ਪਾਕਿਸਤਾਨੀ ਤੱਤਾਂ ਨੂੰ ਕੱਢ ਕੇ ਬਾਹਰ ਕੀਤਾ ਜਾਵੇਗਾ ਅਤੇ ਸਧਾਰਣ ਸਥਿਤੀ ਬਹਾਲ ਹੋਣ 'ਤੇ ਹੀ ਉੱਥੇ ਸੁਤੰਤਰ ਅਤੇ ਨਿਰਪੱਖ ਚੋਣਾਂ ਕਰਾਈਆਂ ਜਾਣਗੀਆਂ।

*(vii)* ਉੱਤਰ ਪੂਰਬੀ ਖੇਤਰ ਵਿੱਚ ਬੰਗਲਾਦੇਸ਼ ਤੋਂ ਆਉਣ ਵਾਲੇ ਘੁਸਪੈਠੀਆਂ ਨੂੰ ਰੋਕਣ ਲਈ ਭਾਰਤ ਬੰਗਲਾਦੇਸ਼ ਹੱਦ 'ਤੇ ਬਿਜਲੀ ਯੁਕਤ ਕੰਡਿਆਲੀਆਂ ਤਾਰਾਂ ਲਗਾਈਆਂ ਜਾਣਗੀਆਂ। ਵੋਟਰ ਸੂਚੀਆਂ ਤੋਂ ਘੁਸਪੈਸੀਆਂ ਨੂੰ ਕੱਢ ਕੇ ਉਨ੍ਹਾਂ ਨੂੰ ਵਾਪਿਸ ਬੰਗਲਾਦੇਸ਼ ਭੇਜਿਆ ਜਾਵੇਗਾ। ਉੱਤਰ ਪੂਰਬ ਸਾਰੇ ਨਾਗਰਿਕਾਂ ਨੂੰ ਯਾਦ ਪੱਤਰ ਦਿੱਤੇ ਜਾਣਗੇ। ਬੰਗਲਾਦੇਸ਼ ਤੋਂ ਆਏ ਬੁੱਧ ਸ਼ਰਨਾਰਥੀਆਂ ਦੀ ਸਨਮਾਨਜਨਕ ਰੂਪ ਨਾਲ ਵਾਪਸੀ ਕਰਵਾਈ ਜਾਵੇਗੀ ਅਤੇ ਇਸ ਖੇਤਰ ਦੇ ਵਿਕਾਸ ਲਈ ਇਕ ਸਮਾਂਬੱਧ ਆਰਥਿਕ ਵਿਕਾਸ ਦੀ ਜਲਦੀ ਯੋਜਨਾ ਲਾਗੂ ਕੀਤੀ ਜਾਵੇਗੀ।

*(viii)* ਪਾਕਿਸਤਾਨ ਵੱਲੋਂ ਭਾਰਤ ਵਿੱਚ ਹੋਣ ਵਾਲੀ ਘੁਸਪੈਠ ਨੂੰ ਰੋਕਣ ਅਤੇ ਨਜਾਇਜ਼ ਹਥਿਆਰਾਂ ਦੀ ਸਪਲਾਈ ਰੋਕਣ ਆਦਿ ਦੇ ਉਦੇਸ਼ ਨਾਲ ਭਾਰਤ ਪਾਕਿ ਹੱਦਾਂ 'ਤੇ ਇਕ ਲੰਮੀ ਸੁਰੱਖਿਆ ਪੱਟੀ ਦਾ ਨਿਰਮਾਣ ਕੀਤਾ ਜਾਵੇਗਾ। ਤਸਕਰਾਂ ਅਤੇ ਨਜਾਇਜ਼ ਹਥਿਆਰਾਂ ਦੀ ਰੋਕਥਾਮ ਕਰਨ ਲਈ ਅਜਿਹਾ ਕਰਨਾ ਜ਼ਰੂਰੀ ਹੈ।

*(ix)* ਮਣੀਪੁਰੀ ਅਤੇ ਨੇਪਾਲੀ ਭਾਸ਼ਾਵਾਂ ਨੂੰ ਸੰਵਿਧਾਨ ਦੀ ਅੱਠਵੀਂ ਸੂਚੀ ਵਿੱਚ ਸ਼ਾਮਿਲ ਕੀਤਾ ਜਾਵੇਗਾ।

*(x)* ਕੇਂਦਰ ਰਾਜ ਸਬੰਧਾਂ ਨੂੰ ਸੁਧਾਰਿਆ ਜਾਵੇਗਾ ਅਤੇ ਰਾਜਾਂ ਵਿੱਚ ਸੰਵਿਧਾਨਿਕ ਵਿਵਸਥਾ ਪੂਰੀ ਤਰ੍ਹਾਂ ਅਸਫਲ ਹੋਣ 'ਤੇ ਹੀ ਉੱਥੇ ਅਨੁਛੇਦ 356 ਅਧੀਨ ਰਾਸ਼ਟਰਪਤੀ ਸ਼ਾਸਨ ਕਾਇਮ ਕੀਤਾ ਜਾਵੇਗਾ। ਭਾਜਪਾ ਦੀ ਸਪੱਸ਼ਟ ਮਾਨਤਾ ਹੈ ਕਿ ਕੇਂਦਰ ਦੇ ਨਾਲ-ਨਾਲ ਰਾਜ ਸਰਕਾਰਾਂ ਵੀ ਸ਼ਕਤੀਸ਼ਾਲੀ ਹਨ ਅਤੇ ਉਨ੍ਹਾਂ ਦੀ ਸਵਾਯਤਤਾ ਨੂੰ ਸੁਰੱਖਿਅਤ ਬਣਾਇਆ ਜਾਣਾ ਜ਼ਰੂਰੀ ਹੈ।

*(xi)* ਪੰਜਾਬ ਦੀ ਜਨਤਾ ਵਿੱਚ ਕਾਨੂੰਨ ਅਤੇ ਵਿਵਸਥਾ ਪ੍ਰਤੀ ਫਿਰ ਤੋਂ ਵਿਸ਼ਵਾਸ ਪੈਦਾ ਕਰਨ ਲਈ ਸੰਵੇਦਨਸ਼ੀਲ ਅਸ਼ਾਂਤ ਖੇਤਰਾਂ ਵਿੱਚ ਸੈਨਾ ਤਾਇਨਾਤ ਕੀਤੀ ਜਾਵੇਗੀ। ਸੰਨ 1984 ਦੇ ਦੰਗਿਆਂ ਵਿੱਚ ਸ਼ਿਕਾਰ ਹੋਈਆਂ ਵਿਧਵਾਵਾਂ ਅਤੇ ਅਨਾਥ ਬੱਚਿਆਂ ਦਾ ਪੁਨਰਗਠਨ ਕੀਤਾ ਜਾਵੇਗਾ ਅਤੇ ਦੋਸ਼ੀ ਲੋਕਾਂ ਨੂੰ ਸਜ਼ਾ ਦਿੱਤੀ ਜਾਵੇਗੀ।

*(xii)* ਚੋਣ ਖਰਚ ਦਾ ਭਾਰ ਸਰਕਾਰ ਵੱਲੋਂ ਉਠਾਉਣ, ਦੇਸ਼ ਵਿੱਚ ਪ੍ਰਧਾਨਗੀ ਸ਼ਾਸਨ ਪ੍ਰਣਾਲੀ ਦੇ ਠੀਕ ਹੋਣ ਦਾ ਪਤਾ ਲਗਾਉਣ ਅਤੇ ਪੰਚਾਇਤ ਤੇ ਨਗਰ ਪਾਲਿਕਾਵਾਂ ਨੂੰ ਸੰਵਿਧਾਨ ਤੋਂ ਅਧਿਕਾਰ ਦਿਵਾਉਣ ਦੀ ਵਿਵਸਥਾ ਕੀਤੀ ਜਾਵੇਗੀ।

*(xiii)* ਵਿਦੇਸ਼ਾਂ ਵਿੱਚ ਵਸੇ ਭਾਰਤੀਆਂ ਨੂੰ ਡਾਕ ਰਾਹੀਂ ਵੋਟ ਪਾਉਣ ਦੀ ਸੁਵਿਧਾ ਪ੍ਰਦਾਨ ਕੀਤੀ ਜਾਵੇਗੀ। ਇਸ ਦੇ ਨਾਲ ਹੀ ਭਾਜਪਾ ਇਕ ਰਾਸ਼ਟਰੀ ਜਨਸੰਖਿਆ ਨੀਤੀ ਦਾ ਨਿਰਮਾਣ ਵੀ ਕਰੇਗੀ, ਜਿਸ ਨਾਲ ਵੱਧਦੀ ਆਬਾਦੀ 'ਤੇ ਕੰਟਰੋਲ ਕੀਤਾ ਜਾ ਸਕੇ ਅਤੇ ਕਿਸੇ ਤਰ੍ਹਾਂ ਅਸੰਤੁਲਨ ਪੈਦਾ ਨਾ ਹੋ ਸਕੇ।

*(xiv)* ਚੋਣ ਸੁਧਾਰ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇਗਾ ਅਤੇ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਅਧੀਨ ਸੂਚੀ ਪ੍ਰਣਾਲੀ ਨੂੰ ਵਿਵਹਾਰਿਕ ਰੂਪ ਦਿੱਤਾ ਜਾਵੇਗਾ। ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦਾ ਇਸਤੇਮਾਲ ਹੋਵੇਗਾ।

*(xv)* ਪ੍ਰਸ਼ਾਸਨ ਨੂੰ ਸਵੱਛ ਬਣਾਇਆ ਜਾਵੇਗਾ ਅਤੇ ਸਰਵਜਨਕ ਖੇਤਰ ਤੋਂ ਭ੍ਰਿਸ਼ਟਾਚਾਰ ਦਾ ਖਾਤਮਾ ਕੀਤਾ ਜਾਵੇਗਾ ਅਤੇ ਮੰਤਰੀ ਮੰਡਲ ਦੇ ਅਕਾਰਾਂ ਨੂੰ ਸੀਮਿਤ ਕਰਨ ਲਈ ਸਦਨ ਦੀ ਕੁੱਲ ਸੰਖਿਆ ਦਾ 10% ਜਾਂ ਸੱਤਾਰੂੜ ਦਲ ਦੇ ਮੈਂਬਰਾਂ ਦੀ ਸੰਖਿਆ ਦਾ 15% ਕਰਨ ਦੀ ਵਿਵਸਥਾ ਸੰਵਿਧਾਨ ਵਿੱਚ ਕੀਤੀ ਜਾਵੇਗੀ।

ਨੋਟ

*(xvi)* ਅਖ਼ਬਾਰਾਂ ਦੀ ਆਜ਼ਾਦੀ ਨੂੰ ਮੌਲਿਕ ਅਧਿਕਾਰ ਬਣਾਇਆ ਜਾਵੇਗਾ। ਅਖ਼ਬਾਰੀ ਕਾਗਜ਼ 'ਤੇ ਲੱਗਿਆ ਟੈਕਸ ਅਤੇ ਅਖ਼ਬਾਰਾਂ ਦੇ ਇਸ਼ਤਿਹਾਰਾਂ 'ਤੇ ਲਗਾਏ ਗਏ ਟੈਕਸ ਨੂੰ ਹਟਾ ਦਿੱਤਾ ਜਾਵੇਗਾ। ਆਕਾਸ਼ਵਾਣੀ ਅਤੇ ਦੂਰਦਰਸ਼ਨ ਨੂੰ ਸਵਾਯਤਤਾ ਸ਼ਾਸੀ ਬਣਾਉਣ ਲਈ ਪ੍ਰਸਾਰ ਭਾਰਤੀ ਕਾਨੂੰਨ ਬਣੇਗਾ, ਕਿਉਂਕਿ ਭਾਜਪਾ ਦੇ ਵਿਚਾਰ ਅਨੁਸਾਰ ਜਾਣਕਾਰੀ ਪਾਉਣ ਦਾ ਅਧਿਕਾਰ ਰੱਖਣਾ ਇਕ ਮਹੱਤਵਪੂਰਨ ਸੱਭਿਆ ਅਧਿਕਾਰ ਹੈ। ਇਸ ਦੇ ਨਾਲ ਹੀ ਭਾਜਪਾ 'ਓਮ' 'ਸਵਾਸਤਿਕ' 'ਸ਼੍ਰੀ ਚੱਕਰ' ਵਰਗੇ ਪ੍ਰਾਚੀਨ ਚਿੰਨ੍ਹਾਂ ਦੇ ਇਸਤੇਮਾਲ ਅਤੇ ਰਮਾਇਣ, ਮਹਾਭਾਰਤ, ਭਗਵਤ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਲਿਖੇ ਗਏ ਗ੍ਰੰਥਾਂ 'ਤੇ ਲੱਗੀ ਰੋਕ ਹਟਾਉਣ ਲਈ ਪ੍ਰਭਾਵੀ ਕਾਰਵਾਈ ਕਰੇਗੀ।

*(xvii)* ਹਿਲਾਵਾਂ ਦੀ ਉੱਨਤੀ ਅਤੇ ਵਿਕਾਸ ਲਈ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਨੂੰ ਰੋਜ਼ੀ-ਰੋਟੀ ਦੇ ਵਿਸ਼ੇਸ਼ ਮੌਕੇ ਦਿੱਤੇ ਜਾਣਗੇ। ਸੰਪਤੀ ਅਤੇ ਆਮਦਨ ਨਾਲ ਬਰਾਬਰੀ ਦੀ ਹਿੱਸੇਦਾਰੀ ਉਨ੍ਹਾਂ ਨੂੰ ਪ੍ਰਾਪਤ ਹੋਵੇਗੀ। ਮਹਿਲਾਵਾਂ 'ਤੇ ਅੱਤਿਆਚਾਰ ਨਾਲ ਸਬੰਧਿਤ ਪਰਿਵਾਰਿਕ ਮਾਮਲਿਆਂ ਲਈ ਮਹਿਲਾ ਜੱਜ ਨਿਯੁਕਤ ਕੀਤੀ ਜਾਵੇਗੀ। ਬਰਾਬਰ ਕੰਮ ਲਈ ਉਨ੍ਹਾਂ ਨੂੰ ਬਰਾਬਰ ਤਨਖਾਹ ਦਿੱਤੀ ਜਾਵੇਗੀ। ਉਨ੍ਹਾਂ ਲਈ ਇਕ ਸਾਲ ਵਿੱਚ 100 ਕਰੋੜ ਰੁਪਏ ਦੀ ਧਨ ਰਾਸ਼ੀ ਤੋਂ ਕੁਟੀਰ ਉਦਯੋਗ ਦੀ ਵਿਆਪਕ ਯੋਜਨਾ ਲਾਗੂ ਕੀਤੀ ਜਾਵੇਗੀ, ਸਿਰਫ ਸ਼ਕਤੀ ਦੇ ਰੂਪ ਵਿੱਚ ਉਨ੍ਹਾਂ ਨੂੰ ਸਨਮਾਨ ਦਿੱਤਾ ਜਾਵੇਗਾ।

*(xviii)* ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੇ ਕਲਿਆਣ ਲਈ ਸੇਵਾਵਾਂ ਵਿੱਚ ਸੁਰੱਖਿਅਤ ਉਨ੍ਹਾਂ ਦੇ ਸਥਾਨ ਤੁਰੰਤ ਭਰੇ ਜਾਣਗੇ, ਇਸ ਦੇ ਨਾਲ ਹੀ ਉਨ੍ਹਾਂ ਨੂੰ ਕਰਜ਼ਾ ਉਪਲੱਬਧ ਕਰਵਾਉਣ ਲਈ ਇਕ ਵਿੱਤੀ ਇਕਾਈ ਕਾਇਮ ਕੀਤੀ ਜਾਵੇਗੀ।

*(xix)* ਮੰਡਲ ਆਯੋਗ ਦੀਆਂ ਸਿਫਾਰਿਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਪੱਛੜੇ ਵਰਗ ਲਈ ਆਰਥਿਕ ਅਧਾਰ 'ਤੇ ਰਾਖਵਾਂਕਰਨ ਲਾਗੂ ਕੀਤਾ ਜਾਵੇਗਾ ਅਤੇ ਹੋਰ ਜਾਤੀਆਂ ਦੇ ਆਰਥਿਕ ਰੂਪ ਵਿੱਚ ਪੱਛੜੇ ਲੋਕਾਂ ਨੂੰ ਵੀ ਰਾਖਵੇਂਕਰਨ ਦਾ ਲਾਭ ਦਿੱਤਾ ਜਾਵੇਗਾ। ਅਜਿਹਾ ਕਰਦੇ ਸਮੇਂ ਸਮਾਜਿਕ ਸਮਰਸਤਾ ਬਣਾਈ ਰੱਖੀ ਜਾਵੇਗੀ।

2. **ਆਰਥਿਕ ਪ੍ਰੋਗਰਾਮ** (Economic Programmes)- ਭਾਜਪਾ ਨੇ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਦੇਸ਼ ਦੀ ਅਰਥ ਵਿਵਸਥਾ ਨੂੰ ਜਨਤਾ ਲਈ, ਜਨਤਾ ਦੁਆਰਾ ਅਤੇ ਜਨਤਾ ਦੀ ਅਰਥ ਵਿਵਸਥਾ ਬਣਾਉਣ ਦਾ ਨਿਸ਼ਚਾ ਪ੍ਰਗਟ ਕੀਤਾ ਹੈ। ਸੱਤਾ ਵਿੱਚ ਆਉਂਦੇ ਹੀ ਉਹ ਦੇਸ਼ ਦੀ ਆਰਥਿਕ ਵਿਵਸਥਾ ਸਬੰਧੀ ਇਕ ਵਿਸਤ੍ਰਿਤ ਸ਼ਵੇਤ ਪੱਤਰ (Detailed White Paper) ਜਾਰੀ ਕਰੇਗੀ ਅਤੇ ਰਾਜਸਵ ਵਿੱਚ ਜ਼ੀਰੋ ਘਾਟੇ ਦਾ ਬਜਟ ਬਣਾਏਗੀ ਅਤੇ ਵਿੱਤੀ ਘਾਟੇ ਨੂੰ 5% ਤੋਂ ਵਧੇਰੇ ਨਹੀਂ ਹੋਣ ਦੇਵੇਗੀ। ਸੰਖੇਪ ਵਿੱਚ ਉਸ ਦਾ ਆਰਥਿਕ ਪ੍ਰੋਗਰਾਮ ਹੇਠ ਲਿਖਿਆ ਹੈ-

*(i)* ਮੌਜੂਦਾ ਕਰ ਢਾਂਚੇ ਨੂੰ ਨਿਆ ਸੰਗਤ ਬਣਾਇਆ ਜਾਵੇਗਾ। 48,000 ਰੁਪਏ ਸਾਲਾਨਾ ਆਮਦਨ ਤੱਕ ਦੀ ਲੋਕਾਂ ਨੂੰ ਆਮਦਨ ਕਰ ਤੋਂ ਛੂਟ ਪ੍ਰਾਪਤ ਹੋਵੇਗੀ। ਆਮਦਨ ਕਰ ਜ਼ਿਆਦਾਤਰ ਹੱਦ 40% ਤੋਂ ਵਧੇਰੇ ਨਹੀਂ ਹੋਵੇਗੀ। ਚੁੰਗੀ ਟੈਕਸ ਖਤਮ ਕਰ ਦਿੱਤਾ ਜਾਵੇਗਾ।

*(ii)* ਪੰਜ ਸਾਲ ਤੱਕ ਆਮਦਨ ਉਪਭੋਗ ਦੀਆਂ ਵਸਤੂਆਂ 'ਤੇ ਉਤਪਾਦਨ ਟੈਕਸ ਨਹੀਂ ਵਧਾਇਆ ਜਾਵੇਗਾ ਅਤੇ ਪੂਰੇ ਦੇਸ਼ ਵਿੱਚ ਵਿਕਰੀ ਕਰ ਦੀਆਂ ਬਰਾਬਰ ਦਰਾਂ ਤੈਅ ਕੀਤੀਆਂ ਜਾਣਗੀਆਂ।

*(iii)* ਉਦਯੋਗਿਕ ਖੇਤਰ ਦੀ ਨੌਕਰਸ਼ਾਹੀ ਦੇ ਚੁੰਗਲ ਤੋਂ ਮੁਕਤੀ ਦਿਵਾ ਕੇ ਉਨ੍ਹਾਂ ਨੂੰ ਵਿਗਿਆਨੀਆਂ ਨੂੰ ਸੌਂਪਿਆ ਜਾਵੇਗਾ। ਸਰਵਜਨਕ ਖੇਤਰ ਦੀ ਕਾਰਜਕੁਸ਼ਲਤਾ ਵਧਾਈ ਜਾਵੇਗੀ। ਉੱਚ ਤਕਨੀਕੀ ਅਤੇ ਨਿਰਯਾਤ ਵਪਾਰ ਨਾਲ ਸਬੰਧਿਤ ਉਦਯੋਗਾਂ ਵਿੱਚ ਵਿਦੇਸ਼ੀ ਪੂੰਜੀ ਦੇ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਪਰ ਹੋਰ ਸਾਰੀਆਂ ਆਰਥਿਕ ਅਤੇ ਉਦਯੋਗਿਕ ਗਤੀਵਿਧੀਆਂ ਵਿੱਚ ਸਵਦੇਸ਼ੀ ਦੀ ਭਾਵਨਾ ਨੂੰ ਮਜਬੂਤ ਅਤੇ ਪ੍ਰਭਾਵਸ਼ਾਲੀ ਬਣਾਇਆ ਜਾਵੇਗਾ। ਉਪਭੋਗਤਾ ਵਸਤੂਆਂ ਦੇ ਖੇਤਰ ਵਿੱਚ ਬਹੁਰਾਸ਼ਟਰੀ ਕੰਪਨੀਆਂ ਦੀ ਘੁਸਪੈਠ ਨਹੀਂ ਹੋਣ ਦਿੱਤੀ ਜਾਵੇਗੀ।

*(iv)* ਖੇਤੀ 'ਤੇ ਅਧਾਰਿਤ ਉਦਯੋਗਾਂ ਨੂੰ ਵਿਆਪਕ ਬਣਾਇਆ ਜਾਵੇਗਾ। ਉਦਯੋਗਾਂ ਵਿੱਚ ਨਵੀਆਂ ਤਕਨੀਕਾਂ ਦਾ ਲਾਭ ਉਠਾਉਂਦੇ ਹੋਏ ਵੀ ਮਨੁੱਖ ਦੀ ਮਿਹਨਤ ਦੀ ਮਹੱਤਵ ਦੀ ਅਣਦੇਖੀ ਨਹੀਂ ਕੀਤੀ ਜਾਵੇਗੀ। ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਅਤੇ ਲਾਭਕਾਰੀ ਮੁੱਲ ਦਿੱਤਾ ਜਾਵੇਗਾ। ਹਜ਼ਾਰ ਕਰੋੜ ਰੁਪਏ ਜਾਂ ਵਧੇਰੇ ਸੰਪਨ ਵਪਾਰਕ ਘਰਾਣਿਆਂ ਦਾ ਕੰਟਰੋਲ ਕਰਨ ਦਾ ਐੱਮ. ਆਰ. ਟੀ. ਪੀ. ਕਾਨੂੰਨ ਨੂੰ ਲਾਗੂ ਕੀਤਾ ਜਾਵੇਗਾ ਅਤੇ ਪ੍ਰਵਾਸੀ ਭਾਰਤੀਆਂ ਨੂੰ ਦੇਸ਼ ਵਿੱਚ ਪੂੰਜੀ ਨਿਵੇਸ਼ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ।

*(v)* ਯੋਜਨਾ ਰਾਸ਼ੀ ਦਾ 60% ਭਾਗ ਪੇਂਡੂ ਵਿਕਾਸ 'ਤੇ ਖਰਚ ਕਰਨ, ਮਿਹਨਤ 'ਤੇ ਅਧਾਰਿਤ 10 ਲੱਖ ਛੋਟੀਆਂ ਪੇਂਡੂ ਯੋਜਨਾਵਾਂ ਅਤੇ ਅੰਤ: ਯੋਧਯ ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਵਿਵਸਥਾ ਕੀਤੀ ਜਾਵੇਗੀ।

*(vi)* ਸਾਰੇ ਪਿੰਡਾਂ ਤੱਕ ਪੀਣ ਯੋਗ ਪਾਣੀ, ਬਿਜਲੀ, ਸਿੱਖਿਆ ਅਤੇ ਸਿਹਤ ਸਬੰਧੀ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਖੇਤੀ ਕਰਨ ਵਾਲੇ ਮਜ਼ਦੂਰਾਂ ਨੂੰ ਨਿਊਨਤਮ ਤਨਖਾਹ ਦਿਵਾਈ ਜਾਵੇਗੀ। ਇਸ ਦੇ ਨਾਲ ਹੀ ਖੇਤੀ ਨਾਲ ਸਬੰਧਿਤ ਲਾਗਤ ਅਤੇ ਕੀਮਤ ਸਬੰਧੀ ਆਯੋਗ ਦਾ ਪੁਨਰਗਠਨ ਕੀਤਾ ਜਾਵੇਗਾ।

*(vii)* ਹੱਥ ਦੇ ਕਾਰੀਗਰਾਂ ਅਤੇ ਪੇਂਡੂ ਉਦਯੋਗਾਂ ਦੇ ਵਿਕਾਸ ਲਈ ਅਲੱਗ ਤੋਂ ਇਕ ਮੰਤਰਾਲਾ ਗਠਿਤ ਹੋਵੇਗਾ। ਪੂਰੇ ਦੇਸ਼ ਵਿੱਚ ਰੋਜ਼ਗਾਰ ਗਾਰੰਟੀ ਯੋਜਨਾ ਸ਼ੁਰੂ ਕੀਤੀ ਜਾਵੇਗੀ। ਹੱਥ ਦੇ ਕਾਰੀਗਰਾਂ ਅਤੇ ਪੇਂਡੂ ਉਦਯੋਗਾਂ ਲਈ ਇਕ ਰਾਸ਼ਟਰੀ ਸ਼ਿਲਪਕਾਰ ਵਿਕਾਸ ਬੈਂਕ ਕਾਇਮ ਕੀਤਾ ਜਾਵੇਗਾ।

*(viii)* ਤਸਕਰਾਂ ਅਤੇ ਹੋਰ ਆਰਥਿਕ ਅਪਰਾਧੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਲੇਖਕਾਂ, ਕਲਾਕਾਰਾਂ, ਸਿੱਖਿਆ ਵਿਧੀਆਂ ਅਤੇ ਸੰਸਕ੍ਰਿਤਿਕ ਅਤੇ ਬੌਧਿਕ ਕੰਮਾਂ ਵਿੱਚ ਲੱਗੇ ਲੋਕਾਂ ਨੂੰ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾਣਗੀਆਂ।

*(ix)* ਮਿਹਨਤ ਕਾਨੂੰਨਾਂ ਨੂੰ ਦਰੁੱਸਤ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਆਸਾਨ ਬਣਾਇਆ ਜਾਵੇਗਾ। ਮਜ਼ਦੂਰਾਂ ਦੀਆਂ ਯੂਨੀਅਨਾਂ ਨੂੰ ਮਾਨਤਾ ਦੇਣ ਸਬੰਧੀ ਗੁਪਤ ਵੋਟ ਪ੍ਰਣਾਲੀ ਦਾ ਸਹਾਰਾ ਲਿਆ ਜਾਵੇਗਾ। ਸਰਕਾਰੀ ਕਰਮਚਾਰੀਆਂ ਦੀ ਭਲਾਈ ਲਈ ਇਕ ਸਥਾਈ ਕਰਮਚਾਰੀ ਕਲਿਆਣ ਬੋਰਡ ਕਾਇਮ ਹੋਵੇਗਾ।

*(x)* ਵਧਦੀਆਂ ਕੀਮਤਾਂ ਦੀ ਪ੍ਰਭਾਵੀ ਰੋਕਥਾਮ ਲਈ ਵੰਡ ਪ੍ਰਣਾਲੀ ਨੂੰ ਮਜ਼ਬੂਤ ਬਣਾਇਆ ਜਾਵੇਗਾ। ਸਾਰੇ ਨੌਜਵਾਨਾਂ ਨੂੰ ਸਿੱਖਿਆ ਅਤੇ ਰੋਜ਼ਗਾਰ ਦੇਣ ਦੇ ਨਾਲ ਹੀ ਉਨ੍ਹਾਂ ਨੂੰ ਸਾਰੀਆਂ ਵਿਕਾਸ ਗਤੀਵਿਧੀਆਂ ਵਿੱਚ ਹਿੱਸੇਦਾਰ ਬਣਾਉਣ ਅਤੇ ਵਧੇਰੇ ਨੌਜਵਾਨ ਹੋਸਟਲ ਕਾਇਮ ਕਰਨ ਦੀਆਂ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ।

*(xi)* ਭਾਜਪਾ ਸੱਤਾ ਵਿੱਚ ਆਉਣ 'ਤੇ ਅਜਿਹੀਆਂ ਸਿੱਖਿਆ ਸੰਸਥਾਵਾਂ ਕਾਇਮ ਕਰੇਗੀ, ਜਿਸ ਵਿੱਚ ਸਾਰੇ ਵਰਗਾਂ ਅਤੇ ਸਮੁਦਾਇਆਂ ਦੇ ਬੱਚੇ ਪ੍ਰਵੇਸ਼ ਕਰ ਸਕਣਗੇ। ਪ੍ਰਾਇਮਰੀ ਕਲਾਸਾਂ ਵਿੱਚ ਮਹਿਲਾ ਅਧਿਆਪਕਾਂ ਨੂੰ ਪਹਿਲ ਦਿੱਤੀ ਜਾਵੇਗੀ। ਪਿੰਡਾਂ ਅਤੇ ਗੰਦੀਆਂ ਬਸਤੀਆਂ ਵਿੱਚ ਮਹਿਲਾਵਾਂ ਲਈ ਸਰਵਜਨਕ ਗੁਸਲਖਾਨੇ ਬਣਾਏ ਜਾਣਗੇ।

*(xii)* ਇਕ ਸਥਾਈ ਕਰਮਚਾਰੀ ਬੋਰਡ ਬਣਾਇਆ ਜਾਵੇਗਾ ਜੋ ਸਮਾਂਬੱਧ ਤਰੱਕੀ, ਰਹਿਣ-ਸਹਿਣ, ਬੋਨਸ ਅਤੇ ਆਮਦਨ ਬੋਰਡ ਦੀਆਂ ਸਿਫਾਰਿਸ਼ਾਂ ਨਾਲ ਸਬੰਧਿਤ ਮਾਮਲੇ ਨਿਪਟਾਏਗਾ।

*(xiii)* ਊਰਜਾ ਅਤੇ ਆਉਣ-ਜਾਣ ਦੀਆਂ ਸੁਵਿਧਾਵਾਂ ਦੇ ਵਿਕਾਸ ਅਤੇ ਨਿਰਯਾਤ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

*(xiv)* ਸਰਵਜਨਕ ਉਦਯੋਗਾਂ ਨੂੰ ਲਾਭਕਾਰੀ ਬਣਾਇਆ ਜਾਵੇਗਾ। ਨਿੱਜੀ ਉਦਯੋਗਾਂ ਨੂੰ ਬੜ੍ਹਾਵਾ ਮਿਲੇਗਾ।

*(xv)* ਪੇਂਡੂ, ਨੌਕਰੀ ਪੇਸ਼ਾ ਲੋਕਾਂ, ਬਜ਼ੁਰਗਾਂ, ਸੈਨਿਕਾਂ, ਮਹਿਲਾਵਾਂ, ਨੌਜਵਾਨਾਂ, ਜਨਜਾਤੀਆਂ, ਹਰੀਜਨਾਂ, ਬੇਸਹਾਰਾ ਅਤੇ ਅਪੰਗ ਵਿਅਕਤੀਆਂ ਦੇ ਕਲਿਆਣ ਲਈ ਸਮੁਚਿਤ ਯਤਨ ਕੀਤੇ ਜਾਣਗੇ।

3. **ਅੰਤਰਰਾਸ਼ਟਰੀ ਖੇਤਰ ਸਬੰਧੀ** (Policy Related to International Field)- ਇਸ ਖੇਤਰ ਵਿੱਚ ਭਾਜਪਾ ਦੇ ਚੋਣ ਘੋਸ਼ਣਾ ਪੱਤਰ ਵਿੱਚ ਹੇਠ ਲਿਖੀਆਂ ਗੱਲਾਂ ਕਹੀਆਂ ਗਈਆਂ ਹਨ-

*(i)* ਵਿਗਿਆਨੀਆਂ ਦੀ ਇਕ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਗਠਿਤ ਕੀਤੀ ਜਾਵੇਗੀ ਜੋ ਵਿਸ਼ਵ ਦੇ ਬਦਲਦੇ ਸਬੰਧ ਵਿੱਚ ਦੀਰਘਕਾਲੀਨ ਵਿਦੇਸ਼ ਨੀਤੀ ਦਾ ਨਿਰਧਾਰਣ ਕਰੇਗੀ।

*(ii)* ਇਕ ਧਰੁਵੀ ਸੰਸਾਰ ਵਿੱਚ ਦਕਸ਼ੇਸ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਏਗੀ ਅਤੇ ਪਾਕਿਸਤਾਨ ਨਾਲ ਵਿਵਾਦਾਂ ਦਾ ਹੱਲ ਸ਼ਿਮਲਾ ਸਮਝੌਤੇ ਦੇ ਅਧਾਰ 'ਤੇ ਸਿੱਧੀ ਗੱਲਬਾਤ ਨਾਲ ਕੀਤਾ ਜਾਵੇਗਾ।

*(iii)* ਵਿਦੇਸ਼ ਸਥਿਤੀ ਭਾਰਤੀਆਂ ਦੀ ਦੋਹਰੀ ਨਾਗਰਿਕਤਾ ਪ੍ਰਾਪਤ ਕਰਨ ਦਾ ਮੌਕਾ ਹੋਵੇਗਾ। ਇਸ ਤੋਂ ਇਲਾਵਾ ਭਾਰਤ ਆਪਣੇ ਸਾਰੇ ਗੁਆਂਢੀ ਰਾਜਾਂ ਦੇ ਨਾਲ-ਨਾਲ ਹੋਰ ਰਾਜਾਂ ਦੇ ਨਾਲ ਵੀ ਮਿੱਤਰਤਾ ਭਰਪੂਰ ਸਬੰਧ ਕਾਇਮ ਕਰੇਗਾ।

*(iv)* ਸੰਯੁਕਤ ਰਾਸ਼ਟਰ ਸੰਘ ਨੂੰ ਮਜ਼ਬੂਤ ਬਣਾਏਗਾ ਅਤੇ ਸੁਰੱਖਿਆ ਪ੍ਰੀਸ਼ਦ ਦੀ ਸਥਾਈ ਮੈਂਬਰਸ਼ਿਪ ਪਾਉਣ ਲਈ ਯਤਨਸ਼ੀਲ ਰਹੇਗਾ।

*(v)* ਇਰਾਕੀ ਯੁੱਧ ਵਿੱਚ ਸਿੱਖਿਆ ਲੈਂਦੇ ਹੋਏ ਭਾਰਤ ਨੂੰ ਸੈਨਿਕ ਦ੍ਰਿਸ਼ਟੀ ਨਾਲ ਸਸ਼ਕਤ ਅਤੇ ਆਤਮ-ਨਿਰਭਰ ਬਣਾਇਆ ਜਾਵੇਗਾ। ਇਸ ਲਈ ਭਾਰਤੀ ਸੈਨਾ ਨੂੰ ਸ਼ਸਤਰਾਂ ਨਾਲ ਲੈਸ ਕੀਤਾ ਜਾਵੇਗਾ। ਸਾਧਨਾਂ ਦਾ ਖਰਚ ਰੋਕਣ ਅਤੇ ਦਕਸ਼ਤਾ ਵਧਾਉਣ ਲਈ ਅਰਧ ਸੈਨਿਕ ਬਲਾਂ ਨੂੰ ਥਲ ਜਾਂ ਜਲ ਸੈਨਾ ਵਿੱਚ ਮਿਲਾ ਲਿਆ ਜਾਵੇਗਾ।

*(vi)* ਸਰਕਾਰੀ ਗੁਪਤ ਕਾਨੂੰਨ ਨੂੰ ਉਧਾਰ ਬਣਾਇਆ ਜਾਵੇਗਾ ਅਤੇ ਸਿੰਗਾਪੁਰ ਤੋਂ ਲੈ ਕੇ ਦਮਨ ਤੱਕ ਨੂੰ ਸਮੁੰਦਰੀ ਖੇਤਰ ਵਿੱਚ ਇਕ ਪ੍ਰਭਾਵਸ਼ਾਲੀ ਨੀਲੀ ਜਲ ਸੈਨਾ ਕਾਇਮ ਕੀਤੀ ਜਾਵੇਗੀ, ਜਿਸ ਨਾਲ ਭਾਰਤ ਇਸ ਖੇਤਰ ਦੀ ਇਕ ਸਰਵ ਪ੍ਰਮੁੱਖ ਜਲ ਸੈਨਾ ਸ਼ਕਤੀ ਬਣ ਸਕੇਗਾ।

ਨੋਟ

**4. ਹੋਰ ਪ੍ਰਮੁੱਖ ਹੱਲ** (Other Important Provisions)– ਉਪਯੁਕਤ ਨੀਤੀਆਂ ਅਤੇ ਪ੍ਰੋਗਰਾਮਾਂ ਤੋਂ ਇਲਾਵਾ ਭਾਜਪਾ ਦੇ ਚੋਣ ਘੋਸ਼ਣਾ ਪੱਤਰ ਵਿੱਚ ਹੇਠ ਲਿਖੀਆਂ ਪ੍ਰਮੁੱਖ ਗੱਲਾਂ ਵੀ ਕਹੀਆਂ ਗਈਆਂ ਹਨ–

*(i)* ਗਾਂ ਅਤੇ ਪਸ਼ੂ ਧਨ ਦੀ ਸੁਰੱਖਿਆ ਕਰਨ ਲਈ ਕਾਨੂੰਨ ਬਣਾਇਆ ਜਾਵੇਗਾ। ਵਾਤਾਵਰਨ ਦੀ ਸੁਰੱਖਿਆ ਲਈ ਰਾਸ਼ਟਰੀ ਸੁਰੱਖਿਆ ਅਤੇ ਸਾਧਨ ਨੀਤੀ ਬਣਾਈ ਜਾਵੇਗੀ। ਉਦਯੋਗਿਕ ਇਕਾਈਆਂ ਅਤੇ ਗੰਦੇ ਨਾਲੇ ਆਦਿ ਨਾਲ ਸਿਹਤ ਦੀ ਸੁਰੱਖਿਆ ਕਰਨ ਲਈ ਪ੍ਰਦੂਸ਼ਣ ਵਿਰੋਧ ਵਿਵਸਥਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇਗਾ। ਡੀ. ਡੀ. ਟੀ. ਦਾ ਇਸਤੇਮਾਲ ਬੰਦ ਕਰ ਦਿੱਤਾ ਜਾਵੇਗਾ ਅਤੇ ਵਹੀਕਲਾਂ ਤੋਂ ਨਿਕਲਣ ਵਾਲੇ ਗੰਦੇ ਧੂਏਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਰੋਕਥਾਮ ਕੀਤੀ ਜਾਵੇਗੀ।

*(ii)* ਫਿਲਮਾਂ ਵਿੱਚੋਂ ਹਿੰਸਾ, ਅਸ਼ਲੀਲਤਾ ਅਤੇ ਅਨੈਤਿਕਤਾ ਦੀ ਰੋਕਥਾਮ ਲਈ ਸੈਂਸਰ ਬੋਰਡ ਵਿੱਚ 50% ਮਹਿਲਾਵਾਂ ਨਿਯੁਕਤ ਕੀਤੀਆਂ ਜਾਣਗੀਆਂ।

*(iii)* ਆਮ ਭਵਿੱਖ ਨਿਧੀ ਵਿੱਚ ਜਮ੍ਹਾਂ ਰਾਸ਼ੀ 'ਤੇ ਵਿਆਜ਼ ਦਰ ਵਧਾ ਦਿੱਤੀ ਜਾਵੇਗੀ।

*(iv)* ਸਾਰੇ ਨਾਟਕ ਪ੍ਰਦਰਸ਼ਨੀਆਂ ਤੋਂ ਮਨੋਰੰਜਨ ਕਰ ਹਟਾ ਦਿੱਤਾ ਜਾਵੇਗਾ ਅਤੇ ਲੋਕ ਕਥਾਵਾਂ ਨੂੰ ਬੜ੍ਹਾਵਾ ਦਿੱਤਾ ਜਾਵੇਗਾ।

**ਮੁਲਾਂਕਣ** (Evaluation)– ਭਾਰਤੀ ਜਨਤਾ ਪਾਰਟੀ ਦੇ ਇਸ ਚੋਣ ਘੋਸ਼ਣਾ ਪੱਤਰ ਤੋਂ ਇਹ ਸਪੱਸ਼ਟ ਹੈ ਕਿ ਪਾਰਟੀ ਨੇ ਦੇਸ਼ ਦੇ ਸਾਰੇ ਵਰਗਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਦੀ ਗੰਭੀਰ ਕੋਸ਼ਿਸ਼ ਕੀਤੀ ਹੈ, ਚੋਣਾਂ ਦੌਰਾਨ ਉਸ ਨੇ ਰਾਮ, ਰੋਟੀ ਅਤੇ ਇਨਸਾਫ ਦਾ ਪ੍ਰਚਾਰ ਵੱਡੇ ਜ਼ੋਰ–ਸ਼ੋਰ ਨਾਲ ਕੀਤਾ ਸੀ। ਫਿਰ ਵੀ ਦੇਸ਼ ਦੇ ਮੁਸਲਿਮ ਵੋਟਰਾਂ ਦਾ ਸਮਰਥਨ ਉਸ ਨੂੰ ਪ੍ਰਾਪਤ ਨਹੀਂ ਹੈ। ਦੂਸਰੇ ਪਾਸੇ ਸੰਨ 1989 ਦੀਆਂ ਚੋਣਾਂ ਸਮੇਂ ਤੋਂ ਵੀ ਉਨ੍ਹਾਂ ਦਾ ਪੂਰਾ ਧਿਆਨ ਰਾਮ ਜਨਮ ਮੰਦਿਰ ਨਿਰਮਾਣ ਵੱਲ ਹੀ ਕੇਂਦਰਿਤ ਰਿਹਾ ਹੈ। ਇਸ ਨਾਲ ਉਸ ਨੂੰ ਭਾਰਤ ਦੇ ਜਨ–ਮਾਨਸ ਵਿੱਚ ਆਪਣੀਆਂ ਜੜ੍ਹਾਂ ਜਮਾਉਣ ਦਾ ਮੌਕਾ ਵੀ ਮਿਲਿਆ ਹੈ। ਮਈ–ਜੂਨ 1991 ਦੀਆਂ ਚੋਣਾਂ ਨਾਲ ਉੱਤਰ ਪ੍ਰਦੇਸ਼ ਵਿੱਚ ਵੀ ਉਸ ਨੂੰ ਸਰਕਾਰ ਬਣਾਉਣ ਵਿੱਚ ਸਫਲਤਾ ਮਿਲ ਗਈ ਸੀ। ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਉਹ ਪਹਿਲਾਂ ਤੋਂ ਵਧੇਰੇ ਸੱਤਾ ਵਿੱਚ ਬਣੀ ਹੋਈ ਸੀ। ਇਹ ਤਾਂ ਭਵਿੱਖ ਹੀ ਦੱਸੇਗਾ ਕਿ ਭਾਜਪਾ ਚੋਣ ਘੋਸ਼ਣਾ ਪੱਤਰ ਵਿੱਚ ਕੀਤੇ ਗਏ ਵਾਅਦਿਆਂ ਨੂੰ ਕਿਸ ਹੱਦ ਤੱਕ ਪੂਰਾ ਕਰ ਸਕਦੀ ਹੈ। ਇਸ ਦਾ ਕਾਰਨ ਇਹ ਹੈ ਕਿ ਉਸ ਵਿੱਚ ਅਤਿ ਮਹੱਤਪੂਰਨ ਗੱਲਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਨੂੰ ਪੂਰਾ ਕਰ ਸਕਣਾ ਅਸਾਨ ਨਹੀਂ ਹੈ। 1991 ਦੀਆਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ 119 ਸੀਟਾਂ ਮਿਲੀਆਂ ਅਤੇ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੂੰ ਵਿਰੋਧੀ ਨੇਤਾ ਦੇ ਰੂਪ ਵਿੱਚ ਮਾਨਤਾ ਦਿੱਤੀ ਗਈ ਸੀ। 1996 ਦੀਆਂ ਚੋਣਾਂ ਤੋਂ ਬਾਅਦ ਕੁਝ ਦਿਨ ਲਈ ਸ਼੍ਰੀ ਅਟਲ ਬਿਹਾਰੀ ਵਾਜਪਾਈ ਵਿੱਚ ਬਣੀ ਜੁਲੀ ਸਰਕਾਰ ਬਹੁਮਤ ਸਿੱਧ ਨਹੀਂ ਕਰ ਸਕੀ। ਪਰ 1998 ਤੋਂ ਬਾਅਦ ਉਨ੍ਹਾਂ ਦੀ ਐੱਨ. ਡੀ. ਏ. ਸਰਕਾਰ (NDA) ਇਕ ਸਾਲ ਲਈ ਚੱਲੀ। 1999 ਦੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ 2004 'ਚ ਇਹ ਸੱਤਾ ਵਿੱਚ ਰਹੀ। ਪਰ 2004 ਦੀਆਂ ਚੋਣਾਂ ਵਿੱਚ ਸੱਤਾ ਗੁਆ ਬੈਠੀ ਅਤੇ 2009 ਵਿੱਚ ਵੀ ਹਾਸਿਲ ਨਹੀਂ ਕਰ ਸਕੀ। ਭਾਜਪਾ (BJP) ਦੇ ਵਿਸ਼ੇ ਵਿੱਚ ਭਵਿੱਖਵਾਣੀ ਕਰਨਾ ਔਖਾ ਹੈ।

### 14.3.3 ਭਾਰਤੀ ਸਾਮਵਾਦੀ ਦਲ (Communist Party of India)

ਭਾਰਤ ਵਿੱਚ ਸਾਮਵਾਦੀ ਦਲ ਦੀ ਸਥਾਪਨਾ ਸੰਨ 1924 ਵਿੱਚ ਹੋਈ ਪਰ 1934 ਵਿੱਚ ਇਸ ਦਲ ਨੂੰ ਨਜਾਇਜ਼ ਘੋਸ਼ਿਤ ਕਰ ਦਿੱਤਾ ਗਿਆ ਅਤੇ ਇਸ ਦੇ ਨੇਤਾਵਾਂ ਨੂੰ ਫੜ ਲਿਆ ਗਿਆ। ਦੂਸਰੇ ਮਹਾਂਯੁੱਧ ਵਿੱਚ ਜਦੋਂ ਰੂਸ ਵੀ ਅੰਗਰੇਜ਼ਾਂ ਨਾਲ ਸ਼ਾਮਿਲ ਹੋ ਗਿਆ ਤਾਂ ਇਸ ਦਲ ਨੇ ਵੀ ਅੰਗਰੇਜ਼ਾਂ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ ਜਿਸ ਦੇ ਨਤੀਜੇ ਵਜੋਂ 1943 ਵਿੱਚ ਇਸ ਦਲ ਤੋਂ ਪ੍ਰਤੀਬੰਧ ਹਟਾ ਲਿਆ ਗਿਆ।

ਭਾਰਤ ਦੀ ਸੁਤੰਤਰਤਾ ਤੋਂ ਬਾਅਦ ਇਸ ਦਲ ਨੇ ਕਾਫੀ ਪ੍ਰਗਤੀ ਕੀਤੀ। ਸੰਨ 1957 ਵਿੱਚ ਕੇਰਲ ਵਿੱਚ ਪਹਿਲੀ ਗੈਰ ਕਾਂਗਰਸੀ ਸਰਕਾਰ ਬਣਾਉਣ ਦਾ ਇਸ ਨੂੰ ਮੌਕਾ ਮਿਲਿਆ। ਪਰ 1962 ਦੇ ਭਾਰਤ ਚੀਨ ਯੁੱਧ ਸਬੰਧੀ ਇਸ ਵਿੱਚ ਦਲ ਫੁੱਟ ਪੈ ਗਈ। ਇਸ ਦੇ ਇਕ ਗੁੱਟ ਨੇ ਭਾਰਤ ਸਰਕਾਰ ਦਾ ਸਮਰਥਨ ਕੀਤਾ ਪਰ ਦੂਸਰੇ ਗੁੱਟ ਨੇ ਚੀਨ ਨੂੰ ਠੀਕ ਦੱਸਿਆ ਅਤੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਕਿ ਉਹ ਚੀਨ ਨਾਲ ਸ਼ਾਂਤੀ ਵਾਰਤਾ ਸ਼ੁਰੂ ਕਰੇ। ਸੰਨ 1964 ਵਿੱਚ ਇਸ ਦਲ ਦੀ ਵੰਡ ਹੋਈ ਅਤੇ ਦਲ ਦੇ ਵਾਮਪੰਥੀ ਮੈਂਬਰਾਂ ਨੇ ਸ਼੍ਰੀ ਗੋਪਾਲਨ ਦੀ ਅਗਵਾਈ ਵਿੱਚ ਇਕ ਹੋਰ ਦਲ ਸਾਮਵਾਦੀ ਦਲ (ਮਾਰਕਸਵਾਦੀ) ਦੀ ਸਥਾਪਨਾ (C.P.I.M) ਕੀਤੀ।

ਸੰਨ 1967 ਦੀਆਂ ਚੋਣਾਂ ਵਿੱਚ ਸਾਮਵਾਦੀ ਦਲ ਨੇ ਕਾਂਗਰਸ ਨਾਲ ਗਠਬੰਧਨ ਕੀਤਾ ਅਤੇ ਆਪਣੀ ਸ਼ਕਤੀ ਵਧਾ ਲਈ। ਇਸ ਨੂੰ ਲੋਕ ਸਭਾ ਵਿੱਚ 23 ਸੀਟਾਂ ਪ੍ਰਾਪਤ ਹੋਈਆਂ।

1972 ਦੀਆਂ ਚੋਣਾਂ ਵਿੱਚ ਸਾਮਵਾਦੀ ਦਲ ਨੇ ਰਾਸ਼ਟਰੀ ਪੱਧਰ 'ਤੇ ਕਾਂਗਰਸ ਨਾਲ ਗਠਜੋੜ ਕੀਤਾ ਅਤੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੀ ਲੋਕਪ੍ਰਿਯਤਾ ਦਾ ਉਸ ਨੂੰ ਪੂਰਾ ਲਾਭ ਮਿਲਿਆ। ਨਤੀਜੇ ਵਜੋਂ ਇਸ ਦਲ ਨੇ ਆਪਣੀ ਸਥਿਤੀ ਸੁਧਾਰ ਲਈ।

1977 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਦੀ ਕਰਾਰੀ ਹਾਰ ਹੋਈ ਅਤੇ ਇਸ ਨੂੰ ਕੇਵਲ 7 ਸੀਟਾਂ ਪ੍ਰਾਪਤ ਹੋਈਆਂ। ਬਾਅਦ ਵਿੱਚ ਹੋਣ ਵਾਲੀਆਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਇਸ ਨੂੰ ਮੂੰਹ ਦੀ ਖਾਣੀ ਪਈ। ਇਸ ਦਾ ਚੋਣ ਨਿਸ਼ਾਨ 'ਬਾਲ ਅਹਿੰਸਾ' ਹੈ। ਜਨਵਰੀ 1980 ਵਿੱਚ ਜੋ ਚੋਣਾਂ ਹੋਈਆਂ, ਉਸ ਵਿੱਚ ਸਾਮਵਾਦੀ ਦਲ ਨੂੰ ਕੇਵਲ 11 ਸਥਾਨ ਪ੍ਰਾਪਤ ਹੋਏ। ਦਸੰਬਰ 1984 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਨੂੰ ਕੇਵਲ 8 ਸੀਟਾਂ ਮਿਲੀਆਂ।

1989 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਪਾਰਟੀ ਨੂੰ ਕੇਵਲ 12 ਸੀਟਾਂ ਮਿਲੀਆਂ। ਮਈ-ਜੂਨ 1991 ਵਿੱਚ ਭਾਰਤੀ ਸਾਮਵਾਦੀ ਦਲ ਨੇ ਜਨਤਾ ਦਲ ਅਤੇ ਹੋਰ ਵਾਮਪੰਥੀ ਦਲਾਂ ਨਾਲ ਮਿਲ ਕੇ ਲੋਕ ਸਭਾ ਚੋਣਾਂ ਲੜੀਆਂ ਅਤੇ ਸਾਮਵਾਦੀ ਦਲ ਨੂੰ ਕੇਵਲ 13 ਸੀਟਾਂ ਮਿਲੀਆਂ।

**ਸੰਗਠਨ**-ਸਾਮਵਾਦੀ ਦਲ ਵਿੱਚ ਵਿਸ਼ੇਸ਼ ਰੂਪ ਵਿੱਚ ਮਜ਼ਦੂਰ, ਕਿਸਾਨ ਅਤੇ ਬੁੱਧੀਜੀਵੀ ਹਨ। 18 ਤੋਂ ਜ਼ਿਆਦਾ ਦਾ ਕੋਈ ਵੀ ਵਿਅਕਤੀ ਜਿਸ ਦਾ ਸਮਰਥਨ ਪੁਰਾਣੇ ਮੈਂਬਰ ਕਰ ਦੇਣ, ਇਸ ਦਲ ਦਾ ਮੈਂਬਰ ਬਣ ਸਕਦਾ ਹੈ।

ਇਸ ਦਲ ਦੀ ਸਭ ਤੋਂ ਛੋਟੀ ਇਕਾਈ ਸੈੱਲ (Cell) ਹਨ। ਇਸ ਵਿੱਚ 2 ਜਾਂ 3 ਮੈਂਬਰ ਹੁੰਦੇ ਹਨ ਅਤੇ ਉਹ ਕਾਰਖਾਨੇ ਜਾਂ ਹੋਰ ਥਾਵਾਂ 'ਤੇ ਸਥਾਪਿਤ ਕੀਤੀ ਜਾ ਸਕਦੀ ਹੈ। ਇਸ ਸੈੱਲ ਦਾ ਉਦੇਸ਼ ਸਾਮਵਾਦੀ ਸੰਮਤੀਆਂ ਹਨ ਜਿਨ੍ਹਾਂ ਵਿੱਚੋਂ ਹਰੇਕ ਵਿੱਚ ਇਕ ਮੰਤਰੀ ਅਤੇ 5 ਮੈਂਬਰ ਹੁੰਦੇ ਹਨ। ਦਲ ਦਾ ਸਰਵਉੱਚ ਅੰਗ "ਅਖਿਲ ਭਾਰਤੀ ਕਾਂਗਰਸ" ਹੈ ਜਿਸ ਵਿੱਚ ਪਹਿਲਾ ਸਕੱਤਰ ਅਤੇ ਇਕ ਸੰਮਤੀ ਹੁੰਦੀ ਹੈ ਜਿਸ ਨੂੰ ਕੇਂਦਰੀ ਕਾਰਜ ਪਾਲਿਕਾ ਸੰਮਤੀ (Central Executive Committee) ਕਿਹਾ ਜਾਂਦਾ ਹੈ। ਇਸ ਕਮੇਟੀ ਦੀ ਇਕ ਛੋਟੀ ਸੰਮਤੀ ਹੁੰਦੀ ਹੈ ਜਿਸ ਨੂੰ ਪੋਲਿਟ ਬਿਊਰੋ ਕਿਹਾ ਜਾਂਦਾ ਹੈ। ਇਹੀ ਸੰਸਥਾ ਦਲ ਦੀ ਨੀਤੀ ਨਿਸ਼ਚਿਤ ਕਰਦੀ ਹੈ ਅਤੇ ਰਾਜਨੀਤਿਕ ਕੰਮਾਂ ਨੂੰ ਚਲਾਉਂਦੀ ਹੈ।

**ਪਾਰਟੀ ਦੀ ਮੈਂਬਰਸ਼ਿਪ** (Membership of the Party)-ਸਾਮਵਾਦੀ ਦਲ ਦੀ ਮੈਂਬਰਸ਼ਿਪ ਹੋਰ ਦਲਾਂ ਦੇ ਮੁਕਾਬਲੇ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੈ। ਪਾਰਟੀ ਦੇ 12 ਅਕਤੂਬਰ 1971 ਤੋਂ ਲਾਗੂ ਕੀਤੇ ਸੰਵਿਧਾਨ ਅਨੁਸਾਰ ਕੋਈ ਵੀ ਭਾਰਤੀ ਨਾਗਰਿਕ ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਜ਼ਿਆਦਾ ਹੋਵੇ ਅਤੇ ਪਾਰਟੀ ਦੇ ਸਿਧਾਂਤਾਂ ਅਤੇ ਪ੍ਰੋਗਰਾਮਾਂ ਵਿੱਚ ਵਿਸ਼ਵਾਸ ਰੱਖਦਾ ਹੋਵੇ, ਪਾਰਟੀ ਦਾ ਨਿਯਮਿਤ ਰੂਪ ਨਾਲ ਚੰਦਾ ਦਿੰਦੇ ਹੋਏ ਪਾਰਟੀ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਵਚਨਬੱਧ ਹੋਵੇ ਤਾਂ ਉਹ ਪਾਰਟੀ ਦਾ ਮੈਂਬਰ ਬਣਨ ਦੇ ਯੋਗ ਹੈ। ਮੈਂਬਰ ਬਣਨ ਲਈ ਇਹ ਵੀ ਜ਼ਰੂਰੀ ਹੈ ਕਿ ਉਸ ਦੇ ਨਾਮ ਦੀ ਸਿਫਾਰਿਸ ਪਾਰਟੀ ਸ਼ਾਖਾ ਦੇ ਦੋ ਹੋਰ ਮੈਂਬਰਾਂ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਜੇਕਰ ਪਾਰਟੀ ਦੀ ਸਧਾਰਣ ਸੰਸਥਾ (General Body) ਉਸ ਨੂੰ ਮੈਂਬਰ ਬਣਾਉਣ ਲਈ ਤਿਆਰ ਹੋ ਜਾਂਦੀ ਹੈ ਤਾਂ ਉਸ ਨੂੰ 6 ਮਹੀਨੇ ਲਈ ਉਮੀਦਵਾਰ ਮੈਂਬਰ (Candidate Member) ਸਵੀਕਾਰ ਕਰ ਲਿਆ ਜਾਂਦਾ ਹੈ। 6 ਮਹੀਨੇ ਉਸ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾਂਦੀ ਹੈ ਅਤੇ ਉਸ ਪਾਰਟੀ ਦੇ ਸਿਧਾਂਤਾ ਸਬੰਧੀ ਸਿੱਖਿਆ ਦਿੱਤੀ ਜਾਂਦੀ ਹੈ। ਜੇਕਰ ਪਾਰਟੀ ਦੀ ਸ਼ਾਖਾ 6 ਮਹੀਨੇ ਤੋਂ ਬਾਅਦ ਉਸ ਨੂੰ ਮੈਂਬਰ ਬਣਨ ਦੇ ਯੋਗ ਸਮਝੇ ਤਾਂ ਉਸ ਨੂੰ ਪਾਰਟੀ ਦਾ ਪੂਰਾ ਮੈਂਬਰ ਬਣਾ ਲਿਆ ਜਾਂਦਾ ਹੈ। ਹਰੇਕ ਮੈਂਬਰਾਂ ਨੂੰ ਇਕ ਰੁਪਿਆ ਸਾਲਾਨਾ ਚੰਦਾ ਦੇਣਾ ਪੈਂਦਾ ਹੈ। ਜੂਨ 1975 ਵਿੱਚ ਇਸ ਦੀ ਕੁੱਲ ਸੰਖਿਆ 4,06,322 ਸੀ।

**ਭਾਰਤੀ ਸਾਮਵਾਦੀ ਦਲ ਦਾ ਸਮਾਜਿਕ ਅਧਾਰ** (Social Base of Communist Party of India)- ਭਾਰਤੀ ਸਾਮਵਾਦੀ ਦਲ ਸ਼ੁਰੂ ਵਿੱਚ ਮਜ਼ਦੂਰਾਂ, ਨੌਜਵਾਨਾਂ, ਬੁੱਧੀਜੀਵੀਆਂ ਅਤੇ ਵਿਦਿਆਰਥੀਆਂ ਵਿੱਚ ਬਹੁਤ ਲੋਕਪ੍ਰਿਯ ਸੀ। ਪਾਰਟੀ ਦੀ ਸਥਾਪਨਾ ਤੋਂ ਲੈ ਕੇ ਲੱਗਭਗ 1936 ਵਿੱਚ ਸਾਮਵਾਦੀਆਂ ਨੇ ਕਾਂਗਰਸ ਨਾਲ ਮਿਲ ਕੇ ਕੰਮ ਕਰਨ ਦਾ ਫੈਸਲਾ ਕੀਤਾ। ਸਿਰਫ ਸਾਰੇ ਮਹੱਤਵਪੂਰਨ ਕਾਂਗਰਸੀ ਨੇਤਾ ਜੇਲ੍ਹਾਂ ਵਿੱਚ ਸਨ। ਕਮਿਊਨਿਸਟਾਂ ਨੇ ਇਸ ਮੌਕੇ ਦਾ ਲਾਭ ਉਠਾ ਕੇ ਅਖਿਲ ਭਾਰਤੀ ਕਿਸਾਨ ਸਭਾ ਅਤੇ ਅਖਿਲ ਭਾਰਤੀ ਟ੍ਰੇਡ ਯੂਨੀਅਨ 'ਤੇ ਪੁਨਰ ਆਪਣਾ ਕਬਜ਼ਾ ਕਰ ਲਿਆ। 1946 ਤੋਂ 1950 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਨੇ ਕਈ ਮਹੱਤਵਪੂਰਨ ਜਨ-ਅੰਦੋਲਨ ਚਲਾਏ ਤਾਂ ਕਿ ਪਾਰਟੀ ਦਾ ਅਧਾਰ ਵਿਆਪਕ ਬਣਾਇਆ ਜਾ ਸਕੇ। 1957 ਵਿੱਚ ਕਮਿਊਨਿਸਟਾਂ ਦੀ ਕੇਰਲ ਸਰਕਾਰ ਬਣੀ। 1964 ਵਿੱਚ ਪਾਰਟੀ ਦੀ ਵੰਡ ਹੋ ਗਈ। 1964 ਤੋਂ ਬਾਅਦ ਸਾਮਵਾਦੀ ਪਾਰਟੀ ਦਾ ਸਮਾਜਿਕ ਅਧਾਰ ਅਤੇ ਪ੍ਰਭਾਵ ਘੱਟ ਹੁੰਦਾ ਗਿਆ ਅਤੇ ਮਾਰਕਸਵਾਦੀ ਪਾਰਟੀ ਦਾ ਪ੍ਰਭਾਵ ਵੱਧ ਗਿਆ। 1971 ਵਿੱਚ ਕਮਿਊਨਿਸਟਾਂ ਨੇ ਕਾਂਗਰਸ ਨਾਲ ਮਿਲ-ਜੁਲ ਕੇ ਚੋਣਾਂ ਲੜੀਆਂ ਅਤੇ ਲੋਕ ਸਭਾ ਵਿੱਚ 20 ਸੀਟਾਂ ਪ੍ਰਾਪਤ ਹੋਈਆਂ। ਸੰਕਟਕਾਲ ਦੀ ਘੋਸ਼ਣਾ ਦਾ ਇਸ ਪਾਰਟੀ ਨੇ ਸਮਰਥਨ ਕੀਤਾ ਅਤੇ ਜਦੋਂ 1977 ਵਿੱਚ ਲੋਕ ਸਭਾ ਦੀਆਂ ਚੋਣਾਂ ਹੋਈਆਂ ਤਾਂ ਇਸ ਨੂੰ ਕੇਵਲ ਸੱਤ ਸੀਟਾਂ ਮਿਲੀਆਂ। ਜਨਵਰੀ 1980 ਵਿੱਚ ਲੋਕ ਸਭਾ ਦੀਆਂ ਚੋਣਾਂ ਵਿੱਚ ਭਾਰਤੀ ਸਾਮਵਾਦੀ ਦਲ ਨੂੰ ਕੇਵਲ 11 ਸੀਟਾਂ ਮਿਲੀਆਂ। ਦਸੰਬਰ 1984 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਇਸ ਨੂੰ ਕੇਵਲ 8 ਸੀਟਾ ਮਿਲੀਆਂ। 1989 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਪਾਰਟੀ ਨੂੰ ਕੇਵਲ 12 ਸੀਟਾਂ ਮਿਲੀਆਂ। ਮਈ-ਜੂਨ 1991 ਵਿੱਚ ਭਾਰਤੀ ਸਾਮਵਾਦੀ ਦਲ ਨੇ ਜਨਤਾ ਦਲ ਅਤੇ ਹੋਰ ਵਾਮਪੰਥੀ ਦਲਾਂ ਨਾਲ ਮਿਲ ਕੇ ਲੋਕ ਸਭਾ ਚੋਣਾਂ ਲੜੀਆਂ ਅਤੇ ਦਲ ਨੂੰ ਕੇਵਲ 13 ਸੀਟਾਂ ਮਿਲੀਆਂ। ਇਸ ਦਲ ਦਾ ਸਮਾਜਿਕ ਅਧਾਰ ਹੁਣ ਬਹੁਤ ਸੀਮਿਤ ਹੈ। ਇਸ ਨੂੰ ਪੱਛਮੀ ਬੰਗਾਲ, ਕੇਰਲ, ਤ੍ਰਿਪੁਰਾ, ਮਣੀਪੁਰ ਆਦਿ ਵਿੱਚ ਮਜ਼ਦੂਰਾਂ, ਗਰੀਬਾਂ ਆਦਿ ਦਾ ਸਮਰਥਨ ਪ੍ਰਾਪਤ ਹੈ।

**ਦਸਵੀਂ ਲੋਕ ਸਭਾ ਲਈ ਭਾਰਤੀ ਸਾਮਵਾਦੀ ਦਲ ਦਾ ਚੋਣ ਘੋਸ਼ਣਾ ਪੱਤਰ**

ਭਾਰਤੀ ਸਾਮਵਾਦੀ ਦਲ ਨੇ ਨੌਵੀਂ ਅਤੇ ਦਸਵੀਂ ਲੋਕ ਸਭਾ ਦੀਆਂ ਚੋਣਾਂ ਰਾਸ਼ਟਰੀ ਮੋਰਚੇ ਨਾਲ ਮਿਲ ਕੇ ਲੜੀਆਂ ਸਨ। ਇਸ

ਨੋਟ

ਕਾਰਨ ਇਸ ਦਲ ਨੇ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਆਪਣੇ ਦਲ ਦੇ ਸਿਧਾਂਤਾਂ ਨੂੰ ਜ਼ਿਆਦਾ ਮਹੱਤਵ ਨਾ ਦਿੰਦੇ ਹੋਏ ਰਾਸ਼ਟਰੀ ਮੋਰਚੇ ਦੇ ਘੋਸ਼ਣਾ ਪੱਤਰ ਦਾ ਸਮਰਥਨ ਕੀਤਾ ਹੈ। ਭਾਰਤੀ ਸਾਮਵਾਦੀ ਦਲ ਦੇ ਚੋਣ ਘੋਸ਼ਣਾ ਪੱਤਰ ਦੀਆਂ ਮੁੱਖ ਗੱਲਾਂ ਹੇਠ ਲਿਖੀਆਂ ਹਨ–

1. ਰਾਜਨੀਤਿਕ ਖੇਤਰ–ਚੋਣ ਘੋਸ਼ਣਾ ਪੱਤਰ ਵਿੱਚ ਕਿਹਾ ਗਿਆ ਹੈ ਕਿ ਜਦਕਿ ਭਾਰਤੀ ਸਾਮਵਾਦੀ ਦਲ ਦਾ ਉਦੇਸ਼ ਭਾਰਤ ਵਿੱਚ ਸਮਾਜਵਾਦ ਦੀ ਸਥਾਪਨਾ ਕਰਨਾ ਹੈ ਪਰ ਇਹ ਕੰਮ ਹੌਲੀ–ਹੌਲੀ ਕਰਕੇ ਹੋਵੇਗਾ।

*(i)* ਭਾਰਤੀ ਸਾਮਵਾਦੀ ਦਲ ਨੇ ਸਪੱਸ਼ਟ ਰੂਪ ਨਾਲ ਘੋਸ਼ਣਾ ਕੀਤੀ ਕਿ ਦੇਸ਼ ਵਿੱਚ ਰਾਜਨੀਤਿਕ ਜ਼ਿੰਮੇਵਾਰੀ ਲਈ ਉਹ ਰਾਸ਼ਟਰੀ ਮੋਰਚੇ ਦੀ ਮਿਲੀ–ਜੁਲੀ ਸਰਕਾਰ ਵਿੱਚ ਸ਼ਾਮਿਲ ਹੋਣਗੇ ਜਿਸ ਵਿੰਚ ਦੇਸ਼ 'ਚ ਰਾਸ਼ਟਰੀ ਏਕਤਾ ਸਮਾਜਿਕ ਪਰਿਵਰਤਨ ਅਤੇ ਆਰਥਿਕ ਵਿਕਾਸ ਸੰਭਵ ਹੋ ਸਕੇ।

*(ii)* ਭਾਰਤੀ ਸਾਮਵਾਦੀ ਦਲ ਨੇ ਚੋਣ ਘੋਸ਼ਣਾ ਪੱਤਰ ਵਿੱਚ ਇਸ ਤੱਥ 'ਤੇ ਜ਼ੋਰ ਦਿੱਤਾ ਕਿ ਸੰਪ੍ਰਦਾਇਕਤਾ ਅਤੇ ਰਾਸ਼ਟਰ ਵਿਰੋਧੀ ਤੱਤਾਂ ਨਾਲ ਲੜਨ ਲਈ ਵਾਮਪੰਥੀਆਂ ਅਤੇ ਲੋਕਤੰਤ੍ਰਿਕ ਦਲਾਂ ਦੀ ਏਕਤਾ ਜ਼ਰੂਰੀ ਹੈ। ਵਾਮਪੰਥੀ ਅਤੇ ਰਾਸ਼ਟਰੀ ਮੋਰਚੇ ਦੀ ਮਿਲੀ–ਜੁਲੀ ਸਰਕਾਰ ਹੀ ਧਰਮ ਨਿਰਪੱਖਤਾ, ਸੰਘੀ ਸਬੰਧ, ਰਾਸ਼ਟਰੀ ਅਖੰਡਤਾ, ਸਮਾਜਿਕ ਨਿਆ ਅਤੇ ਆਰਥਿਕ ਵਿਕਾਸ ਨਾਲ ਜਨਤਾ ਨੂੰ ਰਾਹਤ ਮਿਲ ਸਕੇਗੀ।

*(iii)* ਇਹ ਦਲ ਮੰਡਲ ਆਯੋਗ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕਰਨ ਦਾ ਸਮਰਥਕ ਹੈ। ਇਸ ਦੇ ਨਾਲ–ਨਾਲ 10% ਸਥਾਨ ਆਰਥਿਕ ਰੂਪ ਵਿੱਚ ਪੱਛੜੇ ਵਰਗ ਨੂੰ ਅਤੇ 30% ਸਥਾਨ ਮਹਿਲਾਵਾਂ ਲਈ ਸੁਰੱਖਿਅਤ ਕੀਤੇ ਜਾਣੇ ਚਾਹੀਦੇ ਹਨ।

*(iv)* ਭਾਰਤੀ ਸਾਮਵਾਦੀ ਦਲ ਦੇ ਚੋਣ ਘੋਸ਼ਣਾ ਪੱਤਰ ਵਿੱਚ ਕਾਂਗਰਸ (ਆਈ) ਅਤੇ ਭਾਰਤੀ ਜਨਤਾ ਪਾਰਟੀ ਦੇ ਕੰਮਾਂ ਦੀ ਆਲੋਚਨਾ ਕੀਤੀ ਗਈ ਕਿ ਇਨ੍ਹਾਂ ਦੋਵਾਂ ਦਲਾਂ ਨੇ ਦੇਸ਼ ਦੀਆਂ ਸਮੱਸਿਆਵਾਂ ਵਿੱਚ ਵਾਧਾ ਕੀਤਾ ਹੈ।

*(v)* ਦਲ ਨੇ ਰਾਸ਼ਟਰ ਮੋਰਚੇ ਦੀ ਸਰਕਾਰ ਦੀਆਂ ਉਪਲੱਬਧੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਦਲ ਨੇ ਉਨ੍ਹਾਂ ਨੂੰ ਜੋ ਸਮਰਥਨ ਦਿੱਤਾ, ਉਸ ਦਾ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਹੈ।

*(vi)* ਭਾਰਤੀ ਸਾਮਵਾਦੀ ਦਲ ਨੇ ਤਿੰਨ ਕੰਮਾਂ ਨੂੰ ਬਹੁਤ ਮਹੱਤਵਪੂਰਨ ਦੱਸਿਆ–*(ਅ)* ਧਰਮ–ਨਿਰਪੱਖ ਲੋਕਤੰਤ੍ਰਿਕ ਵਿਵਸਥਾ, *(ਬ)* ਸਮਾਜਿਕ ਨਿਆ ਅਤੇ *(ਸ)* ਕੇਂਦਰ ਰਾਜਾਂ ਦੇ ਸਬੰਧਾਂ ਨੂੰ ਫਿਰ ਤੋਂ ਠੀਕ ਕਰਨਾ

*(vii)* ਦਲ ਨੇ ਹਿੰਦੂਤਵ ਦੀ ਭਾਵਨਾ ਵਧਾਉਣ ਵਾਲੇ ਖਾਲਿਸਤਾਨੀ ਉਗਰਵਾਦੀ ਅਤੇ ਕਸ਼ਮੀਰ ਵਿਰੋਧੀ ਮੁਸਲਮਾਨਾਂ ਵਿਰੁੱਧ ਸੰਘਰਸ਼ ਛੇੜਨ ਦੀ ਘੋਸ਼ਣਾ ਕੀਤੀ।

*(viii)* ਚੋਣ ਘੋਸ਼ਣਾ ਪੱਤਰ ਵਿੱਚ ਕਿਹਾ ਗਿਆ ਕਿ ਪੰਜਾਬ, ਕਸ਼ਮੀਰ ਅਤੇ ਅਸਮ ਦੀਆਂ ਸਮੱਸਿਆਵਾਂ ਨੂੰ ਰਾਜਨੀਤਿਕ, ਆਰਥਿਕ, ਸ਼ਾਸਨੀ ਅਤੇ ਮਨੋਵਿਗਿਆਨਿਕ ਢੰਗ ਨਾਲ ਹੱਲ ਕੀਤਾ ਜਾਵੇਗਾ। ਇਸ ਦੇ ਨਾਲ ਹੀ ਨਾਲ ਝਾਰਖੰਡ, ਉਤਰਾਖੰਡ, ਬਸਤਰ ਅਤੇ ਬੋਡੋ ਦੇ ਕਬੀਲਿਆਂ ਦੀ ਸਮੱਸਿਆ ਨੂੰ ਵੀ ਹੱਲ ਕਰਨ ਦਾ ਵਾਅਦਾ ਕੀਤਾ।

*(ix)* ਧਾਰਮਿਕ ਸਥਾਨਾਂ ਦੀ ਸਥਿਤੀ 15 ਅਗਸਤ 1947 ਤੋਂ ਬਾਅਦ ਵਾਲੀ ਹੋਵੇਗੀ।

11ਵੀਆਂ, 12ਵੀਆਂ, 13ਵੀਆਂ, 14ਵੀਆਂ ਅਤੇ 15ਵੀਂਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਵੀ ਇਸ ਦੇ ਘੋਸ਼ਣਾ ਪੱਤਰਾਂ ਵਿੱਚ ਵਿਸ਼ੇਸ਼ ਪਰਿਵਰਤਨ ਨਹੀਂ ਆਇਆ ਪਰ 1996 ਵਿੱਚ ਲੋਕ ਸਭਾ ਚੋਣਾਂ ਤੋਂ ਲੈ ਕੇ ਹੁਣ ਤੱਕ ਇਹ ਸੰਪ੍ਰਦਾਇਕਤਾ ਦਾ ਵਿਰੋਧ ਕਰਦੀ ਰਹੀ ਹੈ।

2. **ਆਰਥਿਕ ਖੇਤਰ**- ਭਾਰਤੀ ਸਾਮਵਾਦੀ ਦਲ ਨੇ ਆਰਥਿਕ ਖੇਤਰ ਵਿੱਚ ਹੇਠ ਲਿਖੀਆਂ ਗੱਲਾਂ ਨੂੰ ਮਹੱਤਵ ਦਿੱਤਾ–

*(i)* ਸਰਵਜਨਕ ਖੇਤਰ ਵਿੱਚ ਉਦਯੋਗਾਂ ਦੇ ਵਿਕਾਸ ਲਈ ਵਿਸ਼ੇਸ਼ ਮਹੱਤਵ ਦਿੱਤਾ ਜਾਵੇਗਾ, ਮਹਿੰਗਾਈ ਨੂੰ ਰੋਕਿਆ ਜਾਵੇਗਾ, ਫਜ਼ੂਲ ਖਰਚੀ ਨੂੰ ਰੋਕਿਆ ਜਾਵੇਗਾ, ਕਾਲੇ ਧਨ 'ਤੇ ਕੰਟਰੋਲ ਕੀਤਾ ਜਾਵੇਗਾ, ਸ਼ਹਿਰਾਂ ਅਤੇ ਪਿੰਡਾਂ ਵਿੱਚ ਰਹਿਣ ਵਾਲੇ ਅਮੀਰ ਲੋਕਾਂ 'ਤੇ ਟੈਕਸ ਲਗਾਇਆ ਜਾਵੇਗਾ, ਬਚਤ ਯੋਜਨਾ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

*(ii)* ਆਰਥਿਕ ਖੇਤਰ ਵਿੱਚ ਆਤਮ ਨਿਰਭਤਾ 'ਤੇ ਜ਼ੋਰ ਦਿੰਦੇ ਹੋਏ ਅੰਤਰਰਾਸ਼ਟਰੀ ਮੁਦਰਾ ਕੋਸ਼ ਨਾਲ ਧਨ ਭਾਰਤੀ ਸ਼ਰਤਾਂ 'ਤੇ ਲਿਆ ਜਾਵੇਗਾ।

*(iii)* ਭਾਰਤੀ ਉਦਯੋਗ–ਧੰਦੇ ਦਾ ਵਿਕਾਸ ਕੀਤਾ ਜਾਵੇਗਾ।

*(iv)* ਅਨੁਛੇਦ 356 ਨੂੰ ਸੀਮਿਤ ਕੀਤਾ ਜਾਵੇਗਾ।

3. **ਸਮਾਜਿਕ ਖੇਤਰ**- ਇਸ ਖੇਤਰ ਵਿੱਚ ਮਹਿਲਾਵਾਂ ਦੀ ਰੱਖਿਆ ਦੀ ਵਿਵਸਥਾ ਦੇ ਨਾਲ–ਨਾਲ ਦਹੇਜ ਵਿਰੋਧੀ ਕਾਨੂੰਨ ਵਿੱਚ ਸਖਤੀ ਕੀਤੀ ਜਾਵੇਗੀ।

4 ਭਾਰਤੀ ਸਾਮਵਾਦੀ ਦਲ ਨੇ ਵਿਦੇਸ਼ੀ ਨੀਤੀ ਦੇ ਸਬੰਧ ਵਿੱਚ ਅਮਰੀਕਾ ਵਿਰੋਧੀ ਨੀਤੀ ਨੂੰ ਅਪਣਾਉਣ ਦਾ ਸਮਰਥਨ ਕੀਤਾ।

**ਨੋਟ**

**ਸਿੱਟਾ** (Conclusion)-ਭਾਰਤੀ ਕਮਿਊਨਿਸਟ ਪਾਰਟੀ ਦਾ ਅੰਦਰੂਨੀ ਵਿਚਾਰਕ ਸੰਘਰਸ਼ ਪਹਿਲਾਂ ਸ਼੍ਰੀ ਜਵਾਹਰ ਲਾਲ ਨਹਿਰੂ ਦੇ ਵਿਅਕਤੀਤਵ ’ਤੇ ਕੇਂਦਰਿਤ ਰਿਹਾ ਅਤੇ ਉਸ ਤੋਂ ਬਾਅਦ ਇਸ ਪ੍ਰਸ਼ਨ ’ਤੇ ਬਹਿਸ ਕਰਦੇ ਹੋਏ ਇਹ ਜਰਜਰ ਸਥਿਤੀ ਨੂੰ ਪਹੁੰਚ ਚੁੱਕੀ ਹੈ ਕਿ ਸ਼੍ਰੀਮਤੀ ਇੰਦਰਾ ਗਾਂਧੀ ਵਿੱਚ ਤੱਟਸਥ ਰਿਹਾ ਜਾਵੇ ਜਾਂ ਪ੍ਰਤੀਪੱਖ ਦੇ ਇਕਾਂਗੀ ਵਿਰੋਧੀ ਦਾ ਸਾਥ ਦੇਵੇ ਜਾਂ ਨਾ ਦੇਵੇ। ਅਪ੍ਰੈਲ 1980 ਵਿੱਚ ਪਾਰਟੀ ਦੀ ਵੰਡ ਤੋਂ ਬਾਅਦ ਪਾਰਟੀ ਨੇ ਵਾਮਪੰਥੀ ਦਲਾਂ ਦੀ ਏਕਤਾ ’ਤੇ ਜ਼ੋਰ ਦਿੱਤਾ। ਪਾਰਟੀ ਦਾ ਭਵਿੱਖ ਉਜਵਲ ਨਹੀਂ ਹੈ। ਪਾਰਟੀ ਦੀ ਲੋਕਪ੍ਰਿਯਤਾ ਬਹੁਤ ਘੱਟ ਹੋ ਚੁੱਕੀ ਹੈ। ਪੱਛਮੀ ਬੰਗਾਲ ਅਤੇ ਕੇਰਲ ਵਿੱਚ ਹੀ ਹਾਲੇ ਇਸ ਦਾ ਥੋੜ੍ਹਾ ਬਹੁਤ ਪ੍ਰਭਾਵ ਹੈ।

## ਮਾਰਕਸਵਾਦੀ ਸਾਮਵਾਦੀ ਦਲ ਦੀਆਂ ਨੀਤੀਆਂ ਅਤੇ ਉਸ ਦੇ ਪ੍ਰੋਗਰਾਮਾਂ ਦਾ ਵਰਨਣ (Describe the Policies and Programme of C.P.I(M.))

ਭਾਰਤੀ ਸਾਮਵਾਦੀ ਮਾਰਕਸਵਾਦੀ ਦਲ ਭਾਰਤ ਵਿੱਚ ਸੁਤੰਤਰ ਰਾਜਨੀਤਿਕ ਦਲ ਦੇ ਰੂਪ ਵਿੱਚ 1964 ਦੌਰਾਨ ਹੋਂਦ ਵਿੱਚ ਆਇਆ। ਅਣਵੰਡੇ ਸਮਾਜਵਾਦੀ ਦਲ ਦੇ ਸਾਰੇ ਉਗਰਵਾਦੀ ਨੇਤਾਵਾਂ ਨੇ ਜੋ ਸ਼ਾਸਕ ਦਲ ਕਾਂਗਰਸ ਪ੍ਰਤੀ ਸਾਮਵਾਦੀ ਦਲ ਦੀ ਨਰਮ ਨੀਤੀ ਤੋਂ ਅਸੰਤੁਸ਼ਟ ਸਨ, ਦਲ ’ਚੋਂ ਨਿਕਲ ਕੇ ਸੁਤੰਤਰ ਰੂਪ ਵਿੱਚ ਇਕ ਵਿਆਪੀ ਸੰਗਠਨ ਗਠਿਤ ਕੀਤਾ।

**ਦਲ ਦਾ ਇਤਿਹਾਸ**– ਭਾਰਤੀ ਸਾਮਵਾਦੀ ਮਾਰਕਸਵਾਦੀ ਦਲ ਦਾ ਇਤਿਹਾਸ ਅਸਲ ਵਿੱਚ ਅਣਵੰਡੇ ਸਾਮਵਾਦੀ ਦਲ ਵਿੱਚ ਮੌਜੂਦ ਦੋ ਵਿਰੋਧੀ ਸਿਧਾਂਤਕ ਪੱਖਾਂ ਦੇ ਸੰਘਰਸ਼ ਦਾ ਇਤਿਹਾਸ ਹੈ। ਅੰਗਰੇਜ਼ਾਂ ਵੱਲੋਂ ਕਾਂਗਰਸ ਦੇ ਨੇਤਾਵਾਂ ਨੂੰ ਸੱਤਾ ਤਬਦੀਲ ਕਰਨ ਨਾਲ ਪੈਦਾ ਹੋਈ ਸਥਿਤੀ ਦੇ ਮੁਲਾਂਕਣ ਸਮੇਂ ਹੀ ਸਮਾਜਵਾਦੀ ਦਲ ਦੇ ਮੌਜੂਦ ਦੋ ਵਿਰੋਧੀ ਵਿਚਾਰਾਂ ਦਾ ਪਤਾ ਲੱਗਦਾ ਹੈ। ਦਲ ਅੰਦਰ ਇਹ ਸੰਘਰਸ਼ ਵਿਚਾਰਕ, ਸੰਗਠਨਾਤਮਕ ਅਤੇ ਰਾਜਨੀਤਿਕ ਆਦਿ ਸਾਰੇ ਪੱਧਰਾਂ ’ਤੇ ਮੌਜੂਦ ਸੀ। ਵਰਤਮਾਨ ਸਦੀ ਦੀ ਪੰਜਵੀਂ ਸਦੀ ਦੇ ਸ਼ੁਰੂ ਵਿੱਚ ਹੀ ਇਹ ਦੋ ਵਿਰੋਧੀ ਦ੍ਰਿਸ਼ਟੀਕੋਣ ਸਾਮਵਾਦੀ ਦਲ ਵਿੱਚ ਉੱਭਰ ਕੇ ਉਪਰ ਆ ਚੁੱਕਿਆ ਸੀ।

ਸਾਮਵਾਦੀ ਦਲ ਵਿੱਚ ਮੌਜੂਦ ਇਹ ਦੋ ਵਿਰੋਧੀ ਦ੍ਰਿਸ਼ਟੀਕੋਣ ਅਪ੍ਰੈਲ 1956 ਵਿੱਚ ਹੋਣ ਵਾਲੀ ਸਾਮਵਾਦੀ ਦਲ ਦੀ ਚੌਥੀ ਕਾਂਗਰਸ ਵਜੋਂ ਉਭਰ ਕੇ ਸਾਹਮਣੇ ਆ ਗਏ। ਸੱਤਾਧਾਰੀ ਕਾਂਗਰਸ ਦੇ ਸਮਰਥਨ ਵਿੱਚ ਸਾਮਵਾਦੀ ਦਲ ਦੇ ਗੁੱਟ ਨੇ ਭਵਿੱਖ ਵਿੱਚ ਵਾਪਰਨ ਵਾਲੀ ਹਰੇਕ ਘਟਨਾ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਿਸ ਵਿੱਚ ਕਿ ਸਾਮਵਾਦੀ ਦਲ ਅਤੇ ਸੱਤਾਧਾਰੀ ਕਾਂਗਰਸ ਦੇ ਸਹਿਯੋਗ ਨਾਲ ਕੰਮ ਕਰਨ ਦੀ ਜ਼ਰੂਰਤ ਪ੍ਰਗਟ ਹੋਵੇ। ਭਾਰਤੀ ਸਾਮਵਾਦੀ ਦਲ ਵਿੱਚ ਪਈ ਦਰਾਰ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਸਾਮਵਾਦ ਦੇ ਅੰਦੋਲਨ ਵਿੱਚ ਪੈਦਾ ਹੋਈਆਂ ਦੋ ਵਿਰੋਧੀ ਦ੍ਰਿਸ਼ਟੀਕੋਣਾਂ ਦਾ ਅਰੰਭ ਵੀ ਕਿਹਾ ਜਾ ਸਕਦਾ ਹੈ। ਚੀਨੀ ਹਮਲੇ ਤੋਂ ਬਾਅਦ ਇਸ ਸਾਮਵਾਦੀ ਦਲ ਨੇ ਆਪਣੇ ਆਪ ਨੂੰ 1964 ਵਿੱਚ ਇਕ ਨਵੇਂ ਅਖਿਲ ਭਾਰਤੀ ਦਲ ਦੇ ਰੂਪ ਵਿੱਚ ਸੰਗਠਿਤ ਕੀਤਾ ਜੋ ਭਾਰਤੀ ਸਾਮਵਾਦੀ (ਮਾਰਕਸਵਾਦੀ) ਦਲ ਕਹਾਉਂਦਾ ਹੈ। ਭਾਰਤ ਦੇ ਚੋਣ ਆਯੋਗ ਨੇ ਇਸ ਅਖਿਲ ਭਾਰਤੀ ਦਲ ਦੇ ਰੂਪ ਵਿੱਚ ਮਾਨਤਾ ਪ੍ਰਦਾਨ ਕੀਤੀ ਹੈ। ਇਸ ਦਾ ਚੋਣ ਚਿੰਨ੍ਹ ‘ਹਥੌੜਾ ਦਰਾਨਤੀ’ ਹੈ। 1967 ਦੀਆਂ ਚੌਥੀਆਂ ਲੋਕ ਸਭਾ ਚੋਣਾਂ ਵਿੱਚ ਇਸ ਨੂੰ 19 ਸਥਾਨ ਮਿਲੇ ਅਤੇ ਉਸ ਨੇ 3.7% ਵੋਟ ਪ੍ਰਾਪਤ ਕੀਤੇ। ਇਸ ਦੇ ਪ੍ਰਭਾਵ ਖੇਤਰ ਪੱਛਮੀ ਬੰਗਾਲ ਅਤੇ ਕੇਰਲ ਹਨ। 1971 ਦੀਆਂ ਪੰਜਵੀਆਂ ਲੋਕ ਸਭਾ ਚੋਣਾਂ ਵਿੱਚ ਮਾਰਕਸਵਾਦੀ ਪਾਰਟੀ ਨੂੰ 35 ਸੀਟਾਂ ਮਿਲੀਆਂ। ਦਸੰਬਰ 1984 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਪਾਰਟੀ ਨੂੰ ਕੇਵਲ 20 ਸੀਟਾਂ ਮਿਲੀਆ। ਮਈ–ਜੂਨ 1991 ਦੀਆਂ ਲੋਕ ਸਭਾ ਚੋਣਾਂ ਵਿੱਚ ਮਾਰਕਸਵਾਦੀ ਦਲ ਨੂੰ 35 ਸੀਟਾਂ ਮਿਲੀਆਂ ਅਤੇ ਪੱਛਮੀ ਬੰਗਾਲ ਵਿੱਚ ਇਸ ਦੀ ਸਰਕਾਰ ਬਣੀ।

**ਮਾਰਕਸਵਾਦ ਸਾਮਵਾਦੀ ਦਲ ਦਾ ਸਮਾਜਿਕ ਅਧਾਰ** (Social Base of the Marxist Communist Party)– ਮਾਰਕਸਵਾਦੀ ਪਾਰਟੀ ਦਾ ਸਮਾਜਿਕ ਅਧਾਰ ਭਾਰਤੀ ਸਾਮਵਾਦੀ ਦਲ ਤੋਂ ਜ਼ਿਆਦਾ ਵਿਆਪਕ ਹੈ। ਇਸ ਦਲ ਨੂੰ ਬੁੱਧੀਜੀਵੀਆਂ, ਨੌਜਵਾਨ, ਵਿਦਿਆਰਥੀ ਅਤੇ ਵਿਸ਼ੇਸ਼ ਕਰਕੇ ਮਜਦੂਰਾਂ ਅਤੇ ਕਿਸਾਨਾਂ ਦਾ ਸਮਰਥਨ ਪ੍ਰਾਪਤ ਹੈ। ਉਂਝ ਤਾਂ ਇਸ ਨੂੰ ਭਾਰਤ ਦੇ ਸਾਰੇ ਭਾਗਾਂ ਵਿੱਚ ਮਜ਼ਦੂਰਾਂ ਦਾ ਸਮਰਥਨ ਪ੍ਰਾਪਤ ਹੈ ਪਰ ਇਸ ਦਲ ਦਾ ਠੋਸ ਸਮਾਜਿਕ ਅਧਾਰ ਕੇਵਲ ਪੱਛਮੀ ਬੰਗਾਲ, ਕੇਰਲ, ਤ੍ਰਿਪੁਰਾ ਅਤੇ ਆਂਧਰਾ ਪ੍ਰਦੇਸ਼ ਵਿੱਚ ਹੈ। ਅੱਜ–ਕੱਲ੍ਹ ਪੱਛਮੀ ਬੰਗਾਲ, ਕੇਰਲ ਅਤੇ ਤ੍ਰਿਪੁਰਾ ਵਿੱਚ ਵਾਮਪੰਥੀ ਮੋਰਚੇ ਦੀਆਂ ਸਰਕਾਰਾਂ ਹਨ, ਜਿਸ ਦੀ ਅਗਵਾਈ ਮਾਰਕਸਵਾਦੀ ਦਲ ਕਰ ਰਿਹਾ ਹੈ। 1987 ਦੀਆਂ ਚੋਣਾਂ ਵਿੱਚ ਮਾਰਕਸਵਾਦੀ ਪਾਰਟੀ ਨੂੰ ਪੱਛਮੀ ਬੰਗਾਲ ਅਤੇ ਕੇਰਲ ਵਿੱਚ ਮਹਾਨ ਸਫਲਤਾ ਮਿਲੀ। ਪੱਛਮੀ ਬੰਗਾਲ ਵਿੱਚ ਇਸ ਦੀਆਂ ਜੜ੍ਹਾਂ ਬਹੁਤ ਗਹਿਰੀਆਂ ਹਨ ਪਰ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵਿਸ਼ੇਸ਼ ਕਰਕੇ ਹਰਿਆਣਾ, ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਕਾਨ, ਉੱਤਰ ਪ੍ਰਦੇਸ਼, ਦਿੱਲੀ, ਜੰਮੂ ਕਸ਼ਮੀਰ, ਗੁਜਰਾਤ, ਮਹਾਰਾਸ਼ਟਰ ਆਦਿ ਵਿੱਚ ਇਸ ਦਾ ਕੋਈ ਸਮਾਜਿਕ ਅਧਾਰ ਨਹੀਂ ਹੈ। ਪੰਜਾਬ ਵਿੱਚ ਇਸ ਨੂੰ ਥੋੜ੍ਹਾ ਬਹੁਤ ਸਮਰਥਨ ਪ੍ਰਾਪਤ ਹੈ। ਮਾਰਕਸਵਾਦੀ ਸਾਮਵਾਦੀ ਦਲ ਰੂਸ ਦੇ ਮੁਕਾਬਲੇ ਚੀਨ ਦੇ ਜ਼ਿਆਦਾ ਨਜ਼ਦੀਕ ਹੈ।

**ਦਸਵੀਂ ਲੋਕ ਸਭਾ ਦੀਆਂ ਚੋਣਾਂ ਲਈ ਘੋਸ਼ਣਾ ਪੱਤਰ**

(i) ਮਾਰਕਸਵਾਦੀ ਦਲ ਨੇ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਰਾਸ਼ਟਰੀ ਮੋਰਚੇ ਨੂੰ ਵੋਟ ਦੇਣ ਲਈ ਅਤੇ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦਾ ਵਿਰੋਧ ਕਰਨ ਲਈ ਕਿਹਾ। ਇਸ ਦਲ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ

ਅਯੁੱਧਿਆ ਵਿੱਚ ਬਾਬਰੀ ਮਸਜ਼ਿਦ ਨੂੰ ਤੁੜਵਾ ਕੇ ਰਾਮ ਮੰਦਿਰ ਦਾ ਨਿਰਮਾਣ ਕਰਕੇ ਸੰਪ੍ਰਦਾਇਕ ਅਧਾਰ 'ਤੇ ਲੋਕਾਂ ਨੂੰ ਵੰਡ ਰਹੀ ਹੈ।

*(ii)* ਚੋਣ ਘੋਸ਼ਣਾ ਪੱਤਰ ਵਿੱਚ ਸਵ. ਰਾਜੀਵ ਗਾਂਧੀ ਅਤੇ ਕਾਂਗਰਸ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਸਮਰਥਨ ਨਾਲ ਕੇਂਦਰ ਵਿੱਚ ਚੰਦਰ ਸ਼ੇਖਰ ਦੀ ਅਗਵਾਈ ਵਿੱਚ ਦਲ-ਬਦਲੀਆਂ ਦੀ ਸਰਕਾਰ ਸਥਾਪਿਤ ਹੋ ਗਈ ਹੈ।

*(iii)* ਮਾਰਕਸਵਾਦੀ ਦਲ ਨੇ ਮੰਡਲ ਆਯੋਗ ਦੀਆ ਸਿਫਾਰਿਸ਼ਾਂ ਲਾਗੂ ਕਰਨ ਦਾ ਸਮਰਥਨ ਕੀਤਾ ਪਰ ਨਾਲ ਹੀ ਨਾਲ ਆਰਥਿਕ ਅਧਾਰ 'ਤੇ ਪੱਛੜੇ ਹੋਏ ਵਰਗ ਨੂੰ ਵੀ ਰਾਖਵਾਂਕਰਨ ਦੇਣ ਦਾ ਸੁਝਾਅ ਦਿੱਤਾ।

*(iv)* ਉੱਤਰ ਭਾਰਤ ਵਿੱਚ ਮੰਡਲ ਆਯੋਗ ਦੀਆਂ ਸਿਫਾਰਿਸ਼ਾਂ ਲਾਗੂ ਕਰਨ 'ਤੇ ਵਿਆਪਕ ਰੂਪ ਵਿੱਚ ਜੋ ਹਿੰਸਾ ਹੋਈ, ਉਸ ਦਾ ਦਲ ਦੇ ਚੋਣ ਘੋਸ਼ਣਾ ਦੇ ਅਨੁਸਾਰ ਪੱਛਮੀ ਬੰਗਾਲ 'ਤੇ ਕੋਈ ਪ੍ਰਭਾਵ ਨਹੀਂ ਪਿਆ। ਦਲ ਨੇ ਦਾਅਵਾ ਕੀਤਾ ਕਿ ਪੱਛਮੀ ਬੰਗਾਲ ਵਿੱਚ ਕੋਈ ਵੀ ਗਰੀਬ ਜਾਂ ਪੱਛੜੀਆਂ ਹੋਈਆਂ ਜਾਤੀਆਂ 'ਤੇ ਅੱਤਿਆਚਾਰ ਨਹੀਂ ਕਰ ਸਕਦਾ।

*(v)* ਸਾਮਵਾਦੀ ਮਾਰਕਸਵਾਦੀ ਦਲ ਨੇ ਰਾਸ਼ਟਰੀ ਮੋਰਚੇ ਦੀ ਸਰਕਾਰ ਨੂੰ ਬਾਹਰੋਂ ਸਮਰਥਨ ਦੇਣ ਦੀ ਘੋਸ਼ਣਾ ਕੀਤੀ।

*(vi)* ਦਲ ਦੇ ਚੋਣ ਘੋਸ਼ਣਾ ਪੱਤਰ ਵਿੱਚ ਕੇਂਦਰ ਸਰਕਾਰ ਤੋਂ 16 ਮੰਗਾ ਨੂੰ ਪੂਰਾ ਕਰਨ ਦੀ ਮੰਗ ਕੀਤੀ ਗਈ ਜਿਨ੍ਹਾਂ ਵਿੱਚ ਮੁੱਖ ਕੇਂਦਰ ਰਾਜਾਂ ਦੇ ਸਬੰਧਾਂ ਵਿੱਚ ਪਰਿਵਰਤਨ ਕਰਨਾ, ਕੰਮ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਬਣਾਇਆ, ਰਾਜਾਂ ਦੀ ਆਮਦਨ ਦੇ ਸਾਧਨਾਂ ਵਿੱਚ ਵਾਧਾ ਕਰਨ ਲਈ ਰਾਜ ਅਤੇ ਸਮਵਰਤੀ ਸੂਚੀ ਦੇ ਵਿਸ਼ਿਆਂ ਵਿੱਚ ਪਰਿਵਰਤਨ ਕਰਨਾ ਆਦਿ ਹੈ।

*(vii)* ਨੇਪਾਲੀ ਭਾਸ਼ਾ ਨੂੰ ਸੰਵਿਧਾਨ ਦੀ ਅੱਠਵੀਂ ਸੂਚੀ ਵਿੱਚ ਸ਼ਾਮਿਲ ਕਰਨ ਦੀ ਮੰਗ ਕੀਤੀ ਗਈ ਹੈ।

*(viii)* ਆਰਥਿਕ ਖੇਤਰ ਦੀਆਂ ਮੰਗਾਂ ਪਿੰਡਾਂ ਦੇ ਵਿਕਾਸ ਤੱਕ ਸੀਮਿਤ ਹਨ।

ਸਮਾਜਵਾਦੀ ਮਾਰਕਸਵਾਦੀ ਪਾਰਟੀ ਨੇ ਇਹ ਚੋਣ ਘੋਸ਼ਣਾ ਪੱਤਰ ਮੁੱਖ ਰੂਪ ਵਿੱਚ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਲਈ ਜਾਰੀ ਕੀਤਾ ਸੀ ਅਤੇ ਉਸ ਨੂੰ ਇਸ ਚੋਣ ਵਿੱਚ ਚੌਥੀ ਵਾਰ ਸੱਤਾ ਪ੍ਰਾਪਤ ਹੋਈ। ਉੱਥੇ ਇਹ 2011 ਤੱਕ ਸੱਤਾ ਵਿੱਚ ਰਹੀ ਪਰ ਹੁਣ ਪੱਛਮੀ ਬੰਗਾਲ ਅਤੇ ਕੇਰਲ ਵਿੱਚ ਸੱਤਾ ਇਸ ਦੇ ਹੱਥ 'ਚੋਂ ਨਿਕਲ ਗਈ ਹੈ। ਇਸ ਦੀਆਂ ਨੀਤੀਆਂ ਵਿੱਚ ਕੋਈ ਵਿਸ਼ੇਸ਼ ਬਦਲਾਅ ਨਹੀਂ ਆਇਆ ਪਰ 2004 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਇਸ ਨੇ ਯੂ. ਪੀ. ਏ ਨੂੰ ਬਾਹਰੋਂ ਸਮਰਥਨ ਦਿੱਤਾ ਪਰ ਐਟਮੀ ਸਮਝੌਤੇ ਦੇ ਸਵਾਲ 'ਤੇ ਇਹ ਵਾਪਿਸ ਲੈ ਲਿਆ। 2009 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਦਾ ਅਧਾਰ ਘੱਟ ਹੋਇਆ ਅਤੇ ਸੀਟਾਂ ਬਹੁਤ ਘਟ ਗਈਆਂ।

### ਜਨਤਾ ਦਲ ਦੀਆਂ ਨੀਤੀਆਂ ਅਤੇ ਪ੍ਰੋਗਰਾਮ ਦਾ ਵਰਨਣ
### (Enumerate the Policies and Programmes of the Janta Dal)

ਭਾਰਤੀ ਰਾਜਨੀਤਿਕ ਵਿਵਸਥਾ ਵਿੱਚ ਰਾਜਨੀਤਿਕ ਦਲਾਂ ਦੇ ਸ਼ਾਮਿਲ ਅਤੇ ਵਖਰਾਅ ਦੀ ਪ੍ਰਕਿਰਿਆ ਬਰਾਬਰ ਚੱਲਦੀ ਰਹੀ ਹੈ। ਅਪ੍ਰੈਲ 1987 ਵਿੱਚ ਇੰਦਰਾ ਕਾਗਰਸ ਨਾਲ ਉਸ ਸਮੇਂ ਦੇ ਪ੍ਰਤੀ ਰੱਖਿਆ ਮੰਤਰੀ ਵਿਸ਼ਵਨਾਥ ਪ੍ਰਤਾਪ ਸਿੰਘ, ਅਰੁਣ ਨਹਿਰੂ, ਆਰਿਫ ਮੁਹੰਮਦ ਖਾਂ ਅਤੇ ਰਾਮਧਨ ਵਰਗੇ ਨੇਤਾ ਅਲੱਗ ਹੋ ਗਏ। ਉਨ੍ਹਾਂ ਨੇ 'ਜਨ ਮੋਰਚਾ' ਕਾਇਮ ਕਰ ਲਿਆ। ਇਸ ਮੋਰਚੇ ਨੇ ਤੱਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਵਿਰੁੱਧ ਭ੍ਰਿਸ਼ਟਾਚਾਰ ਦੇ ਸੰਗੀਨ ਜਾਂ ਸਨਸਨੀਖੇਜ ਇਲਜ਼ਾਮ ਲਗਾਏ। ਇਸ ਨਾਲ ਵੀ. ਪੀ. ਸਿੰਘ ਦੀ ਲੋਕਪ੍ਰਿਯਤਾ ਵੱਧਦੀ ਗਈ। ਜੂਨ 1988 ਵਿੱਚ ਇਲਾਹਾਬਾਦ ਸੰਸਦੀ ਸੀਟ 'ਤੇ ਹੋਈਆਂ ਉੱਪ ਚੋਣਾਂ ਵਿੱਚ ਉਨ੍ਹਾਂ ਨੇ ਭਾਰੀ ਸਫਲਤਾ ਪ੍ਰਾਪਤ ਕੀਤੀ ਅਤੇ ਉਹ ਗੈਰ ਕਾਂਗਰਸਵਾਦ ਦੇ ਪ੍ਰਤੀਕ ਬਣ ਗਏ ਅਤੇ ਉਨ੍ਹਾਂ ਨੇ ਕਾਂਗਰਸ (ਆਈ) ਅਤੇ ਰਾਜੀਵ ਗਾਂਧੀ ਦਾ ਵਿਕਲਪ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਕਈ ਮੁਸ਼ਕਿਲਾਂ ਦੇ ਬਾਵਜੂਦ 11 ਅਕਤੂਬਰ 1988 ਨੂੰ ਬੰਗਲੌਰ ਵਿੱਚ ਜਨ ਮੋਰਚਾ, ਲੋਕ ਦਲ (ਅ) ਅਤੇ ਜਨਤਾ ਪਾਰਟੀ ਦੇ ਮੁੱਖ ਨੇਤਾਵਾਂ ਦੀ ਬੈਠਕ ਵਿੱਚ ਜਨਤਾ ਦਲ ਬਣਾਉਣ ਦਾ ਫੈਸਲਾ ਲਿਆ ਗਿਆ। ਬਾਅਦ ਵਿੱਚ ਲੋਕ ਦਲ (ਬ) ਵੀ ਇਸ ਨਵੇਂ ਦਲ ਵਿੱਚ ਸ਼ਾਮਿਲ ਹੋਣ ਨੂੰ ਤਿਆਰ ਹੋ ਗਿਆ। ਵੀ. ਪੀ. ਸਿੰਘ ਨੂੰ ਇਸ ਪ੍ਰਸਤਾਵਿਤ ਨਵੇਂ ਦਲ ਦਾ ਪ੍ਰਧਾਨ ਚੁਣਿਆ ਗਿਆ ਅਤੇ ਜਨਤਾ ਪਾਰਟੀ ਦੇ ਸੰਵਿਧਾਨ ਨੂੰ ਉਸ ਨੇ ਅਪਨਾ ਲਿਆ। ਉਸ ਤੋਂ ਬਾਅਦ ਸੰਸਦ ਦੇ ਦੋਵਾਂ ਸਦਨਾਂ ਅਤੇ ਵੱਖ-ਵੱਖ ਰਾਜਾਂ ਦੇ ਵਿਧਾਨ ਮੰਡਲਾਂ ਵਿੱਚ ਜਨਤਾ ਦਲ ਨੂੰ ਮਾਨਤਾ ਦੇ ਦਿੱਤੀ ਗਈ। ਇਸੇ ਦੌਰਾਨ ਕਾਂਗਰਸ (ਆਈ) ਦਾ ਵਿਕਲਪ ਖੜ੍ਹਾ ਕਰਨ ਦੀ ਦ੍ਰਿਸ਼ਟੀ ਨਾਲ ਵੀ. ਪੀ. ਸਿੰਘ ਨੇ ਅਗਸਤ 1988 ਵਿੱਚ ਹੀ ਲੋਕ ਦਲ (ਅ), ਜਨਤਾ ਪਾਰਟੀ, ਤੇਲਗੂ ਦੇਸਮ, ਦ੍ਰਵਿੜ ਮੁਨੇਤਰ ਕੜਗਮ, ਕਾਂਗਰਸ (ਐੱਸ) ਅਸਮ ਗਣ ਸੰਗਰਾਮ ਪ੍ਰੀਸ਼ਦ ਅਤੇ ਜਨ ਮੋਰਚੇ ਨੂੰ ਮਿਲਾ ਕੇ 'ਰਾਸ਼ਟਰੀ ਮੋਰਚਾ' (National Front) ਕਾਇਮ ਕਰ ਲਿਆ ਸੀ। ਜਨਤਾ ਦਲ ਗਠਿਤ ਕਰ ਲੈਣ ਨਾਲ ਵੀ. ਪੀ. ਸਿੰਘ ਦੀ ਸ਼ਕਤੀ ਅਤੇ ਪ੍ਰਭਾਵ ਵਿੱਚ ਹੋਰ ਜ਼ਿਆਦਾ

ਵਾਧਾ ਹੋ ਗਿਆ ਅਤੇ 'ਰਾਸ਼ਟਰੀ ਮੋਰਚਾ' ਦੇ ਵਿਵਹਾਰਿਕ ਨੇਤਾ ਵੀ ਉਹੀ ਬਣ ਗਏ। ਨਵੰਬਰ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਚੋਣ ਆਯੋਗ ਦਲ ਨੂੰ ਇਕ ਅਖਿਲ ਭਾਰਤੀ ਦਲ ਦੇ ਰੂਪ ਵਿੱਚ ਮਾਨਤਾ ਦੇ ਦਿੱਤੀ ਅਤੇ ਉਸ ਨੂੰ ਚੱਕਰ (Wheel) ਦਾ ਚਿੰਨ੍ਹ ਦਿੱਤਾ ਜਿਸ ਵਿੱਚ ਛੇ ਤਾਲੀਆਂ ਹਨ।

ਉਨ੍ਹਾਂ ਚੋਣਾਂ ਵਿੱਚ ਦਲ ਨੂੰ 141 ਸਥਾਨ ਪ੍ਰਾਪਤ ਹੋਏ ਸਨ ਅਤੇ ਰਾਸ਼ਟਰੀ ਮੋਰਚੇ ਦੇ ਹੋਰ ਘਟਕਾਂ ਦੇ ਨਾਲ-ਨਾਲ ਭਾਰਤੀ ਜਨਤਾ ਪਾਰਟੀ ਅਤੇ ਵਾਮਪੰਥੀ ਦਲਾਂ ਦਾ ਸਹਿਯੋਗ ਪ੍ਰਾਪਤ ਕਰਕੇ ਉਹ ਦਲ ਸੱਤਾ ਵਿੱਚ ਆ ਗਿਆ ਸੀ। ਵੀ. ਪੀ. ਸਿੰਘ ਪ੍ਰਧਾਨ ਮੰਤਰੀ ਸੀ ਪਰ ਅਕਤੂਬਰ 1990 ਵਿੱਚ ਭਾਜਪਾ ਨੇ ਰਾਮ ਜਨਮ ਭੂਮੀ ਮਾਮਲੇ 'ਤੇ ਸਰਕਾਰ ਤੋਂ ਆਪਣਾ ਸਮਰਥਨ ਵਾਪਿਸ ਲੈ ਲਿਆ ਅਤੇ 7 ਨਵੰਬਰ 1990 ਨੂੰ ਵੀ. ਪੀ. ਸਿੰਘ ਲੋਕ ਸਭਾ ਵਿੱਚ ਭਰੋਸੇ ਦਾ ਪ੍ਰਸਤਾਵ (Confidence Motion) ਪਾਸ ਨਹੀਂ ਕਰਵਾ ਸਕੇ। ਇਸੇ ਸਮੇਂ ਜਨਤਾ ਦਲ ਵਿੱਚ ਫੁੱਟ ਪੈ ਗਈ ਅਤੇ ਚੰਦਰ ਸ਼ੇਖਰ ਤੇ ਦੇਵੀ ਲਾਲ ਦੀ ਅਗਵਾਈ ਵਿੱਚ ਉਸ ਦਾ ਇਕ ਵੱਡਾ ਵਰਗ ਉਸ ਤੋਂ ਅਲੱਗ ਹੋ ਕੇ ਜਨਤਾ ਦਲ (ਸ) ਬਣ ਗਿਆ। ਚੰਦਰ ਸ਼ੇਖਰ ਘੱਟ ਗਿਣਤੀ ਸਰਕਾਰ ਦੇ ਪ੍ਰਧਾਨ ਮੰਤਰੀ ਕਾਂਗਰਸ (ਆਈ) ਦੇ ਸਮਰਥਨ ਨਾਲ ਬਣ ਗਏ ਪਰ ਉਨ੍ਹਾਂ ਦੀ ਸਰਕਾਰ ਚਾਰ ਮਹੀਨੇ ਦੇ ਲੱਗਭਗ ਹੀ ਚੱਲ ਸਕੀ। ਅੰਤ ਵਿੱਚ ਮਈ-ਜੂਨ 1991 ਵਿੱਚ ਲੋਕ ਸਭਾ ਦੀਆਂ ਮੱਧਕਾਲੀ ਚੋਣਾਂ ਕਰਵਾਈਆਂ ਜਾਣੀਆਂ ਜ਼ਰੂਰੀ ਹੋ ਗਈਆਂ। ਉਸ ਦੌਰਾਨ ਐੱਸ. ਆਰ. ਬੋਮਬਈ ਜਨਤਾ ਦਲ ਦੇ ਪ੍ਰਧਾਨ ਸਨ। ਇਸ ਚੋਣ ਵਿੱਚ ਜਨਤਾ ਦਲ ਦੀ ਕਰਾਰੀ ਹਾਰ ਹੋਈ ਅਤੇ ਕੇਵਲ 54 ਸੀਟਾ ਹੀ ਪ੍ਰਾਪਤ ਹੋ ਸਕੀਆਂ।

ਇੱਥੇ ਇਹ ਵਰਨਣਯੋਗ ਹੈ ਕਿ ਹੁਣ ਜਨਤਾ ਦਲ ਕਈ ਦਲਾਂ-(i) ਜਨਤਾ ਦਲ (ਯੂਨਾਈਟਿਡ) (J.D.U.) ਅਤੇ (ii) ਰਾਸ਼ਟਰੀ ਜਨਤਾ ਦਲ (RJD) ਬੀਜੂ ਜਨਤਾ (BJD) ਵਿੱਚ ਵੰਡੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਇਸ ਤੋਂ ਅਲੱਗ ਹੋ ਕੇ ਲੋਕ ਦਲ (ਅਜੀਤ) ਅਤੇ ਚੌਟਾਲਾ ਦਾ ਲੋਕ ਦਲ (INLD) ਬਣ ਗਿਆ ਹੈ।

**ਜਨਤਾ ਦਲ ਦੀਆਂ ਨੀਤੀਆਂ ਅਤੇ ਪ੍ਰੋਗਰਾਮ (Policies and Programmes of Janta Dal)**

ਮਈ-ਜੂਨ 1991 ਦੇ ਮੱਧਕਾਲੀ ਚੋਣਾਂ ਸਮੇਂ ਜਨਤਾ ਦਲ ਨੇ ਆਪਣਾ ਕੋਈ ਚੋਣ ਘੋਸ਼ਣਾ ਪੱਤਰ (Election Manifesto) ਜਾਰੀ ਨਹੀਂ ਕੀਤਾ ਸੀ। ਰਾਸ਼ਟਰੀ ਮੋਰਚਾ ਨੇ ਜੋ ਘੋਸ਼ਣਾ ਪੱਤਰ ਜਾਰੀ ਕੀਤਾ, ਜਨਤਾ ਦਲ ਨੇ ਉਸੇ ਦੇ ਅਧਾਰ 'ਤੇ ਚੋਣ ਲੜੀ ਸੀ। ਅਸਲ ਵਿੱਚ ਉਹ ਚੋਣ ਘੋਸ਼ਣਾ ਪੱਤਰ ਜਨਤਾ ਦਲ ਵੱਲੋਂ ਹੀ ਤਿਆਰ ਕੀਤਾ ਗਿਆ ਸੀ। ਉਸ ਦੇ ਮੁੱਖ ਸਿਧਾਂਤਾਂ ਦਾ ਸੰਖੇਪ ਵਰਨਣ ਹੇਠ ਲਿਖੇ ਅਨੁਸਾਰ ਹੈ:-

1. **ਰਾਜਨੀਤਿਕ ਪ੍ਰੋਗਰਾਮ** (Political Programmes)- ਜਨਤਾ ਦਲ ਜਾਂ ਰਾਸ਼ਟਰੀ ਮੋਰਚਾ ਨੇ ਆਪਣੇ ਰਾਜਨੀਤਿਕ ਪ੍ਰੋਗਰਾਮ ਵਿੱਚ ਰਾਸ਼ਟਰ ਵਿੱਚ ਏਕਤਾ, ਸਮਾਜਿਕ ਨਿਆ, ਪੰਥ ਨਿਰਪੱਖਤਾ ਜਾ ਸੈਕੂਲਰਇਜ਼ਮ, ਸੰਘਵਾਦ ਅਤੇ ਆਤਮ ਨਿਰਭਰਤਾ ਨਾਮ ਦੇ ਪੰਜ ਤੱਤਾਂ 'ਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ ਸੀ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ -

*(i)* ਸਮਾਜਿਕ ਨਿਆ ਕਾਇਮ ਕਰਨ ਲਈ ਸਮਾਜਿਕ ਅਤੇ ਸਿੱਖਿਅਕ ਦ੍ਰਿਸ਼ਟੀ ਨਾਲ ਪੱਛੜੇ ਹੋਏ ਵਰਗਾਂ ਲਈ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਸੇਵਾਵਾਂ ਵਿੱਚ 27 ਪ੍ਰਤੀਸ਼ਤ ਸਥਾਨਾਂ ਦਾ ਰਾਖਵਾਂਕਰਨ ਕੀਤਾ ਜਾਵੇਗਾ ਅਤੇ ਮੰਡਲ ਆਯੋਗ ਦੀਆਂ ਸਿਫਾਰਿਸ਼ਾਂ ਵਿੱਚ ਮੌਜੂਦ ਤਰੁਟੀਆਂ ਨੂੰ ਦੂਰ ਕਰਨ ਲਈ ਇਕ ਵਿਸ਼ੇਸ਼ ਸੰਮਤੀ ਦਾ ਗਠਨ ਹੋਵੇਗਾ। ਇਸ ਤੋਂ ਇਲਾਵਾ ਆਰਥਿਕ ਦ੍ਰਿਸ਼ਟੀ ਤੋਂ ਪੱਛੜੇ ਹੋਰ ਵਰਗਾਂ ਲਈ ਸਰਕਾਰੀ ਨੌਕਰੀਆਂ ਵਿੱਚ 5 ਤੋਂ 10 ਪ੍ਰਤੀਸ਼ਤ ਤੱਕ ਰਾਖਵੰਕਰਨ ਦੀ ਵਿਵਸਥਾ ਲਾਗੂ ਕਰਨ 'ਤੇ ਗੰਭੀਰਤਾ ਨਾਲ ਵਿਚਾਰ ਹੋਵੇਗਾ।

*(ii)* ਇਸ ਪ੍ਰਸਤਾਵਿਤ ਪ੍ਰਤੀਸ਼ਤ ਨੂੰ ਭਰਨ ਲਈ ਵਿਸ਼ੇਸ਼ ਰੂਪ ਨਾਲ ਭਰਤੀ ਕੀਤੀ ਜਾਵੇਗੀ।

*(iii)* ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਲੋਕਾਂ ਲਈ ਰਾਖਵਾਕਰਨ ਵਿਵਸਥਾ ਜਾਰੀ ਕਰੇਗੀ। ਉਨ੍ਹਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਦਿੱਤੀ ਜਾਵੇਗੀ ਅਤੇ ਉਨ੍ਹਾਂ 'ਤੇ ਹੋਣ ਵਾਲੇ ਅੱਤਿਆਚਾਰਾਂ ਦੇ ਮਾਮਲੇ ਨੂੰ ਜਲਦੀ ਨਿਪਟਾਉਣ ਲਈ ਹਰ ਜ਼ਿਲ੍ਹੇ ਵਿੱਚ ਵਿਸ਼ੇਸ਼ ਅਦਾਲਤਾਂ ਕਾਇਮ ਕੀਤੀਆਂ ਜਾਣਗੀਆਂ।

*(iv)* ਰਾਮ ਜਨਮ ਭੂਮੀ ਬਾਬਰੀ ਮਸਜ਼ਿਦ ਮਾਮਲੇ ਦਾ ਨਿਪਟਾਰਾ ਦੋਵਾਂ ਪੱਖਾਂ ਦੀ ਆਪਸੀ ਗੱਲਬਾਤ ਵੱਲੋਂ ਹੱਲ ਕੀਤਾ ਜਾਵੇ ਜਾਂ ਅਦਾਲਤਾਂ ਦੇ ਫੈਸਲੇ ਦਾ ਇੰਤਜ਼ਾਰ ਕੀਤਾ ਜਾਵੇ। ਇਸੇ ਤਰ੍ਹਾਂ 15 ਅਗਸਤ 1947 ਨੂੰ ਪੂਜਾ ਜਾਂ ਉਪਾਸਨਾ ਸਥਾਨਾਂ ਦੀ ਜੋ ਸਥਿਤੀ ਸੀ, ਉਸ ਨੂੰ ਬਣਾਈ ਰੱਖਿਆ ਜਾਵੇ।

*(v)* ਸੰਪ੍ਰਦਾਇਕ ਦੰਗਿਆਂ ਨਾਲ ਨਿਪਟਣ ਲਈ ਇਕ ਮਿਲਿਆ ਜੁਲਿਆ ਦੰਗਾ ਵਿਰੋਧੀ ਸੁਰੱਖਿਆ ਬਲ ਸੰਗਠਿਤ ਕੀਤਾ ਜਾਵੇ ਜਿਸ ਨਾਲ ਘੱਟ ਗਿਣਤੀ ਵਰਗ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਹੋ ਸਕੇ ਅਤੇ ਵਕਫ ਸੰਪਤੀ ਨੂੰ ਕਿਰਾਇਆ ਕੰਟਰੋਲ ਕਾਨੂੰਨ ਤੋਂ ਮੁਕਤ ਕਰ ਦਿੱਤਾ ਜਾਵੇ।

*(vi)* ਘੱਟ ਸੰਖਿਆ ਆਯੋਗ ਨੂੰ ਸੰਵਿਧਾਨਿਕ ਮਾਨਤਾ ਦਿੱਤੀ ਜਾਵੇਗੀ। ਜੰਮੂ ਕਸ਼ਮੀਰ ਨਾਲ ਸਬੰਧਿਤ ਧਾਰਾ 370 ਨੂੰ ਬਣਾਈ ਰੱਖਿਆ ਜਾਵੇ। ਘੱਟ ਗਿਣਤੀ ਦੇ ਵਿਕਤੀਗਤ ਕਾਨੂੰਨਾਂ (Personal Laws) ਵਿੱਚ ਰਾਜ ਵੱਲੋਂ ਦਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ।

ਨੋਟ

*(vii)* ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਉਸ ਦੀ ਆਬਾਦੀ ਦੇ ਅਨੁਪਾਤ ਵਿੱਚ ਸਰਕਾਰੀ ਬਜਟ ਵਿੱਚ ਉਨ੍ਹਾਂ ਦੇ ਕਲਿਆਣ ਲਈ ਧਨ ਰਾਸ਼ੀ ਰਾਖਵੀਂ ਰੱਖੀ ਜਾਵੇਗੀ ਅਤੇ ਉਸ ਧਨ ਰਾਸ਼ੀ ਦਾ ਇਸਤੇਮਾਲ ਨਿਰਧਾਰਿਤ ਉਦੇਸ਼ ਲਈ ਹੀ ਕੀਤਾ ਜਾਵੇਗਾ।

*(viii)* ਇਨ੍ਹਾਂ ਵਰਗਾਂ ਲਈ ਰਾਖਵੇਂ ਅਹੁਦਿਆਂ ਦੀ ਸੰਖਿਆ ਨੂੰ ਪੂਰਾ ਕਰਨ ਲਈ ਕਾਨੂੰਨ ਬਣਾ ਕੇ ਵਿਸ਼ੇਸ਼ ਭਰਤੀ ਕੀਤੀ ਜਾਵੇਗੀ ਅਤੇ ਦੋਸ਼ੀ ਅਧਿਕਾਰੀਆਂ ਨੂੰ ਸਜ਼ਾ ਦਿੱਤੀ ਜਾਵੇਗੀ।

*(ix)* ਮਹਿਲਾਵਾਂ ਦੀ ਦਸ਼ਾ ਸੁਧਾਰਣ ਲਈ ਉਨ੍ਹਾਂ ਨੂੰ ਬਰਾਬਰ ਸੰਪਤੀ ਅਧਿਕਾਰ, ਸਥਾਨਕ ਸਵਾਯਤ ਸੰਸਥਾਵਾਂ ਅਤੇ ਸੇਵਾਵਾਂ ਵਿੱਚ 30 ਪ੍ਰਤੀਸ਼ਤ ਰਾਖਵਾਂਕਰਨ ਵਿਧਾਨ ਮੰਡਲਾਂ ਵਿੱਚ ਜ਼ਿਆਦਾ ਪ੍ਰਤੀਨਿਧਤਾ ਦਿੱਤੀ ਜਾਵੇਗੀ ਅਤੇ ਮਾਤ੍ਰਤਵ ਕਲਿਆਣ ਲਈ ਵਿਸ਼ੇਸ਼ ਕੋਣ ਬਣਾਏ ਜਾਣਗੇ।

*(x)* ਕੇਂਦਰ ਰਾਜਾਂ ਦੇ ਸਬੰਧਾਂ ਦਾ ਨਿਰਧਾਰਣ ਸਰਕਾਰੀਆ ਆਯੋਗ ਦੇ ਪ੍ਰਤੀਵੇਦਨ ਦੇ ਅਧਾਰ 'ਤੇ ਕਰਦੇ ਹੋਏ ਰਾਜਾਂ ਦੇ ਸੰਘੀ ਢਾਂਚੇ ਅਧੀਨ ਅਸਲੀ ਸਵਾਯਤਤਾ ਦਿੱਤੀ ਜਾਵੇਗੀ। ਉਨ੍ਹਾਂ ਨੂੰ ਆਰਥਿਕ, ਵਿੱਤੀ, ਪ੍ਰਸ਼ਾਸਨਿਕ ਸ਼ਕਤੀਆਂ ਦਿੱਤੀਆਂ ਜਾਣਗੀਆਂ, ਜਿਸ ਨਾਲ ਉਹ ਕੇਂਦਰ 'ਤੇ ਨਿਰਭਰ ਨਾ ਰਹੇ। ਪੁਵਰਤਰ ਪ੍ਰੀਸ਼ਦ ਦੇ ਵਿਕਾਸ ਕੰਮਾਂ ਦੇ ਲਈ ਜ਼ਿਆਦਾ ਧਨ ਰਾਸ਼ੀ ਦਿੱਤੀ ਜਾਵੇਗੀ।

*(xi)* ਰਾਜਪਾਲਾਂ ਦੀਆਂ ਸ਼ਕਤੀਆਂ ਅਤੇ ਕੰਮਾਂ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਉਸ ਨੂੰ ਕੇਂਦਰ ਸਰਕਾਰ ਦੇ ਰਾਜਨੀਤਿਕ ਸਵਾਰਥਾਂ ਨੂੰ ਪੂਰਾ ਕਰਨ ਤੋਂ ਰੋਕਣ ਦੀ ਵਿਵਸਥਾ ਕੀਤੀ ਜਾਵੇਗੀ ਅਤੇ ਸੰਵਿਧਾਨ ਦੀ ਧਾਰਾ 356 'ਤੇ ਪੁਨਰਵਿਚਾਰ ਕਰਕੇ ਉਸ ਦਾ ਦੁਰਉਪਯੋਗ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣਗੇ।

*(xii)* ਸੂਚਨਾ ਪਾਉਣ ਦੇ ਅਧਿਕਾਰ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਸਰਕਾਰੀ ਗੋਪਨੀਅਤਾ ਕਾਨੂੰਨ ਨੂੰ ਹਟਾਇਆ ਜਾਵੇਗਾ ਅਤੇ ਪ੍ਰਸਾਰ ਭਾਰਤੀ ਕਾਨੂੰਨ ਨੂੰ ਲਾਗੂ ਕੀਤਾ ਜਾਵੇਗਾ।

*(xiii)* ਪੰਜਾਬ ਅਤੇ ਜੰਮੂ ਕਸ਼ਮੀਰ ਵਿੱਚ ਆਤੰਕਵਾਦ ਵਧਣ ਲਈ ਕਾਂਗਰਸ ਆਈ ਨੂੰ ਜ਼ਿਮੇਵਾਰ ਠਹਿਰਾਇਆ ਗਿਆ ਹੈ। ਉਸ ਦੇ ਹੱਲ ਲਈ ਉੱਥੋਂ ਦੇ ਨਿਵਾਸੀਆਂ ਦੇ ਸੱਚੇ ਸੰਘਵਾਦ ਅਤੇ ਲੋਕਤੰਤ੍ਰਿਕ ਪ੍ਰਕਿਰਿਆ ਵਿੱਚ ਦ੍ਰਿੜ ਆਸਥਾ ਵਿਕਸਿਤ ਕਰਨ ਲਈ ਤਿਆਰ ਕੀਤਾ ਜਾਵੇਗਾ। ਅਜਿਹਾ ਹੋਣ 'ਤੇ ਹੀ ਗੁੰਮਰਾਹ ਨੌਜਵਾਨ ਰਾਸ਼ਟਰ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਹੋ ਸਕਣਗੇ। ਉੱਤਰ ਪੂਰਬੀ ਖੇਤਰਾਂ ਵਿੱਚ ਅਲਗਾਵਵਾਦ ਵਿੱਚ ਸਖਤੀ ਨਾਲ ਨਿਪਟਿਆ ਜਾਵੇਗਾ।

*(xiv)* ਨਿਆਪਾਲਿਕਾ ਦੀ ਸੁਤੰਤਰਤਾ ਦਾ ਸਮਰਥਨ ਅਤੇ ਜੱਜਾਂ ਦੀ ਨਿਯੁਕਤੀ ਅਤੇ ਬਦਲੀਆਂ ਵਿੱਚ ਸੁਤੰਤਰ ਪੈਨਲ ਦੀ ਵਿਵਸਥਾ ਅਪਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ।

*(xv)* ਸਿੱਖਿਆ 'ਤੇ ਜ਼ਿਆਦਾ ਧਨ ਰਾਸ਼ੀ ਖਰਚ ਕੀਤੀ ਜਾਵੇਗੀ ਅਤੇ ਨਿਰਧਾਰਿਤ ਰਾਸ਼ੀ 50 ਪ੍ਰਤੀਸ਼ਤ ਪ੍ਰਾਇਮਰੀ ਸਿੱਖਿਆ 'ਤੇ ਖਰਚ ਕੀਤਾ ਜਾਵੇਗਾ। ਝਾਰਖੰਡ ਖੇਤਰ ਦੇ ਲੋਕਾਂ ਦੀਆਂ ਸੱਮਸਿਆਵਾਂ 'ਤੇ ਪੁਨਰ ਵਿਚਾਰ ਹੋਵੇਗਾ ਅਤੇ ਛੋਟਾ ਨਾਗਪੁਰ ਖੇਤਰ ਵਿੱਚ ਉਨ੍ਹਾਂ ਦਾ ਸੁਤੰਤਰ ਰਾਜ ਕਾਇਮ ਕਰਨ ਦੀ ਮੰਗ ਦੀ ਸਮੀਖਿਆ ਕੀਤੀ ਜਾਵੇਗੀ।

2. **ਆਰਥਿਕ ਪ੍ਰੋਗਰਾਮ** (Economic Programmes)–ਜਨਤਾ ਦਲ ਨੇ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਆਰਥਿਕ ਗੈਰ-ਬਰਾਬਰਤਾ ਨੂੰ ਦੂਰ ਕਰਨ ਦਾ ਸੰਕਲਪ ਪ੍ਰਗਟ ਕੀਤਾ ਹੈ ਅਤੇ ਉਹ ਅੱਗੇ ਲਿਖੇ ਕਦਮ ਚੁੱਕੇਗੀ।

*(i)* ਸ਼ਹਿਰੀ ਸੰਪਤੀ ਜਾਂ ਭੂਮੀ ਦੀ ਜ਼ਿਆਦਾਤਰ ਹੱਦ ਤੈਅ ਕੀਤੀ ਜਾਵੇਗੀ ਸਮਾਜ ਸੰਪਨ ਵਰਗ ਤੋਂ ਵਧੇਰੇ ਕਰਕੇ ਰਾਜਸਵ ਪ੍ਰਾਪਤ ਕਰਨ ਦੇ ਉਦੇਸ਼ ਨਾਲ ਦੀਰਘ ਕਾਲੀਨ ਵਿੱਤੀ ਨੀਤੀ ਨਿਰਧਾਰਿਤ ਕੀਤੀ ਜਾਵੇਗੀ। ਘੱਟ ਆਮਦਨੀ ਵਾਲੇ ਲੋਕਾਂ ਨੂੰ ਰਾਹਤ ਦਿੱਤੀ ਜਾਵੇਗੀ ਅਤੇ ਬੱਚਤ ਨੂੰ ਵਧਾਉਣ ਲਈ ਪ੍ਰਤੱਖ ਕਰਾਂ ਵਿੱਚ ਕਮੀ ਕੀਤੀ ਜਾਵੇਗੀ।

*(ii)* ਘਾਟੇ ਦੀ ਅਰਥ ਵਿਵਸਥਾ ਨੂੰ ਕੰਟਰੋਲ ਕੀਤਾ ਜਾਵੇਗਾ ਅਤੇ ਸਰਵਜਨਕ ਵੰਡ ਪ੍ਰਣਾਲੀ ਚੁਸਤ-ਦਰੁਸਤ ਅਤੇ ਕਾਰਜਕੁਸ਼ਲ ਬਣਾਇਆ ਜਾਵੇਗਾ।

*(iii)* ਵੱਧਦੀ ਮਹਿੰਗਾਈ ਅਤੇ ਮੁਦਰਾ ਸਫੀਤੀ ਨੂੰ ਰੋਕਣ ਲਈ ਪ੍ਰਤੱਖ ਅਤੇ ਅਪ੍ਰਤੱਖ ਕਰਾਂ ਦੇ ਢਾਂਚੇ ਦਾ ਫਿਰ ਤੋਂ ਸਮਾਯੋਜਨ ਕੀਤਾ ਜਾਵੇਗਾ। ਉਦਯੋਗਿਕ ਨੀਤੀ ਦਾ ਉਦੇਸ਼ ਰੋਜ਼ਗਾਰ ਦੇ ਸਾਧਨਾਂ ਵਿੱਚ ਵਾਧਾ ਕਰਨਾ ਹੈ।

*(iv)* ਪੇਂਡੂ ਖੇਤਰ 'ਤੇ ਅਧਾਰਿਤ ਪੇਂਡੂ ਉਦਯੋਗਾਂ ਨੂੰ ਵਧਾਇਆ ਜਾਵੇਗਾ। ਲਘੂ ਉਦਯੋਗਾਂ ਨੂੰ ਉਤਸ਼ਾਹ ਦੇਣ ਲਈ ਵਿਸ਼ੇਸ਼ ਬੈਂਕ ਕਾਇਮ ਹੋਵੇਗਾ ਅਤੇ ਜਿੱਥੇ ਕਿਤੇ ਸੰਭਵ ਹੋਵੇਗਾ, ਉੱਥੇ ਆਮ ਉਪਭੋਗਤਾ ਵਸਤੂਆ ਦਾ ਉਤਪਾਦਨ ਕੁਟੀਰ ਅਤੇ ਲਘੂ ਉਦਯੋਗਾਂ ਦੇ ਖੇਤਰ ਲਈ ਸੁਰੱਖਿਅਤ ਕੀਤਾ ਜਾਵੇਗਾ।

**ਨੋਟ**

(v) ਵਿਦੇਸ਼ੀ ਸਹਾਇਤਾ ਕੇਵਲ ਆਤਮ ਨਿਰਭਰਤਾ ਪ੍ਰਾਪਤ ਕਰਨ ਵਾਸਤੇ ਲਈ ਜਾਵੇਗੀ।

(vi) ਵਾਤਾਵਰਨ ਸਰੋਤਾਂ ਨਾਲ ਜੁੜੇ ਪਿੰਡ ਵਾਸੀਆਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਾਨੂੰਨਾਂ ਦੀ ਸਮੀਖਿਆ ਕਰਕੇ ਉਨ੍ਹਾਂ ਦੀ ਸੋਧ ਕੀਤੀ ਜਾਵੇਗੀ। ਵਿਕਾਸ ਯੋਜਨਾਵਾਂ ਸਹਿਤ ਪਰਿਪੇਕਸ਼ ਯੋਜਨਾਵਾਂ ਦੀ ਵੀ ਵਾਤਾਵਰਨ ਦੇ ਪਰਿਪੇਕਸ਼ ਵਿੱਚ ਪਹਿਲ ਦੇ ਅਧਾਰ 'ਤੇ ਹੀ ਸਮੀਖਿਆ ਕੀਤੀ ਜਾਵੇਗੀ।

(vii) ਖੇਤੀ ਸਬੰਧੀ ਰਾਸ਼ਟਰੀ ਨੀਤੀ ਦਾ ਨਿਰਧਾਰਣ ਕੀਤਾ ਜਾਵੇਗਾ। ਖੇਤੀ ਉਤਪਾਦਨਾਂ ਦਾ ਲਾਭਕਾਰੀ ਨਿਊਨਤਮ ਸਮਰਥਨ ਮੁੱਲ ਨਿਸ਼ਚਿਤ ਹੋਵੇਗਾ। ਭੂਮੀ ਸੁਧਾਰ ਦੇ ਕਾਨੂੰਨ ਲਾਗੂ ਕੀਤੇ ਜਾਣਗੇ। ਖੇਤੀ ਕਰਜ਼ਾ 'ਤੇ ਵਿਆਜ ਦਰ ਵਿੱਚ ਕਟੌਤੀ ਹੋਵੇਗੀ ਅਤੇ ਚੋਣ ਖੇਤੀ ਪ੍ਰੀਸ਼ਦ ਕਾਇਮ ਕੀਤੀ ਜਾਵੇਗੀ।

(viii) ਖੇਤੀ ਅਤੇ ਉਦਯੋਗਿਕ ਉਤਪਾਦਨਾਂ ਵਿੱਚ ਤਾਲਮੇਲ ਬਿਠਾਇਆ ਜਾਵੇਗਾ, ਜਿਸ ਨਾਲ ਖੇਤੀ ਉਤਪਾਦਕਾਂ ਦੀ ਕ੍ਰਯ ਸ਼ਕਤੀ ਬਣੀ ਰਹੇ। ਪੇਂਡੂ ਵਿਕਾਸ ਲਈ ਹਰੇਕ ਪਿੰਡ ਨੂੰ ਸੜਕ ਨਾਲ ਜੋੜਿਆ ਜਾਵੇਗਾ ਅਤੇ ਉੱਥੇ ਸਾਫ ਪਾਣੀ ਦੀ ਵਿਵਸਥਾ ਕਰ ਦਿੱਤੀ ਜਾਵੇਗੀ। ਬਾਜ਼ਾਰ ਦੇ ਏਕਾਧਿਕਾਰ ਨੂੰ ਤੋੜਣ ਲਈ ਸਰਕਾਰ ਘੋਸ਼ਿਤ ਸਮਰਥਨ ਮੁੱਲ 'ਤੇ ਫਸਲਾਂ ਦੀ ਖਰੀਦਦਾਰੀ ਕਰੇਗੀ।

(ix) ਉਦਯੋਗਿਕ ਮਜ਼ਦੂਰਾਂ ਨੂੰ ਕਾਰਖਨਿਆਂ ਦੇ ਪ੍ਰਬੰਧ ਵਿੱਚ ਹਿੱਸੇਦਾਰ ਬਣਾਇਆ ਜਾਵੇਗਾ। ਗੁਪਤ ਵੋਟਾਂ ਦੇ ਅਧਾਰ 'ਤੇ ਮਜ਼ਦੂਰ ਸੰਘ ਦੇ ਗਠਨ ਲਈ ਨਵਾਂ ਉਦਯੋਗਿਕ ਮਜ਼ਦੂਰ ਸਬੰਧ ਪਾਸ ਕੀਤਾ ਜਾਵੇਗਾ ਅਤੇ ਖੇਤੀ ਮਜ਼ਦੂਰਾਂ ਅਤੇ ਕਲਿਆਣ ਲਈ ਕਾਨੂੰਨ ਬਣਾਏ ਜਾਣਗੇ।

(x) ਬੰਧੂਆ ਮਜ਼ਦੂਰ ਪ੍ਰਥਾ ਨੂੰ ਸਖਤੀ ਨਾਲ ਖਤਮ ਕੀਤਾ ਜਾਵੇਗਾ। ਉਨ੍ਹਾਂ ਦੇ ਪੁਨਰਗਠਨ ਅਤੇ ਵਿਕਾਸ ਦੀ ਪ੍ਰਭਾਵੀ ਯੋਜਨਾ ਲਾਗੂ ਹੋਵੇਗੀ।

(xi) ਸਾਬਕਾ ਸੈਨਿਕਾਂ ਨੂੰ ਕਲਿਆਣ ਨਾਲ ਸਬੰਧਿਤ ਸਾਰੇ ਫੈਸਲੇ ਕੀਤੇ ਜਾਣਗੇ ਅਤੇ ਉਨ੍ਹਾਂ ਨੂੰ 1 ਅਪ੍ਰੈਲ 1990 ਤੋਂ ਲਾਗੂ ਕੀਤਾ ਜਾਵੇਗਾ।

(xii) ਇਕ ਰਾਸ਼ਟਰੀ ਜਲ ਸੰਸਥਾਨ (A National Water Grid) ਦਾ ਨਿਰਮਾਣ ਹੋਵੇਗਾ ਜਿਸ ਨਾਲ ਪਾਣੀ ਦੀ ਕਮੀ ਵਾਲੇ ਖੇਤਰਾਂ ਜਾਂ ਪ੍ਰਦੇਸ਼ਾਂ ਵਿੱਚ ਮੁੱਖ ਅਤੇ ਵੱਡੀਆਂ ਨਦੀਆਂ ਦਾ ਪਾਣੀ ਉੱਥੇ ਪਹੁੰਚਾ ਕੇ ਉਨ੍ਹਾਂ ਇਲਾਕਿਆਂ ਨੂੰ ਵੀ ਸਮ੍ਰਿਧ ਬਣਾਇਆ ਜਾ ਸਕੇ।

3. **ਅੰਤਰਰਾਸ਼ਟਰੀ ਖੇਤਰ ਸਬੰਧੀ ਨੀਤੀ** (Policy Related to International Field)– ਅੰਤਰਰਾਸ਼ਟਰੀ ਖੇਤਰ ਵਿੱਚ ਜਨਤਾ ਦਲ ਦੇ ਚੋਣ ਘੋਸ਼ਣਾ ਪੱਤਰ ਵਿੱਚ ਕਿਹਾ ਗਿਆ ਹੈ ਕਿ –

(i) ਪਾਕਿਸਤਾਨ ਨਾਲ ਸਬੰਧ ਸਧਾਰਣ ਬਣਾਏ ਜਾਣਗੇ। ਚੀਨ ਦੇ ਨਾਲ ਵੀ ਮਿੱਤਰਤਾ ਪੂਰਨ ਸਬੰਧ ਕਾਇਮ ਕਰਨ ਲਈ ਪਹਿਲ ਕੀਤੀ ਜਾਵੇਗੀ।

(ii) ਸੋਵੀਅਤ ਸੰਘ ਨਾਲ ਮਿੱਤਰਤਾ ਪੂਰਨ ਸਬੰਧਾਂ ਨੂੰ ਹੋਰ ਜ਼ਿਆਦਾ ਮਜ਼ਬੂਤ ਕੀਤਾ ਜਾਵੇਗਾ ਅਤੇ ਸੰਯੁਕਤ ਰਾਜ ਅਮਰੀਕਾ, ਰਾਸ਼ਟਰ ਮੰਡਲ ਦੇ ਮੈਂਬਰ ਦੇਸ਼ਾਂ ਅਤੇ ਯੂਰਪ ਦੇ ਵੱਖ-ਵੱਖ ਰਾਜਾਂ ਤੇ ਜਾਪਾਨ ਦੇ ਸਬੰਧ ਸੁਧਾਰੇ ਜਾਣਗੇ।

(iii) ਭਾਰਤ ਦੇ ਸਾਰੇ ਗੁਆਂਢੀ ਰਾਜਾਂ ਨਾਲ ਚੰਗੇ ਸਬੰਧ ਕਾਇਮ ਕੀਤੇ ਜਾਣਗੇ।

(iv) ਵਪਾਰਕ, ਤਕਨੀਕੀ ਅਤੇ ਵਿੱਤੀ ਖੇਤਰਾਂ ਵਿੱਚ ਭੇਦਭਾਵ ਵਰਤਣ ਦੀ ਨੀਤੀ ਦੇ ਸਾਰੇ ਯਤਨਾਂ ਦਾ ਵਿਰੋਧ ਕੀਤਾ ਜਾਵੇਗਾ।

(v) ਨਿਰਗੁੱਟ ਅੰਦੋਲਨ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਣਾ ਕੇ ਅਰਬ ਰਾਸ਼ਟਰਾਂ ਦੇ ਨਾਲ ਗਹਿਰਾ ਸਬੰਧ ਕਾਇਮ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਏਕਤਾ ਅਤੇ ਅਖੰਡਤਾ ਨੂੰ ਭੰਗ ਕਰਨ ਦੇ ਸਾਰੇ ਯਤਨਾਂ ਦਾ ਡੱਟ ਕੇ ਵਿਰੋਧ ਹੋਵੇਗਾ। ਫਿਲੀਸਤੀਨ ਰਾਜ ਕਾਇਮ ਕਰਨ ਦੇ ਅੰਦੋਲਨ ਦਾ ਸਮਰਥਨ ਜਾਰੀ ਰਹੇਗਾ।

4. **ਹੋਰ ਪ੍ਰਮੁੱਖ ਹੱਲ** (Other Important Provisions)– ਉਪਯੁਕਤ ਕਥਿਤ ਨੀਤੀਆਂ ਅਤੇ ਪ੍ਰੋਗਰਾਮਾਂ ਤੋਂ ਇਲਾਵਾ ਜਨਤਾ ਜਾਂ ਰਾਸ਼ਟਰੀ ਮੋਰਚੇ ਦੇ ਚੋਣ ਘੋਸ਼ਣਾ ਪੱਤਰ ਵਿੱਚ ਹੇਠ ਲਿਖੀਆਂ ਮਹੱਤਵਪੂਰਨ ਗੱਲਾਂ ਕਹੀਆਂ ਗਈਆਂ ਹਨ–

(i) ਰਾਜ ਪੱਧਰ ਦੇ ਪ੍ਰਸ਼ਾਸਨ ਤੱਕ ਅਤੇ ਸਿੱਖਿਆ ਦੇ ਹਰੇਕ ਖੇਤਰ ਵਿੱਚ ਸਬੰਧਿਤ ਰਾਜ ਦੀ ਭਾਸ਼ਾ ਦਾ ਇਸਤੇਮਾਲ ਕੀਤਾ ਜਾਵੇਗਾ ਅਤੇ ਉਰਦੂ ਦੇ ਵਿਕਾਸ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

(ii) ਪੰਚਾਇਤੀ ਰਾਜ ਵਿਵਸਥਾ ਨੂੰ ਮਜ਼ਬੂਤ ਬਣਾ ਕੇ ਉਨ੍ਹਾਂ ਨੂੰ ਸਵਸ਼ਾਸਨ ਦੀ ਇਕਾਈ ਬਣਾਇਆ ਜਾਵੇਗਾ।

*(iii)* ਅੰਤਰਰਾਜੀ ਪ੍ਰੀਸ਼ਦ (Inter-State Council) ਅਤੇ ਰਾਸ਼ਟਰੀ ਵਿਕਾਸ ਪ੍ਰੀਸ਼ਦ (National Development Council) ਨੂੰ ਜ਼ਿਆਦਾ ਕਿਰਿਆਸ਼ੀਲ ਬਣਾ ਕੇ ਰਾਜਾਂ ਨੂੰ ਆਪਸੀ ਸਬੰਧਾਂ ਅਤੇ ਰਾਜ ਤੇ ਕੇਂਦਰ ਸਰਕਾਰਾਂ ਦੇ ਸਬੰਧਾਂ ਵਿੱਚ ਸਦਭਾਵਨਾ ਕਾਇਮ ਕੀਤੀ ਜਾਵੇਗੀ।

ਹੁਣ ਜਨਤਾ ਦਲ ਦੇ ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਈ ਹਿੱਸੇ ਹੋ ਚੁੱਕੇ ਹਨ। ਇਹ ਵੰਡ ਵਿਚਾਰਧਾਰਾ ਦੀ ਬਜਾਏ ਵਿਅਕਤੀਆਂ ਦੇ ਟਕਰਾਅ ਦੇ ਕਾਰਨ ਹੋਇਆ ਹੈ ਪਰ ਹੁਣ ਵੀ ਜੇ. ਡੀ. ਯੂ. ਬਿਹਾਰ ਵਿੱਚ ਅਤੇ ਬੀ. ਜੇ. ਡੀ. ਉੜੀਸਾ ਵਿੱਚ ਸੱਤਾ 'ਚ ਹੈ।

## 14.4 ਭਾਰਤੀ ਖੇਤਰੀ ਰਾਜਨੀਤਿਕ ਦਲ (Indian Regional Political Party)

ਪਿਛਲੇ ਕੁਝ ਸਾਲਾਂ ਦੌਰਾਨ ਖੇਤਰੀ ਦਲਾਂ ਦੀ ਭੂਮਿਕਾ ਵਿੱਚ ਵਾਧਾ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਪਰਿਵਰਤਨ ਦਾ ਇਕ ਵੱਡਾ ਸਰੋਤ ਬਣੀ ਹੈ। ਜਦਕਿ ਕੁਝ ਖੇਤਰੀ ਦਲ ਜਿਵੇਂ ਕਿ ਡੀ. ਐੱਮ. ਕੇ. (ਦ੍ਰਵਿੜ ਮੁਨੇਤਰ ਕੜਗਮ), ਨੈਸ਼ਨਲ ਕਾਨਫਰੰਸ ਅਤੇ ਸ਼੍ਰੋਮਣੀ ਅਕਾਲੀ ਦਲ ਭਾਰਤ ਦੇ ਸੁਤੰਤਰ ਹੋਣ ਤੋਂ ਪਹਿਲਾਂ ਜਾਂ ਛੇਤੀ ਹੀ ਹੋਂਦ ਵਿੱਚ ਆ ਗਏ ਸਨ ਪਰ ਦੂਸਰੀਆਂ ਪਾਰਟੀਆਂ ਜਿਵੇਂ ਕਿ ਤੇਲਗੂ ਦੇਸਮ, ਅਸਮ ਗਣ ਪ੍ਰੀਸ਼ਦ, ਸਿੱਕਮ ਸੰਗਰਾਮ ਪ੍ਰੀਸ਼ਦ, ਭਾਰਤੀ ਲੋਕ ਦਲ ਆਦਿ ਰਾਜਨੀਤਿਕ ਖੇਤਰ ਵਿੱਚ ਹਾਲੇ ਨਵੇਂ ਹੀ ਹਨ। ਅਸਲ ਵਿੱਚ ਭਾਰਤ ਵਿੱਚ ਲੱਗਭਗ 200 ਛੋਟੇ ਜਾਂ ਵੱਡੇ ਖੇਤਰੀ ਜਾਂ ਸਥਾਨਕ ਪੱਧਰ ਦੇ ਰਾਜਨੀਤਿਕ ਦਲ ਹਨ। 1989 ਦੀਆਂ ਚੋਣਾਂ ਸਮੇਂ 291 ਰਾਜਨੀਤਿਕ ਦਲਾਂ ਨੇ ਭਾਰਤੀ ਚੋਣ ਆਯੋਗ ਕੋਲ ਨਾਮਾਂਕਣ ਲਈ ਪ੍ਰਾਰਥਨਾ ਪੱਤਰ ਭੇਜੇ। ਇਨ੍ਹਾਂ ਵਿੱਚੋਂ ਕੇਵਲ ਅੱਠ ਨੂੰ ਹੀ ਰਾਸ਼ਟਰੀ ਦਲਾਂ ਦੇ ਰੂਪ ਵਿੱਚ ਮਾਨਤਾ ਮਿਲੀ ਅਤੇ ਬਾਕੀ ਸਾਰੇ ਖੇਤਰੀ ਦਲ ਜਾਂ ਸਥਾਨਕ ਦਲ ਸਨ। 1998-2005 ਦੀਆਂ ਚੋਣਾਂ ਸਮੇਂ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ 7 ਰਾਸ਼ਟਰੀ ਦਲਾਂ, 30 ਰਾਜ ਪੱਧਰ ਦੇ ਦਲਾਂ ਅਤੇ ਲੱਗਭਗ 150 ਪੰਜੀਕ੍ਰਿਤ ਦਲਾਂ ਨੇ ਹਿੱਸਾ ਲਿਆ। ਖੇਤਰੀ ਦਲ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ ਅਤੇ ਭਾਰਤੀ ਰਾਜਨੀਤੀ ਦੇ ਸਮਕਾਲੀਨ ਵਿਦਿਆਰਥੀ ਲਈ ਇਨ੍ਹਾਂ ਦੇ ਖੇਤਰੀ ਪ੍ਰੀਪੇਕਸ਼ਨਾਂ ਦਾ ਅਤੇ ਖੇਤਰੀ ਦਲਾਂ ਵੱਲੋਂ ਨਿਭਾਈ ਗਈ ਭੂਮਿਕਾ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਜ਼ਰੂਰੀ ਹੋ ਜਾਂਦਾ ਹੈ।

ਸਾਂਝੀ ਸਰਕਾਰਾਂ ਦੇ ਯੁੱਗ ਦੇ ਸ਼ੁਰੂ ਹੋ ਜਾਣ ਕਾਰਨ ਅੱਜ ਕੇਂਦਰੀ ਪੱਧਰ 'ਤੇ ਰਾਸ਼ਟਰੀ ਰਾਜਨੀਤਿਕ ਦਲ ਖੇਤਰੀ ਅਤੇ ਰਾਜ ਪੱਧਰ ਦੇ ਰਾਜਨੀਤਿਕ ਦਲਾਂ ਨਾਲ ਮਿਲ ਕੇ ਸੱਤਾ ਦਾ ਉਪਭੋਗ ਕਰ ਰਹੇ ਹਨ। 13 ਅਕਤੂਬਰ 1999 ਨੂੰ ਰਾਸ਼ਟਰੀ ਲੋਕਤੰਤਰੀ ਗਠਬੰਧਨ (N.D.A.) ਨੇ ਭਾਰਤ ਵਿੱਚ ਸਰਕਾਰ ਦਾ ਨਿਰਮਾਣ ਕੀਤਾ। ਉਸ ਵਿੱਚ ਬੀ. ਜੇ. ਪੀ ਦੇ ਨਾਲ ਜੋ ਹੋਰ 23 ਰਾਜਨੀਤਿਕ ਦਲਾਂ ਨੇ ਮਿਲ ਕੇ ਸਰਕਾਰ ਦਾ ਗਠਨ ਕੀਤਾ ਉਹ ਲੱਗਭਗ ਸਾਰੇ ਦਲ ਹੀ ਖੇਤਰੀ ਦਲ ਸਨ। ਇਸ ਤਰ੍ਹਾਂ ਮਈ 2004 ਤੋਂ ਸੱਤਾਰੂੜ ਯੂ. ਪੀ. ਏ. ਗਠਬੰਧਨ ਵਿੱਚ ਕਾਂਗਰਸ ਦੇ ਨਾਲ 17 ਖੇਤਰੀ ਜਾਂ ਸਥਾਨਕ ਦਲ ਸੱਤਾ ਦਾ ਉਪਯੋਗ ਕਰ ਰਹੇ ਹਨ। ਰਾਸ਼ਟਰੀ ਪੱਧਰ ਦੇ ਦਲਾਂ ਅਤੇ ਖੇਤਰੀ ਦਲਾਂ ਨਾਲ ਮਿਲ ਕੇ ਗਵਾਹ ਸਰਕਾਰਾਂ ਦਾ ਨਿਰਮਾਣ ਕਰਨਾ ਭਾਰਤੀ ਰਾਜਨੀਤਿਕ ਵਿਵਸਥਾ ਦੀ ਅੱਜ ਇਕ ਮੌਲਿਕ ਵਿਸ਼ੇਸ਼ਤਾ ਹੈ।

**ਖੇਤਰੀ ਦਲ ਕੀ ਹੈ?**(What is Regional Party?) : ਕਈ ਵਿਦਵਾਨ ਇਸ ਪ੍ਰਸ਼ਨ ਦਾ ਉੱਤਰ ਇਸ ਤਰ੍ਹਾਂ ਦਿੰਦੇ ਹਨ ਜਿਵੇਂ ਕਿ ਡਾ. ਕੇ. ਆਰ ਸਵਰੂਪਾਂ ਦੇ ਲਈ ਇਸਤੇਮਾਲ ਕੀਤਾ ਜਾਣ ਵਾਲਾ ਸ਼ਬਦ। ਇਸ ਸ਼ਬਦ ਨਾਲ ਖੇਤਰੀ ਰਾਜਨੀਤਿਕ ਦਲਾਂ ਅਤੇ ਰਾਸ਼ਟਰੀ ਪੱਧਰ ਦੇ ਰਾਜਨੀਤਿਕ ਦਲਾਂ ਵਿੱਚ ਫਰਕ ਕਰਨਾ ਅੱਜ ਇਕ ਮਨਜ਼ੂਰ ਸੰਵਿਧਾਨ ਹੈ ਜਦ ਕਿ ਚੋਣ ਆਯੋਗ ਵੱਲੋਂ ਇਸ ਨੂੰ ਠੀਕ ਕਾਨੂੰਨੀ ਰੂਪ ਦਿੱਤਾ ਗਿਆ ਹੈ ਤਾਂ ਕਿ ਇਹ ਸਭ ਅਸੰਤੋਸ਼ਜਨਕ ਹੈ।" (With considerable looseness as an omnibus designation for all manners of political formation, the generally accepted distinction between 'national' and regional parties, legitimised though it is by the election commission, is rather unsatisfactory.) ਕੋਈ ਦਲ ਰਾਸ਼ਟਰੀ ਹੈ ਜਾਂ ਖੇਤਰੀ, ਇਹ ਨਿਸ਼ਚਿਤ ਕਰਨ ਲਈ ਦੋ ਕਾਰਕਾਂ ਦਾ ਧਿਆਨ ਰੱਖਿਆ ਜਾਂਦਾ ਹੈ: (i) ਉਨ੍ਹਾਂ ਰਾਜਾਂ ਦੀ ਸੰਖਿਆ, ਜਿੱਥੇ ਦਲ ਨੂੰ ਆਮ-ਚੋਣਾਂ ਜਾਂ ਫਿਰ ਚੋਣ ਸਮਰਥਨ ਅਤੇ ਲੋਕਪ੍ਰਿਯਤਾ ਪ੍ਰਾਪਤ ਹੈ ਅਤੇ (ii) ਇਸ ਵੱਲੋਂ ਦੂਸਰੇ ਦਲ ਦੀ ਲੋਕਪ੍ਰਿਯਤਾ ਗ੍ਰਾਫ ਨਾਲ ਜੁੜੀ ਹੋਈ ਹੈ। ਕੁਝ ਵਿਦਵਾਨ ਖੇਤਰੀ ਦਲ ਦੀ ਨਸਲੀ ਜਾਂ ਖੇਤਰੀ ਸੰਸਕ੍ਰਿਤਿਕ ਪਹਿਚਾਣ ਦੇ ਰੂਪ ਵਿੱਚ ਹੀ ਇਸ ਨੂੰ ਪ੍ਰੀਭਾਸ਼ਿਤ ਕਰਨਾ ਚਾਹੁੰਦੇ ਹਨ। ਡੀ. ਐੱਮ. ਕੇ. ਅਤੇ ਏ. ਆਈ. ਏ. ਡੀ. ਐੱਮ. ਕੇ. ਖੇਤਰੀ ਰਾਜਨੀਤਿਕ ਦਲ ਹੈ, ਕਿਉਂਕਿ ਇਹ 'ਤਾਮਿਲ ਸੰਸਕ੍ਰਿਤੀ' ਅਤੇ 'ਤਾਮਿਲ ਰਾਸ਼ਟਰਵਾਦ ਦੀ ਪ੍ਰਤੀਨਿਧਤਾ ਕਰਦੇ ਹਨ। ਸ਼੍ਰੋਮਣੀ ਅਕਾਲੀ ਦਲ ਵੀ ਇਕ ਖੇਤਰੀ ਦਲ ਹੈ। ਇਹ ਇਕ ਪੰਥਕ ਦਲ ਵੀ ਹੈ ਅਤੇ ਇਸ ਨੂੰ ਪੰਜਾਬ ਦੇ ਬਹੁਤ ਸਾਰੇ ਸਿੱਖਾਂ ਅਤੇ ਕੁਝ ਹੱਦ ਤੱਕ ਹਰਿਆਣਾ ਤੇ ਦਿੱਲੀ ਵਿੱਚ ਰਹਿਣ ਵਾਲੇ ਸਿੱਖਾਂ ਦਾ ਸਮਰਥਨ ਪ੍ਰਾਪਤ ਹੈ। ਤੇਲਗੂ ਦੇਸਮ, ਅਸਮ ਗਣ ਪ੍ਰੀਸ਼ਦ, ਸਿੱਕਮ ਸੰਗਰਾਮ ਪ੍ਰੀਸ਼ਦ, ਨੈਸ਼ਨਲ ਕਾਨਫਰੰਸ, ਝਾਰਖੰਡ ਮੁਕਤੀ ਮੋਰਚਾ, ਬੰਗਾਲ ਕਾਂਗਰਸ, ਉੜੀਸਾ ਕਾਂਗਰਸ, ਕੇਰਲ ਕਾਂਗਰਸ, ਭਾਰਤੀ ਰਾਸ਼ਟਰੀ ਲੋਕ ਦਲ, ਮਿਜ਼ੋ ਨੈਸ਼ਨਲ ਫਰੰਟ, ਮਣੀਪੁਰ ਪੀਪਲਜ਼ ਪਾਰਟੀ, ਪੀ. ਐੱਮ. ਕੇ., ਪੀ. ਡੀ. ਪੀ., ਤ੍ਰਿਣਮੂਲ ਕਾਂਗਰਸ ਆਦਿ ਸਾਰੇ ਖੇਤਰੀ ਦਲ ਹਨ। ਭਾਰਤੀ ਪ੍ਰਸੰਗ ਵਿੱਚ ਜਿਵੇਂ ਕਿ ਸਟੇਨਲੇ, ਏ. ਕੌਸ਼ਨਾਕ (Stanley. A. Kochnock) ਦਾ ਵਿਚਾਰ ਹੈ, ਖੇਤਰੀ ਦਲ "ਸ਼ੁਰੂਆਤੀ ਰੂਪ ਵਿੱਚ ਅਸੰਤੁਸ਼ਟੀ ਦੇ ਸਥਾਨਕ ਕਾਰਕਾਂ ਨੂੰ ਲੱਭਣ ਜਾਂ ਭਾਸ਼ਾ, ਜਾਤੀ

ਨੋਟ

ਜਾਂ ਸਮੁਦਾਇ ਜਾਂ ਖੇਤਰ 'ਤੇ ਅਧਾਰਿਤ ਅਲੱਗ-ਅਲੱਗ ਮੌਲਿਕ ਮੰਗਾਂ ਦੀ ਸੁਰੱਖਿਆ ਨਾਲ ਸਬੰਧਿਤ ਹੁੰਦੇ ਹਨ।" (Regional Parties are primarily concerned with exploiting local resources of discontent or preserving a variety of primordial demands based on language, caste or community or region.) ਆਸਾਨ ਸ਼ਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਖੇਤਰੀ ਦਲ ਉਹ ਦਲ ਹੁੰਦੇ ਹਨ ਜੋ ਇਕ ਜਾਂ ਦੋ ਰਾਜਾਂ ਵਿੱਚ ਲੋਕਪ੍ਰਿਯ ਹੋਣ ਅਤੇ ਜਾਂ ਕਿਸੇ ਵਿਸ਼ੇਸ਼ ਖੇਤਰ ਜਾਂ ਸੰਪ੍ਰਦਾਇ ਜਾਂ ਭਾਸ਼ਾਈ ਜਾਂ ਸੰਸਕ੍ਰਿਤਿਕ ਜਾਂ ਧਾਰਮਿਕ ਸਮੂਹ-ਸਮੁਦਾਇ ਦੇ ਹਿੱਤਾਂ ਦੀ ਪ੍ਰਾਪਤੀ ਲਈ ਮੁੱਖ ਰੂਪ ਨਾਲ ਵਚਨਬੱਧ ਹੋਣ।

**ਭਾਰਤ ਵਿੱਚ ਖੇਤਰੀ ਦਲਾਂ ਦੀ ਪੈਦਾਵਾਰ ਦੇ ਕਾਰਨ** (Reasons for the emergence of Regional Parties in India) : ਭਾਰਤ ਵਰਗੇ ਬਹੁਲਵਾਦੀ ਦੇਸ਼ ਵਿੱਚ ਜਿੱਥੇ ਭਾਸ਼ਾਈ, ਧਾਰਮਿਕ, ਨਸਲੀ, ਖੇਤਰੀ ਅਤੇ ਸੰਸਕ੍ਰਿਤਿਕ ਬਹੁਲਤਾਵਾਂ ਮੌਜੂਦ ਹਨ-ਕਈ ਖੇਤਰੀ ਰਾਜਨੀਤਿਕ ਦਲਾਂ ਦੀ ਹੋਂਦ ਇਕ ਪ੍ਰਕਿਰਤਿਕ ਗੱਲ ਹੈ। ਇਹ ਬਹੁਲਵਾਦ ਇੰਨਾ ਪ੍ਰਬਲ ਹੈ ਕਿ ਪਾਨੀਕਰ (Panikar) ਵਰਗੇ ਭਾਰਤੀ ਵਿਦਵਾਨ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ "ਕੋਈ ਵੀ ਭਾਰਤ ਨੂੰ ਵਿਸ਼ਾਲ ਖੇਤਰਾਂ ਵਿੱਚ ਵੰਡੇ ਬਿਨਾਂ ਇਸ ਦੀ ਪੂਰੀ ਹੋਂਦ ਸਬੰਧੀ ਸੋਚ ਨਹੀਂ ਸਕਦਾ।" (No one can conceive of India except in terms of the great regions) ਰਸ਼ੀਦੂ ਦੀਨ ਖਾਨ (Rasheeduddin khan) ਕਹਿੰਦੇ ਹਨ ਕਿ ਭਾਰਤ "ਖੇਤਰਾਂ ਅਤੇ ਉਪ-ਖੇਤਰਾਂ ਦਾ ਸੰਘ ਹੈ।" ਇਸ ਲਈ ਖੇਤਰੀ ਰਾਜਨੀਤਿਕ ਦਲਾਂ ਦਾ ਵਿਕਾਸ ਹੋਣਾ ਅਤੇ ਭਾਰਤ ਵਰਗੇ ਵਿਸ਼ਾਲ ਤੇ ਬਹੁਲਤਾ ਨਾਲ ਭਰੇ ਦੇਸ਼ ਵਿੱਚ ਇਨ੍ਹਾਂ ਦਾ ਅੱਗੇ ਆਉਣਾ ਪ੍ਰਕਿਰਤਿਕ ਗੱਲ ਹੈ। "ਤਾਮਿਲਨਾਡੂ, ਆਂਧਰਾ ਪ੍ਰਦੇਸ਼, ਅਸਮ, ਬੰਗਾਲ, ਮਹਾਰਾਸ਼ਟਰ, ਹਰਿਆਣਾ ਅਤੇ ਪੰਜਾਬ-ਇਹ ਇਕ ਸੰਯੁਕਤ ਭੂਮੀ ਟੁੱਕੜੇ ਅਤੇ ਪ੍ਰਦੇਸ਼ਿਕ ਖੰਡ ਹੀ ਨਹੀਂ ਹਨ ਅਤੇ ਨਾ ਹੀ ਇਹ ਇਕ ਰਾਜਨੀਤਿਕ ਸਮੂਹ ਦੀਆਂ ਪ੍ਰਸ਼ਾਸਨਿਕ ਇਕਾਈਆਂ ਹਨ। ਇਤਿਹਾਸ, ਭਾਸ਼ਾ, ਸੰਸਕ੍ਰਿਤਿਕ ਅਤੇ ਅਰਥ ਵਿਵਸਥਾ ਦੇ ਮਿਸ਼ਰਤ ਕਾਇਆ-ਕਲਪ ਨੇ ਇਨ੍ਹਾਂ ਖੇਤਰਾਂ ਨੂੰ ਵਿਲੱਖਣ ਪਹਿਚਾਣ ਦਿੱਤੀ ਹੈ ਅਤੇ ਇਹ ਸਾਰੇ ਦਲ ਇਕ ਵਿਲੱਖਣ ਨਸਲੀ ਰਾਸ਼ਟਰੀ ਸੰਪ੍ਰਦਾਇ ਲਈ ਨਿਵਾਸ-ਗ੍ਰਹਿ ਬਣ ਗਈ ਹੈ।" (Tamilnadu, Andhra Pradesh, Assma, Bengal, Maharashtra and Punjab–these are no more teritorial fragments of an undifferentiated land mass or just administrative units of a political behemoth. The combined alchemy of history, language, culture and economy has given a unique identity to each of these regions and each of them has become the home of a distinct ethno-national community.)

ਇਨ੍ਹਾਂ ਨਾਲ 1947 ਤੋਂ ਬਾਅਦ ਅਲੱਗ-ਅਲੱਗ ਰਾਜਨੀਤਿਕ ਵਿਧਾਨਕ ਵਿਕਾਸਾਂ, ਜਿਵੇਂ ਕਿ ਭਾਸ਼ਾ ਦੇ ਅਧਾਰ 'ਤੇ ਰਾਜਾਂ ਦਾ ਪੁਨਰਗਠਨ, ਕਈ ਰਾਜਨੀਤਿਕ ਵਿੱਚ ਵੰਡ ਪੈ ਜਾਣਾ, ਕੁਝ ਪ੍ਰਸ਼ਾਸਨਿਕ ਨੀਤੀਆਂ ਆਦਿ ਵਿੱਚ ਵੀ ਖੇਤਰੀ ਰਾਜਨੀਤਿਕ ਦਲਾਂ ਦੇ ਹੋਂਦ ਵਿੱਚ ਆਉਣ ਦੀ ਪ੍ਰਕਿਰਿਆ ਵਿੱਚ ਸਹਾਇਤਾ ਕੀਤੀ ਹੈ। ਕਈ ਇਕ ਖੇਤਰੀ ਦਲ ਕਾਂਗਰਸ ਦੀ ਵੰਡ ਤੋਂ ਪੈਦਾ ਹੋਏ ਦਲ ਹਨ, ਜਿਵੇਂ ਐੱਨ. ਸੀ. ਪੀ., ਐੱਚ. ਵੀ. ਪੀ. ਆਦਿ।

ਹੇਠ ਲਿਖੇ ਮੁੱਖ ਕਾਰਨਾਂ-ਕਾਰਕਾਂ ਨੇ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਖੇਤੀ ਰਾਜਨੀਤਿਕ ਦਲਾਂ ਦੇ ਹੋਂਦ ਵਿੱਚ ਆਉਣ ਦਾ ਮਾਰਗ-ਦਰਸ਼ਨ ਕੀਤਾ:

1. **ਦੇਸ਼ ਦੀ ਸੰਸਕ੍ਰਿਤਿਕ ਬਹੁਲਤਾ** (Cultural Pluralism of the Country)–ਭਾਰਤੀ ਸਮਾਜ ਵਿੱਚ ਕਈ ਸੰਸਕ੍ਰਿਤਿਕ-ਨਸਲੀ-ਧਾਰਮਿਕ ਭਾਸ਼ਾਈ ਜਾਤੀ ਸਮੂਹ ਦੀ ਹੋਂਦ ਨੇ ਡੀ. ਐੱਮ. ਕੇ., ਜੇ. ਐੱਮ. ਐੱਮ., ਐੱਮ. ਐੱਨ. ਐੱਫ. ਅਤੇ ਜੀ. ਐੱਨ. ਐੱਲ. ਐੱਫ. ਆਦਿ ਵਰਗੇ ਖੇਤਰੀ ਰਾਜਨੀਤਿਕ ਦਲਾਂ ਦੀ ਪੈਦਾਵਾਰ ਦੀ ਪ੍ਰਕਿਰਿਆ ਵਿੱਚ ਬਹੁਤ ਸਹਾਇਤਾ ਕੀਤੀ ਹੈ।

2. **ਧਾਰਮਿਕ ਤੱਤ** (Regional Factor)– ਭਾਰਤ ਵਿੱਚ ਕਈ ਧਰਮਾਂ ਦੀ ਹੋਂਦ ਨੇ ਵੀ ਅਕਾਲੀ ਦਲ, ਮੁਸਲਿਮ ਲੀਗ, ਹਿੰਦੂ ਮਹਾਸਭਾ ਆਦਿ ਵਰਗੇ ਧਰਮ 'ਤੇ ਅਧਾਰਿਤ ਦਲਾਂ ਦੀ ਪੈਦਾਵਾਰ ਵਿੱਚ ਸਹਾਇਤਾ ਕੀਤੀ ਹੈ।

3. **ਖੇਤਰੀ ਅਸੰਤੁਲਨ** (Regional Imbalances)– 1977 ਤੋਂ ਬਾਅਦ ਭਾਰਤ ਵਿੱਚ ਪੈਦਾ ਹੋਏ ਖੇਤਰੀ ਆਰਥਿਕ ਅਸੰਤੁਲਨਾਂ ਨੇ ਵੀ ਖੇਤਰੀ ਦਲਾਂ ਦੇ ਹੋਂਦ ਵਿੱਚ ਆਉਣ 'ਚ ਸਹਾਇਤਾ ਕੀਤੀ ਹੈ। ਦੇਸ਼ ਦੇ ਕੁਝ ਖੇਤਰਾਂ ਵਿੱਚ ਆਰਥਿਕ ਵਿਕਾਸ ਦਾ ਪੱਧਰ ਕਾਫੀ ਉੱਚਾ ਰਿਹਾ ਹੈ, ਜਦ ਕਿ ਦੂਸਰੇ ਖੇਤਰ ਆਰਥਿਕ ਵਿਕਾਸ ਵਿੱਚ ਬਹੁਤ ਪੱਛੜੇ ਰਹੇ ਹਨ। ਸਥਾਨਕ ਨੇਤਾ ਵਿਸ਼ੇਸ਼ ਤੌਰ 'ਤੇ ਉਹ ਜੋ ਆਰਥਿਕ ਰੂਪ ਵਿੱਚ ਪੱਛੜੇ ਜਾਂ ਘੱਟ ਵਿਕਸਿਤ ਖੇਤਰਾਂ ਨਾਲ ਸਬੰਧ ਰੱਖਦੇ ਹਨ, ਖੇਤਰੀ ਹਿੱਤਾਂ ਦੀ ਪ੍ਰਤੀਨਿਧਤਾ ਲਈ ਅਤੇ ਰਾਸ਼ਟਰੀ ਨੇਤਾਵਾਂ ਦੇ ਰੂਪ ਵਿੱਚ ਸ਼ਕਤੀ ਪ੍ਰਾਪਤ ਕਰਕੇ ਆਪਣੀ ਸਥਿਤੀ ਦ੍ਰਿੜ ਬਣਾਉਣ ਲਈ 'ਸਥਾਨਕ ਭਾਵਨਾਵਾਂ' ਨਾਲ ਖਿਲਵਾੜ ਕਰਦੇ ਹਨ ਅਤੇ ਖੇਤਰੀ ਦਲ ਬਣਾ ਲੈਂਦੇ ਹਨ। ਅਸਮ ਵਿੱਚ ਅਸਮ ਗਣ ਪ੍ਰੀਸ਼ਦ ਵੀ ਇਸ ਕਾਰਨ ਹੀ ਹੋਂਦ ਵਿੱਚ ਆਇਆ ਸੀ। ਬਿਹਾਰ ਵਿੱਚ ਆਰ. ਜੇ. ਡੀ. ਲੋਕ ਜਨ ਸ਼ਕਤੀ ਪਾਰਟੀ ਆਦਿ ਵੀ ਇਸ ਕਾਰਨ ਹੋਂਦ ਵਿੱਚ ਹੈ।

4. **ਕੇਂਦਰਵਾਦ ਦੀ ਵਿਰੋਧਤਾ** (Opposition to Centralism)– ਭਾਰਤੀ ਰਾਜਨੀਤਿਕ ਪ੍ਰਣਾਲੀ ਇਕ ਏਕਾਤਮਕ ਭਾਵਨਾ ਵਾਲੀ ਸੰਘਵਾਦੀ ਪ੍ਰਣਾਲੀ ਹੈ। ਭਾਰਤੀ ਸੰਘਵਾਦ ਵਿੱਚ ਕੇਂਦਰ ਅਤੇ ਸੰਘ ਨੂੰ ਵਧੇਰੇ ਮਹੱਤਵਪੂਰਨ ਭੂਮਿਕਾ ਪ੍ਰਾਪਤ ਹੈ। ਏਕਾਤਮਕਵਾਦ

ਦੀ ਭਾਵਨਾ ਵਿਰੁੱਧ ਪ੍ਰਕਿਰਿਆ ਵਿਰੁੱਧ ਪ੍ਰਕਿਰਿਆ ਨੇ ਵੀ ਭਾਰਤ ਵਿੱਚ ਕਈ ਖੇਤਰੀ ਦਲਾਂ ਨੂੰ ਨਾ ਕੇਵਲ ਹੋਂਦ ਵਿੱਚ ਲਿਆਉਂਦਾ ਹੈ, ਬਲਕਿ ਇਨ੍ਹਾਂ ਨੂੰ ਲੋਕਪ੍ਰਿਯਤਾ ਵੀ ਪ੍ਰਦਾਨ ਕੀਤੀ ਹੈ। ਡੀ. ਐੱਮ. ਕੇ., ਤੇਲਗੂ ਦੇਸਮ, ਅਕਾਲੀ ਦਲ ਆਦਿ ਖੇਤਰੀ ਦਲ ਸਮਰਥਨ ਪ੍ਰਾਪਤ ਕਰਨ ਲਈ ਕੇਂਦਰ ਦੀ ਵਿਰੋਧਤਾ ਦੇ ਸਿਧਾਂਤ ਨੂੰ ਇਸਤੇਮਾਲ ਕਰਦੇ ਰਹੇ ਹਨ ਪਰ ਜੂਨ 1996 ਤੋਂ ਬਾਅਦ ਉਨ੍ਹਾਂ ਦੇ ਵਿਚਾਰਾਂ ਵਿੱਚ ਪਰਿਵਰਤਨ ਆਉਣ ਲੱਗ ਗਿਆ ਹੈ। ਹੁਣ ਉਹ ਰਾਜਾਂ ਲਈ ਵਧੇਰੇ ਸਵਾਯਤਤਾ ਤਾਂ ਚਾਹੁੰਦੇ ਹੀ ਹਨ ਪਰ ਇਸ ਦੇ ਨਾਲ-ਨਾਲ ਹੁਣ ਕੇਂਦਰ ਵਿਰੋਧੀ ਪ੍ਰਵਿਰਤੀ ਨੂੰ ਛੱਡ ਰਹੇ ਹਨ। ਅੱਜ ਡੀ. ਐੱਮ. ਕੇ., ਸ਼੍ਰੋਮਣੀ ਅਕਾਲੀ ਦਲ, ਜਨਤਾ ਦਲ (ਯੂ), ਨੈਸ਼ਨਲ ਕਾਨਫਰੰਸ, ਤ੍ਰਿਣਮੂਲ ਕਾਂਗਰਸ ਆਦਿ ਦਲ ਬੀ. ਜੇ. ਪੀ. ਦੀ ਅਗਵਾਈ ਵਾਲੇ ਗਠਬੰਧਨ ਵਿੱਚ ਸ਼ਾਮਿਲ ਹਨ ਅਤੇ ਕੇਂਦਰ ਵਿੱਚ ਸੱਤਾ ਦਾ ਉਪਭੋਗ ਕਰ ਰਹੇ ਹਨ ਜਾਂ ਫਿਰ ਵਿਰੋਧੀ ਧਿਰ ਦੀ ਤਰ੍ਹਾਂ ਕੰਮ ਕਰ ਰਹੇ ਹਨ। ਇਸ ਨਵੇਂ ਪਰਿਵਰਤਨ ਨੇ ਖੇਤਰੀ ਦਲਾਂ ਦੀ ਸੋਚ ਵਿੱਚ ਕੁਝ ਪਰਿਵਰਤਨ ਕੀਤਾ ਹੈ ਜੋ ਕਿ ਭਾਰਤੀ ਸੰਘਵਾਦ ਲਈ ਚੰਗਾ ਮਹਿਸੂਸ ਹੁੰਦਾ ਹੈ।

5. **ਰਾਜਨੀਤਿਕ ਵੰਡ** (Political Splits)- ਕਈ ਰਾਸ਼ਟਰੀ ਰਾਜਨੀਤਿਕ ਦਲਾਂ ਦੇ ਅਲੱਗ-ਅਲੱਗ ਮਤਭੇਦੀ ਸਥਾਨਕ ਗੁੱਟਾਂ ਵਿੱਚ ਫੁੱਟ ਪੈਣ ਕਾਰਨ ਵੀ ਕੁਝ ਖੇਤਰੀ ਰਾਜਨੀਤਿਕ ਦਲਾਂ ਦਾ ਜਨਮ ਹੋਇਆ ਹੈ। ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਕੇਰਲ ਕਾਂਗਰਸ, ਬੰਗਾਲ ਕਾਂਗਰਸ, ਉੜੀਸਾ ਕਾਂਗਰਸ, ਫਾਰਵਰਡ ਬਲਾਕ, ਤਾਮਿਲ ਮਨੀਲਾ ਕਾਂਗਰਸ, ਏ. ਆਈ. ਏ., ਡੀ. ਐੱਮ. ਕੇ., ਤ੍ਰਿਣਮੂਲ ਕਾਂਗਰਸ, ਬੀਜੂ ਜਨਤਾ ਦਲ, ਜਨਤਾ ਦਲ (ਯੂ), ਰਾਸ਼ਟਰੀ ਕਾਂਗਰਸ ਪਾਰਟੀ (NCP) ਆਦਿ ਦਾ ਖੇਤਰੀ ਦਲਾਂ ਦੇ ਰੂਪ ਵਿੱਚ ਜਨਮ ਇਸੇ ਕਾਰਨ ਹੀ ਹੋਇਆ ਹੈ।

6. **ਵਿਅਕਤੀਤਵ ਪੂਜਨੀਕ ਰਾਜਨੀਤੀ** (Personality Cult Politics)- ਭਾਰਤ ਵਿੱਚ ਖੇਤਰੀ ਰਾਜਨੀਤਿਕ ਦਲਾਂ ਦੀ ਹੋਂਦ ਪਿੱਛੇ ਇਕ ਹੋਰ ਕਾਰਨ ਇਹ ਹੈ ਕਿ ਇੱਥੇ ਵਿਅਕਤੀਤਵ ਪ੍ਰਧਾਨ ਜਾਂ ਨੇਤਾ ਪੂਜਨੀਕ ਰਾਜਨੇਤਾ ਦਾ ਬੋਲਬਾਲਾ ਰਿਹਾ ਹੈ। ਇਕ ਨੇਤਾ ਵੱਲੋਂ ਆਪਣੇ ਵਿਅਕਤੀ ਸਬੰਧਾਂ ਕਾਰਨ ਕਾਰਜਕਰਤਾਵਾਂ ਦੇ ਇਕ ਗੁੱਟ ਕੋਲੋਂ ਸਮਰਥਨ ਲੈਣ ਲਈ ਕੀਤਾ ਗਿਆ ਆਕਲਨ ਉਸ ਨੂੰ ਵਿਅਕਤੀ ਸ਼ਕਤੀ ਦਰਸਾਉਣ ਦੇ ਸਾਧਨ ਦੇ ਰੂਪ ਵਿੱਚ ਖੇਤਰੀ ਸਥਾਨਕ ਦਲ ਦੀ ਰਚਨਾ ਲਈ ਉਤਸ਼ਾਹਿਤ ਕਰਦਾ ਹੈ। ਬੰਸੀ ਲਾਲ, ਦੇਵੀ ਲਾਲ ਦਲ, ਕਾਂਗਰਸ (ਜੇ), ਕਾਂਗਰਸ (ਐੱਸ.), ਬੀ. ਕੇ. ਯੂ. ਟੀ. ਡੀ. ਪੀ. (ਐੱਨ. ਟੀ. ਆਰ.) ਆਦਿ ਇਸ ਦੇ ਕਾਰਨ ਹੀ ਹੋਂਦ ਵਿੱਚ ਆਏ।

7. **ਜਾਤੀ 'ਤੇ ਅਧਾਰਿਤ ਖੇਤਰੀ ਦਲ** (Caste Based Regional Parties)- ਜਾਤੀ ਭਾਰਤੀ ਰਾਜਨੀਤੀ ਦਾ ਮੁੱਖ ਤੱਤ ਰਹੀ ਹੈ ਅਤੇ ਇਹ ਕਈ ਖੇਤਰੀ/ਸਥਾਨਕ/ਖੰਡ ਦਲਾਂ ਦੀ ਹੋਂਦ ਲਈ ਜ਼ਿੰਮੇਵਾਰ ਰਹੀ ਹੈ। ਡੀ. ਐੱਮ. ਕੇ., ਬ੍ਰਾਹਮਣ ਵਿਰੋਧੀ ਦਲ ਦੇ ਰੂਪ ਵਿੱਚ ਹੋਂਦ 'ਚ ਆਇਆ। ਰਿਪਬਲਿਕਨ ਦਲ ਆਫ ਇੰਡੀਆ, ਬਹੁਜਨ ਸਮਾਜ ਦਲ ਆਦਿ ਜਾਤੀ ਦੇ ਤੱਤ ਨਾਲ ਪ੍ਰਭਾਵਿਤ ਖੇਤਰੀ ਦਲ ਹਨ।

8. **ਠੋਸ ਸਿਧਾਂਤਕ ਵਚਨਬੱਧਤਾ ਦੀ ਕਮੀ** (Lack of strong ideological commitment)- ਭਾਰਤ ਦੇ ਰਾਸ਼ਟਰੀ ਪੱਧਰ ਦੇ ਰਾਜਨੀਤਿਕ ਦਲ ਅਲੱਗ-ਅਲੱਗ ਰਾਜਨੀਤਿਕ ਦਲਾਂ ਦੇ ਰੂਪ ਵਿੱਚ ਕੰਮ ਕਰਦੇ ਹਨ ਪਰ ਉਨ੍ਹਾਂ ਦੀ ਸਿਧਾਂਤਕ ਵਚਨਬੱਧਤਾ ਇੱਕੋ ਜਿਹੀ ਹੈ। ਅਲੱਗ-ਅਲੱਗ ਰਾਸ਼ਟਰੀ ਦਲਾਂ ਵਿੱਚ ਦੱਖਣ ਪੰਥੀਆਂ ਅਤੇ ਵਾਮਪੰਥੀਆਂ ਦੀ ਮੌਜੂਦਗੀ ਵੀ ਕਈ ਵਾਰ ਖੇਤਰੀ ਦਲਾਂ ਦੇ ਹੋਂਦ ਵਿੱਚ ਆਉਣ ਦਾ ਕਾਰਨ ਬਣਦੀ ਹੈ। ਇਸ ਤੋਂ ਇਲਾਵਾ ਕਈ ਰਾਸ਼ਟਰੀ ਪੱਧਰ ਦੇ ਰਾਜਨੀਤਿਕ ਦਲ ਵੀ ਖੇਤਰੀ ਦਲਾਂ ਦੇ ਬਰਾਬਰ ਹੀ ਕੰਮ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਕੇਵਲ ਕੁਝ ਰਾਜਾਂ, ਸ਼ਾਇਦ ਇਕ ਜਾਂ ਦੋ ਵਿੱਚ ਹੀ ਅਸਲੀ ਸਮਰਥਨ ਅਤੇ ਲੋਕਪ੍ਰਿਯਤਾ ਪ੍ਰਾਪਤ ਹੁੰਦੀ ਹੈ। ਉਦਾਹਰਣ ਦੇ ਤੌਰ 'ਤੇ ਸੀ. ਪੀ. ਐੱਮ. ਇਕ ਰਾਸ਼ਟਰੀ ਦਲ ਹੈ ਪਰ ਇਸ ਦੀ ਲੋਕਪ੍ਰਿਯਤਾ ਅਤੇ ਇਸ ਦੀ ਪ੍ਰੀਚਾਲਕਤਾ ਕੇਵਲ ਪੱਛਮੀ ਬੰਗਾਲ, ਤ੍ਰਿਪੁਰਾ ਅਤੇ ਕੇਰਲ ਰਾਜਾਂ ਤੱਕ ਹੀ ਸੀਮਿਤ ਹੈ। ਜਨਤਾ ਦਲ ਬਹੁਜਨ ਸਮਾਜ ਪਾਰਟੀ ਨੂੰ ਵੀ ਅੱਜ ਕੇਵਲ ਕੁਝ ਹੀ ਰਾਜਾਂ ਵਿੱਚ ਸਮਰਥਨ ਪ੍ਰਾਪਤ ਹੈ। ਅਲੱਗ-ਅਲੱਗ ਰਾਜਾਂ ਜਾਂ ਖੇਤਰਾਂ ਵਿੱਚ ਵੱਖ-ਵੱਖ ਖੇਤਰੀ ਜਾਂ ਰਾਜ ਦਲਾਂ ਦੀ ਮਾਨਤਾ ਦਾ ਅਧਾਰ ਸਿਧਾਂਤਕ ਮਤਭੇਦਾਂ ਦੀ ਜਗ੍ਹਾ 'ਤੇ ਅਤੇ ਸਥਾਨਕ ਹਿੱਤਾਂ ਵਿੱਚ ਮਤਭੇਦ ਹੀ ਹਨ। ਸਹੀ ਅਰਥਾਂ ਵਿੱਚ ਹੁਣ ਬੀ. ਜੇ. ਪੀ. ਅਤੇ ਕਾਂਗਰਸ ਨੂੰ ਛੱਡ ਕੇ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਮੌਜੂਦ ਸਾਰੇ ਦਲ ਖੇਤਰੀ ਰਾਜ ਪੱਧਰ ਦੇ ਦਲ ਹੀ ਬਣੇ ਹੋਏ ਹਨ।

9. **ਭਾਰਤੀ ਰਾਜਨੀਤਿਕ ਪ੍ਰਣਾਲੀ ਦੀ ਵਿਕਾਸਸ਼ੀਲ ਪ੍ਰਕਿਰਤੀ** (Developing nature of indian political system)- ਭਾਰਤੀ ਰਾਜਨੀਤਿਕ ਪ੍ਰਣਾਲੀ ਵਿਕਾਸਸ਼ੀਲ ਅਤੇ ਗਤੀਸ਼ੀਲ ਪ੍ਰਣਾਲੀ ਹੈ। ਇਸ ਵਿੱਚ ਲਗਾਤਾਰ ਮਹੱਤਵਪੂਰਨ ਰਾਜਨੀਤਿਕ ਅਤੇ ਸੰਵਿਧਾਨ ਪਰਿਵਰਤਨ ਆ ਰਹੇ ਹਨ। ਇਸ ਦੀ ਦਲ ਪ੍ਰਣਾਲੀ ਵੀ ਸਮਾਜਿਕ, ਆਰਥਿਕ ਵਾਤਾਵਰਨ ਅਨੁਸਾਰ ਹੀ ਬਦਲ ਰਹੀ ਹੈ। ਕਈ ਰਾਸ਼ਟਰੀ ਰਾਜਨੀਤਿਕ ਦਲ ਆਪਣੀ ਸ਼ਕਤੀਸ਼ਾਲੀ ਸਥਿਤੀ ਤੋਂ ਗਿਰਾਵਟ ਵੱਲ ਆ ਰਹੇ ਹਨ ਅਤੇ ਠੀਕ ਇਸ ਦੇ ਉਲਟ ਵੀ ਹੋ ਰਿਹਾ ਹੈ। ਕਾਂਗਰਸ ਜੋ ਪੁਰਾਣੇ ਸਮੇਂ ਵਿੱਚ ਭਾਰਤੀ ਰਾਜਨੀਤੀ 'ਤੇ ਹਾਵੀ ਰਹੀ ਸੀ, ਵਿੱਚ 1967-96 ਦੌਰਾਨ ਭਾਰੀ ਗਿਰਾਵਟ ਆਈ ਅਤੇ ਇਸ ਵਿੱਚ ਕਈ ਵਾਰ ਵੰਡ ਹੋਈ। ਇਹ ਵੰਡ ਭਾਰਤ ਵਿੱਚ ਕਈ ਛੋਟੇ ਰਾਜਨੀਤਿਕ ਦਲਾਂ ਦੇ ਹੋਂਦ ਵਿੱਚ ਆਉਣ ਦਾ ਕਾਰਨ ਬਣੇ। ਕਾਂਗਰਸ ਤੋਂ ਅਲੱਗ ਹੋਏ ਰਾਜਨੀਤਿਕ ਗੁੱਟ ਬਹੁਤ ਵਾਰ ਖੇਤਰੀ ਦਲ ਦੇ ਰੂਪ ਵਿੱਚ ਹੀ ਕੰਮ ਕਰਨ ਦੇ ਯੋਗ ਹੋਏ। ਅੱਜ ਐੱਨ. ਸੀ. ਪੀ. ਇਕ ਖੇਤਰੀ ਦਲ ਦੇ ਸਵਰੂਪ ਦਾ ਰਾਸ਼ਟਰੀ ਦਲ ਹੈ। ਇਨ੍ਹਾਂ ਵਿੱਚੋਂ ਕੁਝ ਭਾਰਤੀ ਰਾਜਨੀਤੀ ਦੇ ਖੇਤਰੀ ਦਲ ਬਣ ਗਏ ਹਨ।

ਉਪਯੁਕਤ ਸਾਰੇ ਕਾਰਕ ਹੀ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਖੇਤਰੀ ਰਾਜਨੀਤਿਕ ਦਲਾਂ ਦੇ ਹੋਂਦ ਵਿੱਚ ਆਉਣ ਲਈ ਜ਼ਿੰਮੇਵਾਰ ਰਹੇ ਹਨ। ਭਾਰਤੀ ਰਾਜਨੀਤੀ ਵਿੱਚ ਖੇਤਰੀ ਦਲਾਂ ਦੀ ਭੂਮਿਕਾ 'ਤੇ ਟਿੱਪਣੀ ਕਰਦੇ ਹੋਏ ਡਾ. ਕੇ. ਆਰ. ਬਾਮਬਾਲ (Dr. K. R. Bombwall) ਕਹਿੰਦੇ ਹਨ ਕਿ ਇਨ੍ਹਾਂ ਵਿੱਚ, "ਰਾਜਨੀਤਿਕ ਸ਼ਕਤੀਆਂ ਦੀ ਪੁਨਰ ਗੁੱਟਬੰਦੀ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਰਾਜਨੀਤੀ ਦੇ ਢਾਂਚੇ ਅਤੇ ਪ੍ਰਕਿਰਿਆ 'ਤੇ ਇਸ ਦਾ ਪ੍ਰਭਾਵ ਵਧੇਰੇ ਦਿਸ਼ਾਈ ਅਤੇ ਦੂਰਦਰਸ਼ੀ ਰਿਹਾ ਹੈ।" (These have catalysed a realignment of political forces and their impact on the structure and process of politics has been multi-directional and far-reaching) ਡਾ. ਬਾਮਬਾਲ ਨੇ ਭਾਰਤੀ ਰਾਜਨੀਤੀ ਵਿੱਚ ਵੱਧ ਰਹੇ ਖੇਤਰਵਾਦ ਦੇ ਕਈ ਵਿਸ਼ੇਸ਼ ਪ੍ਰਕਾਰਾਂ ਨੂੰ ਵੀ ਪਹਿਚਾਣਿਆ। ਪਹਿਲੀ ਗੱਲ ਤਾਂ ਇਹ ਹੈ ਕਿ ਖੇਤਰੀ ਦਲਾਂ ਨੇ ਭਾਰਤ ਦੀ 'ਇਕ ਦਲ ਪ੍ਰਧਾਨ ਪ੍ਰਣਾਲੀ' ਜਾਂ 'ਇਕ ਦਲ ਪਲੱਸ' ਪ੍ਰਣਾਲੀ ਨੂੰ ਸਭ ਤੋਂ ਵੱਡੀ ਚੁਣੌਤੀ ਦਿੱਤੀ ਹੈ। ਦੂਸਰੇ ਖੇਤਰੀ ਦਲਾਂ ਨੇ ਕੇਂਦਰ ਰਾਜ ਸਬੰਧਾਂ ਦੀ ਪ੍ਰਕਿਰਤੀ ਅਤੇ ਵਿਕਾਸ 'ਤੇ ਗਹਿਰਾ ਪ੍ਰਭਾਵ ਪਾਇਆ ਹੈ। ਭਾਰਤ ਵਿੱਚ ਕੇਂਦਰ ਰਾਜ ਸਬੰਧਾਂ 'ਚ ਅਲੱਗ-ਅਲੱਗ ਤਣਾਅ ਵਾਲੇ ਖੇਤਰਾਂ ਦੀ ਹੋਂਦ ਅਤੇ ਰਾਜਾਂ ਨੂੰ ਵਧੇਰੇ ਸਵਾਯਤਤਾ ਦੇਣ ਦੀ ਮੰਗ ਦੀ ਗਤੀ ਮੁੱਖ ਰੂਪ ਵਿੱਚ ਡੀ. ਐੱਮ. ਕੇ.,ਏ. ਆਈ. ਏ. ਡੀ. ਐੱਮ. ਕੇ., ਤੇਲਗੂ ਦੇਸਮ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੇ ਸਰਗਰਮ ਅਤੇ ਸ਼ਕਤੀਸ਼ਾਲੀ ਖੇਤਰੀ ਦਲਾਂ ਦੇ ਹੋਂਦ ਵਿੱਚ ਆਉਣ ਕਾਰਨ ਹੀ ਪੈਦਾ ਹੋਈ ਹੈ। 'ਪ੍ਰਦੇਸ਼ਿਕ ਅਗਵਾਈ' ਆਪਣੇ ਵਿਵਹਾਰ ਵਿੱਚ ਕੇਂਦਰੀ ਅਗਵਾਈ ਤੋਂ ਜ਼ਿਆਦਾ ਤੋਂ ਜ਼ਿਆਦਾ ਵਾਰਤਾਲਾਪ ਲਈ ਯਤਨਸ਼ੀਲ ਹੈ ਅਤੇ ਕੇਂਦਰ ਖੇਤਰੀ ਨੇਤਾਵਾਂ ਦੀਆਂ ਜ਼ਰੂਰਤਾਂ ਅਤੇ ਮੰਗਾਂ ਪ੍ਰਤੀ ਵਧੇਰੇ ਜ਼ਿੰਮੇਵਾਰ ਹੋ ਰਿਹਾ ਹੈ। ਉਦਾਰਵਾਦੀ ਲੋਕਤੰਤਰੀ ਢਾਂਚੇ ਅੰਦਰ ਖੇਤਰੀ ਦਲ ਨੇ ਰਾਜਨੀਤੀ ਨੂੰ ਵਧੇਰੇ ਪ੍ਰਤੀਯੋਗਤਾ ਵਾਲੀ ਰਾਜਨੀਤੀ ਬਣਾ ਦਿੱਤਾ ਹੈ ਅਤੇ ਹੇਠਲੇ ਪੱਧਰ 'ਤੇ ਰਾਜਨੀਤਿਕ ਪ੍ਰਕਿਰਿਆ ਵਿੱਚ ਸਧਾਰਣ ਰੂਪ ਵਿੱਚ ਹਿੱਸੇਦਾਰੀ ਨੂੰ ਵਧਾਇਆ ਹੈ।" ਕਈ ਇਕ ਖੇਤਰੀ ਦਲ ਅੱਜ ਸੱਤਾ ਵਿੱਚ ਹੈ, ਜਿਵੇਂ ਬੀ. ਜੇ. ਡੀ. ਉੜੀਸਾ ਵਿੱਚ, ਪੀ. ਡੀ. ਪੀ. ਜੰਮੂ-ਕਸ਼ਮੀਰ ਵਿੱਚ ਆਦਿ। ਵਿਸ਼ੇਸ਼ ਰੂਪ ਵਿੱਚ ਇਹ ਉਦਾਹਰਣ ਅਤੇ ਭਾਰਤ ਸੰਘ ਦੇ ਵੱਖ-ਵੱਖ ਰਾਜਾਂ ਵਿੱਚ ਸਰਕਾਰ ਬਣਾਉਣ ਵਿੱਚ ਖੇਤਰੀ ਦਲਾਂ ਦੀ ਵੱਧਦੀ ਭੂਮਿਕਾ, ਭਾਰਤੀ ਰਾਜਨੀਤੀ ਵਿੱਚ ਖੇਤਰੀ ਦਲਾਂ ਦੀ ਹਰੇਕ ਸਮੇਂ ਵੱਧਦੀ ਮਹੱਤਤਾ ਨੂੰ ਦਰਸਾਉਂਦੀਆਂ ਹਨ। ਸਾਂਝੀ ਸਰਕਾਰਾਂ ਦੇ ਯੁੱਗ ਦੇ ਆਗਮਨ ਤੋਂ ਬਾਅਦ ਤਾਂ ਕੇਂਦਰ ਵਿੱਚ ਵੀ ਬਹੁਤ ਸਾਰੇ ਖੇਤਰੀ ਦਲ ਜਾਂ ਤਾਂ ਸੱਤਾਰੂੜ ਗਠਬੰਧਨ ਦੇ ਹਿੱਸੇਦਾਰ ਬਣ ਰਹੇ ਹਨ ਜਾਂ ਫਿਰ ਕੁਝ ਖੇਤਰੀ ਦਲ ਨੇ ਵੀ ਕੇਂਦਰੀ ਸਰਕਾਰ ਨੂੰ ਬਾਹਰੋਂ ਸਮਰਥਨ ਦੇਣ (ਜਿਵੇਂ 1999-ਮਈ 2004 ਦੌਰਾਨ TDP ਨੇ NDA ਨੂੰ) ਦੀ ਨੀਤੀ ਅਪਣਾਈ ਜਾਂ ਵਿਰੋਧੀ ਗਠਬੰਧਨ ਦੇ ਹਿੱਸੇਦਾਰ ਦੇ ਰੂਪ ਵਿੱਚ ਭੂਮਿਕਾ ਨਿਭਾਈ। ਯੂ. ਪੀ. ਏ. ਦੇ ਰੂਪ ਵਿੱਚ ਸੱਤਾ 'ਚ ਹੈ। ਜਿਵੇਂ ਕਿ ਨੈਸ਼ਨਲ ਕਾਨਫਰੰਸ (Nature Conference) ਅਤੇ ਕੁਝ (NDA) ਨਾਲ ਜੁੜ ਕੇ ਵਿਰੋਧੀ ਧਿਰ ਵਿੱਚ ਹਨ, ਜਿਵੇਂ ਕਿ ਜੇ. ਡੀ. ਯੂ. (JDU)

ਅਸਲ ਵਿੱਚ 1996 ਤੋਂ ਬਾਅਦ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਰਾਸ਼ਟਰੀ ਅਤੇ ਖੇਤਰੀ ਰਾਜਨੀਤਿਕ ਦਲਾਂ 'ਚ ਪ੍ਰਸਪਰ ਤਾਲਮੇਲ ਅਤੇ ਸਹਿਯੋਗ ਵਧਣ ਦੇ ਲੱਛਣ ਦਿਖਾਈ ਦੇ ਰਹੇ ਹਨ। ਅੱਜ-ਕੱਲ੍ਹ ਪੰਜਾਬ ਵਿੱਚ ਬੀ. ਜੇ. ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਗਠਬੰਧਨ ਦੀ ਸਰਕਾਰ ਹੈ, ਜਦ ਕਿ ਬਿਹਾਰ ਵਿੱਚ ਜੇ. ਡੀ. ਯੂ. ਅਤੇ ਭਾਜਪਾ ਦੇ ਗਠਬੰਧਨ ਦੀ ਜੰਮੂ-ਕਸ਼ਮੀਰ ਵਿੱਚ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਦੀ ਮਿਲੀ-ਜੁਲੀ ਸਰਕਾਰ ਚੱਲ ਰਹੀ ਹੈ। ਅੱਜ ਕਾਂਗਰਸ ਦੀ ਅਗਵਾਈ ਵਿੱਚ ਯੂ. ਪੀ. ਏ. ਗਠਬੰਧਨ ਸਰਕਾਰ 'ਚ 17 ਖੇਤਰੀ-ਸਥਾਨਕ ਦਲ ਹਿੱਸੇਦਾਰ ਹਨ। ਇਸ ਤਰ੍ਹਾਂ ਅੱਜ ਭਾਰਤੀ ਰਾਸ਼ਟਰੀ ਰਾਜਨੀਤਿਕ ਦਲਾਂ ਅਤੇ ਖੇਤਰੀ ਤੇ ਰਾਜ ਪੱਧਰ ਦੇ ਰਾਜਨੀਤਿਕ ਦਲਾਂ ਵਿੱਚ ਇਕ ਸਹਿਯੋਗ ਵਾਤਾਵਰਨ ਮੌਜੂਦ ਹੈ, ਜੋ ਕਿ ਭਾਰਤੀ ਰਾਜਨੀਤਿਕ ਪ੍ਰਣਾਲੀ, ਵਿਸ਼ੇਸ਼ ਤੌਰ 'ਤੇ ਭਾਰਤੀ ਸੰਘੀ ਵਿਵਸਥਾ ਦੀ ਸਿਹਤ ਲਈ ਇਕ ਸਕਾਰਾਤਮਕ ਲੱਛਣ ਹੈ। ਅਜਿਹੀ ਸਥਿਤੀ ਵਿੱਚ ਭਾਰਤ ਦੇ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਵਧੇਰੇ ਸ੍ਰੇਸ਼ਠ ਅਤੇ ਕੁਸ਼ਲ ਹੋ ਸਕਦੀ ਹੈ। ਅੱਜ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਖੇਤਰੀ/ਰਾਜ ਪੱਧਰ ਦੇ ਦਲਾਂ ਦੀ ਸਕਾਰਾਤਮਕ ਭੂਮਿਕਾ ਨੂੰ ਇਕ ਸਕਾਰਾਤਮਕ ਇਕਾਈ ਦੇ ਰੂਪ ਵਿੱਚ ਸਵੀਕਾਰ ਕੀਤਾ ਜਾ ਚੁੱਕਾ ਹੈ ਅਤੇ ਭਾਰਤ ਵਿੱਚ ਰਾਜਨੀਤਿਕ ਖੇਤਰ ਦੇ ਰੂਪ ਵਿੱਚ ਰਾਸ਼ਟਰਵਾਦ ਜਾਂ ਰਾਸ਼ਟਰਵਾਦ ਵੱਲ ਪ੍ਰਗਤੀ ਕੀਤੀ ਹੈ ਜੋ ਕਿ ਚੰਗਾ ਸੰਕੇਤ ਹੈ।

### 14.4.1 ਸ਼੍ਰੋਮਣੀ ਅਕਾਲੀ ਦਲ (Shiromani Akali Dal)

ਸ਼੍ਰੋਮਣੀ ਅਕਾਲੀ ਦਲ ਇਕ ਖੇਤਰੀ ਰਾਜਨੀਤਿਕ ਦਲ ਹੈ ਜੋ ਸਭ ਤੋਂ ਜ਼ਿਆਦਾ ਪੰਜਾਬ ਵਿੱਚ ਸਰਗਰਮ ਹੈ। ਇਸ ਦਾ ਇਕ ਗੁੱਟ ਦਿੱਲੀ ਅਤੇ ਇਕ ਛੋਟੀ ਜਿਹੀ ਇਕਾਈ ਹਰਿਆਣਾ ਦੀ ਰਾਜਨੀਤੀ ਵਿੱਚ ਸਰਗਰਮ ਹੈ। ਪੰਜਾਬ ਵਿੱਚ ਵੀ ਕਈ ਅਕਾਲੀ ਦਲ ਮੌਜੂਦ ਹਨ, ਜਿਵੇਂ ਕਿ ਸ਼੍ਰੀ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਅਕਾਲੀ ਦਲ ਮਾਨ, ਸ਼੍ਰੋਮਣੀ ਅਕਾਲੀ ਦਲ ਬਾਦਲ, ਪੰਥਕ ਅਕਾਲੀ ਦਲ ਆਦਿ। ਪੰਜਾਬ ਦੀ ਰਾਜਨੀਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਇਕ ਸਰਗਰਮ ਖੇਤਰੀ ਰਾਜਨੀਤਿਕ ਦਲ ਤਾਂ ਰਿਹਾ ਹੈ ਪਰ ਲੱਗਭਗ ਹਮੇਸ਼ਾ ਹੀ ਇਹ ਕਈ ਗੁੱਟਾਂ ਵਿੱਚ ਵੰਡਿਆ ਰਿਹਾ ਹੈ, ਜਿਸ ਕਾਰਨ ਇਸ ਦੀ ਭੂਮਿਕਾ ਸੀਮਿਤ ਹੁੰਦੀ ਹੈ ਪਰ 1996 ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਵਧੇਰੇ ਪ੍ਰਭਾਵਸ਼ਾਲੀ ਬਣਿਆ ਅਤੇ ਬੀ. ਜੇ. ਪੀ. ਨਾਲ ਮਿਲ ਕੇ ਇਸ ਨੇ ਪੰਜਾਬ ਵਿੱਚ ਸਰਕਾਰ ਦਾ ਗਠਨ ਕੀਤਾ ਪਰ 1999 ਵਿੱਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅਕਾਲੀ ਦਲ ਤੋਂ ਅਲੱਗ ਹੋ ਕੇ ਇਕ ਅਲੱਗ ਅਕਾਲੀ ਦਲ ਸਰਵ ਹਿੰਦ ਅਕਾਲੀ ਦਲ

ਨੋਟ

(SHSAD) ਦਾ ਗਠਨ ਕੀਤਾ ਅਤੇ ਇਸ ਕਾਰਨ ਅਕਤੂਬਰ 1999 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇੱਥੋਂ ਦੀ 1998 ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨਾਲ ਮਿਲ ਕੇ ਅਤੇ ਦੋ ਉਮੀਦਵਾਰਾਂ ਦਾ ਸਮਰਥਨ ਕਰਕੇ ਪੰਜਾਬ ਵਿੱਚੋਂ ਲੋਕ ਸਭਾ ਦੀਆਂ 13 ਸੀਟਾਂ 'ਤੇ ਅਧਿਕਾਰ ਕੀਤਾ ਸੀ ਅਤੇ ਕਾਂਗਰਸ ਦਾ ਸਫਾਇਆ ਕਰ ਦਿੱਤਾ ਸੀ, ਉੱਥੇ 1999 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਦਲ ਨੂੰ ਕੇਵਲ 2 ਸੀਟਾਂ ਹੀ ਮਿਲ ਸਕੀਆਂ ਅਤੇ ਕਾਂਗਰਸ 8 ਸੀਟਾਂ 'ਤੇ ਜਿੱਤ ਗਈ। ਇਕ ਸੀਟ ਸੀ. ਪੀ. ਆਈ. ਨੂੰ ਮਿਲੀ, ਇਕ ਸੀਟ ਬੀ. ਜੇ. ਪੀ. ਨੇ ਜਿੱਤੀ ਅਤੇ ਇਕ ਸੀਟ 'ਤੇ ਸ਼੍ਰੋਮਣੀ ਅਕਾਲੀ ਦਲ ਮਾਨ ਦੇ ਨੇਤਾ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਪ੍ਰਾਪਤ ਕੀਤੀ। ਇਸ ਤਰ੍ਹਾਂ 1999 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਲੋਕਪ੍ਰਿਯਤਾ ਵਿੱਚ ਕਾਫੀ ਕਮੀ ਆਈ। 1997 ਫਰਵਰੀ 2002 ਦੌਰਾਨ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗਠਬੰਧਨ ਸੱਤਾ ਵਿੱਚ ਰਿਹਾ। ਫਰਵਰੀ 2002 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਗਠਬੰਧਨ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਪੰਜਾਬ ਵਿੱਚ ਸ਼ਾਸਨ ਸੱਤਾ ਕਾਂਗਰਸ ਦੇ ਹੱਥ ਵਿੱਚ ਆ ਗਈ ਪਰ 2007 ਦੀਆਂ ਚੋਣਾਂ ਤੋਂ ਬਾਅਦ ਅਕਾਲੀ ਦਲ ਭਾਜਪਾ ਗਠਬੰਧਨ ਫਿਰ ਤੋਂ ਸੱਤਾ ਵਿੱਚ ਆ ਗਿਆ।

**ਅਕਾਲੀ ਦਲ ਦਾ ਇਤਿਹਾਸ** (History of Akali Dal)– ਅਕਾਲੀ ਦਲ ਦਾ ਜਨਮ 1920 ਵਿੱਚ ਗੁਰਦੁਆਰਾ ਅੰਦੋਲਨ ਦੇ ਸ਼ੁਰੂ ਹੋਣ ਨਾਲ ਹੋਇਆ। ਇਹ ਅੰਦੋਲਨ ਗੁਰਦੁਆਰਿਆਂ ਨੂੰ ਭ੍ਰਿਸ਼ਟ ਮਹੰਤਾਂ ਦੇ ਚੁੰਗਲ ਤੋਂ ਮੁਕਤ ਕਰਵਾਉਣ ਅਤੇ ਸਿੱਖ ਧਰਮ ਦੇ ਪਵਿੱਤਰ ਗੁਰਦੁਆਰਿਆਂ ਵਿੱਚ ਮਰਿਯਾਦਾ ਸਥਾਪਿਤ ਕਰਨ ਲਈ ਸ਼ੁਰੂ ਹੋਇਆ। ਮਹੰਤ 'ਗੁਰਦੁਆਰਿਆਂ' ਨੂੰ ਆਪਣੀ ਨਿੱਜੀ ਸੰਪਤੀ ਸਮਝਣ ਲੱਗ ਪਏ ਸਨ। ਸਿੱਖ ਧਰਮ ਦੇ ਅਨੁਯਾਈ ਗੁਰਧਾਮਾਂ ਵਿੱਚ ਗੁਰਦੁਆਰਿਆਂ ਦੀ ਪ੍ਰੰਪਰਾਗਤ ਪਵਿੱਤਰਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਸਥਾਪਿਤ ਰੱਖਣਾ ਚਾਹੁੰਦੇ ਸਨ। ਸਿੱਖਾਂ ਨੇ ਗੁਰਦੁਆਰਾ ਅੰਦੋਲਨ ਸ਼ੁਰੂ ਕੀਤਾ, ਜਿਸ ਵਿੱਚ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਉਨ੍ਹਾਂ ਨੂੰ ਚੰਗਾ ਸਮਰਥਨ ਮਿਲਿਆ ਪਰ ਇਸ ਸਰਗਰਮੀ ਦੌਰਾਨ ਉਨ੍ਹਾਂ ਦੇ ਰਾਜ ਦੀਆਂ ਕਈ ਖਾਤਮੇ ਵਾਲੀਆਂ ਨੀਤੀਆਂ ਦਾ ਸ਼ਿਕਾਰ ਹੋਣਾ ਪਿਆ ਪਰ ਸਿੱਖਾਂ ਵੱਲੋਂ ਅਤੇ ਭਾਰਤੀ ਸਮਾਜ ਦੇ ਹੋਰ ਵਰਗਾਂ ਵੱਲੋਂ ਦਿੱਤੇ ਗਏ ਬਲਿਦਾਨਾਂ ਦਾ ਚੰਗ ਫਲ ਪ੍ਰਾਪਤ ਹੋਇਆ।

ਪੰਜਾਬ ਸਰਕਾਰ ਨੇ ਕਾਨੂੰਨ (ਸਿੱਖ ਗੁਰਦੁਆਰਾ ਅਧੀਨਿਯਮ 1925) ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਅਕਾਲੀ ਦਲ ਪ੍ਰਬੰਧਕ ਕਮੇਟੀ (ਐੱਸ. ਜੀ. ਪੀ. ਸੀ.) ਦਾ ਗਠਨ ਕੀਤਾ। ਐੱਸ. ਜੀ. ਪੀ. ਸੀ. ਦੇ ਹੋਂਦ ਵਿੱਚ ਆਉਣ ਨਾਲ ਸਿੱਖਾਂ ਨੂੰ ਰਾਜਨੀਤਿਕ ਪਹਿਚਾਣ ਮਿਲੀ ਅਤੇ ਇਸ ਨੇ ਹੀ 24 ਜਨਵਰੀ 1921 ਨੂੰ ਸਥਾਪਿਤ ਹੋਣ ਵਾਲੇ ਸ਼੍ਰੋਮਣੀ ਅਕਾਲੀ ਦਲ ਲਈ ਰਸਤਾ ਖੋਲ੍ਹਿਆ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦਾ ਇਕਮਾਤਰ ਰਾਜਨੀਤਿਕ ਸੰਸਥਾ ਅਤੇ ਪੰਥਕ ਦਲ ਬਣਿਆ। ਐੱਨ. ਡੀ. ਪਾਮਰ (N. D. Palmer) ਦੇ ਅਨੁਸਾਰ ਐੱਸ. ਜੀ. ਪੀ. ਸੀ. "ਇਕ ਪ੍ਰਮੁੱਖ ਸਿੱਖ ਰਾਜਨੀਤਿਕ ਅਤੇ ਸਮਾਜਿਕ ਸੰਗਠਨ ਹੈ।" ਇਸ ਦੀ ਸਥਾਪਨਾ ਨੇ ਸਿੱਖਾਂ ਦੀਆਂ ਉਮੰਗਾਂ ਅਤੇ ਭਾਵਨਾਵਾਂ ਨੂੰ ਪੇਸ਼ ਕਰਨ ਦਾ ਸਹੀ ਰਸਤਾ ਦੱਸਿਆ। ਸੁਤੰਤਰਤਾ ਪ੍ਰਾਪਤ ਹੋਣ ਤੋਂ ਬਾਅਦ ਅਕਾਲੀ ਦਲ ਨੇ ਪੰਜਾਬ ਦੀ ਰਾਜਨੀਤੀ ਵਿੱਚ ਵਿਸ਼ੇਸ਼ ਰੂਪ ਵਿੱਚ ਸਰਗਰਮ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। 1952 ਵਿੱਚ ਹੋਣ ਵਾਲੀਆਂ ਪਹਿਲੀਆਂ ਆਮ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਵਿਧਾਨ ਸਭਾ 'ਚ ਮਹੱਤਵਪੂਰਨ ਸਫਲਤਾ (14 ਸੀਟਾਂ) ਪ੍ਰਾਪਤ ਹੋਈਆਂ। ਇਸ ਤੋਂ ਬਾਅਦ ਇਹ ਹਮੇਸ਼ਾ ਹੀ ਪੰਜਾਬ ਦੀ ਰਾਜਨੀਤੀ ਵਿੱਚ ਇਕ ਸਰਗਰਮ ਦਲ ਰਿਹਾ ਹੈ ਪਰ ਇਸ ਦੇ ਨੇਤਾਵਾਂ ਵਿੱਚ ਸੱਤਾ ਲਈ ਅੰਦਰਲੀ ਗੁੱਟਬੰਦੀ ਅਤੇ ਜ਼ਰੂਰੀ ਸੰਘਰਸ਼ ਕਾਰਨ ਇਸ ਦੀ ਭੂਮਿਕਾ ਹਮੇਸ਼ਾ ਸੀਮਿਤ ਅਤੇ ਉਤਾਰ-ਚੜ੍ਹਾਅ ਵਾਲੀ ਰਹੀ ਹੈ।

ਸੁਤੰਤਰਤਾ ਦੇ ਪਹਿਲੇ ਸਾਲ ਦੌਰਾਨ ਅਕਾਲੀ ਦਲ ਦੀ ਅਗਵਾਈ ਮਾਸਟਰ ਤਾਰਾ ਸਿੰਘ ਦੇ ਹੱਥ ਵਿੱਚ ਸੀ ਅਤੇ ਇਸ ਦਲ ਦਾ ਮੁੱਖ ਮੁੱਦਾ ਇਹ ਸੀ ਕਿ ਇਸ ਨੂੰ ਬਹੁਗਿਣਤੀ ਸਮਾਜ ਦਾ ਇਕ ਅੰਗ ਹੀ ਨਾ ਬਣਨ ਦਿੱਤਾ ਜਾਵੇ ਅਤੇ ਉਸ ਦੀ ਸੁਤੰਤਰ ਹੋਂਦ ਸਥਾਪਿਤ ਰੱਖੀ ਜਾਵੇ। ਇਸ ਲਈ ਅਕਾਲੀ ਦਲ ਨੇ ਪੰਜਾਬੀ ਸੂਬੇ ਲਈ ਅਭਿਆਨ ਸ਼ੁਰੂ ਕੀਤਾ ਪਰ ਇਹ ਯਤਨ ਅਸਫਲ ਰਿਹਾ। 1956 ਵਿੱਚ ਨਹਿਰੂ-ਤਾਰਾ ਸਿੰਘ ਸਮਝੌਤੇ ਤੋਂ ਬਾਅਦ ਇਹ ਅੰਦੋਲਨ ਵਾਪਿਸ ਲੈ ਲਿਆ ਗਿਆ ਪਰ 1960-61 ਵਿੱਚ ਮਹਾਰਾਸ਼ਟਰ ਅਤੇ ਗੁਜਰਾਤ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਅਕਾਲੀ ਦਲ ਨੇ ਇਸ ਤੋਂ ਉਤਸ਼ਾਹਿਤ ਹੋ ਕੇ ਪੁਨਰ ਪੰਜਾਬੀ ਸੂਬੇ ਦੇ ਗਠਨ ਲਈ ਜਨ-ਅਭਿਆਨ ਆਰੰਭ ਕੀਤਾ ਪਰ ਇਸ ਸਮੇਂ ਅਕਾਲੀ ਦਲ ਦੇ ਦੋ ਚੋਟੀ ਦੇ ਨੇਤਾਵਾਂ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਦਰਮਿਆਨ ਗਹਿਰਾ ਮਤਭੇਦ ਪੈਦਾ ਹੋ ਗਿਆ। ਮਾਸਟਰ ਤਾਰਾ ਸਿੰਘ ਨੇ ਸਿੱਖਾਂ ਲਈ ਸਿੱਖ ਜਨਮ ਭੂਮੀ ਦੀ ਸਥਾਪਨਾ ਲਈ ਕੰਮ ਕਰਨ ਦਾ ਫੈਸਲਾ ਲਿਆ ਅਤੇ ਸੰਤ ਫਤਹਿ ਸਿੰਘ ਪੰਜਾਬੀ ਭਾਸ਼ਾਈ ਖੇਤਰ ਦਾ ਇਕ ਪੰਜਾਬੀ ਸੂਬਾ ਬਣਾਉਣਾ ਚਾਹੁੰਦੇ ਸਨ ਅਤੇ ਉਹ ਰਾਜ ਲਈ ਵਧੇਰੇ ਸਵਾਯਤਤਾ ਅਤੇ ਸ਼ਕਤੀ ਪ੍ਰਾਪਤ ਕਰਨ ਦੇ ਇੱਛੁਕ ਸਨ। 1966 ਵਿੱਚ ਪੰਜਾਬ ਅਤੇ ਹਰਿਆਣਾ 'ਚ ਪੁਨਰਗਠਨ ਕਰ ਦਿੱਤਾ ਗਿਆ, ਜਿਸ ਵਿੱਚ ਪੰਜਾਬ ਮੁੱਖ ਰੂਪ 'ਚ ਪੰਜਾਬੀ ਭਾਸ਼ਾਈ ਸਿੱਖ ਬਹੁਗਿਣਤੀ ਵਾਲਾ ਰਾਜ ਬਣਿਆ। 1967 ਵਿੱਚ ਹੋਣ ਵਾਲੀਆਂ ਚੌਥੀਆਂ ਚੋਣਾਂ ਵਿੱਚ ਅਕਾਲੀ ਦਲ (ਸੰਤ ਫਤਹਿ ਸਿੰਘ) ਨੂੰ ਵਿਸ਼ੇਸ਼ ਸਫਲਤਾ ਮਿਲੀ, ਜਦ ਕਿ ਮਾਸਟਰ ਤਾਰਾ ਸਿੰਘ ਗੁੱਟ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਸੰਤ ਫਤਹਿ ਸਿੰਘ ਨੇ ਧਰਮ ਨਿਰਪੱਖ ਹੋਂਦ ਅਤੇ ਰਾਜ ਦੀ ਵਧੇਰੇ ਸਵਾਯਤਤਾ 'ਤੇ ਜ਼ੋਰ ਦਿੱਤਾ ਅਤੇ ਇਹੀ ਗੱਲ ਉਨ੍ਹਾਂ ਨੂੰ ਆਮ ਜਨਤਾ ਦੇ ਨੇੜੇ ਲੈ ਗਈ। ਉਨ੍ਹਾਂ ਦੀ ਇਸ ਨਿਰਪੱਖ ਰਾਜਨੀਤੀ ਨੂੰ ਭਾਰਤੀ ਸੰਵਿਧਾਨ ਦੀ ਰੂਪਰੇਖਾ ਵਿੱਚ ਅਸਾਨੀ ਨਾਲ ਸ਼ਾਮਿਲ ਕੀਤਾ ਜਾ ਸਕਦਾ ਸੀ ਅਤੇ ਇਸੇ ਕਾਰਨ ਸੰਤ ਫਤਹਿ ਸਿੰਘ ਦੀ

ਅਗਵਾਈ ਵਿੱਚ ਅਕਾਲੀ ਦਲ ਨੂੰ ਚੰਗਾ ਜਨ ਸਮਰਥਨ ਪ੍ਰਾਪਤ ਹੋਇਆ ਪਰ ਚੰਡੀਗੜ੍ਹ ਅਤੇ ਦੂਸਰੇ ਪੰਜਾਬੀ ਭਾਸ਼ਾਈ ਖੇਤਰਾਂ ਨੂੰ ਪੰਜਾਬ ਵਿੱਚ ਸ਼ਾਮਿਲ ਕਰਨ ਅਤੇ ਕੇਂਦਰ ਸਰਕਾਰ ਨਾਲ ਸਬੰਧਾਂ ਦੇ ਮੁੱਦਿਆਂ 'ਤੇ ਇਕ ਟਕਰਾਅ ਵਾਲੀ ਸਥਿਤੀ ਪੈਦਾ ਹੋ ਗਈ। 1972 ਵਿੱਚ ਕੇਂਦਰ ਸਰਕਾਰ ਨੇ ਚੰਡੀਗੜ੍ਹ-ਪੰਜਾਬ ਨੂੰ ਦੇਣ ਦੀ ਮੰਗ ਸਵੀਕਾਰ ਕਰ ਲਈ ਅਤੇ ਨਾਲ ਹੀ ਇਸ ਨੇ ਪੰਜਾਬ ਦੇ ਕੁਝ ਇਲਾਕੇ (ਅਬੋਹਰ ਹਿੱਸਾ) ਹਰਿਆਣਾ ਨੂੰ ਦੇਣ ਦਾ ਫੈਸਲਾ ਕੀਤਾ। ਇਸ ਪਰਿਵਰਤਨ ਵਿੱਚ ਸਾਰੇ ਮੁੱਦੇ ਨੂੰ ਹੋਰ ਵਧੇਰੇ ਗੁੰਝਲਦਾਰ ਅਤੇ ਔਖਾ ਬਣਾ ਦਿੱਤਾ। 1972 ਵਿੱਚ ਸੰਤ ਫਤਹਿ ਸਿੰਘ ਦੀ ਮੌਤ ਨਾਲ ਅਕਾਲੀ ਦਲ ਦੀ ਸ਼ਕਤੀ ਨੂੰ ਭਾਰੀ ਸੱਟ ਲੱਗੀ।

ਪਰ ਹੌਲੀ-ਹੌਲੀ ਅਕਾਲੀ ਦਲ ਦੀਆਂ ਨੀਤੀਆਂ ਰਾਜ ਨੂੰ ਅਧਿਕਾਰ ਦੇਣ ਦੀ ਮੰਗ 'ਤੇ ਕੇਂਦਰਿਤ ਹੋ ਗਈਆਂ। ਇਹ ਮੰਗ ਸਾਫ-ਸਾਫ ਸ਼ਬਦਾਂ ਵਿੱਚ ਆਨੰਦਪੁਰ ਸਾਹਿਬ ਪ੍ਰਸਤਾਵ ਵਿੱਚ ਪੇਸ਼ ਕੀਤੀ ਗਈ, ਜਿਸ ਨੂੰ ਅਕਾਲੀ ਦਲ ਕਾਰਜਕਾਰਨੀ ਸੰਮਤੀ ਨੇ 17 ਅਕਤੂਬਰ 1973 ਨੂੰ ਪਾਸ ਕਰ ਦਿੱਤਾ। ਅਕਾਲੀ ਦਲ ਦੀ ਆਮ ਬੈਠਕ ਨੇ ਇਸ ਪ੍ਰਸਤਾਵ ਨੂੰ 28 ਅਗਸਤ 1978 ਨੂੰ ਆਪਣੀ ਮਨਜ਼ੂਰੀ ਦੇ ਦਿੱਤੀ। ਅੰਤ ਵਿੱਚ 29 ਅਕਤੂਬਰ 1978 ਨੂੰ ਇਸ ਦੀ ਆਲ ਇੰਡੀਆ ਅਕਾਲੀ ਕਾਨਫਰੰਸ ਵੱਲੋਂ ਪੁਸ਼ਟੀ ਕਰ ਦਿੱਤੀ ਗਈ।

ਆਨੰਦਪੁਰ ਸਾਹਿਬ ਪ੍ਰਸਤਾਵ ਵਿੱਚ ਮੁੱਖ ਰੂਪ 'ਚ ਅਕਾਲੀ ਦਲ ਦੇ ਮੁੱਖ ਸਿਧਾਂਤਾਂ, ਨੀਤੀਆਂ ਅਤੇ ਪ੍ਰੋਗਰਾਮਾਂ ਦਾ ਬਿਉਰਾ ਮਿਲਦਾ ਹੈ ਪਰ ਇਸ ਦੇ ਮੂਲ ਵਿੱਚ ਮੁੱਦਿਆਂ ਦੀ ਹੋਂਦ ਕਾਰਨ ਇਹ ਝਗੜੇ ਦਾ ਵਿਸ਼ਾ ਵੀ ਅੱਜ ਤੱਕ ਬਣਿਆ ਰਿਹਾ ਹੈ। ਡਾ. ਪ੍ਰਦੀਪ ਕੁਮਾਰ ਦੇ ਅਨੁਸਾਰ, "ਪ੍ਰਸਤਾਵ ਦੀ ਰੂਪਰੇਖਾ ਗੁਰਮੁਖੀ ਲਿਪੀ ਵਿੱਚ ਤਿਆਰ ਕੀਤੀ ਗਈ ਸੀ ਅਤੇ ਪੰਜਾਬੀ ਭਾਸ਼ਾ ਦੇ ਕਈ ਸ਼ਬਦਾਂ ਦੇ ਅਰਥਾਂ ਅਤੇ ਨਾਵਾਂ ਦਾ ਅੰਗਰੇਜ਼ੀ ਵਿੱਚ ਪੂਰਨ ਰੂਪਾਂਤਰ ਨਹੀਂ ਹੈ। ਇਸ ਤੋਂ ਇਲਾਵਾ ਕੁਝ ਸ਼ਬਦਾਂ ਦੇ ਇਕ ਤੋਂ ਜ਼ਿਆਦਾ ਅਰਥ ਕੱਢੇ ਜਾ ਸਕਦੇ ਹਨ।" (The resolution was drafted in the Gurmukhi script and the meaning and names of various words of the Punjabi language do not have the exact counter parts in English. Moreover, some words were capable of being interpreted in more than one ways.) ਇਸ ਕਠਿਨਾਈ ਨੂੰ ਵੱਖ-ਵੱਖ ਰਾਜਨੀਤਿਕ ਦਲਾਂ ਦੇ ਨੇਤਾਵਾਂ ਅਤੇ ਕਈ ਵਾਰ ਅਕਾਲੀ ਦਲ ਦੇ ਆਪਣੇ ਨੇਤਾਵਾਂ ਵੱਲੋਂ ਵੱਖ-ਵੱਖ ਅਰਥ ਦੇ ਕੇ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਗਿਆ। ਜਦ ਕਿ ਨਰਮ ਪੰਥੀ ਇਸ ਨੂੰ ਪੰਜਾਬ ਲਈ ਵਧੇਰੇ ਅਧਿਕਾਰਾਂ ਦੀ ਮੰਗ ਸਮਝਦੇ ਹਨ, ਕੁਝ ਹੋਰ ਨੇਤਾ ਇਸ ਨੂੰ ਪੰਜਾਬ ਦੀ ਪ੍ਰਭੂਸੱਤਾ ਪ੍ਰਾਪਤ ਕਰਨ ਦਾ ਅਧਾਰ ਸਮਝਦੇ ਰਹੇ ਹਨ।

ਵਿਗਿਆਨੀਆਂ ਦੀ ਇਹ ਆਮ ਸਹਿਮਤੀ ਹੈ ਕਿ ਅਕਾਲੀ ਸਵਾਯਤਤਾ ਦੀ ਪ੍ਰਾਪਤੀ ਲਈ ਕੇਵਲ ਉਦੋਂ ਹੀ ਲੜਦੇ ਹਨ, ਜਦ ਉਹ ਸੱਤਾ ਵਿੱਚ ਨਹੀਂ ਹੁੰਦੇ ਪਰ ਰਾਜ ਵਿੱਚ ਸੱਤਾ ਹੱਥ ਆਉਣ ਤੋਂ ਬਾਅਦ ਇਸ ਮੰਗ 'ਤੇ ਵਧੇਰੇ ਧਿਆਨ ਨਹੀਂ ਦਿੰਦੇ ਹਨ। ਅਕਾਲੀ ਦਲ ਦੀਆਂ ਨੀਤੀਆਂ ਦਾ ਇਕ ਸਥਿਰ ਪਹਿਲੂ ਇਹ ਹੈ ਕਿ ਉਹ ਸਿੱਖਾਂ ਦੀਆਂ ਧਾਰਮਿਕ ਅਤੇ ਸਮਾਜਿਕ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਰਸਤਾ ਦੱਸਦਾ ਹੈ ਅਤੇ ਆਪਣੇ ਆਪ ਨੂੰ ਸਿੱਖ ਪੰਥ ਦੀ ਰਾਜਨੀਤਿਕ ਪਾਰਟੀ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ।

ਅਕਾਲੀ ਦਲ ਵਿੱਚ ਸਮੇਂ-ਸਮੇਂ 'ਤੇ ਕਈ ਦਰਾਰਾਂ ਪਈਆਂ। ਵਰਤਮਾਨ ਸਮੇਂ ਵਿੱਚ ਵੀ ਇਕ ਨਹੀਂ, ਸਗੋਂ ਦੋ ਪ੍ਰਮੁੱਖ ਅਕਾਲੀ ਦਲ ਹੋਂਦ ਵਿੱਚ ਹਨ-ਸ਼੍ਰੋਮਣੀ ਅਕਾਲੀ ਦਲ (ਬਾਦਲ), ਸ਼੍ਰੋਮਣੀ ਅਕਾਲੀ ਦਲ (ਮਾਨ)।

### 1947 ਤੋਂ ਬਾਅਦ ਅਕਾਲੀ ਦਲ ਦੇ ਪ੍ਰਦਰਸ਼ਨ ਦੀ ਸਮੀਖਿਆ
### (Review of the Performance of Akali Dal Since 1947)

1947 ਵਿੱਚ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਅਕਾਲੀ ਦਲ ਨੇ ਸਿੱਖਾਂ ਦੀ ਕਿਸਮਤ ਦਾ ਫੈਸਲਾ ਬਾਕੀ ਦੇਸ਼ ਦੇ ਹੱਥ ਛੱਡ ਕੇ ਅਤੇ ਭਾਰਤ ਦਾ ਪੱਖ ਲੈ ਕੇ ਇਕ ਸੱਚੇ ਰਾਸ਼ਟਰਵਾਦੀ ਹੋਣ ਦਾ ਸਬੂਤ ਦਿੱਤਾ। ਭਾਰਤ ਦੇ ਹੋਰ ਰਾਜਨੀਤਿਕ ਦਲਾਂ ਦੇ ਬਰਾਬਰ ਸ਼੍ਰੋਮਣੀ ਅਕਾਲੀ ਦਲ ਨੇ ਵੀ ਭਾਰਤੀ ਚੋਣ ਰਾਜਨੀਤੀ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।

ਪਹਿਲੀਆਂ ਆਮ ਚੋਣਾਂ ਵਿੱਚ, ਅਕਾਲੀ ਦਲ ਨੂੰ ਪੰਜਾਬ ਵਿਧਾਨ ਸਭਾ 'ਚ 14 ਸੀਟਾਂ ਪ੍ਰਾਪਤ ਹੋਈਆਂ, 1955 ਵਿੱਚ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਮੁੱਦੇ 'ਤੇ ਪਹਿਲਾ ਮੋਰਚਾ ਸ਼ੁਰੂ ਕੀਤਾ ਪਰ ਪੰਜਾਬ ਸਰਕਾਰ ਨੇ ਇਸ 'ਤੇ ਪ੍ਰਤੀਬੰਧ ਲਗਾ ਦਿੱਤਾ। ਇਸ ਦੇ ਵਿਰੋਧ ਵਿੱਚ 12000 ਅਕਾਲੀਆਂ ਨੇ ਗ੍ਰਿਫਤਾਰੀਆਂ ਦਿੱਤੀਆਂ ਅਤੇ ਨਤੀਜੇ ਵਜੋਂ ਸਰਕਾਰ ਨੂੰ ਇਹ ਪ੍ਰਤੀਬੰਧ ਹਟਾਉਣਾ ਪਿਆ। 1956 ਵਿੱਚ ਪੰਡਿਤ ਨਹਿਰੂ ਨੇ ਅਕਾਲੀ ਨੇਤਾਵਾਂ ਨੂੰ ਗੱਲਬਾਤ ਲਈ ਸੱਦਿਆ। ਇਕ ਸਮਝੌਤਾ ਕੀਤਾ, ਜਿਸ ਅਨੁਸਾਰ ਸਰਕਾਰ ਵੱਲੋਂ ਖੇਤਰੀ ਫਾਰਮੂਲੇ ਨਾਲ ਖੇਤਰੀ ਫਾਰਮੂਲੇ ਦੀ ਯੋਜਨਾ ਅਪਣਾਈ ਗਈ ਅਤੇ ਮਾਸਟਰ ਤਾਰਾ ਸਿੰਘ ਨੇ ਰਾਜਨੀਤੀ ਤੋਂ ਸੰਨਿਆਸ ਲੈਣਾ ਮੰਨ ਲਿਆ। ਇਸ ਅਨੁਸਾਰ ਅਕਾਲੀ ਦਲ ਦੇ ਵਿਧਾਨਕਾਰਾਂ ਨੂੰ ਕਾਂਗਰਸ ਵਿੱਚ ਸ਼ਾਮਿਲ ਹੋਣ ਲਈ ਕਿਹਾ ਗਿਆ ਅਤੇ ਅਕਾਲੀ ਦਲ ਨੇ ਕੇਵਲ ਇਕ ਧਾਰਮਿਕ ਅਤੇ ਸਮਾਜਿਕ ਸੰਗਠਨ ਦੇ ਰੂਪ ਵਿੱਚ ਕੰਮ ਕਰਨਾ ਮੰਨ ਲਿਆ। 1957 ਦੀਆਂ ਆਮ ਚੋਣਾਂ ਵਿੱਚ ਅਕਾਲੀ ਦਲ ਦੇ ਨੇਤਾਵਾਂ ਨੇ ਕਾਂਗਰਸ ਦੀਆਂ ਟਿਕਟਾਂ 'ਤੇ ਚੋਣਾਂ ਲੜੀਆਂ ਪਰ ਇਹ ਅਨੁਭਵ ਅਸਫਲ ਰਿਹਾ ਅਤੇ ਮਾਸਟਰ ਤਾਰਾ ਸਿੰਘ ਨੇ ਅਕਾਲੀ ਨੇਤਾਵਾਂ ਅਤੇ ਜਨ ਪ੍ਰਤੀਨਿਧੀਆਂ ਨੂੰ ਕਾਂਗਰਸ ਤੋਂ ਅਲੱਗ ਹੋਣ ਲਈ ਕਿਹਾ। 8 ਮੈਂਬਰਾਂ ਨੇ ਉਸ ਅਪੀਲ ਨੂੰ ਸਵੀਕਾਰ ਕਰਕੇ ਕਾਂਗਰਸ ਨੂੰ ਠੁਕਰਾ ਦਿੱਤਾ।

1960-61 ਵਿੱਚ ਭਾਸ਼ਾਈ ਅਧਾਰ 'ਤੇ ਮਹਾਰਾਸ਼ਟਰ ਅਤੇ ਗੁਜਰਾਤ ਦੇ ਹੋਂਦ ਵਿੱਚ ਆਉਣ ਨਾਲ ਉਤਸ਼ਾਹਿਤ ਹੋ ਕੇ, ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਗਠਨ ਲਈ ਇਕ ਜਨ ਮੋਰਚਾ ਅਰੰਭ ਕੀਤਾ। ਇਸ ਦੇ ਦੋ ਨੇਤਾਵਾਂ, ਮਾਸਟਰ ਤਾਰਾ ਸਿੰਘ ਅਤੇ ਸੰਤ

**ਨੋਟ**

ਫਤਹਿ ਸਿੰਘ ਨੇ ਮਰਨ ਵਰਤ ਰੱਖਿਆ ਪਰ ਇਨ੍ਹਾਂ ਦੋਵਾਂ ਨੇਤਾਵਾਂ ਵਿੱਚ ਗਹਿਰੇ ਮਤਭੇਦ ਹੋਣ ਕਾਰਨ ਮੋਰਚਾ ਵਾਪਿਸ ਲੈਣਾ ਪਿਆ। 1962 ਦੀਆਂ ਆਮ ਚੋਣਾਂ ਵਿੱਚ ਅਕਾਲੀ ਦਲ ਨੂੰ ਭਾਜਪਾ ਵਿਧਾਨ ਸਭਾ 'ਚ 19 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ। 1965 ਵਿੱਚ ਅਕਾਲੀ ਦਲ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਅਤੇ ਸੰਤ ਫਤਹਿ ਸਿੰਘ ਨੇ ਇਕ ਨਵਾਂ ਦਲ-ਅਕਾਲੀ ਦਲ (ਸੰਤ) ਬਣਾ ਲਿਆ ਅਤੇ ਅਕਾਲੀ ਦਲ ਨੂੰ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦਾ ਨਾਮ ਮਿਲਿਆ। 1965 ਵਿੱਚ ਹੋਣ ਵਾਲੀਆਂ ਐੱਸ. ਜੀ. ਪੀ. ਸੀ. ਚੋਣਾਂ ਵਿੱਚ ਸੰਤ ਅਕਾਲੀ ਦਲ ਨੂੰ 138 ਵਿੱਚੋਂ 95 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ। ਇਸ ਸਫਲਤਾ ਨੇ ਅਕਾਲੀ ਦਲ (ਸੰਤ) ਨੂੰ ਸਿੱਖਾਂ ਦਾ ਪ੍ਰਮੁੱਖ ਲੋਕਪ੍ਰਿਯ ਦਲ ਬਣਾ ਦਿੱਤਾ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ।

ਅਗਸਤ 1965 ਵਿੱਚ ਅਕਾਲੀ ਦਲ (ਸੰਤ) ਨੇ ਸਰਕਾਰ ਨੂੰ 10 ਦਸੰਬਰ 1965 ਤੱਕ ਪੰਜਾਬੀ ਸੂਬੇ ਦੀ ਮੰਗ ਨੂੰ ਸਵੀਕਾਰ ਕਰਨ ਦਾ ਅਲਟੀਮੇਟਮ ਦਿੱਤਾ ਅਤੇ ਕਿਹਾ ਕਿ ਅਜਿਹਾ ਨਾ ਕਰਨ 'ਤੇ ਉਹ ਵਰਤ ਰੱਖਣਗੇ ਅਤੇ 10 ਦਸੰਬਰ 1965 ਨੂੰ ਆਤਮ-ਬਲਿਦਾਨ ਦੇ ਦੇਣਗੇ ਪਰ ਦਸੰਬਰ 1965 ਵਿੱਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਛਿੜੇ ਯੁੱਧ ਨੇ ਸੰਤ ਫਤਹਿ ਸਿੰਘ ਨੂੰ ਆਪਣੀ ਯੋਜਨਾ ਵਾਪਿਸ ਲੈਣ ਲਈ ਮਜਬੂਰ ਕਰ ਦਿੱਤਾ। 1965 ਵਿੱਚ ਭਾਰਤ ਸਰਕਾਰ ਨੇ ਪੰਜਾਬ ਪੁਨਰਗਠਨ ਅਧੀਨਿਯਮ 1965 ਪਾਸ ਕੀਤਾ, ਜਿਸ ਦੇ ਅਨੁਸਾਰ ਨਵੰਬਰ 1, 1966 ਨੂੰ ਇਕ ਨਵਾਂ ਪੰਜਾਬੀ ਸੂਬਾ (ਪੰਜਾਬ) ਬਣਾਇਆ ਗਿਆ। ਅਕਾਲੀ ਦਲ ਇਸ ਅਧੀਨਿਯਮ ਤੋਂ ਸੰਤੁਸ਼ਟ ਨਹੀਂ ਸੀ ਕਿਉਂਕਿ ਇਸ ਦੇ ਅਨੁਸਾਰ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ ਅਤੇ ਕੁਝ ਪੰਜਾਬੀ ਭਾਸ਼ਾਈ ਖੇਤਰ ਹਰਿਆਣਾ ਵਿੱਚ ਸ਼ਾਮਿਲ ਕਰ ਦਿੱਤੇ ਗਏ ਸਨ।

1967 'ਚ ਚੌਥੀਆਂ ਆਮ ਚੋਣਾਂ ਵਿੱਚ ਅਕਾਲੀ ਦਲ (ਸੰਤ) ਨੂੰ 24 ਸੀਟਾਂ ਪ੍ਰਾਪਤ ਹੋਈਆਂ। ਇਹ ਜਨ ਸੰਘ, ਏ. ਡੀ. (ਐੱਮ), ਸੀ. ਪੀ. ਆਈ., ਸੀ. ਪੀ. ਐੱਮ., ਅਤੇ ਕੁਝ ਸੁਤੰਤਰ ਉਮੀਦਵਾਰਾਂ ਨਾਲ ਮਿਲ ਕੇ ਆਪਣੀ ਸਰਕਾਰ ਬਣਾਉਣ ਵਿੱਚ ਸਫਲ ਰਿਹਾ ਪਰ ਇਹ 'ਸਾਂਝੇ ਮੋਰਚੇ ਦੀ ਸਰਕਾਰ ਕੇਵਲ ਨਵੰਬਰ, 1967 ਤੱਕ ਹੀ ਚੱਲ ਸਕੀ। ਸ਼੍ਰੀ ਲਛਮਣ ਸਿੰਘ ਗਿੱਲ ਅਤੇ 16 ਹੋਰ ਅਕਾਲੀ ਨੇਤਾਵਾਂ ਨੇ ਅਲੱਗ ਹੋ ਕੇ ਆਪਣਾ ਗਿੱਲ ਮੰਤਰੀ ਮੰਡਲ ਬਣਾ ਲਿਆ। ਪਰ ਗਿੱਲ ਸਰਕਾਰ ਵੀ ਜ਼ਿਆਦਾ ਦੇਰ ਤੱਕ ਨਾ ਚੱਲ ਸਕੀ ਅਤੇ ਇਸ ਨੂੰ ਤਿਆਗ ਪੱਤਰ ਦੇਣਾ ਪਿਆ। 1869 ਦੀਆਂ ਦਰਮਿਆਨੀਆਂ ਚੋਣਾਂ ਵਿੱਚ ਅਕਾਲੀ ਦਲ ਨੂੰ 43 ਸੀਟਾਂ 'ਤੇ ਜਿੱਤ ਪ੍ਰਾਪਤ ਹੋਈਆਂ ਅਤੇ ਪੰਜਾਬ ਵਿਧਾਨ ਸਭਾ ਵਿੱਚ ਇਸ ਨੇ ਆਪਣੀ ਸਥਿਤੀ ਮਜਬੂਤ ਕਰ ਲਈ। ਇਸ ਨੇ ਅਕਾਲੀ-ਜਨ ਸੰਘ ਸੰਯੁਕਤ ਮੰਤਰੀ ਮੰਡਲ ਬਣਾਇਆ ਜਿਸ ਨੇ ਮੁੱਖ ਮੰਤਰੀ ਗੁਰਨਾਮ ਸਿੰਘ ਦੀ ਅਗਵਾਈ ਵਿੱਚ 17 ਫਰਵਰੀ, 1969 ਤੋਂ 27 ਮਾਰਚ, 1970 ਤੱਕ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ 27 ਮਾਰਚ 1970 ਤੋਂ 14 ਜੂਨ 1971 ਤੱਕ ਸ਼ਾਸਨ ਸੱਤਾ ਦਾ ਉਪਭੋਗ ਕੀਤਾ।

1970 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਦੇ ਮੁੱਦੇ 'ਤੇ ਜਨ ਸੰਘ ਨੇ ਸਖਤ ਰੁੱਖ ਅਪਣਾਇਆ ਅਤੇ ਗਠਬੰਧਨ ਨੂੰ ਤੋੜਨ ਦੀ ਧਮਕੀ ਦਿੱਤੀ। ਇਸ ਸਮੇਂ ਅਕਾਲੀ ਦਲ ਨੇ ਕਾਂਗਰਸ ਨਾਲ ਸਮਝੌਤਾ ਕਰਨ ਦਾ ਯਤਨ ਕੀਤਾ। ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ, ਕਾਂਗਰਸ ਵੱਲੋਂ ਰੱਖੀਆਂ ਕੁਝ ਸ਼ਰਤਾਂ ਵੀ ਮੰਨਣ ਲਈ ਤਿਆਰ ਹੋ ਗਏ। ਉਨ੍ਹਾਂ ਨੇ 20 ਜੂਨ 1970 ਨੂੰ ਅਕਾਲੀ ਦਲ ਦੀਆਂ ਨੀਤੀਆਂ ਅਤੇ ਪ੍ਰੋਗਰਾਮ ਦਾ ਬਿਊਰਾ ਜਾਰੀ ਕੀਤਾ। ਇਸ ਦੇ ਅਨੁਸਾਰ, "ਸ਼੍ਰੋਮਣੀ ਅਕਾਲੀ ਦਲ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆ 'ਤੇ ਅਧਾਰਿਤ ਸਮਾਜ ਦੀ ਸਥਾਪਨਾ ਲਈ ਵਚਨਬੱਧ ਇਕ ਰਾਜਨੀਤਿਕ ਦਲ ਹੈ, ਇਸ ਲਈ ਇਸ ਦਾ ਉਦੇਸ਼ ਸਮਾਜਵਾਦੀ ਅਧਾਰ ਪਦ ਸਮਾਜ ਦੀ ਸਥਾਪਨਾ ਲਈ ਵਚਨਬੱਧ ਦਲ ਹੈ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਲਈ ਵਚਨਬੱਧ ਹੇ। ਇਸ ਦੀ ਇਹ ਮਾਨਤਾ ਹੈ ਕਿ ਕੁਝ 'ਅਰਧ-ਸੈਨਿਕ ਸੰਗਠਨ, ਲੋਕਤੰਤਰ ਲਈ ਖਤਰਾ ਪੈਦਾ ਕਰ ਰਹੇ ਹਨ ਅਤੇ ਇਹ ਕੇਂਦਰ ਸਰਕਾਰ ਨੂੰ ਅਜਿਹੇ ਸੰਗਠਨਾਂ ਦੀਆਂ ਗਤੀਵਿਧੀਆਂ 'ਤੇ ਪ੍ਰਤੀਬੰਧ ਲਗਾਉਣ ਲਈ ਦਬਾਅ ਪਾਵੇਗਾ।" (Shiromani Akali Dal was a political party pledged to the establishment of a society based on social, economic and political party pledged to the establishment of a society based on social, economic and political justice, and therefore, is committed to socialistic pattern of society. It stands for secularism and defence of interests of minorities. It feels that certain paramilitary organisation have become a danger to democracy and would, therefore, press the central government that the activities of such organisations should be curbed.) ਦਲ ਦੇ ਇਸ ਨੀਤੀ ਕਥਨ ਦੇ ਅਨੁਸਾਰ, ਦਲ ਭੂਮੀ ਸੁਧਾਰਾਂ, ਅਨਾਜ ਵਿੱਚ ਰਾਜ ਵਪਾਰ, ਸਮਾਜ ਦੇ ਅਮੀਰ ਲੋਕਾਂ 'ਤੇ ਕਰ ਲਗਾਉਣ ਅਤੇ ਸਮਾਜ ਦੇ ਕਮਜ਼ੋਰ ਵਰਗਾਂ, ਵਿਸ਼ੇਸ਼ ਕਰਕੇ ਹਰੀਜਨਾਂ ਅਤੇ ਭੂਮੀਹੀਣ ਮਜ਼ਦੂਰਾਂ ਦੀ ਸਹਾਇਤਾ ਲਈ ਵਚਨਬੱਧ ਹੈ।" ਪਰ ਕਾਂਗਰਸ ਅਕਾਲੀਆਂ ਵਿੱਚ ਪ੍ਰਸਤਾਵਿਤ ਸਮਝੌਤਾ ਪੂਰਾ ਨਾ ਹੋ ਸਕਿਆ। 14 ਜੂਨ 1971 ਨੂੰ ਪੰਜਾਬ ਵਿਧਾਨ ਸਭਾ ਭੰਗ ਹੋ ਗਈ ਅਤੇ ਬਾਦਲ ਮੰਤਰੀ ਮੰਡਲ ਟੁੱਟ ਗਿਆ।

1971 ਨੂੰ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਕੇਵਲ ਦੋ ਸੀਟਾਂ ਪ੍ਰਾਪਤ ਹੋਈਆਂ। 1971 ਵਿੱਚ ਅਕਾਲੀ ਦਲ ਨੇ ਭਾਰਤ ਸਰਕਾਰ ਵੱਲੋਂ ਦਿੱਲੀ ਦੇ ਗੁਰਦੁਆਰਾ ਅਤੇ ਸਿੱਖ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ ਵਿਰੁੱਧ ਇਕ ਨਵਾਂ ਮੋਰਚਾ ਸ਼ੁਰੂ ਕੀਤਾ ਪਰ 1971 ਵਿੱਚ ਭਾਰਤ-ਪਾਕਿਸਤਾਨ ਯੁੱਧ ਸ਼ੁਰੂ ਹੋਣ ਕਾਰਨ ਅਕਾਲੀ ਦਲ ਨੇ ਦਸੰਬਰ 1971 ਵਿੱਚ ਇਹ ਅੰਦੋਲਨ ਵਾਪਿਸ ਲੈ

ਲਿਆ। ਇਸ ਸਮੇਂ ਅਕਾਲੀ ਰਾਜਨੀਤੀ ਵਿੱਚ ਵੰਡ ਪੈਣ ਅਤੇ ਗੁੱਟਬੰਦੀ ਹੋਣ ਕਾਰਨ ਤਿੰਨ ਅਕਾਲੀ ਦਲ ਹੋਂਦ ਵਿੱਚ ਆ ਗਏ। ਅਕਾਲੀ ਦਲ (ਸੰਤ), ਅਕਾਲੀ ਦਲ (ਗੁਰਨਾਮ), (ਮਾਸਟਰ)। ਪੰਜਾਬ ਵਿੱਚ 1972 ਵਿੱਚ ਹੋਣ ਵਾਲੀਆਂ ਚੋਣਾਂ 'ਚ ਅਕਾਲੀ ਦਲ (ਸੰਤ), ਪੰਜਾਬ ਵਿੱਚ 24 ਸੀਟਾਂ ਪ੍ਰਾਪਤ ਕਰਕੇ ਅਤੇ 27.65 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਕੇ ਤਿੰਨੋਂ ਦਲਾਂ ਵਿੱਚੋਂ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਦਲ ਦੇ ਰੂਪ ਵਿੱਚ ਉਭਰਿਆ। 1974-75 ਦੌਰਾਨ ਅਕਾਲੀ ਦਲ ਨੇ 'ਸੰਪੂਰਨ ਕ੍ਰਾਂਤੀ' ਲਈ ਜੇ. ਪੀ. ਦੇ ਅੰਦੋਲਨ ਨੂੰ ਹਾਰਦਿਕ ਸਹਿਯੋਗ ਦਿੱਤਾ। ਉਸ ਨੇ ਇਲਾਹਬਾਦ ਉੱਚ ਅਦਾਲਤ ਵਿੱਚ ਇੰਦਰਾ ਗਾਂਧੀ ਵਿਰੁੱਧ ਸੁਣਾਏ ਗਏ ਫੈਸਲੇ ਦੇ ਪੱਖ ਵਿੱਚ ਉਸ ਨੂੰ ਹਟਾਉਣ ਲਈ ਵੀ ਵਿਰੋਧੀ ਦਲਾਂ ਨੂੰ ਵੀ ਪੂਰਾ ਸਮਰਥਨ ਦਿੱਤਾ। 25 ਜੂਨ 1975 ਵਿੱਚ ਦੇਸ਼ ਵਿੱਚ ਸੰਕਟਕਾਲੀਨ ਸਥਿਤੀ ਘੋਸ਼ਿਤ ਕੀਤੇ ਜਾਣ 'ਤੇ ਅਕਾਲੀ ਦਲ ਨੇ ਇਸ ਦਾ ਭਰਪੂਰ ਵਿਰੋਧ ਕੀਤਾ। ਪੰਜਾਬ ਵਿੱਚ ਜਨ ਸੰਘ, ਸੀ. ਪੀ ਐੱਮ. ਆਦਿ ਦਲਾਂ ਦੇ ਸਹਿਯੋਗ ਨਾਲ ਇਸ ਨੇ ਸੰਕਟਕਾਲ ਵਿਰੁੱਧ ਇਕ ਮੋਰਚਾ ਸ਼ੁਰੂ ਕੀਤਾ ਅਤੇ ਇਸ ਦੇ ਕਾਰਜ ਕਰਤਾਵਾਂ ਅਤੇ ਨੇਤਾਵਾਂ ਨੇ ਪੰਜਾਬ ਅਤੇ ਸਾਰੇ ਵਿਰੋਧ ਕਰਨ ਦੀ ਨੀਤੀ ਨੇ ਪੰਜਾਬ ਦੀ ਰਾਜਨੀਤੀ ਵਿੱਚ ਅਕਾਲੀ ਦਲ ਦੀ ਲੋਕਪ੍ਰਿਯਤਾ ਵਿੱਚ ਕਾਫੀ ਵਾਧਾ ਕੀਤਾ।

ਜਦੋਂ 8 ਜਨਵਰੀ 1977 ਨੂੰ ਲੋਕ ਸਭਾ ਦੀਆਂ ਚੋਣਾਂ ਦੀ ਘੋਸ਼ਣਾ ਹੋਈ ਅਤੇ ਅਕਾਲੀ ਕਾਰਜ ਕਰਤਾਵਾਂ ਅਤੇ ਨੇਤਾਵਾਂ ਨੂੰ ਰਿਹਾਅ ਕਰ ਦਿੱਤਾ ਗਿਆ, ਅਕਾਲੀ ਦਲ ਨੇ ਜਨਤਾ ਦਲ ਨਾਲ ਗੱਲ ਕਰਕੇ ਇਸ ਨਾਲ ਸੀ. ਪੀ. ਐੱਮ. ਨਾਲ ਸੰਪੂਰਨ ਚੋਣ ਸਮਝੌਤਾ ਕੀਤਾ। ਚੋਣ ਗਠਬੰਧਨ ਅਧੀਨ ਇਸ ਨੇ ਲੋਕ ਸਭਾ ਦੀਆਂ 13 ਸੀਟਾਂ ਵਿੱਚੋਂ 9 'ਤੇ ਚੋਣਾਂ ਲੜੀਆਂ ਅਤੇ ਇਨ੍ਹਾਂ ਸਾਰੀਆਂ 9 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਜੂਨ (1977) ਵਿੱਚ ਅਕਾਲੀ ਦਲ ਨੇ ਜਨਤਾ ਪਾਰਟੀ ਦਾ ਸਮਰਥਨ ਕੀਤਾ ਅਤੇ ਕਾਂਗਰਸ ਵਿਰੁੱਧ ਇਸ ਨੇ ਰਾਸ਼ਟਰੀ ਵਿਕਲਪ ਦੇ ਰੂਪ ਵਿੱਚ ਸਮਰਥਨ ਦਿੱਤਾ। ਚੋਣ ਲੜਨ ਲਈ ਜਨਤਾ ਪਾਰਟੀ, ਅਕਾਲੀ ਦਲ ਅਤੇ ਸੀ. ਪੀ. ਐੱਮ. ਨੇ ਇਕ ਚੋਣ ਗਠਬੰਧਨ ਕੀਤਾ। ਅਕਾਲੀ ਦਲ ਨੇ ਆਪਣੇ 70 ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਅਤੇ ਇਸ ਨਾਲ ਵਿਧਾਨ ਸਭਾ ਦੀਆਂ 116 ਸੀਟਾਂ ਵਿੱਚੋਂ 58 'ਤੇ ਜਿੱਤ ਪ੍ਰਾਪਤ ਕੀਤੀ। ਅਕਾਲੀ ਜਨਤਾ ਪਾਰਟੀ ਸੀ. ਪੀ. ਆਈ. (ਐੱਮ.) ਗਠਬੰਧਨ ਨੂੰ ਇਨ੍ਹਾਂ ਚੋਣਾਂ ਵਿੱਚ ਕੁੱਲ 50.3 ਪ੍ਰਤੀਸ਼ਤ ਵੋਟਾਂ ਮਿਲੀਆਂ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਜਨਤਾ ਪਾਰਟੀ ਦੀ ਸਰਕਾਰ ਬਣਾਈ ਗਈ। ਅਕਾਲੀਆਂ ਲਈ ਇਹ ਇਕ ਭਾਰੀ ਸਫਲਤਾ ਸੀ ਪਰ ਇਹ ਸਰਕਾਰ ਲੱਗਭਗ ਤਿੰਨ ਸਾਲ ਹੀ ਚੱਲ ਸਕੀ।

ਮਾਰਚ 1980 ਵਿੱਚ ਕੇਂਦਰ ਸਰਕਾਰ ਨੇ ਪੰਜਾਬ ਸਮੇਤ 9 ਰਾਜਾਂ ਵਿੱਚ ਗੈਰ ਕਾਂਗਰਸੀ ਸਰਕਾਰਾਂ ਭੰਗ ਕਰ ਦਿੱਤੀਆਂ। ਮਈ 1980 ਵਿੱਚ ਫਿਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਰਵਾਈਆਂ ਗਈਆਂ। ਅਕਾਲੀ ਦਲ ਨੇ 78 ਸੀਟਾਂ 'ਤੇ ਚੋਣਾਂ ਲੜੀਆਂ ਜਿਨ੍ਹਾਂ ਵਿੱਚੋਂ ਇਹ ਕੇਵਲ 37 ਸੀਟਾਂ 'ਤੇ ਹੀ ਜੇਤੂ ਰਹੀ। ਕਾਂਗਰਸ (ਆਈ) ਨੇ 63 ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਇਕ ਬਹੁਮਤ ਦਲ ਬਣਾਇਆ। ਕਾਂਗਰਸ (ਆਈ) ਨੇ ਮੁੱਖ ਮੰਤਰੀ ਦਰਬਾਰਾ ਸਿੰਘ ਦੀ ਅਗਵਾਈ ਵਿੱਚ ਆਪਣੀ ਸਰਕਾਰ ਬਣਾਈ ਇਹ ਸਰਕਾਰ 1983 ਤੱਕ ਚੱਲੀ ਅਤੇ ਫਿਰ ਸਰਕਾਰ ਵੱਲੋਂ ਕਾਨੂੰਨ ਵਿਵਸਥਾ ਸਥਾਪਿਤ ਰੱਖਣ ਵਿੱਚ ਅਸਮਰੱਥ ਰਹਿਣ ਕਾਰਨ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਇਸ ਸਮੇਂ ਦੌਰਾਨ ਅਕਾਲੀ ਦਲ ਨੇ ਪੰਜਾਬ ਦੀ ਵਧੇਰੇ ਸਵਾਯਤਤਾ ਲਈ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਅਤੇ ਪੰਜਾਬ ਨੂੰ ਰਾਵੀ-ਬਿਆਸ ਨਦੀਆਂ ਦੇ ਪਾਣੀ ਵਿੱਚੋਂ ਵਧੇਰੇ ਹਿੱਸਾ ਦੇਣ ਲਈ ਸੰਘਰਸ਼ ਸ਼ੁਰੂ ਕੀਤਾ। ਇਸ ਨੇ ਪੰਜਾਬ ਦੇ ਖੇਤਰ ਵਿੱਚ ਐ ਸ. ਵਾਈ. ਐੱਲ (SYL) ਨਹਿਰ ਦੇ ਨਿਰਮਾਣ ਦਾ ਵੀ ਵਿਰੋਧ ਕੀਤਾ। ਇਸ ਅੰਦੋਲਨ ਨੂੰ ਧਰਮ ਯੁੱਧ ਦਾ ਨਾਮ ਦੇ ਕੇ ਅਕਾਲੀਆਂ ਦੇ ਸਾਰੇ ਗੁੱਟਾਂ ਅਤੇ ਸਿੱਖਾਂ ਨੂੰ ਇਕ ਮੰਚ 'ਤੇ ਇਕੱਠਾ ਕਰਨ ਦਾ ਯਤਨ ਕੀਤਾ ਗਿਆ। ਅਕਾਲੀਆਂ ਨੇ ਮੰਗ ਕੀਤੀ ਕਿ ਸੰਵਿਧਾਨ ਦੇ 25ਵੇਂ ਅਨੁਛੇਦ ਵਿੱਚ ਸੋਧ ਕੀਤੀ ਜਾਵੇ ਜੋ 'ਹਿੰਦੂ' ਸ਼ਬਦ ਨੂੰ ਪ੍ਰੀਭਾਸ਼ਿਤ ਕਰਦਾ ਹੈ ਜੋ 'ਸਿੱਖਾਂ' ਨੂੰ ਵੀ ਇਸ ਪਰਿਭਾਸ਼ਾ ਵਿੱਚ ਸ਼ਾਮਿਲ ਕਰਦਾ ਹੈ। ਜੂਨ 1984 ਵਿੱਚ ਅਕਾਲੀਆਂ ਨੇ ਨੀਲਾ ਤਾਰਾ (Operation Blue Star) ਘਟਨਾ ਦਾ ਦ੍ਰਿੜ ਅਤੇ ਭਾਰੀ ਵਿਰੋਧ ਕੀਤਾ।

ਨਵੰਬਰ 1984 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਫੈਲੇ ਸਿੱਖ ਵਿਰੋਧੀ ਦੰਗਿਆਂ ਦੀ ਅਕਾਲੀ ਦਲ ਨੇ ਸਖਤ ਆਲੋਚਨਾ ਕੀਤੀ ਪਰ ਇਸ ਸਮੇਂ ਦੌਰਾਨ ਅਕਾਲੀ ਦਲ ਵਿੱਚ ਦਰਾਰਾਂ ਪੈ ਗਈਆਂ ਸਨ। ਨਤੀਜੇ ਵਜੋਂ ਅਕਾਲੀ ਦਲ (ਬਾਦਲ), ਅਕਾਲੀ ਦਲ (ਲੌਂਗੋਵਾਲ), ਅਕਾਲੀ ਦਲ (ਬਾਬੂ ਜੋਗਿੰਦਰ ਸਿੰਘ) ਅਤੇ ਅਕਾਲੀ ਦਲ (ਤਲਵੰਡੀ) ਹੋਂਦ ਵਿੱਚ ਆ ਗਏ। ਇਨ੍ਹਾਂ ਦਲਾਂ ਵਿੱਚ ਏਕਤਾ ਸਥਾਪਿਤ ਕਰਨ ਦੇ ਅਲੱਗ-ਅਲੱਗ ਯਤਨ ਅਸਫਲ ਸਿੱਧ ਹੋਏ ਅਤੇ ਨਤੀਜੇ ਵਜੋਂ ਦੋ ਮੁੱਖ ਦਲ ਅਕਾਲੀ ਦਲ (ਲੌਂਗੋਵਾਲ), ਅਤੇ ਅਕਾਲੀ ਦਲ (ਤਲਵੰਡੀ) ਹੋਂਦ ਵਿੱਚ ਆਏ। ਅਕਾਲੀ ਦਲ (ਤਲਵੰਡੀ) ਨੂੰ ਸਿੱਖਾਂ ਦੇ ਕੁਝ ਗੁੱਟਾਂ ਦਾ ਸਮਰਥਨ ਪ੍ਰਾਪਤ ਸੀ ਜਦੋਂ ਕਿ ਅਕਾਲੀ ਦਲ (ਲੌਂਗੋਵਾਲ) ਇਕ ਲੋਕਪ੍ਰਿਯ ਅਕਾਲੀ ਦਲ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਈ।

24 ਜੁਲਾਈ 1985 ਨੂੰ ਅਕਾਲੀ ਦਲ (ਲੌਂਗੋਵਾਲ) ਦੇ ਮੁਖੀਆ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਜਾਬ ਸਮਝੌਤੇ 'ਤੇ ਦਸਤਖਤ ਕੀਤੇ। ਇਸ ਨੇ 26 ਜਨਵਰੀ 1986 ਤੱਕ ਚੰਡੀਗੜ੍ਹ ਨੂੰ ਦੇਣ ਦਾ ਵਾਅਦਾ ਕੀਤਾ ਅਤੇ ਬਦਲੇ ਵਿੱਚ ਕੁਝ ਹਿੰਦੀ ਭਾਸ਼ਾਈ ਖੇਤਰ ਹਰਿਆਣਾ ਨੂੰ ਦੇਣ ਲਈ ਸਮਝੌਤਾ ਕੀਤਾ ਗਿਆ। ਪੰਜਾਬ ਅਤੇ ਹਰਿਆਣਾ ਦਰਮਿਆਨ

**ਨੋਟ**

ਹੱਦ ਨਿਸ਼ਚਿਤ ਕਰਨ ਲਈ ਇਕ ਆਯੋਗ ਸੰਗਠਿਤ ਕੀਤਾ ਗਿਆ ਪਰ ਦੂਸਰੇ ਅਕਾਲੀ ਨੇਤਾਵਾ ਜਿਵੇਂ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ।

ਪੰਜਾਬ ਸਮਝੌਤੇ 'ਤੇ ਕੀਤੇ ਦਸਤਖਤ ਪ੍ਰਾਂਤ ਵਿੱਚ ਉਸ ਸਮੇਂ ਲੋਕਤੰਤਰੀ ਪ੍ਰਕਿਰਿਆ ਦੀ ਸਥਾਪਨਾ ਲਈ ਇਕ ਚੰਗੀ ਗੱਲ ਸੀ ਕਿਉਂਕਿ ਇਸ ਤੋਂ ਬਾਅਦ ਇਹ ਉਮੀਦ ਬਣੀ ਕਿ ਅਕਤੂਬਰ 1983 ਵਿੱਚ ਕਾਂਗਰਸ (ਆਈ),ਦੀ ਸਰਕਾਰ ਦੇ ਭੰਗ ਹੋਣ ਤੋਂ ਬਾਅਦ ਜੋ ਰਾਜਨੀਤਿਕ ਪ੍ਰਕਿਰਿਆ ਟੁੱਟ ਗਈ ਸੀ ਉਹ ਪੁਨਰ ਸਥਾਪਿਤ ਹੋ ਸਕੇਗੀ ਪਰ ਇਸ ਪ੍ਰਕਿਰਿਆ ਨੂੰ ਹੋਰ ਵੀ ਗਹਿਰੀ ਸੱਟ ਵੱਜੀ, ਜਦੋਂ 20 ਅਗਸਤ 1986 ਨੂੰ ਸੰਘ ਹਰਚੰਦ ਸਿੰਘ ਲੋਂਗੋਵਾਲ ਦੀ ਹੱਤਿਆ ਕਰ ਦਿੱਤੀ ਗਈ। ਅਕਾਲੀ ਦਲ (ਲੌਂਗੋਵਾਲ) ਨੂੰ ਭਿਆਨਕ ਤਰਾਸਦੀ ਦਾ ਸਾਹਮਣਾ ਕਰਨਾ ਪਿਆ। ਪਰ ਬਾਅਦ ਵਿੱਚ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿੱਚ ਇਹ ਦਲ ਪੰਜਾਬ ਵਿੱਚ ਜਾਰੀ ਅੱਤਵਾਦੀ ਦੌਰ ਦੇ ਦਬਾਅ ਵਿੱਚ ਉਭਰਣ ਲਈ ਕੁਝ ਹੱਦ ਤੱਕ ਸਫਲ ਹੋਇਆ।

ਪੰਜਾਬ ਵਿੱਚ ਅੱਤਵਾਦ ਦੇ ਕਾਰਨ ਪੈਦਾ ਹੋਈ ਗੜਬੜ ਵਾਲੀ ਸਥਿਤੀ ਕਾਰਨ ਅਤੇ ਕੇਂਦਰ ਵੱਲੋਂ ਪੰਜਾਬ ਸਮੱਸਿਆ ਦੇ ਹੱਲ ਕਰਨ ਲਈ ਕਿਸੇ ਠੋਸ ਯੋਜਨਾ ਨੂੰ ਬਣਾਉਣ ਦੀ ਅਸਫਲਤਾ ਕਾਰਨ ਇੱਥੇ ਲੋਕਤੰਤਰੀ ਪ੍ਰਕਿਰਿਆ ਲੰਮੇ ਸਮੇਂ ਤੱਕ ਪਟਰੀ ਤੋਂ ਉਤਰੀ ਰਹੀ। ਨਵੰਬਰ 1989 ਵਿੱਚ ਇੱਥੇ ਲੋਕਤੰਤਰ ਦੀ ਸਮੱਸਿਆ ਦੀ ਇਕ ਕਿਰਨ ਦਿਖਾਈ ਦਿੱਤੀ ਜਦੋਂ ਨੌਵੀਂਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ (ਮਾਨ) ਨੇ 6 ਸੀਟਾਂ 'ਤੇ ਪ੍ਰਤੱਖ ਰੂਪ ਨਾਲ ਜਿੱਤ ਪ੍ਰਾਪਤ ਕੀਤੀ। ਚਾਰ ਹੋਰ ਉਮੀਦਵਾਰ ਜਿਨ੍ਹਾਂ ਨੇ ਆਪਣੀਆਂ ਸੀਟਾਂ ਜਿੱਤੀਆਂ ਸਨ, ਨੂੰ ਇਸ ਦਲ ਦਾ ਸਮਰਥਨ ਪ੍ਰਾਪਤ ਸੀ। ਮਹਿਸੂਸ ਹੁੰਦਾ ਹੈ ਕਿ ਅਕਾਲੀ ਦਲ (ਮਾਨ) ਦੇ ਪੰਜਾਬ ਵਿੱਚ ਰਾਜਨੀਤਿਕ ਦ੍ਰਿਸ਼ 'ਤੇ ਪ੍ਰਭਾਵੀ ਹੋਣ ਦੀ ਸੰਭਾਵਨਾ ਪੈਦਾ ਹੋ ਗਈ ਸੀ ਜਦੋਂ ਕਿ ਅਲੱਗ-ਅਲੱਗ ਅਕਾਲੀ ਗੁੱਟਾਂ ਨੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿੱਚ ਇਕਜੁੱਟ ਹੋ ਜਾਣ ਦਾ ਫੈਸਲਾ ਕੀਤਾ ਸੀ। ਪਰ ਅਕਾਲੀ ਰਾਜਨੀਤੀ ਵਿੱਚ ਗੁੱਟਬੰਦੀ, ਅਕਾਲੀ ਦਲ (ਮਾਨ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਕੁਝ ਭਾਸ਼ਣਾਂ ਅਤੇ ਕਥਨਾ ਅਤੇ ਕੇਂਦਰ ਵਿੱਚ ਰਾਸ਼ਟਰੀ ਫਰੰਟ ਦੀ ਘੱਟ ਸੰਖਿਆ ਸਰਕਾਰ ਹੋਣ ਦੇ ਕਾਰਨ ਇਹ ਪਰਿਵਰਤਨ ਇਕ ਸੰਗਠਿਤ ਰਾਜਨੀਤਿਕ ਰੂਪ ਪ੍ਰਾਪਤ ਕਰਨ ਵਿੱਚ ਸਫਲ ਰਿਹਾ। ਅਕਾਲੀ ਦਲ ਏਕਤਾ ਭਰਪੂਰ ਇਕਜੁੱਟ ਦਲ ਦੇ ਰੂਪ ਵਿੱਚ ਉਭਰਣ ਵਿੱਚ ਅਸਫਲ ਰਿਹਾ। ਅਸਲ ਵਿੱਚ ਪੰਜ ਅਕਾਲੀ ਦਲ ਹੋਂਦ ਵਿੱਚ ਆ ਗਏ-ਅਕਾਲੀ ਦਲ (ਬਾਦਲ), ਅਕਾਲੀ ਦਲ (ਬਰਨਾਲਾ), ਅਕਾਲੀ ਦਲ (ਮਾਨ), ਅਕਾਲੀ ਦਲ (ਅਮਰਿੰਦਰ) ਅਤੇ ਅਕਾਲੀ ਦਲ (ਪੰਥਕ)। ਕਈ ਹੋਰ ਅਕਾਲੀ ਗੁੱਟ ਵੀ ਹੋਂਦ ਵਿੱਚ ਆ ਗਏ।

ਇਨ੍ਹਾਂ ਸਾਰੇ ਅਕਾਲੀ ਦਲਾਂ ਅਤੇ ਗੁੱਟਾਂ ਨੇ ਪੰਜਾਬ ਵਿੱਚ ਜੂਨ 1991 ਦੀਆਂ ਚੋਣਾਂ ਦਾ ਫੈਸਲਾ ਕੀਤਾ ਪਰ ਵੋਟਾਂ ਨਾਲ ਕੇਵਲ 24 ਘੰਟੇ ਪਹਿਲਾਂ ਇਹ ਚੋਣ ਦਸੰਬਰ 1991 ਤੱਕ ਰੱਦ ਕਰ ਦਿੱਤੀਆਂ ਗਈਆਂ। ਦਸੰਬਰ 1991 ਵਿੱਚ ਚੋਣਾਂ ਫਿਰ ਰੱਦ ਕਰ ਦਿੱਤੀਆਂ ਗਈਆਂ ਅਤੇ ਇਹ ਫੈਸਲਾ ਕੀਤਾ ਗਿਆ ਕਿ ਹੁਣ ਚੋਣਾਂ ਫਰਵਰੀ 1992 ਵਿੱਚ ਕਰਵਾਈਆਂ ਜਾਣਗੀਆਂ। ਫਰਵਰੀ 1992 ਵਿੱਚ ਜਦੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਤਾਂ ਅਕਾਲੀ ਦਲ ਦੇ ਕਈ ਗੁੱਟਾਂ ਨੇ ਇਨ੍ਹਾਂ ਦਾ ਬਾਈਕਾਟ ਕੀਤਾ। ਇਸ ਫੈਸਲੇ ਨਾਲ ਕਾਂਗਰਸ ਆਈ ਨੂੰ ਬਹੁਤ ਵੱਡੀ ਜਿੱਤ ਪ੍ਰਾਪਤ ਕਰਨ ਦਾ ਮੌਕਾ ਮਿਲ ਗਿਆ ਪਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਅਕਾਲੀ ਦਲ (ਕਾਬੁਲ) ਨੇ ਕਈ ਸੀਟਾਂ ਦੀਆਂ ਚੋਣਾਂ ਲੜੀਆਂ ਪਰ ਇਹ ਪੰਜਾਬ ਵਿਧਾਨ ਸਭਾ ਵਿੱਚ ਦੋ ਤੋਂ ਜ਼ਿਆਦਾ ਸੀਟਾਂ ਪ੍ਰਾਪਤ ਕਰਨ ਵਿੱਚ ਅਸਫਲ ਰਿਹਾ। ਅਸਲ ਵਿੱਚ ਇਸ ਨੇ ਕੇਵਲ ਇਕ ਸੀਟ ਜਿੱਤੀ ਜਦੋਂ ਕਿ ਦੂਸਰੀ ਸੀਟ 'ਤੇ ਅਕਾਲੀ ਦਲ (ਕਾਬੁਲ) ਦਾ ਉਮੀਦਵਾਰ ਬਿਨਾਂ ਮੁਕਾਬਲੇ ਜਿੱਤ ਗਿਆ ਸੀ। ਪੰਜਾਬ ਵਿੱਚ 13 ਸੀਟਾਂ ਦੀਆ ਚੋਣਾਂ ਵਿੱਚ ਅਕਾਲੀ ਦਲ ਇਕ ਵੀ ਸੀਟ ਜਿੱਤਣ ਵਿੱਚ ਅਸਫਲ ਰਿਹਾ। ਅਕਾਲੀ ਦਲ ਨੇ ਵਿਧਾਨ ਸਭਾ ਚੋਣਾਂ ਨਾ ਲੜਨ ਦੀ ਗਲਤੀ ਕੀਤੀ ਅਤੇ ਇਸ ਤਰ੍ਹਾਂ ਆਪਣੀ ਪ੍ਰਤੀਸ਼ਠਾ ਘੱਟ ਕਰ ਲਈ ਪਰ ਇਸ ਦੇ ਬਾਅਦ ਅਕਾਲੀ ਦਲ (ਬਾਦਲ) ਨੇ ਮੱਧਵਰਤੀ ਚੋਣਾਂ ਲੜੀਆਂ ਜੋ ਕਿ 1993 ਵਿੱਚ ਹੋਈਆਂ ਅਤੇ ਇਕ ਸੀਟ 'ਤੇ ਜਿੱਤ ਪ੍ਰਾਪਤ ਕੀਤੀ।

**ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਗਠਨ** (Formation of Shiromani Akali Dal (Amritsar)) -ਸਿੱਖਾਂ ਦੇ ਸਰਵਉੱਚ ਰਾਜਨੀਤਿਕ ਸਥਾਨ ਸ਼੍ਰੀ ਅਕਾਲੀ ਤਖਤ ਸਾਹਿਬ ਦੇ ਦਿਸ਼ਾ ਨਿਰਦੇਸ਼ ਅਧੀਨ ਚੱਲਦੇ ਹੋਏ ਅਕਾਲੀ ਦਲਾਂ/ਗੁੱਟਾਂ ਨੇ ਇਕ ਨਵਾਂ ਰਾਜਨੀਤਿਕ ਦਲ ਸਥਾਪਿਤ ਕਰਨ ਦਾ ਫੈਸਲਾ ਕੀਤਾ। ਮਈ 1994 ਨੂੰ ਅਜਿਹੇ 6 ਸਮੂਹਾਂ ਨੇ ਆਪਣੀ ਸੰਗਠਨ ਭੰਗ ਕਰ ਦਿੱਤੇ ਅਤੇ ਆਪਣੀ ਅਲੱਗ ਪਹਿਚਾਣ ਖਤਮ ਕਰ ਦਿੱਤੀ ਅਤੇ ਇਕੱਠੇ ਹੋ ਕੇ ਇਕ ਨਵਾਂ ਨਿਆ ਰਾਜਨੀਤਿਕ ਦਲ-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਐੱਸ. ਏ. ਡੀ. ਏ.) (Shiromani Akali Dal-Amritsar) ਸਥਾਪਿਤ ਕਰ ਲਿਆ

ਜੋ ਦਲ ਸ਼੍ਰੋਮਣੀ ਅਕਾਲੀ ਦਲ (ਅ) ਵਿੱਚ ਸ਼ਾਮਿਲ ਹੋਏ ਸੀ: ਅਕਾਲੀ ਦਲ (ਕਾਬੁਲ), ਅਕਾਲੀ ਦਲ (ਮਾਨ), ਅਕਾਲੀ ਦਲ (ਮਾਨ), ਪੰਥਕ ਅਕਾਲੀ ਦਲ, ਬੱਬਰ ਅਕਾਲੀ ਦਲ ਅਤੇ ਅਕਾਲੀ ਦਲ (ਤਲਵੰਡੀ)। 25 ਅਪ੍ਰੈਲ 1994 ਦੇ ਨੇੜੇ ਇਨ੍ਹਾਂ ਸਾਰੇ ਅਕਾਲੀ ਦਲਾਂ ਨੇ ਆਪਣੇ ਆਪ ਨੂੰ ਸ਼੍ਰੀ ਅਕਾਲ ਤਖਤ ਦੇ ਸਾਹਮਣੇ ਸਮਰਪਿਤ ਕਰ ਦਿੱਤਾ ਅਤੇ ਅਕਾਲ ਤਖਤ ਦੇ ਆਦੇਸ਼ ਅਨੁਸਾਰ ਏਕਤਾ ਲਈ ਗੱਲਬਾਤ ਸ਼ੁਰੂ ਕਰ ਦਿੱਤੀ। ਨਤੀਜੇ ਵਜੋਂ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਥਾਪਿਤ ਕਰਨ ਦਾ ਫੈਸਲਾ ਕੀਤਾ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਸਬੰਧ ਰੱਖਣ ਵਾਲੇ ਅਕਾਲੀ ਦਲ (ਬਾਦਲ) ਦੇ ਇਕ ਗੁੱਟ ਦੇ ਅਲੱਗ ਹੋਣ ਦੀ ਘੋਸ਼ਣਾ ਕਰ ਦਿੱਤੀ ਅਤੇ ਇਹ ਸ਼੍ਰੋਮਣੀ ਅਕਾਲੀ ਦਲ (ਅ) ਦੇ ਇਕ

ਗੁੱਟ ਦੇ ਅਲੱਗ ਹੋਣ ਦੀ ਘੋਸ਼ਣਾ ਕਰ ਦਿੱਤੀ ਅਤੇ ਇਹ ਸ਼੍ਰੋਮਣੀ ਅਕਾਲੀ ਦਲ (ਅ) ਵਿੱਚ ਸ਼ਾਮਿਲ ਹੋ ਗਿਆ। ਇਸ ਦੇ ਵਿਰੁੱਧ ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਗੁੱਟ ਦੀ ਅਲੱਗ ਪਹਿਚਾਣ ਸਥਾਪਿਤ ਰੱਖਣ ਦਾ ਫੈਸਲਾ ਕੀਤਾ ਅਤੇ ਅਕਾਲੀ ਦਲ (ਅ) ਵਿੱਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ।

ਸ਼੍ਰੋਮਣੀ ਅਕਾਲੀ ਦਲ (ਅ) ਨੇ ਆਪਣੀ ਸਥਾਪਨਾ ਸਮੇਂ ਘੋਸ਼ਣਾ ਪੱਤਰ ਅੰਮ੍ਰਿਤਸਰ ਘੋਸ਼ਣਾ ਪੱਤਰ ਜਾਰੀ ਕੀਤਾ ਅਤੇ ਇਸ ਨੇ ਅਕਾਲੀ ਦਲ ਦੀਆਂ ਪੁਰਾਣੀਆਂ ਮੰਗਾਂ ਨੂੰ ਬਰਕਰਾਰ ਰੱਖਿਆ ਕਿ ਸਿੱਖਾਂ ਲਈ ਅਲੱਗ ਖੇਤਰ (ਰਾਜ) ਦਿੱਤਾ ਜਾਵੇ, ਜਿਸ ਵਿੱਚ ਕੌਮ ਸੁਤੰਤਰਤਾ ਦਾ ਆਨੰਦ ਲੈ ਸਕੇ ਅਤੇ ਆਪਣੇ ਧਾਰਮਿਕ ਦ੍ਰਿਸ਼ਟੀਕੋਣ ਨੂੰ ਸੁਤੰਤਰਤਾ ਨਾਲ ਪ੍ਰਚਾਰ ਸਕੇ ਪਰ ਨਾਲ ਹੀ ਪੰਜਾਬੀ ਸੰਸਕ੍ਰਿਤੀ ਨੂੰ ਪ੍ਰਫੁੱਲਿਤ ਕਰ ਸਕੇ। ਇਸ ਘੋਸ਼ਣਾ ਪੱਤਰ ਵਿੱਚ ਆਨੰਦਪੁਰ ਸਾਹਿਬ ਦੇ ਪ੍ਰਸਤਾਵ ਦੀਆਂ ਵਿਸ਼ੇਸ਼ਤਾਵਾਂ ਸ਼ਾਮਿਲ ਕੀਤੀਆਂ ਗਈਆਂ ਅਤੇ ਮੰਗ ਕੀਤੀ ਗਈ ਕਿ ਭਾਰਤ ਰਾਜਾਂ ਦੇ ਮਹਾਸੰਘ (Confederation of States) ਦੇ ਰੂਪ ਵਿੱਚ ਪੁਨਰਗਠਨ ਕੀਤਾ ਜਾਵੇ, ਜਿੱਥੇ ਕਿ ਹਰੇਕ ਧਰਮ ਅਤੇ ਸੰਪ੍ਰਦਾਇ ਆਪਣੀ ਸੰਸਕ੍ਰਿਤੀ ਦਾ ਸੁਤੰਤਰਤਾ ਨਾਲ ਵਿਕਾਸ ਕਰ ਸਕੇ ਅਤੇ ਇਸ ਦਾ ਪ੍ਰਸਾਰ ਕਰ ਸਕੇ। ਇਸ ਘੋਸ਼ਣਾ ਪੱਤਰ ਵਿੱਚ ਚੇਤਾਵਨੀ ਦਿੱਤੀ ਗਈ ਕਿ ਜੇਕਰ ਸੰਵਿਧਾਨਿਕ ਪਰਿਵਰਤਨਾਂ ਦੀ ਮੰਗ ਸਵੀਕਾਰ ਨਾ ਕੀਤੀ ਗਈ ਤਾਂ ਅਕਾਲੀ ਨੇਤਾਵਾਂ ਵੱਲੋਂ ਪ੍ਰਭੂਸੱਤਾ ਸੰਪਨ ਸਿੱਖ ਰਾਜ ਲਈ ਸੰਘਰਸ਼ ਸ਼ੁਰੂ ਕਰਨ ਤੋਂ ਬਿਨਾਂ ਕੋਈ ਵਿਕਲਪ ਨਹੀਂ ਰਹਿ ਜਾਵੇਗਾ।

ਇਸ ਦੇ ਨਾਲ ਹੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਦਲ ਦੀ ਕਾਰਜ ਪ੍ਰਣਾਲੀ ਨੂੰ ਚਲਾਉਣ ਲਈ 6 ਮੈਂਬਰੀ ਸੰਮਤੀ ਦੇ ਗਠਨ ਦੀ ਘੋਸ਼ਣਾ ਕੀਤੀ। ਅਕਾਲੀ ਦਲ (ਬਾਦਲ) ਨੇ ਸ਼੍ਰੋਮਣੀ ਅਕਾਲੀ ਦਲ (ਅ) ਤੋਂ ਅਲੱਗ ਰਹਿਣ ਦਾ ਫੈਸਲਾ ਕੀਤਾ ਅਤੇ ਆਪਣੀ ਅਲੱਗ ਪਹਿਚਾਣ ਸ਼ਕਤੀ ਅਤੇ ਲੋਕਪ੍ਰਿਯਤਾ ਦਾ ਪ੍ਰਦਰਸ਼ਨ ਕਰਨ ਲਈ ਇਸ ਨੇ ਪੰਜਾਬ ਵਿਧਾਨ ਸਭਾ ਦੀਆਂ ਦੋ ਸੀਟਾਂ-ਨਕੋਦਰ ਅਤੇ ਅਜਨਾਲਾ ਤੋਂ ਮੱਧਵਰਤੀ ਚੋਣਾਂ ਲੜਨ ਦਾ ਫੈਸਲਾ ਕੀਤਾ। ਇਹ ਅਜਨਾਲਾ ਦੀ ਸੀਟ ਜਿੱਤਣ ਵਿੱਚ ਸਫਲ ਰਿਹਾ ਜਦੋਂ ਕਿ ਨਕੋਦਰ ਤੋਂ ਇਸ ਦੇ ਉਮੀਦਵਾਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਸ ਦੇ ਬਾਵਜੂਦ ਅਕਾਲੀ ਦਲ (ਬਾਦਲ) ਪੰਜਾਬ ਦੇ ਲੋਕਾਂ ਵਿੱਚ ਆਪਣੀ ਲੋਕਪ੍ਰਿਯਤਾ ਦਾ ਪ੍ਰਦਰਸ਼ਨ ਕਰਨ ਵਿੱਚ ਸਫਲ ਰਿਹਾ।

ਸ਼੍ਰੋਮਣੀ ਅਕਾਲੀ ਦਲ (ਅ) ਦੀ ਸਥਾਪਨਾ ਤੋਂ ਬਾਅਦ ਅਕਾਲੀ ਦਲ (ਬਾਦਲ) ਨੂੰ ਵੀ ਇਸ ਵਿੱਚ ਸ਼ਾਮਿਲ ਕਰਨ ਦੇ ਯਤਨ ਸ਼ੁਰੂ ਕੀਤੇ ਗਏ। ਅਪ੍ਰੈਲ 1995 ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਅਕਾਲੀ ਦਲ (ਬਾਦਲ) ਨੂੰ ਮਿਲਾ ਕੇ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਵਿੱਚ ਸੰਯੁਕਤ ਅਕਾਲੀ ਦਲ (ਐੱਸ. ਏ. ਡੀ.) ਸਥਾਪਿਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਅਭਿਆਸ ਨੂੰ ਪੂਰਾ ਕਰਨ ਲਈ ਅਤੇ ਅੰਮ੍ਰਿਤਸਰ ਘੋਸ਼ਣਾ ਪੱਤਰ ਵਿੱਚ ਸ਼ਾਮਿਲ ਵਿਸ਼ੇਸ਼ਤਾਵਾਂ ਅਤੇ ਮੰਗਾਂ 'ਤੇ ਮਤਭੇਦਾਂ ਨੂੰ ਦੂਰ ਕਰਨ ਲਈ ਇਕ ਤਿੰਨ ਮੈਂਬਰੀ ਪੈਨਲ ਸਥਾਪਿਤ ਕੀਤਾ ਗਿਆ।

ਸੰਯੁਕਤ ਅਕਾਲੀ ਦਲ ਦੀ ਸਥਾਪਨਾ ਤੋਂ ਬਾਅਦ ਵੀ ਕਈ ਗੁੱਟਾਂ ਨੇ ਕਈ ਅਲੱਗ-ਅਲੱਗ ਮੌਕਿਆਂ 'ਤੇ ਅਲੱਗ-ਅਲੱਗ ਗੱਲਾਂ ਕਹਿਣੀਆਂ ਜਾਰੀ ਰੱਖੀਆਂ। ਮਾਨ ਸਮੂਹ ਨੇ ਕਈ ਹੈਰਾਨ ਕਰਨ ਵਾਲੇ ਘੋਸ਼ਣਾ ਪੱਤਰ ਜਾਰੀ ਕਰਨ ਦਾ ਸਿਲਸਿਲਾ ਜਾਰੀ ਰੱਖਿਆ ਅਤੇ ਇਹ ਸਿਲਸਿਲਾ ਕਾਫੀ ਸਮੇਂ ਤੱਕ ਚੱਲਦਾ ਰਿਹਾ। 22 ਅਪ੍ਰੈਲ 1995 ਨੂੰ ਅਕਾਲੀ ਦਲ (ਅ) ਅਤੇ ਅਕਾਲੀ ਦਲ (ਪੰਜਾਬ) ਨੂੰ ਉਪਚਾਰਿਕ ਭੰਗ ਕਰ ਦਿੱਤਾ ਗਿਆ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ, ਜਿਸ ਨੇ ਕਿ ਇਕ ਉਦਾਰਵਾਦੀ ਅਕਾਲੀ ਦਲ ਦੇ ਰੂਪ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਦੇ ਹਿੱਤਾ ਦੀ ਰੱਖਿਆ ਕਰਦੇ ਸਮੇਂ ਭਾਰਤ ਦੀ ਏਕਤਾ ਅਤੇ ਸ਼ਕਤੀ ਨੂੰ ਬਣਾਈ ਰੱਖਣ ਦੀ ਨੀਤੀ 'ਤੇ ਚੱਲਣ ਦਾ ਫੈਸਲਾ ਕੀਤਾ ਗਿਆ। 1996 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਦੀਆਂ 8 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਜਦੋਂ ਕਿ ਦੋ ਸੀਟਾਂ ਹੀ ਮਿਲੀਆਂ ਅਤੇ 3 ਸੀਟਾਂ ਬੀ. ਐੱਸ. ਪੀ. ਨੂੰ ਪ੍ਰਾਪਤ ਹੋਈਆਂ। ਫਰਵਰੀ 1997 ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ ਬੀ. ਜੇ. ਪੀ ਨਾਲ ਗਠਬੰਧਨ ਕੀਤਾ ਅਤੇ ਸਾਂਝੇ ਰੂਪ ਵਿੱਚ ਚੋਣਾਂ ਲੜੀਆਂ। ਇਸ ਨੇ ਪੰਜਾਬ ਵਿਧਾਨ ਸਭਾ ਵਿੱਚ 75 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਅਤੇ ਬੀ. ਜੇ. ਪੀ. ਨੇ 18 ਸੀਟਾਂ ਜਿੱਤੀਆਂ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਨੂੰ 14, ਸੀ. ਪੀ . ਆਈ. ਨੂੰ 2, ਬੀ. ਐੱਸ. ਪੀ. ਨੂੰ 1, ਸ਼੍ਰੋਮਣੀ ਅਕਾਲੀ ਦਲ ਮਾਨ ਨੂੰ 1 ਅਤੇ ਸੁਤੰਤਰਤਾ ਉਮੀਦਵਾਰਾਂ ਨੂੰ 8 ਸੀਟਾਂ ਮਿਲੀਆਂ। ਪੰਜਾਬ ਵਿੱਚ ਅਕਾਲੀ ਦਲ ਬੀ. ਜੇ. ਪੀ. ਦੀ ਸਾਂਝੀ ਸਰਕਾਰ ਦਾ ਗਠਨ ਹੋਇਆ। 19 ਫਰਵਰੀ ਵਿੱਚ ਪੰਜਾਬ ਵਿੱਚ ਅਕਾਲੀ ਦਲ ਭਾਜਪਾ ਦੀ ਸਰਕਾਰ ਸੱਤਾਰੂੜ ਹੋ ਗਈ ਜੋ ਕਿ ਫਰਵਰੀ 2002 ਤੱਕ ਸ਼ਾਸਨ ਕਰਦੀ ਰਹੀ। 1997 ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਲੋਕਪ੍ਰਿਯਤਾ ਬਹੁਤ ਵੱਧ ਗਈ ਪਰ 1990 ਤੱਕ ਪਹੁੰਚਦੇ-ਪਹੁੰਚਦੇ ਅਕਾਲੀ ਦਲ ਵਿੱਚ ਇਕ ਵਾਰ ਫਿਰ ਦਰਾਰ ਪੈ ਗਈ ਜਦੋਂ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਿੱਚ ਕੁਝ ਅਕਾਲੀ ਮੈਂਬਰਾਂ ਨੇ ਅਲੱਗ ਹੋ ਕੇ ਇਕ ਨਵਾਂ ਦਲ ਸਰਵ ਹਿੰਦ ਸ਼੍ਰੋਮਣੀ ਅਕਾਲੀ ਦਲ (SHSAD) ਦੀ ਸਥਾਪਨਾ ਕਰ ਲਈ। ਇਸ ਫੁੱਟ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਲੋਕਪ੍ਰਿਯਤਾ ਅਤੇ ਸ਼ਕਤੀ ਵਿੱਚ ਕਮੀ ਆਈ ਅਤੇ ਅਕਤੂਬਰ 1999 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ 2 ਉਮੀਦਵਾਰ ਹੀ ਸਫਲ ਹੋਏ ਜਦੋਂ ਕਿ ਬੀ. ਜੇ. ਪੀ ਕੇਵਲ 1 ਸੀਟ ਹੀ ਜਿੱਤ ਸਕੀ ਪਰ ਫਰਵਰੀ 2002 ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਅਕਾਲੀ ਦਲ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਅਕਾਲੀ ਦਲ ਬਾਦਲ 116 ਸੀਟਾਂ ਵਿੱਚੋਂ ਕੇਵਲ 42 ਸੀਟਾਂ ਜਿੱਤ ਸਕੀ ਜਦੋਂ ਕਿ ਕਾਂਗਰਸ ਨੂੰ ਇਸ ਦੇ ਮੁਕਾਬਲੇ 62 ਸੀਟਾਂ ਪ੍ਰਾਪਤ ਹੋਈਆਂ। ਇਨ੍ਹਾਂ ਚੋਣਾਂ ਵਿੱਚ ਸਰਵ-ਹਿੰਦ ਅਕਾਲੀ ਦਲ

(ਟੌਹੜਾ) ਅਤੇ ਅਕਾਲੀ ਦਲ (ਮਾਨ) ਦਾ ਪ੍ਰਦਰਸ਼ਨ ਬਹੁਤ ਖਰਾਬ ਰਿਹਾ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀ ਦਲ ਦੀ ਭੂਮਿਕਾ ਪ੍ਰਾਪਤ ਹੋਈ ਅਤੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਦਾ ਗਠਨ ਹੋਇਆ। ਇਸ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਲੋਕਪ੍ਰਿਯਤਾ ਕੁਝ ਘੱਟ ਹੋ ਗਈ ਪਰ ਕੁਝ ਸਮੇਂ ਬਾਅਦ ਇਸ ਦੀ ਸਥਿਤੀ ਵਿੱਚ ਕੁਝ ਸੁਧਾਰ ਹੋਇਆ ਜਦੋਂ ਕਿ ਸਰਵਹਿੰਦ ਅਕਾਲੀ ਦਲ ਟੌਹੜਾ ਸਮੂਹ ਫਿਰ ਤੋਂ ਅਕਾਲੀ ਦਲ ਵਿੱਚ ਸ਼ਾਮਿਲ ਹੋ ਗਿਆ। ਮਾਰਚ-ਅਪ੍ਰੈਲ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਆਪਣੀ ਵੱਧ ਰਹੀ ਲੋਕਪ੍ਰਿਯਤਾ ਦਿਖਾਉਣ ਵਿੱਚ ਕੁਝ ਹੱਦ ਤੱਕ ਸਫਲ ਰਿਹਾ ਜਦੋਂ ਇਸ ਨੇ 14ਵੀਂ ਲੋਕ ਸਭਾ ਵਿੱਚ 8 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਜਦੋਂ ਕਿ ਕਾਂਗਰਸ ਨੂੰ ਕੇਵਲ 2 ਸੀਟਾਂ ਹੀ ਮਿਲੀਆਂ। ਅੱਜ-ਕੱਲ੍ਹ ਫਿਰ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਸਮਰਥਨ ਅਧਾਰ ਵਿਸਤ੍ਰਿਤ ਹੋ ਰਿਹਾ ਹੈ ਅਤੇ ਆਪਣੀ ਲੋਕਪ੍ਰਿਯਤਾ ਵਧਾ ਰਿਹਾ ਹੈ। ਐੱਸ. ਜੀ. ਪੀ ਸੀ. 'ਤੇ ਬਾਦਲ ਅਕਾਲੀ ਦਲ ਦਾ ਹੀ ਕੰਟਰੋਲ ਹੈ, ਜਦ ਕਿ ਸਿੱਖ ਨਿਆਇਕ ਆਯੋਗ ਦੇ ਜੁਲਾਈ 2005 ਦੇ ਫੈਸਲੇ ਤੋਂ ਬਾਅਦ ਐੱਸ. ਜੀ. ਪੀ. ਸੀ ਪ੍ਰਧਾਨ ਬੀਬੀ ਜਗੀਰ ਕੌਰ ਦੀ ਲੋਕਪ੍ਰਿਯਤਾ ਅਤੇ ਉਸ ਦੀ ਅਗਵਾਈ ਦੀ ਭਰੋਸੇ ਨੂੰ ਠੇਸ ਪਹੁੰਚਾਈ ਹੈ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਖ-ਵੱਖ ਅਕਾਲੀ ਦਲਾਂ ਅਤੇ ਅਕਾਲੀ ਗੁੱਟਾਂ ਕਾਰਨ ਬਹੁਤ ਵਾਰ ਹਾਨੀ ਪਹੁੰਚੀ ਹੈ ਅੱਜ ਵੀ ਪਹੁੰਚ ਰਹੀ ਹੈ। ਅਕਾਲੀ ਦਲ ਮਾਨ, ਅਕਾਲੀ ਦਲ ਚੰਦੂਮਾਜਰਾ ਗੁੱਟ ਆਦਿ ਦੀ ਹੋਂਦ ਸ਼੍ਰੋਮਣੀ ਅਕਾਲੀ ਦਲ ਲਈ ਕਮਜ਼ੋਰੀ ਦਾ ਇਕ ਸਰੋਤ ਬਣਿਆ ਹੋਇਆ ਹੈ ਪਰ ਬੀ. ਜੇ. ਪੀ. ਨਾਲ ਗਠਬੰਧਨ ਨੇ 1996 ਤੋਂ ਲੈ ਕੇ ਅੱਜ ਤੱਕ ਪੰਜਾਬ ਦੀ ਰਾਜਨੀਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਨੂੰ ਦ੍ਰਿੜਤਾ ਹੀ ਪ੍ਰਦਾਨ ਕੀਤੀ ਹੈ ਪਰ ਭਵਿੱਖ ਵਿੱਚ ਅਜਿਹਾ ਹੀ ਹੋਵੇਗਾ, ਇਸ ਦਾ ਉੱਤਰ ਅੱਜ ਸਕਾਰਾਤਮਕ ਰੂਪ ਵਿੱਚ ਨਹੀਂ ਦਿੱਤਾ ਜਾ ਸਕਦਾ।

### ਅਕਾਲੀ ਦਲ ਦੀਆਂ ਨੀਤੀਆਂ ਅਤੇ ਪ੍ਰੋਗਰਾਮ (Policies and Programmes of the Akali Dal)

ਅਕਾਲੀ ਦਲ ਪ੍ਰਗਤੀਸ਼ੀਲ ਪਸੰਦ ਆਰਥਿਕ ਨੀਤੀਆਂ, ਦੂਸਰਿਆਂ ਦੇ ਧਾਰਮਿਕ ਮੁੱਦਿਆਂ ਵਿੱਚ ਦਖਲਅੰਦਾਜ਼ੀ ਨਾ ਕਰਨ, ਸਮਾਜ ਦੇ ਕਮਜ਼ੋਰ ਵਰਗ ਦੇ ਵਰਗਾਂ ਦੇ ਹਿੱਤਾਂ ਦੀ ਰੱਖਿਆ, ਇਸਤਰੀ ਅਤੇ ਪੁਰਸ਼ ਦੀ ਬਰਾਬਰਤਾ, ਮਨੁੱਖੀ ਅਧਿਕਾਰਾਂ ਦਾ ਸਨਮਾਨ, ਮਨੁੱਖ ਵੱਲੋਂ ਮਨੁੱਖ ਦਾ ਸ਼ੋਸ਼ਣ ਖਤਮ ਕਰਨ, ਛੂਤ-ਛਾਤ ਨੂੰ ਬਿਲਕੁੱਲ ਹੀ ਖਤਮ ਕਰਨ, ਸਮਾਜਵਾਦ, ਯੋਜਨਾਬੱਧ ਆਰਥਿਕ ਵਿਕਾਸ, ਨਸ਼ਿਆਂ ਦਾ ਇਸਤੇਮਾਲ ਬੰਦ ਕਰਨ, ਪੰਚਾਇਤੀ ਰਾਜ ਦਾ ਪ੍ਰਸਾਰ ਜਾਂ ਅਧਿਕਾਰਾਂ ਦੇ ਵਿਕੇਂਦਰੀਕਰਨ, ਰਾਜਾਂ ਨੂੰ ਅਧਿਕਾਰ ਸਵਾਯਤਤਾ ਅਤੇ ਵਿੱਤੀ ਵਿਕੇਂਦਰੀਕਰਨ ਦਾ ਸਮਰਥਨ ਹੈ। ਅਕਾਲੀ ਦਲ ਇਕ ਪੰਥਕ ਦਲ ਹੈ ਅਤੇ ਇਹ ਸਿੱਖਾਂ ਨੂੰ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਉਮੰਗਾਂ ਦੀ ਪੂਰਤੀ ਦਾ ਮੁੱਖ ਸਮਰਥਕ ਹੈ।

ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ ਆਪਣਾ ਚੋਣ ਘੋਸ਼ਣਾ ਪੱਤਰ ਜਾਰੀ ਕਰਦਾ ਰਿਹਾ ਹੈ, ਜਿਨ੍ਹਾਂ ਵਿੱਚ ਇਸ ਦਲ ਦੀਆਂ ਨੀਤੀਆਂ ਅਤੇ ਪ੍ਰੋਗਰਾਮ ਦਾ ਬਿਊਰਾ ਦਿੱਤਾ ਜਾਂਦਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਲੋਕਾਂ ਤੋਂ ਪੰਥਕ ਏਕਤਾ, ਰਾਜਨੀਤਿਕ ਸਥਿਰਤਾ, ਆਰਥਿਕ ਸਮ੍ਰਿਧੀ ਅਤੇ ਸਮਾਜਿਕ ਸਹਿਯੋਗ ਅਤੇ ਏਕਸੁਰਤਾ ਦੇ ਨਾਮ 'ਤੇ ਵੋਟ ਮੰਗੇ ਅਤੇ ਇਹ ਮੰਗ ਕੀਤੀ ਕਿ ਉਨ੍ਹਾਂ ਸਿਧਾਂਤਾ ਅਤੇ ਵਿਅਕਤੀਆਂ ਨੂੰ ਹਾਰ ਦੇਣੀ ਚਾਹੀਦੀ ਹੈ ਜੋ ਕਿ ਵਿਦੇਸ਼ੀ ਮੂਲ ਦੇ ਹਨ ਅਤੇ ਦੇਸ਼ ਦੀ ਅਗਵਾਈ 'ਤੇ ਅਧਿਕਾਰ ਕਰਨ ਦਾ ਯਤਨ ਕਰ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਇਹ ਮੰਗ ਕਰਦੀ ਹੈ ਕਿ ਦੇਸ਼ ਵਿੱਚ ਇਕ ਸੱਚਾ ਸੰਘੀ ਢਾਂਚਾ ਸਥਾਪਿਤ ਕੀਤਾ ਜਾਵੇ, ਜਿਸ ਵਿੱਚ ਰਾਜਾਂ ਨੂੰ ਜ਼ਿਆਦਾ ਵਿੱਤੀ ਅਤੇ ਕਾਨੂੰਨੀ ਸ਼ਕਤੀਆਂ ਦਿੱਤੀਆਂ ਜਾਣ ਤਾ ਕਿ ਦੇਸ਼ ਦਾ ਸੰਤੁਲਿਤ ਅਤੇ ਸਰਵਪੱਖੀ ਵਿਕਾਸ ਕੀਤਾ ਜਾ ਸਕੇ। ਅਕਾਲੀ ਦਲ ਨੇ ਇਹ ਵੀ ਕਿਹਾ ਹੈ ਕਿ ਕਾਂਗਰਸੀ ਸਰਕਾਰਾਂ ਵੱਲੋਂ ਬਣਾਇਆ ਗਿਆ ਸੰਘ ਅਤੇ ਰਾਜਾਂ ਵਿੱਚ ਝਗੜੇ ਵਾਲੇ ਵਾਤਾਵਰਨ ਦਾ ਯੁੱਗ ਹੁਣ ਖਤਮ ਹੋ ਚੁੱਕਾ ਹੈ ਅਤੇ ਇਸ ਦੀ ਜਗ੍ਹਾ 'ਤੇ ਜ਼ਰੂਰੀ ਹੈ ਕਿ ਹੁਣ ਸਹਿਯੋਗੀ ਸੰਘਵਾਦ ਨੂੰ ਪੂਰਨ ਰੂਪ ਨਾਲ ਹੋਂਦ ਵਿੱਚ ਲਿਆ ਜਾਵੇ। ਸਾਡੇ ਮਹਾਨ ਦੇਸ਼ ਦੇ ਲਈ ਅਜਿਹਾ ਕਰਨਾ ਜ਼ਰੂਰੀ ਹੈ ਕਿਉਂਕਿ ਇਸ ਢੰਗ ਨਾਲ ਹੀ ਦੇਸ਼ ਦੀ ਸਮ੍ਰਿਧੀ ਸੰਸਕ੍ਰਿਤਿਕ, ਭਾਸ਼ਾਈ, ਧਾਰਮਿਕ ਅਤੇ ਸਮਾਜਿਕ ਵਿਭਿੰਨਤਾ ਵਾਲੀ ਵਿਰਾਸਤ ਨੂੰ ਬਣਾਈ ਰੱਖਿਆ ਜਾ ਸਕਦਾ ਹੈ।

ਹੁਣ ਚੋਣ ਘੋਸ਼ਣਾਵਾਂ ਵਿੱਚ ਆਨੰਦਪੁਰ ਸਹਿਬ ਦੇ ਪ੍ਰਸਤਾਵ ਦਾ ਕੋਈ ਵਰਨਣ ਨਹੀਂ ਹੁੰਦਾ ਤਾਂ ਵੀ ਅਸਲੀਅਤ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਇਸ ਪ੍ਰਸਤਾਵ ਪ੍ਰਤੀ ਵਚਨਬੱਧ ਹੈ। ਅਸਲੀ ਸੰਘਵਾਦ ਅਤੇ ਰਾਜਾਂ ਨੂੰ ਵਧੇਰੇ ਸਵਾਯਤਤਾ ਹਮੇਸ਼ਾ ਅਕਾਲੀ ਦਲ ਦੇ ਚੋਣ ਘੋਸ਼ਣਾ ਪੱਤਰ ਦੀ ਵੀ ਇਕ ਮੁੱਖ ਵਿਸ਼ੇਸ਼ਤਾ ਰਹਿੰਦੀ ਹੈ।

1997 ਦੇ ਚੋਣ ਘੋਸ਼ਣਾ ਪੱਤਰ ਵਿੱਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਅਕਾਲੀ ਦਲ ਪੰਜਾਬ ਵਿੱਚ ਸ਼ਾਂਤੀ ਦੀ ਵਿਵਸਥਾ ਨੂੰ ਲਗਾਤਾਰ ਬਣਾਈ ਰੱਖਣ ਲਈ ਵਚਨਬੱਧ ਹੈ ਅਤੇ ਕਿਸੇ ਵੀ ਕੀਮਤ 'ਤੇ ਪੰਜਾਬ ਦੀ ਸ਼ਾਂਤੀ ਨੂੰ ਖਰਾਬ ਕਰਨ ਵਾਲੇ ਤੱਤਾਂ ਨੂੰ ਕੋਈ ਮੌਕਾ ਨਹੀਂ ਦੇਵੇਗਾ। ਇਸ ਚੋਣ ਘੋਸ਼ਣਾ ਪੱਤਰ ਵਿੱਚ ਘੋਸ਼ਣਾ ਕੀਤੀ ਗਈ ਕਿ ਦੇਸ਼ ਵਿੱਚ ਜੋ ਰਾਸ਼ਟਰਵਾਦੀ ਲਹਿਰ ਚੱਲ ਰਹੀ ਸੀ ਉਸ ਵੱਲੋਂ ਨਕਾਰਾਤਮਕਵਾਦ, ਮੌਕਾਪ੍ਰਸਤ ਅਤੇ ਭ੍ਰਿਸ਼ਟਾਚਾਰ ਦੀਆਂ ਸ਼ਕਤੀਆਂ ਖਤਮ ਹੋ ਜਾਣਗੀਆਂ। ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ 'ਤੇ ਇਹ ਦੋਸ਼ ਲਗਾਇਆ ਕਿ ਇਹ ਦੇਸ਼ ਨੂੰ ਮੌਕਾਪ੍ਰਸਤ ਰਾਜਨੀਤੀ ਨਾਲ ਰਾਜਨੀਤਿਕ ਅਸਥਿਰਤਾ ਵੱਲ ਧਕੇਲਣ ਦਾ ਯਤਨ ਕਰ ਰਹੀ ਹੈ।

1997 ਦੇ ਚੋਣ ਘੋਸ਼ਣਾ ਪੱਤਰ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿੱਚ ਮੌਜੂਦ ਅਕਾਲੀ-ਭਾਜਪਾ ਗਠਬੰਧਨ ਸਰਕਾਰ

ਨੋਟ

ਦੀਆਂ ਪ੍ਰਾਪਤੀਆਂ ਦਾ ਵਰਨਣ ਕੀਤਾ ਅਤੇ ਇਹ ਮੰਗ ਕੀਤੀ ਕਿ ਪੰਜਾਬੀ ਏਕਤਾ ਨੂੰ ਦ੍ਰਿੜ ਕਰਨ ਲਈ, ਜਿਸ ਦਾ ਇਕ ਪ੍ਰਤੀਕ ਸ਼੍ਰੋਮਣੀ ਅਕਾਲੀ ਦਲ-ਭਾਜਪਾ ਹੈ, ਨੂੰ ਹੋਰ ਵੀ ਸ਼ਕਤੀਸ਼ਾਲੀ ਕਰਨ ਦੀ ਜ਼ਰੂਰਤ ਹੈ। ਅਸਲ ਵਿੱਚ ਅਕਾਲੀ ਦਲ ਨੇ ਇਹ ਘੋਸ਼ਣਾ ਕੀਤੀ ਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਗਠਬੰਧਨ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਪੰਜਾਬੀਆਂ ਦੀ ਏਕਤਾ ਅਤੇ ਪੰਜਾਬ ਵਿੱਚ ਸ਼ਾਂਤੀ ਦੀ ਸਥਾਪਨਾ। ਪੰਜਾਬੀ ਏਕਤਾ ਨੇ ਰਾਸ਼ਟਰੀ ਏਕਤਾ ਦੀ ਪ੍ਰਕਿਰਿਆ ਨੂੰ ਦਿਸ਼ਾ ਦਿੱਤੀ ਹੈ। ਰਾਸ਼ਟਰੀ ਲੋਕਤੰਤਰੀ ਗਠਬੰਧਨ (ਐੱਨ. ਡੀ. ਏ.) ਵੱਲੋਂ ਜਾਰੀ ਕੀਤੇ ਗਏ ਸਾਂਝੇ ਘੋਸ਼ਣਾ ਪੱਤਰ ਦੀ ਸ਼੍ਰੋਮਣੀ ਅਕਾਲੀ ਦਲ ਨੇ ਪ੍ਰਸ਼ੰਸਾ ਕੀਤੀ ਅਤੇ ਸ਼੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਨੂੰ ਮਜ਼ਬੂਤ ਕਰਨ ਲਈ ਲੋਕਾਂ ਨੂੰ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਭਾਜਪਾ ਗਠਬੰਧਨ ਦੇ ਉਮੀਦਵਾਰਾਂ ਦੀ ਜਿੱਤ ਦਿਵਾਉਣ ਦੀ ਅਪੀਲ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਚੋਣ ਮੈਨੀਫੈਸਟੋ ਵਿੱਚ ਵਾਰ-ਵਾਰ ਕਾਂਗਰਸ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਗਈ ਅਤੇ ਲੋਕਤੰਤਰੀ ਮੋਰਚੇ ਦੀਆਂ ਨੀਤੀਆਂ ਦਾ ਸਵਾਗਤ ਕੀਤਾ ਗਿਆ। ਅਕਾਲੀ ਦਲ ਨੇ ਇਸ ਘੋਸ਼ਣਾ ਪੱਤਰ ਵਿੱਚ ਇਹ ਪ੍ਰਤਿੱਗਿਆ ਕੀਤੀ ਕਿ ਅਕਾਲੀ ਦਲ ਲੰਮੇ ਸਮੇਂ ਤੋਂ ਚੱਲੀਆਂ ਆ ਰਹੀਆਂ ਪੰਜਾਬ ਦੇ ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਦਾ ਯਤਨ ਕਰੇਗਾ। ਦਰਿਆਵਾਂ ਦੇ ਪਾਣੀ ਦੇ ਝਗੜੇ ਦਾ ਹੱਲ ਕਰਵਾਉਣ ਅਤੇ ਚੰਡੀਗੜ੍ਹ ਤੇ ਹੋਰ ਪੰਜਾਬੀ ਬੋਲਣ ਵਾਲੇ ਖੇਤਰਾਂ ਨੂੰ ਪੰਜਾਬ ਵਿੱਚ ਸ਼ਾਮਿਲ ਕੀਤਾ ਜਾਵੇਗਾ। ਪੰਜਾਬੀ ਭਾਸ਼ਾ ਅਤੇ ਸੰਸਕ੍ਰਿਤੀ ਨੂੰ ਸਾਰੇ ਦੇਸ਼ ਅਤੇ ਵਿਸ਼ੇਸ਼ ਤੌਰ 'ਤੇ ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਵਿੱਚ ਉਤਸ਼ਾਹਿਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਭਰਪੂਰ ਯਤਨ ਕਰੇਗਾ।

1997 ਦੇ ਘੋਸ਼ਣਾ ਪੱਤਰ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਦਲਿਤਾਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੀ ਭਲਾਈ ਵੱਲ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਇਹ ਐਲਾਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਅਜਿਹਾ ਪਹਿਲਾਂ ਉਹ ਦਲ ਹੈ, ਜਿਸ ਨੇ ਦਲਿਤਾਂ ਦੇ ਸਨਮਾਨ ਦੀ ਪੈਰਵੀ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ ਨੇ ਇਹ ਵੀ ਘੋਸ਼ਿਤ ਕੀਤਾ ਕਿ ਉਹ ਕਿਸਾਨਾਂ ਦੀ ਭਲਾਈ ਲਈ ਪੂਰੇ ਯਤਨ ਕਰੇਗਾ ਅਤੇ ਪੰਜਾਬ ਵਿੱਚ ਖੇਤੀ 'ਤੇ ਅਧਾਰਿਤ ਉਦਯੋਗਾਂ ਦੀ ਸਥਾਪਨਾ ਕਰਨ ਦੀ ਪਹਿਲ ਦੇਵੇਗਾ। ਖੇਤੀ ਉਤਪਾਦਾਂ ਦੇ ਸਬੰਧ ਵਿੱਚ ਖੁੱਲ੍ਹੇ ਵਿਦੇਸ਼ੀ ਵਪਾਰ ਦੀ ਨੀਤੀ ਨੂੰ ਮਨਵਾਏ ਜਾਣ ਦਾ ਸਮਰਥਨ ਕਰੇਗਾ ਅਤੇ ਇਹ ਭਰੋਸੇਯੋਗ ਬਣਾਏਗਾ ਕਿ ਕਿਸਾਨਾਂ ਨੂੰ ਆਪਣੇ ਖੇਤੀ ਉਤਪਾਦ ਦਾ ਲਾਭਦਾਇਕ ਮੁੱਲ ਮਿਲੇ। ਕਿਸਾਨਾਂ ਦੀ ਭਲਾਈ ਲਈ ਅਤੇ ਨੌਜਵਾਨਾਂ ਤੇ ਮਹਿਲਾਵਾਂ ਦੀ ਭਲਾਈ ਲਈ ਸ਼੍ਰੋਮਣੀ ਅਕਾਲੀ ਦਲ ਵਿਸ਼ੇਸ਼ ਕਦਮ ਉਠਾਏਗਾ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਅਰਥ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਵਿਦੁਤ, ਸੜਕਾਂ ਅਤੇ ਅਰਥ ਵਿਵਸਥਾ ਦੇ ਸ਼ੁਰੂਆਤੀ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ ਭਰਪੂਰ ਯਤਨ ਕਰੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਇਸ ਘੋਸ਼ਣਾ ਪੱਤਰ ਵਿੱਚ 5 ਮੁੱਖ ਵਿਸ਼ੇਸ਼ਤਾਵਾਂ 'ਤੇ ਜ਼ੋਰ ਦਿੱਤਾ ਗਿਆ:

1. ਅਸਲੀ ਸੰਘੀ ਢਾਂਚੇ ਨੂੰ ਅਪਣਾਏ ਜਾਣ ਦਾ ਯਤਨ।
2. ਰਾਜਾਂ ਲਈ ਜ਼ਿਆਦਾ ਵਿੱਤੀ ਸ਼ਕਤੀਆਂ ਪ੍ਰਾਪਤ ਕਰਨ ਦਾ ਯਤਨ।
3. ਆਨੰਦਪੁਰ ਸਾਹਿਬ ਪ੍ਰਸਤਾਵ ਪ੍ਰਤੀ ਵਚਨਬੱਧਤਾ।
4. ਕਿਸਾਨਾਂ ਨੂੰ ਮੁਫਤ ਬਿਜਲੀ ਅਤੇ ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ ਯਤਨ ਜਾਰੀ ਰੱਖਣਾ।
5. ਭ੍ਰਿਸ਼ਟਾਚਾਰੀ ਨੂੰ ਖਤਮ ਕਰਨਾ।

ਸ਼੍ਰੋਮਣੀ ਅਕਾਲੀ ਦਲ ਦੇ ਸਮਰਥਨ ਦਾ ਮੁੱਖ ਸਮਾਜਿਕ ਅਧਾਰ ਹੈ ਸਿੱਖ ਪੰਥ ਦੇ ਪੈਰੋਕਾਰ ਵਿਸ਼ੇਸ਼ ਤੌਰ 'ਤੇ ਕਿਸਾਨ ਅਤੇ ਪੇਂਡੂ ਲੋਕ। ਅਕਾਲੀ ਦਲ ਦੀਆਂ ਨੀਤੀਆਂ ਵਿੱਚ ਹਮੇਸ਼ਾ ਇਹ ਯਤਨ ਰਿਹਾ ਹੈ ਕਿ ਪੇਂਡੂ ਸੁਧਾਰ ਪ੍ਰੋਗਰਾਮਾਂ ਨੂੰ ਪਹਿਲ ਦਿੱਤੀ ਜਾਵੇ। ਅਸਲ ਵਿੱਚ ਅਕਾਲੀ ਦਲ ਦੇ ਰਾਜਨੀਤਿਕ ਪ੍ਰੋਗਰਾਮ ਵਿੱਚ ਹਮੇਸ਼ਾ ਹੀ ਹੇਠ ਲਿਖੀਆਂ ਨੀਤੀਆਂ ਅਤੇ ਪ੍ਰੋਗਰਾਮ ਸ਼ਾਮਿਲ ਹਨ:

*(i)* ਭੂਮੀ ਸੁਧਾਰ ਕਾਨੂੰਨਾਂ ਨੂੰ ਲਾਗੂ ਕਰਨਾ।

*(ii)* ਖੇਤੀ ਦੇ ਉਤਪਾਦਨ ਨੂੰ ਵਧਾਉਣਾ।

*(iii)* ਪੇਂਡੂ ਗਰੀਬੀ 'ਤੇ ਕੰਟਰੋਲ ਪਾਉਣਾ

*(iv)* ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਨੀ ਅਤੇ ਉਨ੍ਹਾਂ ਨੂੰ ਮੁਫਤ ਬਿਜਲੀ ਪਾਣੀ ਦਾ ਪ੍ਰਬੰਧ ਕਰਵਾਉਣਾ।

*(v)* ਖੇਤੀ ਨੂੰ ਲਾਭਦਾਇਕ ਬਣਾਉਣ ਲਈ ਇਸ ਦਾ ਤੇਜ਼ੀ ਨਾਲ ਵਿਕਾਸ ਕਰਨਾ।

*(vi)* ਹੁਸ਼ਿਆਪੁਰ, ਰੋਪੜ ਅਤੇ ਗੁਰਦਾਸਪੁਰ ਦੇ ਕੰਡੀ ਖੇਤਰਾਂ ਦਾ ਤੇਜ਼ੀ ਨਾਲ ਵਿਕਾਸ ਕਰਨਾ।

*(vii)* ਫਾਲਤੂ ਭੂਮੀ ਨੂੰ ਹਰੀਜਨਾਂ ਅਤੇ ਰਾਏ ਸਿੱਖਾਂ ਵਿੱਚ ਵੰਡਣਾ।

*(viii)* ਖੇਤੀ ਦਾ ਆਧੁਨਿਕੀਕਰਨ ਕਰਨਾ।

ਨੋਟ

(ix) ਖੁਰਾਕ ਦੇ ਸੁਤੰਤਰ ਵਪਾਰ ਦੇ ਰਸਤੇ ਵਿੱਚ ਮੌਜੂਦ ਪ੍ਰਤੀਬੰਧਾਂ ਨੂੰ ਖਤਮ ਕਰਵਾਉਣਾ।

(x) ਫਸਲ ਬੀਮਾ ਯੋਜਨਾ ਨੂੰ ਵਿਆਪਕ ਪੱਧਰ 'ਤੇ ਲਾਗੂ ਕਰਨਾ।

(xi) ਖੇਤੀ 'ਤੇ ਅਧਾਰਿਤ ਉਦਯੋਗਾਂ ਦਾ ਵਿਕਾਸ ਕਰਨਾ।

(xii) ਪੇਂਡੂ ਰੋਜ਼ਗਾਰ ਦੇ ਮੌਕੇ ਵਧਾਉਣਾ।

(xiii) ਸ਼ਹਿਰਾਂ ਵਿੱਚ ਮਕਾਨਾਂ ਦੀ ਕਮੀ ਦੂਰ ਕਰਨ 'ਤੇ ਜ਼ੋਰ ਦੇਣਾ।

(xiv) ਅਨੁਸੂਚਿਤ ਜਾਤੀਆਂ ਅਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਸਵੈ-ਰੋਜ਼ਗਾਰ ਲਈ ਬਿਨਾਂ ਵਿਆਜ ਨਾਲ ਕਰਜ਼ਾ ਦੇਣਾ।

(xv) ਖੇਤੀ ਲਈ ਜ਼ਰੂਰੀ ਸਿੰਚਾਈ ਸੁਵਿਧਾਵਾਂ ਦਾ ਵਿਕਾਸ ਕਰਨਾ।

(xvi) ਸਰਵਜਨਕ ਖੇਤਰ ਵਿੱਚ ਮੌਜੂਦ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ।

(xvii) ਪੰਜਾਬ ਵਿੱਚੋਂ ਨਿਰਪੱਖਤਾ ਨੂੰ ਖਤਮ ਕਰਨਾ।

(xviii) ਪੰਜਾਬ ਵਾਸੀਆਂ ਲਈ ਸੈਨਾ ਵਿੱਚ ਭਰਤੀ ਹੋਣ ਦੇ ਕੋਟੇ ਦੀ ਵਿਵਸਥਾ ਨੂੰ ਖਤਮ ਕਰਨਾ।

(xix) ਦਲਿਤਾਂ ਅਤੇ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਕਰਨਾ।

ਸ਼੍ਰੋਮਣੀ ਅਕਾਲੀ ਦਲ ਇਕ ਪੰਥਕ ਅਤੇ ਖੇਤਰੀ ਦਲ ਹੀ ਹੈ। ਸੁਭਾਵਿਕ ਰੂਪ ਵਿੱਚ ਇਹ ਦਲ ਹਮੇਸ਼ਾ ਆਪਣੇ-ਆਪ ਨੂੰ ਪੰਜਾਬ ਦੀ ਉੱਨਤੀ ਅਤੇ ਸਮ੍ਰਿਧੀ ਨਾਲ ਜੋੜਦਾ ਹੈ ਅਤੇ ਇਸ ਉਦੇਸ਼ ਦੀ ਪ੍ਰਾਪਤੀ ਲਈ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਚਲਾਉਂਦਾ ਹੈ। 1996 ਦੇ ਬਾਅਦ ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਭੂਮਿਕਾ ਵਿੱਚ ਵਾਧਾ ਹੋਇਆ ਹੈ। ਪੰਜਾਬ ਵਿੱਚ ਅਤੇ ਕੇਂਦਰੀ ਪੱਧਰ 'ਤੇ ਮੌਕੇ ਭਾਜਪਾ ਗਠਬੰਧਨ ਕਰਨ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਲੋਕਪ੍ਰਿਯਤਾ ਵਧੀ ਹੈ ਅਤੇ ਇਸ ਨੂੰ ਸੱਤਾ ਇਸਤੇਮਾਲ ਕਰਨ ਦਾ ਮੌਕਾ ਵੀ ਮਿਲਿਆ ਹੈ। ਅੱਜ-ਕੱਲ੍ਹ ਅਕਾਲੀ ਦਲ ਦੀ ਇਹ ਨੀਤੀ ਹੈ ਕਿ ਉਹ ਪੰਜਾਬ ਦੀ ਰਾਜਨੀਤੀ ਅਤੇ ਰਾਸ਼ਟਰੀ ਪੱਧਰ ਦੀ ਰਾਜਨੀਤੀ ਵਿੱਚ ਬੀ. ਜੇ. ਪੀ. ਨਾਲ ਸਾਂਝ ਬਣਾ ਕੇ ਹੀ ਹਿੱਸਾ ਲਵੇਗਾ। ਪੰਜਾਬ ਦੀ ਰਾਜਨੀਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਕਾਂਗਰਸ ਦਾ ਪ੍ਰਬਲ ਵਿਰੋਧੀ ਰਿਹਾ ਹੈ। ਪੰਜਾਬ ਚੋਣਾਂ ਵਿੱਚ ਸਧਾਰਣ ਰੂਪ 'ਚ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵਿਚਕਾਰ ਹੀ ਹੁੰਦਾ ਹੈ।

### ਆਨੰਦਪੁਰ ਸਾਹਿਬ ਦਾ ਪ੍ਰਸਤਾਵ (The Anandpur Sahib Resolution)

ਕਿਉਂਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਆਨੰਦਪੁਰ ਸਾਹਿਬ ਪ੍ਰਸਤਾਵ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟ ਕਰਦਾ ਹੈ ਅਤੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਆਨੰਦਪੁਰ ਸਾਹਿਬ ਪ੍ਰਸਤਾਵ ਨੂੰ ਪੜ੍ਹੀਏ, ਚਾਹੇ ਆਨੰਦਪੁਰ ਪ੍ਰਸਤਾਵ ਦੇ ਅਲੱਗ-ਅਲੱਗ ਮਸੌਦੇ ਮੌਜੂਦ ਹਨ ਪਰ ਅਸੀਂ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਆਪਣੇ ਹਸਤਾਖਰ ਵਿੱਚ ਪ੍ਰਮਾਣਿਤ ਕੀਤੇ ਗਏ ਪ੍ਰਸਤਾਵ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰਦੇ ਹਾਂ:

#### (ਕ) ਸਿਧਾਂਤ

1. ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਸਰਵਉੱਚ ਸੰਸਥਾ ਹੈ, ਇਸ ਲਈ ਉਸ ਨੂੰ ਅਗਵਾਈ ਕਰਨ ਦਾ ਪੂਰਾ ਅਧਿਕਾਰ ਹੈ। ਇਸ ਸੰਸਥਾ ਦਾ ਅਧਾਰ ਪ੍ਰਸਪਰ ਸਬੰਧਾਂ, ਮਨੁੱਖ ਦੀਆਂ ਇੱਛਾਵਾਂ ਅਤੇ ਉਸ ਦੇ ਸਿਰਜਣਹਾਰ ਨਾਲ ਸਬੰਧਾਂ 'ਤੇ ਨਿਰਭਰ ਹਨ।
2. ਇਹ ਸਿਧਾਂਤ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾ, ਜਿਵੇਂ ਨਾਮ ਜਪੋ, ਕਿਰਤ ਕਰੋ ਅਤੇ ਵੰਡ ਕੇ ਖਾਓ 'ਤੇ ਅਧਾਰਿਤ ਹੈ।

#### (ਖ) ਉਦੇਸ਼

ਸ਼੍ਰੋਮਣੀ ਅਕਾਲੀ ਦਲ ਹੇਠ ਲਿਖੇ ਉਦੇਸ਼ਾਂ ਦੀ ਪੂਰਤੀ ਲਈ ਭਰਪੂਰ ਯਤਨ ਕਰੇਗਾ:

1. ਸਿੱਖ ਧਰਮ ਅਤੇ ਪ੍ਰੰਪਰਾਵਾਂ ਦਾ ਪ੍ਰਚਾਰ ਕਰਨਾ ਅਤੇ ਨਾਸਤਿਕਤਾ ਦਾ ਵਿਰੋਧ ਕਰਨਾ।
2. ਪੰਥ ਦੀ ਸਥਾਪਤੀ ਸੁਤੰਤਰ ਪਹਿਚਾਣ ਨੂੰ ਬਣਾਈ ਰੱਖਣਾ ਅਤੇ ਅਜਿਹਾ ਵਾਤਾਵਰਨ ਬਣਾਉਣਾ ਜਿਸ ਵਿੱਚ ਸਿੱਖ ਆਪਣੀਆਂ ਭਾਵਨਾਵਾਂ ਨੂੰ ਪੂਰਨ ਰੂਪ ਨਾਲ ਪ੍ਰਗਟ ਕਰ ਸਕਣ।
3. ਬਰਾਬਰਤਾ ਵਾਲੇ ਆਰਥਿਕ ਢਾਂਚੇ ਦੀ ਸਥਾਪਨਾ ਵੱਲੋਂ ਨਿਰਭਰਤਾ ਅਤੇ ਭੁੱਖਮਰੀ ਦੂਰ ਕਰਨਾ ਸੰਪਤੀ ਵਿੱਚ ਵਾਧਾ ਕਰਨਾ ਅਤੇ ਹਰੇਕ ਤਰ੍ਹਾਂ ਦਾ ਸ਼ੋਸ਼ਣ ਖਤਮ ਕਰਨਾ।

**ਨੋਟ**

4. ਨਿਰਪੱਖਤਾ, ਛੂਆ ਛੂਤ ਅਤੇ ਜਾਤੀਵਾਦ ਨੂੰ ਖਤਮ ਕਰਨਾ ਜਿਵੇਂ ਕਿ ਸਿੱਖਾਂ ਦੀਆਂ ਪਾਵਨ ਸਿੱਖਿਆਵਾਂ ਵਿੱਚ ਦਰਜ ਹੈ।
5. ਬਿਮਾਰੀਆਂ ਅਤੇ ਰੋਗਾਂ ਨੂੰ ਦੂਰ ਕਰਨਾ, ਨਸ਼ੀਲੀਆਂ ਵਸਤੂਆਂ ਦਾ ਇਸਤੇਮਾਲ ਰੋਕਣਾ ਤਾਂ ਕਿ ਕੌਮ ਨੂੰ ਰਾਸ਼ਟਰ ਦੀ ਰੱਖਿਆ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਸ਼੍ਰੋਮਣੀ ਅਕਾਲੀ ਦਲ ਸਿੱਖਾਂ ਵਿੱਚ ਦੈਵੀ ਸ਼ਕਤੀ, ਈਸ਼ਵਰ ਵਿੱਚ ਭਰੋਸਾ ਰੱਖਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਆਪਣਾ ਮੁੱਖ ਕੰਮ ਸਮਝਦਾ ਹੈ ਤਾਂ ਕਿ ਉਹ ਸਿੱਖ ਹੋਣ 'ਤੇ ਮਾਣ ਕਰ ਸਕਣ।

ਇਸ ਨੂੰ ਪ੍ਰਾਪਤ ਕਰਨ ਲਈ ਅਕਾਲੀ ਦਲ ਹੇਠ ਲਿਖੇ ਪ੍ਰੋਗਰਾਮ ਸ਼ੁਰੂ ਕਰੇਗਾ:

1. ਪ੍ਰਮਾਤਮਾ ਇਕ ਹੈ, ਦਾ ਪ੍ਰਚਾਰ ਕਰੇਗਾ, ਦਸ ਗੁਰੂਆਂ ਅਤੇ ਪਵਿੱਤਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਅਤੇ ਉਸ ਵਿੱਚ ਵਿਸ਼ਵਾਸ ਅਤੇ ਸਿੱਖਾਂ ਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਇਨ੍ਹਾਂ ਸਿੱਖਿਆਵਾਂ ਸਬੰਧੀ ਜਾਣਕਾਰੀ ਨੂੰ ਪੂਰਾ ਉਤਸ਼ਾਹ ਦੇ ਦਿੱਤਾ ਜਾਵੇ।
2. ਸਿੱਖ ਧਰਮ, ਦਰਸ਼ਨ, ਸਿਧਾਂਤਾਂ ਅਤੇ ਲੰਗਰ ਦੇ ਪ੍ਰਚਾਰ ਲਈ ਸਿੱਖ ਮਿਸ਼ਨਰੀ ਕਾਲਜਾਂ ਤੋਂ ਚੰਗੇ ਵਧੀਆ ਪ੍ਰਚਾਰਕ, ਗਾਇਕ, ਢਾਡੀ ਅਤੇ ਸ਼ਾਇਰ ਤਿਆਰ ਕਰਨਾ ਤਾਂ ਕਿ ਪ੍ਰਚਾਰਕ ਭਾਰਤ ਅਤੇ ਵਿਦੇਸ਼ਾਂ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਕੂਲਾਂ ਅਤੇ ਕਾਲਜਾਂ ਵਿੱਚ ਪੂਰੀ ਸੁਤੰਤਰਤਾ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰ ਸਕਣ।
3. ਅੰਮ੍ਰਿਤ ਪ੍ਰਚਾਰ ਦਾ ਕੰਮ, ਵਿਸ਼ੇਸ਼ ਰੂਪ ਵਿੱਚ ਸਕੂਲਾਂ ਅਤੇ ਕਾਲਜਾਂ ਵਿੱਚ ਵਿਆਪਕ ਪੈਮਾਨੇ 'ਤੇ ਸ਼ੁਰੂ ਕਰਨਾ। ਕਾਲਜਾਂ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੂੰ ਇਸ ਉਦੇਸ਼ ਲਈ ਸੰਗਠਿਤ ਕਰਨ ਲਈ ਉਨ੍ਹਾਂ ਦੇ ਅਧਿਐਨ ਕੇਂਦਰ ਬਣਾਉਣ।
4. ਸਿੱਖਾਂ ਵਿੱਚ ਦਸਵੰਧ ਦੀ ਰਸਮ ਪੁਨਰ ਸ਼ੁਰੂ ਕਰਨੀ ਅਤੇ ਕਮਾਈ ਦੇ ਦਸਵੇਂ ਹਿੱਸੇ ਦੀ ਵਿਵਸਥਾ।
5. ਸਿੱਖ ਇਤਿਹਾਸਕਾਰਾਂ, ਬੁੱਧੀਜੀਵੀਆਂ, ਲੇਖਕਾਂ, ਪ੍ਰਚਾਰਕਾਂ, ਗ੍ਰੰਥੀਆਂ ਆਦਿ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਦੇ ਜੀਵਨ ਪੱਧਰ ਪ੍ਰੀਖਣ ਅਤੇ ਉਨ੍ਹਾਂ ਦੇ ਕੰਮ ਪ੍ਰਣਾਲੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸੁਵਿਧਾਵਾਂ ਉਪਲੱਬਧ ਕਰਵਾਉਣਾ।
6. ਗੁਰਦੁਆਰਾ ਪ੍ਰਸ਼ਾਸਨ ਨੂੰ ਸਰਗਰਮ ਬਣਾਉਣ ਲਈ ਸੇਵਾਦਾਰਾਂ ਨੂੰ ਪ੍ਰੀਖਣ ਦੇਣ, ਗੁਰਦੁਆਰਿਆਂ ਦੇ ਰੱਖ-ਰਖਾਵ ਲਈ ਪ੍ਰੀਖਣ ਦੇਣ ਦਾ ਪ੍ਰਬੰਧ ਕਰਨਾ ਅਤੇ ਇਸ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਸੰਮਤੀ ਦੇ ਮੈਂਬਰਾਂ ਨੂੰ ਦਿਸ਼ਾ ਨਿਰਦੇਸ਼ ਦੇਣਾ।
7. ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗ੍ਰੰਥਾਂ ਦੀ ਠੀਕ ਛਪਾਈ, ਪੁਰਾਣੇ ਅਤੇ ਨਵੇਂ ਸਿੱਖ ਇਤਿਹਾਸ ਦੀ ਸੋਧ ਕਰਨੀ ਅਤੇ ਸਿੱਖ ਧਾਰਮਿਕ ਗ੍ਰੰਥਾਂ ਦਾ ਅਨੁਵਾਦ ਕਰਨਾ ਅਤੇ ਸਿੱਖ ਸਿਧਾਂਤਾਂ ਦੇ ਸਾਫ ਸਾਹਿਤ ਦੀ ਸਿਰਜਣਾ ਕਰਨੀ।
8. ਨਵਾਂ ਅਖਿਲ ਭਾਰਤੀ ਗੁਰਦੁਆਰਾ ਅਧੀਨਿਯਮ ਬਣਾਉਣ ਲਈ ਭਰਪੂਰ ਯਤਨ ਕਰਨ, ਜਿਸ ਅਧੀਨ ਦੇਸ਼ ਭਰ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਕੰਮ-ਕੁਸ਼ਲਤਾ ਸਹਿਤ ਚਲਾਇਆ ਜਾ ਸਕੇ ਅਤੇ ਅਜਿਹੇ ਯਤਨ ਕਰਨੇ ਜਿਨ੍ਹਾਂ ਨਾਲ ਸਿੱਖਾਂ ਦੇ ਪੁਰਾਣੇ ਜਿਵੇਂ ਕਿ ਉਦਾਸੀ (Udasis) ਅਤੇ ਨਿਰਮਲ (Nirmala) ਸਿੱਖ ਇਤਿਹਾਸ ਦਾ ਅਭਿੰਨ ਅੰਗ ਬਣ ਸਕੇ।
9. ਧਾਰਮਿਕ ਪ੍ਰਚਾਰ ਲਈ ਸਾਂਝੇ ਸਾਧਨਾਂ ਦੇ ਪ੍ਰਭਾਵਸ਼ਾਲੀ ਲਾਭ ਲੈਣ ਲਈ ਸੰਸਾਰ ਭਰ ਦੇ ਸਾਰੇ ਗੁਰਦੁਆਰਿਆਂ ਦੇ ਮੈਨੇਜਰਾਂ ਨੂੰ ਇਕ ਸ਼੍ਰੇਣੀ ਅਤੇ ਵਿਵਸਥਾ ਵਿੱਚ ਜੋੜਨਾ।
10. ਸ਼੍ਰੀ ਨਨਕਾਣਾ ਸਾਹਿਬ ਅਤੇ ਹੋਰ ਸਾਰੇ ਗੁਰਧਾਮਾਂ, ਜਿਨ੍ਹਾਂ ਨਾਲੋਂ ਪੰਥ ਵਿਛੜ ਗਿਆ ਹੈ, ਦੇ ਖੁੱਲ੍ਹੇ ਦਰਸ਼ਨ ਪ੍ਰਾਪਤ ਕਰਵਾਉਣਾ। ਪੰਥ ਦਾ ਰਾਜਨੀਤਿਕ ਉਦੇਸ਼ ਨਿਸ਼ਤ ਹੀ ਦਸ਼ਮੇਸ਼ ਪਿਤਾ (ਸ਼੍ਰੀ ਗੁਰੂ ਗੋਬਿੰਦ) ਸਿੰਘ ਦੇ ਆਦੇਸ਼ਾਂ 'ਤੇ ਅਧਾਰਿਤ ਹੈ ਜੋ ਕਿ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਅੰਕਿਤ ਹੈ ਅਤੇ ਜੋ ਖਾਲਸਾ ਪੰਥ ਦਾ ਦਿਮਾਗ ਹੈ। ਇਸ ਦਾ ਉਦੇਸ਼ ਹੈ ਖਾਲਸਾ ਜੀ ਦਾ ਬੋਲਬਾਲਾ।

ਇਸ ਉਦੇਸ਼ ਦੀ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ ਯਤਨ ਕਰੇਗਾ ਅਤੇ ਹੇਠ ਲਿਖੇ ਖੇਤਰਾਂ ਵਿੱਚ ਸੰਘਰਸ਼ ਕਰੇਗਾ:

1. (ਕ) ਜੋ ਪੰਜਾਬੀ ਭਾਸ਼ਾਈ ਖੇਤਰ ਪੰਜਾਬ ਤੋਂ ਬਾਹਰ ਰੱਖੇ ਗਏ, ਉਹ ਜਾਣਬੁੱਝ ਕੇ ਰੱਖੇ ਗਏ ਹਨ ਜਿਵੇਂ ਕਿ ਡਲਹੌਜੀ ਗੁਰਦਾਸਪੁਰ ਜਿਲ੍ਹੇ ਤੋਂ, ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸ਼ਹਿਰ ਅੰਬਾਲਾ ਜਿਲ੍ਹੇ ਤੋਂ, ਸੰਪੂਰਨ ਊਨਾ ਤਹਿਸੀਲ ਹੁਸ਼ਿਆਰਪੁਰ ਜ਼ਿਲ੍ਹੇ ਤੋਂ, ਨਾਲਾਗੜ੍ਹ ਦਾ ਪਿੰਡ ਦੇਸ਼, ਕਰਨਾਲ ਜਿਲ੍ਹੇ ਦੀ ਸ਼ਾਹਬਾਦ ਤਹਿਸੀਲ, ਗੂਹਲਾ ਅਤੇ ਟੋਹਾਣਾ ਦੀਆਂ ਉੱਪ-ਤਹਿਸੀਲਾਂ, ਜ਼ਿਲ੍ਹਾ ਹਿਸਾਰ ਦਾ ਰਈਆ ਬਲਾਕ, ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਦੀਆਂ 6 ਤਹਿਸੀਲਾਂ ਅਤੇ ਨਾਲ ਲੱਗਦੇ ਪੰਜਾਬੀ ਭਾਸ਼ਾਈ ਸਿੱਖ ਜਨਸੰਖਿਆ ਵਾਲੇ ਖੇਤਰ ਪੰਜਾਬ ਨਾਲ ਮਿਲਾ ਕੇ ਇਕ ਪ੍ਰਸ਼ਾਸਨਿਕ ਯੂਨਿਟ ਵਿੱਚ ਛੇਤੀ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ।

ਨੋਟ

(ਖ) ਇਸ ਨਵੇਂ ਪੰਜਾਬ ਵਿੱਚ ਅਤੇ ਹੋਰ ਰਾਜਾਂ ਵਿੱਚ ਕੇਂਦਰ ਦਾ ਅਧਿਕਾਰ ਰੱਖਿਆ, ਵਿਦੇਸ ਮਾਮਲੇ, ਡਾਕ ਅਤੇ ਤਾਰਾਂ, ਕਰੰਸੀ ਅਤੇ ਰੇਲਵੇ ਤੱਕ ਹੀ ਸੀਮਿਤ ਰੱਖਿਆ ਜਾਣਾ ਚਾਹੀਦਾ ਹੈ। ਬਾਕੀ ਸਾਰੇ ਵਿਭਾਗ ਪੰਜਾਬ ਦੇ ਪ੍ਰਤੱਖ ਕੰਟਰੋਲ ਅਧੀਨ ਹੋਣੇ ਚਾਹੀਦੇ ਹਨ।

(ਗ) ਪੰਜਾਬ ਤੋਂ ਬਾਹਰ ਰਹਿੰਦੇ ਘੱਟ ਸੰਖਿਆ ਵਾਲੇ ਸਿੱਖ ਭਾਈਚਾਰੇ ਦੇ ਹਿੱਤਾਂ ਦੀ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਉਹ ਕਿਸੇ ਪੱਖਪਾਤ ਦਾ ਸ਼ਿਕਾਰ ਨਾ ਹੋ ਸਕਣ।

2. ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਭਾਰਤੀ ਸੰਵਿਧਾਨ ਨੂੰ ਸੰਘਾਤਮਕ ਢਾਂਚੇ ਦੇ ਅਨੁਕੂਲ ਬਣਾਇਆ ਜਾਵੇ ਅਤੇ ਹਰੇਕ ਪ੍ਰਾਤ ਨੂੰ ਕੇਂਦਰ ਵਿੱਚ ਇਕ ਬਰਾਬਰ ਪ੍ਰਤੀਨਿਧਤਾ ਦਿੱਤੀ ਜਾਵੇ।

3. ਸ਼੍ਰੋਮਣੀ ਅਕਾਲੀ ਦਲ ਦਾ ਇਹ ਭਰੋਸਾ ਹੈ ਕਿ ਕਾਂਗਰਸ ਦੀ ਵਿਦੇਸ਼ ਨੀਤੀ ਬੇਕਾਰ ਹੈ ਅਤੇ ਦੇਸ਼ ਤੇ ਸਾਰੇ ਰਾਸ਼ਟਰ ਲਈ ਹਾਨੀਕਾਰਕ ਹੈ। ਅਕਾਲੀ ਦਲ ਸਾਰੇ ਗੁਆਂਢੀ ਦੇਸ਼ਾਂ ਨਾਲ, ਵਿਸ਼ੇਸ਼ ਰੂਪ ਵਿੱਚ ਉਨ੍ਹਾਂ ਦੇਸ਼ਾਂ ਨਾਲ ਜਿੱਥੇ ਸਿੱਖ ਨਿਵਾਸ ਕਰਦੇ ਹਨ ਜਾਂ ਜਿੱਥੇ ਉਨ੍ਹਾਂ ਦੇ ਧਾਰਮਿਕ ਸਥਾਨ ਹਨ, ਚੰਗੇ ਸਬੰਧ ਬਣਾਉਣ ਲਈ ਯਤਨ ਕਰੇਗਾ। ਸਾਡੀ ਵਿਦੇਸ਼ੀ ਨੀਤੀ ਕਿਸੇ ਹੋਰ ਦੇਸ਼ ਦੀ ਕਠਪੁਤਲੀ ਨਹੀਂ ਹੋਣੀ ਚਾਹੀਦੀ।

4. ਕੇਂਦਰ ਅਤੇ ਰਾਜ ਵਿੱਚ ਸਿੱਖ ਕਰਮਚਾਰੀਆਂ ਨੂੰ ਨਿਆ ਭਰੋਸੇਯੋਗ ਬਣਾਉਣ ਲਈ ਅਤੇ ਉਨ੍ਹਾਂ ਨਾਲ ਕੀਤੇ ਜਾ ਰਹੇ ਅਨਿਆ ਵਿਰੁੱਧ ਪ੍ਰਭਾਵਸ਼ਾਲੀ ਢੰਗ ਨਾਲ ਆਵਾਜ਼ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਦਾ ਇਕ ਮਹੱਤਵਪੂਰਨ ਹਿੱਸਾ ਹੈ। ਵਿਸ਼ੇਸ਼ ਰੂਪ ਵਿੱਚ ਰੱਖਿਆ ਸੇਵਾਵਾਂ ਵਿੱਚ ਸਿੱਖ ਪ੍ਰੰਪਰਾਵਾਂ ਸਥਾਪਿਤ ਕਰਨਾ ਅਤੇ ਸਿੱਖ ਸੈਨਿਕਾਂ ਦੀਆਂ ਮੰਗਾਂ ਨੂੰ ਲਗਾਤਾਰ ਧਿਆਨ ਵਿੱਚ ਰੱਖਿਆ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਕ੍ਰਿਪਾਨ ਸਿੱਖ ਸੈਨਿਕਾਂ ਦੀ ਵਰਦੀ ਦਾ ਇਕ ਅਭਿੰਨ ਅੰਗ ਬਣ ਜਾਵੇ।

5. ਸਾਬਕਾ ਸੈਨਿਕਾਂ ਦੇ ਮੁੜ ਵਸੇਬੇ ਲਈ ਠੀਕ ਵਾਤਾਵਰਨ ਦਾ ਨਿਰਮਾਣ ਕਰਨਾ, ਜ਼ਰੂਰੀ ਸੁਵਿਧਾਵਾਂ ਉਪਲੱਬਧ ਕਰਨਾ ਅਤੇ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਤਾਂ ਕਿ ਉਹ ਸਨਮਾਨਪੂਰਵਕ ਜੀਵਨ ਬਤੀਤ ਕਰ ਸਕਣ।

6. ਸ਼੍ਰੋਮਣੀ ਅਕਾਲੀ ਦਲ ਮਹਿਸੂਸ ਕਰਦਾ ਹੈ ਕਿ ਹਰੇਕ ਪੁਰਸ਼ ਜਾਂ ਇਸਤਰੀ ਜਿਸ ਨੂੰ ਕਾਨੂੰਨ ਦੀ ਕਿਸੇ ਅਦਾਲਤ ਨੇ ਸਜ਼ਾ ਨਾ ਦਿੱਤੀ ਹੋਵੇ, ਨੂੰ ਬਿਨਾਂ ਲਾਇਸੈਂਸ ਬੰਦੂਕ, ਪਿਸਤੌਲ, ਰਿਵਾਲਵਰ ਆਦਿ ਵਰਗੇ ਖਤਰਨਾਕ ਹਥਿਆਰ ਰੱਖਣ ਦੀ ਸੁਤੰਤਰਤਾ ਹੋਣੀ ਚਾਹੀਦੀ ਹੈ।

7. ਸ਼੍ਰੋਮਣੀ ਅਕਾਲੀ ਦਲ ਨਸ਼ਾਬੰਦੀ ਦੇ ਪੱਖ ਵਿੱਚ ਹੈ ਅਤੇ ਚਾਹੁੰਦਾ ਹੈ ਕਿ ਸਰਵਜਨਕ ਸਥਾਨਾਂ 'ਤੇ ਤੰਬਾਕੂ 'ਤੇ ਪ੍ਰਤੀਬੰਧ ਲਗਾਇਆ ਜਾਵੇ।

ਆਨੰਦਪੁਰ ਸਾਹਿਬ ਦੇ ਪ੍ਰਸਤਾਵ ਦੇ ਅਧਾਰ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਦੇ ਸਾਹਮਣੇ 45 ਮੰਗਾਂ ਰੱਖੀਆਂ। ਇਹ ਮੰਗਾਂ ਦਲ ਦੀਆਂ ਨੀਤੀਆਂ ਅਤੇ ਪ੍ਰੋਗਰਾਮ ਨੂੰ ਉਭਾਰਦੀਆਂ ਹਨ। ਹੇਠਾਂ ਲਿਖੀਆਂ ਅਸੀਂ ਉਨ੍ਹਾਂ ਮੰਗਾਂ ਦਾ ਵਰਨਣ ਕਰ ਰਹੇ ਹਾਂ:

*ਟਾਸਕ* ਅਕਾਲੀ ਦਲ ਦੀਆਂ ਨੀਤੀਆਂ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

### ਅਕਾਲੀ ਦਲ ਦੀਆਂ ਮੰਗਾਂ
### (Demands of the Akali Dal)

1. ਸਿੱਖਾਂ ਦੇ ਧਾਰਮਿਕ ਮੁੱਦਿਆਂ ਵਿੱਚ ਦਖਲਅੰਦਾਜ਼ੀ ਬੰਦ ਕੀਤੀ ਜਾਵੇ।
2. ਪਾਕਿਸਤਾਨ ਵਿੱਚ ਰਹਿ ਗਏ ਗੁਰਦੁਆਰਿਆ ਦਾ ਕੰਟਰੋਲ ਅਤੇ ਪ੍ਰਬੰਧ ਸਿੱਖਾਂ ਨੂੰ ਸੌਂਪਿਆ ਜਾਵੇ।
3. ਭਾਰਤ ਦੇ ਦੂਸਰੇ ਹਿੱਸਿਆਂ ਅਤੇ ਵਿਦੇਸ਼ਾਂ ਵਿੱਚ ਵਸੇ ਸਿੱਖਾਂ ਦੀ ਜਾਨ-ਮਾਲ ਅਤੇ ਧਰਮ ਦੀ ਰੱਖਿਆ ਕੀਤੀ ਜਾਵੇ।
4. ਦਿੱਲੀ ਅਧੀਨਿਯਮ 1971 ਅਧੀਨ ਦਿੱਲੀ ਦੇ ਗੁਰਦੁਆਰਿਆਂ ਦੀਆਂ ਚੋਣਾਂ ਕਰਵਾਈਆਂ ਜਾਣ ਅਤੇ ਦਿੱਲੀ ਦੇ ਗੁਰਦੁਆਰਿਆਂ 'ਤੇ ਜ਼ਬਰਦਸਤੀ ਕੀਤੇ ਗਏ ਕਬਜ਼ੇ ਖਤਮ ਕਰਵਾਏ ਜਾਣ।
5. ਹਰਿਆਣਾ ਵਿੱਚ ਗੁਰਦੁਆਰਿਆਂ 'ਤੇ ਭੂਮੀ ਹੱਦਬੰਦੀ ਅਧੀਨਿਯਮ (Land Ceiling Act) ਲਾਗੂ ਨਾ ਕੀਤਾ ਜਾਵੇ।

6. ਅੰਮ੍ਰਿਤਸਰ ਨੂੰ ਜਾਂਦੀ ਕਿਸੇ ਗੱਡੀ ਦਾ ਨਾਮ ਗੋਲਡਨ ਟੈਂਪਲ ਐਕਸਪ੍ਰੈਸ ਰੱਖਿਆ ਜਾਵੇ।
7. ਹਰਿਦੁਆਰ, ਕਾਸ਼ੀ ਅਤੇ ਕੁਰੂਕਸ਼ੇਤਰ ਦੇ ਬਰਾਬਰ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ।
8. ਸ਼੍ਰੀ ਹਰਿਮੰਦਰ ਸਾਹਿਬ ਅੰਦਰ ਟਰਾਂਸਮੀਟਰ ਲਗਾਉਣ ਦੀ ਆਗਿਆ ਦਿੱਤੀ ਜਾਵੇ।
9. ਆਲ ਇੰਡੀਆ ਗੁਰਦੁਆਰਾ ਅਧੀਨਿਯਮ ਪਾਸ ਕੀਤਾ ਜਾਵੇ।
10. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੂੰ ਸਿੱਖਾਂ ਦੀ ਸਿਰਫ ਇਕ ਪ੍ਰਤੀਨਿਧੀ ਸੰਸਥਾ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਵੇ।
11. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੂੰ ਪਾਕਿਸਤਾਨ ਨੂੰ ਸ਼ਰਧਾਲੂ ਭੇਜਣ ਵਾਲੀ ਸਿਰਫ ਇਕ ਸੱਤਾ ਸਵੀਕਾਰ ਕੀਤੀ ਜਾਵੇ।
12. ਸਿੱਖ ਪ੍ਰੰਪਰਾਵਾ ਵਿੱਚ ਦਖਲਅੰਦਾਜ਼ੀ ਬੰਦ ਕੀਤੀ ਜਾਵੇ ਅਤੇ ਸਿੱਖਾਂ ਦੀਆਂ ਪ੍ਰੰਪਰਾਵਾਂ ਦਾ ਉਲੰਘਣ ਕਰਨਾ ਬੰਦ ਕੀਤਾ ਜਾਵੇ।
13. ਸਿੱਖਾਂ ਲਈ ਸਿਹਤਮੰਦ ਖੇਤਰ ਦੇ ਵਾਅਦੇ ਨੂੰ ਪੂਰਾ ਕੀਤਾ ਜਾਵੇ।
14. ਰਾਜਾਂ ਨੂੰ ਜ਼ਿਆਦਾ ਅਧਿਕਾਰ ਦੇ ਕੇ ਠੀਕ ਅਤੇ ਅਰਥ ਭਰਪੂਰ ਸੰਘਾਤਮਕ ਸਿਧਾਂਤਾਂ ਦੇ ਵਿਵਹਾਰਿਕ ਰੂਪ ਨਾਲ ਦੇਸ਼ ਨੂੰ ਸੰਵਿਧਾਨਿਕ ਢਾਂਚਾ ਤਬਦੀਲ ਕੀਤਾ ਜਾਵੇ।
15. ਪੰਜਾਬੀ ਸੂਬਾ ਨਗਰਾਂ 'ਤੇ ਲਗਾਏ ਪ੍ਰਤੀਬੰਧ ਨੂੰ ਖਤਮ ਕੀਤਾ ਜਾਵੇ।
16. ਪਿੰਡ ਨੂੰ ਇਕ ਇਕਾਈ ਮੰਨ ਕੇ, **ਭਾਸ਼ਾਵਿਦੀਆਂ ਨਾਲ ਸੱਤਯਪਨ** ਕਰਵਾ ਕੇ ਪੰਜਾਬੀ ਭਾਸ਼ਾਈ ਖੇਤਰ ਪੰਜਾਬ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਹੈੱਡਵਰਕਸ ਦਾ ਕੰਟਰੋਲ ਪੰਜਾਬ ਨੂੰ ਦਿੱਤਾ ਜਾਵੇ।
17. ਗੁਆਂਢੀ ਰਾਜਾਂ ਵਿੱਚ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ।
18. ਸ਼ਸਤਰ ਸੈਨਾਵਾਂ ਵਿੱਚ ਸਿੱਖਾਂ ਦੀ ਭਰਤੀ ਦਾ ਕੋਟਾਂ 2 ਪ੍ਰਤੀਸ਼ਤ ਤੋਂ ਘਟਾ ਕੇ 1.5 ਪ੍ਰਤੀਸ਼ਤ ਨਾ ਕੀਤਾ ਜਾਵੇ।
19. ਸਿੱਖਾਂ ਦੇ ਸਿਰਫ ਇਕ ਬੈਂਕ ਪੰਜਾਬ ਐਂਡ ਸਿੰਧ ਬੈਂਕ ਦਾ ਰਾਸ਼ਟਰੀਕਰਨ ਖਤਮ ਕੀਤਾ ਜਾਵੇ।
20. ਸਿੱਖ ਨਾਗਰਿਕ ਕਾਨੂੰਨ ਨੂੰ ਮਾਨਤਾ ਦਿੱਤੀ ਜਾਵੇ।
21. ਫਿਲਮਾਂ ਅਤੇ ਟੀ. ਵੀ. ਸਿੱਖਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨਾ ਬੰਦ ਕੀਤਾ ਜਾਵੇ ਅਤੇ ਸਿੱਖ ਸੰਸਕ੍ਰਿਤੀ ਦੇ ਪ੍ਰਚਾਰ ਲਈ ਟੈਲੀਵਿਜ਼ਨ ਅਤੇ ਰੇਡਿਓ ਵਿੱਚ ਜ਼ਿਆਦਾ ਸਮਾਂ ਦਿੱਤਾ ਜਾਵੇ।
22. ਰਾਸ਼ਟਰੀ ਹਵਾਈ ਸੈਨਾਂ ਵਿੱਚ ਸਿੱਖਾਂ ਦੇ ਕ੍ਰਿਪਾਨ ਲੈ ਕੇ ਜਾਣ 'ਤੇ ਲਗਾਏ ਪ੍ਰਤੀਬੰਧ ਨੂੰ ਖਤਮ ਕੀਤਾ ਜਾਵੇ।
23. ਅੰਮ੍ਰਿਤਸਰ ਨੂੰ ਖੁਸ਼ਕ ਬੰਦਰਗਾਹ (Dry Port) ਘੋਸ਼ਿਤ ਕੀਤਾ ਜਾਵੇ।
24. ਪੰਜਾਬ ਨੂੰ ਕੇਂਦਰ ਤੋਂ ਉਧਾਰ ਕੇਂਦਰੀ ਸਹਾਇਤਾ ਦਿੱਤੀ ਜਾਵੇ।
25. ਗੈਰ-ਕਾਨੂੰਨੀ ਅਤੇ ਭ੍ਰਿਸ਼ਟ ਢੰਗਾਂ ਨਾਲ ਅਕਾਲੀ ਸਰਕਾਰਾਂ ਨੂੰ ਭੰਗ ਕਰਨਾ ਬੰਦ ਕੀਤਾ ਜਾਵੇ।
26. ਲਾਇਸੈਂਸ ਵਾਲੇ ਹਥਿਆਰ ਵਾਪਿਸ ਲੈ ਕੇ ਪੰਜਾਬੀਆਂ ਨੂੰ ਹਥਿਆਰ ਰਹਿਤ ਕਰਕੇ ਪੰਜਾਬੀਆਂ ਵਿੱਚ ਭਰੋਸੇ ਦੀ ਕਮੀ ਨੂੰ ਪ੍ਰਗਟ ਕਰਨਾ ਬੰਦ ਕੀਤਾ ਜਾਵੇ।
27. ਕੇਵਲ 5 ਪ੍ਰਤੀਸ਼ਤ ਲੋਕਾ ਕੋਲ ਆਰਥਿਕ ਸ਼ਕਤੀ ਕੇਂਦਰਿਤ ਹੋਣ ਕਾਰਨ ਪੈਦਾ ਹੋਏ ਅਮੀਰਾਂ ਅਤੇ ਗਰੀਬਾਂ ਵਿੱਚ ਆਰਥਿਕ ਖਾਈ ਕੇਂਦਰੀ ਨੀਤੀ ਖਤਮ ਕੀਤੀ ਜਾਵੇ।
28. ਦੇਸ਼ ਵਿੱਚੋਂ ਗਰੀਬੀ ਦੂਰ ਕੀਤੀ ਜਾਵੇ।
29. ਪੰਜਾਬ ਦਾ ਆਰਥਿਕ ਸ਼ੋਸ਼ਣ ਬੰਦ ਕੀਤਾ ਜਾਵੇ।
30. ਕੀਮਤਾ ਵਿੱਚ ਵਾਧੇ ਨੂੰ ਰੋਕਿਆ ਜਾਵੇ।
31. ਪੰਜਾਬ ਵਿੱਚ ਭਾਰੀ ਉਦਯੋਗ ਅਲਾਟ ਕੀਤੇ ਜਾਣ।
32. ਯੂ. ਪੀ. ਵਿੱਚ ਪੰਜਾਬੀ ਕਿਸਾਨਾਂ ਦਾ ਸ਼ੋਸ਼ਣ ਰੋਕਿਆ ਜਾਵੇ।
33. ਭੂਮੀ ਹੱਦਬੰਦੀ ਅਧੀਨ ਭੂਮੀ ਦੀ ਹੱਦ 7 ਹੈਕਟੇਅਰ ਨਿਰਧਾਰਿਤ ਕੀਤੀ ਜਾਵੇ।

ਨੋਟ

34. ਪੰਜਾਬ ਵਿੱਚ ਕਿਸਾਨਾਂ ਲਈ ਬੀਮਾ ਯੋਜਨਾ ਦੀ ਵਿਵਸਕਾ ਕੀਤੀ ਜਾਵੇ।
35. ਕਿਸਾਨਾਂ ਦੀ ਵੀ ਉੱਨੇ ਵਿਆਜ 'ਤੇ ਕਰਜ਼ੇ 'ਤੇ ਦਿੱਤੇ ਜਾਣ ਜਿੰਨੇ ਦਲ ਤੇ ਉਦਯੋਗਪਤੀਆਂ ਨੂੰ ਦਿੱਤੇ ਜਾਂਦੇ ਹਨ।
36. ਖੇਤੀ ਉਤਪਾਦਾਂ ਦੇ ਲਾਭਦਾਇਕ ਮੁੱਲ ਦਿੱਤੇ ਜਾਣ।
37. ਖੇਤੀ ਵਸਤੂਆਂ ਸਸਤੇ ਭਾਅ ਖਰੀਦ ਕੇ ਮਹਿੰਗੇ ਭਾਅ 'ਤੇ ਉਪਭੋਗਤਾਵਾਂ ਨੂੰ ਵੇਚਣ ਦਾ ਕਾਰੋਬਾਰ ਬੰਦ ਕੀਤਾ ਜਾਵੇ।
38. ਦਲਿਤਾਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗ ਦੇ ਹਿੱਤਾ ਦੀ ਸੁਰੱਖਿਆ ਕੀਤੀ ਜਾਵੇ।
39. ਪੰਜਾਬ ਵਿੱਚ ਭਾਰਤ-ਪਾਕਿਸਤਾਨ ਯੁੱਧ ਦੇ ਪੀੜ੍ਹਤਾਂ ਦੇ ਹਿੱਤਾ ਦੀ ਸੁਰੱਖਿਆ ਕੀਤੀ ਜਾਵੇ।
40. ਬੇਰੋਜ਼ਗਾਰ ਨੌਜਵਾਨਾ ਨੂੰ ਬੇਰੋਜ਼ਗਾਰੀ ਭੱਤਾ ਦਿੱਤਾ ਜਾਵੇ।
41. ਉਤਪਾਦਨ ਨੂੰ ਕੀਮਤਾ ਨਾਲ ਜੋੜਿਆ ਜਾਵੇ।
42. ਫੈਕਟਰੀ ਮਜ਼ਦੂਰਾਂ ਨੂੰ ਮੈਡੀਕਲ ਸੁਵਿਧਾਵਾਂ ਉਪਲੱਬਧ ਕਰਵਾਈਆ ਜਾਣ।
43. ਸ਼ਹਿਰੀ ਭੂਮੀ ਸਸਤੇ ਭਾਅ 'ਤੇ ਜ਼ਰੂਰੀ ਰੂਪ ਵਿੱਚ ਅਧਿਕ੍ਰਿਤ ਕਰਨੀ ਬੰਦ ਕੀਤੀ ਜਾਵੇ।
44. ਨਗਰ ਨਿਗਮ ਦੀਆ ਹੱਦਾਂ ਨਾਲ ਪੰਜ ਕਿਲੋ ਮੀਟਰ ਦੂਰ ਤੱਕ ਦੇ ਘੇਰੇ ਵਿੱਚ ਪੇਂਡੂ ਭੂਮੀ ਦੀ ਵਿਕਰੀ 'ਤੇ ਪ੍ਰਤੀਬੰਧ ਲਗਾਇਆ ਜਾਵੇ।
45. ਆਨੰਦਪੁਰ ਸਾਹਿਬ ਦਾ ਪ੍ਰਸਤਾਵ ਸਵੀਕਾਰ ਕੀਤਾ ਜਾਵੇ ਅਤੇ ਸੰਪ੍ਰਦਾਇਕ ਤਣਾਅ ਭੜਕਾ ਕੇ 'ਵੰਡੋ ਅਤੇ ਰਾਜ ਕਰੋ ਦੀ ਨੀਤੀ ਬੰਦ ਕੀਤੀ ਜਾਵੇ।

ਮੰਗਾਂ ਦਾ ਇਹ ਮੰਗ ਪੱਤਰ ਕੇਂਦਰ ਸਰਕਾਰ ਨੂੰ ਸਤੰਬਰ 1981 ਵਿੱਚ ਭੇਜਿਆ ਗਿਆ। 1981 ਤੋਂ ਲੈ ਕੇ 1996 ਤੱਕ ਅਕਾਲੀ ਦਲ ਇਨ੍ਹਾਂ ਮੰਗਾ 'ਤੇ ਹੀ ਰਾਜਨੀਤੀ ਵਿੱਚ ਸਰਗਰਮ ਰਹੇ। ਪੰਜਾਬ ਵਿੱਚ ਅੱਤਵਾਦ ਦੇ ਦੌਰ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ ਇਨ੍ਹਾਂ ਮੰਗਾਂ ਨੂੰ ਪੇਸ਼ ਕਰਕੇ ਹੀ ਕੇਂਦਰ ਸਰਕਾਰ ਦਾ ਵਿਰੋਧ ਕਰਨ ਦੀ ਨੀਤੀ ਅਪਣਾਈ ਰੱਖੀ ਪਰ ਇਸ ਕਾਲੇ ਦੌਰ ਨਾਲ ਅਕਾਲੀ ਦਲ ਖੁਦ ਵੀ ਅੱਤਵਾਦ ਦੇ ਪ੍ਰਛਾਵੇਂ ਅਧੀਨ ਸੀਮਿਤ ਰੂਪ ਵਿੱਚ ਕੰਮ ਕਰ ਸਕਿਆ। ਆਨੰਦਪੁਰ ਸਾਹਿਬ ਪ੍ਰਸਤਾਵ ਦੀ ਪੈਰਵੀ ਅਕਾਲੀ ਦਲ ਨੇ ਹਮੇਸ਼ਾ ਕੀਤੀ ਹੈ ਪਰ ਅਜਿਹੀ ਪੈਰਵੀ ਸਿਧਾਂਤਕ ਵਧੇਰੇ ਰਹੀ ਹੈ, ਵਿਵਹਾਰਿਕ ਘੱਟ। ਅਸਲ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਅਧੀਨ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੇ ਘੱਟ ਤੋਂ ਘੱਟ ਸਾਂਝੇ ਪ੍ਰੋਗਰਾਮ ਵਿੱਚ ਸਪੱਸ਼ਟ ਦਿਖਾਈ ਦਿੱਤਾ।

### ਸ਼੍ਰੋਮਣੀ ਅਕਾਲੀ-ਦਲ-ਭਾਜਪਾ : ਘੱਟ ਤੋਂ ਘੱਟ ਸਾਂਝਾ ਪ੍ਰੋਗਰਾਮ (SAD-BJP: CMP)

1. ਅਕਾਲੀ-ਭਾਜਪਾ ਗਠਬੰਧਨ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਉਪਲੱਬਧ ਕਰਵਾਏਗਾ, ਡਰ ਤੋਂ ਮੁਕਤੀ ਦਿਵਾਏਗਾ ਅਤੇ ਪੰਜਾਬ ਦੇ ਲੋਕਾਂ ਦੀਆਂ ਸਾਰੀਆਂ ਸਮੱਸਿਆਵਾ ਦੇ ਹੱਲ ਭਰੋਸੇਯੋਗ ਬਣਾਉਣ ਲਈ ਕਾਨੂੰਨ ਦਾ ਰਾਜ ਲਾਗੂ ਕਰੇਗਾ।
2. ਸੀ. ਐੱਮ. ਪੀ. ਵਿੱਚ ਆਨੰਦਪੁਰ ਸਾਹਿਬ ਦੇ ਪ੍ਰਸਤਾਵ ਦਾ ਕੋਈ ਵਰਨਣ ਨਹੀਂ ਕੀਤਾ ਗਿਆ, ਜਦੋਂ ਕਿ ਅਕਾਲੀ ਦਲ (ਬਾਦਲ) ਦੇ ਚੋਣ ਘੋਸ਼ਣਾ ਪੱਤਰ ਵਿੱਚ ਇਸ ਪ੍ਰਸਤਾਵ ਦਾ ਸਮਰਥਨ ਕੀਤਾ ਗਿਆ ਸੀ।
3. ਪੰਜਾਬ ਵਿੱਚ 5 ਸਾਲਾਂ ਦੇ ਕਾਂਗਰਸ ਸ਼ਾਸਨ ਵਿੱਚ ਰਾਜ ਦੀਆਂ ਸਮੱਸਿਆਵਾ ਦਾ ਹੱਲ ਕਰਨ ਵਿੱਚ ਉਪਯੁਕਤ ਯਤਨ ਨਹੀਂ ਕੀਤੇ ਗਏ।
4. ਹਿੰਦੂ ਸਿੱਖ ਏਕਤਾ ਅਤੇ ਸਦਭਾਵਨਾ ਨੂੰ ਬੜ੍ਹਾਵਾ ਦੇਣਾ।
5. ਗਠਬੰਧਨ ਦੇ ਮੁੱਖ ਉਦੇਸ਼ਾਂ ਵਿੱਚ ਸਨਮਾਨ ਵਿੱਚ ਸ਼ਾਂਤੀ, ਸਾਰਿਆਂ ਲਈ ਸਮ੍ਰਿਧੀ ਅਤੇ ਸਾਰਿਆਂ ਦੀ ਭਲਾਈ ਸ਼ਾਮਿਲ ਹੈ।
6. ਬੀਤੇ ਸਮੇਂ ਵਿੱਚ ਜਾਨਣ ਲਈ ਕਿ ਪੰਜਾਬੀਆਂ ਵੱਲੋਂ ਭੋਗੇ ਸੰਤਾਪ ਦਾ ਕਾਰਨ ਬਣਨ ਵਿੱਚ ਹਿੰਸਾ ਦੇ ਪਿੱਛੇ ਕਿਹੜੇ ਲੋਕਾਂ ਦਾ ਹੱਥ ਸੀ, ਸੇਵਾ-ਮੁਕਤ ਜੱਜ ਦੀ ਅਗਵਾਈ ਵਿੱਚ ਆਯੋਗ ਸਥਾਪਿਤ ਕਰਨਾ।
7. ਸੱਤਾ ਵਿੱਚ ਆਉਣ 'ਤੇ ਸ਼੍ਰੋਮਣੀ ਅਕਾਲੀ ਦਲ ਭਾਜਪਾ ਵਿਧਾਇਕ 90 ਦਿਨਾਂ ਵਿੱਚ ਆਪਣੀ ਪੂੰਜੀ ਅਤੇ ਜਾਇਦਾਦ ਦੀ ਘੋਸ਼ਣਾ ਕਰ ਦੇਣਗੇ। ਸੰਪਤੀ ਨਾਲ ਹੋਣ ਵਾਲੀ ਆਮਦਨ ਦੀ ਸਮੇਂ-ਸਮੇਂ 'ਤੇ ਘੋਸ਼ਣਾ ਕੀਤੀ ਜਾਵੇਗੀ।

8. ਲੋਕਪਾਲ ਨੂੰ ਪੂਰੇ ਅਧਿਕਾਰ ਦਿੱਤੇ ਜਾਣਗੇ ਅਤੇ ਮੁੱਖ ਮੰਤਰੀ ਦਾ ਅਹੁਦਾ ਇਸ ਦੇ ਅਧਿਕਾਰ ਖੇਤਰ ਵਿੱਚ ਹੋਵੇਗਾ। ਲੋਕਪਾਲ ਕੋਲ ਉੱਚ ਅਹੁਦਿਆਂ 'ਤੇ ਨਿਯੁਕਤੀਆਂ ਦੇ ਸਾਰੇ ਮੁੱਦਿਆਂ ਅਤੇ ਮੰਤਰੀਆਂ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਾਉਣ ਦਾ ਅਧਿਕਾਰ ਹੋਵੇਗਾ।
9. ਫੈਸਲੇ ਕਰਨ ਦਾ ਪਾਰਦਰਸ਼ਤਾ ਬਣਾਈ ਜਾਵੇਗੀ।
10. ਕਿਸਾਨਾਂ ਨੂੰ ਖੇਤੀ ਲਈ ਮੁਫਤ ਬਿਜਲੀ ਅਤੇ ਪਾਣੀ ਦੀ ਕਮੀ ਨੂੰ ਪੂਰਾ ਕਰਨਾ ਪਹਿਲੇ ਦੇ ਅਧਾਰ 'ਤੇ ਭਰੋਸੇਯੋਗ ਬਣਾਇਆ ਜਾਵੇਗਾ।
11. ਖੇਤੀ ਉਦਯੋਗਾਂ ਅਤੇ ਖੇਤੀ ਉਤਪਾਦਨ ਦੇ ਨਿਰਯਾਤ ਨੂੰ ਵਧਾਇਆ ਜਾਵੇਗਾ।
12. ਇੰਸਪੈਕਟਰੀ ਰਾਜ ਪ੍ਰਣਾਲੀ ਖਤਮ ਕੀਤੀ ਜਾਵੇਗੀ ਅਤੇ ਰਾਜ ਦਾ ਤੇਜ਼ੀ ਨਾਲ ਵਿਕਾਸ ਭਰੋਸੇਯੋਗ ਬਣਾਉਣ ਲਈ ਨਵੀਂ ਆਰਥਿਕ ਨੀਤੀ ਬਣਾਈ ਅਤੇ ਲਾਗੂ ਕੀਤੀ ਜਾਵੇਗੀ।
13. ਰਾਜ ਵਿੱਚ ਪੂੰਜੀ ਨਿਵੇਸ਼ ਨੂੰ ਵਧਾਉਣ ਲਈ ਅਨੁਕੂਲ ਵਾਤਾਵਰਨ ਪੈਦਾ ਕੀਤਾ ਜਾਵੇਗਾ।
14. ਲਘੂ ਉਦਯੋਗ ਅਤੇ ਘਰੇਲੂ ਉਦਯੋਗਾਂ ਦੀ ਪੂਰਨ ਰੂਪ ਵਿੱਚ ਰੱਖਿਆ ਕੀਤੀ ਜਾਵੇਗੀ।
15. ਰਾਜ ਵਿੱਚ ਹੋਰ ਜ਼ਿਆਦਾ ਪੂੰਜੀ ਨਿਵੇਸ਼ ਲਈ ਅਨੁਕੂਲ ਹਾਲਾਤ ਬਣਾਏ ਜਾਣਗੇ।
16. ਮਜਦੂਰਾਂ ਨੂੰ ਘੱਟ ਤੋਂ ਘੱਟ ਕੀਮਤ ਸੂਚਕ ਅੰਕ ਨਾਲ ਜੋੜਿਆ ਜਾਵੇਗਾ।
17. ਚੁੰਗੀ ਖਤਮ ਕੀਤੀ ਜਾਵੇਗੀ ਅਤੇ ਵਿਕਰੀ ਕਰ ਪ੍ਰਣਾਲੀ ਆਸਾਨ ਬਣਾਈ ਜਾਵੇਗੀ।
18. ਸੜਕਾਂ ਅਤੇ ਆਵਾਜਾਈ ਨੈੱਟਵਰਕ (Network) ਦਾ ਵਿਸਥਾਰ ਕੀਤਾ ਜਾਵੇਗਾ ਅਤੇ ਇਸ ਨੂੰ ਕੁਸ਼ਲ ਬਣਾਇਆ ਜਾਵੇਗਾ।
19. ਸਰਵਜਨਕ ਆਉਣ-ਜਾਣ ਪ੍ਰਣਾਲੀ ਨੂੰ ਕੁਸ਼ਲ ਬਣਾਇਆ ਜਾਵੇਗਾ।
20. ਕਰਮਚਾਰੀਆਂ ਦੀਆਂ ਨਿਯੁਕਤੀਆਂ ਅਤੇ ਤਰੱਕੀਆਂ ਵਿੱਚ ਭਰਾ-ਭਤੀਜਾਵਾਦ ਨੂੰ ਖਤਮ ਕੀਤਾ ਜਾਵੇਗਾ।
21. ਹਾਈ ਸਕੂਲ ਤੱਕ ਲੜਕਿਆਂ ਨੂੰ ਅਤੇ ਲੜਕੀਆਂ ਨੂੰ ਸਨਾਤਨ ਕਲਾਸਾਂ ਤੱਕ ਮੁਫਤ ਸਿੱਖਿਆ ਦੇਣ ਦੀ ਯੋਜਨਾ ਲਾਗੂ ਕੀਤੀ ਜਾਵੇਗੀ।
22. ਵਿਧਾ ਨੂੰ ਕਾਰੋਬਾਰ ਮੁਖੀ ਬਣਾਉਣ ਲਈ ਅਤੇ ਸਿੱਖਿਆ ਨੂੰ ਰੋਜ਼ਗਾਰ ਮੁਖੀ ਬਣਾਉਣ ਲਈ ਆਈ. ਟੀ. ਆਈਜ਼. ਦੀ ਪ੍ਰੀ-ਪਾਰਟੀ 'ਤੇ ਕਾਰੋਬਾਰ ਪ੍ਰੀਖਣ ਕੇਂਦਰ ਖੋਲ੍ਹੇ ਜਾਣਗੇ।
23. ਸਕੂਲਾਂ ਵਿੱਚ ਨੈਤਿਕ ਸਿੱਖਿਆ ਦੇਣ ਦੀ ਵਿਵਸਥਾ ਕੀਤੀ ਜਾਵੇਗੀ।
24. ਸਰਵਜਨਕ ਵੰਡ ਪ੍ਰਣਾਲੀ ਨੂੰ ਸ਼ਕਤੀਸ਼ਾਲੀ ਬਣਾਇਆ ਜਾਵੇਗਾ।
25. ਕੇਂਦਰ ਕੋਲੋਂ ਰਾਜਾਂ ਲਈ ਜ਼ਿਆਦਾ ਅਧਿਕਾਰਾਂ ਅਤੇ ਸਵਾਯਤਤਾ ਦੀ ਮੰਗ ਕੀਤੀ ਜਾਵੇਗੀ।
26. ਸਰਕਾਰੀਆ ਆਯੋਗ ਦੀਆਂ ਸਿਫਾਰਿਸ਼ਾਂ ਲਾਗੂ ਕਰਵਾਈਆਂ ਜਾਣਗੀਆਂ।
27. ਨਦੀਆਂ ਅਤੇ ਹੋਰ ਪੰਜਾਬੀ ਭਾਸ਼ੀ ਇਲਾਕੇ ਪੰਜਾਬ ਵਿੱਚ ਸ਼ਾਮਿਲ ਕਰਵਾਏ ਜਾਣਗੇ।
28. ਚੰਡੀਗੜ੍ਹ ਅਤੇ ਹੋਰ ਪੰਜਾਬੀ ਭਾਸ਼ੀ ਇਲਾਕੇ ਪੰਜਾਬ ਵਿੱਚ ਸ਼ਾਮਿਲ ਕਰਵਾਏ ਜਾਣਗੇ।
29. ਰੋਜ਼ਗਾਰ ਯੋਜਨਾ ਅਤੇ ਸਵੈ-ਰੋਜ਼ਗਾਰ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ।
30. ਦਲਿਤਾਂ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਲੜਕਿਆਂ ਦੇ ਵਿਆਹ ਸਮੇਂ ਅਕਾਲੀ-ਭਾਜਪਾ ਸਰਕਾਰ 5000 ਰੁਪਏ ਉਸ ਪਰਿਵਾਰ ਨੂੰ ਸ਼ਗਨ ਦੇ ਰੂਪ ਵਿੱਚ ਦੇਵੇਗੀ।

ਰਾਜਨੀਤਿਕ ਦਲ ਦੇ ਰੂਪ ਵਿੱਚ ਅਕਾਲੀ ਦਲ ਦਾ ਵਿਸ਼ਲੇਸ਼ਣ ਕਰਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਅਕਾਲੀ ਦਲ ਇਕ ਖੇਤਰੀ ਦਲ ਹੈ ਅਤੇ ਇਸ ਦਾ ਪੰਜਾਬ ਵਿੱਚ ਵਿਆਪਕ ਸਮਰਥਨ ਅਧਾਰ ਹੈ। ਇਹ ਹਮੇਸ਼ਾ ਹੀ ਆਪਣੇ ਆਪ ਨੂੰ ਸਿੱਖਾਂ ਦੇ ਪ੍ਰਤੀਨਿਧੀ ਦਲ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਇਹ ਇਕ ਅਜਿਹਾ ਪੰਥਕ ਦਲ ਹੈ ਜੋ ਸਿੱਖਾਂ ਦੀਆਂ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਭਾਵਨਾਵਾਂ ਦੀ ਰੱਖਿਆ ਕਰਨ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਵਚਨਬੱਧ ਹੈ। ਇਸ ਦਾ ਇਹ ਮੰਨਣਾ ਹੈ ਕਿ ਸੱਤਾ ਅਤੇ ਰਾਜਨੀਤੀ ਨਾਲ-ਨਾਲ ਚੱਲਦੇ ਹਨ ਅਤੇ ਧਰਮ ਦੀ ਰੱਖਿਆ ਲਈ ਸੱਤਾ ਜ਼ਰੂਰੀ ਹੈ। ਇਸ ਤਰ੍ਹਾਂ ਧਰਮ ਅਤੇ ਰਾਜਨੀਤੀ ਨੂੰ ਮਿਲਾਉਣਾ ਅਕਾਲੀ ਰਾਜਨੀਤੀ ਵਿੱਚ ਮੁਸ਼ਕਿਲਾਂ ਅਤੇ ਮੁਸੀਬਤਾਂ ਪੈਦਾ ਕਰਦਾ ਹੈ।

**ਨੋਟ**

ਅਕਾਲੀ ਦਲ ਹਮੇਸ਼ਾ ਹੀ ਇਕ ਤਰ੍ਹਾਂ ਦੀ ਮੁਸੀਬਤ ਵਿੱਚ ਰਿਹਾ ਹੈ। ਸ਼ਕਤੀ ਲਈ ਇਹ ਆਪਣੇ ਧਾਰਮਿਕ ਭ੍ਰਾਤਰਤਵ 'ਤੇ ਨਿਰਭਰ ਰਿਹਾ ਹੈ। ਜਦੋਂ ਕਿ ਇਕ ਪਾਸੇ ਤਾ ਇਹ ਗੱਲ ਠੋਸ ਸਮਰਥਨ ਦਾ ਅਧਾਰ ਰਹੀ ਹੈ ਪਰ ਦੂਸਰੇ ਪਾਸੇ ਅਕਾਲੀ ਦਲ ਲਈ ਇਹ ਡੀ. ਐੱਮ. ਅਤੇ ਆਈ. ਡੀ. ਐੱਮ. ਕੇ. (DMK and AIADMK) ਦੇ ਬਰਾਬਰ ਵਿਸ਼ਾਲ ਅਧਾਰ ਵਾਲਾ ਖੇਤਰੀ ਦਲ ਬਣਨ ਦੇ ਰਸਤੇ ਵਿੱਚ ਰੁਕਾਵਟ ਬਣਦਾ ਰਿਹਾ ਹੈ। ਇਸ ਵੱਲੋਂ ਦੂਸਰੇ ਦਲਾਂ ਨਾਲ ਗਠਬੰਧਨ ਕਰਨ ਦੇ ਯਤਨਾਂ ਨੂੰ ਸਿੱਖਾਂ ਵੱਲੋਂ ਹਮੇਸ਼ਾ ਹੀ ਪੁਰਾਣੇ ਸਮੇਂ ਵਿੱਚ ਜ਼ਿਆਦਾ ਪਸੰਦ ਨਹੀਂ ਕੀਤਾ ਗਿਆ ਪਰ 1996 ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਭਾਜਪਾ ਨਾਲ ਗਠਬੰਧਨ ਬਣਾ ਕੇ ਇਕ ਸ਼ਕਤੀਸ਼ਾਲੀ ਭੂਮਿਕਾ ਅਦਾ ਕਰਨ ਵਿੱਚ ਸਫਲ ਰਿਹਾ ਹੈ। 1997 ਤੋਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਬੰਧਨ ਸੱਤਾਧਾਰੀ ਸੀ ਅਤੇ 1998 ਵਿੱਚ ਲੋਕ ਸਭਾ ਚੋਣਾਂ ਵਿੱਚ ਇਸ ਗਠਬੰਧਨ ਨੂੰ ਪੰਜਾਬੀਆਂ ਦਾ ਭਰਪੂਰ ਸਮਰਥਨ ਮਿਲਿਆ ਪਰ 1999 ਵਿੱਚ ਅਕਾਲੀ ਦਲ ਵਿੱਚ ਫੁੱਟ ਪੈਣ ਕਾਰਨ (ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਿੱਚ ਇਕ ਗਲਤ ਸਰਵਹਿੰਦ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ) ਅਤੇ ਅਕਾਲੀ ਦਲ-ਭਾਜਪਾ ਗਠਬੰਧਨ ਵੱਲੋਂ ਇਕ ਕੁਸ਼ਲ ਪ੍ਰਸ਼ਾਸਨ ਨਾ ਦੇ ਸਕਣ ਕਾਰਨ ਇਸ ਗਠਬੰਧਨ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਕੇਵਲ 2 ਲੋਕ ਸਭਾ ਸੀਟਾਂ ਅਤੇ ਬੀ. ਜੇ. ਪੀ. 1 ਸੀਟ ਹੀ ਜਿੱਤ ਸਕੀ ਜਦੋਂ ਕਿ 1998 ਦੀਆਂ ਲੋਕ ਸਭਾ ਚੋਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ 8, ਬੀ. ਜੇ. ਪੀ. ਨੂੰ 3 ਅਤੇ ਇਸ ਗਠਬੰਧਨ ਦੇ ਸਮਰਥਨ ਨਾਲ ਚੋਣਾਂ ਲੜੇ ਜਨਤਾ ਦਲ ਦੇ ਉਮੀਦਵਾਰ ਆਈ. ਕੇ. ਗੁਜਰਾਲ ਅਤੇ ਬਹੁਜਨ ਸਮਾਜ ਮੋਰਚਾ ਦੇ ਸ਼੍ਰੀ ਸਤਨਾਮ ਸਿੰਘ ਕੈਂਥ ਨੇ ਜਿੱਤ ਪ੍ਰਾਪਤ ਕੀਤੀ ਸੀ।

1999 ਦੀਆਂ ਲੋਕ ਸਭਾ ਚੋਣਾ ਵਿੱਚ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਭਾਜਪਾ ਗਠਬੰਧਨ ਨੇ ਆਪਣੀ ਲੋਕਪ੍ਰਿਯਤਾ ਪੁਨਰ ਪ੍ਰਾਪਤ ਕਰਨ ਦਾ ਯਤਨ ਤਾਂ ਕੀਤਾ ਪਰ ਸਫਲ ਨਹੀਂ ਹੋ ਸਕਿਆ ਪਰ ਫਰਵਰੀ 2002 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਬਾਦਲ ਅਤੇ ਬੀ. ਜੇ. ਪੀ. ਦੇ ਗਠਬੰਧਨ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਕਾਂਗਰਸ ਨੇ 117 ਵਿੱਚੋਂ 62 ਸੀਟਾਂ ਪ੍ਰਾਪਤ ਕੀਤੀਆਂ ਅਤੇ ਅਕਾਲੀ ਦਲ ਨੇ 41 ਸੀਟਾਂ ਪ੍ਰਾਪਤ ਕੀਤੀਆਂ ਅਤੇ ਅਕਾਲੀ ਦਲ ਨੂੰ ਹੁਣ ਵਿਰੋਧੀ ਦਲ ਦੇ ਰੂਪ ਵਿੱਚ ਕੰਮ ਕਰਨਾ ਪਿਆ ਪਰ 2007 ਦੀਆਂ ਚੋਣਾਂ ਵਿੱਚ ਇਹ ਫਿਰ ਤੋਂ ਅਕਾਲੀ ਭਾਜਪਾ ਸਰਕਾਰ ਵਿੱਚ ਮੁੱਖ ਹਿੱਸੇਦਾਰ ਬਣ ਗਿਆ ਹੈ।

### 14.4.2 ਇੰਡੀਅਨ ਨੈਸ਼ਨਲ ਲੋਕ ਦਲ (Indian National Lok Dal)

ਇੰਡੀਅਨ ਨੈਸ਼ਨਲ ਲੋਕ ਦਲ ਜਿਸ ਨੂੰ ਲੋਕਪ੍ਰਿਯ ਰੂਪ ਵਿੱਚ ਇਨੈਲੋ ਕਿਹਾ ਜਾਂਦਾ ਹੈ, ਹਰਿਆਣਾ ਦੀ ਉਹ ਖੇਤਰੀ ਪਾਰਟੀ ਹੈ। ਇਨੈਲੋ ਦੇ ਪ੍ਰਧਾਨ ਸਾਬਕਾ ਉੱਪ-ਪ੍ਰਧਾਨ ਮੰਤਰੀ ਚੌਧਰੀ ਦੇਵੀ ਦਿਆਲ ਅਤੇ ਇਸ ਦੇ ਵਰਤਮਾਨ ਪ੍ਰਧਾਨ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੇ ਨਾਮ ਨਾਲ ਚੱਲਣ ਵਾਲੀ ਇਸ ਪਾਰਟੀ ਦਾ ਇਤਿਹਾਸ ਕਾਫੀ ਉਤਾਰ-ਚੜ੍ਹਾਅ ਵਾਲਾ ਰਿਹਾ ਹੈ। ਇਹ ਪਾਰਟੀ ਦਰਜਨਾਂ ਵਾਰ ਟੁੱਟੀ ਹੈ ਅਤੇ ਹਰ ਵਾਰ ਨਵੇਂ ਨਾਮ, ਨਵੇਂ ਝੰਡੇ ਅਤੇ ਨਵੇਂ ਨਿਸ਼ਾਨ ਨਾਲ ਮੈਦਾਨ ਵਿੱਚ ਆਈ ਹੈ। ਚੌਧਰੀ ਦੇਵੀ ਲਾਲ ਅਤੇ ਓਮ ਪ੍ਰਕਾਸ਼ ਚੌਟਾਲਾ ਦੇ ਬਾਰੇ ਮਸ਼ਹੂਰ ਹੈ ਕਿ ਉਨ੍ਹਾਂ ਨੇ ਕੋਈ ਵੀ ਚੋਣ ਦੁਬਾਰਾ ਇਕ ਪਾਰਟੀ, ਇਕ ਝੰਡੇ ਅਤੇ ਇਕ ਨਿਸ਼ਾਨ ਦੇ ਨਾਲ ਨਹੀਂ ਲੜੀ। ਹਰਿਆਣਾ ਦੇ ਗਠਨ ਤੱਕ ਜੋ ਚੌਧਰੀ ਦੇਵੀ ਲਾਲ ਕਾਂਗਰਸ ਵਿੱਚ ਹੀ ਸੀ ਪਰ ਬਾਅਦ ਵਿੱਚ ਉਹ ਕਾਂਗਰਸ ਦੇ ਕੱਟੜ ਵਿਰੋਧੀ ਬਣ ਗਏ।

1972 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਚੌਧਰੀ ਦੇਵੀ ਲਾਲ ਨੇ ਆਜ਼ਾਦ ਉਮੀਦਵਾਰ ਦੇ ਰੂਪ ਵਿੱਚ ਚੋਣ ਲੜੇ ਸਨ, ਜਿਸ ਵਿੱਚ ਉਨ੍ਹਾਂ ਨੂੰ ਹਾਰ ਦਾ ਸਾਹਮਦਾ ਕਰਨਾ ਪਿਆ ਸੀ। ਇਸ ਤੋਂ ਬਾਅਦ ਉਹ ਭਾਰਤੀ ਕ੍ਰਾਂਤੀ ਦਲ ਵਿੱਚ ਸ਼ਾਮਿਲ ਹੋਏ ਜੋ ਬਾਅਦ ਵਿੱਚ ਭਾਰਤੀ ਲੋਕ ਦਲ ਵਿੱਚ ਬਦਲ ਗਿਆ ਜਿਸ ਦਾ ਨਿਸ਼ਾਨ ਚੱਕਰ ਦੇ ਅੰਦਰ ਹਲਧਰ ਸੀ। 1977 ਵਿੱਚ ਲੋਕ ਦਲ ਦਾ ਜਨਤਾ ਪਾਰਟੀ ਵਿੱਚ ਵਿਲਯ ਹੋ ਗਿਆ ਤਾਂ ਚੌਧਰੀ ਦੇਵੀ ਲਾਲ ਵੀ ਉਸ ਵਿੱਚ ਸ਼ਾਮਿਲ ਹੋ ਗਏ। ਬਾਅਦ ਵਿੱਚ ਉਹ ਦੁਬਾਰਾ ਲੋਕ ਦਲ ਵਿੱਚ ਚਲੇ ਗਏ। ਇਸ ਤੋਂ ਬਾਅਦ ਲੋਕ ਦਲ (ਬ) ਦਲਿਤ ਮਜ਼ਦੂਰ ਕਿਸਾਨ ਪਾਰਟੀ ਨਾਲ ਹੁੰਦੇ ਹੋਏ ਉਨ੍ਹਾਂ ਨੇ ਫਿਰ ਲੋਕ ਦਲ ਬਣਾ ਲਿਆ। ਸੰਨ 1987 ਦੀਆਂ ਚੋਣਾਂ ਵਿੱਚ ਲੋਕ ਦਲ ਨੇ ਭਾਰੀ ਸਫਲਤਾ ਪ੍ਰਾਪਤ ਕੀਤੀ ਅਤੇ 90 ਤੋਂ 85 ਸੀਟਾਂ ਜਿੱਤ ਕੇ ਚੌਧਰੀ ਦੇਵੀ ਦਿਆਲ ਹਰਿਆਣਾ ਦੇ ਮਹਾਨ ਨੇਤਾ ਬਣ ਗਏ ਪਰ 1989 ਵਿੱਚ ਲੋਕ ਦਲ ਦਾ 'ਜਨਤਾ ਦਲ' ਵਿੱਚ ਵਿਲਯ ਅਤੇ ਲੋਕ ਸਭਾ ਚੋਣਾਂ 'ਚੱਕਰ' ਦੇ ਨਿਸ਼ਾਨ 'ਤੇ ਪਿਆ। ਇਸ ਤੋਂ ਬਾਅਦ 1991 ਦੇ ਆਉਂਦੇ-ਜਾਂਦੇ ਜਨਤਾ ਦਲ ਤੋਂ ਵੀ ਇਸ ਦਾ ਮੋਹ ਭੰਗ ਹੋ ਗਿਆ ਅਤੇ ਸ਼੍ਰੀ ਦੇਵੀ ਲਾਲ ਨੇ ਸਮਾਜਵਾਦੀ ਜਨਤਾ ਦਲ ਦਾ ਗਠਨ ਕਰ ਲਿਆ ਪਰ ਸਮਾਜਵਾਦੀ ਜਨਤਾ ਦਲ ਦੀ ਮਾਨਤਾ ਨਾ ਹੋਣ ਦੇ ਕਾਰਨ ਉਨ੍ਹਾਂ ਨੂੰ ਵਿਧਾਨ ਸਭਾ ਦੀਆਂ ਚੋਣਾਂ ਸੁਬਰਾਮਨਿਯਮ ਸਵਾਮੀ ਦੀ ਜਨਤਾ ਪਾਰਟੀ ਦੇ ਨਿਸ਼ਾਨ ਚੱਕਰ ਹਲਧਰ 'ਤੇ ਲੜਨਾ ਪਿਆ। ਇਸ ਤੋਂ ਬਾਅਦ ਸਵਾਮੀ ਨਾਲ ਵੀ ਅਣਬਣ ਹੋ ਜਾਣ 'ਤੇ ਉਨ੍ਹਾਂ ਨੇ ਸਮਾਜਵਾਦੀ ਜਨਤਾ ਪਾਰਟੀ ਦਾ ਗਠਨ ਕੀਤਾ, ਫਿਰ ਰਾਸ਼ਟਰੀ ਸਮਾਜਵਾਦੀ ਪਾਰਟੀ ਬਣਾਈ ਪਰ 1996 'ਚ ਵਿਧਾਨ ਸਭਾ ਚੋਣਾਂ ਦੌਰਾਨ ਜਾਰਜ ਫਰਨਾਂਡਿਸ ਸਮਤਾ ਪਾਰਟੀ ਦੇ ਨਿਸ਼ਾਨ 'ਤੇ ਲੜਿਆ। 1999 ਦੇ ਆਉਂਦੇ ਜਾਂਦੇ ਇੰਡੀਅਨ ਨੈਸ਼ਨਲ ਲੋਕ ਦਲ ਹੋਂਦ ਵਿੱਚ ਆ ਗਿਆ। ਹਰਿਆਣਾ ਵਿੱਚ ਫਰਵਰੀ 2000 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇੰਡੀਅਨ ਨੈਸ਼ਨਲ ਲੋਕ ਦਲ ਨੇ ਚਸ਼ਮੇ ਦੇ ਨਿਸ਼ਾਨ 'ਤੇ ਚੋਣਾਂ ਲੜੀਆਂ। ਇਨ੍ਹਾਂ ਚੋਣਾਂ ਨੇ ਆਪਣੀਆਂ ਇਨ੍ਹਾਂ ਨੀਤੀਆਂ ਨਾਲ ਆਪਣਾ ਚੋਣ ਘੋਸ਼ਣਾ ਪੱਤਰ ਜਾਰੀ ਕੀਤਾ, ਜਿਸ ਵਿੱਚ ਹੇਠ ਲਿਖੀਆ ਗੱਲਾਂ ਸ਼ਾਮਿਲ ਸਨ :

1. **ਬਿਜਲੀ ਅਤੇ ਪਾਣੀ ਦੀ ਉਪਲੱਬਧੀ** (Electricity and Water Supply)– ਘੋਸ਼ਣਾ ਪੱਤਰ ਵਿੱਚ ਕਿਹਾ ਗਿਆ ਕਿ ਹਰਿਆਣਾ ਵਿੱਚ ਉਪਭੋਗਤਾਵਾਂ ਨੂੰ ਮੁਫਤ ਬਿਜਲੀ-ਪਾਣੀ ਉਪਲੱਬਧ ਕਰਵਾਉਣ ਦਾ ਸਵਾਲ ਇਸ ਚੋਣ ਵਿੱਚ ਕੋਈ ਮੁੱਦਾ ਨਹੀਂ ਹੈ। ਘੋਸ਼ਣਾ ਪੱਤਰ ਵਿੱਚ ਕੇਵਲ ਉਪਭੋਗਤਾਵਾਂ ਨੂੰ 24 ਘੰਟੇ ਬਿਜਲੀ ਉਪਲੱਬਧ ਕਰਾਉਣ ਦੀ ਗੱਲ ਕਹੀ ਗਈ ਹੈ। ਘੋਸ਼ਣਾ ਪੱਤਰ ਵਿੱਚ ਇਨੈਲੋ (ਇੰਡੀਅਨ ਨੈਸ਼ਨਲ ਲੋਕ ਦਲ) ਨੇ ਸਤਲੁਜ-ਯਮੁਨਾ ਲਿੰਕ ਲਹਿਰ ਦਾ ਨਿਰਮਾਣ ਅਤੇ ਪੰਜਾਬ ਨਾਲ ਆਪਣੇ ਅੰਤਰਰਾਸ਼ਟਰੀ ਵਿਵਾਦਾਂ ਨੂੰ ਸੁਲਝਾਉਣ ਲਈ ਕੇਂਦਰ 'ਤੇ ਦਬਾਅ ਪਾਉਣ ਦੀ ਗੱਲ ਕਹੀ। ਇਸ ਵਿੱਚ ਕਿਹਾ ਕਿ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਵਧੇਰੇ ਮਾਤਰਾ ਵਿੱਚ ਪੀਣ ਵਾਲਾ ਪਾਣੀ ਉਪਲੱਬਧ ਕਰਵਾਇਆ ਜਾਵੇਗਾ।

2. ਸਿੱਖਿਆ (Education)–ਘੋਸ਼ਣਾ ਪੱਤਰ ਵਿੰਚ ਕਿਹਾ ਗਿਆ ਹੈ ਕਿ:

*(i)* ਪ੍ਰਦੇਸ਼ ਵਿੱਚ ਪਹਿਲੀ ਕਲਾਸ ਦੇ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਤੋਂ ਇਲਾਵਾ ਸਿੱਖਿਆ ਪ੍ਰਣਾਲੀ ਵਿੱਚ ਕਈ ਸੁਧਾਰਾਂ 'ਤੇ ਧਿਆਨ ਦਿੱਤਾ ਜਾਵੇਗਾ। ਖੇਡਾਂ ਨੂੰ ਪਾਠ ਕ੍ਰਮ ਦਾ ਹਿੱਸਾ ਬਣਾਇਆ ਜਾਵੇਗਾ।

*(ii)* ਲੜਕੀਆਂ ਦੀ ਸਿੱਖਿਆ ਨੂੰ ਉਤਸ਼ਾਹ ਦੇਣ ਲਈ ਪੇਂਡੂ ਸਕੂਲਾਂ ਦਾ ਦਰਜਾ ਵਧਾਇਆ ਜਾਵੇਗਾ ਅਤੇ ਜ਼ਰੂਰਤ ਅਨੁਸਾਰ ਲੜਕੀਆਂ ਲਈ ਨਵੇਂ ਕਾਲਜ ਵੀ ਖੋਲ੍ਹੇ ਜਾਣਗੇ।

*(iii)* ਉਦਯੋਗਿਕ ਪ੍ਰੀਖਣ ਸੰਸਥਾਵਾਂ ਵਿੱਚ ਅਜਿਹੇ ਨਵੇਂ ਕੋਰਸ ਸ਼ੁਰੂ ਕੀਤੇ ਜਾਣਗੇ ਜਿਸ ਨਾਲ ਕਿ ਵਿਦਿਆਰਥੀ ਆਪਣੇ ਕਾਰੋਬਾਰ (Trades) ਵਿੱਚ ਅਸਾਨੀ ਨਾਲ ਰੋਜ਼ਗਾਰ ਪ੍ਰਾਪਤ ਕਰ ਸਕਣਗੇ।

*(iv)* ਗੈਰ-ਸਰਕਾਰੀ ਸਕੂਲਾਂ ਅਤੇ ਕਾਲਜਾਂ ਦੇ ਕਰਮਚਾਰੀਆਂ ਦੀ ਤਨਖਾਹ ਨਿਸ਼ਚਿਤ ਕੀਤੀ ਜਾਵੇਗੀ।

3. **ਵਿਕਾਸ** (Development)–ਘੋਸ਼ਣਾ ਪੱਤਰ ਵਿੱਚ ਕਿਹਾ ਗਿਆ ਹੈ ਕਿ ਰਾਜ ਦੇ ਸਮਗ੍ਰਿ ਵਿਕਾਸ ਲਈ 'ਆਰਥਿਕ ਵਿਕਾਸ ਕੋਸ਼' ਦੀ ਸਥਾਪਨਾ ਕੀਤੀ ਜਾਵੇਗੀ। ਰਾਸ਼ਟਰੀ ਰਾਜਧਾਨੀ ਖੇਤਰ ਵਿੱਚ 4,000 ਏਕੜ ਖੇਤਰ 'ਤੇ ਇਕ ਭੂਮੀ ਵਿਕਾਸ ਬੈਂਕ ਬਣਾਇਆ ਜਾਵੇਗਾ। ਫਸਲ-ਬੀਮਾ ਯੋਜਨਾ ਸ਼ੁਰੂ ਕੀਤੀ ਜਾਵੇਗੀ ਅਤੇ ਛੋਟੇ ਦਸਤਕਾਰਾਂ ਦੇ ਲਾਭ ਲਈ ਕਰਟਾਨਕ ਦੀ ਤਰਜ਼ 'ਤੇ ਇਕ ਹਸਤਾਖਰ ਵਿਕਾਸ ਬੋਰਡ ਗਠਿਤ ਕੀਤਾ ਜਾਵੇਗਾ।

4. **ਵਿਧੁਤ ਵੰਡ ਪ੍ਰਣਾਲੀ ਵਿੱਚ ਸੁਧਾਰ** (Improvement in Electricity Transmission System)–ਘੋਸ਼ਣਾ ਪੱਤਰ ਵਿੱਚ ਕਿਹਾ ਗਿਆ ਹੈ ਕਿ ਵਿਧੁਤ ਵੰਡ ਪ੍ਰਣਾਲੀ ਵਿੱਚ ਸੁਧਾਰ ਕੀਤਾ ਜਾਵੇਗਾ, ਜਿਸ ਨਾਲ ਪ੍ਰਦੇਸ਼ ਵਿੱਚ ਸਾਰੇ ਉਪਭੋਗਤਾਵਾਂ ਨੂੰ ਵਧੇਰੇ ਮਾਤਰਾ ਵਿੱਚ ਬਿਜਲੀ ਮਿਲ ਸਕੇ। ਬਿਜਲੀ ਦੀ ਚੋਰੀ ਕਰਨ ਵਾਲਿਆਂ ਵਿਰੁੱਧ ਸਖਤ ਕਦਮ ਚੁੱਕੇ ਜਾਣਗੇ, ਸੜੇ ਹੋਏ ਟ੍ਰਾਂਸਫਾਰਮਰਾਂ (Transfarmers) ਨੂੰ 24 ਘੰਟਿਆਂ ਵਿੱਚ ਬਦਲਿਆਂ ਜਾਵੇਗਾ।

5. **ਬੇਰੋਜਗਾਰੀ** (Unemployment)–ਬੇਰੋਜਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਬੇਰੁਜ਼ਗਾਰ ਨੌਜਵਾਨਾਂ ਨੂੰ ਆਪਣੇ ਆਟੋ ਰਿਕਸ਼ਾ ਵਰਗੇ ਤਿੰਨ ਪਹੀਆ, ਚਹੁ-ਪਹੀਆ, ਟਰੱਕ, ਬੱਸ, ਟੈਕਸੀ ਆਦਿ ਖਰੀਦਣ ਲਈ ਸਸਤੇ ਵਿਆਜ ਦੀਆਂ ਦਰਾਂ 'ਤੇ ਕਰਜ਼ਾ ਦੇਣ ਅਤੇ ਦਿੱਲੀ ਦੇ ਸੀਮਾਵਰਤੀ ਖੇਤਰਾਂ ਵਿੱਚ ਵਪਾਰਕ ਕੇਂਦਰ ਖੋਲ੍ਹਣ ਦੀ ਗੱਲ ਕੀਤੀ ਗਈ ਹੈ।

6. **ਵਿਸ਼ਵ ਵਿਦਿਆਲਿਆਂ ਵਿੱਚ ਪੀਠਾਂ ਦੀ ਸਥਾਪਨਾ** (University Chairs)– ਘੋਸ਼ਣਾ ਪੱਤਰ ਵਿੱਚ ਹਰਿਆਣਾ ਦੇ ਵਿਸ਼ਵ ਵਿਦਿਆਲਿਆਂ ਵਿੱਚ ਲਾਲਾ ਲਾਜਪਤ ਰਾਏ, ਚੌ. ਛੋਟੂ ਰਾਮ, ਸ਼ਹੀਦ ਊਧਮ ਸਿੰਘ, ਭਗਤ ਸਿੰਘ, ਮਦਨ ਲਾਲ ਢੀਂਗਰਾ, ਡਾ. ਅੰਬੇਡਕਰ, ਭਗਵਾਨ ਵਾਲੀਮਿਕ, ਗੁਰੂ ਰਵਿਦਾਸ, ਮਹਾਰਾਜਾ ਪ੍ਰਤਾਪ ਸਿੰਘ ਅਤੇ ਦਾਦਾ ਲਕਸ਼ਮੀ ਵਰਗੇ ਮਹਾਂਪੁਰਸ਼ਾਂ ਦੀ ਪੀਠ ਸਥਾਪਿਤ ਕਰਨ ਲਈ ਉਨ੍ਹਾਂ ਦੀਆਂ ਜੀਵਨੀਆਂ ਨਾਲ ਸਬੰਧਿਤ ਲੇਖ ਵੀ ਸਕੂਲੀ ਪਾਠ ਕ੍ਰਮ ਵਿੱਚ ਸ਼ਾਮਿਲ ਕਰਨ ਦੀ ਗੱਲ ਕਹੀ ਗਈ ਹੈ।

7. **ਉੱਪ-ਸੰਮਤੀ** (Sub-Committee)–ਘੋਸ਼ਣਾ ਪੱਤਰ ਜਾਰੀ ਕਰਦੇ ਹੋਏ ਸ਼੍ਰੀ ਓਮ ਪ੍ਰਕਾਸ਼ ਚੌਟਾਲਾ ਨੇ ਕਿਹਾ ਕਿ ਇਨੈਲੋ (INLD) ਦੀ ਹਰਿਆਣਾ ਸ਼ਾਖਾ ਵੱਲੋਂ ਸਾਲ 2000 ਦੀਆਂ ਵਿਧਾਨ ਸਭਾ ਚੋਣਾਂ ਲਈ ਜਾਰੀ ਕੀਤੇ ਗਏ ਘੋਸ਼ਣਾ ਪੱਤਰ ਵਿੱਚ ਕੀਤੇ ਗਏ ਵਾਅਦਿਆਂ ਨੂੰ ਕਿਰਿਆਸ਼ੀਲ ਦਾ ਪ੍ਰੀਖਣ ਕਰਨ ਲਈ ਇਕ ਉੱਪ-ਸੰਮਤੀ ਗਠਿਤ ਕੀਤੀ ਜਾਵੇਗੀ, ਜਿਸ ਵਿੱਚ ਸਰਕਾਰੀ ਅਤੇ ਗੈਰ-ਸਰਕਾਰੀ ਮੈਂਬਰ ਹੋਣਗੇ। ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਵਾਅਦਾ ਅਧੂਆ ਰਹਿ ਜਾਂਦਾ ਹੈ ਤਾਂ ਸਬੰਧਿਤ ਵਿਭਾਗ ਨੂੰ ਤੁਰੰਤ ਪੂਰਾ ਕਰਨ ਦਾ ਆਦੇਸ਼ ਦਿੱਤਾ ਜਾਵੇਗਾ। ਫਰਵਰੀ 2005 ਵਿੱਚ ਇਨੈਲੋ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਸਤਲੁਜ-ਯਮੁਨਾ ਲਿੰਕ ਨਹਿਰ ਅਤੇ ਪੰਜਾਬ ਨਾਲ ਨਦੀਆਂ ਦੇ ਪਾਣੀ ਦੇ ਬਟਵਾਰੇ ਦੇ ਮੁੱਦੇ ਨੂੰ ਪ੍ਰਮੁੱਖਤਾ ਦਿੱਤੀ ਅਤੇ ਹਰਿਆਣਾ ਦੇ ਪੱਖ ਵਿੱਚ ਫੈਸਲਾ ਲਾਗੂ ਕਰਵਾਉਣ ਦਾ ਭਰੋਸਾ ਦਿਵਾਇਆ। ਫਿਰ ਇਸ ਨੇ 2004-05 ਵਿੱਚ ਆਪਣੀ ਸਰਕਾਰ ਦੀਆਂ ਉਪਲੱਬਧੀਆਂ ਦੇ ਅਧਾਰ 'ਤੇ ਜਨਤਾ ਤੋਂ ਪੁਨਰ ਜਲਾਦੇਸ਼ ਪ੍ਰਾਪਤ ਕਰਨ ਦਾ ਯਤਨ ਕੀਤਾ ਪਰ ਇਸ ਦਾ ਯਤਨ ਅਸਫਲ ਰਿਹਾ। ਆਮ ਜਨਤਾ ਨੇ ਚੌਟਾਲਾ ਸਰਕਾਰ ਦੇ ਸ਼ਾਸਨ ਦੌਰਾਨ ਪੈਦਾ ਹੋਏ ਪ੍ਰਸ਼ਾਸਨਿਕ ਅਤੇ ਰਾਜਨੀਤਿਕ ਭ੍ਰਿਸ਼ਟਾਚਾਰ ਵਿਰੁੱਧ ਵੋਟਾਂ ਦਿੱਤੀਆਂ ਅਤੇ ਕਾਂਗਰਸ ਨੇ ਬਹੁਮਤ ਪ੍ਰਾਪਤ ਕੀਤਾ।

ਫਰਵਰੀ 2000 ਵਿੱਚ ਸੰਪਨ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਇਨੈਲੋ ਨੇ ਭਾਰਤੀ ਜਨਤਾ ਪਾਰਟੀ ਦੇ ਨਾਲ ਮਿਲ ਕੇ ਲੜੀਆਂ ਅਤੇ ਇਨੈਲੋ ਇਕੱਲੇ ਹੀ ਪੂਰਨ ਬਹੁਮਤ (90 ਵਿੱਚੋਂ 47 ਸਥਾਨ) ਪ੍ਰਾਪਤ ਕਰਨ ਵਿੱਚ ਸਫਲ ਹੋਈ। 2 ਮਾਰਚ 2000

ਨੋਟ

ਨੂੰ ਪਾਰਟੀ ਦੇ ਨੇਤਾ ਸ਼੍ਰੀ ਓਮ ਪ੍ਰਕਾਸ਼ ਚੌਟਾਲਾ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਸਹੁੰ ਚੁੱਕੀ ਗਈ। ਇਸ ਦਿਨ ਤੋਂ ਲੈ ਕੇ 2005 ਫਰਵਰੀ ਤੱਕ ਇਨੈਲੋ ਸੱਤਾ ਵਿੱਚ ਰਹੀ ਪਰ ਮਾਰਚ 2005 ਦੀਆਂ ਲੋਕ ਸਭਾ ਚੋਣਾਂ ਨੇ ਇਹ ਸਪੱਸ਼ਟ ਦਿਖਾਇਆ ਕਿ ਇਨੈਲੋ ਦੀ ਲੋਕਪ੍ਰਿਯਤਾ ਬਹੁਤ ਘੱਟ ਹੋ ਰਹੀ ਸੀ। ਫਿਰ ਫਰਵਰੀ 2005 ਵਿੱਚ ਹਰਿਆਣਾ ਵਿਧਾਨ ਸਭਾ ਚੋਣਾਂ ਨੇ ਤਾਂ ਇਹ ਸਿੱਧ ਵੀ ਕਰ ਦਿੱਤਾ। ਇਨ੍ਹਾਂ ਚੋਣਾਂ ਵਿੱਚ ਇਨੈਲੋ ਨੂੰ ਕੇਵਲ 9 ਸੀਟਾਂ ਮਿਲੀਆਂ ਜਦੋਂ ਕਿ ਕਾਂਗਰਸ ਨੂੰ 90 ਸੀਟਾਂ ਵਿੱਚੋਂ 67 'ਤੇ ਜਿੱਤ ਪ੍ਰਾਪਤ ਹੋਈ। ਸ਼੍ਰੀ ਭੁਪਿੰਦਰ ਸਿੰਘ ਸਿੰਘ ਹੁੱਡਾ ਦੀ ਅਗਵਾਈ ਵਿੱਚ ਮਾਰਚ 2005 ਵਿੱਚ ਹਰਿਆਣਾ 'ਚ ਕਾਂਗਰਸ ਨੇ ਸੱਤਾ ਸੰਭਾਲ ਲਈ ਅਤੇ ਹਾਲੇ ਤੱਕ ਸੱਤਾ ਵਿੱਚ ਹੈ ਪਰ 2009 ਦੇ ਵਿਧਾਨ ਸਭਾ ਚੋਣਾਂ ਵਿੱਚ ਇਸ ਨੇ ਆਪਣਾ ਗੁਆਚਿਆ ਅਧਾਰ ਕਿਸੇ ਹੱਦ ਤੱਕ ਪ੍ਰਾਪਤ ਕਰ ਲਿਆ ਸੱਤਾ ਵਿੱਚ ਨਹੀਂ ਆ ਸਕਿਆ। ਇਨੈਲੋ ਹਰਿਆਣਾ ਦਾ ਇਕ ਸ਼ੁੱਧ ਸਥਾਨਕ ਰਾਜਨੀਤਿਕ ਦਲ ਹੈ।

### 14.4.3 ਦ੍ਰਵਿੜ ਮੁਨੇਤਰ ਕੜਗਮ ਡੀ. ਐਮ. ਕੇ. (Dravida Munnetra Karagam DMK)

ਡੀ. ਐਮ. ਕੇ. (DMK) ਅਤੇ ਏ. ਆਈ. ਏ. ਡੀ. ਐਮ. ਕੇ. (AIADMK) ਦੋ ਖੇਤਰੀ ਦਲ ਹਨ ਜੋ ਕਿ ਤਾਮਿਲਨਾਡੂ ਦੀ ਰਾਜਨੀਤੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਦਲਾਂ ਦੇ ਰੂਪ ਵਿੱਚ ਉਭਰੇ ਹਨ। ਵਰਤਮਾਨ ਸਮੇਂ ਵਿੱਚ ਇਨ੍ਹਾਂ ਦਲਾਂ ਨੇ ਰਾਸ਼ਟਰੀ ਪੱਧਰ 'ਤੇ ਚੋਣਾਂ ਦੀ ਰਾਜਨੀਤੀ ਨੂੰ ਸਰਗਰਮੀ ਨਾਲ ਪ੍ਰਭਾਵਿਤ ਕਰਨਾ ਸ਼ੁਰੂ ਕੀਤਾ ਹੈ। ਇਨ੍ਹਾਂ ਦੋ ਦਲਾਂ ਦੇ ਇਤਿਹਾਸ ਅਤੇ ਪ੍ਰਦਰਸ਼ਨ ਦਾ ਵਿਸ਼ਲੇਸ਼ਣ ਕਰਨਾ ਆਪਣੇ ਲਈ ਇਕ ਲਾਭ ਵਾਲੀ ਗੱਲ ਹੈ, ਕਿਉਂਕਿ ਇਸ ਵਿੱਚ ਅਧਿਐਨ ਸ਼ਾਮਿਲ ਹੈ ਕਿ ਅਲਗਾਵਵਾਦ ਵਿੱਚ ਵਿਸ਼ਵਾਸ ਰੱਖਦਾ ਇਕ ਖੇਤਰੀ ਦਲ ਕਿਵੇਂ ਰਾਸ਼ਟਰੀ ਹਿੱਤਾਂ ਅਤੇ ਉਦੇਸ਼ਾਂ ਦੇ ਘੇਰੇ ਵਿੱਚ ਰਹਿ ਕੇ ਵੀ ਆਪਣੇ ਖੇਤਰੀ ਹਿੱਤਾਂ ਦੀ ਪ੍ਰਾਪਤੀ ਲਈ ਵਚਨਬੱਧ ਦਲ ਵਿੱਚ ਬਦਲ ਸਕਦਾ ਹੈ। ਸ਼ੁਰੂ ਵਿੱਚ ਡੀ. ਐੱਮ. ਕੇ. ਪੂਰਨ ਰੂਪ ਵਿੱਚ ਖੇਤਰੀ ਪ੍ਰਵੇਸ਼ ਵਾਲਾ ਦਲ ਸੀ ਅਤੇ ਇਸ ਦਾ ਦ੍ਰਿਸ਼ਟੀਕੋਣ ਅਲਗਾਵਵਾਦ ਤੋਂ ਪੂਰਨ ਤੌਰ 'ਤੇ ਪ੍ਰੇਰਿਤ ਸੀ ਪਰ ਹੌਲੀ-ਹੌਲੀ ਇਹ ਏ. ਆਈ. ਏ. ਡੀ. ਐੱਮ. ਕੇ. (AIADMK) ਜੋ 1970 ਦੇ ਦਹਾਕੇ ਵਿੱਚ ਉੱਭਰ ਕੇ ਸਾਹਮਣੇ ਆਇਆ, ਦੇ ਨਾਲ-ਨਾਲ ਖੇਤਰੀ ਹਿੱਤਾਂ ਅਤੇ ਰਾਸ਼ਟਰੀ ਏਕਤਾ ਤੇ ਅਖੰਡਤਾ ਦੀ ਜ਼ਰੂਰਤ ਵੀ ਚੰਗੀ ਸਦਭਾਵਨਾ ਦੀ ਸੋਚ ਵਿੱਚ ਬਦਲਣ 'ਚ ਸਫਲ ਰਿਹਾ। ਡੀ. ਐੱਮ. ਕੇ. ਰਾਸ਼ਟਰੀ ਲੋਕਤੰਤਰੀ ਗਠਬੰਧਨ ਦਾ ਇਕ ਹਿੱਸਾ ਹੈ ਅਤੇ ਰਾਸ਼ਟਰੀ ਪੱਧਰ 'ਤੇ ਵੀ ਸਰਕਾਰ ਦਾ ਇਕ ਅੰਗ ਬਣਿਆ ਰਿਹਾ ਪਰ ਮਾਰਚ-ਅਪ੍ਰੈਲ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਡੀ. ਐੱਮ. ਕੇ. ਵਿੱਚ ਕਾਂਗਰਸ ਨਾਲ ਗਠਬੰਧਨ ਕਰ ਲਿਆ ਅਤੇ ਇਸ ਨਵੇਂ ਗਠਬੰਧਨ ਨਾਲ ਹੀ ਡੀ. ਐੱਮ. ਕੇ. ਨੂੰ 14ਵੀਂ ਲੋਕ ਸਭਾ ਵਿੱਚ ਵਧੇਰੇ ਸਫਲਤਾ ਪ੍ਰਾਪਤ ਹੋਈ। ਇਸ ਨੂੰ 15 ਸੀਟਾਂ 'ਤੇ ਸਫਲਤਾ ਪ੍ਰਾਪਤ ਹੋਈ।

#### ਡੀ. ਐੱਮ. ਕੇ. ਦੀ ਸਥਾਪਨਾ ਅਤੇ ਡੀ. ਐੱਮ. ਕੇ. ਵਿੱਚ ਫੁੱਟ ਨਾਲ ਏ. ਆਈ. ਏ. ਡੀ. ਐੱਮ. ਕੇ. ਦਾ ਜਨਮ (The Rise of the DMK and the Emergence of the AIADMK through a split in the DMK)

ਡੀ. ਐੱਮ. ਕੇ. ਦਲ ਪਿਛਲੇ ਲੱਗਭਗ 6 ਦਹਾਕਿਆਂ ਤੋਂ ਤਾਮਿਲਨਾਡੂ ਰਾਜ ਦੀ ਰਾਜਨੀਤੀ ਵਿੱਚ ਇਕ ਬਹੁਤ ਵੱਡੀ ਰਾਜਨੀਤਿਕ ਸ਼ਕਤੀ ਬਣ ਕੇ ਉਭਰਿਆ ਹੈ ਅਤੇ ਰੁਝਾਨ ਸੰਕੇਤ ਦਿੰਦੇ ਹਨ ਕਿ ਇਸ ਨੇ ਇਕ ਅਜਿਹੀ ਭੂਮਿਕਾ ਸਵੀਕਾਰ ਕਰ ਲਈ ਹੈ ਜੋ ਕਿ ਭਾਰਤ ਦੇ ਸੰਪੂਰਨ ਰਾਜਨੀਤਿਕ ਦ੍ਰਿਸ਼ 'ਤੇ ਦੂਰਦਰਸ਼ੀ ਪ੍ਰਭਾਵ ਪਾ ਸਕਦਾ ਹੈ। ਡੀ. ਐੱਮ. ਕੇ. ਦੀ ਪੈਦਾਵਾਰ, ਕੰਮ ਅਤੇ ਉਸ ਦਾ ਇਕ ਰਾਜਨੀਤਿਕ ਦਲ ਦੇ ਰੂਪ ਵਿੱਚ ਵਿਕਸਿਤ ਹੋਣਾ ਆਪਣੇ ਆਪ ਵਿੱਚ ਇਕ ਰੋਚਕ ਇਤਿਹਾਸ ਹੈ।

ਡੀ. ਐੱਮ. ਕੇ. ਦਲ ਦੀ ਪੈਦਾਵਾਰ ਵਿੱਚ ਆਉਣ 'ਤੇ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਸਾਨੂੰ ਸੰਖੇਪ ਵਿੱਚ ਤਾਮਿਲਨਾਡੂ ਦੇ ਇਤਿਹਾਸ ਦਾ ਜਾਇਜ਼ਾ ਲੈਣਾ ਪਵੇਗਾ ਅਤੇ ਉਨ੍ਹਾਂ ਸਥਿਤੀਆਂ ਤੇ ਕਾਰਕਾਂ ਦਾ ਵਿਸ਼ਲੇਸ਼ਣ ਕਰਨਾ ਪਵੇਗਾ ਜੋ ਕਿ ਡੀ. ਐੱਮ. ਕੇ. ਦੀ ਸਥਾਪਨਾ ਦਾ ਕਾਰਨ ਬਣੇ। ਪਹਿਲੀ ਸ਼ਤਾਬਦੀ ਸਮੇਂ ਤੋਂ ਹੀ ਤਾਮਿਲ ਸ਼ਾਸਕ ਘਰਾਣੇ ਭਾਰਤੀ ਰਾਜਨੀਤੀ ਵਿੱਚ ਮਹੱਤਵਪੂਰਨ ਨਿਭਾਉਂਦੇ ਰਹੇ ਹਨ। ਇਹ ਅੰਦਰੂਨੀ ਰਾਜਨੀਤਿਕ ਵਿੱਚ ਵੀ ਮਹੱਤਵਪੂਰਨ ਸ਼ਕਤੀ ਰਹੇ ਹਨ। ਦੱਖਣ ਦੇ ਸ਼ਾਸਕ ਵੰਸ਼, ਜਿਵੇਂ ਚੋਲਾ ਚੇਰਾ ਅਤੇ ਪਾਂਧੀਆ ਵੰਸ਼ਾਂ ਦਾ ਵਰਨਣ ਈਸਾ ਮਸੀਹ ਦੇ ਜਨਮ ਤੋਂ 4 ਸ਼ਤਾਬਦੀਆਂ ਪਹਿਲਾਂ ਉੱਤਰ ਦੇ ਹੱਥ ਨਾਲ ਲਿਖੇ ਲੇਖਾਂ ਵਿੱਚ ਮਿਲਦਾ ਹੈ ਪਰ ਇਹ ਪਹਿਲਾਂ ਸਾਮਰਾਜ ਵਿੱਚ ਸ਼ਾਮਿਲ ਨਹੀਂ ਹੁੰਦੇ ਸਨ। ਇਸ ਤਰ੍ਹਾਂ ਰਾਜਨੀਤਿਕ ਸੁਤੰਤਰਤਾ ਨਾਲ ਜਿਉਂਦਾ ਰਹਿਣਾ ਤਾਮਿਲਨਾਡੂ ਦੀ ਇਕ ਪੁਰਾਣੀ ਪ੍ਰੰਪਰਾ ਰਹੀ ਹੈ। 17ਵੀਂ ਸ਼ਤਾਬਦੀ ਵਿੱਚ ਤਾਮਿਲਨਾਡੂ ਦਾ ਕੁਝ ਤੰਜਾਵੂਰ ਤੱਕ ਵਧ ਗਿਆ ਅਤੇ ਕੁਝ ਸੀਮਾਵਰਤੀ ਚੌਂਕੀਆਂ। 18ਵੀਂ ਸ਼ਤਾਬਦੀ ਦੇ ਅੰਤ ਤੱਕ ਮੁਸਲਿਮ ਹੱਥਾਂ ਵਿੱਚ ਰਹੀ ਪਰ ਬਾਕੀ ਭਾਰਤ ਦੇ ਉਲਟ ਤਾਮਿਲਨਾਡੂ ਇਸਲਾਮ ਨਾਲ ਕੋਈ ਰਾਜਨੀਤਿਕ ਜਾਂ ਸੰਸਕ੍ਰਿਤਿਕ ਟਕਰਾਅ ਦੀ ਕੋਈ ਜ਼ੋਰਦਾਰ ਪ੍ਰੰਪਰਾ ਸਥਾਪਿਤ ਨਹੀਂ ਕਰ ਸਕਿਆ।

ਦੂਸਰੇ ਪਾਸੇ ਤਾਮਿਲਨਾਡੂ ਵਿੱਚ ਆਪਣੀ ਹੀ ਤਰ੍ਹਾਂ ਦਾ ਇਕ ਸੰਸਕ੍ਰਿਤਿਕ ਟਕਰਾਅ ਮੌਜੂਦ ਹੈ ਜੋ ਕਿ ਭਾਰਤ ਵਿੱਚ ਕਿਤੇ ਵੀ ਦਿਖਾਈ ਨਹੀਂ ਦਿੰਦਾ। ਅਜਿਹੇ ਵਿਅਕਤੀ ਜੋ ਕੁਝ ਧਾਰਮਿਕ ਮੂਲਾਂ ਦੇ ਮੂਲ ਪਾਠ ਲਈ ਸੰਸਕ੍ਰਿਤੀ ਦਾ ਇਸਤੇਮਾਲ ਕਰਨ ਨੂੰ ਪਹਿਲ ਦਿੰਦੇ ਹਨ ਅਤੇ ਉਨ੍ਹਾਂ ਦੇ ਤੇ ਤਾਮਿਲ ਭਾਸ਼ਾ ਨੂੰ ਪਹਿਲ ਦੇਣ ਵਾਲੇ ਵਾਲੀ ਨੇ ਝਗੜੇ ਸ਼ਤਾਬਦੀਆਂ ਤੋਂ ਚੱਲੇ ਆ ਰਹੇ ਹਨ ਅਤੇ ਇਹ ਮਤਭੇਦ ਸੰਸਕ੍ਰਿਤੀ ਦਰਮਿਆਨ ਟਕਰਾਅ ਦੀ ਸਥਿਤੀ ਵਾਲਾ ਰਿਹਾ ਹੈ। ਤਾਮਿਲਨਾਡੂ ਵਿੱਚ ਜੋ ਲੋਕ ਸੰਸਕ੍ਰਿਤ ਦਾ ਇਸਤੇਮਾਲ ਕਰਦੇ ਹਨ, ਉਨ੍ਹਾਂ ਵਿੱਚ ਮੁੱਖ ਰੂਪ 'ਚ ਬ੍ਰਾਹਮਣ ਆਉਂਦੇ ਹਨ। 19ਵੀਂ ਸ਼ਤਾਬਦੀ ਦੇ ਅੰਤ ਤੱਕ ਸੰਪੂਰਨ ਦੱਖਣ ਭਾਰਤ ਵਿੱਚ ਬ੍ਰਾਹਮਣਾਂ ਅਤੇ ਗੈਰ-ਬ੍ਰਾਹਮਣਾਂ ਦਰਮਿਆਨ ਇਕ ਵਿਰੋਧ ਅਤੇ ਟਕਰਾਅ ਸ਼ੁਰੂ ਹੋ ਗਿਆ ਸੀ। ਗੈਰ-ਬ੍ਰਾਹਮਣ ਜਾਤੀਆਂ

**ਨੋਟ**

ਦੇ ਲੋਕ ਭਾਵੇਂ ਗਿਣਤੀ ਵਿੱਚ ਵਧੇਰੇ ਸਨ ਪਰ ਸਮਾਜ ਦੇ ਜ਼ਰੂਰਤ ਅਨੁਸਾਰ ਲੋਕ ਸਨ। ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ ਬ੍ਰਾਹਮਣ-ਗੈਰ-ਬ੍ਰਾਹਮਣਾਂ ਤੋਂ ਕਾਫੀ ਅੱਗੇ ਸਨ, ਇਸ ਲਈ ਗੈਰ-ਬ੍ਰਾਹਮਣਾਂ ਵਿੱਚ ਇਹ ਭਾਵਨਾ ਪਾਈ ਗਈ ਕਿ ਉਹ ਵਿਕਾਸ ਅਤੇ ਉੱਨਤੀ ਨਾਲ ਆਪਣੇ ਆਪ ਨੂੰ ਸੰਗਠਿਤ ਕਰ ਲੈਣ। ਬ੍ਰਾਹਮਣਾਂ ਤੋਂ ਡਰ ਅਤੇ ਈਰਖਾ ਕਾਰਨ ਹੀ ਇਕ ਗੈਰ-ਬ੍ਰਾਹਮਣ ਅੰਦੋਲਨ ਪੈਦਾ ਹੋਇਆ, ਜਿਸ ਦੀ ਅਗਵਾਈ ਸਰ ਸੀ. ਸ਼ੰਕਰਣ ਨਾਇਰ, ਸਰ ਪੀ. ਤਿਆਗ ਰੋਇਆ ਸ਼ੈਟੀ ਅਤੇ ਟੀ. ਐੱਮ. ਨਾਇਰ ਨੇ ਕੀਤਾ। ਇਸ ਅੰਦੋਲਨ ਦੇ ਫਲਸਰੂਪ 1916 ਵਿੱਚ ਜਸਟਿਸ ਦਲ ਦੀ ਸਥਾਪਨਾ ਹੋਈ।

ਈ. ਵੀ. ਰਾਮਾਸਵਾਮੀ ਨਾਇਕਰ ਜਸਟਿਸ ਦਲ ਦੇ ਪ੍ਰਭਾਵਸ਼ਾਲੀ ਨੇਤਾ ਸਨ। ਜਸਟਿਸ ਦਲ ਵਿੱਚ ਮਦਰਾਸ ਪ੍ਰੈਜ਼ੀਡੈਂਸੀ ਅਤੇ 1920 ਤੋਂ 1932 ਤੱਕ 12 ਸਾਲ ਤੱਕ ਸ਼ਾਸਨ ਕੀਤਾ। ਇਹ ਸਮਾਂ ਦੋਹਰੀ ਸ਼ਾਸਨ ਪ੍ਰਣਾਲੀ (Dyarchy) ਦਾ ਸਮਾਂ ਸੀ ਅਤੇ ਇਸ ਨੇ ਘੱਟੋ-ਘੱਟ ਮਦਰਾਸ ਰਾਜ 'ਤੇ ਤਾਂ ਆਪਣਾ ਵਿਸ਼ੇਸ਼ ਪ੍ਰਭਾਵ ਛੱਡਿਆ। ਜਿਨ੍ਹਾਂ ਜਾਤੀਆਂ ਨੇ ਜਸਟਿਸ ਦਲ ਬਣਾਇਆ ਸੀ, ਉਹ ਉੱਚੀਆਂ ਗੈਰ-ਬ੍ਰਾਹਮਣ ਜਾਤੀਆਂ ਸਨ ਜੋ ਕਿ ਐੱਸ. ਸਰਸਵਤੀ ਦੇ ਅੰਦਾਜ਼ੇ ਅਨੁਸਾਰ ਤਾਮਿਲਨਾਡੂ ਦੀ ਕੁੱਲ ਜਨਸੰਖਿਆ ਦਾ ਲੱਗਭਗ 19% ਹਿੱਸਾ ਬਣਦੀਆਂ ਹਨ। ਪ੍ਰੋ. ਆਰ. ਭਾਸਕਰਨ ਦਾ ਵਿਚਾਰ ਹੈ ਕਿ, "ਜਸਟਿਸ ਦਲ ਦੇ ਉਦੇਸ਼ ਜ਼ਿਆਦਾਤਰ ਅਸਲੀਅਤ 'ਤੇ ਅਧਾਰਿਤ ਸਨ ਅਤੇ ਅਜਿਹੇ ਹਿੱਤਾਂ ਨਾਲ ਸਬੰਧਿਤ ਸਨ ਕਿ ਰਾਜਨੀਤਿਕ ਢਾਂਚਾ ਇਸ ਢੰਗ ਨਾਲ ਬਣਾਇਆ ਜਾਵੇ ਕਿ ਰਾਜ ਦੇ ਪੈਤ੍ਰਕ ਨਾਗਰਿਕਾਂ ਨੂੰ ਸੱਤਾ ਅਤੇ ਪ੍ਰਭਾਵ ਵਾਲੀ ਚੋਣ ਸਵਰੂਪ ਦੇ ਅਹੁਦਿਆਂ 'ਤੇ ਨਿਯੁਕਤ ਕੀਤਾ ਜਾਵੇ।" ਜਸਟਿਸ ਦਲ ਦੀ ਇਕ ਮੁੱਖ ਵਿਸ਼ੇਸ਼ਤਾ ਇਹ ਸੀ ਕਿ ਇਹ ਸਮਾਜਿਕ ਸੁਧਾਰਾਂ ਵੱਲ ਪ੍ਰੇਰਿਤ ਸੀ। ਇਕ ਉਦਾਰ ਸ਼ਕਤੀ ਹੋਣ ਕਾਰਨ ਜਸਟਿਸ ਦਲ ਕਹਿੰਦਾ ਸੀ ਕਿ ਭਾਰਤ ਵਿੱਚ ਬ੍ਰਿਟਿਸ਼ ਰਾਜ ਇਕ ਈਸ਼ਵਰੀ ਵਰਦਾਨ ਹੈ। ਜਸਟਿਸ ਦਲ ਦੀ ਭਾਰਤੀ ਕਾਂਗਰਸ ਪ੍ਰਤੀ ਪ੍ਰਵਿਰਤੀ ਨਿਰਧਾਰਿਤ ਹੋਈ। ਇਸ ਦਾ ਵਿਸ਼ਵਾਸ ਸੀ ਕਿ ਕਾਂਗਰਸ ਬ੍ਰਾਹਮਣਾਂ ਦੇ ਪ੍ਰਭਾਵ ਵਾਲਾ ਦਲ ਸੀ। ਮੁਸਲਿਮ ਲੀਗ ਦੇ ਬਰਾਬਰ ਜਸਟਿਸ ਦਲ ਨੇ ਵੀ ਗੈਰ-ਬ੍ਰਾਹਮਣਾਂ ਲਈ ਅਲੱਗ ਚੋਣ ਮੰਡਲ ਬਣਾਉਣ ਲਈ ਅੰਦੋਲਨ ਕੀਤਾ ਅਤੇ 1920 ਵਿੱਚ ਹੋਏ ਕਾਂਗਰਸ ਦੇ ਪੀਰੂਨੇਲਵੇਲੀ ਅਧਿਵੇਸ਼ਨ ਵਿੱਚ ਇਹ ਮੁੱਦਾ ਚੁੱਕਿਆ ਪਰ ਉਸ ਨੂੰ ਰੱਦ ਕਰ ਦਿੱਤਾ ਗਿਆ, ਕਿਉਂਕਿ ਕਾਂਗਰਸ ਦੇ ਸੀ. ਰਾਜਾ ਗੋਪਾਲਚਾਰਿਆ ਦੀ ਅਗਵਾਈ ਵਾਲੇ ਬ੍ਰਾਹਮਣ ਵਿੰਗ ਨੇ ਇਸ ਦਾ ਵਿਰੋਧ ਕੀਤਾ।

1925 ਦੇ ਪ੍ਰਾਂਤੀ ਕਾਂਗਰਸ ਦੇ ਕਾਂਚੀਪੁਰਮ ਅਧਿਵੇਸ਼ਨ ਵਿੱਚ ਨਾਇਕਰ ਨੇ ਇਕ ਵਾਰ ਫਿਰ ਆਪਣੀ ਇਹ ਮੰਗ ਉਠਾਈ ਪਰ ਉਹ ਪ੍ਰਸਤਾਵ ਕਰਵਾਉਣ ਵਿੱਚ ਅਸਫਲ ਰਹੇ। ਨਾਇਕਰ ਅਤੇ ਉਨ੍ਹਾਂ ਦੇ ਸਮਰਥਕ ਅਧਿਵੇਸ਼ਨ ਵਿੱਚੋਂ ਉੱਠ ਕੇ ਬਾਹਰ ਚਲੇ ਗਏ ਅਤੇ ਉਨ੍ਹਾਂ ਨੇ ਹਮੇਸ਼ਾ ਲਈ ਕਾਂਗਰਸ ਨਾਲੋਂ ਸਬੰਧ ਤੋੜ ਲਿਆ। ਇਸ ਘਟਨਾ ਨੂੰ ਬ੍ਰਿਟਿਸ਼ ਮਰਿਯਾਦਾ ਵਿਯਾਕਾਮ (ਆਤਮ ਸਨਮਾਨ ਲਹਿਰ) ਸ਼ੁਰੂ ਕੀਤੀ। ਨੇਤਾਵਾਂ ਨੇ ਜਾਤ-ਪਾਤ ਅਤੇ ਛੂਆ-ਛੂਤ ਨੂੰ ਖਤਮ ਕਰਨ ਦੀ ਮੰਗ ਉਠਾਈ ਅਤੇ ਸਮਾਜਿਕ ਜੀਵਨ ਵਿੱਚ ਤਰਕ ਸੰਗਤ ਦਾ ਪ੍ਰਚਾਰ ਕੀਤਾ। ਜਸਟਿਸ ਦਲ ਅਤੇ ਆਤਮ ਸਨਮਾਨ ਲਹਿਰ, ਜਿਨ੍ਹਾਂ ਨੇ ਹਿੰਦੀ ਵਿਰੋਧੀ ਅੰਦੋਲਨ ਕਾਰਨ ਕਾਫੀ ਸ਼ਕਤੀ ਪ੍ਰਾਪਤ ਕਰ ਲਈ ਸੀ, ਨੇ ਇਕੱਠੇ ਮਿਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। 1939 ਵਿੱਚ ਦੋਵਾਂ ਸੰਗਠਨਾਂ ਨੇ ਭਾਰਤ ਸਰਕਾਰ ਵੱਲੋਂ ਤਿਆਰ ਕੀਤੀ ਗਈ ਯੁੱਧ ਦੀ ਨੀਤੀ ਦਾ ਪੂਰਨ ਸਮਰਥਨ ਕੀਤਾ ਅਤੇ ਇਕ ਅਲੱਗ ਤਾਮਿਲਨਾਡੂ ਰਾਜ ਦੀ ਸਥਾਪਨਾ ਦੀ ਮੰਗ ਕੀਤੀ ਜੋ ਕਿ ਭਾਰਤ ਸਕੱਤਰ ਦੇ ਸਿੱਧਾ ਅਧੀਨ ਹੋਣਾ ਸੀ। ਜਸਟਿਸ ਦਲ ਅਤੇ ਆਤਮ ਸਨਮਾਨ ਲਹਿਰ ਵਿੱਚ ਪਾਕਿਸਤਾਨ ਦੀ ਸਥਾਪਨਾ ਦੀ ਮੰਗ ਦਾ ਵੀ ਸਮਰਥਨ ਕੀਤਾ। ਇਸ ਸਮਰਥਨ ਦੌਰਾਨ ਜਸਟਿਸ ਦਲ ਦੇ ਮੰਚ 'ਤੇ ਸ਼੍ਰੀ ਸੀ. ਐੱਨ. ਅੰਨਾਦੁਰਾਈ ਦੇ ਰੂਪ ਵਿੱਚ ਇਕ ਅਜਿਹਾ ਨੇਤਾ ਸਾਹਮਣੇ ਆਇਆ ਜੋ ਵਧੇਰੇ ਤੇਜ਼ ਵਿਵਹਾਰਿਕ ਅਤੇ ਸੋਚ ਵਿੱਚ ਰਾਸ਼ਟਰਵਾਦੀ ਸੀ।

1944 ਵਿੱਚ ਦਲ ਦੀ ਸਲੇਮ ਕਾਨਫਰੰਸ ਸਮੇਂ ਸ਼੍ਰੀ ਸੀ. ਐੱਨ. ਅੰਨਾਦੁਰਾਈ ਨੇ ਇਕ ਅਜਿਹਾ ਪ੍ਰਸਤਾਵ ਰੱਖਿਆ ਜੋ ਜ਼ਿਆਦਾਤਰ ਰਾਸ਼ਟਰਵਾਦੀ ਭਾਵਨਾਵਾਂ ਅਨੁਸਾਰ ਸੀ। ਇਸ ਨੀਤੀ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਬ੍ਰਿਟੇਨ ਵੱਲੋਂ ਦਿੱਤੀਆਂ ਗਈਆਂ ਉਪਾਧੀਆਂ ਛੱਡ ਦੇਣੀਆਂ ਚਾਹੀਦੀਆਂ ਹਨ ਅਤੇ ਜਸਟਿਸ ਦਲ ਦਾ ਨਾਮ ਬਦਲ ਦੇ ਦ੍ਰਾਵਿੜ ਕੜਗਮ (D.K.) ਜਾਂ ਦ੍ਰਾਵਿੜ ਐਸੋਸੀਏਸ਼ਨ ਰੱਖ ਦੇਣਾ ਚਾਹੀਦਾ ਹੈ। ਦ੍ਰਾਵਿੜ ਕੜਗਮ ਨੇ ਸ਼ੁਰੂ ਵਿੱਚ ਬ੍ਰਾਹਮਣਾਂ, ਵੇਦਾਂ, ਪੁਰਾਣੇ ਹਿੰਦੂਵਾਦ ਅਤੇ ਇਨ੍ਹਾਂ ਸਾਰੀਆਂ ਧਾਰਮਿਕ ਰੀਤੀਆਂ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਜੋ ਕਿ ਬ੍ਰਾਹਮਣਾਂ ਵੱਲੋਂ ਚਲਾਈ ਜਾ ਰਹੀ ਸੀ। ਥੋੜ੍ਹੇ ਸ਼ਬਦਾਂ ਵਿੱਚ ਇਹ ਇਕ ਬ੍ਰਾਹਮਣ ਵਿਰੋਧੀ ਸੰਸਥਾ ਸੀ। ਡੀ. ਕੇ. ਨੇ ਨਾ ਕੇਵਲ ਬ੍ਰਾਹਮਣਾਂ ਵਿਰੁੱਧ ਆਪਣਾ ਸੰਘਰਸ਼ ਜਾਰੀ ਰੱਖਿਆ, ਬਲਕਿ ਉੱਤਰ ਭਾਰਤ ਦੱਖਣ 'ਤੇ ਸਾਮਰਾਜਵਾਦ ਦੀ ਗੱਲ ਕਰਨੀ ਸ਼ੁਰੂ ਕੀਤੀ ਅਤੇ ਘੋਸ਼ਣਾ ਕੀਤੀ ਕਿ ਉਹ ਦ੍ਰਾਵਿੜ ਨੂੰ ਉੱਤਰ ਤੋਂ ਬਚਾਉਣ ਲਈ ਦ੍ਰਿੜ ਸੰਕਲਪ ਸੀ। ਡੀ. ਕੇ. ਨੇ ਪੇਰੀਯਾਰ (ਨਾਇਕਰ) ਦੀ ਅਗਵਾਈ ਵਿੱਚ ਲੋਕਪ੍ਰਿਯਤਾ ਪ੍ਰਾਪਤ ਕਰਨੀ ਜਾਰੀ ਰੱਖੀ। 1945 ਵਿੱਚ ਤ੍ਰਿਚਨਾਪੱਲੀ ਕਾਨਫਰੰਸ ਵਿੱਚ ਡੀ. ਕੇ. ਨੇ ਸਹੁੰ ਖਾਧੀ ਕਿ ਪ੍ਰਭੂਸੱਤਾ ਸੰਪਨ ਸੁਤੰਤਰਤਾ ਦ੍ਰਾਵਿੜ ਗਣਰਾਜ ਦੀ ਸਥਾਪਨਾ ਇਸ ਦਾ ਉਦੇਸ਼ ਹੈ। ਡੀ. ਕੇ. ਆਪਣੇ ਸਲੇਮ ਘੋਸ਼ਣਾ 'ਤੇ ਦ੍ਰਿੜ ਸੀ ਕਿ ਉਹ ਚੋਣਾਂ ਵਿੱਚ ਦੂਰ ਰਹੇਗਾ ਅਤੇ ਆਪਣਾ ਉਦੇਸ਼ ਜਨ ਸਮੂਹ ਨੂੰ ਜਾਗਰੂਕ ਕਰਕੇ ਅਤੇ ਗੈਰ-ਸਹਿਯੋਗ ਅੰਦੋਲਨ ਨੂੰ ਹੋਰ ਤੇਜ਼ ਕਰਕੇ ਪ੍ਰਾਪਤ ਕਰੇਗਾ। ਡੀ. ਕੇ. ਨੇ ਸੁਤੰਤਰਤਾ ਦਿਵਸ ਨੂੰ ਮਾਤਮ ਦਿਵਸ ਦੇ ਰੂਪ ਵਿੱਚ ਮਨਾਇਆ ਅਤੇ ਕਈ ਥਾਵਾਂ 'ਤੇ ਰਾਸ਼ਟਰੀ ਝੰਡਾ ਲਹਿਰਾਇਆ। ਇਸ ਨਾਲ ਡੀ. ਕੇ. ਮੈਂਬਰਾਂ ਵਿੱਚ ਦਰਾਰਾਂ ਪੈਣੀਆਂ ਸ਼ੁਰੂ ਹੋ ਗਈਆਂ। ਡੀ. ਕੇ. ਜ਼ਿਆਦਾਤਰ ਵਿਵਹਾਰਿਕ, ਵੱਡੀਆਂ ਇੱਛਾਵਾਂ ਅਤੇ ਵਿਰਾਸਤ ਵਾਲੇ ਗੁੱਟ ਨੇ ਨਾਇਕਰ ਦੇ ਮੁੱਖ ਸਾਥੀ ਸੀ. ਐੱਲ. ਅੰਨਾਦੁਰਾਈ ਦੀ ਅਗਵਾਈ ਵਿੱਚ ਆਪਣੇ ਆਪ ਨੂੰ ਇਕਜੁੱਟ ਕਰ ਲਿਆ ਅਤੇ ਆਪਣੇ ਨੇਤਾ ਵਿਰੁੱਧ ਵਿਦਰੋਹ ਕਰ ਦਿੱਤਾ। ਪੇਰੀਯਾਰ ਪਿੱਛੇ ਹਟਣ ਲਈ ਤਿਆਰ ਨਹੀਂ ਸੀ, ਉਸ ਨੇ ਤਾਨਾਸ਼ਾਹ ਢੰਗ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਦ ਕਿ ਨਾਇਕਰ ਨੇ ਰਾਸ਼ਟਰੀ ਝੰਡੇ ਦਾ ਸਨਮਾਨ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸੀ. ਐੱਨ. ਅੰਨਾਦੁਰਾਈ ਨੇ

ਨੋਟ

ਭਾਰਤੀ ਸੰਵਿਧਾਨ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਅੰਨਾਦੁਰਾਈ ਨੇ ਸੁਤੰਤਰਤਾ ਦਾ ਭਾਰਤੀਆਂ ਲਈ ਬ੍ਰਿਟਿਸ਼ ਸਾਮਰਾਜ ਦੇ ਜੂੜੇ ਤੋਂ ਮੋਤੀ ਦੇ ਰੂਪ ਵਿੱਚ ਦੇਖਣਾ ਸ਼ੁਰੂ ਕਰ ਦਿੱਤਾ। ਦਲ ਵਿੱਚ ਵੀ ਅਗਵਾਈ ਦੇ ਲੋਕਤੰਤਰੀਕਰਨ ਦੀ ਆਵਾਜ਼ ਅੰਨਾਦੁਰਾਈ ਨੇ ਉਠਾਈ ਪਰ ਨਾਇਕਰ ਨੇ ਇਸ ਦਾ ਵਿਰੋਧ ਕੀਤਾ। ਨਾਇਕਰ ਨੇ ਜਦ ਆਪਣੇ ਨਾਲੋਂ 40 ਸਾਲ ਛੋਟੀ ਇਕ ਲੜਕੀ ਨਾਲ ਵਿਆਹ ਕਰਵਾ ਲਿਆ ਤਾਂ ਨਾਇਕਰ 'ਤੇ ਤਿੱਖੇ ਹਮਲੇ ਸ਼ੁਰੂ ਹੋ ਗਏ ਅਤੇ ਡੀ. ਕੇ. ਦੇ ਅਹੁਦੇ ਦੇ ਅਧਿਕਾਰੀ ਸ਼ੱਕ ਕਰਨ ਲੱਗ ਗਏ ਕਿ ਉਹ ਦਲ ਨਿਧੀਆਂ ਦਾ ਦੁਰਉਪਯੋਗ ਕਰਦਾ ਰਿਹਾ ਸੀ। ਅੰਨਾਦੁਰਾਈ (ਅੰਨਾ) ਅਜਿਹੀ ਮਾੜੀ ਸਥਿਤੀ ਨੂੰ ਬਰਦਾਸ਼ਤ ਨਹੀਂ ਕਰ ਸਕੇ ਅਤੇ ਦਲ ਦਾ ਵੱਡਾ ਹਿਸਾ ਉਨ੍ਹਾਂ ਦੇ ਨਾਲ ਸੀ। 17 ਸਤੰਬਰ 1959 ਨੂੰ ਡੀ. ਕੇ. ਵਿੱਚ ਦਰਾਰ ਪੈ ਗਈ, ਜਦ ਅੰਨਾ ਅਤੇ ਉਸ ਦੇ ਸਮਰਥਕਾਂ ਨੇ ਡੀ. ਕੇ. ਦੀ ਮੁੱਖ ਧਾਰਾ ਨੂੰ ਛੱਡ ਦਿੱਤਾ ਅਤੇ ਆਪਣੇ ਆਪ ਨੂੰ ਵਧੇਰੇ ਪ੍ਰਭਾਵਸ਼ਾਲੀ ਰਾਜਨੀਤਿਕ ਸੰਸਥਾ ਡੀ. ਐੱਮ. ਕੇ. ਅਤੇ ਦ੍ਰਾਵਿੜ ਮੁਨੇਤਰ ਕੜਗਮ ਦੇ ਰੂਪ ਵਿੱਚ ਸੰਗਠਿਤ ਕਰ ਲਿਆ, ਜਿਸ ਨੇ ਇਸ ਸਾਲ ਦਰਮਿਆਨ ਆਪਣਾ ਇਕ ਅਲੱਗ ਸੰਵਿਧਾਨ ਅਪਣਾ ਲਿਆ। (ਡੀ. ਐੱਮ. ਕੇ. ਦਾ ਅਰਥ ਹੈ ਤਾਮਿਲ ਵਿਕਾਸ ਪਾਰਟੀ)। ਇਸ ਤਰ੍ਹਾਂ ਡੀ. ਐੱਮ. ਕੇ. ਦਾ ਗਠਨ ਹੋਇਆ, ਜਿਸ ਨੇ ਤਾਮਿਲਨਾਡੂ ਦੀ ਰਾਜਨੀਤੀ ਵਿੱਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ।

**(ਕ) ਡੀ. ਐੱਮ. ਕੇ. ਦਲ ਦੇ ਉਦੇਸ਼** (Objectives of DMK Party)– ਡੀ. ਐੱਮ. ਕੇ. ਮੁੱਖ ਉਦੇਸ਼ਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ:

1. **ਸ਼ੁਰੂਆਤੀ ਰਾਜਨੀਤਿਕ ਉਦੇਸ਼** (Initial Political Objective)– ਜਦ ਡੀ. ਕੇ. ਤੋਂ ਬਾਹਰ ਆ ਕੇ ਡੀ. ਐੱਮ. ਕੇ. ਹੋਂਦ ਵਿੱਚ ਆਇਆ ਤਾਂ ਉਸ ਦਾ ਰਾਜਨੀਤਿਕ ਆਦਰਸ਼ ਦ੍ਰਾਵਿੜ ਰਾਜ ਪ੍ਰਾਪਤ ਕਰਨ ਦਾ ਅਰਥ ਜੋ ਭਾਰਤ ਸੰਘ ਨਾਲੋਂ ਅਲੱਗ ਹੋਣਾ ਸੀ। ਡੀ. ਐੱਮ. ਕੇ. ਨੂੰ ਵਿਸ਼ਵਾਸ ਸੀ, ਕਿਉਂਕਿ ਇਹ ਸਮਝਦਾ ਸੀ ਕਿ ਭਾਰਤ ਦੇ ਕੁਝ ਹਿੱਸੇ, ਜਿਸ ਵਿੱਚ ਤਾਮਿਲਨਾਡੂ, ਆਂਧਰਾ–ਕੇਰਲ ਅਤੇ ਕਰਨਾਟਕ ਸ਼ਾਮਿਲ ਹਨ। ਮੂਲ ਅਤੇ ਸੰਸਕ੍ਰਿਤੀ ਦੇ ਰੂਪ ਵਿੱਚ ਦ੍ਰਾਵਿੜ ਲੋਕ ਸਨ। ਡੀ. ਐੱਮ. ਕੇ. ਨੇ ਇਹ ਲਕਸ਼ ਅਪਣਾਇਆ ਕਿ ਦ੍ਰਾਵਿੜ ਸੰਸਕ੍ਰਿਤੀ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਉਸ ਨੂੰ ਉੱਨਤ ਕਰਨਾ ਚਾਹੀਦਾ ਹੈ। ਇਸ ਲਈ ਚਾਰ ਭਾਸ਼ਾਈ ਯੂਨਿਟ 'ਤੇ ਅਧਾਰਿਤ ਇਕ ਸੰਘ ਰਾਜ ਹੋਣਾ ਚਾਹੀਦਾ ਹੈ, ਜਿਸ ਨੂੰ ਦ੍ਰਾਵਿੜ ਸੰਘ ਰਾਜ ਕਿਹਾ ਜਾਣਾ ਚਾਹੀਦਾ ਹੈ ਅਤੇ ਜਿਸ ਨੂੰ ਆਪਣੀ ਕਿਸਮਤ ਬਣਾਉਣ ਦਾ ਮੌਕਾ ਮਿਲੇ ਪਰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਆਪਣੇ ਕਈ ਭਾਸ਼ਣਾਂ ਵਿੱਚ ਕਿਹਾ ਸੀ ਕਿ ਜੇਕਰ ਕੋਈ ਭਾਰਤ ਨਾਲੋਂ ਅਲੱਗ ਹੋਣਾ ਚਾਹੁੰਦਾ ਹੈ, ਜੇਕਰ ਲੋਕ ਉਨ੍ਹਾਂ ਨਾਲ ਹਨ ਤਾਂ ਉਸ ਦੇ ਭਾਰਤ ਨਾਲੋਂ ਅਲੱਗ ਹੋਣ ਦਾ ਰਸਤਾ ਅਪਨਾਉਣ ਦੀ ਛੂਟ ਦੇਣਗੇ ਅਤੇ ਇਸ ਨੇ ਡੀ. ਐੱਮ. ਕੇ. ਨੇ ਇਨ੍ਹਾਂ ਰੇਖਾਵਾਂ 'ਤੇ ਸੋਚਣ ਲਈ ਉਤਸ਼ਾਹਿਤ ਕੀਤਾ।

ਇਸ ਅਧਾਰ 'ਤੇ ਡੀ. ਐੱਮ. ਕੇ. ਇਹ ਮੰਗ ਕਰਨ ਲੱਗੀ ਕਿ ਇਨ੍ਹਾਂ ਚਾਰ ਭਾਸ਼ਾਈ ਯੂਨਿਟਾਂ ਨੂੰ ਭਾਰਤ ਵਿੱਚੋਂ ਬਾਹਰ ਹੋ ਜਾਣਾ ਚਾਹੀਦਾ ਹੈ ਅਤੇ ਇਕ ਪ੍ਰਭੂਸੱਤਾ ਸੰਪਨ ਰਾਜ ਸਥਾਪਿਤ ਕਰਨਾ ਚਾਹੀਦਾ ਹੈ ਪਰ

*ਨੋਟਸ* ਜਦ ਚੀਨ ਨੇ 1962 ਵਿੱਚ ਭਾਰਤ 'ਤੇ ਹਮਲਾ ਕੀਤਾ ਤਾਂ ਸੀ. ਐੱਨ. ਅੰਨਾਦੁਰਾਈ ਨੇ ਖੁਦ ਹੀ ਪਹਿਲਕਦਮੀ ਲਈ ਸਾਰਾ ਪ੍ਰਚਾਰ ਬੰਦ ਕਰ ਦਿੱਤਾ ਅਤੇ ਭਾਰਤ ਸਰਕਾਰ ਨੂੰ ਪੂਰਨ ਸਮਰਥਨ ਦੇ ਦਿੱਤਾ।

ਇਸ ਤੋਂ ਬਾਅਦ ਡੀ. ਐੱਮ. ਕੇ. ਨੇ ਅਲੱਗ ਰਾਜ ਦ੍ਰਾਵਿੜ ਸਥਾਨ ਦੀ ਮੰਗ ਨੂੰ ਤਿਆਗ ਦਿੱਤਾ ਅਤੇ ਇਕ ਰਾਜਨੀਤਿਕ ਦਲ ਦੀ ਹੈਸੀਅਤ ਨਾਲ ਭਾਰਤੀ ਰਾਜਨੀਤਿਕ ਵਿਵਸਥਾ ਵਿੱਚ ਹਿੱਸੇਦਾਰੀ ਗ੍ਰਹਿਣ ਕਰ ਲਈ।

2. **ਏਕਤਾ 'ਤੇ ਏਕਰੂਪਤਾ ਨਹੀਂ** (Unitys and not Uniformity)– ਸੀ. ਐੱਨ. ਅੰਨਾਦੁਰਾਈ ਨੇ ਜ਼ੋਰ ਦੇ ਕੇ ਕਿਹਾ ਕਿ ਡੀ. ਐੱਮ. ਕੇ. ਦਲ ਏਕਤਾ ਵਿੱਚ ਵਿਸ਼ਵਾਸ ਰੱਖਦਾ ਹੈ ਪਰ ਏਕਤਾ ਦਾ ਅਰਥ ਏਕਰੂਪਤਾ ਨਹੀਂ। ਅੰਨਾਦੁਰਾਈ 'ਅਨੇਕਤਾ ਵਿੱਚ ਏਕਤਾ' ਦੇ ਸਿਧਾਂਤ ਵਿੱਚ ਵਿਸ਼ਵਾਸ ਰੱਖਦੇ ਸਨ। "ਜੇਕਰ ਤੁਸੀਂ ਅਨੇਕਤਾ ਵਿੱਚ ਏਕਤਾ ਪ੍ਰਾਪਤ ਕਰ ਲੈਂਦੇ ਹੋ ਤਾਂ ਇਹ ਇਕਜੁੱਟ ਰਹੇਗੀ, ਸ਼ਤਾਬਦੀਆਂ ਦੀ ਚੁਣੌਤੀ ਅਤੇ ਭਵਿੱਖ ਵਿੱਚ ਸਾਰਾ ਸਮਾਂ ਸਾਡੇ ਨਾਲ ਰਹੇਗੀ।" ਇਸ ਲਈ ਡੀ. ਐੱਮ. ਕੇ. ਨੇ ਆਪਣਾ ਨਵਾਂ ਉਦੇਸ਼ ਅਨੇਕਤਾ ਅਤੇ ਏਕਤਾ ਰੱਖਿਆ। ਅਨੇਕਤਾ ਵਿੱਚ ਏਕਤਾ ਨੂੰ ਪ੍ਰਾਥਮਿਕਤਾ ਪ੍ਰਾਪਤ ਰਹਿਣੀ ਚਾਹੀਦੀ ਹੈ, ਕਿਉਂਕਿ ਸਾਡੇ ਰਾਜ ਦੀ ਸੰਸਕ੍ਰਿਤੀ ਵੱਖ ਹੈ। ਸਾਡੀ ਸੰਸਕ੍ਰਿਤੀ ਕੀ ਹੈ, ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਅਤੇ ਤੁਹਾਡੀ ਸੰਸਕ੍ਰਿਤੀ ਕੀ ਹੈ, ਮੈਨੂੰ ਇਹ ਸਮਝਾਉਣਾ ਚਾਹੀਦਾ ਹੈ ਅਤੇ ਦੂਸਰੇ ਇਕ–ਦੂਸਰੇ ਰਾਜਾਂ ਵਿੱਚ ਵਿਦਿਆਰਥੀਆਂ ਦੇ ਆਦਾਨ–ਪ੍ਰਦਾਨ ਨਾਲ ਇਸ ਸੰਸਕ੍ਰਿਤੀ ਨੂੰ ਸਮਝਿਆ ਜਾ ਸਕਦਾ ਹੈ। ਜੇਕਰ ਇਕ ਰਾਜ ਵਿੱਚੋਂ ਦੂਸਰੇ ਰਾਜ ਵਿੱਚ ਵਿਦਿਆਰਥੀ ਆਉਂਦੇ–ਜਾਂਦੇ ਹਨ ਤਾਂ ਬਹੁਤ ਸਾਰੇ ਵਹਿਮ ਦੂਰ ਹੋ ਸਕਦੇ ਹਨ ਅਤੇ ਇਕ ਤਰ੍ਹਾਂ ਦੀ ਪ੍ਰਸਪਰ ਏਕਤਾ ਸਥਾਪਿਤ ਹੋ ਸਕਦੀ ਹੈ।

3. **ਸਰਕਾਰੀ ਭਾਸ਼ਾ ਨੀਤੀ** (Official Language Policy)–1962 ਤੋਂ ਬਾਅਦ ਪ੍ਰਾਪਤ ਆਪਣੀ ਪ੍ਰਤੀਸ਼ਠਾ ਨਾਲ ਡੀ. ਐੱਮ. ਕੇ ਨੇ ਰਾਸ਼ਟਰੀ ਅਖੰਡਤਾ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਅਤੇ ਘੋਸ਼ਣਾ ਕੀਤੀ ਕਿ ਰਾਸ਼ਟਰੀ ਅਖੰਡਤਾ ਭਾਰਤ ਨੂੰ ਇਕ ਭਾਸ਼ਾਈ

ਨੋਟ

ਰਾਜ ਬਣਾ ਕੇ ਪ੍ਰਾਪਤ ਨਹੀਂ ਕੀਤੀ ਜਾ ਸਕਦੀ, ਬਲਕਿ ਸਾਰੀਆਂ ਭਾਸ਼ਾਵਾਂ ਜੋ ਕਿ ਰਾਜ ਪੱਧਰ 'ਤੇ ਮਾਨਤਾ ਪ੍ਰਾਪਤ ਕਰ ਚੁੱਕੇ ਹਨ ਨੂੰ ਸਰਕਾਰੀ ਭਾਸ਼ਾ ਬਣਾ ਕੇ ਕੀਤੀ ਜਾ ਸਕਦੀ ਹੈ। ਡੀ. ਐੱਮ. ਕੇ. ਨੇ ਇਹ ਨੀਤੀ ਅਪਣਾਈ ਕਿ ਸਾਰੀਆਂ ਮੁੱਖ ਭਾਰਤੀ ਭਾਸ਼ਾਵਾਂ ਨੂੰ ਸਰਕਾਰੀ ਭਾਸ਼ਾਵਾਂ ਮੰਨਿਆ ਜਾਣਾ ਚਾਹੀਦਾ ਹੈ ਅਤੇ ਸੰਸਦ ਵਿੱਚ ਹਰੇਕ ਮੈਂਬਰ ਨੂੰ ਆਪਣੀ ਪਸੰਦ ਦੀ ਭਾਸ਼ਾ ਵਿੱਚ ਭਾਸ਼ਣ ਦੇਣ ਦਾ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਅਜਿਹੇ ਭਾਸ਼ਣਾਂ ਦਾ ਅੰਗਰੇਜ਼ੀ ਅਤੇ ਹਿੰਦੀ ਅਨੁਵਾਦ ਹੋਣਾ ਚਾਹੀਦਾ ਹੈ ਪਰ ਉਸ ਦੇ ਨਾਲ ਹੀ ਡੀ. ਐੱਮ. ਕੇ. ਨੇ ਹਿੰਦੀ ਭਾਸ਼ਾ ਵਿਰੁੱਧ ਆਪਣੀ ਆਵਾਜ਼ ਉਠਾਈ ਅਤੇ ਅੰਗਰੇਜ਼ੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾ ਕੇ ਰੱਖਣ ਦਾ ਜ਼ੋਰ ਦੇ ਕੇ ਸਮਰਥਨ ਕੀਤਾ।

4. **ਰਾਜਾਂ ਨੂੰ ਜ਼ਿਆਦਾ ਸ਼ਕਤੀਆਂ ਸੌਂਪੇ ਜਾਣ ਦਾ ਸਮਰਥਨ** (Support for grant of More Powers and autonomy to the states)– ਡੀ. ਐੱਮ. ਕੇ ਭਾਰਤੀ ਸੰਵਿਧਾਨ ਅਧੀਨ ਏਕਾਤਮਕ ਸੰਘਵਾਦੀ ਵਿਵਸਥਾ ਦੀ ਵਿਰੋਧੀ ਹੈ। ਡੀ. ਐੱਮ. ਕੇ. ਦੀ ਇਹ ਨੀਤੀ ਹੈ ਕਿ ਰਾਜਾਂ ਦੀਆਂ ਜ਼ਿਆਦਾ ਸ਼ਕਤੀਆਂ ਅਤੇ ਸਵਾਯਤਤਾ ਸੌਂਪ ਕੇ ਭਾਰਤੀ ਸੰਘ ਨੂੰ ਸ਼ੁੱਧ ਸੰਘਵਾਦੀ ਰੂਪ ਦਿੱਤਾ ਜਾਣਾ ਚਾਹੀਦਾ ਹੈ।

**(ਈ) 1952-67 ਤੱਕ ਚੋਣਾਂ ਵਿੱਚ ਡੀ. ਐੱਮ. ਕੇ. ਦਾ ਪ੍ਰਦਰਸ਼ਨ** (Performance of D.M.K. in Elections 1952-67)– 1951–52 ਦੀਆਂ ਆਮ ਚੋਣਾਂ ਵਿੱਚ ਡੀ. ਐੱਮ. ਕੇ. ਨੇ ਆਪਣੇ ਉਮੀਦਵਾਰ ਖੜ੍ਹੇ ਨਾ ਕੀਤੇ ਪਰ ਅਜਿਹੇ ਉਮੀਦਵਾਰਾਂ ਦਾ ਸਮਰਥਨ ਦਾ ਵਾਅਦਾ ਕੀਤਾ ਜੋ ਕਿ ਦ੍ਰਾਵਿੜਸਤਾਨ ਦੀ ਮੰਗ ਨਾਲ ਸਹਿਮਤ ਸਨ। ਉਸ ਨੇ ਸਾਮਵਾਦੀ ਦਲ ਦੇ ਉਮੀਦਵਾਰਾਂ ਦਾ ਵੀ ਸਮਰਥਨ ਕਰਨ ਦਾ ਵਾਅਦਾ ਕੀਤਾ। ਸਾਮਵਾਦੀਆਂ ਨੇ ਘੋਸ਼ਣਾ ਕੀਤੀ ਕਿ ਚਾਹੇ ਅਲਗਾਵਵਾਦੀ ਮੰਗ ਕੀਤੀ ਅਤੇ ਬ੍ਰਾਹਮਣਾਂ ਦੇ ਵਿਰੁੱਧ ਅਭਿਆਨ ਨਾਲ ਸਹਿਮਤ ਨਹੀਂ ਹੈ ਤਾਂ ਵੀ ਉਹ ਦ੍ਰਵਿੜ ਕਾਂਗਰਸ ਦਾ ਵਿਰੋਧ ਨਾ ਕਰਨ ਲਈ ਨਾਗਰਿਕ ਸੁਤੰਤਰਤਾ ਲਈ ਅਤੇ ਰੂਸ–ਚੀਨ ਨਾਲ ਮਿੱਤਰਤਾ ਲਈ ਸਹਿਮਤ ਹੋਏ ਹਨ ਅਤੇ ਇਹ ਸਮਝੌਤਾ ਸਹਿਯੋਗ ਲਈ ਸੰਤੁਸ਼ਟੀਜਨਕ ਅਧਾਰ ਉਪਲੱਬਧ ਕਰਵਾਉਂਦਾ ਹੈ।

ਪਰ ਚੋਣਾਂ ਤੋਂ ਬਿਲਕੁਲ ਪਹਿਲਾਂ ਡੀ. ਐੱਮ. ਕੇ. ਗਠਬੰਧਨ ਤੋਂ ਪਿੱਛੇ ਹਟ ਗਈ। ਸੀ. ਅੰਨਾਦੁਰਾਈ ਨੇ ਕਿਹਾ ਹੈ ਕਿ, "ਡੀ. ਐੱਮ. ਕੇ. ਹੀ ਅਸਲ ਰੂਪ ਵਿੱਚ ਸਾਮਵਾਦੀ ਸੀ ਪਰ ਇਹ ਭਾਰਤੀ ਸਾਮਵਾਦੀ ਦਲ ਦਾ ਸਮਰਥਨ ਨਹੀਂ ਕਰ ਸਕਦਾ, ਕਿਉਂਕਿ 'ਦ੍ਰਵਿੜਸਤਾਨ' ਦੇ ਮੁੱਦੇ 'ਤੇ ਇਹ ਸਹਿਮਤ ਨਹੀਂ ਸਨ।" ਇਸ ਦੇ ਬਾਵਜੂਦ ਦ੍ਰਵਿੜਾਂ ਨੇ ਸਾਮਵਾਦੀਆਂ ਨੂੰ ਪ੍ਰਭਾਵਸ਼ਾਲੀ ਸਮਰਥਨ ਦਿੱਤਾ। ਤਾਮਿਲਨਾਡੂ ਦੀਆਂ ਚੋਣਾਂ ਵਿੱਚ 15 ਸੀਟਾਂ ਵਿੱਚੋਂ ਸਾਮਵਾਦੀਆਂ ਨੇ 13 'ਤੇ ਜਿੱਤ ਪ੍ਰਾਪਤ ਕੀਤੀ ਅਤੇ ਅਜਿਹਾ ਸਮਝਿਆ ਗਿਆ ਕਿ ਉਨ੍ਹਾਂ ਨੂੰ ਇਹ ਜਿੱਤ ਡੀ. ਐੱਮ. ਕੇ ਸਮਰਥਨ ਕਾਰਨ ਮਿਲੀ ਸੀ। ਡੀ. ਐੱਮ. ਕੇ. ਦੇ ਸਮਰਥਨ ਵਾਲੇ ਕਈ ਸੁਤੰਤਰ ਉਮੀਦਵਾਰਾਂ ਦਾ ਪ੍ਰਦਰਸ਼ਨ ਵੀ ਇਨ੍ਹਾਂ ਚੋਣਾਂ ਵਿੱਚ ਬਹੁਤ ਚੰਗਾ ਰਿਹਾ।

1954 ਵਿੱਚ ਦ੍ਰਵਿੜਨਾਥ ਦੇ ਸਮਰਥਨ ਸ਼੍ਰੀ ਸੀ. ਰਾਜਗੋਪਾਲਚਾਰੀ, ਜੋ ਮਾਦਰਸ (ਚੇਨਈ) ਦੇ ਮੁੱਖ ਮੰਤਰੀ ਸਨ, ਨੂੰ ਸੱਤਾ ਤੋਂ ਅਲੱਗ ਕਰਨ ਵਿੱਚ ਸਫਲ ਰਹੇ। ਮੁੱਖ ਮੰਤਰੀ ਸ਼੍ਰੀ ਰਾਜਗੋਪਾਲਚਾਰੀ ਦੀ ਜਗ੍ਹਾ 'ਤੇ ਕਾਮਰਾਜ ਨਾਡਰ ਮੁੱਖ ਮੰਤਰੀ ਬਣੇ। 10 ਸਾਲਾਂ ਤੱਕ ਮੁੱਖ ਮੰਤਰੀ ਦੇ ਅਹੁਦੇ 'ਤੇ ਰਹਿਣ ਦੇ ਦੌਰਾਨ ਉਹ ਨੀਵੀਆਂ ਜਾਤੀਆਂ ਦੇ ਲੋਕਾਂ ਦੇ ਨੇਤਾਵਾਂ ਨੂੰ ਕਾਂਗਰਸ ਵਿੱਚ ਲਿਆਏ ਅਤੇ ਦ੍ਰਵਿੜ ਲਹਿਰ ਨਾਲ ਕੁਝ ਸੰਪਰਕ ਸਥਾਪਿਤ ਕੀਤਾ। ਸ੍ਰੀ ਨਾਇਕਰ ਨੇ ਕਾਂਗਰਸ ਸਰਕਾਰ ਦਾ ਖੁੱਲ੍ਹ ਕੇ ਸਮਰਥਨ ਕੀਤਾ ਵਿਸ਼ੇਸ਼ ਰੂਪ ਵਿੱਚ ਇਸ ਲਈ ਕਿ ਸ਼੍ਰੀ ਕਾਮਰਾਜ ਇਸ ਦੇ ਮੁਖੀਆ ਸਨ, ਜਿਨ੍ਹਾਂ ਨੂੰ ਉਹ ਇਕ "ਸੱਚੇ ਤਾਮਿਲ" ਕਹਿੰਦੇ ਸਨ। ਇਹ ਸਮਰਥਨ ਕਈ ਵਾਰ ਲਾਭਦਾਇਕ ਰਿਹਾ ਅਤੇ ਕਈ ਵਾਰ ਪ੍ਰੇਸ਼ਾਨੀ ਵਾਲਾ। ਇਹ ਸਮਰਥਨ ਸ਼੍ਰੀ ਕਾਮਰਾਜ ਨੂੰ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਸ਼੍ਰੀ ਨਾਇਕਰ ਡੀ. ਐੱਮ. ਕੇ. ਨੂੰ ਪਸੰਦ ਨਹੀਂ ਕਰਦੇ ਸਨ ਅਤੇ ਇਸ ਨੂੰ ਸੱਤਾ ਵਿੱਚ ਨਹੀਂ ਆਉਣ ਦੇਣਾ ਚਾਹੁੰਦੇ ਸਨ। ਡੀ. ਐੱਮ ਕੇ. ਵਿਰੋਧੀ ਪੱਖ ਬਣੀ ਰਹੀ ਅਤੇ 1965 ਵਿੱਚ ਸ਼੍ਰੀ ਕਾਮਰਾਜ ਨੇ ਇਸ ਨੂੰ ਚੋਣ ਲੜਨ ਦੀ ਚੁਣੌਤੀ ਦਿੱਤੀ ਅਤੇ 1957 ਦੀਆਂ ਚੋਣਾਂ ਵਿੱਚ ਡੀ. ਐੱਮ. ਕੇ ਨੇ ਇਹ ਚੁਣੌਤੀ ਸਵੀਕਾਰ ਕਰ ਲਈ।

1957 ਦੀਆਂ ਚੋਣਾਂ ਵਿੱਚ ਡੀ. ਐੱਮ. ਕੇ ਦਾ ਪ੍ਰੋਗਰਾਮ ਕਾਂਗਰਸ ਦੇ ਨਾਅਰਿਆਂ ਵਾਲਾ ਸੀ: ਸਮਾਜਵਾਦ, ਰਾਸ਼ਟਰੀਕਰਨ, ਭੂਮੀ ਹੱਦਬੰਦੀ ਅਤੇ ਜਾਤੀਵਾਦ ਤੇ ਸ਼੍ਰੇਣੀਵਾਦ ਰਹਿਤ ਸਮਾਜ ਪਰ ਇਸ ਦੀਆਂ ਅਲੱਗ ਵਿਸ਼ੇਸ਼ਤਾਵਾਂ ਸਨ ਹਿੰਦੂ ਅਤੇ ਉੱਤਰ ਦੇ ਦੱਖਣ 'ਤੇ ਪ੍ਰਭਾਵੀ ਹੋਣ ਦਾ ਵਿਰੋਧ। ਇਸ ਨੇ ਯੋਜਨਾਵਾਂ ਵਿੱਚ ਦੱਖਣ ਦੇ ਪ੍ਰਤੀ ਕੀਤੇ ਜਾਣ ਵਾਲੇ ਭੇਦਭਾਵ ਦਾ ਵੀ ਵਿਰੋਧ ਕੀਤਾ ਅਤੇ ਨਿਆ ਦੀ ਮੰਗ ਕੀਤੀ। ਦੂਸਰੀਆਂ ਆਮ ਚੋਣਾਂ (1957) ਵਿੱਚ ਡੀ. ਐੱਮ. ਕੇ. ਨੂੰ ਸੀਮਿਤ ਸਫਲਤਾ ਪ੍ਰਾਪਤ ਹੋਈ ਅਤੇ ਵਿਧਾਨ ਸਭਾ ਦੀਆਂ 205 ਸੀਟਾਂ ਵਿੱਚੋਂ ਡੀ. ਐੱਮ. ਕੇ. ਨੇ 110 ਸੀਟਾਂ 'ਤੇ ਚੋਣਾਂ ਲੜੀਆਂ ਅਤੇ 15 ਸੀਟਾਂ ਜਿੱਤੀਆਂ ਜਦੋਂ ਕਿ ਕਾਂਗਰਸ ਨੇ 151 ਸੀਟਾਂ ਜਿੱਤੀਆਂ ਪਰ ਹਾਰਨ ਦੇ ਬਾਵਜੂਦ ਬਹੁਤ ਸਾਰੀ-ਸੀ. ਡੀ. ਐੱਮ. ਕੇ. ਉਮੀਦਵਾਰਾਂ ਨੂੰ ਚੰਗੇ ਵੋਟ ਮਿਲੇ ਅਤੇ ਕੁੱਲ ਮਿਲਾ ਕੇ ਇਸ ਦਲ ਨੂੰ ਕੁੱਲ ਵੋਟਾਂ ਵਿੱਚੋਂ 14.2 ਪ੍ਰਤੀਸ਼ਤ ਮਿਲਿਆ, ਜਦੋਂ ਕਿ ਕਾਂਗਰਸ ਨੂੰ 25.3 % ਵੋਟ ਮਿਲੇ ਸਨ, ਜਿਸ ਨੇ ਕਿ ਸਾਰੀਆਂ ਸੀਟਾਂ 'ਤੇ ਚੋਣਾਂ ਲੜੀਆਂ ਸਨ। ਇਸ ਤੋਂ ਬਾਅਦ ਡੀ. ਐੱਮ. ਕੇ. ਨੇ 1959 ਵਿੱਚ ਮਦਰਾਸ ਸਿਟੀ ਕਾਰਪੋਰੇਸ਼ਨ ਦੀਆਂ ਚੋਣਾਂ ਵਿੱਚ ਬਹੁਮਤ ਪ੍ਰਾਪਤ ਕਰਕੇ ਸ਼ਹਿਰੀ ਖੇਤਰਾਂ ਵਿੱਚ ਆਪਣਾ ਪ੍ਰਭਾਵ ਸਿੱਧ ਕਰ ਦਿੱਤਾ ਪਰ ਨਗਰ ਪਾਲਿਕਾ ਪ੍ਰਸ਼ਾਸਨ 'ਤੇ ਇਸ ਦਾ ਅਧਿਕਾਰ ਪ੍ਰਤੀਸ਼ਠਾ ਨੂੰ ਵਧਾ ਨਾ ਸਕਿਆ। 1957 ਤੋਂ ਬਾਅਦ ਦੇ ਸਮੇਂ ਵਿੱਚ ਸ਼੍ਰੀ ਕਾਮਰਾਜ

ਨੋਟ

ਦੀ ਅਗਵਾਈ ਵਿੱਚ ਤਾਮਿਲਨਾਡੂ ਦੀ ਰਾਜਨੀਤੀ 'ਚ ਕਾਂਗਰਸ ਸੱਤਾਧਾਰੀ ਤਾਂ ਰਹੀ ਪਰ ਇਸ ਦੀ ਲੋਕਪ੍ਰਿਯਤਾ ਘਟਦੀ ਗਈ। 1959 ਵਿੱਚ ਸ਼੍ਰੀ ਰਾਜਗੋਪਾਲਚਾਰਿਆ ਨੇ ਸੁਤੰਤਰ ਦਲ ਦੀ ਸਥਾਪਨਾ ਕੀਤੀ ਅਤੇ ਤਾਮਿਲਨਾਡੂ ਦੀ ਰਾਜਨੀਤੀ ਵਿੱਚ ਇਕ ਉਪਚਾਰਿਕ ਗਠਬੰਧਨ ਡੀ. ਐੱਮ. ਕੇ. ਨਾਲ ਬਣਾ ਲਿਆ ਪਰ ਇਹ ਗਠਬੰਧਨ 1962 ਤੱਕ ਪਹੁੰਚਦੇ-ਪਹੁੰਚਦੇ ਟੁੱਟ ਗਿਆ। 1962 ਦੀਆਂ ਚੋਣਾਂ ਵਿੱਚ ਇਕ ਵਾਰ ਫਿਰ ਸ਼੍ਰੀ ਕਾਮਰਾਜ ਦੀ ਅਗਵਾਈ ਵਿੱਚ ਕਾਂਗਰਸ ਨੇ ਜਿੱਤ ਪ੍ਰਾਪਤ ਕੀਤੀ ਜਦੋਂ ਕਿ ਇਸ ਨੇ ਤਾਮਿਲ ਵਿਧਾਨ ਸਭਾ ਦੀਆਂ 139 ਸੀਟਾਂ ਜਿੱਤੀਆਂ ਅਤੇ 46.1% ਵੋਟ ਪ੍ਰਾਪਤ ਕੀਤੇ।

ਕਾਂਗਰਸ ਨੇ ਲੋਕ ਸਭਾ ਦੀਆਂ 31 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਪਰ ਇਸ ਦੇ ਨਾਲ-ਨਾਲ ਡੀ. ਐੱਮ. ਕੇ. ਨੇ ਵੀ ਆਪਣੀ ਸਥਿਤੀ ਵਿੱਚ ਸੁਧਾਰ ਕੀਤਾ। ਇਸ ਨੇ 27.1% ਵੋਟ ਪ੍ਰਾਪਤ ਕਰਕੇ ਤਾਮਿਲ ਵਿਧਾਨ ਸਭਾ ਦੀਆਂ 50 ਸੀਟਾਂ ਜਿੱਤੀਆਂ ਅਤੇ ਇਹ ਤੀਸਰੀ ਲੋਕ ਸਭਾ ਵਿੱਚ ਵੀ 7 ਸੀਟਾਂ ਜਿੱਤਣ ਵਿੱਚ ਸਫਲ ਰਹੀ। ਇਨ੍ਹਾਂ ਚੋਣਾਂ ਤੋਂ ਬਾਅਦ ਡੀ. ਐੱਮ ਕੇ. ਨੇ ਇਕ ਵਾਰ ਫਿਰ ਅਲਗਾਵਵਾਦੀ ਸਿਧਾਂਤ ਦੀ ਪੈਰਵੀ ਸ਼ੁਰੂ ਕਰ ਦਿੱਤੀ ਅਤੇ ਭਾਰਤੀ ਸੰਘ ਵਿੱਚੋਂ ਤਾਮਿਲਨਾਡੂ ਦੀ ਪਹਿਲੀ ਮੰਗ ਨੂੰ ਦੁਬਾਰਾ ਉਠਾਉਣਾ ਸ਼ੁਰੂ ਕਰ ਦਿੱਤਾ ਪਰ 1962 ਵਿੱਚ ਜਦੋਂ ਭਾਰਤ 'ਤੇ ਚੀਨ ਦਾ ਹਮਲਾ ਹੋਇਆ ਤਾਂ ਡੀ. ਐੱਮ. ਕੇ. ਨੇ ਆਪਣੀ ਅਲੱਗ ਹੋਣ ਦੀ ਮੰਗ ਦਾ ਤਿਆਗ ਕਰ ਦਿੱਤਾ। 1963 ਵਿੱਚ ਡੀ. ਐੱਮ. ਕੇ. ਨੇ ਸਪੱਸ਼ਟ ਰੂਪ ਵਿੱਚ ਅਲਗਵਾਵਾਦੀ ਨੂੰ ਛੱਡ ਦਿੱਤਾ ਅਤੇ ਅਖੰਡ ਭਾਰਤੀ ਰਾਸ਼ਟਰਵਾਦ ਦੀ ਨੀਤੀ ਨੂੰ ਅਪਨਾ ਲਿਆ। ਇਸ ਤਰ੍ਹਾਂ 1967 ਤੱਕ ਪਹੁੰਚਦੇ-ਪਹੁੰਚਦੇ ਡੀ. ਐੱਮ. ਕੇ. ਭਾਰਤੀ ਰਾਜਨੀਤੀ ਵਿੱਚ ਇਕ ਸ਼ੁੱਧ ਖੇਤਰੀ ਦਲ ਬਣ ਗਿਆ ਜਿਸ ਨੇ ਤਾਮਿਲਨਾਡੂ ਦੀ ਰਾਜਨੀਤੀ ਅਤੇ ਭਾਰਤ ਦੀ ਰਾਜਨੀਤੀ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਨੀ ਸ਼ੁਰੂ ਕਰ ਦਿੱਤੀ।

**(ਗ)1967-72 ਵਿੱਚ ਡੀ. ਐੱਮ. ਕੇ. ਦੀ ਸਥਿਤੀ** (Position of DMK between 1967-72)-1967 ਦੇ ਸ਼ੁਰੂ ਵਿੱਚ ਵਿਰੋਧੀ ਦਲਾਂ ਨੇ ਕਾਂਗਰਸ ਦੇ ਵਿਰੁੱਧ ਇਕ ਸਾਂਝਾ ਵਿਰੋਧੀ ਗੁੱਟ ਖੜ੍ਹਾ ਕਰਨ ਲਈ ਇਕ ਸਮਝੌਤਾ ਕੀਤਾ। ਡੀ. ਐੱਮ. ਕੇ. ਦੀ ਅਗਵਾਈ ਵਾਲੇ ਗਠਬੰਧਨ ਵਿੱਚ ਸੁਤੰਤਰ ਪਾਰਟੀ, ਸੀ. ਪੀ. ਆਈ. ਐੱਮ, ਮੁਸਲਿਮ ਲੀਗ, ਐੱਸ. ਐੱਸ. ਪੀ. ਤਾਮਿਲ ਅਰਾਸੂ ਕੜਗਮ ਅਤੇ ਕੁਝ ਹੋਰ ਤਾਮਿਲ ਦਲ ਸ਼ਾਮਿਲ ਹੋਏ। ਇਸ ਚੋਣ ਗਠਬੰਧਨ ਵਿੱਚ ਐੱਮ. ਕੇ. ਨੇ ਏਕਤਾ ਵਰਨ ਵਾਲੀ ਭੂਮਿਕਾ ਨਿਭਾਈ। 1967 ਵਿੱਚ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਡੀ. ਐੱਮ. ਕੇ. ਨੇ ਏਕਤਾ ਵਰਨ ਵਾਲੀ ਭੂਮਿਕਾ ਨਿਭਾਈ। 1967 ਵਿੱਚ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਡੀ. ਐਮ. ਕੇ ਨੇ ਇਕ ਵਾਰ ਫਿਰ ਦੱਖਣ ਦੇ ਭਾਸ਼ਾਈ ਅਤੇ ਸੰਸਕ੍ਰਿਤਿਕ ਵਿਚਾਰਾਂ ਅਤੇ ਮੁੱਲਾਂ ਦੀ ਰੱਖਿਆ ਕਰਨ ਦੇ ਉਦੇਸ਼ ਦਾ ਵਰਨਣ ਕੀਤਾ। ਇਸ ਵਿੱਚ ਦਲ ਨੇ ਮੰਗ ਕੀਤੀ ਕਿ ਸੰਵਿਧਾਨ ਵਿੱਚ ਸੋਧ ਕੀਤੀ ਜਾਵੇ ਤਾਂ ਕਿ ਰਾਜਾਂ ਨੂੰ ਜ਼ਿਆਦਾ ਸ਼ਕਤੀਆਂ ਅਤੇ ਸਵਾਯਤਤਾ ਮਿਲ ਸਕੇ।

ਚੌਥੀਆਂ ਆਮ ਚੋਣਾ ਦੇ ਨਤੀਜੇ ਬਹੁਤ ਹੀ ਹੈਰਾਨੀਜਨਕ ਸਨ ਅਤੇ ਉਨ੍ਹਾਂ ਨੇ ਤਾਮਿਲਨਾਡੂ ਦੇ ਇਤਿਹਾਸ ਦਾ ਰੁੱਖ ਹੀ ਬਦਲ ਦਿੱਤਾ। ਇਨ੍ਹਾਂ ਚੋਣਾਂ ਵਿੱਚ ਡੀ. ਐੱਮ. ਕੇ. ਨੇ 234 ਵਿੱਚੋਂ ਵਿਧਾਨ ਸਭਾ ਵਿੱਚ 173 ਸੀਟਾਂ 'ਤੇ ਚੋਣਾਂ ਲੜੇ ਅਤੇ 138 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਅਤੇ ਇਸ ਨੂੰ ਕੁੱਲ ਵੋਟਾਂ ਵਿੱਚੋਂ 41.2 ਪ੍ਰਤੀਸ਼ਤ ਵੋਟ ਮਿਲੇ। ਡੀ. ਐੱਮ. ਕੇ. ਤਾਮਿਲਨਾਡੂ ਵਿਧਾਨ ਸਭਾ ਵਿੱਚ ਸਭ ਤੋਂ ਵੱਡੇ ਦਲ ਦੇ ਰੂਪ ਵਿੱਚ ਉਭਰੀ। ਲੋਕ ਸਭਾ ਦੀਆਂ 39 ਸੀਟਾਂ ਵਿੱਚੋਂ ਕਾਂਗਰਸ ਨੇ ਸਾਰੀਆਂ ਸੀਟਾਂ 'ਤੇ ਚੋਣਾਂ ਲੜੀਆਂ ਪਰ ਕੇਵਲ ਤਿੰਨ ਸੀਟਾਂ ਹੀ ਜਿੱਤ ਸਕੀ। ਦੂਸਰੇ ਪਾਸੇ ਡੀ. ਐੱਮ. ਕੇ. ਨੇ 25 ਸੀਟਾਂ 'ਤੇ ਚੋਣਾਂ ਲੜੀਆਂ ਅਤੇ ਸਾਰੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਡੀ. ਐੱਮ. ਕੇ. ਨੇ ਸੀ. ਐੱਨ. ਅੰਨਾਦੁਰਾਈ ਦੀ ਅਗਵਾਈ ਵਿੱਚ 9 ਮੈਂਬਰੀ ਮੰਤਰੀ ਮੰਡਲ ਸਥਾਪਿਤ ਕੀਤਾ। ਇਸ ਮੰਤਰੀ ਮੰਡਲ ਨੇ ਆਪਣੇ ਆਪ ਨੂੰ ਵਧਿਆ ਪ੍ਰਸ਼ਾਸਿਕ ਸਿੱਧ ਕੀਤਾ ਅਤੇ ਲੋਕਪ੍ਰਿਯਤਾ ਪ੍ਰਾਪਤ ਕੀਤੀ।

ਪਰ ਬਦਕਿਸਮਤੀ ਨਾਲ ਕੇਵਲ ਦੋ ਸਾਲਾਂ ਬਾਅਦ ਤਾਮਿਲਨਾਡੂ ਦੀ ਰਾਜਨੀਤੀ ਵਿੱਚ ਇਕ ਗੰਭੀਰ ਦੁਖਦਾਈ ਘਟਨਾ ਹੋਈ, ਜਦੋਂ 20ਵੀਂ ਸਦੀ ਦੇ ਉਭਰਦੇ ਰਾਜਨੀਤਿਕ ਸੀ. ਐੱਨ. ਅੰਨਾਦੁਰਾਈ ਦਾ ਫਰਵਰੀ 1969 ਵਿੱਚ ਮੌਤ ਹੋ ਗਈ। ਇਸ ਨਾਲ ਦਲ ਦੀ ਅਗਵਾਈ ਲਈ ਸ਼੍ਰੀ ਅੰਨਾਦੁਰਾਈ ਦੇ ਦੋ ਮੁੱਖ ਸਹਾਇਕਾਂ ਦੀ ਕਰੁਣਾਨਿਧੀ ਅਤੇ ਵੀ. ਆਰ. ਨੇਦੁਚੇਗੀਅਨ ਦੇ ਵਿਚਕਾਰ ਟਕਰਾਅ ਸ਼ੁਰੂ ਹੋ ਗਿਆ ਪਰ ਆਪਣੀ ਸਮੇਂ ਮੁਤਾਬਿਕ ਸਮਝ ਦੇ ਫਲਸਰੂਪ ਕਰੁਣਾਨਿਧੀ ਦਲ 'ਤੇ ਕੰਟਰੋਲ ਵਿੱਚ ਸਫਲ ਹੋ ਗਏ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਬਣ ਗਏ। ਡੀ. ਐੱਮ. ਕੇ. ਨਵੇਂ ਨੇਤਾ ਨੇ ਭਾਰਤ ਦੀ ਸਰਕਾਰ ਦਾ ਸਮਰਥਨ ਕਰਨਾ ਸ਼ੁਰੂ ਕੀਤਾ ਅਤੇ ਆਪਣੀ ਅਜਿਹੀ ਨੀਤੀ ਦਾ ਲਾਭ ਉਠਾ ਕੇ ਤਾਮਿਲਨਾਡੂ ਦੀ ਰਾਜਨੀਤਿਕ ਵਿੱਚ ਸ਼੍ਰੀ ਕਾਮਰਾਜ ਦੀ ਸਥਿਤੀ ਨੂੰ ਕਮਜ਼ੋਰ ਬਣਾਏ ਰੱਖਿਆ। 1977 ਦੀਆਂ ਚੋਣਾਂ ਵਿੱਚ ਡੀ. ਐੱਮ. ਕੇ. ਦੀ ਭੂਮਿਕਾ ਕਾਫੀ ਦ੍ਰਿੜ ਹੋ ਗਈ।

**ਡੀ. ਐੱਮ ਕੇ. ਦੀ ਵੰਡ** (Split in D.M.K.): 1972 ਵਿੱਚ ਡੀ. ਐੱਮ. ਕੇ. ਵਿੱਚ ਅੰਦਰੂਨੀ ਫੁੱਟ ਪੈ ਗਈ ਅਤੇ ਇਸ ਫੁੱਟ ਦਾ ਕਾਰਨ ਸੀ. ਡੀ. ਐੱਮ. ਕੇ. ਦੇ ਦੋ ਵੱਡੇ ਨੇਤਾਵਾਂ ਐੱਮ. ਜੀ. ਰਾਮਾਚੰਦਰ (MGR) ਅਤੇ ਕਰੁਣਾਨਿਧੀ ਵਿੱਚ ਮਤਭੇਦ। ਅਕਤੂਬਰ 1972 ਵਿੱਚ ਸ਼੍ਰੀ ਕਰੁਣਾਨਿਧੀ ਨੇ ਐੱਮ. ਜੀ. ਰਾਮਾਚੰਦਰ (MRG) ਨੂੰ ਦਲ ਦੀ ਮੈਂਬਰਸ਼ਿਪ ਤੋਂ ਅਲੱਗ ਕਰ ਦਿੱਤਾ ਅਤੇ ਉਨ੍ਹਾਂ ਨੂੰ ਇਕ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ ਪਰ ਐੱਮ. ਜੀ. ਆਰ. ਇਕ ਵਧੇਰੇ ਲੋਕਪ੍ਰਿਯ ਨੇਤਾ ਬਣ ਕੇ ਸਾਹਮਣੇ ਆਏ, ਕਿਉਂਕਿ ਫਿਲਮਾਂ ਵਿੱਚ ਆਪਣੀ ਭੂਮਿਕਾਵਾਂ ਦੇ ਕਾਰਨ ਉਹ ਸਧਾਰਣ ਲੋਕਾਂ ਵਿੱਚ ਕਾਫੀ ਲੋਕਪ੍ਰਿਯ ਸੀ। 17 ਅਕਤੂਬਰ 1972 ਨੂੰ ਉਨ੍ਹਾਂ ਨੇ ਇਕ ਅਲੱਗ ਦਲ ਬਣਾਉਣ ਦਾ ਘੋਸ਼ਣਾ ਕੀਤੀ ਅਤੇ 18 ਅਕਤੂਬਰ 1972 ਨੂੰ ਇਕ ਨਵਾਂ ਦਲ ਅਖਿਲ ਭਾਰਤੀ ਅੰਨਾ ਦ੍ਰਾਵਿੜ ਮੁਨੇਤਰ ਕੜਗਮ (AIADMK) ਦੀ ਸਥਾਪਨਾ ਹੋਈ। ਛੇਤੀ ਹੀ ਅੰਨਾ ਡੀ. ਐੱਮ. ਕੇ. ਤੋਂ ਜ਼ਿਆਦਾ ਪ੍ਰਭਾਵਸ਼ਾਲੀ

ਸਥਿਤੀ ਬਣਾ ਲਈ ਅਤੇ ਫਰਵਰੀ 1974 ਵਿੱਚ ਡੀ. ਐੱਮ. ਕੇ. ਨੇ ਕਾਂਗਰਸ (ਓ) ਅਤੇ ਕਾਂਗਰਸ (ਐਨ) ਨਾਲ ਮਿਲ ਕੇ ਇਸ ਮੰਤਰੀ ਮੰਡਲ ਨੂੰ ਗਿਰਾ ਦਿੱਤਾ ਗਿਆ। ਇਸ ਤਰ੍ਹਾਂ ਤਾਮਿਲਨਾਡੂ ਦੀ ਰਾਜਨੀਤੀ ਵਿੱਚ ਡੀ. ਐੱਮ. ਕੇ. ਅਤੇ ਏ. ਡੀ. ਐੱਮ. ਕੇ. ਦੋ ਪ੍ਰਸਪਰ ਵਿਰੋਧੀ ਦਲ ਬਣ ਗਏ। ਬਾਅਦ ਵਿੱਚ ਅੰਨਾ ਡੀ. ਐੱਮ. ਕੇ. ਦਾ ਨਾਮ ਅਖਿਲ ਭਾਰਤੀ ਅੰਨਾ ਡੀ. ਐੱਮ. ਕੇ ਦੋ ਪ੍ਰਸਪਰ ਵਿਰੋਧੀ ਦਲ ਬਣ ਗਏ। ਬਾਅਦ ਵਿੱਚ ਅੰਨਾ ਡੀ. ਐੱਮ. ਕੇ. ਦਾ ਨਾਮ ਅਖਿਲ ਭਾਰਤੀ ਅੰਨਾ ਡੀ. ਐੱਮ. ਕੇ. (AIADMK) ਪੈ ਗਿਆ ਅਤੇ ਅੱਜ ਤੱਕ ਅਜਿਹੀ ਹੀ ਸਥਿਤੀ ਜਾਰੀ ਹੈ। ਤਾਮਿਲਨਾਡੂ ਦੀ ਰਾਜਨੀਤੀ ਵਿੱਚ ਕਦੀ ਤਾਂ ਡੀ. ਐੱਮ. ਕੇ. ਦਾ ਪਲੜਾ ਭਾਰੀ ਹੋ ਜਾਂਦਾ ਹੈ ਅਤੇ ਕਦੀ ਏ. ਆਈ. ਏ. ਡੀ. ਐੱਮ. ਕੇ. ਦਾ।

**ਡੀ. ਐੱਮ ਕੇ. ਦਾ ਪ੍ਰਦਰਸ਼ਨ** (Performance of D.M.K): ਏ ਆਈ. ਡੀ. ਐੱਮ. ਕੇ. ਦੀ ਸਥਾਪਨਾ ਤੋਂ ਬਾਅਦ ਤਾਮਿਲਨਾਡੂ ਦੀ ਰਾਜਨੀਤੀ ਵਿੱਚ ਡੀ. ਐੱਮ. ਕੇ. ਦੀ ਭੂਮਿਕਾ ਘਟਦੀ-ਵੱਧਦੀ ਰਹੀ ਹੈ। ਡੀ. ਐੱਮ. ਕੇ. ਨੇ 1974 ਦੀ ਫੁੱਟ ਤੋਂ ਬਾਅਦ 1977 ਦੀਆਂ ਚੋਣਾਂ ਵਿੱਚ ਹਿੱਸਾ ਲਿਆ ਪਰ ਮਾਰਚ 1977 ਦੀਆਂ ਲੋਕ ਸਭਾ ਚੋਣਾਂ ਅਤੇ ਜੂਨ 1970 ਦੀਆਂ ਵਿਧਾਨ ਸਭਾ ਚੋਣਾ ਵਿੱਚ ਡੀ. ਐੱਮ. ਕੇ. ਨੂੰ ਵਿਸ਼ੇਸ਼ ਸਫਲਤਾ ਨਹੀਂ ਮਿਲੀ। ਡੀ. ਐੱਮ. ਕੇ. ਨੂੰ ਲੋਕ ਸਭਾ ਵਿੱਚ ਇਕ ਸੀਟ ਮਿਲੀ ਅਤੇ ਤਾਮਿਲਨਾਡੂ ਵਿਧਾਨ ਸਭਾ ਵਿੱਚ ਇਸ ਨੂੰ ਕੇਵਲ 49 ਸੀਟਾਂ ਮਿਲੀਆਂ, ਜਦੋਂ ਕਿ ਇਸ ਦੀ ਵਿਰੋਧੀ AIADMK ਨੂੰ ਲੋਕ ਸਭਾ ਦੀਆਂ 19 ਸੀਟਾਂ ਅਤੇ ਵਿਧਾਨ ਸਭਾ ਦੀਆਂ 29 ਸੀਟਾਂ ’ਤੇ ਸਫਲਤਾ ਮਿਲੀ। ਪਾਂਡੀਚਰੀ ਵਿੱਚ ਵੀ ਜਦੋਂ ਕਿ ਡੀ. ਐੱਮ. ਕੇ. ਨੂੰ 30 ਸੀਟਾਂ ਵਿੱਚੋਂ ਕੇਵਲ 3 ਸੀਟਾਂ ਮਿਲੀਆਂ, (AIADMK) ਨੂੰ 14 ਸੀਟਾਂ ’ਤੇ ਜਿੱਤ ਪ੍ਰਾਪਤ ਹੋਈ। ਇਸ ਤਰ੍ਹਾਂ ਤਾਮਿਲਨਾਡੂ ਵਿੱਚ ਡੀ. ਐੱਮ. ਕੇ. ਦੀ ਭੂਮਿਕਾ ਕਾਫੀ ਘੱਟ ਗਈ। ਜਨਵਰੀ 1980 ਵਿੱਚ ਡੀ. ਐੱਮ. ਕੇ. ਨੇ ਕਾਂਗਰਸ ਨਾਲ ਮਿਲ ਕੇ ਚੋਣਾਂ ਲੜੀਆਂ ਅਤੇ ਲੋਕ ਸਭਾ ਦੀਆਂ 14 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਪਰ ਮਈ, 1980 ਵਿੱਚ ਤਾਮਿਲਨਾਡੂ ਵਿਧਾਨ ਸਭਾ ਵਿੱਚ। ਡੀ. ਐੱਮ. ਕੇ. ਨੂੰ ਕੇਵਲ 38 ਸੀਟਾਂ ਮਿਲੀਆਂ ਅਤੇ (AIADMK) ਨੂੰ 128 ਸੀਟਾਂ ਮਿਲੀਆ। ਇਸ ਤਰ੍ਹਾਂ 1977 ਤੋਂ ਲੈ ਕੇ 1989 ਤੱਕ ਤਾਮਿਲਨਾਡੂ ਦੀ ਰਾਜਨੀਤੀ ਵਿੱਚ ਡੀ. ਐੱਮ. ਕੇ. ਦੀ ਸਥਿਤੀ ਜ਼ਿਆਦਾ ਚੰਗੀ ਨਾ ਰਹੀ। ਦਸੰਬਰ 1984 ਵਿੱਚ ਕਾਂਗਰਸ ਅਤੇ ਏ. ਆਈ. ਏ. ਡੀ. ਐੱਮ. ਕੇ. ਨੇ ਗਠਬੰਧਨ ਬਣਾ-ਬਣਾ ਕੇ ਲੋਕ ਸਭਾ ਦੀਆਂ ਚੋਣਾਂ ਲੜੀਆਂ ਜਦੋਂ ਕਿ ਡੀ. ਐੱਮ. ਕੇ. ਨੇ ਜਨਤਾ ਪਾਰਟੀ, ਸੀ. ਪੀ. ਆਈ. ਅਤੇ ਸੀ. ਪੀ. ਐੱਮ. ਨਾਲ ਮਿਲ ਕੇ ਚੋਣਾਂ ਲੜੀਆਂ। ਇਨ੍ਹਾਂ ਚੋਣਾਂ ਵਿੱਚ ਡੀ. ਐੱਮ. ਕੇ ਨੂੰ ਕੇਵਲ ਇਕ ਸੀਟ ਹੀ ਮਿਲੀ ਅਤੇ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਡੀ. ਐੱਮ. ਕੇ. ਨੂੰ 20 ਸੀਟਾਂ ਹੀ ਪ੍ਰਾਪਤ ਹੋ ਸਕੀਆਂ। ਇਸ ਤਰ੍ਹਾਂ ਡੀ. ਐੱਮ. ਕੇ. ਦੀ ਸਥਿਤੀ ਹੋਰ ਵੀ ਕਮਜ਼ੋਰ ਹੋ ਗਈ ਪਰ ਜਨਵਰੀ 1989 ਵਿੱਚ ਡੀ. ਐੱਮ. ਕੇ. ਨੇ 147 ਸੀਟਾਂ ਜਿੱਤ ਕੇ 13 ਸਾਲ ਬਾਅਦ ਤਾਮਿਲਨਾਡੂ ਵਿਧਾਨ ਸਭਾ ਭੰਗ ਕਰ ਦਿੱਤੀ ਗਈ। ਡੀ. ਐੱਮ. ਕੇ. ਸਰਕਾਰ ’ਤੇ ਇਹ ਦੋਸ਼ ਲਗਾਇਆ ਕਿ ਉਸ ਨੇ ਐੱਲ. ਆਈ. ਟੀ. ਈ. (LITE) ਦੀਆਂ ਗਤੀਵਿਧੀਆਂ ’ਤੇ ਪ੍ਰਤੀਬੰਧ ਲਗਾਉਣ ਵਿੱਚ ਕੁਤਾਹੀ ਕੀਤੀ ਸੀ।

ਮਈ-ਜੂਨ 1991 ਵਿੱਚ 10ਵੀਂ ਲੋਕ ਸਭਾ ਦੀਆਂ ਚੋਣਾਂ ਅਤੇ ਤਾਮਿਲਨਾਡੂ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਪਰ ਇਨ੍ਹਾਂ ਵਿੱਚ ਡੀ. ਐੱਮ. ਕੇ. ਨੂੰ ਭਾਰੀ ਹਾਰ ਦਾ ਮੂੰਹ ਦੇਖਣਾ ਪਿਆ। ਇਹ ਲੋਕ ਸਭਾ ਵਿੱਚ ਇਕ ਵੀ ਸੀਟ ਨਾ ਜਿੱਤ ਸਕੀ ਅਤੇ ਤਾਮਿਲਨਾਡੂ ਵਿਧਾਨ ਸਭਾ ਵਿੱਚ ਇਸ ਨੂੰ ਕੇਵਲ 7 ਸੀਟਾਂ ਹੀ ਮਿਲੀਆਂ।

ਇਨ੍ਹਾਂ ਚੋਣਾ ਤੋਂ ਬਾਅਦ ਡੀ. ਐੱਮ. ਕੇ. ਹੋਰ ਵੀ ਕਮਜ਼ੋਰ ਹੋ ਗਈ ਜਦੋਂ ਕਿ ਇਸ ਵਿੱਚ ਫੁੱਟ ਪੈ ਗਈ ਅਤੇ ਇਕ ਨਵਾਂ ਦਲ, ਜਿਸ ਨੇ ਕਿ ਆਪਣੇ ਆਪ ਨੂੰ ਅਸਲ ਡੀ. ਐੱਮ. ਕੇ. ਕਿਹਾ, ਹੋਂਦ ਵਿੱਚ ਆ ਗਈ ਪਰ ਸ਼੍ਰੀ ਕਰੁਣਾਨਿਧੀ ਦੀ ਅਗਵਾਈ ਵਾਲਾ ਡੀ. ਐੱਮ. ਕੇ. ਛੇਤੀ ਹੀ ਆਪਣਾ ਪ੍ਰਭਾਵ ਪੁਨਰ ਸਥਾਪਿਤ ਕਰਨ ਵਿੱਚ ਸਫਲ ਹੋ ਗਿਆ। ਮਈ-ਜੂਨ ਦੀਆਂ ਚੋਣਾਂ ਵਿੱਚ ਡੀ. ਐੱਮ. ਕੇ. ਨੇ ਲੋਕ ਸਭਾ ਨੇ 17 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਅਤੇ ਤਾਮਿਲਨਾਡੂ ਵਿਧਾਨ ਸਭਾ ਵਿੱਚ ਵੀ 235 ਸੀਟਾਂ ਵਿੱਚੋਂ 172 ਸੀਟਾਂ ਜਿੱਤ ਕੇ ਸਰਕਾਰ ਬਣਾਈ। ਇਕ ਵਾਰ ਫਿਰ ਡੀ. ਐੱਮ. ਕੇ. ਤਾਮਿਲਨਾਡੂ ਦੀ ਰਾਜਨੀਤੀ ਵਿੱਚ ਪ੍ਰਭਾਵਸ਼ਾਲੀ ਸਥਿਤੀ ਵਿੱਚ ਆ ਗਈ ਪਰ 1998 ਦੀਆਂ ਲੋਕ ਸਭਾ ਚੋਣਾਂ ਵਿੱਚ ਡੀ. ਐੱਮ. ਕੇ. ਤਾਮਿਲਨਾਡੂ ਦੀ ਰਾਜਨੀਤੀ ਵਿੱਚ ਪ੍ਰਭਾਵਸ਼ਾਲੀ ਸਥਿਤੀ ਵਿੱਚ ਆ ਗਈ ਪਰ 1998 ਦੀਆਂ ਲੋਕ ਸਭਾ ਚੋਣਾ ਵਿੱਚ ਡੀ. ਐੱਮ. ਕੇ. ਤਾਮਿਲਨਾਡੂ ਦੀ ਰਾਜਨੀਤੀ ਵਿੱਚ ਪ੍ਰਭਾਵਸ਼ਾਲੀ ਸਥਿਤੀ ਵਿੱਚ ਆ ਗਈ ਪਰ 1998 ਦੀਆਂ ਲੋਕ ਸਭਾ ਚੋਣਾਂ ਵਿੱਚ ਡੀ. ਐੱਮ. ਕੇ. ਕੇਵਲ 6 ਸੀਟਾਂ ਹੀ ਪ੍ਰਾਪਤ ਕਰ ਸਕੀ ਜਦੋਂ ਕਿ ਇਸ ਦੀ ਵਿਰੋਧੀ ਏ. ਆਈ. ਏ. ਡੀ. ਐੱਮ. ਕੇ. ਨੂੰ 18 ਸੀਟਾਂ ਮਿਲੀਆਂ। ਡੀ. ਐੱਮ. ਕੇ. ਦੀ ਸਥਿਤੀ ਇਕ ਵਾਰ ਫਿਰ ਕਮਜ਼ੋਰ ਹੁੰਦੀ ਦਿਖਾਈ ਦਿੱਤੀ ਪਰ 1999 ਦੀਆਂ ਲੋਕ ਸਭਾ ਚੋਣਾਂ ਵਿੱਚ ਡੀ. ਐੱਮ. ਕੇ. ਨੇ ਆਪਣੀ ਸਥਿਤੀ ਫਿਰ ਸ੍ਰੇਸ਼ਠ ਬਣਾ ਲਈ। ਇਹ ਚੋਣਾਂ ਡੀ. ਐੱਮ. ਕੇ. ਨੇ ਬੀ. ਜੇ. ਪੀ. ਨਾਲ ਗਠਬੰਧਨ ਕਰਕੇ ਲੜੇ ਅਤੇ ਲੋਕ ਸਭਾ ਦੀਆਂ 12 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ, ਜਦੋਂ ਕਿ ਵਿਰੋਧੀ ਏ. ਆਈ. ਏ. ਡੀ. ਐੱਮ. ਕੇ. ਨੂੰ 10 ਸੀਟਾਂ ’ਤੇ ਜਿੱਤ ਪ੍ਰਾਪਤ ਹੋਈ। ਤਾਮਿਲਨਾਡੂ ਵਿੱਚ ਵਿਰੋਧੀ ਦਲ ਦੇ ਰੂਪ ਵਿੱਚ ਕੰਮ ਕਰ ਰਿਹਾ ਹੈ ਅਤੇ AIADMK ਦੀ ਨੇਤਾ ਕੁਮਾਰੀ ਜੈਲਲਿਤਾ ਉੱਥੇ ਦੀ ਮੁੱਖ ਮੰਤਰੀ ਦੇ ਰੂਪ ਵਿੱਚ ਸਰਕਾਰ ਚਲਾ ਰਹੀ ਹੈ। (DMK.) ਨੇ ਅਪ੍ਰੈਲ 17, 1999 ਵਿੱਚ ਲੋਕ ਸਭਾ ਵਿੱਚ ਹੋਏ ਸ਼ਕਤੀ ਪ੍ਰੀਖਣ ਦੌਰਾਨ ਵਾਜਪਾਈ ਸਰਕਾਰ ਦੇ ਪੱਖ ਵਿੱਚ ਵੋਟ ਦਿੱਤੀ ਅਤੇ 1999-2003 ਦੇ ਦੌਰਾਨ ਇਹ ਦਲ NDA. ਸਰਕਾਰ ਦਾ ਇਕ ਹਿੱਸੇਦਾਰ ਬਣਿਆ ਰਿਹਾ ਹੈ। ਫਿਰ ਮਾਰਚ-ਅਪ੍ਰੈਲ 2004 ਵਿੱਚ ਸੰਪਨ ਹੋਈਆਂ ਲੋਕ ਸਭਾ ਚੋਣਾਂ ਵਿੱਚ ਡੀ. ਐੱਮ. ਕੇ. ਨੇ ਕਾਂਗਰਸ ਨਾਲ ਮਿਲ ਕੇ ਹਿੱਸਾ ਲਿਆ ਅਤੇ ਚੰਗੀ ਸਫਲਤਾ ਪ੍ਰਾਪਤ ਕੀਤੀ ਇਸ ਨੂੰ 14ਵੀਂ ਲੋਕ ਸਭਾ ਵਿੱਚ 16 ਸੀਟਾਂ ਪ੍ਰਾਪਤ ਹੋਈਆਂ।

**ਨੋਟ** ਅੱਜ ਤਾਮਿਲਨਾਡੂ ਰਾਜਨੀਤੀ ਅਤੇ ਰਾਸ਼ਟਰੀ ਰਾਜਨੀਤੀ ਵਿੱਚ ਡੀ. ਐੱਮ. ਕੇ. ਦੀ ਸਥਿਤੀ ਕਾਫੀ ਪ੍ਰਭਾਵਸ਼ਾਲੀ ਹੈ ਪਰ ਪਿਛਲਾ ਇਤਿਹਾਸ ਇਹ ਦੱਸਦਾ ਹੈ ਕਿ ਡੀ. ਐੱਮ. ਕੇ. ਦੀ ਸਥਿਤੀ ਵਿੱਚ ਲਗਾਤਾਰ ਉਤਾਰ-ਚੜ੍ਹਾਅ ਆਉਂਦੇ ਰਹਿੰਦੇ ਹਨ। ਇਸੇ ਕਾਰਨ ਸਮੇਂ-ਸਮੇਂ 'ਤੇ ਡੀ. ਐੱਮ. ਕੇ. ਕਾਂਗਰਸ ਜਾਂ ਬੀ. ਜੇ. ਪੀ. ਅਤੇ ਹੋਰ ਦਲਾਂ ਨਾਲ ਚੋਣ ਗਠਬੰਧਨ ਬਣਾਉਣ ਦਾ ਯਤਨ ਕਰਦਾ ਰਿਹਾ ਹੈ। 1999-2003 ਦੌਰਾਨ ਡੀ. ਐੱਮ. ਕੇ. ਨੇ ਐੱਨ. ਡੀ. ਏ. ਦਾ ਸਾਥ ਦਿੱਤਾ ਪਰ ਫਿਰ 2004 ਵਿੱਚ ਇਹ ਕਾਂਗਰਸ ਵੱਲ ਝੁੱਕ ਗਿਆ ਅਤੇ 200 ਵਿੱਚ ਗਠਿਤ ਕਾਂਗਰਸ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਨੂੰ ਇਸ ਨੇ ਆਪਣਾ ਸਮਰਥਨ ਦੇ ਦਿੱਤਾ। 14ਵੀਂ ਲੋਕ ਸਭਾ ਵਿੱਚ ਡੀ. ਐੱਮ. ਕੇ. ਨੂੰ 16 ਸੀਟਾਂ ਪ੍ਰਾਪਤ ਹਨ ਅਤੇ ਯੂ. ਪੀ. ਦੇ ਬਹੁਮਤ ਨੂੰ ਬਣਾਉਣ ਵਿੱਚ ਇਸ ਦਲ ਦਾ ਚੰਗਾ ਯੋਗਦਾਨ ਰਿਹਾ ਹੈ। ਅੱਜ-ਕੱਲ੍ਹ ਤਾਮਿਲਨਾਡੂ ਵਿੱਚ ਏ. ਆਈ. ਏ. ਡੀ. ਐੱਮ. ਕੇ. ਸੱਤਾ ਵਿੱਚ ਹੈ ਅਤੇ ਕਰੁਣਾਨਿਧੀ ਦੀ ਅਗਵਾਈ ਵਿੱਚ ਡੀ. ਐੱਮ. ਕੇ. ਇਕ ਵਿਰੋਧੀ ਦਲ ਦੀ ਭੂਮਿਕਾ ਨਿਭਾ ਰਿਹਾ ਹੈ। 2011 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਦੇ ਦੋਸ਼ ਇਸ ਦੀ ਹਾਰ ਦਾ ਕਾਰਨ ਬਣੇ ਪਰ ਤਾਮਿਲਨਾਡੂ ਦੀ ਰਾਜਨੀਤੀ ਕਾਫੀ ਤੇਜ਼ੀ ਨਾਲ ਬਦਲ ਸਕਦੀ ਹੈ। ਅਜਿਹਾ ਅਸੀਂ ਇਸ ਦੇ 1947-2004 ਦੇ ਇਤਿਹਾਸ ਦੇ ਅਧਾਰ 'ਤੇ ਕਹਿ ਸਕਦੇ ਹਾਂ।

### 14.4.4 ਆਲ ਇੰਡੀਆ ਅੰਨਾ ਦ੍ਰਵਿੜ ਮੁਨੇਤਰ ਕੜਗਮ (AIADMK)

ਤਾਮਿਲਨਾਡੂ ਵਿੱਚ ਏ. ਆਈ. ਏ. ਡੀ. ਐੱਮ. ਕੇ 1972 ਵਿੱਚ ਡੀ. ਐੱਮ. ਕੇ. ਵਿੱਚ ਵੰਡ ਹੋਣ ਕਾਰਨ ਹੋਂਦ ਵਿੱਚ ਆਈ। ਚਮਤਕਾਰੀ ਪ੍ਰਭਾਵ ਵਾਲੇ ਨੇਤਾ ਸੀ. ਐੱਨ. ਅੰਨਾਦੁਰਾਈ , ਜਿਸ ਨੂੰ ਸਨਮਾਨਪੂਰਨ 'ਅੰਨਾ' ਕਿਹਾ ਜਾਂਦਾ ਸੀ, ਦੀ ਮੌਤ ਤੋਂ ਬਾਅਦ ਅਗਵਾਈ ਲਈ ਸੰਘਰਸ਼ ਸ਼ੁਰੂ ਹੋ ਗਿਆ ਸੀ। ਪਹਿਲਾਂ ਸ਼੍ਰੀ ਕਰੁਣਾਨਿਧੀ ਅਤੇ ਨੇਦੁਚੇਗੀਆਨ ਵਿਚਕਾਰ ਅਤੇ ਫਿਰ ਕਰੁਣਾਨਿਧੀ ਅਤੇ ਐੱਮ. ਜੀ. ਰਾਮਾਚੰਦਰਨ ਵਿਚਕਾਰ।

1971 ਦੀਆਂ ਚੋਣਾਂ ਤੋਂ ਬਾਅਦ ਸ਼੍ਰੀ ਕਰੁਣਾਨਿਧੀ ਅਤੇ ਸ਼੍ਰੀ ਰਾਮਾਚੰਦਰਨ ਵਿੱਚ ਸੱਤਾ ਸੰਘਰਸ਼ ਹੋਰ ਤੇਜ਼ ਹੋ ਗਿਆ। ਦੋਵੇਂ ਇਕ ਜਾਂ ਦੂਸਰੇ ਢੰਗ ਨਾਲ ਫਿਲਮ ਉਦਯੋਗ ਨਾਲ ਜੁੜੇ ਹੋਏ ਸਨ ਅਤੇ ਕੁਝ ਕਾਰਨਾਂ ਕਰਕੇ ਬੀਤੇ ਸਮੇਂ ਤੋਂ ਪੈਦਾ ਹੋਏ ਵਿਰੋਧ ਇਸ ਸਬੰਧ ਪਿੱਛੇ ਇਕ ਕਾਰਨ ਬਣਿਆ ਸੀ। ਐੱਮ. ਜੀ. ਰਾਮਾਚੰਦਰਨ ਸ਼੍ਰੀ ਕਰੁਣਾਨਿਧੀ ਦੇ ਆਪਣੇ ਦਲ ਦੇ ਸਾਥੀਆਂ ਨਾਲ ਵਿਵਹਾਰ ਦੇ ਢੰਗਾਂ ਦਾ ਵਿਰੋਧ ਕਰਦੇ ਸਨ ਅਤੇ ਦਲ ਨਿਧੀਆਂ ਦਾ ਦੁਰਉਪਯੋਗ ਅਤੇ ਦਲ ਦੇ ਪਦਾਧਿਕਾਰੀਆਂ ਵਿੱਚ ਤੇਜ਼ੀ ਨਾਲ ਫੈਲ ਰਹੇ ਭ੍ਰਿਸ਼ਟਾਚਾਰ ਦੀ ਸਖਤ ਆਲੋਚਨਾ ਕਰਦੇ ਸਨ। ਸ਼੍ਰੀ ਰਾਮਾਚੰਦਰਨ ਦਲ ਨੂੰ ਬਹੁਤ ਜ਼ਿਆਦਾ ਦਾਨ ਦਿੰਦੇ ਸਨ, ਵਿਸ਼ੇਸ਼ ਰੂਪ ਵਿੱਚ ਇਸ ਸੰਕਟ ਦੇ ਦਿਨਾਂ ਵਿੱਚ। ਸੈਕੜੇ ਮਨਰਮਗ (ਕਲੱਬ ਜਾਂ ਫੋਰਮ) ਰਾਜ ਭਰ ਵਿੱਚ ਉਸ ਦੇ ਨਾਮ 'ਤੇ ਬਣੇ ਹੋਏ ਸਨ। ਉਨ੍ਹਾਂ ਨੇ ਸ਼੍ਰੀ ਕਰੁਣਾਨਿਧੀ 'ਤੇ ਤਾਨਾਸ਼ਾਹ ਹੋਣ ਦਾ ਦੋਸ਼ ਲਗਾਇਆ ਅਤੇ ਮੰਗ ਕੀਤੀ ਕਿ ਮੰਤਰੀਆਂ ਸਹਿਤ ਡੀ. ਐੱਮ. ਕੇ. ਦੇ ਸਾਰੇ ਵਿਧਾਇਕਾਂ ਦੀ ਸੰਪਤੀ ਦੀ ਸੁਤੰਤਰ ਰੂਪ ਵਿੱਚ ਜਾਂਚ ਕਰਵਾਈ ਜਾਣੀ ਚਾਹੀਦੀ ਹੈ। 10 ਅਕਤੂਬਰ 1972 ਨੂੰ ਕਰੁਣਾਨਿਧੀ ਦੇ ਕਹਿਣ 'ਤੇ ਡੀ. ਐੱਮ. ਕੇ. ਵੱਲੋਂ ਸ਼੍ਰੀ ਐੱਮ ਸੀ. ਰਾਮਾਚੰਦਰ ਨੂੰ ਦਲ ਤੋਂ ਬਾਹਰ ਕੱਢ ਦਿੱਤਾ ਗਿਆ ਅਤੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਕਿ 15 ਦਿਨਾਂ ਦੇ ਅੰਦਰ-ਅੰਦਰ ਇਹ ਦੱਸਿਆ ਜਾਵੇ ਕਿ ਕਿਉਂ ਨਾ ਉਨ੍ਹਾਂ ਨੂੰ ਦਲ 'ਚੋਂ ਕੱਢ ਦਿੱਤਾ ਜਾਵੇ ਪਰ ਅਜਿਹੇ ਫੈਸਲੇ ਵਿੱਚ ਸ਼੍ਰੀ ਰਾਮਾਚੰਦਰਨ ਦੇ ਵਿਸ਼ਾਲ ਜਨ-ਅਧਾਰ ਦੇ ਕਾਰਨ ਉਨ੍ਹਾਂ ਦੇ ਕੱਢ ਦਿੱਤੇ ਜਾਣ ਕਾਰਨ ਬਹੁਤ ਸਾਰੇ ਲੋਕਾਂ ਦੀ ਹਮਦਰਦੀ ਉਨ੍ਹਾਂ ਨਾਲ ਹੋ ਗਈ। ਲੋਕ ਆਪਣੇ ਨਾਇਕ ਦੇ ਵਿਰੁੱਧ ਕੀਤੀ ਗਈ ਕਾਰਵਾਈ ਤੋਂ ਬਹੁਤ ਨਾਰਾਜ਼ ਸਨ ਅਤੇ ਉਹ ਆਪਣੇ ਨੇਤਾ ਆਦੇਸ਼ 'ਤੇ ਕੋਈ ਵੀ ਕਾਰਵਾਈ ਕਰਨ ਲਈ ਤਿਆਰ ਸਨ। ਡੀ. ਐੱਮ. ਕੇ. ਕਈ ਮਹੱਤਵਪੂਰਨ ਨੇਤਾ ਵੀ ਸ਼੍ਰੀ ਰਾਮਾਚੰਦਰਨ ਦੇ ਸਮਰਥਨ ਵਿੱਚ ਸਾਹਮਣੇ ਆ ਗਏ। ਕਾਰਵਾਈ ਸੰਮਤੀ ਦੇ ਸਭਾਪਤੀ ਸ਼੍ਰੀ ਸੀ. ਰਾਮਾਲਿੰਗਮ ਨੇ ਵੀ ਸ਼੍ਰੀ ਰਾਮਚੰਦਰਨ ਦੇ ਵਿਰੁੱਧ ਪ੍ਰਸਤਾਵਿਤ ਕਾਰਵਾਈ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਅਤੇ 17 ਅਕਤੂਬਰ 1972 ਦੀ ਘੋਸ਼ਣਾ ਕੀਤੀ ਕਿ ਸ਼੍ਰੀ ਰਾਮਾਚੰਦਰਨ ਪ੍ਰਤੀ ਵਫਦਾਰ ਡੀ. ਐੱਮ. ਕੇ. ਦੇ ਯੂਨਿਟ ਮਿਲ ਕੇ ਆਪਣੀ ਇਕ ਨਵਾਂ ਦਲ ਅੰਨਾ ਡੀ. ਐੱਮ. ਕੇ. ਬਣਾਉਣਗੇ। ਉਨ੍ਹਾਂ ਨੇ ਇਸ ਦਾ ਸਮਰਥਨ ਕਰਦੇ ਹੋਏ ਵਿਦਿਆਰਥੀ ਵਿੰਗਾਂ 'ਤੇ ਜ਼ੋਰ ਦਿੱਤਾ ਕਿ ਉਹ ਅੰਨਾ ਦ੍ਰਾਵਿੜ ਮੁਨਾਵਰ (ਵਿਦਿਆਰਥੀ) ਮੁਨੇਤਰਾ ਕੜਗਮ ਦੇ ਨਾਮ ਅਧੀਨ ਕੰਮ ਕਰਨ। ਉਨ੍ਹਾਂ ਨੇ ਐੱਮ. ਜੀ ਆਰ. ਮਨਰਮਾ ਅਤੇ ਵਫਾਦਾਰ ਦਲ ਦੀਆਂ ਇਕਾਈਆਂ ਦੇ ਨਵੇਂ ਦਲਾਂ ਦੀਆਂ ਦੋ 'ਅੱਖਾਂ' ਦੇ ਰੂਪ ਵਿੱਚ ਵਰਨਣ ਕੀਤਾ। 18 ਅਕਤੂਬਰ 1972 ਨੂੰ ਅੰਨਾ ਡੀ. ਐੱਮ. ਕੇ. ਹੋਂਦ ਵਿੱਚ ਆ ਗਈ। ਸ਼੍ਰੀ ਰਾਮਾਚੰਦਰਨ ਨੇ ਘੋਸ਼ਣਾ ਕੀਤੀ ਕਿ ਉਨ੍ਹਾਂ ਦਾ ਦਲ ਸਵਰਗੀ ਸ਼੍ਰੀ ਸੀ. ਐੱਨ. ਅੰਨਾਦੁਰਾਈ ਦੇ ਸਿਧਾਂਤਾਂ ਅਤੇ ਨੀਤੀਆਂ 'ਤੇ ਚੱਲੇਗਾ। ਉਨ੍ਹਾਂ ਨੇ ਦਾਅਵਾ ਕੀਤਾ ਕਿ ਤਾਮਿਲਨਾਡੂ ਵਿੱਚ 20000 ਐੱਮ. ਜੀ. ਆਰ. ਮਨਰਮਾ ਮੌਜੂਦ ਸਨ ਅਤੇ ਉਨ੍ਹਾਂ ਦੇ ਦਲ ਦੀ ਮੈਂਬਰਸ਼ਿਪ 10 ਲੱਖ ਤੋਂ ਜ਼ਿਆਦਾ ਸੀ। ਨਵੇਂ ਦਲ ਦੀ ਸਥਾਪਨਾ ਦਾ ਤਾਮਿਲਨਾਡੂ ਦੇ ਜਨ ਸਮੂਹ 'ਤੇ ਬਹੁਤ ਵੱਡਾ ਪ੍ਰਭਾਵ ਪਿਆ।

ਫਰਵਰੀ 1974 ਵਿੱਚ ਏ. ਡੀ. ਐੱਮ. ਦੇ (ਸ਼ੁਰੂ ਵਿੱਚ ਏ. ਆਈ. ਐੱਮ. ਡੀ. ਐੱਮ. ਕੇ., ਏ. ਡੀ. ਐੱਮ. ਕੇ. ਦੇ ਨਾਮ ਨਾਲ ਜਾਣਿਆ ਜਾਂਦਾ ਹੈ) ਨੇ ਪਾਂਡੀਚਰੀ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ ਅਤੇ ਅਜਿਹੇ ਦਲ ਦੇ ਰੂਪ ਵਿੱਚ ਉਭਰਿਆ ਜਿਸ ਨੂੰ ਸਦਨ ਵਿੱਚ ਸਭ ਤੋਂ ਵੱਡਾ ਦਲ ਹੋਣ ਦਾ ਦਰਜਾ ਮਿਲਿਆ। ਸੀ. ਪੀ. ਆਈ. ਦੇ ਸਮਰਥਨ ਨਾਲ ਏ. ਡੀ. ਐੱਮ. ਕੇ. ਨੇ 6 ਮਾਰਚ 1974 ਨੂੰ ਪਾਂਡੀਚਰੀ ਵਿੱਚ ਸ਼੍ਰੀ ਏ. ਰਾਮਾਸਵਾਮੀ ਦੀ ਅਗਵਾਈ ਵਿੱਚ ਆਪਣੀ ਸਰਕਾਰ ਬਣਾਈ ਪਰ ਇਸ ਸਰਕਾਰ ਨੂੰ ਕਾਂਗਰਸ (ਆਈ), ਕਾਂਗਰਸ (ਐੱਨ) ਅਤੇ ਡੀ. ਐੱਮ. ਕੇ. 'ਤੇ ਅਧਾਰਿਤ ਗਠਬੰਧਨ ਨੇ 6 ਮਾਰਚ 1974 ਨੂੰ ਬਜਟ 'ਤੇ ਵੋਟਾਂ ਦੌਰਾਨ ਲਾਹ ਦਿੱਤਾ।

ਏ. ਡੀ. ਐੱਮ. ਕੇ ਦੀ ਸਰਕਾਰ ਟੁੱਟਣ ਦੇ ਤੁਰੰਤ ਬਾਅਦ ਡੀ. ਐਮ. ਕੇ. ਨੇ ਸ਼੍ਰੀ ਐੱਮ. ਜੀ. ਰਾਮਾਚੰਦਰਨ ਦਾ ਸਰਵਜਨਕ ਅਧਾਰ ਘੱਟ ਕਰਨ ਲਈ ਉਨ੍ਹਾਂ ਦੇ ਮਲਿਆਲਮ ਮੂਲ ਦੇ ਹੋਣ ਦਾ ਪ੍ਰਚਾਰ ਨਾਲ ਇਕ ਵਿਆਪਕ ਅਭਿਆਨ ਸ਼ੁਰੂ ਕਰ ਦਿੱਤਾ ਅਤੇ ਇਸ ਵਿਵਹਾਰ ਵਿੱਚ ਦਲ, ਜੋ ਕਿ ਦੱਖਣ ਦੇ ਹਿੱਤਾਂ ਦੇ ਸੁਰੱਖਿਅਕ ਦਲ ਦੇ ਰੂਪ ਵਿੱਚ ਜਾਣਿਆ ਜਾਂਦਾ ਸੀ, ਬੁੱਧੀਜੀਵੀਆਂ ਅਤੇ ਵੱਡੇ ਰਾਜਨੀਤਿਕ ਨੇਤਾਵਾਂ ਦੇ ਬਹੁਤ ਉੱਚੇ ਦਰਜੇ ਵਾਲੇ ਦਲ ਨਾਲ ਵਿਅਕਤੀਗਤ ਮਤਲਬ ਵਾਲੇ ਪੱਧਰ 'ਤੇ ਆ ਗਿਆ ਅਤੇ ਇਹ ਪੂਰੇ ਦੱਖਣ ਦੀ ਪ੍ਰਤੀਨਿਧਤਾ ਕਰਨ ਦੀ ਨੈਤਿਕ ਸੱਤਾ ਕਾਫੀ ਹੱਦ ਤੱਕ ਗੁਆ ਬੈਠਾ ਹੈ।

**ਨੋਟ**

ਮਾਰਚ 1977 ਵਿੱਚ ਤਾਮਿਲਨਾਡੂ ਵਿੱਚ ਚੋਣ ਡੀ. ਐੱਮ. ਕੇ. ਦੋ ਸਮੂਹਾਂ ਦੇ ਵਿੱਚ ਲੜੀਆਂ ਗਈਆਂ। ਇਕ ਸਮੂਹ ਦੀ ਅਗਵਾਈ 1969 ਤੋਂ 1976 ਤੱਕ ਰਾਜ ਦੇ ਮੁੱਖ ਮੰਤਰੀ ਰਹੇ ਸ਼੍ਰੀ ਐੱਮ. ਕਰੁਣਾਨਿਧੀ ਨੇ ਕੀਤੀ, ਜਿਨ੍ਹਾਂ ਨੇ ਡੀ. ਐੱਮ. ਕੇ. ਨੂੰ ਅਪਣਾਈ ਰੱਖਿਆ ਅਤੇ ਦੂਸਰੇ ਸਮੂਹ ਦੀ ਅਗਵਾਈ ਸ਼੍ਰੀ ਰਾਮਾਚੰਦਰਨ ਕਰ ਰਹੇ ਸਨ, ਜੋ ਕਿ 1972 ਵਿੱਚ ਦਲ ਦੀ ਵੰਡ 'ਤੇ ਨਵੇਂ ਦਲ ਏ. ਡੀ. ਐੱਮ. ਕੇ. ਦੇ ਨੇਤਾ ਬਣੇ ਸਨ ਅਤੇ ਹੁਣ ਉਨ੍ਹਾਂ ਨੇ ਦਲ ਦਾ ਨਾਮ 'ਆਲ ਇੰਡੀਆ ਅੰਨਾ ਡੀ. ਐੱਮ. ਕੇ.' ਰੱਖ ਲਿਆ ਸੀ। ਡੀ. ਐੱਮ. ਕੇ. ਜਨਤਾ ਦਲ ਨੂੰ ਇਹ ਗੱਲ ਠੀਕ ਲੱਗੀ ਕਿ ਉਹ ਕਾਂਗਰਸ ਨਾਲ ਮਿਲ ਕੇ ਚੋਣ ਲੜੇ। ਚੋਣਾ ਦਾ ਨਤੀਜਾ ਇਹ ਹੋਇਆ ਕਿ ਜਨਤਾ ਦਲ ਦਾ ਸਮਰਥਨ ਹੋਣ ਦੇ ਬਾਵਜੂਦ ਡੀ. ਐੱਮ. ਕੇ. ਲੋਕ ਸਭਾ ਚੋਣਾਂ ਵਿੱਚ ਅਸਫਲ ਰਿਹਾ। ਡੀ. ਐੱਮ. ਕੇ. ਰਾਜ ਵਿੱਚੋਂ ਕੇਵਲ ਇਕ ਲੋਕ ਸਭਾ ਸੀਟ ਹੀ ਜਿੱਤ ਸਕਿਆ। ਏ. ਆਈ. ਐੱਮ. ਕੇ. ਅਤੇ ਇਸ ਦੀ ਹਿੱਸੇਦਾਰ ਕਾਂਗਰਸ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਅਤੇ ਰਾਜ ਦੀ ਲੋਕ ਸਭਾ ਦੀਆਂ ਕੁੱਲ ਸੀਟਾਂ ਵਿੱਚੋਂ ਲਗਭਗ ਅੱਧੀਆਂ ਸੀਟਾਂ 'ਤੇ ਜਿੱਤ ਹੋਈ। ਉਸ ਨੇ 39 ਵਿੱਚੋਂ 25 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਜਦੋਂ ਕਿ ਕਾਂਗਰਸ ਦੇ ਹਿੱਸੇ ਵਿੱਚ 14 ਸੀਟਾਂ ਆਈਆਂ।

ਜੂਨ 1977 ਵਿੱਚ ਤਾਮਿਲਨਾਡੂ ਰਾਜ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ। ਇਸ ਸਮੇਂ ਏ. ਆਈ. ਏ. ਡੀ. ਐੱਮ. ਕੇ. ਦਾ ਗਠਬੰਧਨ ਜਨਤਾ ਦਲ ਨਾਲ ਸੀ ਅਤੇ ਡੀ. ਐੱਮ. ਕੇ. ਨੇ ਕਾਂਗਰਸ ਨਾਲ ਗਠਬੰਧਨ ਕੀਤਾ ਪਰ ਇਕ ਵਾਰ ਫਿਰ ਡੀ. ਐੱਮ. ਕੇ. ਅਸਫਲ ਰਹੀ ਅਤੇ ਵਿਧਾਨ ਸਭਾ ਵਿੱਚ ਕੁੱਲ 49 ਸੀਟਾਂ ਹੀ ਜਿੱਤ ਸਕੀ ਜਦੋਂ ਕਿ ਏ. ਆਈ. ਏ. ਡੀ. ਐੱਮ. ਕੇ. ਨੇ ਕੁੱਲ 234 ਸੀਟਾਂ ਵਿੱਚੋਂ 143 ਸੀਟਾਂ ਪ੍ਰਾਪਤ ਕੀਤੀਆਂ ਅਤੇ ਆਪਣੀ ਸਰਕਾਰ ਗਠਿਤ ਕੀਤੀ, ਜਿਸ ਦੇ ਮੁੱਖ ਮੰਤਰੀ ਐੱਮ. ਜੀ. ਰਾਮਾਚੰਦਰਨ ਬਣੇ। 1980 ਦੀਆਂ ਚੋਣਾਂ ਵਿੱਚ ਸਥਿਤੀ ਇਕ ਵਾਰ ਫਿਰ ਬਦਲ ਗਈ। ਕਾਂਗਰਸ (ਆਈ) ਅਤੇ ਇਸ ਦੇ ਚੋਣ ਹਿੱਸੇਦਾਰ ਡੀ. ਐੱਮ. ਕੇ ਅਤੇ ਮੁਸਲਿਮ ਲੀਗ ਦੇ ਸਹਿਯੋਗ ਨਾਲ ਏ. ਆਈ. ਡੀ. ਐੱਮ. ਕੇ. ਦੇ 6 ਸਾਲਾਂ ਤੋਂ ਤਾਮਿਲਨਾਡੂ ਵਿੱਚ ਚੱਲੇ ਆਉਂਦੇ ਸ਼ਾਸਨ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਅਤੇ ਲੋਕ ਸਭਾ ਦੀਆਂ 39 ਸੀਟਾਂ ਵਿੱਚੋਂ 37 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਏ. ਆਈ. ਡੀ. ਐੱਮ. ਕੇ ਜਿਸ ਦੇ ਭੰਗ ਹੋਈ ਲੋਕ ਸਭਾ ਵਿੱਚ 18 ਮੈਂਬਰ ਸਨ, ਦੇ ਕੋਲ ਹੁਣ ਕੇਵਲ ਦੋ ਸੀਟਾਂ ਰਹਿ ਗਈਆਂ ਹਨ ਪਰ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸ਼੍ਰੀ ਕਰੁਣਾਨਿਧੀ ਦੀ ਅਗਵਾਈ 'ਚ ਡੀ. ਐੱਮ ਕੇ, ਏ. ਆਈ. ਏ. ਡੀ. ਐੱਮ. ਕੇ. ਦਾ ਗੜ੍ਹ ਤੋੜਨ ਵਿੱਚ ਅਸਫਲ ਰਹੀ। ਇਨ੍ਹਾਂ ਚੋਣਾ ਵਿੱਚ ਏ. ਆਈ. ਏ. ਡੀ. ਐੱਮ. ਕੇ. ਸੰਗਠਨ ਨੇ 234 ਵਿੱਚੋਂ 162 ਸੀਟਾਂ ਜਿੱਤੀਆਂ ਅਤੇ ਡੀ. ਐੱਮ. ਕੇ. ਕਾਂਗਰਸ ਸੰਗਠਨ ਨੂੰ ਕੇਵਲ 69 ਸੀਟਾਂ ਮਿਲੀਆਂ। ਨਤੀਜੇ ਵਜੋਂ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਐੱਮ. ਜੀ. ਆਰ. ਦੀ ਅਗਵਾਈ ਵਿੱਚ ਏ. ਆਈ. ਏ. ਡੀ. ਐੱਮ. ਕੇ ਨੇ ਆਪਣੀ ਸਰਕਾਰ ਸਥਾਪਿਤ ਕੀਤੀ।

ਸ਼੍ਰੀਮਤੀ ਇੰਦਰਾ ਗਾਂਧੀ ਦੀ 1984 ਵਿੱਚ ਹੱਤਿਆ ਕਰ ਦਿੱਤੇ ਜਾਣ ਤੋਂ ਬਾਅਦ ਭਾਰਤ ਵਿੱਚ 8ਵੀਆਂ ਲੋਕ ਸਭਾ ਚੋਣਾਂ ਦਸੰਬਰ 1984 ਵਿੱਚ ਹੋਈਆਂ। ਇਨ੍ਹਾਂ ਚੋਣਾਂ ਵਿੱਚ ਕਾਂਗਰਸ (ਆਈ) ਅਤੇ ਐੱਨ. ਆਈ. ਅੰਨਾ ਡੀ. ਐੱਮ. ਕੇ. ਗਠਬੰਧਨ ਦੀਆਂ 38 ਲੋਕ ਸਭਾ ਸੀਟਾਂ 'ਤੇ ਵਿਰੋਧੀ ਫ੍ਰੰਟ ਨਾਲ ਸਿੱਧਾ ਮੁਕਾਬਲਾ ਸੀ। ਏ. ਆਈ. ਏ. ਡੀ. ਐੱਮ. ਕੇ. ਨੇ ਕੇਵਲ 12 ਸੀਟਾਂ 'ਤੇ ਚੋਣਾਂ ਲੜੀਆਂ ਜਦੋਂ ਕਿ ਇਸ ਨੇ ਬਾਕੀ ਸੀਟਾਂ ਆਪਣੀ ਜੂਨੀਅਰ ਹਿੱਸੇਦਾਰੀ ਕਾਂਗਰਸ (ਆਈ), ਗਾਂਧੀ ਕਾਂਗਰਸ ਅਤੇ ਨੈਸ਼ਨਲ ਕਾਂਗਰਸ ਲਈ ਛੱਡ ਦਿੱਤੀਆਂ। ਵਿਰੋਧੀ ਫਰੰਟ ਦੀ ਅਗਵਾਈ ਡੀ. ਐੱਮ. ਕੇ. ਕਰ ਰਹੀ ਸੀ ਅਤੇ ਇਸ ਵਿੱਚ ਜਨਤਾ ਦਲ ਅਤੇ ਦੋਵੇਂ ਸਾਮਵਾਦੀ ਦਲ ਸ਼ਾਮਿਲ ਸਨ। ਡੀ. ਐੱਮ. ਕੇ. ਨੇ 26 ਸੀਟਾਂ 'ਤੇ ਚੋਣਾਂ ਲੜੀਆਂ ਪਰ ਕੇਵਲ ਇਕ ਸੀਟ ਹੀ ਜੇਤੂ ਰਹੀ। ਦੂਸਰੇ ਪਾਸੇ ਏ. ਆਈ. ਏ. ਡੀ. ਐੱਮ. ਕੇ. ਕਾਂਗਰਸ (ਆਈ) ਨੂੰ ਸ਼੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਅਤੇ ਸ਼੍ਰੀ ਐੱਮ. ਜੀ. ਰਾਮਾਚੰਦਰਨ ਨਾਲ ਬਿਮਾਰ ਪੈ ਜਾਣ ਦੇ ਕਾਰਨ ਪੈਦਾ ਹੋਈ 'ਹਮਦਰਦੀ ਦੀ ਲਹਿਰ' ਦਾ ਲਾਭ ਮਿਲਿਆ। ਨਤੀਜੇ ਦੇ ਰੂਪ ਵਿੱਚ ਏ. ਆਈ. ਏ. ਡੀ. ਐੱਮ. ਕੇ. ਨੇ 12 ਦੀਆਂ 12 ਸੀਟਾਂ ਜਿੱਤ ਲਈਆਂ, ਜਿਨ੍ਹਾਂ 'ਤੇ ਇਸ ਨੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ।

ਨਾਲ-ਨਾਲ ਰਾਜ ਵਿੱਚ ਵਿਧਾਨ ਸਭਾ ਲਈ ਵੀ ਚੋਣਾਂ ਹੋਈਆਂ। ਏ. ਆਈ. ਏ. ਡੀ. ਐੱਮ. ਕੇ. ਨੇ ਕਾਂਗਰਸ ਨਾਲ ਗਠਬੰਧਨ ਕਰਕੇ ਚੋਣਾਂ ਲੜੀਆਂ ਅਤੇ 235 ਸੀਟਾਂ ਜਿਨ੍ਹਾਂ ਲਈ ਚੋਣਾਂ ਹੋਈਆਂ ਸਨ, ਵਿੱਚੋਂ ਏ. ਆਈ. ਡੀ. ਐੱਮ. ਕੇ. ਨੇ 133 ਸੀਟਾਂ ਜਿੱਤੀਆਂ ਅਤੇ ਕਾਂਗਰਸ (ਆਈ) ਨੇ 62 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਡੀ. ਐੱਮ. ਕੇ. ਦਾ ਸਫਾਇਆ ਹੋ ਗਿਆ। ਇਸ ਨੂੰ ਕੇਵਲ 20 ਸੀਟਾਂ ਮਿਲੀਆਂ। ਸ਼੍ਰੀ ਐੱਮ. ਜੀ. ਰਾਮਾਚੰਦਰਨ ਨੇ ਤਾਮਿਲਨਾਡੂ ਵਿੱਚ ਆਪਣੀ ਸਰਕਾਰ ਬਣਾਈ।

ਪਰ ਜਨਵਰੀ 1989 ਵਿੱਚ ਤਾਮਿਲਨਾਡੂ ਵਿਧਾਨ ਸਭਾ ਲਈ ਹੋਈਆਂ ਚੋਣਾਂ ਵਿੱਚ ਏ. ਆਈ. ਏ. ਡੀ. ਐੱਮ. ਕੇ. ਦੀ ਅਗਵਾਈ ਵਾਲੇ ਗਠਬੰਧਨ ਹੱਥੋਂ ਹਾਰ ਦਾ ਮੂੰਹ ਦੇਖਣਾ ਪਿਆ। ਇਸ ਨੇ 200 ਸੀਟਾਂ 'ਤੇ ਚੋਣਾਂ ਲੜੀਆਂ ਸਨ ਪਰ ਇਹ ਕੇਵਲ 27 ਸੀਟਾਂ ਹੀ ਜਿੱਤ ਸਕੀ। ਇਸ ਦੇ ਮੁਕਾਬਲੇ ਵਿੱਚ ਡੀ. ਐੱਮ. ਕੇ. ਨੇ 202 ਸੀਟਾਂ 'ਤੇ ਚੋਣਾਂ ਲੜੀਆਂ ਅਤੇ 151 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਏ ਆਈ. ਏ. ਡੀ. ਐੱਮ. ਕੇ. ਨੂੰ ਲੋਕ ਸਭਾ ਚੋਣਾਂ ਵਿੱਚ 17.12 ਪ੍ਰਤੀਸ਼ਤ ਅਤੇ ਵਿਧਾਨ ਸਭਾ ਚੋਣਾ ਵਿੱਚ 21.63

ਪ੍ਰਤੀਸ਼ਤ ਵੋਟ ਮਿਲੇ। ਡੀ. ਐੱਮ. ਕੇ. ਲੋਕ ਸਭਾ ਚੋਣਾਂ ਵਿੱਚ 26.66 ਪ੍ਰਤੀਸ਼ਤ ਅਤੇ ਵਿਧਾਨ ਸਭਾ ਚੋਣਾਂ ਵਿੱਚ 33.42 ਪ੍ਰਤੀਸ਼ਤ ਵੋਟ ਪ੍ਰਾਪਤ ਕੀਤੇ ਪਰ ਫਿਰ ਨਵੰਬਰ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਏ. ਆਈ. ਏ. ਡੀ. ਐੱਮ. ਕੇ. ਨੇ 11 ਸੀਟਾਂ ਜਿੱਤੀਆਂ ਜਦੋਂ ਕਿ ਡੀ. ਐੱਮ. ਕੇ ਕੇਵਲ ਇਕ ਸੀਟ ਹੀ ਜਿੱਤ ਸਕੀ।

ਮਈ-ਜੂਨ 1991 ਦੀਆਂ ਚੋਣਾਂ ਵਿੱਚ ਆਈ. ਏ. ਡੀ. ਐੱਮ. ਕੇ. ਨੇ 10ਵੀਆਂ ਲੋਕ ਸਭਾ ਚੋਣਾਂ ਦੇ ਨਾਲ ਹੀ ਤਾਮਿਲਨਾਡੂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਵਿਆਪਕ ਜਿੱਤ ਪ੍ਰਾਪਤ ਕਰਕੇ ਡੀ. ਐੱਮ. ਕੇ. ਨਾਲ ਆਪਣਾ ਹਿਸਾਬ ਬਰਾਬਰ ਕਰ ਲਿਆ। ਏ. ਆਈ. ਏ. ਡੀ. ਐੱਮ. ਕੇ. ਕਾਂਗਰਸ ਗਠਬੰਧਨ ਨੇ ਸਾਰੀਆਂ ਦੀਆਂ ਸਾਰੀਆਂ ਲੋਕ ਸਭਾ ਦੀਆਂ 39 ਸੀਟਾਂ ਜਿੱਤ ਲਈਆਂ। ਏ. ਆਈ. ਏ. ਡੀ. ਐੱਮ. ਕੇ. ਨੇ 11 ਅਤੇ ਕਾਂਗਰਸ (ਆਈ) ਨੇ 28 ਸੀਟਾਂ ਜਿੱਤੀਆਂ। ਡੀ. ਐੱਮ. ਕੇ. ਨੂੰ ਇਕ ਵੀ ਸੀਟ ਨਾ ਮਿਲੀ। ਤਾਮਿਲਨਾਡੂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਏ. ਆਈ. ਏ. ਡੀ. ਐੱਮ. ਕੇ. ਨੇ 234 ਵਿੱਚੋਂ 163 ਸੀਟਾਂ ਜਿੱਤ ਕੇ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ। ਇਸ ਦੇ ਹਿੱਸੇਦਾਰ ਕਾਂਗਰਸ (ਆਈ) ਦਲ ਨੇ 61 ਸੀਟਾਂ ਜਿੱਤੀਆਂ। ਡੀ. ਐੱਮ. ਕੇ. ਕੇਵਲ ਇਕ ਸੀਟ ਜਿੱਤ ਸਕੀ। ਇਨ੍ਹਾਂ ਚੋਣਾਂ ਵਿੱਚ ਏ. ਆਈ. ਏ. ਡੀ. ਐੱਮ. ਕੇ. ਨੂੰ ਵਿਧਾਨ ਸਭਾ ਚੋਣਾਂ ਵਿੱਚ 44.37 ਪ੍ਰਤੀਸ਼ਤ ਅਤੇ ਲੋਕ ਸਭਾ ਚੋਣਾਂ ਵਿੱਚ 18.03 ਪ੍ਰਤੀਸ਼ਤ ਵੋਟ ਮਿਲੇ। ਕਾਂਗਰਸ (ਆਈ) ਨੂੰ ਲਗਾਤਾਰ 15.43 ਪ੍ਰਤੀਸ਼ਤ ਅਤੇ 42.15 ਪ੍ਰਤੀਸ਼ਤ ਵੋਟ ਮਿਲੇ। ਏ. ਆਈ. ਏ. ਡੀ. ਐੱਮ. ਕੇ. ਕਾਂਗਰਸ ਗਠਬੰਧਨ ਨੂੰ ਕੁੱਲ ਮਿਲਾ ਕੇ ਵਿਧਾਨ ਸਭਾ ਚੋਣਾਂ ਵਿੱਚ ਪਾਈਆਂ ਗਈਆਂ ਵੋਟਾਂ ਵਿੱਚੋਂ 59.80 ਪ੍ਰਤੀਸ਼ਤ ਅਤੇ ਲੋਕ ਸਭਾ ਚੋਣਾਂ ਵਿੱਚ 60.18 ਪ੍ਰਤੀਸ਼ਤ ਵੋਟ ਨਿਕਲੇ। ਇਸ ਦੇ ਮੁਕਾਬਲੇ ਡੀ. ਐੱਮ. ਕੇ. ਨੂੰ ਵਿਧਾਨ ਸਭਾ ਚੋਣਾਂ ਵਿੱਚ 22.34 ਪ੍ਰਤੀਸ਼ਤ ਅਤੇ ਲੋਕ ਸਭਾ ਚੋਣਾਂ ਵਿੱਚ 22.60% ਵੋਟ ਮਿਲੇ। ਡੀ. ਐੱਮ. ਕੇ. ਦੀ ਅਗਵਾਈ ਵਾਲੇ ਗਠਬੰਧਨ ਨੂੰ ਵਿਧਾਨ ਸਭਾ ਵਿੱਚ 29.67% ਅਤੇ ਲੋਕ ਸਭਾ ਚੋਣਾਂ ਵਿੱਚ 29.92% ਵੋਟ ਮਿਲੇ। ਇਹ ਉਸ ਡੀ. ਐੱਮ. ਕੇ. ਲਈ ਨਿਰਾਸ਼ਾਜਨਕ ਹਾਰ ਸੀ ਜਿਸ ਨੇ ਕਿ 1989 ਦੀਆਂ ਚੋਣਾਂ ਵਿੱਚ ਦੋ ਤਿਹਾਈ ਤੋਂ ਜ਼ਿਆਦਾ ਸੀਟਾਂ ਜਿੱਤ ਕੇ ਬਹੁਮਤ ਪ੍ਰਾਪਤ ਕੀਤਾ ਸੀ। ਇੱਥੇ ਏ. ਆਈ. ਏ. ਡੀ. ਐੱਮ. ਕੇ. ਲਈ ਅਤੇ ਵਿਸ਼ੇਸ਼ ਰੂਪ ਵਿੱਚ ਇਸ ਦੀ ਨੇਤਾ ਕੁਮਾਰੀ ਜੈਲਲਿਤਾ ਲਈ ਇਕ ਬਹੁਤ ਵੱਡੀ ਅਤੇ ਸ਼ਾਨਦਾਰ ਜਿੱਤ ਸੀ।

ਜਿਨ੍ਹਾਂ ਮੌਲਿਕ ਤੱਤਾਂ ਨੇ ਏ. ਆਈ. ਏ. ਡੀ. ਐੱਮ. ਕੇ.-ਕਾਂਗਰਸ (ਆਈ) ਨੂੰ ਡੀ. ਐੱਮ. ਕੇ. ਦੀ ਅਗਵਾਈ ਵਾਲੇ ਗਠਬੰਧਨ ਦੀ ਤੁਲਨਾ ਵਿੱਚ ਜ਼ਿਆਦਾ ਸਮਰਥਨ ਕੀਤਾ, ਉਹ ਸੀ (ਕ) ਚੋਣ ਹਿਸਾਬ ਕਿਤਾਬ (ਖ) ਡੀ. ਐੱਮ. ਕੇ. ਸੰਗਠਨ ਦੇ ਵੋਟ ਅਧਾਰ ਦਾ ਖਾਤਮਾ (ਗ) ਡੀ. ਐੱਮ. ਕੇ. ਦੀ ਲੀਟੇ ਪ੍ਰੀਖਿਆ ਰੁਚੀ ਅਤੇ (ਙ) ਸ਼੍ਰੀ ਰਾਜੀਵ ਗਾਂਧੀ ਦੀ ਹੱਤਿਆ ਤੋਂ ਬਾਅਦ ਪੈਦਾ ਹੋਈ ਦਇਆ ਦੀ ਭਾਵਨਾ ਏ. ਆਈ. ਏ. ਡੀ. ਐੱਮ. ਕੇ. ਕਾਂਗਰਸ (ਆਈ) ਗਠਬੰਧਨ ਦੇ ਪੱਖ ਵਿੱਚ ਗਈ।

ਇਸੇ ਤਰ੍ਹਾਂ ਏ. ਆਈ. ਏ. ਡੀ. ਐੱਮ. ਕੇ. ਮਈ-ਜੂਨ 1991 ਦੀਆਂ ਲੋਕ ਸਭਾ ਚੋਣਾਂ ਅਤੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਵਿੱਚ ਸ਼ਾਨਦਾਰ ਜਿੱਤਾਂ ਪ੍ਰਾਪਤ ਕਰਨ ਦੀ ਸਥਿਤੀ ਵਿੱਚ ਆ ਗਈ। 24 ਜੂਨ 1991 ਨੂੰ ਕੁਮਾਰੀ ਜੈਲਲਿਤਾ ਨੂੰ ਮੁੱਖ ਮੰਤਰੀ ਬਣਾ ਕੇ ਏ. ਆਈ. ਏ. ਡੀ. ਐੱਮ. ਕੇ. ਨੇ ਆਪਣੀ ਸਰਕਾਰ ਬਣਾਈ। ਏ. ਆਈ. ਏ. ਡੀ. ਐੱਮ. ਕੇ. 1991-96 ਤੱਕ ਸੱਤਾ ਵਿੱਚ ਬਣੀ ਰਹੀ ਅਤੇ ਇਸ ਤੋਂ ਬਾਅਦ ਇਸ ਨੂੰ ਇਕ ਵੱਡੇ ਖਾਤਮੇ ਦਾ ਸਾਹਮਣਾ ਕਰਨਾ ਪਿਆ। ਅਪ੍ਰੈਲ-ਮਾਰਚ, 1996 ਦੀਆਂ ਲੋਕ ਸਭਾ ਚੋਣਾਂ ਵਿੱਚ ਇਹ ਇਕ ਵੀ ਸੀਟ ਪ੍ਰਾਪਤ ਨਹੀਂ ਕਰ ਸਕੀ ਅਤੇ ਤਾਮਿਲਨਾਡੂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਇਹ ਕੇਵਲ 4 ਸੀਟਾਂ ਪ੍ਰਾਪਤ ਕਰ ਸਕੀ। ਤਾਮਿਲਨਾਡੂ ਵਿੱਚ ਇਸ ਦੀ ਸ਼ਕਤੀ ਅਤੇ ਵੋਟ ਦਾ ਅਧਾਰ ਨੂੰ ਡੀ. ਐੱਮ. ਕੇ. ਅਤੇ ਟੀ. ਐੱਮ. ਸੀ. ਨੇ ਨਿਯਮਿਤ ਕੀਤਾ ਪਰ ਫਰਵਰੀ-ਮਾਰਚ 1998 ਵਿੱਚ 12ਵੀਆਂ ਲੋਕ ਸਭਾ ਦੀਆਂ ਚੋਣਾ ਵਿੱਚ ਏ. ਆਈ. ਏ. ਡੀ. ਐੱਮ. ਕੇ. ਨੇ ਬੀ. ਜੇ. ਪੀ. ਨਾਲ ਹਿੱਸੇਦਾਰੀ ਕਰਕੇ ਲੋਕ ਸਭਾ ਚੋਣਾਂ ਲੜੀਆਂ ਅਤੇ 18 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਏ. ਆਈ. ਏ. ਡੀ. ਐੱਮ. ਕੇ. ਨੇ ਬੀ. ਜੇ. ਪੀ. ਗਠਬੰਧਨ ਦੀ ਸਰਕਾਰ ਵਿੱਚ ਹਿੱਸੇਦਾਰ ਬਣਨ ਦਾ ਫੈਸਲਾ ਕੀਤਾ ਪਰ ਛੇਤੀ ਹੀ ਬੀ. ਜੇ. ਪੀ. ਅਤੇ ਆਈ. ਏ. ਡੀ. ਐੱਮ. ਕੇ. ਵਿਚਕਾਰ ਗਹਿਰੇ ਮਤਭੇਦ ਪੈਦਾ ਹੋ ਗਏ, ਕਿਉਂਕਿ ਜੈਲਲਿਤਾ ਇਹ ਚਾਹੁੰਦੀ ਸੀ ਕਿ ਕੇਂਦਰੀ ਸਰਕਾਰ ਤਾਮਿਲਨਾਡੂ ਵਿੱਚ ਸੱਤਾਰੂੜ ਡੀ. ਐੱਮ. ਕੇ. ਸਰਕਾਰ ਵਿਰੁੱਧ ਕਾਰਵਾਈ ਕਰੇ ਅਤੇ ਕੁਮਾਰੀ ਜੈਲਲਿਤਾ ਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਤਾਮਿਲਨਾਡੂ ਵਿੱਚ ਚੱਲ ਰਹੇ ਮੁਕੱਦਮਿਆਂ ਪ੍ਰਤੀ ਇਕ ਆਸਾਨ ਪ੍ਰਵਿਰਤੀ ਅਪਣਾਉਣ ਲਈ ਡੀ. ਐੱਮ. ਕੇ. ਨੂੰ ਮਜਬੂਰ ਕਰੇ। ਅਪ੍ਰੈਲ 1999 ਵਿੱਚ ਏ. ਆਈ. ਏ. ਡੀ. ਐੱਮ. ਕੇ. ਦੀ ਨੇਤਾ ਕੁਮਾਰੀ ਜੈਲਲਿਤਾ ਨੇ ਬੀ. ਜੇ. ਪੀ. ਸਰਕਾਰ ਨਾਲ ਆਪਣੇ ਸਬੰਧ ਤੋੜ ਲਏ ਅਤੇ ਲੋਕ ਸਭਾ ਵਿੱਚ ਬੀ. ਜੇ. ਪੀ. ਦੀ ਸਰਕਾਰ ਨੂੰ ਹਰਾ ਕੇ ਇਕ ਵੱਡੀ ਭੂਮਿਕਾ ਅਦਾ ਕੀਤੀ। 12ਵੀਂ ਲੋਕ ਸਭਾ ਇਸ ਦੇ ਕਾਰਨ ਭੰਗ ਹੋ ਗਈ ਸੀ।

13ਵੀਂ ਲੋਕ ਸਭਾ ਦੀਆਂ ਚੋਣਾਂ ਸਤੰਬਰ 1999 ਵਿੱਚ ਹੋਈਆਂ ਅਤੇ ਇਨ੍ਹਾਂ ਚੋਣਾਂ ਵਿੱਚ ਏ. ਆਈ. ਏ. ਡੀ. ਐੱਮ. ਕੇ. ਨੇ ਕਾਂਗਰਸ ਨਾਲ ਚੋਣ ਤਾਲਮੇਲ ਕੀਤਾ ਜਦੋਂ ਕਿ ਡੀ. ਐੱਮ. ਕੇ. ਨੇ ਬੀ. ਜੇ. ਪੀ. ਨਾਲ ਚੋਣ ਗਠਬੰਧਨ ਕੀਤਾ। ਇਨ੍ਹਾਂ ਚੋਣਾ ਵਿੱਚ ਏ. ਆਈ. ਏ. ਡੀ. ਐੱਮ. ਕੇ. ਦੀ ਹਾਰ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਇਹ ਕੇਵਲ 10 ਸੀਟਾਂ ਹੀ ਖਤਮ ਕਰ ਸਕੀ। ਡੀ. ਐੱਮ. ਕੇ. ਨੇ 12 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਅਤੇ ਬਾਕੀ ਸੀਟਾਂ 'ਤੇ ਡੀ. ਐੱਮ. ਕੇ. ਦੇ ਸਮਰਥਨ 'ਚ ਹੋਰ ਦਲਾਂ ਦੀ ਜਿੱਤ ਹੋਈ। ਇਨ੍ਹਾਂ ਚੋਣਾਂ ਵਿੱਚ ਤਾਮਿਲ ਮਨੀਲਾ ਕਾਂਗਰਸ ਦਾ ਵੀ ਸਫਾਇਆ ਹੋ ਗਿਆ। ਤਾਮਿਲਨਾਡੂ ਦੀ ਰਾਜਨੀਤੀ ਵਿੱਚ ਇਕ ਵਾਰ ਫਿਰ ਡੀ. ਐੱਮ ਕੇ. ਦੀ ਪ੍ਰਭਾਵੀ ਸਥਿਤੀ ਬਣ ਗਈ।

ਏ. ਆਈ. ਏ. ਡੀ. ਐੱਮ. ਕੇ. ਤਾਮਿਲਨਾਡੂ ਦੀ ਰਾਜਨੀਤੀ ਵਿੱਚ ਇਕ ਪ੍ਰਭਾਵੀ ਦਲ ਹੈ ਅਤੇ ਪਿਛਲੇ ਲੱਗਭਗ 10 ਸਾਲਾਂ ਤੋਂ

ਨੋਟ

ਇਹ ਕੇਂਦਰੀ ਰਾਜਨੀਤੀ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਣ ਦਾ ਯਤਨ ਕਰ ਰਿਹਾ ਹੈ। ਦਸੰਬਰ 1999 ਦੀਆਂ ਚੋਣਾਂ ਵਿੱਚ ਏ. ਆਈ. ਏ. ਡੀ. ਐੱਮ. ਕੇ. ਦਾ ਸਰਵਜਨਕ ਸਮਰਥਨ ਘੱਟ ਹੋਇਆ ਪਰ 2001 ਦੇ ਆਸ-ਪਾਸ ਇਕ ਵਾਰ ਫਿਰ ਇਸ ਦਲ ਦੀ ਪ੍ਰਤੀਸ਼ਠਾ ਵਿੱਚ ਵਾਧਾ ਹੋਇਆ। ਅੱਜ-ਕੱਲ੍ਹ ਏ. ਆਈ. ਏ. ਡੀ. ਐੱਮ. ਕੇ. ਤਾਮਿਲਨਾਡੂ ਵਿੱਚ ਸੱਤਾਧਾਰੀ ਦਲ (Ruling Party) ਹੈ ਅਤੇ ਇਸ ਦੀ ਨੇਤਾ ਕੁਮਾਰੀ ਜੈਲਲਿਤਾ ਮੁੱਖ ਮੰਤਰੀ ਦੇ ਰੂਪ ਵਿੱਚ ਕੰਮ ਕਰ ਰਹੀ ਹੈ ਪਰ ਮਾਰਚ-ਅਪ੍ਰੈਲ 2004 ਵਿੱਚ ਹੋਈਆਂ ਲੋਕ ਸਭਾ ਚੋਣਾਂ ਨੇ ਇਹ ਸਪੱਸ਼ਟ ਦਿਖਾਇਆ ਕਿ ਏ. ਆਈ. ਏ. ਡੀ. ਐੱਮ. ਕੇ. ਦੀ ਸਥਿਤੀ ਕਾਫੀ ਕਮਜ਼ੋਰ ਹੋ ਗਈ ਸੀ। ਇਨ੍ਹਾਂ ਚੋਣਾਂ ਵਿੱਚ ਡੀ. ਐੱਮ. ਕੇ. ਕਾਂਗਰਸ ਨਾਲ ਗਠਬੰਧਨ ਬਣਾ ਕੇ AIADMK ਅਤੇ NDA ਵਿਰੁੱਧ ਚੋਣਾਂ ਲੜੀਆਂ। ਚੋਣ ਨਤੀਜਿਆਂ ਨੇ ਇਹ ਸਪੱਸ਼ਟ ਦਿਖਾਇਆ ਕਿ ਜਿੱਥੇ ਡੀ. ਐੱਮ. ਕੇ. ਦੀ ਸਥਿਤੀ ਪਹਿਲਾਂ ਤੋਂ ਬਿਹਤਰ ਹੋਈ ਸੀ, ਉੱਥੇ AIADMK ਦੀ ਸਥਿਤੀ ਕਮਜ਼ੋਰ ਹੋ ਗਈ। 14ਵੀਂ ਲੋਕ ਸਭਾ ਵਿੱਚ ਜਿੱਥੇ ਡੀ. ਐੱਮ. ਕੇ. ਨੂੰ 16 ਸੀਟਾਂ 'ਤੇ ਸਫਲਤਾ ਪ੍ਰਾਪਤ ਹੋਈ ਅਤੇ ਕਾਂਗਰਸ ਵਾਲੇ ਗਠਬੰਧਨ ਨੂੰ 35 ਸੀਟਾਂ ਪ੍ਰਾਪਤ ਹੋਈਆਂ। 15ਵੀਂ ਲੋਕ ਸਭਾ ਵਿੱਚ ਇਸ ਨੂੰ DMK ਤੋਂ ਕਿਤੇ ਜ਼ਿਆਦਾ ਸਫਲਤਾ ਮਿਲੀ। 2011 ਦੀਆਂ ਵਿਧਾਨ ਸਭਾ ਚੋਣਾ ਵਿੱਚ AIADM ਸੱਤਾ ਵਿੱਚ ਫਿਰ ਤੋਂ ਆ ਗਈ ਹੈ। ਇਸ ਚੋਣ ਵਿੱਚ ਉਸ ਨੂੰ DMK ਦੀ ਖਰਾਬ ਦਿੱਖ ਦਾ ਲਾਭ ਮਿਲਿਆ ਹੈ।

### 14.4.5 ਤੇਲਗੂ ਦੇਸਮ ਪਾਰਟੀ (Telgu Desam Party)

ਤੇਲਗੂ ਦੇਸਮ ਇਕ ਖੇਤਰੀ ਰਾਜਨੀਤਿਕ ਦਲ ਹੈ, ਜਿਸ ਦਾ ਅਧਾਰ ਆਂਧਰਾ ਪ੍ਰਦੇਸ਼ ਵਿੱਚ ਹੈ। ਜ਼ਿਆਦਾਤਰ ਫਿਲਮ ਸਟਾਰ ਐੱਨ. ਟੀ. ਰਾਮਾਰਾਓ ਜੀ. ਐੱਨ. ਟੀ. ਆਰ. ਦੇ ਰੂਪ ਵਿੱਚ ਪ੍ਰਸਿੱਧ ਹੋਏ, ਦੇ ਯਤਨਾਂ ਦੇ ਫਲਸਰੂਪ ਹੀ ਇਹ ਪਾਰਟੀ ਵਿੱਚ ਆਈ ਅਤੇ ਇਕ ਖੇਤਰੀ ਦਲ ਦੇ ਰੂਪ ਵਿੱਚ ਸਫਲ ਹੋਈ। 1956-83 ਤੱਕ ਕਾਂਗਰਸ ਦਾ ਆਂਧਰਾ ਪ੍ਰਦੇਸ਼ ਵਿੱਚ ਲਗਾਤਾਰ ਸ਼ਾਸਨ, ਕਾਂਗਰਸ ਵਿੱਚ ਲਗਾਤਾਰ ਮੌਜੂਦ ਗੁਟਬੰਦੀ, ਤੇਲੰਗਾਨਾ ਲਹਿਰ, ਪ੍ਰਸ਼ਾਸਨ ਵਿੱਚ ਭ੍ਰਿਸ਼ਟਾਚਾਰ, ਕਾਂਗਰਸ ਪਾਰਟੀ ਵੱਲੋਂ ਚੋਣਾਂ ਵਿੱਚ ਕੀਤੇ ਵਾਅਦੇ ਅਤੇ ਨੀਤੀਆਂ ਲਾਗੂ ਕਰਨ ਵਿੱਚ ਅਸਫਲਤਾ, ਆਂਧਰਾ ਦੀ ਰਾਜਨੀਤੀ ਵਿੱਚ ਜਾਤੀਵਾਦ (ਰੈੱਡੀ ਭਾਈਚਾਰੇ ਦੀ ਕੇਵਲ 12.2 ਪ੍ਰਤੀਸ਼ਤ ਜਨਸੰਖਿਆ ਦੇ ਮੁਕਾਬਲੇ ਜ਼ਰੂਰਤ ਤੋਂ ਜ਼ਿਆਦਾ ਪ੍ਰਭਾਵੀ ਸਥਿਤੀ), ਆਂਧਰਾ ਦੀ ਰਾਜਨੀਤੀ ਵਿੱਚ ਕੇਂਦਰ ਦੇ ਅਨਿਯਮਿਤ ਦਖਲਅੰਦਾਜ਼ੀ ਆਦਿ ਨੇ ਮਿਲ ਕੇ ਕਾਂਗਰਸ ਸ਼ਾਸਨ ਵਿਰੁੱਧ ਇਕ ਪ੍ਰਤੀਕਿਰਿਆ ਪੈਦਾ ਕੀਤੀ ਅਤੇ ਅਜਿਹੇ ਵਾਤਾਵਰਨ ਵਿੱਚ ਇਕ ਹੋਰ ਰਸਤਾ ਲੱਭਿਆ ਗਿਆ, ਜਦੋਂ 29 ਮਾਰਚ, 1982 ਨੂੰ ਐੱਨ. ਟੀ. ਆਰ. ਨੇ ਇਕ ਖੇਤਰੀ ਪਾਰਟੀ-ਤੇਲਗੂ ਦੇਸਮ ਸਥਾਪਿਤ ਕੀਤੀ। ਦਲ ਦੇ ਗਠਨ ਸਮੇਂ ਐੱਨ. ਟੀ. ਆਰ. ਨੇ ਘੋਸ਼ਣਾ ਕੀਤੀ ਕਿ ਉਨ੍ਹਾਂ ਦਾ ਦਲ ਕੇਂਦਰ ਵਿੱਚ ਸੱਤਾਧਾਰੀ ਦਲ ਨੂੰ ਪੂਰਾ ਸਮਰਥਨ ਦੇਵੇਗਾ ਅਤੇ ਜਿੱਥੋਂ ਤੱਕ ਆਂਧਰਾ ਪ੍ਰਦੇਸ਼ ਰਾਜ ਅੰਦਰ ਨੀਤੀਆਂ ਦਾ ਸਬੰਧ ਹੈ, ਦਲ ਉਨ੍ਹਾਂ 'ਤੇ ਸੁਤੰਤਰ ਢੰਗ ਨਾਲ ਚੱਲੇਗਾ ਪਰ ਹੌਲੀ-ਹੌਲੀ ਤੇਲਗੂ ਦੇਸਮ ਦਲ ਕਾਂਗਰਸ ਵਿਰੋਧੀ ਪ੍ਰਵਿਰਤੀ ਅਪਣਾਉਂਦਾ ਗਿਆ, ਕਿਉਂਕਿ ਇਹ ਉਹੀ ਦਲ ਸੀ ਜੋ ਤੇਲਗੂ ਦੇਸਮ ਦੀ ਦਿਨੋ-ਦਿਨ ਵੱਧਦੀ ਲੋਕਪ੍ਰਿਯਤਾ ਨੂੰ ਇਸ ਪ੍ਰਚਾਰ ਵੱਲੋਂ ਰੋਕਣ ਦਾ ਯਤਨ ਕਰ ਰਿਹਾ ਸੀ ਕਿ ਉਹ ਕਾਮਾਸ ਦਾ ਦਲ ਹੈ (ਐੱਨ. ਟੀ. ਆਰ. ਅਤੇ ਨੰਦੇਲਾ ਦੋਨੋਂ ਕਾਮਾਸ ਸੀ) ਅਤੇ ਜੋ ਕਿ ਜਗੀਰਦਾਰੀ ਹਿੱਤਾਂ ਨੂੰ ਵਧਾਉਣ ਦਾ ਯਤਨ ਕਰ ਰਹੇ ਸਨ।

ਇਸ ਲਈ ਐੱਨ. ਟੀ. ਆਰ. ਨੇ 31 ਮਾਰਚ 1982 ਨੂੰ ਇਕ ਘੋਸ਼ਣਾ ਜਾਰੀ ਕੀਤੀ ਕਿ ਉਨ੍ਹਾਂ ਦਾ ਦਲ ਭੂਮੀ ਸੁਧਾਰਾਂ, ਸ਼ਹਿਰੀ ਆਮਦਨ 'ਤੇ ਹੱਦਬੰਦੀ ਲਾਗੂ ਕਰਨ ਦਾ ਸਮਰਥਨ ਕਰੇਗਾ ਅਤੇ ਰਾਜ ਭਰ ਵਿੱਚ ਉਦਯੋਗ ਲਗਾਉਣ ਨੂੰ ਪਹਿਲ ਦੇਵੇਗਾ। ਇਸ ਨਾਲ ਦਲ ਦਾ ਨੌਜਵਾਨਾਂ ਅਤੇ ਸਮਾਜ ਦੇ ਪੱਛੜੇ ਵਰਗਾਂ ਨੂੰ ਭਰਪੂਰ ਸਮਰਥਨ ਮਿਲਣਾ ਸ਼ੁਰੂ ਹੋ ਗਿਆ। ਇਸ ਨੂੰ 'ਐਨ. ਟੀ. ਆਰ. ਪ੍ਰਸ਼ੰਸਕ' ਸਮੂਹਾਂ ਦਾ ਦ੍ਰਿੜ ਸਮਰਥਨ ਵੀ ਪ੍ਰਾਪਤ ਹੋ ਗਿਆ। ਨਵੰਬਰ 1983 ਵਿੱਚ ਦਲ ਨੇ ਦਾਅਵਾ ਕੀਤਾ ਕਿ ਇਸ ਦੀ ਕੁੱਲ ਮੈਂਬਰਸ਼ਿਪ 14 ਲੱਖ ਸੀ, ਜਿਸ ਵਿੱਚੋਂ 2 ਲੱਖ ਸਰਗਰਮ ਮੈਂਬਰ ਸਨ।

ਇਸ ਖੇਤਰ ਦਲ ਸ਼ੁਰੂ ਕਰਨ ਦੀ ਜ਼ਰੂਰਤ ਨੂੰ ਸਪੱਸ਼ਟ ਕਰਦੇ ਹੋਏ ਸ਼੍ਰੀ ਐੱਨ. ਟੀ. ਰਾਓ ਨੇ ਕਿਹਾ ਕਿ ਆਂਧਰਾ ਪ੍ਰਦੇਸ਼ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਇਸ ਦੇ ਪਿਛਲੇ ਇਤਿਹਾਸ ਨੂੰ ਦੇਖਦੇ ਹੋਏ ਉਹ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਤੇਲਗੂ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦਾ ਇਹ ਸਿਰਫ ਇਕ ਢੰਗ ਹੈ। ਇਕ ਰਾਸ਼ਟਰੀ ਪੱਧਰ ਦਾ ਦਲ ਰਾਜ ਦੇ ਸਾਹਮਣੇ ਮੌਜੂਦ ਮੁਸ਼ਕਿਲ ਸਮੱਸਿਆਵਾਂ ਦਾ ਹੱਲ ਕਰ ਸਕਦਾ ਸੀ।

1. **ਉਦੇਸ਼, ਨੀਤੀਆ ਅਤੇ ਪ੍ਰੋਗਰਾਮ** (Objectives Policies and Programmes): ਟੀ. ਡੀ. ਪੀ. ਦੇ ਮੁੱਖ ਉਦੇਸ਼ ਹਨ: ਤੇਲਗੂ ਭਾਸ਼ਾਈ ਲੋਕਾਂ ਨੂੰ ਇਕਜੁੱਟ ਕਰਨਾ, ਭ੍ਰਿਸ਼ਟਾਚਾਰ ਨੂੰ ਰੋਕਣਾ, ਮਹਿਲਾਵਾਂ ਦੇ ਸਨਮਾਨ ਦੀ ਰੱਖਿਆ ਕਰਨਾ, ਹਰੇਕ ਪਿੰਡ ਨੂੰ ਪੀਣ ਵਾਲੇ ਪਾਣੀ ਦੀ ਪੂਰਤੀ ਭਰੋਸੇਯੋਗ ਬਣਾਉਣਾ, ਪੁਨਰ ਨਿਰਮਾਣ ਦੇ ਪ੍ਰੋਗਰਾਮ ਸ਼ੁਰੂ ਕਰਨਾ ਤਾਂ ਕਿ ਪੇਂਡੂ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ, ਦਲ-ਬਦਲੀਆਂ 'ਤੇ ਪ੍ਰਤੀਬੰਧ ਲਗਾਉਣਾ, ਪ੍ਰੈੱਸ ਦੀ ਸੁਤੰਤਰਤਾ ਬਣਾਈ ਰੱਖਣੀ ਸੰਤੁਲਨ ਉਦਯੋਗੀਕਰਨ ਨੂੰ ਭਰੋਸੇਯੋਗ ਬਣਾਉਣਾ, ਕਿਸਾਨਾਂ ਦੀ ਸਹਾਇਤਾ ਕਰਨ ਲਈ ਭੂਮੀ ਸੁਧਾਰ ਸ਼ੁਰੂ ਕਰਨਾ, ਭੂਮੀ ਤੋਂ ਰਹਿਤ ਮਜ਼ਦੂਰਾਂ ਨੂੰ ਜੀਵਨ ਨਿਰਵਾਹ ਦੇ ਲਈ ਰੋਜ਼ੀ-ਰੋਟੀ ਉਪਲੱਬਧ ਕਰਵਾਉਣਾ, ਆਂਧਰਾ ਪ੍ਰਦੇਸ਼ ਦੇ ਸਾਰੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ, ਪੰਚਾਇਤੀ ਰਾਜ ਸੰਸਥਾਵਾਂ ਵੱਲ ਜ਼ਿਆਦਾ ਅਧਿਕਾਰ ਦੇਣ ਅਤੇ ਪ੍ਰਕਿਰਤਿਕ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਠੀਕ ਸੁਵਿਧਾਵਾਂ ਨੂੰ ਉਪਲੱਬਧ ਕਰਵਾਉਣਾ ਤੇ ਲੋਕਾਂ ਲਈ ਸਾਰੀਆਂ ਨਾਗਰਿਕ ਸੁਵਿਧਾਵਾਂ ਦਾ ਪ੍ਰਬੰਧ ਕਰਨਾ। ਇਸ ਨੇ ਇਹ ਵੀ

ਵਿਚਾਰ ਦਿੱਤਾ ਕਿ ਤੇਲਗੂ ਦੇਸਮ ਪਾਰਟੀ ਪੁਲਿਸ ਫੋਰਸ ਦੇ ਪੁਨਰਗਠਨ ਕਰਨ ਦੀ ਸਮਰਥਕ ਹੈ ਤਾਂ ਕਿ ਇਸ ਦੀ ਕਾਰਜ-ਪ੍ਰਣਾਲੀ ਵਿੱਚ ਸੁਧਾਰ ਹੋ ਸਕੇ, ਸਮਾਜ ਵਿਰੋਧੀ ਤੱਤਾਂ 'ਤੇ ਕੰਟਰੋਲ ਪਾਉਣ ਲਈ ਵਿਸ਼ੇਸ਼ ਕਦਮ ਚੁੱਕੇ ਜਾ ਸਕਣ, ਭ੍ਰਿਸ਼ਟ ਅਧਿਕਾਰੀਆਂ ਦੇ ਵਿਰੁੱਧ ਕਾਰਵਾਈ ਕੀਤੀ ਜਾ ਸਕੇ, ਸ਼ਾਂਤੀ ਅਤੇ ਕਾਨੂੰਨ ਦੀ ਸਥਿਤੀ ਪ੍ਰਭਾਵਸ਼ਾਲੀ ਢੰਗ ਨਾਲ ਬਣਾਈ ਰੱਖੀ ਜਾ ਸਕੇ ਅਤੇ ਖੇਤਰੀ ਦਲਾਂ ਨੂੰ ਚੋਣ ਖਰਚ ਲਈ ਸਰਕਾਰੀ ਧਨ ਉਪਲੱਬਧ ਕਰਵਾ ਕੇ ਚੋਣਾਂ ਵਿੱਚ ਪੈਸੇ ਦੀ ਭੂਮਿਕਾ ਅਤੇ ਜ਼ੋਰ ਦੇ ਤੱਤ ਨੂੰ ਘੱਟ ਕੀਤਾ ਜਾ ਸਕੇ। ਤੇਲਗੂ ਦੇਸਮ ਦੇ ਨੇਤਾਵਾਂ ਨੇ ਹੋਰ ਸਪੱਸ਼ਟ ਕੀਤਾ ਕਿ ਚਾਹੇ ਦਲ ਨੇ ਆਪਣੇ ਨਾਮ ਵਿੱਚ ਸ਼ਬਦ ਦੇਸਮ ਸ਼ਾਮਿਲ ਕੀਤਾ ਹੈ ਪਰ ਇਸ ਦਾ ਅਰਥ ਅਲਗਾਵਵਾਦ ਨਹੀਂ ਸੀ। ਤੇਲਗੂ ਦੇਸ਼ ਰਾਸ਼ਟਰੀ ਏਕਤਾ ਅਤੇ ਅਖੰਡਤਾ ਦਾ ਦ੍ਰਿੜ ਸਮਰਥਨ ਹੈ ਅਤੇ ਭਾਰਤੀ ਗਣਰਾਜ ਨਾਲ ਪੂਰੇ ਰੂਪ ਵਿੱਚ ਜੁੜਿਆ ਹੋਇਆ ਹੈ। ਨਾਲ ਹੀ ਨਾਲ ਇਹ ਦਲ ਭਾਰਤੀ ਸੰਘਰਾਜ ਵਿੱਚ ਰਾਜਾਂ ਲਈ ਜ਼ਿਆਦਾ ਸਵਾਯਤਤਾ ਚਾਹੁੰਦਾ ਹੈ। ਇਸ ਤੋਂ ਅੱਗੇ ਤੇਲਗੂ ਦੇਸਮ ਨਾ ਤਾਂ ਬ੍ਰਾਹਮਣ ਵਿਰੋਧੀ ਹੈ ਅਤੇ ਨਾ ਹੀ ਬੁੱਧੀਜੀਵੀਆਂ ਵਿਰੁੱਧ ਹੈ ਪਰ ਫਿਰ ਵੀ ਦਲ ਤੇਲਗੂ ਭਾਸ਼ਾ ਦੀ ਜ਼ਰੂਰਤ ਉੱਨਤੀ ਪ੍ਰਤੀ ਵਚਨਬੱਧ ਹੈ ਪਰ ਅਜਿਹਾ ਕਰਦੇ ਹੋਏ ਇਹ ਆਂਧਰਾ ਪ੍ਰਦੇਸ਼ ਵਿੱਚ ਰਹਿੰਦੇ ਹੋਰ ਭਾਸ਼ਾਈ ਘੱਟ ਸੰਖਿਅਕਾਂ ਦੇ ਠੀਕ ਕਾਨੂੰਨੀ ਹਿੱਤਾਂ ਨੂੰ ਕੋਈ ਹਾਨੀ ਨਹੀਂ ਪਹੁੰਚਾਉਣ ਦੇਵੇਗੀ।

8 ਜਨਵਰੀ 1983 ਨੂੰ ਐੱਨ. ਟੀ. ਰਾਮਾ ਰਾਓ ਨੇ ਆਂਧਰਾ ਵਿਧਾਨ ਸਭਾ ਲਈ ਨਵੇਂ-ਨਵੇਂ ਚੁਣੇ ਗਏ ਆਪਣੇ ਦਲ ਦੇ ਮੈਂਬਰਾਂ ਲਈ 10 ਬਿੰਦੂ ਸੰਹਿਤਾ ਜਾਰੀ ਕੀਤੀ। ਇਸ ਨੂੰ ਐੱਨ. ਟੀ. ਆਰ. ਦੀ 10 ਉਪਦੇਸ਼ਾਂ ਦੇ ਰੂਪ ਵਿੱਚ ਜਾਣਿਆ ਗਿਆ, ਜੋ ਹੇਠ ਲਿਖੇ ਅਨੁਸਾਰ ਹਨ:

1. ਤੇਲਗੂ ਦੇਸਮ ਦੇ ਵਿਧਾਇਕਾਂ ਨੂੰ ਲੋਕਾਂ ਨਾਲ ਨਜ਼ਦੀਕੀ ਅਤੇ ਲਗਾਤਾਰ ਸਬੰਧ ਬਣਾਈ ਰੱਖਣੇ ਚਾਹੀਦੇ ਹਨ।
2. ਉਨ੍ਹਾ ਨੂੰ ਸਰਕਾਰੀ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਰੱਕੀਆਂ ਵਰਗੇ ਪ੍ਰਸ਼ਾਸਨਿਕ ਮੁੱਦਿਆਂ ਵਿੱਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ।
3. ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ ਸਾਫ ਤੇ ਇਮਾਨਦਾਰ ਪ੍ਰਸ਼ਾਸਨ ਉਪਲੱਬਧ ਕਰਨ ਵਿੱਚ ਸਰਕਾਰ ਨੂੰ ਪੂਰਾ ਸਮਰਥਨ ਦੇਵੇ।
4. ਜਦੋਂ ਮੁੱਖ ਮੰਤਰੀ ਜਾਂ ਮੰਤਰੀ ਕਿਸੇ ਦੌਰੇ 'ਤੇ ਜਾਵੇ ਤਾਂ ਉਨ੍ਹਾਂ ਲਈ ਵਿਸ਼ੇਸ਼ ਪ੍ਰਬੰਧ ਨਾ ਕੀਤੇ ਜਾਣ ਨਾ ਹੀ ਖਾਣ ਦਾ ਸੱਦਾ ਦਿੱਤਾ ਜਾਵੇ। ਵਿਧਾਇਕਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੀਆਂ ਸਮੱਸਿਆਵਾ ਮੰਤਰੀਆਂ ਤੱਕ ਪਹੁੰਚਾਉਣ ਵਿੱਚ ਸਹਾਇਤਾ ਕਰਨ।
5. ਵਿਧਾਇਕਾਂ ਨੂੰ ਚਾਹੀਦਾ ਹੈ ਕਿ ਉਹ ਮਤਲਬੀ ਤੱਤਾਂ ਦੀਆਂ ਗਤੀਵਿਧੀਆਂ ਨੂੰ ਖਤਮ ਕਰਨ ਵਿੱਚ ਸਹਾਇਤਾ ਕਰਨ ਕਿਉਂਕਿ ਗਰੀਬਾਂ ਅਤੇ ਪੱਛੜੇ ਵਰਗਾਂ ਦੇ ਲੋਕਾਂ ਦੀ ਸਹਾਇਤਾ ਕਰਨਾ ਤੇਲਗੂ ਦੇਸਮ ਸਿਧਾਂਤ ਹਨ।
6. ਵਿਧਾਇਕਾ ਨੂੰ ਕਾਲਾ-ਬਾਜ਼ਾਰੀ, ਜਮ੍ਹਾਖੋਰੀ ਅਤੇ ਹੋਰ ਸਮਾਜ ਵਿਰੋਧੀ ਤੱਤਾਂ ਨੂੰ ਸਾਹਮਣੇ ਲਿਆਉਣ ਅਤੇ ਉਨ੍ਹਾਂ ਕੰਮਾਂ ਨੂੰ ਸਬੰਧਿਤ ਅਧਿਕਾਰੀਆਂ ਨੂੰ ਨੋਟਿਸ ਵਿੱਚ ਲਿਆਉਣਾ ਚਾਹੀਦਾ ਹੈ।
7. ਉਨ੍ਹਾਂ ਨੂੰ ਵਿਧਾਨ ਸਭਾ ਦੀ ਕਾਰਵਾਈ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ ਅਤੇ ਲੋਕਾਂ ਦੀਆਂ ਸਮੱਸਿਆਵਾਂ ਸਦਨ ਦੇ ਸਾਹਮਣੇ ਲਿਆਉਣੀਆਂ ਚਾਹੀਦੀਆਂ ਹਨ।
8. ਮੁੱਖ ਸੁਚੇਤਕ ਵੱਲੋਂ ਜਾਰੀ ਆਦੇਸ਼ਾਂ ਦਾ ਸਖਤੀ ਨਾਲ ਪਾਲਣ ਕਰਨਾ ਚਾਹੀਦਾ ਹੈ।
9. ਉਨ੍ਹਾਂ ਨੂੰ ਦਲ ਕਾਰਜ-ਕਰਤਾਵਾਂ ਨਾਲ ਗਹਿਰੇ ਰੂਪ ਵਿੱਚ ਜੁੜੇ ਰਹਿਣਾ ਚਾਹੀਦਾ ਹੈ ਅਤੇ ਦਲ ਪ੍ਰੋਗਰਾਮ 'ਤੇ ਪੂਰੇ ਉਤਸ਼ਾਹ ਨਾਲ ਵਿਵਹਾਰ ਕਰਨਾ ਚਾਹੀਦਾ ਹੈ।
10. ਵਿਧਾਇਕਾਂ ਨੂੰ ਅਨੁਸ਼ਾਸਨ ਦਾ ਸਖਤੀ ਨਾਲ ਪਾਲਣ ਕਰਨਾ ਚਾਹੀਦਾ ਹੈ ਅਤੇ ਸਾਦਗੀ ਤੇ ਇਮਾਨਦਾਰੀ ਨਾਲ ਰਹਿਣਾ ਚਾਹੀਦਾ ਹੈ। ਉਨ੍ਹਾ ਨੂੰ ਚਾਹੀਦਾ ਹੈ ਕਿ ਉਹ ਖੁਦ ਸਹੁੰ ਚੁੱਕਣ ਕਿ ਉਹ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਕੰਮ ਕਰਨਗੇ।

ਜਨਵਰੀ 1983 ਵਿੱਚ ਸ਼੍ਰੀ ਐੱਨ. ਟੀ. ਰਾਮਾਰਾਓ (ਐਨ. ਟੀ. ਆਰ.) ਦੀ ਅਗਵਾਈ ਵਿੱਚ ਟੀ. ਡੀ. ਸਰਕਾਰ ਹੋਂਦ ਵਿੱਚ ਆਈ ਪਰ ਅਗਸਤ 1984 ਵਿੱਚ ਰਾਜਪਾਲ ਸ਼੍ਰੀ ਰਾਮ ਲਾਲ ਨੇ ਐੱਨ. ਟੀ. ਆਰ. ਨੂੰ ਅਹੁਦੇ ਤੋਂ ਹਟਾ ਦਿੱਤਾ ਅਤੇ ਸ਼੍ਰੀ ਭਾਸਕਰ ਰਾਓ ਨੂੰ ਮੁੱਖ ਮੰਤਰੀ ਨਿਯੁਕਤ ਕਰ ਦਿੱਤਾ ਪਰ ਨਵਾਂ ਮੁੱਖ ਮੰਤਰੀ ਵਿਧਾਨ ਸਭਾ ਵਿੱਚ ਆਪਣਾ ਬਹੁਮਤ ਸਿੱਧ ਨਾ ਕਰ ਸਕਿਆ ਅਤੇ ਸਤੰਬਰ 1984 ਵਿੱਚ ਸ਼੍ਰੀ ਐੱਨ. ਟੀ. ਰਾਮਾਰਾਓ ਦੁਬਾਰਾ ਮੁੱਖ ਮੰਤਰੀ ਬਣ ਗਏ। ਇਸ ਕਾਂਡ ਨੇ ਨਿਸ਼ਚਿਤ ਹੀ ਟੀ. ਡੀ. ਪੀ. ਅਤੇ ਇਸ ਦੇ ਨੇਤਾ ਐੱਨ. ਟੀ. ਆਰ. ਦੀ ਪ੍ਰਤੀਸ਼ਠਤਾ ਵਿੱਚ ਵਾਧਾ ਕੀਤਾ।

ਨਵੰਬਰ 1984 ਵਿੱਚ ਆਂਧਰਾ ਪ੍ਰਦੇਸ਼ ਦੀ ਵਿਧਾਨ ਸਭਾ ਭੰਗ ਕਰ ਦਿੱਤੀ ਗਈ ਅਤੇ ਇਕ ਨਵਾਂ ਜਨਾਦੇਸ਼ ਲੈਣ ਦਾ ਫੈਸਲਾ ਲਿਆ। ਮਾਰਚ 1985 ਵਿੱਚ ਹੋਈਆਂ ਚੋਣਾਂ ਵਿੱਚ ਤੇਲਗੂ ਦੇਸਮ ਪਾਰਟੀ ਨੇ ਬਹੁਤ ਵੱਡੀ ਜਿੱਤ ਪ੍ਰਾਪਤ ਕੀਤੀ, ਇਸ ਦੀ ਸਰਵਜਨਕ-

ਨੋਟ

ਸਮਰਥਨ ਸ਼ਿਖਰ ਛੂਹਣ ਲੱਗਾ। ਦਸੰਬਰ 1984 ਵਿੱਚ ਇਹ 28 ਮੈਂਬਰਾਂ ਨਾਲ ਲੋਕ ਸਭਾ ਵਿੱਚ ਇਕ ਵੱਡੇ ਵਿਰੋਧੀ ਪੱਖ ਦੇ ਰੂਪ ਵਿੱਚ ਉਭਰੀ। ਟੀ. ਡੀ. ਪੀ. ਆਂਧਰਾ ਪ੍ਰਦੇਸ਼ ਵਿੱਚ ਇਕ ਵੱਡਾ ਦਲ ਬਣ ਕੇ ਉਭਰੀ ਅਤੇ ਇਸ ਨੇ ਰਾਸ਼ਟਰੀ ਪੱਧਰ ਦੀ ਰਾਜਨੀਤੀ ਵਿੱਚ ਵੀ ਸਰਗਰਮ ਭੂਮਿਕਾ ਨਿਭਾਉਣਾ ਸ਼ੁਰੂ ਕੀਤਾ।

ਪਰ 10 ਸਾਲ ਦੇ ਕੰਮ ਤੋਂ ਬਾਅਦ ਤੇਲਗੂ ਦੇਸਮ ਪਾਰਟੀ 13 ਮਾਰਚ 1992 ਨੂੰ ਦੋ ਗੁੱਟਾਂ ਵਿੱਚ ਵੰਡ ਹੋ ਗਈ-ਸੰਸਦ ਵਿੱਚ ਵੀ ਅਤੇ ਸੰਗਠਨ ਪੱਧਰ 'ਤੇ ਵੀ। ਸੰਸਦ ਦੇ ਪੱਧਰ 'ਤੇ 13 ਲੋਕ ਸਭਾ ਮੈਂਬਰਾਂ ਵਿੱਚੋਂ 5 ਮੈਂਬਰਾਂ ਨੇ ਸ਼੍ਰੀ ਬੀ ਵਿਜੇ ਕੁਮਾਰ ਰਾਜੂ ਦੀ ਅਗਵਾਈ ਵਿੱਚ ਇਕ ਅਲੱਗ ਨਵਾਂ ਸੰਗਠਨ ਬਣਾ ਲਿਆ। ਸਾਬਕਾ ਕੇਂਦਰੀ ਮੰਤਰੀ ਅਤੇ ਰਾਜ ਸਭਾ ਦੇ ਮੈਂਬਰ ਸ਼੍ਰੀ ਪੀ. ਉਪਿੰਦਰ ਅਤੇ 6 ਹੋਰ ਲੋਕ ਮੈਂਬਰਾਂ ਨੂੰ 6 ਸਾਲ ਲਈ ਦਲ ਦੀ ਸ਼ੁਰੂਆਤੀ ਮੈਂਬਰਸ਼ਿਪ ਨਾਲ ਕੱਢ ਦਿੱਤਾ ਗਿਆ ਅਤੇ ਇਸ ਨਾਲ ਤੇਲਗੂ ਦੇਸਮ ਦੇ ਸੰਗਠਨ ਵਿੱਚ ਸ਼੍ਰੀ ਐੱਨ. ਟੀ. ਰਾਮਾਰਾਓ ਦੀ ਅਗਵਾਈ ਵਾਲੀ ਮਜ਼ਬੂਤ ਸਥਿਤੀ ਨੂੰ ਪ੍ਰਗਟ ਕੀਤਾ। ਜੂਨ 1991 ਦੀਆਂ ਚੋਣਾਂ ਤੋਂ ਬਾਅਦ ਜਨਤਾ ਦਲ ਵਿੱਚ ਦਰਾਰ ਪੈ ਗਈ। ਇਸ ਨੇ ਟੀ. ਡੀ. ਪੀ. ਨੂੰ ਵੀ ਝਟਕਾ ਦਿੱਤਾ। ਕਾਂਗਰਸ (ਆਈ) ਦੇ ਪ੍ਰਧਾਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਪੀ. ਵੀ. ਨਰਸਿਮ੍ਹਾ ਰਾਓ ਦੀ ਆਂਧਰਾ ਪ੍ਰਦੇਸ਼ ਦੇ ਨਾਂਦਿਆਲ ਲੋਕ ਸਭਾ ਖੇਤਰ ਤੋਂ ਚੋਣਾਂ ਵਿੱਚ ਸਮਰਥਨ ਨੂੰ ਟੀ. ਡੀ. ਪੀ. ਅਤੇ ਰਾਸ਼ਟਰੀ ਫਰੰਟ ਦੇ ਨੇਤਾਵਾਂ ਦੀ ਆਲੋਚਨਾ ਕਰਨ ਕਾਰਨ ਰੇਨੂਕਾ ਚੌਧਰੀ ਐੱਮ. ਪੀ. ਨੂੰ ਦਲ ਦੀ ਸ਼ੁਰੂਆਤੀ ਮੈਂਬਰਸ਼ਿਪ ਤੋਂ ਮੁਕਤ ਕਰ ਦਿੱਤਾ।

ਅਗਸਤ 1995 ਵਿੱਚ ਇਕ ਵਾਰ ਫਿਰ ਟੀ. ਡੀ. ਪੀ. ਨੂੰ ਇਕ ਹੋਰ ਵੰਡ ਦਾ ਸਾਹਮਣਾ ਕਰਨਾ ਪਿਆ। ਇਕ ਗੁੱਟ ਨੇ ਸ਼੍ਰੀ ਐੱਨ. ਟੀ. ਰਾਮਾਰਾਓ ਦੇ ਜਮਾਤਾ ਚੰਦਰ ਬਾਬੂ ਨਾਇਡੂ ਨੂੰ ਆਪਣਾ ਨੇਤਾ ਮੰਨ ਲਿਆ ਜਦੋਂ ਕਿ ਦੂਸਰੇ ਗੁੱਟ ਨੇ ਐੱਨ. ਟੀ. ਆਰ. ਨੂੰ ਸਮਰਥਨ ਦੇਣਾ ਜਾਰੀ ਰੱਖਿਆ। ਦਸੰਬਰ 1995 ਵਿੱਚ ਸ਼੍ਰੀ ਚੰਦਰ ਬਾਬੂ ਨਾਇਡੂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਬਣ ਗਏ ਅਤੇ ਉਹ ਰਾਜ ਵਿਧਾਨ ਸਭਾ ਵਿੱਚ ਭਰਸੇ ਦਾ ਵੋਟ ਪ੍ਰਾਪਤ ਕਰਕੇ ਆਪਣੀ ਸਥਿਤੀ ਨੂੰ ਦ੍ਰਿੜ ਬਣਾਉਣ ਵਿੱਚ ਸਫਲ ਹੋਏ। ਟੀ. ਡੀ. ਪੀ. ਦੋ ਗੁੱਟਾਂ ਵਿੱਚ ਵੰਡ ਹੋ ਗਈ। ਟੀ. ਡੀ. ਪੀ. (ਐੱਨ. ਟੀ. ਆਰ.) ਅਤੇ ਟੀ. ਡੀ. ਪੀ. (ਨਾਇਡੂ)। ਜਨਵਰੀ 1996 ਵਿੱਚ ਸ਼੍ਰੀ ਐਨ. ਟੀ. ਰਾਮਾਰਾਓ ਦੀ ਅਚਾਨਕ ਮੌਤ ਹੋ ਗਈ ਅਤੇ ਉਨ੍ਹਾ ਦੀ ਪਤਨੀ ਸ਼੍ਰੀਮਤੀ ਲਕਸ਼ਮੀ ਪਾਰਵਤੀ ਟੀ. ਡੀ. ਪੀ. (ਐੱਨ. ਟੀ. ਆਰ.) ਦੀ ਪ੍ਰਧਾਨ ਬਣ ਗਈ ਪਰ ਇਹ ਦਲ ਜ਼ਰੂਰੀ ਸਮਰਥਨ ਪ੍ਰਾਪਤ ਕਰਨ ਵਿੱਚ ਅਸਫਲ ਰਿਹਾ ਅਤੇ ਉਸ ਦੀ ਤੁਲਨਾ ਵਿੱਚ ਟੀ. ਡੀ. ਪੀ. (ਨਾਇਡੂ) ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਨ ਵਿੱਚ ਸਫਲ ਰਿਹਾ। ਮਾਰਚ 1996 ਵਿੱਚ ਚੋਣ ਆਯੋਗ ਨੇ ਟੀ. ਡੀ. ਪੀ (ਨਾਇਡੂ) ਨੂੰ ਅਸਲੀ ਟੀ. ਡੀ. ਪੀ. ਦੇ ਰੂਪ ਵਿੱਚ ਮਾਨਤਾ ਦੇ ਦਿੱਤੀ। ਮਾਰਚ-ਅਪ੍ਰੈਲ 1996 ਵਿੱਚ 11ਵੀਂ ਲੋਕ ਸਭਾ ਲਈ ਹੋਈਆਂ ਚੋਣਾਂ ਵਿੱਚ ਟੀ. ਡੀ. ਪੀ. (ਨਾਇਡੂ) ਨੇ 16 ਸੀਟਾਂ ਜਿੱਤੀਆਂ ਜਦੋਂ ਕਿ ਟੀ. ਡੀ. ਪੀ. (ਐੱਨ. ਟੀ. ਆਰ.) ਇਕ ਵੀ ਸੀਟ ਨਾ ਜਿੱਤ ਸਕੀ। ਇਸ ਤਰ੍ਹਾ ਟੀ. ਡੀ. ਪੀ. (ਨਾਇਡੂ) ਅਸਲ ਵਿੱਚ ਟੀ. ਡੀ. ਪੀ. ਬਣੀ ਅਤੇ ਆਂਧਰਾ ਪ੍ਰਦੇਸ਼ ਦੀ ਰਾਜਨੀਤੀ ਵਿੱਚ ਦ੍ਰਿੜ ਰਾਜਨੀਤਿਕ ਦਲ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ।

ਮਈ 1996 ਤੋਂ ਬਾਅਦ ਟੀ. ਡੀ. ਪੀ. ਪੱਧਰ ਦੀ ਰਾਜਨੀਤੀ ਵਿੱਚ ਵੀ ਇਕ ਸਰਗਰਮ ਭੂਮਿਕਾ ਨਿਭਾਉਣ ਲੱਗੀ। ਇਹ ਸਾਂਝਾ ਮੋਰਚਾ ਸਰਕਾਰ ਦੀ ਇਕ ਹਿੱਸੇਦਾਰ ਪਾਰਟੀ ਬਣੀ। ਅਪ੍ਰੈਲ 1977 ਵਿੱਚ ਤੇਲਗੂ ਦੇਸਮ ਪਾਰਟੀ ਦੇ ਨੇਤਾ ਸ਼੍ਰੀ ਚੰਦਰ ਬਾਬੂ ਨਾਇਡੂ ਨੇ ਸ਼੍ਰੀ ਆਈ. ਕੇ. ਗੁਜਰਾਲ ਲਈ ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਦਾ ਰਸਤਾ ਪੱਧਰਾ ਹੋ ਗਿਆ। ਟੀ. ਡੀ. ਪੀ. ਨੇ ਡੀ. ਐੱਮ. ਕੇ., ਏ. ਜੀ. ਪੀ. ਅਤੇ ਟੀ. ਐੱਸ. ਸੀ. ਨਾਲ ਮਿਲ ਕੇ ਸਾਂਝਾ ਸੰਗਠਨ ਬਣਾਇਆ ਅਤੇ ਇਸ ਨੇ ਸਾਂਝੇ ਫਰੰਟ ਵਿੱਚ ਆਪਣੀ ਪ੍ਰਤੀਸ਼ਠਾ ਹੋਰ ਵਧਾਈ। ਸ਼੍ਰੀਮਤੀ ਲਕਸ਼ਮੀ ਪਾਰਵਤੀ ਦੀ ਅਗਵਾਈ ਵਿੱਚ ਟੀ. ਡੀ. ਪੀ. (ਐੱਨ. ਟੀ. ਆਰ.) ਨੇ ਆਂਧਰਾ ਪ੍ਰਦੇਸ਼ ਵਿੱਚ ਸਰਵਜਨਕ ਅਧਾਰ ਪ੍ਰਾਪਤ ਕਰਨ ਲਈ ਪੂਰਾ ਜ਼ੋਰ ਲਗਾਇਆ ਪਰ ਆਪਣੀ ਸਥਿਤੀ ਨੂੰ ਦ੍ਰਿੜਤਾ ਪ੍ਰਦਾਨ ਕਰਨ ਵਿੱਚ ਇਹ ਪਾਰਟੀ ਅਸਫਲ ਰਹੀ। ਟੀ. ਡੀ. ਪੀ. (ਨਾਇਡੂ) ਹੀ ਅਸਲ ਵਿੱਚ ਟੀ. ਡੀ. ਪੀ. ਬਣ ਗਈ ਹੈ। ਰਾਸ਼ਟਰੀ ਰਾਜਨੀਤੀ ਵਿੱਚ ਵੀ ਟੀ. ਡੀ. ਪੀ. ਦੀ ਭੂਮਿਕਾ ਕਾਫੀ ਮਹੱਤਵਪੂਰਨ ਬਣ ਗਈ। 12ਵੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਟੀ. ਡੀ. ਪੀ. ਨੇ 12 ਸੀਟਾਂ ਜਿੱਤੀਆਂ। ਇਸ ਤੋਂ ਬਾਅਦ ਟੀ. ਡੀ. ਪੀ. ਨੇ ਸਾਂਝੇ ਮੋਰਚੇ ਨਾਲ ਆਪਣੇ ਆਪ ਨੂੰ ਅਲੱਗ ਕਰ ਲਿਆ ਅਤੇ ਬੀ. ਜੇ. ਪੀ. ਦੀ ਅਗਵਾਈ ਵਿੱਚ ਬਣੀ ਕੇਂਦਰੀ ਸਰਕਾਰ ਨੂੰ ਬਾਹਰ ਤੋਂ ਸਮਰਥਨ ਦੇਣ ਦਾ ਫੈਸਲਾ ਲਿਆ। ਇਸ ਦੇ ਇਕ ਮਹੱਤਵਪੂਰਨ ਨੇਤਾ ਬਾਲਯੋਗੀ ਨੂੰ 12ਵੀਂ ਲੋਕ ਸਭਾ ਦਾ ਸਪੀਕਰ ਬਣਨ ਦਾ ਵੀ ਸਨਮਾਨ ਪ੍ਰਾਪਤ ਹੋਇਆ। ਸਤੰਬਰ 1999 ਵਿੱਚ 13ਵੀਆਂ ਲੋਕ ਸਭਾ ਦੀਆਂ ਚੋਣਾਂ ਦੇ ਨਾਲ-ਨਾਲ ਆਂਧਰਾ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਵੀ ਹੋਈਆਂ। ਇਨ੍ਹਾਂ ਚੋਣਾਂ ਵਿੱਚ ਟੀ. ਡੀ. ਪੀ. ਨੇ ਬਹੁਤ ਸਫਲਤਾ ਪ੍ਰਾਪਤ ਕੀਤੀ। ਲੋਕ ਸਭਾ ਦੀਆਂ 29 ਸੀਟਾਂ ਜਿੱਤ ਕੇ ਇਸ ਨੇ ਬੀ. ਜੇ. ਪੀ. ਅਤੇ ਕਾਂਗਰਸ ਤੋਂ ਬਾਅਦ ਤੀਸਰਾ ਸਥਾਨ ਪ੍ਰਾਪਤ ਕੀਤਾ। ਆਂਧਰਾ ਪ੍ਰਦੇਸ਼ ਵਿਧਾਨ ਸਭਾ ਵਿੱਚ ਵੀ ਇਸ ਨੇ ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ ਅਤੇ ਇਕੱਲੇ ਹੀ 284 ਵਿੱਚੋਂ 180 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਅਤੇ ਇਕ ਵਾਰ ਫਿਰ ਸ਼੍ਰੀ ਚੰਦਰ ਬਾਬੂ ਨਾਇਡੂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਬਣ ਗਏ। ਆਂਧਰਾ ਪ੍ਰਦੇਸ਼ ਦੀ ਰਾਜਨੀਤੀ ਅਤੇ ਰਾਸ਼ਟਰੀ ਰਾਜਨੀਤੀ ਵਿੱਚ ਟੀ. ਡੀ. ਪੀ. ਬਹੁਤ ਮਹੱਤਵਪੂਰਨ ਅਦਾ ਕਰਨ ਦੇ ਯੋਗ ਹੋ ਗਈ। 13 ਅਕਤੂਬਰ 1999 ਨੂੰ ਬਣੀ ਬੀ. ਜੇ. ਪੀ. ਦੀ ਅਗਵਾਈ ਵਾਲੀ ਐੱਨ. ਡੀ. ਏ. ਗਠਬੰਧਨ ਸਰਕਾਰ ਨੂੰ ਟੀ. ਡੀ. ਪੀ. ਨੇ ਬਿਨਾਂ ਸ਼ਰਤ ਬਾਹਰੀ ਸਮਰਥਨ ਦਿੱਤਾ। ਇਸ ਦੇ ਨੇਤਾ ਸ਼੍ਰੀ ਬਾਲਾਯੋਗੀ ਦੀ ਇਕ ਵਾਰ ਫਿਰ 13ਵੀਂ ਲੋਕ ਸਭਾ ਦਾ ਸਪੀਕਰ ਬਣਨ ਦਾ ਸਨਮਾਨ ਪ੍ਰਾਪਤ ਹੋਇਆ। ਮਈ 2002 ਵਿੱਚ ਟੀ. ਡੀ. ਪੀ. ਨੇ ਲੋਕ ਸਭਾ ਦੇ ਸਪੀਕਰ ਲਈ

ਨੋਟ

ਆਪਣਾ ਉਮੀਦਵਾਰ ਘੋਸ਼ਿਤ ਨਾ ਕਰਨ ਦਾ ਫੈਸਲਾ ਕੀਤਾ ਜੋ ਕਿ ਸ਼੍ਰੀ ਬਾਲਯੋਗੀ ਦੀ ਮੌਤ ਦੇ ਰੂਪ ਵਿੱਚ ਖਾਲੀ ਹੋਇਆ ਸੀ। ਟੀ. ਡੀ. ਪੀ. ਨੇ ਜੂਨ 2002 ਵਿੱਚ ਸ਼੍ਰੀ ਏ. ਪੀ. ਜੇ. ਅਬਦੁਲ ਕਲਾਮ ਦਾ ਰਾਸ਼ਟਰਪਤੀ ਅਹੁਦੇ ਦੇ ਸਮਰਥਨ ਕਰਨ ਦਾ ਫੈਸਲਾ ਕੀਤਾ ਜੋ ਜੁਲਾਈ 2002 ਵਿੱਚ ਭਾਰਤ ਦੇ ਰਾਸ਼ਟਰਪਤੀ ਦੇ ਰੂਪ ਵਿੱਚ ਚੁਣਿਆ ਹੋਇਆ ਸੀ। ਇਸ ਤਰ੍ਹਾ 1999-ਮਈ 2004 ਤੱਕ ਆਂਧਰਾ ਪ੍ਰਦੇਸ਼ ਦੀ ਰਾਜਨੀਤੀ ਅਤੇ ਰਾਸ਼ਟਰੀ ਰਾਜਨੀਤੀ ਵਿੱਚ ਟੀ. ਡੀ. ਪੀ. ਇਕ ਸਰਗਰਮ ਅਤੇ ਸ਼ਕਤੀਸ਼ਾਲੀ ਖੇਤਰੀ ਪਾਰਟੀ ਦੇ ਰੂਪ ਵਿੱਚ ਕੰਮ ਕਰਦੀ ਰਹੀ ਅਤੇ ਇਸ ਦੇ ਨੇਤਾ ਸ਼੍ਰੀ ਚੰਦਰ ਬਾਬੂ ਨਾਇਡੂ ਇਕ ਲੋਕਪ੍ਰਿਯ ਨੇਤਾ ਦੀ ਛਵੀ ਪ੍ਰਾਪਤ ਕਰਨ ਵਿੱਚ ਸਫਲ ਹੋਏ। ਪਰ ਮਾਰਚ-ਅਪ੍ਰੈਲ 2004 ਵਿੱਚ ਹੋਈਆਂ ਲੋਕ ਸਭਾ ਚੋਣਾਂ ਅਤੇ ਆਂਧਰਾ ਪ੍ਰਦੇਸ਼ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਟੀ. ਡੀ. ਪੀ. ਦੀ ਲੋਕਪ੍ਰਿਯਤਾ ਬਹੁਤ ਹੀ ਘੱਟ ਹੋ ਗਈ ਅਤੇ ਇਨ੍ਹਾਂ ਚੋਣਾਂ ਵਿੱਚ ਇਸ ਨੂੰ ਇਕ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਆਂਧਰਾ ਪ੍ਰਦੇਸ਼ ਵਿਧਾਨ ਸਭਾ ਵਿੱਚ ਟੀ. ਡੀ. ਪੀ.-ਐੱਨ. ਡੀ. ਏ. ਗਠਬੰਧਨ ਵਿਰੁੱਧ ਕਾਂਗਰਸ-ਟੀ. ਆਰ. ਐੱਸ. ਗਠਬੰਧਨ ਨੇ ਭਾਰੀ ਸਫਲਤਾ ਪ੍ਰਾਪਤ ਕੀਤੀ ਅਤੇ ਇਸ ਨੂੰ 2/3 ਤੋਂ ਵੀ ਜ਼ਿਆਦਾ ਸੀਟਾਂ 'ਤੇ ਸਫਲਤਾ ਪ੍ਰਾਪਤ ਹੋਈ। ਆਂਧਰਾ ਪ੍ਰਦੇਸ਼ ਵਿਧਾਨ ਸਭਾ ਦੀਆਂ ਕੁੱਲ 294 ਸੀਟਾਂ ਵਿੱਚੋਂ ਟੀ. ਡੀ. ਪੀ. ਨੂੰ ਸਿਰਫ 49 ਸੀਟਾਂ ਮਿਲੀਆਂ ਜਦੋਂ ਕਿ 1999 ਵਿੱਚ ਇਸ ਨੂੰ 1992 ਸੀਟਾਂ ਮਿਲੀਆਂ ਸਨ, ਇਸ ਦੇ ਉਲਟ ਕਾਂਗਰਸ ਨੂੰ 226 ਸੀਟਾਂ ਪ੍ਰਾਪਤ ਹੋਈਆਂ ਜਦੋਂ ਕਿ 1999 ਵਿੱਚ ਇਸ ਨੂੰ 63 ਸੀਟਾਂ ਹੀ ਮਿਲੀਆਂ ਸਨ। ਟੀ. ਡੀ. ਪੀ. ਇਕ ਵਿਰੋਧੀ ਪਾਰਟੀ ਹੀ ਬਣ ਕੇ ਰਹਿ ਗਈ। 14ਵੀਂ ਲੋਕ ਸਭਾ ਵਿੱਚ ਵੀ ਟੀ. ਡੀ. ਪੀ. ਨੂੰ ਕੇਵਲ 5 ਸੀਟਾਂ ਹੀ ਮਿਲੀਆਂ ਜਦੋਂ ਕਿ ਕਾਂਗਰਸ-ਟੀ. ਆਰ. ਐਸ. ਨੂੰ 34 ਸੀਟਾਂ ਅਤੇ ਹੋਰ ਦਲਾਂ ਨੂੰ 3 ਸੀਟਾਂ ਹੀ ਪ੍ਰਾਪਤ ਹੋਈਆਂ। ਵਰਤਮਾਨ ਸਮੇਂ ਵਿੱਚ ਟੀ. ਡੀ. ਪੀ. ਦੀ ਸਥਿਤੀ ਕਾਫੀ ਕਮਜ਼ੋਰ ਬਣੀ ਰਹੀ। ਹੁਣ ਇਸ ਨੇ ਆਪਣੇ ਆਪ ਨੂੰ ਐੱਨ. ਡੀ. ਏ. ਤੋਂ ਅਲੱਗ ਰੱਖਣ ਦਾ ਫੈਸਲਾ ਕੀਤਾ ਹੈ। ਉਂਝ ਤਾਂ ਇਕ ਖੇਤਰੀ ਰਾਜਨੀਤਿਕ ਦਲ ਹੋਣ ਦੇ ਕਾਰਨ ਆਂਧਰਾ ਪ੍ਰਦੇਸ਼ ਦੀ ਰਾਜਨੀਤੀ ਵਿੱਚ ਟੀ. ਡੀ. ਪੀ. ਆਪਣੀ ਸਥਿਤੀ ਜ਼ਿਆਦਾ ਦ੍ਰਿੜ ਬਣਾ ਸਕਦੀ ਹੈ। ਜੁਲਾਈ 2005 ਵਿੱਚ ਟੀ. ਆਰ. ਐੱਸ. ਅਤੇ ਕਾਂਗਰਸ ਗਠਬੰਧਨ ਟੁੱਟ ਗਿਆ ਪਰ ਇਸ ਦੇ ਬਾਵਜੂਦ ਟੀ. ਡੀ. ਪੀ. 15ਵੀਆਂ ਲੋਕ ਸਭ ਚੋਣਾਂ (2009) ਵਿੱਚ ਜ਼ਿਆਦਾ ਸਫਲਤਾ ਪ੍ਰਾਪਤ ਨਹੀਂ ਕਰ ਸਕੀ। ਭਵਿੱਖ ਵਿੱਚ ਕਾਂਗਰਸ ਨਾਲ ਜਗਨਨਾਥ ਰੈੱਡੀ ਦੇ ਅਲੱਗ ਹੋਣ ਦਾ ਲਾਭ ਇਸ ਨੂੰ ਮਿਲ ਸਕਦਾ ਹੈ। ਅਲੱਗ ਤੇਲੰਗਾਨਾ ਲਈ ਅੰਦੋਲਨ ਦਾ ਇਸ ਦੇ ਭਵਿੱਖ 'ਤੇ ਕੀ ਪ੍ਰਭਾਵ ਪਵੇਗਾ, ਇਹ ਕਹਿਣਾ ਔਖਾ ਹੈ ਫਿਰ ਵੀ ਅਸੀਂ ਟੀ. ਡੀ. ਪੀ. ਦੇ ਮਹਿਲ ਨੂੰ ਨਕਾਰ ਨਹੀਂ ਸਕਦੇ।

## 14.5 ਸਾਰ ਅੰਸ਼ (Summary)


- ਆਧੁਨਿਕ ਲੋਕਤੰਤਰੀ ਸ਼ਾਸਨ-ਪ੍ਰਣਾਲੀ ਲਈ ਰਾਜਨੀਤਿਕ ਦਲਾਂ ਦਾ ਹੋਣਾ ਜ਼ਰੂਰੀ ਹੈ। ਰਾਜਨੀਤਿਕ ਦਲ ਦੇਸ਼ ਵਿੱਚ ਰਾਸ਼ਟਰੀ ਮਹੱਤਵ ਦੇ ਵਿਸ਼ਿਆਂ 'ਤੇ ਜਨਮਤ ਤਿਆਰ ਕਰਦੇ ਹਨ, ਲੋਕਾਂ ਨੂੰ ਰਾਜਨੀਤਿਕ ਸਿੱਖਿਆ ਪ੍ਰਦਾਨ ਕਰਦੇ ਹਨ ਅਤੇ ਸਥਾਈ ਸਰਕਾਰ ਦੀ ਸਥਾਪਨਾ ਕਰਦੇ ਹਨ।
- ਭਾਰਤੀ ਸਾਮਵਾਦੀ ਦਲ ਸ਼ੁਰੂ ਵਿੱਚ ਮਜ਼ਦੂਰਾਂ, ਨੌਜਵਾਨਾਂ, ਬੁੱਧੀਜੀਵੀਆਂ ਅਤੇ ਵਿਦਿਆਰਥੀਆਂ ਵਿੱਚ ਬੜੀ ਲੋਕਪ੍ਰਿਯਤਾ ਸੀ। ਪਾਰਟੀ ਦੀ ਸਥਾਪਨਾ ਤੋਂ ਲੈ ਕੇ ਲੱਗਭਗ 1936 ਵਿੱਚ ਸਾਮਵਾਦੀਆਂ ਨੇ ਕਾਂਗਰਸ ਨਾਲ ਮਿਲ ਕੇ ਕੰਮ ਕਰਨ ਦਾ ਫੈਸਲਾ ਕੀਤਾ।
- ਸ਼੍ਰੋਮਣੀ ਅਕਾਲੀ ਦਲ ਇਕ ਖੇਤਰੀ ਰਾਜਨੀਤਿਕ ਦਲ ਹਨ ਜੋ ਸਭ ਤੋਂ ਜ਼ਿਆਦਾ ਪੰਜਾਬ ਵਿੱਚ ਸਰਗਰਮ ਹੈ। ਇਸ ਦਾ ਇਕ ਗੁੱਟ ਦਿੱਲੀ ਅਤੇ ਇਕ ਛੋਟੀ ਜਿਹੀ ਇਕਾਈ ਹਰਿਆਣਾ ਦੀ ਰਾਜਨੀਤੀ ਵਿੱਚ ਸਰਗਰਮ ਹੈ। ਪੰਜਾਬ ਵਿੱਚ ਵੀ ਕਈ ਅਕਾਲੀ ਦਲ ਮੌਜੂਦ ਹਨ ਜਿਵੇਂ ਕਿ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਅਕਾਲੀ ਦਲ ਮਾਨ, ਸ਼੍ਰੋਮਣੀ ਅਕਾਲੀ ਦਲ ਬਾਦਲ, ਪੰਥਕ ਅਕਾਲੀ ਦਲ ਆਦਿ।
- ਸ਼੍ਰੋਮਣੀ ਅਕਾਲੀ ਦਲ ਇਕ ਪੰਥਕ ਅਤੇ ਖੇਤਰੀ ਦਲ ਹੀ ਹੈ। ਸੁਭਾਵਿਕ ਰੂਪ ਵਿੱਚ ਇਹ ਦਲ ਹਮੇਸ਼ਾ ਆਪਣੇ-ਆਪ ਨੂੰ ਪੰਜਾਬ ਦੀ ਉੱਨਤੀ ਅਤੇ ਸਮ੍ਰਿਧੀ ਨਾਲ ਜੋੜਦਾ ਹੈ ਅਤੇ ਇਸ ਉਦੇਸ਼ ਦੀ ਪ੍ਰਾਪਤੀ ਲਈ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮ ਦਾ ਸਿਰਜਨ ਕਰਦਾ ਹੈ।
- 1972 ਦੀਆਂ ਵਿਧਾਨ ਸਭਾ ਚੋਣਾ 'ਚ ਚੌਧਰੀ ਦੇਵੀ ਲਾਲ ਨਿਰਦਲੀ ਉਮੀਦਵਾਰ ਦੇ ਰੂਪ ਵਿੱਚ ਚੋਣ ਲੜੇ ਸਨ ਜਿਸ ਵਿੱਚ ਉਨ੍ਹਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤੋਂ ਬਾਅਦ ਉਹ ਭਾਰਤੀ ਕ੍ਰਾਂਤੀ ਦਲ ਵਿੱਚ ਸ਼ਾਮਿਲ ਹੋਏ ਜੋ ਬਾਅਦ ਵਿੱਚ ਭਾਰਤੀ ਲੋਕ ਦਲ ਵਿੱਚ ਬਦਲ ਗਿਆ, ਜਿਸ ਦਾ ਨਿਸ਼ਾਨ ਚੱਕਰ ਅੰਦਰ ਹੱਲਧਰ ਸੀ।
- ਵਿਧਾਇਕਾਂ ਨੂੰ ਅਨੁਸ਼ਾਸਨ ਦਾ ਸਖਤੀ ਨਾਲ ਪਾਲਣ ਕਰਨਾ ਚਾਹੀਦਾ ਹੈ ਅਤੇ ਸਾਦਗੀ ਤੇ ਇਮਾਨਦਾਰੀ ਨਾਲ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਖੁਦ ਸਹੁੰ ਚੁੱਕਣ ਕਿ ਉਹ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਲਾਗੂ ਕਰਨ ਲਈ ਕੰਮ ਕਰਨਗੇ।
- ਆਂਧਰਾ ਪ੍ਰਦੇਸ਼ ਦੀ ਰਾਜਨੀਤੀ ਅਤੇ ਰਾਸ਼ਟਰੀ ਰਾਜਨੀਤੀ ਵਿੱਚ ਟੀ. ਡੀ. ਪੀ. ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਨ ਦੇ ਯੋਗ ਹੋ ਗਈ।

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-300360
Fax.: +91-1824-506111
Email: odl@lpu.co.in

**ਨੋਟ**

## 14.6 ਸ਼ਬਦਕੋਸ਼ (Keywords)

- **ਭ੍ਰਿਸ਼ਟਾਚਾਰ (Corruption):** ਦੂਸ਼ਿਤ ਅਤੇ ਨਿੰਦਣਯੋਗ ਅਚਾਰ-ਵਿਚਾਰ।
- **ਖੇਤਰੀ (Regional):** ਖੇਤਰ ਸਬੰਧੀ।

## 14.7 ਅਭਿਆਸ ਪ੍ਰਸ਼ਨ (Review Questions)

1. ਭਾਰਤੀ ਰਾਜਨੀਤਿਕ ਦਲ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ?
2. ਭਾਰਤੀ ਰਾਸ਼ਟਰੀ ਕਾਂਗਰਸ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਸੰਖੇਪ ਵਿੱਚ ਵਰਨਣ ਕਰੋ।
3. ਭਾਰਤੀ ਸਾਮਵਾਦੀ ਦਲ ਦੇ ਸੰਗਠਨ ਅਤੇ ਪ੍ਰੋਗਰਾਮਾਂ ਦਾ ਵਰਨਣ ਕਰੋ।
4. ਖੇਤਰੀ ਦਲ ਕਿਸ ਨੂੰ ਕਹਿੰਦੇ ਹਨ? ਭਾਰਤ ਵਿੱਚ ਖੇਤਰੀ ਦਲਾਂ ਦੀ ਪੈਦਾਵਾਰ ਦੇ ਕੀ ਕਾਰਨ ਸਨ?
5. ਸ਼੍ਰੋਮਣੀ ਅਕਾਲੀ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਵਰਨਣ ਕਰੋ।

**ਉੱਤਰ : ਸਵ ਮੁਲਾਂਕਣ (Answer : Self Assessment)**

| | | |
|---|---|---|
| 1. ਬਹੁਦਲੀ | 2. ਕਾਂਗਰਸ | 3. ਸਰਕਾਰ |
| 4. (ਅ) | 5. (ਸ) | 6. (ਅ) |
| 7. (ਬ) | | |

## 14.8 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਭਾਰਤੀ ਰਾਜਨੀਤਿਕ ਪ੍ਰਣਾਲੀ-ਯੂ. ਆਰ. ਘਈ।
2. ਭਾਰਤੀ ਰਾਜਨੀਤਿਕ ਵਿਵਸਥਾ- ਐੱਨ. ਛਾਬੜਾ।

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-300360
Fax.: +91-1824-506111
Email: odl@lpu.co.in